Panjab Digital Library

Original with;
Punjab Vidhan Sabha
Digitized by;

156

Original with:
Punjab Vidhan Sabha
Digitized by:
Panjab Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

## DEBATES

*3rd March, 1997*

Vol. I—No. 1

## OFFICIAL REPORT

Chief Reporter
Punjab Vidhan Sabha
Chandigarh

## CONTENTS

*Monday, the 3rd March, 1997*


| | | Page |
|---|---|---|
| Announcement by the Secretary | .. | (1)1 |
| Welcome of Members by the Speaker (Pro-tem) | .. | (1)1 |
| Announcement by the Speaker (Pro-tem) | .. | (1)2 |
| Announcement by the Secretary | .. | (1)2 |
| Oath or Affirmation by the Members | .. | (1)3 |


**Punjab Vidhan Sabha Secretariat, Chandigarh.**
Price Rs. ____________

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

SPEAKER

*Sardar Charnjit Singh Atwal (Kum Kalan-S.C.)

DEPUTY SPEAKER

**Chaudhary Swarna Ram (Phagwara, S.C.)

**Secretary**

Sardar Ujagar Singh Bindra

**Deputy Secretaries**

1. Shri O. P. Verma
2. Sardar Bhagwan Singh Dhillon

**Under Secretaries**

1. Shri V. P. Nagpal
2. Sardar Harjit Singh
3. Sardar Nachhattar Singh Mavi

**Secretary to Speaker**

Sardar Tara Singh

**Editor of Debates**

Sardar Joginder Singh

---

*Elected on 4th March, 1997
**Elected on 18th June, 1997

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Panjab Digital Library

# COUNCIL OF MINISTERS

CHIEF MINISTER

1. Sardar Parkash Singh Badal

MINISTERS

| | | | |
|---|---|---|---|
| 1. | Shri Balramji Dass Tandon .. | (1) | Local Government. |
| | | (2) | Health and Family Welfare and Medical Education. |
| 2. | Sardar Ranjit Singh Brahmpura | (1) | Co-operation. |
| 3. | Sardar Parkash Singh Majitha | (1) | Revenue & Rehabilitation. |
| 4. | Sardar Gurdev Singh Badal | (1) | Agriculture |
| | | (2) | Welfare of Scheduled Castes and Backward Classes. |
| 5. | Shri Madan Mohan Mittal | (1) | Food and Supplies. |
| | | (2) | Public Health. |
| | | (3) | Parliamentary Affairs. |
| 6. | Captain Kanwaljit Singh | (1) | Finance. |
| | | (2) | Planning. |
| | | (3) | Information & Public Relations. |
| 7. | Sardar Sarup Singh | (1) | Housing & Urban Development. |
| | | (2) | Lobour & Employment |
| 8. | Doctor Upinderjit Kaur | (1) | Technical Education & Indl. Training. |
| | | (2) | Tourism & Cultural Affairs. |
| 9. | Sardar Nirmal Singh Kahlon | (1) | Rural Development & Panchayats. |

ADVOCATE GENERAL

Sardar G. S. Grewal



Original with;
Punjab Vidhan Sabha
Digitized by;
Panjab Digital Library

**Alphabetical list of Members showing their Party/Group Affiliation in the Punjab Vidhan Sabha Constituencies and District**

| Sr. No. | Name of Member | Party/Group affiliation | Constituency | District |
|---|---|---|---|---|
| 1 | 2 | 3 | 4 | 5 |
| 1. | Adesh Partap Singh Kairon, Sardar .. | SAD | 26-Patti | Amritsar |
| 2. | Ajaib Singh Mukhmailpura, Sardar .. | SAD | 72-Ghanaur | Patiala |
| 3. | Ajaib Singh Raunta, Comrade .. | CPI | 101-Nihal Singh Wala (S.C.) | Moga |
| 4. | Ajaypal Singh Mirankot, Jathedar .. | SAD | 15-Jandiala (S.C.) | Amritsar |
| 5. | Ajit Inder Singh, Sardar .. | SAD (M) | 117-Sardulgarh | Mansa |
| 6. | Ajit Singh Kohar, Sardar .. | SAD | 34-Lohian | Jalandhar |
| 7. | Amarjit Singh Samra, Sardar .. | INC | 35-Nakodar | Jalandhar |
| 8. | Amrik Singh, Sardar .. | INC | 63-Samrala | Ludhiana |
| 9. | Arjan Singh Josh, Sardar .. | SAD | 48-Sham Chaurasi (S.C.) | Hoshiarpur |
| 10. | Arunesh Kumar, Shri .. | BJP | 52-Mukerian | Hoshiarpur |
| 11. | Avtar Henry, Shri .. | INC | 30-Jalandhar North | Jalandhar |
| 12. | Avtar Singh Brar, Sardar .. | INC | 104-Faridkot | Faridkot |
| 13. | Bachan Singh Cheema Sardar .. | SAD | 64-Khanna (S.C.) | Ludhiana |
| 14. | Balbir Singh Bath, Captain .. | SAD | 4-Sri Hargobindpur | Gurdaspur |
| 15. | Balbir Singh Bhadaur, Sardar .. | SAD | 84-Bhadaur (S.C.) | Sangrur |
| 16. | Balbir Singh Nathana, Sardar .. | SAD | 112-Nathana (S.C.) | Bathinda |

Original with;
Punjab Vidhan Sabha
Digitized by;
Panjab Digital Library

| Sr. No. | Name of Member | Party/Group affiliation | Constituency | District |
|---|---|---|---|---|
| 1 | 2 | 3 | 4 | 5 |
| 17. | Baldev Raj Chawla, Doctor | .. BJP | 16-Amritsar North | Amritsar |
| 18 | Baldev Singh, Sardar | .. SAD | 114-Joga | Mansa |
| 19. | Balvir Singh Chaudhari Tanda, Sardar | .. SAD | 49-Tanda | Hoshiarpur |
| 20. | Balwant Singh, Sardar | .. SAD | 78-Amloh (S.C.) | Fatehgarh Sahib |
| 21. | Bhag Singh Malla, Sardar | .. SAD | 53-Jagraon | Ludhiana |
| 22. | Bhagwan Dass Arora, Shri | .. INC | 88-Sunam | Sangrur |
| 23. | Bikramjit Singh Khalsa, Sardar | .. SAD | 55-Dakha (S.C. | Ludhiana |
| 24. | Charanji Lal Garg, Shri | .. SAD | 111-Bhatinda | Bathinda |
| 25. | Charnjit Singh Nawan Shahar, Shri | .. IND | 38-Nawan Shahar | Nawan Shahar |
| 26. | Chuni Lal, Shri | .. BJP | 32-Jalandhar South (S.C.) | Jalandhar |
| 27. | Daljeet Kaur, Shrimati | .. SAD | 69-Kharar | Ropar |
| 28. | Dhanwant Singh, Sardar | .. IND | 88-Dhuri | Sangrur |
| 29. | Gardhara Singh, Sardar | .. BJP | 95-Ferozepur | Ferozepur |
| 30. | Gobind Singh Kanjla, Sardar | .. SAD | 98-Sherpur (S.C.) | Sangrur |
| 31. | Gobind Singh Longowal, Sardar | .. SAD | 85-Dhanaula | Sangrur |
| 32. | Gulzar Singh Ranike, Sardar | .. SAD | 22-Attari (S.C.) | Amritsar |
| 33. | Gurcharan Singh Dirba, Sardar | . INC | 87-Dirba | Sangrur |
| 34. | Gurdev Singh Sidhu, Sardar | .. SAD | 74-Shutrana (S.C.) | Patiala |
| 35. | Gurdip Singh Bhullar, Sardar | .. SAD | 36-Nur Mahal | Jalandhar |
| 36. | Gurtej Singh Ghuriana, Sardar | .. SAD | 90-Balluana (S.C.) | Ferozepur |
| 37. | Harbans Lal, Doctor | .. INC | 79-Sirhind | Fatehgarh Sahib |

Original with;
Punjab Vidhan Sabha
Digitized by;
Panjab Digital Library

| Sr. No. | Name of Member | Party/Group affiliation | Constituencies | District |
|---|---|---|---|---|
| 1 | 2 | 3 | 4 | 5 |
| 38. | Hardev Arshi, Comrade .. | CPI | 116-Budhlada | Mansa |
| 39. | Harmel Singh, Sardar .. | SAD | 73-Dakala | Patiala |
| 40. | Harminder Singh Jassi, Sardar .. | INC | 109-Talwandi Sabo | Bathinda |
| 41. | Harmohinder Singh Pardhan, .. | INC | 54-Raikot | Ludhiana |
| 42. | Harnirpal Singh Bhai Sardar .. | SAD | 105-Muktsar | Muktsar |
| 43. | Hira Singh Gabria, .. | SAD | 60-Ludhiana Rural | Ludhiana |
| 44. | Inderjit Singh Zira, Sardar .. | SAD | 97-Zira | Ferozepur |
| 45. | Jagdish Sawhni, Shri .. | BJP | 2-Batala | Gurdaspur |
| 46. | Jagir Kaur, Shrimati .. | SAD | 40-Bholath | Kapurthala |
| 47. | Jagir Singh, Sardar .. | SAD | 27-Valtoha | Amritsar |
| 48. | Jagjit Singh, Chaudhary .. | INC | 33-Kartarpur (S.C.) | Jalandhar |
| 49. | Jagtar Singh Rajla, Sardar .. | SAD | 75-Samana | Patiala |
| 50. | Janmeja Singh, Sardar .. | SAD | 96-Ferozepur Cantonment | Ferozepur |
| 51. | Kartar Singh Pahra, Sardar .. | SAD | 7-Gurdaspur | Gurdaspur |
| 52. | Laxmi Kanta Chawla, Shrimati .. | BJP | 18-Amritsar Central | Amritsar |
| 53. | Maheshinder Singh, Sardar .. | SAD | 58-Ludhiana West | Ludhiana |
| 54. | Makhan Singh, Sardar .. | SAD | 110-Pakka Kalan(S.C.) | Bathinda |
| 55. | Malkiat Singh, Sardar .. | IND | 83-Barnala | Sangrur |
| 56. | Manjit Singh Calcutta, Sardar .. | SAD | 19-Amritsar South | Amritsar |
| 57. | Manmohan Singh, Sardar .. | SAD | 12-Beas | Amritsar |
| 58. | Manoranjan Kalia, Shri .. | BJP | 31-Jalandhar Central | Jalandhar |
| 59. | Manpreet Singh Badal, Sardar .. | SAD | 106-Gidderbaha | Muktsar |

Original with;
Punjab Vidhan Sabha
Digitized by;
Panjab Digital Library

| Sr. No, | Name of Member | Party/Group affiliation | Constituency | District |
|---|---|---|---|---|
| 1 | 2 | 3 | 4 | 5 |
| 60. | Mantar Singh, Sardar .. | IND | 103-Kot Kapura | Faridkot |
| 61. | Mohan Lal, Master .. | BJP | 10-Pathan-kot | Gurdaspur |
| 62. | Mohan Lal Behram, Chaudhary .. | SAD | 37-Banga (S.C.) | Nawan Shahar |
| 63. | Nand Lal, Shri .. | SAD | 44-Bala-chaur | Nawan Shahar |
| 64. | Narinder Singh, Raja .. | SAD | 77-Nabha | Patiala |
| 65. | Natha Singh Dalam, Sardar .. | SAD | 3-Qadian | Gurdaspur |
| 66. | Nusrat Ali Khan, Shri .. | SAD | 81-Maler-kotla | Sangrur |
| 67. | Om Parkash Soni, Shri .. | IND | 17-Amritsar West | Amritsar |
| 68. | Paramjit Singh, Sardar .. | SAD | 94-Guru-Har Sahai | Ferozepur |
| 69. | Prem Singh Lalpura, Sardar .. | SAD | 23-Tarn Taran | Amritsar |
| 70. | Raghbir Singh, Sardar .. | SAD | 41—Kapur-thala | Kapurthala |
| 71. | Rajinder Kaur Bhattal, Shrimati .. | INC | 89-Lehara | Sangrur |
| 72. | Rakesh Kumar Pandey, Shri .. | INC | 57-Ludhiana North | Ludhiana |
| 73. | Ram Lal, Shri .. | BJP | 9-Narot Mehra (S. C.) | Gurdaspur |
| 74. | Ram Kumar, Shri .. | BJP | 91-Abohor | Ferozepur |
| 75. | Romesh Chander Dogra, Shri .. | INC | 51-Dasuya | Hoshiarpur |
| 76. | Ranjit Singh Chhajjalwadi, Sardar .. | SAD | 24-Khadoor Sahib (S.C.) | Amritsar |
| 77. | Ranjit Singh Balian, Sardar .. | SAD | 86-Sangrur | Sangrur |
| 78. | Rattan Singh, Doctor .. | SAD | 20-Ajnala | Amritsar |
| 79. | Ravi Inder Singh, Sardar . | SAD | 68-Morinda | Ropar |
| 80. | Roop Rani, Shrimati .. | BJP | 8—Dina-nagar (S.C.) | Gurdaspur |
| 81. | Sadhu Singh Payal, Sardar .. | SAD | 61—Payal | Ludhiana |
| 82. | Sadhu Singh Bagha Purana, Sardar .. | SAD | 100-Bagha Purana | Moga |

Original with;
Punjab Vidhan Sabha
Digitized by;
Panjab Digital Library

| Sr. No. | Name of Member | Party/Group affiliation | Constituency | District |
|---|---|---|---|---|
| 1 | 2 | 3 | 4 | 5 |
| 83. | Sarwan Singh, Sardar .. | SAD | 39-Phillaur (S.C.) | Jalandhar |
| 84. | Sat Pal Gosain, Shri .. | BJP | 59-Ludhiana East | Ludhiana |
| 85. | Satya Pal Saini, Shri .. | BJP | 11—Sujanpur | Gurdaspur |
| 86. | Satwant Kaur Sandhu, Shrimati . | SAD | 67-Chamkaur Sahib(S. C.) | Ropar |
| 87. | Sewa Singh Sekhwan, Sardar .. | SAD | 5-Kahnuwan | Gurdaspur |
| 88. | Sher Singh, Sardar .. | SAD | 93-Jalalabad | Ferozepur |
| 89. | Shangara Ram Sahungra, Shri .. | BSP | 45-Garh-shankar | Hoshiarpur |
| 90. | Sikander Singh, Sardar .. | SAD | 113-Rampura Phul | Bathinda |
| 91. | Sital Singh, Sardar .. | SAD | 98-Dharmkot (S.C.) | Ferozepur |
| 92. | Sohan Singh Mahilpur, Sardar .. | SAD | 46-Mahilpur (S.C.) | Hoshiarpur |
| 93. | Sohan Singh Bodal, Sardar .. | SAD | 50-Garhdi-wala(S.C.) | Hoshiarpur |
| 94. | Sucha Singh Langah, Sardar .. | SAD | 6-Dhariwal | Gurdaspur |
| 95. | Sujan Singh, Sardar .. | SAD | 107-Malout (S.C.) | Muktsar |
| 96. | Sukhvinder Singh, Sardar .. | SAD | 115-Mansa | Mansa |
| 97. | Surjit Kumar, Shri .. | BJP | 92-Fazilka | Ferozepur |
| 98. | Surjit Singh Kohli, Sardar .. | SAD | 76-Patiala Town | Patiala |
| 99. | Swarna Ram, Chaudhary .. | BJP | 43-Phagwara (S.C.) | Kapurthala |
| 100. | Tara Singh Ladal, Sardar .. | SAD | 66-Anandpur Sahib | Ropar |
| 101. | Tej Parkash Singh, Sardar .. | INC | 29-Jalandhar Cantonment | Jalandhar |
| 102. | Tikshan Sood, Shri .. | BJP | 47-Hoshiarpur | Hoshiarpur |
| 103. | Tota Singh, Sardar .. | SAD | 99-Moga | Moga |
| 104. | Ujjagar Singh, Sardar .. | SAD | 14-Verka(S.C.) | Amritssr |
| 105. | Vir Singh Lopoke, Sardar .. | SAD | 21-Raja Sansi | Amritsar |
| **106. | Jagdish Singh Garcha, Sardar .. | SAD | 56-Qila Raipur | Ludhiana |

**Declared elected vide Notification No. Elec.—97/R- 27272. dated 2nd June, 1997.

Original with;
Punjab Vidhan Sabha
Digitized by;
Panjab Digital Library

**Party-wise break up**

| Name of the Party | | Strength |
|---|---|---|
| 1. Shiromani Akali Dal | .. | 75 |
| 2. Bhartiya Janata Party | .. | 18 |
| 3. Indian National Congress | .. | 14 |
| 4. Communist Party of India | .. | 2 |
| 5. Bahujan Samaj Party | .. | 1 |
| 6. Shiromani Akali Dal (Mann) | .. | 1 |
| 7. Independents | .. | 6 |
| TOTAL | .. | 117 |

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Monday, the 3rd March, 1997*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2-00 P. M. Mr. Speaker (Pro-tem) (Sardar Charnjit Singh Atwal) in the Chair.*

---

## ANNOUNCEMENT BY THE SECRETARY

**ਸਕੱਤਰ** : ਮੈਂ ਸਦਨ ਨੂੰ ਇਹ ਸੂਚਨਾ ਦੇਣੀ ਹੈ ਕਿ ਰਾਜਪਾਲ ਜੀ ਨੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 188 ਦੁਆਰਾ ਉਨ੍ਹਾਂ ਨੂੰ ਸੌਂਪੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸਰਦਾਰ ਚਰਨਜੀਤ ਸਿੰਘ ਅਟਵਾਲ ਨੂੰ ਇਕ ਅਜਿਹੇ ਵਿਅਕਤੀ ਵਜੋਂ ਨਿਯੁਕਤ ਕੀਤਾ ਹੈ, ਜਿਨ੍ਹਾਂ ਦੇ ਸਾਹਮਣੇ ਗਿਆਰਵੀਂ ਪੰਜਾਬ ਵਿਧਾਨ ਸਭਾ ਦਾ ਹਰ ਇਕ ਮੈਂਬਰ, ਆਪਣੀ ਥਾਂ ਲੈਣ ਤੋਂ ਪਹਿਲਾਂ ਨਿਰਧਾਰਤ ਸਹੁੰ ਚੁੱਕੇਗਾ ਜਾਂ ਪ੍ਰਤਿਗਿਆ ਕਰੇਗਾ ਅਤੇ ਉਸ ਤੇ ਦਸਖਤ ਕਰੇਗਾ ।

ਮੈਂ ਸਦਨ ਨੂੰ ਇਹ ਵੀ ਸੂਚਨਾ ਦੇਣੀ ਹੈ ਕਿ ਰਾਜਪਾਲ ਜੀ ਨੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 180 ਦੀ ਧਾਰਾ (1) ਦੁਆਰਾ ਉਨ੍ਹਾਂ ਨੂੰ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸਰਦਾਰ ਚਰਨਜੀਤ ਸਿੰਘ ਅਟਵਾਲ, ਐਮ.ਐਲ.ਏ. ਨੂੰ ਉਦੋਂ ਤੱਕ ਗਿਆਰਵੀਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਦੇ ਅਹੁਦੇ ਦੇ ਫਰਜ਼ ਨਿਭਾਉਣ ਲਈ ਨਿਯੁਕਤ ਕੀਤਾ ਹੈ ਜਦੋਂ ਤੱਕ ਅਨੁਛੇਦ 178 ਅਧੀਨ ਸਪੀਕਰ ਦੀ ਚੋਣ ਨਹੀਂ ਹੋ ਜਾਂਦੀ ।

(ਇਸ ਸਮੇਂ ਸਰਦਾਰ ਚਰਨਜੀਤ ਸਿੰਘ ਅਟਵਾਲ ਜੀ ਨੇ ਸ੍ਰੀ ਸਪੀਕਰ (ਪਰੋਟਮ) ਦੀ ਕੁਰਸੀ ਸੰਭਾਲੀ) (ਥੰਪਿੰਗ) ।

---

## WELCOME OF MEMBERS BY THE SPEAKER (PRO-TEM)

**ਸ੍ਰੀ ਸਪੀਕਰ** (ਪਰੋਟਮ) : ਅਸੀਂ ਅੱਜ ਬਹੁਤ ਸ਼ੁਭ ਅਵਸਰ ਤੇ ਇਕੱਤਰ ਹੋਏ ਹਾਂ । ਨਵੀਂ ਪੰਜਾਬ ਵਿਧਾਨ ਸਭਾ, ਪੰਜਾਬ ਰਾਜ ਦੇ ਬਹੁ-ਪੱਖੀ ਵਿਕਾਸ ਅਤੇ ਇਸ ਦੇ ਲੋਕਾਂ ਦੀ ਭਲਾਈ ਲਈ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਸੰਵਿਧਾਨ ਅਧੀਨ ਚੁਣੀ ਗਈ ਹੈ । ਮੈਂ ਉਨ੍ਹਾਂ ਸਾਰੇ ਮੈਂਬਰਾਂ ਨੂੰ ਜੋ 11ਵੀਂ ਵਿਧਾਨ ਸਭਾ ਲਈ ਚੁਣੇ ਗਏ ਹਨ, ਬਹੁਤ ਪ੍ਰਸੰਨਤਾ ਸਹਿਤ ਜੀ ਆਇਆਂ ਆਖਦਾ ਹਾਂ । ਮੈਨੂੰ ਆਸ ਹੈ ਕਿ ਤੁਸੀਂ ਸਾਰੇ ਇਸ ਪਵਿੱਤਰ ਸਦਨ ਦੀਆਂ ਪ੍ਰੰਪਰਾਵਾਂ ਨੂੰ ਕਾਇਮ ਰੱਖਣ ਅਤੇ ਰਾਜ ਵਿਚ ਸੰਸਦੀ ਲੋਕਤੰਤਰ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਵਿਚ ਚੇਅਰ ਨੂੰ ਸਹਿਯੋਗ ਦੇਵੋਗੇ । ਮੈਂ ਤੁਹਾਨੂੰ ਸਾਰਿਆਂ ਨੂੰ ਇਸ ਸਬੰਧੀ ਤੁਹਾਡੇ ਵੱਲੋਂ ਕੀਤੇ ਜਾਣ ਵਾਲੇ ਭਰਪੂਰ ਯਤਨਾਂ ਲਈ ਸ਼ੁਭ ਕਾਮਨਾ ਕਰਦਾ ਹਾਂ ।

---

Original with;
Punjab Vidhan Sabha
Digitized by;
Panjab Digital Library

## ANNOUNCEMENT BY THE SPEAKER (PRO-TEM)

**ਸ੍ਰੀ ਸਪੀਕਰ (ਪਰੋਟਮ)** : ਇਹ ਜਾਣਕਾਰੀ ਸਦਨ ਦੇ ਮੈਂਬਰ ਸਾਹਿਬਾਨ ਦੀ ਸੂਚਨਾ ਹਿਤ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਕਿਲ੍ਹਾ ਰਾਏਪੁਰ (ਜ਼ਿਲ੍ਹਾ ਲੁਧਿਆਣਾ) ਅਤੇ ਲੰਬੀ (ਜ਼ਿਲ੍ਹਾ ਮੁਕਤਸਰ) ਦੇ ਦੋ ਚੋਣ ਹਲਕਿਆਂ ਵਿਚੋਂ ਚੁਣੇ ਗਏ ਸਨ । ਨਿਯਮਾਂ ਅਨੁਸਾਰ ਉਨ੍ਹਾਂ ਨੇ ਵਿਧਾਨ ਸਭਾ ਵਿਚੋਂ ਇਕ ਹਲਕੇ ਦੀ ਪ੍ਰਤੀਨਿਧਤਾ ਕਰਨੀ ਹੈ । ਇਸ ਲਈ ਉਨ੍ਹਾਂ ਨੇ ਕਿਲ੍ਹਾ ਰਾਏਪੁਰ (ਜ਼ਿਲ੍ਹਾ ਲੁਧਿਆਣਾ) ਦੇ ਚੋਣ ਹਲਕੇ ਤੋਂ ਆਪਣਾ ਅਸਤੀਫ਼ਾ ਮਿਤੀ 18 ਫਰਵਰੀ, 1997 ਨੂੰ ਵਿਧਾਨ ਸਭਾ ਸਕੱਤਰੇਤ ਨੂੰ ਭੇਜ ਦਿੱਤਾ ਸੀ ।

ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਕਿਲਾ ਰਾਏਪੁਰ ਹਲਕੇ ਤੋਂ ਅਸਤੀਫਾ ਮਿਤੀ 18 ਫਰਵਰੀ, 1997 ਤੋਂ ਮਨਜ਼ੂਰ ਕਰ ਲਿਆ ਹੈ ।

2. ਅੱਜ ਦੇ ਪ੍ਰੋਗਰਾਮ ਮੁਤਾਬਿਕ 11ਵੀਂ ਵਿਧਾਨ ਸਭਾ ਦੇ ਮੈਂਬਰਾਂ ਵੱਲੋਂ ਸਹੁੰ ਚੁੱਕੀ ਜਾਣੀ ਹੈ ।

ਸਕੱਤਰ, ਵਿਧਾਨ ਸਭਾ, ਹੇਠ ਲਿਖੇ ਅਨੁਸਾਰ ਕ੍ਰਮਵਾਰ ਮੈਂਬਰ ਸਾਹਿਬਾਨ ਨੂੰ ਸਹੁੰ ਚੁੱਕਣ ਲਈ ਬੇਨਤੀ ਕਰਨਗੇ :

1. ਸਦਨ ਦੇ ਨੇਤਾ, ਮੁੱਖ ਮੰਤਰੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ
2. ਮੰਤਰੀ ਸਾਹਿਬਾਨ
3. ਇਸਤਰੀ ਮੈਂਬਰਾਨ
4. ਬਾਕੀ ਮੈਂਬਰ ਸਾਹਿਬਾਨ—ਜ਼ਿਲ੍ਹਾਵਾਰ

ਮੈਂਬਰ ਸਾਹਿਬਾਨ ਸਹੁੰ ਚੁੱਕਣ ਸਮੇਂ ਹੀ ਆਪਣਾ ਚੋਣ ਸਰਟੀਫਿਕੇਟ ਸਕੱਤਰ, ਵਿਧਾਨ ਸਭਾ ਨੂੰ ਦੇਣਗੇ ।

---

## ANNOUNCEMENT BY THE SECRETARY

**ਸਕੱਤਰ**: ਮਾਨਯੋਗ ਮੈਂਬਰਾਂ ਨੂੰ ਸਹੁੰ ਚੁੱਕਣ ਲਈ ਬੇਨਤੀ ਕਰਨ ਤੋਂ ਪਹਿਲਾਂ ਮੈਂ ਮਿਤੀ 12 ਫਰਵਰੀ, 1997 ਨੂੰ ਚੋਣ ਇਲੈਕਸ਼ਨ ਕਮਿਸ਼ਨਰ ਆਫ ਇੰਡੀਆ ਵਲੋਂ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਜਿਸ ਵਿਚ 1997 ਦੀਆਂ ਆਮ ਚੋਣਾਂ ਵਿਚ ਚੁਣੇ ਗਏ 11ਵੀਂ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੇ ਨਾਂ ਦਰਜ ਹਨ, ਦੀ ਕਾਪੀ ਸਦਨ ਦੀ ਮੇਜ਼ ਤੇ ਰੱਖਦਾ ਹਾਂ ।

(ਇਸ ਸਮੇਂ ਨੋਟੀਫਿਕੇਸ਼ਨ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਗਈ)

ਹੁਣ ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਸਹੁੰ ਚੁਕਣ ਲਈ ਤਸ਼ਰੀਫ ਲਿਆਉਣ ।

Original with;
Punjab Vidhan Sabha
Digitized by;
Panjab Digital Library

## OATH OR AFFIRMATION BY THE MEMBERS

**The following Ministers/Members made and subscribed the oath/affirmation :—**

| Sr. No. | Name of Member | | Constituency |
|---|---|---|---|
| 1 | 2 | | 3 |
| **Chief Minister** | | | |
| 1. | Sardar Parkash Singh, Badal | .. | 108-Lambi |
| **Cabinet Ministers** | | | |
| 2. | Shri Balramji Dass Tondon | .. | 71-Rajpura |
| 3. | Sardar Ranjit Singh Brahmpura | .. | 25-Naushahra Panuan |
| 4. | Sardar Parkash Singh Majitha | .. | 13-Majitha |
| 5. | Sardar Gurdev Singh Badal | .. | 102-Panjgrain (S.C.) |
| 6. | Shri Madan Mohan Mittal | .. | 65-Nangal |
| 7. | Captain Kanwaljit Singh | .. | 70-Banur |
| 8. | Sardar Sarup Singh | .. | 28-Adampur |
| 9. | Doctor Upinderjit Kaur | . | 42-Sultanpur |
| 10. | Sardar Nirmal Singh Kahlon | . | 1-Fatehgarh Sahib |
| **Lady Members** | | | |
| 11. | Shrimati Satwant Kaur Sandhu | .. | 67-Chamkaur Sahib (S.C.) |
| 12. | Shrimati Jagir Kaur | .. | 40-Bholath |
| 13. | Shrimati Daljeet Kaur | | 69-Kharar |
| 14. | Shrimati Rajinder Kaur Bhattal | .. | 89-Lehra |
| 15. | Shrimati Roop Rani | . | 8-Dinanagar (S.C.) |
| 16. | Shrimati Laxmi Kanta Chawla | .. | 18-Amritsar Central |
| **District Amritsar** | | | |
| 17. | Sardar Ujjagar Singh | .. | 14-Verka (S.C.) |
| 18. | Shri Om Parkash Soni | .. | 17-Amritsar West |
| 19. | Jathedar Ajaypal Singh Mirankot | .. | 85-Jandiala (S C.) |

Original with;
Punjab Vidhan Sabha
Digitized by;
Panjab Digital Library

[Secretary]

| 1 | 2 | | 3 |
|---|---|---|---|
| 20. | Sardar Adesh Partap Singh Kairon | .. | 36-Patti |
| 21. | Sardar Gulzar Singh | .. | 22-Attari (S.C.) |
| 22. | Sardar Jagir Singh | .. | 27-Valtoha |
| 23. | Sardar Prem Singh Lalpura | .. | 23-Tarn Taran |
| 24. | Doctor Baldev Raj Chawla | .. | 16-Amritsar North |
| 25. | Sardar Manjit Singh Calcutta | .. | 19-Amritsar South |
| 26. | Sardar Manmohan Singh | .. | 12-Beas |
| 27. | Sardar Ranjit Singh Chhajjalwadi | . | 24-Khadoor Sahib (S.C.) |
| 28. | Doctor Rattan Singh | .. | 20-Ajnala |
| 29. | Sardar Vir Singh Lopoke | .. | 21-Raja Sansi |
| **District Sangrur** | | | |
| 30. | Sardar Gobind Singh Kanjla | .. | 82-Sherpur (S.C.) |
| 31. | Sardar Gobind Singh Longowal | .. | 85-Dhanaula |
| 32. | Sardar Gurcharan Singh Dirba | .. | 87-Dirba |
| 33. | Shri Nusrat Ali Khan | .. | 81-Malerkotla |
| 34. | Sardar Balbir Singh Bhadaur | .. | 84-Bhadaur (S.C.) |
| 35. | Shri Bhagwan Dass Arora | .. | 88-Sunam |
| 36. | Sardar Malkiat Singh | .. | 83-Barnala |
| 37. | Sardar Ranjit Singh Balian | .. | 86-Sangrur |
| **District Hoshiarpur** | | | |
| 38. | Shri Arunesh Kumar | .. | 52-Mukerian |
| 39. | Sardar Sohan Singh Mahilpur | .. | 46-Mahilpur (S.C.) |
| 40. | Sardar Sohan Singh Bodal | .. | 50-Garhdiwala |
| 41. | Shri Shangara Ram Sahungra | .. | 45-Garhshankar |
| 42. | Shri Tikshan Sood | .. | 47-Hoshiarpur |
| 43. | Sardar Balvir Singh Chaudri Tanda | .. | 49-Tanda |
| 44. | Shri Romesh Chand Dogra | .. | 51-Dasuya |
| **District Kapurthala** | | | |
| 45. | Chaudhary Swarna Ram | .. | 43-Phagwara (S.C.) |
| 46. | Sardar Raghbir Singh | .. | 51—Kapurthala |
| **District Gurdaspur** | | | |
| 47. | Sardar Sewa Singh Sekhwan | .. | 5-Kahnuwan |

Original with;
Punjab Vidhan Sabha
Digitized by;
Panjab Digital Library

| 1 | 2 | | 3 |
|---|---|---|---|
| 48. | Sardar Sucha Singh Langh | .. | 6-Dhariwal |
| 49. | Shri Satya Pal Saini | .. | 11-Sujanpur |
| 50. | Sardar Kartar Singh Pahra | .. | 7-Gurdaspur |
| 51. | Shri Jagdish Sawhni | .. | 2-Batala |
| 52. | Sardar Natha Singh Dalam | .. | 3-Kadian |
| 53. | Captain Balbir Singh Bath | .. | 4-Shri Hargobind-pur |
| 54. | Master Mohan Lal | .. | 10-Pathankot |
| 55. | Shri Ram Lal | .. | 9-Narot Mehra (S.C.) |
| | **District Jalandhar** | | |
| 56. | Sardar Ajit Singh Kohar | .. | 34-Lohian |
| 57. | Sardar Amarjit Singh Samra | .. | 35-Nakodar |
| 58. | Shri Avtar Henry | .. | 30-Jalandhar North |
| 59. | Sardar Sarwan Singh | .. | 39-Phillaur (S.C.) |
| 60. | Sardar Gurdip Singh Bhullar | .. | 36-Nur Mahal |
| 61. | Shri Chuni Lal | .. | 32-Jalandhar South (S.C.) |
| 62. | Chaudhary Jagjit Singh | | 33-Kartarpur (SC) |
| 63. | Sardar Tej Parkash Singh | | 29-Jalandhar Can-tonment |
| 64. | Shri Manoranjan Kalia | | 31-Jalandhar Central |
| | **District Nawan Shahar** | | |
| 65. | Shri Charanjit Singh Nawan Shahar | | 38-Nawan Shahar |
| 66. | Shri Nand Lal | .. | 44-Balachaur |
| 67. | Chaudhary Mohan Lal Behram | .. | 37-Banga (SC) |
| | **District Patiala** | | |
| 68. | Sardar Ajaib Singh Mukhmailpura | .. | 72-Ghanaur |
| 69. | Sardar Surjeet Singh Kohli | .. | 76-Patiala Town |
| 70. | Sardar Harmel Singh | .. | 73-Dakala |

Original with;
Punjab Vidhan Sabha
Digitized by;
Panjab Digital Library

[Secretary]

| 1 | 2 | 3 |
|---|---|---|
| 71. | Sardar Jagtar Singh Rajla .. | 75-Samana |
| 72. | Raja Narinder Singh .. | 77-Nabha |
| | **District Fatehgarh Sahib** | |
| 73. | Doctor Harbans Lal .. | 79-Sirhind |
| 74. | Sardar Balwant Singh .. | 78-Amloh (SC) |
| | **District Ferozepur** | |
| 75. | Inderjit Singh Zira .. | 97-Zira |
| 76. | Sardar Sital Singh .. | 98-Dharmkot (SC) |
| 77. | Sardar Sher Singh .. | 93-Jalalabad |
| 78. | Shri Surjit Kumar .. | 92-Fazilka |
| 79. | Sardar Gurtej Singh Ghuriana .. | 90-Balluana (SC) |
| 80. | Sardar Gardhara Singh .. | 95-Ferozepur |
| 81. | Sardar Janmeja Singh .. | 96-Ferozepur Cantonment |
| 82. | Sardar Paramjit Singh .. | 94-Guru Har Sahai |
| 83. | Shri Ram Kumar .. | 91-Abohar |
| | **District Faridkot** | |
| 84. | Sardar Avtar Singh Brar .. | 104-Faridkot |
| 85. | Sardar Mantar Singh .. | 103-Kot Kapura |
| | **District Bathinda** .. | |
| 86. | Sardar Sikander Singh .. | 113-Rampura Phul |
| 87. | Shri Harminder Singh Jassi .. | 109-Talwandi Sabo |
| 88. | Shri Charanji Lal Garg .. | 111-Bathinda |
| 89. | Sardar Balbir Singh Nathana .. | 112-Nathana (SC) |
| 90. | Sardar Makhan Singh .. | 110-Pakka Kalan (SC) |
| | **District Muktsar** | |
| 91. | Sardar Sujan Singh .. | 107-Malout (SC) |
| 92. | Bhai Harnirpal Singh .. | 105-Muktsar |
| 93. | Sardar Manpreet Singh Badal .. | 106-Giddarbaha |
| | **District Moga** | |
| 94. | Comrade Ajaib Singh Raunta .. | 101-Nihal Singh Wala (SC) |

Original with;
Punjab Vidhan Sabha
Digitized by;
Panjab Digital Library

| 1 | 2 | | 3 |
|---|---|---|---|
| 95. | Sardar Sadhu Singh | .. | 100-Bagha Purana |
| 96. | Sardar Tota Singh | .. | 99-Moga |
| | **District Mansa** | | |
| 97. | Sardar Ajit Inder Singh | .. | 117-Sardulgarh |
| 98. | Sardar Sukhvinder Singh | .. | 115-Mansa |
| 99. | Comrade Hardev Arshi | .. | 116-Budhlada |
| 100. | Sardar Baldev Singh | .. | 114-Joga |
| | **District Ropar** | .. | |
| 101. | Sardar Ravi Inder Singh | . | 68-Morinda |
| | **District Ludhiana** | | |
| 102. | Sardar Amrik Singh | .. | 63-Samrala |
| 103. | Shri Satpal Gosain | .. | 59-Ludhiana East |
| 104. | Sardar Sadhu Singh Payal | .. | 61-Payal |
| 105. | Sardar Hira Singh Gabria | .. | 60-Ludhiana Rural |
| 106. | Sardar Harmohinder Singh Pardhan | .. | 54-Raikot |
| 107. | Sardar Bikramjit Singh | .. | 55-Dakha (SC) |
| 108. | Sardar Bachan Singh | .. | 64-Khanna (SC) |
| 109. | Sardar Bhag Singh | .. | 53-Jagraon |
| 110. | Sardar Maheshinder Singh | .. | 58-Ludhiana West |
| 111. | Shri Rakesh Kumar Pandey | .. | 57-Ludhiana North |

(Sardar Dhanwant Singh (IND.), Sardar Arjan Singh Josh, Sardar Gurdev Singh Sidhu and Sardar Tara Singh Ladal (SAD) could not take oath because they were not present in the House).

**ਸ੍ਰੀ ਸਪੀਕਰ (ਪਰੋਟਮ)** : ਸਦਨ ਦਾ ਕੋਈ ਹੋਰ ਮੈਂਬਰ ਤਾਂ ਨਹੀਂ ਰਹਿ ਗਿਆ ਜਿਸ ਨੇ ਹਾਲੇ ਸਹੁੰ ਚੁੱਕਣੀ ਹੋਵੇ ?

(ਇਸ ਵੇਲੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਵੱਲੋਂ ਕੋਈ ਜਵਾਬ ਨਹੀਂ ਆਇਆ ।)

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ (ਪਰੋਟਮ)]

ਸਦਨ ਦੇ ਸਥਗਿੱਤ ਕੀਤੇ ਜਾਣ ਤੋਂ ਪਹਿਲਾਂ ਮੈਂ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਪੰਜਾਬ ਵਿਧਾਨ ਸਭਾ ਦੀ ਕਾਰਜਕਾਰੀ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੀ ਕਾਪੀ Hand Book for Members ਅਤੇ ਹੋਰ ਲਾਭਦਾਇਕ ਅਤੇ ਸੂਚਨਾਤਮਕ ਪ੍ਰਕਾਸ਼ਨਾਂ ਦੀਆਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਕਾਪੀਆਂ ਲਾਇਬ੍ਰੇਰੀ ਦੇ ਰੀਡਿੰਗ ਰੂਮ ਤੋਂ ਪ੍ਰਾਪਤ ਕਰ ਲੈਣ ।

ਹੁਣ ਸਦਨ ਮੰਗਲਵਾਰ, 4 ਮਾਰਚ, 1997 ਦੇ 9-00 ਵਜੇ ਸਵੇਰ ਤੱਕ ਸਥਗਿੱਤ ਕੀਤਾ ਜਾਂਦਾ ਹੈ ।

———

*4.37 ਬਾਅਦ ਦੁਪਹਿਰ | (ਇਸ*ਸਮੇਂ ਸਦਨ ਮੰਗਲਵਾਰ, 4 ਮਾਰਚ, 1997 ਦੇ 9-00 ਵਜੇ ਸਵੇਰੇ ਤੱਕ ਸਥਗਿੱਤ ਹੋ ਗਿਆ ।)

———

63—3-6-97—305—ਪੰਜਾਬ ਸਰਕਾਰ ਪਰੈਸ, ਪਟਿਆਲਾ ।

51x66/10.1 kg. Off Set Paper.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Punjab Digital Library

© 1997

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

DEBATES

*4th March, 1997*

Vol. I-No.—2

## OFFICIAL REPORT

CONTENTS

*Tuesday, the 4th March, 1997*


| | | Page. |
|---|---|---|
| Oath or Affirmation by the Members | .. | (2)1 |
| Election of Speaker | .. | (2)1 |
| Congratulatory Speeches | .. | (2)2 |
| Nomination of Business Advisory Committee | .. | (2)16 |



**Punjab Vidhan Sabha Secretariat, Chandigarh.**

**Price Rs.———**



*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Tuesday the 4th March, 1997*

*The Vidhan Sabha met in the Punjab Vidhan Sabha Hall Vidhan Bhavan, Sector-1, Chandigarh, at 9.00 A.M. Mr. Speaker Protem (Sardar Charanjit Singh Atwal) in the Chair.*

---

## OATH OR AFFIRMATION BY THE MEMBERS

**ਸ੍ਰੀ ਸਪੀਕਰ (ਪਰੋਟਮ)**: ਸਕੱਤਰ ਸਾਹਿਬ, ਉਨ੍ਹਾਂ ਮੈਂਬਰਾਂ ਨੂੰ ਸਹੁੰ ਚੁੱਕਣ ਲਈ ਬੁਲਾਉਣਗੇ ਜੋ ਕੱਲ੍ਹ ਦੀ ਬੈਠਕ ਵਿਚ ਸਹੁੰ ਨਹੀਂ ਚੁੱਕ ਸਕੇ ।

**ਸਕੱਤਰ** : ਮੈਂ ਸਰਦਾਰ ਧਨਵੰਤ ਸਿੰਘ, ਸਰਦਾਰ ਗੁਰਦੇਵ ਸਿੰਘ ਸਿੱਧੂ ਅਤੇ ਸਰਦਾਰ ਤਾਰਾ ਸਿੰਘ ਲਾਡਲ ਨੂੰ ਬੇਨਤੀ ਕਰਾਂਗਾ ਕਿ ਉਹ ਵਾਰੀ ਵਾਰੀ ਸਹੁੰ ਚੁੱਕਣ ਲਈ ਆਉਣ ।

The following Members made and subscribed the Oath/affirmation :-

| Sr. No. | Name of Member | | Constituency |
|---|---|---|---|
| 1 | 2 | | 3 |
| 1. | Sardar Dhanwant Singh | .. | 80 Dhuri |
| 2. | Sardar Gurdev Singh Sidhu | .. | 74 Shutrana |
| 3. | Sardar Tara Singh Ladal | .. | 66 Anandpur Sahib |

(Sardar Arjan Singh Josh could not take oath as he was not present in the House)

## ELECTION OF SPEAKER

ਸ੍ਰੀ ਸਪੀਕਰ (ਪਰੋਟਮ): ਹੁਣ ਸਦਨ ਸਪੀਕਰ ਦੀ ਚੋਣ ਕਰੇਗਾ ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ।

"ਕਿ ਸਰਦਾਰ ਚਰਨਜੀਤ ਸਿੰਘ ਅਟਵਾਲ ਜੋ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਇਸ ਸਮੇਂ ਸਦਨ ਵਿਚ ਮੌਜੂਦ ਹਨ, ਨੂੰ ਇਸ ਵਿਧਾਨ ਸਭਾ ਦੇ ਸਪੀਕਰ ਵਜੋਂ ਚੁਣਿਆ ਜਾਵੇ ।" (ਥੰਪਿੰਗ)

Original with;
Punjab Vidhan Sabha
Digitized by;
Panjab Digital Library

**ਸੰਸਦੀ ਮਾਮਲਿਆਂ ਦੇ ਮੰਤਰੀ** (ਸ੍ਰੀ ਮਦਨ ਮੋਹਨ ਮਿੱਤਲ) : ਚੀਫ਼ ਮਨਿਸਟਰ ਸਾਹਿਬ ਨੇ ਜੋ ਸਰਦਾਰ ਚਰਨਜੀਤ ਸਿੰਘ ਅਟਵਾਲ ਨੂੰ ਇਸ ਵਿਧਾਨ ਸਭਾ ਦਾ ਸਪੀਕਰ ਬਣਾਉਣ ਦਾ ਪ੍ਰਸਤਾਵ ਰੱਖਿਆ ਹੈ, ਮੈਂ ਇਸ ਦਾ ਸਮਰਥਨ ਕਰਦਾ ਹਾਂ ।

**ਸ੍ਰੀ ਸਪੀਕਰ** (ਪਰੋਟਮ) : ਪ੍ਰਸਤਾਵ ਪੇਸ਼ ਕੀਤਾ ਜਾਂਦਾ ਹੈ :

"ਕਿ ਸਰਦਾਰ ਚਰਨਜੀਤ ਸਿੰਘ ਅਟਵਾਲ ਜੋ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਇਸ ਸਮੇਂ ਸਦਨ ਵਿਚ ਮੌਜੂਦ ਹਨ, ਨੂੰ ਇਸ ਵਿਧਾਨ ਸਭਾ ਦੇ ਸਪੀਕਰ ਵਜੋਂ ਚੁਣਿਆ ਜਾਵੇ ।"

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਜੋ ਮਤਾ ਲੀਡਰ ਆਫ਼ ਦੀ ਹਾਊਸ ਨੇ ਸਰਦਾਰ ਚਰਨਜੀਤ ਸਿੰਘ ਅਟਵਾਲ, ਜੋ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਇਸ ਸਮੇਂ ਸਦਨ ਵਿਚ ਮੌਜੂਦ ਹਨ, ਨੂੰ ਸਪੀਕਰ ਬਣਾਉਣ ਲਈ ਰੱਖਿਆ ਹੈ, ਮੈਂ ਆਪਣੀ ਪਾਰਟੀ ਵਲੋਂ ਇਸ ਦਾ ਸਮਰਥਨ ਕਰਦੀ ਹਾਂ (ਥੰਪਿੰਗ) ਔਰ ਮੈਂ ਪੂਰਨ ਤੌਰ ਤੇ ਸਾਰੀਆਂ ਹੀ ਰਵਾਇਤਾਂ ਜੋ ਵਿਧਾਨ ਸਭਾ ਦੇ ਵਿਚ, ਜੋ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਮਿਸਾਲ ਬਣਾ ਕੇ ਰਖਣੀਆਂ ਚਾਹੀਦੀਆਂ ਹਨ, ਉਨ੍ਹਾਂ ਦੇ ਮੁਤਾਬਿਕ ਹੀ ਆਪਣੀ ਪਾਰਟੀ ਵਲੋਂ ਹਾਊਸ ਦੇ ਨਾਲ ਔਰ ਸਪੀਕਰ ਸਾਹਿਬ ਦੇ ਨਿਰਪੱਖ ਰਵੱਈਏ ਦੇ ਪ੍ਰਤੀ ਪੂਰਨ ਸਮਰਥਨ ਦੇਣ ਦਾ ਫੈਸਲਾ ਕਰਦੀ ਹਾਂ ।

**ਸ੍ਰੀ ਸਪੀਕਰ** (ਪਰੋਟਮ) : ਕੀ ਕੋਈ ਹੋਰ ਪ੍ਰਸਤਾਵ ਹੈ ?

(ਕਿਸੇ ਹੋਰ ਮੈਂਬਰ ਸਾਹਿਬ ਵੱਲੋਂ ਕੋਈ ਹੋਰ ਪ੍ਰਸਤਾਵ ਪੇਸ਼ ਨਹੀਂ ਕੀਤਾ ਗਿਆ ।)

**ਸ੍ਰੀ ਸਪੀਕਰ** (ਪਰੋਟਮ). ਕਿਉਂਕਿ ਕਿਸੇ ਹੋਰ ਮਾਨਯੋਗ ਮੈਂਬਰ ਵਲੋਂ ਕੋਈ ਹੋਰ ਪ੍ਰਸਤਾਵ ਪੇਸ਼ ਨਹੀਂ ਕੀਤਾ ਗਿਆ । ਇਸ ਲਈ ਮੈਂ ਸਰਦਾਰ ਚਰਨਜੀਤ ਸਿੰਘ ਅਟਵਾਲ, ਐਮ.ਐਲ.ਏ. ਨੂੰ ਵਿਧਾਨ ਸਭਾ ਦੇ ਸਪੀਕਰ ਵਜੋਂ ਸਰਬ-ਸੰਮਤੀ ਨਾਲ ਚੁਣੇ ਜਾਣ ਦਾ ਐਲਾਨ ਕਰਦਾ ਹਾਂ । (ਥੰਪਿੰਗ)

(ਸਰਦਾਰ ਚਰਨਜੀਤ ਸਿੰਘ ਅਟਵਾਲ, ਸਪੀਕਰ (ਪਰੋਟਮ) ਨੇ ਇਸ ਵੇਲੇ ਬਤੌਰ ਸਪੀਕਰ, ਸਦਨ ਦੀ ਕੁਰਸੀ ਸੰਭਾਲੀ (ਥੰਪਿੰਗ)

## CONGRATULATORY SPEECHES

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)** : ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਸਾਰੇ ਹਾਊਸ ਵੱਲੋਂ ਦਿਲ ਦੀਆਂ ਗਹਿਰਾਈਆਂ ਨਾਲ ਤੁਹਾਨੂੰ ਇਸ ਉਚ ਪਦਵੀ ਤੇ ਸਰਬ-ਸੰਮਤੀ ਨਾਲ ਚੁਣੇ ਜਾਣ ਤੇ ਲੱਖ ਲੱਖ ਵਧਾਈ ਦਿੰਦਾ ਹਾਂ (ਥੰਪਿੰਗ) ਮੈਂ ਬੀਬੀ ਭੱਠਲ ਜੀ, ਹੋਰ ਆਪੋਜੀਸ਼ਨ ਪਾਰਟੀਆਂ ਅਤੇ ਇੰਡੀਪੈਂਡੈਂਟਸ ਦਾ ਵੀ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਪੁਰਾਣੀਆਂ ਰਵਾਇਤਾਂ ਨੂੰ ਕਾਇਮ ਰੱਖ ਕੇ ਸਪੀਕਰ ਦਾ ਚੁਨਾਓ ਸਰਬ-ਸੰਮਤੀ ਨਾਲ ਕੀਤਾ ਹੈ । (ਥੰਪਿੰਗ) ਜਿੱਥੋਂ ਤੱਕ ਸਪੀਕਰ ਸਾਹਿਬ, ਤੁਹਾਡੀ ਸ਼ਖਸੀਅਤ ਦਾ ਸਵਾਲ ਹੈ, ਇਸ ਬਾਰੇ ਪੰਜਾਬ ਦਾ ਬੱਚਾ-ਬੱਚਾ ਜਾਣੂ ਹੈ ਕਿਉਂਕਿ ਤੁਹਾਡੀ ਸਿਆਸੀ ਜਿੰਦਗੀ ਅੰਦਰ ਸਮਾਜ ਸੇਵਾ ਅਤੇ ਦੇਸ਼ ਤੇ ਸੂਬੇ ਲਈ ਕੁਰਬਾਨੀਆਂ

Original with;
Punjab Vidhan Sabha
Digitized by;
Panjab Digital Library

ਕਾਫੀ ਜ਼ਿਆਦਾ ਹਨ, ਇਨ੍ਹਾਂ ਬਾਰੇ ਦੱਸਣ ਦੀ ਲੋੜ ਨਹੀਂ । ਤੁਹਾਡਾ ਪਾਰਲੀਮੈਂਟੇਰੀਅਨ ਹੋਣ ਦਾ ਵੀ ਬਹੁਤ ਵੱਡਾ ਤਜਰਬਾ ਹੈ । ਤੁਸੀਂ ਲੋਕ ਸਭਾ ਦੇ ਮੈਂਬਰ ਰਹੇ, ਉਥੇ ਤੁਸੀਂ ਪਾਰਟੀ ਵੱਲੋਂ ਡਿਪਟੀ ਲੀਡਰ ਵੀ ਰਹੇ ਅਤੇ ਇਥੇ ਅਸੈਂਬਲੀ ਦੇ ਮੈਂਬਰ ਵੀ ਰਹੇ । ਇਸ ਲਈ ਤੁਸੀਂ ਸਾਡਾ ਜੋ ਪਾਰਲੀਮੈਂਟਰੀ ਸਿਸਟਮ ਹੈ, ਉਸ ਤੋਂ ਬੜੀ ਚੰਗੀ ਤਰ੍ਹਾਂ ਜਾਣੂੰ ਹੋ । ਸਪੀਕਰ ਸਾਹਿਬ, ਦੂਸਰੀ ਗੱਲ ਇਸ ਵਿਚ ਹੋਰ ਵੀ ਵਾਧਾ ਹੈ ਕਿ ਤੁਸੀਂ ਲਾਅ ਗਰੈਜੂਏਟ ਹੋ । (ਥੰਪਿੰਗ) ਪੰਜਾਬ ਦੇ ਇਕ ਪ੍ਰਸਿੱਧ ਵਕੀਲ ਹੋ । ਤੁਹਾਡੇ ਇਸ ਤਜਰਬੇ ਅਤੇ ਕਾਬਲੀਅਤ ਤੇ ਸਾਨੂੰ ਸਾਰਿਆਂ ਨੂੰ ਮਾਣ ਹੈ ਔਰ ਸਾਨੂੰ ਆਸ ਹੀ ਨਹੀਂ ਬਲਕਿ ਪੂਰਾ ਯਕੀਨ ਹੈ ਕਿ ਤੁਸੀਂ ਆਪਣੇ ਅਹੁਦੇ ਦੇ ਜੋ ਪਵਿੱਤਰ ਫਰਜ਼ ਹਨ, ਉਹ ਬੜੀ ਨਿਰਪੱਖਤਾ ਨਾਲ ਨਿਭਾਉਗੇ । ਮੈਂ ਤੁਹਾਨੂੰ ਆਪਣੀ ਪਾਰਟੀ ਵੱਲੋਂ ਸਹਿਯੋਗੀ ਪਾਰਟੀ ਵਲੋਂ ਅਤੇ ਸਾਰੇ ਸਦਨ ਵੱਲੋਂ ਯਕੀਨ ਦਿਵਾਉਂਦਾ ਹਾਂ ਕਿ ਤੁਹਾਡੇ ਇਸ ਫਰਜ਼ ਦੀ ਅਦਾਇਗੀ ਵਿਚ ਅਸੀਂ ਪੂਰਾ ਮਿਲਵਰਤਨ ਦਿਆਂਗੇ । (ਥੰਪਿੰਗ) ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਵੀ ਅਪੀਲ ਕਰਾਂਗਾ ਕਿ ਤੁਹਾਡੇ ਇਸ ਫਰਜ਼ ਦੀ ਅਦਾਇਗੀ ਵਿਚ ਸਾਡੇ ਨਾਲ ਤਾਂ ਭਾਵੇਂ ਕਦੇ ਕੋਈ ਕਮੀ ਰਹਿ ਜਾਵੇ ਪਰ ਆਪੋਜੀਸ਼ਨ ਜੋ ਸਾਡੇ ਸਾਹਮਣੇ ਬੈਠੀ ਹੈ, ਉਨ੍ਹਾਂ ਨਾਲ ਤੁਸੀਂ ਸਾਡੇ ਨਾਲੋਂ ਵੀ ਵੱਧ ਇਨਸਾਫ ਕਰਨਾ ਹੈ । (ਥੰਪਿੰਗ) ਅਸੀਂ ਪਹਿਲਾਂ ਵੀ ਕਹਿ ਚੁੱਕੇ ਹਾਂ ਕਿ ਜਿਹੜੀ ਇਹ ਸਰਕਾਰ ਬਣੀ ਹੈ, ਇਸ ਵਿਚ ਪੰਜਾਬ ਦੇ ਲੋਕਾਂ ਨੇ ਸਾਡੇ ਤੇ ਬਹੁਤ ਵੱਡੇ ਵਿਸ਼ਵਾਸ ਦਾ ਪ੍ਰਗਟਾਵਾ ਕੀਤਾ ਹੈ । ਸਾਡਾ ਜੋ ਨਿਸ਼ਾਨਾ ਹੈ, ਉਹ ਕੋਈ ਟਕਰਾਓ ਦਾ ਨਿਸ਼ਾਨਾ ਨਹੀਂ । ਅਸੀਂ ਇਸ ਹਾਊਸ ਦੇ ਅੰਦਰ ਅਤੇ ਹਾਊਸ ਦੇ ਬਾਹਰ ਆਪੋਜੀਸ਼ਨ ਵੱਲੋਂ ਜੋ ਵੀ ਸਾਡੇ ਤੇ ਕੋਈ ਨੁਕਤਾਚੀਨੀ ਕਹਿ ਲਓ ਜਾਂ ਸੁਝਾਓ ਕਹਿ ਲਓ, ਕੰਸਟ੍ਰਕਟਿਵ ਜਿਹੜੀਆਂ ਗੱਲਾਂ ਹੋਣਗੀਆਂ, ਉਨ੍ਹਾਂ ਸਬੰਧੀ ਉਨ੍ਹਾਂ ਤੋਂ ਮਿਲਵਰਤਨ ਲਵਾਂਗੇ ਅਤੇ ਮਿਲਵਰਤਨ ਦਿਆਂਗੇ । ਪਿਛਲੇ ਸਮੇਂ ਵਿਚ ਥੋੜ੍ਹੀ ਜਿਹੀ ਜਿਹੜੀ ਕਨਫਰੰਟੇਸ਼ਨ ਦੀ ਪਾਲਿਸੀ ਚਲਦੀ ਰਹੀ ਹੈ, ਅਸੀਂ ਉਸ ਦੇ ਹੱਕ ਵਿਚ ਨਹੀਂ ਹਾਂ । (ਥੰਪਿੰਗ) ਆਪੋਜ਼ੀਸ਼ਨ ਦਾ ਜੋ ਫਰਜ਼ ਹੈ ਉਹ ਬਹੁਤ ਵੱਡਾ ਹੈ । ਸਿਰਫ ਇਹੀ ਫਰਜ਼ ਨਹੀਂ ਕਿ ਸਰਕਾਰ ਦੀ ਨੁਕਤਾਚੀਨੀ ਕਰਨੀ ਹੈ ਸਰਕਾਰ ਨੂੰ ਪੂਰਾ ਸਹਿਯੋਗ ਦੇਣਾ ਵੀ ਹੈ । ਪੰਜਾਬ ਨੇ ਪਿਛਲੇ ਸਮੇਂ ਵਿਚ ਬਹੁਤ ਗਹਿਰੀਆਂ ਚੋਟਾਂ ਖਾਧੀਆਂ ਹਨ, ਅਜੇ ਉਹ ਜ਼ਖਮ ਅੱਲ੍ਹੇ ਹਨ । ਅਸੀਂ ਪੰਜਾਬੀਆਂ ਦੇ ਇਨ੍ਹਾਂ ਅੱਲ੍ਹੇ ਜ਼ਖਮਾਂ ਤੇ ਮਲ੍ਹਮ ਵੀ ਲਗਾਉਣੀ ਹੈ ਔਰ ਪੰਜਾਬ ਨੂੰ ਹਰ ਪਾਸਿਓਂ ਤਰੱਕੀ ਤੇ ਖੁਸ਼ਹਾਲੀ ਵੱਲ ਲਿਜਾਉਣਾ ਹੈ । ਮੈਂ ਇਸ ਗੱਲ ਦਾ ਵੀ ਮਾਣ ਕਰ ਸਕਦਾ ਹਾਂ ਕਿ ਅਸੀਂ ਗੁਰੂਆਂ ਅਤੇ ਪੈਗੰਬਰਾਂ ਪੀਰਾਂ ਦੇ ਰਸਤੇ ਤੇ ਚੱਲਣ ਵਾਲੇ ਹਾਂ । ਸਾਡੇ ਗੁਰੂ ਸਾਹਿਬਾਨ ਨੇ ਕਿਹਾ ਹੈ 'ਰੰਗਰੇਟੇ ਗੁਰੂ ਕੇ ਬੇਟੇ' (ਥੰਪਿੰਗ) ਅਸੀਂ ਚਾਹੁੰਦੇ ਹਾਂ ਕਿ ਦਲਿਤ ਵਰਗ ਅਤੇ ਪੱਛੜੇ ਵਰਗ ਦੀ ਸਾਡੇ ਵਲੋਂ ਬਰਾਬਰੀ ਹੀ ਨਾ ਹੋਵੇ ਬਲਕਿ ਉਹ ਅੱਗੇ ਨਿਕਲਣ ਔਰ ਮੈਂ ਅੱਜ ਬੜੇ ਫਖਰ ਨਾਲ ਕਹਿ ਸਕਦਾ ਹਾਂ ਕਿ ਭਾਵੇਂ ਅਸੀਂ ਕਿਸੇ ਜ਼ਾਤ-ਪਾਤ ਵਿਚ ਬਿਲੀਵ ਨਹੀਂ ਕਰਦੇ ਲੇਕਿਨ ਫਿਰ ਵੀ ਸਾਨੂੰ ਇਹ ਫਖਰ ਹੈ ਕਿ ਹਿੰਦੁਸਤਾਨ ਤੇ ਪੰਜਾਬ ਦੀ ਹਿਸਟਰੀ ਵਿਚ ਇਹ ਪਹਿਲਾ ਦਿਨ ਹੈ ਕਿ ਸਪੀਕਰ ਦੀ ਕੁਰਸੀ ਤੇ ਇਕ ਦਲਿਤ ਭਰਾ ਬਿਰਾਜਮਾਨ ਹੈ । (ਥੰਪਿੰਗ) ਮੇਰਾ ਖਿਆਲ ਹੈ ਕਿ ਹਿੰਦੁਸਤਾਨ ਦੀ ਹਿਸਟਰੀ ਅਤੇ ਪੰਜਾਬ ਦੀ ਹਿਸਟਰੀ ਵਿਚ ਇਹ ਪਹਿਲਾ ਦਿਨ ਹੈ । ਇਸ ਲਈ ਮੈਂ ਜ਼ਿਆਦਾ ਲੰਬਾ ਨਾ ਜਾਂਦਾ ਹੋਇਆ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦੁਬਾਰਾ ਫਿਰ ਤੁਹਾਨੂੰ ਲੱਖ-ਲੱਖ ਵਧਾਈ ਦਿੰਦਾ ਹਾਂ ਅਤੇ ਯਕੀਨ ਦਿਵਾਉਂਦਾ ਹਾਂ ਕਿ ਸਾਡੇ ਵੱਲੋਂ ਤੁਹਾਨੂੰ ਪੂਰੀ ਪੂਰੀ ਕੁਆਪ੍ਰੇਸ਼ਨ ਦਿੱਤੀ ਜਾਵੇਗੀ, ਮਿਲਵਰਤਣ ਦਿੱਤਾ ਜਾਏਗਾ । ਇਸ ਦੇ ਨਾਲ ਹੀ ਮੈਂ ਆਪੋਜੀਸ਼ਨ ਦੇ ਮੈਂਬਰ ਸਾਹਿਬਾਨ ਦਾ ਵੀ ਬਹੁਤ ਧੰਨਵਾਦੀ ਹਾਂ ਕਿ ਜਿਹੜਾ ਪਹਿਲਾ ਕੰਮ ਆਪਾਂ ਚੁੱਕਿਆ ਹੈ, ਉਹ ਸਰਬਸੰਮਤੀ ਨਾਲ ਚੁੱਕਿਆ ਹੈ ਤੇ ਅੱਗੇ ਤੋਂ ਵੀ ਸਰਬਸੰਮਤੀ ਦੀ ਹੀ ਕੋਸ਼ਿਸ਼ ਕਰੋ । ਕੋਈ ਨੁਕਤਾਚੀਨੀ ਜੇਕਰ ਕਰਨੀ ਹੈ, ਤਾਂ ਉਹ ਕੰਸਟ੍ਰਕਟਿਵ ਨੁਕਤਾਚੀਨੀ ਹੋਣੀ ਚਾਹੀਦੀ ਹੈ ਲੇਕਿਨ ਨੁਕਤਾਚੀਨੀ ਕੇਵਲ ਨੁਕਤਾਚੀਨੀ ਵਾਸਤੇ ਨਹੀਂ ਹੋਣੀ ਚਾਹੀਦੀ । ਮੈਂ ਅਜ ਪਹਿਲੇ ਦਿਨ ਇਹ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਆਪੋਜੀਸ਼ਨ ਦੇ ਇਕ-ਇੱਕ ਲੀਡਰ ਸਾਹਿਬ ਨੂੰ ਮਿਲਾਂਗਾ । ਮੈਨੂੰ ਉਨ੍ਹਾਂ ਦੇ ਘਰ ਜਾਣ ਤੋਂ ਵੀ ਕੋਈ ਗੁਰੇਜ਼ ਨਹੀਂ । (ਥੰਪਿੰਗ) ਲੇਕਿਨ ਆਪਾਂ ਇਥੇ ਚੰਗੀਆਂ ਪਰਤਾਂ ਪਾਉਣੀਆਂ ਹਨ । ਆਪਾਂ ਸਾਰੇ ਜੋ ਇਥੇ ਹਾਂ, ਭਾਵੇਂ ਕਿਸੇ ਪਾਰਟੀ ਨਾਲ ਸਬੰਧਤ ਹਾਂ । ਸਾਡਾ ਸਾਰਿਆਂ ਦਾ ਇਕੋ ਹੀ ਮਕਸਦ ਹੈ ਕਿ ਪੰਜਾਬ ਦੀ ਖੁਸ਼ਹਾਲੀ ਹੋਵੇ, ਤਰੱਕੀ ਹੋਵੇ, ਅਮਨ ਹੋਵੇ । ਆਪਾਂ ਸਾਰੇ ਰਲ ਕੇ ਕੋਸ਼ਿਸ਼ ਕਰੀਏ ਤਾਂ ਪੰਜਾਬ ਨੂੰ ਦੁਨੀਆਂ ਦਾ ਬਿਹਤਰੀਨ ਖਿਤਾ ਬਣਾ ਸਕੀਏ । ਸਪੀਕਰ ਸਾਹਿਬ, ਅੰਤ ਵਿਚ ਮੈਂ ਦੁਬਾਰਾ ਫਿਰ ਤੁਹਾਨੂੰ ਵਧਾਈ ਦਿੰਦਾ ਹਾਂ । ਬਹੁਤ-ਬਹੁਤ ਧੰਨਵਾਦ ।

**ਸੁਥਾਨਕ ਸਰਕਾਰ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ੍ਰੀ ਬਲਰਾਮ ਜੀ ਦਾਸ ਟੰਡਨ):** ਸਪੀਕਰ ਸਾਹਿਬ, ਮੈਂ ਤੁਹਾਨੂੰ ਸਪੀਕਰ ਦੇ ਅਹੁਦੇ ਤੇ ਸਰਬਸੰਮਤੀ ਨਾਲ ਚੁਣੇ ਜਾਣ ਤੇ ਬਹੁਤ ਬਹੁਤ-ਬਹੁਤ ਵਧਾਈ ਦਿੰਦਾ ਹਾਂ । (ਥੰਪਿੰਗ) ਮੈਨੂੰ ਪੂਰੀ ਉਮੀਦ ਹੈ ਕਿ ਜਿਸ ਭਾਵਨਾ ਨਾਲ ਸਾਰੇ ਹਾਊਸ ਨੇ ਤੁਹਾਨੂੰ ਇੱਕ ਮੱਤ ਹੋ ਕੇ ਚੁਣਿਆ ਹੈ ਤੁਸੀਂ ਇਸ ਸੀਟ ਦੀ ਜਿਹੜੀ ਇੱਕ ਸ਼ੋਭਾ ਹੈ ਇਸ ਸੀਟ ਦੇ ਜਿਹੜੇ ਫਰਜ਼ ਹਨ, ਉਨ੍ਹਾਂ ਨੂੰ ਐਸੇ ਸੁਚੱਜੇ ਤਰੀਕੇ ਦੇ ਨਾਲ ਨਿਭਾਓਗੇ ਔਰ ਐਸੀਆਂ ਰਵਾਇਤਾਂ, ਜਿਹੜੀਆਂ ਕਿ ਇਸ ਸੀਟ ਦੇ ਨਾਲ ਜੁੜੀਆਂ ਹੋਈਆਂ ਹਨ, ਉਹ ਇਥੋਂ ਵਾਸਤੇ ਹੀ ਨਹੀਂ ਬਲਕਿ ਇਸ ਸੀਟ ਦੇ ਉਤੇ ਸੁਸ਼ੋਭਿਤ ਹੋਣ ਉਪਰੰਤ ਦੇਸ਼ ਦੇ ਦੂਸਰੇ ਸੂਬਿਆਂ ਅਤੇ ਦੇਸ਼ ਦੀ ਪਾਰਲੀਮੈਂਟ ਵਿਚ ਵੀ ਜੋ ਰਵਾਇਤਾਂ ਕਾਇਮ ਕੀਤੀਆਂ ਗਈਆਂ ਹਨ, ਉਨ੍ਹਾਂ ਸੁੰਦਰ ਰਵਾਇਤਾਂ ਨੂੰ ਹੋਰ ਵੀ ਅੱਗੇ ਲਿਜਾਣ ਵਾਸਤੇ ਜੋ ਕੁਝ ਕਦਮ ਵੀ ਉਠਾਉਣੇ ਜ਼ਰੂਰੀ ਹੋਣਗੇ, ਤੁਸੀਂ ਉਠਾਉਗੇ । ਜਿਨ੍ਹਾਂ ਗੱਲਾਂ ਦੀ ਤਰਫ ਲੀਡਰ ਆਫ ਦੀ ਹਾਊਸ ਨੇ ਧਿਆਨ ਦਿਵਾਇਆ ਹੈ, ਸਪੀਕਰ ਸਾਹਿਬ ਉਹ ਬੜਾ ਜ਼ਰੂਰੀ ਹੈ । ਅੱਜ ਸਾਰੇ ਹਾਊਸ ਦੇ ਵਿਚ ਜਿਹੜੇ ਨਵੇਂ ਮੈਂਬਰਾਂ ਨੇ ਤੁਹਾਨੂੰ ਚੁਣਿਆ ਹੈ, ਮੈਂ ਸਮਝਦਾ ਹਾਂ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਜਿਸ ਤਰੀਕੇ ਦੇ ਨਾਲ ਤੁਹਾਡੇ ਚੁਣਾਓ ਦੇ ਵਿਚ ਜੋ ਸਰਵਸੰਮਤੀ ਵਾਲਾ ਰੋਲ ਪਲੇਅ ਕੀਤਾ ਹੈ, ਉਹ ਵੀ ਸ਼ੋਭਾ ਯੋਗ ਹੈ (ਥੰਪਿੰਗ) ਮੈਨੂੰ ਪੂਰੀ ਉਮੀਦ ਹੈ ਕਿ ਅਸੀਂ ਪੰਜਾਬ ਦੀ ਤਰੱਕੀ ਵਾਸਤੇ ਕੰਮ ਕਰਾਂਗੇ ਜਿਹੜਾ ਕਿ ਹੁਣੇ ਹੀ ਬੁਰੇ ਹਾਲਤ ਵਿਚੋਂ ਨਿਕਲਿਆ ਹੈ । ਮੈਂ ਇਹ ਹੀ ਨਹੀਂ ਸਮਝਦਾ ਕਿ ਸਾਡੀ ਸਰਕਾਰ ਹੀ ਇਹ ਕਰਨਾ ਚਾਹੁੰਦੀ ਹੈ, ਪੰਜਾਬ ਨੂੰ ਅੱਗੇ ਵੱਲ ਲਿਜਾਉਣਾ ਚਾਹੁੰਦੀ ਹੈ ਬਲਕਿ ਮੈਂ ਇਹ ਵੀ ਸਮਝਦਾ ਹਾਂ ਕਿ ਜਿਹੜੇ ਮੈਂਬਰ ਸਾਹਿਬਾਨ ਸਾਡੇ ਸਾਹਮਣੇ ਬੈਠੇ ਹਨ, ਉਨ੍ਹਾਂ ਦੀ ਦਿਲੀ ਤਮੰਨਾ ਵੀ ਇਹੀ ਹੋਏਗੀ ਕਿ ਪੰਜਾਬ ਜਿਨ੍ਹਾਂ ਹਾਲਾਤ ਵਿਚੋਂ ਨਿਕਲਿਆ ਹੈ, ਉਹ ਪੈਦਾ ਨਾ ਹੋਣ । ਅਸੀਂ ਹੁਣ ਉਸ ਪੰਜਾਬ ਨੂੰ ਹੋਰ ਅੱਗੇ ਲੈ ਕੇ ਜਾਣਾ ਹੈ ਤਾਂ ਕਿ ਇਹ ਪੰਜਾਬ ਹਿੰਦੁਸਤਾਨ ਦਾ ਮੁਕਟ ਬਣ

Original with;
Punjab Vidhan Sabha
Digitized by;
Panjab Digital Library

ਕਰਕੇ ਕੰਮ ਕਰਦਾ ਰਹੇ ਅਰ ਇਹ ਸਭ ਅਸੀਂ ਸਾਰੇ ਲੋਕਾਂ ਨੇ ਮਿਲ-ਜੁਲਕੇ ਬਣਾਉਣਾ ਹੈ । ਜਿਸ ਤਰੀਕੇ ਨਾਲ ਇਹ ਸਾਰੀਆਂ ਗੱਲਾਂ ਬਾਤਾਂ ਹੋਈਆਂ ਹਨ ਕਿ ਅਸੀਂ ਮਿਲਵਰਤਨ ਕਰਕੇ ਸਾਰੇ ਕੰਮ ਕਰਨੇ ਹਨ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਰਕਾਰ ਜਿਹੜੇ ਕੰਮ ਕਰਦੀ ਹੈ ਉਸ ਦੇ ਵਿਚ ਕਈ ਜਗ੍ਹਾ ਤੇ ਨਿਊਨਤਾ ਵੀ ਹੋ ਸਕਦੀ ਹੈ ਉਸ ਨਿਊਨਤਾ ਦੇ ਸਬੰਧ ਵਿਚ ਜਿਹੜੇ ਸੁਝਾਅ ਦਿੱਤੇ ਜਾਂਦੇ ਹਨ ਚਾਹੇ ਉਹ ਸਰਕਾਰੀ ਪਾਰਟੀ ਦੀ ਤਰਫੋਂ ਹੋਣ ਜਾਂ ਵਿਰੋਧੀ ਪਾਰਟੀ ਦੀ ਤਰਫੋਂ ਹੋਣ, ਉਨ੍ਹਾਂ ਸਭ ਦੇ ਵਾਸਤੇ ਉਸ ਨੂੰ ਜੀ ਆਇਆਂ ਕਹਿਣ ਦੀ ਜ਼ਰੂਰਤ ਹੈ, ਤਾਂ ਕਿ ਅਸੀਂ ਸਭ ਮਿਲ ਕੇ ਚੰਗੀਆਂ ਰਵਾਇਤਾਂ ਨੂੰ ਕਾਇਮ ਰੱਖ ਸਕੀਏ ਅਤੇ ਪੰਜਾਬ ਦੇ ਵਿਕਾਸ ਵਿਚ ਚੰਗਾ ਯੋਗਦਾਨ ਪਾ ਸਕੀਏ । ਸਪੀਕਰ ਸਾਹਿਬ, ਅੱਜ ਜਿਹੜੀ ਸ਼ੋਭਾ ਦੀ ਕੁਰਸੀ ਤੇ ਤੁਸੀਂ ਬਿਰਾਜਮਾਨ ਹੋਏ ਹੋ ਉਸਦੇ ਨਾਲ ਹੋਰ ਵੀ ਕਈ ਤਰ੍ਹਾਂ ਦੀਆਂ ਪਾਵਰਾਂ ਅਟੈਚ ਹੋਈਆਂ ਹਨ ਅਤੇ ਇਨ੍ਹਾਂ ਦੇ ਅਟੈਚ ਹੋਣ ਕਰਕੇ ਇਹ ਜਿਹੜੀ ਤੁਹਾਡੀ ਸ਼ੋਭਾ ਦੀ ਕੁਰਸੀ ਹੈ, ਉਸ ਦੀਆਂ ਜ਼ਿੰਮੇਵਾਰੀਆਂ ਹੋਰ ਵੀ ਵੱਧ ਗਈਆਂ ਹਨ ਅਤੇ ਉਨ੍ਹਾਂ ਜ਼ਿੰਮੇਵਾਰੀਆਂ ਨੂੰ ਤੁਸੀਂ ਠੀਕ ਢੰਗ ਨਾਲ ਨਿਭਾਉਂਦੇ ਹੋਏ ਇਸ ਪਵਿੱਤਰ ਸਦਨ ਦੀਆਂ ਰਵਾਇਤਾਂ ਨੂੰ ਵੀ ਕਾਇਮ ਰੱਖੋਗੇ । ਮੈਂ ਪੂਰੀ ਉਮੀਦ ਕਰਦਾ ਹਾਂ ਕਿ ਤੁਹਾਨੂੰ ਜਿਹੜੀਆਂ ਨਿਊਨਤਾਵਾਂ ਇਧਰ ਉਧਰ ਨਜ਼ਰ ਆਉਣਗੀਆਂ, ਉਨ੍ਹਾਂ ਨੂੰ ਵੀ ਦੂਰ ਕਰੋਗੇ । ਸੋ, ਸਪੀਕਰ ਸਾਹਿਬ, ਮੈਂ ਇਨ੍ਹਾਂ ਸ਼ਬਦਾਂ ਦੇ ਨਾਲ ਆਪਣੇ ਸੱਚੇ ਹਿਰਦੇ ਤੋਂ ਆਪ ਜੀ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ ਅਤੇ ਨਾਲ ਮੈਂ ਸਾਰੇ ਹਾਊਸ ਨੂੰ ਵੀ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਆਪ ਨੂੰ ਸਰਬ ਸੰਮਤੀ ਦੇ ਨਾਲ ਇਸ ਸ਼ੋਭਾ ਦੀ ਕੁਰਸੀ ਤੇ ਬਿਰਾਜਮਾਨ ਕੀਤਾ ਹੈ । ਅੰਤ ਵਿਚ ਮੈਂ ਸਾਰਿਆਂ ਨੂੰ ਵਧਾਈ ਦਿੰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** (ਲਹਿਰਾ) : ਸਪੀਕਰ ਸਾਹਿਬ, ਮੈਨੂੰ ਅੱਜ ਖੁਸ਼ੀ ਹੈ ਜਿਸ ਵੇਲੇ ਤੁਹਾਡੀ ਚੋਣ ਕੀਤੀ ਗਈ ਹੈ, ਸੱਚਮੁੱਚ ਮੈਂ ਉਸ ਦੀ ਪ੍ਰਸ਼ੰਸਾ ਕਰਦੀ ਹਾਂ । ਇਸ ਕੁਰਸੀ ਤੇ ਬਿਰਾਜਮਾਨ ਹੋਣਾ, ਇਸ ਮਹਾਨ ਕੁਰਸੀ ਲਈ ਸੱਚਮੁੱਚ ਹੀ ਤੁਸੀਂ ਹੱਕਦਾਰ ਸੀ । ਇੱਕ ਕਾਬਲ ਸਿਆਸਤਦਾਨ, ਇਕ ਕਾਬਲ ਕਾਨੂੰਨਦਾਨ ਹੋਣ ਦੇ ਨਾਲ ਨਾਲ ਤੁਹਾਡੀ ਸ਼ਖਸੀਅਤ ਦੇ ਵਿੱਚ ਬਹੁਤ ਗੱਲਾਂ ਸ਼ਾਮਲ ਹਨ ਜਿਵੇਂ ਕਿ ਤੁਸੀਂ ਇੱਕ ਸਾਧਾਰਨ ਪਰਿਵਾਰ ਦੇ ਵਿੱਚੋਂ ਜਨਮ ਲੈ ਕੇ, ਸਾਧਾਰਨ ਲੋਕਾਂ ਵਿੱਚੋਂ ਵਿਚਰਦੇ ਹੋਏ, ਹਰ ਵੱਡੇ ਤੇ ਛੋਟੇ ਤਰ੍ਹਾਂ ਦੇ ਲੋਕਾਂ ਦੀ ਮੱਦਦ ਕਰਦੇ ਆਏ ਹੋ ਅਤੇ ਤੁਹਾਨੂੰ ਦੇਸ਼ ਦੀ ਰਾਜਨੀਤੀ ਵਿੱਚ ਵੀ ਵਿਚਰਨ ਦਾ ਮੌਕਾ ਮਿਲਿਆ, ਆਪਣਾ ਅੱਛਾ ਯੋਗਦਾਨ ਪਾਉਣ ਦਾ ਮੌਕਾ ਮਿਲਿਆ ਹੈ । ਅੱਜ ਜਿਸ ਕੁਰਸੀ ਤੇ ਤੁਸੀਂ ਬਿਰਾਜਮਾਨ ਹੋ, ਮੈਨੂੰ ਪੂਰਾ ਯਕੀਨ ਹੈ ਕਿ ਜਿਸ ਤਰੀਕੇ ਦੇ ਨਾਲ ਲੀਡਰ ਆਫ ਦੀ ਹਾਊਸ ਨੇ ਇੱਕ ਅੱਛੀ ਪ੍ਰੰਪਰਾ ਕਾਇਮ ਕਰਕੇ ਸਾਰਿਆਂ ਦੇ ਸਲਾਹ-ਮਸ਼ਵਰੇ ਦੇ ਨਾਲ ਤੁਹਾਨੂੰ ਇਸ ਮਹਾਨ ਸਦਨ ਦੀ ਕੁਰਸੀ ਤੇ ਬਿਠਾਇਆ ਹੈ, ਉਸੇ ਤਰ੍ਹਾਂ ਤੁਸੀਂ ਵੀ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਦਾ ਖਿਆਲ ਰੱਖੋਗੇ ਅਤੇ ਇਸ ਪਵਿੱਤਰ ਹਾਊਸ ਨੂੰ ਚੰਗੇ ਮਾਹੌਲ ਦੇ ਵਿੱਚ ਰੱਖਕੇ ਕੰਮ ਚਲਾਉਗੇ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਵੱਲੋਂ ਪੂਰਾ ਯਕੀਨ ਦਿਵਾਉਂਦੀ ਹਾਂ ਅਤੇ ਮੈਂ ਜ਼ਾਤੀ ਤੌਰ ਤੇ ਵੀ ਮਹਿਸੂਸ ਕਰਦੀ ਹਾਂ ਕਿ ਅਸੀਂ ਲੋਕਾਂ ਦੇ ਨੁਮਾਇੰਦੇ ਹਾਂ, ਸਾਨੂੰ ਸੱਚਮੁੱਚ ਹੀ ਅਜਿਹੇ ਤਰੀਕੇ ਦੇ ਨਾਲ ਵਿਚਰਨਾ ਜਾਂ ਕੰਮ ਕਰਨਾ ਚਾਹੀਦਾ ਹੈ ਜੋ ਕਿ ਆਪਣੇ ਆਪ ਵਿੱਚ ਇੱਕ ਐਗਜ਼ਾਂਪਲ ਬਣ ਸਕੇ। ਸਾਡੇ ਆਪਸੀ ਮੱਤਭੇਦ ਹੋ ਸਕਦੇ ਹਨ ਲੇਕਿਨ ਇਨ੍ਹਾਂ ਮੱਤਭੇਦਾਂ ਨੂੰ ਵੀ ਅਸੀਂ ਇੱਕ ਅੱਛੇ ਤਰੀਕੇ ਦੇ ਨਾਲ, ਅੱਛੀ ਰਵਾਇਤ ਦੇ ਨਾਲ ਸੁਲਝਾ ਕੇ ਚੰਗੀ ਪ੍ਰੰਪਰਾ ਕਾਇਮ ਕਰੀਏ। ਮੈਂ ਇਹ ਵੀ ਸਮਝਦੀ ਹਾਂ ਕਿ ਕਈ ਵਾਰ ਅਜਿਹੀਆਂ ਘਟਨਾਵਾਂ ਵੀ ਹੋ ਜਾਂਦੀਆਂ ਹਨ ਜੋ ਆਮ ਤੌਰ ਤੇ ਦੇਖਣ ਵਿੱਚ ਆਉਂਦੀਆਂ ਹਨ ਜਿਨ੍ਹਾਂ ਦਾ ਅਸਰ ਸਾਡੇ ਨਾਲੋਂ ਵੱਧ ਸਾਨੂੰ ਚੁਨਣ ਵਾਲੇ ਜਾਂ ਦੇਖਣ ਵਾਲੇ ਲੋਕਾਂ ਦੇ ਉੱਤੇ ਬਹੁਤ ਅੱਛਾ ਨਹੀਂ ਪੈਂਦਾ। ਅੱਜ ਮੈਨੂੰ ਇਸ ਗੱਲ ਦੀ ਖੁਸ਼ੀ ਹੋਈ ਹੈ ਕਿ ਅਸੀਂ ਸਾਰਿਆਂ ਨੇ ਹੀ ਜਿਸ ਸਰਬ-ਸੰਮਤੀ ਦੇ ਨਾਲ ਤੁਹਾਨੂੰ ਇਸ ਮਹਾਨ ,ਪਵਿੱਤਰ ਕੁਰਸੀ ਤੇ ਬਿਰਾਜਮਾਨ ਕੀਤਾ ਅਤੇ ਇਸ ਖੁਸ਼ੀ ਨੂੰ ਅਸੀਂ ਸਾਰਿਆਂ ਨੇ ਦਿਲ ਦੀਆਂ ਗਹਿਰਾਈਆਂ ਤੋਂ ਮੰਨਿਆ ਹੈ, ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਤੁਹਾਨੂੰ ਇਸ ਗੱਲ ਦੀ ਮੁਬਾਰਕਬਾਦ ਦਿੰਦੀ ਹਾਂ ਕਿ ਸਮੁੱਚੇ ਹਾਊਸ ਨੇ ਇੱਕ ਅੱਛੇ ਯੋਗ ਵਿਧਾਨਕਾਰ ਨੂੰ ਇਸ ਕੁਰਸੀ ਲਈ ਚੁਣਿਆ ਹੈ ਜੋ ਇਸ ਵਾਸਤੇ ਕਾਬਲ ਸਨ। ਇਹੀ ਕਾਰਨ ਹੈ ਕਿ ਪਹਿਲੀ ਦਫਾ ਹਾਊਸ ਵਿੱਚ ਇਸ ਤਰੀਕੇ ਨਾਲ ਮੈਂ ਜ਼ਰੂਰੀ ਸਮਝਿਆ ਕਿ ਸਿਰਫ ਵਧਾਈ ਦੇਣ ਲਈ ਹੀ ਖੜ੍ਹੇ ਨਹੀਂ ਹੋਣਾ ਸਗੋਂ ਉਸ ਤੋਂ ਪਹਿਲਾਂ ਜੋ ਪ੍ਰੋਪੋਜ਼ਲ ਰੱਖੀ ਹੈ ਉਸ ਵਿੱਚ ਆਪਣੀ ਪਾਰਟੀ ਦੀ ਤਰਫੋਂ ਸੈਕੰਡ ਕਰਨ ਲਈ ਵੀ ਸ਼ਾਮਲ ਹੋਵਾਂ। ਸੋ, ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਅਸੀਂ ਸਹਿਮਤ ਹਾਂ ਅਤੇ ਮੈਨੂੰ ਇਸ ਗੱਲ ਦੀ ਖੁਸ਼ੀ ਹੈ। ਕੁਝ ਗੱਲਾਂ ਅਸੀਂ ਕਾਮਨ ਲੈ ਕੇ ਆਏ ਹਾਂ। ਪੰਜਾਬ ਵਿੱਚ ਅਮਨ ਤੇ ਵਿਕਾਸ ਦੀ ਚਰਚਾ ਲਈ ਸਾਡੀ ਕਾਂਗਰਸ ਪਾਰਟੀ ਅਤੇ ਸਾਡੇ ਸਵਰਗ-ਵਾਸੀ ਸਰਦਾਰ ਬੇਅੰਤ ਸਿੰਘ ਇਸ ਗੱਲ ਦੇ ਮੋਢੀ ਬਣੇ। ਅੱਜ ਅਸੀਂ ਫਿਰ ਹਾਊਸ ਵਿੱਚ ਜੁੜੇ ਹਾਂ। ਪਹਿਲੇ ਦਿਨ ਆਪਣੀ ਕਾਰਵਾਈ ਸ਼ੁਰੂ ਕਰਨ ਵੇਲੇ ਸਾਰੀਆਂ ਧਿਰਾਂ ਵੱਲੋਂ ਅਮਨ ਦੀ ਅਤੇ ਵਿਕਾਸ ਦੀ ਗੱਲ ਆਈ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਸਾਰੇ ਆਪਣੀਆਂ ਸਿਆਸੀ ਸੋਚਾਂ ਅਤੇ ਖਿਆਲਾਂ ਤੋਂ ਉਪਰ ਉਠ ਕੇ ਇਸ ਨੂੰ ਮਜ਼ਬੂਤ ਕਰੀਏ। ਕੋਈ ਐਸੀ ਸ਼ਕਤੀ ਜਾਂ ਤਾਕਤ ਨਹੀਂ ਹੈ ਜੋ ਸਾਡੀਆਂ ਅੱਛੀਆਂ ਸੋਚਾਂ ਦੇ ਰਾਹ ਵਿੱਚ ਰੋੜਾ ਬਣ ਸਕੇ। ਹੋਰ ਜ਼ਿਆਦਾ ਨਾ ਕਹਿੰਦੀ ਹੋਈ ਅਤੇ ਮੈਂ ਇਸ ਗੱਲ ਦੀ ਆਸ ਦਿਵਾਉਂਦੀ ਹੋਈ ਕਿ ਅਸੀਂ ਪੂਰਨ ਤੌਰ ਤੇ ਸਹਿਯੋਗ ਦੇਵਾਂਗੇ ਅਤੇ ਬਾਕੀ ਹੋਰ ਗੱਲਾਂ ਜੋ ਪੰਜਾਬ ਦੇ ਲੋਕਾਂ ਦੇ ਹਿੱਤ ਵਿੱਚ ਹਨ, ਗਰੀਬਾਂ ਦੇ ਹਿੱਤ ਵਿੱਚ ਹਨ, ਸ਼ਾਂਤੀ ਅਤੇ ਅਮਨ ਦੇ ਹਿੱਤ ਵਿੱਚ ਹਨ, ਉਨ੍ਹਾਂ ਲਈ ਪੂਰਨ ਤੌਰ ਤੇ ਹਰ ਤਰੀਕੇ ਨਾਲ ਸਮਰਥਨ ਦੇਵਾਂਗੇ। ਲੇਕਿਨ ਕਿਸੇ ਵੀ ਥਾਂ ਤੇ ਕੋਈ ਇਹੋ ਜਿਹੀ ਗੱਲ ਜੋ ਪੰਜਾਬ ਦੇ ਹੱਕ ਵਿੱਚ ਨਹੀਂ ਉਸ ਨੂੰ ਤੱਕੜੀ ਅਤੇ ਆਮ ਵਿਚਾਰਧਾਰਾ ਮੁਤਾਬਿਕ ਵਿਰੋਧੀ ਧਿਰ ਵਾਂਗ ਜ਼ਰੂਰ ਉਠਾਵਾਂਗੇ। ਇਸ ਗੱਲ ਦੀ ਮੈਨੂੰ ਪੂਰੀ ਆਸ ਹੈ ਕਿ ਤੁਸੀਂ ਵੀ ਸਾਨੂੰ ਆਪਣੇ ਵਿਚਾਰ, ਆਪਣੀਆਂ ਭਾਵਨਾਵਾਂ ਇਸ ਹਾਊਸ ਵਿੱਚ ਰੱਖਣ ਲਈ ਮੌਕਾ ਦਿਓਗੇ ਇਸ ਦਾ ਮੈਨੂੰ ਯਕੀਨ ਹੈ। ਇਨ੍ਹਾਂ ਲਫਜ਼ਾਂ ਨਾਲ ਮੈਂ

Original with;
Punjab Vidhan Sabha
Digitized by;
Panjab Digital Library

ਸਾਰੇ ਜੁੜੇ ਹਾਊਸ ਨੂੰ ਅਤੇ ਜਿਨ੍ਹਾਂ ਮੈਂਬਰ ਸਾਹਿਬਾਨ ਨੇ ਅੱਜ ਸਹੁੰ ਚੁੱਕੀ ਹੈ, ਉਨ੍ਹਾਂ ਨੂੰ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਮੁਬਾਰਿਕਬਾਦ ਦਿੰਦਾ ਹਾਂ। ਜੈ ਹਿੰਦ।

**ਸਰਦਾਰ ਗੁਰਦੇਵ ਸਿੰਘ ਸਿੱਧੂ (ਸੁਤਰਾਣਾ, ਐਸ. ਸੀ.)** : ਸਤਿਕਾਰਯੋਗ ਸਪੀਕਰ ਸਾਹਿਬ, ਅੱਜ ਸਰਬ ਸੰਮਤੀ ਨਾਲ ਜੋ ਆਪ ਜੀ ਦੀ ਚੋਣ ਹੋਈ ਹੈ ਇਸ ਨਾਲ ਜਿਵੇਂ ਪੰਜਾਬੀ ਵਿੱਚ ਕਹਿੰਦੇ ਹਨ ਦਿਲ ਗਦ-ਗਦ ਹੋ ਗਿਆ ਹੈ। ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਬਹੁਤ-ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਅੱਜ ਉਹ ਰਵਾਇਤ ਕਾਇਮ ਕਰ ਦਿੱਤੀ ਹੈ, ਜਿਹੜੀ ਗੁਰੂ ਨਾਨਕ ਦੇਵ ਜੀ ਨੇ ਸਾਂਝੀਵਾਲਤਾ ਅਤੇ ਸੰਗਤ-ਪੰਗਤ ਦੇ ਸਲੋਗਨ ਵਿੱਚ ਦਿੱਤੀ ਸੀ। ਮੈਂ ਇਨ੍ਹਾਂ ਦਾ ਰਿਣੀ ਹਾਂ ਜਿਨ੍ਹਾਂ ਨੇ ਇਨ੍ਹਾਂ ਨੂੰ ਰੰਗਰੇਟੇ ਦਾ ਖਿਤਾਬ ਦੇ ਕੇ ਮੁਖਾਤਿਬ ਕੀਤਾ। ਬਾਦਲ ਸਾਹਿਬ, ਮੈਂ ਇਸ ਲਈ ਆਪ ਜੀ ਦਾ ਬਹੁਤ ਧੰਨਵਾਦੀ ਹਾਂ। ਸਤਿਕਾਰਯੋਗ ਸਪੀਕਰ ਸਾਹਿਬ, ਜਿਨ੍ਹਾਂ ਨੇ ਲਹਿੰਦੇ ਪੰਜਾਬ ਵਿੱਚ ਜਨਮ ਲਿਆ, ਚੜ੍ਹਦੇ ਪੰਜਾਬ ਵਿੱਚ ਵਿਦਿਆ ਪ੍ਰਾਪਤ ਕੀਤੀ, ਲੁਧਿਆਣਾ ਵਿੱਚ ਸੈਟਲ ਹੋਏ, ਉਨ੍ਹਾਂ ਦੀ ਜੋ ਪਾਰਟੀ ਨੇ ਡਿਊਟੀ ਲਗਾਈ, ਉਸ ਨੂੰ ਇਮਾਨਦਾਰੀ ਨਾਲ ਨਿਭਾਇਆ। ਮੇਰੇ ਪਰਮ ਮਿੱਤਰ ਦੋਸਤ ਸਰਦਾਰ ਬਸੰਤ ਸਿੰਘ ਖਾਲਸਾ ਜੋ ਇਸ ਦੁਨੀਆਂ ਵਿੱਚ ਨਹੀਂ ਰਹੇ, ਉਨ੍ਹਾਂ ਨੇ ਆਪਣੀ ਸੀਟ ਛੱਡ ਕੇ ਇਨ੍ਹਾਂ ਨੂੰ ਬਾਦਲ ਸਾਹਿਬ ਕੋਲੋਂ ਟਿਕਟ ਦਿਵਾਈ. ਔਰ ਇਹ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਵਿਧਾਨ ਸਭਾ ਦੇ ਮੈਂਬਰ ਵਜੋਂ ਇਨ੍ਹਾਂ ਨੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਈ। ਫੇਰ ਬਾਦਲ ਸਾਹਿਬ ਨੇ ਇਨ੍ਹਾਂ ਨੂੰ ਪਾਰਲੀਮੈਂਟ ਦੀ ਚੋਣ ਲੜਣ ਲਈ ਟਿਕਟ ਦਿੱਤਾ। ਉਥੇ ਹਵਾਲਾ ਕਾਂਡ ਵਰਗੇ ਮੁਕੱਦਮੇ ਚਲਦੇ ਹਨ। ਕੋਟੀਆਂ ਉਹ ਨਾਪ ਦੀਆਂ ਬਣਾਉਂਦੇ ਹਨ ਪਰ ਪੁਲਿਸ ਵਾਲੇ ਉਨ੍ਹਾਂ ਨੂੰ ਖਿੱਚ-ਖਿੱਚ ਕੇ ਵੱਡਾ ਕਰ ਦਿੰਦੇ ਹਨ। ਲੇਕਿਨ ਸਾਡੇ ਤੇ ਇਸ ਕਿਸਮ ਦਾ ਕੋਈ ਇਸ਼ਾਰਾ ਨਹੀਂ ਹੋਇਆ। ਅਸੀਂ ਛੋਟੀ ਸ੍ਰੇਣੀ ਵਿੱਚ ਪੈਦਾ ਹੋਏ। ਤੁਸੀਂ ਇਹ ਮਾਣ ਰੱਖ ਕੇ ਦਿਖਾਇਆ ਕਿ ਉਥੇ ਪਾਰਲੀਮੈਂਟ ਅੰਦਰ ਵੀ ਤੁਹਾਡੀ ਪੁਸ਼ਾਕ ਤੇ ਰਾਈ ਜਿੰਨਾ ਦਾਗ ਨਹੀਂ ਆਇਆ। ਮੈਂ (ਵਿਘਨ) ਸੁਣੋ, ਮੈਂ ਗਲਤ ਨਹੀਂ ਬੋਲਦਾ, ਮਾੜਾ ਜਿਹਾ ਤੁਸੀਂ ਦਿਲ ਤਾਂ ਰੱਖੋ, ਸੁਣੋ ਤਾਂ ਸਹੀ। ਮੈਂ ਦੱਸਦਾ ਹਾਂ ਕਿ ਮੈਂ ਬੂਟਾ ਸਿੰਘ ਤੋਂ ਦੂਰ ਰਿਹਾ। ਨਹੀਂ ਤਾਂ, ਉਸ ਨਾਲ ਮੈਨੂੰ ਵੀ ਹਿੱਸੇਦਾਰੀ ਮਿਲ ਜਾਣੀ ਸੀ। ਬਾਦਲ ਸਾਹਿਬ, ਮੈਂ ਆਪ ਦਾ ਬਹੁਤ-ਬਹੁਤ ਧੰਨਵਾਦੀ ਹਾਂ ਕਿ ਜਿਹੜਾ ਤੁਸੀਂ ਇਨ੍ਹਾਂ ਦੀ ਲਿਆਕਤ ਦੇਖਦੇ ਹੋਏ ਇਨ੍ਹਾਂ ਦੀ ਸਿਆਣਪ ਨੂੰ ਏਨਾ ਵੱਡਾ ਮਾਣ ਬਖਸ਼ਿਆ, ਸਾਡਾ ਦਲਿਤਾਂ ਦਾ ਮਾਣ ਰੱਖਿਆ। ਸਪੀਕਰ ਸਾਹਿਬ, ਇਹ ਮਾਣ ਕਾਂਗਰਸ ਪਾਰਟੀ ਨੇ ਵੀ ਕਿਸੇ ਵੇਲੇ ਦਿੱਤਾ ਸੀ ਲੇਕਿਨ ਡਿਪਟੀ ਸਪੀਕਰ ਹੀ ਬਣਾਇਆ ਸੀ। ਪਰ ਅੱਜ ਤੁਸੀਂ ਹਿੰਦੂਸਤਾਨ ਵਿੱਚ ਇਹ ਰਵਾਇਤ ਕਾਇਮ ਕਰ ਦਿੱਤੀ ਕਿ ਦਲਿਤ ਵਰਗ ਦੇ ਨੁਮਾਇੰਦੇ ਨੂੰ ਸਪੀਕਰ ਦੀ ਪੋਸਟ ਤੇ ਨਿਯੁਕਤ ਕਰਕੇ ਇਕ ਦਲਿਤ ਨੂੰ ਮਾਣ ਅਤੇ ਇੱਜ਼ਤ ਬਖਸ਼ੀ ਹੈ ਅਤੇ ਬੀਬੀ ਰਾਜਿੰਦਰ ਕੌਰ ਭੱਠਲ ਨੇ ਇਨ੍ਹਾਂ ਦੇ ਮੁਕਾਬਲੇ ਵਿਚ ਕੋਈ ਕੈਂਡੀਡੇਟ ਨਹੀਂ ਖੜ੍ਹਾ ਕੀਤਾ ਹੈ ਅਤੇ ਤੁਹਾਡੀ ਚੋਣ ਨੂੰ ਸਰਬ ਸੰਮਤੀ ਦੇ ਨਾਲ ਹੋਣ ਦਿੱਤਾ ਹੈ। ਇਸ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਸਿੱਧੂ]

ਲਈ ਮੈਂ ਬਾਦਲ ਸਾਹਿਬ ਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ।

**ਸਰਦਾਰ ਗੁਰਦੇਵ ਸਿੰਘ ਬਾਦਲ (ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ)** : ਸਪੀਕਰ ਸਾਹਿਬ, ਅੱਜ ਸ਼ਬਦ ਠੀਕ ਹੀ ਢੁੱਕਦਾ ਹੈ ਗੁਰੂ ਮਹਾਰਾਜ ਸਾਹਿਬ ਨੇ ਫੁਰਮਾਇਆ ਹੈ :—

"ਭੇਖਾਰੀ ਤੇ ਰਾਜ ਕਰਾਵੈ, ਰਾਜਾ ਤੇ ਭੇਖਾਰੀ,"

"ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚ, ਨਾਨਕ ਤਿਨਕੇ ਸੰਗਿ ਸਾਥਿ ਵੱਡਿਆਂ ਸਿਉ ਕਿਆ ਰੀਸ"

ਸਪੀਕਰ ਸਾਹਿਬ, ਤੁਹਾਡੇ ਬਾਰੇ ਬਹੁਤ ਗੱਲਾਂ ਕਹੀਆਂ ਗਈਆਂ ਹਨ। ਪਰ ਮੈਨੂੰ ਮਾਣ ਹੈ ਕਿ ਆਪਾਂ ਬੜੀ ਦੇਰ ਤੋਂ ਇਕੱਠੇ ਤੁਰੇ ਹਾਂ, ਮੈਨੂੰ ਖੁਸ਼ੀ ਹੈ ਕਿ ਤੁਹਾਡੇ ਵਿਸ਼ਾਲ ਹਿਰਦੇ ਦੇ ਵਿਚ ਦੇਸ਼ ਲਈ ਪਿਆਰ ਅਤੇ ਆਜ਼ਾਦੀ ਲਈ ਤੜਪ ਹੈ, ਗੁਲਾਮੀ ਲਈ ਨਫ਼ਰਤ ਹੈ, ਦੁਖੀਆਂ ਲਈ ਦਰਦ ਹੈ, ਆਦਰਸ਼ ਪ੍ਰਾਪਤੀਆਂ ਲਈ ਉਤਸ਼ਾਹ ਹੈ, ਦ੍ਰਿੜਤਾ ਹੈ, ਵਿਰਧੀਆਂ ਲਈ ਇਨਸਾਫ ਹੈ, ਭੁੱਲੜਾਂ ਲਈ ਖਿਮਾਂ ਹੈ, ਸ਼ਰਨੇ ਪਿਆਂ ਲਈ ਲਾਜ, ਫ਼ਰਜ਼ ਦੀ ਪਹਿਚਾਣ ਹੈ, ਮਨੁੱਖਤਾ ਲਈ ਖੁੱਲ੍ਹਦਿਲੀ ਹੈ, ਤੁਸੀਂ ਧੀਰਜ ਦੇ ਧਨੀ ਹੋ, ਵਿਦਿਆ ਅਤੇ ਹੁਨਰ ਲਈ ਕਦਰ ਦੇ ਪੁੰਜ ਹੋ, ਅਮਨ ਦੇ ਦੇਵਤਾ ਹੋ, ਨਾਮ ਬਾਣੀ ਦੇ ਰਸਕ ਹੋ। ਅੱਜ ਸ਼੍ਰੋਮਣੀ ਅਕਾਲੀ ਦਲ ਨੇ ਜੋ ਇਹ ਕਿਰਪਾ "ਸਭੈ ਸਾਂਝੀਵਾਲ ਸਦਾਇਨ ਕੋਇ ਨ ਦਿਸੈ ਬਾਹਰਾ ਜੀਉ" ਸ਼੍ਰੋਮਣੀ ਅਕਾਲੀ ਦਲ ਨੇ ਠੀਕ ਆਪਣੇ ਗੁਰੂ ਮਹਾਰਾਜ ਜੀ ਦੇ ਪੂਰਨਿਆਂ ਤੇ ਚਲਦਿਆਂ ਹੋਇਆਂ ਕਿਹਾ ਹੈ :—

'ਨਾ ਕੋ ਬੈਰੀ ਨਾ ਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ'।

ਇਸ ਲਈ ਅੱਜ ਸ਼੍ਰੋਮਣੀ ਅਕਾਲੀ ਦਲ ਵਧਾਈ ਦੀ ਪਾਤਰ ਹੈ। ਅੱਜ ਹਿੰਦੁਸਤਾਨ ਦੀ ਹਿਸਟਰੀ ਦੇ ਵਿੱਚ ਇਹ ਪਹਿਲੀ ਵਾਰ ਹੈ ਕਿ ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਾ "ਅਜੀਤ" ਨੂੰ ਆਪਣਾ ਬੇਟਾ ਕਿਹਾ, ਨਾ "ਜੁਝਾਰ" ਨੂੰ, ਨਾ "ਜ਼ੋਰਾਵਾਰ ਸਿੰਘ" ਨੂੰ ਅਤੇ ਨਾ ਹੀ "ਫਤਿਹ ਸਿੰਘ" ਨੂੰ ਔਰ ਨਾ ਹੀ ਕਿਸੇ ਵੱਡੇ ਜਰਨੈਲ ਨੂੰ ਕਿਹਾ, ਸਗੋਂ ਆਪਣੇ ਵਿਚੋਂ ਇੱਕ ਬਜੁਰਗ ਸਤਿਕਾਰਯੋਗ ਬਾਬਾ ਜੀਵਨ ਸਿੰਘ ਜੀ ਨੂੰ ਘੁੱਟ ਕੇ ਛਾਤੀ ਦੇ ਨਾਲ ਲਾ ਕੇ ਕਿਹਾ, "ਸਿੰਘ ਰੰਗਰੇਟੇ ਗੁਰੂ ਕੇ ਬੇਟੇ" ਸਪੀਕਰ ਸਾਹਿਬ, ਗੁਰੂ ਕੇ ਬੇਟੇ ਦਾ ਖਿਤਾਬ ਸਾਡੇ ਤੋਂ ਬਿਨਾਂ ਗੁਰੂ ਸਾਹਿਬ ਨੇ ਹੋਰ ਕਿਸੇ ਨੂੰ ਨਹੀਂ ਦਿੱਤਾ। ਅੱਜ ਸ਼੍ਰੋਮਣੀ ਅਕਾਲੀ ਦਲ ਗੁਰੂ ਜੀ ਦੇ ਦੱਸੇ ਹੋਏ ਪੂਰਨਿਆਂ ਤੇ ਚਲ ਕੇ ਰੰਗਰੇਟੇ ਗੁਰੂ ਕੇ ਬੇਟਿਆਂ ਚੋਂ, ਕੱਖਾਂ ਦੀ ਕੁਲੀ ਵਿੱਚੋਂ ਪੈਦਾ ਹੋਏ ਸਰਦਾਰ ਚਰਨਜੀਤ ਸਿੰਘ ਅਟਵਾਲ ਜੀ ਨੂੰ ਪੰਜਾਬ ਦੀ ਜੋ ਸਭ ਤੋਂ ਉਚੀ ਕੁਰਸੀ ਹੈ, ਉਸ ਉਤੇ ਬਿਠਾਇਆ ਹੈ। ਮੈਂ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਵਲੋਂ, ਭਾਰਤੀ ਜਨਤਾ ਪਾਰਟੀ ਦੀ ਤਰਫੋਂ ਅਤੇ ਆਪਣੇ ਸਾਰੇ ਸਾਥੀਆਂ ਦੀ ਤਰਫੋਂ ਆਪ ਜੀ ਨੂੰ

Original with;
Punjab Vidhan Sabha
Digitized by;
Panjab Digital Library

ਦਿਲੋਂ ਬਹੁਤ ਬਹੁਤ ਵਧਾਈ ਦਿੰਦਾ ਹਾਂ । ਅੱਜ ਵਾਹਿਗੁਰੂ ਜੀ ਦੀ ਕਿਰਪਾ ਹੋਈ ਹੈ ਕਿ ਅੱਜ ਸਾਨੂੰ ਉਸ ਜਗ੍ਹਾ ਤੇ ਬਿਠਾਇਆ ਹੈ ਜਿਸ ਦੇ ਲਈ ਆਪ ਜੀ ਨੂੰ ਗਦ-ਗਦ ਖੁਸ਼ੀਆਂ ਅਤੇ ਲੱਖ-ਲੱਖ ਵਧਾਈਆਂ ਹੋਣ । ਧੰਨਵਾਦ ।

**ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ)** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਨੂੰ ਇਸ ਹਾਊਸ ਦੇ ਵਿਚ ਸਰਬ ਸੰਮਤੀ ਨਾਲ ਚੁਣੇ ਜਾਣ ਲਈ ਆਪਣੇ ਸੀ. ਪੀ. ਆਈ. ਗਰੁੱਪ ਵੱਲੋਂ ਬਹੁਤ ਬਹੁਤ ਵਧਾਈ ਦਿੰਦਾ ਹਾਂ ਅਤੇ ਮੈਂ ਯਕੀਨ ਦਿਵਾਉਂਦਾ ਹਾਂ ਕਿ ਸੀ. ਪੀ. ਆਈ. ਗਰੁੱਪ ਇਸ ਹਾਊਸ ਦੀ ਮਾਣ ਅਤੇ ਮਰਿਯਾਦਾ ਨੂੰ ਕਾਇਮ ਰੱਖਣ ਵਿਚ ਪੂਰਾ ਸਹਿਯੋਗ ਦੇਵੇਗਾ ਤਾਂ ਕਿ ਹਾਊਸ ਦਾ ਕੰਮ-ਕਾਰ ਸਮੂਥਲੀ ਚਲਦਾ ਰਹੇ । ਮੈਂ ਵੀ ਉਮੀਦ ਕਰਦਾ ਹਾਂ ਕਿ ਸਾਨੂੰ ਵੀ ਹਾਊਸ ਦੇ ਵਿਚ ਪੂਰਾ ਸਹਿਯੋਗ ਮਿਲੇਗਾ । ਜਿਸ ਤਰ੍ਹਾਂ ਮੇਰੇ ਤੋਂ ਪਹਿਲਾਂ ਬੋਲਣ ਵਾਲਿਆਂ ਨੇ ਤੁਹਾਡੇ ਬਾਰੇ ਬੜੇ ਅੱਛੇ ਵਿਚਾਰ ਰੱਖੇ ਹਨ ਕਿ ਤੁਸੀਂ ਇਕ ਬੜੀ ਅੱਛੀ ਸ਼ਖਸੀਅਤ ਦੇ ਮਾਲਿਕ ਹੋ ਅਤੇ ਸੱਚੇ ਤੇ ਸੁੱਚੇ ਵਿਅਕਤੀ ਹੋ, ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਹਾਊਸ ਦੇ ਵਿਚ ਪੂਰਾ-ਇਨਸਾਫ਼ ਕਰੋਗੇ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਨੂੰ ਵਧਾਈ ਦੇਣ ਵਿਚ ਸ਼ਾਮਲ ਹੁੰਦਾ ਹਾਂ ਅਤੇ ਤੁਹਾਨੂੰ ਫਿਰ ਯਕੀਨ ਦਿਵਾਉਂਦਾ ਹਾਂ ਕਿ ਸਾਡੀ ਪਾਰਟੀ ਵਲੋਂ ਤੁਹਾਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ । ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੂੰ ਵੀ ਤੁਹਾਡੀ ਇਲੈਕਸ਼ਨ ਤੇ ਵਧਾਈ ਦਿੰਦਾ ਹਾਂ । ਸਪੀਕਰ ਸਾਹਿਬ, ਮੈਂ ਆਪਣੇ ਗਰੁੱਪ ਵਲੋਂ ਅਤੇ ਆਪੋਜੀਸ਼ਨ ਵਲੋਂ ਇਸ ਗੱਲ ਦਾ ਵੀ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਆਪੋਜੀਸ਼ਨ ਵਾਲੇ ਕੇਵਲ ਵਿਰੋਧਤਾ ਕਰਨ ਵਾਸਤੇ ਹੀ ਵਿਰੋਧਤਾ ਨਹੀਂ ਕਰਾਂਗੇ ਅਤੇ ਆਪੋਜੀਸ਼ਨ ਕਰਨ ਵਾਸਤੇ ਹੀ ਨਹੀਂ ਖੜ੍ਹੇ ਹੋਵਾਂਗੇ ਬਲਕਿ ਸਾਡੀ ਇਸ ਹਾਊਸ ਵਿਚ ਭੂਮਿਕਾ ਉਸਾਰੂ ਹੋਵੇਗੀ । ਜੋ ਸਾਡੀ ਜ਼ਿੰਮੇਵਾਰੀ ਹੈ, ਉਸ ਦਾ ਅਸੀਂ ਪੂਰਾ ਖਿਆਲ ਰਖਾਂਗੇ । ਅਸੀਂ ਤੁਹਾਨੂੰ ਪੂਰਾ ਵਿਸ਼ਵਾਸ ਦਿਵਾਉਂਦੇ ਹਾਂ ਕਿ ਆਪੋਜੀਸ਼ਨ ਪੂਰੀ ਨਿਰਪੱਖਤਾ ਦੇ ਨਾਲ ਕੰਮ ਕਰੇਗੀ, ਭਾਵੇਂ ਸਾਡੀ ਸੰਖਿਆ ਥੋੜ੍ਹੀ ਹੈ । ਪਰੰਤੂ ਮੈਂ ਆਸ ਕਰਦਾ ਹਾਂ ਕਿ ਤੁਸੀਂ ਵੀ ਸਾਡੀ ਪਾਰਟੀ ਨੂੰ ਵੱਧ ਤੋਂ ਵੱਧ ਬੋਲਣ ਦਾ ਸਮਾਂ ਦਿਓਗੇ । ਮੈਂ ਇਹ ਵੀ ਬੇਨਤੀ ਕਰਾਂਗਾ ਕਿ ਜੋ ਤੁਸੀਂ ਜ਼ਿੰਮੇਵਾਰੀ ਸੰਭਾਲੀ ਹੈ, ਉਸ ਨੂੰ ਠੀਕ ਤਰੀਕੇ ਦੇ ਨਾਲ ਸੰਭਾਲੋਗੇ । ਕੰਸਟੀਚਿਊਸ਼ਨਲ ਸਪਿਰਿਟ ਦੇ ਨਾਲ ਅਤੇ ਵਧੀਆ ਪਾਰਲੀਆਮੈਂਟੇਰੀਅਨ ਦੇ ਤੌਰ ਤੇ ਸਦਨ ਦੀਆਂ ਰਵਾਇਤਾਂ ਨੂੰ ਕਾਇਮ ਰੱਖਣ ਦਾ ਯਤਨ ਕਰੋਗੇ । ਹਾਊਸ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੈ, ਜਿਸ ਨੂੰ ਪੰਜਾਬ ਦੇ ਲੋਕ ਦੂਰਦਰਸ਼ਨ ਅਤੇ ਹੋਰ ਪ੍ਰਚਾਰ ਦੇ ਅਦਾਰਿਆਂ ਰਾਹੀਂ ਵੇਖਦੇ ਹਨ । ਸਪੀਕਰ ਸਾਹਿਬ, ਜੋ ਤੁਸੀਂ ਅੱਜ ਪਦਵੀ ਸੰਭਾਲੀ ਹੈ, ਉਹ ਬਹੁਤ ਵੱਡੀ ਹੈ । ਅਸੀਂ ਆਸ ਕਰਦੇ ਹਾਂ ਕਿ ਉਨ੍ਹਾਂ ਕਦਰਾਂ ਕੀਮਤਾਂ ਤੇ ਤੁਸੀਂ ਪੂਰਾ ਉਤਰੋਗੇ ਅਤੇ ਹਾਊਸ ਦੀਆਂ ਪਰੰਪਰਾਵਾਂ ਨੂੰ ਕਾਇਮ ਰੱਖਦੇ ਹੋਏ ਉਨ੍ਹਾਂ ਤੇ ਪੂਰਾ ਪਹਿਰਾ ਦਿਓਗੇ ।

ਮੈਂ ਇਕ ਵਾਰ ਫਿਰ ਆਪਣੇ ਵਲੋਂ ਅਤੇ ਆਪਣੇ ਗਰੁੱਪ ਵਲੋਂ ਤੁਹਾਨੂੰ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਤੁਹਾਡੀ ਰਹਿਨੁਮਾਈ ਥੱਲੇ ਹਾਊਸ ਦੀ ਕਾਰਵਾਈ ਠੀਕ ਢੰਗ ਨਾਲ ਚਲੇਗੀ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਓਮ ਪ੍ਰਕਾਸ਼ ਸੋਨੀ** (ਅੰਮ੍ਰਿਤਸਰ ਪੱਛਮੀ) : ਮਾਨਯੋਗ ਸਪੀਕਰ ਸਾਹਿਬ, ਅੱਜ ਸਾਰੇ ਹਾਊਸ ਵਾਸਤੇ ਬੜੀ ਖੁਸ਼ੀ ਦੀ ਗੱਲ ਹੈ ਕਿ ਤੁਹਾਨੂੰ ਸਾਰੇ ਹਾਊਸ ਨੇ ਸਰਬਸੰਮਤੀ ਨਾਲ ਸਪੀਕਰ ਚੁਣਿਆ ਹੈ। ਮੈਂ ਆਪਣੇ ਵਲੋਂ ਅਤੇ ਆਪਣੇ ਸਾਥੀ ਆਜ਼ਾਦ ਮੈਂਬਰਾਂ ਵੱਲੋਂ ਤੁਹਾਨੂੰ ਵਧਾਈ ਦਿੰਦਾ ਹਾਂ। (ਥੰਪਿੰਗ) ਸਾਡੇ ਹਾਊਸ ਦੇ ਨੇਤਾ ਜੀ ਨੇ ਵੀ ਬਹੁਤ ਵਿਸਥਾਰ ਨਾਲ ਤੁਹਾਡੇ ਬਾਰੇ ਬੈਕਗਰਾਊਂਡ ਦੱਸੀ ਹੈ। ਤੁਸੀਂ ਦਲਿਤ ਪਰਿਵਾਰ ਦੇ ਨਾਲ ਸਬੰਧ ਰੱਖਦੇ ਹੋ, ਇਹ ਹੋਰ ਵੀ ਖੁਸ਼ੀ ਦੀ ਗੱਲ ਹੈ। ਇਹ ਸਾਰੇ ਪੰਜਾਬੀਆਂ ਵਾਸਤੇ ਬੜੀ ਹੀ ਖੁਸ਼ੀ ਦੀ ਗੱਲ ਹੈ ਕਿ ਇਕ ਦਲਿਤ ਪਰਿਵਾਰ ਦੇ ਮੈਂਬਰ ਨੂੰ ਬਹੁਤ ਵੱਡੀ ਜ਼ਿੰਮੇਵਾਰੀ ਤੇ ਬਿਰਾਜਮਾਨ ਕੀਤਾ ਹੈ। ਜਿੱਥੋਂ ਤੱਕ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਦਾ ਸਵਾਲ ਹੈ, ਉਨ੍ਹਾਂ ਸਾਰਿਆਂ ਨੂੰ ਪੰਜਾਬ ਦੇ ਲੋਕਾਂ ਨੇ ਚੁਣ ਕੇ ਭੇਜਿਆ ਹੈ। ਸਾਨੂੰ ਪੰਜਾਬ ਦੀ ਖੁਸ਼ਹਾਲੀ ਲਈ, ਪੰਜਾਬ ਦੀ ਉਨਤੀ ਲਈ ਅਤੇ ਆਪਸੀ ਭਾਈਚਾਰੇ ਲਈ ਭੇਜਿਆ ਹੈ। ਮੈਂ ਆਪਣੇ ਵਲੋਂ ਅਤੇ ਆਪਣੇ ਸਾਥੀਆਂ ਵਲੋਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਹਾਊਸ ਦੀ ਮਰਿਆਦਾ ਨੂੰ ਕਾਇਮ ਰਖਾਂਗੇ ਅਤੇ ਸਾਨੂੰ ਪੂਰੀ ਆਸ ਹੈ ਕਿ ਤੁਸੀਂ ਸਾਰੇ ਹਾਊਸ ਨੂੰ ਪੂਰਾ ਮਾਣ ਅਤੇ ਸਤਿਕਾਰ ਦਿਓਗੇ। ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਆਪਣੇ ਵੱਲੋਂ ਅਤੇ ਆਪਣੇ ਸਾਥੀਆਂ ਵੱਲੋਂ ਤੁਹਾਨੂੰ ਮੁਬਾਰਕਬਾਦ ਦਿੰਦਾ ਹਾਂ।

**ਮਾਸਟਰ ਮੋਹਨ ਲਾਲ** (ਪਠਾਨਕੋਟ) : ਮਾਨਯੋਗ ਸਪੀਕਰ ਸਾਹਿਬ, ਬਹੁਤ ਖੁਸ਼ੀ ਦੀ ਗੱਲ ਹੈ ਕਿ ਲੋਕਤੰਤਰ ਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਅੱਜ ਪੰਜਾਬ ਦੇ ਇਸ ਵਿਧਾਨ ਸਭਾ ਦੇ ਸਪੀਕਰ ਦੀ ਚੋਣ ਸਰਬਸੰਮਤੀ ਨਾਲ ਹੋਈ ਹੈ। ਮੈਂ ਇਸ ਗੱਲ ਦੀ ਮੁਬਾਰਕਬਾਦ ਜਿਥੇ ਲੀਡਰ ਆਫ ਦਿ ਹਾਊਸ ਨੂੰ ਦਿੰਦਾ ਹਾਂ, ਉਥੇ ਸਭ ਤੋਂ ਵੱਡੀ ਮੁਬਾਰਕਬਾਦ ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਵੀ ਦਿੰਦਾ ਹਾਂ ਕਿ ਉਨ੍ਹਾਂ ਨੇ ਲੋਕਤੰਤਰ ਦੀਆਂ ਕਦਰਾਂ, ਕੀਮਤਾਂ ਨੂੰ ਸਮਝਦੇ ਹੋਏ ਲੋਕਤੰਤਰ ਦੀਆਂ ਸਵਸਥ ਪਰੰਪਰਾਵਾਂ ਅੱਜ ਵਿਧਾਨ ਸਭਾ ਮੂਹਰੇ ਰੱਖੀਆਂ ਹਨ। ਉਨ੍ਹਾਂ ਨੇ ਇਸ ਵਿਧਾਨ ਸਭਾ ਵਿਚ ਸਪੀਕਰ ਦੀ ਚੋਣ ਸਰਬਸੰਮਤੀ ਨਾਲ ਕੀਤੇ ਜਾਣ ਦਾ ਪ੍ਰਸਤਾਵ ਰੱਖ ਕੇ ਬੜਾ ਸ਼ਲਾਘਾਯੋਗ ਕਦਮ ਚੁਕਿਆ ਹੈ। ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਬੇਨਤੀ ਕਰਨੀ ਹੈ ਕਿ ਤੁਸੀਂ ਸਾਡੇ ਰਾਈਟਸ ਦੇ ਕਸਟੋਡੀਅਨ ਹੋ। ਅੱਜ ਇਸ ਹਾਊਸ ਵਿਚ ਜਿਥੇ ਪੁਰਾਣੇ ਐਮ. ਐਲ. ਏ. ਚੁਣ ਕੇ ਆਏ ਹਨ, ਉਥੇ ਕਈ ਨਵੇਂ ਚਿਹਰੇ ਵੀ ਆਏ ਹਨ। ਤੁਸੀਂ ਉਨ੍ਹਾਂ ਨਵੇਂ ਚੁਣੇ ਐਮ. ਐਲ. ਏਜ਼ ਦੇ ਅਧਿਕਾਰਾਂ ਦੀ ਰਖਿਆ ਕਰਨੀ ਹੈ, ਉਨ੍ਹਾਂ ਨੂੰ ਅਪਲਾਡ ਕਰਨਾ ਹੈ, ਉਨ੍ਹਾਂ ਦੀ ਸ਼ਲਾਘਾ ਕਰਨੀ ਹੈ, ਉਨ੍ਹਾਂ ਨੂੰ ਬੋਲਣ ਦਾ ਪੂਰਾ ਮੌਕਾ ਦੇਣਾ ਹੈ ਤਾਂ ਕਿ ਉਹ ਲੋਕਾਂ ਦੀਆਂ ਭਾਵਨਾਵਾਂ ਇਸ ਸਦਨ ਵਿਚ ਠੀਕ ਤਰੀਕੇ ਨਾਲ ਵਿਅੱਕਤ ਕਰ ਸਕਣ। ਭਾਵੇਂ ਆਪੋਜ਼ੀਸ਼ਨ ਸੰਖਿਆ ਵਿਚ ਥੋੜ੍ਹੀ ਹੈ ਪਰ ਫਿਰ ਵੀ ਜਿਹੜੇ ਮੇਰੇ ਦੋਸਤ ਆਪੋਜ਼ੀਸ਼ਨ ਵਿਚ ਹਨ, ਉਹ ਕਾਫੀ ਰੀਜ਼ਨੇਬਲ ਅਤੇ ਸੀਜ਼ਨਡ ਪਾਲਿਟੀਸ਼ੀਅਨਜ਼ ਹਨ। ਉਹ ਬੇਸ਼ੱਕ ਸੰਖਿਆ ਵਿਚ ਘੱਟ ਹਨ ਪਰ ਮੈਂ ਆਪੋਜ਼ੀਸ਼ਨ ਦੇ ਸਾਰੇ ਐਮ. ਐਲ. ਏਜ਼. ਸਾਹਿਬਾਨ ਨੂੰ

Original with;
Punjab Vidhan Sabha
Digitized by;
Panjab Digital Library

ਬੇਨਤੀ ਕਰਾਂਗਾ ਕਿ ਉਹ ਹਮਲੇ ਕਰਨ, ਤਕੜੇ ਹਮਲੇ ਕਰਨ ਪਰ ਉਨ੍ਹਾਂ ਹਮਲਿਆਂ ਵਿਚ ਜਾਨ ਹੋਵੇ, ਉਹ ਅਫੈਕਟਿਵ ਹੋਣ ਅਤੇ ਉਨ੍ਹਾਂ ਹਮਲਿਆਂ ਵਿਚ ਲੋਕਤੰਤਰ ਦੀਆਂ ਸਵਸਥ ਪਰੰਪਰਾਵਾਂ ਵਿਅੱਕਤ ਹੋਣੀਆਂ ਚਾਹੀਦੀਆਂ ਹਨ। ਸਪੀਕਰ ਸਾਹਿਬ, ਮੈਨੂੰ ਪੂਰੀ ਉਮੀਦ ਹੈ ਕਿ ਅਪੋਜ਼ੀਸ਼ਨ ਦੇ ਐਮ. ਐਲ. ਏਜ਼ ਸਾਹਿਬਾਨ ਇਸ ਗੱਲ ਤੋਂ ਘਬਰਾਉਣਗੇ ਨਹੀਂ ਕਿ ਉਹ ਸੰਖਿਆ ਵਿਚ ਘੱਟ ਹਨ। ਸਪੀਕਰ ਸਾਹਿਬ, ਇਕ ਹੀ ਚੰਦ ਹੈ ਅਤੇ ਇਕ ਹੀ ਸੂਰਜ ਹੈ ਪਰ ਉਹ ਸਾਰੀ ਦੁਨੀਆਂ ਨੂੰ ਰੋਸ਼ਨੀ ਦੇਂਦੇ ਹਨ। ਇਥੇ ਤਾਂ ਫਿਰ ਵੀ ਆਪੋਜ਼ੀਸ਼ਨ ਦੇ 14 ਮੈਂਬਰ ਸਾਹਿਬਾਨ ਆਏ ਹਨ ਅਤੇ ਸੀ. ਪੀ. ਆਈ. ਦੇ ਦੋ ਮੈਂਬਰ ਆਏ ਹਨ। ਮੈਨੂੰ ਪ੍ਰਸੰਨਤਾ ਹੈ ਕਿ....

(ਇਕ ਆਵਾਜ਼ : ਤੁਸੀਂ ਵੀ ਸਾਡੇ ਨਾਲ ਦੇ ਹੀ ਹੋ।)

ਤੁਸੀਂ ਚਿੰਤਾ ਨਾ ਕਰੋ। ਸਪੀਕਰ ਸਾਹਿਬ, ਮੈਂ ਸਭ ਨੂੰ ਬੀ.ਜੇ.ਪੀ. ਵਲੋਂ ਇਸ ਗੱਲ ਦੀ ਮੁਬਾਰਕਬਾਦ ਦੇਂਦਾ ਹਾਂ ਅਤੇ ਅਸੀਂ ਸਭ ਨੇ ਮਿਲਕੇ ਇਸ ਹਾਊਸ ਦੀ ਪਵਿੱਤਰਤਾ ਨੂੰ ਮਾਣ ਅਤੇ ਮਰਿਆਦਾ ਨੂੰ ਠੀਕ ਲੀਹਾਂ ਤੇ ਚਲਾਉਣਾ ਹੈ। ਹੁਣੇ ਜਿਵੇਂ ਲੀਡਰ ਆਫ ਦਿ ਹਾਊਸ ਅਤੇ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਗੱਲ ਕੀਤੀ ਹੈ ਕਿ ਪੰਜਾਬ ਦੇ ਲੋਕਾਂ ਦੇ ਜ਼ਖਮ ਅਜੇ ਅੱਲ੍ਹੇ ਹਨ। ਅੱਜ ਸਾਡੇ ਸਾਰਿਆਂ ਤੇ ਪੰਜਾਬ ਦੇ ਲੋਕਾਂ ਨੇ ਬਹੁਤ ਵੱਡੀ ਜ਼ਿੰਮੇਵਾਰੀ ਪਾਈ ਹੈ। ਮੈਂ ਸਪੀਕਰ ਸਾਹਿਬ, ਬੇਨਤੀ ਕਰਨੀ ਹੈ ਕਿ ਉਸ ਜ਼ਿੰਮੇਵਾਰੀ ਦਾ ਅਹਿਸਾਸ ਸਾਡੇ ਸਭ ਦੇ ਮਨਾਂ ਵਿਚ ਹੋ ਅਤੇ ਤੁਸੀਂ ਇਸ ਹਾਊਸ ਦੇ ਰਾਹੀਂ, ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਫਿਰ ਬੀ.ਜੇ.ਪੀ. ਵੱਲੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਤੇ ਆਪੋਜ਼ੀਸ਼ਨ ਵੱਲੋਂ ਵੀ ਤੁਹਾਨੂੰ ਮੁਬਾਰਕਬਾਦ ਦੇਂਦਾ ਹਾਂ ਕਿ ਇਕ ਸਵਸਥ ਪਰੰਪਰਾ ਇਸ ਹਾਊਸ ਦੇ ਅੰਦਰ ਕਾਇਮ ਹੋਈ ਹੈ। ਧੰਨਵਾਦ।

**ਰਾਜਾ ਨਰਿੰਦਰ ਸਿੰਘ** (ਨਾਭਾ) : ਸਪੀਕਰ ਸਾਹਿਬ, ਮੈਂ ਆਪ ਨੂੰ ਤਹਿ ਦਿਲੋਂ ਜਿਥੇ ਬਹੁਤ ਬਹੁਤ ਵਧਾਈ ਪੇਸ਼ ਕਰਦਾ ਹਾਂ, ਉਥੇ ਨਾਲ ਹੀ ਲੀਡਰ ਆਫ ਦਿ ਹਾਊਸ ਨੂੰ ਬਹੁਤ ਬਹੁਤ ਵਧਾਈ ਦੇਂਦਾ ਹਾਂ ਕਿ ਉਨ੍ਹਾਂ ਨੇ ਤੁਹਾਡੇ ਵਿਚ ਯੋਗਤਾ ਦੇਖ ਕੇ ਤੁਹਾਨੂੰ ਇਸ ਕੁਰਸੀ ਤੇ ਬਿਰਾਜਮਾਨ ਕਰਨ ਲਈ ਤੁਹਾਡਾ ਨਾਂ ਪਰੋਪੋਜ਼ ਕੀਤਾ ਹੈ। ਲੇਕਿਨ ਇਸ ਗੱਲ ਦੀ ਹਾਊਸ ਵਿਚ ਫੀਲਿੰਗ ਜਿਹੀ ਜਾ ਰਹੀ ਹੈ ਕਿ ਤੁਹਾਨੂੰ ਦਲਿਤ ਹੀ ਉਠ ਕੇ ਮੁਬਾਰਕਬਾਦ ਦੇਣ। ਮੈਂ ਕਹਿੰਦਾ ਹਾਂ ਕਿ ਸਾਨੂੰ ਵੀ ਤੁਹਾਡੇ ਤੇ ਉਨਾਂ ਹੀ ਮਾਣ ਹੈ ਜਿੰਨਾਂ ਦਲਿਤ ਵੀਰਾਂ ਨੂੰ ਹੈ। (ਥੰਪਿੰਗ) ਤੁਹਾਨੂੰ ਇਸ ਕੁਰਸੀ ਤੇ ਦਲਿਤ ਹੋਣ ਕਰਕੇ ਬਿਰਾਜਮਾਨ ਨਹੀਂ ਕਰਾਇਆ ਗਿਆ ਬਲਕਿ ਤੁਹਾਡੀ ਕਾਬਲੀਅਤ, ਤੁਹਾਡੀ ਪਾਰਲੀਮੈਂਟਰੀਅਨ ਦੇ ਤੌਰ ਤੇ ਪਰਫਾਰਮੈਂਸ ਜਿਹੜੀ ਰਹੀ ਹੈ, ਉਸ ਨੂੰ ਦੇਖ ਕੇ ਇਸ ਅਹੁਦੇ ਤੇ ਬਿਰਾਜਮਾਨ ਕਰਾਇਆ ਗਿਆ ਹੈ। ਤੁਸੀਂ ਇਸੇ ਆਗਸਟ ਹਾਊਸ ਦੇ ਪਹਿਲਾਂ ਮੈਂਬਰ ਵੀ ਰਹੇ ਹੋ। ਤੁਹਾਡੀ ਯੋਗਤਾ ਦੇਖ ਕੇ ਪਾਰਟੀ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਤੁਹਾਨੂੰ ਚੁਣਿਆ ਹੈ। ਸਾਡੀ ਪਾਰਟੀ ਦੇ ਵਿਚ ਜੋ ਕਿ ਗੁਰੂ ਨਾਨਕ ਦੇ ਨਾਂ-ਲੇਵਾ ਹਨ, ਉਥੇ ਜਾਤ-ਪਾਤ ਦਾ ਕੋਈ ਰੌਲਾ ਨਹੀਂ ਹੈ। ਇਹ ਰੌਲਾ

Original with;
Punjab Vidhan Sabha
Digitized by;
Panjab Digital Library

[ਰਾਜਾ ਨਰਿੰਦਰ ਸਿੰਘ]

ਤਾਂ ਕਿਧਰੇ ਹੋਰ ਹੈ । ਜਿਵੇਂ ਆਪੋਜ਼ੀਸ਼ਨ ਦੇ ਮੈਂਬਰ ਨੇ ਕਿਹਾ ਹੈ ਕਿ ਘੁਟਾਲਿਆਂ ਦਾ ਜ਼ਿਕਰ ਅੱਜ ਨਹੀਂ ਕਰਨਾ, ਫਿਰ ਕਰਾਂਗੇ ਉਸੇ ਤਰ੍ਹਾਂ ਇਸ ਗੱਲ ਦਾ ਜ਼ਿਕਰ ਵੀ ਫਿਰ ਕਰਾਂਗੇ । ਅੱਜ ਵਧਾਈ ਦੇਣ ਦਾ ਮਸਲਾ ਹੈ । ਆਪੋਜ਼ੀਸ਼ਨ ਨੇ ਵੀ ਆਪਣਾ ਰੋਲ ਅਦਾ ਕਰਨਾ ਹੈ ਅਤੇ ਅਸੀਂ ਵੀ ਕਰਨਾ ਹੈ । ਅਜੇ ਹਾਊਸ ਬਹੁਤ ਦੇਰ ਚਲਣਾ ਹੈ । ਕਿਸੇ ਦੀ ਕੀ ਕੰਟਰੀਬਿਊਸ਼ਨ ਹੈ, ਕਿਸੇ ਪੁਲੀਟੀਕਲ ਪਾਰਟੀ ਵੱਲੋਂ ਜਾਂ ਦੂਸਰੇ ਵੱਲੋਂ । ਇਸ ਬਾਰੇ ਗੱਲਾਂ ਫੇਰ ਹੋ ਸਕਦੀਆਂ ਹਨ । ਅੱਜ ਤਾਂ ਸਿਰਫ ਤੁਹਾਨੂੰ ਵਧਾਈ ਦੇਣ ਦੀ ਹੀ ਗੱਲ ਹੈ । ਤੁਹਾਡੀ ਕਾਬਲੀਅਤ ਅਤੇ ਪਾਰਲੀਮੈਂਟ ਔਰ ਅਸੈਂਬਲੀ ਵਿਚ ਤੁਹਾਡੀ ਕੰਟਰੀਬਿਊਸ਼ਨ, ਇਹ ਸਾਰੀਆਂ ਗੱਲਾਂ ਦੇਖ ਕੇ ਹੀ ਪਾਰਟੀ ਦੇ ਲੀਡਰ ਨੇ ਤੁਹਾਨੂੰ ਚੁਣਿਆ ਹੈ ਅਤੇ ਮੈਨੂੰ ਇਸ ਗੱਲ ਦੀ ਕੋਈ ਸ਼ੰਕਾ ਨਹੀਂ ਕਿ ਤੁਸੀਂ ਆਪੋਜ਼ੀਸ਼ਨ ਨੂੰ ਵੀ ਉਨਾਂ ਹੀ ਹੱਕ ਦਿਓਗੇ ਜਿੰਨਾਂ ਕਿ ਅਕਾਲੀ ਪਾਰਟੀ ਨੂੰ । ਸਪੀਕਰ ਹਮੇਸ਼ਾ ਨਿਰਪੱਖ ਹੁੰਦਾ ਹੈ ਭਾਵੇਂ ਉਹ ਕਿਸੇ ਵੀ ਪਾਰਟੀ ਵਿਚੋਂ ਹੋਵੇ । ਮੈਨੂੰ ਪੂਰਾ ਯਕੀਨ ਹੈ ਕਿ ਆਪ ਸਾਰੀਆਂ ਪਾਰਟੀਆਂ ਦਾ ਖਿਆਲ ਰੱਖੋਗੇ । ਸਪੀਕਰ ਸਾਹਿਬ, ਟੀਚਰ ਵਰਗ ਵੱਲੋਂ ਤੁਹਾਡੇ ਤੋਂ ਇਕ ਮੰਗ ਕੀਤੀ ਗਈ ਸੀ । ਉਹ ਮੰਗ ਸੀ ਕਿ ਸਪੀਕਰ ਹਾਊਸ ਦਾ ਕਸਟੋਡੀਅਨ ਹੁੰਦਾ ਹੈ—ਇਨਸਾਈਡ ਵੀ ਤੇ ਆਊਟਸਾਈਡ ਵੀ । ਇਸ ਕਰਕੇ ਤੁਸੀਂ ਇਸ ਗੱਲ ਦਾ ਧਿਆਨ ਰੱਖੋਗੇ ਕਿ ਇਕ ਲੈਜਿਸਲੇਟਰ ਦੀ ਪ੍ਰੋਟੋਕੋਲ ਵਿਚ ਕੀ ਪੁਜ਼ੀਸ਼ਨ ਅਤੇ ਉਸ ਨੂੰ ਕਿੰਨਾ ਕੁ ਸਤਿਕਾਰ ਮਿਲਣਾ ਚਾਹੀਦਾ ਹੈ । ਇਹ ਸਾਰਾ ਕੁਝ ਇਸ ਕੁਰਸੀ ਤੇ ਹੀ ਡਿਪੈਂਡ ਕਰਦਾ ਹੈ । ਇਸ ਹਾਊਸ ਦੇ ਅੰਦਰ ਵੀ ਅਤੇ ਬਾਹਰ ਵੀ ਤੁਸੀਂ ਹੀ ਉਨ੍ਹਾਂ ਨੂੰ ਮਾਣ ਸਤਿਕਾਰ ਦਿਵਾ ਸਕਦੇ ਹੋ । ਮੈਨੂੰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਤੁਸੀਂ ਇਹ ਕੰਮ ਜ਼ਰੂਰ ਕਰੋਗੇ ਕਿਉਂਕਿ ਤੁਸੀਂ ਆਪ ਇਸ ਹਾਊਸ ਦੇ ਮੈਂਬਰ ਰਹਿ ਚੁਕੇ ਹੋ । You have rubbed your shoulders up and down and with everybody. ਤੁਹਾਨੂੰ ਸਾਰੀ ਗੱਲ ਦਾ ਗਿਆਨ ਹੈ, ਮੇਰੇ ਦੱਸਣ ਦੀ ਕੋਈ ਲੋੜ ਨਹੀਂ ਹੈ । ਫਿਰ ਵੀ ਮੈਂ ਕਹੇ ਬਗੈਰ ਨਹੀਂ ਰਹਿ ਸਕਦਾ । ਅਸੀਂ ਤੁਹਾਡੀ ਸ਼ਖਸੀਅਤ ਤੋਂ ਵਾਕਫ ਹਾਂ ਕਿਉਂਕਿ ਅਸੀਂ ਇਕੱਠੇ ਚਲਦੇ ਰਹੇ ਹਾਂ । ਜਾਤ-ਪਾਤ ਦਾ ਜਿਹੜਾ ਜ਼ਿਕਰ ਇਥੇ ਆ ਰਿਹਾ ਹੈ, ਉਸ ਬਾਰੇ ਨਾ ਕੋਈ ਮੱਤਭੇਦ ਪਹਿਲਾਂ ਆਇਆ ਹੈ ਅਤੇ ਨਾ ਹੀ ਅਗਾਂਹ ਨੂੰ ਆਵੇਗਾ । ਗੁਰੂ ਨਾਨਕ ਦੇ ਨਾਮ ਲੇਵਾ ਵਾਸਤੇ ਬ੍ਰਾਹਮਣ, ਜੱਟ ਜਾਂ ਨਾਈ ਸਾਰੇ ਇਕੋ ਜਿਹੇ ਹਨ । ਤੁਹਾਡਾ ਬਹੁਤ ਬਹੁਤ ਧੰਨਵਾਦ ।

**ਸ੍ਰੀ ਚਰੰਜੀ ਲਾਲ ਗੋਰਗ** (ਬਠਿੰਡਾ) : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਇਸ ਕੁਰਸੀ ਲਈ ਚੁਣੇ ਜਾਣ ਵਾਸਤੇ ਆਪ ਜੀ ਨੂੰ ਲੱਖ ਲੱਖ ਵਧਾਈ ਦਿੰਦਾ ਹਾਂ । ਇਸ ਕੁਰਸੀ ਤੇ ਬੈਠ ਕੇ ਸਦਨ ਦੇ ਵਿਚ ਸਪੀਕਰ ਨੇ ਬਹੁਤ ਅਹਿਮ ਫੈਸਲੇ ਕਰਨੇ ਹੁੰਦੇ ਹਨ । ਇਸ ਕੁਰਸੀ ਤੇ ਆਪ ਜੈਸੇ ਉਘੇ ਕਾਨੂੰਨਦਾਨ ਦਾ ਸੁਸ਼ੋਭਤ ਹੋਣਾ ਇਕ ਬਹੁਤ ਹੀ ਮਾਣ ਵਾਲੀ ਗੱਲ ਹੈ । ਜਿਥੇ ਮੈਂ ਆਪ ਜੀ ਨੂੰ, ਆਪ ਜੀ ਦੀ ਇਸ ਚੋਣ ਵਾਸਤੇ ਵਧਾਈ ਦਿੰਦਾ ਹਾਂ, ਉਥੇ ਲੀਡਰ ਆਫ ਦਿ ਹਾਊਸ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਬਹੁਤ ਬਹੁਤ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਆਪ ਜੈਸੇ ਕਾਨੂੰਨਦਾਨ ਨੂੰ ਸਪੀਕਰ ਦੀ ਕੁਰਸੀ ਵਾਸਤੇ ਚੁਣ ਕੇ ਬਹੁਤ ਹੀ ਸਹੀ ਫੈਸਲਾ ਲਿਆ ਹੈ । ਨਾਲ ਦੀ

Original with;
Punjab Vidhan Sabha
Digitized by;
Panjab Digital Library

ਨਾਲ, ਮੈਂ ਬਾਦਲ ਸਾਹਿਬ ਨੂੰ ਵੀ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਆਪ ਨੂੰ ਸਪੀਕਰ ਦੀ ਕੁਰਸੀ ਤੇ ਬਿਠਾ ਕੇ ਉਸ ਵਰਗ ਦਾ ਮਾਣ ਕੀਤਾ ਹੈ, ਜਿਸ ਦਾ ਕਾਨੂੰਨ ਦੀ ਰਾਜਨੀਤੀ ਨਾਲ ਜਾਂ ਕਾਨੂੰਨ ਨਾਲ ਸਬੰਧ ਹੈ। ਮੈਂ ਆਪ ਜੀ ਨੂੰ ਬਹੁਤ ਬਹੁਤ ਵਧਾਈ ਦਿੰਦਾ ਹੋਇਆ ਇਹ ਆਸ ਕਰਦਾ ਹਾਂ ਕਿ ਤੁਸੀਂ ਸਾਡੇ ਦੇਸ਼ ਦੇ ਕਾਨੂੰਨ ਦੀਆਂ ਸ਼ਾਨਦਾਰ ਪ੍ਰੰਪਰਾਵਾਂ ਨੂੰ ਕਾਇਮ ਰੱਖੋਗੇ। ਸਾਡੇ ਦੇਸ਼ ਦੇ ਵਿਚ ਜੋ ਫੈਸਲੇ ਹੁੰਦੇ ਹਨ, ਉਹ ਸਾਰੀ ਦੁਨੀਆਂ ਦੇ ਵਿਚ ਮਸ਼ਹੂਰ ਹਨ। ਸਾਡੀ ਜੁਡੀਸ਼ਰੀ ਦੇ ਸਿਰ ਤੇ ਅੱਜ ਸਾਡਾ ਦੇਸ਼ ਖੜ੍ਹਾ ਹੈ। ਮੈਨੂੰ ਆਸ ਹੈ ਕਿ ਤੁਸੀਂ ਇਨ੍ਹਾਂ ਪ੍ਰੰਪਰਾਵਾਂ ਨੂੰ ਅੱਗੇ ਵਧਾਓਗੇ। ਇਨਾ ਕਹਿੰਦਾ ਹੋਇਆ ਮੈਂ ਫਿਰ ਤੁਹਾਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ।

**श्रीमती लक्ष्मी कांता चावला (अमृतसर केंद्रीय)** : आदरणीय सभापति जी, आप का चयन विधान सभा के सर्वोच्च स्थान के लिए हुआ, इस के लिए यह सदन भी बधाई का पात्र है और आप को भी मैं बधाई देती हूं। कई बार आश्चर्य होता है कि विधान सभा के सभापति को 'स्पीकर' नाम अंग्रेजी के विद्वानों ने कैसे दे दिया ? स्पीकर का अर्थ यही होता है जो स्वयं बोलता रहता है। स्पीकर अंग्रेजी वालों के लिये पता नहीं क्यों होता होगा हाऊस आफ कामिन्ज में। हमारे यहां विधान सभा अध्यक्ष—सभापति सभा के बोलने के अधिकारों की रक्षा करता है, चाहे वह उन के विचारों का समर्थक हो या न हो। आज जो औपचारिक बधाई आदि देने का काम हो गया। मैं आप से आज एक बात मांगती हूं कि हमारी विधान सभाओं का काम स्वतंत्रता के 50 वर्ष बाद भी उसी ढंग से चलता है जैसे कभी अंग्रेज चलाते थे। मैं पांच साल पहले भी इस विधान सभा में काट चुकी हूं। यहां एक नियम है कि समर्थन करना है तो 'आई' कह दो। इस 'आई' का अर्थ पांच साल से आज तक मुझे पता नहीं चला कि इस का मतलब क्या है। अंग्रेजी में अगर 'आई' हो तो इस का अर्थ 'मैं' होता है। मैं आज आप से यह मांगूगी कि स्वतंत्रता के पचासवें वर्ष में जो विधान सभा बनी है और आप उसके सभापति बने हैं ऐसे में जहां आप हम सभी विधायकों के अपने विचार देने के अधिकार की रक्षा करेंगे वहां विधान सभा के कार्य में कुछ भारतीयता भी आयेगी। यह 'आईज' और 'नोज' के चक्कर में से आप हम सब को अवश्य निकालेंगे। बाकी हमारा विधायक के नाते, विधान सभा के सदस्य के नाते जो सहयोग आप को चाहिये वो आपके लिये प्रस्तुत है। मेरी ओर से व्यक्ति के रूप में, पार्टी की ओर से भी लेकिन महिलायें यहां थोड़ी हैं, कहीं वो खड़ा हों और उनका पता ही न चले यह भी मैं आप को प्रार्थना करूंगी कि ऐसा यहां न हो।

आज यहां दलित और दूसरी जातियों की बात आ गई है। जातियों की बात न आती तो अच्छा था। अब जब आ ही गई है तो मेरा भी एक निवेदन

Original with;
Punjab Vidhan Sabha
Digitized by;
Panjab Digital Library

श्रीमती लक्ष्मी कांता चावला]

है । विधान सभा की जो थोड़ी महिलायें सदस्य हैं जिनको ज्यादा नहीं होने दिया जाता आप उनके अधिकारों की रक्षा करेंगे । उन्हें बोलने का समय देंगे और विधान सभा को भारतीय रंग ढंग से चलायेंगे । आज मैं आप से मांग करती हूं कि आप इस बात को निश्चित करें और आप को विधान सभा के इस सर्वोच्च पद पर आसीन होने पर बधाई देती हूं । धन्यवाद ।

**ਸ੍ਰੀ ਸਤਿਆਪਾਲ ਸੈਣੀ** (ਸੁਜਾਨਪੁਰ): ਸਨਮਾਨ ਯੋਗ ਸਪੀਕਰ ਸਾਹਿਬ, ਅੱਜ ਦੀ ਇਹ ਚੋਣ ਸਹੀ ਮਾਅਨਿਆਂ ਦੇ ਵਿੱਚ ਮੇਰੇ ਲਈ ਇਕ ਖੁਸ਼ੀ ਦਾ ਵਿਸ਼ਾ ਹੈ । ਸਮੁੱਚੇ ਪੰਜਾਬੀਆਂ ਨੂੰ ਇਸ ਚੋਣ ਦੇ ਨਾਲ ਇੱਕ ਅੱਛਾ ਸੰਦੇਸ਼ ਜਾਏਗਾ । ਅੱਜ ਲੀਡਰ ਆਫ ਦਿ ਹਾਊਸ ਨੇ ਜੋ ਪ੍ਰੰਪਰਾ ਕਾਇਮ ਕੀਤੀ ਹੈ ਇਹ ਬਹੁਤ ਹੀ ਅੱਛੀ ਹੈ ਅਤੇ ਸ੍ਰੀਮਤੀ ਭੱਠਲ ਜੀ ਨੇ ਜੋ ਇਸ ਦਾ ਸਮਰਥਨ ਕੀਤਾ ਹੈ ਅਸੀ ਸਾਰੇ ਪੰਜਾਬੀ ਇਸ ਤੇ ਬੜਾ ਗੌਰਵ ਕਰ ਸਕਦੇ ਹਾਂ । ਮੈਂ ਤੁਹਾਨੂੰ ਇਸ ਗੌਰਵਮਈ ਗਰਿਮਾਮਈ ਪਦ ਤੇ ਸੁਸ਼ੋਬਤ ਹੋਣ ਤੇ ਲੱਖ ਲੱਖ ਵਧਾਈ ਦਿੰਦਾ ਹਾਂ ।

**ਸਰਦਾਰ ਮਹੇਸ਼ਇੰਦਰ ਸਿੰਘ** (ਲੁਧਿਆਣਾ ਪੱਛਮੀ): ਸਪੀਕਰ ਸਾਹਿਬ, ਤੁਹਾਨੂੰ ਸਪੀਕਰ ਬਣਾਏ ਜਾਣ ਤੇ ਮੈਂ ਤੁਹਾਨੂੰ ਬਹੁਤ ਬਹੁਤ ਵਧਾਈ ਦਿੰਦਾ ਹੈ । ਦੂਸਰੇ ਵਧਾਈ ਦੇਣ ਵਾਲੇ ਸਾਥੀਆਂ ਨੇ ਤੁਹਾਡੇ ਸਿਆਸੀ ਪੱਖ ਦੇਖੇ ਹਨ, ਲੇਕਿਨ ਮੈਂ ਤੁਹਾਡਾ ਜੀਵਨ ਅਤੇ ਸਿਆਸੀ ਪੱਖ ਵੀ ਦੇਖਿਆ ਹੈ । ਮੈਨੂੰ ਤੁਹਾਡੇ ਨਾਲ 22 ਸਾਲ ਲੁਧਿਆਣੇ ਬਾਰ ਐਸੋਸੀਏਸ਼ਨ ਦੇ ਵਿੱਚ ਕੰਮ ਕਰਨ ਦਾ ਅਤੇ ਤੁਹਾਡੇ ਨਾਲ ਵਿਚਰਨ ਦਾ ਮੌਕਾ ਵੀ ਮਿਲਿਆ ਹੈ । ਇਸ ਤੋਂ ਇਲਾਵਾ ਮੈਨੂੰ ਤੁਹਾਡੇ ਨਾਲ ਬਾਰ ਐਸੋਸੀਏਸ਼ਨ ਦਾ ਪ੍ਰਧਾਨ ਹੋਣ ਦੇ ਨਾਤੇ ਵੀ ਵਿਚਰਨ ਦਾ ਮੌਕਾ ਮਿਲਿਆ ਹੈ । ਮੈਂ ਮੈਂਬਰ ਸਾਹਿਬਾਨ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਹਨਾਂ ਨੇ ਹਮੇਸ਼ਾ ਹੀ ਨਿਰਪੱਖ ਸੋਚ ਦੇ ਨਾਲ ਕੰਮ ਕੀਤਾ ਹੈ । ਮੈਂ ਸਰਦਾਰ ਚਰਨਜੀਤ ਸਿੰਘ ਅਟਵਾਲ ਜੀ ਦੇ ਨਾਲ 22 ਸਾਲ ਦੀ ਲੰਮੀ ਐਸੋਸੀਏਸ਼ਨ ਤੋਂ ਬਾਅਦ ਬੜੇ ਮਾਣ ਦੇ ਨਾਲ ਆਖ ਸਕਦਾ ਹਾਂ ਕਿ ਇਹ ਇਕ ਬਹੁਤ ਹੀ ਫੇਅਰ ਆਦਮੀ ਹਨ, ਜਸਟਿਸ ਦੇਣ ਵਾਲੇ ਅਤੇ ਜੁਡੀਸ਼ੀਅਲ ਮਾਈਂਡ ਰੱਖਦੇ ਹਨ । ਇਨ੍ਹਾਂ ਦੀ ਬੜੀ ਹੀ ਲੋਜੀਕਲ ਅਪਰੋਚ ਹੈ । ਇਹਨਾਂ ਦੀ ਸਪੀਕਰ ਵਜੋਂ ਚੋਣ ਕੀਤੇ ਜਾਣ ਤੇ ਮੈਂ ਲੀਡਰ ਆਫ ਦਿ ਹਾਊਸ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ ਬੜੀ ਸੁਚੱਜੀ ਚੋਣ ਕੀਤੀ ਹੈ। ਮੈਂ ਹਾਊਸ ਦੇ ਮੈਂਬਰ ਦੀ ਵੀ ਪ੍ਰਸ਼ੰਸਾ ਕਰਦਾ ਹਾਂ, ਜਿਨ੍ਹਾਂ ਨੇ ਸਰਬ-ਸੰਮਤੀ ਦੇ ਨਾਲ ਇਸ ਚੋਣ ਦਾ ਸਮਰਥਨ ਕੀਤਾ ਹੈ । ਅੰਤ ਵਿਚ, ਮੈਂ ਆਪ ਜੀ ਨੂੰ ਵਧਾਈ ਦਿੰਦਾ ਹਾਂ ਅਤੇ ਆਸ ਰੱਖਦਾ ਹਾਂ ਕਿ ਮੈਂਬਰਾਂ ਨੇ ਆਪਣੇ ਜੋ ਵਿਚਾਰ ਏਥੇ ਰੱਖੇ ਹਨ ਉਹਨਾ ਬਾਰੇ ਤੁਸੀਂ ਜ਼ਰੂਰ ਸੋਚੋਗੇ ਅਤੇ ਵਿਚਾਰੋਗੇ ।

**ਸਰਦਾਰ ਤੋਤਾ ਸਿੰਘ** (ਮੋਗਾ): ਸਤਿਕਾਰਯੋਗ ਸਪੀਕਰ ਸਾਹਿਬ, ਮੈ ਆਪ ਜੀ ਨੂੰ ਲੱਖ ਲੱਖ ਵਧਾਈ ਦਿੰਦਾ ਹਾਂ ਕਿਉਂਕਿ ਸਾਡੇ ਲੀਡਰ ਆਫ ਦਿ ਹਾਊਸ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਆਪ ਜੀ ਨੂੰ ਸਪੀਕਰ ਵਜੋਂ ਚੁਣਿਆ ਹੈ, ਆਪ ਦਾ ਨਾਂ ਪੇਸ਼ ਕੀਤਾ ਹੈ ਅਤੇ ਸਾਰੇ ਹਾਊਸ ਨੇ ਸਰਬ-ਸੰਮਤੀ ਦੇ ਨਾਲ ਇਸ ਨੂੰ ਅੰਕਸੈਪਟ ਕੀਤਾ ਹੈ । ਇਹ ਇਕ ਬਹੁਤ ਹੀ ਵਧੀਆ ਕਾਰਵਾਈ ਹੋਈ ਹੈ ਇਹ ਖਬਰ ਬੜੀ ਖੁਸ਼ੀ ਦੇ ਨਾਲ ਸਾਰੇ ਪੰਜਾਬੀਆਂ

Original with;
Punjab Vidhan Sabha
Digitized by:
Panjab Digital Library

ਵੱਲੋਂ ਸੁਣੀ ਜਾਵੇਗੀ । ਜਿੱਥੇ ਜਿੱਥੇ ਵੀ ਦਲਿੱਤ ਪਰਿਵਾਰ ਬੈਠੇ ਹਨ ਉਹਨਾਂ ਨੂੰ ਵੀ ਇਸ ਗੱਲ ਦੀ ਬਹੁਤ ਖੁਸ਼ੀ ਹੋਵੇਗੀ । ਸਾਡੇ ਮਾਨਯੋਗ ਮੈਂਬਰਾਂ ਨੇ ਏਥੇ ਕਿਹਾ ਹੈ ਕਿ ਦਲਿੱਤ ਨਹੀਂ ਕਹਿਣਾ ਚਾਹੀਦਾ, ਇਸਦੇ ਵਿੱਚ ਕੋਈ ਸ਼ੱਕ ਨਹੀਂ ਕਿ ਕਹਿਣਾ ਚਾਹੀਦਾ ਪਰ ਆਪਾਂ ਸੰਵਿਧਾਨ ਮੰਨ ਕੇ ਚਲਦੇ ਹਾਂ ਅਤੇ ਰੀਜ਼ਰਵ ਸੀਟਾਂ ਤੋਂ ਵੀ ਚੁਣ ਕੇ ਆਏ ਹਾਂ ਏਸੇ ਲਈ ਇਹ ਕਹਿਣਾ ਪੈ ਰਿਹਾ ਹੈ ਜੋ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਦਲਿਤ ਪਰਿਵਾਰ ਵਿਚੋਂ ਉਠੇ ਸਰਦਾਰ ਚਰਨਜੀਤ ਸਿੰਘ ਜੀ ਨੂੰ ਏਡਾ ਵੱਡਾ ਮਾਣ ਦਿੱਤਾ ਹੈ, ਇਹ ਕੋਈ ਛੋਟੀ ਗੱਲ ਨਹੀਂ (ਥੰਪਿੰਗ) । ਜਿਥੇ ਉਨ੍ਹਾਂ ਨੇ ਪਹਿਲੀ ਕੈਬਨਿਟ ਮੀਟਿੰਗ ਸਮੇਂ ਦਲਿਤ ਪਰਿਵਾਰਾਂ ਲਈ ਬੜੇ ਯੋਗ ਫੈਸਲੇ ਲਏ ਉਥੇ ਸਪੀਕਰ ਦੀ ਕੁਰਸੀ ਤੇ ਦਲਿਤ ਪਰਿਵਾਰ ਨੂੰ ਬਿਠਾ ਕੇ ਪੰਜਾਬ ਦੀ ਸ਼ਾਨ ਵਧਾਈ ਹੈ, ਇਸ ਲਈ ਮੈਂ ਆਪ ਜੀ ਨੂੰ ਅਤੇ ਲੀਡਰ ਆਫ ਦਿ ਹਾਊਸ ਨੂੰ ਵਧਾਈ ਦਿੰਦਾ ਹੈ । ਆਪ ਪਾਰਲੀਮੈਂਟ ਵਿਚ ਬੜੇ ਇਮਾਨਦਾਰ ਮੈਂਬਰ ਰਹੇ ਅਤੇ ਆਪ ਨੇ ਅਸੈਂਬਲੀ ਵਿਚ ਵੀ ਇਕ ਸੂਝਵਾਨ ਮੈਂਬਰ ਵਜੋਂ ਕੰਮ ਕੀਤਾ ਅਤੇ ਇਕ ਵਾਰ ਵੀ ਕਿਸੇ ਕਿਸਮ ਦਾ ਦਾਗ, ਜਿਵੇਂ ਅੱਜ ਕੱਲ੍ਹ ਦੇ ਰਾਜਨੀਤਕ ਲੋਕ ਦਾਗਾਂ ਨਾਲ ਭਰੇ ਪਏ ਹਨ, ਪਰ ਆਪ ਪਾਰਲੀਮੈਂਟ ਵਿਚ ਅਤੇ ਵਿਧਾਨ ਸਭਾ ਵਿਚ ਰਹਿੰਦੇ ਹੋਏ ਕਿਸੇ ਕਿਸਮ ਦੇ ਦਾਗ ਤੋਂ ਮੁਕਤ ਰਹੇ । ਬਾਰ ਐਸੋਸੀਏਸ਼ਨ ਵਿਚ ਕੁਝ ਲੋਕ ਗਲਤ-ਪਰੰਪਰਾ ਵਿਚ ਆਪਸ ਵਿਚ ਮਿਕਸ ਹੋ ਜਾਂਦੇ ਹਨ ਪਰ ਆਪ ਐਸੇ ਕੰਮਾਂ ਲਈ ਮਿਕਸ-ਅੱਪ ਨਹੀਂ ਹੋਏ, ਜਿਸ ਨਾਲ ਵਕਾਲਤ ਦੇ ਕਿੱਤੇ ਨੂੰ ਠੇਸ ਲਗਦੀ । ਇਸ ਲਈ ਵੀ ਮੈਂ ਆਪ ਨੂੰ ਵਧਾਈ ਦਿੰਦਾ ਹਾਂ । ਮੈਂ ਆਸ ਕਰਦਾ ਹਾ ਕਿ ਜੋ ਸਾਰੇ ਪੰਜਾਬੀਆਂ ਨੂੰ ਇਸ ਹਾਊਸ ਤੇ ਆਸਾਂ ਹਨ ਅਤੇ ਇਹ ਹਾਊਸ ਸਾਰੇ ਪੰਜਾਬੀਆਂ ਦਾ ਹੈ, ਉਹ ਹਾਊਸ ਸਾਰੇ ਪੰਜਾਬ ਨੂੰ ਅੱਗੇ ਲੈ ਕੇ ਜਾਵੇਗਾ ਅਤੇ ਹਿੰਦੁਸਤਾਨ ਦੇ ਸਾਰੇ ਸੂਬਿਆਂ ਦੀ ਅਗਵਾਈ ਕਰੇਗਾ । ਮੈਂ ਆਸ ਕਰਦਾ ਹਾਂ ਕਿ ਰੂਲਿੰਗ ਪਾਰਟੀ ਅਤੇ ਆਪੋਜੀਸ਼ਨ ਦੇ ਮੈਂਬਰ ਦੋਨੋਂ ਇਹੋ ਜਿਹੀਆਂ ਪਰੰਪਰਾਵਾਂ ਕਾਇਮ ਕਰਨਗੇ ਅਤੇ ਸਹਿਯੋਗ ਦੇਣਗੇ ਜਿਸ ਨਾਲ, ਸਪੀਕਰ ਸਾਹਿਬ, ਅੱਛੀਆਂ ਪਰੰਪਰਾਵਾਂ ਕਾਇਮ ਹੋਣਗੀਆਂ ਨਾ ਕਿ ਜਿਵੇਂ ਅਸੀਂ ਟੀ.ਵੀ. ਤੇ ਖਿਚੜੀ ਪੱਕਦੀ ਵੇਖਦੇ ਹਾਂ, ਉਸ ਤਰ੍ਹਾਂ ਨਹੀਂ ਹੋਵੇਗਾ । ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਜਿਹੜੀ ਵੀ ਨੁਕਤਾਚੀਨੀ ਹੋਵੇਗੀ ਉਹ ਉਸਾਰੂ ਹੋਵੇਗੀ ਅਤੇ ਮਾਨਯੋਗ ਮੈਂਬਰ ਸਪੀਕਰ ਸਾਹਿਬ ਦੀ ਸ਼ਰਾਫਤ ਦਾ ਨਜਾਇਜ਼ ਫਾਇਦਾ ਨਹੀਂ ਉਠਾਉਣਗੇ । ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ।

**ਸਰਦਾਰ ਅਜੀਤ ਇੰਦਰ ਸਿੰਘ** (ਸਰਦੂਲਗੜ੍ਹ): ਰਿਸਪੈਕਟਿਡ ਸਪੀਕਰ ਸਾਹਿਬ, ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਤੁਹਾਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ । ਮੈਨੂੰ ਪੂਰਨ ਭਰੋਸਾ ਹੈ ਕਿ ਹਾਊਸ ਦੇ ਵਿੱਚ ਜੋ ਵੀ ਸਾਡੀ ਪਾਰਟੀ ਦੀ ਰਿਪਰੈਜ਼ੈਂਟੇਸ਼ਨ ਹੈ, ਉਸ ਨੂੰ ਪੂਰੀ ਤਰ੍ਹਾਂ ਸਹੀ ਰੱਖਿਆ ਜਾਵੇਗਾ ਅਤੇ ਹਰ ਤਰ੍ਹਾਂ ਨਾਲ ਜੋ ਪੰਜਾਬ ਦੇ ਲੋਕਾਂ ਦੀ ਸਹੀ ਆਵਾਜ਼ ਹੈ, ਉਹ ਇਥੇ ਲਿਆਂਦੀ ਜਾਵੇਗੀ ਅਤੇ ਸਰਕਾਰ ਨੂੰ ਦੱਸੀ ਜਾਵੇਗੀ । ਮੈਨੂੰ ਪੂਰੀ ਉਮੀਦ ਹੈ ਕਿ ਸਰਕਾਰ ਉਸ ਆਵਾਜ਼ ਤੇ ਡੱਟ ਕੇ ਪਹਿਰਾ ਦੇਵੇਗੀ । ਮੇਰੇ ਵੱਲੋਂ ਤੇ ਮੇਰੀ ਪਾਰਟੀ ਵੱਲੋਂ ਆਪ ਨੂੰ ਬਹੁਤ ਬਹੁਤ ਵਧਾਈ ਹੋਵੇ ।

**ਸ਼੍ਰੀ ਸਪੀਕਰ**: ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ, ਮੈਨੂੰ ਆਪ ਸਭ ਨੇ ਪੰਜਾਬ ਰਾਜ ਦੀ 11ਵੀਂ ਵਿਧਾਨ ਸਭਾ ਦੇ ਸਪੀਕਰ ਵਜੋਂ ਸੇਵਾ ਨਿਭਾਉਣ ਲਈ ਚੁਣ ਕੇ ਜੋ ਮਾਣ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਬਖਸ਼ਿਆ ਹੈ, ਉਸ ਲਈ ਮੈਂ ਆਪ ਦਾ ਦਿਲ ਦੀਆਂ ਡੂੰਘਾਈਆਂ ਤੋਂ ਧੰਨਵਾਦੀ ਹਾਂ। ਇਸ ਉਚੀ ਅਤੇ ਵਿਸ਼ੇਸ਼ ਪਦਵੀ ਤੇ ਪੰਜਾਬ ਦੇ ਕਈ ਮਹਾਨ ਸਪੂਤ ਸੁਸ਼ੋਭਤ ਰਹੇ ਹਨ, ਜਿਨ੍ਹਾਂ ਵਿਚੋਂ ਸਾਂਝੇ ਪੰਜਾਬ ਦੇ ਸਈਯਦ ਸ਼ਹਾਬੂਦੀਨ ਅਤੇ ਸੁਤੰਤਰਤਾ ਤੋਂ ਬਾਅਦ ਡਾਕਟਰ ਸਤਿਆ ਪਾਲ, ਡਾਕਟਰ ਗੁਰਦਿਆਲ ਸਿੰਘ ਜੀ ਢਿੱਲੋਂ, ਸਰਦਾਰ ਜੋਗਿੰਦਰ ਸਿੰਘ ਮਾਨ ਅਤੇ ਸਰਦਾਰ ਰਵੀਇੰਦਰ ਸਿੰਘ ਦੇ ਨਾਂ ਮੈਂ ਉਚੇਚੇ ਤੌਰ ਤ ਵਰਨਣ ਕਰਨਾ ਜਰੂਰੀ ਸਮਝਦਾ ਹਾਂ। ਮੈਂ ਹਾਊਸ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਆਪਣੇ ਕਾਰਜਕਾਲ ਦੇ ਦੌਰਾਨ ਇਨ੍ਹਾਂ ਮਹਾਨ ਹਸਤੀਆਂ ਵੱਲੋਂ ਕਾਇਮ ਕੀਤੀਆਂ ਗੌਰਵਮਈ, ਨਰੋਈਆਂ ਅਤੇ ਸਿਹਤਮੰਦ ਪਰੰਪਰਾਵਾਂ ਅਤੇ ਰਵਾਇਤਾਂ ਨੂੰ ਕਾਇਮ ਰੱਖਾਂਗਾ ਅਤੇ ਅੱਗੇ ਤੋਰਨ ਦੇ ਭਰਪੂਰ ਯਤਨ ਕਰਾਂਗਾ। ਇਸ ਸਬੰਧੀ ਵਾਹਿਗੁਰੂ ਅੱਗੇ ਮੇਰੀ ਅਰਦਾਸ ਹੈ ਕਿ ਉਹ ਇਸ ਕਾਰਜ ਵਿਚ ਸਫਲਤਾ ਲਈ ਮੇਰਾ ਸਹਾਈ ਹੋਵੇ। ਸਦਨ ਦੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸਦਨ ਵਿਚ ਬਾਕੀ ਪ੍ਰਤੀਨਿਧ ਪਾਰਟੀਆਂ ਦੇ ਮੈਂਬਰ ਸਾਹਿਬਾਨ ਨੇ ਮੇਰੇ ਵਿੱਚ ਜਿਹੜਾ ਭਰੋਸਾ ਪ੍ਰਗਟ ਕੀਤਾ ਹੈ ਉਸ ਦੇ ਮੈਂ ਯੋਗ ਹੋ ਨਿਬੜਾਂ। ਇਹੋ ਸਦਾ ਮੇਰਾ ਯਤਨ ਰਹੇਗਾ। ਮੈਂ ਆਪ ਸਭ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਹਾਊਸ ਦੀ ਕਾਰਵਾਈ ਚਲਾਉਣ ਸਮੇਂ ਮੈਂ ਸਦਾ ਨਿਰਪੱਖ ਅਤੇ ਇਮਾਨਦਾਰੀ ਦੇ ਆਦਰਸ਼ ਨੂੰ ਸਾਹਮਣੇ ਰਖਾਂਗਾ ਅਤੇ ਲੋਕਰਾਜੀ ਅਸੂਲਾਂ ਨੂੰ ਕਾਇਮ ਰਖਾਂਗਾ। ਮੈਨੂੰ ਪੂਰਨ ਆਸ ਹੈ ਕਿ ਟਰੈਜ਼ਰੀ ਬੈਂਚਾਂ ਅਤੇ ਵਿਰੋਧੀ ਬੈਂਚਾਂ ਤੇ ਬੈਠੇ ਸਾਰੇ ਮੈਂਬਰ ਸਾਹਿਬਾਨ ਮੈਨੂੰ ਪੂਰਾ ਸਹਿਯੋਗ ਦੇਣਗੇ। ਇਕ ਵਾਰ ਫਿਰ ਮੈਂ ਦਿਲ ਦੀਆਂ ਡੂੰਘਾਈਆਂ ਤੋਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

---

## NOMINATION OF BUSINESS ADVISORY COMMITTEE

**ਸ਼੍ਰੀ ਸਪੀਕਰ :** ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਦੀ ਨਿਯਮਾਵਲੀ 208 (1) ਅਧੀਨ ਹੇਠ ਲਿਖੇ ਮਾਨਯੋਗ ਮੈਂਬਰਾਂ ਨੂੰ ਕਾਰਜ ਸਲਾਹਕਾਰ ਕਮੇਟੀ ਲਈ ਨਾਮਜ਼ਦ ਕਰਦਾ ਹਾਂ:

(1) ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲਿਆਂ ਦੇ ਮੰਤਰੀ।

(2) ਕੈਪਟਨ ਕੰਵਲਜੀਤ ਸਿੰਘ, ਵਿੱਤ ਮੰਤਰੀ

(3) ਸਰਦਾਰਨੀ ਰਾਜਿੰਦਰ ਕੌਰ ਭੱਠਲ

(4) ਕਾਮਰੇਡ ਹਰਦੇਵ ਅਰਸ਼ੀ

(5) ਸਰਦਾਰ ਧਨਵੰਤ ਸਿੰਘ

Original with;
Punjab Vidhan Sabha
Digitized by;
Panjab Digital Library

ਵਿਸ਼ੇਸ਼ ਤੌਰ ਤੇ ਸੱਦੇ ਗਏ :

(1) ਰਾਜਾ ਨਰਿੰਦਰ ਸਿੰਘ

(2) ਸਰਦਾਰ ਸੁਜਾਨ ਸਿੰਘ

(3) ਸ੍ਰੀ ਜਗਦੀਸ਼ ਸਾਹਨੀ

ਕਾਰਜ ਸਲਾਹਕਾਰ ਕਮੇਟੀ ਲਈ ਮੈਂ ਸਾਰੇ ਨਾਮਜ਼ਦ ਕੀਤੇ ਗਏ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਕਮੇਟੀ ਦੀ ਪਹਿਲੀ ਮੀਟਿੰਗ ਲਈ ਅੱਜ ਸਦਨ ਦੀ ਬੈਠਕ ਖਤਮ ਹੋਣ ਤੋਂ ਤੁਰੰਤ ਬਾਅਦ ਮੇਰੇ ਚੈਂਬਰ ਵਿੱਚ ਇਕੱਤਰ ਹੋਣ ਦੀ ਕ੍ਰਿਪਾ ਕਰਨ ।

ਹੁਣ ਸਦਨ ਬੁੱਧਵਾਰ 5 ਮਾਰਚ, 1997, ਨੂੰ 11-00 ਵਜੇ ਪੂਰਵ ਦੁਪਹਿਰ ਤੱਕ* ਸਥਗਿਤ ਕੀਤਾ ਜਾਂਦਾ ਹੈ ।

*10.01 ਪੂਰਵ ਦੁਪਹਿਰ ।

(*ਇਸ ਉਪਰੰਤ ਸਦਨ ਬੁੱਧਵਾਰ, 5 ਮਾਰਚ, 1997 ਦੇ 11-00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ ।)

—O—

62—3-6-97—305—ਪੰਜਾਬ ਸਰਕਾਰ ਪਰੈਸ ਪਟਿਆਲਾ ।

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

© 1996

Published under the authority of the Punjab Vidhan Sabha and printed by the Controller, Printing and Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

DEBATES

*5th March, 1997*

Vol-I—No.3

OFFICIAL REPORT

CONTENTS

*Wednesday, the 5th March, 1997*


| | | PAGE |
|---|---|---|
| Obituary References | .. | (3)1 |



**Punjab Vidhan Sabha Secretariat, Chandigarh**

**Price**: Rs.........



Original with;
Punjab Vidhan Sabha
Digitized by;
Punjab Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

*Wednesday, the 5th March, 1997*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P. M. Mr. Speaker (Sardar Charnjit Singh Atwal) in the Chair.*

## OBITUARY REFERENCES

**ਸ੍ਰੀ ਸਪੀਕਰ** : ਸਦਨ, ਉਨ੍ਹਾਂ ਰਾਜਨੀਤਿਕ ਮੈਂਬਰਜ਼, ਜਿਨ੍ਹਾਂ ਨੇ ਰਾਜਨੀਤਿਕ ਤੌਰ ਤੇ ਸੇਵਾ ਕੀਤੀ, ਤੇ ਸਾਡੇ ਹਾਊਸ ਦੇ ਆਨਰੇਬਲ ਮੈਂਬਰਜ਼ ਜੋ ਇਸ ਸੰਸਾਰ ਵਿਚ ਨਹੀਂ ਰਹੇ ਔਰ ਜਿਨ੍ਹਾਂ ਨੇ ਰਾਜਨੀਤਿਕ ਤੇ ਸਮਾਜਿਕ ਪੱਖ ਵਿੱਚ ਸਮਾਜ ਨੂੰ ਬੜਾ ਵੱਡਾ ਯੋਗਦਾਨ ਦਿੱਤਾ, ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰੇਗਾ ।

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਪਿਛਲੇ ਕੁਝ ਸਮੇਂ ਤੋਂ ਸੂਬੇ ਦੀਆਂ ਤੇ ਦੇਸ਼ ਦੀਆਂ ਕੁਝ ਇਹੋ ਜਿਹੀਆਂ ਪ੍ਰਸਿੱਧ ਤੇ ਮਹਾਨ ਹਸਤੀਆਂ ਸਾਡੇ ਵਿਚਕਾਰ ਨਹੀਂ ਰਹੀਆਂ ਜਿਨ੍ਹਾਂ ਦੇ ਜਾਣ ਨਾਲ ਬਹੁਤ ਵੱਡਾ ਘਾਟਾ ਪਿਆ ਹੈ। ਇਸ ਗੱਲ ਦਾ ਬੜਾ ਦੁੱਖ ਹੈ, ਬੜਾ ਅਫਸੋਸ ਹੈ ਔਰ ਅੱਜ ਉਨ੍ਹਾਂ ਨੂੰ ਹਾਉਸ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਨੇ ਹਨ । ਕੁਝ ਇਹੋ ਜਿਹੀਆਂ ਦੇਸ਼ ਵਿੱਚ ਤੇ ਪ੍ਰਦੇਸ਼ ਵਿੱਚ ਟਰੈਜਡੀਜ਼ ਹੋਈਆਂ ਹਨ, ਜਿਨ੍ਹਾਂ ਦਾ ਸਬੰਧ ਸਾਡੇ ਦੇਸ਼ ਨਾਲ ਹੈ ਔਰ ਜਿਨ੍ਹਾਂ ਵਿੱਚ ਬਹੁਤ ਜਾਨੀ ਨੁਕਸਾਨ ਹੋਇਆ ਹੈ, ਜਿਸ ਦਾ ਸਾਨੂੰ ਸਾਰਿਆਂ ਨੂੰ ਦੁੱਖ ਹੈ। ਇਨ੍ਹਾਂ ਹਸਤੀਆਂ ਵਿੱਚੋਂ ਸਰਦਾਰ ਤੇਜਾ ਸਿੰਘ ਢਿੱਲੋਂ, ਐਡਵੋਕੇਟ ਬਠਿੰਡਾ, ਜੋ ਐਮ. ਐਲ. ਏ. ਵੀ ਰਹੇ ਹਨ, ਉਨ੍ਹਾਂ ਦਾ 1 ਫਰਵਰੀ ਨੂੰ ਸਵਰਗਵਾਸ ਹੋ ਗਿਆ ਹੈ । ਉਹ ਸੂਬੇ ਦੇ ਬੜੇ ਪ੍ਰਸਿੱਧ ਵਕੀਲ ਰਹੇ ਹਨ, ਸਾਡੇ ਇਸ ਹਾਊਸ ਦੇ ਮੈਂਬਰ ਰਹੇ ਹਨ ਤੇ ਉਹ ਐਜੂਕੇਸ਼ਨ ਤੇ ਇੰਡਸਟਰੀ ਦੇ ਰਾਜ ਮੰਤਰੀ ਵੀ ਰਹੇ ਹਨ । ਉਨ੍ਹਾਂ ਦੇ ਅਕਾਲ ਚਲਾਣੇ ਨਾਲ ਅਸੀਂ ਇੱਕ ਕਾਬਲ ਵਿਧਾਨਕਾਰ ਅਤੇ ਇੱਕ ਸੁੱਘੜ ਕਾਨੂੰਨਦਾਨ ਗਵਾ ਲਿਆ ਹੈ ।

ਇਸੇ ਤਰ੍ਹਾਂ ਸ਼੍ਰੀ ਬ੍ਰਹਮ ਦੱਤ ਦਿਵੇਦੀ, ਸਾਬਕਾ ਮੰਤਰੀ, ਉੱਤਰ ਪ੍ਰਦੇਸ਼ ਵੀ 9 ਫਰਵਰੀ 1997 ਨੂੰ ਸਵਰਗਵਾਸ ਹੋ ਗਏ ਹਨ । ਉਹ 1977 ਵਿੱਚ, 1985 ਵਿਚ ਉੱਤਰ ਪ੍ਰਦੇਸ਼ ਦੀ ਵਿਧਾਨ ਸਭਾ ਦੇ ਮੈਂਬਰ ਰਹੇ ਤੇ 1991 ਵਿੱਚ ਉਹ ਮਾਲ ਮੰਤਰੀ ਵੀ ਰਹੇ ਹਨ । ਉਨ੍ਹਾਂ ਦੇ ਸਵਰਗਵਾਸ ਹੋਣ ਨਾਲ ਦੇਸ਼ ਨੇ ਇੱਕ ਯੋਗ ਵਿਧਾਨਕਾਰ ਗਵਾ ਲਿਆ ਹੈ ।

ਇਸੇ ਤਰ੍ਹਾਂ ਸ੍ਰੀ ਰਾਮ ਪ੍ਰਤਾਪ ਗਰਗ, ਸਾਬਕਾ ਐਮ. ਪੀ. ਜਿਹੜੇ ਕਿ ਪਟਿਆਲੇ ਤੋਂ ਪਾਰਲੀਮੈਂਟ ਦੇ ਮੈਂਬਰ ਰਹੇ, ਉਹ ਉੱਚ-ਕੋਟੀ ਦੇ ਫਰੀਡਮ ਫਾਈਟਰ ਸਨ ਔਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਨੇ ਬਹੁਤ ਯੋਗਦਾਨ ਪਾਇਆ ਹੈ। ਉਹ ਮੁੱਖ ਪਾਰਲੀਮੈਂਟਰੀ ਸੈਕ੍ਰੇਟਰੀ ਵੀ ਰਹੇ ਹਨ। ਉਨ੍ਹਾਂ ਦੀ ਮੌਤ ਨਾਲ ਵੀ ਦੇਸ਼ ਨੇ ਇੱਕ ਤਜ਼ਰਬੇਕਾਰ ਅਤੇ ਯੋਗ ਵਿਧਾਇਕ ਗੰਵਾ ਲਿਆ ਹੈ।

ਇਸੇ ਤਰ੍ਹਾਂ ਸਰਦਾਰ ਮੰਗਾ ਸਿੰਘ, ਸਾਬਕਾ ਐਮ. ਐਲ. ਏ., ਜੋ 6 ਫਰਵਰੀ ਨੂੰ ਸਵਰਗਵਾਸ ਹੋ ਗਏ ਸਨ, ਦਾ ਬੜਾ ਦੁੱਖ ਹੈ। ਉਹ ਇੱਕ ਉੱਘੇ ਕਿਸਾਨ ਸਨ ਅਤੇ ਆਪਣੇ ਪਿੰਡ ਬਹਿਕ ਖਾਸ ਦੇ 10 ਸਾਲ ਸਰਪੰਚ ਰਹੇ। ਉਹ ਐਮ. ਐਲ. ਏ. ਵੀ ਰਹੇ। ਉਨ੍ਹਾਂ ਨੇ ਵੀ ਪੰਜਾਬ ਦੀ ਬਹੁਤ ਵੱਡੀ ਸੇਵਾ ਕੀਤੀ ਹੈ। ਉਨ੍ਹਾਂ ਦੇ ਅਕਾਲ ਚਲਾਣੇ ਦਾ ਸਾਰੇ ਪੰਜਾਬ ਨੂੰ ਬਹੁਤ ਹੀ ਭਾਰੀ ਦੁੱਖ ਹੈ।

ਇਸੇ ਤਰ੍ਹਾਂ ਬਹੁਤ ਉੱਘੇ ਸੁਤੰਤਰਤਾ ਸੰਗਰਾਮੀ ਸਰਦਾਰ ਸੁਹੇਲ ਸਿੰਘ, ਜਿਹੜੇ ਸਾਬਕਾ ਫੌਜੀ ਵੀ ਸਨ, ਨੇ ਦੇਸ਼ ਦੀ ਆਜ਼ਾਦੀ ਵਾਸਤੇ ਫੌਜੀ ਹਣ ਦੀ ਹੈਸੀਅਤ ਵਿੱਚ ਬਹੁਤ ਸਰਗਰਮ ਸੇਵਾ ਕੀਤੀ ਹੈ। ਉਨ੍ਹਾਂ ਦੀ ਮੌਤ ਨਾਲ ਭਾਰਤ ਇੱਕ ਸੂਰਬੀਰ ਪੁੱਤਰ ਤੋਂ ਵਾਂਝਾ ਹੋ ਗਿਆ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ੍ਰੀ ਕੁਮਾਰ ਵਿਕਲ ਇਕ ਮਹਾਨ ਹਸਤੀ ਸਨ, ਜਿਨ੍ਹਾਂ ਨੇ ਲਿਟਰੇਰੀ ਦੁਨੀਆਂ ਦੇ ਵਿੱਚ ਬੜਾ ਨਾਮਣਾ ਖੱਟਿਆ ਹੈ, ਉਹ ਵੀ ਫਰਵਰੀ 1997 ਦੇ ਵਿੱਚ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਨੇ ਬਹੁਤ ਸਾਰੀਆਂ ਕਿਤਾਬਾਂ ਵੀ ਲਿਖੀਆਂ। ਉਨ੍ਹਾਂ ਦਾ ਸਾਹਿਤਕ ਖੇਤਰ ਵਿਚ, ਦੇਸ਼ ਵਿੱਚ ਬੜਾ ਉੱਚਾ ਸਥਾਨ ਹੈ। ਉਨ੍ਹਾਂ ਦੇ ਵਿਛੋੜੇ ਤੇ ਵੀ ਮੈਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ। ਸਪੀਕਰ ਸਾਹਿਬ, ਪਤਾ ਨਹੀਂ ਅੱਜ ਸਾਡੇ ਏਜੰਡੇ ਦੇ ਵਿਚ ਸਰਦਾਰ ਬਸੰਤ ਸਿੰਘ ਖਾਲਸਾ ਜੀ ਦਾ ਨਾਂ ਕਿਉਂ ਮਿਸ ਹੋ ਗਿਆ! ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

**ਸ੍ਰੀ ਸਪੀਕਰ** : ਇਨ੍ਹਾਂ ਨੂੰ ਆਲਰੇਡੀ ਪਿਛਲੇ ਸੈਸ਼ਨ ਦੇ ਵਿੱਚ ਸ਼ਰਧਾਂਜਲੀਆਂ ਦੇ ਚੁੱਕੇ ਹਾਂ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਠੀਕ ਹੈ ਜੀ, ਮੇਰਾ ਇਹ ਖਿਆਲ ਸੀ ਕਿ ਉਨ੍ਹਾਂ ਦਾ ਨਾਮ ਏਜੰਡੇ ਵਿਚੋਂ ਮਿਸ ਹੈ। ਮੈਂ ਫਿਰ ਸਰਦਾਰ ਬਸੰਤ ਸਿੰਘ ਖਾਲਸਾ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ। ਉਨ੍ਹਾਂ ਨੇ ਬਹੁਤ ਵੱਡੀ ਸੇਵਾ ਕੀਤੀ ਹੈ ਅਤੇ ਉਹ ਰੋਪੜ ਪਾਰਲੀਮੈਂਟਰੀ ਸੀਟ ਤੋਂ ਚੁਣੇ ਗਏ ਸਨ। ਉਨ੍ਹਾਂ ਦੇ ਜਾਣ ਨਾਲ ਸਾਡੀ ਪਾਰਟੀ ਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਵੱਡੀਆਂ ਟਰੈਜਡੀਜ਼ ਹੋਈਆਂ ਹਨ। ਇਕ ਮਾਲਟਾ ਬੇੜੀ ਦੁਖਾਂਤ ਹੋਇਆ ਹੈ, ਜਿਸ ਨਾਲ ਬਹੁਤ ਜ਼ਿਆਦਾ ਭਾਰਤੀਆਂ ਦਾ ਨੁਕਸਾਨ ਹੋਇਆ ਹੈ ਅਤੇ ਕੀਮਤੀ ਜ਼ਿੰਦੜੀਆਂ ਦਾ ਨੁਕਸਾਨ ਹੋਇਆ ਹੈ। ਅੱਜ ਸਾਰਾ ਹਾਊਸ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹੈ ਅਤੇ ਨਾਲ ਹੀ ਦੁੱਖੀ

Original with;
Punjab Vidhan Sabha
Digitized by;
Panjab Digital Library

ਪਰਿਵਾਰਾਂ ਦੇ ਪ੍ਰਤੀ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ। ਇਸੇ ਤਰ੍ਹਾਂ ਹੀ ਉੜੀਸਾ ਦੇ ਵਿਚ ਇਕ ਬਹੁਤ ਦਰਦਨਾਕ ਘਟਨਾ ਹੋਈ ਹੈ । ਅਸੀਂ ਉਨ੍ਹਾਂ ਸਾਰੇ ਸ਼ਰਧਾਲੂਆਂ ਦੇ ਪ੍ਰਤੀ ਜਿਹੜੇ ਇਸ ਭਿਆਨਕ ਅਗਨੀਕਾਂਡ ਵਿੱਚ ਮਾਰੇ ਗਏ ਹਨ, ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ ਅਤੇ ਦੁੱਖੀ ਪਰਿਵਾਰਾਂ ਦੇ ਪ੍ਰਤੀ ਦਿਲੋਂ ਹਮਦਰਦੀ ਪ੍ਰਗਟ ਕਰਦੇ ਹਾਂ। ਇਹ ਘਟਨਾ 23 ਫਰਵਰੀ, 1997 ਨੂੰ ਭਾਰਤ ਦੇ ਇੱਕ ਸ਼ਹਿਰ ਬਾਰੀਪੀੜਾ ਵਿਚ ਵਾਪਰੀ ਸੀ । ਸਪੀਕਰ ਸਾਹਿਬ, ਇਹ ਸਾਰੀਆਂ ਘਟਨਾਵਾਂ ਬਹੁਤ ਹੀ ਦਰਦਨਾਕ ਹਨ, ਬਹੁਤ ਹੀ ਅਫਸੋਸਨਾਕ ਹਨ । ਇਹ ਜੋ ਮਹਾਨ ਸ਼ਖਸੀਅਤਾਂ ਸਾਡੇ ਵਿਚੋਂ ਵਿੱਛੜ ਗਈਆਂ ਹਨ, ਉਨ੍ਹਾਂ ਨੂੰ ਮੈਂ ਦੁਬਾਰਾ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਸਾਰੇ ਹਾਊਸ ਵਲੋਂ ਦੁੱਖ ਦਾ ਪਰਗਟਾਵਾ ਕਰਦਾ ਹਾਂ ।

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** (ਲਹਿਰਾ) : ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਸਾਡੇ ਆਪਣੇ ਨਾਲ ਜਾਂ ਕੁਝ ਸਿਆਸਤ ਨਾਲ ਤਅਲੁੱਕ ਰੱਖਣ ਵਾਲੇ, ਕੁਝ ਚੰਗੇ ਵਿਦਵਾਨ, ਕੁੱਝ ਹੋਰ ਸਮਾਜ ਸੇਵਾ ਕਰਨ ਵਾਲੇ ਪਿਛਲੇ ਸਮੇਂ ਵਿਚ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਅੱਜ ਸਾਡਾ ਹਾਊਸ ਜੁੜਿਆ ਹੈ । ਇਸ ਹਾਊਸ ਦੀ ਤਰਫੋਂ ਅਸੀਂ ਸਾਰੇ ਆਪੋ ਆਪਣੇ ਭੈਣਾਂ ਭਰਾਵਾਂ ਨੂੰ ਅਤੇ ਉਨ੍ਹਾਂ ਦੇ ਗੁਣਾਂ ਨੂੰ ਯਾਦ ਕਰਦੇ ਹਾਂ ਅਤੇ ਮੈਂ ਉਨ੍ਹਾਂ ਨੂੰ ਸ਼ਰਧਾਂਜ਼ਲੀ ਭੇਂਟ ਕਰਨ ਲਈ ਖੜ੍ਹੀ ਹੋਈ ਹਾਂ । ਇਨ੍ਹਾਂ ਵਿਚ ਸਭ ਤੋਂ ਪਹਿਲਾਂ ਸਰਦਾਰ ਤੇਜਾ ਸਿੰਘ ਢਿੱਲੋਂ ਜਿਹੜੇ ਕਿ 1 ਫਰਵਰੀ, 1997 ਨੂੰ ਸਵਰਗਵਾਸ ਹੋਏ ਹਨ । ਉਹ ਬਹੁਤ ਪੜ੍ਹੇ-ਲਿਖੇ ਸਨ ਅਤੇ ਐਡਵੋਕੇਟ ਵੀ ਰਹੇ । ਉਹ ਕਾਨੂੰਨ ਦੇ ਬੜੇ ਮਾਹਿਰ ਸਨ । ਉਹ ਬਠਿੰਡਾ ਤੋਂ ਵਿਧਾਨ ਸਭਾ ਲਈ ਚੁਣੇ ਗਏ ਸਨ । ਉਹ ਵੀ ਪਿਛਲੇ ਸਮੇਂ ਦੇ ਵਿੱਚ ਅਕਾਲ ਚਲਾਣਾ ਕਰ ਗਏ ਹਨ । ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਦੇ ਪਰਿਵਾਰ ਦੇ ਨਾਲ ਦੁੱਖ ਵਿਚ ਸ਼ਰੀਕ ਹੁੰਦੀ ਹਾਂ ।

ਇਸੇ ਤਰ੍ਹਾਂ ਹੀ ਸ੍ਰੀ ਬ੍ਰਹਮ ਦੱਤ ਦਿਵੇਦੀ ਜਿਹੜੇ ਕਿ 9 ਫਰਵਰੀ, 1997 ਨੂੰ ਸਵਰਗਵਾਸ ਹੋ ਗਏ ਹਨ । ਉਹ 1977 ਤੋਂ ਲੈ ਕੇ 1985 ਤੱਕ ਯੂ. ਪੀ. ਦੇ ਵਿਚ ਮਾਲ ਮੰਤਰੀ ਵੀ ਰਹੇ । ਉਹ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦੇ ਅਕਾਲ ਚਲਾਣੇ ਤੇ ਵੀ ਮੈਂ ਦੁੱਖ ਦਾ ਪ੍ਰਗਟਾਵਾ ਕਰਦੀ ਹਾਂ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਸਾਡੇ ਪੰਜਾਬ ਦੇ ਵਿਚੋਂ ਪਟਿਆਲਾ ਜ਼ਿਲ੍ਹੇ ਦੇ ਸ੍ਰੀ ਰਾਮ ਪ੍ਰਤਾਪ ਗਰਗ ਜੋ ਕਿ ਐਮ. ਪੀ. ਵੀ ਰਹੇ ਹਨ ਅਤੇ ਸਾਡੀ ਕਾਂਗਰਸ ਪਾਰਟੀ ਨਾਲ ਸਬੰਧ ਰੱਖਦੇ ਸਨ ਅਤੇ ਉਹ ਚੀਫ ਪਾਰਲੀਮੈਂਟਰੀ ਸੈਕਟਰੀ ਵੀ ਰਹੇ । ਉਹ ਚੰਗੇ ਫਰੀਡਮ ਫਾਈਟਰ ਵੀ ਸਨ । ਉਨ੍ਹਾਂ ਨੇ ਇਕ ਚੰਗੇ ਸੋਸ਼ਲ ਵਰਕਰ ਵਜੋਂ ਸੇਵਾ ਕੀਤੀ । ਉਹ ਪਾਰਟੀ ਦੀ ਸੇਵਾ ਵੀ ਕਰਦੇ ਰਹੇ ਅਤੇ ਰਾਜਸੀ ਖੇਤਰ ਵਿੱਚ ਵੀ ਉਨ੍ਹਾਂ ਬੜਾ ਚੰਗਾ ਯੋਗਦਾਨ ਪਾਇਆ । ਇਸ ਤਰ੍ਹਾਂ ਉਨ੍ਹਾਂ ਦੇ ਜਾਣ ਨਾਲ ਰਾਜਸੀ ਫੀਲਡ ਵਿੱਚ ਘਾਟਾ ਪਿਆ ਹੈ । ਮੈਂ ਸਮਝਦੀ ਹਾਂ ਕਿ ਉਨ੍ਹਾਂ ਦੇ ਜਾਣ ਨਾਲ, ਇਕ ਤਜਰਬੇਕਾਰ ਪਾਰਲੀਮੈਂਟਰੀਅਨ ਦੇ ਜਾਣ ਨਾਲ ਸਾਨੂੰ ਬਹੁਤ ਘਾਟਾ ਪਿਆ ਹੈ ।

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਸਪੀਕਰ ਸਾਹਿਬ, ਇਸੇ ਤਰ੍ਹਾਂ ਸ੍ਰੀ ਮੰਗਾ ਸਿੰਘ ਉਹ ਵੀ 6 ਫਰਵਰੀ, 1997 ਨੂੰ ਸਵਰਗਵਾਸ ਹੋਏ ਹਨ । ਉਹ ਪੰਜਾਬ ਵਿਧਾਨ ਸਭਾ ਦੇ ਮੈਂਬਰ ਵੀ ਰਹੇ । ਪੰਜਾਬ ਦੀ ਬੈਕਵਰਡ ਕਲਾਸ ਨਾਲ ਸਬੰਧ ਰੱਖਦੇ ਸਨ । ਉਹ ਕਾਂਗਰਸ ਪਾਰਟੀ ਵੱਲੋਂ ਚੁਣੇ ਗਏ ਸਨ । ਉਹ ਫਿਰੋਜ਼ਪੁਰ ਜ਼ਿਲ੍ਹੇ ਦੇ ਰਹਿਣ ਵਾਲੇ ਸਨ । ਉਨ੍ਹਾਂ ਨੇ 8-10 ਸਾਲ ਲਗਾਤਾਰ ਆਪਣੇ ਸੂਬੇ ਦੇ ਲੋਕਾਂ ਦੀ ਡੱਟ ਕੇ ਸੇਵਾ ਕੀਤੀ । ਮੈਨੂੰ ਉਨ੍ਹਾਂ ਦੇ ਚਲੇ ਜਾਣ ਦਾ ਬੜਾ ਦੁੱਖ ਹੈ । ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਨੂੰ, ਸਾਰੇ ਵਾਸੀ ਭੈਣ-ਭਰਾਵਾਂ ਨੂੰ ਬੜਾ ਘਾਟਾ ਮਹਿਸੂਸ ਹੋਇਆ ਹੈ ।

ਇਸੇ ਤਰ੍ਹਾਂ ਸਰਦਾਰ ਸੁਹੇਲ ਸਿੰਘ ਤਕੜੇ ਫਰੀਡਮ ਫਾਈਟਰ ਸਨ ਜੋ ਕਿ 3 ਜਨਵਰੀ, 1997 ਨੂੰ ਸਵਰਗਵਾਸ ਹੋਏ ਹਨ । ਉਨ੍ਹਾਂ ਨੇ ਅਜ਼ਾਦੀ ਵਾਸਤੇ ਬੜਾ ਤਕੜਾ ਯੋਗਦਾਨ ਪਾਇਆ । ਜਿਨ੍ਹਾਂ ਵੀ ਮਹਾਨ ਦੇਸ਼ ਭਗਤਾਂ ਨੇ ਆਜ਼ਾਦੀ ਵਾਸਤੇ ਯੋਗਦਾਨ ਪਾਇਆ, ਉਨ੍ਹਾਂ ਦੀ ਬਲਿਦਾਨੀ ਸਦਕਾ ਅਸੀਂ ਸਾਰੇ ਅਜ਼ਾਦੀ ਨਾਲ ਆਪਣੇ ਦੇਸ਼ ਵਿਚ ਵੱਸਦੇ ਹਾਂ । ਦੂਜੇ ਵਿਸ਼ਵ ਯੁੱਧ 1938 ਵੇਲੇ ਉਨ੍ਹਾਂ ਨੇ ਸਿੱਖ ਰੈਜੀਮੈਂਟ ਵਿਚ ਹੁੰਦੇ ਹੋਏ ਯੋਗਦਾਨ ਪਾਇਆ । ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬੜਾ ਦੁੱਖ ਹੋਇਆ ਹੈ । ਮੈਂ ਸਮਝਦੀ ਹਾਂ ਕਿ ਸਾਨੂੰ ਸਾਰਿਆਂ ਨੂੰ ਇਸ ਨਾਲ ਬੜਾ ਵੱਡਾ ਘਾਟਾ ਪਿਆ ਹੈ । ਉਨ੍ਹਾਂ ਦੇ ਚਲੇ ਜਾਣ ਤੇ ਮੈਂ ਦੁੱਖ ਪ੍ਰਗਟ ਕਰਦੀ ਹਾਂ ।

ਇਸੇ ਤਰ੍ਹਾਂ ਸ੍ਰੀ ਕੁਮਾਰ ਵਿਕਲ ਜੀ 23 ਫਰਵਰੀ, 1997 ਨੂੰ ਅਕਾਲ-ਚਲਾਣਾ ਕਰ ਗਏ । ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬੜਾ ਹੀ ਦੁੱਖ ਹੋਇਆ ਹੈ । ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ । 1933 ਵਿੱਚ ਉਨ੍ਹਾਂ ਦਾ ਜਨਮ ਹੋਇਆ । ਓਹ ਪੰਜਾਬ ਪਬਲਿਕੇਸ਼ਨ ਬਿਊਰੋ ਦੇ ਬਲਾਕ ਮੁਲਾਜ਼ਮ ਸਨ । ਉਨ੍ਹਾਂ ਨੇ ਬੜਾ ਅੱਛਾ ਲਿਖਿਆ । ਉਹ ਬੜੀ ਚੰਗੀ ਸੋਚ ਦੇ ਮਾਲਕ ਸਨ । ਉਨ੍ਹਾਂ ਨੇ ਕਿਤਾਬ ਲਿਖੀ ਸੀ 'ਛੋਟੀ ਸੀ ਲੜਾਈ' ਅਤੇ 'ਰੰਗ ਖਤਰੇ ਮੇਂ' । ਉਨ੍ਹਾਂ ਦੀਆਂ ਭਾਵਨਾਵਾਂ ਵਿੱਚ ਦੇਸ਼ ਪ੍ਰੇਮ ਝਲਕਦਾ ਸੀ । ਸਮਾਜਕ ਕਮੀਆਂ ਨੂੰ ਦੂਰ ਕਰਨ ਅਤੇ ਗਰੀਬਾਂ ਪ੍ਰਤੀ ਉਨ੍ਹਾਂ ਦੇ ਮਨ ਵਿਚ ਹਮਦਰਦੀ ਸੀ । ਇਸ ਫੀਲਡ ਵਿੱਚ ਜੋ ਘਾਟਾ ਪਿਆ ਹੈ ਉਸ ਫੀਲਡ ਵਾਲੇ ਸਾਰੇ ਭੈਣ-ਭਰਾ, ਸਾਰੇ ਉਸ ਨੂੰ ਮਹਿਸੂਸ ਕਰਦੇ ਹਨ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਮੁੰਦਰੀ ਤੱਟ ਮਾਲਟਾ ਵਿਖੇ 25 ਦਸੰਬਰ, 1996 ਨੂੰ ਬੜਾ ਭਾਰੀ ਇੰਸੀਡੈਂਟ ਹੋਇਆ, ਦੁਖਾਂਤ ਹੋਇਆ ਹੈ ਅਤੇ ਉੜੀਸਾ ਅਗਨੀਕਾਂਡ 23 ਫਰਵਰੀ, 1997 ਨੂੰ ਵਾਪਰਿਆ । ਇਸੇ ਤਰ੍ਹਾਂ ਜਦੋਂ ਸਾਡੇ ਭੈਣ ਭਰਾ, ਬੱਚੇ ਅਤੇ ਨੌਜਵਾਨ ਅਜੇਹੇ ਇੰਸੀਡੈਂਟਾਂ ਵਿੱਚ ਸਮੂਹਿਕ ਤੌਰ ਤੇ ਮਾਰੇ ਜਾਂਦੇ ਹਨ ਤਾਂ ਉਸ ਵਕਤ ਇਨਸਾਨੀ ਹਿਰਦਾ ਬਹੁਤ ਦੁੱਖਦਾ ਹੈ । ਧਰਤੀ ਵੀ ਹਿੱਲਦੀ ਹੈ । ਇਸ ਮਾੜੇ ਦੁਖਾਂਤ ਨੂੰ ਅਸੀਂ ਸਾਰੇ ਮਹਿਸੂਸ ਕਰਦੇ ਹਾਂ । ਲੀਡਰ ਆਫ ਦਿ ਹਾਊਸ ਨੇ ਉਨ੍ਹਾਂ ਦੀ ਸ਼ਰਧਾਂਜਲੀ ਦਾ ਜੋ ਮਤਾ ਰੱਖਿਆ ਹੈ, ਮੈਂ ਅਪਣੇ ਵੱਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਭੇਂਟ

Original with;
Punjab Vidhan Sabha
Digitized by;
Panjab Digital Library

ਕਰਦੇ ਹੋਏ, ਸਾਮੂਹਿਕ ਤੌਰ ਤੇ ਦੁੱਖ ਵਿੱਚ ਸ਼ਾਮਲ ਹੁੰਦੇ ਹੋਏ, ਦੁੱਖੀ ਪਰਿਵਾਰਾਂ ਨੂੰ ਹਮਦਰਦੀ ਭੇਂਟ ਕਰਦੀ ਹਾਂ । ਇਸ ਰੈਜ਼ੋਲਿਊਸ਼ਨ ਦੀ ਕਾਪੀ ਉਨ੍ਹਾਂ ਦੁੱਖੀ ਪਰਿਵਾਰਾਂ ਕੋਲ ਜ਼ਰੂਰ ਭੇਜੀ ਜਾਵੇ । ਜੈ ਹਿੰਦ ।

**ਕਾਮਰੇਡ ਹਰਦੇਵ ਅਰਸ਼ੀ** (ਬੁਢਲਾਡਾ) : 10ਵੀਂ ਵਿਧਾਨ ਸਭਾ ਦੇ ਆਖਰੀ ਸਮਾਗਮ ਤੋਂ ਲੈ ਕੇ ਇਸ ਮੌਜੂਦਾ 11ਵੀਂ ਵਿਧਾਨ ਸਭਾ ਦੇ ਪਹਿਲੇ ਸਮਾਗਮ ਦੌਰਾਨ ਬਹੁਤ ਸਾਰੀਆਂ ਉੱਘੀਆਂ ਸ਼ਖਸੀਅਤਾਂ ਸਾਡੇ ਕੋਲੋਂ ਜੁਦਾ ਹੋਈਆਂ ਹਨ । ਇਸ ਦਾ ਘਾਟਾ ਪੂਰਾ ਹੋਣਾ ਮੁਸ਼ਕਿਲ ਹੈ । ਇਨ੍ਹਾਂ ਸ਼ਖਸੀਅਤਾਂ ਤੋਂ ਇਲਾਵਾ ਹੋਰ ਦਰਦਨਾਕ ਹਾਦਸੇ ਵਾਪਰੇ ਹਨ, ਜਿਨ੍ਹਾਂ ਵਿਚ ਸੈਂਕੜੇ ਮਨੁੱਖੀ ਜਾਨਾਂ ਦਾ ਬਹੁਤ ਨੁਕਸਾਨ ਹੋਇਆ ਹੈ । ਇਸ ਹਾਊਸ ਦੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਨੂੰ ਬੜੀ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕੀਤੀ ਹੈ । ਮੈਂ ਆਪਣੇ ਸੀ. ਪੀ. ਆਈ. ਗਰੁੱਪ ਵੱਲੋਂ ਵਿੱਛੜੀਆਂ ਸ਼ਖਸੀਅਤਾਂ ਪ੍ਰਤੀ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ । ਸਾਰੀਆਂ ਸ਼ਖਸੀਅਤਾਂ ਦੇ ਅਕਾਲ ਚਲਾਣੇ ਤੇ ਅਫਸੋਸ ਪ੍ਰਗਟ ਕਰਦਾ ਹਾਂ ਅਤੇ ਉਨ੍ਹਾਂ ਦੇ ਸਮੁੱਚੇ ਪ੍ਰਵਾਰਾਂ ਦੇ ਨਾਲ ਮੈਂ ਦਿਲੋਂ ਹਮਦਰਦੀ ਪੇਸ਼ ਕਰਦਾ ਹਾਂ । ਸਰਦਾਰ ਤੇਜਾ ਸਿੰਘ ਢਿੱਲੋਂ, ਸਾਬਕਾ ਰਾਜ ਮੰਤਰੀ, ਸਿਹਤ ਤੇ ਉਦਯੋਗ, ਜਿੰਨਾਂ ਦਾ ਬਠਿੰਡੇ ਸ਼ਹਿਰ ਦੇ ਨਾਲ ਸਬੰਧ ਸੀ ਅਤੇ ਇਕ ਯੋਗ ਕਾਨੂੰਨਦਾਨ ਅਤੇ ਇਕ ਯੋਗ ਸਿਆਸਤਦਾਨ ਸਨ ਅਤੇ ਉਨ੍ਹਾਂ ਨੂੰ ਇਸ ਵਿਧਾਨ ਸਭਾ ਦਾ ਮੈਂਬਰ ਬਣਨ ਦਾ ਮਾਣ ਪ੍ਰਾਪਤ ਹੋਇਆ । ਉਨ੍ਹਾਂ ਦੇ ਨਾਲ ਮੇਰਾ ਨਿੱਜੀ ਸਬੰਧ ਰਿਹਾ ਹੈ । ਉਹ ਬਠਿੰਡੇ ਦੇ ਰਹਿਣ ਵਾਲੇ ਸਨ ਅਤੇ ਰਾਜਨੀਤੀ ਵਿਚ ਬੜੇ ਹੀ ਸਪਸ਼ਟਵਾਦੀ ਆਦਮੀ ਸਨ । ਉਹ ਆਪਣੀ ਗੱਲ ਬੜੀ ਕਲੀ-ਅਰ ਤੇ ਸਪਸ਼ਟਤਾ ਨਾਲ ਕਰਦੇ ਸਨ । ਉਹ ਰਾਜਨੀਤੀ ਵਿਚ ਹੁੰਦੇ ਕਦੇ ਵੀ ਡਿਪਲੋਮੈਟਿਕ ਤਰੀਕੇ ਨਾਲ ਗੱਲ ਨਹੀਂ ਕਰਦੇ ਸਨ । ਉਨ੍ਹਾਂ ਨਾਲ ਕੋਈ ਗਲਤ ਗੱਲ ਕਰਨ ਦੀ ਜੁਅਰੱਤ ਨਹੀਂ ਕਰਦਾ ਸੀ ਕਿਉਂਕਿ ਉਹ ਇਕ ਵਧੀਆ ਕਿਸਮ ਦੇ ਕਾਨੂੰਨਦਾਨ ਅਤੇ ਸਿਆਸਤਦਾਨ ਸਨ । ਉਨ੍ਹਾਂ ਦੇ ਵਿਛੜ ਜਾਣ ਦੇ ਨਾਲ ਸਾਨੂੰ ਬਹੁਤ ਦੁੱਖ ਹੈ ਅਤੇ ਦੁੱਖੀ ਪਰਿਵਾਰ ਦੇ ਨਾਲ ਮੈਂ ਹਮਦਰਦੀ ਪ੍ਰਗਟ ਕਰਦਾ ਹਾਂ । ਇਸ ਤਰ੍ਹਾਂ ਦੀਆਂ ਸ਼ਖਸੀਅਤਾਂ ਦੇ ਇਕ ਦੇ ਬਾਅਦ ਇਕ ਦੇ ਚਲੇ ਜਾਣ ਨਾਲ ਜਿਹੜੀ ਘਾਟ ਪੈ ਰਹੀ ਹੈ, ਉਸ ਨੂੰ ਪੂਰਾ ਕਰਨਾ ਬੜਾ ਮੁਸ਼ਕਿਲ ਹੋਵੇਗਾ । ਉਨ੍ਹਾਂ ਦੀ ਮੌਤ ਨਾਲ ਪੰਜਾਬ ਨੇ ਇਕ ਕਾਬਲ ਵਿਧਾਨ-ਕਾਰ ਅਤੇ ਇਕ ਸੁੱਘੜ ਕਾਨੂੰਨਦਾਨ ਗੁਆ ਲਿਆ ਹੈ ।

ਇਸੇ ਤਰ੍ਹਾਂ ਸ਼੍ਰੀ ਬ੍ਰਹਮ ਦੱਤ ਦਿਵੇਦੀ, ਸਾਬਕਾ ਮਾਲ ਮੰਤਰੀ, ਯੂ.ਪੀ., ਜਿੰਨ੍ਹਾਂ ਦਾ ਸਿੱਧਾ ਸਬੰਧ ਭਾਰਤੀ ਜਨਤਾ ਪਾਰਟੀ ਦੇ ਨਾਲ ਸੀ 9 ਫਰਵਰੀ 1997 ਨੂੰ ਸਵਰਗਵਾਸ ਹੋ ਗਏ ਹਨ । ਮੇਰੀ ਪਾਰਟੀ ਉਨ੍ਹਾਂ ਦੇ ਪਰਿਵਾਰ ਦੇ ਨਾਲ ਹਮਦਰਦੀ ਪ੍ਰਗਟ ਕਰਦੀ ਹੈ ।

ਇਸੇ ਤਰ੍ਹਾਂ ਸ਼੍ਰੀ ਰਾਮ ਪ੍ਰਤਾਪ ਗਰਗ, ਸਾਬਕਾ ਐਮ. ਪੀ., ਜੋ ਬਠਿੰਡੇ ਜ਼ਿਲ੍ਹੇ ਦੇ ਨਾਲ ਸਬੰਧ ਰੱਖਦੇ ਸਨ, ਸਾਡੇ ਵਿਚ ਨਹੀਂ ਰਹੇ । ਉਨ੍ਹਾਂ ਦਾ ਜਨਮ ਬਠਿੰਡੇ ਜ਼ਿਲ੍ਹੇ ਦੇ ਵਿਚ ਹੋਇਆ ਸੀ ਪਰ ਉਨ੍ਹਾਂ ਦੀਆਂ ਰਾਜਨੀਤਿਕ ਸਰਗਰਮੀਆਂ ਮੁੱਖ ਤੌਰ ਤੇ ਪਟਿਆਲੇ ਸ਼ਹਿਰ ਵਿਚ ਹੁੰਦੀਆਂ ਸਨ । ਉਹ ਇਕ ਉੱਘੇ ਪਾਰਲੀਮੈਂਟੇਰੀਅਨ ਸਨ । ਉਹ ਪਾਰਲੀਮੈਂਟ ਦੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਮੈਂਬਰ ਵੀ ਰਹੇ । ਐਮ.ਪੀ. ਹੋਣ ਦਾ ਉਨ੍ਹਾਂ ਨੂੰ ਮਾਣ ਪ੍ਰਾਪਤ ਹੋਇਆ । ਉਹ ਇਸ ਹਾਊਸ ਦੇ ਮੈਂਬਰ ਵੀ ਰਹੇ ਅਤੇ ਪਾਰਲੀਮੈਂਟਰੀ ਸਕੱਤਰ ਬਣੇ ਅਤੇ ਇਸ ਅਹੁਦੇ ਨੂੰ ਬੜੇ ਸੁਚੱਜੇ ਤਰੀਕੇ ਨਾਲ ਨਿਭਾਇਆ । ਸ੍ਰੀ ਗਰਗ ਉਘੇ ਦੇਸ਼ ਭਗਤ ਸਨ, ਜਿਨ੍ਹਾਂ ਭਾਰਤ ਛੋੜੋ ਅੰਦੋਲਨ 'ਚ ਹਿੱਸਾ ਲਿਆ । ਇਸ ਤਰ੍ਹਾਂ ਦੀ ਸ਼ਖਸੀਅਤ ਦਾ ਅਕਾਲ ਚਲਾਣਾ ਕਰ ਜਾਣਾ ਬੜਾ ਹੀ ਦੁਖਦਾਈ ਹੁੰਦਾ ਹੈ ਅਤੇ ਮੈਂ ਉਨ੍ਹਾਂ ਦੇ ਦੁਖੀ ਪਰਿਵਾਰ ਦੇ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ । ਉਨ੍ਹਾਂ ਦੀ ਮੌਤ ਨਾਲ ਦੇਸ਼ ਨੇ ਤਜਰਬੇਕਾਰ ਪਾਰਲੀਮੈਂਟੇਰੀਅਨ ਅਤੇ ਯੋਗ ਵਿਧਾਇਕ ਗੁਆ ਲਿਆ ਹੈ ।

ਸ੍ਰੀ ਮੰਗਾ ਸਿੰਘ, ਸਾਬਕਾ ਐਮ.ਐਲ.ਏ., ਇਕ ਪਛੜੇ ਪਰਿਵਾਰ ਦੇ ਨਾਲ ਸਬੰਧ ਰੱਖਦੇ ਸਨ ਅਤੇ ਉਹ ਇਕ ਕਿਸਾਨ ਸਨ । ਉਨ੍ਹਾਂ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਬਹਿਕ ਖਾਸ ਪਿੰਡ ਦੀ ਪੰਚਾਇਤ ਦੇ ਸਰਪੰਚ ਦੇ ਤੌਰ ਤੇ 10 ਸਾਲ ਸੇਵਾ ਕੀਤੀ ਅਤੇ 1980 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ । ਉਨ੍ਹਾਂ ਦੀ ਮੌਤ ਨਾਲ ਪੰਜਾਬ ਨੇ ਇਕ ਯੋਗ ਸਿਆਸਤਦਾਨ ਗੁਆ ਲਿਆ ਹੈ । ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਦੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ ।

ਇਸੇ ਤਰ੍ਹਾਂ ਸਰਦਾਰ ਸੁਹੇਲ ਸਿੰਘ ਸੁਤੰਤਰਤਾ ਸੰਗਰਾਮੀ ਨੂੰ ਬੜੇ ਦੁੱਖ ਨਾਲ ਸਨਿਮਰ ਸ਼ਰਧਾਂਜਲੀ ਪੇਸ਼ ਕਰਦਾ ਹਾਂ ਜੋ 3 ਜਨਵਰੀ, 1997 ਨੂੰ ਅਕਾਲ ਚਲਾਣਾ ਕਰ ਗਏ ਸਨ । ਉਨ੍ਹਾਂ ਦਾ ਜਨਮ ਨਵੰਬਰ, 1918 ਵਿਚ ਪਿੰਡ ਭਾਗੀਵਾਲ, ਜ਼ਿਲ੍ਹਾ ਲਾਹੌਰ ਵਿਚ ਹੋਇਆ ਸੀ । ਉਹ 1938 ਵਿਚ ਸਿੱਖ ਰੈਜਮੈਂਟ ਵਿਚ ਭਰਤੀ ਹੋਏ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਉਨ੍ਹਾਂ ਨੇ ਸਰਗਰਮ ਸੇਵਾ ਕੀਤੀ ਸੀ । ਉਨ੍ਹਾਂ ਦੀ ਮੌਤ ਨਾਲ ਪੰਜਾਬ ਇਕ ਸੂਰਬੀਰ ਸਪੂਤ ਤੋਂ ਵਾਂਝਾ ਹੋ ਗਿਆ ਹੈ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਸ੍ਰੀ ਕੁਮਾਰ ਵਿਕਲ, ਹਿੰਦੀ ਲੇਖਕ, ਦੇ ਅਕਾਲ ਚਲਾਣੇ ਤੇ ਮੇਰੀ ਪਾਰਟੀ ਨੂੰ ਬਹੁਤ ਦੁੱਖ ਹੈ । ਇਸੇ ਮਾਲਟਾ ਬੇੜੀ ਦੁਖਾਂਤ ਘਟਨਾ ਤੇ ਮੈਂ ਆਪਣੀ ਪਾਰਟੀ ਵਲੋਂ ਬੜੇ ਦੁੱਖ ਨਾਲ ਉਨ੍ਹਾਂ ਸਾਰੇ ਭਾਰਤੀ ਨੌਜਵਾਨਾਂ ਨੂੰ ਸਨਿਮਰ ਸ਼ਰਧਾਂਜਲੀ ਪੇਸ਼ ਕਰਦਾ ਹਾਂ ਜਿਨ੍ਹਾਂ ਦੀ ਮੌਤ 25-12-96 ਨੂੰ ਸਮੁੰਦਰੀ ਤੱਟ ਮਾਲਟਾ ਵਿਖੇ ਬੇੜੀ ਦੁਖਾਂਤ ਕਰਕੇ ਹੋਈ । ਇਸ ਤਰ੍ਹਾਂ ਦੀਆਂ ਘਟਨਾਵਾਂ ਸੁਣ ਕੇ ਸਾਨੂੰ ਬਹੁਤ ਹੀ ਦੁੱਖ ਹੋਇਆ ਹੈ । ਇਸ ਦੇ ਵਿਚ ਕਰੀਬ 300 ਬੇਰੁਜ਼ਗਾਰ ਨੌਜਵਾਨ ਸਨ ਜਿਹੜੇ ਰੁਜ਼ਗਾਰ ਦੀ ਖਾਤਰ ਬਾਹਰ ਗਏ ਸਨ ਅਤੇ ਇਸ ਹਾਦਸੇ ਦਾ ਸ਼ਿਕਾਰ ਹੋਏ ਅਤੇ ਮੈਂ ਘਟਨਾ ਵਿਚ ਸ਼ਿਕਾਰ ਹੋਏ ਨੌਜਵਾਨਾਂ ਦੇ ਪਰਿਵਾਰਾਂ ਦੇ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਾ ਹਾਂ । ਲੋਕਾਂ ਨੂੰ ਇਸ ਤੋਂ ਸਬਕ ਲੈਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਦੇ ਹਾਦਸੇ ਨੂੰ ਰੋਕਣ ਲਈ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ ਤਾਂਕਿ ਅਗੇ ਤੋਂ ਇਸ ਤਰ੍ਹਾਂ ਦੇ ਹਾਦਸੇ ਨਾ ਹੋ ਸਕਣ । ਇਤਨੀਆਂ ਕੀਮਤੀ ਜਾਨਾਂ ਚਲੀਆਂ ਗਈਆਂ ਹਨ, ਜਿਸ ਦਾ ਸਾਨੂੰ ਸਾਰਿਆਂ ਨੂੰ ਬਹੁਤ ਹੀ ਦੁੱਖ ਹੈ । ਮੈਂ ਇਨ੍ਹਾਂ ਕੀਮਤੀ ਜ਼ਿੰਦਗੀਆਂ ਦੇ ਨੁਕਸਾਨ ਉਤੇ ਡੂੰਘੇ ਅਫਸੋਸ ਦਾ ਇਜ਼ਹਾਰ ਕਰਦਾ ਹਾਂ ਅਤੇ ਦੁਖੀ ਪਰਿਵਾਰਾਂ ਪ੍ਰਤੀ ਆਪਣੀ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ । ਇਸੇ ਤਰ੍ਹਾਂ ਉੜੀਸਾ ਅਗਨੀ ਕਾਂਡ ਤੇ ਮੈਂ ਬਹੁਤ ਦੁੱਖ ਨਾਲ ਉਨ੍ਹਾਂ ਸਾਰੇ ਸ਼ਰਧਾਲੂਆਂ ਨੂੰ

Original with;
Punjab Vidhan Sabha
Digitized by;
Panjab Digital Library

ਆਪਣੀ ਸ਼ਰਧਾਂਜਲੀ ਸ਼ਰਧਾਜਲੀ ਪੇਸ਼ ਕਰਦਾ ਹਾਂ ਜੋ 23-2-97 ਨੂੰ ਉੜੀਸਾ ਵਿਚ ਬਾਰੀਪਾਡਾ ਵਿਖੇ ਭਿਆਨਕ ਅਗਨੀ ਵਿੱਚ ਮਾਰੇ ਗਏ ਸਨ । ਇਸੇ ਤਰ੍ਹਾਂ ਦਾ ਪਹਿਲਾਂ ਵੀ ਡੱਬਵਾਲੀ ਵਿਚ ਅਗਨੀ ਕਾਂਡ ਹੋ ਚੁੱਕਿਆ ਹੈ, ਜਿਸ ਵਿਚ ਬੱਚੇ, ਬਜ਼ੁਰਗ, ਅਤੇ ਔਰਤਾਂ ਦੀਆਂ ਜਾਨਾਂ ਗਈਆਂ ਸਨ । ਮੈਂ ਇਨ੍ਹਾਂ ਦੁਖੀ ਪਰਿਵਾਰਾਂ ਲਈ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ, ਅਤੇ ਉਨ੍ਹਾਂ ਦੇ ਦੁੱਖ ਵਿਚ ਮੈਂ ਆਪਣੇ ਆਪ ਨੂੰ ਸ਼ਰੀਕ ਕਰਦਾ ਹਾਂ । ਇਹ ਇਕ ਚੰਗੀ ਰਵਾਇਤ ਪਾਈ ਗਈ ਹੈ ਮੈਂ ਉਨ੍ਹਾਂ ਪ੍ਰਤੀ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ, ਇਹ ਸ਼ੋਕ ਮਤਾ ਉਨ੍ਹਾਂ ਪੀੜਤ ਪਰਿਵਾਰਾਂ ਲਾਜ਼ਮੀ ਤੌਰ ਤੇ ਭੇਜਿਆ ਜਾਣਾ ਚਾਹੀਦਾ ਹੈ । ਉਨ੍ਹਾਂ ਸਾਰਿਆਂ ਦੀ ਯਾਦ ਵਿਚ ਮੈਂ ਆਪਣਾ ਸਿਰ ਝੁਕਾਉਂਦਾ ਹੋਇਆ ਸਥਾਨ ਲੈਂਦਾ ਹਾਂ ।

**ਰਾਜਾ ਨਰਿੰਦਰ ਸਿੰਘ (ਨਾਭਾ)** : ਸਭ ਤੋਂ ਪਹਿਲਾਂ ਮੈਂ, ਸਪੀਕਰ ਸਾਹਿਬ, ਸਰਦਾਰ ਤੇਜਾ ਸਿੰਘ ਢਿਲੋਂ, ਜੋ ਹਾਊਸ ਦੇ ਦੋ ਵਾਰ ਮੈਂਬਰ ਰਹੇ ਹਨ ਅਤੇ ਉਨ੍ਹਾਂ ਬਾਰੇ ਸੀ. ਪੀ. ਆਈ. ਦੇ ਮੈਂਬਰ ਵਲੋਂ ਦਿਲ ਦੀ ਗਹਿਰਾਈ ਤੋਂ ਸਭ ਕੁਝ ਕਿਹਾ ਗਿਆ ਹੈ, ਉਨਾਂ ਦੇ ਇਕੱਲੇ ਇਕੱਲੇ ਲਫ਼ਜ਼ ਨੂੰ ਮੈਂ ਧਿਆਨ ਨਾਲ ਸੁਣਿਆ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਉਹ ਅੱਛੇ ਪਾਰਲੀਮੈਂਟੇਰੀਅਨ ਸਨ, ਅੱਛੇ ਦੋਸਤ ਸਨ, ਅੱਛੇ ਪੁਲਿਟੀਕਲ ਪਰਫਾਰਮੈਂਸ ਵਾਲੇ ਸਨ । ਉਹ ਬਾਰ ਐਸੋਸੀਏਸ਼ਨ ਦੇ ਮੈਂਬਰ ਵੀ ਰਹੇ । ਉਹ ਮਨ ਦੀ ਗੱਲ ਲੁਕਾ ਕੇ ਨਹੀਂ ਰੱਖਦੇ ਸਨ ਅਤੇ ਦੋਸਤਾਂ ਨੂੰ ਸਹੀ ਰਾਏ ਦਿੰਦੇ ਸਨ । ਅੱਜ ਸੰਸਾਰ ਵਿਚ ਬਹੁਤ ਘੱਟ ਲੋਕ ਹਨ ਜਿਹੜੇ ਦੁੱਧ ਨੂੰ ਦੁੱਧ ਅਤੇ ਪਾਣੀ ਨੂੰ ਪਾਣੀ ਕਹਿਣ ਵਾਲੇ ਹੋਣ । ਪਾਲੇਟੀਸ਼ੀਅਨ ਵਿਚ ਇਹ ਗੁਣ ਹੋਣੇ ਚਾਹੀਦੇ ਹਨ, ਜਿਸ ਤਰ੍ਹਾਂ ਕਿ ਲੀਡਰ ਆਫ ਦੀ ਹਾਊਸ ਵਿਚ ਹਨ । ਉਹ ਮੂੰਹ ਤੇ ਗੱਲ ਕਹਿ ਦਿੰਦੇ ਸਨ ਅਤੇ ਚਾਹੇ ਲੋਕ ਨਰਾਜ਼ ਵੀ ਹੁੰਦੇ ਹੋਣ ਪਰ ਬਾਅਦ ਵਿਚ ਉਨ੍ਹਾਂ ਦੀ ਕਹੀ ਹੋਈ ਗੱਲ ਨੂੰ ਲੋਕ ਐਪ੍ਰੀਸ਼ੀਏਟ ਕਰਦੇ ਸਨ । ਉਹ ਸੁਚੱਜੀ ਗੱਲ ਕਹਿੰਦੇ ਸਨ, ਜੋ ਦੂਰ ਤੱਕ ਕੰਮ ਆਵੇ । ਜੋ ਆਦਮੀ ਸੰਸਾਰ ਵਿਚੋਂ ਚਲਿਆ ਜਾਂਦਾ ਹੈ ਉਸ ਦਾ ਘਾਟਾ ਲਾਜ਼ਮੀ ਤੌਰ ਤੇ ਪੈਂਦਾ ਹੈ । ਮਰਨਾ ਅਤੇ ਜਿਊਣਾ ਵਾਹਿਗੁਰੂ ਦੇ ਹੱਥ ਵਿਚ ਹੈ ਅਤੇ ਇਨਸਾਨ ਦੇ ਹੱਥ ਵਿਚ ਨਹੀਂ ।

"ਹੱਡਾਂ ਦੀ ਸਾਂਝ ਬਿਨਾਂ, ਸੋਕ ਕੀਹਨੂੰ ਆਉਂਦਾ ਹੈ । "

ਸਪੀਕਰ ਸਾਹਿਬ, ਅਸੀਂ ਉਨ੍ਹਾਂ ਨੂੰ ਕਦੇ ਭੁਲਾ ਨਹੀਂ ਸਕਦੇ । ਉਹ ਪੰਜਾਬ ਅਸੈਂਬਲੀ ਦੇ ਮੈਂਬਰ ਵੀ ਰਹੇ ਜਿਸ ਤਰ੍ਹਾਂ ਲੀਡਰ ਆਫ ਦਿ ਹਾਊਸ ਨੇ ਕਿਹਾ ਹੈ ਕਿ ਉਨ੍ਹਾਂ ਦੇ ਪਰਿਵਾਰਾ ਨੂੰ ਸ਼ੋਕ ਮਤੇ ਭੇਜੇ ਜਾਣ ਤਾਂਕਿ ਉਨ੍ਹਾਂ ਨੂੰ ਮਹਿਸੂਸ ਹੋਵੇ ਕਿ ਉਹ ਅਸੈਂਬਲੀ ਪਰਿਵਾਰ ਦੇ ਜੀਅ ਸਨ ।

ਸ੍ਰੀ ਰਾਮ ਪ੍ਰਤਾਪ ਗਰਗ ਨੇ ਇਕ ਵਾਰੀ ਸਾਡੇ ਇਲਾਕੇ ਵਿਚੋਂ ਇਲੈਕਸ਼ਨ ਲੜੀ ਸੀ ਅਤੇ ਉਹ ਪਾਰਲੀਮੈਂਟ ਵਿਚ ਮੈਂਬਰ ਰਹੇ । ਉਹ ਦਿਲ ਦੇ ਸਾਫ ਇਨਸਾਨ ਸਨ ਅਤੇ ਮਿੱਠੀਆਂ-2 ਗੱਲਾਂ ਵਿਚ ਕਹਿ ਦਿੰਦੇ ਸਨ ਕਿ ਜੇ 'ਐਹ ਹੋ ਜਾਂਦਾ ਤਾਂ ਠੀਕ ਸੀ' ਉਹ ਦੋਸਤਾਂ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕਰਦੇ ਸਨ । ਪਰ ਸਰਦਾਰ ਤੇਜਾ ਸਿੰਘ ਢਿੱਲੋਂ

Original with;
Punjab Vidhan Sabha
Digitized by;
Panjab Digital Library

[ਰਾਜਾ ਨਰਿੰਦਰ ਸਿੰਘ]

ਮੂੰਹ ਤੇ ਹੀ ਗੱਲ ਸਾਫ ਕਹਿ ਦਿੰਦ ਸਨ । ਜੱਟ ਦਾ ਮੂੰਹ ਕੁਹਾੜੇ ਨਾਲ ਫਾੜਿਆ ਹੁੰਦਾ ਹੈ ਇਸ ਲਈ ਉਹ ਸਿੱਧੀ ਗੱਲ ਮੂੰਹ ਤੇ ਕਹਿ ਦਿੰਦੇ ਸਨ । ਇਹ ਸ਼ੋਕ ਮਤਾ ਪਾਸ ਕਰਨ ਉਪਰੰਤ ਸਾਰੇ ਦੁੱਖੀ ਪ੍ਰਵਾਰਾਂ ਨੂੰ ਭੇਜਿਆ ਜਾਵੇਗਾ ਇਹ ਇਕ ਚੰਗੀ ਪਰੰਪਰਾ ਤੁਸੀਂ ਪਾਈ ਹੈ । ਨਾਰਮਲੀ ਪਹਿਲਾਂ ਹਾਊਸ ਦੇ ਮੈਂਬਰਾਂ ਨੂੰ ਸ਼ੋਕ ਮਤੇ ਭੇਜੇ ਜਾਂਦੇ ਸਨ ਪਰ ਤੁਸੀਂ ਹੈਲਦੀ ਰਵਾਇਤ ਪਾਈ ਹੈ । ਉਨ੍ਹਾਂ ਦੇ ਸਾਰੇ ਪਰਿਵਾਰਾਂ ਨੂੰ ਸ਼ੋਕ ਮਤੇ ਭੇਜਕੇ ਮਹਿਸੂਸ ਹੋਵੇਗਾ ਕਿ ਅਸੀਂ ਵੀ ਦੁੱਖ ਵਿਚ ਸ਼ਰੀਕ ਹਾਂ । ਇਸ ਤਰ੍ਹਾਂ ਆਦਮੀ ਰੱਬ ਅਤੇ ਜੱਗ ਦੇ ਨੇੜੇ ਹੁੰਦਾ ਹੈ । ਉਨ੍ਹਾਂ ਦੇ ਪਰਿਵਾਰਾਂ ਨੂੰ ਸ਼ੋਕ ਮਤੇ ਭੇਜ ਕੇ ਸਾਡਾ ਵੀ ਫਰਜ਼ ਪੂਰਾ ਹੋ ਜਾਂਦਾ ਹੈ ।

**ਸਰਦਾਰ ਅਜੀਤ ਇੰਦਰ ਸਿੰਘ (ਸਰਦੂਲਗੜ੍ਹ)** : ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਜਿਹੜੀਆਂ ਉਘੀਆਂ ਰਾਜਨੀਤਿਕ ਸ਼ਖਸੀਅਤਾਂ ਸਾਡੇ ਵਿਚ ਨਹੀਂ ਰਹੀਆਂ ਹਨ, ਉਨ੍ਹਾਂ ਦੇ ਦੁੱਖ ਵਿਚ ਸ਼ਰੀਕ ਹੁੰਦਾ ਹਾਂ ।

ਸਰਦਾਰ ਤੇਜਾ ਸਿੰਘ ਢਿਲੋਂ, ਸਾਬਕਾ ਰਾਜ ਮੰਤਰੀ ਸਨ । ਮੈਂ ਉਨ੍ਹਾਂ ਨੂੰ ਕਰੀਬ ਤੋਂ ਜਾਣਦਾ ਸੀ । ਜਦੋਂ ਉਹ ਸਿਹਤ ਮੰਤਰੀ ਸੀ, ਉਨ੍ਹਾਂ ਨੇ ਪਹਿਲੀ ਵਾਰੀ ਪਿੰਡਾਂ ਤੱਕ ਸਿਹਤ ਸਹੂਲਤਾਂ ਪਹੁੰਚਾਈਆਂ ਔਰ ਅੱਜ ਵੀ ਪਿੰਡਾਂ ਦੇ ਲੋਕ ਉਨ੍ਹਾਂ ਨੂੰ ਯਾਦ ਕਰਦੇ ਹਨ । ਸਾਨੂੰ ਉਨ੍ਹਾਂ ਦੀ ਇਸ ਅਨਟਾਈਮਲੀ ਡੈਥ ਤੇ ਬੜਾ ਅਫਸੋਸ ਹੈ । ਦੂਸਰੇ ਸ੍ਰੀ ਬ੍ਰਹਮ ਦੱਤ ਦਿਵੇਦੀ, ਸਾਬਕਾ ਮੰਤਰੀ, ਯੂ.ਪੀ, ਵੀ ਇਸ ਸੰਸਾਰ ਵਿਚੋਂ ਅਕਾਲ ਚਲਾਣਾ ਕਰ ਗਏ ਹਨ । ਉਹ ਵੀ ਬੜੇ ਚੰਗੇ ਇਨਸਾਨ ਸੀ ਅਤੇ ਬਹੁਤ ਤਕੜੇ ਰਾਜਸੀ ਨੇਤਾ ਸੀ । ਉਨ੍ਹਾਂ ਦੇ ਜਾਣ ਤੇ ਵੀ ਸਾਨੂੰ ਬੜਾ ਦੁੱਖ ਹੋਇਆ ਹੈ ।

ਸ੍ਰੀ ਰਾਮ ਪ੍ਰਤਾਪ ਗਰਗ, ਸਾਬਕਾ ਐਮ.ਪੀ., ਵੀ ਬੜੇ ਚੰਗੇ ਪਾਰਲੀਮੈਂਟੇਰੀਅਨ ਸਨ । ਉਨ੍ਹਾਂ ਦੇ ਅਕਾਲ ਚਲਾਣੇ ਤੇ ਵੀ ਸਾਨੂੰ ਬੜਾ ਦੁੱਖ ਹੋਇਆ ਹੈ ਅਤੇ ਸ੍ਰੀ ਮੰਗਾ ਸਿੰਘ ਸਾਬਕਾ ਐਮ.ਐਲ.ਏ. ਦੇ ਸੰਸਾਰ ਵਿਚੋਂ ਚਲੇ ਜਾਣ ਤੇ ਵੀ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵੱਲੋਂ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਸਾਰਿਆਂ ਦੇ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹੁੰਦਿਆਂ ਹੋਇਆ ਇਨ੍ਹਾਂ ਦੇ ਪਰਿਵਾਰਾਂ ਨੂੰ ਸ਼ੋਕ ਮਤੇ ਭੇਜੇ ਜਾਣ ।

ਅੱਗੇ ਸਰਦਾਰ ਸੂਹੇਲ ਸਿੰਘ ਜਿਨ੍ਹਾਂ ਦਾ ਆਜ਼ਾਦੀ ਦੀ ਲੜਾਈ ਵਿਚ ਬੜਾ ਵੱਡਾ ਯੋਗਦਾਨ ਰਿਹਾ, ਉਹ ਵੀ ਅਕਾਲ ਚਲਾਣਾ ਕਰ ਗਏ ਹਨ । ਉਨ੍ਹਾਂ ਨੇ ਦੇਸ਼ ਦੀ ਸੁਤੰਤਰਤਾ ਲਈ ਪੂਰਾ ਜ਼ੋਰ ਲਾਇਆ, ਸਾਰੀ ਜਵਾਨੀ ਲਾਈ ਅਤੇ ਦੇਸ਼ ਆਜ਼ਾਦ ਕਰਵਾਇਆ । ਮੈਨੂੰ ਅਤੇ ਮੇਰੀ ਪਾਰਟੀ ਨੂੰ ਉਨ੍ਹਾਂ ਦੇ ਸੰਸਾਰ ਵਿਚੋਂ ਚਲੇ ਜਾਣ ਤੇ ਡੂੰਘਾ ਦੁੱਖ ਹੈ ।

ਸਪੀਕਰ ਸਾਹਿਬ, ਅੱਗੇ ਸ੍ਰੀ ਕੁਮਾਰ ਵਿਕਲ ਬੜੇ ਤਕੜੇ ਹਿੰਦੀ ਲੇਖਕ ਹੋਏ ਹਨ । ਮੈਂ ਉਨ੍ਹਾਂ ਦੀਆਂ ਕਈ ਪੁਸਤਕਾਂ ਪੜ੍ਹੀਆਂ ਹਨ । ਏਨੇ ਵੱਡੇ ਵਿਦਵਾਨ ਦੇ ਚਲੇ ਜਾਣ ਨਾਲ ਸਾਡੇ ਦੇਸ਼ ਨੂੰ ਬੜਾ ਵੱਡਾ ਘਾਟਾ ਪਿਆ ਹੈ । ਮੈਂ ਉਨ੍ਹਾਂ ਲਈ ਵੀ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ । ਅੱਗੇ ਜੋ ਟਰੈਜਡੀਜ਼ ਹੋਈਆਂ ਹਨ, ਇਕ ਮਾਲਟਾ ਕਿਸ਼ਤੀ ਕਾਂਡ, ਜਿਸ ਵਿਚ ਸਾਡੇ ਬਹੁਤ ਸਾਰੇ ਨੌਜਵਾਨਾਂ ਦੀਆਂ ਜਾਨਾਂ ਗਈਆਂ ਹਨ ਅਤੇ ਦੂਜਾ ਉੜੀਸਾ ਵਿਚ ਇਕ ਧਾਰਮਿਕ ਸਮਾਰੋਹ ਵੇਲੇ ਜੋ ਅਗਨੀ ਕਾਂਡ ਵਿਚ ਅਨੇਕਾਂ ਜਾਨਾਂ ਚਲੀਆਂ

Original with;
Punjab Vidhan Sabha
Digitized by;
Panjab Digital Library

ਗਈਆਂ ਹਨ ਇਹ ਬਹੁਤ ਦੁਖਦਾਈ ਘਟਨਾਵਾਂ ਹਨ । ਇਨ੍ਹਾਂ ਨੂੰ ਦੇਖਦੇ ਹੋਏ ਹਰ ਇਕ ਇਨਸਾਨ ਦਾ ਦਿਲ ਕੰਬ ਜਾਂਦਾ ਹੈ । ਮੇਰੀ ਬੇਨਤੀ ਹੈ ਕਿ ਜਿਹੜੀਆਂ ਵੀ ਸਰਕਾਰਾਂ ਹੋਣ ਅਤੇ ਇਹ ਜਿਥੋਂ ਦੇ ਵੀ ਬਸ਼ਿੰਦੇ ਹੋਣ, ਉਨ੍ਹਾਂ ਨੂੰ ਪੂਰੀ ਸਹਾਇਤਾ ਦਿਤੀ ਜਾਵੇ । ਇਨ੍ਹਾਂ ਦੁਰਘਟਨਾਵਾਂ ਦੀ ਪੜਤਾਲ ਕੀਤੀ ਜਾਵੇ, ਉਨ੍ਹਾਂ ਮਰਨ ਵਾਲਿਆਂ ਦੇ ਪਰਿਵਾਰਾਂ ਦੀ ਮਾਲੀ ਸਹਾਇਤਾ ਕੀਤੀ ਜਾਵੇ ਅਤੇ ਦੁਖੀ ਪਰਿਵਾਰਾਂ ਨੂੰ ਸ਼ੋਕ ਮਤੇ ਲਿਖ ਕੇ ਭੇਜੇ ਜਾਣ ਬੇਸ਼ੱਕ ਹਾਊਸ ਵਲੋਂ ਵੀ ਲੇਜਿਸਲੇਟਰਜ਼ ਜਾ ਕੇ ਹਮਦਰਦੀ ਦਾ ਪ੍ਰਗਟਾਵਾ ਕਰਨ । ਆਖਿਰ ਵਿਚ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਨ੍ਹਾਂ ਵਿਛੜੇ ਹੋਏ ਰਾਜਸੀ ਨੇਤਾਵਾਂ ਅਤੇ ਵਾਪਰੇ ਹੋਏ ਕਾਂਡਾਂ ਵਿਚ ਮਰਨ ਵਾਲਿਆਂ ਪ੍ਰਤੀ ਪੂਰੇ ਦੁੱਖ ਦਾ ਇਜ਼ਹਾਰ ਕਰਦਾ ਹੋਇਆ ਆਪਣੀ ਸੀਟ ਗ੍ਰਹਿਣ ਕਰਦਾ ਹਾਂ ।

**ਸ੍ਰੀ ਸਪੀਕਰ** : ਜਿਥੇ ਅਸੀਂ ਵਿਛੜੀਆਂ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਹੈ, ਮਾਲਟਾ ਕਿਸ਼ਤੀ ਕਾਂਡ ਅਤੇ ਉੜੀਸਾ ਅਗਨੀ ਕਾਂਡ ਵਿਚ ਮਰਨ ਵਾਲਿਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਹੈ, ਉਸਦੇ ਨਾਲ ਹੀ ਮੈਂ ਸਮਝਦਾ ਹਾਂ ਕਿ ਜਿਹੜੀ ਹਰਿਆਣਾ ਦੀ ਬੱਸ ਨਹਿਰ ਵਿਚ ਡਿੱਗੀ ਅਤੇ ਜਿਸ ਕਾਰਣ ਬਹੁਤ ਸਾਰੇ ਬੱਚਿਆਂ ਦਾ ਦਿਹਾਂਤ ਹੋ ਗਿਆ, ਬੱਚਿਆਂ ਦੀ ਮੌਤ ਹੋ ਗਈ, ਹਾਊਸ ਦੇ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਵੀ ਉਨ੍ਹਾਂ ਦੇ ਪਰਿਵਾਰਾਂ ਨਾਲ ਵੀ, ਸ਼ੋਕ ਦਾ ਇਜ਼ਹਾਰ ਕਰਨ । ਜਿਥੇ ਹਾਊਸ ਦੇ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਉਨ੍ਹਾਂ ਮਹਾਨ ਸ਼ਖਸੀਅਤਾਂ ਜਿਨ੍ਹਾਂ ਨੇ ਰਾਜਨੀਤਕ ਖੇਤਰ ਸਮਾਜਿਕ ਖੇਤਰ ਅਤੇ ਵਿਦਿਆ ਦੇ ਖੇਤਰ ਵਿਚ ਯੋਗਦਾਨ ਪਾਇਆ ਅਤੇ ਸਾਡੇ ਵਿਚੋਂ ਅੱਜ ਉਹ ਸ਼ਖਸੀਅਤਾਂ ਚਲੀਆਂ ਗਈਆਂ ਹਨ, ਉਨ੍ਹਾਂ ਸਾਰਿਆਂ ਦੇ ਪ੍ਰਤੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਹਨ, ਮੈਂ ਵੀ ਜ਼ਾਤੀ ਤੌਰ ਤੇ ਤੁਹਾਡੇ ਨਾਲ ਸ਼ਾਮਲ ਹੁੰਦਾ ਹੋਇਆ ਬੇਨਤੀ ਕਰਾਂਗਾ ਕਿ ਉਨ੍ਹਾਂ ਸਾਰਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਦੋ ਮਿੰਟ ਲਈ ਮੌਨ ਧਾਰਨ ਕਰੀਏ ।

(ਇਸ ਵਕਤ ਸਦਨ ਦੇ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਦੋ ਮਿੰਟ ਦਾ ਮੌਨ ਧਾਰਨ ਕਰਨ ਲਈ ਖੜ੍ਹੇ ਹੋਏ ।)

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਦੋਬਾਰਾ ਬੇਨਤੀ ਕਰਦਾ ਹਾਂ ਕਿ ਇਕ ਤਾਂ ਸਾਰੇ ਹਾਊਸ ਵਲੋਂ ਇਹ ਮਤਾ ਪਾਸ ਕਰਕੇ ਉਨ੍ਹਾਂ ਦੁੱਖੀ ਪਰਿਵਾਰਾਂ ਨੂੰ ਭੇਜਿਆ ਜਾਵੇ ਅਤੇ ਦੂਜਾ ਅੱਜ ਦੇ ਇਸ ਹਾਊਸ ਨੂੰ ਐਡਜਰਨ ਕਰ ਦਿੱਤਾ ਜਾਵੇ । ਬਾਕੀ ਦਾ ਪ੍ਰੋਗਰਾਮ ਕੱਲ ਤੋਂ ਸ਼ੁਰੂ ਕੀਤਾ ਜਾਵੇ ।

**ਸ੍ਰੀ ਸਪੀਕਰ** : ਹੁਣ ਸਦਨ ਵੀਰਵਾਰ, 6 ਮਾਰਚ, 1997 ਦੇ ਸਵੇਰੇ 9.00 ਵਜੇ ਤੱਕ ਐਡਜਰਨ ਕੀਤਾ ਜਾਂਦਾ ਹੈ ।

| | |
|---|---|
| *2.30 ਵਜੇ ਬਾਅਦ ਦੁਪਹਿਰ | *(ਇਸ ਉਪਰੰਤ ਸਦਨ ਵੀਰਵਾਰ, 6 ਮਾਰਚ, 1997, ਦੇ 9-00 ਵਜੇ ਸਵੇਰ ਤੱਕ ਸਥਗਿਤ ਹੋ ਗਿਆ ।) |

64—3-6-97—305—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1996

Published under the authority of the Punjab Vidhan Sabha and printed by the Controller, Printing and Stationery, Punjab, at the Govt. Press, Patiala.

Original with;
Punjab Vidhan Sabha
Digitized by;
Punjab Digital Library

# PUNJAB VIDHAN SABHA

## DEBATES

*6th March, 1997*

Vol. I-No. 4

OFFICIAL REPORT

CONTENTS

*Thursday, the 6th March, 1997*


| | | PAGE |
|---|---|---|
| Starred Questions and Answers | .. | (4)1 |
| Announcements by the Speaker Re.— | .. | (4)13 |
| (i) Governor's Address | .. | (4)13 |
| (ii) Panel of Chairmen. | .. | (4)48 |
| Announcement by the Secretary | .. | (4)48 |
| Presentation of First Report of the Business Advisory Committee | .. | (4)49 |



Punjab Vidhan Sabha Secretariat, Chandigarh.

Price: Rs............



Original with;
Punjab Vidhan Sabha
Digitized by;
Panjab Digital Library

| | | PAGE |
|---|---|---|
| Rulings by the Speaker Re. Recognition of Leader of the Opposition | .. | (4)50 |
| Question of Privilege | .. | (4)51 |
| Call Attention Notices Under Rule 66 | .. | (4)55 |
| Papers laid on the Table | .. | (4)62 |
| Resolution Re. Recommending to the Government of India to take steps to approach the U.N.O. to declare the year 1999 as the 'Year of Human Spirit' | .. | (4)62 |
| Resolution Re. Steps to make special arrangements to check the menace of stray cattle | .. | (4)102 |
| Walk-Out | . | (4)117 |
| Resolution Re. Steps to make special arrangments to check the menace of stray cattle (*Resumption*) | .. | (4)117 |
| Extension of Time of the Sitting | .. | (4)118 |
| Resolution Re. Steps to make special arrangements to check the menace of stray cattle (*Resumption*). | .. | (4)118 |



Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Thursday, the 6th March, 1997*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9.00 A.M. Mr. Speaker (Sardar Charnjit Singh Atwal) in the Chair.*

---

## STARRED QUESTIONS AND ANSWERS

### ਟਿਊਬਵੈੱਲਾਂ ਲਈ ਮੁਫਤ ਬਿਜਲੀ ਦੇਣਾ

*3. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਰਾਜ਼ ਵਿਚ ਸਾਰੇ ਕਿਸਾਨਾਂ ਨੂੰ ਟਿਊਬ-ਵੈੱਲਾਂ ਲਈ ਮੁਫਤ ਬਿਜਲੀ ਦੇਣ ਦਾ ਫੈਸਲਾ ਕੀਤਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਪੰਜਾਬ ਰਾਜ ਬਿਜਲੀ ਬੋਰਡ ਨੂੰ ਸਲਾਨਾ ਕੁੱਲ ਕਿੰਨਾ ਵਿੱਤੀ ਘਾਟਾ ਸਹਿਣਾ ਪਵੇਗਾ ਅਤੇ ਉਨ੍ਹਾਂ ਸਾਧਨਾਂ ਦਾ ਵੇਰਵਾ ਕੀ ਹੈ ਜਿਨ੍ਹਾਂ ਤੋਂ ਉਕਤ ਘਾਟਾ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਹਾਂ ਜੀ ।

(ਅ) ਪੰਜਾਬ ਰਾਜ ਬਿਜਲੀ ਬੋਰਡ ਨੂੰ ਟੈਰਿਫ ਦੀਆਂ ਮੌਜੂਦਾ ਦਰਾਂ ਅਨੁਸਾਰ ਲੱਗ ਭੱਗ 226 ਕਰੋੜ ਰੁਪਏ ਦੇ ਮਾਲੀਏ ਦਾ ਘਾਟਾ ਪਵੇਗਾ । ਇਸ ਘਾਟੇ ਨੂੰ ਪੂਰਾ ਕਰਨ ਲਈ ਸਰਕਾਰ ਵਲੋਂ ਬਜਟ ਵਿਚ ਪੰਜਾਬ ਰਾਜ ਬਿਜਲੀ ਬੋਰਡ ਨੂੰ ਲੋੜੀਂਦੀ ਗ੍ਰਾਂਟ ਇਨ-ਏਡ ਦੇਣ ਦਾ ਉਪਬੰਧ ਕੀਤਾ ਜਾਵੇਗਾ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਤੋਂ ਐਸ਼ਿਓਰੈਂਸ ਵੀ ਲੈਣੀ ਚਾਹੁੰਦਾ ਹਾਂ ਅਤੇ ਸਪਸ਼ਟੀਕਰਨ ਵੀ ਲੈਣਾ ਚਾਹੁੰਦਾ ਹਾਂ । ਸਰਕਾਰ ਨੇ ਐਲਾਨ ਕੀਤਾ ਸੀ ਕਿ ਇਸ ਸਕੀਮ ਨਾਲ ਬਿਜਲੀ ਬੋਰਡ ਨੂੰ ਜਿਹੜਾ ਲਾਸ ਹੋਵੇਗਾ, ਉਹ ਟ੍ਰਾਂਸਮਿਸ਼ਨ ਲਾਸਿਜ਼ ਤੇ ਫਜ਼ੂਲ ਖਰਚਾ ਵਗੈਰਾ ਨੂੰ ਘਟਾ ਕੇ ਪੂਰਾ ਕੀਤਾ ਜਾਵੇਗਾ । ਸੀ.ਐਮ. ਸਾਹਿਬ ਨੇ ਹੁਣ ਜਵਾਬ ਦਿੱਤਾ ਹੈ ਕਿ ਇਸ ਘਾਟੇ ਨੂੰ ਪੂਰਾ ਕਰਨ ਵਾਸਤੇ ਬਜਟ ਵਿਚ ਗ੍ਰਾਂਟ-ਇਨ-ਏਡ ਦੇ ਕੇ ਪ੍ਰਬੰਧ ਕੀਤਾ ਜਾਵੇਗਾ । ਮੁਫਤ ਬਿਜਲੀ ਦੇਣ ਵਾਲਾ ਇਹ ਕੰਟੀਨਿਊ ਪ੍ਰਾਸੈਸ ਹੈ ਅਤੇ ਇਸ ਨਾਲ ਹਰ ਸਾਲ ਬਿਜਲੀ ਬੋਰਡ ਨੂੰ ਘਾਟਾ ਪੈਣਾ ਹੈ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਕੀ ਸੀ. ਐਮ. ਸਾਹਿਬ ਇਹ ਐਸ਼ੋਅਰ ਕਰਨਗੇ ਕਿ ਹਰ ਸਾਲ ਬਿਜਲੀ ਬੋਰਡ ਨੂੰ ਗ੍ਰਾਂਟ-ਇਨ-ਏਡ ਦਿੱਤੀ ਜਾਇਆ ਕਰੇਗੀ ? ਕੀ ਇਸ ਗੱਲ ਦਾ ਕੋਈ ਖਦਸ਼ਾ ਤਾਂ ਨਹੀਂ ਹੋਵੇਗਾ ਕਿ ਅਗੇ ਜਾ ਕੇ ਬਿਜਲੀ ਬੋਰਡ ਨੂੰ ਆਪਣੇ ਸਾਧਨ ਆਪ ਜੁਟਾਉਣ ਵਾਸਤੇ ਕਿਹਾ ਜਾਵੇਗਾ ਜਿਸ ਨਾਲ ਬਿਜਲੀ ਬੋਰਡ ਮਜ਼ਬੂਰ ਹੋਵੇਗਾ ਕਿ ਉਹ ਇਸ ਘਾਟੇ ਨੂੰ ਪੂਰਾ ਕਰਨ ਲਈ ਕਿਸੇ ਹੋਰ ਸੈਕਟਰ ਤੇ ਵਾਧੂ ਭਾਰ ਪਾ ਦੇਵੇ ? ਇਸ ਸਕੀਮ ਦੇ ਲਾਗੂ ਹੋਣ ਨਾਲ ਲਗਭਗ 250 ਕਰੋੜ ਰੁਪਏ ਦੇ ਕਰੀਬ ਵਾਧੂ ਖਰਚਾ ਆ ਜਾਣਾ ਹੈ । ਕੀ ਇਸ ਗੱਲ ਦੀ ਗਰੰਟੀ ਕੀਤੀ ਜਾਵੇਗੀ ਕਿ ਇਸ ਖਰਚੇ ਨੂੰ ਪੂਰਾ ਕਰਨ ਵਾਸਤੇ ਕਿਸੇ ਵੀ ਹੋਰ ਸੈਕਟਰ ਤੇ ਸਰਕਾਰ ਵਲੋਂ ਵੀ ਵਾਧੂ ਟੈਕਸ ਵਗੈਰਾ ਨਹੀਂ ਲਾਇਆ ਜਾਵੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਇਹ ਜੋ ਕਿਹਾ ਕਿ ਇਸ ਸਕੀਮ ਨਾਲ ਬਿਜਲੀ ਬੋਰਡ ਨੂੰ 250 ਕਰੋੜ ਰੁਪਏ ਦੇ ਕਰੀਬ ਘਾਟਾ ਪਵੇਗਾ, ਇਸ ਦੇ ਬਾਰੇ ਮੈਂ ਯਕੀਨ ਦਿਵਾਉਂਦਾ ਹਾਂ ਕਿ ਇਸ ਦੇ ਲਈ ਪੰਜਾਬ ਸਰਕਾਰ ਹਰ ਸਾਲ ਬਿਜਲੀ ਬੋਰਡ ਨੂੰ ਪੈਸੇ ਦੇਵੇਗੀ ਅਤੇ ਨਾਲ ਹੀ ਇਹ ਬੋਝ ਕਿਸੇ ਵੀ ਹੋਰ ਸੈਕਟਰ ਤੇ ਨਹੀਂ ਪਵੇਗਾ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਜਿਹੜੀ ਐਸ਼ਿਓਰੈਂਸ ਮੁੱਖ ਮੰਤਰੀ ਸਾਹਿਬ ਨੇ ਦਿੱਤੀ ਹੈ, ਇਸ ਦੇ ਲਈ ਮੈਂ ਸੀ. ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕੀ ਇਹ ਜੋ ਟੈਰਿਫ ਮੁਆਫ ਕਰਨ ਦਾ ਫੈਸਲਾ ਕੀਤਾ ਗਿਆ ਹੈ, ਇਹ ਮੋਟਰਾਂ (ਟਿਊਬਵੈਲਾਂ) ਦੀ ਹੁਣ ਤੱਕ ਦੀ ਹਾਰਸ ਪਾਵਰ ਨੂੰ ਕੈਲਕੂਲੇਟ ਕਰਕੇ ਕੀਤਾ ਗਿਆ ਹੈ ? ਹੁਣ ਕਿਉਂਕਿ ਕਿਸਾਨਾਂ ਨੂੰ ਬਿਜਲੀ ਮੁਫਤ ਮਿਲੇਗੀ, ਇਸ ਕਰਕੇ ਇਸ ਗੱਲ ਦਾ ਖਦਸ਼ਾ ਹੋ ਸਕਦਾ ਹੈ ਕਿ ਕਿਸਾਨ ਆਪਣੀਆਂ ਮੋਟਰਾਂ ਦੀ ਹਾਰਸ ਪਾਵਰ ਵਧਾ ਲੈਣ । ਜਿਹੜੇ ਕਿਸਾਨ ਕੋਲ 5 ਹਾਰਸ ਪਾਵਰ ਦੀ ਮੋਟਰ ਹੈ, ਉਹ 10 ਹਾਰਸਪਾਵਰ ਦੀ ਮੋਟਰ ਲਗਾ ਲਵੇ ਅਤੇ ਜਿਸ ਕੋਲ 10 ਹਾਰਸ ਪਾਵਰ ਦੀ ਮੋਟਰ ਹੈ, ਉਹ ਹੋਰ ਜਿਆਦਾ ਹਾਰਸ ਪਾਵਰ ਦੀ ਮੋਟਰ ਲਗਾ ਲਵੇ । ਜੇ ਇਸ ਤਰ੍ਹਾਂ ਹੋ ਜਾਂਦਾ ਹੈ ਤਾਂ ਫਿਰ ਸਾਡੀ ਹੁਣ ਦੀ ਕੀਤੀ ਕੈਲਕੂਲੇਸ਼ਨ ਵਿਚ ਵੀ ਵਾਧਾ ਹੋ ਜਾਵੇਗਾ । ਕੀ ਇਸ ਗੱਲ ਦੀ ਗਰੰਟੀ ਹੋਵੇਗੀ ਕਿ ਇਸ ਤਰ੍ਹਾਂ ਨਹੀਂ ਹੋਵੇਗਾ ? ਸਾਰੇ ਪੰਜਾਬ ਵਿਚ ਇਸ ਗੱਲ ਦਾ ਪਤਾ ਹੈ ਕਿ ਕੁਝ ਕਿਸਾਨ ਆਪਣਾ ਪਾਣੀ ਵੇਚਦੇ ਹਨ । ਹੁਣ ਤਾਂ ਉਨ੍ਹਾਂ ਨੂੰ ਮੌਜ ਲੱਗ ਜਾਵੇਗੀ—ਇਧਰੋਂ ਬਿਜਲੀ ਮੁਫਤ ਮਿਲੇਗੀ ਅਤੇ ਉਧਰੋਂ ਉਹ ਪਾਣੀ ਵੇਚਣਗੇ । ਇਸ ਗੱਲ ਨੂੰ ਚੈੱਕ ਕਿਸ ਤਰ੍ਹਾਂ ਕੀਤਾ ਜਾਵੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਬਿਜਲੀ ਬੋਰਡ ਨੂੰ ਹਦਾਇਤ ਕਰ ਦਿੱਤੀ ਗਈ ਹੈ ਅਤੇ ਉਹ ਇਨ੍ਹਾਂ ਗੱਲਾਂ ਦਾ ਧਿਆਨ ਰਖੇਗਾ । ਸਾਨੂੰ ਇਕ ਗੱਲ ਜ਼ਰੂਰ ਸਮਝ ਲੈਣੀ ਚਾਹੀਦੀ ਹੈ ਕਿ ਜੋ ਪੰਜਾਬ ਦਾ ਕਿਸਾਨ ਹੈ ਉਹ ਇਕ ਦੇਸ਼ ਭਗਤ ਹੈ । ਇਸ ਕਰਕੇ ਉਸ ਨੂੰ ਇਨਪੁੱਟਸ ਦੀ ਰਿਆਇਤ ਦੇਣੀ ਸਰਕਾਰ ਦਾ ਫਰਜ਼ ਹੈ । ਬਿਜਲੀ ਵੀ ਇਕ

Original with;
Punjab Vidhan Sabha
Digitized by;
Panjab Digital Library

ਇਨਪੁੱਟ ਹੈ, ਇਸ ਕਰਕੇ ਇਹ ਰਿਆਇਤ ਸੋਚ ਸਮਝ ਕੇ ਦਿੱਤੀ ਗਈ ਹੈ । ਜਿਹੜੀਆਂ ਹੋਰ ਕੋਈ ਕਮੀਆਂ ਰਹਿਣਗੀਆਂ, ਉਨ੍ਹਾਂ ਨੂੰ ਬਿਜਲੀ ਬੋਰਡ ਚੈੱਕ ਕਰੇਗਾ ਅਤੇ ਇਸ ਸਕੀਮ ਦਾ ਜੋ ਸਹੀ ਮੰਤਵ ਹੈ, ਉਸ ਮੰਤਵ ਲਈ ਹੀ ਇਸ ਨੂੰ ਲਾਗੂ ਕੀਤਾ ਜਾਵੇਗਾ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਮਿਲਿਆ । ਮੇਰੀ ਬੇਨਤੀ ਹੈ ਕਿ ਕੀ ਇਹ ਜਿਹੜਾ ਟੈਰਿਫ ਮੁਆਫ ਕੀਤਾ ਗਿਆ ਹੈ, ਇਹ ਕਿਸਾਨਾਂ ਦੀਆਂ ਮੋਟਰਾਂ ਦੀ ਹੁਣ ਤੱਕ ਦੀ ਹਾਰਸ ਪਾਵਰ ਨੂੰ ਕੈਲਕੂਲੇਟ ਕਰਕੇ ਕੀਤਾ ਗਿਆ ਹੈ ? ਇਸ ਗੱਲ ਦੀ ਕੀ ਗਰੰਟੀ ਹੈ ਕਿ ਉਹ ਆਪਣੀਆਂ ਮੋਟਰਾਂ ਦੀ ਹਾਰਸ ਪਾਵਰ ਨਹੀਂ ਵਧਾਉਣਗੇ ? ਕੀ ਇਸ ਸਕੀਮ ਵਿਚ ਇਸ ਗੱਲ ਦੀ ਕੋਈ ਪ੍ਰੋਵੀਜ਼ਨ ਹੈ ਜਾਂ ਜਿੰਨੀ ਮਰਜ਼ੀ ਕੋਈ ਆਪਣੀ ਮੋਟਰ ਦੀ ਹਾਰਸ ਪਾਵਰ ਵਧਾ ਲਵੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਬੜੀ ਸਪੱਸ਼ਟ ਗੱਲ ਹੈ ਕਿ ਅਸੀਂ ਜਿਹੜੇ ਵੀ ਫੈਸਲੇ ਲਏ ਹਨ ਕਿ ਟਿਊਬਵੈਲ ਲਾਕੇ ਜਿਹੜਾ ਵੀ ਪਾਣੀ ਕਿਸਾਨ ਲਏਗਾ ਉਹ ਮਫ਼ਤ ਹੋਵੇਗਾ । ਇਸ ਦੇ ਵਿੱਚ ਕੋਈ ਇਫਜ਼ ਐਂਡ ਬੱਟਸ ਵਾਲੀ ਗੱਲ ਨਹੀਂ ਹੈ, ਸਾਡਾ ਫੈਸਲਾ ਬੜਾ ਸਪੱਸ਼ਟ ਹੈ ।

**श्रीमती लक्ष्मी कांता चावला** : स्पीकर साहिब, मेरा आपके माध्यम से मुख्य मंत्री जी से प्रशन है कि जैसे यह सुविधा गांवों में दी गई है किसानों को उसी तरह शहरों में छोटे उद्योगपति हैं जिन को कि हम स्माल सकेल इण्डस्ट्रीज़ कहते हैं, उनका भी हम देश भक्त कहते हैं, क्या सरकार उनको बिजली की ऐसी ही सुविधा देने का विचार रखती है ?

**ਸ਼੍ਰੀ ਸਪੀਕਰ** : ਇਹ ਪ੍ਰਸ਼ਨ ਇਸ ਨਾਲ ਰਿਲੇਟਿਡ ਨਹੀਂ ।

**श्रीमती लक्ष्मी कांता चावला** : बिल्कुल सम्बन्धित है जी । मैंने मुख्यमंत्री जी से प्रशन किया है कि बिजली की ऐसी सुविधा क्या स्माल सकेल उद्योगपतियों को देने का यह विचार रखते हैं ?

**ਸ਼੍ਰੀ ਸਪੀਕਰ** : ਇਸ ਵਾਸਤੇ ਤੁਸੀਂ ਸੈਪਰੇਟ ਕੁਐਸਚਨ ਦੇ ਦਿਓ । This does not relate to that question.

**श्रीमती लक्ष्मी कांता चावला** : अध्यक्ष महोदय, मैंने कोई विवरण नहीं मांगा, कोई गिनती नहीं पूछी मैंने तो सिर्फ यह ही पूछा है कि क्या शहरी क्षेत्रों में भी ऐसी कोई सुविधा देने का सरकार विचार रखती है ?

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਜੇ ਤੁਸੀਂ ਆਗਿਆ ਦਿਓ ਤਾਂ ਕੀ ਮੈਂ ਇਕ ਹੋਰ ਸਪਲੀਮੈਂਟਰੀ ਪੁੱਛ ਸਕਦਾ ਹਾਂ ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਠੀਕ ਹੈ, ਪੁੱਛ ਲਓ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਇਕ ਗੱਲ ਦੀ ਸੀ. ਐਮ. ਸਾਹਿਬ, ਤੋਂ ਹੋਰ ਐਸ਼ੋਰੈਂਸ ਲੈਣੀ ਚਾਹੁੰਦਾ ਹਾਂ ਕਿ ਹਾਲੇ ਗਰਮੀ ਦਾ ਸੀਜ਼ਨ ਪੂਰੀ ਤਰ੍ਹਾਂ ਸ਼ੁਰੂ ਵੀ ਨਹੀਂ ਹੋਇਆ ਔਰ ਹੁਣੇ ਹੀ ਬਿਜ਼ਲੀ ਦੀ ਸ਼ਾਰਟੇਜ ਹੋਣ ਲਗ ਪਈ ਹੈ । ਮਹੀਨੇ ਵਿਚ ਹਫਤਾ ਹਫਤਾ, ਚਾਰ ਚਾਰ ਦਿਨ ਬਿਜਲੀ ਨਹੀਂ ਆ ਰਹੀ । ਕੀ ਇਹ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਜਿੱਥੇ ਇਹਨਾਂ ਨੇ ਟਿਊਬਵੈਲਾਂ ਲਈ ਬਿਜਲੀ ਮੁਆਫ ਕਰ ਦਿੱਤੀ ਹੈ ਉਥੇ ਕੀ ਬਿਜਲੀ ਦੀ ਸਪਲਾਈ ਵੀ ਨਿਰਵਿਘਨ ਦੇਣ ਦੀ ਗਰੰਟੀ ਕੀਤੀ ਜਾਵੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਬਿਜਲੀ ਦੀ ਸਪਲਾਈ ਸਬੰਧੀ ਆਪਣੇ ਅਫਸਰਾਂ ਨਾਲ ਮੀਟਿੰਗ ਕਰ ਚੁੱਕਾ ਹਾਂ ਅਤੇ ਮੈਂ ਉਨ੍ਹਾਂ ਨੂੰ ਹਦਾਇਤ ਕੀਤੀ ਹੈ ਕਿ ਕੋਸ਼ਿਸ਼ ਕਰੋ, ਯਤਨ ਕਰੋ, ਕਿ ਜਿੰਨੀ ਨਿਰਵਿਘਨ ਬਿਜਲੀ ਦਿੱਤੀ ਜਾ ਸਕਦੀ ਹੈ, ਦਿਓ । ਇਸ ਵਿਚ ਅਸੀਂ ਕੋਈ ਕਸਰ ਬਾਕੀ ਨਹੀਂ ਰਹਿਣ ਦਿਆਂਗੇ । ਸਾਡੇ ਵਲੋਂ ਇਸ ਬਾਰੇ ਪਹਿਲਾਂ ਹੀ ਪੂਰਾ ਯਤਨ ਹੋ ਰਿਹਾ ਹੈ । ਮੈਂ ਪਰਸਨਲੀ ਆਪ ਇਸ ਗੱਲ ਨੂੰ ਅਟੈਂਡ ਕਰ ਰਿਹਾ ਹਾਂ ।

**ਸ਼੍ਰੀ ਸੱਤਿਆ ਪਾਲ ਸੈਣੀ** : ਸਪੀਕਰ ਸਾਹਿਬ, ਇਹ ਜਿਹੜਾ ਵਿਸ਼ਾ ਹੈ, ਇਹਦੇ ਵਿਚ ਮੈਂ ਨਿਵੇਦਨ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਨੇ ਜਿਹੜਾ ਕਿਸਾਨਾਂ ਨੂੰ ਟਿਊਬਵੈਲਾਂ ਵਾਸਤੇ ਫਰੀ ਬਿਜਲੀ ਦੇਣ ਦਾ ਨਿਰਣਾ ਲਿਆ ਹੈ ਬੜਾ ਪ੍ਰਸ਼ੰਸਾਯੋਗ ਹੈ । ਕਿਸਾਨ ਹਮੇਸ਼ਾ ਹੀ ਬੜਾ ਪੀੜਤ ਰਿਹਾ ਹੈ । ਕਿਸਾਨ ਇਕ ਉਹ ਵਰਗ ਹੈ ਜਿਹੜਾ ਹਮੇਸ਼ਾ ਹੀ ਬੜਾ ਪੀੜਤ ਰਿਹਾ ਹੈ । ਜੇਕਰ ਸਰਕਾਰ ਨੇ ਕਿਸਾਨ ਨੂੰ ਕੋਈ ਫਾਇਦਾ ਦੇਣ ਦਾ ਕੰਮ ਕੀਤਾ ਹੈ ਤਾਂ ਉਸ ਦੀ ਜ਼ਰੂਰ ਸਰਾਹਨਾ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਪਹਿਲਾਂ ਉਹ ਹਰ ਵਾਰ ਘਾਟੇ ਦਾ ਵਪਾਰ ਕਰਦਾ ਰਿਹਾ ਹੈ । ਮੇਰਾ ਇਸ ਵਿਸ਼ੇ ਤੇ ਨਿਵੇਦਨ ਹੈ ਕਿ ਕਿਸਾਨਾਂ ਨੂੰ ਜਿਹੜੀਆਂ ਸੁਵਿਧਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਉਹਨਾਂ ਵਿਚੋਂ ਇਹ ਇਕ ਸੁਵਿਧਾ ਦਿੱਤੀ ਹੈ । ਜੇਕਰ ਇਸ ਦੇ ਨਾਲ ਹੋਰ ਵਰਗਾਂ ਨੂੰ ਵੀ ਜੋੜਿਆ ਜਾਵੇ ਤਾਂ ਕੋਈ ਅਨਿਆਂ ਨਹੀਂ ਹੋਵੇਗਾ । ਕਿਸਾਨ ਪਹਿਲਾਂ ਬਹੁਤ ਦੁਖੀ ਰਿਹਾ ਹੈ ਉਸ ਨੂੰ ਸਗੋਂ ਹੋਰ ਵੀ ਸੁਵਿਧਾਵਾਂ ਦਿਤੀਆਂ ਜਾਣ । ਉਸ ਨੂੰ ਮਹਿੰਗੇ ਭਾਅ ਚੀਜ਼ਾਂ ਖਰੀਦਣੀਆਂ ਪੈਂਦੀਆਂ ਹਨ । ਜਿਹੜੀ ਇਹ ਪਾਣੀ ਦੀ ਸੁਵਿਧਾ ਦਿੱਤੀ ਹੈ ਇਸ ਨਾਲ ਉਸ ਦੀ ਵਿੱਤੀ ਹਾਲਤ ਜ਼ਰੂਰ ਸੁਧਰੇਗੀ......

**ਸ਼੍ਰੀ ਸਪੀਕਰ** : ਸੈਣੀ ਸਾਹਿਬ, ਤੁਸੀਂ ਕੁਐਸਚਨ ਕਰੋ । ਆਪਨੇ ਤੋ ਲੈਕਚਰ ਕਰਨਾ ਸ਼ੁਰੂ ਕਰ ਦਿਯਾ । ਇਹ ਤਾਂ ਭਾਸ਼ਣ ਦੇ ਮਤਲੇ ਦੀ ਗੱਲ ਆ ਗਈ । ਤੁਸੀਂ ਸਪੈਸੇਫਿਕ ਕੁਐਸਚਨ ਪੁੱਛੋ ।

**ਸ਼੍ਰੀ ਸੱਤਿਆ ਪਾਲ ਸੈਣੀ** : ਸਪੀਕਰ ਸਾਹਿਬ ਮੈਂ ਆਪ ਜੀ ਦੇ ਜਰੀਏ ਇਹ ਪ੍ਰਸ਼ਨ ਕਰਾਂਗਾ ਕਿ ਕਿਸਾਨਾਂ ਨੂੰ ਮਿਲਣ ਵਾਲੀ ਸਹੂਲਤ ਤਾਂ ਠੀਕ ਹੈ ਲੇਕਿਨ

Original with;
Punjab Vidhan Sabha
Digitized by;
Panjab Digital Library

ਇਹਦੇ ਨਾਲ ਹੋਰ ਵਰਗਾਂ ਨੂੰ ਛੱਡਣ ਵਾਲੀ ਤਾਂ ਕੋਈ ਗੱਲ ਨਹੀਂ ? ਕੀ ਮੁੱਖ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਕਿਸੇ ਛੋਟੇ ਕਿਸਾਨ ਨੂੰ ਜਾਂ ਵੱਡੇ ਕਿਸਾਨ ਨੂੰ ਇਸ ਲਾਭ ਤੋਂ ਛੱਡਿਆ ਨਹੀਂ ਜਾਵੇਗਾ ?

**ਸ਼੍ਰੀ ਸਪੀਕਰ :** ਇਹ ਤਾਂ ਉਹੀ ਮੋੜਮ ਵਾਲਾ ਕੁਐਸਚਨ ਆ ਗਿਆ। ਤੁਸੀਂ ਸਪੈਸੇਫਿਕ ਪ੍ਰਸ਼ਨ ਪੁੱਛੋ ਜੇ ਤੁਸੀਂ ਇਹ ਪੁੱਛਣਾ ਚਾਹੁੰਦੇ ਹੋ ਤਾਂ ਸੇਪਰੇਟ ਕੁਐਸਚਨ ਦੇਣਾ ਬਣਦਾ ਹੈ।

**ਚੌਧਰੀ ਜਗਜੀਤ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਫਾਰਮਰਜ਼ ਦੇ ਬਿਜਲੀ ਦੇ ਬਿੱਲ ਮੁਆਫ਼ ਕੀਤੇ ਹਨ ਇਹ ਚੰਗਾ ਕੰਮ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਥਪਿੰਗ) ਲੇਕਿਨ ਮੈਂ ਮੁੱਖ ਮੰਤਰੀ ਜੀ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਪੰਜਾਬ ਵਿੱਚ ਵੀਕਰ ਸੈਕਸ਼ਨ ਦੇ ਹਨ, ਜਿਹੜੇ ਹਾਲੇ ਵੀ (Poverty) ਲਾਈਨ ਤੋਂ ਥੱਲੇ ਹਨ ਔਰ ਜਿਨ੍ਹਾਂ ਦੇ ਘਰਾਂ ਵਿਚ ਇਕ-ਇਕ, ਦੋ-ਦੋ ਬਲਬ ਹਨ, ਕੀ ਸਰਕਾਰ ਉਹਨਾਂ ਦਾ ਬਿੱਲ ਵੀ ਮੁਆਫ ਕਰ ਦੇਵੇਗੀ ?

**ਸ਼੍ਰੀ ਸਪੀਕਰ :** ਇਸ ਲਈ ਸੈਪਰੇਟ ਕੁਐਸਚਨ ਦੀ ਲੋੜ ਹੈ।

**ਚੌਧਰੀ ਜਗਜੀਤ ਸਿੰਘ :** ਸਪੀਕਰ ਸਾਹਿਬ, ਇਹ ਤਾਂ ਨੀਤੀ ਦੀ ਗੱਲ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਦੀ ਨੀਤੀ ਇਸ ਪਾਸੇ ਵੱਲ ਨੂੰ ਹੈ ? ਇਹ ਕੋਈ ਐਸੀ ਗੱਲ ਨਹੀਂ ਹੈ, ਬਾਦਲ ਸਾਹਿਬ ਤਾਂ ਜਵਾਬ ਦਣ ਲਗੇ ਹਨ। ਸਪੀਕਰ ਸਾਹਿਬ, ਇਸ ਦੇ ਵਿਚ ਕੋਈ ਖਾਸ ਗੱਲ ਨਹੀਂ ਹੈ।

**ਸ਼੍ਰੀ ਸਪੀਕਰ :** ਇਸ ਲਈ ਵੀ ਸੈਪਰੇਟ ਕੁਐਸਚਨ ਦੀ ਲੋੜ ਹੈ।

**ਚੌਧਰੀ ਜਗਜੀਤ ਸਿੰਘ :** ਸਪੀਕਰ ਸਾਹਿਬ, ਗੱਲ ਤਾਂ ਸਿਰਫ ਨੀਤੀ ਸਪਸ਼ਟ ਕਰਨ ਦੀ ਹੈ।

---

## ਪ੍ਰਾਈਵੇਟ (ਮਾਨਤਾ ਪ੍ਰਾਪਤ) ਅਧਿਆਪਕ ਯੂਨੀਅਨ ਦੀਆਂ ਮੰਗਾਂ

*1. **ਮਾਸਟਰ ਮੋਹਨ ਲਾਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਦੀ ਪ੍ਰਾਈਵੇਟ (ਮਾਨਤਾ ਪ੍ਰਾਪਤ) ਅਧਿਆਪਕ ਯੂਨੀਅਨ ਨੇ ਆਪਣੀਆਂ ਮੰਗਾਂ ਸਬੰਧੀ ਸਿੱਖਿਆ ਮੰਤਰੀ ਅਤੇ ਮੁੱਖ ਮੰਤਰੀ ਨਾਲ ਕੋਈ ਗੱਲ-ਬਾਤ ਕੀਤੀ ਸੀ ਪ੍ਰੰਤੂ ਗੱਲ-ਬਾਤ ਰਾਜ਼ ਵਿਚ ਹਾਲ ਹੀ ਵਿਚ ਹੋਈਆਂ ਚੋਣਾਂ ਦਾ ਐਲਾਨ ਹੋ ਜਾਣ ਕਾਰਨ ਰੁਕ ਗਈ ਸੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਇਹ ਗੱਲ-ਬਾਤ ਦੁਬਾਰਾ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਹਾਂ ਜੀ। ਪੂਰਵਲੇ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਜੀ ਦੀ ਮਿਤੀ 13-12-96 ਨੂੰ ਰਾਜ ਦੇ ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲਾਂ ਦੇ ਟੀਚਰਾਂ ਦੀ ਯੂਨੀਅਨ ਦੇ ਨੁਮਾਇੰਦਿਆਂ ਨਾਲ ਗੱਲ ਬਾਤ ਹੋਈ ਸੀ।

(ਅ) ਸਰਕਾਰ ਹਮੇਸ਼ਾ ਹੀ ਟੀਚਰ ਯੂਨੀਅਨ ਦੀਆਂ ਹੱਕੀ ਮੰਗਾਂ ਸਬੰਧੀ ਕਿਸੇ ਵੇਲੇ ਵੀ ਗੱਲਬਾਤ ਲਈ ਤਿਆਰ ਹੈ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨਯੋਗ ਲੀਡਰ ਆਫ ਦੀ ਹਾਊਸ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਮਿਤੀ 13-12-1996 ਨੂੰ ਟੀਚਰਜ਼ ਯੂਨੀਅਨ ਦੇ ਲੀਡਰਾਂ ਨਾਲ ਮੀਟਿੰਗ ਹੋਈ ਸੀ, ਉਸ ਦਾ ਕੀ ਨਤੀਜਾ ਨਿਕਲਿਆ ਹੈ। ਉਨ੍ਹਾਂ ਦੀਆਂ ਕਿੰਨੀਆਂ ਮੰਗਾਂ ਸਨ ਅਤੇ ਕਿੰਨੀਆਂ ਮੰਨ ਲਈਆਂ ਗਈਆਂ ਹਨ ਅਤੇ ਕਿੰਨੀਆਂ ਬਾਕੀ ਰਹਿੰਦੀਆਂ ਹਨ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਉਨ੍ਹਾਂ ਦੀਆਂ 20 ਮੰਗਾਂ ਸਨ ਅਤੇ ਉਨ੍ਹਾਂ ਬਾਰੇ ਡਿਸਕਸ਼ਨ ਹੋਈ ਹੈ ਅਤੇ ਕਨਕਲੂਜ਼ਨ ਕੱਢੇ ਸਨ। ਲੇਕਿਨ ਮੈਂ ਸਮਝਦਾ ਹਾਂ ਕਿ ਅਸੀਂ ਛੇਤੀ ਹੀ ਜਦੋਂ ਵੀ ਉਨ੍ਹਾਂ ਦੀਆਂ ਮੰਗਾਂ ਬਾਰੇ ਉਹ ਮੀਟਿੰਗ ਕਰਨ ਦੀ ਮੰਗ ਕਰਨਗੇ, ਅਸੀਂ ਮੀਟਿੰਗ ਕਰਾਂਗੇ ਅਤੇ ਉਨ੍ਹਾਂ ਦੀਆਂ ਮੰਗਾਂ ਤੇ ਵਿਚਾਰ ਕਰਾਂਗੇ ਅਤੇ ਹਮਦਰਦੀ ਭਰੇ ਤਰੀਕੇ ਨਾਲ ਵਿਚਾਰ ਕਰਾਂਗੇ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਲੀਡਰ ਆਫ ਦੀ ਹਾਊਸ ਨੂੰ ਫਿਰ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਛੇਤੀ ਹੀ ਮੰਗਾਂ ਮੰਨ ਲਵਾਂਗੇ ਅਤੇ ਅਸੀਂ ਹਮਦਰਦੀ ਭਰੇ ਤਰੀਕੇ ਨਾਲ ਗੌਰ ਕਰਾਂਗੇ। ਇਹ ਮਾਨਤਾ ਪ੍ਰਾਪਤ ਪ੍ਰਾਈਵੇਟ ਟੀਚਰ ਯੂਨੀਅਨ ਪਿਛਲੇ ਕਈ ਸਾਲਾਂ ਤੋਂ ਮੰਗਾਂ ਕਰ ਰਹੀ ਹੈ। ਮੈਂ ਮੁੱਖ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਕਿਸੇ ਵੇਲੇ ਵੀ ਕਿਉਂ, ਇਸੇ ਵੇਲੇ ਕਿਉਂ ਨਹੀਂ ? ਤੁਸੀਂ ਟਾਈਮ ਬਾਊਂਡ ਕਰੋ ਕਿ ਇਸ ਤਰੀਕ ਤੱਕ ਟੀਚਰਾਂ ਦੀਆਂ ਇੰਨੀਆਂ ਮੰਗਾਂ ਮੰਨ ਲਈਆਂ ਜਾਣਗੀਆਂ ਅਤੇ ਇੰਨੀਆਂ ਮੰਨ ਲਈਆਂ ਗਈਆਂ ਹਨ।

ਸਪੀਕਰ ਸਾਹਿਬ, ਮੈਂ ਇਕ ਹੋਰ ਅਡੀਸ਼ਨ ਕਰ ਦੇਣਾ ਚਾਹੁੰਦਾ ਹਾਂ ਕਿ ਟੀਚਰਾਂ ਨੇ ਬਹੁਤ ਤਸੀਹੇ ਸਹੇ ਹਨ ਅਤੇ ਉਨ੍ਹਾਂ ਨੇ ਤੁਹਾਡੀ ਸਰਕਾਰ ਬਣਨ ਵਾਸਤੇ ਅਰਦਾਸਾਂ ਕੀਤੀਆਂ ਹਨ। ਉਨ੍ਹਾਂ ਦੀਆਂ ਮੰਗਾਂ ਫੌਰੀ ਤੌਰ ਤੇ ਮੰਨ ਲਈਆਂ ਜਾਣੀਆਂ ਚਾਹੀਦੀਆਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਾਨਤਾ ਪ੍ਰਾਪਤ ਪ੍ਰਾਈਵੇਟ ਟੀਚਰ ਯੂਨੀਅਨ ਵਾਲੇ ਕਦੋਂ ਦੇ ਬੋਲ ਰਹੇ ਹਨ, ਤੁਸੀਂ ਇਹ ਜਵਾਬ ਦਿਓ ਕਿ ਉਨ੍ਹਾਂ ਦੀਆਂ ਇੰਨੀਆਂ ਮੰਗਾਂ ਮੰਨ ਲਈਆਂ ਹਨ ਅਤੇ ਇੰਨੀਆਂ ਰਹਿ ਗਈਆਂ ਹਨ। ਉਹ ਇਤਨੀ ਤਰੀਕ ਤੱਕ ਮੰਨ ਲਈਆਂ ਜਾਣਗੀਆਂ।

**ਸ਼੍ਰੀ ਸਪੀਕਰ** : ਤੁਸੀਂ ਕੋਈ ਸਪੈਸੀਫਿਕ ਕੁਐਸਚਨ ਕਰੋ। ਤੁਸੀਂ ਤਾਂ ਲੈਕਚਰ ਹੀ ਕਰਨ ਲਗ ਪਏ ਹੋ।

Original with;
Punjab Vidhan Sabha
Digitized by;
Panjab Digital Library

**ਮਾਸਟਰ ਮੋਹਨ ਲਾਲ** : ਕੁਐਸਚਨ ਮੈਂ ਇਹ ਕਰ ਰਿਹਾ ਹਾਂ ਕਿ ਉਨ੍ਹਾਂ ਦੀਆਂ ਕਿੰਨੀਆਂ ਮੰਗਾਂ ਮੰਨ ਲਈਆਂ ਹਨ ਅਤੇ ਕਿੰਨੀਆਂ ਰਹਿ ਗਈਆਂ ਹਨ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਨੂੰ ਕੀ ਇਤਰਾਜ ਹੈ । ਜਿਸ ਵੇਲੇ ਉਨ੍ਹਾਂ ਦੀ ਰਿਕੁਐਸਟ ਆਏਗੀ, ਮੈਂ ਉਨ੍ਹਾਂ ਨੂੰ ਬੁਲਾ ਲਵਾਂਗਾ । ਜਿਹੜਾ ਆਨਰੇਬਲ ਮੈਂਬਰ ਸਾਹਿਬ ਨੇ ਇਹ ਕਿਹਾ ਹੈ ਕਿ ਉਨ੍ਹਾਂ ਨੇ ਸਾਡੀ ਹਕੂਮਤ ਬਣਨ ਵਾਸਤੇ ਅਰਦਾਸਾਂ ਕੀਤੀਆਂ ਹਨ । ਮੈਂ ਉਨ੍ਹਾਂ ਨੂੰ ਇਹ ਕਹਾਂਗਾ ਕਿ ਉਹ ਇਹ ਵੀ ਅਰਦਾਸ ਕਰਨ ਕਿ ਵਾਹਿਗੁਰੂ ਖਜ਼ਾਨਾ ਵੀ ਭਰ ਦੇਵੇ । (ਥੰਪਿੰਗ)

**ਸ਼੍ਰੀ ਸੱਤਿਆ ਪਾਲ ਸੈਣੀ** : ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਅਧਿਆਪਕਾਂ ਦੀਆਂ ਮੰਗਾਂ ਹਨ, ਇਸ ਦੇ ਵਿਚ ਕਾਲਜਾਂ ਦੇ ਕਰਮਚਾਰੀ ਅਤੇ ਅਧਿਆਪਕ ਵੀ ਹਨ । ਕੀ ਉਨ੍ਹਾਂ ਦੀਆਂ ਮੰਗਾਂ ਨੂੰ ਵੀ ਵਿਚਾਰਿਆ ਜਾ ਰਿਹਾ ਹੈ ? ਉਨ੍ਹਾਂ ਦੀਆਂ ਮੰਗਾਂ ਸਿਧਾਂਤਕ ਤੌਰ ਤੇ ਮੰਨੀਆਂ ਹੋਈਆਂ ਹਨ । ਉਨ੍ਹਾਂ ਨੂੰ ਇੰਪਲੀਮੈਂਟ ਕਰਨ ਵਾਸਤੇ ਹੋਰ ਕਿੰਨੀ ਦੇਰ ਲੱਗੇਗੀ । ਇਨ੍ਹਾਂ ਅਧਿਆਪਕਾਂ ਵਿਚ ਸਾਰੇ ਵਰਗਾਂ ਦੇ ਅਰਥਾਤ ਸਕੂਲਾਂ ਤੇ ਕਾਲਜਾਂ ਦੇ ਅਧਿਆਪਕ ਕਵਰ ਹੋਣਗੇ ਜਾਂ ਕੇਵਲ ਇਕ ਵਰਗ ਦੇ ਅਧਿਆਪਕਾਂ ਦੀਆਂ ਮੰਗਾਂ ਤੇ ਹੀ ਵਿਚਾਰ ਕਰ ਰਹੇ ਹੋ । ਜਿਹੜੀਆਂ ਪਹਿਲਾਂ ਮੰਗਾਂ ਸਿਧਾਂਤਕ ਤੌਰ ਤੇ ਮੰਨੀਆਂ ਹਨ । ਕੀ ਉਨ੍ਹਾਂ ਨੂੰ ਵੀ ਨਾਲ ਹੀ ਵਿਚਾਰਿਆ ਜਾ ਰਿਹਾ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਕਾਲਿਜ ਟੀਚਰਜ਼ ਦਾ ਵਖਰਾ ਸਵਾਲ ਹੈ, ਇਹ ਪਹਿਲਾਂ ਸਕੂਲ ਟੀਚਰਜ਼ ਦਾ ਸੀ । ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਵੱਖਰਾ ਸਵਾਲ ਭੇਜ ਦੇਣ ।

**श्रीमती लक्ष्मी कांता चावला** : अध्यक्ष महोदय, मैं आप जी के माध्यम से मुख्यमंत्री जी से यह प्रश्न पूछना और निवेदन करना चाहती हूं कि उन्होंने स्कूल अध्यापकों के बारे में बात की है, कृपा करके मुख्य मन्त्री जी यह बता दें कि पंजाब के जितने भी प्राईवेट स्कूलों के अध्यापक हैं और कालेजों का जो स्टाफ है, क्या उन सब की मुश्किलों का हल इकट्ठा कर देंगे । मैं मान्यता प्राप्त और पब्लिक स्कूलों की बात नहीं कर रही । मैं गैर मान्यता प्राप्त स्कूलों के बारे में कह रही हूं । क्या मुख्य मन्त्री जी समय-बद्ध करेंगे कि इतने समय में अध्यापकों की मुश्किलें हल कर दी जाएंगी ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਲਦੀ ਤੋਂ ਜਲਦੀ ਹੱਲ ਕਰਨ ਦੀ ਕੋਸ਼ਿਸ਼ ਕਰਾਂਗਾ ।

**ਸ਼੍ਰੀ ਅਰੁਨੇਸ਼ ਕੁਮਾਰ** : ਸਪੀਕਰ ਸਾਹਿਬ, 1996 ਵਿਚ ਮੁਕੇਰੀਆਂ ਵਿਚ ਪ੍ਰਾਈਵੇਟ ਟੀਚਰਜ਼ ਯੂਨੀਅਨ ਨੂੰ ਮਾਰਿਆ ਗਿਆ, ਮੈਂ ਚਸ਼ਮਦੀਦ ਗਵਾਹ ਹਾਂ । ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮੰਗਾਂ 15 ਦਿਨਾਂ ਦੇ ਅੰਦਰ-

Original with;
Punjab Vidhan Sabha
Digitized by;
Panjab Digital Library

[ਸ਼੍ਰੀ ਅਰੁਨੇਸ਼ ਕੁਮਾਰ]

ਅੰਦਰ ਮੰਨੀਆਂ ਜਾਣ । ਸਪੀਕਰ ਸਾਹਿਬ, ਪ੍ਰਾਈਵੇਟ ਸਕੂਲ ਟੀਚਰਜ਼ ਨੂੰ ਕੁੱਟਿਆ ਗਿਆ ਅਤੇ ਉਨ੍ਹਾਂ ਦੇ ਖਿਲਾਫ਼ ਕੇਸ ਵੀ ਦਰਜ਼ ਕੀਤਾ ਗਿਆ ਹੈ, ਕੀ ਉਹ ਕੇਸ ਵਾਪਸ ਲਿਆ ਜਾਵੇਗਾ ?

**ਸ਼੍ਰੀ ਸਪੀਕਰ** : ਇਹ ਕੋਈ ਸਪਲੀਮੈਂਟਰੀ ਨਹੀਂ ਹੈ ਅਤੇ ਨਾ ਹੀ ਇਸ ਦਾ ਇਸ ਸਵਾਲ ਨਾਲ ਕੋਈ ਸਬੰਧ ਹੈ । This is not concerned to this question.

---

## ਥੀਨ ਡੈਮ ਲਈ ਜ਼ਮੀਨ ਦੀ ਪ੍ਰਾਪਤੀ

*2. **ਮਾਸਟਰ ਮੋਹਨ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਥੀਨ ਡੈਮ ਦੀ ਉਸਾਰੀ ਲਈ ਰਾਜ ਸਰਕਾਰ ਦੁਆਰਾ ਕੁੱਲ ਕਿੰਨੇ ਏਕੜ ਜ਼ਮੀਨ ਪ੍ਰਾਪਤ ਕੀਤੀ ਗਈ ਸੀ ਅਤੇ ਵੱਖ-ਵੱਖ ਹਿਮਾਚਲ ਪ੍ਰਦੇਸ਼ ਅਤੇ ਜੰਮੂ ਅਤੇ ਕਸ਼ਮੀਰ ਰਾਜਾਂ ਤੋਂ ਇਸ ਤਰ੍ਹਾਂ ਪ੍ਰਾਪਤ ਕੀਤੀ ਗਈ ਜ਼ਮੀਨ ਦਾ ਅਨੁਪਾਤ ਕੀ ਹੈ ਅਤੇ ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਅਤੇ ਪੰਜਾਬ ਰਾਜਾਂ ਵਿਚ ਸਥਿਤ ਉਕਤ ਜ਼ਮੀਨ ਦੀ ਕੀਮਤ ਕਿੰਨੀ ਸੀ;

(ਅ) ਬੇਦਖਲ ਕੀਤੇ ਗਏ ਵਿਅਕਤੀਆਂ ਨੂੰ ਦਿਤੇ ਗਏ ਮੁਆਵਜ਼ੇ ਦਾ ਵੇਰਵਾ ਕੀ ਹੈ ;

(ੲ) ਕੀ ਡੈਮ ਦੇ ਬੇਦਖਲ ਕੀਤੇ ਗਏ ਵਿਅਕਤੀਆਂ ਦੀ ਭਰਤੀ ਲਈ ਕੋਈ ਨਿਯਮ ਬਣਾਏ ਗਏ ਹਨ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ; ਜੇਕਰ ਨਹੀਂ, ਤਾਂ ਉਸ ਦੇ ਕਾਰਨ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** :

| | | ਪੰਜਾਬ ਰਾਜ | ਜੰਮੂ ਅਤੇ ਕਸ਼ਮੀਰ | ਹਿਮਾਚਲ ਪ੍ਰਦੇਸ਼ | ਕੁੱਲ |
|---|---|---|---|---|---|
| (ੳ) | ਕੁੱਲ ਪ੍ਰਾਪਤ ਕੀਤੀ ਜ਼ਮੀਨ | 8,689 ਏਕੜ | 9,891 ਏਕੜ | ਨਿੱਲ | 18,580 |
| | ਪ੍ਰਤੀਸ਼ਤ | 47% | 53% | ਨਿੱਲ | — |
| | ਜ਼ਮੀਨ ਦੀ ਕੀਮਤ | 8.50 ਕਰੋੜ | 45.00 ਕਰੋੜ | ਨਿੱਲ | 53.50 |
| (ਅ) | ਮੁਆਵਜ਼ਾ ਦਿਤਾ | 8.50 ਕਰੋੜ | 45.00 ਕਰੋੜ | ਨਿੱਲ | 53.50 |
| (ੲ) | ਹਾਂ ਜੀ । | | | | |

Original with;
Punjab Vidhan Sabha
Digitized by;
Panjab Digital Library

ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਜਾੜੇ ਗਏ ਜ਼ਿਮੀਂਦਾਰਾਂ ਦੇ ਹੇਠ ਲਿਖੇ ਕੈਟਾਗਿਰੀ ਦੇ ਹਰ ਪਰਿਵਾਰ ਦੇ ਇਕ ਮੈਂਬਰ ਨੂੰ ਯੋਗਤਾ ਅਨੁਸਾਰ ਉਪਲਬਧ ਆਸਾਮੀਆਂ ਵਰੁੱਧ ਰੋਜ਼ਗਾਰ ਦੇਣ ਲਈ ਪਹਿਲ ਦਿਤੀ ਜਾਵੇਗੀ :—

(1) ਜਿਨ੍ਹਾਂ ਭੌਂ ਮਾਲਕਾਂ ਦੇ ਮਕਾਨ ਅਤੇ 50% ਤੋਂ ਜ਼ਿਆਦਾ ਭੌਂ ਪ੍ਰਾਪਤ ਕੀਤੀ ਗਈ ਹੈ ।

(2) ਜਿਹੜੇ ਬਿਨਾ ਭੌਂ ਮਾਲਕਾਂ ਦੇ ਮਕਾਨ ਪ੍ਰਾਪਤ ਕੀਤੇ ਗਏ ਹਨ ।

(3) ਉਨ੍ਹਾਂ ਰਿਹਾਇਸ਼ੀ ਪਰਿਵਾਰਾਂ ਨੂੰ ਜਿਨ੍ਹਾਂ ਦੀ 75% ਤੋਂ ਜ਼ਿਆਦਾ ਜ਼ਮੀਨ ਲਈ ਗਈ ਹੈ ।

(ਇਸ ਵੇਲੇ ਕਈ ਮੈਂਬਰ ਸਾਹਿਬਾਨ ਦੂਜੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਕਰਨ ਦੀ ਇਜਾਜ਼ਤ ਮੰਗ ਰਹੇ ਸਨ ।)

**ਸ਼੍ਰੀ ਸਪੀਕਰ** : ਮੈਂ ਸਦਨ ਦੇ ਸਾਰੇ ਮੈਂਬਰਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਕਿਸੇ ਮੈਂਬਰ ਨੇ ਵੀ ਕੋਈ ਚੀਜ਼ ਪੁਛਣੀ ਹੈ ਉਹ ਆਪਣੀ ਸੀਟ ਤੇ ਬੈਠ ਕੇ ਪੁੱਛੇ । ਜਿਸ ਤਰ੍ਹਾਂ ਪਹਿਲਾਂ ਇਕ ਮੈਂਬਰ ਸਾਹਿਬ ਨੇ ਸਪਲੀਮੈਂਟਰੀ ਪੁੱਛੀ ਹੈ, ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਕਿਹੜੇ ਮੈਂਬਰ ਸਾਹਿਬਾਨ ਸਪਲੀਮੈਂਟਰੀ ਪੁੱਛਣ ਲਈ ਖੜ੍ਹੇ ਹੋਏ ਹਨ । ਇਸ ਕਰਕੇ ਮੇਰੀ ਪਹਿਲੀ ਬੇਨਤੀ ਹੈ ਕਿ ਆਪ ਆਪਣੀ ਸੀਟ ਤੇ ਹੀ ਕੁਐਸਚਨ ਪੁੱਛੋ । ਦੂਸਰੀ ਗੱਲ ਹੈ ਕਿ ਕੋਈ ਵੀ ਗੱਲ ਹੋਵੇ ਮੇਰੇ ਦੁਆਰਾ ਕਨਵੇਅ ਕਰਨ ਦੀ ਕਸ਼ਿਸ਼ ਕਰੋ ।

**ਮਾਸਟਰ ਮੋਹਨ ਲਾਲ** : ਮਾਨਯੋਗ ਸਪੀਕਰ ਸਾਹਿਬ, ਪੰਜਾਬ ਦੀ ਜ਼ਮੀਨ 8,689 ਏਕੜ ਐਕੁਆਇਰ ਹੋਈ ਹੈ ਅਤੇ ਜੰਮੂ-ਕਸ਼ਮੀਰ ਦੀ ਜ਼ਮੀਨ 9,891 ਏਕੜ ਐਕੁਆਇਰ ਹੋਈ ਹੈ । ਇਸ ਤਰ੍ਹਾਂ ਪੰਜਾਬ ਦੀ 47% ਅਤੇ ਜੰਮੂ-ਕਸ਼ਮੀਰ ਦੀ 53% ਜ਼ਮੀਨ ਐਕੁਆਇਰ ਹੋਈ ਹੈ । ਸਪੀਕਰ ਸਾਹਿਬ, ਜ਼ਰਾ ਧਿਆਨ ਦਿਉ ਕਿ ਪੰਜਾਬ ਦੇ ਮੁਕਾਬਲੇ ਜੰਮੂ-ਕਸ਼ਮੀਰ ਐਕਸਟਰੀਮਲੀ ਪੂਅਰ ਅਤੇ ਬੈਕਵਰਡ ਸਟੇਟ ਹੈ । ਇਸ ਤਰ੍ਹਾਂ ਸਾਡੀ ਪ੍ਰਤੀਸ਼ਤ ਰੇਸ਼ੋ 6 ਪਰਸੈਂਟ ਘੱਟ ਹੈ ਅਤੇ ਡੈਮ ਲਈ ਜ਼ਮੀਨ ਐਕੁਆਇਰ ਕਰਨ ਲਈ ਸਾਡੀ ਸਟੇਟ ਨੂੰ ਸਿਰਫ 8 ਕਰੋੜ 50 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਗਿਆ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਵਿਤਕਰਾ ਕਿਉਂ ਕੀਤਾ ਗਿਆ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਸਵਾਲ ਵਿਚ ਤਾਂ ਮੁਆਵਜ਼ੇ ਦਾ ਜ਼ਿਕਰ ਕੀਤਾ ਗਿਆ ਸੀ, ਉਹ ਮੈਂ ਦੱਸ ਦਿੱਤਾ ਹੈ । ਕਿਉਂਕਿ ਇਹ ਬਹੁਤ ਹੀ ਪੁਰਾਣੀ ਗੱਲ ਹੈ, ਜਦੋਂ ਇਹ ਜ਼ਮੀਨ ਐਕੁਆਇਰ ਹੋਈ ਸੀ, ਇਸ ਲਈ ਇਹ ਇਸ ਸਬੰਧੀ ਸੇਪਰੇਟ ਸਵਾਲ ਕਰ ਦੇਣ ਜਾਂ ਮਿਹਰਬਾਨੀ ਕਰਕੇ ਮੇਰੇ ਕੋਲ ਆ ਜਾਣ, ਮੈਂ ਉਸੇ ਵੇਲੇ ਸਾਰੀ ਇਨਫਰਮੇਸ਼ਨ ਲੈ ਕੇ ਦੇ ਦਿਆਂਗਾ ।

Original with;
Punjab Vidhan Sabha
Digitized by;
Panjab Digital Library

**ਮਾਸਟਰ ਮੋਹਨ ਲਾਲ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਵੀ ਜਾਣਕਾਰੀ ਪ੍ਰਾਪਤ ਕਰਨੀ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਸ਼ੈਕਮ ਸ਼ੁਰੂ ਹੋਇਆਂ 15-16 ਸਾਲ ਹੋ ਗਏ ਹਨ ਪਰ ਹਾਲੇ ਤੱਕ ਕਈ ਆਉਸਟੀਜ਼ ਨੂੰ ਨੌਕਰੀ ਨਹੀਂ ਮਿਲੀ। ਉਨ੍ਹਾਂ ਨੂੰ ਕਦੋਂ ਤੱਕ ਨੌਕਰੀ ਦੇ ਦਿੱਤੀ ਜਾਵੇਗੀ ?

**ਮੁੱਖ ਮੰਤਰੀ** ਸਪੀਕਰ ਸਾਹਿਬ, ਇਹ ਠੀਕ ਹੈ ਕਿ ਅਰਜ਼ੀਆਂ ਮੰਗੀਆਂ ਗਈਆਂ ਸਨ। ਉਨ੍ਹਾਂ ਦੀ ਸਕਰੂਟਨੀ ਕੀਤੀ ਗਈ। 670 ਐਪਲੀਕੈਂਟ ਸਨ ਜਿਨ੍ਹਾਂ ਵਿਚੋਂ 500 ਨੂੰ ਮੁਲਾਜ਼ਮਤ ਮਿਲ ਗਈ ਹੈ, 170 ਪੈਂਡਿੰਗ ਹਨ। ਇਸੇ ਤਰ੍ਹਾਂ ਜੰਮੂ-ਕਸ਼ਮੀਰ ਦੇ 748 ਇਲੀਜੀਬਲ ਕੈਂਡੀਡੇਟ ਸਨ। ਉਨ੍ਹਾਂ ਵਿਚੋਂ 583 ਨੂੰ ਮੁਲਾਜ਼ਮਤ ਮਿਲ ਗਈ ਹੈ, 165 ਬਕਾਇਆ ਹਨ। ਮੈਂ ਇਨ੍ਹਾਂ ਦੇ ਮਹਿਕਮੇ ਵਾਲਿਆਂ ਤੋਂ ਪਤਾ ਕੀਤਾ ਹੈ ਔਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ ਹੱਕ ਬਣਦਾ ਹੈ। ਇਸ ਲਈ ਇਨ੍ਹਾਂ ਨੂੰ ਛੇਤੀ ਤੋਂ ਛੇਤੀ ਐਡਜਸਟ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਉਨ੍ਹਾਂ ਨੂੰ ਨੌਕਰੀ ਦੇਣ ਲਈ ਟਾਈਮ ਬਾਊਂਡ ਕਰ ਦੇਣ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਐਮ.ਐਲ.ਏ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਰਕਾਰਾਂ ਟਾਈਮ ਬਾਊਂਡ ਨਾਲ ਨਹੀਂ ਚਲਦੀਆਂ।

**ਸ਼੍ਰੀ ਸਪੀਕਰ** : ਮੈਂ ਇਕ ਬੇਨਤੀ ਸਾਰੇ ਮੈਂਬਰ ਸਾਹਿਬਾਨ ਨੂੰ ਕਰਦਾ ਹਾਂ ਕਿ ਉਹ ਲੈਕਚਰ ਨਾ ਕੀਤਾ ਕਰਨ ਬਲਕਿ ਕੁਐਸਚਨ ਪੁਛਣ। ਸਿੱਧੇ ਕੁਐਸਚਨ ਪੁਛਣ।

**ਸ਼੍ਰੀ ਸੱਤਿਆਪਾਲ ਸੈਣੀ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੁਝ ਆਉਸਟੀਜ਼ ਜ਼ਮੀਨ ਮਾਲਕਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਤਾਂ ਸਥਾਨ ਮਿਲ ਗਿਆ ਪਰ ਜਿਨ੍ਹਾਂ ਦੀ ਜ਼ਮੀਨ ਨਹੀਂ ਸੀ ਅਤੇ ਜਿਹੜੇ ਦਲਿਤ ਹਨ, ਉਨ੍ਹਾਂ ਨੂੰ ਕਦੋਂ ਤੱਕ ਅਧਿਕਾਰ ਦੇ ਦਿੱਤਾ ਜਾਵੇਗਾ ਅਤੇ ਕੀ ਉਨ੍ਹਾਂ ਉਜੜੇ ਹੋਏ ਪਰਿਵਾਰਾਂ ਅਤੇ ਦਲਿਤਾਂ ਨੂੰ ਵੀ ਆਉਸਟੀਜ਼ ਦਾ ਅਧਿਕਾਰ ਦਿਤਾ ਜਾਵੇਗਾ ?

ਮੇਰੀ ਦੂਸਰੀ ਸਪਲੀਮੈਂਟਰੀ......

**ਸ਼੍ਰੀ ਸਪੀਕਰ** : ਇਕ ਸਮੇਂ ਤੁਸੀਂ ਸਿਰਫ ਇਕ ਹੀ ਕੁਐਸਚਨ ਪੁੱਛ ਸਕਦੇ ਹੋ ?

**ਸ਼੍ਰੀ ਸੱਤਿਆਪਾਲ ਸੈਣੀ** : ਇਹ ਕੁਐਸਚਨ ਵੀ ਇਸ ਦਾ ਹੀ ਭਾਗ ਹੈ।

**ਸ਼੍ਰੀ ਸਪੀਕਰ** : ਪਹਿਲਾਂ ਇਸ ਦਾ ਜਵਾਬ ਲੈ ਲਓ। ਮੁੱਖ ਮੰਤਰੀ ਜੀ, ਮੈਂਬਰ ਸਾਹਿਬ ਨੇ ਪੁੱਛਿਆ ਹੈ ਕਿ ਜਿਹੜੇ ਦਲਿਤ ਲੋਕ ਹਨ ਅਤੇ ਉਜੜ ਗਏ ਹਨ, ਉਨ੍ਹਾਂ ਦੀ ਮਦਦ ਕਰੋਗੇ ਜਾਂ ਨਹੀਂ।

**ਮੁੱਖ ਮੰਤਰੀ** : ਕੰਸਿਡਰ ਕਰ ਲਵਾਂਗੇ। ਮੇਰੇ ਕੋਲ ਇਸ ਵੇਲੇ ਰਿਕਾਰਡ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸੱਤਿਆਪਾਲ ਸੈਣੀ** : ਸਪੀਕਰ ਸਾਹਿਬ, ਮੈਂ ਇਸ ਦਾ ਦੂਸਰਾ ਪਾਰਟ ਪੁੱਛ ਰਿਹਾ ਸੀ ਕਿ ਜਿਹੜੀਆਂ ਜ਼ਮੀਨਾਂ ਉਥੇ ਅਕਵਾਇਰ ਕੀਤੀਆਂ ਗਈਆਂ ਹਨ, ਉਹ ਲੋਕਾਂ ਨਾਲ ਅਨਿਆਇ ਹੋਇਆ ਹੈ । ਜੋ ਅਨਿਆਇ ਪਹਿਲਾਂ ਤੋਂ ਚਲ ਰਿਹਾ ਸੀ, ਕੀ ਇਸ ਪਾਪੂਲਰ ਗੌਰਮਿੰਟ ਦੇ ਵੇਲੇ ਵੀ ਇਹ ਅਨਿਆਇ ਚਲਦਾ ਰਹੇਗਾ ਜਾਂ ਇਸ ਵਿਚ ਕੋਈ ਸੰਸ਼ੋਧਨ ਹੋਏਗਾ ? ਅੱਠ ਹਜ਼ਾਰ ਰੁਪਏ ਇਕ ਏਕੜ ਦਾ ਭਾਅ ਦਿੱਤਾ ਗਿਆ ਹੈ ਅੌਰ ਮੇਰੀ ਸੂਚਨਾ ਅਨੁਸਾਰ 12 ਹਜ਼ਾਰ ਪਰ ਏਕੜ ਤੋਂ ਵੱਧ ਭੁਗਤਾਨ ਨਹੀਂ ਹੋਇਆ । ਜਦੋਂ ਕਿ ਦੂਸਰੇ ਪਾਸੇ ਮਾਰਕੀਟ ਵਿਚ ਜ਼ਮੀਨਾਂ ਦਾ ਭਾਅ ਇਕ ਲੱਖ ਰੁਪਏ ਪ੍ਰਤੀ ਏਕੜ ਸੀ । ਜੋ ਅਨਿਆਇ ਪਿਛਲੀ ਸਰਕਾਰ ਵੇਲੇ ਚਲਦਾ ਰਿਹਾ ਹੈ, ਕਿਆ ਇਸ ਸ਼ਾਨਦਾਰ ਸਰਕਾਰ ਦੇ ਵੇਲੇ ਵੀ ਇਹ ਅਨਿਆਇ ਚਲਦਾ ਰਹੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਠੀਕ ਹੈ, ਪਿਛਲੀ ਸਰਕਾਰ ਨੇ ਇਸ ਵੱਲ ਧਿਆਨ ਨਹੀਂ ਦਿਤਾ ਕਿ ਜੋ ਲੈਂਡ ਦੀ ਐਕੂਜ਼ੀਸ਼ਨ ਹੁੰਦੀ ਹੈ, ਉਸ ਦੀ ਪੂਰੀ ਕੀਮਤ ਦਿਤੀ ਜਾਏ । ਮੈਂ ਤਾਂ ਇਸ ਵਿਚ ਉਜਾੜਾ ਅਲਾਊਂਸ ਵੀ ਦੇਣਾ ਚਾਹੁੰਦਾ ਹਾਂ । (ਥੰਪਿੰਗ) ਇਸ ਦੇ ਵਾਸਤੇ ਸਰਕਾਰ ਲੈਂਡ ਐਕੂ- ਜ਼ੀਸ਼ਨ ਦੇ ਵਿਚ ਨਵੀਂ ਤਬਦੀਲੀ ਲਿਆ ਰਹੀ ਹੈ । ਇਸ ਦੇ ਵਿਚ ਇਕ ਕੁਲੈਕਟਰ ਰੇਟ ਹੁੰਦਾ ਸੀ, ਹੁਣ ਕੁਲੈਕਟਰ ਰੇਟ ਦੀ ਜਗ੍ਹਾ ਮਾਰਕੀਟ ਰੇਟ ਦੇਣ ਦੀ ਕੋਸ਼ਿਸ਼ ਕਰਾਂਗੇ ਔਰ ਇਸ ਸਬੰਧੀ ਮਹਿਕਮੇ ਨੂੰ ਹਦਾਇਤ ਕਰ ਦਿੱਤੀ ਹੈ ਕਿ ਇਸ ਉਪਰ ਪੂਰੀ ਸਕੀਮ ਤਿਆਰ ਕਰਕੇ ਕੈਬਨਿਟ ਕੋਲ ਪੇਸ਼ ਕਰੇ । ਅੱਗੇ ਤੋਂ ਮੈਂ ਕਹਿੰਦਾ ਹਾਂ ਕਿ ਕਿਸੇ ਨੂੰ ਇਸ ਤਰ੍ਹਾਂ ਦੀ ਕੋਈ ਸ਼ਿਕਾਇਤ ਨਹੀਂ ਹੋਏਗੀ ।

——————

### ਉਦਯੋਗਿਕ ਕਾਮਿਆਂ ਦੀਆਂ ਘੱਟ ਤੋਂ ਘੱਟ ਉਜਰਤਾਂ ਦੀ ਸੋਧਣਾ

*4. **ਕਾਮਰੇਡ ਹਰਦੇਵ ਅਰਸ਼ੀ** : ਕੀ ਕਿਰਤ ਅਤੇ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿਚ ਉਦਯੋਗਿਕ ਕਾਮਿਆਂ ਦੀਆਂ ਘੱਟ ਤੋਂ ਘੱਟ ਉਜਰਤਾਂ ਨੂੰ ਸੋਧਣ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧੀ ਹੁਕਮ ਕਦੋਂ ਤੱਕ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਲਈ ਅਪਣਾਈ ਜਾ ਰਹੀ ਕਸੌਟੀ ਕੀ ਹੈ ?

**ਸਰਦਾਰ ਸਰੂਪ ਸਿੰਘ** : ਨਹੀਂ ਜੀ ।

ਸਪੀਕਰ ਸਾਹਿਬ, ਇਹ ਪ੍ਰਸ਼ਨ ਕੰਜ਼ਿਊਮਰ ਇੰਡੈਕਸ ਨਾਲ ਸਬੰਧਤ ਹੈ । ਇਹ ਹਰ ਛੇ ਮਹੀਨੇ ਬਾਅਦ ਰਿਵਾਈਜ਼ ਹੁੰਦਾ ਹੈ । ਪਹਿਲਾਂ ਇਹ 1 ਮਾਰਚ, 1996 ਨੂੰ ਰਿਵਾਈਜ਼ ਹੋਇਆ ਸੀ, ਫਿਰ 1 ਸਤੰਬਰ, 1996 ਨੂੰ । 1 ਸਤੰਬਰ, 1996 ਨੂੰ 1408.30 ਰੁਪਏ ਬਣਦਾ ਸੀ । ਫਿਰ ਲੇਬਰ ਮਨਿਸਟਰੀ ਦੀ ਕਾਨਫਰੰਸ ਵਿਚ ਇਹ ਫੈਸਲਾ ਹੋਇਆ ਸੀ ਕਿ ਇਹ ਇੰਡੈਕਸ ਦੋ ਸਾਲ ਬਾਅਦ ਰੀਵਾਈਜ਼ ਹੋਏਗਾ ਜਾਂ 50 ਪੁਆਇੰਟ ਵਧਣ ਤੇ ਹੋਏਗਾ । ਇਸ ਕਰਕੇ ਅਜੇ ਨਾ ਤਾਂ ਦੋ ਸਾਲ ਹੋਏ ਹਨ ਅਤੇ ਨਾ ਹੀ 50 ਪੁਆਇੰਟ ਵਧੇ ਹਨ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਅਰਸ਼ੀ** : ਸਪਲੀਮੈਂਟਰੀ ਸਰ । ਮਾਨਯੋਗ ਸਪੀਕਰ ਸਾਹਿਬ, ਟੈਕਨੀਕਲੀ ਦੋਵੇਂ ਗੱਲਾਂ ਠੀਕ ਹਨ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੁਲਾਈ, 1995 ਤੋਂ ਬਾਅਦ ਮਹਿੰਗਾਈ ਲਗਾਤਾਰ ਵਧੀ ਹੈ ਔਰ ਸਾਰੀਆਂ ਟਰੇਡ ਯੂਨੀਅਨਜ਼, ਕੋਈ ਇਕ ਯੂਨੀਅਨ ਨਹੀਂ, ਸਾਰੇ ਪੰਜਾਬ ਦੀਆਂ ਟਰੇਡ ਯੂਨੀਅਨਜ਼ ਦੀ ਮੰਗ ਹੈ ਕਿ ਜਿਹੜੇ ਅਨ-ਸਕਿਲਡ ਵਰਕਰ ਹਨ, ਉਨ੍ਹਾਂ ਦੀ ਵੇਜਿਜ਼ 2500/- ਰੁਪਏ ਕੀਤੀ ਜਾਏ । ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਟਰੇਡ ਯੂਨੀਅਨਜ਼ ਦੀ ਮੰਗ ਹੈ ਔਰ ਮਹਿੰਗਾਈ ਵੀ ਪਿਛਲੇ ਡੇਢ ਸਾਲ ਤੋਂ ਲਗਾਤਾਰ ਵਧ ਰਹੀ ਹੈ, ਤਾਂ ਉਨ੍ਹਾਂ ਦੀ ਮੰਗ ਤੇ ਹਮਦਰਦੀ ਨਾਲ ਵਿਚਾਰ ਕਰਨਾ ਚਾਹੀਦਾ ਹੈ ਔਰ ਇਸ ਹਾਊਸ ਵਿਚ ਕੋਈ ਐਸ਼ੋਰੈਂਸ ਦੇਣੀ ਚਾਹੀਦੀ ਹੈ ।

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਨਾ ਤਾਂ ਅਜੇ ਦੋ ਸਾਲ ਹੋਏ ਹਨ, ਅਗਰ ਦੋ ਸਾਲ ਬਾਅਦ ਕੁਐਸਚਨ ਆਏ, ਤਾਂ ਅਸੀਂ ਤੁਹਾਨੂੰ ਐਸ਼ੋਰੈਂਸ ਦੇਵਾਂਗੇ ਔਰ ਨਾ ਹੀ ਅਜੇ 50 ਪੁਆਇੰਟ ਰੇਟ ਵਧੇ ਹਨ । ਮੈਂ ਸਮਝਦਾ ਹਾਂ ਇਸ ਵੇਲੇ ਐਸ਼ੋਰੈਂਸ ਦੇਣੀ ਠੀਕ ਨਹੀਂ । ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਸਾਡੀ ਮਨਿਸਟਰੀ ਹੈ, ਉਸ ਦੇ ਮਨ ਵਿਚ ਲੇਬਰ ਦਾ ਪੂਰਾ ਧਿਆਨ ਹੈ । ਜਦੋਂ ਸਮਾਂ ਆਵੇਗਾ ਤਾਂ ਅਸੀਂ ਇਹ ਵੀ ਦੇਵਾਂਗੇ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮਿਨੀਮਮ ਵੇਜਿਜ਼ ਐਕਟ ਦੇ ਮੁਤਾਬਿਕ ਘੱਟੋ ਘੱਟ ਦੋ ਸਾਲ ਬਾਅਦ ਵੇਜਿਜ਼ ਰੀਵਾਈਜ਼ ਕਰ ਸਕਦੇ ਹਨ ਪਰ ਫਰਦਰ ਇਸ ਦੇ ਵਿਚ ਦੋ ਪ੍ਰੋਵੀਜ਼ਨਜ਼ ਹਨ । ਇਕ ਤਾਂ ਇਹ ਕਿ ਤੁਸੀਂ ਆਪਣੇ ਤੌਰ ਤੇ ਰੀਵਾਈਜ਼ ਕਰਕੇ ਫਿਰ ਇਤਰਾਜ਼ਾਂ ਵਾਸਤੇ ਪਬਲਿਸ਼ ਕਰ ਸਕਦੇ ਹੋ ਔਰ ਦੂਸਰਾ ਤੁਸੀਂ ਲੇਬਰ ਪਾਰਟੀ ਦੇ ਨੁਮਾਇੰਦੇ ਅਤੇ ਮਾਲਕਾਂ ਦੇ ਨੁਮਾਇੰਦੇ ਲੈ ਕੇ ਸਾਂਝੀ ਕਮੇਟੀ ਵਿਚ ਫੈਸਲਾ ਕਰ ਸਕਦੇ ਹੋ । ਜਿਸ ਤਰ੍ਹਾਂ ਵੀ ਕਰਨਾ ਹੋਵੇ 6-7 ਮਹੀਨੇ ਲਗ ਜਾਂਦੇ ਹਨ । ਅਗਰ ਅੱਜ ਤੁਸੀਂ ਅਨਾਊਂਸ ਕਰਕੇ ਇਤਰਾਜ਼ਾਂ ਵਾਸਤੇ ਪਬਲਿਸ਼ ਕਰਦੇ ਹੋ ਤਦ 6 ਮਹੀਨੇ ਦਾ ਸਮਾਂ ਲੱਗ ਜਾਵੇਗਾ । ਸਾਂਝੀ ਕਮੇਟੀ ਬਣਾ ਦੇਵੋਗੇ, ਤਾਂ ਉਸ ਦੇ ਪ੍ਰੋਸੈਸ ਵਿਚ ਵੀ 6 ਮਹੀਨੇ ਦਾ ਸਮਾਂ ਲੱਗ ਜਾਵੇਗਾ । ਸਪੀਕਰ ਸਾਹਿਬ, ਜੁਲਾਈ ਤੱਕ ਦੋ ਸਾਲ ਹੋ ਪੂਰੇ ਜਾਣੇ ਹਨ । ਜੇਕਰ ਤੁਸੀਂ ਇਹ ਪ੍ਰੋਸੈਸ ਜੁਲਾਈ ਵਿਚ ਸ਼ੁਰੂ ਕਰੋਗੇ ਤਾਂ ਇਸ ਤੇ ਕੁਲ ਢਾਈ-ਤਿੰਨ ਸਾਲ ਲਗ ਜਾਣੇ ਹਨ । ਇਨ੍ਹਾਂ ਦੋਨਾਂ ਪ੍ਰੋਵੀਜ਼ਨਾਂ ਦੇ ਵਿਚ ਹਾਊਸ ਨੂੰ ਕੀ ਭਰੋਸਾ ਦਿੰਦੇ ਹੋ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਜੋ ਇਨ੍ਹਾਂ ਨੇ ਕਿਹਾ ਹੈ ਉਸ ਤੇ ਅਸੀਂ ਪੂਰੀ ਤਰ੍ਹਾਂ ਵਿਚਾਰ ਕਰਾਂਗੇ । ਅਸੀਂ ਮੁਲਾਜ਼ਮਾਂ ਦੇ ਨਾਲ ਕੰਟੈਕਟ ਵੀ ਕਰ ਰਹੇ ਹਾਂ ਅਤੇ ਇਸ ਸਬੰਧ ਵਿਚ ਕਈ ਮੀਟਿੰਗਾਂ ਵੀ ਕੀਤੀਆਂ ਹਨ । ਜਦੋਂ ਵੀ ਸਾਨੂੰ ਇਹ ਮਹਿਸੂਸ ਹੋਵੇਗਾ ਕਿ ਉਨ੍ਹਾਂ ਦੀਆਂ ਤਨਖਾਹਾਂ ਘੱਟ ਹਨ ਜਾਂ ਕੋਈ ਉਨ੍ਹਾਂ ਨਾਲ ਇਸ ਤਰ੍ਹਾਂ ਦੀ ਜ਼ਿਆਦਤੀ ਹੁੰਦੀ ਹੈ ਤਾਂ ਅਸੀਂ ਉਨ੍ਹਾਂ ਦੀਆਂ ਤਨਖਾਹਾਂ ਵਧਾ ਦਿਆਂਗੇ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੇਰੀ ਦੂਸਰੀ ਸਪਲੀਮੈਂਟਰੀ ਹੈ ।

Original with;
Punjab Vidhan Sabha
Digitized by;
Panjab Digital Library

**ਇੱਕ ਅਵਾਜ਼** : ਪਹਿਲਾਂ ਦੋ ਸਪਲੀਮੈਂਟਰੀਆਂ ਹੋ ਚੁੱਕੀਆਂ ਹਨ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ ਅਤੇ ਇਹ ਤੁਹਾਡੇ ਅਧਿਕਾਰ ਦੇ ਵਿਚ ਹੈ ਕਿ ਕਿਸ ਨੂੰ ਤੁਸੀਂ ਦੋ ਸਪਲੀਮੈਂਟਰੀਆਂ ਅਲਾਓ ਕਰਨੀਆਂ ਹਨ ਜਾਂ ਕਿਸ ਨੂੰ ਇੱਕ । ਅਸੀਂ ਤੁਹਾਡਾ ਪੂਰਾ ਸਤਿਕਾਰ ਕਰਦੇ ਹਾਂ । ਇਸ ਤਰ੍ਹਾਂ ਕਿਸੇ ਦੂਸਰੇ ਮੈਂਬਰ ਨੂੰ ਇਹ ਨਹੀਂ ਕਹਿਣਾ ਚਾਹੀਦਾ ।

**ਸ਼੍ਰੀ ਸਪੀਕਰ** : ਤੁਸੀਂ ਸਵਾਲ ਪੁੱਛੋ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਇਸ ਦੀਆਂ ਦੋ ਪ੍ਰੋਵਿਜ਼ਨਾਂ ਹਨ ਜਿਸ ਦਾ ਮੈਂ ਪਿੱਛੇ ਜ਼ਿਕਰ ਕਰ ਚੁੱਕਾ ਹਾਂ ਉਨ੍ਹਾਂ ਵਿਚ ਮੈਂ ਨਹੀਂ ਜਾਣਾ ਚਾਹੁੰਦਾ । ਜਦੋਂ ਤੁਸੀਂ ਜੁਲਾਈ ਵਿਚ ਜਾ ਕੇ ਇੰਪਲੀਮੈਂਟ ਕਰਨੀ ਹੈ ਤਾਂ ਇਸ ਤੇ 6–7 ਮਹੀਨੇ ਹੋਰ ਲਗ ਜਾਣੇ ਹਨ । ਜੁਲਾਈ ਵਿਚ ਤੁਹਾਡੇ ਦੋ ਸਾਲ ਪੂਰੇ ਹੁੰਦੇ ਹਨ । ਇਸ ਲਈ ਤੁਸੀਂ ਲੇਬਰ ਵਾਸਤੇ ਇਕ ਕਮੇਟੀ ਬਣਾ ਦਿਉ । ਜੇਕਰ ਤੁਸੀਂ ਜੁਲਾਈ ਵਿਚ ਜਾ ਕੇ ਪ੍ਰਾਸੈਸ ਸ਼ੁਰੂ ਕਰੋਗੇ ਤਾਂ ਇਸ ਤੇ ਕੁੱਲ 3 ਸਾਲ ਲਗ ਜਾਣਗੇ ।

**ਮੰਤਰੀ** : ਇਹ ਕੋਈ ਸਵਾਲ ਤਾਂ ਨਹੀਂ ਬਣਦਾ । ਇਸ ਬਾਰੇ ਅਸੀਂ ਇੰਡਸਟਰੀ ਦੀ ਲੇਬਰ ਕਮੇਟੀ ਨਾਲ ਇਕੱਠੀ ਮੀਟਿੰਗ ਕਰਕੇ ਇਹ ਫੈਸਲਾ ਕਰਾਂਗੇ ਕਿ ਉਨ੍ਹਾਂ ਨੂੰ ਘੱਟ ਤਨਖਾਹ ਤਾਂ ਨਹੀਂ ਮਿਲ ਰਹੀ ।

**Mr. Speaker** : Now the Questions are over.

---

**Chaudhary Jagjit Singh** : Sir......

**Mr. Speaker** : Please sit down. First I am to make some announcements.

## ANNOUNCEMENTS BY THE SPEAKER RE.

### (i) GOVERNOR'S ADDRESS

**Mr. Speaker** : In pursuance of Rule 18 of the Rules of Procedure and Conduct of Business in the Punjab Vidhan Sabha (Punjab Legislative Assembly), I have to report that the Governor was pleased to address the Punjab Vidhan Sabha on the 5th March, 1997 at 11 A.M. under Article 176(1) of the Constitution. A copy of the address is laid on the Table of the House.

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

**ਪੰਜਾਬ ਦੇ ਰਾਜਪਾਲ ਲੈਫਟੀਨੈਂਟ ਜਨਰਲ (ਰਿਟਾਇਰਡ) ਬਖਸ਼ੀ ਕ੍ਰਿਸ਼ਣ ਨਾਥ ਛਿੱਬਰ ਜੀ ਦੁਆਰਾ ਬੁੱਧਵਾਰ, 5 ਮਾਰਚ, 1997 ਨੂੰ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਸਾਹਮਣੇ ਦਿੱਤਾ ਗਿਆ ਭਾਸ਼ਣ।**

ਸ੍ਰੀਮਾਨ ਸਪੀਕਰ ਸਾਹਿਬ ਅਤੇ ਮਾਨਯੋਗ ਮੈਂਬਰ ਸਾਹਿਬਾਨ,

ਮੈਂ ਗਿਆਰਵੀਂ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੇ ਮੌਕੇ ਤੇ ਆਪ ਸਭ ਨੂੰ ਤਹਿ ਦਿਲੋਂ ਜੀ ਆਇਆਂ ਆਖਦਾ ਹਾਂ। ਪੰਜਾਬੀਆਂ ਨੇ ਪਿਛਲੇ ਮਹੀਨੇ ਹੋਈਆਂ ਅਸੈਂਬਲੀ ਚੋਣਾਂ ਵਿਚ ਆਪਣੀਆਂ ਆਸ਼ਾਵਾਂ ਦਾ ਭਰਪੂਰ ਪ੍ਰਗਟਾਵਾ ਕਰਕੇ ਬੇਮਿਸਾਲ ਦੂਰ-ਅੰਦੇਸ਼ੀ ਅਤੇ ਸਿਆਣਪ ਦਾ ਸਬੂਤ ਦਿੱਤਾ ਹੈ। ਇਨ੍ਹਾਂ ਚੋਣਾਂ ਦੌਰਾਨ ਜੋ ਲਾਸਾਨੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਜਿਸ ਬੇਮਿਸਾਲ ਸ਼ਾਂਤੀਪੂਰਣ ਢੰਗ ਨਾਲ ਇਹ ਚੋਣਾਂ ਸਿਰੇ ਚੜ੍ਹੀਆਂ, ਉਸ ਲਈ ਮੈਂ ਸਮੂਹ ਪੰਜਾਬੀਆਂ ਦੀ ਪ੍ਰਸ਼ੰਸਾ ਕਰਦਾ ਹਾਂ। ਮੈਨੂੰ ਬੇਹੱਦ ਖੁਸ਼ੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਆਪਣੇ ਚੋਣ ਮਨੋਰਥ ਦਾ ਆਧਾਰ ਬਣਾ ਕੇ ਇਹ ਚੋਣਾਂ ਲੜੀਆਂ। ਇਸ ਨਾਲ ਪੰਜਾਬ ਵਿਚ ਸਦੀਆਂ ਪੁਰਾਣੀ ਭਾਈਚਾਰਕ ਸਾਂਝ ਹੋਰ ਵੀ ਮਜ਼ਬੂਤ ਹੋਈ ਹੈ। ਮੇਰੀ ਸਰਕਾਰ ਇਸ ਭਾਈਚਾਰਕ ਸਾਂਝ ਨੂੰ ਸਦਾ ਬਣਾਈ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਨੇ ਪੰਜਾਬ ਵਿਚ ਅਮਨ ਅਤੇ ਇਕਸੁਰਤਾ ਨੂੰ ਹਰ ਕੀਮਤ ਤੇ ਕਾਇਮ ਰੱਖਣ ਦਾ ਪੱਕਾ ਨਿਸ਼ਚਾ ਕੀਤਾ ਹੋਇਆ ਹੈ। ਮੈਂ ਸਮੂਹ ਪੰਜਾਬੀਆਂ ਨੂੰ ਇਹ ਅਪੀਲ ਕਰਾਂਗਾ ਕਿ ਉਹ ਸਦੀਵੀ ਅਮਨ ਅਤੇ ਸ਼ਾਂਤੀ ਨੂੰ ਬਣਾਈ ਰੱਖਣ ਲਈ ਹਮੇਸ਼ਾ ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਣ।

2. ਮੇਰੀ ਸਰਕਾਰ ਦਾ ਇਹ ਭਰਪੂਰ ਯਤਨ ਹੋਵੇਗਾ ਕਿ ਉਹ ਸਿਆਸੀ ਜਾਂ ਕਿਸੇ ਵੀ ਹੋਰ ਤਰ੍ਹਾਂ ਦੇ ਟਕਰਾਓ ਵਾਲੇ ਮਾਹੌਲ ਨੂੰ ਪੂਰੀ ਤਰ੍ਹਾਂ ਖਤਮ ਕਰ ਦੇਵੇ। ਪਿਛਲੇ ਸਮੇਂ ਵਿਚ ਪੰਜਾਬ ਦਾ ਮਾਹੌਲ ਇਸ ਤੋਂ ਉਲਟ ਰਿਹਾ ਹੈ। ਇਥੇ ਟਕਰਾਓ ਦੀ ਰਾਜਨੀਤੀ ਨੂੰ ਪਹਿਲ ਦਿਤੀ ਜਾਂਦੀ ਰਹੀ ਹੈ ਅਤੇ ਸਿਆਸੀ ਵਿਰੋਧੀਆਂ ਨਾਲ ਨਿਪਟਣ ਲਈ ਤਾਨਾ-ਸ਼ਾਹੀ ਢੰਗ ਤਰੀਕਿਆਂ ਦੀ ਵਰਤੋਂ ਵੀ ਹੁੰਦੀ ਰਹੀ ਹੈ। ਮੇਰੀ ਸਰਕਾਰ ਸ਼ਹਿਰੀ ਆਜ਼ਾਦੀਆਂ ਦੀ ਰਾਖੀ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਲਈ ਇਕ ਮਨੁੱਖੀ ਅਧਿਕਾਰ ਕਮਿਸ਼ਨ ਕਾਇਮ ਕੀਤੇ ਜਾਣਾ ਵੀ ਮੇਰੀ ਸਰਕਾਰ ਦੇ ਵਿਚਾਰ ਅਧੀਨ ਹੈ।

3. ਮੇਰੀ ਸਰਕਾਰ ਨੇ ਇਕ ਘੱਟੋ-ਘੱਟ ਸਾਂਝਾ ਪ੍ਰੋਗਰਾਮ ਰਾਜ ਦੇ ਲੋਕਾਂ ਨੂੰ ਦਿੱਤਾ ਹੈ। ਇਸ ਪ੍ਰੋਗਰਾਮ ਨੇ ਲੋਕ-ਮਨਾਂ ਨੂੰ ਲੋਕ-ਹਿਤੂ ਹੋਣ ਕਰਕੇ ਛੂਹਿਆ ਹੈ। ਪੰਜਾਬ ਵਿਚ ਭ੍ਰਿਸ਼ਟਾਚਾਰ ਤੋਂ ਮੁਕਤ, ਲੋਕਾਂ ਪ੍ਰਤੀ ਜੁਆਬਦੇਹ ਅਤੇ ਸਾਫ-ਸੁਥਰਾ ਪ੍ਰਸ਼ਾਸਨ ਦੇਣ ਲਈ, ਆਜ਼ਾਦ ਅਤੇ ਭੈਅ-ਮੁਕਤ ਮਾਹੌਲ ਸਿਰਜਣ ਲਈ ਅਤੇ ਕਾਨੂੰਨ ਦਾ ਰਾਜ ਲਾਗੂ ਕਰਨ ਲਈ ਮੇਰੀ ਸਰਕਾਰ ਹਮੇਸ਼ਾ ਯਤਨਸ਼ੀਲ ਰਹੇਗੀ। ਸੱਤਾ ਸੰਭਾਲਦਿਆਂ ਹੀ ਮੇਰੀ ਸਰਕਾਰ ਨੇ ਲੋਕਾਂ ਦੀ ਨਬਜ਼ ਉਤੇ ਹੱਥ ਰੱਖ ਕੇ ਉਨ੍ਹਾਂ ਦੀਆਂ ਔਕੜਾਂ ਅਤੇ ਸਮੱਸਿਆਵਾਂ ਨੂੰ ਮਹਿਸੂਸ ਕਰਕੇ ਕੁਝ ਤਰਜੀਹਾਂ ਮਿੱਥੀਆਂ ਹਨ। ਹਨੇਰੇ ਨੂੰ ਚਾਨਣ ਵਿਚ ਬਦਲਣ ਦਾ ਮੇਰੀ ਸਰਕਾਰ ਦਾ ਦ੍ਰਿੜ੍ਹ ਸੰਕਲਪ ਹੈ ਕਿਉਂਕਿ ਇਸ ਦੀ ਜਿੱਤ ਅਸਲ ਵਿਚ ਲੋਕ ਰਾਜ ਦੀ ਅਤੇ ਲੋਕ-ਹਿੱਤਾਂ ਦੀ ਜਿੱਤ ਹੈ। ਮੇਰੀ ਸਰਕਾਰ ਇਨ੍ਹਾਂ ਲੋਕ-ਰਾਜੀ ਭਾਵਨਾਵਾਂ ਨੂੰ ਅੱਗੇ ਵਧਾਉਣ ਲਈ ਹਮੇਸ਼ਾਂ ਤੱਤਪਰ ਰਹੇਗੀ।

Original with;
Punjab Vidhan Sabha
Digitized by;
Panjab Digital Library

4. ਮੇਰੀ ਸਰਕਾਰ ਦੀ ਇਹ ਮੰਗ ਹੈ ਕਿ ਪੰਜਾਬ ਅਤੇ ਪੰਜਾਬੀਆਂ ਦੀਆਂ ਲੰਮੇ ਅਰਸੇ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਅਤੇ ਮਸਲਿਆ ਦਾ ਸੰਜੀਦਾ ਅਤੇ ਤਸੱਲੀ-ਬਖਸ਼ ਹੱਲ ਕਰਨ ਲਈ, ਕੇਂਦਰ ਵਲੋਂ ਫੌਰੀ ਅਤੇ ਵਿਆਪਕ ਕਦਮ ਚੁੱਕੇ ਜਾਣ। ਮੇਰੀ ਸਰਕਾਰ ਕੇਂਦਰ ਤੋਂ ਮੰਗ ਕਰਦੀ ਹੈ ਕਿ ਚੰਡੀਗੜ੍ਹ ਤੁਰੰਤ ਪੰਜਾਬ ਨੂੰ ਦਿਤਾ ਜਾਵੇ। ਪੰਜਾਬ ਤੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕਿਆਂ ਦੀ ਪੰਜਾਬ ਵਿਚ ਸਮੂਲੀਅਤ, ਦਰਿਆਈ ਪਾਣੀਆਂ ਬਾਰੇ ਪੰਜਾਬ ਦੇ ਦਾਅਵੇ ਦਾ ਰਾਇਪੇਰੀਅਨ ਅਸੂਲਾਂ ਮੁਤਾਬਿਕ ਨਿਪਟਾਰਾ ਅਤੇ 1984 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਵਰਗੇ ਸਭ ਮਸਲਿਆਂ ਦਾ ਤੁਰੰਤ ਹੱਲ ਕੱਢਿਆ ਜਾਵੇ। ਮੇਰੀ ਸਰਕਾਰ ਪੰਜਾਬ ਦੇ ਗੁਆਂਢੀ ਪ੍ਰਾਂਤਾਂ—ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਪ੍ਰਤੀ ਪੂਰੀ ਸਦਭਾਵਨਾ ਰੱਖਦੀ ਹੈ। ਉਹ ਕੇਵਲ ਇਹ ਚਾਹੁੰਦੀ ਹੈ ਕਿ ਪੰਜਾਬ ਅਤੇ ਪੰਜਾਬੀਆਂ ਨਾਲ ਮੁਕੰਮਲ ਇਨਸਾਫ ਕੀਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਗਠਜੋੜ ਨੇ ਚੋਣਾਂ ਦੌਰਾਨ ਆਪਣੇ ਸਾਂਝੇ ਪ੍ਰੋਗਰਾਮ ਵਿਚ ਪੰਜਾਬ ਦੀਆਂ ਮੰਗਾਂ ਦੀ ਤੁਰੰਤ ਪੂਰਤੀ ਦੀ ਮੰਗ ਕੀਤੀ ਸੀ। ਪੰਜਾਬੀਆਂ ਨੇ ਜਿਸ ਉਤਸ਼ਾਹ ਨਾਲ ਇਨ੍ਹਾਂ ਪਾਰਟੀਆਂ ਅਤੇ ਇਨ੍ਹਾਂ ਦੇ ਪ੍ਰੋਗਰਾਮਾਂ ਨੂੰ ਭਰਪੂਰ ਹੁੰਗਾਰਾ ਦਿਤਾ ਅਤੇ ਜਿਸ ਜਬਰਦਸਤ ਫਤਵੇ ਰਾਹੀਂ ਪੰਜਾਬ ਅਤੇ ਪੰਜਾਬੀਆਂ ਨੇ ਆਪਣੇ ਭਵਿੱਖ ਨੂੰ ਇਨ੍ਹਾਂ ਦੇ ਹੱਥਾਂ ਵਿਚ ਸੌਂਪਿਆ, ਉਸ ਤੋਂ ਇਹ ਸਿੱਧ ਹੋ ਗਿਆ ਹੈ ਕਿ ਪੰਜਾਬ ਦੀਆਂ ਮੰਗਾਂ ਸਮੂਹ ਪੰਜਾਬੀਆਂ ਦੀਆਂ ਸਾਂਝੀਆਂ ਮੰਗਾਂ ਹਨ ਅਤੇ ਇਨ੍ਹਾਂ ਨੂੰ ਮੰਨਣ ਵਿਚ ਇੱਕ ਪਲ ਦੀ ਵੀ ਦੇਰੀ ਨਹੀਂ ਕੀਤੀ ਜਾਣੀ ਚਾਹੀਦੀ।

5. ਮੇਰੀ ਸਰਕਾਰ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਪੂਰਨ ਮੁਦੱਈ ਹੈ। ਦੇਸ਼ ਵਿਚ ਸਹੀ ਅਰਥਾਂ ਵਿਚ ਫੈਡਰਲ ਢਾਂਚਾ ਕਾਇਮ ਕਰਨ ਨਾਲ ਹੀ ਪ੍ਰਾਂਤਾਂ ਅਤੇ ਸਮੁੱਚੇ ਦੇਸ਼ ਦਾ ਸਰਵਪੱਖੀ ਵਿਕਾਸ ਅਤੇ ਖੁਸ਼ਹਾਲੀ ਸੰਭਵ ਹੈ। ਮੇਰੀ ਸਰਕਾਰ ਕੇਂਦਰ ਸਰਕਾਰ ਤੋਂ ਇਹ ਮੰਗ ਕਰਦੀ ਹੈ ਕਿ ਵਸੀਲਿਆਂ ਦੀ ਵੰਡ ਦਾ ਸੰਤੁਲਨ ਰਾਜਾਂ ਦੇ ਹੱਖ ਵਿਚ ਕੀਤਾ ਜਾਵੇ, ਧਾਰਾ 356 ਦੇ ਵਿਆਪਕ ਦੁਰਉਪਯੋਗ ਨੂੰ ਰੋਕਣ ਲਈ ਅਸਰਦਾਇਕ ਸੰਵਿਧਾਨਕ ਉਪਰਾਲੇ ਕੀਤੇ ਜਾਣ ਅਤੇ ਪ੍ਰਾਂਤਾਂ ਦੇ ਰਾਜਪਾਲਾਂ ਦੀ ਨਿਯੁਕਤੀ ਸਮੇਂ ਸਬੰਧਤ ਰਾਜ ਸਰਕਾਰਾਂ ਨੂੰ ਪੂਰਨ ਭਰੋਸੇ ਵਿਚ ਲਿਆ ਜਾਏ।

6. ਮੇਰੀ ਸਰਕਾਰ ਕੋਲ ਪੰਜਾਬ ਦੇ ਆਰਥਿਕ ਅਤੇ ਸਮਾਜਿਕ, ਪੇਂਡੂ ਅਤੇ ਸ਼ਹਿਰੀ ਵਿਕਾਸ ਦਾ ਇਕ ਸਮੂਹਿਕ ਸੁਪਨਾ ਹੈ। ਅਸੀਂ ਸੰਤੁਲਿਤ ਪਹੁੰਚ ਅਪਨਾ ਕੇ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਦੀਆਂ ਸਮੱਸਿਆਵਾਂ, ਖਾਸ ਕਰਕੇ ਖੇਤੀਬਾੜੀ ਅਤੇ ਉਦਯੋਗਿਕ ਖੇਤਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਕੇ ਸਮੁੱਚੇ ਪੰਜਾਬ ਦਾ ਵਿਆਪਕ ਵਿਕਾਸ ਕਰਾਂਗੇ।

7. ਭਾਵੇਂ ਮੇਰੀ ਮੌਜੂਦਾ ਸਰਕਾਰ ਨੂੰ ਸੱਤਾ ਸੰਭਾਲਿਆਂ ਸਿਰਫ ਤਿੰਨ ਕੁ ਹਫਤੇ ਹੋਏ ਹਨ, ਫਿਰ ਵੀ ਇਸ ਥੋੜ੍ਹੇ ਸਮੇਂ ਦੌਰਾਨ ਇਸ ਨੇ ਅਹਿਮ ਮੁੱਦਿਆਂ ਉਤੇ ਦਲੇਰਾਨਾ ਅਤੇ ਸਪਸ਼ਟ ਸਟੈਂਡ ਲੈ ਕੇ ਲੋਕਾਂ ਦੇ ਸਹਿਯੋਗ ਨਾਲ ਸਮੁੱਚੇ ਪੰਜਾਬੀਆਂ ਦੇ ਜੀਵਨ ਮਿਆਰ ਨੂੰ ਉਚਾ ਚੁੱਕਣ ਲਈ ਦੂਰ-ਦਰਸ਼ੀ ਪਹੁੰਚ ਦਾ ਸਬੂਤ ਦਿੱਤਾ ਹੈ। ਮੇਰੀ ਸਰਕਾਰ ਦਾ ਇਹ ਯਤਨ ਹੋਵੇਗਾ ਕਿ ਸਮੂਹ ਪੰਜਾਬੀਆਂ ਦਾ ਸਨਮਾਨ ਹਰ ਹੀਲੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਕਾਇਮ ਰੱਖਿਆ ਜਾਵੇ। ਰਾਜ ਦਾ ਸਮੂਹਿਕ ਅਤੇ ਸਰਬਪੱਖੀ ਵਿਕਾਸ ਤਦ ਹੀ ਸੰਭਵ ਹੋ ਸਕਦਾ ਹੈ ਜੇਕਰ ਸੱਚੇ ਅਰਥਾਂ ਵਿਚ ਸਥਾਈ ਸ਼ਾਂਤੀ ਦਾ ਮਾਹੌਲ ਬਣੇ ਅਤੇ ਲੋਕ ਆਪਣੇ ਉਸਾਰੂ ਕਾਰਜ ਬਿਨਾਂ ਕਿਸੇ ਡਰ ਜਾਂ ਭੈ ਦੇ ਕਰ ਸਕਣ। ਮੇਰੀ ਸਰਕਾਰ ਜਾਤ-ਪਾਤ ਅਤੇ ਹੋਰ ਹਰ ਤਰ੍ਹਾਂ ਦੇ ਵਿਤਕਰਿਆਂ ਤੋਂ ਉਪਰ ਉਠ ਕੇ ਸਭ ਲਈ ਖੁਸ਼ਹਾਲੀ ਦਾ ਸੁਨੇਹਾ ਲਿਆਏਗੀ। ਸਹੀ ਅਰਥਾਂ ਵਿੱਚ "ਸਰਬੱਤ ਦੇ ਭਲੇ" ਦੇ ਉਦੇਸ਼ ਉਤੇ ਕੰਮ ਕਰਨਾ ਮੇਰੀ ਸਰਕਾਰ ਦਾ ਪਹਿਲਾ ਫਰਜ਼ ਹੋਵੇਗਾ ਅਤੇ ਉਹ ਕਿਸਾਨਾਂ, ਵਪਾਰੀਆਂ, ਕਰਮਚਾਰੀਆਂ, ਸਨਅਤਕਾਰਾਂ, ਅਨੁਸੂਚਿਤ ਜਾਤੀਆਂ ਅਤੇ ਹੋਰ ਪਛੜੇ ਵਰਗਾਂ ਨੂੰ ਖੁਸ਼ਹਾਲ ਭਵਿੱਖ ਵੱਲ ਲੈ ਜਾਣ ਦਾ ਵਾਇਦਾ ਕਰਦੀ ਹੈ। ਪਿਛਲੇ ਦਿਨੀਂ ਜੋ ਫੈਸਲੇ ਮੇਰੀ ਸਰਕਾਰ ਨੇ ਲਏ ਹਨ, ਉਹ ਇਤਿਹਾਸਕ ਮਹੱਤਤਾ ਹਾਸਲ ਕਰ ਗਏ ਹਨ। ਖੇਤੀਬਾੜੀ ਨੂੰ ਪਰਫੁੱਲਤ ਕਰਨ ਲਈ ਕਿਸਾਨਾਂ ਨੂੰ ਟਿਊਬਵੈਲਾਂ ਲਈ ਬਿਜਲੀ ਅਤੇ ਨਹਿਰੀ ਪਾਣੀ ਮੁਫਤ ਮੁਹੱਈਆ ਕਰਨਾ, ਅਨੁਸੂਚਿਤ ਜਾਤੀਆਂ ਨਾਲ ਸਬੰਧਤ ਭੈਣਾਂ ਅਤੇ ਭਰਾਵਾਂ ਲਈ 60 ਕਰੋੜ ਰੁਪਏ ਦੀ ਲਾਗਤ ਨਾਲ 12,000 ਮਕਾਨ ਬਣਾ ਕੇ ਦੇਣ ਦਾ ਪ੍ਰੋਗਰਾਮ ਸ਼ੁਰੂ ਕਰਨਾ, 22 ਕਰੋੜ ਰੁਪਏ ਦੀ ਲਾਗਤ ਨਾਲ ਬੁਢਾਪਾ ਅਤੇ ਹੋਰ ਪੈਨਸ਼ਨ ਸਕੀਮਾਂ ਦੇ ਚਿਰਾਂ ਤੋਂ ਲਟਕਦੇ ਕੇਸਾਂ ਦਾ 15 ਮਾਰਚ, 1997 ਤਕ ਨਿਪਟਾਰਾ ਕਰਨਾ, ਇਹ ਕੁਝ ਅਜਿਹੇ ਕਦਮ ਹਨ ਜਿਨ੍ਹਾਂ ਨੇ ਸਮੁੱਚੇ ਪੰਜਾਬ ਵਿਚ ਸੰਤੁਸ਼ਟੀ ਦੀ ਇੱਕ ਲਹਿਰ ਪੈਦਾ ਕੀਤੀ ਹੈ।

8. ਵਿਉਪਾਰੀ ਅਤੇ ਉਦਯੋਗਿਕ ਵਰਗ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਸਮੱਸਿਆਵਾਂ ਪ੍ਰਤੀ ਮੇਰੀ ਸਰਕਾਰ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਇਨ੍ਹਾਂ ਨੂੰ ਹੱਲ ਕਰਨ ਲਈ ਛੇਤੀ ਹੀ ਠੋਸ ਕਦਮ ਚੁੱਕਣ ਦੀ ਆਪਣੀ ਵਚਨਬੱਧਤਾ ਦੁਹਰਾਉਂਦੀ ਹੈ।

9. ਮੇਰੀ ਸਰਕਾਰ ਤਹਿਸ-ਨਹਿਸ ਹੋ ਚੁੱਕੇ ਆਰਥਿਕ ਅਤੇ ਸਮਾਜਿਕ ਢਾਂਚੇ ਨੂੰ ਮੁੜ ਸੁਰਜੀਤ ਕਰਨ ਲਈ ਪੂਰੀ ਤਰ੍ਹਾਂ ਸਮਰਪਿਤ ਹੈ ਅਤੇ ਇਸ ਬਾਰੇ ਨਿਰੰਤਰ ਸੋਚ ਵਿਚਾਰ ਕਰ ਰਹੀ ਹੈ। ਮੇਰੀ ਸਰਕਾਰ ਨੇ ਬਿਜਲੀ ਅਤੇ ਸੜਕਾਂ ਦੇ ਖੇਤਰ ਨੂੰ ਤਰਜੀਹ ਦੇ ਕੇ ਅਜਿਹਾ ਢਾਂਚਾ ਤਿਆਰ ਕਰਨ ਦਾ ਪ੍ਰੋਗਰਾਮ ਬਣਾਇਆ ਹੈ ਜਿਸ ਨਾਲ ਰਾਜ ਦੇ ਸਮੁੱਚੇ ਵਿਕਾਸ ਦੀ ਰਫਤਾਰ ਵਿਚ ਵਾਧਾ ਕੀਤਾ ਜਾ ਸਕੇ।

10. ਮੇਰੀ ਸਰਕਾਰ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਲੋਕਾਂ ਤਕ ਖੁਦ ਪਹੁੰਚ ਕਰੇਗੀ। ਉਹ ਲੋਕਾਂ ਨੂੰ ਸਾਫ ਸੁਥਰਾ, ਪੂਰੀ ਤਰ੍ਹਾਂ ਜੁਆਬਦੇਹ ਅਤੇ ਇਨਸਾਫਪੂਰਨ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ। ਪਿਛਲੇ ਦਿਨੀਂ ਇਸ ਸਬੰਧੀ ਕੁਝ ਅਹਿਮ ਕਦਮ ਚੁੱਕੇ ਗਏ ਹਨ। ਇਸ ਸਰਕਾਰ ਦੇ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਸਹਿਯੋਗੀ ਮੰਤਰੀਆਂ ਨੇ ਇਕ ਵਿਲੱਖਣ ਪ੍ਰੋਗਰਾਮ "ਸੰਗਤ ਦਰਸ਼ਨ" ਸ਼ੁਰੂ ਕੀਤਾ ਹੈ ਤਾਂ ਜੋ ਲੋਕਾਂ ਵਿਚ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਸੁਣੀਆਂ ਜਾ ਸਕਣ ਅਤੇ ਬਹੁਤ ਸਾਰੇ ਮਸਲਿਆਂ ਦਾ ਮੌਕੇ ਉਤੇ ਹੀ ਨਿਪਟਾਰਾ ਕੀਤਾ ਜਾ ਸਕੇ।

11. ਮੈਨੂੰ ਇਹ ਦੱਸਣ ਵਿਚ ਖੁਸ਼ੀ ਹੋ ਰਹੀ ਹੈ ਕਿ ਮੇਰੀ ਨਵੀਂ ਬਣੀ ਸਰਕਾਰ ਨੇ ਰਾਜ ਦੇ ਵਿਕਾਸ ਲਈ ਬਲਾਕ ਪੱਧਰ ਦੀ ਯੋਜਨਾਬੰਦੀ ਕਰਕੇ ਬਲਾਕਾਂ ਦਾ ਪੜਾਅ-

Original with;
Punjab Vidhan Sabha
Digitized by;
Panjab Digital Library

ਵਾਰ ਵਿਕਾਸ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ । ਪੇਂਡੂ ਵਿਕਾਸ ਨੂੰ ਸੁਦ੍ਰਿੜ ਕਰਨ ਲਈ ਫੋਕਲ ਪੁਆਇੰਟ ਸਕੀਮ ਨੂੰ ਮੁੜ ਤੋਂ ਮੁੱਖ ਧੁਰਾ ਬਣਾਇਆ ਜਾਵੇਗਾ । ਇਸ ਸਮੁੱਚੀ ਯੋਜਨਾਬੰਦੀ ਦਾ ਕੰਮ ਰਾਜ ਦੇ ਸਬੰਧਤ ਵਿਭਾਗਾਂ, ਯੂਨੀਵਰਸਿਟੀਆਂ ਅਤੇ ਇਸ ਖੇਤਰ ਵਿੱਚ ਕੰਮ ਕਰ ਰਹੀਆਂ ਹੋਰ ਸੰਸਥਾਵਾਂ ਨੂੰ ਸੌਂਪ ਕੇ ਸਮਾਂ ਬੱਧ ਕੀਤਾ ਜਾਵੇਗਾ ।

12. ਵਿੱਦਿਆ ਦੇ ਮਿਆਰ ਨੂੰ ਹੋਰ ਉਸਾਰੂ ਲੀਹਾਂ ਤੇ ਲੈ ਜਾਣ ਲਈ ਮੇਰੀ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਹਰ ਬਲਾਕ ਪੱਧਰ ਉਤੇ ਆਦਰਸ਼ ਸਕੂਲ ਖੋਲ੍ਹੇ ਜਾਣ ਜਿਨ੍ਹਾਂ ਵਿੱਚ ਕਿੱਤਾ ਮੁੱਖੀ ਪੜ੍ਹਾਈ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ । ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸਰਕਾਰ ਨੇ ਇਕ ਉਚ ਪੱਧਰੀ ਕਮੇਟੀ ਬਣਾ ਕੇ ਦੇਸ਼ ਅਤੇ ਵਿਦੇਸ਼ ਦੀਆਂ ਸਿਰਕੱਢ ਸਿੱਖਿਆ ਸੰਸਥਾਵਾਂ ਦਾ ਸਰਵੇਖਣ ਕਰਵਾਉਣ ਦਾ ਫੈਸਲਾ ਕੀਤਾ ਹੈ ।

13. ਮੇਰੀ ਸਰਕਾਰ ਨੌਜਵਾਨਾਂ ਦੀ ਸ਼ਕਤੀ ਨੂੰ ਸਹੀ ਦਿਸ਼ਾ ਵੱਲ ਕੇਂਦਰਤ ਕਰਨ ਵੱਲ ਵਿਸ਼ੇਸ਼ ਧਿਆਨ ਦੇਵੇਗੀ । ਇਸ ਮੰਤਵ ਲਈ ਇੱਕ ਵਿਆਪਕ ਨੀਤੀ ਤਿਆਰ ਕੀਤੀ ਜਾ ਰਹੀ ਹੈ ਜਿਸ ਅਧੀਨ ਨੌਜਵਾਨਾਂ ਲਈ ਲਾਹੇਵੰਦ ਰੋਜ਼ਗਾਰ ਦੇ ਸਾਧਨ ਮੁਹੱਈਆ ਕਰਵਾਉਣਾ ਅਤੇ ਉਨ੍ਹਾਂ ਦੀ ਸ਼ਕਤੀ ਨੂੰ ਉਸਾਰੂ ਕੰਮਾਂ ਵਿਚ ਲਗਾਉਣਾ ਸਭ ਤੋਂ ਪਹਿਲੀ ਤਰਜੀਹ ਹੋਵੇਗੀ । ਨੌਜਵਾਨਾਂ ਵਿਚ ਵਧ ਰਹੀ ਨਸ਼ਿਆਂ ਦੀ ਪਰਵਿਰਤੀ ਨੂੰ ਰੋਕਣ ਲਈ ਵਿਸ਼ੇਸ਼ ਕਦਮ ਚੁੱਕੇ ਜਾਣਗੇ ।

14. ਪਿਛਲੇ ਦਹਾਕਿਆਂ ਦੌਰਾਨ ਪੰਜਾਬ ਇਕ ਅਕਹਿ ਸੰਤਾਪ ਵਿਚੋਂ ਗੁਜ਼ਰਿਆ ਹੈ । ਇਸ ਦੇ ਪਿੰਡੇ ਤੇ ਗਹਿਰੇ ਜ਼ਖਮ ਲੱਗੇ ਹਨ । ਹਰ ਵਰਗ ਦੇ ਪੰਜਾਬੀਆਂ ਨੇ ਇਸ ਦਰਦ ਨੂੰ ਕਿਸੇ ਨਾ ਕਿਸੇ ਪੱਧਰ ਤੇ ਜ਼ਰੂਰ ਹੰਢਾਇਆ ਹੈ । ਹਾਲੇ ਵੀ ਬਹੁਤ ਸਾਰੇ ਪੰਜਾਬੀ ਅਜਿਹੇ ਜ਼ਖਮਾਂ ਦੀ ਪੀੜ ਵਿਚੋਂ ਗੁਜ਼ਰ ਰਹੇ ਹਨ । ਮੇਰੀ ਸਰਕਾਰ ਇਹ ਆਪਣਾ ਨੈਤਿਕ ਫਰਜ਼ ਸਮਝਦੀ ਹੈ ਕਿ ਇਨ੍ਹਾਂ ਜ਼ਖਮਾਂ ਉਤੇ ਮਰਹੱਮ ਲਗਾਈ ਜਾਵੇ ।

**ਯੋਜਨਾਬੰਦੀ**

15. ਸਾਲ 1996-97 ਅੱਠਵੀਂ ਪੰਜ ਸਾਲਾ ਯੋਜਨਾ ਦਾ ਅੰਤਿਮ ਵਰ੍ਹਾ ਹੈ, ਜਿਸ ਵਿਚ ਵਿਕਾਸ ਕਾਰਜਾਂ ਤੇ 6,239.43 ਕਰੋੜ ਰੁਪਏ ਤੋਂ ਵੱਧ ਖਰਚ ਆਉਣ ਦੀ ਸੰਭਾਵਨਾ ਹੈ । ਇਸ ਯੋਜਨਾ ਦੌਰਾਨ 3,232.45 ਕਰੋੜ ਰੁਪਏ ਪਹਿਲਾਂ ਹੀ ਸਿੰਜਾਈ ਅਤੇ ਬਿਜਲੀ ਲਈ ਖਰਚ ਕੀਤੇ ਜਾ ਚੁੱਕੇ ਹਨ । ਨੌਵੀਂ ਪੰਜ ਸਾਲਾ ਯੋਜਨਾ (1997—2002) ਦੌਰਾਨ ਮੁੱਖ ਜ਼ੋਰ ਰਾਜ ਦੇ ਲੋਕਾਂ ਦੀ ਜੀਅ ਪ੍ਰਤੀ ਆਮਦਨ ਅਤੇ ਜੀਵਨ ਪੱਧਰ ਵਿਚ ਵਧੇਰੇ ਸੁਧਾਰ ਕਰਨ ਅਤੇ ਸਰਬਪੱਖੀ ਵਿਕਾਸ ਕਰਨ ਤੇ ਦਿੱਤਾ ਜਾਵੇਗਾ । ਖੇਤੀਬਾੜੀ ਅਤੇ ਦਿਹਾਤੀ ਵਿਕਾਸ ਖਾਸ ਤੌਰ ਤੇ ਖੇਤੀ ਸਨਅੱਤਾਂ ਅਤੇ ਖੇਤੀ ਪੈਦਾਵਾਰ ਏਜੰਡੇ ਦੇ ਮੁੱਖ ਮੁੱਦੇ ਹੋਣਗੇ । ਵਧੀਆ ਬੁਨਿਆਦੀ ਢਾਂਚਾ ਮੁਹੱਈਆ ਕਰਨ ਦੇ ਨਾਲ ਨਾਲ ਨਵੀਆਂ ਸਨਅੱਤਾਂ ਦੀ ਤਰੱਕੀ ਨੂੰ ਉਤਸ਼ਾਹਤ ਕੀਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਨੌਵੀਂ ਯੋਜਨਾ ਵਿਚ ਰੋਜ਼ਗਾਰ ਵਿਚ ਵਾਧਾ ਕਰਨ, ਘੱਟੋ ਘੱਟ ਬੁਨਿਆਦੀ ਸੇਵਾਵਾਂ ਮੁਹਈਆ ਕਰਾਉਣ ਅਤੇ ਲੋਕਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਤੇ ਜ਼ੋਰ ਦਿੱਤਾ ਜਾਵੇਗਾ ।

16. ਸਰਕਾਰੀ ਸਕੀਮਾਂ ਅਤੇ ਸੇਵਾਵਾਂ ਨੂੰ ਲਾਗੂ ਕਰਨ ਦੇ ਢੰਗ ਵਿਚ ਸੁਧਾਰ ਕਰਨ ਲਈ ਜ਼ੋਰਦਾਰ ਉਪਰਾਲੇ ਕੀਤੇ ਜਾਣਗੇ । ਆਰਥਿਕ ਵਿਕਾਸ ਦੀ ਕਾਰਜਵਿਧੀ ਨੂੰ ਪ੍ਰਤੱਖ ਤੌਰ ਤੇ ਤੇਜ਼ ਕਰਨ ਲਈ ਉਪਰਾਲੇ ਕੀਤੇ ਜਾਣਗੇ । ਮੁੱਢਲੇ ਪੱਧਰ ਉਤੇ ਮਾਇਕਰੋ-ਪੱਧਰ ਦੀ ਯੋਜਨਾਬੰਦੀ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤੀ ਜਾਵੇਗੀ ਅਤੇ ਹਰੇਕ ਬਲਾਕ ਲਈ ਆਦਰਸ਼ ਵਿਕਾਸ ਯੋਜਨਾ ਤਿਆਰ ਕੀਤੀ ਜਾਵੇਗੀ ਤਾਂ ਜੋ ਯੋਜਨਾ-ਬੱਧ ਲੀਹਾਂ ਤੇ ਸਮੁੱਚਾ ਵਿਕਾਸ ਕੀਤਾ ਜਾ ਸਕੇ । ਇਹ ਸੰਵਿਧਾਨ ਦੀ 74ਵੀਂ ਸੋਧ ਅਧੀਨ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਬਨਾਉਣ ਦੇ ਇਲਾਵਾ ਹੋਵੇਗੀ ਜੋ ਵਿਕਾਸ ਸਕੀਮਾ ਨੂੰ ਲਾਗੂ ਕਰਨ ਵਿਚ ਵਿਕੇਂਦ੍ਰਿਤ ਯੋਜਨਾਬੰਦੀ ਨੂੰ ਉਤਸ਼ਾਹ ਦੇਵੇਗਾ ।

ਵਿੱਤ

17. ਨਵੀਂ ਸਰਕਾਰ, ਜਿਸ ਨੇ ਫਰਵਰੀ, 1997 ਵਿਚ ਕਾਰਜ-ਭਾਰ ਸੰਭਾਲਿਆ ਹੈ, ਰਾਜ ਦੇ ਸ਼ਹਿਰੀ ਤੇ ਦਿਹਾਤੀ ਗਰੀਬ ਲੋਕਾਂ ਦੇ ਜੀਵਨ ਪੱਧਰ ਵਿਚ ਨਿੱਗਰ ਸੁਧਾਰ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ । ਇਸ ਮੰਤਵ ਨੂੰ ਪੂਰਾ ਕਰਨ ਲਈ ਮੇਰੀ ਸਰਕਾਰ ਕਾਰਜ-ਵਿਧੀਆਂ ਨੂੰ ਨਿਯਮਬੱਧ ਕਰਕੇ ਵਧੇਰੇ ਵਸੀਲੇ ਜੁਟਾਏਗੀ ਅਤੇ ਵੱਖ ਵੱਖ ਕਰਾਂ ਅਤੇ ਡਿਊਟੀਆਂ ਦੀ ਉਗਰਾਹੀ ਵਿਚ ਪਾਰਦਰਸ਼ਤਾ ਲਿਆਵੇਗੀ । ਸਾਲ 1997-98 ਦੌਰਾਨ ਇਕ ਆਨ-ਲਾਈਨ ਲਾਟਰੀ ਸਿਸਟਮ ਸ਼ੁਰੂ ਕੀਤਾ ਜਾਵੇਗਾ, ਜਿਸ ਨਾਲ 100 ਕਰੋੜ ਰੁਪਏ ਤੋਂ ਵੱਧ ਦੀ ਆਮਦਨ ਹੋਵੇਗੀ । ਲੋਕਾਂ ਦੀ ਸ਼ਮੂਲੀਅਤ ਸਦਕਾ ਛੋਟੀ ਬੱਚਤ ਦੀਆਂ ਸਕੀਮਾਂ ਵਿਚ ਧਨ ਲਾਉਣ ਵਿਚ ਵੀ ਵਾਧਾ ਹੋਵੇਗਾ । ਇਹ ਆਸ ਕੀਤੀ ਜਾਂਦੀ ਹੈ ਕਿ ਸਾਲ 1996-97 ਦੌਰਾਨ ਛੋਟੀਆਂ ਬੱਚਤਾਂ ਵਿਚ ਜਮ੍ਹਾਂ ਰਕਮਾਂ ਤੋਂ 850 ਕਰੋੜ ਰੁਪਏ ਦੀ ਰਕਮ ਪ੍ਰਾਪਤ ਹੋ ਸਕੇਗੀ ਅਤੇ ਜੇਕਰ ਇਹ ਰੁਝਾਨ ਕਾਇਮ ਰਹਿੰਦਾ ਹੈ ਤਾਂ ਅਗਲੇ ਸਾਲ ਇਹ ਟੀਚਾ 1,100 ਕਰੋੜ ਰੁਪਏ ਹੋ ਜਾਵੇਗਾ, ਜਿਸ ਦੇ ਸਿੱਟੇ ਵਜੋਂ ਭਾਰਤ ਸਰਕਾਰ ਤੋਂ ਰਾਜ ਸਰਕਾਰ ਨੂੰ 800 ਕਰੋੜ ਰੁਪਏ ਦਾ ਕਰਜ਼ਾ ਮਿਲ ਸਕੇਗਾ ।

**ਖੇਤੀ**ਬਾੜੀ

18. ਖੇਤੀਬਾੜੀ ਅਤੇ ਸਬੰਧਤ ਸੈਕਟਰ ਸਾਡੀ ਆਰਥਿਕਤਾ ਦੇ ਮੁੱਖ ਆਧਾਰ ਹਨ । ਪਿਛਲੇ ਸਾਲਾਂ ਦੀ ਤਰ੍ਹਾਂ ਸਾਲ 1996-97 ਵਿਚ ਪੰਜਾਬ ਨੇ ਦੇਸ਼ ਦੇ ਅੰਨ-ਭੰਡਾਰ ਵਿਚ ਸਭ ਤੋਂ ਵੱਧ ਹਿੱਸਾ ਪਾਇਆ ਹੈ । ਪੰਜਾਬ ਨੂੰ ਲਗਾਤਾਰ ਚੌਥੇ ਸਾਲ ਲਈ ਖੇਤੀਬਾੜੀ ਵਿਸਤਾਰ ਵਿਚ ਸ਼ਾਨਦਾਰ ਕਾਰਗੁਜ਼ਾਰੀ ਵਾਸਤੇ ਸਰਵੋਤਮ ਉਤਪਾਦਨ ਪੁਰਸਕਾਰ ਦਿੱਤਾ ਗਿਆ ਹੈ । 1996-97 ਦੌਰਾਨ ਚਾਵਲ ਦੀ ਪੈਦਾਵਾਰ 74.45 ਲੱਖ ਟਨ ਸੀ ਅਤੇ ਕਣਕ, ਗੰਨੇ ਅਤੇ ਕਪਾਹ ਦਾ ਉਤਪਾਦਨ ਕ੍ਰਮਵਾਰ 128.00 ਲੱਖ

Original with;
Punjab Vidhan Sabha
Digitized by;
Panjab Digital Library

ਟਨ, 95.40 ਲੱਖ ਟਨ ਅਤੇ 18.89 ਲੱਖ ਗੰਢਾਂ ਹੋਣ ਦੀ ਸੰਭਾਵਨਾ ਸੀ । ਸਾਲ 1997-98 ਦੌਰਾਨ ਚਾਵਲ, ਕਣਕ, ਗੰਨਾ ਅਤੇ ਕਪਾਹ ਦਾ ਉਤਪਾਦਨ ਕ੍ਰਮਵਾਰ 72.00 ਲੱਖ ਟਨ, 128.00 ਲੱਖ ਟਨ, 90.00 ਲੱਖ ਟਨ ਅਤੇ 22.00 ਲੱਖ ਗੰਢਾਂ ਕਰਨ ਦਾ ਟੀਚਾ ਮਿਥਿਆ ਗਿਆ ਹੈ ।

19. ਕਣਕ ਤੋਂ ਬਾਅਦ ਚਾਵਲ ਅਤੇ ਚਾਵਲ ਤੋਂ ਬਾਅਦ ਫਿਰ ਕਣਕ ਬੀਜਣ ਨਾਲ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਉਤੇ ਵਿਚਾਰ ਕਰਦੇ ਹੋਏ ਫ਼ਸਲਾਂ ਵਿਚ ਵੰਨ-ਸੁਵੰਨਤਾ ਲਿਆਉਣ ਲਈ ਅਹਿਮ ਯਤਨ ਕੀਤੇ ਗਏ ਹਨ । ਗੰਨੇ ਦੀ ਕਾਸ਼ਤ ਵਾਲੇ ਰਕਬੇ ਵਿਚ ਚੋਖਾ ਵਾਧਾ ਕੀਤਾ ਗਿਆ ਹੈ ਅਤੇ ਮਿਰਚਾਂ, ਟਮਾਟਰ ਤੇ ਆਲੂਆਂ ਦੀ ਪੈਦਾਵਾਰ ਵਧਾਉਣ ਲਈ ਕੰਮ ਜਾਰੀ ਹੈ ਤਾਂ ਜੋ ਵੰਨ-ਸੁਵੰਨੀਆਂ ਫਸਲਾਂ ਬੀਜਣ ਵੱਲ ਕਿਸਾਨਾਂ ਦੀ ਰੁਚੀ ਵਧਾਈ ਜਾ ਸਕੇ । ਸ਼ਹਿਦ ਦੇ ਉਤਪਾਦਨ ਵਿਚ ਵੀ ਤੇਜ਼ੀ ਆਈ ਹੈ । ਮੱਖੀ-ਪਾਲਣ ਕੇਂਦਰ ਖੋਲ੍ਹੇ ਜਾ ਰਹੇ ਹਨ ਅਤੇ ਸ਼ਹਿਦ ਦੇ ਮੱਖੀ-ਪਾਲਕਾਂ ਨੂੰ ਸਬਸਿਡੀ ਦੇਣ ਦੀ ਸਕੀਮ ਸੰਗਠਿਤ ਪ੍ਰਾਜੈਕਟ ਰਾਹੀਂ ਸ਼ੁਰੂ ਕੀਤੀ ਗਈ ਹੈ ਜੋ ਉਤਪਾਦਨ ਤੋਂ ਲੈ ਕੇ ਬਰਾਮਦ ਤਕ ਦੇ ਸਾਰੇ ਪੱਖਾਂ ਨੂੰ ਕਵਰ ਕਰਦਾ ਹੈ । ਵੰਨ-ਸੁਵੰਨੀਆਂ ਫ਼ਸਲਾਂ ਬੀਜਣ ਤੇ ਜ਼ੋਰ ਦੇਣ ਦੇ ਨਾਲ ਖ਼ਾਸ ਕਰਕੇ ਕਣਕ, ਚਾਵਲ ਅਤੇ ਕਪਾਹ ਵਰਗੀਆਂ ਰਵਾਇਤੀ ਫ਼ਸਲਾਂ ਸਬੰਧੀ ਸਮੱਸਿਆਵਾਂ ਨੂੰ ਵੀ ਅਣਗੌਲਿਆ ਨਹੀਂ ਗਿਆ । ਬੀਜਾਂ ਦੀਆਂ ਨਵੀਆਂ ਅਤੇ ਪੈਦਾਵਾਰ ਵਧਾਉਣ ਵਾਲੀਆਂ ਕਿਸਮਾਂ ਨੂੰ ਉਤਸ਼ਾਹ ਦਿੱਤਾ ਜਾ ਰਿਹਾ ਹੈ ।

20. ਪੰਜਾਬ ਨੂੰ ਭੂਮੀ ਤੇ ਪਾਣੀ ਦੇ ਖਰਾਬ ਹੋਣ ਦੀਆਂ ਸਮੱਸਿਆਵਾਂ ਬਾਰੇ ਧਿਆਨ ਦੇਣਾ ਪੈਣਾ ਹੈ । ਸਾਲ 1996-97 ਦੌਰਾਨ ਹਰੀ ਖਾਦ ਅਧੀਨ 2 ਲੱਖ ਹੈਕਟੇਅਰ ਰਕਬਾ ਲਿਆਉਣ ਦੀ ਤਜਵੀਜ਼ ਹੈ । ਜਲ ਸੰਭਾਲ ਲਈ ਵਧੇਰੇ ਸਬਸਿਡੀ ਦੇ ਕੇ ਡਰਿੱਪ ਅਤੇ ਮਾਈਕਰੋ ਸਪਰਿੰਕਲਰਜ਼ ਦੀ ਵਰਤੋਂ ਸ਼ੁਰੂ ਕੀਤੀ ਜਾ ਰਹੀ ਹੈ । ਇਸ ਤੋਂ ਇਲਾਵਾ ਜਲ-ਸਿੰਜਾਈ ਟੈਂਕ, ਮੱਕੋਵਾਲ ਕਿਸਮ ਦੇ ਢਾਂਚੇ ਅਤੇ ਜ਼ਮੀਨਦੋਜ਼ ਸਿੰਜਾਈ ਨਾਲਿਆਂ ਦੀਆਂ ਸਕੀਮਾਂ ਰਾਹੀ ਕੰਢੀ ਖੇਤਰ ਅਤੇ ਦੱਖਣ-ਪੱਛਮੀ ਪੰਜਾਬ ਵਿਚ ਸਿੰਜਾਈ ਸਹੂਲਤਾਂ ਨੂੰ ਵੱਧ ਤੋਂ ਵੱਧ ਵਰਤੋਂ ਵਿਚ ਲਿਆਉਣ ਲਈ ਪ੍ਰਾਜੈਕਟ ਹੱਥ ਵਿਚ ਲਏ ਗਏ ਹਨ । ਤਕਰੀਬਨ 8,000 ਹੈਕਟੇਅਰ ਭੂਮੀ ਨੂੰ ਸਤਹੀ ਅਤੇ ਸਪਰਿੰਗ ਵਾਟਰ ਦੁਆਰਾ ਸਿੰਜਾਈ ਅਧੀਨ ਲਿਆਂਦਾ ਗਿਆ ਹੈ ।

21. ਮੰਡੀ ਬੋਰਡ ਅਤੇ ਦਿਹਾਤੀ ਵਿਕਾਸ ਫੰਡ ਵੀ ਦਿਹਾਤੀ ਲਿੰਕ ਸੜਕਾਂ ਦੇ ਨਵੇਂ ਕੰਮਾਂ ਦੀ ਸੰਭਾਲ ਵਿਚ ਸਹਾਇਤਾ ਕਰ ਰਿਹਾ ਹੈ । ਇਸ ਮੰਤਵ ਲਈ ਪੰਜਾਬ ਮੰਡੀ ਬੋਰਡ ਤੇ ਦਿਹਾਤੀ ਵਿਕਾਸ ਫੰਡ ਵਲੋਂ ਹਰ ਸਾਲ 100-150 ਕਰੋੜ ਰੁਪਏ ਤੱਕ ਦਿੱਤੇ ਜਾਂਦੇ ਹਨ ।

**ਪਸ਼ੂ ਪਾਲਣ, ਡੇਅਰੀ ਅਤੇ ਮੱਛੀ ਪਾਲਣ**

22. ਖੇਤੀਬਾੜੀ ਵਾਂਗ ਪਸ਼ੂ ਧਨ ਵੀ ਰਾਜ ਦੀ ਦਿਹਾਤੀ ਆਰਥਿਕਤਾ ਵਿਚ ਵਿਸ਼ਾਲ ਹਿੱਸਾ ਪਾਉਂਦਾ ਹੈ । ਗਰੀਬੀ ਦੂਰ ਕਰਨਾ ਸਰਕਾਰ ਦੀ ਕਾਰਜ ਯੋਜਨਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਦਾ ਮੁੱਖ ਮੁੱਦਾ ਹੈ। ਪਸ਼ੂ ਇਲਾਜ ਦੀਆਂ ਸੇਵਾਵਾਂ ਵਿਚ ਸੁਧਾਰ ਲਈ ਨੌਵੀਂ ਯੋਜਨਾ ਦੌਰਾਨ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਦਾ ਦਰਜਾ ਵਧਾ ਕੇ ਉਨ੍ਹਾਂ ਨੂੰ ਹਸਪਤਾਲ ਬਣਾ ਦਿਤਾ ਜਾਵੇਗਾ। ਸੱਤ ਜ਼ਿਲ੍ਹਿਆਂ ਵਿਚ ਪੌਲੀਕਲੀਨਿਕਸ ਦੇ ਰੂਪ ਵਿਚ ਵਿਸ਼ੇਸ਼ ਬਹੁ-ਅਨੁਸ਼ਾਸਣੀ ਸੇਵਾਵਾਂ ਅਤੇ ਡਾਇਗਨੌਸਟਿਕ ਸੁਵਿਧਾਵਾਂ ਮੁਹੱਈਆ ਕੀਤੀਆਂ ਜਾਣਗੀਆਂ ਅਤੇ ਬਾਕੀ ਜ਼ਿਲ੍ਹੇ ਨੌਵੀਂ ਯੋਜਨਾ ਦੌਰਾਨ ਇਸ ਯੋਜਨਾ ਅਧੀਨ ਲਿਆਂਦੇ ਜਾਣਗੇ। ਵੱਡੇ ਪੱਧਰ ਤੇ ਪਸ਼ੂਆਂ ਦੀਆਂ ਦੋਗਲੀਆਂ ਨਸਲਾਂ ਤਿਆਰ ਕਰਨ ਦੇ ਪ੍ਰੋਗਰਾਮ ਦੇ ਨਤੀਜੇ ਵਜੋਂ ਸਾਲ 1996-97 ਦੌਰਾਨ ਪੰਜਾਬ ਵਿਚ ਦੁੱਧ ਦਾ ਉਤਪਾਦਨ 71 ਲੱਖ ਟਨ ਹੋ ਜਾਣ ਦੀ ਉਮੀਦ ਹੈ। ਦੇਸ਼ ਵਿਚ ਦੁੱਧ ਦੀ ਕੌਮੀ ਔਸਤਨ 200 ਗ੍ਰਾਮ ਪ੍ਰਤੀ ਜੀਅ ਦੇ ਮੁਕਾਬਲੇ ਪੰਜਾਬ ਵਿਚ ਸਭ ਤੋਂ ਵਧੇਰੇ 798 ਗ੍ਰਾਮ ਪ੍ਰਤੀ ਜੀਅ ਦੇ ਹਿਸਾਬ ਉਪਲਬਧ ਹੈ।

23. ਦਿਹਾਤੀ ਨੌਜਵਾਨਾਂ ਨੂੰ ਰੋਜ਼ਗਾਰ ਪ੍ਰੋਗਰਾਮ ਅਧੀਨ 950 ਡੇਅਰੀਆਂ ਸਥਾਪਤ ਕਰਨ ਲਈ 1,500 ਨੌਜਵਾਨਾਂ ਅਤੇ 50 ਵਿਧਵਾਵਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਦਿਹਾਤੀ ਖੇਤਰਾਂ ਦੇ ਅੰਦਰੂਨੀ ਹਿੱਸਿਆਂ ਵਿਚ ਪੰਜ ਦਿਨਾਂ ਸਿਖਲਾਈ ਪ੍ਰੋਗਰਾਮਾਂ ਦੁਆਰਾ 16,800 ਕਿਸਾਨਾਂ ਨੂੰ ਵੀ ਸਿਖਲਾਈ ਦਿੱਤੀ ਜਾਵੇਗੀ। ਹੋਰ 1,800 ਡੇਅਰੀਆਂ ਸਥਾਪਤ ਕੀਤੀਆਂ ਜਾਣਗੀਆਂ ਅਤੇ 1997-98 ਦੌਰਾਨ 34,000 ਕਿਸਾਨਾਂ ਨੂੰ ਸਿਖਲਾਈ ਦਿੱਤੀ ਜਾਵੇਗੀ।

24. "ਦੁੱਧ ਅਤੇ ਦੁੱਧ ਉਤਪਾਦਨ ਆਰਡਰ 1992" ਅਧੀਨ, ਰਾਜ ਵਿਚ 29 ਮਿਲਕ ਪਲਾਂਟਾਂ ਨੂੰ ਦੁੱਧ ਦੇ 40.45 ਐਲ.ਪੀ.ਡੀ. (L.P.D.) ਰੱਖਣ ਲਈ ਰਜਿਸਟਰੇਸ਼ਨ ਜਾਰੀ ਕੀਤੀ ਗਈ ਹੈ। "ਪਸ਼ੂ ਖੁਰਾਕ ਕੰਟਰੋਲ ਆਰਡਰ 1988" ਅਧੀਨ ਵਿਭਾਗ ਨੇ 296 ਪਸ਼ੂ ਖੁਰਾਕ ਉਤਪਾਦਕਾਂ ਅਤੇ 1,156 ਵਪਾਰੀਆਂ ਨੂੰ ਰਜਿਸਟਰ ਕੀਤਾ ਹੈ।

25. "ਮੱਛੀ ਪਾਲਣ" ਦੇ ਖੇਤਰ ਵਿਚ ਕੌਮੀ ਔਸਤ 2,105 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਉਤਪਾਦਨ ਦੇ ਮੁਕਾਬਲੇ 4,100 ਕਿਲੋ ਗ੍ਰਾਮ ਪ੍ਰਤੀ ਹੈਕਟੇਅਰ ਉਤਪਾਦਨ ਪ੍ਰਾਪਤ ਕੀਤਾ ਗਿਆ ਹੈ। ਦਿਹਾਤੀ ਤਲਾਬਾਂ ਤੋਂ ਇਲਾਵਾ ਖੇਤੀਬਾੜੀ ਲਈ ਘੱਟ ਉਪਜਾਊ ਜ਼ਮੀਨਾਂ ਨੂੰ ਵੀ ਮੱਛੀ ਪਾਲਣ ਲਈ ਵਰਤਿਆ ਗਿਆ ਹੈ ਅਤੇ ਰਾਜ ਨੇ ਪੂੰਗ ਸਪਲਾਈ ਕਰਨ ਵਿਚ ਵੀ ਆਤਮ-ਨਿਰਭਰਤਾ ਪ੍ਰਾਪਤ ਕਰ ਲਈ ਹੈ।

**ਸਹਿਕਾਰਤਾ**

26. ਸਹਿਕਾਰੀ ਖੇਤਰ ਨੇ ਹਰੇ, ਚਿੱਟੇ ਅਤੇ ਮਿੱਠੇ ਇਨਕਲਾਬਾਂ ਦੁਆਰਾ ਰਾਜ ਦੇ ਸਮਾਜਿਕ-ਆਰਥਿਕ ਵਿਕਾਸ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ। ਸਾਲ 1997-98 ਦੌਰਾਨ 300 ਕਰੋੜ ਰੁਪਏ ਦੇ ਲੰਮੀ ਮਿਆਦ ਦੇ ਕਰਜ਼ੇ ਦੇਣ ਦਾ ਟੀਚਾ ਹੈ। ਮਾਰਕਫੈੱਡ ਰਾਜ ਵਿਚ ਰਸਾਇਣਕ ਖਾਦ ਦੀ ਕੁੱਲ ਜ਼ਰੂਰਤ ਦਾ 40 ਪ੍ਰਤੀਸ਼ਤ ਦੇ ਲਗਭਗ ਸਪਲਾਈ ਕਰ ਰਿਹਾ ਹੈ। ਮਾਰਕਫੈੱਡ ਕਿਸਾਨਾਂ ਨੂੰ ਨਦੀਨ-ਨਾਸ਼ਕ, ਕੀਟਨਾਸ਼ਕ ਅਤੇ

Original with;
Punjab Vidhan Sabha
Digitized by;
Panjab Digital Library

ਪੈਸਟੀਸਾਈਡਜ਼ ਸਪਲਾਈ ਕਰਨ ਤੋਂ ਇਲਾਵਾ ਕਣਕ, ਜੀਰੀ ਅਤੇ ਕਪਾਹ ਦੀ ਵਸੂਲੀ ਵਿਚ ਲੱਗਾ ਹੋਇਆ ਹੈ। ਹੋਰ ਸਹਿਕਾਰੀ ਖੇਤਰ ਜਿਵੇਂ ਮਿਲਕਫੈੱਡ, ਹਾਊਸਫੈੱਡ, ਸ਼ੂਗਰਫੈੱਡ, ਸਪਿੰਨਫੈੱਡ, ਵੀਵਕੋ, ਕੰਸਟੋਫੈੱਡ, ਲੇਬਰਫੈਡ, ਫਰੂਟਫੈੱਡ ਅਤੇ ਉਦਯੋਗਿਕ ਸੰਘ ਵੀ ਲੋਕਾਂ ਦੀ ਸੇਵਾ ਕਰ ਰਹੇ ਹਨ।

## ਦਿਹਾਤੀ ਵਿਕਾਸ ਅਤੇ ਪੰਚਾਇਤਾਂ

27. ਮੇਰੀ ਸਰਕਾਰ ਦੀ ਦਿਹਾਤੀ ਇਲਾਕਿਆਂ ਦੇ ਵਿਕਾਸ ਨੂੰ ਪਰਮ-ਅਗੇਤ ਦੇਣ ਦੀ ਤਜਵੀਜ਼ ਹੈ। ਇਹ ਦਿਹਾਤੀ ਲੋਕਾਂ ਲਈ ਚੰਗੀਆਂ ਸਹੂਲਤਾਂ ਸੌਖਿਆਂ ਪ੍ਰਾਪਤ ਕਰਨਾ ਯਕੀਨੀ ਬਣਾਏਗੀ ਅਤੇ ਇਹ ਵੀ ਯਕੀਨੀ ਬਣਾਏਗੀ ਕਿ ਆਰਥਿਕ ਵਿਕਾਸ ਦੇ ਲਾਭ ਦਿਹਾਤੀ ਲੋਕਾਂ ਤੱਕ ਕਾਫ਼ੀ ਮਾਤਰਾ ਵਿਚ ਸੌਖਿਆਂ ਹੀ ਪਹੁੰਚ ਸਕਣ। ਪੰਚਾਇਤੀ ਰਾਜ ਸੰਸਥਾਵਾਂ ਦੀ ਚੁਣੀ ਹੋਈ ਤਿੰਨ ਪੱਧਰੀ ਬਣਤਰ ਦੁਆਰਾ ਲੋਕ-ਰਾਜ ਨੂੰ ਹੇਠਲੇ ਪੱਧਰ ਤੱਕ ਮਜ਼ਬੂਤ ਕਰਨ ਦੀ ਤਜਵੀਜ਼ ਹੈ ਤਾਂ ਜੋ ਇਨ੍ਹਾਂ ਸੰਸਥਾਵਾਂ ਨੂੰ ਵਧੇਰੇ ਅਖ਼ਤਿਆਰ ਅਤੇ ਜ਼ਿਮੇਵਾਰੀਆਂ ਸੌਂਪੀਆਂ ਜਾ ਸਕਣ।

28. ਜਵਾਹਰ ਰੋਜ਼ਗਾਰ ਯੋਜਨਾ ਅਤੇ ਲੱਖਾਂ ਖੂਹਾਂ ਦੀ ਸਕੀਮ ਵਰਗੇ ਪ੍ਰੋਗਰਾਮਾਂ ਨੂੰ ਵਧੇਰੇ ਮਜ਼ਬੂਤ ਬਣਾਉਣ ਅਤੇ ਹੋਰ ਜ਼ੋਰ ਨਾਲ ਲਾਗੂ ਕਰਨ ਦੀ ਤਜਵੀਜ਼ ਹੈ ਤਾਂ ਜੋ ਸੀਮਾਂਤੀ ਕਿਸਾਨਾਂ ਦੀ ਭੂਮੀ ਦਾ ਵਿਕਾਸ ਕੀਤਾ ਜਾ ਸਕੇ ਅਤੇ ਦਿਹਾਤੀ ਗ਼ਰੀਬ ਲੋਕਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕੀਤੇ ਜਾ ਸਕਣ। ਦਿਹਾਤੀ ਗ਼ਰੀਬਾਂ ਨੂੰ ਮਕਾਨ ਦੇਣ ਲਈ ਸਾਲ 1997-98 ਦੌਰਾਨ 4,966 ਮਕਾਨ ਬਣਾਉਣ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਦਿਹਾਤੀ ਸਫ਼ਾਈ ਵਿਚ ਸੁਧਾਰ ਵੀ ਲਿਆਂਦਾ ਜਾਵੇਗਾ। ਉੱਨਤ ਗ੍ਰਾਮ ਸਕੀਮ ਲਾਗੂ ਕਰਨਾ ਤਰਜੀਹੀ ਆਧਾਰ ਤੇ ਜਾਰੀ ਰਹੇਗਾ।

29. ਸਰਕਾਰ ਨਵੀਂ ਯਕੀਨੀ ਰੋਜ਼ਗਾਰ ਸਕੀਮ ਵੀ ਸ਼ੁਰੂ ਕਰ ਰਹੀ ਹੈ, ਜਿਸ ਦੁਆਰਾ ਰਾਜ ਦੇ ਸਾਰੇ ਬਲਾਕਾਂ ਨੂੰ ਘੱਟ ਤੋਂ ਘੱਟ 25 ਲੱਖ ਰੁਪਏ ਦਿਹਾਤੀ ਢਾਂਚੇ ਦੀ ਉਸਾਰੀ ਲਈ ਦਿੱਤੇ ਜਾਣਗੇ। ਇਸ ਦੇ ਨਾਲ ਹੀ ਥੁੜ੍ਹ ਦੇ ਸਮਿਆਂ ਵਿਚ ਰੋਜ਼ਗਾਰ ਦੇ ਮੌਕੇ ਮੁਹੱਈਆ ਕੀਤੇ ਜਾਣਗੇ। ਸਾਡਾ ਯਤਨ ਹੋਵੇਗਾ ਕਿ ਇਸ ਫੰਡ ਨੂੰ ਪ੍ਰਤੀ ਬਲਾਕ ਦੇ ਆਧਾਰ ਤੇ ਅਗਲੇ ਵਿੱਤੀ ਸਾਲ ਦੇ ਦੌਰਾਨ ਹੋਰ ਵਧਾ ਦਿੱਤਾ ਜਾਵੇ।

30. ਦਿਹਾਤੀ ਗ਼ਰੀਬ ਲੋਕਾਂ ਦੀ ਆਰਥਿਕ ਹਾਲਤ ਸੁਧਾਰਨ ਲਈ ਸੰਗਠਿਤ ਦਿਹਾਤੀ ਵਿਕਾਸ ਪ੍ਰੋਗਰਾਮ ਦੀਆਂ ਚਲ ਰਹੀਆਂ ਸਕੀਮਾਂ, ਸਵੈ-ਰੋਜ਼ਗਾਰ ਲਈ ਨੌਜਵਾਨਾਂ ਦੀ ਸਿਖਲਾਈ, ਦਿਹਾਤੀ ਇਲਾਕਿਆਂ ਵਿਚ ਇਸਤਰੀਆਂ ਅਤੇ ਬੱਚਿਆਂ ਦਾ ਵਿਕਾਸ, ਸੰਗਠਿਤ ਬੰਜਰ ਭੋਂ ਸਕੀਮ ਅਤੇ ਮਹਿਲਾ ਮੰਡਲਾਂ ਦੀ ਸਹਾਇਤਾ ਤੇ ਹੋਰ ਜ਼ੋਰ ਦਿੱਤਾ ਜਾਵੇਗਾ।

## ਜੰਗਲਾਤ

31. ਪੰਜਾਬ ਰਾਜ ਵਿਚ ਜੰਗਲਾਤ ਅਧੀਨ ਕੇਵਲ 2,90,308 ਹੈਕਟੇਅਰ ਰਕਬਾ ਹੈ ਜੋ ਕੁੱਲ ਭੂਮੀ ਰਕਬੇ ਦਾ ਲਗਭਗ 5.76% ਹੈ। ਜੰਗਲਾਤ ਅਧੀਨ ਰਕਬਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਵਧਣ ਦੀ ਵਧੇਰੇ ਸੰਭਵਨਾ ਨਹੀਂ ਹੈ । ਇਸ ਲਈ ਮੇਰੀ ਸਰਕਾਰ ਦੀ ਇਹ ਨੀਤੀ ਹੈ ਕਿ ਇਸ ਬੰਜਰ ਅਤੇ ਸੀਮਾਂਤੀ ਭੂਮੀ ਨੂੰ ਵਰਤ ਕੇ ਫ਼ਾਰਮ ਅਤੇ ਜ਼ਰਾਇਤੀ ਜੰਗਲਾਤ ਅਧੀਨ ਰਕਬੇ ਵਿਚ ਵਾਧਾ ਕੀਤਾ ਜਾਵੇ ।

32. ਵਿਭਾਗ ਦੁਆਰਾ ਪੌਦੇ ਲਾਉਣ ਦੀਆਂ ਲਾਗੂ ਕੀਤੀਆਂ ਜਾ ਰਹੀਆਂ ਮਹੱਤਵਪੂਰਨ ਸਕੀਮਾਂ ਹਨ : (1) ਸਰਕਾਰੀ ਭੂਮੀ ਵਿੱਚ ਪੌਦੇ ਲਾਉਣੇ (2) ਬਾਲਣ/ਚਾਰਾ ਪ੍ਰਾਜੈਕਟ ਅਧੀਨ ਰਕਬਾ (50:50 ਦੇ ਆਧਾਰ ਤੇ) (3) ਚੌਕੀ ਵਾਟਰ ਸ਼ੈੱਡ ਵਿਚ ਸੰਗਠਿਤ ਜੰਗਲਾਤ ਅਤੇ ਈਕੋ ਵਿਕਾਸ ਪ੍ਰਾਜੈਕਟ (4) ਘੱਟ ਜੰਗਲਾਤ ਪੈਦਾਵਾਰ (5) ਫੌਜੀ ਖੇਤਰਾਂ ਵਿਚ ਪੌਦੇ ਲਾਉਣਾ ਅਤੇ (6) ਖੇਤੀ ਸਬੰਧੀ ਜੰਗਲਾਤ ।

33. ਇਸ ਸਕੀਮ ਅਧੀਨ 8,975 ਹੈਕਟੇਅਰ ਰਕਬੇ ਤੇ ਪੌਦੇ ਲਾਏ ਜਾਣਗੇ ਅਤੇ ਇਸ ਤੋਂ ਇਲਾਵਾ ਫ਼ਾਰਮ ਫਾਰੈਸਟਰੀ ਸਕੀਮ ਅਧੀਨ ਲੋਕਾਂ ਨੂੰ 90.00 ਹੈਕਟੇਅਰ ਰਕਬੇ ਲਈ ਪੌਦੇ ਸਪਲਾਈ ਕੀਤੇ ਜਾਣਗੇ ।

34. ਪੰਜਾਬ ਰਾਜ ਜੰਗਲਾਤ ਵਿਕਾਸ ਕਾਰਪੋਰੇਸ਼ਨ ਜੰਗਲਾਂ ਦੀ ਪੈਦਾਵਾਰ ਦੀ ਵੱਧ ਤੋਂ ਵੱਧ ਵਪਾਰਕ ਵਰਤੋਂ ਕਰਨ ਲਈ ਕਾਇਮ ਕੀਤੀ ਗਈ ਹੈ । ਇਸ ਤੋਂ 1995-96 ਦੌਰਾਨ 8.42 ਕਰੋੜ ਰੁਪਏ ਦੀ ਵਿਕਰੀ ਹੋਈ ਅਤੇ ਚਾਲੂ ਸਾਲ ਦੌਰਾਨ 9 ਕਰੋੜ ਰੁਪਏ ਦੀ ਵਿਕਰੀ ਹੋਣ ਦੀ ਆਸ ਹੈ ਅਤੇ 1997-98 ਦੌਰਾਨ ਇਸ ਨੇ 10 ਕਰੋੜ ਰੁਪਏ ਦੀ ਵਿਕਰੀ ਕਰਨ ਦਾ ਟੀਚਾ ਰੱਖਿਆ ਹੈ । ਕਾਰਪੋਰੇਸ਼ਨ ਵਿਕਰੀ ਲਈ ਦਰਖਤਾਂ ਨੂੰ ਕਟਦੀ ਹੈ, ਲੱਕੜੀ ਦੀਆਂ ਪੇਟੀਆਂ, ਫਰਨੀਚਰ ਅਤੇ ਹੋਰ ਵਸਤਾਂ ਬਣਾਉਂਦੀ ਹੈ ਅਤੇ ਦੂਜੇ ਰਾਜਾਂ ਵਿਚ ਸਥਿਤ ਕੋਲੇ ਦੀਆਂ ਖਾਨਾਂ ਨੂੰ ਲੱਕੜੀ ਸਪਲਾਈ ਕਰਦੀ ਹੈ ।

35. ਸਾਲ 1997-98 ਲਈ ਵਿਭਾਗ ਦੁਆਰਾ 14,600 ਹੈਕਟੇਅਰ ਰਕਬੇ ਵਿਚ ਪੌਦੇ ਲਾਉਣ ਲਈ ਸਾਲਾਨਾ ਯੋਜਨਾ ਵਿਚ 4,366.00 ਲੱਖ ਰੁਪਏ ਦੀ ਰਕਮ ਰੱਖਣ ਦੀ ਤਜਵੀਜ਼ ਹੈ । ਇਸ ਵਿਚ ਓ ਈ ਸੀ ਐਫ ਜਾਪਾਨ ਦੁਆਰਾ ਬਦੇਸ਼ੀ ਸਹਾਇਤਾ ਪ੍ਰਾਜੈਕਟ ਵਜੋਂ 23.00 ਕਰੋੜ ਰੁਪਏ ਦੀ ਰਕਮ ਵੀ ਸ਼ਾਮਲ ਹੈ । ਇਸ ਤੋਂ ਇਲਾਵਾ ਫ਼ਾਰਮ ਫਾਰੈਸਟਰੀ ਸਕੀਮ ਅਧੀਨ 1997-98 ਦੌਰਾਨ ਲੋਕਾਂ ਨੂੰ ਆਪਣੀਆਂ ਜ਼ਮੀਨਾਂ ਤੇ ਲਾਉਣ ਲਈ 2 ਕਰੋੜ ਪੌਦੇ ਦੇਣ ਦੀ ਤਜਵੀਜ਼ ਹੈ ।

**ਉਦਯੋਗ**

36. ਮੇਰੀ ਸਰਕਾਰ ਉਦਯੋਗਿਕ ਸੈਕਟਰ ਵੱਲ ਵੱਧ ਤੋਂ ਵੱਧ ਧਿਆਨ ਦੇਵੇਗੀ । ਵਿਧੀਆਂ ਸੌਖੀਆਂ ਕੀਤੀਆਂ ਜਾਣਗੀਆਂ ਅਤੇ ਉਦਯੋਗ ਨੂੰ ਇੰਸਪੈਕਟਰ ਰਾਜ ਤੋਂ ਮੁਕਤ ਕੀਤਾ ਜਾਵੇਗਾ । ਐਗਰੋ ਪ੍ਰਾਸੈਸਿੰਗ ਯੂਨਿਟਾਂ ਅਤੇ ਐਨ. ਆਰ. ਆਈ. ਨਿਵੇਸ਼ ਤੇ ਜ਼ੋਰ ਦਿੱਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

37. ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਨੇ, ਜੋ ਇਕ ਸੰਸਥਾਵੀ ਪ੍ਰੋਤਸਾਹਕ ਦੇ ਤੌਰ ਤੇ ਕੰਮ ਕਰਦੀ ਹੈ, 1,600 ਵਿਅਕਤੀਆਂ ਨੂੰ ਰੋਜ਼ਗਾਰ ਦੇਣ ਵਾਲੇ 24 ਕਰੋੜ ਰੁਪਏ ਦੇ ਨਿਵੇਸ਼ ਨਾਲ ਐਗਰੋ ਪ੍ਰਾਸੈਸਿੰਗ ਯੂਨਿਟ ਸਥਾਪਤ ਕਰਨ ਲਈ ਸਮਝੌਤੇ ਕੀਤੇ ਹਨ । ਕਾਰਪੋਰੇਸ਼ਨ ਨੇ 1,000 ਵਿਅਕਤੀਆਂ ਨੂੰ ਰੋਜ਼ਗਾਰ ਦੇਣ ਲਈ 87.19 ਕਰੋੜ ਰੁਪਏ ਦੀ ਪੂੰਜੀਗਤ ਲਾਗਤ ਵਾਲੇ 4 ਸਾਂਝੇ ਸਮਝੌਤੇ ਵੀ ਕੀਤੇ ਹਨ । ਸਾਊਦੀ ਅਰਬ ਦੇ ਸਾਊਦੀ ਅਰੈਮਕੋ ਨਾਲ ਸਾਂਝੇ ਤੌਰ ਤੇ ਰਾਜ ਵਿਚ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਿਟਡ ਦੁਆਰਾ ਤੇਲ ਸੋਧਣ ਵਾਲਾ ਇਕ ਪ੍ਰਾਜੈਕਟ ਵੀ ਕਾਇਮ ਕੀਤਾ ਜਾ ਰਿਹਾ ਹੈ । 7,000 ਕਰੋੜ ਰੁਪਏ ਦੀ ਪੂੰਜੀਗਤ ਲਾਗਤ ਵਾਲਾ ਇਹ ਤੇਲ ਸੋਧਣ ਦਾ ਕਾਰਖਾਨਾ ਲਗਭਗ 1,000 ਵਿਅਕਤੀਆਂ ਨੂੰ ਸਿੱਧਾ ਰੋਜ਼ਗਾਰ ਦੇਵੇਗਾ । ਲਗਭਗ 350 ਕਰੋੜ ਰੁਪਏ ਦੇ ਪੂੰਜੀਗਤ ਨਿਵੇਸ਼ ਵਾਲਾ ਇਕ ਹੋਰ ਵੱਡਾ ਪ੍ਰਾਜੈਕਟ ਬਰਤਾਨੀਆ ਦੇ ਮੈਸਰਜ਼ ਆਈ ਸੀ ਆਈ ਦੁਆਰਾ ਮੁਹਾਲੀ ਵਿਖੇ ਲਾਇਆ ਜਾ ਰਿਹਾ ਹੈ ਜੋ ਪਾਣੀ ਵਿਚ ਘੁਲਣਸ਼ੀਲ ਪੇਂਟ ਅਤੇ ਐਕਰਾਈਲਿਕ ਸ਼ੀਟਾਂ ਤਿਆਰ ਕਰੇਗਾ ।

38. ਮੇਰੀ ਸਰਕਾਰ ਰਾਜ ਵਿੱਚ ਉਦਯੋਗਿਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹੈ । ਹੁਣ ਤੱਕ 18 ਫੋਕਲ ਪੁਆਇੰਟਾਂ ਦਾ ਵਿਕਾਸ ਕੀਤਾ ਜਾ ਚੁੱਕਿਆ ਹੈ ਅਤੇ 32 ਫੋਕਲ ਪੁਆਇੰਟਾਂ ਤੇ ਕੰਮ ਜਾਰੀ ਹੈ । ਸਾਲ 1992-93 ਵਿਚ 4 ਫੋਕਲ ਪੁਆਇੰਟ ਮੁਕੰਮਲ ਕੀਤੇ ਜਾਣਗੇ ।

39. ਪੰਜਾਬ ਦੀ ਬਰਾਮਦ, ਜੋ 1995-96 ਵਿਚ 2,500 ਕਰੋੜ ਰੁਪਏ ਦੀ ਸੀ, ਚਾਲੂ ਮਾਲੀ ਸਾਲ ਦੌਰਾਨ ਵਧ ਕੇ 3,000 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ । ਬਰਾਮਦ ਨੂੰ ਹੋਰ ਵਧਾਉਣ ਲਈ ਰਾਜ ਵਿਚ ਬਰਾਮਦ ਪ੍ਰਾਸੈਸਿੰਗ ਜ਼ੋਨ ਕਾਇਮ ਕੀਤੇ ਜਾਣਗੇ ।

**ਡਾਕਟਰੀ ਸਿੱਖਿਆ ਅਤੇ ਖੋਜ**

40. ਇਹ ਡਾਇਰੈਕਟੋਰੇਟ ਰਾਜ ਦੇ ਸਿਖਲਾਈ ਦੇਣ (ਟੀਚਿੰਗ) ਵਾਲੇ ਹਸਪਤਾਲਾਂ ਵਿਚ ਲੋਕਾਂ ਨੂੰ ਚੰਗੇਰੀ ਡਾਕਟਰੀ ਸਿੱਖਿਆ, ਖੋਜ ਅਤੇ ਡਾਕਟਰੀ ਸੰਭਾਲ ਦੇਣ ਲਈ ਅਪਰੈਲ, 1973 ਵਿਚ ਕਾਇਮ ਕੀਤਾ ਗਿਆ ਸੀ । ਅੰਮ੍ਰਿਤਸਰ, ਪਟਿਆਲਾ ਅਤੇ ਫਰੀਦਕੋਟ ਵਿਖੇ ਮੌਜੂਦਾ ਮੈਡੀਕਲ ਕਾਲਜਾਂ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਡੈਂਟਲ ਕਾਲਜਾਂ ਅਤੇ ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਟੀ. ਬੀ. ਹਸਪਤਾਲਾਂ ਤੋਂ ਇਲਾਵਾ ਪ੍ਰਾਈਵੇਟ ਸੈਕਟਰ ਵਿਚ ਨਿਮਨ ਅਨੁਸਾਰ ਮੈਡੀਕਲ/ਡੈਂਟਲ ਕਾਲਜ ਖੋਲ੍ਹਣ ਲਈ "ਕੋਈ ਇਤਰਾਜ਼ ਨਹੀਂ" ਦਾ ਸਰਟੀਫ਼ਿਕੇਟ ਦਿੱਤਾ ਗਿਆ ਹੈ :—

(1) ਬਾਬਾ ਜਸਵੰਤ ਸਿੰਘ ਟ੍ਰਸਟ, ਲੁਧਿਆਣਾ (ਡੈਂਟਲ ਕਾਲਜ)

(2) ਵਿਨਾਇਕ ਮਿਸ਼ਨ ਮਹਾਰਾਜਾ ਰਣਜੀਤ ਸਿੰਘ ਕਾਲਜ ਆਫ ਮੈਡੀਕਲ ਸਾਇੰਸਿਜ਼ ਐਂਡ ਰਿਸਰਚ, ਸੰਗਰੂਰ (ਮੈਡੀਕਲ ਕਾਲਜ)

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

(3) ਵਿਨਾਇਕ ਮਿਸ਼ਨ ਮਹਾਰਾਜਾ ਰਣਜੀਤ ਸਿੰਘ ਕਾਲਜ ਆਫ਼ ਡੈਂਟਲ ਸਾਇੰਸਿਜ਼ ਐਂਡ ਰਿਸਰਚ, ਸੰਗਰੂਰ (ਡੈਂਟਲ ਕਾਲਜ)

(4) ਗੁਰੂ ਨਾਨਕ ਦੇਵ ਡੈਂਟਲ ਕਾਲਜ, ਸੁਨਾਮ (ਡੈਂਟਲ ਕਾਲਜ)

41. ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਇਕ ਐਡਵਾਂਸਡ ਕਾਰਡੀਐਕ ਸੈਂਟਰ ਅਤੇ ਜਲੰਧਰ ਵਿਖੇ ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਅਤੇ ਹਸਪਤਾਲ ਸਮੇਤ ਇਕ ਪੋਸਟ ਗਰੈਜੂਏਟ ਕਾਲਜ ਕਾਇਮ ਕੀਤਾ ਜਾਵੇਗਾ ।

## ਸਿਹਤ

42. ਸਿਹਤ ਅਤੇ ਪਰਿਵਾਰ ਭਲਾਈ ਵਿਭਾਗ 2,228 ਮੈਡੀਕਲ ਸੰਸਥਾਵਾਂ ਦੇ ਨੈਟਵਰਕ ਰਾਹੀਂ ਸਿਖਲਾਈ ਪ੍ਰਾਪਤ ਡਾਕਟਰ ਅਤੇ ਪੈਰਾ-ਮੈਡੀਕਲ ਅਮਲੇ ਰਾਹੀਂ ਰੋਗਾਂ ਨੂੰ ਰੋਕਣ, ਸਿਹਤ ਤੇ ਇਲਾਜ ਸਬੰਧੀ ਸੇਵਾਵਾਂ ਮੁਹੱਈਆ ਕਰ ਰਿਹਾ ਹੈ । ਇਨ੍ਹਾਂ ਮੈਡੀਕਲ ਸੰਸਥਾਵਾਂ ਵਿਚ 1.4.1996 ਨੂੰ 25,024 ਬਿਸਤਰੇ ਸਨ । ਇਕ ਮੈਡੀਕਲ ਸੰਸਥਾ ਦੁਆਰਾ 10,046 ਲੋਕਾਂ ਦੀ ਸੇਵਾ ਕੀਤੀ ਜਾਂਦੀ ਹੈ ਅਤੇ ਰਾਜ ਵਿਚ 896 ਵਿਅਕਤੀਆਂ ਲਈ ਇਕ ਬਿਸਤਰਾ ਉਪਲਬਧ ਹੈ । ਸੈਂਪਲ ਰਜਿਸਟਰੇਸ਼ਨ ਸਕੀਮ ਦੇ ਸਾਲ 1995 ਦੇ ਅਨੁਮਾਨਾਂ ਅਨੁਸਾਰ ਭਾਰਤ ਵਿਚ ਕ੍ਰਮਵਾਰ 28.3, 9.0 ਅਤੇ 74 ਮੌਜੂਦਾ ਜਨਮ ਦਰ, ਮਿਰਤੂ ਦਰ ਅਤੇ ਬਾਲ ਮਿਰਤੂ ਦਰ ਦੇ ਮੁਕਾਬਲੇ ਪੰਜਾਬ ਰਾਜ ਵਿਚ 24.7, 7.3 ਅਤੇ 54 ਹੈ । ਬਾਲ ਮਿਰਤੂ ਦਰ ਅਤੇ ਮਿਰਤੂ ਦਰ ਦੇ ਮਾਮਲੇ ਵਿਚ ਪੰਜਾਬ ਕੇਵਲ ਕੇਰਲਾ ਤੋਂ ਦੂਜੇ ਨੰਬਰ ਤੇ ਹੈ ।

43. ਸਾਲ 1995-96 ਦੌਰਾਨ ਰਾਸ਼ਟਰੀ ਅਤੇ ਰਾਜ ਪ੍ਰੋਗਰਾਮਾਂ ਅਤੇ ਪਰਿਵਾਰ ਨਿਯੋਜਨ ਪ੍ਰੋਗਰਾਮ ਦੇ ਸਬੰਧ ਵਿਚ ਰਾਜ ਦੀ ਕਾਰਗੁਜ਼ਾਰੀ ਦੇਸ਼ ਵਿਚ ਸੱਭ ਤੋਂ ਵੱਧ ਸੀ ਅਰਥਾਤ 114.7% ਨਸਬੰਦੀ/ਨਲਬੰਦੀ ਅਪਰੇਸ਼ਨ ਕੀਤੇ ਗਏ ਅਤੇ ਮੁਕਾਬਲਤਨ ਆਧਾਰ ਤੇ ਹੋਰ ਪਰਿਵਾਰ ਨਿਯੋਜਨ ਤਰੀਕਿਆਂ ਵਿਚ ਵੀ ਇਹ ਪ੍ਰਸੰਸਾ ਯੋਗ ਸੀ । ਡੇਂਗੂ ਬੁਖਾਰ ਨੂੰ ਫੈਲਣ ਤੋਂ ਰੋਕਣ ਅਤੇ ਏਡਜ਼ ਕੰਟਰੋਲ ਪ੍ਰੋਗਰਾਮ ਲਈ ਲੋੜੀਂਦੇ ਕਦਮ ਚੁੱਕੇ ਗਏ । ਰਾਜ ਵਿਚ ਅੰਨ੍ਹਾਂਪਣ, ਕੋੜ੍ਹ ਅਤੇ ਟੀ.ਬੀ. ਨੂੰ ਰੋਕਣ ਲਈ ਪ੍ਰਾਪਤੀ ਸੰਤੋਖਜਨਕ ਹੈ । ਪਲਸ ਪੋਲੀਓ ਪ੍ਰੋਗਰਾਮ ਅਤੇ ਰਾਜ ਵਿਚ ਸ਼ੁਰੂ ਕੀਤੀ ਗਈ ਸਕੂਲ ਸਿਹਤ ਚੈਕ-ਅਪ ਮੁਹਿੰਮ ਪ੍ਰਸੰਸਾਯੋਗ ਰਹੀਆਂ ਹਨ । ਦਿਹਾਤੀ/ਸ਼ਹਿਰੀ ਲੋਕਾਂ ਨੂੰ ਬੁਨਿਆਦੀ ਸਿਹਤ ਸਹੂਲਤਾਂ ਮੁਹੱਈਆ ਕਰਨ ਲਈ ਮੋਬਾਈਲ ਮੈਡੀਕਲ ਟੀਮਾਂ ਬਹੁਤ ਛੇਤੀ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ । ਸਾਰੇ ਜ਼ਿਲ੍ਹਿਆਂ ਵਿਚ ਦੰਦਾਂ ਦੀ ਸੰਭਾਲ ਸਬੰਧੀ ਪੰਦਰਵਾੜਿਆਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ । ਪੂਰੇ ਸਾਜ਼-ਸਾਮਾਨ ਨਾਲ ਲੈਸ ਮੋਬਾਈਲ ਡੈਂਟਲ ਕਲੀਨਕ ਫਿਰੋਜ਼ਪੁਰ, ਲੁਧਿਆਣਾ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਮੁਹੱਈਆ ਕੀਤੇ ਗਏ ਹਨ । ਬਾਕੀ ਦੇ ਜ਼ਿਲ੍ਹਿਆ ਵਿਚ ਚਾਲੂ ਸਾਲ ਦੌਰਾਨ ਇਹ ਕਲੀਨਿਕ ਮੁਹੱਈਆਂ ਕਰਵਾਏ ਜਾ ਰਹੇ ਹਨ ।

Original with;
Punjab Vidhan Sabha
Digitized by;
Panjab Digital Library

44. ਸਿਹਤ ਸੇਵਾਵਾਂ ਵਿਚ ਸੁਧਾਰ ਕਰਨ ਲਈ ਬਣਾਈ ਗਈ ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਨੂੰ 150 ਮੈਡੀਕਲ ਸੰਸਥਾਵਾਂ ਦਾ ਪ੍ਰਬੰਧ ਸੌਂਪ ਦਿੱਤਾ ਗਿਆ ਹੈ ।

45. ਇਸ ਸਮੇਂ 7 ਈ.ਐਸ.ਆਈ. ਹਸਪਤਾਲ ਅਤੇ 70 ਅਜਿਹੀਆਂ ਡਿਸਪੈਂਸਰੀਆਂ ਹਨ । ਈ.ਐਸ.ਆਈ. ਹਸਪਤਾਲ ਲੁਧਿਆਣਾ ਨੂੰ 100 ਬਿਸਤਰਿਆਂ ਤੋਂ ਵਧਾਕੇ 272 ਬਿਸਤਰਿਆਂ ਵਾਲਾ ਕੀਤਾ ਜਾ ਰਿਹਾ ਹੈ ।

46. ਆਯੁਰਵੈਦਿਕ ਵਿਭਾਗ ਅਧੀਨ 507 ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ, 17 ਸਵੱਸਥ ਕੇਂਦਰ, 5 ਦਸ ਬਿਸਤਰਿਆਂ ਅਤੇ ਇੱਕ 105 ਬਿਸਤਰਿਆਂ ਵਾਲਾ ਹਸਪਤਾਲ ਕੰਮ ਕਰ ਰਹੇ ਹਨ । ਇਸੇ ਤਰ੍ਹਾਂ ਰਾਜ ਵਿਚ 105 ਹੋਮਿਓਪੈਥਿਕ ਡਿਸਪੈਂਸਰੀਆਂ ਅਤੇ ਇਕ 10 ਬਿਸਤਰਿਆਂ ਵਾਲਾ ਕੈਂਸਰ ਅਤੇ ਮਿਕਸ ਬੀਮਾਰੀਆਂ ਵਾਲਾ ਹੋਮਿਓਪੈਥਿਕ ਹਸਪਤਾਲ ਕੰਮ ਕਰ ਰਹੇ ਹਨ ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ**

47. ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਮਨੁੱਖੀ ਸਾਧਨਾਂ ਦੇ ਵਿਕਾਸ ਦਾ ਇੱਕ ਮਹੱਤਵਪੂਰਨ ਹਿੱਸਾ ਹੈ । ਰਾਜ ਵਿਚ ਨੌਜਵਾਨਾਂ ਲਈ ਸਵੈ-ਰੋਜ਼ਗਾਰ ਸਮੇਤ ਰੋਜ਼ਗਾਰ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਤਕਨੀਕੀ ਸਿੱਖਿਆ ਤੇ ਮਹੱਤਵਪੂਰਨ ਰੋਲ ਅਦਾ ਕਰਨ ਦੀ ਮਹੱਤਤਾ ਨੂੰ ਧਿਆਨ ਵਿਚ ਰੱਖਦੇ ਹੋਏ ਰਾਜ ਸਰਕਾਰ ਨੇ ਜਲੰਧਰ ਵਿਖੇ ਇਕ ਤਕਨੀਕੀ ਯੂਨੀਵਰਸਿਟੀ ਸਥਾਪਤ ਕੀਤੀ ਹੈ, ਜਿਹੜੀ ਨਵੀਆਂ ਕਾਢਾਂ ਤੇ ਤਕਨਾਲੋਜੀਆਂ ਵੱਲ ਧਿਆਨ ਦੇਵੇਗੀ ਅਤੇ ਸਮਕਾਲੀ ਉਦਯੋਗੀ ਸਾਧਨਾਂ ਅਤੇ ਆਰਥਿਕ ਵਾਤਾਵਰਣ ਅਨੁਸਾਰ ਹੋਵੇਗੀ । ਨਵੀਆਂ ਤਕਨਾਲੋਜੀਆਂ ਤੋਂ ਪੈਦਾ ਹੋਏ ਨਵੇਂ ਵਿਸ਼ਵ-ਵਿਆਪੀ ਉਦਯੋਗਿਕ ਅਤੇ ਆਰਥਿਕ ਮੁਕਾਬਲੇ ਦੇ ਮਾਹੌਲ ਵਿਚ ਉਦਯੋਗ ਦੀਆਂ ਲੋੜਾਂ ਅਤੇ ਆਸਾਂ ਨੂੰ ਪੂਰਾ ਕਰਨ ਲਈ ਸਰਕਾਰ ਤਕਨੀਕੀ ਸਿੱਖਿਆ ਸਿਸਟਮ ਵਿਚ ਕੁਆਲਿਟੀ ਸੁਧਾਰ, ਆਧੁਨਿਕੀਕਰਨ ਅਤੇ ਸਮੱਰਥਾ ਵਧਾਉਣ ਲਈ ਵਚਨ-ਬੱਧ ਹੈ ।

48. ਤਕਨੀਕੀ ਸਿੱਖਿਆ ਵਿਚ ਮਿਲਵਰਤਣ, ਮਦਦ ਅਤੇ ਉਦਯੋਗ ਦੀ ਸ਼ਮੂਲੀਅਤ ਨੂੰ ਵਧੀ ਹੋਈ ਉਦਯੋਗ-ਸੰਸਥਾਵੀ ਸਾਂਝ ਦੁਆਰਾ ਯਕੀਨੀ ਬਣਾਇਆ ਜਾ ਰਿਹਾ ਹੈ । ਉਦਯੋਗਿਕ ਸਿਖਲਾਈ ਸੰਸਥਾਵਾਂ ਤੇ ਕੋਰਸਾਂ ਦੇ ਸਾਰੇ ਟਰੇਡਾਂ ਅਤੇ ਪੋਲੀਟੈਕਨਿਕ ਅਤੇ ਇੰਜੀਨੀਅਰਿੰਗ ਕਾਲਜਾਂ ਵਿਚ ਪੜ੍ਹਾਏ ਜਾ ਰਹੇ ਕੋਰਸਾਂ ਦੇ ਸਿਲੇਬਸ ਨੂੰ ਉਦਯੋਗ ਦੀਆਂ ਮੌਜੂਦਾ ਲੋੜਾਂ ਅਨੁਸਾਰ ਸੋਧ ਕੇ ਆਧੁਨਿਕ ਬਣਾਇਆ ਜਾ ਰਿਹਾ ਹੈ । ਸਬੰਧਤ ਖੇਤਰਾਂ ਵਿਚ ਤਕਨਾਲੋਜੀਕਲ ਤਰੱਕੀ ਦੀ ਰਫ਼ਤਾਰ ਅਨੁਸਾਰ ਬਨਾਉਣ ਲਈ ਪਲਾਸਟਿਕਸ, ਕੰਪਿਊਟਰ, ਕੈਮੀਕਲ, ਇਲੈਕਟਰਾਨਿਕਸ, ਫੈਸ਼ਨ-ਡਿਜ਼ਾਇਨ ਟੈਕਸਟਾਈਲ (ਸਿਲੇ ਸਿਲਾਏ ਕਪੜੇ) ਤਿਆਰ ਕਰਨ ਆਦਿ ਦੇ ਨਵੇਂ ਕੋਰਸ ਸ਼ੁਰੂ ਕੀਤੇ ਗਏ ਹਨ ।

49. ਰਾਜ ਦੀ ਆਰਥਿਕਤਾ ਦੇ ਸਮੁੱਚੇ ਵਿਕਾਸ ਵਿਚ ਇਸਤਰੀਆਂ ਦੇ ਯੋਗਦਾਨ ਨੂੰ ਉਤਸ਼ਾਹ ਦੇਣ ਲਈ ਸਰਕਾਰੀ ਖੇਤਰ ਵਿਚ ਇਸਤਰੀਆਂ ਨੂੰ ਸਾਰੀਆਂ ਉਦਯੋਗਿਕ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਸਿਖਲਾਈ ਸੰਸਥਾਵਾਂ ਤੇ ਪੋਲੀਟੈਕਨਿਕਾਂ ਵਿਚ ਮੁਫ਼ਤ ਤਕਨੀਕੀ ਸਿਖਲਾਈ ਦੇਣ ਦਾ ਉਪਬੰਧ ਕੀਤਾ ਗਿਆ ਹੈ। ਸਾਡੀ ਸਰਕਾਰ ਨੌਜੁਆਨਾਂ ਅਤੇ ਉਦਯੋਗ ਦੇ ਲਾਭ ਲਈ ਤਕਨੀਕੀ ਸਿੱਖਿਆ ਸਿਸਟਮ ਵਿਚ ਵਿਸਤਾਰ ਅਤੇ ਹੋਰ ਸੁਧਾਰ ਲਈ ਵਚਨਬੱਧ ਹੈ। ਨੌਵੀਂ ਪੰਜ ਸਾਲਾ ਯੋਜਨਾ ਵਿਚ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਲਈ 844.00 ਕਰੋੜ ਰੁਪਏ ਖਰਚ ਕਰਨ ਦੀ ਤਜਵੀਜ਼ ਹੈ ਜਿਸ ਵਿਚੋਂ ਸਾਲ 1997-98 ਵਿਚ 126.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਸਰਕਾਰ ਦੀ ਉਦਯੋਗਿਕ ਲੋੜਾਂ ਦੇ ਆਧਾਰ ਤੇ ਨਵੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਤੇ ਪੋਲੀਟੈਕਨਿਕ ਖੋਲਣ ਦੀ ਤਜਵੀਜ਼ ਹੈ।

**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ**

50. ਪੰਜਾਬ ਸ਼ਹਿਰੀ ਯੋਜਨਾ ਤੇ ਵਿਕਾਸ ਅਥਾਰਟੀ 1995 ਵਿਚ ਸਥਾਪਤ ਕੀਤੀ ਗਈ ਸੀ। ਇਹ ਹੁਣ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਕਿਰਾਏ ਲਈ ਮਕਾਨਾਂ ਦੀ ਉਸਾਰੀ ਵਰਗੇ ਹੋਰ ਕੰਮਾਂ ਨੂੰ ਹੱਥ ਵਿਚ ਲੈਣ ਤੋਂ ਇਲਾਵਾ ਮਿਲਖ ਵਿਕਾਸ ਤੇ ਸਮਾਜਿਕ ਮਕਾਨ ਉਸਾਰੀ ਦੋਵੇਂ ਕਿਸਮ ਦੀਆਂ ਸਕੀਮਾਂ ਨੂੰ ਨੇਪਰੇ ਚਾੜ੍ਹਨ ਲਈ ਸਰਕਾਰ ਦੇ ਅਸਰਦਾਰ ਸਾਧਨ ਵਜੋਂ ਕੰਮ ਕਰ ਰਹੀ ਹੈ। 1995-96 ਵਿਚ 3,571 ਲੱਖ ਰੁਪਏ ਦੀ ਥਾਂ ਤੇ ਇਹ 1996-97 ਦੌਰਾਨ ਐਸ.ਏ.ਐਸ. ਨਗਰ, ਲੁਧਿਆਣਾ ਤੇ ਬਠਿੰਡਾ ਵਿਖੇ ਸਮਾਜਿਕ ਮਕਾਨ ਉਸਾਰੀ ਅਤੇ ਸ਼ਹਿਰੀ ਮਿਲਖਾਂ ਦੇ ਵਿਕਾਸ ਉਤੇ 5,740 ਲੱਖ ਰੁਪਏ ਦੀ ਰਕਮ ਖਰਚ ਕਰੇਗੀ। ਇਸ ਦੇ ਮਕਾਨ ਉਸਾਰੀ ਪ੍ਰੋਗਰਾਮਾਂ ਵਿਚ 1996-97 ਵਿਚ 3,500 ਰਿਹਾਇਸ਼ੀ ਯੂਨਿਟਾਂ ਅਤੇ 1997-98 ਵਿਚ ਹੋਰ 3,000 ਰਿਹਾਇਸ਼ੀ ਮਕਾਨਾਂ ਦੀ ਉਸਾਰੀ ਦਾ ਕੰਮ ਹੱਥ ਵਿਚ ਲੈਣਾ ਸ਼ਾਮਲ ਹੈ। ਪੰਜਾਬ ਸ਼ਹਿਰੀ ਵਿਕਾਸ ਅਥਾਰਟੀ ਵਲੋਂ ਬਣਾਏ ਜਾਣ ਵਾਲੇ 6,500 ਮਕਾਨਾਂ/ਫਲੈਟਾਂ ਦੀ ਕੁਲ ਗਿਣਤੀ ਵਿਚੋਂ ਅੱਧਿਆਂ ਤੋਂ ਵੱਧ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਅਤੇ ਘੱਟ ਆਮਦਨ ਵਾਲੀਆਂ ਸ਼੍ਰੇਣੀਆਂ ਲਈ ਹਨ।

51. ਆਬਾਦੀ ਦੇ ਵਾਧੇ ਦੇ ਰੁਝਾਨ ਨੂੰ ਧਿਆਨ ਵਿਚ ਰੱਖਦੇ ਹੋਏ ਹੁਣ ਤੋਂ 2001 ਦੇ ਵਿਚਕਾਰ ਮਕਾਨਾਂ ਦੀ ਵਧ ਰਹੀ ਲੋੜ ਪੂਰੀ ਕਰਨ ਲਈ ਘੱਟ ਤੋਂ ਘੱਟ 4,000 ਏਕੜ ਰਕਬਾ ਵੱਖਰਾ ਰੱਖਣ ਦੀ ਲੋੜ ਹੈ।

52. ਇਹ ਬਿਲਕੁਲ ਸਪਸ਼ਟ ਹੈ ਕਿ ਭਵਿੱਖ ਵਿਚ ਮਕਾਨ ਉਸਾਰੀ ਲੋੜਾਂ ਨੂੰ ਪੂਰਾ ਕਰਨ ਲਈ ਕਾਫ਼ੀ ਰਕਮ ਖਰਚ ਕਰਨ ਦੀ ਲੋੜ ਹੈ ਜੋ ਸਰਕਾਰੀ ਜਾਂ ਅਰਧ-ਸਰਕਾਰੀ ਵਸੀਲਿਆਂ ਵਿਚੋਂ ਪੂਰੀ ਨਹੀਂ ਕੀਤੀ ਜਾ ਸਕਦੀ। ਇਸ ਲਈ ਇਸ ਖੇਤਰ ਵਿਚ ਪ੍ਰਾਈਵੇਟ ਸੈਕਟਰ ਦਾ ਸਹਿਯੋਗ ਲੈਣਾ ਜ਼ਰੂਰੀ ਹੈ। ਪੰਜਾਬ ਸ਼ਹਿਰੀ ਵਿਕਾਸ ਅਥਾਰਟੀ, ਪੰਜਾਬ ਰਿਹਾਇਸ਼ੀ ਮਕਾਨ ਤੇ ਜਾਇਦਾਦ ਦੇ ਵਿਨਿਯਮ ਐਕਟ, 1995 ਨੂੰ ਲਾਗੂ ਕਰਦੀ ਹੈ। ਇਹ ਮਿਲਖ ਏਜੰਟਾਂ ਦੀ ਰਜਿਸਟਰੇਸ਼ਨ ਅਤੇ ਨਵੀਆਂ ਕਾਲੋਨੀਆਂ ਦੀ ਮਨਜ਼ੂਰੀ ਨੂੰ ਉਤਸ਼ਾਹ ਦਿੰਦੀ ਹੈ। ਐਕਟ ਦਾ ਟੀਚਾ ਜਾਇਦਾਦ ਦੇ ਕਾਰੋਬਾਰ ਵਿਚ ਪਾਰਦਰਸ਼ਤਾ ਲਿਆਉਣਾ ਹੈ ਅਤੇ ਸ਼ਹਿਰੀ ਇਲਾਕਿਆਂ ਦਾ ਯੋਜਨਾਬੱਧ ਵਿਕਾਸ

Original with;
Punjab Vidhan Sabha
Digitized by;
Panjab Digital Library

ਕਰਕੇ ਆਮ ਸਹੂਲਤਾ ਮੁਹੱਈਆ ਕਰਨ ਦੇ ਕੁਝ ਬੁਨਿਆਦੀ ਮਾਪ-ਦੰਡਾਂ ਅਨੁਸਾਰ ਨਵੀਆ ਕਾਲੋਨੀਆਂ ਦੀ ਉਸਾਰੀ ਯਕੀਨੀ ਬਨਾਉਣਾ ਹੈ ।

53. ਨਗਰ ਤੇ ਗ੍ਰਾਮ ਯੋਜਨਾਬੰਦੀ ਵਿਭਾਗ ਦੁਆਰਾ ਵਿਸਤ੍ਰਿਤ ਯੋਜਨਾਬੰਦੀ ਦਾ ਕੰਮ ਹੱਥ ਵਿਚ ਲਿਆ ਗਿਆ ਹੈ, ਜਿਹੜਾ ਰਾਜ ਵਿਚ ਮੁੱਖ ਯੋਜਨਾਵਾਂ ਤੇ ਕੰਟਰੋਲਡ ਖੇਤਰੀ ਯੋਜਨਾਵਾਂ ਤਿਆਰ ਕਰਦਾ ਹੈ । ਪੰਜਾਬ ਪ੍ਰਾਦੇਸ਼ਿਕ ਤੇ ਨਗਰ ਯੋਜਨਾਬੰਦੀ ਤੇ ਵਿਕਾਸ ਐਕਟ ਸ਼ਹਿਰੀ ਤੇ ਦਿਹਾਤੀ ਇਲਾਕਿਆਂ ਵਿਚ ਭੂਮੀ ਦੀ ਵਰਤੋਂ ਤੇ ਕੰਟਰੋਲ ਕਰਨ ਲਈ ਇਕ ਠੋਸ ਕਾਨੂੰਨੀ ਢਾਂਚਾ ਮੁਹੱਈਆ ਕਰਦਾ ਹੈ । ਵਿਭਾਗ ਨੇ ਅਜਿਹੇ 12 ਯੋਜਨਾਬੰਦੀ ਇਲਾਕਿਆਂ ਦੀਆਂ ਹੱਦਬੰਦੀਆਂ ਸਬੰਧੀ ਇਤਰਾਜ਼ ਮੰਗ ਕੇ ਅਤੇ ਆਰਜ਼ੀ ਤੌਰ ਤੇ ਅਧਿਸੂਚਿਤ ਕਰਕੇ ਖੇਤਰ ਯੋਜਨਾਬੰਦੀ ਦੀ ਕਾਰਵਾਈ ਸ਼ੁਰੂ ਕੀਤੀ ਹੈ । ਇਨ੍ਹਾਂ ਸਬੰਧੀ ਜਨਤਾ ਦਾ ਹੁੰਗਾਰਾ ਪ੍ਰਾਪਤ ਹੋ ਗਿਆ ਹੈ ਅਤੇ ਪੜਤਾਲ ਕਰਨ ਪਿਛੋਂ ਯੋਜਨਾ-ਬੰਦੀ ਦੀ ਵਿਧੀ ਨੂੰ ਸ਼ੁਰੂ ਕਰਨ ਲਈ ਯੋਜਨਾਬੰਦੀ ਖੇਤਰਾਂ ਦੀਆਂ ਅੰਤਮ-ਹੱਦਬੰਦੀਆਂ ਅਧਿਸੂਚਿਤ ਕੀਤੀਆਂ ਜਾਣਗੀਆਂ । ਇਹ ਵਿਭਾਗ ਇਨ੍ਹਾਂ 12 ਇਲਾਕਿਆਂ ਵਿਚ ਯੋਜਨਾਬੰਦੀ ਦੀ ਅਸਲ ਵਿਧੀ ਦੀ ਹੀ ਨਿਗਰਾਨੀ ਕਰਦਾ ਹੈ ਤੇ ਇਸ ਦੇ ਨਾਲ ਹੀ ਬਾਕੀ ਦੇ ਜ਼ਿਲ੍ਹਾ ਸਦਰ ਮੁਕਾਮਾਂ ਵਿਚ ਵੀ ਬਹੁਤ ਸਾਰੇ ਨਵੇਂ ਖੇਤਰਾਂ ਨੂੰ ਹੱਥ ਵਿਚ ਲਵੇਗਾ ।

**ਗ੍ਰਹਿ ਮਾਮਲੇ ਅਤੇ ਨਿਆਂ**

54. ਸਾਲ 1996 ਦੌਰਾਨ ਰਾਜ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਠੀਕ ਰਹੀ । ਸੁਧਰੇ ਹੋਏ ਸੁਰੱਖਿਆ ਮਾਹੌਲ ਕਾਰਣ ਸਰਕਾਰ ਰਾਜ ਵਿਚ ਰਾਤ ਨੂੰ ਬੱਸ ਚਲਾਉਣ ਦੀ ਸੇਵਾ ਮੁੜ ਸ਼ੁਰੂ ਕਰ ਸਕੀ ਹੈ । ਵਪਾਰਕ ਕੰਮ ਠੀਕ ਚਲਦਾ ਰਿਹਾ ਅਤੇ ਜ਼ਰੂਰੀ ਵਸਤਾਂ ਦਾ ਆਉਣਾ ਜਾਣਾ ਨਿਰਵਿਘਨ ਰਿਹਾ ।

55. ਪੁਲਿਸ ਸਿਖਲਾਈ ਕਾਲਜ, ਫਿਲੌਰ ਵਿਖੇ ਸਿਖਲਾਈ ਅਪਗਰੇਡ ਕੀਤੀ ਜਾ ਰਹੀ ਹੈ । ਇਹ ਸਿਖਲਾਈ ਲੋਕ ਪ੍ਰਸ਼ਾਸਨ, ਮਨੋਵਿਗਿਆਨ, ਸਮਾਜ ਵਿਗਿਆਨ ਤੇ ਅਪਰਾਧ ਵਿਗਿਆਨ ਜਿਹੇ ਵਿਸ਼ਿਆਂ ਨੂੰ ਸ਼ੁਰੂ ਕਰਕੇ ਵਿਸਤ੍ਰਿਤ ਆਧਾਰ ਵਾਲੀ ਬਣਾਈ ਜਾ ਰਹੀ ਹੈ ।

56. ਹੋਮ ਗਾਰਡਜ਼ ਅਮਨ ਤੇ ਅੰਦਰੂਨੀ ਸੁਰੱਖਿਆ ਨੂੰ ਬਰਕਰਾਰ ਰਖਣ ਲਈ ਫੌਜ/ਪੁਲਿਸ ਦੀ ਸਹਾਇਕ ਵਜੋਂ ਸੇਵਾ ਕਰਨ ਲਈ ਸਵੈ-ਇੱਛਤ ਫੋਰਸ ਹੈ । ਹੋਮ ਗਾਰਡਜ਼ ਦੇ ਵਲੰਟੀਅਰ ਇਕ ਦਹਾਕੇ ਤੋਂ ਸਖਤ ਕਿਸਮ ਦੀਆਂ ਡਿਊਟੀਆਂ ਨਿਭਾ ਰਹੇ ਹਨ ।

57. ਜੇਲ੍ਹ ਪ੍ਰਬੰਧ ਸੁਧਾਰ ਕਰਨ ਵਾਲੀ ਨੀਤੀ ਨੂੰ ਮਜ਼ਬੂਤ ਕਰਨ ਉੱਤੇ ਲਗਾਤਾਰ ਜ਼ੋਰ ਦੇ ਰਿਹਾ ਹੈ । ਮਾਨਯੋਗ ਮੁੱਖ ਮੰਤਰੀ ਜੀ ਨੇ ਕੇਂਦਰੀ ਜੇਲ੍ਹ, ਅੰਮ੍ਰਿਤਸਰ ਦੇ ਆਪਣੇ ਪਹਿਲੇ ਦੌਰੇ ਸਮੇਂ ਪੰਜਾਬ ਦੀਆਂ ਜੇਲ੍ਹਾਂ ਵਿਚ ਕੈਦੀਆਂ ਦੀ ਇਕ ਸਾਲ ਦੀ ਸਜ਼ਾ ਨੂੰ ਘਟਾਉਣ ਅਤੇ ਥੋੜੇ ਸਮੇਂ ਵਾਲੇ 174 ਕੈਦੀਆਂ ਨੂੰ ਰਿਹਾਅ ਕਰਨ ਦਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]
ਐਲਾਨ ਕੀਤਾ ਹੈ । ਉਤਸ਼ਾਹ ਦੇਣ ਲਈ ਰਾਜ ਸਰਕਾਰ ਨੇ ਅਕੁਸ਼ਲ, ਅਰਧ ਕੁਸ਼ਲ ਤੇ ਕੁਸ਼ਲ ਕਾਮਿਆਂ ਦੀਆਂ ਗਰੈਚੂਇਟੀ ਦਰਾਂ ਕ੍ਰਮਵਾਰ 4,6 ਅਤੇ 8 ਰੁਪਏ ਦੀ ਥਾਂ ਤੇ 1-4-1997 ਤੋਂ ਵਧਾ ਕੇ 6,8 ਅਤੇ 10 ਰੁਪਏ ਕਰ ਦਿੱਤੀਆਂ ਗਈਆਂ ਹਨ । ਰਿਹਾਅ ਹੋਣ ਪਿਛੋਂ ਕੈਦੀਆਂ ਦੀ ਜਿਨ੍ਹਾਂ ਕਿੱਤਿਆਂ ਨੂੰ ਕਰਨ ਦੀ ਸੰਭਾਵਨਾ ਹੋਵੇ ਉਨ੍ਹਾਂ ਕਿੱਤਿਆਂ ਦੀ ਸਿਖਲਾਈ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ, ਇਹ ਟਰੈਕਟਰ ਮੁਰੰਮਤ, ਡੀਜ਼ਲ ਇੰਜਨ ਮੁਰੰਮਤ, ਮੋਟਰ ਮਕੈਨਿਕ ਅਤੇ ਖੇਤੀ ਨਾਲ ਸਬੰਧਤ ਉਦਯੋਗ ਸਬੰਧੀ ਕਿੱਤੇ ਹਨ ।

58. ਰਾਜ ਸਰਕਾਰ ਰਾਜ ਵਿਚ ਕਾਨੂੰਨ ਦੀ ਪਾਲਣਾ ਕਰਨ ਅਤੇ ਵਿਅਕਤੀ ਦੇ ਗੌਰਵ ਨੂੰ ਕਾਇਮ ਰੱਖਣ ਲਈ ਵਚਨਬੱਧ ਹੈ । ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਨੂੰ ਭਾਰਤ ਦੇ ਸੰਵਿਧਾਨ ਦੀ ਭਾਵਨਾ ਅਨੁਸਾਰ ਇਕਸੁਰ ਰੱਖਣ ਲਈ ਰਾਜ ਸਰਕਾਰ ਵਲੋਂ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ ।

ਸਿੰਜਾਈ

59. ਪੰਜਾਬ ਦੇ ਕਿਸਾਨ ਖੇਤੀਬਾੜੀ ਉਤਪਾਦਨ ਵਿਚ ਮੂਹਰਲੀ ਕਤਾਰ ਵਿਚ ਰਹੇ ਹਨ । ਹਾਲ ਵਿਚ ਹੀ, ਇਨਪੁਟ ਦੀ ਕੀਮਤ ਕਈ ਗੁਣਾ ਵੱਧ ਗਈ ਹੈ ਅਤੇ ਭਾਰਤ ਸਰਕਾਰ ਦੁਆਰਾ ਐਲਾਨੀ ਗਈ ਘੱਟ ਤੋਂ ਘੱਟ ਸਮੱਰਥਕ ਕੀਮਤ ਰਾਹੀਂ ਇਸ ਨੂੰ ਯੋਗ ਤੌਰ ਤੇ ਪੂਰਾ ਨਹੀਂ ਕੀਤਾ ਗਿਆ ਹੈ । ਇਹ ਜ਼ਰੂਰੀ ਹੈ ਕਿ ਇਨ੍ਹਾਂ ਦੀ ਹੌਸਲਾ-ਅਫਜ਼ਾਈ ਕੀਤੀ ਜਾਵੇ । ਇਸ ਲਈ, ਮੇਰੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਿੰਜਾਈ ਲਈ ਮੁਫਤ ਨਹਿਰੀ ਪਾਣੀ ਅਤੇ ਖੇਤੀਬਾੜੀ ਪੰਪ ਸੈਟਾਂ ਲਈ ਮੁਫਤ ਬਿਜਲੀ ਦੇ ਕੇ ਪੰਜਾਬ ਦੇ ਬਹਾਦਰ ਕਿਸਾਨਾਂ ਨੂੰ ਅੰਸ਼ਕ ਮੁਆਵਜ਼ਾ ਦਿਤਾ ਜਾਵੇ । ਨਾਲ ਹੀ, ਮੇਰੀ ਸਰਕਾਰ ਦਾ ਕਿਸਾਨਾਂ ਦੇ ਲਾਭ ਲਈ ਰਾਜ ਵਿਚ ਸਿੰਜਾਈ ਸਹੂਲਤਾਂ ਦਾ ਹੋਰ ਵਿਕਾਸ ਕਰਨ ਨੂੰ ਪਰਮ ਅਗੇਤ ਦੇਣ ਦਾ ਵਿਚਾਰ ਹੈ ।

60. ਭੋਂ-ਸਮਰੱਥਾ ਦੇ ਮੁਕਾਬਲੇ ਤੇ ਪੰਜਾਬ ਵਿਚ ਜਲ ਬਹੁਤ ਘੱਟ ਉਪਲਬਧ ਹੈ । ਜਲ-ਸਾਧਨਾਂ ਦਾ ਪ੍ਰਤੀ-ਯੂਨਿਟ ਵੱਧ ਤੋਂ ਵੱਧ ਉਤਪਾਦਨ ਕਰਨ ਲਈ ਪੰਜਾਬ ਦੇ ਨਵੇਂ ਖੇਤਰਾਂ ਨੂੰ ਸਿੰਜਾਈ ਸਹੂਲਤਾਂ ਮੁਹੱਈਆ ਕਰਨ ਅਤੇ ਮੌਜੂਦਾ ਸਿੰਜਾਈ ਪ੍ਰਣਾਲੀਆਂ ਨੂੰ ਆਧੁਨਿਕ ਬਣਾਉਣ ਲਈ 145 ਮਿਲੀਅਨ ਅਮਰੀਕੀ ਡਾਲਰਾਂ ਦਾ ਇਕ ਵਿਸ਼ਵ-ਬੈਂਕ ਸਹਾਇਤਾ ਪ੍ਰਾਪਤ ਪ੍ਰਾਜੈਕਟ ਹੱਥ ਵਿਚ ਲਿਆ ਹੈ । ਨਵੇਂ ਖੇਤਰਾਂ ਨੂੰ ਸਿੰਜਾਈ ਮੁਹੱਈਆ ਕਰਨ ਲਈ, ਹੁਸ਼ਿਆਰਪੁਰ, ਰੋਪੜ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਨੀਵੇਂ ਬੰਨ੍ਹ ਬਨਾਉਣ, ਕੰਡੀ ਨਹਿਰ ਦੀ ਉਸਾਰੀ ਕਰਨ ਅਤੇ ਡੂੰਘੇ ਟਿਊਬਵੈਲ ਲਾਉਣ ਦੇ ਕੰਮ ਨੂੰ ਹੱਥ ਵਿਚ ਲਿਆ ਗਿਆ ਹੈ । ਸਿੰਜਾਈ ਪ੍ਰਣਾਲੀਆਂ ਨੂੰ ਆਧੁਨਿਕ ਬਨਾਉਣ ਲਈ, ਕੱਚੀਆਂ ਨਹਿਰਾਂ ਅਤੇ ਖਾਲੇ ਪੱਕੇ ਕੀਤੇ ਜਾ ਰਹੇ ਹਨ । ਜਲ ਸਾਧਨਾਂ ਦੇ ਸੁਚੱਜੇ ਪ੍ਰਬੰਧ ਲਈ, ਵਾਇਰਲੈਸ ਸੰਚਾਰ ਅਤੇ ਕੰਪਿਊਟਰੀਕਰਨ ਦੇ ਨਾਲ ਨਾਲ ਵੱਖ ਵੱਖ ਕੰਟਰੋਲ ਪ੍ਰਣਾਲੀਆਂ ਤੇ ਰੈਗੂਲੇਸ਼ਨ ਗੇਟ ਲਾਏ ਜਾ ਰਹੇ ਹਨ । ਰਾਜ ਦੇ ਦੱਖਣ ਪੱਛਮੀ ਜ਼ਿਲ੍ਹਿਆਂ ਵਿਚ ਸੇਮ ਨੂੰ ਰੋਕਣ ਲਈ ਨਵੇਂ ਸੇਮ-ਨਾਲੇ ਬਣਾਏ ਜਾ ਰਹੇ ਹਨ

Original with;
Punjab Vidhan Sabha
Digitized by;
Panjab Digital Library

ਅਤੇ ਪੁਰਾਣੇ ਨਾਲਿਆਂ ਦਾ ਸੁਧਾਰ ਕੀਤਾ ਜਾ ਰਿਹਾ ਹੈ । ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਪਾਣੀ ਦੀ ਸਪਲਾਈ ਵਧਾ ਦਿੱਤੀ ਗਈ ਹੈ ਅਤੇ ਖਾਲਿਆਂ ਨੂੰ ਪੜਾਅ ਵਾਰ ਸੁਧਾਰਿਆ ਜਾ ਰਿਹਾ ਹੈ ।

61. ਇਸ ਸਮੇਂ, ਖੇਤੀ ਬਾੜੀ ਅਧੀਨ 42.05 ਲੱਖ ਹੈਕਟੇਅਰ ਭੂਮੀ ਵਿਚੋਂ ਲਗਭਗ 38.98 ਲੱਖ ਹੈਕਟੇਅਰ ਭੂਮੀ ਦੀ ਸਿੰਜਾਈ ਨਹਿਰਾਂ, ਪ੍ਰਾਈਵੇਟ ਟਿਊਬਵੈਲਾਂ ਅਤੇ ਰਾਜ ਦੇ ਟਿਊਬਵੈਲਾਂ ਰਾਹੀਂ ਹੈ । ਮਾਰਚ, 1998 ਤਕ ਵਿਸ਼ਵ ਬੈਂਕ ਪ੍ਰਾਜੈਕਟ ਦੀਆਂ ਸਾਰੀਆਂ ਸਕੀਮਾਂ ਦੇ ਮੁਕੰਮਲ ਹੋਣ ਨਾਲ, 1.63 ਲੱਖ ਹੈਕਟੇਅਰ ਦੀ ਵਧੀਕ ਸਿੰਜਾਈ ਕੀਤੀ ਜਾ ਸਕੇਗੀ । ਸਾਲ 1996-97 ਦੌਰਾਨ, ਸਿੰਜਾਈ ਸੈਕਟਰ ਲਈ 171.12 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾਵੇਗੀ ਜਦ ਕਿ ਸਾਲ 1995-96 ਦੌਰਾਨ 152.60 ਕਰੋੜ ਰੁਪਏ ਖਰਚੇ ਗਏ ਸਨ ।

**ਬਿਜਲੀ**

62. ਰਾਜ ਵਿਚ ਬਿਜਲੀ ਸਪਲਾਈ ਦੀ ਸਥਿਤੀ ਪਿਛਲੇ ਸਾਲ ਖਾਸ ਕਰ ਝੋਨੇ ਦੇ ਮੌਸਮ ਦੌਰਾਨ ਤਸੱਲੀਬਖਸ਼ ਰਹੀ । ਹਾਲਾਂ ਕਿ ਥਰਮਲ ਪਲਾਟਾਂ ਵਿਚ ਨਵੀਂ ਉਤਪਾਦਨ ਸਮਰੱਥਾ ਵਿਚ ਵਾਧਾ ਨਹੀਂ ਹੋਇਆ ਅਤੇ ਕੋਲੇ ਦਾ ਸਟਾਕ ਬਹੁਤ ਘੱਟ ਸੀ ।

63. ਗੁਰੂ ਹਰਗੋਬਿੰਦ ਥਰਮਲ ਪਾਵਰ ਪਲਾਂਟ ਸਟੇਜ-1 210 ਮੈਗਾਵਾਟ ਦੇ ਦੋ ਯੂਨਿਟਾਂ ਤੇ ਕੰਮ ਪੂਰੇ ਜ਼ੋਰ ਨਾਲ ਚਲ ਰਿਹਾ ਹੈ । ਫੰਡਾਂ ਦੀ ਥੁੜ ਕਾਰਨ ਕੰਮ ਰੁਕ ਗਿਆ ਸੀ, ਇਸ ਲਈ ਭਾਰਤ ਦੇ ਬਿਜਲੀ ਵਿੱਤ ਨਿਗਮ ਪਾਸੋਂ ਸਾਲ 1996-97 ਲਈ 200 ਕਰੋੜ ਰੁਪਏ ਅਤੇ ਸਾਲ 1997-98 ਲਈ 100 ਕਰੋੜ ਰੁਪਏ ਦਾ ਕਰਜ਼ਾ ਮੰਨਜ਼ੂਰ ਕਰਵਾਇਆ ਗਿਆ ਸੀ । ਪਹਿਲਾ ਯੂਨਿਟ ਦਸੰਬਰ, 1997 ਵਿਚ ਅਤੇ ਦੂਜਾ ਯੂਨਿਟ ਜੂਨ, 1998 ਵਿਚ ਚਾਲੂ ਹੋ ਜਾਵੇਗਾ । ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਨੂੰ ਆਧੁਨਿਕ ਬਣਾਉਣ ਦਾ ਕੰਮ ਬਿਜਲੀ ਵਿੱਤ ਕਾਰਪੋਰੇਸ਼ਨ ਦੀ ਵਿੱਤੀ ਸਹਾਇਤਾ (47.20 ਕਰੋੜ ਰੁਪਏ) ਨਾਲ ਚਲ ਰਿਹਾ ਹੈ । ਰਣਜੀਤ ਸਾਗਰ ਡੈਮ ਦਾ ਕੰਮ ਵੀ ਚਲ ਰਿਹਾ ਹੈ ਅਤੇ 1998-99 ਦੌਰਾਨ ਇਸ ਪ੍ਰਾਜੈਕਟ ਦੇ ਚਾਲੂ ਹੋ ਜਾਣ ਦੀ ਆਸ ਹੈ । ਇਸ ਪ੍ਰਾਜੈਕਟ ਲਈ ਨੌਵੀਂ ਯੋਜਨਾ ਸਮੇਂ ਵਾਧੇ ਸਮੇਤ 573 ਕਰੋੜ ਰੁਪਏ ਦੀ ਰਕਮ ਲੋੜੀਂਦੀ ਹੋਵੇਗੀ । ਇਸ ਤੋਂ ਇਲਾਵਾ ਪੰਜਾਬ ਰਾਜ ਬਿਜਲੀ ਬੋਰਡ ਨੇ ਗੈਰ-ਸਰਕਾਰੀ ਸਹਿਯੋਗ ਰਾਹੀਂ ਪ੍ਰਾਜੈਕਟਾਂ ਦਾ ਪਤਾ ਵੀ ਲਾਇਆ ਹੈ ਜਿਵੇਂ ਗੋਇੰਦਵਾਲ ਸਾਹਿਬ ਵਿਚ 250-250 ਮੈਗਾਵਾਟ, ਗੁਰੂ ਹਰਗੋਬਿੰਦ ਪਾਵਰ ਪਲਾਂਟ ਸਟੇਜ-II ਦੇ 250-250 ਮੈਗਾਵਾਟ ਦੇ ਯੂਨਿਟ । ਇਸ ਤੋਂ ਇਲਾਵਾ 1999-2000 ਦੌਰਾਨ 400 ਕਰੋੜ ਰੁਪਏ ਦੀ ਲਾਗਤ ਨਾਲ ਇਕ ਸਾਂਝੇ ਉਪਰਾਲੇ ਵਜੋਂ ਬਠਿੰਡਾ ਵਿਖੇ ਚਾਲੂ ਕੀਤੇ ਜਾਣ ਵਾਲੇ ਨੇਪਥਾ ਅਧਾਰਤ 150 ਮੈਗਾਵਾਟ ਸਮਰੱਥਾ ਦੇ ਪਾਵਰ ਪਲਾਂਟ ਲਈ ਮੈਸਰਜ਼ ਇੰਡੀਅਨ ਆਇਲ ਕਾਰਪੋਰੇਸ਼ਨ ਨਾਲ ਇਕ ਸਮਝੌਤੇ ਤੇ ਦਸਤਖਤ ਕੀਤੇ ਗਏ ਹਨ । ਇਸ ਤੋਂ ਇਲਾਵਾ ਪੀ.ਐਸ.ਈ.ਬੀ. ਨੇ ਨੌਵੀਂ ਯੋਜਨਾ ਦੌਰਾਨ 940 ਮੈਗਾਵਾਟ ਬਿਜਲੀ ਖਰੀਦਣ ਲਈ ਮੈਸਰਜ਼ ਸੇਪਾ (CEPA) ਨਾਲ ਵੀ ਸਮਝੌਤਾ ਕੀਤਾ ਹੈ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

64. ਸਾਲ 1997-98 ਦੌਰਾਨ 68 ਨਵੇਂ ਸਬ-ਸਟੇਸ਼ਨ ਕਾਇਮ ਕੀਤੇ ਜਾਣਗੇ, 69 ਮੌਜੂਦਾ ਸਬ-ਸਟੇਸ਼ਨਾਂ ਨੂੰ ਵਧਾਇਆ ਜਾਵੇਗਾ ਅਤੇ 1295 ਕਿ.ਮੀ. ਨਵੀਆਂ ਸੰਚਾਰ ਅਤੇ ਉਪ ਸੰਚਾਰ ਲਾਈਨਾਂ ਮੁਕੰਮਲ ਕੀਤੀਆਂ ਜਾਣਗੀਆਂ। ਸਾਲ 1997-98 ਦੌਰਾਨ ਕੈਪੇਸਿਟਰ ਲਾਉਣ ਅਤੇ ਸੰਚਾਰ ਤੇ ਵੰਡ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਤੋਂ ਇਲਾਵਾ ਬਿਜਲੀ ਦੀ ਚੋਰੀ ਨੂੰ ਰੋਕ ਕੇ ਅਤੇ ਨੁਕਸ ਵਾਲੇ ਮੀਟਰ ਬਦਲ ਕੇ ਟ੍ਰਾਂਸਮਿਸ਼ਨ ਤੇ ਵੰਡ ਦੇ ਨੁਕਸਾਨ ਨੂੰ ਘੱਟੋ ਘੱਟ 1% ਘਟਾਉਣ ਦੇ ਉਪਾਅ ਵੀ ਕੀਤੇ ਜਾ ਰਹੇ ਹਨ।

65. ਇਸ ਤੋਂ ਇਲਾਵਾ ਪੰਜਾਬ ਰਾਜ ਬਿਜਲੀ ਬੋਰਡ ਨੇ ਸਾਲ 1997-98 ਦੌਰਾਨ 1.5 ਲੱਖ ਜਨਰਲ ਕੁਨੈਕਸ਼ਨ, 5,000 ਉਦਯੋਗਿਕ ਕੁਨੈਕਸ਼ਨ ਅਤੇ 25,000 ਟਿਊਬਵੈੱਲ ਕੁਨੈਕਸ਼ਨ ਦੇਣ ਦੀ ਯੋਜਨਾ ਵੀ ਬਣਾਈ ਹੈ।

66. ਸ਼ਹਿਰੀ ਇਲਾਕਿਆਂ ਵਾਂਗ ਲਗਾਤਾਰ ਬਿਜਲੀ ਸਪਲਾਈ ਕਰਨ ਲਈ ਬੋਰਡ ਵੱਲੋਂ ਪੰਜਾਬ ਦੇ ਸਮੂਹ ਪਿੰਡਾਂ ਨੂੰ 24 ਘੰਟੇ ਲਗਾਤਾਰ ਬਿਜਲੀ ਸਪਲਾਈ ਕਰਨ ਦੀ ਸਕੀਮ ਤਿਆਰ ਕੀਤੀ ਗਈ ਸੀ। ਇਸ ਸਕੀਮ ਅਧੀਨ ਪਹਿਲਾਂ ਹੀ 465 ਪਿੰਡਾਂ ਨੂੰ 24 ਘੰਟੇ ਲਗਾਤਾਰ ਬਿਜਲੀ ਦੀ ਸਪਲਾਈ ਮੁਹੱਈਆ ਕੀਤੀ ਗਈ। 517 ਪਿੰਡਾਂ ਵਿਚ ਇਹ ਕੰਮ ਪੂਰੇ ਜੋਰ ਨਾਲ ਚੱਲ ਰਿਹਾ ਹੈ।

**ਸਥਾਨਕ ਸਰਕਾਰ**

67. ਨਗਰ ਪਾਲਿਕਾਵਾਂ ਸਾਡੇ ਸਾਰੇ ਨਗਰਾਂ ਲਈ ਖ਼ੁਦਮੁਖ਼ਤਾਰ ਸਵੈ-ਸ਼ਾਸਤ ਸੰਸਥਾਵਾਂ ਸਮਝੀਆਂ ਜਾਂਦੀਆਂ ਹਨ। ਮੇਰੀ ਸਰਕਾਰ ਰਾਜ ਵਿਚ ਤਿੰਨ ਨਗਰ ਨਿਗਮਾਂ, 97 ਨਗਰ ਕੌਂਸ਼ਲਾਂ ਅਤੇ 33 ਨਗਰ ਪੰਚਾਇਤਾਂ ਨੂੰ ਕਾਰਜੀ ਮਾਲੀ ਖ਼ੁਦਮੁਖ਼ਤਾਰੀ ਦੇਣ ਦਾ ਉਪਰਾਲਾ ਕਰ ਰਹੀ ਹੈ ਤਾਂ ਜੋ ਉਹ ਸ਼ਹਿਰੀ ਇਲਾਕਿਆਂ ਵਿਚ ਨਾਗਰਿਕ ਸਹੂਲਤਾਂ ਦੇ ਸਕਣ ਅਤੇ ਅਹਿਮ ਬੁਨਿਆਦੀ ਢਾਂਚੇ ਵਿਚ ਸੁਧਾਰ ਲਿਆ ਸਕਣ। ਭਾਰਤ ਦੇ ਸੰਵਿਧਾਨ ਦੀ 74ਵੀਂ ਤਰਮੀਮ ਅਤੇ ਰਾਜ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੀ ਰੋਸ਼ਨੀ ਵਿਚ ਨਗਰ ਪਾਲਿਕਾਵਾਂ ਨੂੰ ਵਧੇਰੇ ਵਿੱਤੀ ਅਤੇ ਪ੍ਰਸ਼ਾਸਨਿਕ ਅਖਤਿਆਰ ਦੇਣ ਸਬੰਧੀ ਇਕ ਕਾਨੂੰਨੀ ਢਾਂਚਾ ਤਿਆਰ ਕਰ ਲਿਆ ਗਿਆ ਹੈ।

68. ਇਸ ਅਨੁਸਾਰ ਪੰਜਾਬ ਨਗਰ ਪਾਲਿਕਾ ਐਕਟ, 1911 ਅਤੇ ਪੰਜਾਬ ਨਗਰ ਨਿਗਮ ਐਕਟ, 1976 ਨੂੰ ਇਕ ਵਿਆਪਕ ਕਾਨੂੰਨ ਦੁਆਰਾ ਬਦਲਿਆ ਜਾਵੇਗਾ, ਜੋ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਮਜ਼ਬੂਤ ਕਰੇਗਾ।

69. ਨਗਰਾਂ ਵਿੱਚ ਵਾਤਾਵਰਣ ਸਬੰਧੀ ਸੁਧਾਰ ਲਈ ਇਕ ਕਾਰਵਾਈ ਯੋਜਨਾ ਤਿਆਰ ਕੀਤੀ ਗਈ ਹੈ ਜੋ ਅਗਲੇ ਸਾਲ ਅਮਲ ਵਿਚ ਲਿਆਂਦੀ ਜਾਵੇਗੀ। ਸਥਾਨਕ ਸਰਕਾਰ ਨਵੇਂ ਉਪਾਅ ਕਰਕੇ ਸ਼ਹਿਰਾਂ ਵਿਚ ਸੇਵਾਵਾਂ ਦੀ ਕੁਆਲਟੀ ਨੂੰ ਸੁਧਾਰਨ ਦਾ ਯਤਨ ਕਰੇਗੀ ਜਿਸ ਵਿਚ ਦਫ਼ਤਰੀ ਪ੍ਰਬੰਧ ਦੀ ਮੁੜ-ਵਿਉਂਤਬੰਦੀ, ਢਾਂਚੇ ਨੂੰ ਆਧੁਨਿਕ ਬਣਾਉਣਾ ਅਤੇ ਕੰਪਿਊਟਰਾਂ ਦੀ ਵਰਤੋਂ ਸ਼ਾਮਲ ਹੋਵੇਗੀ।

Original with;
Punjab Vidhan Sabha
Digitized by;
Panjab Digital Library

70. ਨਗਰਾਂ ਵਿੱਚ ਜਲ-ਸਪਲਾਈ ਤੇ ਸੀਵਰੇਜ ਪ੍ਰਣਾਲੀਆਂ ਬੁਨਿਆਦੀ ਲੋੜਾਂ ਨੂੰ ਪਰਮ ਅਗੇਤ ਦਿੱਤੀ ਜਾਵੇਗੀ । ਇਕੱਠੀ ਹੋਈ ਗੰਦਗੀ, ਕੂੜਾ-ਕਰਕਟ ਨੂੰ ਹਟਾਉਣ ਲਈ ਵਿਸ਼ੇਸ਼ ਉਪਾਅ ਕੀਤੇ ਜਾਣਗੇ ਅਤੇ ਇਸ ਦੇ ਲਈ ਸਥਾਨਕ ਸਰਕਾਰ ਲੋਕਾਂ ਦਾ ਵੱਧ ਤੋਂ ਵੱਧ ਸਹਿਯੋਗ ਪ੍ਰਾਪਤ ਕਰੇਗੀ । ਸਥਾਨਕ ਸੰਸਥਾਵਾਂ ਮਲਬੇ ਅਤੇ ਕੂੜਾ-ਕਰਕਟ ਉਠਾਉਣ ਵੱਲ ਵਿਸ਼ੇਸ਼ ਧਿਆਨ ਦੇਣਗੀਆ ਅਤੇ ਸਫ਼ਾਈ ਸੇਵਾਵਾਂ ਵਿਚ ਸੁਧਾਰ ਲਿਆਉਣਗੀਆਂ ।

**ਸਮਾਜ ਭਲਾਈ**

71. ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ਅਨੁਸੂਚਿਤ ਜਾਤੀਆਂ ਦੀਆਂ ਵਿਦਿਅਕ, ਆਰਥਿਕ ਤੇ ਸਮਾਜਿਕ ਲੋੜਾਂ ਦਾ ਖਿਆਲ ਰੱਖਦਾ ਹੈ ਜੋ ਰਾਜ ਦੀ ਕੁੱਲ ਆਬਾਦੀ ਦਾ 28.31 % ਹਨ ਅਤੇ ਜ਼ਿਆਦਾਤਰ ਗ਼ਰੀਬ, ਅਨਪੜ੍ਹ ਅਤੇ ਦਲਿਤ ਹਨ । ਅਨੁਸੂਚਿਤ ਜਾਤੀਆਂ ਦੀ ਸਮਾਜ-ਆਰਥਿਕ ਦਸ਼ਾ ਵਿੱਚ ਪ੍ਰਤੱਖ ਸੁਧਾਰ ਲਿਆਉਣ ਲਈ ਵੱਖ ਵੱਖ ਭਲਾਈ ਸਕੀਮਾਂ ਚਲਾਈਆਂ ਗਈਆ ਹਨ । ਵਿਭਾਗ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਵੱਲ ਵੀ ਧਿਆਨ ਦਿੰਦਾ ਹੈ ।

72. ਰਾਜ ਸਰਕਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਵਜ਼ੀਫ਼ੇ/ਸਕਾਲਰਸ਼ਿਪ ਦੇਣ ਤੋਂ ਇਲਾਵਾ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਵੀ ਦੇ ਰਹੀ ਹੈ । ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਲਈ ਪ੍ਰਾਇਮਰੀ ਸਕੂਲ ਪੱਧਰ ਤੇ ਹਾਜ਼ਰੀ ਸਕਾਲਰਸ਼ਿਪ ਸਕੀਮ ਸ਼ੁਰੂ ਕੀਤੀ ਗਈ ਹੈ । ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਦਸਵੀਂ ਪੱਧਰ ਤਕ ਮੁਫ਼ਤ ਕਿਤਾਬਾਂ ਸਪਲਾਈ ਕੀਤੀਆਂ ਜਾਂਦੀਆਂ ਹਨ । ਇਸੇ ਤਰ੍ਹਾਂ ਮੈਡੀਕਲ, ਇੰਜੀਨੀਅਰੀ, ਖੇਤੀਬਾੜੀ, ਪਾਲੀ-ਟੈਕਨਿਕ, ਪਸ਼ੂ-ਚਿਕਿਤਸਾ ਵਿਗਿਆਨ ਅਤੇ ਕਾਨੂੰਨ ਵਰਗੇ ਪ੍ਰੋਫੈਸ਼ਨਲ ਕਾਲਿਜ ਵਿਚ ਪੜ੍ਹਦੇ ਵਿਦਿਆਰਥੀਆ ਨੂੰ ਪੁਸਤਕਾਂ ਦੇ ਸੈੱਟ ਮੁਹੱਈਆ ਕੀਤੇ ਜਾਂਦੇ ਹਨ । ਸਾਲ 1996-97 ਲਈ ਪਲਾਨ ਲਈ 3,508.86 ਲੱਖ ਰੁਪਏ ਦੀ ਰਕਮ ਅਤੇ ਨਾਨ ਪਲਾਨ ਲਈ 1,357.91 ਲੱਖ ਰੁਪਏ ਦੀ ਰਕਮ ਸਿਖਿਆ ਭਲਾਈ ਸਕੀਮਾਂ ਲਈ ਮਖਸੂਸ ਕੀਤੀ ਗਈ ਸੀ ।

73. ਰਾਜ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਆਰਥਿਕ ਪੈਕੇਜ ਦਾ ਐਲਾਨ ਕੀਤਾ ਗਿਆ ਹੈ । ਪ੍ਰੋਗਰਾਮ ਵਿੱਚ "ਗ਼ਰੀਬ ਬੱਚਿਆਂ ਲਈ ਸਬਸਿਡੀ ਦੇ ਆਧਾਰ ਤੇ ਦਾਲ ਰੋਟੀ" ਅਨੁਸੂਚਿਤ ਜਾਤੀਆਂ ਨੂੰ ਬਸਤੀਆਂ ਦੇ ਨੇੜੇ ਸ਼ਾਮਲਾਟ ਭੂਮੀ ਮੁਹੱਈਆ ਕਰਨਾ, ਧਰਮਸ਼ਾਲਾਵਾਂ ਦੀ ਮੁਰੰਮਤ ਅਤੇ ਉਸਾਰੀ ਲਈ ਧਨ ਵਿਚ ਵਾਧਾ ਕਰਨਾ, ਪਾਣੀ ਵਾਲੀਆਂ ਲੈਟਰੀਨਾਂ ਦੀ ਉਸਾਰੀ ਕਰਨਾ ਆਦਿ ਸ਼ਾਮਲ ਹਨ । ਅਨੁਸੂਚਿਤ ਜਾਤੀਆਂ ਅਤੇ ਕਮਜ਼ੋਰ ਵਰਗਾਂ ਲਈ ਮਕਾਨ, ਨਲਕਿਆਂ/ਖੂਹਾਂ ਰਾਹੀਂ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ ਅਤੇ ਕਮਜ਼ੋਰ ਵਰਗਾਂ ਤੇ ਅਨੁਸੂਚਿਤ ਜਾਤੀਆਂ ਲਈ ਵਜ਼ੀਫ਼ਿਆਂ ਦੀਆਂ ਦਰਾਂ ਵਿਚ ਵਾਧਾ ਕਰਨਾ ਵੀ ਸ਼ਾਮਲ ਹੈ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

74. ਹਰੇਕ ਜ਼ਿਲ੍ਹਾ ਹੈਡਕੁਆਟਰ ਵਿਖੇ ਡਾ. ਬੀ.ਆਰ. ਅੰਬੇਦਕਰ ਭਵਨ ਉਸਾਰੇ ਜਾ ਰਹੇ ਹਨ ਅਤੇ ਪਿੰਡਾਂ ਵਿਚ ਇਕ ਧਰਮਸ਼ਾਲਾ ਮੁਹੱਈਆ ਕੀਤੀ ਗਈ ਹੈ ਅਤੇ ਸਾਰੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਕਾਰਵਾਈ ਗਈ ਹੈ । ਧਰਮਸ਼ਾਲਾਵਾਂ ਲਈ ਬਿਜਲੀ, ਬਸਤੀ ਸੁਧਾਰ ਅਤੇ ਪੀਣ ਵਾਲੇ ਪਾਣੀ ਆਦਿ ਵਰਗੀਆਂ ਸਕੀਮਾਂ ਆਰੰਭ ਕੀਤੀਆਂ ਗਈਆਂ ਹਨ, ਜਿਸ ਲਈ ਸਾਲ 1996-97 ਦੇ ਦੌਰਾਨ 1,425.31 ਲੱਖ ਰੁਪਏ ਖ਼ਰਚ ਦਾ ਪ੍ਰਬੰਧ ਹੈ ।

75. ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਵੱਲੋਂ ਵੱਖ ਵੱਖ ਆਮਦਨ ਵਧਾਊ ਪ੍ਰੋਗਰਾਮਾਂ ਲਈ ਮੁਫ਼ਤ ਜਾਂ ਮਾਮੂਲੀ ਵਿਆਜ ਤੇ ਕਰਜ਼ੇ ਮੁਹੱਈਆ ਕੀਤੇ ਜਾਂਦੇ ਹਨ । ਵੱਖ-ਵੱਖ ਉਦਯੋਗਿਕ/ਵਪਾਰਿਕ ਯੂਨਿਟ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ 'ਆਨ ਦੀ ਜਾਬ ਟ੍ਰੇਨਿੰਗ ਪ੍ਰੋਗਰਾਮ' ਅਧੀਨ ਸਿਖਲਾਈ ਦਿੰਦੇ ਹਨ । ਹਰੇਕ ਸਿਖਿਆਰਥੀ ਨੂੰ ਪ੍ਰਤੀ ਮਹੀਨਾ 500/- ਰੁਪਏ ਦਾ ਵਜ਼ੀਫ਼ਾ ਦਿੱਤਾ ਜਾਂਦਾ ਹੈ ਅਤੇ ਇਸ ਮਨੋਰਥ ਲਈ ਸਾਲ 1996-97 ਦੇ ਦੌਰਾਨ 1,584.00 ਲੱਖ ਰੁਪਏ ਦੀ ਰਕਮ ਤਜਵੀਜ਼ ਕੀਤੀ ਗਈ ਹੈ ।

76. ਪੰਜਾਬ ਪਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਪੱਛੜੀਆਂ ਸ਼੍ਰੇਣੀਆਂ ਲਈ ਸਵੈ-ਰੋਜ਼ਗਾਰ ਪ੍ਰੋਗਰਾਮ ਲਾਗੂ ਕਰ ਰਿਹਾ ਹੈ । ਸਾਲ 1996-97 ਦੌਰਾਨ 4,135 ਪਰਿਵਾਰਾਂ ਨੂੰ ਵਿੱਤੀ ਸਹਾਇਤਾ ਵਜੋਂ 873.25 ਲੱਖ ਰੁਪਏ ਦਿੱਤੇ ਜਾਣ ਦੀ ਸੰਭਾਵਨਾ ਹੈ । ਹੁਣ ਤਕ 1,30,000 ਪਰਿਵਾਰਾਂ ਨੂੰ 80 ਕਰੋੜ ਰੁਪਏ ਦੀ ਇਹ ਸਹਾਇਤਾ ਮੁਹੱਈਆ ਕਰਵਾਈ ਜਾ ਚੁੱਕੀ ਹੈ । ਭਿੰਨ-ਭਿੰਨ ਸਕੀਮਾਂ ਅਧੀਨ ਕਾਰਪੋਰੇਸ਼ਨ ਵੱਲੋਂ 340.00 ਲੱਖ ਰੁਪਏ ਖਰਚ ਕੀਤੇ ਜਾਣ ਦੀ ਤਜਵੀਜ਼ ਹੈ ।

77. ਮੰਡਲ ਕਮਿਸ਼ਨ ਦੀ ਰਿਪੋਰਟ ਅਨੁਸਾਰ ਰਾਜ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸ਼ਨਾਖਤ ਕਰਨ ਲਈ ਇਸ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਸੀ ।

78. ਵਿਸ਼ੇਸ਼ ਕੰਪੋਨੈਂਟ ਯੋਜਨਾ ਲਈ ਇਕ ਵੱਖਰਾ ਬਜਟ ਮਿਥਿਆ ਗਿਆ ਹੈ । ਵਿਸ਼ੇਸ਼ ਕੰਪੋਨੈਂਟ ਸਕੀਮ ਨੂੰ ਤਿਆਰ ਕਰਨ, ਲਾਗੂ ਕਰਨ ਅਤੇ ਮੁਲੰਕਣ ਕਰਨ ਲਈ ਸਾਲ 1996-97 ਦੇ ਦੌਰਾਨ ਇਸ ਵਿਭਾਗ ਨੂੰ 205.00 ਕਰੋੜ ਰੁਪਏ ਦੀ ਰਕਮ ਦਿੱਤੀ ਗਈ ਹੈ । ਇਸ ਰਕਮ ਨੂੰ ਭਲਾਈ ਵਿਭਾਗ ਦੀ ਅਗੇਤੀ ਪਰਵਾਨਗੀ ਤੋਂ ਬਿਨਾਂ ਜਨਰਲ-ਸੈਕਟਰ ਦੀਆਂ ਸਕੀਮਾਂ ਵੱਲ ਨਹੀਂ ਬਦਲਿਆ ਜਾ ਸਕਦਾ । ਇਸ ਵਿਸ਼ੇਸ਼ ਕੰਪੋਨੈਂਟ ਯੋਜਨਾ ਨਾਲ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਦੇ ਜੀਵਨ ਪੱਧਰ ਵਿਚ ਸੁਧਾਰ ਹੋਇਆ ਹੈ ।

79. ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਲਾਭ ਲਈ ਦੋ ਅਹਿਮ ਫ਼ੈਸਲੇ ਲਏ ਗਏ ਹਨ । ਪਹਿਲਾਂ ਵੱਡਾ ਫ਼ੈਸਲਾ ਦਿਹਾਤੀ ਇਲਾਕਿਆਂ ਵਿਚ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਲਈ ਮਕਾਨ ਉਸਾਰੀ ਦੇ ਪ੍ਰੋਗਰਾਮ ਵਿਚ ਵਾਧਾ ਕਰਨਾ ਹੈ । ਹੁਣ ਤਕ ਇਕ ਪਰਿਵਾਰ ਨੂੰ ਮਕਾਨ ਉਸਾਰਨ ਲਈ ਕੇਵਲ 15 ਹਜ਼ਾਰ ਰੁਪਏ ਦੀ ਨਕਦ ਸਹਾਇਤਾ ਹੀ ਦਿੱਤੀ ਜਾਂਦੀ ਸੀ । ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਇਹ ਮਕਾਨ ..

Original with;
Punjab Vidhan Sabha
Digitized by;
Panjab Digital Library

ਪੁੱਡਾ ਵਰਗੀ ਸਰਕਾਰੀ ਏਜੰਸੀ ਵੱਲੋਂ 50-50 ਹਜ਼ਾਰ ਰੁਪਏ ਦੀ ਲਾਗਤ ਨਾਲ ਉਸਾਰੇ ਜਾਣ । ਸਰਕਾਰ ਵੱਲੋਂ 12 ਹਜ਼ਾਰ ਮਕਾਨਾਂ ਦੀ ਉਸਾਰੀ ਦਾ ਨਿਸ਼ਾਨਾ ਨਿਰਧਾਰਿਤ ਕੀਤਾ ਗਿਆ ਹੈ । ਇਸ ਸਕੀਮ ਤੇ ਕੁੱਲ 60 ਕਰੋੜ ਰੁਪਏ ਖਰਚ ਹੋਣਗੇ । ਜਿਸ ਵਿਚੋਂ 10 ਕਰੋੜ ਰੁਪਏ ਸਾਲ 1996-97 ਅਤੇ 50 ਕਰੋੜ ਰੁਪਏ 1997-98 ਵਿਚ ਖ਼ਰਚੇ ਜਾਣਗੇ ।

80. ਸਰਕਾਰ ਨੇ ਅਨੁਸੂਚਿਤ ਜਾਤੀ ਦੀ ਹਰੇਕ ਲੜਕੀ ਦੀ ਸ਼ਾਦੀ ਸਮੇਂ 5,100 ਰੁਪਏ ਦੀ ਸਹਾਇਤਾ ਪ੍ਰਦਾਨ ਕਰਨ ਦਾ ਵੀ ਫੈਸਲਾ ਕੀਤਾ ਹੈ । ਇਸ ਸਕੀਮ ਤੇ ਹਰ ਸਾਲ ਲਗਭਗ 20 ਕਰੋੜ ਰੁਪਏ ਖਰਚ ਹੋਣ ਦੀ ਆਸ ਹੈ, ਜਿਸ ਵਿਚੋਂ 2 ਕਰੋੜ ਰੁਪਏ ਦੀ ਰਕਮ ਸਾਲ 1996-97 ਦੇ ਬਚਦੇ ਸਮੇਂ ਲਈ ਸਕੀਮ ਨੂੰ ਸ਼ੁਰੂ ਕਰਨ ਲਈ ਲੋੜੀਂਦੀ ਹੋਵੇਗੀ ।

**ਸਮਾਜਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ**

81. ਮੇਰੀ ਸਰਕਾਰ ਵੱਖ ਵੱਖ ਭਲਾਈ ਸਕੀਮਾਂ ਰਾਹੀਂ ਬਜ਼ੁਰਗਾਂ, ਬੇਸਹਾਰਾ ਵਿਅਕਤੀਆਂ/ਅਪੰਗ ਵਿਅਕਤੀਆਂ, ਵਿਧਵਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਵੱਲ ਅਤੇ ਮਹਿਲਾਵਾਂ ਅਤੇ ਬਾਲਾਂ ਦੇ ਸਮੁੱਚੇ ਵਿਕਾਸ ਵੱਲ ਵੀ ਵਿਸ਼ੇਸ਼ ਧਿਆਨ ਦੇ ਰਹੀ ਹੈ । ਬਜ਼ੁਰਗ ਵਿਅਕਤੀਆਂ, ਵਿਧਵਾਵਾਂ ਅਤੇ ਬੇਸਹਾਰਾ ਇਸਤਰੀਆਂ ਅਤੇ ਬੇਸਹਾਰਾ ਮਾਪਿਆਂ ਦੇ ਅਪੰਗ ਬੱਚਿਆਂ ਅਤੇ ਅਪੰਗ ਵਿਅਕਤੀਆਂ ਨੂੰ 200 ਰੁਪਏ ਮਾਹਵਾਰ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ । ਸਾਲ 1997-98 ਵਿੱਚ 4.00 ਲੱਖ ਤੋਂ ਜ਼ਿਆਦਾ ਲਾਭ ਪਾਤਰ ਇਹ ਸਹਾਇਤਾ ਪ੍ਰਾਪਤ ਕਰਨਗੇ । ਕਾਰਜ-ਵਿਧੀਆਂ ਨੂੰ ਆਸਾਨ ਬਣਾ ਕੇ ਬੈਂਕਾਂ ਰਾਹੀਂ ਤੁਰੰਤ ਅਦਾਇਗੀ ਕਰਨ ਲਈ ਯਤਨ ਕੀਤੇ ਜਾਣਗੇ । ਇਹ ਵੀ ਤਜਵੀਜ਼ ਕੀਤਾ ਗਿਆ ਹੈ ਕਿ ਇਸ ਬਜਟ ਦੀ 30% ਰਕਮ ਇਸਤਰੀਆਂ ਦੀ ਭਲਾਈ ਲਈ ਖਰਚ ਕੀਤੀ ਜਾਵੇ । ਇਹ ਵੀ ਤਜਵੀਜ਼ ਕੀਤਾ ਗਿਆ ਹੈ ਕਿ ਬਠਿੰਡਾ ਵਿਖੇ ਅਪੰਗ ਵਿਅਕਤੀਆਂ ਲਈ ਹੀ ਵੱਖਰੇ ਤੌਰ ਤੇ ਇਕ ਉਦਯੋਗਿਕ ਸਿਖਲਾਈ ਸੰਸਥਾ ਕਾਇਮ ਕੀਤੀ ਜਾਵੇ ਜਿਥੇ ਕਿ ਉਹਨਾਂ ਨੂੰ ਛਪਾਈ, ਜਿਲਦਸਾਜ਼ੀ, ਡਰਿਲਿੰਗ ਅਤੇ ਮੋਟਰ ਮਕੈਨਿਕੀ ਵਰਗੇ ਕਿੱਤਿਆਂ ਦੀ ਸਿਖਲਾਈ ਦਿੱਤੀ ਜਾਵੇ । ਅਪੰਗ ਵਿਅਕਤੀਆਂ ਨੂੰ ਰੈੱਡ ਕਰਾਸ ਸੋਸਾਇਟੀਆਂ ਅਤੇ ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀਆਂ (ਡੀ.ਆਰ.ਡੀ.ਏ) ਰਾਹੀਂ ਸਹਾਇਤਾ ਅਤੇ ਸਾਮਾਨ ਵੰਡਿਆ ਜਾਵੇਗਾ । ਜ਼ਿਲ੍ਹਾ ਦਿਹਾਤੀ ਵਿਕਾਸ ਏਜੰਸੀਆਂ (ਡੀ. ਆਰ. ਡੀ.ਏ.), ਗੈਰ-ਸਰਕਾਰੀ ਅਦਾਰਿਆਂ ਨੂੰ ਸ਼ਾਮਲ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਸਮਾਜ ਭਲਾਈ ਕਾਰਜਾਂ ਵਿੱਚ ਲਾਉਣ ਲਈ ਸਹਾਇਤਾ ਗਰਾਂਟ ਦਿੱਤੀ ਜਾਵੇਗੀ ।

**ਸਿਖਿਆ**

82. ਸਿੱਖਿਆ, ਮਨੁੱਖੀ ਸਾਧਨ ਵਿਕਾਸ ਵਿਚ ਸਭ ਤੋਂ ਵੱਧ ਮਹੱਤਵਪੂਰਨ ਇਨਪੁੱਟ ਹੈ । ਇਸ ਦੀ ਕਵਰੇਜ ਅਤੇ ਕੁਆਲਿਟੀ ਸਾਡੇ ਲਈ ਪ੍ਰਮੁੱਖ ਧਿਆਨ ਦੇਣ ਵਾਲੀ ਗੱਲ ਹੈ । ਇਸ ਵੇਲੇ ਸਰਕਾਰ ਦੁਆਰਾ ਰਾਜ ਵਿਚ 12,000 ਪ੍ਰਾਇਮਰੀ ਸਕੂਲ, 2,545 ਮਿਡਲ ਸਕੂਲ, 1,860 ਹਾਈ ਸਕੂਲ, 830 ਸੀਨੀਅਰ ਸੈਕੰਡਰੀ ਸਕੂਲ ਅਤੇ 44 ਕਾਲਜ ਚਲਾਏ ਜਾਂਦੇ ਹਨ । ਇਸ ਤੋਂ ਇਲਾਵਾ ਵੱਡੀ ਗਿਣਤੀ ਵਿਚ ਸਹਾਇਤਾ-ਪ੍ਰਾਪਤ ਅਤੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਗੈਰ-ਸਹਾਇਤਾ-ਪ੍ਰਾਪਤ ਪ੍ਰਾਈਵੇਟ ਸਕੂਲ ਅਤੇ ਕਾਲਜ ਬੱਚਿਆਂ ਨੂੰ ਸਿੱਖਿਆ ਦੇ ਰਹੇ ਹਨ। ਪੰਜਾਬ ਰਾਜ ਵਿੱਚ ਮੁਕੰਮਲ ਸਾਖਰਤਾ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਸਾਲ 1996-97 ਦੌਰਾਨ 500 ਪ੍ਰਾਇਮਰੀ ਸਕੂਲਾਂ ਦਾ ਦਰਜਾ ਵਧਾ ਕੇ ਮਿਡਲ ਸਕੂਲ ਅਤੇ 120 ਮਿਡਲ ਸਕੂਲਾਂ ਤੋਂ ਹਾਈ ਸਕੂਲ ਅਤੇ 120 ਹਾਈ ਸਕੂਲਾਂ ਤੋਂ ਸੀਨੀਅਰ ਸੈਕੰਡਰੀ ਤਕ ਅੱਪਗਰੇਡ ਕੀਤੇ ਗਏ ਸਨ। ਸਾਲ 1997-98 ਦੌਰਾਨ 300 ਪ੍ਰਾਇਮਰੀ ਸਕੂਲ ਤੋਂ ਮਿਡਲ, 100 ਮਿਡਲ ਸਕੂਲਾਂ ਤੋਂ ਹਾਈ ਅਤੇ 100 ਹਾਈ ਸਕੂਲਾਂ ਤੋਂ ਸੀਨੀਅਰ ਸੈਕੰਡਰੀ ਸਕੂਲ ਅੱਪਗਰੇਡ ਕੀਤੇ ਜਾਣ ਦੀ ਤਜਵੀਜ਼ ਹੈ। ਅਧਿਆਪਕਾਂ ਦੇ ਚੋਣ ਸਬੰਧੀ ਕੰਮ ਚੱਲ ਰਿਹਾ ਹੈ ਅਤੇ ਇਹ ਛੇਤੀ ਹੀ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

83. ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪਰਿਸ਼ਦ (ਸਟੇਟ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ) ਵਲੋਂ ਆਪਣੀ ਮੁਢਲੀ ਅਧਿਆਪਕ ਸਿਖਲਾਈ ਸਕੀਮ ਵਿਚ ਸਿਖਿਆਰਥੀਆਂ ਦੀ ਗਿਣਤੀ 1,400 ਤੋਂ ਵਧਾ ਕੇ 1,700 ਕਰ ਦਿੱਤੀ ਗਈ ਹੈ ਅਤੇ ਸਾਲ 1997-98 ਦੌਰਾਨ 7,000 ਅਧਿਆਪਕਾਂ ਨੂੰ ਸੇਵਾ ਦੌਰਾਨ ਸਿਖਲਾਈ ਦੇਣ ਦਾ ਟੀਚਾ ਹੈ। ਸਿੱਖਿਆ ਦੀ ਕੌਮੀ ਨੀਤੀ-1986 ਦੇ ਤਹਿਤ ਰਾਜ ਸਰਕਾਰ ਦੁਆਰਾ ਚੁਣੇ ਹੋਏ 50 ਸਕੂਲਾਂ ਵਿਚ ਸੀਨੀਅਰ ਸੈਕੰਡਰੀ ਪੱਧਰ ਤੇ ਕਿੱਤਾ ਕੋਰਸਾਂ ਦੇ 150 ਯੂਨਿਟ ਚਾਲੂ ਕਰਨ ਦੀ ਤਜਵੀਜ਼ ਹੈ ਤਾਂ ਜੋ ਪੇਸ਼ਾਵਰਾਨਾ ਕਾਲਜਾਂ ਦਾ ਦਾਖਲਾ-ਟੈਸਟ ਲੈਣ ਦੀ ਬਜਾਏ ਸੀਨੀਅਰ ਸੈਕੰਡਰੀ ਸਕੂਲਾਂ ਦੇ ਇਮਤਿਹਾਨ ਦੇ ਅਧਾਰ ਉਤੇ ਸਿਧਾ ਹੀ ਕੀਤਾ ਜਾ ਸਕੇ। ਸਾਲਾਨਾ ਯੋਜਨਾ 1997-98 ਲਈ ਯੂਨੀਵਰਸਿਟੀਆਂ ਵਿਚ ਪਹਿਲਾਂ ਤੋਂ ਸਥਾਪਤ ਚੇਅਰਾਂ ਦੇ ਜਾਰੀ ਰੱਖਣ, ਵੱਖ ਵੱਖ ਕਾਲਜਾਂ ਵਿਚ ਕਿੱਤਾ ਕੋਰਸ ਸ਼ੁਰੂ ਕਰਨ, ਕੋਟਕਪੂਰਾ ਅਤੇ ਨਯਾ ਨੰਗਲ ਵਿਖੇ ਪ੍ਰਾਈਵੇਟ ਕਾਲਜਾਂ ਨੂੰ ਸਰਕਾਰੀ ਪ੍ਰਬੰਧ ਹੇਠ ਲੈਣ, ਖਨੌਰੀ, ਨਰੋਟ ਜੈਮਲ ਸਿੰਘ, ਨਿਹਾਲ ਸਿੰਘ ਵਾਲਾ ਵਿਖੇ ਨਵੇਂ ਡਿਗਰੀ ਕਾਲਜ ਸ਼ੁਰੂ ਕਰਨ ਅਤੇ ਸਰਕਾਰੀ ਕਾਲਜ ਮੁਹਾਲੀ ਅਤੇ ਡੇਰਾ ਬਸੀ ਵਿਖੇ ਨਵੀਆਂ ਵਿਗਿਆਨਕ ਪ੍ਰਯੋਗਸ਼ਾਲਾਵਾਂ ਦੀ ਉਸਾਰੀ ਲਈ 1,931.00 ਲੱਖ ਰੁਪਏ ਤਜਵੀਜ਼ ਕੀਤੇ ਗਏ ਹਨ। ਪੰਜਾਬੀ ਨੂੰ ਪ੍ਰਫੁਲਤ ਕਰਨ ਲਈ ਸਾਹਿਤਕ ਅਤੇ ਸਭਿਆਚਾਰਕ ਸਮਾਗਮਾਂ ਦਾ ਪੰਜਾਬ ਰਾਜ ਤੋਂ ਬਾਹਰ ਪ੍ਰਬੰਧ ਕੀਤਾ ਜਾਂਦਾ ਹੈ। ਇਹ ਸਮਾਗਮ ਦੇਸ਼ ਦੇ ਹੋਰਨਾਂ ਰਾਜਾਂ ਵਿਚ ਰਹਿਣ ਵਾਲੇ ਪੰਜਾਬੀਆਂ ਦੇ ਫ਼ਾਇਦੇ ਲਈ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿਚ ਕੌਮੀ ਅਤੇ ਕੌਮਾਂਤਰੀ ਸ਼ੁਹਰਤ ਵਾਲੇ ਵਿਦਵਾਨ ਹਿੱਸਾ ਲੈਂਦੇ ਹਨ ਅਤੇ ਪੰਜਾਬੀ ਸਭਿਆਚਾਰ ਦੇ ਪਸਾਰ ਸਬੰਧੀ ਖੋਜ ਪੱਤਰ ਪੜ੍ਹਦੇ ਹਨ।

84. ਸਿੱਖਆ ਦੇ ਮਿਆਰ ਵਿਚ ਸੁਧਾਰ ਲਿਆਉਣ ਅਤੇ ਸਕੂਲ ਪੱਧਰ ਉਤੇ ਸਭ ਤੋਂ ਆਧੁਨਿਕ ਅਤੇ ਵਿਸ਼ਵ-ਪੱਧਰ ਦੀ ਸਿੱਖਿਆ ਮੁਹੱਈਆ ਕਰਨ ਨੂੰ ਦੇਖਦੇ ਹੋਏ ਮੇਰੀ ਸਰਕਾਰ ਨੇ ਰਾਜ ਦੇ ਹਰੇਕ ਬਲਾਕ ਵਿਖੇ ਆਦਰਸ਼ ਸਕੂਲ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ। ਅਗਲੇ ਦੋ ਸਾਲਾਂ ਦੌਰਾਨ ਅਜਿਹੇ ਤਕਰੀਬਨ 150 ਸਕੂਲ ਖੋਲ੍ਹੇ ਜਾਣਗੇ। ਹਰੇਕ ਸਕੂਲ 1,500 ਤੋਂ 2,000 ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰੇਗਾ। ਛੇ ਬੋਰਡਿੰਗ ਸਕੂਲ ਹੋਣਗੇ ਜਿਥੇ ਰਵਾਇਤੀ ਸਿੱਖਿਆ ਤੋਂ ਇਲਾਵਾ ਜ਼ਿਆਦਾ ਜ਼ੋਰ ਪੇਸ਼ਾਵਰਾਨਾ ਸਿੱਖਿਆ, ਕੰਪਿਊਟਰ-ਸਿੱਖਿਆ, ਖੇਡਾਂ, ਪੜ੍ਹਾਈ ਤੋਂ ਇਲਾਵਾ

Original with;
Punjab Vidhan Sabha
Digitized by;
Panjab Digital Library

ਸਰਗਰਮੀਆਂ ਅਤੇ ਕੈਰੀਅਰ ਯੋਜਨਾਬੰਦੀ ਸਬੰਧੀ ਸਲਾਹ ਦੇਣ ਅਤੇ ਪੇਸ਼ਾਵਰਾਨਾ ਸੰਸਥਾਵਾਂ ਵਿਚ ਦਾਖਲਾ ਲੈਣ ਅਤੇ ਰੋਜ਼ਗਾਰ ਦੇ ਇਛੁੱਕ ਅਤੇ ਵੱਖ ਵੱਖ ਮੁਕਾਬਲੇ ਦੇ ਇਮਤਿਹਾਨਾਂ ਵਾਸਤੇ ਵਿਦਿਆਰਥੀਆਂ ਦੀ ਤਿਆਰੀ ਕਰਾਉਣ ਉੱਤੇ ਜ਼ੋਰ ਦਿੱਤਾ ਜਾਵੇਗਾ । ਇਹ ਸਕੂਲ ਬਣਾਉਣ ਸਮੇਂ ਜ਼ਮੀਨ ਦੀ ਪ੍ਰਾਪਤੀ, ਸਥਾਨਕ ਵਸੀਲੇ ਅਤੇ ਇਨ੍ਹਾਂ ਸਕੂਲਾਂ ਨੂੰ ਚੀੜ ਕਰਨ ਲਈ ਵਿਦਿਆਰਥੀ ਦੇ ਮੁੱਢਲੇ ਅਤੇ ਨਾਜ਼ੁਕ ਸਮੇਂ ਵਰਗੇ ਕਾਰਨਾਂ ਨੂੰ ਧਿਆਨ ਵਿਚ ਰੱਖਿਆ ਜਾਵੇਗਾ । ਇਹ ਯਕੀਨੀ ਬਣਾਉਣ ਲਈ ਕਿ ਇਹ ਸਕੂਲ ਲੰਮੇ ਸਮੇਂ ਲਈ ਜਾਰੀ ਰਹਿਣ ਅਤੇ ਇਨ੍ਹਾਂ ਉਤੇ ਹੋਣ ਵਾਲੇ ਪੂੰਜੀਗਤ ਖਰਚੇ ਦੀ ਪੂਰਤੀ ਅਤੇ ਭਵਿੱਖ ਵਿਚ ਇਨ੍ਹਾਂ ਦੀ ਸਾਂਭ-ਸੰਭਾਲ ਲਈ ਵੱਖਰਾ ਫੰਡ ਕਾਇਮ ਕੀਤਾ ਜਾਵੇਗਾ । ਇਨ੍ਹਾਂ ਸਕੂਲਾਂ ਵਿਚ ਦਾਖਲਾ ਸਾਂਝੇ ਦਾਖਲਾ ਟੈਸਟ (ਸੀ. ਈ. ਟੀ. ) ਦੀ ਮੈਰਿਟ ਦੇ ਅਧਾਰ ਤੇ ਹੋਵੇਗਾ । ਇਨ੍ਹਾਂ ਸਕੂਲਾਂ ਲਈ ਅਧਿਆਪਕ ਅਤੇ ਅਮਲੇ ਦੀ ਚੋਣ ਕਰੜੀ ਕਾਰਜ-ਵਿਧੀ ਰਾਹੀਂ ਕੀਤੀ ਜਾਵੇਗੀ ਅਤੇ ਇਨ੍ਹਾਂ ਸਕੂਲਾਂ ਲਈ ਉਨ੍ਹਾਂ ਅਧਿਆਪਕਾਂ ਨੂੰ, ਉਨ੍ਹਾਂ ਪਾਸੋਂ ਵੱਧ ਤੋਂ ਵੱਧ ਪ੍ਰਤਿਭਾ ਪ੍ਰਾਪਤ ਕਰਨ ਲਈ ਕਾਫ਼ੀ ਮਾਇਕ ਮੁਆਵਜ਼ਾ ਦਿੱਤਾ ਜਾਵੇਗਾ ।

85. ਮੇਰੀ ਸਰਕਾਰ ਨੇ ਸਾਰੇ ਸਕੂਲਾਂ, ਖਾਸ ਕਰਕੇ ਦਿਹਾਤੀ ਇਲਾਕਿਆਂ ਦੇ ਸਕੂਲਾਂ ਵਿਚ, ਜਿਥੇ ਵੱਡੀ ਗਿਣਤੀ ਵਿਚ ਆਸਾਮੀਆਂ ਖਾਲੀ ਪਈਆਂ ਹਨ, ਅਧਿਆਪਕ ਮੁਹੱਈਆ ਕਰਨ ਦਾ ਫੈਸਲਾ ਵੀ ਕੀਤਾ ਹੈ । ਇਸ ਮੰਤਵ ਲਈ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਲਈ 23,000 ਅਧਿਆਪਕਾਂ ਨੂੰ ਨਿਯੁਕਤੀ-ਪੱਤਰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ ਅਤੇ 12,000 ਅਧਿਆਪਕਾਂ ਨੂੰ ਨਿਯੁਕਤੀ ਪੱਤਰ ਅਗਲੇ 2-3 ਮਹੀਨਿਆਂ ਵਿਚ ਜਾਰੀ ਕਰ ਦਿੱਤੇ ਜਾਣਗੇ । ਮੌਜੂਦਾ ਖਾਲੀ ਆਸਾਮੀਆਂ ਨੂੰ ਭਰਨ ਲਈ ਭਰਤੀ ਸਬੰਧੀ ਕਾਰਜ-ਪ੍ਰਣਾਲੀ ਵੀ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਇਹ ਕੰਮ ਅਗਲੇ ਵਿਦਿਅਕ ਸਾਲ ਦੇ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਮੁਕੰਮਲ ਹੋ ਜਾਵੇਗਾ । ਮੇਰੀ ਸਰਕਾਰ ਇਹ ਯਕੀਨੀ ਬਣਾਏਗੀ ਕਿ ਰਾਜ ਦਾ ਕੋਈ ਵੀ ਸਕੂਲ ਮੁਨਾਸਬ ਗਿਣਤੀ ਦੇ ਅਧਿਆਪਕਾਂ ਤੋਂ ਬਗੈਰ ਨਾ ਹੋਵੇ ।

**ਸੂਚਨਾ ਅਤੇ ਲੋਕ ਸੰਪਰਕ**

86. ਸ਼ਾਂਤੀ ਅਤੇ ਵਿਕਾਸ ਦੇ ਮੌਜੂਦਾ ਦੌਰ ਵਿਚ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਕੌਮੀ ਏਕਤਾ ਅਤੇ ਅਖੰਡਤਾ ਨੂੰ ਸੁਰੱਖਿਅਤ ਰੱਖਣ ਵਾਸਤੇ ਆਮ ਵਰਗੇ ਹਾਲਾਤ ਦੀ ਬਹਾਲੀ ਬਾਰੇ ਜਾਣੂ ਕਰਵਾਉਣ ਲਈ ਨਵੀਆਂ ਬੁਲੰਦੀਆਂ ਛੋਹੀਆਂ ਹਨ ।

87. ਰਾਜ ਸਰਕਾਰ, ਲੋਕ-ਮਿੱਤਰਤਾ ਵਾਲੇ ਪ੍ਰਸ਼ਾਸਨ ਦੀ ਮਿਸਾਲ ਕਾਇਮ ਕਰਨ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦੇ ਆਦਰਸ਼ ਸ਼ਾਸਨ ਨੂੰ ਵਾਪਸ ਲਿਆਉਣ ਦੇ ਸੁਪਨੇ ਨੂੰ ਸਾਕਾਰ ਕਰਨ ਪ੍ਰਤੀ ਸਮਰਪਿਤ ਹੈ, ਜਿਸ ਸ਼ਾਸਨ ਵਿਚ ਇਮਾਨਦਾਰੀ, ਪਾਰਦਰਸ਼ਤਾ, ਵਾਸਤਵਿਕ ਧਰਮ-ਨਿਰਪੱਖਤਾ ਅਤੇ ਸਮੁੱਚੇ ਰਾਜ ਵਿਚ ਸਰਬੱਤ ਦੇ ਭਲੇ ਉਤੇ ਜ਼ੋਰ ਦਿੱਤਾ ਗਿਆ ਹੋਵੇ । ਅੰਪਰ, ਦਿਹਾਤੀ ਵਿਕਾਸ, ਖੇਤੀ ਵਪਾਰ, ਸਨਅਤ, ਤਕਨੀਕੀ ਸਿੱਖਿਆ, ਟਰਾਂਸਪੋਰਟ, ਯੁਵਕਾਂ ਲਈ ਰੋਜ਼ਗਾਰ, ਇਸਤਰੀਆਂ ਦੀ ਭਲਾਈ, ਸਮਾਜ ਦੇ ਕਮਜ਼ੋਰ ਵਰਗਾਂ, ਪੈਨਸ਼ਨਰਾਂ, ਵਿਦਿਆਰਥੀਆਂ ਅਤੇ ਵਿਧਵਾਵਾਂ ਦੀ ਦੇਖਭਾਲ ਵੱਲ ਧਿਆਨ ਦਿੱਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

88. ਰਾਜ ਨੂੰ ਜ਼ਿਆਦਾ ਅਖਤਿਆਰ ਮੁਹੱਈਆ ਕਰਨ ਲਈ, ਰਾਜ ਸਰਕਾਰ ਅੰਤਰ ਰਾਜੀ ਸਬੰਧਾਂ ਬਾਰੇ ਸਰਕਾਰੀਆ ਕਮਿਸ਼ਨ ਦੀਆਂ ਸਿਫਾਰਸ਼ਾਂ ਦੀ ਸਮੁੱਚੇ-ਰੂਪ ਵਿਚ ਤਾਮੀਲ ਕਰੇਗੀ। ਚੰਡੀਗੜ੍ਹ ਅਤੇ ਪੰਜਾਬ ਤੋਂ ਬਾਹਰਲੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਰਾਜ ਵਿਚ ਸ਼ਾਮਲ ਕੀਤਾ ਜਾਵੇਗਾ।

89. ਪੰਜਾਬ ਸਰਕਾਰ ਪੰਜਾਬ ਦੀ ਗੁਆਚੀ ਸ਼ਾਨ ਨੂੰ ਮੁੜ ਬਹਾਲ ਕਰਨਾ ਅਤੇ ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਪੱਧਰ ਉਤੇ ਪੰਜਾਬੀਆਂ ਦੀ ਏਕਤਾ ਨੂੰ ਉਤਸ਼ਾਹਿਤ ਕਰਨਾ ਚਾਹੁੰਦੀ ਹੈ। ਪੰਜਾਬੀਅਤ ਦੀ ਭਾਵਨਾ ਨੂੰ ਸਾਰੇ ਪੱਖਾਂ ਤੋਂ ਮਜ਼ਬੂਤ ਕੀਤਾ ਜਾਵੇਗਾ। ਆਪਸੀ ਭਾਈਚਾਰੇ ਅਤੇ ਰਵਾਇਤੀ ਸਾਂਝਾਂ ਨੂੰ ਮਜ਼ਬੂਤ ਕੀਤਾ ਜਾਵੇਗਾ।

90. ਅਵਾਮ ਅਤੇ ਸਰਕਾਰ ਦਰਮਿਆਨ ਅਹਿਮ ਕੜੀ ਹੁੰਦੇ ਹੋਏ ਲੋਕ ਸੰਪਰਕ ਵਿਭਾਗ ਨੇ ਜਨਤਾ ਨੂੰ ਇਲੈਕਟ੍ਰਾਨਿਕ ਅਤੇ ਛਪਾਈ ਦੋਹਾਂ ਮਾਧਿਅਮਾਂ ਦੀ ਮਦਦ ਨਾਲ ਸਰਕਾਰ ਦੀਆਂ ਪਾਲਿਸੀਆਂ ਅਤੇ ਪ੍ਰੋਗਰਾਮਾਂ ਬਾਰੇ ਜਾਣੂੰ ਕਰਾਇਆ। ਵਿਭਾਗ ਨੇ ਸਾਲ 1996 ਦੌਰਾਨ ਰੇਡੀਓ, ਟੀ.ਵੀ., ਅਖਬਾਰਾਂ, ਪ੍ਰਚਾਰ ਸਾਹਿਤ, ਡਰਾਮਿਆਂ, ਮੀਟਿੰਗਾਂ/ ਕਾਨਫਰੰਸਾਂ ਅਤੇ ਰੌਸ਼ਨੀ ਤੇ ਆਵਾਜ਼ ਪ੍ਰੋਗਰਾਮਾਂ ਵਰਗੇ ਪ੍ਰਚਾਰ ਦੇ ਆਪਣੇ ਵੱਖ ਵੱਖ ਮਾਧਿਅਮਾਂ ਰਾਹੀਂ ਰਾਜ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਵੱਖੋ-ਵੱਖਰੀਆਂ ਵਿਕਾਸ ਸਰਗਰਮੀਆਂ ਬਾਰੇ ਸੂਚਨਾ ਪ੍ਰਸਾਰਿਤ ਕਰਨਾ ਜਾਰੀ ਰੱਖਿਆ।

91. ਵਿਭਾਗ ਨੇ ਸਰਕਾਰ ਦੇ ਵਿਕਾਸ ਤੇ ਭਲਾਈ ਕਾਰਜਾਂ ਦੇ ਵੱਖ ਵੱਖ ਤੱਥਾਂ ਨੂੰ ਦਰਸਾਉਂਦੀਆਂ 35 ਐਮ. ਐਮ. ਫਾਰਮੈਟ ਵਿਚ ਨਿਊਜ਼-ਰੀਲਾਂ ਅਤੇ ਵੀਡੀਉ ਅਤੇ ਛੋਟੀਆਂ ਫਿਲਮਾਂ ਦੀ ਤਿਆਰੀ ਨੂੰ ਵੀ ਮੁੜ ਸਰਜੀਤ ਕੀਤਾ ਹੈ।

92. ਵਿਭਾਗ ਨੇ ਸ੍ਰੀ ਗੁਰੂ ਰਵਿਦਾਸ ਅਤੇ ਮਹਾਂਰਿਸ਼ੀ ਬਾਲਮੀਕ ਜੀ ਦੇ ਜਨਮ ਦਿਵਸ ਮਨਾਉਣ ਲਈ ਇਕ ਕਮੇਟੀ ਬਣਾਈ ਹੈ। ਇਹ ਜਨਮ ਦਿਵਸ ਮਨਾਉਣ ਲਈ ਰਾਜ ਪੱਧਰ ਦੇ ਸਮਾਰੋਹ ਕੀਤੇ ਗਏ ਸਨ। 1.00 ਲੱਖ ਰੁਪਏ ਦੀ ਰਕਮ ਲਾਲਾ ਲਾਜਪਤ ਰਾਏ ਯਾਦਗਾਰੀ ਕਮੇਟੀ ਢੁਡੀਕੇ ਨੂੰ ਸਹਾਇਤਾ-ਗਰਾਂਟ ਵਜੋਂ ਦਿੱਤੀ ਗਈ। "ਬੇਅੰਤ ਸਿੰਘ ਮੈਮੋਰੀਅਲ ਅਤੇ ਦਰਸ਼ੀਕਲਾਵਾਂ ਪੇਸ਼ਕਾਰੀ ਕੇਂਦਰ, ਚੰਡੀਗੜ੍ਹ" ਨੂੰ 2.00 ਕਰੋੜ ਰੁਪਏ ਦਿੱਤੇ ਗਏ।

93. ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਜਨਮ ਸ਼ਤਾਬਦੀ ਮਨਾਉਣ ਅਤੇ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਜਲੀ ਭੇਂਟ ਕਰਨ ਲਈ 23 ਜਨਵਰੀ, 1997 ਨੂੰ ਜਲੰਧਰ ਵਿਖੇ ਇਕ ਰਾਜ ਪੱਧਰ ਦਾ ਸਮਾਗਮ ਕੀਤਾ ਗਿਆ।

94. ਵਿਭਾਗ ਨੇ ਨਵੰਬਰ, 1996 ਵਿਚ ਨਵੀਂ ਦਿੱਲੀ ਵਿਖੇ ਭਾਰਤ ਅੰਤਰ-ਰਾਸ਼ਟਰੀ ਵਪਾਰ ਮੇਲੇ ਵਿਚ ਸ਼ਿਰਕਤ ਕੀਤੀ, ਜਿਥੇ ਲੋਕਾਂ ਅਤੇ ਕਾਰੋਬਾਰ ਵਾਲੇ ਵਿਅਕਤੀਆਂ ਨੇ ਵੱਖ ਵੱਖ ਉਤਪਾਦਨਾਂ ਦੀ ਖਰੀਦ ਦਾ ਆਰਡਰ ਦੇ ਕੇ ਡੂੰਘੀ ਦਿਲਚਸਪੀ ਵਿਖਾਈ ਸੀ। ਵਿਭਾਗ ਦੁਆਰਾ ਨਵੀਂ ਦਿੱਲੀ ਵਿਖੇ ਭਾਰਤ ਅੰਤਰ-ਰਾਸ਼ਟਰੀ ਵਪਾਰ ਮੇਲੇ ਵਿਚਲੇ ਪੰਜਾਬ ਪੈਵਿਲੀਅਨ ਲਈ 20 ਲੱਖ ਰੁਪਏ ਦੀ ਰਕਮ ਦਿੱਤੀ ਗਈ। ਇਸ ਵਪਾਰ ਮੇਲੇ ਵਿਚ ਪੰਜਾਬ ਰਾਜ ਦੇ ਪੈਵਿਲੀਅਨ ਨੂੰ ਸਭ ਤੋਂ ਉਤਮ ਮੰਨਿਆ ਗਿਆ।

Original with;
Punjab Vidhan Sabha
Digitized by;
Panjab Digital Library

95. ਇਨ੍ਹਾਂ ਸਮਾਰੋਹਾਂ ਦੀ ਵੱਖ ਵੱਖ ਪ੍ਰਸਾਰ ਮਾਧਿਅਮਾਂ ਵਿਚ ਭਰਪੂਰ ਕਵਰੇਜ ਹੋਈ ਸੀ । ਚਲ ਰਹੇ ਵੱਖ ਵੱਖ ਵਿਕਾਸ-ਪ੍ਰਾਜੈਕਟਾਂ ਦੀ ਮੌਕੇ ਉਤੇ ਕਵਰੇਜ ਲਈ ਵਿਭਾਗ ਦੁਆਰਾ ਪ੍ਰੈੱਸ ਪਾਰਟੀਆਂ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ ।

96. ਰੌਸ਼ਨੀ ਤੇ ਆਵਾਜ਼ ਪ੍ਰੋਗਰਾਮ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਨਾਲ ਨਾਲ ਰਾਜ ਦੀਆਂ ਧਾਰਮਿਕ ਅਤੇ ਸਭਿਆਚਾਰਕ ਰਵਾਇਤਾਂ ਬਾਰੇ ਅਵਾਮ ਨੂੰ ਸਿਖਿਅਤ ਕਰਨ ਲਈ ਇਕ ਪ੍ਰਭਾਵਸ਼ਾਲੀ ਸਾਧਨ ਹੈ । ਸਰਕਾਰ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦਾ "ਵਕਤ ਬੋਲਦਾ ਹੈ', ਦੇ ਸਿਰਲੇਖ ਤਹਿਤ ਤਿਆਰ ਕੀਤਾ ਗਿਆ ਇਕ ਵਿਸ਼ੇਸ਼ ਪ੍ਰੋਗਰਾਮ ਜ਼ਿਲ੍ਹਿਆਂ ਵਿਚ ਕਾਮਯਾਬੀ ਨਾਲ ਪੇਸ਼ ਕੀਤਾ ਗਿਆ । ਵਿਭਾਗ ਦੁਆਰਾ ਰੌਸ਼ਨੀ ਤੇ ਆਵਾਜ਼ ਦਾ ਇਕ ਨਵਾਂ ਪ੍ਰੋਗਰਾਮ ਵੀ ਤਿਆਰ ਕੀਤਾ ਜਾ ਰਿਹਾ ਹੈ ।

97. ਹੇਠਲੇ ਪੱਧਰ ਤੇ ਸਰਕਾਰ ਦੇ ਵੱਖ ਵੱਖ ਵਿਕਾਸ ਪ੍ਰੋਗਰਾਮਾਂ ਬਾਰੇ ਅਵਾਮ ਨੂੰ ਜਾਣੂ ਕਰਾਉਣ ਨੂੰ ਦੇਖਦੇ ਹੋਏ 75 ਬਲਾਕ ਪ੍ਰਚਾਰ ਕਾਮੇ ਰੱਖੇ ਗਏ ਸਨ । ਸਾਲ 1997-98 ਦੌਰਾਨ ਵਿਭਾਗ ਦੀ ਹੋਰਨਾਂ ਬਲਾਕਾਂ ਲਈ ਵੀ ਅਜਿਹੇ ਕਾਮੇ ਭਰਤੀ ਕਰਨ ਦੀ ਤਜਵੀਜ਼ ਹੈ ।

ਲੋਕ ਨਿਰਮਾਣ-ਕਾਰਜ

98. ਹਾਲ ਵਿਚ ਹੀ, ਲੋਕ ਨਿਰਮਾਣ ਵਿਭਾਗ ਵਲੋਂ ਸੜਕ ਉਸਾਰੀ ਅਤੇ ਸਾਂਭ-ਸੰਭਾਲ ਤਕਨਾਲੋਜੀ ਨੂੰ ਤਕਨੀਕੀ ਤੌਰ ਤੇ ਉਨਤ ਕਰਨ ਲਈ ਉਪਰਾਲਾ ਕੀਤਾ ਗਿਆ ਹੈ । ਹੱਥੀ ਕੰਮ ਕਰਨ ਦੀ ਪ੍ਰਨਾਲੀ ਨੂੰ ਪੂਰੀ ਤਰ੍ਹਾਂ ਮਸ਼ੀਨੀ ਕਾਰਜ-ਪ੍ਰਨਾਲੀ ਵਿਚ ਬਦਲ ਦਿੱਤਾ ਗਿਆ ਹੈ । ਜਿਸ ਵਿਚ ਹੌਟ-ਮਿਕਸ ਪਲਾਂਟ, ਪੇਵਰ ਫਿਨਿਸ਼ਰਜ਼, ਟੈਂਡਮ ਵਾਈਬ੍ਰੇਟਰੀ ਰੋਲਰ ਆਦਿ ਸ਼ਾਮਲ ਹਨ । ਇਸੇ ਤਰ੍ਹਾਂ ਪੁਲਾਂ ਅਤੇ ਫਲਾਈ-ਓਵਰਾਂ ਦੀ ਉਸਾਰੀ ਸਬੰਧੀ ਤਕਨਾਲੋਜੀ ਨੂੰ ਸਟੈਂਡਰਡ ਪ੍ਰੀ-ਸਟ੍ਰੈਸਿੰਗ ਅਤੇ ਹੋਰ ਨਵੀਨ ਤਕਨਾਲੋਜੀਆਂ ਦੀ ਵਰਤੋਂ ਕਰਕੇ ਅਜੋਕੀ ਤਕਨਾਲੋਜੀਆਂ ਦੇ ਬਰਾਬਰ ਲਿਆਂਦਾ ਗਿਆ ਹੈ । ਇਸ ਦੇ ਸਿੱਟੇ ਵਜੋਂ ਸਿਵਲ ਉਸਾਰੀ ਕਾਰਜ ਛੇਤੀ, ਬਿਹਤਰ ਅਤੇ ਵਧੇਰੇ ਕਿਫਾਇਤੀ ਤਰੀਕੇ ਨਾਲ ਨੇਪਰੇ ਚੜ੍ਹ ਸਕੇ ਹਨ ।

99. ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਹੱਥ ਵਿਚ ਲਿਆ ਗਿਆ ਹੈ । 1995-96 ਦੌਰਾਨ ਮਾਰਕੀਟ ਕਮੇਟੀਆਂ, ਮੰਡੀ ਬੋਰਡ ਆਦਿ ਅਤੇ ਦਿਹਾਤੀ ਵਿਕਾਸ ਬੋਰਡ ਦੁਆਰਾ ਦਿੱਤੇ ਗਏ 130 ਕਰੋੜ ਰੁਪਏ ਨਾਲ 6,850 ਕਿਲੋਮੀਟਰ ਲੰਮੀਆਂ ਸੜਕਾਂ ਦੀ ਮੁਰੰਮਤ ਕੀਤੀ ਗਈ ਹੈ । 1996-97 ਦੌਰਾਨ (30-6-97 ਤੱਕ) 160 ਕਰੋੜ ਦੀ ਲਾਗਤ ਨਾਲ 7,000 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਦਾ ਟੀਚਾ ਮਿਥਿਆ ਗਿਆ ਹੈ ।

ਜਨ ਸਿਹਤ

100. ਵੱਖ-ਵੱਖ ਜਲ ਸਪਲਾਈ ਸਕੀਮਾਂ ਅਰਥਾਤ ਘੱਟੋ ਘੱਟ ਜ਼ਰੂਰਤਾਂ ਪ੍ਰੋਗਰਾਮ, ਦਿਹਾਤੀ ਤੀਖਣ ਜਲ ਸਪਲਾਈ ਪ੍ਰੋਗਰਾਮ, ਰਾਜੀਵ ਗਾਂਧੀ ਰਾਸ਼ਟਰੀ ਪਾਣੀ ਮਿਸ਼ਨ ਅਧੀਨ, ਸਾਲ 1980, 1985 ਅਤੇ 1992 ਵਿਚ ਕੀਤੇ ਸਰਵੇਖਣਾਂ ਅਨੁਸਾਰ ਪੰਜਾਬ ਦੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਕੁੱਲ 12,342 ਪਿੰਡਾਂ ਵਿਚੋਂ 8,579 ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਹੈ। 31 ਮਾਰਚ, 1996 ਤੱਕ ਇਨ੍ਹਾਂ ਪਿੰਡਾਂ ਵਿਚੋਂ 6,427 ਸਮੱਸਿਆ ਵਾਲੇ ਪਿੰਡ ਅਤੇ 231 ਗੈਰ-ਸਮੱਸਿਆ ਵਾਲੇ ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਗਿਆ। ਬਾਕੀ ਰਹਿੰਦੇ ਪਿੰਡਾਂ ਵਿਚੋਂ 1996-97 ਦੌਰਾਨ 32 ਹੋਰ ਜਲ-ਸਪਲਾਈ ਸਕੀਮਾਂ ਚਾਲੂ ਕਰਨ ਸਮੇਤ 615 ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾਵੇਗਾ। ਪੰਜਾਬ ਸਰਕਾਰ ਨੇ 29 ਕਰੋੜ ਰੁਪਏ ਅਤੇ ਭਾਰਤ ਸਰਕਾਰ ਨੇ 24.66 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ। ਇਸ ਤੋਂ ਇਲਾਵਾ ਸਾਲ 1996-97 ਦੌਰਾਨ 3.51 ਕਰੋੜ ਰੁਪਏ ਦਾ ਵਿਸ਼ਵ ਬੈਂਕ ਸਹਾਇਤਾ ਪ੍ਰਾਜੈਕਟ ਅਧੀਨ ਵੀ ਉਪਬੰਧ ਕੀਤਾ ਗਿਆ ਹੈ।

101. ਇਸ ਦੇ ਅਨੁਸਾਰ ਹੀ ਸਾਲ 1997-98 ਲਈ ਲਗਭਗ 158 ਕਰੋੜ (ਰਾਜ ਸਰਕਾਰ 73 ਕਰੋੜ ਅਤੇ ਕੇਂਦਰੀ ਸਰਕਾਰ 85 ਕਰੋੜ) ਨਾਲ 1,316 ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆਂ ਕਰਨ ਦਾ ਟੀਚਾ ਮਿਥਿਆ ਗਿਆ ਹੈ ਅਤੇ 9 ਕਰੋੜ ਰੁਪਏ ਨਾਲ ਪੇਂਡੂ ਜਲ ਸਪਲਾਈ ਸਕੀਮਾਂ ਵਿਚ ਵਾਧਾ ਕਰਨ ਦੀ ਤਜਵੀਜ਼ ਹੈ। ਭਾਰਤ ਸਰਕਾਰ ਵੱਲੋਂ ਲਏ ਗਏ ਇਸ ਫੈਸਲੇ ਅਨੁਸਾਰ ਆਜ਼ਾਦੀ ਦੇ ਪੰਜਾਹਵੇਂ ਸਾਲ ਤਕ ਪਾਣੀ ਦੀ ਸਮੱਸਿਆ ਵਾਲੇ ਸਾਰੇ ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆਂ ਕਰਵਾਉਣ ਦੀਆ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਮੰਤਵ ਲਈ ਰਾਜ ਵਿਚ ਪੇਂਡੂ ਜਲ ਸਪਲਾਈ ਸਕੀਮਾਂ ਲਈ ਵਿਸ਼ਵ ਬੈਂਕ ਤੋਂ ਸਹਾਇਤਾ ਲੈਣ ਲਈ 620 ਕਰੋੜ ਰੁਪਏ ਦਾ ਪ੍ਰਾਜੈਕਟ ਪਹਿਲਾਂ ਹੀ ਤਿਆਰ ਕੀਤਾ ਜਾ ਚੁੱਕਾ ਹੈ। 1997-98 ਵਿਚ ਸ਼ੁਰੂ ਹੋਣ ਵਾਲੇ ਇਸ ਪ੍ਰਾਜੈਕਟ ਨੂੰ ਚਾਰ ਸਾਲਾਂ ਵਿਚ ਮੁਕੰਮਲ ਕੀਤਾ ਜਾਏਗਾ। ਰਾਜ ਵਿਚ 14 ਸਕੀਮਾਂ ਦਾ ਇਕ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ, ਜਿਸ ਅਧੀਨ 45 ਪਿੰਡ ਆਉਂਦੇ ਹਨ। ਮਈ, 1997 ਵਿਚ ਵਿਸ਼ਵ ਬੈਂਕ ਕਮਿਸ਼ਨ ਵੱਲੋਂ ਕਰਜ਼ੇ ਦਾ ਇਕਰਾਰਨਾਮਾ ਕਰਨ ਦੀ ਸੰਭਾਵਨਾ ਹੈ।

**ਟਰਾਂਸਪੋਰਟ**

102. ਰਾਜ ਦੇ ਆਮਦਨ ਕਮਾਉਣ ਵਾਲੇ ਵਿਭਾਗਾਂ ਵਿਚੋਂ ਟਰਾਂਸਪੋਰਟ ਇੱਕ ਮੁੱਖ ਵਿਭਾਗ ਹੈ। ਸਾਲ 1994-95 ਦੌਰਾਨ 177.00 ਕਰੋੜ ਰੁਪਏ ਦੀ ਵਸੂਲੀ ਦੇ ਮੁਕਾਬਲੇ 1995-96 ਦੌਰਾਨ ਕਰਾਂ ਦੇ ਰੂਪ ਵਿਚ 190.43 ਕਰੋੜ ਰੁਪਏ ਦੀ ਵਸੂਲੀ ਕੀਤੀ ਗਈ। ਬੇਰੋਜ਼ਗਾਰੀ ਤੋਂ ਛੁਟਕਾਰਾ ਪਾਉਣ ਲਈ ਅਤੇ ਭੀੜ ਨੂੰ ਘਟਾਉਣ ਲਈ ਮਿੰਨੀ ਬੱਸਾਂ/ਮੈਕਸੀਕੈਬਜ਼ ਦੇ ਪਰਮਿਟ ਪ੍ਰਾਈਵੇਟ ਆਪਰੇਟਰਾਂ ਅਤੇ ਬੇਰੋਜ਼ਗਾਰ ਨੌਜਵਾਨਾਂ ਨੂੰ ਦਿੱਤੇ ਗਏ। ਹਵਾ ਦਾ ਪ੍ਰਦੂਸ਼ਣ ਰੋਕਣ ਲਈ ਸਮੋਕ ਮੀਟਰ ਅਤੇ ਐਨੇਲਾਈਜ਼ਰਜ਼ ਵੀ ਸਾਰੇ ਜ਼ਿਲ੍ਹਿਆਂ ਵਿਚ ਮੁਹੱਈਆ ਕੀਤੇ ਗਏ ਹਨ।

103. ਸਾਲ 1995-96 ਅਤੇ 1996-97 ਦੌਰਾਨ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਲੋਂ ਵਧੀਆ ਕਾਰਗੁਜ਼ਾਰੀ ਵਿਖਾਈ ਗਈ ਹੈ। ਚਾਲੂ ਮਾਲੀ ਸਾਲ ਵਿਚ ਪੰਜਾਬ ਰੋਡਵੇਜ਼ ਨੇ 69 ਲੱਖ ਰੁਪਏ ਦਾ ਮੁਨਾਫਾ ਦਿਤਾ ਹੈ। ਸਾਲ 1995-96 ਦੌਰਾਨ 129 ਬੱਸਾਂ ਤਬਦੀਲ ਕੀਤੀਆਂ ਗਈਆਂ ਅਤੇ 1996-97 ਦੌਰਾਨ 130 ਬੱਸਾਂ ਤਬਦੀਲ ਕੀਤੇ ਜਾਣ ਦੀ ਤਜਵੀਜ਼ ਹੈ।

Original with;
Punjab Vidhan Sabha
Digitized by;
Panjab Digital Library

104. ਪੰਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੇ ਵੀ ਆਪਣੇ ਕੰਮ ਵਿਚ ਸੁਧਾਰ ਲਿਆਂਦਾ ਹੈ। ਕਾਰਪੋਰੇਸ਼ਨ ਵਲੋਂ ਸਾਲ 1994-95 ਦੌਰਾਨ 91.85 ਕਰੋੜ ਰੁਪਏ ਦੇ ਮੁਕਾਬਲੇ 1995-96 ਵਿਚ 97.38 ਕਰੋੜ ਰੁਪਏ ਦੀ ਕੁੱਲ ਰਕਮ ਪ੍ਰਾਪਤ ਕੀਤੀ ਗਈ ਹੈ, ਜਿਸ ਨਾਲ ਸਰਕਾਰੀ ਖਜ਼ਾਨੇ ਵਿਚ 5.53 ਕਰੋੜ ਰੁਪਏ ਦੀ ਆਮਦਨ ਦਾ ਵਾਧਾ ਹੋਇਆ ਹੈ। ਚਾਲੂ ਵਿੱਤੀ ਸਾਲ ਦੌਰਾਨ ਨਵੰਬਰ, 1996 ਤਕ 56 ਨਵੀਆਂ ਬੱਸਾਂ ਚਾਲੂ ਕੀਤੀਆਂ ਗਈਆਂ ਹਨ।

**ਆਬਕਾਰੀ ਤੇ ਕਰ**

105. ਆਬਕਾਰੀ ਤੇ ਕਰ ਵਿਭਾਗ ਵਲੋਂ ਵਿਕਰੀ ਕਰ ਐਕਟ, ਪੰਜਾਬ ਮਨੋਰੰਜਨ ਡਿਊਟੀ ਐਕਟ, ਪੰਜਾਬ ਮਨੋਰੰਜਨ (ਸਿਨਮੇਟੋਗਰਾਫ ਸ਼ੋਅਜ਼) ਐਕਟ ਅਤੇ ਪੰਜਾਬ ਆਬਕਾਰੀ ਐਕਟ, ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਸਾਰੇ ਐਕਟਾਂ ਅਧੀਨ ਚਾਲੂ ਵਿੱਤੀ ਸਾਲ ਵਿਚ 1,997.76 ਕਰੋੜ ਰੁਪਏ ਦੀ ਵਸੂਲੀ ਕੀਤੀ ਗਈ, ਜਦੋਂ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ 1,881.55 ਕਰੋੜ ਰੁਪਏ ਦੀ ਵਸੂਲੀ ਕੀਤੀ ਗਈ ਸੀ। ਇਸ ਤਰ੍ਹਾਂ 116.21 ਕਰੋੜ ਰੁਪਏ ਦੀ ਅਧਿਕ ਵਸੂਲੀ ਕੀਤੀ ਗਈ ਹੈ।

106. ਸਾਲ 1995-96 ਵਿਚ 2,139.26 ਕਰੋੜ ਦੀ ਕੁੱਲ ਵਸੂਲੀ ਦੇ ਮੁਕਾਬਲੇ ਸਾਲ 1996-97 ਦੌਰਾਨ 2,234.19 ਕਰੋੜ ਰੁਪਏ ਵਸੂਲ ਕਰਨ ਦੇ ਟੀਚੇ ਮਿਥੇ ਗਏ ਹਨ, ਜਿਸ ਨਾਲ 94.93 ਕਰੋੜ ਰੁਪਏ ਦਾ ਵਾਧਾ ਹੋਵੇਗਾ। ਸਾਲ 1997-98 ਲਈ 2,382.07 ਕਰੋੜ ਰੁਪਏ ਦੀ ਵਸੂਲੀ ਦਾ ਟੀਚਾ ਹੈ।

**ਖੁਰਾਕ ਤੇ ਸਪਲਾਈ**

107. ਪੰਜਾਬ ਰਾਜ ਭਾਰਤ ਦਾ ਅੰਨ-ਭੰਡਾਰ ਹੈ ਅਤੇ ਕੇਂਦਰੀ ਪੂਲ ਅਨਾਜ ਦਾ ਸਭ ਤੋਂ ਵੱਧ ਹਿੱਸਾ ਪਾਉਣ ਵਾਲਾ ਰਾਜ ਹੈ। ਰਾਜ ਸਰਕਾਰ ਵਲੋਂ ਅਨਾਜ ਦੀ ਪ੍ਰਾਪਤੀ ਲਈ ਲੋੜੀਂਦਾ ਮੁਢਲਾ ਢਾਂਚਾ ਤਿਆਰ ਕਰ ਲਿਆ ਗਿਆ ਹੈ ਅਤੇ ਕਿਸਾਨਾਂ ਲਈ ਘੱਟੋ ਘੱਟ ਸਹਾਇਕ ਮੁੱਲ ਯਕੀਨੀ ਬਣਾਇਆ ਗਿਆ ਹੈ। ਸਾਲ 1996 ਦੇ ਦੌਰਾਨ ਮੰਡੀਆਂ ਵਿਚ 59 ਲੱਖ ਟਨ ਕਣਕ ਆਈ ਜਿਸ ਵਿਚੋਂ 95% ਸਰਕਾਰੀ ਏਜੰਸੀਆਂ ਵਲੋਂ ਖਰੀਦੀ ਗਈ। ਇਸੇ ਤਰ੍ਹਾਂ ਇਸੇ ਸਾਲ ਦੇ ਦੌਰਾਨ 79 ਲੱਖ ਟਨ ਝੋਨਾ ਮੰਡੀਆਂ ਵਿਚ ਆਇਆ ਤੇ ਜਿਸ ਵਿਚੋਂ 65% ਸਰਕਾਰੀ ਏਜੰਸੀਆਂ ਵਲੋਂ ਖਰੀਦਿਆ ਗਿਆ।

108. ਰਾਜ ਵਿਚ ਤਕਰੀਬਨ 12,000 ਸਸਤੇ ਭਾਅ ਵਾਲੀਆਂ ਦੁਕਾਨਾਂ ਰਾਹੀਂ ਇਕ ਵਧੀਆ ਸੰਗਠਿਤ ਲੋਕ-ਵੰਡ ਪ੍ਰਣਾਲੀ ਚਲਾਈ ਜਾ ਰਹੀ ਹੈ। ਕਣਕ ਦੀਆਂ ਕੀਮਤਾਂ ਦੇ ਵਾਧੇ ਨੂੰ ਰੋਕਣ ਲਈ ਰਾਜ ਸਰਕਾਰ ਵੰਡ ਪ੍ਰਣਾਲੀ ਅਧੀਨ ਕਣਕ ਦਾ ਕੋਟਾ 8000 ਮੀਟ੍ਰਿਕ ਟਨ ਪ੍ਰਤੀ ਮਹੀਨਾ ਤੋਂ ਵਧਾ ਕੇ 20,000 ਮੀਟ੍ਰਿਕ ਟਨ ਪ੍ਰਤੀ ਮਹੀਨਾ ਕਰਾਉਣ ਵਿਚ ਸਫਲ ਰਹੀ ਹੈ। ਨਵੀਂ ਸਰਕਾਰ ਵਲੋਂ ਕਾਰਜ-ਭਾਰ ਸੰਭਾਲਣ ਮਗਰੋਂ ਇਹ ਫੈਸਲਾ ਕੀਤਾ ਗਿਆ ਸੀ ਕਿ ਆੜ੍ਹਤੀਆਂ ਨੂੰ ਵਿਚੋਂ ਕੱਢ ਦਿੱਤਾ ਜਾਵੇ ਅਤੇ ਲੋਕ-ਵੰਡ ਪ੍ਰਣਾਲੀ ਕੋਟੇ ਦੇ ਨਾਲ ਨਾਲ ਖਪਤਕਾਰਾਂ ਨੂੰ 5.30 ਰੁਪਏ ਪ੍ਰਤੀ ਕਿਲੋ ਦੀ ਰਿਆਇਤੀ ਦਰ ਉਤੇ 30 ਕਿਲੋ ਪ੍ਰਤੀ ਰਾਸ਼ਨ ਕਾਰਡ ਦੇ ਹਿਸਾਬ ਨਾਲ ਸਿੱਧੇ ਤੌਰ ਤੇ ਕਣਕ ਦਿੱਤੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

109. ਮਿੱਟੀ ਦਾ ਤੇਲ, ਰਸੋਈ ਗੈਸ ਆਦਿ ਵਰਗੀਆਂ ਜਰੂਰੀ ਵਸਤਾਂ ਦੀ ਉਚਿੱਤ ਸਪਲਾਈ ਨੂੰ ਯਕੀਨੀ ਬਣਾਉਣ ਲਈ ਬੜੀ ਬਾਰੀਕੀ ਨਾਲ ਚੈਕਿੰਗ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਖੁਰਾਕ ਤੇ ਸਪਲਾਈ ਵਿਭਾਗ ਦੇ ਖੇਤਰੀ ਅਮਲੇ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਤਾਂ ਜੋ ਚੋਰ-ਬਜ਼ਾਰੀ ਤੇ ਲੀਕੇਜ ਤੇ ਕਾਬੂ ਪਾਉਣ ਲਈ ਇਨ੍ਹਾਂ ਉਤ-ਪਾਦਨਾਂ ਦੀ ਸਪਲਾਈ ਨੂੰ ਉਚਿਤ ਤੌਰ ਤੇ ਕੁਸ਼ਲਤਾ-ਪੂਰਵਕ ਨਿਯਮਤ ਕੀਤਾ ਜਾ ਸਕੇ।

110. ਖਪਤਕਾਰ ਸੁਰੱਖਿਆ ਕਾਨੂੰਨ 1986, ਪੰਜਾਬ ਰਾਜ ਖਪਤਕਾਰ ਵਿਵਾਦ ਨਿਵਾਰਣ ਕਮਿਸ਼ਨ ਦੇ ਤਹਿਤ ਖਪਤਕਾਰਾਂ ਨੂੰ ਨਿਆਂ ਦੇਣ ਅਤੇ ਉਨ੍ਹਾਂ ਦੇ ਹਿੱਤਾਂ ਦੀ ਹਿਫਾਜ਼ਤ ਕਰਨ ਲਈ 17 ਜ਼ਿਲ੍ਹਾ ਫੋਰਮ ਕਾਇਮ ਕੀਤੇ ਗਏ ਹਨ।

ਮਾਲੀਆ

111. ਮਾਲ ਵਿਭਾਗ ਨੂੰ ਲੋਕਾਂ ਦੇ ਨੇੜੇ ਲਿਆਉਣ ਦੇ ਮਾਮਲੇ ਵਿਚ ਪੰਜਾਬ ਦੇਸ਼ ਦਾ ਇਕ ਮੋਢੀ ਰਾਜ ਹੈ। ਕਿਸਾਨਾਂ ਦੀ ਸਹੂਲਤ ਲਈ ਕਾਨੂੰਨਗੋ ਸਰਕਲਾਂ ਦਾ ਪੁਨਰ-ਗਠਨ ਕੀਤਾ ਗਿਆ ਹੈ ਅਤੇ ਇਨ੍ਹਾਂ ਦੀ ਗਿਣਤੀ 308 ਤੋਂ ਵਧਾ ਕੇ 460 ਕਰ ਦਿੱਤੀ ਗਈ ਹੈ। ਪਟਵਾਰ ਖਾਨਿਆਂ ਦੀ ਉਸਾਰੀ ਤੋਂ ਇਲਾਵਾ ਹਰੇਕ ਸਰਕਲ ਵਿਚ ਪਹਿਲਾਂ ਵਾਲੇ 15 ਪਟਵਾਰੀਆਂ ਦੀ ਥਾਂ 10 ਪਟਵਾਰੀ ਕਰ ਦਿੱਤੇ ਗਏ ਹਨ। ਭੋਂ ਦਾ ਮੌਜੂਦਾ ਰਿਕਾਰਡ ਸੰਭਾਲਣ ਲਈ ਜਲੰਧਰ ਵਿਖੇ 3.90 ਕਰੋੜ ਰੁਪਏ ਦੀ ਲਾਗਤ ਨਾਲ ਨਵੀਨ ਸਹੂਲਤਾਂ ਵਾਲੀ ਇਕ ਇਮਾਰਤ ਉਸਾਰੀ ਜਾ ਰਹੀ ਹੈ। ਅਗਸਤ, 1996 ਵਿਚ ਖਾਤਾ ਬਦਲੀ ਹੋਣ ਤੋਂ ਤਿੰਨ ਮਹੀਨੇ ਦੇ ਅੰਦਰ ਇੰਤਕਾਲ ਤਸਦੀਕ ਕਰਨ ਲਈ ਇਕ ਵਿਸ਼ੇਸ਼ ਮੁਹਿੰਮ ਚਲਾਈ ਗਈ ਸੀ ਅਤੇ 26,000 ਤੋਂ ਜ਼ਿਆਦਾ ਇੰਤਕਾਲ ਤਸਦੀਕ ਕੀਤੇ ਗਏ ਸਨ ਅਤੇ ਹੁਣ ਤੱਕ 28,287 ਲਾਭ-ਪਾਤਰਾਂ ਨੂੰ 1,03,487 ਏਕੜ ਫਾਲਤੂ ਭੋਂ ਤਕਸੀਮ ਕੀਤੀ ਜਾ ਚੁੱਕੀ ਹੈ, ਜਿਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਦੇ 11,301 ਮੈਂਬਰ ਹਨ। ਪਿਛਲੀਆਂ ਬਰਸਾਤਾਂ ਦੌਰਾਨ ਮਨੁੱਖੀ ਜਾਨਾਂ, ਪਸ਼ੂਆਂ, ਮਕਾਨਾਂ ਅਤੇ ਫ਼ਸਲਾਂ ਦੇ ਹੋਏ ਨੁਕਸਾਨ ਲਈ ਕੁਦਰਤੀ ਆਫਤ ਰਾਹਤ ਫੰਡ ਵਿਚੋਂ ਪ੍ਰਭਾਵਿਤ ਲੋਕਾਂ ਨੂੰ ਲਗਭਗ 11.61 ਕਰੋੜ ਰੁਪਏ ਦੀ ਰਕਮ ਵੰਡੀ ਜਾ ਚੁੱਕੀ ਹੈ।

112. ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਬਾਜ਼ੀਗਰ, ਅਨੁਸੂਚਿਤ ਜਾਤੀਆਂ ਅਤੇ ਹੋਰ ਕਮਜ਼ੋਰ ਵਰਗਾਂ ਦੇ ਵਿਅਕਤੀਆਂ ਨੂੰ ਜੋ ਪਿਛਲੇ ਦਸ ਸਾਲਾਂ ਤੋਂ ਉਨ੍ਹਾਂ ਝੁੱਗੀਆਂ/ਝੋਂਪੜੀਆਂ, ਸ਼ਹਿਰੀ ਗੰਦੀਆਂ ਬਸਤੀਆਂ ਅਤੇ ਹੋਰ ਰਿਹਾਇਸ਼ੀ ਇਲਾਕਿਆਂ ਵਿਚ ਰਹਿ ਰਹੇ ਹਨ, ਜਿਨ੍ਹਾਂ ਵਿਚ ਮੁੱਖ ਤੌਰ ਤੇ ਕਮਜ਼ੋਰ ਵਰਗਾਂ ਦੀ ਵੱਸੋਂ ਜ਼ਿਆਦਾ ਹੈ, ਉਦੋਂ ਤੱਕ ਨਹੀਂ ਉਠਾਇਆ ਜਾਵੇਗਾ ਜਦੋਂ ਤੱਕ ਉਨ੍ਹਾਂ ਨੂੰ ਕਿਸੇ ਹੋਰ ਥਾਂ ਵਸਾਇਆ ਨਹੀਂ ਜਾਂਦਾ।

## ਸਭਿਆਚਾਰਕ ਮਾਮਲੇ

113. ਮੇਰੀ ਸਰਕਾਰ ਨੇ ਇਕ ਪਾਲਸੀ-ਢਾਂਚਾ ਤਿਆਰ ਕੀਤਾ ਹੈ ਜੋ ਸਾਡੇ ਅਮੀਰ ਵਿਰਸੇ ਦੀ ਸੁਰੱਖਿਆ ਅਤੇ ਸੰਭਾਲ ਤੇ ਉਨਾਂ ਹੀ ਜ਼ੋਰ ਦਿੰਦਾ ਹੈ ਜਿਨ੍ਹਾਂ ਸਮਕਾਲੀ ਸਾਹਿਤਕ, ਕਲਾਤਮਕ ਤੇ ਸੁਹਜਾਤਮਕ ਉੱਦਮਾਂ ਦੀ ਤਰੱਕੀ ਤੇ, ਜਿਨਾਂ ਦਾ ਰਾਜ ਦੇ

Original with;
Punjab Vidhan Sabha
Digitized by;
Panjab Digital Library

ਲੋਕਾਂ ਦੇ ਜੀਵਨ ਮਿਆਰ ਨੂੰ ਸੁਧਾਰਨ ਵਿਚ ਕਾਫੀ ਪ੍ਰਭਾਵ ਪਵੇਗਾ । ਕੁਝ ਮੁੱਖ ਪ੍ਰਾਜੈਕਟ ਹੱਥ ਵਿਚ ਲੈਣ ਦੀ ਤਜਵੀਜ਼ ਹੈ ਜਿਵੇਂ ਪਟਿਆਲਾ ਵਿਖੇ ਕਿਲ੍ਹਾ ਮੁਬਾਰਿਕ ਕੰਪਲੈਕਸ ਦੀ ਸੰਭਾਲ ਅਤੇ ਮੁੜ ਵਰਤੋਂ, ਜਿਸ ਦਾ ਬਹੁਤ ਵੱਡਾ ਪ੍ਰਦਰਸ਼ਨ ਮੁੱਲ ਹੈ । ਇਨ੍ਹਾਂ ਪ੍ਰਾਜੈਕਟਾਂ ਦੀ ਉਨ੍ਹਾਂ ਸੰਸਥਾਵਾਂ ਦਾ ਨੈੱਟਵਰਕ ਉਸਾਰਨ ਲਈ ਵਰਤੋਂ ਕਰਨ ਦਾ ਪ੍ਰਸਤਾਵ ਵੀ ਹੈ ਜਿਹੜੀਆਂ ਅਜਾਇਬ ਘਰਾਂ ਦਾ ਵਿਕਾਸ, ਖੋਜ ਅਤੇ ਦਸਤਾਵੇਜ਼ਾਂ ਅਤੇ ਕਲਾਵਾਂ ਦੀ ਸਰਪ੍ਰਸਤੀ ਕਰਦੀਆਂ ਹਨ । ਸਰਕਾਰ ਦੁਆਰਾ ਵਿਕਸਿਤ ਪਟਿਆਲਾ ਕਲਾ ਪਰੀਸ਼ਦ ਨੂੰ ਸੰਭਾਲ ਖੇਤਰ ਵਿਚ ਇਕ ਪ੍ਰਮੁੱਖ ਏਜੰਸੀ ਬਣਾਉਣ ਲਈ ਪੇਸ਼ਾਵਰਾਨਾ ਕੋਰ (Core) ਵਜੋਂ ਮਜ਼ਬੂਤ ਬਣਾਉਣ ਲਈ ਸ਼ੁਰੂਆਤ ਕੀਤੀ ਜਾ ਰਹੀ ਹੈ । ਸਭਿਆਚਾਰ ਦੀ ਤਰੱਕੀ ਲਈ ਇਕ ਨਵਾਂ ਨਜ਼ਰੀਆ ਅਪਣਾਉਣ ਦੀ ਲੋੜ ਹੈ ਤਾਂ ਜੋ ਜਿਥੋਂ ਤਕ ਸੰਭਵ ਹੋ ਸਕੇ ਪ੍ਰਾਜੈਕਟਾਂ ਉਤੇ ਵਿੱਤੀ ਅਤੇ ਵਪਾਰਕ ਵਿਵਹਾਰਕਤਾ ਦੇ ਸਿਧਾਂਤਾਂ ਨੂੰ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਇਹ ਪ੍ਰਾਜੈਕਟ ਬਾਹਰਲੇ ਵਿੱਤੀ ਵਸੀਲਿਆਂ ਨੂੰ ਪ੍ਰੇਰਿਤ ਕਰਨ ਦੇ ਸਮਰੱਥ ਹੋਣ । ਮੁੱਖ ਜ਼ੋਰ ਪੁਰਾਤੱਤਵੀ ਖੋਜਾਂ ਅਤੇ ਆਪਣੇ ਅਤੀਤ ਦੀ ਖੋਜ ਕਰਨ ਲਈ ਕੌਮੀ ਸਹਿਯੋਗ ਤੇ ਦਿੱਤਾ ਜਾਣਾ ਚਾਹੀਦਾ ਹੈ । ਜਿਹੜੀਆਂ ਸੰਸਥਾਵਾਂ ਅਤੇ ਵਿਅਕਤੀ ਸਭਿਆਚਾਰਕ ਉੱਦਮਾਂ ਵਿਚ ਰੁੱਝੇ ਹੋਏ ਹਨ ਉਨ੍ਹਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਂਦੀ ਰਹੇਗੀ, ਖਾਸ ਕਰਕੇ ਉਨ੍ਹਾਂ ਨੂੰ, ਜੋ ਸਕੂਲਾਂ ਅਤੇ ਕਾਲਜਾਂ ਵਿਚ ਸਭਿਆਚਾਰ ਦੇ ਪ੍ਰਸਾਰ ਵਿਚ ਲੱਗੇ ਹੋਏ ਹਨ । ਪ੍ਰਵਾਨਤ ਫਿਲਮ ਪਾਲਿਸੀ ਅਨੁਸਾਰ ਪੰਜਾਬੀ ਫਿਲਮਾਂ ਦਾ ਵਿਕਾਸ ਜਾਰੀ ਰਹੇਗਾ ਪਰ ਇਸ ਤੋਂ ਇਲਾਵਾ ਕਲਾ ਰੂਪ ਵਜੋਂ ਡਾਕੂਮੈਂਟਰੀ ਫਿਲਮਾਂ ਤਿਆਰ ਕੀਤੇ ਜਾਣ ਨੂੰ ਉਤਸ਼ਾਹ ਦੇਣ ਦੀ ਤਜਵੀਜ਼ ਹੈ ।

**ਸੈਰ-ਸਪਾਟਾ**

114. ਸੈਰ-ਸਪਾਟਾ ਇਕ ਆਰਥਿਕ ਸਰਗਰਮੀ ਦੇ ਰੂਪ ਵਿਚ ਉਭਰਿਆ ਹੈ, ਜੋ ਕਿ ਵਧੇਰੇ ਰੁਜ਼ਗਾਰ ਮੁਖੀ ਹੈ । ਸੈਰ-ਸਪਾਟੇ ਨੂੰ ਵਧਾਉਣ ਲਈ ਰਾਜ ਸਰਕਾਰ ਨੇ ਸੈਰ ਸਪਾਟੇ ਨੂੰ ਇਕ ਉਦਯੋਗ ਕਰਾਰ ਦਿੱਤਾ ਹੈ ਜੋ ਕਈ ਤਰ੍ਹਾਂ ਦੀਆਂ ਸਹੂਲਤਾਂ ਦੇ ਕੇ ਪ੍ਰਾਈਵੇਟ ਸੈਕਟਰ ਨੂੰ ਇਸ ਖੇਤਰ ਵੱਲ ਆਕ੍ਰਸ਼ਿਤ ਕਰੇਗਾ । ਗੁਰਦਾਸਪੁਰ ਵਿਖੇ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਕੇਟਰਿੰਗ ਐਂਡ ਨਿਊਟ੍ਰੀਸ਼ਨ ਲਈ ਮੁਫਤ ਜ਼ਮੀਨ ਦੇਣ ਦੀ ਤਜਵੀਜ਼ ਹੈ ਜੋ ਵਿਦਿਆਰਥੀਆਂ ਨੂੰ ਸੈਰ-ਸਪਾਟਾ ਖੇਤਰ ਵਿਚ ਆਪਣਾ ਰੁਜ਼ਗਾਰ ਸ਼ੁਰੂ ਕਰਨ ਲਈ ਰੁਜ਼ਗਾਰ-ਮੁਖੀ ਸਿਖਲਾਈ ਮੁਹੱਈਆ ਕਰੇਗਾ । ਸੈਰ-ਸਪਾਟੇ ਨੂੰ ਕ੍ਰਮਬੱਧ ਤਰੀਕੇ ਨਾਲ ਵਿਕਸਿਤ ਕਰਨ ਲਈ ਰਾਜ ਸਰਕਾਰ ਸੈਰ-ਸਪਾਟਾ ਨੀਤੀ ਤਿਆਰ ਕਰ ਰਹੀ ਹੈ, ਜਿਸ ਨੂੰ ਛੇਤੀ ਅੰਤਮ ਰੂਪ ਦਿਤੇ ਜਾਣ ਦੀ ਸੰਭਾਵਨਾ ਹੈ ।

**ਕਿਰਤ ਤੇ ਰੁਜ਼ਗਾਰ**

115. ਰਾਜ ਵਿੱਚ ਸਨਅਤੀ ਸਬੰਧਾਂ ਦੀ ਸਥਿਤੀ ਸ਼ਾਂਤੀ-ਪੂਰਨ ਰਹੀ । ਸਾਰੇ ਝਗੜੇ/ਹੜਤਾਲਾਂ ਸਦਭਾਵਨਾ-ਪਰਵਕ ਢੰਗ ਨਾਲ ਨਿਪਟਾਈਆਂ ਗਈਆਂ । ਕਿਰਤ ਵਿਭਾਗ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਦੀ ਸਮਝੌਤਾ ਮਸ਼ੀਨਰੀ ਦੀਆਂ ਕੋਸ਼ਿਸ਼ਾਂ ਸਦਕਾ 50 ਤੋਂ ਵੱਧ ਮਾਮਲੇ ਸਮਝੌਤੇ ਰਾਹੀਂ ਨਜਿੱਠੇ ਗਏ ।

116. ਮਾਲਕਾਂ ਹੱਥੋਂ ਕਾਮਿਆਂ ਨੂੰ ਸ਼ੋਸ਼ਿਤ ਹੋਣ ਤੋਂ ਬਚਾਉਣ ਲਈ ਰਾਜ ਸਰਕਾਰ ਨੇ ਜਥੇਬੰਦ ਅਤੇ ਗੈਰ ਜਥੇਬੰਦ ਖੇਤਰਾਂ ਵਿਚ 60 ਅਦਾਰਿਆਂ ਵਿੱਚ ਘੱਟੋ ਘੱਟ ਉਜਰਤਾਂ ਨਿਸ਼ਚਿਤ ਕੀਤੀਆਂ/ਸੋਧੀਆਂ ਹਨ । ਹੁਣ 1.9.1996 ਤੋਂ ਇਕ ਅਕੁਸ਼ਲ ਕਾਮਾ 1,448.70 ਰੁਪਏ ਪ੍ਰਤੀ ਮਹੀਨਾ ਘੱਟ ਤੋਂ ਘੱਟ ਉਜਰਤ ਪ੍ਰਾਪਤ ਕਰ ਰਿਹਾ ਹੈ । ਇਨ੍ਹਾਂ ਉਜਰਤਾਂ ਨੂੰ ਖਪਤਕਾਰ ਕੀਮਤ ਸੂਚਕ ਅੰਕਾਂ ਨਾਲ ਜੋੜਿਆ ਜਾਂਦਾ ਹੈ ।

117. 4.3.1996 ਨੂੰ ਲੁਧਿਆਣਾ ਵਿਖੇ ਕਿਰਤੀਆਂ ਦੀ ਸੁਰੱਖਿਆ ਦਾ ਕੌਮੀ ਦਿਵਸ ਮਨਾਇਆ ਗਿਆ, ਜਿਸ ਵਿਚ ਜੇਤੂਆਂ ਨੂੰ ਸੁਰੱਖਿਆ ਪੁਰਸਕਾਰ ਅਤੇ ਕਿਰਤ ਵੀਰ ਪੁਰਸਕਾਰ ਦਿੱਤੇ ਗਏ ।

118. ਰਾਜ ਸਰਕਾਰ ਨੇ ਕਾਮਿਆਂ ਦੀਆਂ ਸਮੱਸਿਆਵਾਂ ਤੇ ਵਿਚਾਰ ਕਰਨ ਲਈ ਵੱਖ ਵੱਖ ਤ੍ਰੈ-ਪੱਖੀ ਤਰੀਕੇ ਅਖਤਿਆਰ ਕੀਤੇ ਸਨ । 1996 ਦੌਰਾਨ ਰਾਜ ਕਿਰਤ ਸਲਾਹਕਾਰ ਬੋਰਡ ਦੀਆਂ ਦੋ ਮੀਟਿੰਗਾਂ ਕੀਤੀਆਂ ਗਈਆਂ ਅਤੇ ਇਹ ਫੈਸਲਾ ਕੀਤਾ ਗਿਆ ਕਿ ਕਾਮਿਆਂ ਦੇ ਮਾਮਲਿਆਂ ਨੂੰ ਤੁਰੰਤ ਨਿਪਟਾਇਆ ਜਾਵੇ ਅਤੇ ਕਾਮਿਆਂ ਦੀਆਂ ਸਮੱਸਿਆਵਾਂ ਦੀ ਜਾਂਚ-ਪੜਤਾਲ ਲਈ ਜ਼ਿਲ੍ਹਾ-ਪੱਧਰ ਦੀਆਂ ਤ੍ਰੈ-ਪੱਖੀ ਕਮੇਟੀਆਂ ਬਣਾਈਆਂ ਜਾਣ ।

119. ਰੋਜ਼ਗਾਰ ਵਿਭਾਗ ਵਿਚ ਬੇਰੁਜ਼ਗਾਰ ਵਿਅਕਤੀਆਂ ਅਤੇ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਨੂੰ ਪੇਸ਼ਾਵਰਾਨਾ ਅਗਵਾਈ ਦੇਣ ਦਾ ਪ੍ਰਬੰਧ ਹੈ ।

120. ਰੋਜ਼ਗਾਰ ਕੇਂਦਰ ਉਨ੍ਹਾਂ ਵਿਅਕਤੀਆਂ ਨੂੰ ਬੇਰੁਜ਼ਗਾਰੀ ਭੱਤਾ ਦਿੰਦੇ ਹਨ, ਜਿਹੜੇ ਮੈਟ੍ਰਿਕ ਅਤੇ ਉਸ ਤੋਂ ਵੱਧ ਪੜ੍ਹੇ ਹਨ । ਅਪ੍ਰੈਲ 1996 ਤੋਂ 31 ਦਸੰਬਰ, 1996, ਤੱਕ 6,456 ਬੇਰੁਜ਼ਗਾਰ ਵਿਅਕਤੀਆਂ ਨੂੰ ਬੇਰੁਜ਼ਗਾਰੀ ਭੱਤੇ ਵਜੋਂ 72,82,653.00 ਰੁਪਏ ਦੀ ਰਕਮ ਵੰਡੀ ਗਈ ਸੀ ।

**ਖੇਡਾਂ ਅਤੇ ਯੁਵਕ ਸੇਵਾਵਾਂ**

121. ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ, ਰਾਜ ਵਿਚ ਯੁਵਕ ਸ਼ਕਤੀ ਦੀ ਵਰਤੋਂ ਕਰਨ ਵਿਚ ਸ਼ਲਾਘਾਯੋਗ ਕੰਮ ਕਰ ਰਿਹਾ ਹੈ । ਪੰਜਾਬ, ਭਾਰਤ ਵਿਚ ਪਹਿਲਾ ਰਾਜ ਹੈ ਜਿਸ ਨੇ 1961 ਵਿਚ ਇਕ ਸੁਤੰਤਰ ਖੇਡ ਵਿਭਾਗ ਕਾਇਮ ਕੀਤਾ ਸੀ । ਸਾਲ 1996-97 ਲਈ 12.65 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ । ਅੰਤਰ-ਰਾਸ਼ਟਰੀ ਵਿਸ਼ੇਸ਼ਤਾਵਾਂ ਵਾਲੇ ਖੇਡ ਪ੍ਰਾਜੈਕਟ ਜਿਵੇਂ ਕਿ ਲੁਧਿਆਣਾ ਵਿਖੇ ਐਸਟਰੋ ਹਾਕੀ ਟਰਫ ਅਤੇ ਜਲੰਧਰ ਵਿਖੇ ਸਿੰਥੈਟਿਕ ਟਰੈਕ ਆਰੰਭ ਕੀਤਾ ਗਿਆ ਹੈ । ਮੋਹਾਲੀ ਵਿਖੇ ਬਹੁ-ਮੰਤਵੀ ਰਾਜ ਸਟੇਡੀਅਮ ਸ਼ੁਰੂ ਕੀਤਾ ਗਿਆ ਹੈ ਅਤੇ ਬਲਾਕ ਪੱਧਰ ਦੇ 20 ਅਤੇ ਜ਼ਿਲ੍ਹਾ ਪੱਧਰ ਦੇ ਚਾਰ ਸਟੇਡੀਅਮ ਉਸਾਰਨ ਦਾ ਕੰਮ ਚਲ ਰਿਹਾ ਹੈ । ਨੈਸ਼ਨਲ ਚੈਂਪੀਅਨਸ਼ਿਪ ਅਤੇ ਨੈਸ਼ਨਲ ਸਕੂਲ ਖੇਡਾਂ ਵਿਚ ਭਾਗ ਲੈਣ ਵਾਲੀਆਂ ਲਗਭਗ ਸਾਰੀਆਂ ਟੀਮਾਂ ਨੇ ਕਾਫੀ ਸ਼ਲਾਘਾਯੋਗ ਕਾਰ-

Original with;
Punjab Vidhan Sabha
Digitized by;
Panjab Digital Library

ਗੁਜ਼ਾਰੀ ਦਰਸਾਈ ਹੈ । ਪਿਛਲੇ ਪੰਜ ਸਾਲਾਂ ਤੋਂ ਪੰਜਾਬ ਮਹਿਲਾ ਅਤੇ ਪੇਂਡੂ ਖੇਡਾਂ ਵਿਚ ਨੈਸ਼ਨਲ ਚੈਂਪੀਅਨ ਰਿਹਾ ਹੈ ਅਤੇ ਇਸ ਨੇ ਇਹ ਟਾਈਟਲ ਸਾਲ 1996-97 ਲਈ ਵੀ ਬਰਕਰਾਰ ਰੱਖੇ ਹਨ । ਪੰਜਾਬ ਇਕੋ ਇਕ ਰਾਜ ਹੈ ਜਿਹੜਾ 'ਕੈਚ ਦੈੱਮ ਯੰਗ'' ਦੀ ਨੀਤੀ ਅਨੁਸਾਰ 11 ਸਾਲ ਤੋਂ ਘੱਟ ਉਮਰ ਦੇ ਲੜਕੇ ਤੇ ਲੜਕੀਆਂ ਦੀਆਂ ਰਾਜ ਪੱਧਰੀ ਖੇਡਾਂ ਕਰਵਾਉਂਦਾ ਹੈ । ਪੰਜਾਬ ਕੌਮੀ ਖੇਡਾਂ ਕਰਵਾਉਣ ਦੇ ਖੇਤਰ ਵਿਚ ਇਕ ਵਾਰ ਫਿਰ ਮੋਹਰੀ ਹੋ ਨਿਬੜਿਆ ਹੈ ।

122. ਯੁਵਕ ਸੇਵਾਵਾਂ ਵਿਭਾਗ ਸਥਾਪਿਤ ਕਰਨ ਦਾ ਨਿਸ਼ਾਨਾ, ਯੁਵਕ ਸ਼ਕਤੀ ਨੂੰ ਉਸਾਰੂ ਲੀਹਾਂ ਤੇ ਪਾਉਣਾ ਅਤੇ ਰਾਸ਼ਟਰ-ਨਿਰਮਾਣ ਕਾਰਜਾਂ ਵਿਚ ਉਨ੍ਹਾਂ ਨੂੰ ਸ਼ਾਮਿਲ ਕਰਨਾ ਹੈ । 1996 97 ਦੌਰਾਨ, 29,527 ਯਵਕ ਵੱਖ ਵੱਖ ਪ੍ਰੋਗਰਾਮਾਂ ਵਿਚ ਭਾਗ ਲੈ ਰਹੇ ਹਨ । ਇਨ੍ਹਾਂ ਵਿਚ ਯੁਵਕ ਲੀਡਰਸ਼ਿਪ ਟ੍ਰੇਨਿੰਗ ਕੈਂਪ, ਯੁਵਕ ਮੇਲੇ, ਅਧਿਆਪਕ ਸਿਖਲਾਈ ਕੈਂਪ ਅੰਤਰ-ਰਾਜੀ ਦੌਰੇ, ਯੁਵਕ ਆਦਾਨ-ਪ੍ਰਦਾਨ ਪ੍ਰੋਗਰਾਮ, ਪੇਂਡੂ ਵਿਕਾਸ ਕੈਂਪ ਅਤੇ ਰਾਸ਼ਟਰੀ ਸੇਵਾ ਸਕੀਮ ਸ਼ਾਮਿਲ ਹਨ । ਵਿੱਤੀ ਸਾਲ 1996-97 ਦੌਰਾਨ ਇਨ੍ਹਾਂ ਸਕੀਮਾਂ ਲਈ ਬਜਟ ਉਪਬੰਧ 351.98 ਲੱਖ ਰੁਪਏ ਸੀ ਸਾਲ 1997-98 ਦੌਰਾਨ ਰਾਜ ਵਿਚ 3,41,637 ਯਵਕਾਂ ਨੂੰ ਇਸ ਪ੍ਰੋਗਰਾਮ ਅਧੀਨ ਲਿਆਏ ਜਾਣ ਦਾ ਟੀਚਾ ਹੈ ।

123. ਅਗਸਤ, 1990 ਵਿਚ ਪੰਜਾਬ ਯੁਵਕ ਸਿਖਲਾਈ ਤੇ ਰੋਜ਼ਗਾਰ ਕੇਂਦਰ ਦਾ ਉਦਘਾਟਨ ਕੀਤਾ ਗਿਆ ਸੀ । ਇਹ ਇਕ ਅਦੁੱਤੀ ਸੰਸਥਾ ਹੈ ਜਿਹੜੀ ਯੁਵਕਾਂ ਨੂੰ ਤਕਨੀਕੀ ਮੁਹਾਰਤ ਮੁਹੱਈਆ ਕਰਕੇ ਵਧੇਰੇ ਰੋਜ਼ਗਾਰ ਪ੍ਰਾਪਤ ਕਰਨ ਦੇ ਯੋਗ ਬਣਾਉਣ ਤੋਂ ਇਲਾਵਾ ਉਨ੍ਹਾਂ ਵਿਚ ਸਵੈ-ਅਨੁਸ਼ਾਸਨ, ਰਾਸ਼ਟਰੀ ਏਕਤਾ ਦੀ ਭਾਵਨਾ, ਧਰਮ-ਨਿਰਪੱਖਤਾ, ਕਿਰਤ ਦਾ ਸਤਿਕਾਰ ਅਤੇ ਕੰਮ ਕਰਨ ਦੀ ਆਦਤ ਪੈਦਾ ਕਰਦੀ ਹੈ । ਇਸ ਸਕੀਮ ਤੋਂ ਵਧੇਰੇ ਲਾਭ ਪੇਂਡੂ-ਬੇਰੋਜ਼ਗਾਰ ਯੁਵਕ ਲੈ ਰਹੇ ਹਨ । ਜਿਨ੍ਹਾਂ ਨੂੰ ਫੌਜ ਵਿਚ ਭਰਤੀ ਲਈ ਪੂਰਵ ਚੋਣ ਸਿਖਲਾਈ, ਫੌਜ ਵਿਚ ਭਰਤੀ ਲਈ ਪੈਰਾ-ਸਲੈਕਸ਼ਨ ਟ੍ਰੇਨਿੰਗ, ਕੇਂਦਰੀ ਪੈਰਾ-ਮਿਲਟਰੀ ਸੰਗਠਨਾਂ ਅਤੇ ਪੁਲਿਸ ਵਿਚ ਭਰਤੀ ਲਈ ਟ੍ਰੇਨਿੰਗ ਦਿੱਤੀ ਜਾਂਦੀ ਹੈ । ਇਸ ਸਕੀਮ ਅਧੀਨ, 7,000 ਯੁਵਕਾਂ ਦੀ ਸਲਾਨਾ ਚੋਣ ਕੀਤੀ ਜਾਂਦੀ ਹੈ ਅਤੇ 1996-97 ਲਈ ਬਜਟ ਵਿਚ 3 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਗਈ ਹੈ । ਹੁਣ ਤੱਕ 40,000 ਤੋਂ ਵੱਧ ਯੁਵਕਾਂ ਨੂੰ ਰਾਜ ਵਿਚ ਸਿਖਲਾਈ ਦਿੱਤੀ ਜਾ ਚੁੱਕੀ ਹੈ । ਸਿਖਲਾਈ ਉਪਰੰਤ ਲਗਭਗ 10,000 ਯੁਵਕ ਫੌਜ, ਪੈਰਾ ਮਿਲਟਰੀ ਬਲ ਅਤੇ ਪੁਲਿਸ ਵਿਚ ਭਰਤੀ ਹੋਏ ਸਨ । 24,000 ਤੋਂ ਵੱਧ ਯੁਵਕ ਸਰਕਾਰੀ, ਪਬਲਿਕ ਅਤੇ ਪ੍ਰਾਈਵੇਟ ਸੈਕਟਰਾਂ ਵਿਚ ਭਰਤੀ ਹੋ ਚੁੱਕੇ ਹਨ । ਤਕਰੀਬਨ 550 ਯੁਵਕ ਵੱਖ ਵੱਖ ਉਦਯੋਗਿਕ ਸਿਖਲਾਈ ਕੇਂਦਰਾਂ/ਤਕਨੀਕੀ ਸੰਸਥਾਵਾਂ ਵਿਚ ਸਿਖਲਾਈ ਲੈ ਰਹੇ ਹਨ ।

**ਰੱਖਿਆ ਸੇਵਾਵਾਂ ਭਲਾਈ**

124. ਸਾਬਕਾ-ਫੌਜੀਆਂ, ਉਨ੍ਹਾਂ ਦੀਆਂ ਵਿਧਵਾਵਾਂ ਅਤੇ ਆਸ਼ਰਿਤਾਂ ਦੀ ਭਲਾਈ ਲਈ ਸਾਲ 1984 ਵਿਚ ਰੱਖਿਆ ਸੇਵਾਵਾਂ ਭਲਾਈ ਵਿਭਾਗ ਕਾਇਮ ਕੀਤਾ ਗਿਆ ਸੀ । ਉਨ੍ਹਾਂ ਦੇ ਮੁੜ-ਵਸੇਬੇ ਅਤੇ ਭਲਾਈ ਲਈ ਵਿਭਿੰਨ ਸਕੀਮਾਂ ਅਧੀਨ ਵਿੱਤੀ ਸਹਾਇਤਾ ਮੁਹੱਈਆ ਕੀਤੀ ਗਈ ਹੈ । ਜੰਗੀ ਜਗੀਰਾਂ ਦੀ ਦਰ 1.10.95 ਤੋਂ 500/– ਰੁਪਏ ਤੋਂ ਵਧਾ ਕੇ 1200/–

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ ਅਤੇ ਇਸ ਉਦੇਸ਼ ਲਈ ਸਰਕਾਰ ਨੇ ਸਾਲ 1996-97 ਦੌਰਾਨ 27.35 ਲੱਖ ਰੁਪਏ ਦੀ ਰਕਮ ਜਾਰੀ ਕੀਤੀ ਹੈ। ਪੈਨਸ਼ਨ ਨਾ ਪ੍ਰਾਪਤ ਕਰਨ ਵਾਲੇ 65 ਸਾਲ ਦੀ ਉਮਰ ਤੋਂ ਉਪਰ ਸਾਬਕਾ ਫੌਜੀਆਂ/ਵਿਧਵਾਵਾਂ ਨੂੰ ਦਿੱਤੀ ਜਾਂਦੀ ਵਿੱਤੀ ਸਹਾਇਤਾ 1.4.95 ਤੋਂ 150/- ਰੁਪਏ ਤੋਂ ਵਧਾ ਕੇ 200/- ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। ਹਰ ਜੰਗੀ-ਵਿਧਵਾ ਨੂੰ 100/- ਰੁਪਏ ਪ੍ਰਤੀ ਮਹੀਨਾ ਬੱਸ ਸਫ਼ਰ ਭੱਤਾ ਅਦਾ ਕਰਨ ਦਾ ਫੈਸਲਾ ਕੀਤਾ ਗਿਆ ਹੈ। ਰਾਜ ਸਰਕਾਰ ਨੇ ਭਾਰਤ ਸਰਕਾਰ ਦੁਆਰਾ ਜਾਰੀ ਕੀਤੀਆਂ ਅਗਵਾਈ ਲੀਹਾਂ ਦੇ ਆਧਾਰ ਤੇ ਬਹਾਦਰੀ-ਪੁਰਸਕਾਰ ਜੇਤੂਆਂ ਨੂੰ ਜ਼ਮੀਨ ਦੀ ਬਜਾਏ 2.00 ਕਰੋੜ ਰੁਪਏ ਤੋਂ ਵੱਧ ਰਕਮ ਦੇ ਨਕਦ ਇਨਾਮ ਸਾਲਿਆਨਾ ਅਤੇ ਮਾਇਕ ਗ੍ਰਾਂਟ ਦੇਣ ਦੀ ਮਨਜ਼ੂਰੀ ਦੇ ਦਿੱਤੀ ਹੈ। ਪ੍ਰਾਈਵੇਟ ਤੇ ਸਰਕਾਰੀ ਕਾਰੋਬਾਰੀ ਅਦਾਰਿਆਂ ਵਿਚ ਲਗਭਗ 2,000 ਸਾਬਕਾ ਫੌਜੀਆਂ ਨੂੰ ਸੁਰੱਖਿਆ ਗਾਰਡਾਂ ਵਜੋਂ ਰੋਜ਼ਗਾਰ ਦੇ ਕੇ ਮੁੜ ਸੇਵਾ ਵਿਚ ਲਿਆਂਦਾ ਗਿਆ ਹੈ ਅਤੇ ਸਵੈ-ਰੋਜ਼ਗਾਰ ਦੀਆਂ ਵੱਖੋ ਵੱਖਰੀਆਂ ਸਕੀਮਾਂ ਅਧੀਨ ਉਨ੍ਹਾਂ ਦੇ ਸਵੈ-ਰੋਜ਼ਗਾਰ ਲਈ 17,336 ਸਾਬਕਾ ਫੌਜੀਆਂ ਨੂੰ 36.02 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ ਹਨ।

**ਰਾਹਤ ਤੇ ਮੁੜ ਵਸੇਬਾ**

125. ਪੰਜਾਬ ਸਰਕਾਰ ਰਾਜ ਦੇ ਅਭਾਗੇ ਤੇ ਜ਼ਰੂਰਤ-ਮੰਦ ਵਿਅਕਤੀਆਂ ਨੂੰ ਸਹਾਇਤਾ ਅਤੇ ਇਮਦਾਦ ਮੁਹੱਈਆ ਕਰਦੀ ਹੈ। ਸਰਕਾਰ ਅਜਿਹੇ ਵਿਅਕਤੀਆਂ ਲਈ ਗ੍ਰਾਂਟ, ਗੁਜ਼ਾਰਾ ਭੱਤਾ, ਮੁਫ਼ਤ ਬੱਸ ਸਫ਼ਰ, ਵਿਧਵਾ ਦੀ ਧੀ ਦੀ ਜਾਂ ਸਵਰਗਵਾਸੀ ਪਤੀ ਦੀ ਭੈਣ ਦੀ ਸ਼ਾਦੀ ਲਈ ਗ੍ਰਾਂਟ, ਇਹੋ ਜਿਹੇ ਪੀੜਤ ਵਿਅਕਤੀਆਂ ਦੇ ਨਾਬਾਲਗ ਬੱਚਿਆਂ ਨੂੰ ਮੁਫ਼ਤ ਵਿਦਿਆ ਲਾਭ ਵਿਹੂਣੇ ਵਿਅਕਤੀਆਂ ਨੂੰ ਪਹਿਲ ਦੇ ਆਧਾਰ ਤੇ ਰੋਜ਼ਗਾਰ ਅਤੇ ਕਰਜ਼ੇ ਦੀ ਸਹਾਇਤਾ ਦੀ ਸ਼ਕਲ ਵਿਚ ਮੱਦਦ ਕਰਨ ਲਈ ਵਚਨਬੱਧ ਹੈ।

**ਸੁਤੰਤਰਤਾ ਸੰਗਰਾਮੀ ਵਿਭਾਗ**

126. ਪੰਜਾਬ ਸਰਕਾਰ ਨੇ 1.4.1996 ਤੋਂ ਸਾਰੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਦੀ ਸੁਤੰਤਰਤਾ ਸੈਨਿਕ ਸਨਮਾਨ ਪੈਨਸ਼ਨ 600/- ਰੁਪਏ ਤੋਂ ਵਧਾ ਕੇ 1,100/- ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਵਜ਼ੀਫੇ, ਹੋਸਟਲ ਦੀਆਂ ਫੀਸਾਂ, ਕਿਤਾਬਾਂ ਖਰੀਦਣ ਲਈ ਮਾਲੀ ਸਹਾਇਤਾ ਅਤੇ ਸਰਕਾਰੀ ਸੰਸਥਾਵਾਂ ਦੇ ਵੱਖੋ ਵੱਖਰੇ ਕੋਰਸਾਂ ਵਿਚ ਦਾਖਲੇ ਲਈ 2 ਫੀਸਦੀ ਸੀਟਾਂ ਦਾ ਰਾਖਵਾਂਕਰਣ ਆਦਿ ਵਰਗੀਆਂ ਵੱਖ ਵੱਖ ਸਹੂਲਤਾਂ ਦਿੰਦੀ ਹੈ। ਇਸ ਤੋਂ ਇਲਾਵਾ ਆਜ਼ਾਦੀ ਘੁਲਾਟੀਆਂ ਦੇ ਬੱਚਿਆਂ, ਪੋਤੇ, ਪੋਤਿਆਂ ਨੂੰ ਸਰਕਾਰੀ ਨੌਕਰੀ ਵਿਚ ਭਰਤੀ ਸਮੇਂ ਗਜ਼ਟਿਡ ਆਸਾਮੀਆਂ ਲਈ 2 ਫੀਸਦੀ ਅਤੇ ਨਾਨ ਗਜ਼ਟਿਡ ਅਸਾਮੀਆਂ ਦੀ ਭਰਤੀ ਲਈ 1 ਫੀਸਦੀ ਰਾਖਵੇਂਕਰਣ ਦੀ ਵਿਵਸਥਾ ਵੀ ਹੈ। ਆਜ਼ਾਦੀ ਘੁਲਾਟੀਆਂ ਦੇ ਪੁੱਤਰਾਂ ਅਤੇ ਧੀਆਂ ਦੀਆਂ ਸ਼ਾਦੀਆਂ ਦੇ ਮੌਕੇ 10,000/- ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਰਾਜ ਦੀਆਂ ਸਰਕਾਰੀ ਬੱਸਾਂ ਵਿਚ ਮੁਫ਼ਤ ਸਫ਼ਰ ਦੀ ਸਹੂਲਤ ਵੀ ਉਪਲੱਬਧ ਹੈ।

Original with;
Punjab Vidhan Sabha
Digitized by;
Panjab Digital Library

**ਪੈਨਸ਼ਨਰਾਂ ਦੀ ਭਲਾਈ**

127. ਸਰਕਾਰੀ ਸੇਵਾ ਤੋਂ ਨਵਿਰਤ ਹੋਣ ਵਾਲੇ ਵਿਅਕਤੀਆਂ ਨੂੰ ਲਾਭ ਦੇਣ ਤੇ ਉਨ੍ਹਾਂ ਦੀ ਭਲਾਈ ਦਾ ਧਿਆਨ ਰੱਖਣ ਲਈ 1996 ਵਿਚ ਵੱਖਰਾ ਡਾਇਰੈਕਟੋਰੇਟ ਕਾਇਮ ਕੀਤਾ ਗਿਆ ਸੀ ਜੋ ਇਸ ਖੇਤਰ ਵਿਚ ਸੇਵਾ-ਨਿਵਿਰਤੀ ਦੇ ਲਾਭਾਂ ਦੀ ਤੁਰੰਤ ਅਦਾਇਗੀ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਨਿਵਾਰਣ ਲਈ ਲਾਭਦਾਇਕ ਕੰਮ ਕਰ ਰਿਹਾ ਹੈ ।

128. ਇਸ ਗੱਲ ਨੂੰ ਯਕੀਨੀ ਬਣਾਉਣ ਲਈ ਸਮੇਂ ਸਮੇਂ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ ਕਿ ਸੇਵਾ ਨਿਵਿਰਤ ਹੋਏ ਵਿਅਕਤੀਆਂ ਨੂੰ ਸੇਵਾ ਨਿਵਿਰਤੀ ਲਾਭ ਉਨ੍ਹਾਂ ਦੀ ਰਿਟਾਇਰਮੈਂਟ ਸਮੇਂ ਦਿੱਤੇ ਜਾਂਦੇ ਹਨ । ਇਸ ਵਿਭਾਗ ਦੇ ਯਤਨਾਂ ਸਦਕਾ ਪੈਨਸ਼ਨ ਸਬੰਧੀ ਬਹੁਤ ਸਾਰੇ ਮਾਮਲਿਆਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ ।

**ਛਪਾਈ ਤੇ ਲਿਖਣ ਸਮੱਗਰੀ**

129. ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਵਿਚ ਲਿਖਣ ਸਮੱਗਰੀ ਅਤੇ ਕਾਗਜ਼ਾਂ, ਫਾਰਮਾਂ ਤੇ ਰਜਿਸਟਰਾਂ, ਸਰਕਾਰੀ ਗਜ਼ਟ ਅਤੇ ਹੋਰ ਪ੍ਰਕਾਸ਼ਨਾਵਾਂ ਅਤੇ ਬੱਸਾਂ ਦੀਆਂ ਟਿਕਟਾਂ ਦੀ ਛਪਾਈ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ । ਵਿਭਾਗ, ਟਾਈਪ ਮਸ਼ੀਨਾਂ, ਸਾਫ ਕਾਗਜ਼ਾਂ, ਡੁਪਲੀਕੇਟਿੰਗ ਮਸ਼ੀਨਾਂ ਅਤੇ ਕੈਲਕੂਲੇਟਰਾਂ ਦੀਆਂ ਲੋੜਾਂ ਸਬੰਧੀ ਠੇਕੇ ਦੇ ਦਰ ਨਿਸ਼ਚਿਤ ਕਰਦਾ ਹੈ । ਸਰਕਾਰੀ ਦਫਤਰਾਂ ਵਿਚ ਵਰਤੀਆਂ ਜਾਣ ਵਾਲੀਆਂ ਟਾਈਪ ਮਸ਼ੀਨਾਂ ਦੀ ਸਰਵਿਸਿੰਗ ਤੇ ਮੁਰੰਮਤ ਦਾ ਕੰਮ ਵੀ ਇਸਦੇ ਜ਼ਿੰਮੇ ਹੈ ।

130. ਸਰਕਾਰੀ ਪ੍ਰੈਸਾਂ ਦੀ ਛਪਾਈ ਦੀ ਸਮਰੱਥਾ ਵਧਾਉਣ ਲਈ ਆਧੁਨਿਕ ਤੇ ਉੱਨਤ ਕਿਸਮ ਦੀਆਂ ਮਸ਼ੀਨਾਂ ਜਿਵੇਂ ਦੋ ਰੰਗਾਂ ਦੀਆਂ ਆਫਸੈਟ ਮਸ਼ੀਨਾਂ, ਇਕ ਰੰਗ ਦੀਆਂ ਆਫਸੈੱਟ ਮਸ਼ੀਨਾਂ, ਕੰਪਿਊਟਰਾਈਜ਼ਡ ਕਟਿੰਗ ਮਸ਼ੀਨਾਂ, ਸਵੈ-ਚਾਲਕ ਕਟਿੰਗ ਮਸ਼ੀਨਾਂ ਆਦਿ ਨੇੜੇ ਦੇ ਭਵਿੱਖ ਵਿਚ ਲਗਾਉਣ ਲਈ ਤਜਵੀਜ਼ ਕੀਤੀਆਂ ਗਈਆਂ ਹਨ । ਸਾਲ 1994-95 ਦੌਰਾਨ 705 ਕੰਮਾਂ ਦੀ ਛਪਾਈ ਕਰਕੇ ਵਿਭਾਗਾਂ ਨੂੰ ਸਪਲਾਈ ਕੀਤੀ ਗਈ, ਜਦੋਂ ਕਿ ਸਾਲ 1995-96 ਦੌਰਾਨ ਇਹ ਗਿਣਤੀ ਵਧਕੇ 1,000 ਹੋ ਗਈ । ਨਵੰਬਰ 1996 ਤੱਕ ਛਪਾਈ ਦੇ ਕੰਮਾਂ ਦੀ ਗਿਣਤੀ 511 ਤੱਕ ਪਹੁੰਚ ਗਈ ।

**ਵਿਗਿਆਨ-ਤਕਨਾਲੋਜੀ ਅਤੇ ਗੈਰ-ਰਵਾਇਤੀ ਊਰਜਾ**

131. ਮੇਰੀ ਸਰਕਾਰ ਰਾਜ ਵਿਚ ਹਵਾ ਤੇ ਪਾਣੀ ਦੀ ਕੁਆਲਟੀ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ ਅਤੇ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਨੇ ਨਿਯਮਿਤ ਨਿਰੀਖਣ ਲਈ ਵੱਖ ਵੱਖ ਥਾਵਾਂ ਤੇ ਪਾਣੀ ਅਤੇ ਹਵਾ ਕੁਆਲਿਟੀ ਨਿਰੀਖਣ ਕੇਂਦਰ ਸਥਾਪਤ ਕੀਤੇ ਹਨ । ਸੂਚਨਾ ਨੈਟਵਰਕ ਡੇਟਾ ਬੇਸ ਅਤੇ ਪ੍ਰਬੰਧਕ ਸੂਚਨਾ ਸਿਸਟਮ ਨੂੰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ । ਖਤਰਨਾਕ ਰਹਿੰਦ-ਖੂੰਹਦ ਦੇ ਪ੍ਰਬੰਧ ਲਈ ਵੀ ਇਕ ਸਕੀਮ ਤਿਆਰ ਕੀਤੀ ਜਾ ਰਹੀ ਹੈ । ਪ੍ਰਦੂਸ਼ਨ ਅਤੇ ਰੌਲੇ-ਰੱਪੇ ਨੂੰ ਰੋਕਣ ਲਈ ਰਿਹਾਇਸ਼ੀ ਖੇਤਰਾਂ ਖਾਸ ਕਰਕੇ ਲੁਧਿਆਣੇ ਅਤੇ ਮੰਡੀ ਗੋਬਿੰਦਗੜ੍ਹ ਵਿਚ ਸਨਅੱਤਾਂ ਨੂੰ ਤਬਦੀਲ ਕਰਨ ਲਈ ਘੱਟ ਅਵਧੀ ਅਤੇ ਲੰਮੀ ਅਵਧੀ ਵਾਲੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ । ਘੱਟ ਖਰਚ ਵਾਲੀਆਂ ਸਫਾਈ ਤਕਨਾਲੋਜੀਆਂ ਵਿਚ ਵੀ ਵਾਧਾ ਕੀਤਾ ਜਾ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

132. ਪੰਜਾਬ ਊਰਜਾ ਵਿਕਾਸ ਏਜੰਸੀ ਵੱਖ ਵੱਖ ਨਹਿਰਾਂ ਦੀਆਂ ਝਾਲਾਂ ਉੱਤੇ 9.8 ਮੈਗਾਵਾਟ ਦੀ ਸਥਾਪਤ ਸਮਰੱਥਾ ਵਾਲੇ ਅੱਠ ਮਿੰਨੀ ਜਲ ਸ਼ਕਤੀ ਪਲਾਂਟ ਸਥਾਪਤ ਕਰ ਰਹੀ ਹੈ। ਬਣਾਓ, ਅਪਣਾਓ ਅਤੇ ਚਲਾਓ (ਬੀ.ਓ.ਓ.) ਦੇ ਆਧਾਰ ਉੱਤੇ ਪ੍ਰਾਈਵੇਟ ਸੈਕਟਰ ਦੀ ਸ਼ਮੂਲੀਅਤ ਨਾਲ 22 ਹੋਰ ਥਾਵਾਂ ਦਾ ਪਤਾ ਲਾਇਆ ਜਾ ਰਿਹਾ ਹੈ। ਆਉਣ ਵਾਲੇ ਸਾਲਾਂ ਦੌਰਾਨ ਰਾਜ ਵਿਚ ਲਗਭਗ 200 ਮੈਗਾਵਾਟ ਸਮਰਥਾ ਦੇ ਛੋਟੇ ਪਣ ਬਿਜਲੀ ਘਰ ਲਾਉਣ ਦਾ ਪੜਾ ਲਾਉਣ ਅਤੇ ਮਾਰਕਫੈੱਡ ਦੇ ਸਹਿਯੋਗ ਨਾਲ ਫ਼ਰਾਇਤੀ ਰਹਿੰਦ ਖੂੰਹਦ ਤੋਂ 1.8 ਮੈਗਾਵਾਟ ਦਾ ਪ੍ਰਦਰਸ਼ਨ ਯੂਨਿਟ ਲਾਉਣ ਦੀ ਤਜਵੀਜ਼ ਹੈ। ਭਾਰਤ ਸਰਕਾਰ ਦੇ ਸੰਗਠਿਤ ਦਿਹਾਤੀ ਊਰਜਾ ਪ੍ਰੋਗਰਾਮ ਤਹਿਤ ਸੂਰਜੀ ਰੋਸ਼ਨ ਫੋਟੋਵੋਲਟਿਕ ਰੋਸ਼ਨੀ ਸਿਸਟਮ, ਸੂਰਜੀ ਫੋਟੋਵੋਲਟਿਕ ਜਲ-ਪੰਪਿੰਗ ਸਿਸਟਮ, ਸੂਰਜੀ ਫੋਟੋਵੋਲਟਿਕ ਲਾਲਟੈਣ ਲਈ 35 ਬਲਾਕ ਲਏ ਗਏ ਹਨ। ਇਸ ਤੋਂ ਬਿਨਾ ਸੂਰਜੀ ਕੂਲਰਾਂ, ਸੂਰਜੀ ਗੀਜ਼ਰਾਂ, ਬਾਇਓਗੈਸ ਪਲਾਂਟਾਂ ਅਤੇ ਬਿਹਤਰ ਚੁੱਲ੍ਹਿਆਂ ਦਾ ਉਪਬੰਧ ਕੀਤਾ ਗਿਆ ਹੈ। ਆਉਣ ਵਾਲੇ ਸਾਲਾਂ ਵਿਚ ਇਹ ਪ੍ਰੋਗਰਾਮ ਹੋਰ ਵਧੇਰੇ ਬਲਾਕਾਂ ਵਿਚ ਵੀ ਚਾਲੂ ਕਰ ਦਿੱਤਾ ਜਾਵੇਗਾ। ਪੰਜਾਬ ਊਰਜਾ ਵਿਕਾਸ ਏਜੰਸੀ ਨੇ ਬਾਇਓਮਾਸ ਊਰਜਾ ਦੇ ਖੇਤਰ ਵਿਚ ਖੋਜ ਤੇ ਵਿਕਾਸ ਪ੍ਰੋਜੈਕਟ ਅਮਲ ਵਿਚ ਲੈ ਆਂਦਾ ਹੈ ਅਤੇ ਦੇਸ਼ ਵਿਚ ਹੀ ਵਿਉਂਤਿਆ ਵਿਕਸਤ ਕੀਤਾ ਅਤੇ ਬਣਾਇਆ 100 ਕਿਲੋਵਾਟ ਦਾ ਲੱਕੜੀ ਅਤੇ ਕੋਲਾ ਆਧਾਰਤ ਗੈਸੀਫਾਇਰ ਸਫਲਤਾ ਪੂਰਵਕ ਟੈਸਟ ਕਰ ਲਿਆ ਹੈ। ਇਸ ਨੇ ਮਾਡਲ ਬੈਟਰੀ ਨਾਲ ਚਲਣ ਵਾਲੀ ਕਾਰ ਵਿਕਸਿਤ ਕੀਤੀ ਹੈ ਜੋ ਕਿ ਸਵੱਛ ਵਾਤਾਵਰਣ ਮੁਹੱਈਆ ਕਰਨ ਵੱਲ ਇਕ ਕਦਮ ਹੈ। ਮੇਰੀ ਸਰਕਾਰ ਪੰਜਾਬ ਰਾਜ ਵਿਚ ਵਾਤਾਵਰਣ ਪ੍ਰਤੀ ਜਾਗਰੂਕਤਾ ਪ੍ਰੋਗਰਾਮ ਅਤੇ ਵਿਗਿਆਨ ਦੀ ਲੋਕਪ੍ਰਿਯਤਾ ਬਾਰੇ ਪ੍ਰੋਗਰਾਮ ਵੀ ਸ਼ੁਰੂ ਕਰੇਗੀ।

**ਸ਼ਹਿਰੀ ਹਵਾਬਾਜ਼ੀ**

133. ਸ਼ਹਿਰੀ ਹਵਾਬਾਜ਼ੀ ਵਿਭਾਗ ਦੀ ਜਲੰਧਰ-ਕਪੂਰਥਲਾ ਸੜਕ ਉੱਤੇ ਇਕ ਅੰਤਰਰਾਸ਼ਟਰੀ ਪੱਧਰ ਦਾ ਹਵਾਈ ਅੱਡਾ ਵਿਕਸਿਤ ਕਰਨ ਦੀ ਤਜਵੀਜ਼ ਹੈ। ਇਸ ਲਈ ਰਾਜ ਸਰਕਾਰ ਨੇ ਪਹਿਲਾ ਹੀ 132 ਏਕੜ ਭੂਮੀ ਪ੍ਰਾਪਤ ਕਰ ਲਈ ਹੈ। 115 ਏਕੜ ਹੋਰ ਭੂਮੀ ਪ੍ਰਾਪਤ ਕੀਤੀ ਜਾ ਰਹੀ ਹੈ। ਵਿਭਾਗ ਰਾਜ ਵਿਚ ਸ਼ਹਿਰੀ ਹਵਾਬਾਜ਼ੀ ਸਰਗਰਮੀਆਂ ਦੇ ਵਿਕਾਸ ਲਈ ਪੰਜਾਬ ਸ਼ਹਿਰੀ ਹਵਾਬਾਜ਼ੀ ਅਥਾਰਟੀ ਵੀ ਕਾਇਮ ਕਰਨ ਦਾ ਇੱਛੁਕ ਹੈ।

**ਕਾਨੂੰਨੀ ਸਹਾਇਤਾ**

134. ਰਾਜ ਸਰਕਾਰ ਦੁਆਰਾ ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ 1987 ਦੇ ਖੰਡ 28(1) ਅਧੀਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮੁੱਖ ਜੱਜ ਦੀ ਸਲਾਹ ਨਾਲ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀਜ਼ ਨਿਯਮ, 1996 ਦੀ ਸਥਾਪਨਾ ਕੀਤੀ ਗਈ ਅਤੇ ਇਹ ਨਿਯਮ 19 ਸਤੰਬਰ, 1996 ਤੋਂ ਲਾਗੂ ਕੀਤੇ ਗਏ। ਹਰੇਕ ਜ਼ਿਲ੍ਹੇ ਲਈ ਜ਼ਿਲ੍ਹਾ ਪੱਧਰ ਅਤੇ ਉਪਮੰਡਲ ਪੱਧਰ ਤੇ ਕਾਨੂੰਨੀ ਸੇਵਾ ਸੁਵਿਧਾਵਾਂ ਦੀ ਵਿਵਸਥਾ ਹੈ।

135. ਅਨੁਸੂਚਿਤ ਜਾਤੀਆਂ ਜਾਂ ਅਨੁਸੂਚਿਤ ਕਬੀਲਿਆਂ ਨਾਲ ਸਬੰਧਤ ਵਿਅਕਤੀਆਂ, ਨਸ਼ੀਲੇ ਪਦਾਰਥਾਂ ਦੇ ਗੈਰ-ਕਾਨੂੰਨੀ ਵਪਾਰ ਹੱਥੋਂ ਸ਼ਿਕਾਰ ਹੋਏ ਵਿਅਕਤੀ ਮਾਨਸਿਕ

Original with;
Punjab Vidhan Sabha
Digitized by;
Panjab Digital Library

ਤੌਰ ਤੇ ਕਮਜ਼ੋਰ, ਅਪੰਗ ਵਿਅਕਤੀ, ਆਫਤਾਂ ਤੋਂ ਪੀੜਤ ਵਿਅਕਤੀ, ਉਦਯੋਗਿਕ ਕਾਮੇ ਅੱਤੇ ਹਿਰਾਸਤ ਵਿੱਚ ਲਏ ਵਿਅਕਤੀ ਵੀ ਮੁਫਤ ਕਾਨੂੰਨੀ ਸੇਵਾਵਾਂ ਲੈਣ ਲਈ ਹੱਕਦਾਰ ਹਨ। 18,000/- ਰੁਪਏ ਸਾਲਾਨਾ ਤੋਂ ਘੱਟ ਆਮਦਨ ਵਾਲੇ ਵਿਅਕਤੀ ਵੀ ਮੁਫਤ ਕਾਨੂੰਨੀ ਸੇਵਾਵਾਂ ਲੈਣ ਦੇ ਹੱਕਦਾਰ ਹਨ। ਸਾਲ 1996-97 ਦੌਰਾਨ 30.11.1996 ਤੱਕ 77 ਲੋਕ ਅਦਾਲਤਾਂ ਵਿਚ 1902 ਵਿਅਕਤੀਆਂ ਨੂੰ ਮੁਫਤ ਕਾਨੂੰਨੀ ਸੇਵਾਵਾਂ ਮੁਹੱਈਆ ਕੀਤੀਆਂ ਗਈਆਂ ਅਤੇ 5,46,57,469/- ਰੁਪਏ ਮੁਆਵਜ਼ੇ ਵਜੋਂ ਦਿੱਤੇ ਗਏ।

136. ਸਾਲ 1997-98 ਦੌਰਾਨ 4,000 ਵਿਅਕਤੀਆਂ ਨੂੰ ਮੁਫਤ ਕਾਨੂੰਨੀ ਸਹਾਇਤਾ ਮੁਹੱਈਆ ਕਰਨ ਦਾ ਟੀਚਾ ਮਿਥਿਆ ਗਿਆ ਹੈ ਅਤੇ 200 ਲੋਕ ਅਦਾਲਤਾਂ ਲਾਉਣ ਦੀ ਤਜਵੀਜ਼ ਹੈ।

**ਸ਼ਿਕਾਇਤਾਂ**

137. ਜਨਤਕ ਸ਼ਿਕਾਇਤਾਂ ਦੇ ਨਿਵਾਰਨ ਲਈ ਮਸ਼ੀਨਰੀ ਨੂੰ ਹੋਰ ਪ੍ਰਭਾਵੀ ਅਤੇ ਉੱਤਰਦਾਈ ਬਣਾਉਣ ਦੀ ਤਜਵੀਜ਼ ਹੈ। ਜ਼ਿਲ੍ਹਾ ਅਤੇ ਉਪ-ਮੰਡਲ ਪੱਧਰ ਤੇ ਸ਼ਿਕਾਇਤ ਕਮੇਟੀਆਂ ਦੀ ਪੁਨਰ-ਸਥਾਪਨਾ ਕੀਤੀ ਜਾ ਰਹੀ ਹੈ। ਜਨਤਕ ਸ਼ਿਕਾਇਤਾਂ ਸੁਣਨ ਅਤੇ ਉਨ੍ਹਾਂ ਦੇ ਨਿਪਟਾਰੇ ਲਈ ਸਾਰੇ ਵਿਭਾਗਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਵਿਭਾਗ ਦੇ ਕਿਸੇ ਅਜਿਹੇ ਅਧਿਕਾਰੀ ਨੂੰ ਨੋਡਲ ਅਫਸਰ ਨਿਯੁਕਤ ਕਰਨ ਜਿਸਦਾ ਸੇਵਾ ਰਿਕਾਰਡ ਵਧੀਆ ਹੋਵੇ।

**ਵਿਜੀਲੈਂਸ**

138. ਸਰਕਾਰ ਰਾਜ ਪ੍ਰਬੰਧ ਦੇ ਸਮੁੱਚੇ ਖੇਤਰਾਂ ਵਿਚੋਂ ਭ੍ਰਿਸ਼ਟਾਚਾਰ ਨੂੰ ਮੂਲੋਂ ਹੀ ਖਤਮ ਕਰਨ ਲਈ ਵਚਨਬੱਧ ਹੈ। ਇਸ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਸਾਲ 1996 ਦੌਰਾਨ ਵਿਜੀਲੈਂਸ ਬਿਊਰੋ ਵਲੋਂ 100 ਛਾਪੇ ਮਾਰੇ ਗਏ ਜਿਨ੍ਹਾਂ ਵਿਚ 18 ਗਜ਼ਟਿਡ ਅਫਸਰ, 94 ਨਾਨ-ਗਜ਼ਟਿਡ ਕਰਮਚਾਰੀ ਅਤੇ 2 ਪ੍ਰਾਈਵੇਟ ਵਿਅਕਤੀ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜੇ ਗਏ। 44 ਪ੍ਰਾਈਵੇਟ ਵਿਅਕਤੀਆਂ ਸਮੇਤ 275 ਵਿਅਕਤੀਆਂ ਵਿਰੁੱਧ 67 ਫੌਜਦਾਰੀ ਕੇਸ ਅਤੇ 6 ਕੇਸ ਆਮ ਸਾਧਨਾਂ ਨਾਲੋਂ ਵੱਧ ਪੂੰਜੀ ਰੱਖਣ ਦੇ ਦੋਸ਼ ਅਧੀਨ ਦਰਜ ਕੀਤੇ ਗਏ।

139. ਇਸ ਸਮੇਂ ਦੌਰਾਨ 181 ਨਿਯਮਿਤ ਤਫਤੀਸ਼ਾਂ ਅਤੇ 222 ਆਰੰਭਕ ਤਫਤੀਸ਼ਾਂ ਵੀ ਸ਼ੁਰੂ ਕੀਤੀਆਂ ਗਈਆਂ।

140. ਵਿਸ਼ੇਸ਼ ਯਤਨਾਂ ਦੇ ਨਤੀਜੇ ਵਜੋਂ ਹੀ ਵਿਜੀਲੈਂਸ ਬਿਊਰੋ 1995 ਦੇ ਅੰਤ ਤੱਕ ਦਰਜ ਸਾਰੀਆਂ ਨਿਯਮਤ ਅਤੇ ਆਰੰਭਕ ਤਫਤੀਸ਼ਾਂ ਨੂੰ ਮੁਕੰਮਲ ਕਰਨ ਵਿਚ ਸਫਲ ਹੋਇਆ ਹੈ। ਬਾਕੀ ਰਹਿੰਦਾ ਬੈਕਲਾਗ ਮੁਕੰਮਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

141. ਉਚੇ ਪੱਧਰਾਂ ਤੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਰਕਾਰ ਲੋਕਪਾਲ ਦੀ ਸੰਸਥਾ ਨੂੰ ਮਜ਼ਬੂਤ ਕਰੇਗੀ।

**ਸਿੱਟਾ**

142. ਮਹਾਨ ਗੁਰੂਆਂ, ਰਿਸ਼ੀਆਂ, ਮੁਨੀਆਂ, ਪੀਰਾਂ ਤੇ ਪੈਗੰਬਰਾਂ ਦੀ ਇਸ ਧਰਤੀ ਤੇ ਮੁੜ ਪਿਆਰ, ਮੁਹੱਬਤ, ਅਮਨ, ਇਨਸਾਫ ਅਤੇ ਭਰਾਤਰੀ ਭਾਵ ਦੀਆਂ ਮਹਿਕਾਂ ਦਾ ਸੰਚਾਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਹੋਵੇ ਅਜਿਹਾ ਮੇਰੀ ਸਰਕਾਰ ਦਾ ਸੁਪਨਾ ਵੀ ਹੈ ਤੇ ਸੰਕਲਪ ਵੀ । ਪੰਜਾਬ ਸਭਨਾਂ ਦਾ ਸਾਂਝਾ ਹੈ । ਮੇਰੀ ਸਰਕਾਰ ਵੀ ਸਭਨਾਂ ਦੀ ਸਾਂਝੀ ਹੈ । ਇਸਦਾ ਇਹ ਦ੍ਰਿੜ ਸੰਕਲਪ ਹੈ ਕਿ ਇਹ ਸਭਨਾਂ ਨੂੰ ਨਾਲ ਲੈ ਕੇ ਪਿਆਰੇ ਪੰਜਾਬ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਆਦਰਸ਼ ਰਾਜ ਵੱਲ ਲੈ ਜਾਵੇਗੀ ।

143. ਮੈਨੂੰ ਪੂਰੀ ਆਸ ਹੈ ਕਿ ਤੁਸੀਂ ਸਭ ਮਾਨਯੋਗ ਮੈਂਬਰ ਸਾਹਿਬਾਨ ਆਉਂਦੇ ਦਿਨਾਂ ਵਿਚ ਪੰਜਾਬੀਆਂ ਨੂੰ ਇਕ ਮਿਆਰੀ ਅਤੇ ਸੰਜੀਦਾ ਵਿਚਾਰ ਵਟਾਂਦਰੇ ਦੀ ਉਦਾਹਰਣ ਪੇਸ਼ ਕਰੋਗੇ ਅਤੇ ਸਿਹਤਮੰਦ ਲੋਕ ਰਾਜੀ ਰਿਵਾਇਤਾਂ ਦੇ ਪਹਿਰੇਦਾਰ ਬਣੋਗੇ ।

'ਜੈ ਹਿੰਦ'

---

## (II) PANEL OF CHAIRMEN

**Mr. Speaker:** Under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly), I nominate the following Members to serve on the Panel of Chairmen :-

1. Sardar Natha Singh Dalam
2. Sardar Avtar Singh Brar
3. Shri Sat Pal Gosain
4. Shri Om Parkash Soni

**Mr. Speaker** : Now the Secretary to make the Announcement.

---

## ANNOUNCEMENT BY THE SECRETARY

**ਸਕੱਤਰ :** ਮੈਂ ਦਸਵੀਂ ਪੰਜਾਬ ਵਿਧਾਨ ਸਭਾ ਦੁਆਰਾ ਆਪਣੇ ਤੇਰ੍ਹਵੇਂ ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਬਿੱਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ ਤੇ ਰੱਖਦਾ ਹਾਂ ।

1. ਪੰਜਾਬ ਤਕਨੀਕੀ ਯੂਨੀਵਰਸਿਟੀ ਬਿੱਲ, 1996
2. ਪੰਜਾਬ ਲੋਕਪਾਲ (ਮਨਸੂਖੀ) ਬਿੱਲ, 1996
3. ਪੰਜਾਬ ਲੋਕਪਾਲ ਬਿੱਲ, 1996

---

Original with;
Punjab Vidhan Sabha
Digitized by;
Panjab Digital Library

## PRESENTATION OF FIRST REPORT OF THE BUSINESS ADVISORY COMMITTEE

**Mr. Speaker:** I have to present to the House the First Report of the Business Advisory Committee. The Report reads as under:

After considering the Tentative Programme, the Committee recommended that the following business be transacted at the sittings of the Punjab Vidhan Sabha 6.3.1997 to 12.3.1997.

| | |
|---|---|
| Thursday the 6th March, 1997 (9-00 A.M.) | Non-Official Business. |
| Friday, the 7th March, 1997<br>Saturday, the 8th March, 1997<br>Sunday, the 9th March, 1997 | Holidays. |
| Monday, the 10th March, 1997 (2-00 P.M.) | Motion of Thanks on Governor's Address. |
| Tuesday, the 11th March, 1997 (9-00 A.M.) | Resumption of Discussion on Governor's Address. |
| Wednesday, the 12th March, 1997 (9-00 A.M.) | Resumption of Discussion on Governor's Address. (to be concluded) |

It was decided that a non-official resolution given notice of by Raja Narinder Singh, M.L.A. and Shri Jagdish Sawhney,, M.L.A. regarding declaration of Year 1999 as Year of Human Spirit by U.N.O. be taken first and thereafter another non-official resolution admitted in the name of Shri Hardev Arshi, M. L. A. regarding the checking of menace of stray cattle be taken up on Thursday the 6th March, 1997. It was also decided that the Second resolution be taken up for discussion on that day for one hour i.e. from 12.30P.M. to 1.30 P.M.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that those rule/rules shall stand suspended to that extent.

**Mr. Speaker** : A member to move the motion.

**Minister for Parliamentary Affairs** (Shri Madan Mohan Mittal): Sir, I beg to move –

> That this House agrees with the recommendations contained in the First Report of the Business Advisory Committee.

**Mr. Speaker** : Motion moved.

> That this House agrees with the recommendations contained in the First Report of the Business Advisory Committee.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਅਰਸ਼ੀ** : ਪੁਆਇੰਟ ਆਫ ਆਰਡਰ, ਸਰ । ਬਿਜ਼ਨਸ ਐਡ-ਵਾਈਜ਼ਰੀ ਕਮੇਟੀ ਦੀ ਰਿਪੋਰਟ ਲੈਣ ਤੋਂ ਪਹਿਲਾਂ ਉਸ ਦੀ ਲੀਕੇਜ ਹੋਈ ਹੈ । It is totally a breach of privilege. ਮੈਂ ਉਸ ਦੇ ਸਬੰਧ ਵਿਚ ਨੋਟਿਸ ਦਿੱਤਾ ਸੀ ਅਤੇ ਉਸ ਬਾਰੇ ਕੁਝ ਦੱਸਣਾ ਚਾਹੁੰਦਾ ਹਾਂ ।

**ਸ਼੍ਰੀ ਸਪੀਕਰ** : ਉਸ ਬਾਰੇ ਮੈਂ ਬਾਅਦ ਵਿਚ ਗੱਲ ਕਰਾਂਗਾ ।

**Comrade Hardev Arshi** : Thank you.

**ਸਰਦਾਰ ਬਲਦੇਵ ਸਿੰਘ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਪਹਿਲ ਪੰਜਾਬੀ ਨੂੰ ਦੇਣੀ ਚਾਹੀਦੀ ਹੈ । ਇਹ ਖੁਸ਼ੀ ਦੀ ਗੱਲ ਹੈ ਕਿ ਤੁਸੀਂ ਪੜ੍ਹੇ-ਲਿਖੇ ਹੋ ਪਰ ਸਦਨ ਵਿਚ ਅੰਗ੍ਰੇਜ਼ੀ ਨਾ ਵਰਤਾ ਦਿਓ । (ਥੰਪਿੰਗ) ਪੰਜਾਬੀ ਵਿਚ ਹੀ ਗੱਲਬਾਤ ਕਰਨੀ ਬਹੁਤ ਜ਼ਰੂਰੀ ਹੈ । ਪੰਜਾਬ ਵਿਚ ਪੰਜਾਬੀ ਲਾਗੂ ਕਰਨ ਲਈ ਸਾਡੀ ਪਾਰਟੀ ਅਕਾਲੀ ਦਲ ਖਾਸ ਤੌਰ ਤੇ ਮੁਦੱਈ ਹੈ । ਇਸ ਕਰਕੇ ਪੰਜਾਬੀ ਵਿਚ ਗੱਲਬਾਤ ਕੀਤੀ ਜਾਵੇ ।

**ਸ਼੍ਰੀ ਸਪੀਕਰ** : ਅੱਜ ਤੋਂ ਬਾਅਦ ਪੰਜਾਬੀ ਵਿਚ ਹੀ ਗੱਲ ਕਰਾਂਗੇ ।

I feel sorry.

**Mr. Speaker** : Question is —

> That this House agrees with the recommendations contained in the First Report of the Business Advisory Committee

*The motion was carried unanimously.*

## RULING BY THE SPEAKER
## RE-RECOGNITION OF LEADER OF THE OPPOSITION

**Mr. Speaker** : I am to inform the House that Ch. Jagjit Singh, M.L.A., Deputy Leader of the Punjab Congress (I) Legislature Party had sent a letter dated 27-2-1997 to me requesting therein that Sardarni Rajinder Kaur Bhattal, M.L.A. be recognised as Leader of the Opposition since she had been unanimously elected on 12-2-1997 as Leader of the Punjab Congress (I) Legislature Party consisting of 14 Members in the General Meeting of the Party. He has further stated that the Punjab Congress (I) Legislature Party fulfils all the conditions required for recognised Opposition Party.

I have examined the constitutional and statutory provisions in the matter. Under sub-section (b) of Section 2 of the Salary and Allowances of Leader of Opposition in Legislative Assembly Act, 1978 (Punjab Act No. 12 of 1978), a Member of the Legislative Assembly, who is, for the time being, Leader of the Party in

Original with;
Punjab Vidhan Sabha
Digitized by;
Panjab Digital Library

opposition to the government having the greatest numerical strength and recognised as such by the Speaker is given the status of the Leader of the Opposition.

Further according to the well established convention in the Punjab Vidhan Sabha that group of Members in the opposition is given recognition as an Opposition Party which has strength enough to constitute a quorum in the House. Under the provision of Article 189 (3) of the Constitution of India, 12 Members constitute a quorum for the sitting of the Punjab Vidhan Sabha. The Punjab Congress (I) Legislature Party has the greatest numerical strength i.e. 14 Members which strength is more than the required strength for quorum for the sitting of the House.

Since the Punjab Congress (I) Legislature Party fulfils all the statutory and conventional requirements for recognition as the main Opposition Party and its leader, Sardarni Rajinder Kaur Bhattal, M.L.A. as the Leader of the Opposition in the House, I, therefore, hereby recognise the Punjab Congress (I) Legislature Party as the main Opposition Party and its leader, Sardarni Rajinder Kaur Bhattal, M.L.A. as the Leader of the Opposition in the House.

With this recognition, I am happy that there is now a recognised Opposition Party in the House which will facilitate my work to a very large extent. I assure the Leader of the Opposition that she can expect all cooperation from the Chair. What is due to the Opposition will never be denied to them.

---

## QUESTION OF PRIVILEGE

Mr. Speaker: I have received a notice of privilege motion from Comrade Hardev Arshi, M.L.A. wherein he has stated that the Finance Minister, Capt. Kanwaljit Singh, a Member of the Business Advisory Committee has committed a breach of privilege of the House by divulging the decisions taken in the meeting of the Business Advisory Committee held on 4th March, 1997 to the press.

**Mr. Speaker:** I have examined the whole issue and have to inform the House that it is well established convention that the minutes/decisions of the Business Advisory Committee are kept confidential by the Members of the Committee until its report is presented to the House

Original with;
Punjab Vidhan Sabha
Digitized by;
Panjab Digital Library

[Mr. Speaker]

and adopted by it, After adoption by the House, the decisions of the Committee are circulated to the press. The motion that the House do agree with the report of the Committee is normally adopted by the House unanimously. However, it is open to the Members to suggest variations in the time recommended in respect of various items of business or to suggest modifications to any other recommendation of the Committee by tabling suitable amendments. The Members of the Business Advisory Committee are, therefore, advised not to divulge the minutes/decisions of the Committee to the press until the report of the Committee is adopted by the House. The violation of this well established parliamentary convention may not technically constitute breach of privilege or contempt of the House but such violations may constitute an instance of impropriety.

I called the Minister for Finance in my Chamber and apprised him of this well established parliamentary convention in the matter. He expressed his regrets and assured that he would take due care to observe well established parliamentary conventions.

Under these circumstances, therefore, I refuse my consent to the question of privilege being raised.

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਸੈਟਿਸਫਾਈਡ ਹਾਂ ।

**ਸ਼੍ਰੀ ਸਪੀਕਰ** : ਕਾਲ ਅਟੈਨਸ਼ਨ ਮੋਸ਼ਨ ਕਾਮਰੇਡ ਹਰਦੇਵ ਅਰਸ਼ੀ ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਕਾਲ ਅਟੈਨਸ਼ਨ ਤੋਂ ਪਹਿਲਾਂ ਜ਼ੀਰੋ ਆਵਰ ਦੀ ਪਰੰਪਰਾ ਹੈ ।

**ਸ਼੍ਰੀ ਸਪੀਕਰ** : ਠੀਕ ਹੈ, ਤੁਸੀਂ ਪਹਿਲਾਂ ਬੋਲ ਲਵੋ ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਪੰਜਾਬ ਦੇ ਵਿਚ ਅੱਜ ਬੜਾ ਧੁਖਦਾ ਮਸਲਾ ਹੈ ਕਿ ਬਿਜਲੀ ਦੀ ਬੜੀ ਕੱਟ ਹੈ ਅਤੇ ਪੰਜਾਬ ਦੇ ਫਾਰਮਰਜ਼ ਦੇ ਟਿਊਬਵੈਲਾਂ ਨੂੰ ਬਿਜਲੀ ਨਹੀਂ ਮਿਲ ਰਹੀ । ਅੱਜ ਕੱਲ ਪੰਜਾਬ ਵਿਚ ਸਕੂਲਾਂ ਅਤੇ ਕਾਲਜਾਂ ਵਿਚ ਬੱਚਿਆਂ ਦੇ ਇਮਤਿਹਾਨ ਵੀ ਚਲ ਰਹੇ ਹਨ ਅਤੇ ਉਨ੍ਹਾਂ ਨੂੰ ਬਿਜਲੀ ਤੋਂ ਬਗੈਰ ਬੜੀ ਮੁਸ਼ਕਲ ਆ ਰਹੀ ਹੈ । ਇੰਡਸਟਰੀ ਦੀ ਪਰੋਡੱਕਸ਼ਨ ਵਿਚ ਵੀ ਬੜਾ ਘਾਟਾ ਪੈ ਰਿਹਾ ਹੈ । ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਿਜਲੀ ਦੀ ਕੱਟ ਬਾਰੇ ਹਾਊਸ ਵਿਚ ਬਿਆਨ ਦੇਣ ਕਿਉਂਕਿ ਪੰਜਾਬ ਵਿਚ ਬੜੀ ਹਾਹਾਕਾਰ ਮੱਚੀ ਹੋਈ ਹੈ । ਇਹ ਬਿਜਲੀ ਦੀ ਘਾਟ ਨੂੰ ਪੂਰਾ ਕਰਨ ਬਾਰੇ ਕੀ ਉਪਰਾਲਾ ਕਰਨਗੇ, ਮੁੱਖ ਮੰਤਰੀ ਇਸ ਬਾਰੇ ਬਿਆਨ ਦੇਣ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਇਹ ਮਸਲਾ ਜਨਰਲ ਹੈ ਅਤੇ ਤੁਸੀਂ ਗਵਰਨਰ ਐਡਰੈਸ ਤੇ ਬੋਲਣ ਸਮੇਂ ਉਠਾ ਸਕਦੇ ਹੋ । ਕੋਈ ਕਰੰਟ ਮਸਲਾ ਹੈ ਤਾਂ ਦੱਸੋ ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਇਹ ਮਸਲਾ ਬੜਾ ਗੰਭੀਰ ਹੈ ਅਤੇ ਪੰਜਾਬ ਵਿਚ ਇਸ ਗੱਲ ਦਾ ਬੜਾ ਰੌਲਾ ਹੈ ਅਤੇ ਇਹ ਮਸਲਾ ਬੜਾ ਧੁੱਖਦਾ ਹੈ । ਮੁੱਖ ਮੰਤਰੀ ਜੀ ਹਾਊਸ ਵਿਚ ਇਸ ਬਾਰੇ ਬਿਆਨ ਦੇਣ ।

**ਸ਼੍ਰੀ ਸਪੀਕਰ** : ਹਾਊਸ ਵਿਚ ਗਵਰਨਰ ਐਡਰੈਸ ਤੇ 2-3 ਦਿਨ ਬਹਿਸ ਹੋਣੀ ਹੈ । (ਵਿਘਨ) ਤੁਸੀਂ ਉਸ ਸਮੇਂ ਇਸ ਬਾਰੇ ਬੋਲ ਲੈਣਾ ।

**ਕਾਮਰੇਡ ਹਰਦੇਵ ਅਰਸ਼ੀ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਕੋਈ ਪੁਆਇੰਟ ਆਫ ਆਰਡਰ ਨਹੀਂ ਕਿਹਾ ਹੈ । (ਵਿਘਨ)

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਹਾਊਸ ਦਾ ਧਿਆਨ ਇਕ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਅਖਬਾਰਾਂ ਵਿਚ ਇਕ ਖਬਰ ਬੜੀ ਫਲੈਸ਼ ਹੋ ਰਹੀ ਹੈ, ਉਸ ਵੱਲ ਧਿਆਨ ਦਿਤਾ ਜਾਣਾ ਚਾਹੀਦਾ ਹੈ ।

**ਸ਼੍ਰੀ ਸਪੀਕਰ** : ਅਖਬਾਰਾਂ ਨੂੰ ਬਹੁਤਾ ਬੇਸ ਨਹੀਂ ਬਣਾਉਣਾ ਚਾਹੀਦਾ ।

**ਮਾਸਟਰ ਮੋਹਨ ਲਾਲ** : ਮੈਂ ਦੱਸਣਾ ਚਾਹੁੰਦਾ ਹਾਂ ਕਿ ਅਮਰੀਕਾ ਦੇ ਉਪ-ਰਾਸ਼ਟਰਪਤੀ ਨੇ ਖਾਲਿਸਤਾਨ ਆਰਗੇਨਾਈਜ਼ੇਸ਼ਨ ਨੂੰ ਇਕ ਖੱਤ ਲਿਖਿਆ । ਗੁਰਮੀਤ ਸਿੰਘ ਔਲਖ ਉਸ ਦੇ ਪ੍ਰੈਜ਼ੀਡੈਂਟ ਹਨ । ਉਨ੍ਹਾਂ ਨੂੰ ਮਿਸਟਰ ਅਲਗੋਰ ਨੇ ਇਕ ਚਿੱਠੀ ਲਿਖੀ ਹੈ ਕਿ ਅਸੀਂ ਖਾਲਿਸਤਾਨ ਦੀ ਇਸ ਆਰਗੇਨਾਈਜ਼ੇਸ਼ਨ ਨੂੰ ਮਾਨਤਾ ਦਿੰਦੇ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਦੀ ਚਿੰਤਾ ਬਰਾਬਰ ਇਸ ਗੱਲ ਤੇ ਬਣੀ ਰਹਿਣੀ ਚਾਹੀਦੀ ਹੈ ਕਿ ਬਿਦੇਸ਼ੀ ਸ਼ਕਤੀਆਂ, ਜਿਨ੍ਹਾਂ ਨੇ 11-12 ਸਾਲ ਪਹਿਲਾਂ ਵੀ ਪੰਜਾਬ ਦੇ ਅੰਦਰ ਢਾਹ ਲਾਈ ਰੱਖੀ ਹੈ ਅਤੇ ਹਜ਼ਾਰਾਂ ਮਾਸੂਮ ਜਾਨਾਂ ਇਸ ਪੰਜਾਬ ਦੇ ਅੰਦਰੋਂ ਗਈਆਂ ਹਨ । ਇਸ ਪ੍ਰਕਾਰ ਦੀ ਇੰਟਰਫੀਅਰੈਂਸ ਜਿਹੜੀ ਬਿਦੇਸ਼ੀ ਸ਼ਕਤੀਆਂ ਦੁਆਰਾ ਕੀਤੀ ਜਾ ਰਹੀ ਹੈ, ਹਾਊਸ ਇਸ ਤੇ ਚਿੰਤਾ ਪ੍ਰਗਟ ਕਰੇ ਅਤੇ ਕੇਂਦਰ ਸਰਕਾਰ ਨੂੰ ਇਸ ਗੱਲ ਲਈ ਲਿਖੇ ਕਿ ਇਸ ਪ੍ਰਕਾਰ ਦੀਆਂ ਕਾਰਵਾਈਆਂ ਸਾਡੇ ਇੰਟਰਨਲ ਮਸਲਿਆਂ ਅੰਦਰ ਦਖਲ-ਅੰਦਾਜ਼ੀ ਹੈ ਅਤੇ ਇਸ ਨੂੰ ਰੋਕਿਆ ਜਾਵੇ । ਮੈਂ ਸਪੀਕਰ ਸਾਹਿਬ, ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਬਾਰੇ ਅਖਬਾਰਾਂ ਵਿਚ ਵੀ ਆ ਰਿਹਾ ਹੈ ਅਤੇ ਅੱਜ ਵੀ ਅਖਬਾਰ ਵਿਚ ਇਕ ਬਿਆਨ ਹੈ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸ਼੍ਰੀ ਅਲਗੋਰ ਦੇ ਵਲੋਂ ਲਿਖੇ ਗਏ ਪੱਤਰ ਬਾਰੇ ਚੁੱਪ ਕਿਉਂ ਹਨ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸਾਡੇ ਇਸ ਹਾਊਸ ਦੀ ਚਿੰਤਾ ਹੈ । ਇਹ ਜਿਹੜੇ ਐਮ. ਐਲ. ਏਜ਼. ਚੁਣ ਕੇ ਆਏ ਹਨ ਇਹ ਉਸ ਭੱਠੀ ਵਿਚ ਤੱਪ ਕਰਕੇ ਆਏ ਹਨ, ਜਿਸ ਨੂੰ ਬਿਦੇਸ਼ੀ ਸ਼ਕਤੀਆਂ

** Expunged as orderd by the Chair.

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]

ਵਿਚ ਗਰਮ ਕਰਨਾ ਚਾਹੁੰਦੀਆਂ ਹਨ। ਇਸ ਬਾਰੇ ਹਾਊਸ ਆਪਣੀ ਚਿੰਤਾ ਪ੍ਰਗਟ ਕਰੇ।

**ਸ੍ਰੀ ਸਪੀਕਰ** : ਤੁਸੀਂ ਸਪੀਚ ਨਾ ਕਰੋ,ਜ਼ੀਰੋ ਆਵਰ ਵਿੱਚ ਤੁਸੀਂ ਪੰਜਾਬ ਦਾ ਜਿਹੜਾ ਕੋਈ ਇਮੀਜੀਏਟ ਮਸਲਾ ਹੈ ਉਸ ਬਾਰੇ ਗੱਲ ਕਰੋ। ਸੈਂਟਰ ਨੂੰ ਅਸੀਂ ਕੀ ਕਹਿਣਾ ਹੈ, ਦੇਖ ਲਵਾਂਗੇ। ਤੁਸੀਂ ਗਵਰਨਰ ਐਡਰੈਸ ਤੇ ਜੋ ਕਹਿਣਾ, ਕਹਿ ਲੈਣਾ।

**ਮਾਸਟਰ ਮੋਹਨ ਲਾਲ** : ਮੈਂ ਸਮਝਦਾ ਹਾਂ ਕਿ ਲੀਡਰ ਆਫ ਦਿ ਹਾਊਸ ਨੂੰ ਇਸ ਸਬੰਧ ਵਿਚ ਕੋਈ ਬਿਆਨ ਦੇਣਾ ਚਾਹੀਦਾ ਹੈ ਅਤੇ ਪੰਜਾਬ ਸਰਕਾਰ ਵਲੋਂ ਹਾਊਸ ਦੀ ਇਸ ਚਿੰਤਾ ਨੂੰ ਕੇਂਦਰ ਸਰਕਾਰ ਨੂੰ ਭੇਜਣਾ ਚਾਹੀਦਾ ਹੈ। ਇਹ ਕਿਉਂਕਿ ਦੇਸ਼ ਦੇ ਇੰਟਰਨਲ ਮਸਲਿਆਂ ਵਿੱਚ ਦਖਲ ਅੰਦਾਜ਼ੀ ਹੈ। The matter is very serious.

**ਸ੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜਿਥੋਂ ਤੱਕ ਹੁਸ਼ਿਆਰਪੁਰ ਕਾਂਸਟੀਚੂਐਂਸੀ ਦਾ ਸਵਾਲ ਹੈ, ਮੈਂ ਉਸ ਬਾਰੇ ਬਹੁਤ ਹੀ ਅਹਿਮ ਮਸਲੇ ਤੇ ਗੱਲ ਕਰਨੀ ਚਾਹੁੰਦਾ ਹਾਂ।

**ਸ੍ਰੀ ਸਪੀਕਰ** : ਟਾਈਮ ਬਹੁਤ ਘੱਟ ਹੈ। ਜ਼ੀਰੋ ਆਵਰ ਵਿੱਚ ਕੋਈ ਅਹਿਮ ਗੱਲ ਕਰਨੀ ਹੈ ਤਾਂ ਕਰੋ।

**ਸ੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਹ ਅਹਿਮ ਗੱਲ ਹੈ। ਹੁਸ਼ਿਆਰਪੁਰ ਕਾਂਸਟੀਚੂਐਂਸੀ ਦੇ ਕੋਈ 5-6 ਸਕੂਲ ਹਨ, ਜਿਨ੍ਹਾਂ ਦੇ ਬਾਲੇ ਲਟਕਦੇ ਪਏ ਹਨ ਅਤੇ ਸਟੂਡੈਂਟਸ ਉਥੇ ਬੈਠ ਕੇ ਪੜ੍ਹਦੇ ਹਨ। ਹੁਣ ਛੇਤੀ ਹੀ ਬਰਸਾਤ ਦਾ ਮੌਸਮ ਆ ਜਾਣਾ ਹੈ। ਸਰਕਾਰ ਨੂੰ ਇਹੋ ਜਿਹੇ ਸਕੂਲਾਂ ਦੀ ਮੁਰੰਮਤ ਜਲਦੀ ਅੌਰ ਜ਼ਰੂਰੀ ਕਰਾਉਣੀ ਚਾਹੀਦੀ ਹੈ।

**श्रीमती लक्ष्मी कांता चावला** : अध्यक्ष महोदय, मैं आपके द्वारा मुख्य मंत्री जी से एक जनहित के बहुत ही आवश्यक मामले के बारे में निवेदन करना चाहूंगी कि इन दिनों पंजाब के स्कूलों में नए दाखिले हो रहे हैं। प्राईवेट स्कूलों में दाखले के समय बच्चों के माता पिता से जबरी दान, कैपीटेशन फीस और बिल्डिंग फंड के रुप मे 5000/- रुपए से लेकर 25000/- रुपए तक पैसे ले रहे हैं। मैं मुख्य मंत्री जी से निवेदन करूंगी कि वह इस प्रथा पर नियंत्रण करें और जो इस तरह के काम करते हैं, जो यह शिक्षा की ब्लैक करने वाली दुकानें खुली हुई हैं, उन पर कंट्रोल करें या उनको बंद करवाए।

**ਸ੍ਰੀ ਅਵਤਾਰ ਹੈਨਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੁੱਖ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ......

**ਸੰਸਦੀ ਮਾਮਲਿਆਂ ਦੇ ਮੰਤਰੀ** : ਸਪੀਕਰ ਸਾਹਿਬ, ਫੈਸਲਾ ਸੀ ਕਿ ਇਕ ਪਾਰਟੀ ਦਾ ਇੱਕ ਮੈਂਬਰ ਉਠੇਗਾ। I think his party has already raised this issue,

**ਸ੍ਰੀ ਸਪੀਕਰ** : ਕੋਈ ਨਹੀਂ, ਕਹਿ ਲੈਣ ਦਿਉ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਅਵਤਾਰ ਹੈਨਰੀ** : ਸਪੀਕਰ ਸਾਹਿਬ, ਬੀ. ਜੇ. ਪੀ ਦੇ ਤਾਂ 3 ਮੈਂਬਰ ਬੋਲੇ ਹਨ । ਜੇ ਤੁਸੀਂ ਅਲਾਓ ਕਰੋ ਤਾਂ ਮੈਂ ਬੋਲਾਂਗਾ, ਨਹੀਂ ਤਾਂ ਨਹੀਂ ਕਹਿੰਦਾ ਜੀ । ਤੁਹਾਡੀ ਰੂਲਿੰਗ ਅਨੁਸਾਰ ਬੋਲਾਂਗਾ ।

**ਸ਼੍ਰੀ ਸਪੀਕਰ** : ਪਲੀਜ਼, ਤੁਸੀਂ ਕਹੋ ।

**ਸ਼੍ਰੀ ਅਵਤਾਰ ਹੈਨਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੁੱਖ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ 15-20 ਦਿਨਾਂ ਵਿਚ ਜਦੋਂ ਦਾ ਇਨ੍ਹਾਂ ਨੇ ਰਾਜਭਾਗ ਸੰਭਾਲਿਆ ਹੈ, ਪੰਜਾਬ ਵਿਚ ਕਾਫੀ ਵਾਰਦਾਤਾਂ ਹੋਈਆਂ ਹਨ । ਪੰਜਾਬ ਦੇ ਪੰਜਾਬੀਆਂ ਨੂੰ ਡਰ ਜਿਹਾ ਲਗਣ ਲੱਗ ਪਿਆ ਹੈ ਕਿ ਜਦੋਂ ਤੋਂ ਮੁੱਖ ਮੰਤਰੀ ਸਾਹਿਬ ਆਏ ਹਨ, ਪੰਜਾਬ ਵਿਚ ਹਾਲਾਤ ਕੁਝ ਖਰਾਬ ਹੁੰਦੇ ਜਾ ਰਹੇ ਹਨ । ਉਦਾਹਰਣ ਦੇ ਤੌਰ ਤੇ ਜਲੰਧਰ ਵਿਚ 18 ਸਾਲ ਦਾ ਇਕ ਬੱਚਾ 7.30 ਵਜੇ ਸ਼ਾਮ ਨੂੰ ਕਾਰ ਵਿਚ ਬੈਠ ਕੇ ਆਪਣੇ ਪਿਤਾ ਦੇ ਡ੍ਰਾਈਕਲੀਨ ਦੇ ਕਪੜੇ ਲੈਣ ਲਈ ਗਿਆ ਪਰ ਵਾਪਸ ਘਰ ਨਹੀਂ ਆਇਆ । ਦੂਸਰੇ ਦਿਨ ਰੇਲਵੇ ਲਾਈਨ ਤੋਂ ਉਸਦੀ ਲਾਸ਼ ਪਾਈ ਗਈ । ਅਜੇ ਤੱਕ ਪਤਾ ਨਹੀਂ ਲਗ ਸਕਿਆ ਕਿ ਇਹ ਮਰਡਰ ਕਿਸ ਨੇ ਕੀਤਾ ਹੈ । ਮੁੱਖ ਮੰਤਰੀ ਸਾਹਿਬ ਬਿਆਨ ਦੇਣ, ਪੰਜਾਬੀਆਂ ਨੂੰ ਯਕੀਨ ਦਿਵਾਉਣ ਕਿ ਪੰਜਾਬ ਦੀ ਲਾਅ ਐਂਡ ਆਰਡਰ ਦੀ ਸਥਿਤੀ ਠੀਕ ਰਹੇਗੀ ।

**ਖੇਤੀਬਾੜੀ ਮੰਤਰੀ** : (ਅਖਬਾਰ ਦਿਖਾਉਂਦੇ ਹੋਏ) ਸਪੀਕਰ ਸਾਹਿਬ, ਇਹ ਅਖਬਾਰ ਹੀ ਦੇਖ ਲੈਣ । ਪੁੱਛਣ ਦੀ ਬਜਾਏ ਅਖਬਾਰ ਦੇਖ ਲੈਣ ।

**ਸ਼੍ਰੀ ਅਵਤਾਰ ਹੈਨਰੀ** : ਸਪੀਕਰ ਸਾਹਿਬ, ਮੈਂ ਕੋਈ ਗਲਤ ਨਹੀਂ ਕਿਹਾ । ਐਫ. ਆਈ. ਆਰ. ਰਜਿਸਟਰ ਹੋਈ ਹੈ । 18 ਸਾਲ ਦੇ ਮਾਸੂਮ ਬੱਚੇ ਦਾ ਕਤਲ ਹੋਇਆ ਹੈ । ਅੱਜ ਕੋਈ 8 ਦਿਨ ਹੋ ਗਏ ਹਨ । ਮੈਂ ਉਸਦੇ ਬਾਰੇ ਪੁੱਛਣਾ ਚਾਹੁੰਦਾ ਹਾਂ ਅਤੇ ਮੁੱਖ ਮੰਤਰੀ ਸਾਹਿਬ ਤੋਂ ਭਰੋਸਾ ਲੈਣਾ ਚਾਹੁੰਦਾ ਹਾਂ ।

**ਸ਼੍ਰੀ ਸਪੀਕਰ** : ਠੀਕ ਹੈ । ਤੁਹਾਡੀ ਗੱਲ ਨੋਟਿਸ ਵਿਚ ਆ ਗਈ ਹੈ । ਕਾਲ ਅਟੈਨਸ਼ਨ ਨੋਟਿਸ ਕਾਮਰੇਡ ਹਰਦੇਵ ਅਰਸ਼ੀ ਜੀ ।

---

## CALL ATTENTION NOTICES UNDER RULE 66

(ਕ੍ਰਮ ਨੰ: 1 ਅਤੇ 2)

(1) **ਕਾਮਰੇਡ ਹਰਦੇਵ ਅਰਸ਼ੀ**
(2) **ਮਾਸਟਰ ਮੋਹਨ ਲਾਲ** } : ਸ਼੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ

ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ 25 ਦਸੰਬਰ 1996 ਨੂੰ ਮਾਲਟਾ ਨੇੜੇ ਵਾਪਰੇ ਕਿਸ਼ਤੀ ਹਾਦਸੇ ਵਿੱਚ ਘੱਟ-ਘੱਟ ਤਿੰਨ ਸੌ ਏਸ਼ੀਆਈ ਡੁੱਬ ਗਏ ਸਨ ਜਿਨ੍ਹਾਂ ਵਿੱਚੋਂ 150 ਤੋਂ ਉਪਰ ਪੰਜਾਬ ਨਾਲ ਸਬੰਧਤ ਸਨ । ਜਿਸ ਨਾਲ

*Read by Comrade Hardev Arshi

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਸਮੁੱਚੇ ਪੰਜਾਬ ਵਿੱਚ ਸੋਗ ਅਤੇ ਰੋਸ ਦੀ ਲਹਿਰ ਦੌੜ ਗਈ ਸੀ । ਪੰਜਾਬ ਸਰਕਾਰ ਵਲੋਂ ਮਿਰਤਕਾਂ ਦੇ ਵਾਰਸਾਂ ਨੂੰ ਕਿੰਨੀ ਸਹਾਇਤਾ ਦਿਤੀ ਗਈ ਹੈ ਜਾਂ ਦੇਣ ਦਾ ਫੈਸਲਾ ਕੀਤਾ ਹੈ ਅਤੇ ਭਵਿੱਖ ਵਿੱਚ ਅਜਿਹੇ ਦੁੱਖਦਾਈ ਕਾਂਡ ਨਾ ਵਾਪਰਨ ਇਸ ਲਈ ਪੰਜਾਬ ਵਿੱਚ ਗੈਰ ਕਾਨੂੰਨੀ ਢੰਗ ਨਾਲ ਕੰਮ ਕਰਦੇ ਟਰੈਵਲ ਏਜੰਟਾਂ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ, ਇਸ ਸਬੰਧੀ ਮਾਨਯੋਗ ਮੁੱਖ ਮੰਤਰੀ ਜੀ ਹਾਊਸ ਵਿਚ ਬਿਆਨ ਦੇਣ ਦੀ ਖੇਚਲ ਕਰਨ ।

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ): ਭਾਰਤ ਸਰਕਾਰ ਦੇ ਵਿਦੇਸ਼ੀ ਮਾਮਲਿਆਂ ਦੇ ਵਿਭਾਗ ਵਲੋਂ 79 ਬੰਦਿਆ ਦੀ ਲਿਸਟ ਪੰਜਾਬ ਸਰਕਾਰ ਨੂੰ ਭੇਜੀ ਗਈ ਹੈ । ਪੰਜਾਬ ਸਰਕਾਰ ਵਲੋਂ ਮਿਤੀ 27 ਜਨਵਰੀ, 1997 ਨੂੰ 50,000 ਰੁਪਏ ਹਰੇਕ ਮਰਨ ਵਾਲੇ ਦੇ ਰਿਸ਼ਤੇਦਾਰਾਂ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਰਾਹੀਂ ਭੇਜੇ ਗਏ ਹਨ । ਹੁਣ 39 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ । ਇਕ ਬੰਦੇ ਦਾ ਐਡਰੈੱਸ ਪਤਾ ਨਹੀਂ ਲੱਗ ਸਕਿਆ । ਟਰੈਵਲ ਏਜੰਟਾਂ ਦੇ ਖਿਲਾਫ ਵੱਖ-ਵੱਖ ਜ਼ਿਲ੍ਹਿਆਂ ਵਿਚ 23 ਕੇਸ ਦਰਜ ਕੀਤੇ ਗਏ ਹਨ ਅਤੇ 8 ਬੰਦਿਆਂ ਨੂੰ ਇਸ ਸਬੰਧ ਵਿਚ ਗ੍ਰਿਫਤਾਰ ਕੀਤਾ ਗਿਆ ਹੈ । ਪੁਲਿਸ ਇਸ ਮਾਮਲੇ ਵਿਚ ਪੂਰੀ ਸੰਜੀਦਗੀ ਨਾਲ ਤਫਤੀਸ਼ ਕਰ ਰਹੀ ਹੈ ਅਤੇ ਜਲਦੀ ਹੀ ਦੋਸ਼ੀਆਂ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ । ਇਹ ਮਾਮਲਾ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਵਿਭਾਗ ਦੇ ਨੋਟਿਸ ਵਿਚ ਹੈ ਅਤੇ ਉਨ੍ਹਾਂ ਦੀ ਹਦਾਇਤ ਤੇ ਸੀ.ਬੀ.ਆਈ. ਕੇਸ ਦਰਜ ਕਰਕੇ ਤਫਤੀਸ਼ ਕਰ ਰਹੀ ਹੈ ।

ਡਾਕਟਰ ਹਰਬੰਸ ਲਾਲ : ** ** **

**ਸ਼੍ਰੀ ਸਪੀਕਰ**: ਜ ਕੁਝ ਇਨ੍ਹਾਂ ਨੇ ਕਿਹਾ ਹੈ, ਇਹ ਰਿਕਾਰਡ ਨਾ ਕੀਤਾ ਜਾਵੇ । ਮੈਂਬਰ ਸਾਹਿਬਾਨ ਜੋ ਕੁਝ ਵੀ ਮੇਰੀ ਇਜ਼ਾਜ਼ਤ ਤੋਂ ਬਗੈਰ ਬੋਲਣਗੇ, ਉਹ ਕਾਰਵਾਈ ਵਿਚ ਨਹੀਂ ਪੈਣਾ ਹੈ ਅਤੇ ਉਹ ਰਿਕਾਰਡ ਨਹੀਂ ਕੀਤਾ ਜਾਣਾ । ਇਸ ਕਰਕੇ ਚੇਅਰ ਨੂੰ ਪੁੱਛ ਕੇ ਹੀ ਗੱਲ ਕਰੋ ਤਾਂ ਚੰਗਾ ਹੈ ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਜਿਹੜਾ ਉੱਤਰ ਦਿੱਤਾ ਹੈ, ਉਸ ਨਾਲ ਮੇਰੀ ਕਾਫੀ ਤੱਸਲੀ ਹੈ ਅਤੇ ਮੈਂ ਸੰਤੁਸ਼ਟ ਹਾਂ । ਲੇਕਿਨ ਇਸ ਦੇ ਨਾਲ ਮੈਂ ਦੋ ਹੋਰ ਬੇਨਤੀਆਂ ਕਰਨੀਆਂ ਚਾਹੁੰਦਾ ਹਾਂ । ਪਹਿਲੀ ਬੇਨਤੀ ਇਹ ਹੈ ਕਿ ਇਹ ਜਿਹੜੀ ਸਹਾਇਤਾ ਰਾਸ਼ੀ ਦਿੱਤੀ ਹੈ, ਇਹ 50,000 ਰੁਪਏ ਪ੍ਰਤੀ ਪੀੜਤ ਵਿਅਕਤੀ ਦਿੱਤੀ ਹੈ । ਮੈਂ ਸਮਝਦਾ ਹਾਂ ਕਿ ਇਹ ਰਾਸੀ ਥੋੜ੍ਹੀ ਹੈ । ਟਰੈਵਲ ਏਜੰਟਾਂ ਨੇ ਉਨ੍ਹਾਂ ਕੋਲੋਂ ਲੱਖਾਂ ਰੁਪਏ ਲੁੱਟ ਲਏ ਜੋ ਉਨ੍ਹਾਂ ਨੇ ਕਰਜ਼ਾ ਚੁੱਕ ਕੇ ਜਾਂ ਜ਼ਮੀਨ ਵੇਚ ਕੇ ਦਿੱਤੇ । ਇਸ ਤੋਂ ਬਾਦ ਉਨ੍ਹਾਂ ਦਾ ਕਮਾਊ ਪੁੱਤਰ ਯੰਗ-ਏਜ ਵਿਚ ਮਰ ਗਿਆ ਅਤੇ ਵਾਪਸ ਨਹੀਂ ਆਇਆ । ਇਸ ਕਰਕੇ ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਤੇ ਹਮਦਰਦੀ ਨਾਲ ਵਿਚਾਰ ਕਰਕੇ ਕੀ ਇਹ ਰਾਸ਼ੀ ਵਧਾਈ ਜਾਵੇਗੀ ? ਦੂਸਰੀ ਬੇਨਤੀ ਇਹ ਹੈ ਕਿ ਇਹ ਠੀਕ ਹੈ ਕਿ ਇਹ ਕੇਸ ਭਾਰਤ ਸਰਕਾਰ ਦੇ ਫ਼ਾਰੇਨ ਅਫੇਅਰਜ਼ ਵਿਭਾਗ

**Not recorded/expunged as ordered by the Chair.

Original with;
Punjab Vidhan Sabha
Digitized by;
Panjab Digital Library

ਨਾਲ ਤਾਅਲੁੱਕ ਰੱਖਦਾ ਹੈ । ਅੱਜ ਇਕ ਐਸਾ ਦੌਰ ਚੱਲ ਰਿਹਾ ਹੈ ਕਿ ਪੰਜਾਬ ਦੇ ਲੋਕ ਬਾਹਰਲੇ ਮੁਲਕਾਂ ਵਿਚ ਰੋਜ਼ਗਾਰ ਦੀ ਭਾਲ ਵਿਚ ਜਾਈ ਜਾਂਦੇ ਹਨ । ਕੀ ਪੰਜਾਬ ਸਰਕਾਰ ਸੈਂਟਰਲ ਗੌਰਮਿੰਟ ਨਾਲ ਮਾਮਲਾ ਟੇਕ-ਅਪ ਕਰਕੇ ਕੋਈ ਇਸ ਤਰ੍ਹਾਂ ਦਾ ਤਰੀਕਾ ਅਖਤਿਆਰ ਕਰੇਗੀ ਜਿਸ ਨਾਲ ਕਿ ਲੋਕ ਕਿਸੇ ਗੌਰਮਿੰਟ ਦੀ ਏਜੰਸੀ ਦੇ ਥਰੂ ਹੀ ਬਾਹਰ ਜਾਣ ਅਤੇ ਪੈਸੇ ਬਟੋਰਨ ਵਾਲੇ ਏਜੰਟਾਂ ਦੀ ਚੁੰਗਲ ਵਿਚੋਂ ਉਹ ਲੋਕ ਬਚ ਜਾਣ ? ਇਸ ਤਰ੍ਹਾਂ ਦੇ ਕਿਸੇ ਵਾਇਆ-ਮੀਡੀਆ ਬਾਰੇ ਸਰਕਾਰ ਨੇ ਕੋਈ ਵਿਚਾਰ ਕੀਤਾ ਹੈ ਜਾਂ ਭਵਿੱਖ ਵਿਚ ਕਰੇਗੀ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਅਜੇ ਵਿਚਾਰ ਤਾਂ ਨਹੀਂ ਕੀਤਾ ਪਰ ਮੈਨੂੰ ਖੁਸ਼ੀ ਹੋਵੇਗੀ ਜੇਕਰ ਅਰਸ਼ੀ ਜੀ ਮੇਰੇ ਕਮਰੇ ਵਿਚ ਆ ਜਾਣ ਅਤੇ ਇਸ ਬਾਰੇ ਆਪਣੇ ਸੁਝਾਓ ਦੇਣ ਤਾਂ ਕਿ ਅਸੀਂ ਇਹ ਤਕਲੀਫ ਦੂਰ ਕਰ ਸਕੀਏ । ਆਪਾਂ ਭਾਵੇਂ ਜਿੰਨਾ ਮਰਜ਼ੀ ਬੰਦੋਬਸਤ ਕਰ ਲਈਏ, ਇਸ ਤਰ੍ਹਾਂ ਦੇ ਰੈਕੇਟ ਚਲਦੇ ਹੀ ਰਹਿਣੇ ਹਨ । ਸਾਡੀ ਕੋਸ਼ਿਸ਼ ਹੋਵੇਗੀ ਕਿ ਇਸ ਤਰ੍ਹਾਂ ਦੇ ਧੰਦਿਆਂ ਨੂੰ ਸਖਤੀ ਦੇ ਨਾਲ ਦਬਾ ਦਿੱਤਾ ਜਾਵੇ ।

**ਮਾਸਟਰ ਮੋਹਨ ਲਾਲ :** ਸਪੀਕਰ ਸਾਹਿਬ, ਇਕ ਗੱਲ ਸੀ. ਐਮ. ਸਾਹਿਬ ਨੇ ਕਲੀਅਰ ਨਹੀਂ ਕੀਤੀ ਕਿ ਕਿੰਨੇ ਟਰੈਵਲ ਏਜੰਟ ਫੜੇ, ਕਿੰਨੇ ਅੱਗੇ ਨੂੰ ਫੜਨੇ ਹਨ ਅਤੇ ਉਨ੍ਹਾਂ ਤੇ ਕਿਹੜੇ ਕਿਹੜੇ ਕੇਸ ਰਜਿਸਟਰ ਹੋਏ ਹਨ । ਸਾਰਿਆਂ ਤੇ ਇਕੋ ਕੇਸ ਰਜਿਸਟਰ ਹੋਇਆ ਹੈ ਜਾਂ ਵੱਖੋ ਵੱਖ ਕੇਸ ਰਜਿਸਟਰ ਹੋਏ ਹਨ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਬੜਾ ਕਲੀਅਰ ਜਵਾਬ ਦਿੱਤਾ ਹੈ ਕਿ 8 ਬੰਦਿਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ, 23 ਕੇਸ ਦਰਜ ਕੀਤੇ ਗਏ ਹਨ ਅਤੇ ਉਨ੍ਹਾਂ ਕੇਸਾਂ ਦੀ ਤੇਜ਼ੀ ਨਾਲ ਤਫਤੀਸ਼ ਹੋ ਰਹੀ ਹੈ । ਇਸ ਤੋਂ ਜ਼ਿਆਦਾ ਕਲੈਰਿਟੀ ਮੈਂ ਕੀ ਦੇ ਸਕਦਾ ਹਾਂ ।

---

(ਕ੍ਰਮ ਨੰ: 4)

**ਸ੍ਰੀ ਨੰਦ ਲਾਲ :** ਸ੍ਰੀ ਮਾਨ ਜੀ, ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਤਹਿਸੀਲ ਬਲਾਚੌਰ, ਜ਼ਿਲ੍ਹਾ ਨਵਾਂ ਸ਼ਹਿਰ ਦੇ ਪਿੰਡਾਂ ਸੂਸ਼ੋਵਾਲ, ਟੋਰੋਵਾਲ, ਚੂਹੜਪੁਰ ਅਤੇ ਬੂਥਗੜ੍ਹ ਵਿਚ ਅੱਜ ਕੱਲ੍ਹ ਸਰਦੀ ਦੇ ਮੌਸਮ ਵਿਚ ਪੀਣ ਲਈ ਪਾਣੀ ਬਹੁਤ ਘੱਟ ਆਉਂਦਾ ਹੈ । ਪਿੰਡ ਦੇ ਲੋਕਾਂ ਵਿਚ ਇਹ ਭਾਰੀ ਬੇਚੈਨੀ ਆਈ ਹੋਈ ਹੈ ਕਿ ਜੇ ਸਰਦੀ ਦੇ ਮੌਸਮ ਵਿਚ ਹੀ ਪੀਣ ਵਾਲੇ ਪਾਣੀ ਦੀ ਘਾਟ ਆ ਗਈ ਹੈ ਤਾਂ ਆਉਣ ਵਾਲੀਆਂ ਗਰਮੀਆਂ ਵਿਚ ਪਾਣੀ ਦਾ ਕੀ ਹਾਲ ਹੋਵੇਗਾ । ਇਸ ਲਈ ਇਨ੍ਹਾਂ ਪਿੰਡਾਂ ਦੇ ਲੋਕਾਂ ਵਿਚ ਪਈ ਭਾਰੀ ਬੇਚੈਨੀ ਨੂੰ ਮੁੱਖ ਰੱਖਦੇ ਹੋਏ ਗਰਮੀ ਦੇ ਮੌਸਮ ਵਿਚ ਪਾਣੀ ਦੀ ਆਉਣ ਵਾਲੀ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ । ਇਸ ਸਬੰਧੀ ਸਰਕਾਰ ਸਦਨ ਵਿਚ ਬਿਆਨ ਦੇਵੇ ।

Original with;
Punjab Vidhan Sabha
Digitized by;
Panjab Digital Library

**Minister for Food & Supplies, Public Health and Parliamentary Affairs** (Shri Madan Mohan Mittal) : Sir, the position of water supply in villages Chhuchhewal, Torowal, Chuharpur and Boothgarh of Teh. Balachaur, District Nawanshahar is given as under :—

*Water Supply Scheme Chhuchhewal, Torowal etc.* :

Water supply scheme Chhuchhewal, Torowal is being given with effect from 11/68 from the water supply scheme of Pojewal including 7 villages: Pojewal, Rori, Chhuchhewal, Katwara Kalan, Katwara Khurd, Torowal and Karimpur Chawala.

In May, 1992 on the demand of residents of villages Chhuchhewal, Rori and Torowal, the then Chief Minister Punjab during his visit Pujewal, decided that an independent water supply scheme for these villages be prepared. New Scheme for these three villages was prepared with a cost of Rs. 16.37 lacs, on receipt of funds from the District Planning Board in October, 1993. While carrying out the work of boring of tubewell with direct rotary right the proposed site, resisitivity test was conducted and it was observed that there was no possibility of getting adequate water from the tubewell to be drilled at the proposed site and as such after getting the tubewell drilled at the proposed site with percussion rig, supply of drinking water was made through the existing O. H. S. R. Water supply to village Chhuchhewal is being given through new tubewell and the supply to remaining villages is being given through old scheme. The remaining work will be completed on receipt of the balance funds. An expenditure of Rs. 15.33 lacs has been incurred by 1/1997 on the work got executed at site. Keeping in view the change of site for tubewell on technical considerations and also increase in the cost of material and labour charges, revised estimate amounting to Rs. 29.88 lacs for the scheme has been prepared and sent to the District Planning Board, Nawanshahar after getting the approval of Chief Engineer, Punjab, Public Health on 5 March, 1997.

2. *Water supply scheme Chuharpur, Nanowal and Jeetpur etc. Block Saroya, District Nawanshahar* :

Water Supply to villages Chuharpur is being given with effect from November, 68 from the water supply scheme Mallewal, Singhpur including seven villages Singhpur, Chandpur, Boothgarh, Jeetpur, Chuharpur, Nanowal and Mallewal.

On demand of the residents of villages Chuharpur, Nanowal and Jeetpur in May, 1992, the then Hon'ble Chief Minister, Punjab, during his visit announced that an independent scheme for these villages be prepared.

For these villages, an independent scheme was prepared and on receipt of a sum of Rs. 13.27 lacs from the Planning Department and thereafter the installation of tubewell and laying of about 20% distribution against the approved scheme, water supply was provided

Original with;
Punjab Vidhan Sabha
Digitized by;
Panjab Digital Library

to these villages since July, 1995, An expenditure of Rs. 13.33 lacs has been incurred upto January, 1997 on the work got executed at site. Keeping in view, the enhanced rate in the cost of material and labour, revised estimate for the scheme amounting to Rs. 18.80 lacs was prepared and stand submitted for approval to the District Planning Board during August, 1994. On receipt of the approval and the requisite funds as per revised estimate, the remaining work of the scheme would be got completed at site. Thereafter, the Department of Public Health will be able to supply more waters in these villages.

3. *Water Supply Scheme Boothgarh, Block Balachaur, District Nawanshahar:*

There are two villages namely Boothgarh in Tehsil: Balachaur. Out of these two villages water supply to one village is being given from water supply scheme Malewal Singhpur. Position with regard to augmentation of this scheme is explained above. Water is being supplied to other villages (Boothgarh) through Indian Mark II hand pump at the cost of Rs. 1.55 lac since August, 1995. Besides this, the general public of this village has installed their own hand pumps.

**ਸਰਦਾਰ ਬਲਦੇਵ ਸਿੰਘ**: ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਪੰਜਾਬ ਦੀ ਅਸਲੀ ਜ਼ਬਾਨ ਪੰਜਾਬੀ ਹੈ। ਜਿਸ ਮੈਂਬਰ ਨੇ ਸਵਾਲ ਕੀਤਾ ਹੈ, ਉਸ ਨੂੰ ਪੁਛੋ ਕਿ ਉਸਨੂੰ ਕੋਈ ਪਤਾ ਲੱਗਾ ਹੈ ਕਿ ਜਵਾਬ ਕੀ ਹੈ। ਇਸ ਵਾਸਤੇ ਐਸੀਆ ਗੱਲਾਂ ਸਦਨ ਦੀ ਪਰੰਪਰਾ ਨਹੀਂ ਬਣਨੀਆਂ ਚਾਹੀਦੀਆਂ ਕਿ ਅਸੀਂ ਬਾਰ ਬਾਰ ਬੇਨਤੀ ਕਰੀਏ। ਸਾਨੂੰ ਜਵਾਬ **ਪੰਜਾਬੀ** ਜਾਂ ਹਿੰਦੀ ਵਿਚ ਆਉਣਾ ਚਾਹੀਦਾ ਹੈ, ਅੰਗਰੇਜ਼ੀ ਨੂੰ ਤਿਲਾਂਜਲੀ ਦੇਣੀ ਚਾਹੀਦੀ ਹੈ, ਇਹ ਵਿਦੇਸ਼ੀ ਜ਼ਬਾਨ ਹੈ। ਸਾਨੂੰ ਅਜ਼ਾਦ ਹੋਇਆਂ ਨੂੰ ਪੰਜਾਹ ਸਾਲ ਹੋ ਗਏ ਹਨ, ਪਰ ਜ਼ਬਾਨ ਅਸੀਂ ਆਪਣੀ ਨਹੀਂ ਬੋਲਦੇ। ਮੇਰੀ ਬੇਨਤੀ ਹੈ ਕਿ ਜਵਾਬ ਪੰਜਾਬੀ ਜਾਂ ਹਿੰਦੀ ਵਿਚ ਹੋਣਾ ਚਾਹੀਦਾ ਹੈ। (ਥੰਪਿੰਗ)

**ਸ਼੍ਰੀ ਸਪੀਕਰ**: ਅੱਜ ਦੇ ਦਿਨ ਤਾਂ ਛੁੱਟੀ ਦਿਓ। ਕੱਲ ਤੋਂ ਕੋਸ਼ਿਸ਼ ਕਰਾਂਗੇ।

**ਸ਼੍ਰੀ ਨੰਦ ਲਾਲ**: ਉਥੇ ਜਿਹੜੀ ਵਾਟਰ-ਸਪਲਾਈ ਦੀ ਪਾਈਪ-ਲਾਈਨ ਹੈ ਉਸ ਨੂੰ ਥੋੜ੍ਹਾ ਹੋਰ ਵਧਾਇਆ ਜਾਵੇ ਅਤੇ ਉਥੇ ਆਬਾਦੀ ਦੇ ਲਿਹਾਜ ਨਾਲ ਪਾਈਪ-ਲਾਈਨ ਛੋਟੀ ਹੋਣ ਕਰਕੇ ਅਤੇ ਆਬਾਦੀ ਵੱਧ ਹੋਣ ਕਰਕੇ, ਪਾਈਪ-ਲਾਈਨ ਵਿਛਾਉਣ ਦਾ ਕੰਮ ਸ਼ੁਰੂ ਕੀਤਾ ਜਾਵੇ

**ਮੰਤਰੀ**: ਸਪੀਕਰ ਸਾਹਿਬ, ਜਿਹੜੀ ਪਾਈਪ ਲਾਈਨ ਹੈ, ਇਹ ਆ ਕੇ ਮੈਨੂੰ ਐਕਸ-ਪਲੇਨ ਕਰ ਦੇਣ। ਜਿਥੇ ਵਧਾਉਣ ਦੀ ਲੋੜ ਹੋਵੇਗੀ, ਜੇ ਫੰਡ ਅਵੇਲੇਬਲ ਹੋਏ ਤਾਂ ਜ਼ਰੂਰ ਵਧਾਈ ਜਾਵੇਗੀ।

Original with;
Punjab Vidhan Sabha
Digitized by;
Panjab Digital Library

(Serial No. 6)

**Comrade Hardev Arshi** : Sir, I beg to draw the attention of the Government to a matter of urgent public Importance, namely steep increase in the price of atta in the open market and almost total non-availity of atta through the Pubic Distribution System.

In view of the obvious and urgent importance of the matter, the Minister concerned may please be asked to make a statement in the House.

**ਖੁਰਾਕ ਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ** (ਸ਼੍ਰੀ ਮਦਨ ਮੋਹਨ ਮਿੱਤਲ) : ਇਹ ਗੱਲ ਮੰਨਣਯੋਗ ਹੈ ਕਿ ਪਿਛਲੇ ਕੁਝ ਸਮੇਂ ਵਿਚ ਖੁਲ੍ਹੀ ਮਾਰਕੀਟ ਵਿਚ ਆਟੇ ਦੀ ਕੀਮਤ ਵਿਚ ਵਾਧਾ ਹੋਇਆ ਹੈ । ਕਣਕ ਅਤੇ ਆਟੇ ਦੀਆਂ ਕੀਮਤਾਂ ਖੁਲ੍ਹੇ ਬਾਜ਼ਾਰ ਵਿਚ ਬਾਜ਼ਾਰੀ ਤਾਕਤਾਂ ਵੱਲੋਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ ਅਤੇ ਰਾਜ ਸਰਕਾਰ ਕੋਲ ਇਸ ਤਰ੍ਹਾਂ ਦਾ ਕੋਈ ਕਾਨੂੰਨੀ ਅਖਤਿਆਰ ਨਹੀਂ ਜਿਹੜਾ ਕਣਕ ਜਾਂ ਕਣਕ ਦੇ ਆਟੇ ਦੇ ਰੇਟ ਦੀ ਵਿਕਰੀ ਤੇ ਲਾਗੂ ਕੀਤਾ ਜਾ ਸਕੇ ।

ਪੰਜਾਬ ਸਰਕਾਰ ਨੇ ਜਨਤਕ ਵੰਡ ਪ੍ਰਣਾਲੀ ਅਤੇ ਕਣਕ ਦੀ ਖੁਲ੍ਹੀ ਵਿਕਰੀ (ਘਰੇਲੂ) ਸਕੀਮ ਅਧੀਨ ਕਣਕ ਅਤੇ ਆਟੇ ਦੀ ਉਪਲਬਧੀ ਅਤੇ ਇਸ ਦੀ ਵਾਜ਼ਬ ਕੀਮਤ ਲਈ ਕਈ ਕਾਰਗਰ ਕਦਮ ਚੁੱਕੇ ਹਨ । ਲੋਕ ਵੰਡ ਪ੍ਰਣਾਲੀ ਅਧੀਨ ਪੰਜਾਬ ਪ੍ਰਾਂਤ ਨੂੰ ਮਹੀਨਾ ਵਾਰ ਐਲੋਕੇਸ਼ਨ ਜੋ ਕਿ ਨਵੰਬਰ, 1996 ਵਿਚ 8,000 ਟਨ ਸੀ, ਨੂੰ ਵਧਾ ਕੇ ਮਾਰਚ, 1997 ਲਈ 20,000 ਟਨ ਕਰ ਦਿੱਤਾ ਗਿਆ ਹੈ । ਅਜਿਹੀ ਕਣਕ ਦਾ ਆਟਾ ਰਾਸ਼ਨ ਕਾਰਡਾਂ ਤੇ ਜਨਤਾ ਨੂੰ 4.60 ਰੁਪਏ ਨਿਰਧਾਰਤ ਕੀਮਤ ਤੇ ਮੁਹੱਈਆ ਕੀਤਾ ਜਾਂਦਾ ਹੈ ।

ਭਾਰਤ ਸਰਕਾਰ ਦੁਆਰਾ ਐਫ. ਸੀ. ਆਈ. ਰਾਹੀਂ ਆਟਾ ਮਿੱਲਾਂ, ਚੱਕੀਆਂ ਆਦਿ ਨੂੰ ਖੁੱਲ੍ਹੀ ਵਿਕਰੀ ਸਕੀਮ ਅਧੀਨ ਮੰਡੀ ਵਿਚ ਪ੍ਰਵੇਸ਼ ਹਿੱਤ ਕਣਕ ਜਾਰੀ ਕੀਤੀ ਜਾਂਦੀ ਸੀ । ਦਸੰਬਰ, 1996 ਤੋਂ ਅਜਿਹੀ ਸਕੀਮ ਪੰਜਾਬ ਸਰਕਾਰ ਨੂੰ ਸੌਂਪ ਦਿੱਤੀ ਗਈ ਹੈ । ਨਵੀਂ ਸਰਕਾਰ ਨੇ ਵਾਗਡੋਰ ਸੰਭਾਲਦੇ ਸਾਰ ਹੀ ਇਹ ਫੈਸਲਾ ਕੀਤਾ ਹੈ ਕਿ ਵਿਚੋਲੇ ਨੂੰ ਇਸ ਕੰਮ ਵਿੱਚੋਂ ਬਾਹਰ ਰੱਖ ਦਿਤਾ ਜਾਵੇ ਅਤੇ ਕਣਕ ਖਪਤਕਾਰ ਨੂੰ ਸਿੱਧੇ ਤੌਰ ਤੇ 30 ਕਿਲੋ ਪ੍ਰਤੀ ਰਾਸ਼ਨ ਕਾਰਡ ਪ੍ਰਤੀ ਮਹੀਨਾ 5.30 ਰੁਪਏ ਪ੍ਰਤੀ ਕਿਲੋਗ੍ਰਾਮ ਦੀ ਰਿਆਇਤੀ ਦਰ ਤੇ ਲੋਕ ਵੰਡ ਪ੍ਰਣਾਲੀ ਅਧੀਨ ਦੇਣ ਦੇ ਨਾਲ ਨਾਲ ਉਪਲਬਧ ਕਰਵਾਈ ਜਾਵੇ । ਪੰਜਾਬ ਸਰਕਾਰ ਪਨਸਪ ਰਾਹੀਂ ਅਜਿਹੀ ਕਣਕ ਦਾ ਆਟਾ ਪਿਸਵਾ ਕੇ ਪਨਸਪ ਦੇ ਵਿਕਰੀ ਕੇਂਦਰਾਂ ਰਾਹੀਂ 5.30 ਰੁਪਏ ਪ੍ਰਤੀ ਕਿਲੋ ਦੀ ਦਰ ਤੇ ਵੇਚ ਰਹੀ ਹੈ । ਪੰਜਾਬ ਸਰਕਾਰ ਨੂੰ ਯਕੀਨ ਹੈ ਕਿ ਅਜਿਹੇ ਪ੍ਰਭਾਵਸ਼ਾਲੀ ਕਦਮ ਚੁੱਕਣ ਨਾਲ ਕਣਕ ਅਤੇ ਕਣਕ ਦਾ ਆਟਾ ਆਮ ਜਨਤਾ ਨੂੰ ਵਾਜਬ ਰੇਟ ਤੇ ਉਪਲਬਧ ਹੋ ਸਕੇਗਾ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਉੱਤਰ ਦਿਤਾ ਹੈ ਉਸਦੇ ਸਬੰਧ ਵਿੱਚ ਮੈਂ ਹੋਰ ਕਲੈਰੀਫ਼ਿਕੇਸ਼ਨ ਔਰ ਐਸ਼ਿਓਰੈਂਸ਼ ਚਾਹੁੰਦਾ ਹਾਂ । ਮੰਤਰੀ ਜੀ ਨੇ ਜੋ ਉੱਤਰ ਦਿਤਾ ਹੈ, ਠੀਕ ਹੈ ਕਾਫੀ ਡੀਟੇਲ ਵਿੱਚ ਦਿੱਤਾ ਹੈ, ਇਸ ਤੇ ਕਾਫੀ ਲੰਮੀ ਡਿਸ਼ਕਸ਼ਨ ਹੋ ਸਕਦੀ ਹੈ ਜਿਸ ਦੇ ਲਈ ਕਾਫ਼ੀ ਸਮਾਂ ਚਾਹੀਦਾ ਹੈ, ਜੋ ਸੰਭਵ ਨਹੀਂ ਹੈ ।

Original with;
Punjab Vidhan Sabha
Digitized by;
Panjab Digital Library

ਸਰਕਾਰ ਨੇ ਇਸ ਵੱਲ ਕਾਫੀ ਧਿਆਨ ਦਿਤਾ ਹੈ ਜਿਸ ਦੇ ਲਈ ਮੈਂ ਵੈੱਲ-ਕਮ ਕਰਨਾ ਚਾਹੁੰਦਾ ਹਾਂ ।

ਮੰਤਰੀ ਜੀ ਨੇ ਦੱਸਿਆ ਹੈ ਕਿ ਜਨਤਾ ਇਕੱਲੀ ਆਟੇ ਦੇ ਖਰੀਦ ਨਾ ਰਹੇ ਕਣਕ ਵੀ ਰਾਸ਼ਨ ਕਾਰਡਾਂ ਤੇ ਦਿੱਤੀ ਜਾਵੇਗੀ ਅਤੇ ਇਹ ਪ੍ਰਤੀ ਕਾਰਡ ਹੋਲਡਰ 30 ਕਿਲੋ ਦੇਣ ਦੀ ਗੱਲ ਕਹੀ ਹੈ, ਜੋ ਕਿ ਸ਼ਲਾਘਾਯੋਗ ਹੈ । ਪਰ ਇਸ ਸਬੰਧ ਵਿੱਚ ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਜਿੱਥੇ ਛੋਟੀਆਂ ਫੈਮਲੀਜ਼ ਹਨ ਉਨ੍ਹਾਂ ਲਈ ਤਾਂ 30 ਕਿਲੋ ਕਣਕ ਪ੍ਰਤੀ ਮਹੀਨਾ ਠੀਕ ਹੈ ਪਰ ਬਹੁਤ ਸਾਰੀਆਂ ਫੈਮਲੀਜ਼ ਵੱਡੀਆਂ ਹਨ, ਉਨ੍ਹਾਂ ਲਈ 30 ਕਿਲੋ ਕਣਕ ਪ੍ਰਤੀ ਮਹੀਨਾ ਘੱਟ ਹੈ । ਇਸ ਲਈ ਇਹ ਪ੍ਰਤੀ ਪ੍ਰਵਾਰ ਦੇਣ ਦੀ ਬਜਾਏ ਪ੍ਰਤੀ-ਮੈਂਬਰ ਕਣਕ ਦੀ ਮਾਤਰਾ ਨਿਸ਼ਚਿਤ ਕੀਤੀ ਜਾਣੀ ਚਾਹੀਦੀ ਹੈ ਤਾਂ ਫਿਰ ਵੱਡੀਆਂ ਅਤੇ ਛੋਟੀਆਂ ਫੈਮਲੀਜ਼ ਸਾਰੀਆਂ ਕਵਰ ਹੋ ਜਾਣਗੀਆਂ । ਇਸ ਤੇ ਜ਼ਰੂਰ ਵਿਚਾਰ ਕੀਤਾ ਜਾਣਾ ਚਾਹੀਦਾ ਹੈ । ਇਕ ਜੋ ਕਣਕ ਜਨਵਰੀ ਅਤੇ ਫਰਵਰੀ ਤੋਂ ਦੇਣ ਦਾ ਫੈਸਲਾ ਕੀਤਾ ਹੈ, ਇਸ ਸਬੰਧ ਵਿਚ ਬਹੁਤ ਸਾਰੇ ਜ਼ਿਲ੍ਹਿਆਂ ਤੋਂ ਸ਼ਿਕਾਇਤਾਂ ਆ ਰਹੀਆਂ ਹਨ ਕਿ ਉਨ੍ਹਾਂ ਨੂੰ ਨਹੀਂ ਮਿਲੀ ਹੈ । ਇਕ ਇਹ ਵੀ ਸ਼ਿਕਾਇਤਾਂ ਪੁੱਜ ਰਹੀਆਂ ਹਨ ਕਿ ਕਣਕ ਜੋ ਵੰਡੀ ਜਾ ਰਹੀ ਹੈ ਉਸ ਦੀ ਕੁਆਲਟੀ ਬੜੀ ਘਟੀਆ ਹੈ । ਇਸ ਲਈ ਇਹ ਵੀ ਚੈੱਕ ਹੋਣੀ ਚਾਹੀਦੀ ਹੈ ਕਿ ਕਣਕ ਜੋ ਵੀ ਮਿਲੇ ਉਹ ਅੱਛੀ ਕਿਸਮ ਦੀ ਹੋਵੇ । ਸਪੀਕਰ ਸਾਹਿਬ, ਇਕ ਹੋਰ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ ਕਿ ਬਹੁਤ ਸਾਰੇ ਜਿਸ ਤਰ੍ਹਾਂ ਰਿਕਸ਼ਾ ਪੁੱਲਰ ਹਨ ਜਾਂ ਹੋਰ ਗਰੀਬ ਲੋਕ ਹਨ ਉਹ 30-40 ਕਿਲੋ ਕਣਕ ਇਕੱਠੀ ਨਹੀਂ ਖਰੀਦ ਸਕਦੇ ਅਤੇ ਉਹ ਕਣਕ ਦੀ ਬਜਾਏ 5-10 ਕਿਲੋ ਆਟਾ ਲੈਣਾ ਪਸੰਦ ਕਰਨਗੇ । ਇਸ ਲਈ ਇਹ ਚੰਗਾ ਹੋਵੇਗਾ ਕਿ ਜੋ ਆਟਾ ਲੈਣ ਦੀ ਵੀ ਪ੍ਰੋਵੀਜ਼ਨ ਕਰ ਦਿਤੀ ਜਾਵੇ । ਇਸ ਲਈ ਮੇਰਾ ਸੁਝਾਓ ਹੈ ਕਿ ਨਿਯਮਾਂ ਵਿਚ ਇਹ ਪ੍ਰੋਵੀਜ਼ਨ ਕਰ ਦੇਣੀ ਚਾਹੀਦੀ ਹੈ ਕਿ ਜੋ ਕਣਕ ਲੈਣੀ ਚਾਹੇ ਉਹ ਕਣਕ ਲੈ ਲਵੇ ਅਤੇ ਜਿਹੜਾ ਆਟਾ ਲੈਣਾ ਚਾਹੇ ਉਹ ਆਟਾ ਲੈ ਲਵੇ ਅਤੇ ਜੋ ਕਣਕ ਮਿਲੇ ਉਹ ਵੀ ਅੱਛੀ ਕੁਆਲਿਟੀ ਦੀ ਮਿਲੇ ।

**ਮੰਤਰੀ**: ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਹੁਣ ਤੱਕ ਅਸੀਂ 8000 ਮੀਟਰਿਕ ਟਨ ਦੇ ਕਰੀਬ ਕਣਕ ਜ਼ਿਲ੍ਹਿਆਂ ਵਿੱਚ ਪਨਸਪ ਦੇ ਡਿਪੂਆਂ ਦੇ ਰਾਹੀਂ ਭੇਜ ਚੁੱਕੇ ਹਾਂ ਅਤੇ ਉਹ ਵੰਡੀ ਜਾ ਰਹੀ ਹੈ । ਜਿੱਥੋਂ ਤੱਕ ਮੈਂਬਰ ਸਾਹਿਬ ਨੇ ਸੁਝਾਓ ਦਿਤਾ ਹੈ ਕਿ 30 ਕਿਲੋ ਰਾਸ਼ਨ ਕਾਰਡ ਤੇ ਕਣਕ ਦੇਣ ਦੀ ਬਜਾਏ ਮੈਂਬਰਾਂ ਦੇ ਹਿਸਾਬ ਨਾਲ ਮਾਤਰਾ ਫਿਕਸ ਕੀਤੀ ਜਾਵੇ, ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ । ਦੂਜਰੀ ਗੱਲ ਇਨ੍ਹਾਂ ਨੇ ਕੁਆਲਟੀ ਬਾਰੇ ਕਹੀ ਹੈ, ਕੁਆਲਟੀ ਬਾਰੇ ਬਾਦਲ ਸਾਹਿਬ ਦੀ ਸਰਕਾਰ ਨੇ ਪਹਿਲਾਂ ਹੀ ਆਦੇਸ਼ ਜਾਰੀ ਕਰ ਦਿਤੇ ਹਨ ਕਿ ਜਿੱਥੇ ਕਿਤੇ ਵੀ ਘਟੀਆ ਕੁਆਲਟੀ ਦੇਣ ਬਾਰੇ ਕੋਈ ਅਧਿਕਾਰੀ ਗਲਤ ਕੰਮ ਕਰੇਗਾ ਉਹ ਖੁਦ ਜ਼ਿਮੇਵਾਰ ਹੋਵੇਗਾ । ਦੂਸਰੀ ਗੱਲ ਕਹੀ ਹੈ ਕਿ ਆਟਾ ਵੀ ਨਾਲ ਦਿਤਾ ਜਾਵੇ, ਆਟਾ ਅਸੀਂ ਪਹਿਲਾਂ ਹੀ ਪਨਸਪ ਦੇ ਵਿਕਰੀ ਕੇਂਦਰਾਂ ਰਾਹੀਂ ਦੇ ਰਹੇ ਹਾਂ । ਅਸੀਂ ਆਟਾ ਜਿੱਥੇ ਫੈਮਲੀ ਦੇ ਮੈਂਬਰਾਂ ਦੀ ਗਿਣਤੀ ਜ਼ਿਆਦਾ ਹੈ, ਉਸਦੇ ਮੁਤਾਬਿਕ ਹੀ ਦੇ ਰਹੇ ਹਾਂ । ਜੇ ਅਸੀਂ ਇਹ ਕਰ ਦਿਤਾ ਕਿ ਜੋ ਅਸੀਂ 30 ਕਿਲੋ ਕਣਕ ਦੇਣੀ ਹੈ ਅਤੇ ਉਸਦੀ ਥਾਂ ਤੇ ਰਾਸ਼ਨ ਕਾਰਡ ਹੋਲਡਰ ਇਹ ਕਹੇ ਕਿ ਮੈਨੂੰ 5 ਕਿਲੋ ਆਟਾ ਦਿਤਾ ਜਾਵੇ ਅਤੇ 25 ਕਿਲੋ

Original with;
Punjab Vidhan Sabha
Digitized by;
Panjab Digital Library

[ਖੁਰਾਕ ਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]

ਕਣਕ ਦਿਤੀ ਜਾਵੇ ਤਾਂ ਇਸ ਵਿੱਚ ਗੜਬੜ ਹੋ ਸਕਦੀ ਹੈ ਅਤੇ ਜੇ 60 : 50 ਕਰ ਦਿਤਾ ਤਾਂ ਇਸਦੇ ਵਿੱਚ ਹੇਰਾ ਫੇਰੀ ਦੇ ਲੂਪ-ਹੋਲ ਰਹਿ ਜਾਣਗੇ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਦੀ ਜ਼ਰੂਰਤ ਨਹੀਂ ਹੈ।

---

## PAPERS LAID ON THE TABLE

**Minister for Food & Supplies, Public Health and Parliamentary Affairs** (Shri Madan Mohan Mittal); Sir, I beg to lay on the Table --

1. the Punjab Panchayat Election (First Amendment) Rules, 1996, as required under Section 139 (3) of the Punjab State Election Commission Act, 1994;
2. the Annual Report of Punjab Police Housing Corporation Ltd., for the year 1994-95, as required under Section 619-A (3) of the Companies Act, 1956;
3. the Annual Reports -cum-Balance Sheets of the Punjab Energy Development Agency for the year 1993-94 and 1994-95; and
4. the Annual Financial Statement of the Punjab State Electricity Board for the year 1997-98, as required under Section 61 of the Electricity (Supply) Act, 1948.

---

## RESOLUTION RE-RECOMMENDING TO THE GOVERNMENT OF INDIA TO TAKE STEPS TO APPROACH THE U.N.O. FOR DECLARING THE YEAR 1999 AS THE "YEAR OF HUMAN SPIRIT"

**Mr. Speaker**: Now we come to the Resolution. Raja Narinder Singh is not present. Next is Mr. Jagdish sawhney.

**Shri Jagdish Sawhney** (Batala): Sir, I beg to move—

"WHEREAS in the year 1699 a divine and unique event occurred in the history of the world when Sahib Sri Guru Gobind Singh Ji Spread a message of "Oneness of the Mankind" by creating KHALSA on the holy land of Shri Anandpur Sahib by administering the nectar for immortality, 'The Amrit';

AND WHEREAS the 300th Anniversary of this great event falls in the year 1999;

THEREFORE, this House recommends to the Government of India to take steps to approach the U.N.O. to declare the year 1999 as the 'Year of Human Spirit' and celebrate it in a collective manner inter-religiously to commemorate the 300th Anniversary of this great event in order to spread His message of "Oneness of Mankind' throughout the world."

ਸਪੀਕਰ ਸਾਹਿਬ, 1699 ਈਸਵੀ ਵਿੱਚ ਜੋ ਅਲੌਕਿਕ ਚਮਤਕਾਰ ਪੰਜਾਬ ਦੀ ਪਵਿੱਤਰ ਧਰਤੀ ਤੇ ਹੋਇਆ. ਉਹ ਅੱਜ ਤੱਕ ਸਾਡੇ ਲਈ ਬਹੁਤ ਵੱਡਾ ਚਾਨਣ ਮੁਨਾਰਾ ਹੈ ਅਤੇ ਸਾਡੀ ਕੌਮ, ਸਾਡਾ ਦੇਸ਼, ਸਾਡਾ ਪ੍ਰਦੇਸ਼, ਉਸ ਲਾਈਟ ਥੱਲੇ ਚਲਦਾ ਹੈ। ਗੁਰੂ ਗੋਬਿੰਦ ਸਿੰਘ ਜੀ ਅੰਦਰ 9 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਹੀ ਕਿੰਨੀ ਸਪਿਰਟ ਸੀ, ਕਿੰਨੀ ਆਸਥਾ ਸੀ, ਉਸ ਨੂੰ ਸਾਰਾ ਸੰਸਾਰ ਜਾਣਦਾ ਹੈ। ਇਸ ਗੱਲ ਦਾ ਪਤਾ ਉਨ੍ਹਾਂ ਦੁਆਰਾ ਆਪਣੇ ਪਿਤਾ ਜੀ ਨੂੰ ਕਹੀ ਗਈ ਗੱਲ ਤੋਂ ਲੱਗਦਾ ਹੈ। ਜਦੋਂ ਗੁਰੂ ਜੀ ਕੋਲ ਪੰਡਿਤ ਰੋਂਦੇ ਹੋਏ ਆਏ ਤਾਂ ਉਸ

Original with;
Punjab Vidhan Sabha
Digitized by;
Panjab Digital Library

ਵੇਲੇ ਗੁਰੂ ਜੀ ਨੇ ਕਿਹਾ ਕਿ ਇਨ੍ਹਾਂ ਪੰਡਿਤਾਂ ਨੂੰ ਕੁਰਬਾਨੀ ਦੀ ਜ਼ਰੂਰਤ ਹੈ ਅਤੇ ਕੁਰਬਾਨੀ ਕੌਣ ਦੇ ਸਕਦਾ ਹੈ ਤਾਂ 9 ਸਾਲ ਦੀ ਉਮਰ ਵਿਚ ਦਸਵੇਂ ਪਾਤਸ਼ਾਹ ਨੇ ਕਿਹਾ ਕਿ ਪਿਤਾ ਜੀ ਇਹ ਕੁਰਬਾਨੀ ਤੁਸੀਂ ਦੇ ਸਕਦੇ ਹੋ । ਤੁਹਾਡੀ ਇਸ ਕੁਰਬਾਨੀ ਨਾਲ ਹੀ ਸਾਡੇ ਦੇਸ਼ ਅਤੇ ਧਰਮ ਦੀ ਰਖਸ਼ਾ ਹੋ ਸਕਦੀ ਹੈ । ਉਨ੍ਹਾਂ ਦਾ ਹੁਕਮ ਮੰਨ ਕੇ ਨੌਵੀਂ ਪਾਤਸ਼ਾਹੀ ਜੀ ਨੇ ਜੋ ਸੀਸ ਦਿੱਤਾ ਹੈ, ਉਹ ਸਾਡੇ ਲਈ ਬੜੀ ਵੱਡੀ ਚੀਜ਼ ਹੈ । ਉਨ੍ਹਾਂ ਨੇ ਸੰਸਾਰ ਵਿਚ ਵਿਚਰਦਿਆਂ ਹੋਇਆਂ ਅਜਿਹੀਆਂ ਗੱਲਾਂ ਕੀਤੀਆਂ ਹਨ । ਨੌਂ ਸਾਲ ਦੀ ਉਮਰ ਵਿਚ ਅਜਿਹਾ ਚਮਤਕਾਰ ਕਰਨਾ ਅਤੇ ਖਾਲਸਾ ਪੰਥ ਦੀ ਨੀਂਹ ਰੱਖਣੀ, ਇਹ ਬਹੁਤ ਵੱਡੀਆਂ ਚੀਜ਼ਾਂ ਹਨ । ਖਾਲਸਾ ਪੰਥ ਦੀ ਉਸ ਵਕਤ ਬਹੁਤ ਜ਼ਰੂਰਤ ਹੋ ਚੁੱਕੀ ਸੀ ਕਿਉਂਕਿ ਜਹਾਲਤ, ਸਿਤਮ, ਔਰੰਗਜ਼ੇਬ ਦੇ ਵੇਲੇ ਬਹੁਤ ਵੱਧ ਚੁੱਕੀ ਸੀ । ਹਿੰਦੂਆਂ ਦਾ ਕੋਈ ਰਖਸ਼ਕ ਨਹੀਂ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਪੀਰੀ ਤੋਂ ਉਪਰ ਉੱਠ ਕੇ, ਇੱਕ ਫਕੀਰੀ ਤੋਂ ਉੱਪਰ ਉੱਠ ਕੇ, ਜੋ ਉਪਰਾਲਾ ਕੀਤਾ, ਉਸ ਨੂੰ ਸਾਰਾ ਹਿੰਦੁਸਤਾਨ ਹੀ ਨਹੀਂ ਬਲਕਿ ਸਾਰੀ ਦੁਨੀਆ ਨਮਸਕਾਰ ਕਰਦੀ ਹੈ । 1699 ਈਸਵੀਂ ਵਿੱਚ ਜਦੋਂ ਉਨ੍ਹਾਂ ਨੇ ਖਾਲਸਾ ਪੰਥ ਦੀ ਨੀਂਹ ਰੱਖੀ ਸੀ ਤਾਂ ਉਸ ਵੇਲੇ ਉਨ੍ਹਾਂ ਨੇ ਛੋਟੀਆਂ ਜਾਤਾਂ ਵਾਲਿਆਂ ਨੂੰ ਅੰਮ੍ਰਿਤ ਛਕਾ ਕੇ ਜ਼ਾਤਪਾਤ ਅਤੇ ਛੂਤ-ਛਾਤ ਦੇ ਭੇਦ-ਭਾਵ ਨੂੰ ਮਿਟਾਇਆ ਅਤੇ ਛੋਟੀ ਜਾਤਾਂ ਵਾਲਿਆਂ ਨੂੰ ਉਪਰ ਚੁੱਕ ਕੇ ਸਿੰਘ ਸਜਾਇਆ । ਸਿੰਘ ਸਜਾਉਣ ਤੋਂ ਬਾਅਦ ਜਦ ਗੁਰੂ ਜੀ ਨੇ ਦਿਆ ਸਿੰਘ ਜੀ ਨੂੰ ਕਿਹਾ ਕਿ ਉਨ੍ਹਾਂ ਨੂੰ ਵੀ ਅੰਮ੍ਰਿਤ ਛਕਾਇਆ ਜਾਵੇ ਤਾਂ ਉਸ ਵਕਤ ਦਿਆ ਸਿੰਘ ਜੀ ਨੇ ਕਿਹਾ ਕਿ ਇਹ ਅੰਮ੍ਰਿਤ ਪੰਜ ਜਾਨਾਂ ਦੇ ਕੇ ਲਿਆ ਹੈ । ਤੁਹਾਨੂੰ ਇਸ ਤਰ੍ਹਾਂ ਪੰਜ ਚੁੱਲੀਆਂ ਵਿਚ ਇਹ ਅੰਮ੍ਰਿਤ ਕਿਸ ਤਰ੍ਹਾਂ ਛਕਾ ਦੇਈਏ, ਤਾਂ ਇਤਿਹਾਸ ਦੱਸਦਾ ਹੈ ਕਿ ਗੁਰੂ ਜੀ ਇਹ ਸੁਣ ਕੇ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਦਾ ਦਿਲ ਗਦ ਗਦ ਹੋ ਗਿਆ । ਇੱਕ ਨਵੀਂ ਚੀਜ਼ ਦੀ ਪ੍ਰਥਾ ਇਸ ਵਿੱਚ ਕਾਇਮ ਕੀਤੀ ਹੈ ਜਿਸ ਗੁਰੂ ਨੇ ਅੰਮ੍ਰਿਤ ਛਕਾ ਕੇ ਉਨ੍ਹਾਂ ਨੂੰ ਪੰਜ ਪਿਆਰੇ ਥਾਪਿਆ, ਫਿਰ ਉਨ੍ਹਾਂ ਕੋਲੋਂ ਹੀ ਅੰਮ੍ਰਿਤ ਛਕਣਾ, ਇਹ ਜਾਤ ਪਾਤ ਦਾ ਭੇਦ-ਭਾਵ ਵੀ ਮਿਟਾਉਂਦਾ ਹੈ ਔਰ ਇਸ ਭੇਦ-ਭਾਵ ਦੇ ਖਾਤਮੇ ਨੇ ਸਾਡੇ ਸਮਾਜ ਨੂੰ ਮਜ਼ਬੂਤੀ ਦਿੱਤੀ ਹੈ । ਫਿਰ ਜਦੋਂ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਅੰਮ੍ਰਿਤ ਛੱਕਣ ਵਾਸਤੇ ਕੁਰਬਾਨੀ ਦਿਉ ਤੱਦ ਦਸਵੀਂ ਪਾਤਸ਼ਾਹੀ ਨੇ ਕਿਹਾ ਸੀ ਕਿ ਮੈਨੂੰ ਕੁਰਬਾਨੀ ਵਿੱਚ ਸਰਬੰਸ ਵੀ ਵਾਰਨਾ ਪਵੇ, ਮੈਂ ਸਰਬੰਸ ਵਾਰ ਕੇ ਵੀ ਅੰਮ੍ਰਿਤ ਜ਼ਰੂਰ ਛਕਣਾ ਹੈ । ਔਰ ਸਿੰਘ ਜ਼ਰੂਰ ਸਜਾਂਗਾ । (ਥੰਪਿੰਗ) ਸੋ, ਇਹ ਜੋ ਕੁਰਬਾਨੀਆਂ ਹਨ, ਇਨ੍ਹਾਂ ਦੀ ਜੋ ਸਿਪਿਰਟ ਹੈ, ਇਸ ਚੀਜ਼ ਨੇ ਸਿੱਖ ਧਰਮ ਪੈਦਾ ਕੀਤਾ ਔਰ ਫਿਰ ਧਰਮ ਦੇ ਨਾਲ-ਨਾਲ ਉਨ੍ਹਾਂ ਨੇ ਫੌਜਾਂ ਦੀ ਰਚਨਾ ਵੀ ਕੀਤੀ । ਅੱਜ ਅਸੀਂ ਸਾਰੇ ਜੋ ਆਪਣੇ ਆਪ ਨੂੰ ਸਹਿਜਧਾਰੀ ਅਖਵਾਉਂਦੇ ਹਾਂ, ਬੜਾ ਮਾਣ ਮਹਿਸੂਸ ਕਰਦੇ ਹਾਂ ਔਰ ਜੋ ਕੇਸਧਾਰੀ ਹਨ, ਉਹ ਆਪਣੇ-ਆਪ ਨੂੰ ਖਾਲਸਾ ਪੰਥ ਨਾਲ ਜੋੜਦੇ ਹਨ । ਗੁਰੂ ਸਾਹਿਬ ਦੀਆਂ ਜੋ ਕੁਰਬਾਨੀਆਂ ਹਨ, ਉਹ ਕੁਰਬਾਨੀਆਂ ਸਾਡੇ ਮਨਾਂ ਵਿੱਚ ਉਨ੍ਹਾਂ ਲਈ ਇੱਜ਼ਤ ਪੈਦਾ ਕਰਦੀਆਂ ਹਨ । ਉਨ੍ਹਾਂ ਦੀਆਂ ਇਹ ਕੁਰਬਾਨੀਅ ਲਈ ਅੱਜ ਸਾਡੀ ਹਿਸਟਰੀ ਗਵਾਹ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ 9 ਸਾਲ ਦੀ ਉਮਰ ਵਿੱਚ ਆਪਣੇ ਬਾਪ ਦੀ ਕੁਰਬਾਨੀ ਦਿੱਤੀ, ਉਸ ਤੋਂ ਬਾਅਦ ਆਪਣੇ ਬੱਚਿਆਂ ਦੀਆਂ ਕੁਰਬਾਨੀਆਂ ਦਿੱਤੀਆਂ । ਇਤਿਹਾਸ ਗਵਾਹ ਹੈ ਕਿ ਉਨ੍ਹਾਂ ਦੇ ਦ ਬੱਚਿਆਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਜਗਦੀਸ਼ ਸਾਹਨੀ]

ਨੂੰ ਧਰਮ ਲਈ ਦੀਵਾਰਾਂ ਵਿੱਚ ਚਿਣਵਾਇਆ ਗਿਆ ਔਰ ਦੋ ਫੌਜਾਂ ਨਾਲ ਲੜਦੇ ਮਾਰੇ ਗਏ। ਜੋ 300 ਸਾਲਾ ਖਾਲਸੇ ਦਾ ਜਨਮ ਦਿਵਸ ਆ ਰਿਹਾ ਹੈ ਔਰ ਜੋ ਕੁਝ ਸਾਡੇ ਸਮਾਜ ਨੂੰ, ਸਾਡੇ ਹਿੰਦੁਸਤਾਨ ਨੂੰ, ਮੈਂ ਸਮਝਦਾ ਹਾਂ ਕਿ ਸਾਰੀ ਦੁਨੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਬਕ ਦਿੱਤਾ ਸੀ, ਜੋ ਸੰਦੇਸ਼ ਦਿੱਤਾ ਸੀ, ਸਾਨੂੰ ਉਸ ਨੂੰ ਦੁਹਰਾਉਣ ਲਈ ਅੱਗੇ ਵੱਧਣਾ ਚਾਹੀਦਾ ਹੈ ਔਰ ਭਾਰਤ ਸਰਕਾਰ ਨੂੰ ਇਹ ਜ਼ਰੂਰ ਕਹਿਣਾ ਚਾਹੀਦਾ ਹੈ ਕਿ ਜੋ ਦਸਵੀਂ ਪਾਤਸ਼ਾਹੀ ਨੇ ਕੁਰਬਾਨੀਆਂ ਦਿੱਤੀਆਂ, ਉਨ੍ਹਾਂ ਨੂੰ ਯਾਦ ਰੱਖਦੇ ਹੋਏ ਇਸ ਦਿਨ ਨੂੰ ਅਮਨ ਅਤੇ ਸ਼ਾਂਤੀ ਲਈ ਮਨਾਉਣਾ ਚਾਹੀਦਾ ਹੈ। ਇਸ ਦਿਨ ਸਾਨੂੰ ਜੋ ਗੁਰੂ ਸਾਹਿਬਾਨ ਨੇ ਧਰਮ ਦੀ ਖਾਤਰ ਅਤੇ ਮਾਨਵਤਾ ਲਈ ਕੁਰਬਾਨੀਆਂ ਦਿੱਤੀਆਂ ਹਨ, ਯਾਦ ਆਉਂਦੀਆਂ ਹਨ। ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖੀਏ ਅਤੇ ਮਾਨਵਤਾ ਕਾਇਮ ਰੱਖਏ ਅਤੇ ਮਾਨਵਤਾ ਦਾ ਸੰਦੇਸ਼ ਸਾਰੀ ਦੁਨੀਆਂ ਵਿਚ ਪਹੁੰਚਾਈਏ। ਜੈ ਹਿੰਦ।

**Mr. Speaker :** Motion moved—

"WHEREAS in the year 1699 a divine and unique event occurred in the history of the world when Sahib Sri Guru Gobind Singh Ji spread a message of "Oneness of the Mankind" by creating KHALSA on the holy land of Shri Anandpur Sahib by administering the nectar for immortality 'The Amrit';

AND WHEREAS the 300th Anniversary of this great event falls in the year 1999;

THEREFORE, this House recommends to the Government of India to take steps to approach the U. N. O. to declare the year 1999 as the 'Year of Human Spirit' and celebrate it in a collective manner inter-religiously to commemorate the 300th Anniversary of this great event in order to spread His message of "Oneness of Mankind" throughout the World."

**ਸਰਦਾਰ ਮਨਜੀਤ ਸਿੰਘ ਕਲਕੱਤਾ** (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਅੱਜ ਗਿਆਰਵੀਂ ਵਿਧਾਨ ਸਭਾ ਦਾ ਜਦੋਂ ਇਜਲਾਸ ਹੋ ਰਿਹਾ ਹੈ, ਤਾਂ ਉਸ ਵਕਤ ਖਾਲਸਾ ਪੰਥ ਦੀ ਤਿੰਨ ਸੌ ਸਾਲਾ ਵਰ੍ਹੇ ਗੰਢ ਦਾ ਇਤਿਹਾਸਕ ਅਵਸਰ ਮਨਾਉਣ ਲਈ ਜੋ ਮਤਾ ਪੇਸ਼ ਕੀਤਾ ਗਿਆ ਹੈ, ਇਹ ਬੜਾ ਨੇਕ ਸ਼ਗਨ ਹੈ ਔਰ ਇਹ ਬਹੁਤ ਸ਼ੁਭ ਕਾਰਜ ਹੈ। ਜਿਸ ਵਾਸਤੇ ਮਤਾ ਪੇਸ਼ ਕੀਤਾ ਗਿਆ ਹੈ, ਸਾਰੇ ਸੰਸਾਰ ਦੇ ਇਤਿਹਾਸ ਵਿੱਚ ਐਸੀ ਪਹਿਲਾਂ ਕਦੇ ਕੋਈ ਅਲੌਕਿਕ ਘਟਨਾ ਨਹੀਂ ਵਾਪਰੀ। ਇਨਸਾਨਾਂ ਦੇ ਜਨਮ ਦਿਨ ਹੁੰਦੇ ਹਨ ਪਰ ਕਿਸੇ ਕੌਮ ਦਾ ਜਨਮ ਦਿਨ ਹੋਣਾ, ਕਿਸੇ ਇਕ ਦਿਨ ਹੋਣਾ, ਇਹ ਖਾਲਸਾ ਪੰਥ ਦੇ ਹਿੱਸੇ ਆਇਆ ਹੈ ਅਤੇ ਉਸ ਦਿਨ ਇਕ ਕੌਮ ਦੀ ਸਿਰਜਨਾ ਕੀਤੀ ਗਈ। ਇਹ ਸਮੁੱਚੀ ਕੌਮ ਦਾ ਜਨਮ ਦਿਨ ਹੈ, ਜਿਹੜਾ ਆਪਾਂ ਸਾਰਿਆਂ ਨੂੰ ਰਲ ਮਿਲ ਕੇ ਚੰਗੇ ਤਰੀਕੇ ਨਾਲ ਮਨਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਜੋ ਕੁਝ ਇਤਿਹਾਸ ਦੀ ਭੂਮਿਕਾ ਹੈ ਔਰ ਜੋ ਭਾਰਤ ਦਾ ਇਤਿਹਾਸ ਸੀ, ਜਿਥੇ ਕਿ ਦੋ ਹੀ ਆਵਾਜ਼ਾਂ ਸੁਣੀਆਂ ਜਾਂਦੀਆਂ ਸੀ; ਇੱਕ ਹਮਲਾਵਰਾਂ ਦੇ ਆਉਣ ਸਮੇਂ ਘੋੜਿਆਂ ਦੀਆਂ ਟਾਪਾਂ ਦੀਆਂ, ਦੂਸਰੀ ਹਮਲਾਵਰਾਂ ਦੇ ਜਾਣ ਸਮੇਂ ਲੋਕਾਂ ਦੀ ਚੀਖੋ-

Original with;
Punjab Vidhan Sabha
Digitized by;
Panjab Digital Library

ਪੁਕਾਰ ਦੀਆ । ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਜਿਸ ਖਾਲਸਾ ਪੰਥ ਦੀ ਸਿਰਜਣਾ ਕੀਤੀ, ਉਨ੍ਹਾਂ ਨੇ 100 ਸਾਲ ਲਗਾਤਾਰ ਖੂਨ ਦੇ ਦਰਿਆ ਪਾਰ ਕਰਕੇ ਅਤੇ ਅਨੇਕਾਂ ਕੁਰਬਾਨੀਆਂ ਕਰਕੇ ਉਨ੍ਹਾਂ ਨੇ ਇਤਿਹਾਸ ਦਾ ਰੁੱਖ ਮੋੜਿਆ ਤੇ ਜਦੋਂ ਜਮਰੌਦ ਦੇ ਕਿਲ੍ਹੇ ਦੇ ਉਤੇ ਸੁਤੰਤਰਤਾ ਅਤੇ ਆਜ਼ਾਦੀ ਦਾ ਪ੍ਰਤੀਕ ਕੇਸਰੀ ਨਿਸ਼ਾਨ ਸਾਹਿਬ ਝੁਲਾ ਦਿੱਤਾ ਗਿਆ ਔਰ ਉਸ ਤੋਂ ਬਾਅਦ ਹਿੰਦੁਸਤਾਨ ਦੀ ਪਵਿੱਤਰ ਧਰਤੀ ਵੱਲ ਕਿਸੇ ਹਮਲਾਵਰ ਨੂੰ ਮੂੰਹ ਕਰਨ ਜਾਂ ਕੈਰੀ ਨਜ਼ਰ ਕਰਨ ਦਾ ਮੌਕਾ ਨਹੀਂ ਮਿਲਿਆ । ਇਸ ਦੇ ਨਾਲ ਹੀ ਜਿਹੜੀ ਕੈਰਿਜ ਆਫ ਕੰਨਵਿਕਸ਼ਨ ਹੈ ਉਸ ਵਾਸਤੇ ਜੋ ਕੁਝ ਖਾਲਸਾ ਪੰਥ ਦੇ ਅਗਾਜ਼ ਦੇ ਨਾਲ ਕਿਹਾ ਗਿਆ ਜਾਂ ਜੋ ਕੁਝ ਕੀਤਾ ਗਿਆ, ਪਹਿਲਾਂ ਕਿਸੇ ਦੀ ਹਿੰਮਤ ਨਹੀਂ ਸੀ ਹੁੰਦੀ, ਕਿ ਮੇਰਾ ਇਮਾਨ ਕੀ ਹੈ ਤੇ ਇਮਾਨ ਕਾਇਮੀ ਤੋਂ ਵੀ ਲੋਕੀਂ ਡਰਦੇ ਸੀ । ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਅਲੱਗ ਕੌਮ ਸਾਜ਼ ਕੇ ਉਨ੍ਹਾਂ ਵਿਚ ਜੁਅਰਤ ਪੈਦਾ ਕੀਤੀ । ਉਨ੍ਹਾਂ ਨੇ ਕਿਹਾ ਕਿ :

"ਇਸ ਬਿਧਕੋ ਅਬ ਪੰਥ ਬਣਾਵੇ, ਸਗਲ ਜਗਤ ਕੇ ਨਰਿ ਇੱਕ ਥਾਏ
ਤਿਨਿ ਮੈਂ ਮਿਲੇ ਏਕ ਸਿੱਖ ਜਾਏ, ਸਭ ਤੇ ਪ੍ਰਥਿਕ ਪਛਾਨਿਉ ਪਰੇ,
ਕਬਹੂੰ ਨਾ ਰਲੇ ਕੈਸਿਉਂ ਕਰੇ ।"

ਇਹ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਜਿਹੜੀ ਐਸੇ ਇਨਸਾਨ ਦੀ ਸਿਰਜਣਾ ਕੀਤੀ ਹੈ ਉਸਦੇ ਨਾਲ ਸਾਰਾ ਇਤਿਹਾਸ ਬਦਲਿਆ ਹੈ, ਕੈਰਿਜ-ਆਫ-ਕਨਵਿਕਸ਼ਨ ਆਈ ਹੈ ਔਰ ਉਸ ਤੋਂ ਬਾਅਦ ਕੋਈ ਆਪਣੇ ਧਰਮ ਤੋਂ ਮੁਨਕਰ ਨਹੀਂ ਹੋਇਆ । ਧਰਮ ਦੀ ਆਜ਼ਾਦੀ ਦੇ ਵਾਸਤੇ, ਮਨੁੱਖੀ ਸਵੈਮਾਨ ਦੇ ਵਾਸਤੇ ਇਹ ਬਹੁਤ ਵੱਡੀ ਘਟਨਾ ਹੈ ਔਰ ਉਨ੍ਹਾਂ ਨੇ ਸਾਰੀ ਦੁਨੀਆਂ ਨੂੰ ਮਾਰਗ ਦਰਸ਼ਨ ਦਿੱਤਾ । ਫਿਰ ਵਿਸ਼ੇਸ਼ ਕਰਕੇ ਜਿਹੜੀਆਂ ਦਲਿਤ ਜਾਤੀਆਂ, ਜਿਹੜੀਆਂ ਬਹੁਤ ਚਿਰ ਤੋਂ ਪੀੜਤ ਸੀ, ਉਨ੍ਹਾਂ ਤੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਪਰਉਪਕਾਰ ਕੀਤਾ । ਉਨ੍ਹਾਂ ਨੇ ਇਕ ਐਸਾ ਸਮਾਜ ਬਣਾਇਆ, ਉਨ੍ਹਾਂ ਨੇ ਕਿਹਾ ਕਿ ਇਸ ਵਿਦਕੋ—ਮੈਂ ਹੁਣ ਐਸੇ ਸਿੰਘ ਸਾਜਾਂਗਾ ਔਰ ਐਸੀ ਕੌਮ ਦੀ ਸਿਰਜਣਾ ਕਰਾਂਗਾ, ਜਿਸ ਵਿਚ ਸਾਰੇ ਬਰਾਬਰ ਹੋਣਗੇ, ਬਰਾਬਰਤਾ ਹੋਏਗੀ, ਏਕਤਾ ਹੋਏਗੀ, ਇਕੁਅਲ ਸਟੇਟਸ ਹੋਵੇਗਾ । ਗੁਰੂ ਗੋਬਿੰਦ ਸਿੰਘ ਨੇ ਕਿਹਾ ਕਿ :

"ਸ੍ਰੀ ਅਸਪਾਨਜ਼ ਤਦਬ ਕਹਾਊਂ, ਚਿੜੀਅਨ ਤੇ ਜਬ ਬਾਜ ਤੁੜਾਊਂ
ਇਨਿ ਤੇ ਗਹਿ ਪੰਡਿਤ ਉਪਜਾਊਂ ਕਥਾ ਕਰਨ ਕੀ ਰੀਤਿ ਸਿਖਾਊਂ,
ਇਨਿ ਗਰੀਬ ਸਿੰਘਨ ਕੋ ਦਊਂ ਪਾਤਸ਼ਾਹੀ, ਯਿਹ ਯਾਦ ਕਰੇਂ ਹਮਰੀ ਗੁਰਿਆਈ,
ਜੀਵਤ ਰਹੇ ਤੋਂ ਰਾਜ ਕਰੇ ਹੈਂ, ਮਰੇ ਤੋਂ ਗੁਰ-ਪਰ ਜਾਈ ।"

ਸੋ, ਇਸ ਕਰਕੇ ਮੈਂ ਸਪੀਕਰ ਸਾਹਿਬ ਬੇਨਤੀ ਕਰਦਾ ਹਾਂ ਕਿ ਇਹ ਬਹੁਤ ਹੀ ਅਹਿਮ ਘਟਨਾ ਔਰ ਸੰਸਾਰ ਦਾ ਇਤਿਹਾਸ ਬਦਲਣ ਵਾਲੀ ਘਟਨਾ ਹੈ । ਸੰਸਾਰ ਪੱਧਰ ਦੇ ਉਤੇ ਇਸ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਜ਼ਰੂਰੀ ਹੈ । ਵਿਸ਼ੇਸ਼ ਕਰਕੇ ਪਿਛਲੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਜੀਤ ਸਿੰਘ ਕਲੱਕਤਾ]

ਸਾਲਾਂ ਦੇ ਵਿੱਚ ਜੋ ਸਿੱਖਾਂ ਦੀ ਚਰਿੱਤਰਕੁਸ਼ੀ ਕੀਤੀ ਗਈ ਔਰ ਜੋ ਸਿੱਖ ਕੌਮ ਦੇ ਉੱਤੇ ਅਪਮਾਨਜਨਕ ਦੋਸ਼ ਲਾਏ ਗਏ ਔਰ ਜਿਹੜੇ ਸਿੱਖਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ, ਹਿੰਦੁਸਤਾਨ ਦੀ ਏਕਤਾ ਤੇ ਅਖੰਡਤਾ ਬਚਾਉਣ ਲਈ ਕੁਰਬਾਨੀਆਂ ਕੀਤੀਆਂ, ਉਸ ਖਾਲਸਾ ਪੰਥ ਨੂੰ ਬਦਨਾਮ ਕਰਨ ਦੀ ਇੱਕ ਸਾਜਿਸ਼ ਰੱਚੀ ਗਈ ਅਤੇ ਖਾਲਸਾ ਪੰਥ ਦੇ ਉੱਤੇ ਅਲੱਗ ਅਲੱਗ ਤਰ੍ਹਾਂ ਦੇ ਲਾਂਛਨ ਲਾਏ ਗਏ ਕਿ ਇਹ ਸੀਸੈਸ਼ਨਿਸਟ ਹਨ, ਐਂਟੀ ਨੈਸ਼ਨਲ ਹਨ, ਹਰ ਤਰ੍ਹਾਂ ਨਾਲ ਬਦਨਾਮੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਕਰਕੇ ਵੀ ਜ਼ਰੂਰੀ ਹੈ। ਅੱਜ ਪੰਜਾਬ ਦੇ ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਦਲ ਦੀ ਸਰਕਾਰ ਬਣੀ ਹੈ। ਇਸ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਖਾਲਸਾ ਪੰਥ ਦਾ 300 ਸਾਲਾ ਪ੍ਰਕਾਸ਼ ਪੁਰਬ ਆ ਰਿਹਾ ਹੈ। ਮੈਂ ਤੁਹਾਡੇ ਦੁਆਰਾ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਇਸਦੇ ਵਾਸਤੇ ਬੜਾ ਵਿਸਤਰਿਤ ਪ੍ਰੋਗਰਾਮ ਬਣਾਉਣ ਅਤੇ ਇਹ ਕੇਵਲ ਭਾਰਤ ਸਰਕਾਰ ਨੂੰ ਲਿਖਣ ਤੱਕ ਹੀ ਸੀਮਤ ਨਾ ਕੀਤਾ ਜਾਵੇ। ਇੱਕ ਕਮੇਟੀ ਬਣਾਉਣ ਜਿਸ ਵਿਚ ਅਲੱਗ ਅਲੱਗ ਨੁਮਾਇੰਦੇ ਹੋਣ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਹੜੀ ਪੰਥ ਦੀ ਨੁਮਾਇੰਦਾ ਜਮਾਤ ਹੈ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਾਲ ਲੈ ਕੇ ਔਰ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਪ੍ਰੋਗਰਾਮ ਤਿਆਰ ਕਰੇ। ਕਮੇਟੀ ਪਹਿਲਾਂ ਪ੍ਰੋਗਰਾਮ ਤਿਆਰ ਕਰੇ ਤੇ ਫਿਰ ਉਸ ਉੱਤੇ ਐਕਸ਼ਨ ਪਲਾਨ ਉਲੀਕਿਆ ਜਾਵੇ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਕੇਵਲ "ਮਨੁੱਖੀ ਜੋਤਿ" ਦੀ ਗੱਲ ਸ਼ਾਇਦ ਲੋਕਾਂ ਨੂੰ ਬਹੁਤੀ ਸਮਝ ਨਹੀਂ ਆਉਂਦੀ। ਇਸ ਕਰਕੇ ਇਹ ਗੱਲ ਕਹੀ ਜਾਵੇ ਕਿ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਖਾਲਸਾ ਪੰਥ ਦਾ ਜਿਹੜਾ 300 ਸਾਲਾ ਸਿਰਜਣਾ ਦਿਵਸ ਆ ਰਿਹਾ ਹੈ, ਉਸ ਨੂੰ ਹਿਊਮਨ ਡਿਗਨਟੀ, ਹਿਊਮਨ ਰਾਈਟਸ, ਮਨੁੱਖੀ ਸਦਭਾਵਨਾ, ਮਨੁੱਖੀ ਆਜ਼ਾਦੀ ਤੇ ਮਨੁੱਖੀ ਸਵੈਮਾਨ ਦਾ ਦਿਨ ਕਰਕੇ ਮਨਾਇਆ ਜਾਵੇ। ਇਸ ਬਾਰੇ ਦੇਸ਼ ਵਿਦੇਸ਼ ਦੀਆਂ ਸਾਰੀਆਂ ਸਰਕਾਰਾਂ ਨੂੰ ਲਿਖਿਆ ਜਾਵੇ। ਇੱਕ ਐਸਾ ਇਤਿਹਾਸਕ ਮੈਮੋਰੀਅਲ ਬਣਾਇਆ ਜਾਵੇ ਜਿਸ ਵਿੱਚ 300 ਸਾਲਾ ਜੋ ਸਿੱਖਾਂ ਦਾ ਔਰ ਪੰਥ ਦਾ ਜੋ ਕੁਰਬਾਨੀਆਂ ਭਰਿਆ ਇਤਿਹਾਸ ਹੈ, ਰੱਖਿਆ ਜਾਵੇ ਤਾਂ ਕਿ :

"ਪਿਓ ਦਾਦੇ ਕੋ ਡਿੱਠਾ ਖ਼ਜਾਨਾ, ਤਉ ਮੇਰਾ ਮਨ ਭਇਆ ਨਿਧਾਨਾ", ਇਹ ਸਾਰੇ ਸੰਸਾਰ ਤੇ ਪ੍ਰਗਟ ਹੋ ਸਕੇ। ਮੈਂ ਇਹ ਬੇਨਤੀਆਂ ਕਰਦਾ ਹੋਇਆ ਆਸ ਰੱਖਦਾ ਹਾਂ ਕਿ ਪੰਜਾਬ ਸਰਕਾਰ ਵੱਲੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਲਦੀ ਹੀ ਇਕ ਕਮੇਟੀ ਬਣਾਉਣਗੇ ਅਤੇ ਸਾਰੀਆਂ ਸਰਕਾਰਾਂ ਨੂੰ ਲਿਖਣਗੇ। ਬਹੁਤ ਬਹੁਤ ਧੰਨਵਾਦ!

ਸਰਦਾਰ ਤੋਤਾ ਸਿੰਘ (ਮੋਗਾ) : ਸਪੀਕਰ ਸਾਹਿਬ, ਮੈਂ ਇਸ ਮਤੇ ਦੀ ਤਾਈਦ ਨਾਲ ਮਜ਼ੀਦ ਹਾਂ। ਇਸ ਮਤੇ ਦੀ ਬੜੀ ਲੋੜ ਸੀ ਕਿਉਂਕਿ ਇਸ ਪਿੱਛੇ ਇੱਕ ਬਹੁਤ ਵੱਡਾ ਇਤਿਹਾਸ ਹੈ। ਖਾਲਸੇ ਦਾ 300 ਸਾਲਾ ਜਨਮ ਦਿਵਸ ਆ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

ਪ੍ਰਮਾਤਮਾ ਆਪਣੀ ਸਭ ਦੀ ਲੰਬੀ ਉਮਰ ਕਰੇ । ਆਉਂਦੇ ਦੋ ਸਾਲਾਂ ਨੂੰ ਉਹ ਪਵਿੱਤਰ ਦਿਹਾੜਾ ਆ ਰਿਹਾ ਹੈ । 100ਵੀਂ ਸ਼ਤਾਬਦੀ ਬੜੇ ਭਾਗਾਂ ਨਾਲ ਆਉਂਦੀ ਹੈ, ਮਨੁੱਖੀ ਜੀਵਨ ਬਹੁਤ ਛੋਟਾ ਹੈ । 100 ਸਾਲਾਂ ਦੀ ਉਮਰ ਵਾਲੇ ਬਹੁਤ ਭਾਗਾਂ ਵਾਲੇ ਹੁੰਦੇ ਹਨ । ਮਤਾ ਰੱਖਣ ਵਾਲੇ ਮਾਨਯੋਗ ਮੈਂਬਰ ਜੀ ਨੇ ਦੱਸਿਆ ਹੈ ਕਿ ਸ੍ਰੀ ਕਿਰਪਾ ਰਾਮ ਦੀ ਅਗਵਾਈ ਹੇਠ ਕਸ਼ਮੀਰ ਦੇ ਪੰਡਿਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਆਨੰਦਪੁਰ ਸਾਹਿਬ ਆਏ, ਉਨ੍ਹਾਂ ਨੇ ਕਿਹਾ ਕਿ ਧਰਮ ਖਤਰੇ ਵਿੱਚ ਹੈ । ਉਥੇ ਬੈਠੇ 9 ਸਾਲਾਂ ਦੇ ਗੁਰੂ ਗੋਬਿੰਦ ਰਾਏ ਜੀ ਨੇ ਜਦੋਂ ਆਪਣੇ ਪਿਤਾ ਨੂੰ ਉਦਾਸ ਬੈਠੇ ਦੇਖਿਆ ਤਾਂ ਉਨ੍ਹਾਂ ਨੇ ਆਪਣੇ ਪਿਤਾ ਕੋਲੋਂ ਉਦਾਸੀ ਦਾ ਕਾਰਨ ਪੁੱਛਿਆ । ਗੁਰੂ ਤੇਗ ਬਹਾਦਰ ਜੀ ਨੇ ਦੱਸਿਆ ਕਿ ਇਨ੍ਹਾਂ ਦਾ ਧਰਮ ਖਤਰੇ ਵਿੱਚ ਹੈ । 9 ਸਾਲ ਦੇ ਗੁਰੂ ਗੋਬਿੰਦ ਰਾਏ ਨੇ ਪੁੱਛਿਆ ਕਿ ਧਰਮ ਕਿਵੇਂ ਬਚ ਸਕਦਾ ਹੈ ? ਗੁਰੂ ਸਾਹਿਬ ਨੇ ਕਿਹਾ ਕਿ ਜੇਕਰ ਕੋਈ ਮਹਾਂਪੁਰਸ਼ ਕੁਰਬਾਨੀ ਦੇਵੇ ਤਾਂ ਧਰਮ ਬਚ ਸਕਦਾ ਹੈ । ਗੋਬਿੰਦ ਰਾਏ ਨੇ ਕਿਹਾ ਤੁਹਾਡੇ ਤੋਂ ਵੱਧ ਮਹਾਂਪੁਰਸ਼ ਹੋਰ ਕੌਣ ਹੋ ਸਕਦਾ ਹੈ । ਇਹ ਗੱਲ ਆਪਣੇ ਬੱਚੇ ਦੇ ਮੂੰਹ ਤੋਂ ਸੁਣ ਕੇ ਗੁਰੂ ਤੇਗ ਬਹਾਦਰ ਜੀ ਨੇ ਪੰਡਿਤਾਂ ਨੂੰ ਕਹਿ ਦਿੱਤਾ ਕਿ ਔਰੰਗਜ਼ੇਬ ਨੂੰ ਹੁਕਮ ਭੇਜ ਦਿਓ ਕਿ ਜੇ ਪਹਿਲਾਂ ਸਾਡੇ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਓਗੇ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ । ਹਾਕਮਾਂ ਦੇ ਸਿਰ ਤੋਂ ਭਾਰ ਲਹਿ ਗਿਆ ਕਿ ਆਗੂ ਨੂੰ ਅਸੀਂ ਮੁਸਲਮਾਨ ਬਣਾ ਲਵਾਂਗੇ । ਗੁਰੂ ਤੇਗ ਬਹਾਦਰ ਜੀ ਦਿੱਲੀ ਦੇ ਰਸਤੇ ਤੁਰ ਪਏ । ਉਹ 300 ਸਾਲਾ ਦਿਵਸ ਵੀ ਅਸੀਂ ਬੜੀ ਸ਼ਾਨ ਨਾਲ ਮਨਾਇਆ ਸੀ । ਉਸ ਵੇਲੇ ਐਮਰਜੈਂਸੀ ਦੇ ਦੌਰਾਨ ਵੀ ਅਸੀਂ ਇਹ ਦਿਵਸ ਮਨਾਇਆ ਸੀ । ਦਿੱਲੀ ਵੱਲ ਗੁਰੂ ਤੇਗ ਬਹਾਦਰ ਜੀ ਦੇ ਨਾਲ ਭਾਈ ਜੈਤਾ ਜੀ, ਭਾਈ ਦਿਆਲਾ ਜੀ ਅਤੇ ਭਾਈ ਮਤੀ ਦਾਸ ਜੀ ਗਏ ਸਨ । ਭਾਈ ਮਤੀ ਦਾਸ ਜੀ ਨੂੰ ਆਰਿਆਂ ਨਾਲ ਚੀਰਿਆ ਗਿਆ । ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲਿਆ ਗਿਆ । ਉਹ ਹਾਕਮ ਗੁਰੂ ਤੇਗ ਬਹਾਦਰ ਜੀ ਦਾ ਮਨ ਬਦਲਣਾ ਚਾਹੁੰਦੇ ਸਨ । ਪਰ ਉਹ ਉਨ੍ਹਾਂ ਦੇ ਮਨ ਨੂੰ ਨਾ ਡੋਲਾ ਸਕੇ । ਇਤਿਹਾਸ ਵਿਚ ਐਸਾ ਕੋਈ ਸ਼ਹੀਦ ਨਹੀਂ ਮਿਲਦਾ । ਇਸ ਦੇਸ਼ ਲਈ ਗੁਰੂ ਤੇਗ ਬਹਾਦਰ ਜੀ ਨੇ ਬਹੁਤ ਵੱਡੀ ਕੁਰਬਾਨੀ ਕੀਤੀ । ਭਾਈ ਜੈਤਾ ਜੀ ਉਨ੍ਹਾਂ ਸਿੱਖਾਂ ਦੇ ਨਾਲ ਸਨ । ਉਹ ਗੁਰੂ ਜੀ ਦਾ ਸੀਸ ਚੁੱਕ ਕੇ ਕੀਰਤਪੁਰ ਸਾਹਿਬ ਆ ਗਏ । ਸੀਸ ਦੇਖ ਕੇ ਗੁਰੂ ਗੋਬਿੰਦ ਰਾਏ ਨੇ ਭਾਈ ਜੈਤਾ ਜੀ ਨੂੰ ਪੁੱਛਿਆ ਕਿ ਇਹ ਭਾਣਾ ਕਿਵੇਂ ਵਾਪਰਿਆ ? ਕੀ ਉਥੇ ਕੋਈ ਇਕੱਠ ਨਹੀਂ ਸੀ, ਕਿਸੇ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ ? ਭਾਈ ਜੈਤਾ ਜੀ ਨੇ ਕਿਹਾ ਕਿ ਇਕੱਠ ਤਾਂ ਬਹੁਤ ਸੀ । ਲੋਕਾਂ ਨੂੰ ਦੁੱਖ ਵੀ ਬਹੁਤ ਹੋਇਆ ਪਰ ਕਿਸੇ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ ਕਿ ਜ਼ੁਲਮ ਹੋ ਰਿਹਾ ਹੈ । ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ 1675 ਵਿੱਚ ਪ੍ਰਣ ਕੀਤਾ ਸੀ ਕਿ ਮੈਂ ਐਸਾ ਖਾਲਸਾ ਸਾਜਾਂਗਾ ਜਿਹੜਾ ਲੱਖਾਂ ਲੋਕਾਂ ਵਿਚ ਵੀ ਦਿਖਾਈ ਦੇਵੇ । ਜਿਹੜਾ ਜ਼ੁਲਮ ਸਮੇਂ ਹਾਅ ਦਾ ਨਾਅਰਾ ਮਾਰੇ । ਇਹ ਵਚਨ ਉਨ੍ਹਾਂ ਨੇ 1675 ਵਿਚ 9 ਸਾਲ ਦੀ ਉਮਰ ਵਿਚ ਕੀਤਾ ਸੀ ਅਤੇ 1699 ਵਿਚ 24 ਸਾਲ ਬਾਅਦ ਖਾਲਸੇ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਉਨ੍ਹਾਂ ਨੇ ਖਾਲਸੇ ਨੂੰ ਜਨਮ ਦਿੱਤਾ ਅਤੇ ਕਿਹਾ ਕਿ ਜਿਥੇ ਕਿਤੇ ਜ਼ਬਰ ਜ਼ੁਲਮ ਹੋਵੇਗਾ ਉਥੇ ਸਾਮ੍ਹਣੇ ਆ ਕੇ ਮਨੁੱਖਤਾ ਦੇ ਭਲੇ ਲਈ ਉਹ ਟਾਕਰਾ ਕਰੇਗਾ। ਇਸ ਲਈ ਮਨੁੱਖਤਾ ਦੇ ਭਲੇ ਲਈ ਇਹ ਦਿਵਸ ਮਨਾਇਆ ਜਾਵੇ। ਇਸ ਲਈ ਜਿਥੇ ਅਸੀਂ ਹਿੰਦੁਸਤਾਨ ਦੀ ਸਰਕਾਰ ਨੂੰ ਇਹ ਦਿਨ ਮਨਾਉਣ ਲਈ ਰਿਕੁਮੈਂਡ ਕਰਨਾ ਹੈ ਉਥੇ ਮੈਂ ਜਾਤੀ ਤੌਰ ਤੇ ਬਾਦਲ ਸਾਹਿਬ ਨੂੰ ਬੇਨਤੀ ਕਰਾਂਗਾ ਕ ਇਹ ਦਿਹਾੜਾ ਤੁਹਾਡੇ ਰਾਜ ਭਾਗ ਦੇ ਸਮੇਂ ਵਿਚ ਮਨਾਇਆ ਜਾਣਾ ਹੈ, ਇਸ ਲਈ ਤੁਸੀਂ ਆਪਣਾ ਸਾਰਾ ਵਾਹ ਲਗਾ ਦਿਓ ਕਿ ਇਹ 300 ਵਰ੍ਹੇ ਗੰਢ ਸਾਰੀ ਦੁਨੀਆਂ ਦੇ ਵਿਚ ਮਨਾਈ ਜਾਵੇ ਕਿਉਂਕਿ ਦੁਨੀਆਂ ਦੇ ਹਰ ਕੋਨੇ ਵਿਚ ਸਾਡੇ ਅੰਮ੍ਰਿਤਧਾਰੀ ਸਿੱਖ ਭਰਾ ਬੈਠੇ ਹੋਏ ਹਨ ਅਤੇ ਉਹ ਵੀ ਇਸ ਦੀਆਂ ਖੁਸ਼ੀਆਂ ਮਨਾ ਸਕਣ। ਇਸ ਲਈ ਸਾਡੀ ਸਰਕਾਰ ਨੂੰ ਵੱਧ ਤੋਂ ਵੱਧ ਉਦਮ ਕਰਕੇ, ਇਸ ਨੂੰ ਸਮੂਹਿਕ ਰੂਪ ਅਤੇ ਅੰਤਰ ਧਾਰਮਿਕ ਰੂਪ ਵਿਚ ਸਾਂਝੇ ਤੌਰ ਤੇ ਮਨਾਉਣ ਲਈ ਸੰਯੁਕਤ ਰਾਸ਼ਟਰ ਸੰਘ (ਯੂ. ਐਨ. ਓ.) ਨੂੰ ਪਹੁੰਚ ਕਰਨ ਲਈ ਕਾਰਵਾਈ ਕਰਨੀ ਚਾਹੀਦੀ ਹੈ। ਇਸ ਮਹਾਨ ਘਟਨਾ ਦੀ 300ਵੀਂ ਵਰ੍ਹੇ ਗੰਢ ਨੂੰ ਸਹੀ ਢੰਗ ਨਾਲ ਮਨਾਇਆ ਜਾਵੇ ਤਾਂ ਜੋ ਉਨ੍ਹਾਂ ਦੇ "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ" ਦੇ ਸੁਨੇਹੇ ਨੂੰ ਸਾਰੇ ਸੰਸਾਰ ਵਿਚ ਪਹੁੰਚਾਇਆ ਜਾ ਸਕੇ। ਸਾਨੂੰ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਦੋ ਗੱਲਾਂ ਦੀ ਪਾਲਣਾ ਕਰਨ ਲਈ ਆਦੇਸ਼ ਦਿੱਤਾ ਸੀ। ਪਹਿਲੀ ਉਨ੍ਹਾਂ ਨੇ ਮਨੁੱਖਤਾ ਦੀ ਭਲਾਈ ਲਈ ਬਹੁਤ ਵੱਡੀ ਗੱਲ ਕੀਤੀ ਸੀ। ਉਨ੍ਹਾਂ ਨੇ ਪਹਿਲੀ ਗੱਲ ਸਾਨੂੰ ਹੁਕਮ ਕੀਤਾ ਸੀ ਕਿ ਕੋਈ ਕੁੜੀ ਮਾਰ ਨਾ ਹੋਵੇ ਅਤੇ ਕੁੜੀ ਮਾਰਨ ਵਾਲੇ ਨਾਲ ਕੋਈ ਸਬੰਧ ਨਹੀਂ ਰੱਖਣਾ। ਕਿਉਂਕਿ ਇਹ ਸਾਡੇ ਸਾਹਮਣੇ ਹੈ ਕਿ ਅੱਜ ਤੋਂ 200 ਸਾਲ ਪਹਿਲੇ ਜਿਹੜੇ ਤਕੜੇ ਸਿੱਖ ਪਰਿਵਾਰ ਹੁੰਦੇ ਸਨ ਉਹ ਆਪਣੇ ਘਰ ਵਿਚ ਕੁੜੀ ਹੋਣ ਦੇ ਨਾਲ ਹੀ ਮਾਰ ਦਿੰਦੇ ਸਨ ਅਤੇ ਉਸ ਨੂੰ ਜਨਮ ਹੋਣ ਤੋਂ ਬਾਅਦ ਹੀ ਧਰਤੀ ਵਿਚ ਦੱਬ ਦਿੰਦੇ ਸਨ ਅਤੇ ਅੱਜ ਕੱਲ੍ਹ ਸਾਇੰਸ ਦੇ ਜ਼ਮਾਨੇ ਵਿਚ ਅਲਟਰਾ ਸਾਊਂਡ ਕਰਵਾ ਕੇ ਪਹਿਲੇ ਪਤਾ ਕਰਵਾ ਲੈਂਦੇ ਹਨ ਕਿ ਕੁੜੀ ਹੋਣੀ ਹੈ ਜਾਂ ਮੁੰਡਾ ਹੋਣਾ ਹੈ। ਕੁੜੀ ਹੋਣ ਦੀ ਸੂਰਤ ਵਿਚ ਕੁੜੀ ਨੂੰ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ। ਇਸ ਉੱਤੇ ਬਿਲਕੁਲ ਬੈਨ ਹੋਣਾ ਚਾਹੀਦਾ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਹੁਕਮ ਦੇ ਮੁਤਾਬਿਕ ਇਹ ਮਨੁੱਖਤਾ ਦੇ ਨਾਲ ਇਨਜਸਟਿਸ ਹੈ, ਇਸ ਚੀਜ਼ ਨੂੰ ਬੰਦ ਕਰਨਾ ਚਾਹੀਦਾ ਹੈ। ਗੁਰੂ ਮਹਾਰਾਜ ਨੇ ਇਥੇ ਤੱਕ ਕਿਹਾ ਸੀ ਕਿ ਉਸ ਦੇ ਨਾਲ ਸਬੰਧ ਹੀ ਤੋੜ ਲਏ ਜਾਣ ਜਿਹੜਾ ਕੁੜੀ ਮਾਰ ਹੋਵੇ। ਪਤਾ ਨਹੀਂ ਹੁੰਦਾ ਕਿ ਕਿਸ ਕੁੜੀ ਦੇ ਘਰ ਕਿਸ ਮਹਾਨ ਪੁਰਸ਼ ਨੇ ਜਨਮ ਲੈਣਾ ਹੈ ਅਤੇ ਦੇਸ਼ ਦਾ ਨਾਂ ਉੱਚਾ ਕਰਨਾ ਹੁੰਦਾ ਹੈ। ਇਸ ਲਈ ਉਸ ਨੂੰ ਇਸ ਦੁਨੀਆਂ ਦੇ ਵਿੱਚ ਆਉਣ ਦਾ ਮੌਕਾ ਮਿਲਣਾ ਚਾਹੀਦਾ ਹੈ ਅਤੇ ਮਨੁੱਖੀ ਜੀਵਨ ਪ੍ਰਦਾਨ ਕਰਨਾ ਚਾਹੀਦਾ ਹੈ। ਇਹ ਕੁੜੀਆਂ ਦੇ ਨਾਲ ਜਿਹੜਾ ਅਤਿਆਚਾਰ ਹੈ ਇਸ ਨੂੰ ਖਤਮ ਕਰਨਾ ਚਾਹੀਦਾ ਹੈ। ਇਸ ਨੂੰ ਰੋਕਣ ਲਈ ਸਾਡੀ ਸਰਕਾਰ ਨੂੰ ਵੱਧ ਤੋਂ ਵੱਧ ਯਤਨ ਕਰਨੇ ਚਾਹੀਦੇ ਹਨ। ਮੈਨੂੰ ਇਕ ਵਾਕਿਆ ਯਾਦ ਹੈ ਕਿ ਬਰਨਾਲਾ-ਸੰਗਰੂਰ ਸੜਕ ਤੇ ਇਕ ਪਿੰਡ ਹੈ, ਜਿਥੇ ਇਕ ਕੁੜੀ ਨੇ ਜਨਮ ਲਿਆ ਸੀ। ਜਨਮ ਲੈਣ ਤੋਂ 1-2 ਘੰਟੇ ਬਾਅਦ

Original with;
Punjab Vidhan Sabha
Digitized by;
Panjab Digital Library

ਉਸ ਨੂੰ ਧਰਤੀ ਵਿਚ ਦੱਬ ਦਿੱਤਾ ਗਿਆ, ਪਰ ਜਦੋਂ ਬਾਬਾ ਗੁੱਜ਼ਰ ਸਿੰਘ ਉਥੇ ਪਹੁੰਚੇ ਤਾਂ ਉਨ੍ਹਾਂ ਨੇ ਵੇਖਿਆ ਕਿ ਇਸ ਘਰ ਵਿਚ ਇਹ ਕੁਝ ਹੋਇਆ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਘਰ ਵਿਚ ਜਿਹੜੇ ਜੀਅ ਨੇ ਜਨਮ ਲਿਆ ਹੈ, ਮੈਂ ਪਹਿਲਾਂ ਉਸ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ ਫੇਰ ਪਰਸ਼ਾਦਾ ਲਵਾਂਗਾ। ਕਿਉਂਕਿ ਬਾਬਾ ਗੁੱਜ਼ਰ ਸਿੰਘ ਇਹ ਜਾਣੀਜਾਣ ਸਨ। ਹੁਣ ਘਰ ਵਾਲੇ ਮੁਸ਼ਕਲ ਵਿਚ ਆ ਗਏ ਕਿ ਕੀ ਕਰੀਏ ? ਉਨ੍ਹਾਂ ਨੇ ਕਿਹਾ ਕਿ ਉਸ ਕੁੜੀ ਨੂੰ ਅਸੀਂ ਧਰਤੀ ਵਿਚ ਦੱਬ ਦਿੱਤਾ ਹੈ ਤਾਂ ਮਹਾਂਪੁਰਸ਼ਾਂ ਨੇ ਉਸ ਨੂੰ ਕੱਢਣ ਲਈ ਕਿਹਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਕ ਦਿਨ ਇਹ ਕੁੜੀ ਬਹੁਤ ਵੱਡੇ ਮਹਾਨ ਪੁਰਸ਼ ਨੂੰ ਜਨਮ ਦੇਵੇਗੀ ਅਤੇ ਕੁਲ ਦਾ ਨਾਂ ਰੋਸ਼ਨ ਕਰੇਗੀ। ਉਸ ਕੁੜੀ ਨੂੰ ਕੱਢਿਆ ਗਿਆ ਅਤੇ ਬਾਬਾ ਗੁੱਜ਼ਰ ਸਿੰਘ ਮਹਾਰਾਜ ਨੇ ਉਸ ਦੇ ਦਰਸ਼ਨ ਕੀਤੇ ਅਤੇ ਫੇਰ ਪ੍ਰਸ਼ਾਦਾ ਲਿਆ। ਉਸ ਕੁੜੀ ਦੀ ਸ਼ਾਦੀ ਹੋਈ, ਜਿਸ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਜਨਮ ਲਿਆ, ਜਿਸ ਨੇ ਪੰਜਾਬ ਤੋਂ ਲੈ ਕੇ ਕੰਧਾਰ ਤੱਕ ਜਿੱਤ ਪ੍ਰਾਪਤ ਕੀਤੀ ਅਤੇ ਉਸ ਯੋਧੇ ਨੇ ਪੰਜਾਬ ਦਾ ਨਾਂ ਉੱਚਾ ਕੀਤਾ, ਸਿੱਖਾਂ ਦਾ ਨਾਂ ਉੱਚਾ ਕੀਤਾ। ਉਸ ਵਕਤ ਮੁਗ਼ਲ ਹਿੰਦੁਸਤਾਨ ਦੇ ਵਿਚ ਬੜੀ ਲੁੱਟ ਖਸੁੱਟ ਕਰ ਰਹੇ ਸਨ, ਉਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਰੋਕਿਆ ਅਤੇ ਲੋਕਾਂ ਨੂੰ ਇਨਸਾਫ਼ ਦਿੱਤਾ ਅਤੇ ਧਰਮ ਦੀ ਰੱਖਿਆ ਕੀਤੀ। ਉਨ੍ਹਾਂ ਨੇ ਹਿੰਦੁਸਤਾਨ ਦੀ ਰੱਖਿਆ ਲਈ ਹਰੀ ਸਿੰਘ ਨਲੂਏ ਵਰਗੇ ਜਰਨੈਲ ਰੱਖੇ ਸਨ। ਮਹਾਰਾਜ ਰਣਜੀਤ ਸਿੰਘ ਦੀ ਸਾਡੇ ਲਈ ਬਹੁਤ ਵੱਡੀ ਦੇਣ ਹੈ ਅਤੇ ਉਨ੍ਹਾਂ ਨੇ ਵੀ ਕਿਹਾ ਸੀ ਕਿ ਕੁੜੀਆਂ ਨੂੰ ਨਾ ਮਾਰਿਆ ਜਾਵੇ। ਇਸ ਤਰ੍ਹਾਂ, ਉਸ ਨੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਹੁਕਮ ਕਿ ਕੁੜੀਆਂ ਨੂੰ ਨਾ ਮਾਰਿਆ ਜਾਵੇ ਅਤੇ ਇਸ ਤਰ੍ਹਾਂ ਕਰਨ ਵਾਲੇ ਨਾਲ ਕੋਈ ਮਿਲ-ਵਰਤਨ ਨਾ ਰੱਖਿਆ ਜਾਵੇ, ਪੂਰਾ ਕੀਤਾ। ਦੂਜਾ ਗੁਰੂ ਮਹਾਰਾਜ ਜੀ ਨੇ ਨਸ਼ੇ ਦੇ ਖਿਲਾਫ਼ ਆਵਾਜ਼ ਉਠਾਈ। ਉਹ ਚਾਹੁੰਦੇ ਸਨ ਕਿ ਸਮਾਜ ਨਸ਼ੇ ਰਹਿਤ ਹੋਵੇ। ਪਰ ਤੁਸੀਂ ਅੱਜ ਵੇਖ ਲਵੋਂ ਸਾਡਾ ਨੌਜਵਾਨ ਨਸ਼ੇ ਦੀ ਗਿਰਿਫ਼ਤ ਵਿਚ ਫੱਸ ਗਿਆ ਹੈ ! ਸਾਨੂੰ ਤਕੜੇ ਹੋ ਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਹੁਕਮ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਸਮਾਜ ਵਿਚੋਂ ਨਸ਼ੇ ਨੂੰ ਬਿਲਕੁਲ ਖਤਮ ਕਰ ਦੇਣਾ ਚਾਹੀਦਾ ਹੈ। ਇਹ ਇਕ ਨਸ਼ਾ ਹੀ ਹੈ ਜਿਹੜਾ ਸਰੀਰ ਨੂੰ ਖੋਖਲਾ ਕਰ ਦਿੰਦਾ ਹੈ ਅਤੇ ਇਸ ਨਸ਼ੇ ਨਾਲ ਹੀ ਸਰੀਰ ਦੇ ਵਿਚ ਕਈ ਬਿਮਾਰੀਆਂ ਪੈਦਾ ਹੁੰਦੀਆਂ ਹਨ। ਇਸ ਲਈ ਸਮਾਜ ਨੂੰ ਨਸ਼ੇ ਰਹਿਤ ਕਰਨ ਲਈ ਸਰਕਾਰ ਵਲੋਂ ਕਦਮ ਚੁੱਕੇ ਜਾਣੇ ਚਾਹੀਦੇ ਹਨ। ਨਸ਼ੇ ਦੇ ਨਾਲ ਸਾਡਾ ਸਰੀਰ ਨਸ਼ੇ ਦਾ ਗੁਲਾਮ ਹੋ ਜਾਂਦਾ ਹੈ। ਇਸ ਨੂੰ ਵੇਖ ਕੇ 1699 ਵਿੱਚ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਨਸ਼ੇ ਨੂੰ ਬੰਦ ਕਰਨ ਦਾ ਹੁਕਮ ਜ਼ਾਰੀ ਕੀਤਾ ਸੀ ਅਤੇ ਸਿੱਖਾਂ ਨੂੰ ਨਸ਼ੇ ਰਹਿਤ ਹੋਣ ਲਈ ਕਿਹਾ ਸੀ ਅਤੇ 5 ਪਿਆਰਿਆਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾਇਆ ਸੀ। ਅੱਜ ਅਸੀਂ ਇਸ ਮਤੇ ਰਾਹੀਂ 300ਵੀਂ ਵਰ੍ਹੇ ਗੰਢ ਮਨਾਉਣ ਲਈ ਯੂ. ਐਨ. ਓ. ਨੂੰ ਸੈਂਟਰਲ ਗੌਰਮਿੰਟ ਦੇ ਰਾਹੀਂ ਪਹੁੰਚ ਕਰ ਰਹੇ ਹਾਂ ਤਾਂ ਕਿ ਇਸ ਨੂੰ ਸਾਰੀ ਦੁਨੀਆਂ ਦੇ ਵਿਚ ਮਨਾਇਆ ਜਾ ਸਕੇ। ਇਸ ਮਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਦੀ ਮੈਂ ਪੁਰਜ਼ੋਰ ਸ਼ਬਦਾਂ ਦੇ ਨਾਲ ਪ੍ਰੋੜਤਾ ਕਰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ।

**ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦ ਭਲਾਈ ਮੰਤਰੀ** (ਸਰਦਾਰ ਗੁਰਦੇਵ ਸਿੰਘ ਬਾਦਲ) : ਸਪੀਕਰ ਸਾਹਿਬ, ਇਹ ਜਿਹੜਾ ਮਤਾ ਅੱਜ ਇਸ ਹਾਊਸ ਦੇ ਵਿਚ ਰਾਜਾ ਨਰਿੰਦਰ ਸਿੰਘ ਅਤੇ ਸ੍ਰੀ ਜਗਦੀਸ਼ ਸਾਹਨੀ ਜੀ ਨੇ ਪੇਸ਼ ਕੀਤਾ ਹੈ ਇਸ ਦੀ ਸਮੇਂ ਮੁਤਾਬਿਕ ਬਹੁਤ ਲੋੜ ਸੀ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਅੱਜ ਖਾਲਸੇ ਦਾ ਜਨਮ ਦਿਨ ਮਨਾਉਣ ਵਾਸਤੇ ਹਾਊਸ ਦੇ ਵਿਚ ਮਤਾ ਲਿਆਂਦਾ ਗਿਆ ਹੈ ਇਹ ਮਤਾ ਬਹੁਤ ਹੀ ਜ਼ਰੂਰੀ ਸੀ। ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੂੰ ਖਾਲਸਾ ਪੰਥ ਦੀ ਸਿਰਜਨਾ ਕਿਉਂ ਕਰਨੀ ਪਈ ? ਥੋੜ੍ਹਾ ਜਿਹਾ ਸਮਾਂ ਮੈਂ ਤੁਹਾਡਾ ਇਸ ਤੇ ਜ਼ਰੂਰ ਲੈਣਾ ਚਾਹੁੰਦਾ ਹਾਂ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਸੀ ਜਦੋਂ ਸੰਮਤ 1756 ਬਿਕਰਮੀ ਸੀ, ਹਿਜ਼ਰੀ ਮੁਤਾਬਿਕ 1128 ਸੀ ਅਤੇ ਈਸਵੀ ਸੰਮਤ 1699 ਸੀ। ਨਾਨਕ ਸ਼ਾਹੀ ਸੰਮਤ 230 ਸੀ। ਉਸ ਦਿਨ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ 33 ਸਾਲ 3 ਮਹੀਨੇ ਅਤੇ ਕੁਝ ਦਿਨ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮਿਆਨੋਂ ਤਲਵਾਰ ਸੂਤ ਕੇ ਇਕ ਵੱਡੀ ਸਟੇਜ ਤੇ ਖੜ੍ਹੇ ਹੋ ਕੇ 80,000 ਦੇ ਇੱਕਠ ਵਿਚ ਕਿਹਾ ਕਿ ਅੱਜ ਮੈਨੂੰ ਇਕ ਸਿਰ ਚਾਹੀਦਾ ਹੈ। ਕੋਈ ਹੈ ਬਹਾਦਰ ਜਿਹੜਾ ਮੇਰੀ ਇਹ ਸ਼ਰਤ ਪੂਰੀ ਕਰੇ ? ਕਿਉਂਕਿ ਮੈਂ ਬੁਜ਼-ਦਿਲਾਂ ਨੂੰ, ਡਰਪੋਕਾਂ ਨੂੰ, ਕਾਇਰਾਂ ਨੂੰ, ਖੁਦਗਰਜ਼ਾਂ ਨੂੰ ਨਵਾਂ ਜੀਵਨ ਦੇਣਾ ਚਾਹੁੰਦਾ ਹਾਂ। ਕੋਈ ਤੁਹਾਡੇ ਵਿਚੋਂ ਉਠੇ ਜਿਹੜਾ ਆਪਣਾ ਸਿਰ ਭੇਟਾ ਕਰੇ, ਮੇਰੀ ਇਹ ਤਲਵਾਰ ਜਿਹੜੀ ਹੈ ਇਹ ਇਕ ਨੌਜਵਾਨ ਦਾ ਖੂਨ ਮੰਗਦੀ ਹੈ। ਜਦੋਂ ਫਿਰ ਦੂਸਰੀ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੂੰਹੋਂ ਇਹ ਸ਼ਬਦ ਕਿਹਾ ਤਾਂ ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਇੱਕ ਹਿੰਦੂਆਂ ਦਾ ਮੁੰਡਾ, ਖੱਤਰੀਆਂ ਦੇ ਘਰ ਪੈਦਾ ਹੋਇਆ, ਜਿਸ ਦਾ ਨਾਮ ਦਇਆ ਰਾਮ ਸੀ, ਲਾਹੌਰ ਦੇ ਵਿੱਚ ਪੈਦਾ ਹੋਇਆ, ਉਠ ਕੇ ਖੜ੍ਹਾ ਹੋ ਗਿਆ, ਕਹਿੰਦਾ, "ਸਤਿਗੁਰੂ ਗਲਤੀ ਹੋ ਗਈ, ਸੱਚੇ ਪਾਤਸ਼ਾਹ ਮੁਆਫ ਕਰ ਦਿਉ। ਤੁਸੀਂ ਪਹਿਲਾਂ ਬੋਲੇ ਸੀ ਕਿ ਮੈਨੂੰ ਇਕ ਸਿਰ ਦੀ ਲੋੜ ਹੈ ਤਾਂ ਮੇਰੇ ਕੋਲੋਂ ਗਲਤੀ ਹੋਈ ਕਿ ਤੁਹਾਨੂੰ ਦੂਜੀ ਵਾਰ ਆਖਣਾ ਪਿਆ ਤਾਂ ਉਹ ਹਿੰਦੂਆਂ ਦਾ ਮੁੰਡਾ ਉਠਿਆ ਅਤੇ ਇਹ ਸ਼ਬਦ ਕਹੇ ਕਿ, "ਸਤਿਗੁਰੂ, ਮੇਰਾ ਸਿਰ ਹਾਜ਼ਰ ਹੈ।" ਗੁਰੂ ਗੋਬਿੰਦ ਸਾਹਿਬ ਨੇ ਉਸ ਖੱਤਰੀਆਂ ਦੇ ਮੁੰਡੇ ਨੂੰ ਤੰਬੂ ਵਿਚ ਲਿਜਾ ਕੇ ਉਸ ਦਾ ਸਿਰ ਕਤਲ ਕਰ ਦਿੱਤਾ ਅਤੇ ਫਿਰ ਸਿਰ ਦੀ ਮੰਗ ਕੀਤੀ। ਇਹ ਉਨ੍ਹਾਂ ਨੂੰ ਕਿਉਂ ਕਰਨਾ ਪਿਆ ਕਿਉਂਕਿ ਹਿੰਦੂ ਅਤੇ ਸਿੱਖ ਦਾ ਆਪਸ ਵਿਚ ਰਿਸ਼ਤਾ ਹੈ, ਇਹ ਦੁਨੀਆਂ ਵਿਚੋਂ ਵੱਖਰਾ ਰਿਸ਼ਤਾ ਹੈ। ਬਾਅਦ ਵਿੱਚ ਐਸੇ ਭਾਣੇ ਵਰਤੇ ਜਿਸ ਦੇ ਵਿੱਚ ਹਿੰਦੂ ਅਤੇ ਸਿੱਖ ਨੂੰ ਦੂਰ ਕਰਨ ਵਾਸਤੇ ਮਾੜੇ ਯਤਨ ਹੋਏ। ਇਹ ਸਿਆਸੀ ਗੱਲਾਂ ਮੈਂ ਫੇਰ ਕਿਸੇ ਸਮੇਂ ਕਰਾਂਗਾ। ਅੱਜ ਮੈਂ ਇਸੇ ਵਿਸ਼ੇ ਉਪਰ ਕੁੱਝ ਕਹਿਣਾ ਚਾਹੁੰਦਾ ਹਾਂ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਖਾਲਸਾ ਪੰਥ ਸਾਜਨ ਵਾਸਤੇ ਤਾਂ ਮਜ਼ਬੂਰ ਹੋਣਾ ਪਿਆ ਕਿਉਂਕਿ ਜਦੋਂ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿੱਚ ਸੱਦਿਆ ਤਾਂ ਗੁਰੂ ਤੇਗ ਬਹਾਦਰ ਜੀ ਨੇ ਉਸ ਨੂੰ ਪੁੱਛਿਆ ਕਿ ਤੂੰ ਕੀ ਚਾਹੁੰਦਾ ਹੈ ਤਾਂ

Original with;
Punjab Vidhan Sabha
Digitized by;
Panjab Digital Library

ਹਿਸਟਰੀ ਲਿਖਣ ਵਾਲੇ ਨੇ ਕਿਹਾ ਕਿ ਔਰੰਗਜ਼ੇਬ ਨੇ ਕਿਹਾ ਕਿ "ਹਿੰਦੂਆਂ ਦੇ ਅਸੀਂ ਮੰਦਰ ਸ਼ਿਵਾਲੇ ਢਾਹ ਦੇਵਾਂਗੇ।" ਗੁਰੂ ਸਾਹਿਬ ਨੇ ਕਿਹਾ ਕਿ "ਅਸੀਂ ਇਹ ਨਹੀਂ ਹੋਣ ਦੇਣਾ, ਅਸੀਂ ਮੰਦਰ ਸ਼ਹੀਦੀ ਬਣਾ ਦਿਆਂਗੇ।" ਔਰੰਗਜ਼ੇਬ ਨੇ ਆਖਿਆ "ਆਰਤੀ ਦਾ ਅਸੀਂ ਗੁਰੂ ਜੀ! ਥਾਲ ਤੁੜਵਾ ਦਿਆਂਗੇ।" ਗੁਰੂ ਜੀ ਨੇ ਆਖਿਆ ਕਿ "ਅਸੀਂ ਆਪਣੀ ਖੋਪੜੀ ਦਾ ਨਵਾਂ ਹੀ ਥਾਲ ਬਣਾ ਦਿਆਂਗੇ" ਔਰੰਗਜ਼ੇਬ ਨੇ ਆਖਿਆ ਕਿ "ਅਸੀਂ ਹਿੰਦੂਆਂ ਦੇ ਮੰਦਰ ਸ਼ਿਵਾਲੇ ਢਾਹ ਦਿਆਂਗੇ"। ਗੁਰੂ ਜੀ ਨੇ ਆਖਿਆ ਕਿ "ਅਸੀਂ ਮੰਦਰ ਨਹੀਂ ਢਹਿਣ ਦੇਣੇ।" ਔਰੰਗਜ਼ੇਬ ਨੇ ਆਖਿਆ, "ਹਿੰਦੂਆਂ ਨੂੰ ਅਸੀਂ ਮੋਮਨਾਂ ਨਾਲ ਮਿਲਾ ਦੇਆਂਗੇ।" ਗੁਰਾਂ ਆਖਿਆ ਕਿ "ਇਹ ਨਹੀਂ ਹੋਣ ਦੇਣਾ ਤੀਸਰਾ ਪੰਥ ਸਜ਼ਾ ਦਿਆਂਗੇ।" ਗੁਰੂ ਤੇਗ ਬਹਾਦਰ ਜੀ ਦੇ ਬੋਲੇ ਹੋਏ ਇਹ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਨੇ ਫਿਰ ਆਨੰਦਪੁਰ ਸਾਹਿਬ ਵਿਚ ਪੂਰੇ ਕੀਤੇ। ਜਿਹੜਾ ਸਿੱਖੀ ਦਾ ਸਿਧਾਂਤ ਹੈ ਉਹ ਹੈ ਗੁਰੂ ਗ੍ਰੰਥ ਸਾਹਿਬ। ਗੁਰੂ ਗ੍ਰੰਥ ਸਾਹਿਬ, ਸਿੱਖੀ ਦਾ ਸਿਧਾਂਤ, ਗੁਰੂ ਪੰਚਮ ਪਾਤਸ਼ਾਹ ਜੀ ਨੇ ਸਾਜਿਆ ਅਤੇ ਫਿਰ ਉਨ੍ਹਾਂ ਨੇ, ਗੁਰੂ ਪੰਚਮ ਪਾਤਸ਼ਾਹ ਜੀ ਨੇ ਇਹ ਨਹੀਂ ਵੇਖਿਆ ਕਿ ਇਸ ਸਿਧਾਂਤ ਵਿੱਚ ਕਿਸ ਕਿਸ ਨੂੰ ਮੌਕਾ ਦਿੱਤਾ ਜਾਵੇ ਤਾਂ ਫਿਰ ਗੁਰੂ ਪੰਚਮ ਪਾਤਸ਼ਾਹ ਜੀ ਨੇ ਇਹ ਸਿਧਾਂਤ ਸਾਜਨ ਵੇਲੇ ਫਰੀਦ ਨਿਵਾਜ਼ੀ, ਧੰਨਾ ਮੂਰਤੀ ਪੂਜ, ਬਹਿਨੀ ਬਿਹਾਰ ਦਾ, ਤਰਲੋਚਨ ਮੱਧ ਪ੍ਰਦੇਸ਼ ਦਾ, ਸੈਨ ਭਗਤ ਨਾਈ, ਨਾਮ ਦੇਵ ਛਿੰਬਾ, ਕਬੀਰ ਜਲਾਹਾ ਤੇ ਰਾਮਦਾਸ ਚਮਿਆਰ, ਜੁੱਤੀਆਂ ਦੇ ਜੋੜੇ ਗੰਢਣ ਵਾਲਾ, ਜਿਹੜਾ ਕਹਿੰਦਾ : "ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜ਼ ਗੁਸਾਈਆਂ ਮੇਰਾ ਮਾਥੈ ਛਤ੍ਰ ਧਰੈ।" ਇਸ ਲਈ ਦਸਾਂ ਗੁਰੂਆਂ ਦੇ ਨਾਂ ਜਿਹੜੇ ਹਨ, ਉਹ ਵੀ ਸਾਡੇ ਹਿੰਦੂ ਭਰਾਵਾਂ ਦੇ ਨਾਂ ਉਤੇ ਹੀ ਹਨ ਪਰ ਐਸਾ ਪਾੜਾ ਪਾਇਆ ਗਿਆ ਹਿੰਦੂ-ਸਿੱਖਾਂ ਨੂੰ ਦੂਰ ਕਰਨ ਵਾਸਤੇ। ਜਿਹੜੀ ਸਿੱਖੀ ਹੈ, ਉਹ ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੋਈ ਹੈ। ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮ ਦਾਸ, ਗੁਰੂ ਅਰਜਨ ਦੇਵ, ਗੁਰੂ ਹਰ ਗੋਬਿੰਦ, ਗੁਰੂ ਹਰ ਰਾਏ, ਗੁਰੂ ਹਰਿ ਕ੍ਰਿਸ਼ਨ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਰਾਏ। ਗੁਰੂ ਗੋਬਿੰਦ ਸਿੰਘ ਦਾ ਨਾਂ ਵੀ ਗੋਬਿਦ ਰਾਏ ਸੀ। ਇਸ ਤੋਂ ਪਹਿਲਾਂ ਸਿੰਘ ਨਹੀਂ ਸੀ। ਸਿੰਘ ਸਾਜਨ ਵਾਸਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਿਹੜਾ ਹਿੰਦੂਆਂ ਦਾ ਮੁੰਡਾ ਜਿਸਨੇ ਪਹਿਲਾਂ ਸਿਰ ਦਿੱਤਾ ਸੀ, ਖੱਤਰੀਆਂ ਦੇ ਮੰਡੇ ਨੂੰ ਜ਼ੱਥੇਦਾਰੀ ਦੇ ਦਿੱਤੀ, ਲੀਡਰ ਬਣਾ ਦਿੱਤਾ। ਹਿੰਦੂਆਂ ਦੇ ਮੁੰਡੇ ਨੂੰ ਜਿਸ ਦਾ ਨਾਂ ਦਇਆ ਰਾਮ ਸੀ, ਲਾਹੌਰ ਵਿਚ ਉਹ ਪੈਦਾ ਹੋਇਆ ਸੀ, ਉਸਨੂੰ ਗੁਰੂ ਸਾਹਿਬ ਆਖਣ ਲੱਗੇ, ਦਇਆ ਰਾਮ ਜੀ, ਹੁਣ ਮੈਂ ਤੁਹਾਨੂੰ ਨਵਾਂ ਜੀਵਨ ਦੇਣ ਲੱਗਾ ਹਾਂ, ਆਪਣੀ ਦਸਤਾਰ ਚੁੱਕ, ਤੇਰੇ ਸਿਰ ਵਿਚ ਪੰਜ ਚੂਲੇ ਅੰਮ੍ਰਿਤ ਦੇ ਪਾ ਦੇਵਾਂ। ਦਇਆ ਰਾਮ ਕਹਿਣ ਲੱਗਾ, ਸਤਿਗੁਰੂ ਜੀ, ਤੁਹਾਡਾ ਸਿੱਖ ਹਾਂ। ਉਦੋਂ ਸਿੰਘ ਨਹੀਂ ਸੀ, ਕਹਿੰਦਾ ਕਿ ਅੰਮ੍ਰਿਤ ਮੇਰੇ ਸਿਰ ਵਿਚ ਕਿਉਂ ਪਾਉਂਦੇ ਹੋ। ਸਤਿਗੁਰੂ ਕਹਿਣ ਲੱਗੇ, "ਦਇਆ ਰਾਮ ਜੀ, ਮੈਂ ਪੰਜ ਚੂਲੇ ਅੰਮ੍ਰਿਤ ਦੇ ਤੁਹਾਡੇ ਸਿਰ ਵਿਚ ਪਾਉਣ ਲੱਗਾ ਹਾਂ, ਕਿ ਮੇਰੇ ਸਿੰਘ ਦੀ ਧੌਣ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ]

ਕਦੇ ਦੁਸ਼ਮਣ ਅੱਗੇ ਨਹੀਂ ਝੁਕਿਆ ਕਰੇਗੀ।" ਅੱਗੋਂ ਫਿਰ ਸਤਿਗੁਰੂ ਕਹਿਣ ਲੱਗੇ, "ਦਇਆ ਰਾਮ ਜੀ, ਹੱਥ ਜੋੜੋ, ਪੰਜ ਚੂਲੇ ਅੰਮ੍ਰਿਤ ਦੇ ਤੁਹਾਨੂੰ ਛਕਾ ਦੇਵਾਂ।" ਦਇਆ ਰਾਮ ਜੀ ਕਹਿਣ ਲੱਗੇ, "ਸਤਿਗੁਰੂ, ਹੁਣ ਛਕਾਉਣ ਕਿਉਂ ਲੱਗੇ ਹੋ।" ਸਤਿਗੁਰੂ ਕਹਿਣ ਲੱਗੇ, "ਦਇਆ ਰਾਮ ਜੀ, ਇਸ ਕਰਕੇ ਛਕਾਉਣ ਲੱਗੇ ਹਾਂ ਕਿ ਜਿਸਨੇ ਪੰਜ ਚੂਲੇ ਅੰਮ੍ਰਿਤ ਦੇ ਛੱਕ ਲਏ, ਉਹ ਸ਼ੇਰ ਬਣ ਜਾਵੇਗਾ। ਉਹ ਬਜ਼-ਦਿਲ ਨਹੀਂ ਰਹੇਗਾ, ਡਰਪੋਕ ਨਹੀਂ ਰਹੇਗਾ, ਕਾਇਰ ਅਤੇ ਖੁਦਗਰਜ ਨਹੀਂ ਰਹੇਗਾ, ਮਤਲਬਪ੍ਰਸਤ ਨਹੀਂ ਰਹੇਗਾ। ਇਸ ਕਰਕੇ ਜੋੜ ਦੋਵੇਂ ਹੱਥ, ਪੰਜ ਚੂਲੇ ਅੰਮ੍ਰਿਤ ਦੇ ਤੈਨੂੰ ਛਕਾ ਦੇਵਾਂ।" ਫਿਰ ਗੁਰੂ ਸਾਹਿਬ ਉਸੇ ਹਿੰਦੂਆਂ ਦੇ ਮੁੰਡੇ ਨੂੰ ਕਹਿਣ ਲੱਗੇ ਕਿ, "ਲੈ, ਆਪਣੀਆਂ ਅੱਖਾਂ ਪੁੱਟ, ਤੇਰੀਆਂ ਅੱਖਾਂ ਵਿਚ ਪੰਜ ਵਾਰੀ ਅੰਮ੍ਰਿਤ ਦਾ ਛਿੱਟਾ ਮਾਰ ਦਿਆਂ।" ਦਇਆ ਰਾਮ ਕਹਿਣ ਲੱਗਾ ਕਿ, "ਸਤਿਗੁਰੂ ਮਹਾਰਾਜ, ਅੰਮ੍ਰਿਤ ਛਕਾ ਵੀ ਦਿੱਤਾ, ਸਿਰ ਵਿੱਚ ਵੀ ਪਾ ਦਿੱਤਾ, ਹੁਣ ਅੱਖਾਂ ਵਿਚ ਛਿੱਟੇ ਕਿਉਂ ਮਾਰਦੇ ਹੋ।" ਉਦੋਂ ਗੋਬਿੰਦ ਰਾਏ ਜੀ ਕਹਿਣ ਲੱਗੇ ਕਿ, "ਅੱਖਾਂ ਵਿਚ ਇਸ ਕਰਕੇ ਛਿੱਟੇ ਮਾਰਦੇ ਹਾਂ ਕਿ ਜਿਵੇਂ ਬਿੱਲੀ ਨੂੰ ਵੇਖ ਕੇ ਕਬੂਤਰ ਅੱਖਾਂ ਮੀਟ ਲੈਂਦਾ ਹੈ, ਜਿਸ ਦੀਆਂ ਅੱਖਾਂ ਵਿੱਚ ਪੰਜ ਵਾਰੀ ਛਿੱਟੇ ਵੱਜ ਗਏ, ਉਹ ਅੱਖਾਂ ਨਹੀਂ ਮੁੜਕੇ ਮੀਟਿਆ ਕਰਨਗੇ।" ਫਿਰ ਖੱਤਰੀਆਂ ਦੇ ਮੁੰਡੇ ਨੂੰ ਕਹਿੰਦੇ, ਦੋਵੇਂ ਹੱਥ ਜੋੜੇ, ਸੱਜਾ ਗੋਡਾ ਧਰਤੀ ਤੇ ਲਾਇਆ ਅਤੇ ਕਹਿੰਦੇ ਕਿ ਜਿਵੇਂ ਤੁਸੀਂ ਦਇਆ ਰਾਮ ਜੀ, ਮੋਹਕਮ ਚੰਦ ਜੀ, ਹਿੰਮਤ ਰਾਏ ਜੀ, ਧਰਮ ਚੰਦ ਜੀ, ਸਾਹਿਬ ਚੰਦ ਜੀ, ਤੁਸੀਂ ਸਿੰਘ ਬਣੇ ਹੋ, ਮੈਨੂੰ ਵੀ ਗੋਬਿੰਦ ਰਾਏ ਤੋਂ ਸਿੰਘ ਸਜਾ ਦਿਉ, ਮੈਨੂੰ ਵੀ ਅੰਮ੍ਰਿਤ ਦੀ ਬਖਸ਼ੀਸ਼ ਦਿਉ। ਉਸ ਵਕਤ ਉਨ੍ਹਾਂ ਨੇ ਸੱਜਾ ਗੋਡਾ ਧਰਤੀ ਤੇ ਲਾਇਆ, ਹੱਥ ਜੋੜੇ ਅਤੇ ਅੰਮ੍ਰਿਤ ਦੀ ਮੰਗ ਕੀਤੀ। ਉਸ ਵਕਤ ਭਾਈ ਦਇਆ ਸਿੰਘ ਜੀ, ਜਿਹੜਾ ਖੱਤਰੀਆਂ ਦਾ ਮੁੰਡਾ ਸੀ, ਅੰਮ੍ਰਿਤ ਛੱਕ ਕੇ ਹੌਂਸਲੇ ਵਿਚ ਆ ਗਿਆ ਅਤੇ ਕਹਿਣ ਲੱਗਾ ਕਿ, "ਸਤਿਗੁਰੂ, ਇਹ ਅੰਮ੍ਰਿਤ ਏਨਾ ਸਸਤਾ ਨਹੀ ਜਿੰਨਾਂ ਸਸਤਾ ਤੁਸੀਂ ਮੰਗਣ ਲਗੇ ਹੋ। ਅਸੀਂ ਪੰਜਾਂ ਨੇ ਤੁਹਾਨੂੰ ਪੰਜ ਸਿਰ ਭੇਂਟ ਕੀਤੇ ਹਨ। ਗੋਬਿੰਦ ਰਾਏ ਜੀ, ਜੇ ਤੁਸੀਂ ਸਿੰਘ ਸਜਣਾ ਹੈ ਤਾਂ ਦੱਸੋ, ਤੁਸੀਂ ਖਾਲਸਾ ਪੰਥ ਨੂੰ ਕੀ ਦਿਉਗੇ?" ਹਿਸਟਰੀ ਕਹਿੰਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ, ਏਨੇ ਖੁਸ਼ ਕਦੇ ਨਹੀਂ ਹੋਏ ਜਿੰਨੇ ਇਹ ਗੱਲ ਦਇਆ ਰਾਮ ਦੀ ਜ਼ੁਬਾਨੀ ਸੁਣ ਕੇ ਹੋਏ ਅਤੇ ਕਹਿਣ ਲੱਗੇ ਕਿ ਮੇਰਾ ਮਿਸ਼ਨ ਪੂਰਾ ਹੋ ਗਿਆ ਹੈ, ਮੇਰਾ ਮਿਸ਼ਨ ਸਿਰੇ ਲਗ ਗਿਆ ਹੈ। ਕਿਉਂਕਿ ਜੋ ਮੈਂ ਚਾਹੁੰਦਾ ਸੀ, ਉਹ ਅੱਜ ਮੈਨੂੰ ਪ੍ਰਾਪਤ ਹੋ ਗਿਆ ਹੈ। ਮੇਰਾ ਖਾਲਸਾ ਪੰਥ ਹੁਣ ਆਪਣਾ ਸਾਰਾ ਹੱਕ ਪਛਾਨਣ ਲੱਗ ਪਿਆ ਹੈ। ਉਹ ਕਹਿਣ ਲੱਗੇ ਕਿ ਦੱਸ ਫਿਰ ਦਇਆ ਸਿੰਘ ਜੀ, ਮੈਂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਸਜਣਾ ਹੈ, ਤੁਸੀਂ ਚਾਹੁੰਦੇ ਕੀ ਹੋ? ਦਇਆ ਸਿੰਘ ਜੀ ਕਹਿਣ ਲੱਗੇ ਕਿ ਅਸੀਂ ਪੰਜਾਂ ਨੇ ਪੰਜ ਸਿਰ ਦਿੱਤੇ ਹਨ, ਫਿਰ ਸਾਨੂੰ ਅੰਮ੍ਰਿਤ ਦੀ ਦਾਤ ਮਿਲੀ ਹੈ, ਜੇ ਤੁਸੀਂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਸਜਣਾ ਹੈ ਤਾਂ ਤੁਸੀਂ ਦੱਸੋ ਕਿ ਤੁਸੀਂ ਖਾਲਸਾ ਪੰਥ ਨੂੰ ਕੀ ਦਿਉਗੇ? ਇਸ ਤੇ ਗੋਬਿੰਦ ਰਾਏ ਜੀ ਹੱਸ ਕੇ ਕਹਿੰਦੇ ਹਨ ਕਿ ਤੁਸੀਂ ਪੰਜਾਂ ਨੇ ਪੰਜ ਸਿਰ ਦਿੱਤੇ ਹਨ, ਹੁਣ ਤੁਸੀਂ ਮੈਨੂੰ ਅੰਮ੍ਰਿਤ ਦੇ 5 ਚੂਲੇ ਬਖਸ਼ੋ, ਮੈਂ ਇਸ ਦੇਸ਼ ਤੋਂ ਸਾਰਾ ਪਰਿਵਾਰ ਵਾਰ

Original with;
Punjab Vidhan Sabha
Digitized by;
Panjab Digital Library

ਦਿਆਂਗਾ। ਜਿਸ ਖਾਲਸਾ ਪੰਥ ਦੇ ਜਨਮ ਦਿਨ ਨੂੰ ਅਸੀਂ ਮਨਾਉਣ ਜਾ ਰਹੇ ਹਾਂ, ਉਸ ਦੇ ਜਨਮ ਤੋਂ ਹੀ ਉਨ੍ਹਾਂ ਨੇ ਇਹ ਵਾਇਦਾ ਕਰ ਦਿੱਤਾ ਕਿ ਮੈਂ ਆਪਣਾ ਸਾਰਾ ਸਰਬੰਸ, ਸਾਰਾ ਪਰਿਵਾਰ ਵਾਰਨਾ ਹੈ। ਅੱਜ ਸਾਡੇ ਵਿਚ ਹਿੰਦੂ-ਸਿੱਖ ਦਾ ਪਾੜਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਪਾੜੇ ਨੂੰ ਦੂਰ ਕਰਨ ਵਾਸਤੇ ਸਾਡੇ ਹਿੰਦੂਆਂ, ਜਿਨ੍ਹਾਂ ਦੀ ਰੱਖਿਆ ਕਰਨ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਐਡਾ ਵੱਡਾ ਬਲੀਦਾਨ ਦਿੱਤਾ, ਨੂੰ ਚਾਹੀਦਾ ਹੈ ਕਿ ਉਹ ਸਾਡੇ ਤੋਂ ਅੱਗੇ ਹੋ ਕੇ ਖਾਲਸਾ ਪੰਥ ਦਾ ਇਹ ਦਿਹਾੜਾ ਮਨਾਉਣ। ਹਰ ਘਰ ਵਿਚ, ਹਰ ਪਰਿਵਾਰ ਵਿੱਚ ਅਤੇ ਜਿਥੇ ਕਿਤੇ ਵੀ ਕੋਈ ਹਿੰਦੂ ਵੀਰ ਬੈਠਾ ਹੈ, ਉਸ ਦੇ ਘਰ ਵਿਚ ਖੜੀ ਖੁਸ਼ੀ ਦੇ ਨਾਲ, ਬੜੇ ਚਾਵਾਂ ਦੇ ਨਾਲ ਬੜੇ ਉਤਸ਼ਾਹ ਦੇ ਨਾਲ ਇਹ ਦਿਹਾੜਾ ਮਨਾਇਆ ਜਾਣਾ ਚਾਹੀਦਾ ਹੈ। ਮੈਨੂੰ ਖੁਸ਼ੀ ਹੈ ਕਿ ਇਹ ਦਿਹਾੜਾ ਮਨਾਉਣ ਵਾਸਤੇ ਅੱਜ ਜਿਹੜਾ ਮਤਾ ਇਥੇ ਪੇਸ਼ ਹੋਇਆ ਹੈ, ਇਹ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੀ ਸਰਕਾਰ ਨੇ ਇਸ ਹਾਊਸ ਵਿਚ ਲਿਆਂਦਾ ਹੈ। ਹੋ ਸਕਦਾ ਹੈ ਕਿ ਸਾਡੇ ਨਾਲ ਦੇ ਵੀਰ (ਆਪੋਜ਼ੀਸ਼ਨ ਵੱਲ ਇਸ਼ਾਰਾ) ਸਾਡੇ ਨਾਲੋਂ ਵੀ ਜ਼ਿਆਦਾ ਇਸ ਦਿਨ ਨੂੰ ਮਨਾਉਣ ਵਾਸਤੇ ਉਤਸ਼ਾਹ ਰੱਖਦੇ ਹੋਣ ਲੇਕਿਨ ਮੈਨੂੰ ਖੁਸ਼ੀ ਹੈ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੀ ਪੰਜਾਬ ਵਿੱਚ ਸਾਂਝੀ ਸਰਕਾਰ ਹੈ ਅਤੇ ਇਸ ਸਰਕਾਰ ਨੂੰ ਵੱਡੀ ਪੱਧਰ ਤੇ ਇਹ ਦਿਨ ਮਨਾ ਕੇ ਸਾਰੀ ਦੁਨੀਆਂ ਨੂੰ ਦੱਸ ਦੇਣਾ ਚਾਹੀਦਾ ਹੈ ਕਿ ਜਿਸ ਗੁਰੂ ਨੂੰ ਨਬੀ ਖਾਂ ਅਤੇ ਗਨੀ ਖਾਂ ਨੇ ਮੰਜੇ ਤੇ ਚੁੱਕਿਆ, ਉਹ ਸਾਰਿਆਂ ਦਾ ਸਾਂਝਾ ਗੁਰੂ ਸੀ। ਹਿੰਦੂ ਕਹਿੰਦੇ ਸੀ ਕਿ ਇਹ ਸਾਡਾ ਗੁਰੂ ਹੈ, ਮੁਸਲਮਾਨ ਕਹਿੰਦੇ ਸੀ ਕਿ ਇਹ ਸਾਡਾ ਗੁਰੂ ਹੈ ਅਤੇ ਸਿੱਖ ਕਹਿੰਦੇ ਸਨ ਕਿ ਇਹ ਸਾਡਾ ਗੁਰੂ ਹੈ। ਭੱਠਾ ਸਾਹਿਬ ਦੇ ਸਥਾਨ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਘਿਰ ਗਏ ਤਾਂ ਉਹ ਇਕ ਮੁਸਲਮਾਨ ਦੇ ਘਰ ਚਲੇ ਗਏ। ਉਹ ਸਾਰਾ ਪਿੰਡ ਫੌਜ ਨੇ ਘੇਰ ਲਿਆ। ਜਿਸ ਕਮਰੇ ਵਿੱਚ ਗੁਰੂ ਸਾਹਿਬ ਸਨ, ਉਸ ਕਮਰ ਦੇ ਬੂਹੇ ਨੂੰ ਉਹ ਮੁਸਲਮਾਨ ਆਪਣੀ ਪਿੱਠ ਲਾ ਕੇ ਖੜ੍ਹ ਗਿਆ। ਉਸ ਨੇ ਫੌਜ ਨੂੰ ਕਿਹਾ ਕਿ ਤੁਸੀਂ ਬਾਕੀ ਸਾਰਾ ਘਰ ਫਰੋਲ ਲਓ ਪਰ ਜਦ ਤੱਕ ਮੇਰਾ ਸਿਰ ਕਲਮ ਨਹੀਂ ਹੋ ਜਾਂਦਾ ਜਾਂ ਮੇਰਾ ਕਤਲ ਨਹੀਂ ਹੋ ਜਾਂਦਾ, ਤਦ ਤੱਕ ਮੈਂ ਇਸ ਕਮਰ ਦੇ ਵਿਚ ਤੁਹਾਨੂੰ ਨਹੀਂ ਵੜਨ ਦੇਣਾ। ਇਸ ਕਮਰੇ ਦੇ ਬੂਹੇ ਨੂੰ ਤੁਸੀਂ ਹੱਥ ਨਹੀਂ ਲਾਉਣਾ। ਉਨ੍ਹਾਂ ਨੇ ਪੁੱਛਿਆ ਕਿ ਤੁਸੀਂ ਇਸ ਬੂਹੇ ਨੂੰ ਖੋਲ੍ਹਣ ਕਿਉਂ ਨਹੀਂ ਦਿੰਦੇ ਤਾਂ ਉਸ ਨੇ ਕਿਹਾ ਕਿਉਂਕਿ ਇਸ ਕਮਰੇ ਦੇ ਅੰਦਰ ਮੇਰਾ ਜਵਾਈ ਅਤੇ ਮੇਰੀ ਬੇਟੀ ਹੈ। ਗੁਰੂ ਸਾਹਿਬ ਨੂੰ ਬਚਾਉਣ ਵਾਸਤੇ ਉਸ ਮੁਸਲਮਾਨ ਨੇ ਇਤਨਾ ਵੱਡਾ ਬਚਨ ਕੀਤਾ।

"ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥" ਘਟ ਘਟ ਕੀ ਜਾਣਨ ਵਾਲੇ ਗੁਰੂ ਨੂੰ "ਮੇਰੀ ਬੇਟੀ ਤੇ ਮੇਰਾ ਜਵਾਈ ਅੰਦਰ ਹੈ" ਕਹਿ ਕੇ ਹੱਥ ਨਹੀਂ ਪਾਉਣ ਦਿੱਤਾ। ਗੁਰੂ ਸਾਹਿਬ ਨੂੰ ਮੁਸਲਮਾਨਾਂ ਨਾਲ ਵੈਰ ਨਹੀਂ ਸੀ। ਹਿੰਦੂਆਂ ਨਾਲ ਵੈਰ ਨਹੀਂ ਸੀ—

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ]

"ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ।" ਮੁਸਲਮਾਨਾਂ ਨੇ ਉਨ੍ਹਾਂ ਨੂੰ ਆਪਣੀ ਮੰਜੀ ਤੇ ਚੁੱਕਿਆ ਅਤੇ ਜਿਸ ਹਲਕੇ ਤੋਂ ਤੁਸੀਂ ਸਪੀਕਰ ਸਾਹਿਬ, ਜਿੱਤ ਕੇ ਆਏ ਹੋ, ਉਸ ਹਲਕੇ ਨੂੰ ਮੁਸੀਬਤ ਵਿਚੋਂ ਕੱਢਣ ਲਈ ਗਨੀ ਖਾਂ ਨੇ ਅਤੇ ਨਬੀ ਖਾਂ ਨੇ ਗੁਰੂ ਜੀ ਦਾ ਸਾਥ ਦਿੱਤਾ । ਹਿੰਦੂ ਵੀਰਾਂ ਨੂੰ ਅੱਜ ਤੱਕ ਭੜਕਾਇਆ ਜਾਂਦਾ ਹੈ। ਗੁਰੂ ਸਾਹਿਬ ਦੇ ਦੋ ਸਾਹਿਬਜ਼ਾਦੇ ਫਤਹਿਗੜ੍ਹ ਸਾਹਿਬ ਵਿਖੇ ਨੀਂਹਾਂ ਵਿਚ ਚਿਣੇ ਗਏ, ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਅਤੇ ਸਮੇਂ ਦੇ ਸੂਬੇਦਾਰ ਨੇ ਕਹਿ ਦਿੱਤਾ ਕਿ ਚੁੱਕ ਲਓ, ਸਸਕਾਰ ਕਰ ਲਓ । ਕੋਈ ਹਿੰਮਤ ਕਰੋ, ਕੋਈ ਉਦਮ ਕਰੋ । ਉਦੋਂ ਉਨ੍ਹਾਂ ਸ਼ਹੀਦਾਂ ਦੀਆਂ ਲਾਸ਼ਾਂ ਨੂੰ ਚੁੱਕਣਾ ਮੌਤ ਦੇ ਕਾਗਜ਼ ਤੇ ਦਸਖਤ ਕਰਨਾ ਸੀ । ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਜਿੱਥੇ ਇਨ੍ਹਾਂ ਦਾ ਸਸਕਾਰ ਹੋਣਾ ਹੈ ਉਹ ਧਰਤੀ ਮੁੱਲ ਲੈ ਕੇ ਹੀ ਹੋ ਸਕਦਾ ਹੈ, ਐਵੇਂ ਨਹੀਂ ਹੋ ਸਕਦਾ । ਸਪੀਕਰ ਸਾਹਿਬ, ਉਸ ਵੇਲੇ ਇੱਕ ਹਿੰਦੂ ਵੀਰ ਸੀ ਜਿਸ ਦਾ ਨਾਂ ਟੋਡਰ ਮੱਲ ਸੀ । ਉਹ ਉਠਿਆ ਔਰ ਉੱਠ ਕੇ ਖੜ੍ਹਾ ਹੋ ਕੇ ਕਹਿਣ ਲੱਗਾ ਕਿ ਇਹਨਾ ਸਾਹਿਬਜ਼ਾਦਿਆਂ ਦਾ ਸਸਕਾਰ ਮੈਂ ਕਰਨਾ ਹੈ । ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ, ਦੁਨੀਆਂ ਦੀ ਹਿਸਟਰੀ ਵਿੱਚ ਇਸ ਨਾਲ ਦੀ ਮਿਸਾਲ ਨਹੀਂ ਮਿਲਦੀ ਕਿ ਟੋਡਰ ਮੱਲ ਨੇ ਮੋਹਰ ਨਾਲ ਮੋਹਰ ਜੋੜ ਕੇ ਉਥੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਲਈ ਧਰਤੀ ਮੁੱਲ ਖਰੀਦੀ । ਸੋਨੇ ਦੀ ਮੋਹਰ ਨਾਲ ਮੋਹਰ ਜੋੜ ਕੇ ਸਰਕਾਰ ਨੂੰ ਉਸ ਜ਼ਮੀਨ ਦਾ ਮੁਆਵਜ਼ਾ ਮੋੜ ਕੇ ਫੇਰ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ । ਕਿਵੇਂ ਹਿੰਦੂਆਂ ਦੇ ਇਸ ਅਹਿਸਾਨ ਨੂੰ ਭੁਲਾਇਆ ਜਾ ਸਕਦਾ ਹੈ ਜਿਨ੍ਹਾਂ ਨੇ ਸਾਹਿਬਜ਼ਾਦਿਆਂ ਦੇ ਸਸਕਾਰ ਕਰਨ ਵਾਸਤੇ ਸੋਨੇ ਦੀਆਂ ਮੋਹਰਾਂ ਵਿਛਾ ਦਿੱਤੀਆਂ । ਇਸ ਲਈ, ਸਪੀਕਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੇਵਲ ਸਿੱਖਾਂ ਦੇ ਹੀ ਨਹੀਂ ਸਨ, ਹਿੰਦੂਆਂ ਦੇ ਨਹੀਂ ਸਨ, ਮੁਸਲਮਾਨਾਂ ਦੇ ਹੀ ਨਹੀਂ ਸਨ ਉਹ ਤਾਂ ਜਗੋਂ ਜਗਤ ਗੁਰੂ ਸੀ । ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਮਨਾਉਣਾ ਹਰ ਵੀਰ ਦਾ, ਹਰ ਵਿਅਕਤੀ ਦਾ ਫਰਜ਼ ਬਣਦਾ ਹੈ । ਕੋਈ ਕਿਸੇ ਪਾਰਟੀ, ਕੋਈ ਕਿਸੇ ਧੜੇ, ਕੋਈ ਕਿਸੇ ਗਰੁੱਪ ਦਾ ਜਿਹੜਾ ਕਿਤੇ ਵੀ ਹੋਵੇ, ਜਿਹੜਾ ਵੀ ਗੁਰੂ ਨਾਨਕ ਨਾਮ ਲੇਵਾ ਹੈ, ਇਸ ਤੋਂ ਇਲਾਵਾ ਜਿਹੜਾ ਵੀ ਮਨੁੱਖਤਾ ਨੂੰ ਪਿਆਰ ਕਰਦਾ ਹੈ, ਹਰ ਮਨੁੱਖ ਦਾ ਇਹ ਫਰਜ਼ ਹੈ ਕਿ ਉਹ ਗੁਰੂ ਸਾਹਿਬ ਦਾ ਜਨਮ ਦਿਨ ਜ਼ਰੂਰ ਮਨਾਏ ।

**ਸ਼੍ਰੀ ਸਪੀਕਰ** : ਖਾਲਸੇ ਦਾ ਜਨਮ ਦਿਨ ਮਨਾਉਣ ਬਾਰੇ ਕਹੋ ।

**ਖੇਤੀਬਾੜੀ ਮੰਤਰੀ** : ਠੀਕ ਹੈ ਜੀ ਖਾਲਸੇ ਦਾ ਪ੍ਰਕਾਸ਼ ਦਿਵਸ ਜ਼ਰੂਰ ਮਨਾਉਣਾ ਚਾਹੀਦਾ ਹੈ ਏਨਾ ਕਹਿੰਦਾ ਹੋਇਆ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸ਼੍ਰੀ ਸਪੀਕਰ** : ਕਾਮਰੇਡ ਹਰਦੇਵ ਅਰਸ਼ੀ ਜੀ ਬੋਲੋ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਸੀ. ਪੀ. ਆਈ. ਗਰੁੱਪ ਵੱਲੋਂ ਸਰਦਾਰ ਅਜਾਇਬ ਸਿੰਘ ਰੋਂਤਾ ਬੋਲਣਗੇ ।

**ਸ਼੍ਰੀ ਸਪੀਕਰ** : ਮੇਰੇ ਕੋਲ ਜੋ ਨਾਂ ਸੀ. ਪੀ. ਆਈ. ਵੱਲੋਂ ਆਇਆ ਹੈ ਉਹ ਕਾਮਰੇਡ ਹਰਦੇਵ ਅਰਸ਼ੀ ਦਾ ਹੈ ।

Original with;
Punjab Vidhan Sabha
Digitized by;
Panjab Digital Library

## RESOLUTION RE. RECOMMENDING TO THE GOVERNMENT OF INDIA TO TAKE STEPS TO APPROACH THE U.N.O. FOR DECLARING THE YEAR 1999 AS THE 'YEAR OF HUMAN SPIRIT'



**ਕਾਮਰੇਡ ਹਰਦੇਵ ਅਰਸ਼ੀ** : ਨਹੀਂ ਜੀ, ਸਾਡੇ ਵੱਲੋਂ, ਕਾਮਰੇਡ ਅਜਾਇਬ ਸਿੰਘ ਰੌਂਤਾ ਦਾ ਨਾਂ ਭੇਜਿਆ ਗਿਆ ਹੈ । ਇਹ ਬੋਲਣਗੇ ।

**ਸ਼੍ਰੀ ਸਪੀਕਰ** : ਠੀਕ ਹੈ, ਸਰਦਾਰ ਅਜਾਇਬ ਸਿੰਘ ਰੌਂਤਾ ਬੋਲਣ ।

**ਕਾਮਰੇਡ ਅਜੈਬ ਸਿੰਘ ਰੌਂਤਾ** (ਨਿਹਾਲ ਸਿੰਘ ਵਾਲਾ, ਐਸ. ਸੀ.) : ਸਪੀਕਰ ਸਾਹਿਬ, ਮੈਂ ਸੱਭ ਤੋਂ ਪਹਿਲਾਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਅੱਜ ਇਸ ਮਹਾਨ ਸਦਨ ਦੇ ਵਿੱਚ ਉਸ ਮਤੇ ਤੇ ਬੋਲਣ ਲਈ ਸਮਾਂ ਦਿੱਤਾ ਹੈ ਜੋ ਅੱਜ ਤੋਂ 297/ ਸਾਲ ਪਹਿਲਾਂ ਬਹੁਤ ਵੱਡੀ ਘਟਨਾ ਵਾਪਰੀ ਔਰ ਜੋ ਅਸੀਂ ਮਨਾਉਣ ਜਾ ਰਹੇ ਹਾਂ, ਉਹ ਉਸ ਖਾਲਸੇ ਦਾ 300ਵਾਂ ਸਾਲਾਨਾ ਦਿਵਸ ਹੋਵੇਗਾ । ਇਹ ਮਤਾ ਉਸ ਮਹਾਨ ਸ਼ਖਸੀਅਤ ਦੀ ਯਾਦ ਵਿੱਚ ਹੈ ਜਿਸ ਨੇ ਆਪਣਾ/ਸਾਰਾ ਸਰਬੰਸ ਵਾਰ ਦਿੱਤਾ । ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ । ਮੈਂ ਇਸ ਮਤੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ । ਇਹ ਮਤਾ ਜਿਹੜਾ ਹੈ ਇਹ ਦਸਦਾ ਹੈ ਕਿ ਇਹ ਸਦਨ ਭਾਰਤ ਸਰਕਾਰ ਨੂੰ ਸਿਫਾਰਸ਼ ਕਰੇ ਕਿ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਕਹਿਣ ਵਾਲੇ ਗੁਰੂ ਸਾਹਿਬ ਦੇ ਖਾਲਸੇ ਦਾ ਦਿਹਾੜਾ "ਮਨੁੱਖੀ ਜੋਤ ਵਰ੍ਹੇ" ਵਜੋਂ ਐਲਾਨ ਕਰਨ ਲਈ ਯੂਨਾਈਟਿਡ ਨੇਸ਼ਨਜ਼ ਆਰਗੇਨਾਈਜ਼ੇਸ਼ਨਜ਼ ਨੂੰ ਸਿਫਾਰਸ਼ ਕਰੇ । ਸਪੀਕਰ ਸਾਹਿਬ, ਇਸ ਦੁਨੀਆਂ ਦੇ ਉਤੇ ਪੈਦਾ ਹੋਏ ਸਾਰੇ ਲੋਕ, ਜੋ ਉਸ ਪ੍ਰਮਾਤਮਾ ਨੇ ਪੈਦਾ ਕੀਤੇ ਹਨ, ਔਰ ਉਸ ਦੇ ਹੁਕਮ ਦੇ ਸਦਕਾ ਜਨਮ ਲੈਣ ਉਪਰੰਤ, ਜੋ ਕਾਰ-ਗੁਜ਼ਾਰੀਆਂ ਹੁੰਦੀਆਂ ਹਨ ਉਹ ਉਸ ਇਨਸਾਨ ਨੂੰ ਮਹਾਨ ਬਣਾ ਜਾਂਦੀਆਂ ਹਨ । ਸਪੀਕਰ ਸਾਹਿਬ, ਮੈਂ ਇਹ ਬੇਨਤੀ ਵੀ ਕਰਨੀ ਚਾਹਾਂਗਾ ਕਿ ਇਸ ਤੋਂ ਪਹਿਲਾਂ ਵੀ ਇਹੀ ਮਤਾ ਮਿਤੀ 24-12-96 ਨੂੰ ਇਸ ਸਦਨ ਵਿੱਚ ਪੇਸ਼ ਕੀਤਾ ਗਿਆ ਸੀ ਜਿਸ ਵਿੱਚ ਵੀ ਇਹ ਕਿਹਾ ਗਿਆ ਸੀ ਕਿ ਪੰਜਾਬ ਵਿਧਾਨ ਸਭਾ ਇਹ ਮਤਾ ਪਾਸ ਕਰਕੇ ਭਾਰਤ ਸਰਕਾਰ ਰਾਹੀਂ ਯੂ.ਐਨ.ਓ. ਨੂੰ ਇਹ ਸਿਫਾਰਸ਼ ਕਰੇ ਕਿ ਸਾਲ 1999 ਨੂੰ 'ਮਨੁੱਖੀ ਜੋਤਿ ਵਰ੍ਹੇ' ਵਜੋਂ ਮਨਾਉਣ ਲਈ ਐਲਾਨ ਕੀਤਾ ਜਾਵੇ । ਅੱਜ ਫਿਰ ਉਹੀ ਮਤਾ ਆਇਆ ਹੈ । ਉਦੋਂ ਵੀ ਇਹ ਮਤਾ ਸਰਕਾਰੀ ਤੌਰ ਤੇ ਆਇਆ ਸੀ ਜਿਸ ਨੂੰ ਅਸੀਂ ਪੰਜਾਬ ਦੀ ਅਸੈਂਬਲੀ ਦੇ ਅੰਦਰ ਪੂਰੀ ਤਰ੍ਹਾਂ ਸਮਰਥਨ ਦਿੱਤਾ ਸੀ ਔਰ ਸਾਰੇ ਹੀ ਐਮ. ਐਲ. ਏ. ਸਾਹਿਬ ਨੇ ਪੂਰੀ ਸਹਿਮਤੀ ਦੇ ਨਾਲ ਪਾਸ ਕੀਤਾ ਸੀ । ਅੱਜ ਫਿਰ ਇਹ ਦੁਬਾਰਾ ਉਹੀ ਮਤਾ ਆਇਆ ਹੈ । ਹੁਣ ਵੀ ਇਹ ਮਤਾ ਪੰਜਾਬ ਦੀ ਸਰਕਾਰ ਵੱਲੋਂ ਲਿਆਂਦਾ ਗਿਆ ਹੈ ਔਰ ਸ੍ਰੀ ਜਗਦੀਸ਼ ਸਾਹਨੀ ਜਿਹੜੇ ਕਿ ਪਿਛਲੀ ਵਾਰ ਵੀ ਸਾਡੇ ਸਤਿਕਾਰ ਯੋਗ/ਐਮ. ਐਲ. ਏ. ਸਨ, ਉਨ੍ਹਾਂ ਵੱਲੋਂ ਲਿਆਂਦਾ ਗਿਆ ਹੈ । ਮੈਂ ਇਸ ਮਤੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ਪਰੰਤੂ ਇਸ ਗੱਲ ਤੇ ਸ਼ੱਕ ਕਰਦਾ ਹਾਂ ਕਿ ਕਿਤੇ ਇਹ ਗੱਲ ਤਾਂ ਨਹੀਂ ਕਿ ਇਸ ਮਤੇ ਪਿੱਛੇ, ਕਿਉਂ ਜੋ ਇਹੀ ਮਤਾ ਦੋ ਵਾਰ ਆ ਚੁੱਕਿਆ ਹੈ, ਕੋਈ ਬੁੱਧੀ ਜੀਵੀ ਦਿਮਾਗ ਤਾਂ ਕੰਮ ਨਹੀਂ ਕਰ ਰਿਹਾ । ਅੱਜ ਦੇ ਮਤੇ ਵਿੱਚ ਵੀ ਉਹੀ ਸ਼ਬਦ ਲਿਖੇ ਗਏ ਹਨ । ਇਹੀ ਮਤਾ ਪਿਛਲੀ ਵਾਰ ਪਾਸ ਹੋ ਗਿਆ ਸੀ ਔਰ ਸੈਂਟਰ ਨੂੰ ਭੇਜ ਦਿੱਤਾ ਗਿਆ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਜੈਬ ਸਿੰਘ ਰੌਂਤਾ]

ਸੀ । ਮੈਂ ਅੱਜ ਇਸ ਗੱਲ ਨੂੰ ਇਸ ਮਹਾਨ ਸਦਨ ਦੇ ਵਿੱਚ ਕਹਿਣਾ ਚਾਹਾਂਗਾ ਕਿ ਸਪੀਕਰ ਸਾਹਿਬ, ਸਾਨੂੰ ਪੰਜਾਬ ਦੇ ਲੋਕਾਂ ਨੇ ਆਪਣੇ ਸਮਾਜ ਵਿਚੋਂ ਚੁਣ ਕੇ ਭੇਜਿਆ ਹੈ ਲੇਕਿਨ ਅਸੀਂ ਕਹਿਣੀ ਤੇ ਕਰਨੀ ਵਿਚ ਜੋ ਅਮਲ ਕਰਦੇ ਹਾਂ, ਮੈਂ ਉਸ ਸਬੰਧੀ ਆਪਣੇ ਵਿਚਾਰ ਰੱਖਣਾ ਚਾਹੁੰਦਾ ਹਾਂ । ਸਾਡੇ ਇਸ ਮਹਾਨ ਹਿੰਦੁਸਤਾਨ ਨੂੰ ਗੁਰੂਆਂ, ਪੀਰਾਂ ਪੈਗੰਬਰਾਂ, ਯੋਧਿਆਂ ਅਤੇ ਸੂਰਬੀਰਾਂ ਦੀ ਦੇਣ ਹੈ ਅਤੇ ਸਮੇਂ ਸਮੇਂ ਤੇ ਉਨ੍ਹਾਂ ਨੇ ਰਹਿਨੁਮਾਈ ਕੀਤੀ । ਉਨ੍ਹਾਂ ਵਿਚੋਂ ਉਸ ਵੇਲੇ ਇਕ ਮਹਾਨ ਸ਼ਖਸੀਅਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੋਏ, ਜਿਨ੍ਹਾਂ ਨੇ ਦੇਸ਼ ਖਾਤਰ, ਕੌਮ ਖਾਤਰ ਆਪਾ ਵਾਰਿਆ ਅਤੇ ਆਪਣਾ ਸਰਬੰਸ ਵਾਰਿਆ । ਉਸ ਸਮੇਂ ਜ਼ੁਲਮ ਦੇ ਖਿਲਾਫ ਟੱਕਰ ਲਈ । ਉਨ੍ਹਾਂ ਨੇ ਹਿੰਦੁਸਤਾਨ ਨੂੰ ਦੱਸ ਦਿਤਾ ਸੀ ਕਿ ਅਜਿਹੇ ਇਨਸਾਨ ਜੋ ਜ਼ੁਲਮ ਦੇ ਨਾਲ ਟੱਕਰ ਲੈਂਦੇ ਹਨ, ਸਮਾਜ ਲਈ, ਲੁਕਾਈ ਲਈ ਭਲੇ ਦਾ ਕੰਮ ਕਰਦੇ ਹਨ, ਆਪਾ ਵਾਰਦੇ ਹਨ ਉਹ ਆਪਣੇ ਆਪ ਵਿਚ ਸਰਬਉੱਚ ਬਣ ਜਾਂਦੇ ਹਨ । ਸਮੇਂ ਸਮੇਂ ਤੇ ਕੁੱਝ ਗੱਲਾਂ ਅਜਿਹੀਆਂ ਵੀ ਵਾਪਰਦੀਆਂ ਹਨ, ਜਿਵੇਂ ਜਦੋਂ ਸੱਪ ਲੰਘ ਜਾਂਦਾ ਹੈ ਤਾਂ ਲਕੀਰ ਪਿੱਟਣ ਨਾਲ ਕੁਝ ਨਹੀਂ ਬਣਦਾ । ਮੈਂ ਸਮਝਦਾ ਹਾਂ ਕਿ ਸਮਝਦਾਰ ਸਿਆਸਤਦਾਨ ਦਾ ਇਸ ਮਹਾਨ ਸਦਨ ਵਿੱਚ ਕਹਿਣੀ ਅਤੇ ਕਰਨੀ ਵਿਚ ਫਰਕ ਹੋਵੇ ਤਾਂ ਇਹ ਠੀਕ ਨਹੀਂ ਹੈ । ਲੇਕਿਨ ਇਹ ਗੱਲ ਕਹਿਣੀ ਬਣਦੀ ਹੈ ਕਿ "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ" ਦੀ ਤਰ੍ਹਾਂ ਹੀ ਇਹ ਤੁਕਾਂ ਵੀ ਕਹਿਣੀਆਂ ਬਣਦੀਆਂ ਹਨ ਕਿ "ਸੱਚੇ ਮਾਰਗਿ ਚਲਦਿਆਂ ਉਸਤਤਿ ਕਰੇ ਜਹਾਨ, ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪ੍ਰਵਾਨ" । "ਜਦੋਂ ਅਸੀਂ ਅਠਾਹਠ ਤੀਰਥਾਂ ਦੇ ਨਹਾਉਣ ਦੀ ਗੱਲ ਕਰਦੇ ਹਾਂ, ਲੇਕਿਨ ਜਿੱਥੇ ਇਨਸਾਨੀਅਤ ਦਾ ਘਾਣ ਹੁੰਦਾ ਹੈ, ਖੂਨ ਹੁੰਦਾ ਹੈ ਤਾਂ ਅਸੀਂ ਸਮਾਜ ਵਿਚ, ਲੋਕਾਈ ਵਿਚ ਆਪਣੇ ਆਪ ਹੀ ਮਾੜੇ ਬਣ ਜਾਂਦੇ ਹਾਂ । ਪਿਛਲੇ ਸਮੇਂ ਵਿਚ ਇਹੋ ਜਿਹਾ ਹੀ ਹਿੰਦੁਸਤਾਨ ਵਿਚ ਵਾਪਰਿਆ ਹੈ । ਇਕ ਵੱਡੇ ਫਿਰਕੇ ਦੇ ਲੋਕਾਂ ਨੇ, ਇਕ ਫਿਰਕੇ ਦੇ ਖਿਲਾਫ ਇਹੋ ਜਿਹਾ ਜਹਾਦ ਛੇੜਿਆ, ਮੇਰੇ ਕਹਿਣ ਦਾ ਭਾਵ ਮੁਸਲਮਾਨ ਲੋਕਾਂ ਦੇ ਖਿਲਾਫ ਕੀ ਕੁਝ ਹਿੰਦੁਸਤਾਨ ਵਿਚ ਨਹੀਂ ਹੋਇਆ ? ਕੁਝ ਇਹੋ ਜਿਹੀਆਂ ਗੱਲਾਂ ਵਾਪਰੀਆਂ ਹਨ ਉਨ੍ਹਾਂ ਬਾਰੇ ਕੌਣ ਨਹੀਂ ਜਾਣਦਾ ? ਜਦੋਂ ਅਸੀਂ ਦੁਨੀਆਂ ਦੇ ਸੱਚੇ-ਸੁੱਚੇ ਲੋਕਾਂ ਦੀ ਗੱਲ ਕਰਦੇ ਹਾਂ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੱਲ ਕਰਦੇ ਹਾਂ ਤਾਂ ਉਨ੍ਹਾਂ ਦੀ ਮਾਤਾ, ਮਾਤਾ ਗੁਜਰੀ ਜੀ ਬਾਰੇ ਵੀ ਕਿਸੇ ਨੇ ਲਿਖਿਆ ਹੈ ਕਿ ਜਦੋਂ ਮਾਤਾ ਗੁਜਰੀ ਜੀ ਠੰਢੇ ਬੁਰਜ ਵਿੱਚ ਕੈਦ ਸਨ ਤਾਂ ਉਸ ਵੇਲੇ ਇਹ ਗੱਲ ਹੋਈ ਸੀ ਕਿ ਕਿਸੇ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਹਾਡਾ ਨਾਂ ਗੁਜਰੀ ਕਿਵੇਂ ਪਿਆ ? ਤਾਂ ਮਾਤਾ ਗੁਜਰੀ ਜੀ ਕਹਿਣ ਲੱਗੇ ਕਿ ਪਹਿਲਾਂ ਮੈਂ ਆਪਣਾ ਪਤੀ ਕੌਮ ਤੋਂ ਵਾਰਿਆ, ਫਿਰ ਪੋਤੇ ਵਾਰੇ । ਜੋ ਮੈਂ ਪਹਿਲਾਂ ਗੁਜਰੀ, ਜੋ ਮੈਂ ਕੱਲ ਗੁਜਰੀ, ਜਿਹੜੀ ਸਿਰ ਪਈ ਉਹ ਮੈਂ ਝੱਲ ਗੁਜਰੀ । ਇਸੇ ਲਈ ਮੇਰਾ ਨਾਂ ਗੁਜਰੀ ਪਿਆ । ਲੇਕਿਨ ਸਪੀਕਰ ਸਾਹਿਬ ਇਸ ਗੱਲ ਦੇ ਖਦਸ਼ੇ ਹਨ, ਸ਼ੰਕੇ ਹਨ ਕਿ ਅਸੀਂ ਸਿਆਸਤਦਾਨ ਲੋਕ ਕਹਿੰਦੇ ਕੁਝ ਹਾਂ ਅਤੇ ਕਰਦੇ ਕੁਝ ਹਾਂ । ਸਾਡੀ ਕਹਿਣੀ ਅਤੇ ਕਰਨੀ ਵਿਚ ਫਰਕ ਕਿਉਂ ਪੈ ਜਾਂਦਾ ਹੈ । ਜਦੋਂ ਅਸੀਂ ਖਾਲਸੇ ਦਾ ਜਨਮ ਦਿਨ ਦੀ 300 ਵਾਂ ਜਨਮ ਦਿਵਸ ਮਨਾ ਰਹੇ ਹਾਂ ਤਾਂ ਸਾਨੂੰ ਐਸੀਆਂ ਮਾਰੀਆਂ

Original with;
Punjab Vidhan Sabha
Digitized by;
Panjab Digital Library

ਗੱਲਾਂ ਬਾਰੇ ਵੀ ਸੋਚਣਾ ਪਵੇਗਾ ਅਤੇ ਸੋਚ ਕੇ ਚਲਣਾ ਪਵੇਗਾ। ਇਹ ਜਿਹੜੇ ਖਦਸ਼ੇ ਹੋਣੇ ਸ਼ੁਰੂ ਹੋਏ ਹਨ, ਉਨ੍ਹਾਂ ਗੱਲਾਂ ਤੋਂ ਸਾਨੂੰ ਹਟ ਕੇ ਸੋਚਣਾ ਪਵੇਗਾ ਕਿ ਜਿਹੜਾ ਪੰਜਾਬ ਦੇ ਵਿਚ ਦੁਖਾਂਤ ਵਾਪਰਿਆ ਹੈ, ਘਾਣ ਹੋਇਆ ਹੈ, ਉਹ ਕਿਉਂ ਹੋਇਆ ਹੈ। ਲੇਕਿਨ ਸਪੀਕਰ ਸਾਹਿਬ, ਸਦਕੇ ਜਾਈਏ ਉਨ੍ਹਾਂ ਪੰਜਾਬ ਦੇ ਲੋਕਾਂ ਦੇ, ਹਿੰਦੂ-ਸਿੱਖ ਭਾਈਚਾਰੇ ਦੇ, ਜਿਨ੍ਹਾਂ ਨੇ ਆਪਸੀ ਭਾਈਚਾਰਕ ਸਾਂਝ ਨੂੰ ਟੁੱਟਣ ਨਹੀਂ ਦਿੱਤਾ, ਚਾਹੇ ਉਨ੍ਹਾਂ ਦੇ ਹਜ਼ਾਰਾਂ ਨੌਜਵਾਨ ਤੇ ਬੱਚੇ ਘਾਣ ਹੋ ਕੇ ਇਸ ਦੁਨੀਆਂ ਵਿਚੋਂ ਤੁਰ ਗਏ। ਸਪੀਕਰ ਸਾਹਿਬ, ਅੱਜ ਜਦੋਂ ਅਸੀਂ ਮਹਾਨ ਸੱਚੇ-ਸੁਚੇ ਲੋਕਾਂ ਦੀਆਂ ਗੱਲਾਂ ਤੇ ਅਮਲ ਕਰਨ ਦੀ ਗੱਲ ਕਰਦੇ ਹਾਂ ਕਿ "ਮਾਨਸਿ ਕੀ ਜਾਤਿ ਸਭੈ ਏਕੈ ਪਹਿਚਾਨਬੋ" ਅਨੁਸਾਰ ਦੁਨੀਆਂ ਦੇ ਸਾਰੇ ਪੈਦਾ ਹੋਏ ਮਾਨਸ ਬਰਾਬਰ ਹਨ। ਲੇਕਿਨ ਇਹ ਗੱਲ ਵੀ ਤੁਹਾਡੇ ਸਾਹਮਣੇ ਹੈ ਕਿ ਅਸੀਂ ਰਾਜਸੀ ਲੋਕ ਆਪਣੀ ਕਹਿਣੀ ਤੇ ਕਰਨੀ ਵਿਚ ਫਰਕ ਪਾ ਜਾਂਦੇ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਦਲਿਤ ਲੋਕਾਂ ਨੇ, ਭਰਾਵਾਂ ਨੇ ਭਾਵੇਂ ਵੋਟਾਂ ਕਿਸੇ ਨੂੰ ਪਾਈਆਂ ਹੋਣ, ਉਹ ਲੋਕ ਵੀ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਹਨ। ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਫਲਾਣੇ ਨੂੰ ਵੋਟਾਂ ਪਾਈਆਂ ਹਨ ਇਸ ਲਈ ਤੁਸੀਂ ਹੁਣ ਉਸੇ ਕੋਲ ਜਾ ਕੇ ਕੰਮ ਕਰੋ ਅਤੇ ਉਸੇ ਦੇ ਖੇਤਾਂ ਵਿਚ ਹੀ ਟੱਟੀ-ਪਿਸ਼ਾਬ ਜਾਉ। ਜਿਸ ਦੀਆਂ ਮੈਂ ਇਥੇ ਮਿਸਾਲਾਂ ਵੀ ਦੇ ਸਕਦਾ ਹਾਂ, ਅਜਿਹੀਆਂ ਗੱਲਾਂ ਅਸੀਂ ਕਰਦੇ ਹਾਂ ਲੇਕਿਨ ਇਸ ਮਹਾਨ ਸਦਨ ਦੇ ਵਿੱਚ ਆ ਕੇ ਸਾਰੀਆਂ ਗੱਲਾਂ ਨੂੰ ਭੁਲਾ ਕੇ, ਜਦ ਅਸੀਂ ਅਜਿਹਾ ਰਸਤਾ ਹਿੰਦੁਸਤਾਨ ਦਾ, ਪੰਜਾਬ ਦਾ ਭਲਾ ਕਰਨ ਵਾਸਤੇ ਅਖਤਿਆਰ ਕਰਨ ਜਾ ਰਹੇ ਹਾਂ, ਮੈਂ ਇਸ ਮਤੇ ਦੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। ਬਹੁਤ ਸਾਰੀਆਂ ਗੱਲਾਂ ਜਿਨ੍ਹਾਂ ਦੇ ਖਦਸ਼ੇ ਹਨ, ਸ਼ੰਕੇ ਹਨ ਉਨ੍ਹਾਂ ਨੂੰ ਦੂਰ ਕਰਕੇ, ਇਕ ਹੋਕੇ ਸਾਨੂੰ ਚਲਣਾ ਪਵੇਗਾ ਤਾਂ ਹੀ ਸਾਰੇ ਹਿੰਦੁਸਤਾਨ ਦਾ, ਸਮੁੱਚੇ ਪੰਜਾਬ ਦਾ ਭਲਾ ਹੋ ਸਕੇਗਾ। ਇੰਨਾਂ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਡਾਕਟਰ ਹਰਬੰਸ ਲਾਲ** (ਸਰਹਿੰਦ) : ਸਪੀਕਰ ਸਾਹਿਬ, ਜੋ ਰੈਜ਼ੋਲਿਊਸ਼ਨ ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 300 ਵਾਂ ਸਾਲਾ ਦਿਵਸ ਮਨਾਉਣ ਬਾਰੇ ਅੱਜ ਇਥੇ ਲਿਆਂਦਾ ਗਿਆ ਹੈ, ਅਤੇ ਸਾਹਨੀ ਸਾਹਿਬ ਨੇ ਪੇਸ਼ ਕੀਤਾ ਹੈ, ਮੈਂ ਦੱਸਣਾ ਚਾਹੁੰਦਾ ਹਾਂ......

**ਸ੍ਰੀ ਸਪੀਕਰ** : 300 ਸਾਲਾ ਪੰਥ ਖਾਲਸੇ ਦਾ ਜਨਮ ਦਿਹਾੜਾ ਮਨਾਉਣ ਬਾਰੇ ਹੈ।

**ਡਾਕਟਰ ਹਰਬੰਸ ਲਾਲ** : ਠੀਕ ਹੈ ਜੀ, ਪੰਥ ਖਾਲਸੇ ਦਾ ਜਨਮ ਦਿਹਾੜਾ ਮਨਾਉਣ ਦੇ ਸਬੰਧ ਵਿੱਚ ਇਹ ਜੋ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ, ਇਸ ਤੇ ਬਹੁਤ ਸਾਰੇ ਸਾਥੀਆਂ ਨੇ ਚਾਨਣਾ ਪਾਇਆ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਪਹਿਲਾਂ ਜਦੋਂ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਸੀ,

Original with;
Punjab Vidhan Sabha
Digitized by;
Panjab Digital Library

[ਡਾਕਟਰ ਹਰਬੰਸ ਲਾਲ]

ਉਦੋਂ ਵੀ ਇਸ ਹਾਊਸ ਦੇ ਵਿੱਚ ਸਰਬ-ਸੰਮਤੀ ਨਾਲ ਪਾਸ ਕਰਕੇ ਉਪਰ ਭੇਜਿਆ ਗਿਆ ਸੀ ਕਿ ਪੰਥ ਖਾਲਸੇ ਦਾ ਜਨਮ ਦਿਹਾੜਾ ਮਨਵਾਉਣ ਵਾਸਤੇ, ਹਿਉਮਨ ਰਾਈਟਸ ਦੀ ਰੱਖਿਆ ਵਾਸਤੇ, ਅਤੇ ਲੋਕਾਂ ਦੀ ਰੱਖਿਆ ਵਾਸਤੇ .....

**ਸ਼੍ਰੀ ਜਗਦੀਸ਼ ਸਾਹਨੀ :** ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜਿਸ ਤਰ੍ਹਾਂ ਡਾਕਟਰ ਹਰਬੰਸ ਜੀ ਨੇ ਸ਼ੰਕਾ ਜ਼ਾਹਿਰ ਕੀਤਾ ਹੈ, ਅਜਾਇਬ ਸਿੰਘ ਜੀ ਨੇ ਸ਼ੰਕਾ ਜ਼ਾਹਿਰ ਕੀਤਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਪਹਿਲਾਂ ਵੀ ਲਿਆਂਦਾ ਗਿਆ ਸੀ ਅਤੇ ਕਾਂਗਰਸ ਪਾਰਟੀ ਨੇ ਇਸ ਨੂੰ ਈਮੀਜੇਟਲੀ ਅਪਰੂਵ ਕਰ ਦਿਤਾ ਸੀ, ਅਤੇ ਕੋਈ ਵੀ ਆਪਣੀ ਮਨਸ਼ਾ ਜ਼ਾਹਿਰ ਨਹੀਂ ਸੀ ਕਰ ਸਕਿਆ, ਆਪਣੇ ਵਿਚਾਰ ਪੇਸ਼ ਨਹੀਂ ਸੀ ਕਰ ਸਕਿਆ। ਇਸ ਲਈ ਇਹ ਰੈਜ਼ਿਊਸ਼ਨ ਮੁੜ ਕੇ ਲਿਆਂਦਾ ਗਿਆ ਹੈ।

**ਸ਼੍ਰੀ ਸਪੀਕਰ :** ਠੀਕ ਹੈ, ਡਾਕਟਰ ਹਰਬੰਸ ਲਾਲ ਜੀ ਤੁਸੀਂ ਬੋਲੋ।

**ਡਾਕਟਰ ਹਰਬੰਸ ਲਾਲ :** ਸਪੀਕਰ ਸਾਹਿਬ, ਮੇਰੇ ਬਹੁਤ ਸਾਰੇ ਸਾਥੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਅਤੇ ਉਨ੍ਹਾਂ ਦੀ ਘਾਲਣਾਵਾਂ ਬਾਰੇ ਖੁਲ੍ਹ ਕੇ ਚਾਨਣਾ ਪਾਇਆ ਹੈ। ਮੈਂ ਇੱਕੋ ਗੱਲ ਦੱਸਣੀ ਚਾਹੁੰਦਾ ਹਾਂ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼, ਧਰਮ ਅਤੇ ਕੌਮ ਵਾਸਤੇ ਹੀ ਕੁਰਬਾਨੀ ਨਹੀਂ ਦਿਤੀ ਬਲਕਿ ਉਨ੍ਹਾਂ ਨੇ ਜ਼ੁਲਮ ਨਾਲ ਟੱਕਰ ਲਿਤੀ। ਫਤਹਿਗੜ੍ਹ ਸਾਹਿਬ ਦੇ ਅੰਦਰ ਉਨ੍ਹਾਂ ਦੇ ਦੋ ਸਾਹਿਬਜ਼ਾਦਿਆਂ ਬਾਬਾ ਫਤਹਿ ਸਿੰਘ ਜੀ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਨੂੰ ਸਰਹਿੰਦ ਦੀਆਂ ਨੀਹਾਂ ਵਿੱਚ ਚਿਣਿਆ ਗਿਆ। ਪਹਿਲਾਂ ਵੀ ਸਾਡੇ ਮੈਂਬਰ ਸਾਹਿਬਾਨ ਨੇ ਦੱਸਿਆ ਹੈ, ਮੈਂ ਵੀ ਸਪੀਕਰ ਸਾਹਿਬ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਉਸ ਵੇਲੇ ਦੁਨੀਆਂ ਦੇ ਅੰਦਰ ਇਹ ਸੱਭ ਤੋਂ ਵੱਡੀ ਕੁਰਬਾਨੀ ਦਿਤੀ। ਸੱਭ ਤੋਂ ਛੋਟੀ ਉਮਰ ਦੇ ਬੱਚਿਆਂ ਨੇ ਦੇਸ਼, ਧਰਮ ਅਤੇ ਕੌਮ ਵਾਸਤੇ ਨਹੀਂ ਬਲਕਿ ਜ਼ੁਲਮ ਦੇ ਖਾਤਮੇ ਵਾਸਤੇ ਸੂਬਾ ਸਰਹੰਦ ਨਾਲ ਟੱਕਰ ਲੈ ਕੇ ਏਡੀ ਵੱਡੀ ਸ਼ਹਾਦਤ ਦਿਤੀ। ਸਪੀਕਰ ਸਾਹਿਬ, ਗੁਰੂ ਤੇਗ ਬਹਾਦਰ ਜੀ, ਜਿਨ੍ਹਾਂ ਨੇ ਉਸ ਵੇਲੇ ਸਮੁੱਚੇ ਹਿੰਦੁਸਤਾਨ ਵਾਸਤੇ, ਸਮੁੱਚੀ ਇਨਸਾਨੀਅਤ ਵਾਸਤੇ, ਸਮੁੱਚੀ ਮਨੁੱਖਤਾ ਦੇ ਭਲੇ ਵਾਸਤੇ, ਆਪਣਾ ਸੀਸ ਦਿਤਾ, ਅੱਜ ਉਨ੍ਹਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ ਔਰ ਮਾਤਾ ਗੁਜਰੀ ਜੀ, ਜਿਨ੍ਹਾਂ ਨੇ ਆਪਣਾ ਸਾਰਾ ਪ੍ਰਵਾਰ ਵਾਰ ਦਿਤਾ, ਜਦ ਉਨ੍ਹਾਂ ਨੂੰ ਪਤਾ ਲੱਗਿਆ ਕਿ ਮੇਰੇ ਦੋ ਪੋਤਰੇ ਬਾਬਾ ਫਤਹਿ ਸਿੰਘ ਜੀ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਨੂੰ ਨੀਹਾਂ ਵਿੱਚ ਚਿਣ ਦਿਤਾ ਗਿਆ ਹੈ ਤਾਂ ਉਨ੍ਹਾਂ ਨੇ ਪ੍ਰਾਣ ਤਿਆਗ ਦਿਤੇ। ਸਪੀਕਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਸਾਜਿਆ, ਉਨ੍ਹਾਂ ਨੂੰ ਪਤਾ ਸੀ, ਉਨ੍ਹਾਂ ਨੇ ਸਮੇਂ ਦੀ ਨਜ਼ਾਕਤ ਨੂੰ ਦੇਖਿਆ ਕਿ ਕਦੇ ਸਾਡੇ ਦੇਸ਼ ਨੂੰ ਮੁਹੰਮਦ ਗਜ਼ਨਵੀ ਲੁੱਟ ਰਿਹਾ ਹੈ ਅਤੇ ਕਦੇ ਮੁਹੰਮਦ ਗੋਰੀ ਲੁੱਟ ਰਿਹਾ ਹੈ। ਇਹ ਹਮਲਾਵਰ ਬਾਹਰੋਂ ਆਉਂਦੇ ਸੀ ਅਤੇ ਸਾਡੇ ਲੋਕਾਂ ਦੀ ਲੁੱਟ-ਖਸੁੱਟ ਕਰਕੇ ਚਲੇ

Original with;
Punjab Vidhan Sabha
Digitized by;
Panjab Digital Library

ਜਾਂਦੇ ਸੀ । ਇਸ ਦਾ ਕੀ ਕਾਰਨ ਸੀ ? ਕਾਰਨ ਇਹ ਸੀ ਕਿ ਸਾਡੇ ਲੋਕ ਜਾਤਾਂ-ਪਾਤਾਂ ਵਿੱਚ ਵੰਡੇ ਹੋਏ ਸਨ । ਇੱਕ ਜਾਤ ਦਾ ਵਿਅਕਤੀ ਦੂਸਰੀ ਜਾਤ ਨੂੰ ਜਰਦਾ ਨਹੀਂ ਸੀ । ਇੱਕ ਦੂਜੇ ਨੂੰ ਦੇਖਦਾ ਨਹੀਂ ਸੀ । ਇੱਕ ਦੂਜੇ ਦੇ ਪਰਛਾਵੇਂ ਤੋਂ ਡਰਦਾ ਸੀ । ਖੂਹਾਂ, ਨਲਕਿਆਂ ਤੇ ਪਾਣੀ ਵੀ ਨਹੀਂ ਭਰਨ ਦਿੱਤਾ ਜਾਂਦਾ ਸੀ । ਜਾਤ-ਪਾਤ ਦਾ ਬਹੁਤ ਜ਼ਿਆਦਾ ਬੋਲਬਾਲਾ ਸੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਖਿਆ ਕਿ ਜੋ ਲੋਕ ਬਾਹਰੋਂ ਲੁੱਟਣ ਆਉਂਦੇ ਹਨ, ਉਹ ਸਾਡੀਆਂ ਤਰੁੱਟੀਆਂ, ਸਾਡੀਆਂ ਜਾਤਾਂ-ਪਾਤਾਂ ਦੇ ਵਿਤਕਰੇ ਦਾ ਨਜਾਇਜ਼ ਫਾਇਦਾ ਉਠਾਉਂਦੇ ਹਨ ਅਤੇ ਦੇਸ਼ ਨੂੰ ਲੁੱਟ ਕੇ ਲਿਜਾ ਰਹੇ ਹਨ । ਸੋਨੇ ਦੀ ਚਿੜੀਆਂ ਵਰਗੇ ਦੇਸ਼ ਨੂੰ ਅੰਗਰੇਜ਼ਾਂ ਅਤੇ ਮੁਸਲਮਾਨਾਂ ਨੇ ਉਸ ਵੇਲੇ ਜਿਸ ਤਰ੍ਹਾਂ ਲੁੱਟਿਆ, ਉਸ ਨੂੰ ਸਾਰਾ ਸੰਸਾਰ ਜਾਣਦਾ ਹੈ ।

**ਸ੍ਰੀ ਜਗਦੀਸ਼ ਸਾਹਨੀ** (ਬੈਠੇ ਬੈਠੇ) : ਉਸ ਵਕਤ ਅੰਗਰੇਜ਼ ਨਹੀਂ ਸਨ ।

**ਡਾਕਟਰ ਹਰਬੰਸ ਲਾਲ** : ਚਲੋ ਬਾਅਦ ਵਿੱਚ ਆਏ ਪਰ ਉਨ੍ਹਾਂ ਨੇ ਦੇਸ਼ ਨੂੰ ਲੁੱਟਿਆ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਸੋਚਿਆ ਕਿ ਉਨ੍ਹਾਂ ਲੋਕਾਂ ਨੂੰ ਸਭ ਤੋਂ ਪਹਿਲਾਂ ਇਕੱਠਾ ਕਰਨ ਦੀ ਲੋੜ ਹੈ ਤਾਂ ਉਨ੍ਹਾਂ ਨੇ ਪੰਜ ਪਿਆਰੇ ਸਜਾਉਣ ਲਈ ਵਿਸਾਖੀ ਦੇ ਦਿਹਾੜੇ ਤੇ ਇੱਕ ਕੌਤਕ ਰਚਿਆ । ਉਸ ਦਿਨ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਅੰਮ੍ਰਿਤ ਛਕਾਇਆ ਅਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਅੰਮ੍ਰਿਤ ਛਕਿਆ ਅਤੇ ਉਪਦੇਸ਼ ਦਿੱਤਾ ।

'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ'

ਔਰ ਉਸ ਵੇਲੇ ਉਹ ਲੋਕ ਜੋ ਡਰਦੇ ਸਨ, ਭੈਅ ਖਾਂਦੇ ਸਨ, ਉਨ੍ਹਾਂ ਨੂੰ ਖੜ੍ਹਿਆਂ ਕੀਤਾ ਅਤੇ ਕਿਹਾ : 'ਰੰਘਰੇਟੇ ਗੁਰੂ ਕੇ ਬੇਟੇ'
ਔਰ ਨਾਲ ਹੀ ਉਨ੍ਹਾਂ ਨੇ ਕਿਹਾ

"ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ"

ਔਰ ਐਸੇ ਯੋਧੇ ਤਿਆਰ ਕੀਤੇ ਜੋ ਹਰ ਜ਼ੁਲਮ ਨਾਲ, ਹਰ ਵਿਤਕਰੇ ਨਾਲ ਟੱਕਰ ਲੈਣ ਅਤੇ ਕੁਰਬਾਨੀ ਦੇਣ ਲਈ ਤਿਆਰ ਰਹਿਣ । ਇਸ ਕਰਕੇ ਅੱਜ ਜੋ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ, ਉਸ ਸਬੰਧੀ ਮੇਰੇ ਸਾਥੀਆਂ ਨੇ ਬੜਾ ਖੁਲ੍ਹ ਕੇ ਕਿਹਾ ਹੈ ਔਰ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਹੋ ਜਿਹੇ ਦਿਹਾੜੇ ਮਨਾਉਣੇ ਚਾਹੀਦੇ ਹਨ ਔਰ ਇਹੋ ਜਿਹੀਆਂ ਕੁਰਬਾਨੀਆਂ ਸਦਾ ਯਾਦ ਰੱਖਣੀਆਂ ਚਾਹੀਦੀਆਂ ਹਨ । ਅੱਜ ਦਸਾਂ ਗੁਰੂਆਂ, ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਹੋਰ ਰਿਸ਼ੀਆਂ ਮੁਨੀਆਂ, ਗੁਰੂ ਰਵਿਦਾਸ, ਬਾਲਮੀਕ ਜੀ ਉਨ੍ਹਾਂ ਨੂੰ ਦੁਨੀਆਂ ਸਦਾ ਯਾਦ ਰੱਖਦੀ ਹੈ ਕਿਉਂਕਿ ਉਨ੍ਹਾਂ ਨੇ ਮਨੁੱਖਤਾ ਦਾ ਸਬਕ ਦਿੱਤਾ, ਸੱਚ ਦਾ ਸੰਦੇਸ਼ ਦਿੱਤਾ ਔਰ ਉਨ੍ਹਾਂ ਨੇ ਭੁੱਲੇ-ਭਟਕੇ ਲੋਕਾਂ, ਜਾਤਾਂ-ਪਾਤਾਂ ਵਿਚ ਰੰਗੇ ਲੋਕਾਂ ਨੂੰ, ਅਮੀਰ-ਗਰੀਬ ਅਤੇ ਛੋਟੇ-ਵੱਡੇ ਦਾ ਫਰਕ ਰੱਖਣ ਵਾਲੇ ਲੋਕਾਂ ਨੂੰ, ਮਨੁੱਖਤਾ ਦਾ ਰਾਹ ਦੱਸਿਆ । ਇਸ ਕਰਕੇ ਸਾਨੂੰ ਇਨ੍ਹਾਂ ਗੁਰੂਆਂ-ਪੀਰਾਂ

Original with;
Punjab Vidhan Sabha
Digitized by;
Panjab Digital Library

[ਡਾਕਟਰ ਹਰਬੰਸ ਲਾਲ]

ਦੇ ਦਿਹਾੜੇ ਮਨਾਉਣੇ ਚਾਹੀਦੇ ਹਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਸਾਥੀ ਇੱਥੇ ਬੈਠੇ ਹਨ, ਪਿਛਲੇ 10 ਸਾਲਾਂ ਵਿਚ ਨਿਰਦੋਸ਼ ਜਾਨਾਂ ਗਈਆਂ। ਗੁਰੂ ਸਾਹਿਬ ਨੇ ਦੱਸਿਆ ਕਿ ਲੋਕਾਂ ਵਾਸਤੇ ਸੱਚ ਦੀ ਲੜਾਈ ਲੜੋ, ਮਨੁੱਖਤਾ ਦੇ ਭਲੇ ਲਈ ਲੜਾਈ ਲੜੋ ** ** ** (ਵਿਘਨ) ਪੰਜਾਬ ਵਿਚ ਕਿੰਨੇ ਨਿਰਦੋਸ਼ ਲੋਕ ਮਾਰੇ ਗਏ, ਕਿੰਨੇ ਬੱਚੇ ਮਾਰੇ ਗਏ ਕਿੰਨੀਆਂ ਭੈਣਾਂ ਵਿਧਵਾ ਹੋਈਆਂ। (ਇਸ ਸਮੇਂ ਸਦਨ ਵਿਚ ਕਾਫੀ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ)

ਪੰਜਾਬ ਵਿਚ ਕਿਹਾ ਗਿਆ ਸੀ ਕਿ 'ਇੱਕ ਰੋਈ ਸੀ ਧੀ ਪੰਜਾਬ ਦੀ, ਉਸ ਲਿਖ ਲਿਖ ਮਾਰੇ ਵੈਣ, ਅੱਜ ਲੱਖਾਂ ਧੀਆਂ ਰੋਂਦੀਆਂ, ਤਨੂੰ ਵਾਰਸ ਸ਼ਾਹ ਨੂੰ ਕਹਿਣ'। (ਵਿਘਨ) ਅੱਜ ਮੇਰੇ ਸਾਥੀ ਦੱਸਣ। (ਵਿਘਨ) ਤੁਹਾਨੂੰ ਕੀ ਹੋ ਗਿਆ। ਦਸ ਸਾਲ ਤੁਸੀਂ ਕਿੱਥੇ ਸੀ। ** ** **

**ਸ੍ਰੀ ਸਪੀਕਰ** : ਡਾਕਟਰ ਸਾਹਿਬ, ਮੈਂ ਸਮਝਦਾ ਹਾਂ ਕਿ ਤੁਸੀਂ ਬਹੁਤ ਸਿਆਣੇ ਹੋ। ਕਿਰਪਾ ਕਰਕੇ ਜਦੋਂ ਮੈਂ ਕੋਈ ਗਲ ਕਹਿਣੀ ਚਾਹਾਂ, ਉਸ ਵਕਤ ਆਪਣੀ ਗੱਲ ਬੰਦ ਕਰ ਦਿਆ ਕਰੋ ਅਤੇ ਬੈਠ ਜਾਇਆ ਕਰੋ। ਜਿਹੜੇ ਲਫਜ਼ ਕੰਟਰੋਵਰਸ਼ੀਅਲ ਇਨ੍ਹਾਂ ਨੇ ਕਹੇ ਹਨ, ਮੈਂ ਸਮਝਦਾ ਹਾਂ ਕਿ ਇਹ ਲਫਜ਼ ਹਾਊਸ ਦੀ ਪ੍ਰੋਸੀਡਿੰਗਜ਼ ਵਿਚੋਂ ਕੱਢ ਦਿੱਤੇ ਜਾਣ। ਜਦੋਂ ਕੋਈ ਦੂਸਰਾ ਮੈਂਬਰ ਬੋਲਣਾ ਚਾਹੁੰਦਾ ਹੈ, ਤਾਂ ਚੇਅਰ ਨੂੰ ਐਡਰੈਸ ਕਰਨਾ ਚਾਹੀਦਾ ਹੈ, ਅਤੇ ਬੋਲਣ ਵਾਲੇ ਸਪੀਕਰ ਦਾ ਵੀ ਫਰਜ਼ ਬਣਦਾ ਹੈ ਕਿ ਉਹ ਕਿਰਪਾ ਕਰਕੇ ਬੈਠ ਜਾਵੇ ਤਾਂ ਕਿ ਦੂਸਰੇ ਦੀ ਗੱਲ ਸੁਣ ਲਈਏ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮਾਨਯੋਗ ਮੈਂਬਰ ਸਾਹਿਬ ਇਕ ਬੜੇ ਅਹਿਮ ਮਤੇ ਤੇ ਬੋਲ ਰਹੇ ਸਨ, ਉਹ ਭਾਵੁਕ ਹੋ ਗਏ ਹਨ।

**ਸ੍ਰੀ ਸਪੀਕਰ** : ਜੋ ਉਹ ਬੋਲੇ ਹਨ, ਉਹ ਪ੍ਰੋਸੀਡਿੰਗਜ਼ ਵਿਚੋਂ ਕਢਾ ਦਿੱਤਾ ਹੈ। ਅਗਰ ਕੋਈ ਹੋਰ ਕਲੈਰੀਫਿਕੇਸ਼ਨ ਹੈ, ਤਾਂ ਬੋਲ ਲਵੋ ਨਹੀਂ ਤਾਂ ਬੈਠ ਜਾਵੋ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਠੀਕ ਹੈ ਜੀ।

**ਡਾਕਟਰ ਹਰਬੰਸ ਲਾਲ** : ਇਸ ਮਹਾਨ ਦਿਹਾੜੇ ਸਬੰਧੀ ਸਾਡੀ ਪਾਰਟੀ ਦੇ ਗਿਆਨੀ ਜ਼ੈਲ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ ਸੀ ਔਰ ਉਸ ਤੋਂ ਬਾਅਦ ਸ਼ਹੀਦ-ਏ-ਆਜ਼ਮ ਬੇਅੰਤ ਸਿੰਘ ਜੀ, ਜੋ ਇਸ ਦੁਨੀਆਂ ਵਿੱਚ ਨਹੀਂ ਰਹੇ, ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਬੱਚਿਆਂ ਨੂੰ ਫਤਹਿਗੜ੍ਹ ਸਾਹਿਬ ਵਿਖੇ ਸ਼ਰਧਾ ਦੇ ਫੁੱਲ ਹੀ ਭੇਟ ਨਹੀਂ ਕੀਤੇ ਬਲਕਿ ਦੁਨੀਆਂ ਵਿੱਚ ਰਹਿੰਦੇ ਲੋਕਾਂ ਦੇ ਮਨ ਵਿੱਚ ਇਸ ਧਾਰਮਿਕ ਵਿਰਸੇ ਅਤੇ ਮਹਾਨ ਪਵਿੱਤਰ ਧਰਤੀ ਦੀ ਜਗ੍ਹਾ ਨੂੰ ਛਾਪਿਆ ਹੈ ਅਤੇ ਫਤਹਿਗੜ੍ਹ ਸਾਹਿਬ ਨੂੰ ਜ਼ਿਲ੍ਹੇ ਦਾ ਦਰਜਾ ਦਿੱਤਾ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਸੇ ਤਰ੍ਹਾਂ ਜੋ ਹੁਣ ਨਵੀਂ ਸਰਕਾਰ ਬਣੀ ਹੈ, ਇਸ ਨੇ ਕਈ ਕੰਮ ਕੀਤੇ ਹਨ। ਕੁਝ ਜਿਹੜੇ ਕੰਮ ਲੋਕ ਹਿੱਤ ਵਿੱਚ ਕੀਤੇ ਹਨ, ਅੱਛੀ ਗੱਲ ਹੈ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸ਼ਡਿਊਲਡ ਕਾਸਟਾਂ ਨਾਲ ਵੱਖ-ਵਾਦੀ ਵਾਲਾ ਰਵੱਈਆ ਅਖਤਿਆਰ ਕੀਤਾ ਹੈ, ਇਹ ਇਨਸਾਨੀਅਤ ਦੀ ਗੱਲ ਨਹੀਂ, ਸਾਂਝੀਵਾਲਤਾ ਦੀ ਗੱਲ ਨਹੀਂ।

**ਕਈ ਆਵਾਜ਼ਾਂ** : ਮਤੇ ਤੇ ਬੋਲੋ।

**ਡਾਕਟਰ ਹਰਬੰਸ ਲਾਲ** : ਮਤੇ ਤੇ ਹੀ ਬੋਲਾਂਗਾ। ਬੜੀ ਖੁਸ਼ੀ ਦੀ ਗੱਲ ਹੈ ਹੈ ਕਿ ਸਾਥੀਆਂ ਨੇ ਮੇਰੀਆਂ ਗੱਲਾਂ ਨੂੰ ਬੜਾ ਮਹਿਸੂਸ ਕੀਤਾ ਹੈ। ਭਰਾਵੋ, ਮੈਂ ਤਾਂ ਇਹੀ ਗੱਲ ਕਹੀ ਹੈ, ਜਿਸ ਤਰ੍ਹਾਂ ਕਿਹਾ ਗਿਆ ਹੈ ਕਿ 'ਨਾਨਕ ਨੀਵਾਂ ਜੋ ਚਲੈ ਲਾਗੈ ਨਾ ਤਾਤੀ ਵਾਉ॥'' (ਵਿਘਨ)

**ਸ਼੍ਰੀ ਸਪੀਕਰ** : ਜਿਹੜੀ ਗੁਰਬਾਣੀ ਦੇ ਬਾਰੇ ਤੁਸੀਂ ਸ਼ਿਓਰ ਨਹੀਂ ਹੋ, ਤੁਸੀਂ ਉਸ ਦੇ ਮੀਨਿੰਗ ਦੱਸ ਸਕਦੇ ਹੋ।

**ਸਰਦਾਰ ਬਲਦੇਵ ਸਿੰਘ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਬੇਨਤੀ ਹੈ ਕਿ ਜੋ ਗੈਰ ਸਰਕਾਰੀ ਮਤਾ ਲਿਆਂਦਾ ਗਿਆ ਹੈ ਔਰ ਅਸੀਂ ਇਥੇ ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਬੋਲ ਰਹੇ ਹਾਂ ਔਰ ਇਹ ਇਰ-ਰੈਲੇਵਿੰਟ ਤੁਕਾਂ ਬੋਲ ਰਹੇ ਹਨ, ਜਿਸ ਕਰਕੇ ਹਾਊਸ ਵਿੱਚ ਤਲਖੀ ਹੋਈ ਹੈ। ਅਸੀਂ ਵੀ ਇਹ ਦੱਸਾਂਗੇ ਕਿ ਅੱਤਵਾਦ ਕਿਸ ਨੇ ਪੈਦਾ ਕੀਤਾ ? ਕਿਸ ਨੇ ਦੇਸ਼ ਨੂੰ ਲੁੱਟਿਆ ? ਇਹ ਗੱਲਾਂ ਹਾਊਸ ਵਿੱਚ ਅਸੀਂ ਵੀ ਬੋਲਾਂਗੇ। ਇਨ੍ਹਾਂ ਨੂੰ ਬੇਨਤੀ ਕਰ ਦਿਉ ਕਿ ਜੋ ਬੋਲਣਾ ਹੈ, ਤਿੰਨ ਸੌ ਸਾਲਾ 'ਖਾਲਸਾ ਸਾਜਨਾ ਦਿਵਸ'' ਤੇ ਬੋਲਣ। ** ** **

**ਸ਼੍ਰੀ ਅਵਤਾਰ ਹੈਨਰੀ**. ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਜੋ ਗੱਲਾਂ ਖਿਆਲਾ ਸਾਹਿਬ ਨੇ ਕਹੀਆਂ ਹਨ ਕਿ ** ** ਇਹ ਐਕਸਪੰਜ ਹੋਣਾ ਚਾਹੀਦਾ ਹੈ। (ਵਿਘਨ) ਸਪੀਕਰ ਸਾਹਿਬ, ਆਪਣੀ ਰੂਲਿੰਗ ਵਿੱਚ ਜੋ ਮਰਜੀ ਕਹਿਣ ਪਰ ਇੱਕ ਮੈਂਬਰ ਕਹੇ ਕਿ ** ** ਇਹ ਗਲਤ ਹੈ।

**ਸ਼੍ਰੀ ਸਪੀਕਰ** : ਬੋਲਣ ਦੇਣਾ ਜਾਂ ਨਹੀਂ ਦੇਣਾ ਇਹ ਮੇਰੀ ਪ੍ਰਿਵਲੇਜ ਹੈ। ਇਨ੍ਹਾਂ ਲਫਜ਼ਾਂ ਨੂੰ ਪ੍ਰੋਸੀਡਿੰਗ ਵਿੱਚੋਂ ਕੱਢ ਦਿਉ।

**ਡਾਕਟਰ ਹਰਬੰਸ ਲਾਲ** : ਜੋ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਾਰੇ ਵਿੱਚ ਸਾਥੀਆਂ ਨੇ ਦਰਸਾਇਆ ਹੈ ਕਿ ਉਨ੍ਹਾਂ ਨੇ ਇਨਸਾਨੀਅਤ ਦੀ ਲੜਾਈ ਲੜੀ ਔਰ ਮਨੁੱਖੀ ਜਾਤੀ ਨੂੰ ਦਰਸਾਇਆ ਕਿ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।'' ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖਦੇ ਹੋਏ, ਸਾਨੂੰ ਸਾਰਿਆਂ ਨੂੰ ਸਬਕ ਲੈਣਾ ਚਾਹੀਦਾ ਹੈ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਹਰਬੰਸ ਲਾਲ]

ਮਨ ਮੰਦਰ ਤਨ ਵੇਸ ਕਲੰਦਰ ਘਟਹੀ ਤੀਰਥ ਨਾਵਾ ।
ਏਕ ਸ਼ਬਦ ਮੇਰੇ ਪ੍ਰਾਣ ਬਸੈ ਹੈਂ ਬਹੁੜ ਜਨਮ ਨ ਆਵਾ ।"

(ਕਈ ਆਵਾਜ਼ਾਂ, ਇਹ ਫਿਰ ਗਲਤ ਬੋਲ ਰਹੇ ਹਨ ।)

ਸਪੀਕਰ ਸਾਹਿਬ, ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦਿੱਤੇ ਉਪਦੇਸ਼ਾਂ ਤੇ ਚਲਣਾ ਚਾਹੀਦਾ ਹੈ ਅਤੇ ਸਾਨੂੰ ਆਪਣੇ ਅੰਦਰੋਂ ਧਾਰਮਿਕ ਬਣਨਾ ਚਾਹੀਦਾ ਹੈ ਅਤੇ ਅੰਦਰੋਂ ਹੀ ਲੋਕਾਂ ਪ੍ਰਤੀ ਸੇਵਾ-ਭਾਵ ਦੀ ਭਾਵਨਾ ਹੋਣੀ ਚਾਹੀਦੀ ਹੈ । ਸਾਡੇ ਅੰਦਰ ਗੁਰੂ ਸਾਹਿਬ ਦੇ ਉਪਦੇਸ਼ਾਂ ਦੀ ਰੂਹ ਹੋਣੀ ਚਾਹੀਦੀ ਹੈ ਅਤੇ ਗਰੀਬਾਂ, ਦੱਬੇ ਕੁਚਲੇ ਲੋਕਾਂ ਲਈ ਜਿਨ੍ਹਾਂ ਨੂੰ ਪਿਛਲੇ ਸਮੇਂ ਤੋਂ ਲਤਾੜਿਆ ਜਾਂਦਾ ਰਿਹਾ ਹੈ, ਜਿਨ੍ਹਾਂ ਦੇ ਨਾਲ ਵਿਤਕਰੇ ਕੀਤੇ ਜਾਂਦੇ ਸਨ ਅਤੇ ਉਨ੍ਹਾਂ ਦੇ ਨਾਲ ਸਮਾਜ ਦੇ ਵਿੱਚ ਇਸ ਤਰ੍ਹਾਂ ਦੇ ਵਿਤਕਰੇ ਹੁੰਦੇ ਸਨ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਮਾਰੇ ਗਏ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਅਸੀਂ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਤੇ ਚਲਣਾ ਹੈ ਤਾਂ ਸਮਾਜ ਦੇ ਹਰ ਵਰਗ ਨੂੰ ਹਰ ਬੱਚੇ ਨੂੰ ਹਰ ਭੈਣ ਭਰਾ ਨੂੰ ਅਤੇ ਹਰ ਜਾਤ ਦੇ ਇਨਸਾਨ ਦੀ ਆਪਣੇ ਅੰਦਰੋਂ ਸੇਵਾ ਕਰਨੀ ਚਾਹੀਦੀ ਹੈ ਅਤੇ ਸੱਚੇ ਦਿਲ ਦੇ ਨਾਲ ਸੇਵਾ ਕਰਨੀ ਚਾਹੀਦੀ ਹੈ । ਜਦੋਂ ਤੱਕ ਅਸੀਂ ਇਸ ਤਰ੍ਹਾਂ ਨਹੀਂ ਕਰਾਂਗੇ ਤਾਂ ਅਸੀਂ ਗੁਰੂ ਗੋਬਿੰਦ ਜੀ ਮਹਾਰਾਜ ਜੀ ਦੇ ਪਾਏ ਹੋਏ ਪੂਰਨਿਆਂ ਦੇ ਉਤੇ ਚਲ ਨਹੀਂ ਸਕਦੇ । ਜਦੋਂ ਅਸੀਂ ਕਿਸੇ ਦੇ ਭਲੇ ਦੀ ਗੱਲ ਕਰਦੇ ਹਾਂ ਜਾਂ ਕਿਸੇ ਦੱਬੇ-ਕੁਚਲੇ ਦੀ ਭਲਾਈ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਸੱਚੇ ਮਨ ਨਾਲ ਕਰਨੀ ਚਾਹੀਦੀ ਹੈ । ਅੱਜ ਜੋ 'ਖਾਲਸਾ ਪੰਥ ਦੀ ਸਿਰਜਣਾ' ਦਾ ਰੈਜ਼ੂਲਿਊਸ਼ਨ ਲਿਆਂਦਾ ਗਿਆ ਹੈ, ਮੈਨੂੰ ਇਸ ਦੇ ਉਤੇ ਬੜੀ ਖੁਸ਼ੀ ਹੋਈ ਹੈ ਅਤੇ ਮੈਂ ਕਹਿੰਦਾ ਹਾਂ ਕਿ ਇਹ ਦਿਹਾੜਾ ਧੂਮ-ਧਾਮ ਨਾਲ ਮਨਾਇਆ ਜਾਣਾ ਚਾਹੀਦਾ ਹੈ । ਮੈਂ ਇਸ ਦੀ ਪ੍ਰਸ਼ੰਸਾ ਕਰਦਾ ਹਾਂ । ਅੱਜ ਜਦੋਂ ਮੈਂ ਸਵੇਰੇ ਆ ਰਿਹਾ ਸੀ ਤਾਂ ਇਕ ਜਗ੍ਹਾ ਤੇ ਪੋਸਟਰ ਲੱਗਿਆ ਸੀ ਜਿਸ ਦੇ ਉਤੇ ਇਹ ਲਿਖਿਆ ਸੀ ਕਿ ਬਾਦਲ ਸਰਕਾਰ ਲੋਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਵੇਗੀ । ਇਨ੍ਹਾਂ ਨੂੰ ਇਹ ਨਹੀਂ ਕਰਨਾ ਚਾਹੀਦਾ ਕਿ ਕਿਸ ਬੰਦੇ ਨੇ ਸਾਨੂੰ ਵੋਟ ਪਾਈ ਹੈ ਅਤੇ ਕਿਸ ਨੇ ਨਹੀਂ ਪਾਈ ਸਗੋਂ ਸਾਰਿਆਂ ਦੇ ਭਲੇ ਦੇ ਲਈ ਕੰਮ ਕਰਨਾ ਚਾਹੀਦਾ ਹੈ । ਕਬੀਰ ਸਾਹਿਬ ਕਹਿੰਦੇ ਹਨ:

"ਏਕ ਘੜੀ ਆਧੀ ਘੜੀ ਆਧੀ ਸੇ ਪੁੰਨ ਆਧਿ,
ਕਬੀਰਾ ਸੰਗਤ ਸਾਧ ਕੀ ਕਟੇ ਕੋਟ ਅਪਰਾਧ ।"

ਇਸ ਤਰ੍ਹਾਂ ਦੇ ਹੋਰ ਦਿਹਾੜੇ ਵੀ ਮਨਾਏ ਜਾਣੇ ਚਾਹੀਦੇ ਹਨ । ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਦੇ ਲਈ ਲੜਾਈ ਲੜੀ ਸੀ ਅਤੇ ਉਨ੍ਹਾਂ ਨੇ ਆਪਣਾ ਸਾਰਾ ਪਰਿਵਾਰ ਮਨੁੱਖਤਾ ਦੇ ਲਈ ਹੀ ਵਾਰ ਦਿੱਤਾ ਸੀ । ਸਾਨੂੰ ਇਸ ਦਿਹਾੜੇ ਨੂੰ ਮਨਾ ਕੇ ਇਸ ਦੇ ਮੂਲ ਮੰਤਰ ਤੇ ਚਲਣਾ ਚਾਹੀਦਾ ਹੈ । ਅੰਤ ਵਿੱਚ ਸਪੀਕਰ ਸਾਹਿਬ, ਮੈਂ ਹਾਊਸ ਦੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਦਿਹਾੜੇ ਨੂੰ ਬੜੀ ਧੂਮ ਧਾਮ ਨਾਲ ਮਨਾਉਣ ਅਤੇ ਇਹ ਦਿਹਾੜਾ ਜੋ ਸਾਨੂੰ ਉਪਦੇਸ਼ ਜਾਂ ਸਿੱਖਿਆ ਦਿੰਦਾ ਹੈ ਉਸ ਦੇ ਉਤੇ ਵਾਕਿਆ ਹੀ ਸਾਨੂੰ ਅਮਲੀ ਤੌਰ ਤੇ ਚਲਣਾ ਚਾਹੀਦਾ ਹੈ । ਇਹ ਜਿਹੜਾ ਰੈਜ਼ੂਲਿਊਸ਼ਨ ਲਿਆਂਦਾ ਗਿਆ ਹੈ ਮੈਨੂੰ ਇਸ ਤੇ ਬਹੁਤ ਖੁਸ਼ੀ ਹੋਈ ਹੈ ਅਤੇ ਮੈਂ ਇਸ ਦੀ ਪ੍ਰਸ਼ੰਸਾ ਕਰਦਾ ਹਾਂ

Original with;
Punjab Vidhan Sabha
Digitized by;
Panjab Digital Library

ਅਤੇ ਆਸ ਵੀ ਕਰਦਾ ਹਾਂ ਕਿ ਸਾਨੂੰ ਇਸ ਤਰ੍ਹਾਂ ਦੇ ਇਨਸਾਨ ਬਣਨਾ ਚਾਹੀਦਾ ਹੈ । ਜੇਕਰ ਅਸੀਂ ਇਸ ਤਰ੍ਹਾਂ ਦੇ ਬਣ ਸਕਾਂਗੇ ਤਾਂ ਹੀ ਅਸੀਂ ਲੋਕਾਂ ਦੀ ਅਸਲੀਅਤ ਵਿੱਚ ਸੇਵਾ ਕਰ ਸਕਾਂਗੇ । ਅੰਤ ਵਿਚ ਮੈਂ ਦੁਬਾਰਾ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰ ਦੇਣਾ ਚਾਹੀਦਾ ਹੈ । ਜੈ ਹਿੰਦ ।

ਸਰਦਾਰ ਅਜੀਤ ਇੰਦਰ ਸਿੰਘ (ਸਰਦੂਲਗੜ੍ਹ). ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਖਾਲਸਾ ਪੰਥ ਦੇ ਸਿਰਜਣਾ ਦੇ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ । ਸਪੀਕਰ ਸਾਹਿਬ, ਜੋ ਸਦਨ ਦੇ ਵਿੱਚ 300 ਸਾਲਾ ਖਾਲਸਾ ਜੀ ਦਾ ਜਨਮ ਦਿਨ ਮਨਾਉਣ ਲਈ ਰੈਜ਼ੋਲਿਊਸ਼ਨ ਲੈ ਕੇ ਆਏ ਹਾਂ ਮੈਂ ਉਸ ਦਾ ਵੈਲਕਮ ਕਰਦਾ ਹਾਂ ਅਤੇ ਪੂਰੀ ਤਰ੍ਹਾਂ ਸਹਿਮਤੀ ਵੀ ਪ੍ਰਗਟਾਉਂਦਾ ਹੈ । ਬੜੇ ਹਿਸਟੋਰਿਕ ਫੈਕਟਸ ਤੇ ਸਾਰੇ ਰਿਸਪੈਕਟਿਡ ਮੈਂਬਰਾਂ ਨੇ ਕਿਹਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਜਦੋਂ ਤੋਂ ਸਿੱਖ ਹਿਸਟਰੀ ਸ਼ੁਰੂ ਹੋਈ ਹੈ, ਬੜੇ ਜ਼ੁਲਮ ਹੋਏ, ਬੜਾ ਅਨਿਆਂ ਹੋਇਆ। ਜਿਹੜੇ ਮੌਕੇ ਦੇ ਹਾਕਮ ਸਨ, ਚਾਹੇ ਬਾਬਰ ਸੀ, ਉਸ ਨੇ ਬੜਾ ਜ਼ੁਲਮ ਕੀਤਾ । ਉਸ ਵੇਲੇ ਤੋਂ ਲੈ ਕੇ ਮਨੁੱਖਤਾ ਦੇ ਭਲੇ ਲਈ ਸਾਡੇ ਗੁਰੂ ਸਾਹਿਬਾਨ ਨੇ ਉਪਦੇਸ਼ ਦਿੱਤਾ । ਜਦੋਂ ਗੁਰੂ ਗੋਬਿੰਦ ਜੀ ਪਾਤਸ਼ਾਹ ਸਿੱਖੀ ਨੂੰ ਕਾਇਮ ਕਰ ਰਹੇ ਸੀ, ਉਸ ਵੇਲੇ ਬੜਾ ਭਾਰੀ ਜ਼ੁਲਮ ਹੋ ਰਿਹਾ ਸੀ । ਹਿੰਦੁਸਤਾਨ ਦੇ ਉਤੇ, ਮੁਗਲ ਸਾਮਰਾਜ ਉਸ ਵੇਲੇ ਅਤਿਆਚਾਰ ਕਰ ਰਿਹਾ ਸੀ । ਉਸ ਵੇਲੇ ਦਬੇ-ਕੁਚਲੇ ਲੋਕਾਂ ਨੂੰ ਉਪਰ ਉਠਾਉਣ ਦੀ ਲੋੜ ਸੀ । ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਨੇ ਉਨ੍ਹਾਂ ਲੋਕਾਂ ਵਿੱਚ ਨਵੀਂ ਸਪਿਰਟ ਭਰੀ । ਅੱਜ ਅਸੀਂ ਜੋ ਹਿਊ-ਮਨ ਰਾਈਟਸ ਦੀਆਂ ਗੱਲਾਂ ਕਰਦੇ ਹਾਂ ਇਹ ਉਸ ਨਾਲ ਹੀ ਮੇਲ ਖਾਂਦੀਆਂ ਹਨ । ਉਨ੍ਹਾਂ ਨੇ ਇੱਕ ਤਕੜੀ ਕੌਮ ਪੈਦਾ ਕੀਤੀ, ਜਿਸ ਨੇ ਜਬਰ ਤੇ ਜ਼ੁਲਮ ਦੇ ਖਿਲਾਫ ਲੜਾਈ ਲੜੀ ਆਮ ਲੋਕਾਂ ਨੂੰ ਜ਼ੁਲਮ ਤੋਂ ਨਿਜ਼ਾਤ ਦਿਵਾਈ । ਅੱਜ ਅਸੀਂ ਇਹ ਜੋ 300 ਸਾਲਾ ਖਾਲਸੇ ਦਾ ਜਨਮ ਦਿਵਸ ਮਨਾ ਰਹੇ ਹਾਂ ਉਸ ਸਬੰਧੀ ਯੂ.ਐਨ.ਓ. ਅਤੇ ਹੋਰ ਜਿਹੜੀਆਂ ਵੀ ਸਬੰਧਤ ਸਰਕਾਰਾਂ ਚਾਹੇ ਉਹ ਬਾਹਰਲੇ ਮੁਲਕਾਂ ਵਿੱਚ ਹੋਣ, ਸਾਡੇ ਦੇਸ਼ ਦੀਆਂ ਹੋਣ, ਇਸ ਬਾਰੇ ਮੈਂ ਸ਼੍ਰੋਮਣੀ ਅਕਾਲੀ ਦਲ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੇ ਪੂਰੇ ਜ਼ਾਬਤੇ ਨਾਲ ਸਾਰੀਆਂ ਸਰਕਾਰਾਂ ਨੂੰ, ਸੰਬੰਧਤ ਬੁੱਧੀਜੀਵੀਆਂ ਨੂੰ ਬੁਲਾ ਕੇ, ਸਿੱਖ ਹਿਸਟਰੀ ਬਾਰੇ, ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ਾਂ ਬਾਰੇ, ਚੰਗੀ ਤਰ੍ਹਾਂ ਲਿਖ ਕੇ ਭੇਜਣ । ਅੱਜ ਸਾਰੀ ਦੁਨੀਆਂ ਵਿੱਚ ਹਾਹਾਕਾਰ ਮੱਚੀ ਹੋਈ ਹੈ । ਰਸ਼ੀਆ (ਰੂਸ) ਵੱਲ ਦੇਖ ਲਓ, ਉਥੇ ਚੇਚਨੀਆਂ ਵਿੱਚ ਬੁਰਾ ਹਾਲ ਹੈ । ਮਨੁੱਖਤਾ ਦਾ ਘਾਣ ਹੋ ਰਿਹਾ ਹੈ । ਅਮਰੀਕਾ ਕੋਲ ਅੱਜ ਵਰਲਡ ਪਾਵਰ ਹੈ । ਪਰ ਉਨ੍ਹਾਂ ਦੇ ਅੰਦਰੂਨੀ ਸਿਸਟਮ ਵਿੱਚ ਅੱਜ ਜ਼ੁਲਮ ਹੋ ਰਿਹਾ ਹੈ । ਉਥੇ ਕਈ ਮਾਫੀਆ ਗੈਂਗ ਅਪਰੇਟ ਕਰ ਰਹੇ ਹਨ । ਅਫਰੀਕੀ ਲੋਕਾਂ ਵੱਲ ਨਿਗਾਹ ਮਾਰ ਲਓ, ਉਥੇ ਕਿਸੇ ਨੇ ਮਨੁੱਖਤਾ ਬਾਰੇ ਕਦੀ ਖਿਆਲ ਨਹੀਂ ਕੀਤਾ । 300 ਸਾਲਾ ਖਾਲਸੇ ਦੇ ਜਨਮ ਦਿਵਸ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼ ਸਾਰੀ ਦੁਨੀਆਂ ਦੇ ਮਨੁੱਖਾਂ ਤੱਕ ਪਹੁੰਚਾਉਣਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜੀਤ ਇੰਦਰ ਸਿੰਘ]

ਚਾਹੀਦਾ ਹੈ । ਆਪਣੇ-ਆਪਣੇ ਧਰਮਾਂ ਮੁਤਾਬਿਕ ਅੱਲਾ, ਵਾਹਿਗੁਰੂ ਜਾਂ ਜੋ ਵੀ ਆਪਣੀ ਜ਼ੁਬਾਨ ਵਿੱਚ, ਚਾਹੇ ਕਰੀਈਸਟ ਹਨ, ਨੇ ਜੋ ਵੀ ਕਿਹਾ ਹੈ, ਉਸ ਮੁਤਾਬਿਕ ਅੱਜ ਮਨੁੱਖਤਾ ਦੀ ਭਲਾਈ ਵਾਸਤੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ । ਇਹ ਰੈਜ਼ੋਲਿਊਸ਼ਨ ਸਾਡੇ ਵਿਧਾਇਕਾਂ ਰਾਜਾ ਨਰਿੰਦਰ ਸਿੰਘ ਜੀ ਅਤੇ ਸ਼੍ਰੀ ਜਗਦੀਸ਼ ਸਾਹਨੀ ਜੀ ਨੇ ਲਿਆਂਦਾ ਹੈ, ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹੁੰਦੇ ਹੋਏ ਪੂਰਾ ਸਹਿਯੋਗ ਦੇਵਾਂਗਾ । ਜਿਥੇ ਤੱਕ ਲੋੜ ਹੋਈ ਖੁਦ ਜਾ ਕੇ ਇਹ ਮੈਸੇਜ਼ ਹਰ ਥਾਂ ਤੇ ਸਾਰੇ ਸਥਾਨਾਂ ਤੇ ਦੇਵਾਂਗਾ । ਧੰਨਵਾਦ ।

**ਰਾਜਾ ਨਰਿੰਦਰ ਸਿੰਘ** (ਨਾਭਾ): ਸਪੀਕਰ ਸਾਹਿਬ, ਜੋ ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਸਾਰੇ ਹਾਊਸ ਦੀ ਇਸ ਨਾਲ ਸਹਿਮਤੀ ਹੈ ਲੇਕਿਨ ਇਥੇ ਥੋੜ੍ਹੀ ਜਿਹੀ ਕੰਟਰੋਵਰਸੀ ਪਾਈ ਗਈ ਹੈ Little knowledge is a dangerous thing ਗੁਰਬਾਣੀ ਦਾ ਕੋਈ ਸ਼ਬਦ ਗਲਤ ਬੋਲਿਆ ਜਾਣਾ ਇਹ ਬਹੁਤ ਵੱਡੀ ਅਵੱਗਿਆ ਹੈ । ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਕ ਸਿੰਘ ਨੇ ਕਹਿ ਦਿੱਤਾ ਸੀ ਕਿ:

"ਕਹਿ ਜਾਣ ਗੁਰ ਸੂਰਾ" ਔਰ "ਕਹਿ ਜਾਣੈ ਗੁਰ ਸੂਰਾ"

ਸਿਰਫ ਦੋ ਲਾਵਾਂ ਦਾ ਫਰਕ ਸੀ । ਪਰ ਉਸ ਸਿੱਖ ਨੂੰ ਗਲਤ ਬੋਲਣ ਕਾਰਨ ਦੰਡ ਦਿੱਤਾ ਗਿਆ । ਮੈਂ ਆਪਣੇ ਬੈਂਚਿਜ਼ ਤੇ ਆਪੋਜ਼ੀਸ਼ਨ ਬੈਂਚਿਜ ਵਾਲਿਆਂ ਨੂੰ ਬੇਨਤੀ ਕਰਾਂਗਾ ਕਿ ਗੁਰਬਾਣੀ ਬਾਰੇ ਇੰਨੀ ਵੱਡੀ ਅਵੱਗਿਆ ਠੀਕ ਨਹੀਂ ਹੈ । ਗੁਰਬਾਣੀ ਨੂੰ ਗਲਤ ਕੋਟ ਕਰਨਾ ਜਾਂ ਤੋੜ-ਮਰੋੜ ਕੇ ਕੋਟ ਕਰਨਾ, ਬਹੁਤ ਵੱਡੀ ਅਵਗਿਆ ਹੈ । ਉਨ੍ਹਾਂ ਨੂੰ ਇਹ ਗੱਲ ਨਹੀਂ ਕਰਨੀ ਚਾਹੀਦੀ । ਗੁਰਬਾਣੀ ਬਾਰੇ ਗੱਲ ਜ਼ਰੂਰ ਕਰਨ ਪਰ ਉਸ ਨੂੰ ਕੋਟ ਸਹੀ ਤਰੀਕੇ ਨਾਲ ਕਰਨਾ ਚਾਹੀਦਾ ਹੈ ।

**ਡਾਕਟਰ ਹਰਬੰਸ ਲਾਲ**: ਇਹ ਜਿਹੜੀ ਗੱਲ ਇਨ੍ਹਾਂ ਨੇ ਅਵੱਗਿਆ ਕਰਨ ਦੀ ਕਹੀ ਹੈ ਇਹ ਤਾਂ ਗੁਰੂ ਸਾਹਿਬਾਂ ਦੇ ਉਪਦੇਸ਼ਾਂ ਦੀ ਅਵੱਗਿਆ ਕਰੀ ਜਾਂਦੇ ਹਨ, ਉਹ ਗਲਤ ਹੈ । ਲਫਜ਼ਾਂ ਦੀ ਅਵੱਗਿਆ ਗਲਤ ਨਹੀਂ । (ਹਾਸਾ)

**ਰਾਜਾ ਨਰਿੰਦਰ ਸਿੰਘ**: ਡਾਕਟਰ ਸਾਹਿਬ, ਬਜਟ ਵੇਲੇ ਮੌਕਾ ਆਉਣਾ ਹੈ ਆਪਾਂ ਇੱਕ ਦੂਜੇ ਨੂੰ ਉਦੋਂ ਸ਼ਰਧਾ ਦੇ ਫੁੱਲ ਭੇਂਟ ਕਰਾਂਗੇ । (ਹਾਸਾ) ਗੁਰੂ ਗੋਬਿੰਦ ਸਿੰਘ ਜੀ ਨੇ ਆਪ ਕਿਹਾ ਸੀ ਕਿ ਕੋਈ ਮੈਨੂੰ ਪ੍ਰਭੂ ਨਾ ਕਹੇ, ਪਰਮੇਸ਼ਰ ਨਾ ਕਹੇ । "ਮੈਂ ਹੂੰ ਪਰਮ ਪੁਰਖ ਕੋ ਦਾਸਾ, ਦੇਖਨ ਆਇਓ ਜਗਤ ਤਮਾਸਾ ।" ਗੁਰੂ ਸਾਹਿਬ ਨੇ ਆਪਣੇ ਜਨਮ ਤੋਂ ਪਹਿਲਾਂ ਦੀ ਕਥਾ ਬਾਰੇ ਦੱਸਿਆ ਹੈ ਕਿ ਮੈਂ ਪਹਿਲਾਂ ਕੀ ਕਰਦਾ ਸੀ, ਕਿਥੇ ਬੈਠਾ ਸੀ, ਕਿਥੇ ਤਪੱਸਿਆ ਕਰਦਾ ਸੀ । ਗੁਰੂ ਗੋਬਿੰਦ ਸਿੰਘ ਜੀ ਪਹਾੜਾਂ ਵਿੱਚ ਬੈਠੇ ਉਥੇ ਤਪੱਸਿਆ ਕਰ ਰਹੇ ਸਨ ਸਪਤ ਸ੍ਰਿੰਗ ਪਰਬਤ ਹੈ ਜਹਾਂ । ਗੁਰੂ ਸਾਹਿਬ ਨੇ ਇੰਨੀ ਤਪੱਸਿਆ ਕੀਤੀ ਕਿ ਪ੍ਰਮਾਤਮਾ ਤੇ ਉਹ ਇੱਕ-ਮਿੱਕ ਹੋ ਗਏ । ਇਸ ਤਪੱਸਿਆ ਤੋਂ ਬਾਅਦ ਉਹ ਸੰਸਾਰ ਵਿੱਚ ਆਏ ਉਹ ਕਹਿੰਦੇ ਹਨ ਕਿ ਮੈਂ ਇਸ ਸੰਸਾਰ ਵਿਚ ਨਹੀਂ ਆਉਣਾ ਚਾਹੁੰਦਾ ਸੀ ਪਰ ਉਧਰ ਮਾਤਾ ਗੁੱਜਰੀ ਦੀ ਤੱਪੱਸਿਆ ਨੂੰ ਵੇਖ ਕੇ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤਪੱਸਿਆ ਨੂੰ ਵੇਖ ਕੇ ਮੈਨੂੰ ਇਸ ਸੰਸਾਰ ਵਿਚ ਆਉਣ ਦਾ ਹੁਕਮ ਹੋਇਆ ਅਤੇ

Original with;
Punjab Vidhan Sabha
Digitized by;
Panjab Digital Library

ਮਾਤਾ ਗੁਜਰੀ ਦੇ ਘਰ ਜਨਮ ਲਿਆ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਟਨਾ ਵਿਖੇ ਪ੍ਰਗਟ ਹੋਏ ਸਨ ਅਤੇ ਭੀਖਮ ਸ਼ਾਹ ਅਤੇ ਹੋਰ ਫਕੀਰ, ਮਹਾਰਾਜ ਦੇ ਦਰਸ਼ਨਾਂ ਲਈ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਗਏ । ਉਹ ਕਹਿਣ ਲੱਗੇ ਕਿ ਅੱਜ ਸੂਰਜ ਇਧਰੋਂ ਨਹੀਂ ਉੱਧਰ ਤੋਂ ਚੜ੍ਹਿਆ ਹੈ ਅਤੇ ਉਸ ਦੇ ਦਰਸ਼ਨ ਕਰਨ ਜਾ ਰਹੇ ਹਾਂ । ਉਨ੍ਹਾਂ ਨੇ 2 ਕੁੱਜੀਆਂ ਲਈਆਂ ਇੱਕ ਵਿਚ ਦੁੱਧ ਪਾ ਲਿਆ ਅਤੇ ਦੂਜੀ ਕੁੱਜੀ ਦੇ ਵਿਚ ਪਾਣੀ ਪਾ ਲਿਆ ਅਤੇ ਕਹਿਣ ਲੱਗਾ ਕਿ ਅਗਰ ਮਹਾਰਾਜ ਨੇ ਦੁੱਧ ਵਾਲੀ ਕੁੱਜੀ ਨੂੰ ਹੱਥ ਪਾ ਲਿਆ ਤਾਂ ਉਹ ਹਿੰਦੂਆਂ ਦੇ ਗੁਰੂ ਹੋਣਗੇ ਅਤੇ ਅਗਰ ਪਾਣੀ ਵਾਲੀ ਕੁੱਜੀ ਨੂੰ ਹੱਥ ਪਾ ਲਿਆ ਤਾਂ ਉਹ ਮੁਸਲਮਾਨਾਂ ਦੇ ਗੁਰੂ ਹੋਣਗੇ । ਗੁਰੂ ਸਾਹਿਬ ਜੀ ਦਾ ਕੌਤਕ ਵੇਖੋ ਉਨ੍ਹਾਂ ਦੋਨਾਂ ਕੁੱਜੀਆਂ ਨੂੰ ਹੱਥ ਲਗਾ ਦਿੱਤਾ ਜਿਸ ਦਾ ਭਾਵ ਸੀ ਕਿ ਗੁਰੂ ਸਭ ਦਾ ਸਾਂਝਾ ਹੁੰਦਾ ਹੈ ਅਤੇ ਧਰਮ ਸਾਰਿਆਂ ਦਾ ਸਾਂਝਾ ਹੁੰਦਾ ਹੈ । ਭੀਖਮ ਸ਼ਾਹ ਨੇ ਇਹ ਕੌਤਕ ਦੇਖ ਕੇ ਕਿਹਾ ਕਿ ਉਹ ਇਹ ਗੱਲ ਹੁਣ ਜਾਣ ਗਏ ਹਨ ਅਤੇ ਉਸ ਨੂੰ ਚਾਨਣ ਹੋ ਗਿਆ ਹੈ, ਕਿ ਗੁਰੂ ਸਾਰਿਆਂ ਦਾ ਸਾਂਝਾ ਹੁੰਦਾ ਹੈ ਅਤੇ ਧਰਮ ਦੀ ਰੱਖਿਆ ਸਾਨੂੰ ਸਾਰਿਆਂ ਨੂੰ ਕਰਨੀ ਚਾਹੀਦੀ ਹੈ । ਗੁਰੂ ਮਹਾਰਾਜ ਦੇ ਬਾਰੇ ਜਿਸ ਤਰ੍ਹਾਂ ਇਥੇ ਪਹਿਲੇ ਮੈਂਬਰ ਸਾਹਿਬਾਨ ਬੋਲੇ ਹਨ ਅਤੇ ਸਾਰਿਆਂ ਨੇ ਕਿਹਾ ਹੈ ਕਿ ਧਰਮ ਸਭ ਦਾ ਸਾਂਝਾ ਹੈ । ਗੁਰੂ ਮਹਾਰਾਜ ਨੇ ਜਿਹੜੇ ਯੁੱਧ ਕੀਤੇ ਸਨ, ਉਹ 10-12 ਯੁੱਧ ਆਪਣੇ ਸਮੇਂ ਵਿੱਚ ਕੀਤੇ ਸਨ, ਇਨ੍ਹਾਂ ਵਿਚੋਂ ਭੰਗਾਣੀ ਦਾ ਯੁੱਧ ਜ਼ਿਆਦਾ ਵਰਣਨ ਯੋਗ ਹੈ । ਇਸ ਯੁੱਧ ਵਿਚ ਪੀਰ ਬੁੱਧੂ ਸ਼ਾਹ ਦੇ 4 ਲੜਕੇ ਅਤੇ ਪੀਰ ਸਾਹਿਬ ਦੇ ਸਾਥੀਆਂ ਨੇ, ਹਿੰਦੂ-ਸਿੱਖਾਂ ਨਾਲ ਮਿਲ ਕੇ ਜ਼ੁਲਮ ਅਤੇ ਤਸ਼ੱਦਦ ਦੇ ਖਿਲਾਫ ਲੜਾਈ ਲੜੀ ਸੀ ਅਤੇ ਉਸ ਮੈਦਾਨ ਦੇ ਵਿਚ ਗੁਰੂ ਸਾਹਿਬ ਦੇ ਬਹੁਤ ਸਾਰੇ ਸਿੱਖਾਂ ਨੇ ਆਪਣਾ ਖੂਨ ਡੋਲ੍ਹਿਆ ਸੀ । ਉਨ੍ਹਾਂ ਨੇ ਲੜਾਈ ਕੇਸਰੀ ਝੰਡੇ ਥੱਲੇ ਲੜੀ ਸੀ । ਸਾਰੇ ਧਰਮਾਂ ਦੇ ਲੋਕਾਂ ਨੇ ਸਾਂਝੇ ਤੌਰ ਤੇ ਲੜਾਈ ਲੜੀ ਸੀ । ਗੁਰੂ ਸਾਹਿਬ ਦੇ ਫੁਰਮਾਨ ਤੇ ਸਾਰਿਆਂ ਨੇ ਮਿਲ ਕੇ ਧਰਮ ਦੀ ਰੱਖਿਆ ਖਾਤਿਰ ਇਹ ਲੜਾਈ ਲੜੀ ਸੀ । ਗੁਰੂ ਮਹਾਰਾਜ ਨੇ ਸਾਡੇ ਉਤੇ ਕਿੰਨਾ ਪਰਉਪਕਾਰ ਕੀਤਾ ਕਿ ਉਨ੍ਹਾਂ ਨੇ ਇਨਸਾਨੀਅਤ ਦੇ ਵਿਚ ਜਾਗ੍ਰਤੀ ਪੈਦਾ ਕੀਤੀ ਅਤੇ ਜ਼ੁਲਮ ਦੇ ਖਿਲਾਫ ਜਿਹੜੀ ਆਵਾਜ਼ ਦੱਬ ਚੁੱਕੀ ਸੀ, ਉਸ ਨੂੰ ਬੁਲੰਦ ਕੀਤਾ ਅਤੇ ਸਮਾਜ ਦੇ ਵਿਚ ਜਿਹੜੀਆਂ ਭੈੜੀਆਂ ਕੁਰੀਤੀਆਂ ਪੈਦਾ ਹੋ ਚੁੱਕੀਆਂ ਸਨ, ਜਿਸ ਤਰ੍ਹਾਂ ਸਮਾਜ ਵਿਚ ਜਾਤ ਪਾਤ ਦਾ ਬੋਲ-ਬਾਲਾ ਹੋ ਚੁੱਕਾ ਸੀ ਅਤੇ ਨੀਚ ਜਾਤ ਵਾਲੇ ਨੂੰ ਚੰਗੀ ਨਿਗਾਹ ਨਾਲ ਨਹੀਂ ਵੇਖਿਆ ਜਾਂਦਾ ਸੀ, ਇਨ੍ਹਾਂ ਕੁਰੀਤੀਆਂ ਨੂੰ ਖਤਮ ਕਰਨ ਲਈ ਗੁਰੂ ਮਹਾਰਾਜ ਨੇ ਅੰਮ੍ਰਿਤ ਛਕਾਇਆ ਅਤੇ ਇਕੋ ਬਾਟੇ ਵਿਚੋਂ ਚਾਹੇ ਕੋਈ ਹਿੰਦੂ ਸੀ, ਛੀਂਬਾ ਸੀ, ਕੋਈ ਸਿੱਖ ਸੀ, ਕੋਈ ਧੋਬੀ ਸੀ, ਨਾਈ ਸੀ, ਸ਼ੂਦਰ ਸੀ, ਉਸ ਨੂੰ ਇਕੋ ਹੀ ਬਾਟੇ ਵਿਚੋਂ ਅੰਮ੍ਰਿਤ ਮੂੰਹ ਲਗਵਾਇਆ ਅਤੇ ਇਹ ਅੰਮ੍ਰਿਤ ਛੱਕਣ ਦਾ ਮਾਣ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਨੂੰ ਪ੍ਰਾਪਤ ਹੋਇਆ । ਇਹ ਸਾਰੇ ਵੱਖ-ਵੱਖ ਧਰਮਾਂ ਨਾਲ ਸਬੰਧ ਰੱਖਦੇ ਸਨ । ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਜਿਸ ਵਕਤ ਅੰਮ੍ਰਿਤ ਛੱਕਿਆ ਜਾਂਦਾ ਹੈ ਉਸ ਵੇਲੇ ਇਕੋ ਲਾਈਨ ਵਿਚ ਬਿਠਾ ਕੇ ਅੰਮ੍ਰਿਤ ਦਾ ਪ੍ਰਸ਼ਾਦ ਦਿੱਤਾ ਜਾਂਦਾ ਹੈ ਅਤੇ ਅੰਮ੍ਰਿਤ ਦਿੰਦੇ ਵਕਤ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ

Original with;
Punjab Vidhan Sabha
Digitized by;
Panjab Digital Library

[ਰਾਜਾ ਨਰਿੰਦਰ ਸਿੰਘ]

ਫਤਿਹ'' ਹੀ ਬੁਲਾਈ ਜਾਂਦੀ ਹੈ । ਕਦੇ ਗੁਰੂ ਮਹਾਰਾਜ ਨੇ ਆਪਣੀ ਫਤਿਹ ਨਹੀਂ ਬੁਲਾਈ । ਮੈਂ ਇਥੇ ਵਾਰ ਵਾਰ ਰੀਪੀਟ ਨਹੀਂ ਕਰਨਾ ਚਾਹੁੰਦਾ । ਇਕ ਕਵੀ ਨੇ ਇਸ ਤਰ੍ਹਾਂ ਕਿਹਾ ਹੈ ਕਿ "ਪਿਤਾ, ਪੁੱਤਰਾਂ ਅਤੇ ਪਿਆਰਿਆਂ ਦੇ ਸ਼ਹੀਦ ਹੋਣ ਤੋਂ ਬਾਅਦ ਚੜ੍ਹਦੀ ਕਲਾ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਜ਼ਫਰਨਾਮਾ ਭੇਜਿਆ ਸੀ ਉਹ ਪ੍ਰਸਿੱਧ ਹੈ । ਇਹ ਹੈ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਦੀ ਕਹਾਣੀ, ਜਿਸ ਨੇ ਪਿਤਾ, ਪੁੱਤਰਾਂ ਤੇ ਪਿਆਰਿਆਂ ਦੀ ਰੱਤ ਦਾ ਤੇਲ ਪਾ ਕੇ ਹਿੰਦੁਸਤਾਨ ਦੇ ਬੁੱਝ ਰਹੇ ਚਰਾਗ ਦੀ ਲੋਅ ਮੱਧਮ ਨਾ ਪੈਣ ਦਿੱਤੀ ।

**ਸਰਦਾਰ ਗੋਬਿੰਦ ਸਿੰਘ ਕਾਂਝਲਾ** (ਸ਼ੇਰਪੁਰ, ਐਸ.ਸੀ.): ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਰੇਜ਼ੋਲਿਊਸ਼ਨ ਲਿਆਂਦਾ ਗਿਆ ਹੈ, ਇਹ ਬੜਾ ਇਨਕਲਾਬੀ ਰੇਜ਼ੋਲਿਊਸ਼ਨ ਹੈ । ਸਾਹਿਬ-ਏ-ਕਮਾਲ, ਦਸਵੇਂ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਵਿਚ ਸਭ ਤੋਂ ਪਹਿਲੇ ਗੁਰੂ ਹੋਏ ਹਨ ਜਿਨ੍ਹਾਂ ਨੇ ਊਚ ਨੀਚ ਦਾ ਭੇਦ ਭਾਵ ਮਿਟਾ ਕੇ ਖਾਲਸਾ ਪੰਥ ਦੀ ਸਿਰਜਨਾ ਕੀਤੀ ਸੀ ਅਤੇ ਇਸ ਕਸਵੱਟੀ ਉਤੇ ਦਲਿਤ ਵਰਗ ਦੇ ਲੋਕ ਸਭ ਤੋਂ ਪਹਿਲਾਂ ਪੂਰੇ ਉਤਰੇ । ਭਾਈ ਜੈਤਾ ਜੀ ਨੂੰ 'ਰੰਘਰੇਟੇ ਗੁਰੂ ਕੇ ਬੇਟੇ' ਦਾ ਖਿਤਾਬ ਦਿੱਤਾ ਗਿਆ ਹੈ । ਇਥੇ ਹੀ ਬੱਸ ਨਹੀਂ ਗੁਰੂ ਗੋਬਿੰਦ ਸਿੰਘ ਜੀ ਨੇ ਕਲਗੀ ਦੀ ਸ਼ੋਭਾ ਵੀ ਵਧਾਈ ਅਤੇ ਉਹ ਬਾਬਾ ਸੰਗਤ ਸਿੰਘ ਜੀ ਨੂੰ ਦਿੱਤੀ । ਇਸ ਤਰ੍ਹਾਂ ਬਾਬਾ ਸੰਗਤ ਸਿੰਘ ਜੀ ਨੂੰ ਮਾਣ ਦਿੱਤਾ । ਸਪੀਕਰ ਸਾਹਿਬ, ਇਹ 'ਖਾਲਸਾ ਸਥਾਪਨਾ ਦਿਵਸ' ਦੇ ਅੱਛੇ ਸਿੱਟੇ ਨਿਕਲਣਗੇ ਕਿਉਂਕਿ ਇਸ ਨਾਲ ਊਚ-ਨੀਚ ਦਾ ਭੇਦ ਭਾਵ ਖਤਮ ਹੋਵੇਗਾ, ਜਿਹੜਾ ਕਿ ਕਾਂਗਰਸ ਪਾਰਟੀ ਵਲੋਂ ਪਾਇਆ ਜਾ ਰਿਹਾ ਹੈ । ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਮਾਨਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਪਹਿਲਾਂ ਹੀ ਸੰਕੇਤ ਦਿੱਤਾ ਸੀ ਕਿ ਪੂਰੇ ਪੰਜਾਬ ਵਿਚ ਹੀ ਨਹੀਂ ਪੂਰੇ ਦੇਸ਼ ਵਿਚ, ਇਸ ਸਥਾਪਨਾ ਦਿਵਸ ਉਤੇ ਲੋਕਾਂ ਵਿੱਚ ਬਰਾਬਰਤਾ ਦੀ ਲਹਿਰ ਪੈਦਾ ਕੀਤੀ ਜਾਵੇਗੀ ਇਸ ਲਈ ਕਈਂ ਸੱਜਣਾਂ ਵੱਲੋਂ ਇਹ ਕਿੰਤੂ ਪਰੰਤੂ ਕਰਨਾ ਕਿ ਇਸ ਦੇ ਅਰਥ ਇਹ ਨਿਕਲਦੇ ਹਨ, ਠੀਕ ਨਹੀਂ ਸਾਡੀ ਤਾਂ ਸਰਬਤ ਦਾ ਭਲਾ ਚਾਹੁੰਣ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਪਾਰਟੀ ਹੈ । ਇਸ ਲਈ ਖਾਲਸਾ ਪੰਥ ਦਾ ਜਿਹੜਾ ਅਸਲੀ ਮਨੋਰਥ ਹੈ, ਉਸ ਦੇ ਵਿਚ ਸਾਰੇ ਲੋਕਾਂ ਨੂੰ ਬੁਲਾਇਆ ਜਾਣਾ ਹੀ ਇਸਦਾ ਸੰਕੇਤ ਹੈ । ਸਾਰੇ ਦੇਸ਼ ਵਿਚ ਹੀ ਨਹੀਂ ਸੰਸਾਰ ਵਿਚ ਸਾਂਝੀਵਾਲਤਾ ਦਾ ਉਪਦੇਸ਼ ਦੇਣਾ, ਇਸ ਲਈ ਸਮੁੱਚੇ ਹਾਊਸ ਵੱਲੋਂ ਪ੍ਰਵਾਨ ਕਰਨਾ ਹੀ, ਇਸ ਦੇ ਮਨੋਰਥ ਦੀ ਸੱਚੀ ਸੁੱਚੀ ਕਾਮਨਾ ਹੈ । ਇੰਨੀ ਕੁ ਹੀ ਮੇਰੀ ਬੇਨਤੀ ਹੈ । ਧੰਨਵਾਦ ।

*11.36 ਵਜੇ ਪੂਰਵ ਦੁਪਹਿਰ

(*ਇਸ ਸਮੇਂ ਪੈਨਲ ਆਫ ਚੇਅਰਮੈਨ ਦੇ ਮੈਂਬਰ, ਸਰਦਾਰ ਨੱਥਾ ਸਿੰਘ ਦਾਲਮ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

**ਸ੍ਰੀਮਤੀ ਜਗੀਰ ਕੌਰ** (ਭੁਲੱਥ): ਚੇਅਰਮੈਨ ਸਾਹਿਬ, ਹਾਉਸ ਦੇ ਮੈਂਬਰ ਸਾਹਿਬਾਨ ਨੇ ਇਹ ਇੱਕ ਬਹੁਤ ਵਧੀਆ ਮਤਾ ਲਿਆਂਦਾ ਹੈ ਜਿਸ ਤੇ ਅੱਜ ਡਿਸਕਸ਼ਨ ਹੋ ਰਹੀ ਹੈ । ਬਹੁਤ ਸਾਰੇ ਵੀਰਾਂ ਨੇ ਆਪਣੇ ਵਿਚਾਰ ਇਸ ਹਾਊਸ ਵਿਚ ਦਿਤੇ ਹਨ । ਮੈਂ ਇਸ ਮਤੇ ਦੀ ਪੁਰਜ਼ੋਰ ਸ਼ਬਦਾਂ ਵਿਚ ਪ੍ਰੋੜਤਾ ਕਰਦੀ ਹਾਂ । ਮੈਂ ਬੇਨਤੀ ਕਰਾਂਗੀ ਕਿ ਇਹ ਮਤਾ

Original with;
Punjab Vidhan Sabha
Digitized by;
Panjab Digital Library

## RESOLUTION RE. RECOMMENDING TO THE GOVERNMENT OF INDIA TO TAKE STEPS TO APPROACH THE U.N.O. FOR DECLARING THE YEAR 1999 AS THE 'YEAR OF HUMAN SPIRIT'



ਇੱਕ ਵਧੀਆ ਸੋਧ ਵਾਲਾ ਹੋਵੇਗਾ ਜੇ ਆਉਣ ਵਾਲੇ ਸਾਲ 1999 ਦਾ ਵਰ੍ਹਾ, ਗੁਰੂ ਗੋਬਿੰਦ ਸਿੰਘ ਜੀ ਦੇ 'ਖਾਲਸਾ ਸਿਰਜਣਾ ਦਿਵਸ' ਨੂੰ ਬਹੁਤ ਉਤਮ ਤਰੀਕੇ ਨਾਲ ਮਨਾਇਆ ਜਾਵੇਗਾ। ਚੇਅਰਮੈਨ ਸਾਹਿਬ, ਜਿਥੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਇਤਿਹਾਸ ਨੂੰ ਦੁਹਰਾਇਆ ਜਾਣਾ ਹੈ ਅਤੇ ਲੋਕਾਂ ਨੂੰ ਬਹੁਤ ਵੱਡੀ ਅਗਵਾਈ ਮਿਲੇਗੀ ਉਥੇ ਲੋਕਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੋਂ ਨਵੀਂ ਰੋਸ਼ਨੀ ਵੀ ਮਿਲੇਗੀ ਅਤੇ ਜੋ ਲੋਕ ਆਪਣੇ ਜੀਵਨ ਨੂੰ ਅਜਾਈਂ ਗੁਆ ਰਹੇ ਹਨ, ਉਹ ਆਪਣੇ ਜੀਵਨ ਨੂੰ ਵਡਮੁੱਲਾ ਬਣਾਉਣਗੇ। ਗੁਰੂ ਕਲਗੀਧਰ ਪਾਤਸ਼ਾਹ ਦੀਆਂ ਅਸੀਸਾਂ ਸੁਣ ਕੇ, ਆਸ਼ੀਰਵਾਦਾਂ ਨੂੰ ਸੁਣ ਕੇ, ਜਦੋਂ ਉਨ੍ਹਾਂ ਨੇ ਹਿੰਦੂ-ਸਿੱਖ ਏਕਤਾ ਦੀ ਲੀਹ, ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਲਾਇਆ, ਉਨ੍ਹਾਂ ਨੇ ਸਾਰਿਆਂ ਨੂੰ ਨਾਲ ਲੈ ਕੇ "ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ" ਦਾ ਜੋ ਉਪਦੇਸ਼ ਸੀ, ਉਸ ਮੁਤਾਬਿਕ ਗੁਰਸਿੱਖੀ ਦੀ ਨੀਂਹ ਰੱਖੀ। ਉਸ ਨੂੰ ਮਜ਼ਬੂਤ ਕਿਵੇਂ ਕੀਤਾ? ਲੱਖਾਂ ਦੀ ਸ਼ਹੀਦੀ ਹੋਈ, ਲੱਖਾਂ ਦੇ ਸੀਨੇ ਦੀ ਮਿੱਝ ਉਸ ਫੁੱਲਵਾੜੀ ਵਿੱਚ ਪਾਈ ਤਾਂ ਕਿਤੇ ਜਾ ਕੇ ਇਸ ਗੁਰਸਿੱਖੀ ਦੀ ਫੁੱਲਵਾੜੀ ਨੇ ਮਹਿਕ ਦਿੱਤੀ। ਲੱਖਾਂ ਦੇ ਖ਼ੂਨ ਨਾਲ ਇਸ ਫੁੱਲਵਾੜੀ ਨੂੰ ਸਿੰਜਿਆ ਗਿਆ। ਫਿਰ ਕਿਤੇ ਖਾਲਸਾ ਸਰੂਪ ਬਣਿਆ। ਸਤਿਕਾਰਯੋਗ ਚੇਅਰਮੈਨ ਸਾਹਿਬ, ਮੇਰੇ ਵੱਡੇ ਵੀਰੋ, ਭਰਾਵੋ, ਮੈਂ ਆਪ ਜੀ ਦੇ ਚਰਨਾਂ ਵਿਚ ਕੁਝ ਬੇਨਤੀਆਂ ਕਰਨੀਆਂ ਚਾਹਾਂਗੀ ਕਿ ਕਲਗੀਧਰ ਪਾਤਸ਼ਾਹ ਨੇ ਜਿਥੇ ਸਭਨਾਂ ਨੂੰ "ਸਭੈ ਸਾਂਝੀਵਾਲ ਸਦਾਇਨਿ" ਦਾ ਉਪਦੇਸ਼ ਦਿੱਤਾ ਹੈ, ਜਿੱਥੇ ਗੱਲ ਦਇਆ ਸਿੰਘ ਦੀ ਆਈ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ ਦੀ ਆਈ, ਪੰਜ ਪਿਆਰਿਆਂ ਦੀ ਸਿਰਜਣਾ ਦੀ ਲੋੜ ਕਿਉਂ ਪਈ? ਜੋ ਪੰਜ ਪਿਆਰਿਆਂ ਦੀ ਸਿਰਜਣਾ ਹੋਈ, ਇਨ੍ਹਾਂ ਪੰਜਾਂ ਪਿਆਰਿਆਂ ਦਾ ਜੋ ਜੀਵਨ ਹੈ ਉਹ ਗਵਾਹੀ ਦੇਵੇਗਾ ਕਿ ਸਾਰੇ ਧਰਮਾਂ ਦੇ ਵਾਸਤੇ, ਮਨੁੱਖਤਾਂ ਦੇ ਵਾਸਤੇ ਕਲਗੀਧਰ ਪਾਤਸ਼ਾਹ ਵਲੋਂ ਇਹ ਬਹੁਤ ਵੱਡਾ ਕਦਮ ਚੁੱਕਿਆ ਗਿਆ ਸੀ। ਇਸ ਵਿਚ ਕੋਈ ਜਾਤ ਪਾਤ ਨਹੀਂ ਹੋਵੇਗੀ. ਸਾਰੇ ਧਰਮਾਂ ਦੀ ਏਕਤਾ ਬਰਕਰਾਰ ਰਹੇਗੀ ਅਤੇ ਇਹ ਸਭ ਨੂੰ ਪਰਵਾਨ ਹੋਵੇਗਾ। ਇਸ ਦੇ ਨਾਲ ਹੀ ਮੈਂ ਸਮਝਦੀ ਹਾਂ ਕਿ ਇਸ ਸਿਰਜਣਾ ਨਾਲ, ਮਾਤਾ ਗੁਜਰੀ ਦੀਆਂ ਲੀਹਾਂ ਤੇ ਚਲਦੇ ਹੋਏ ਅੱਜ ਦੀ ਭੈਣ, ਅੱਜ ਦੀ ਭੂਆ, ਅੱਜ ਦੀ ਮਾਸੀ ਇਕ ਚੰਗੀ ਮਾਂ ਬਣੇਗੀ ਅਤੇ ਆਉਣ ਵਾਲੀ ਸਾਡੀ ਕੌਮ ਦੀ ਸਿਰਜਣਾ ਵਾਸਤੇ ਸੇਧ ਲਏਗੀ। ਅੱਗੇ ਜਿਵੇਂ ਦੋ ਕੁੱਜੀਆਂ ਦੀ ਗੱਲ ਆਈ। ਇਕ ਕੁੱਜੀ ਵਿਚ ਦੁੱਧ ਸੀ ਅਤੇ ਇਕ ਵਿਚ ਪਾਣੀ : ਕਲਗੀਧਰ ਪਾਤਸ਼ਾਹ ਨੇ ਪੈਰ ਨਾਲ ਦੋਨੋਂ ਕੁੱਜੀਆਂ ਰੋੜ੍ਹ ਦਿਤੀਆਂ ਅਤੇ ਇਸ ਤਰ੍ਹਾਂ ਕਰਕੇ ਦੁੱਧ ਪਾਣੀ ਇਕ ਕਰ ਦਿਤਾ। ਦੁੱਧ ਅਤੇ ਪਾਣੀ ਕਦੇ ਵਖਰੇ ਨਹੀਂ ਹੋ ਸਕਦੇ। ਜਿਵੇਂ ਦੁੱਧ ਅਤੇ ਪਾਣੀ ਨੂੰ ਜਦੋਂ ਅੱਗ ਉਤੇ ਰੱਖ ਦਿਤਾ ਜਾਵੇ ਤਾਂ ਪਾਣੀ ਸੜਦਾ ਹੈ। ਦੁੱਧ ਆਪਣੇ ਵੀਰ ਪਾਣੀ ਨੂੰ ਸੜਦਾ ਦੇਖ ਸਹਾਰ ਨਹੀਂ ਸਕਦਾ ਅਤੇ ਦੁੱਧ ਫਿਰ ਉਬਾਲ ਖਾਂਦਾ ਹੈ ਅਤੇ ਸੋਚਦਾ ਹੈ ਕਿ ਵੀਰ ਪਾਣੀ ਸੜ ਰਿਹਾ ਹੈ ਇਸ ਨੂੰ ਕਿਸੇ ਤਰ੍ਹਾਂ ਬਚਾ ਲਵਾਂ ਅਤੇ ਉਬਾਲ ਖਾ ਕੇ ਅੱਗ ਉਤੇ ਪੈ ਜਾਂਦਾ ਹੈ ਅਤੇ ਅੱਗ ਬੁਝਾ ਦੇਂਦਾ ਹੈ। ਇਹ ਅੱਗ ਅਤਿਆਚਾਰਾਂ ਦੀ ਅੱਗ ਹੈ। ਹਿੰਦੂ ਅਤੇ ਸਿੱਖ ਵੀ ਦੁੱਧ ਅਤੇ ਪਾਣੀ ਵਾਂਗੂ ਇਕ ਹਨ। ਇਨ੍ਹਾਂ ਨੂੰ ਵਖਰੇ ਨਹੀਂ ਕੀਤਾ ਜਾ ਸਕਦਾ। ਜਦੋਂ ਇਹ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਜਗੀਰ ਕੌਰ]

ਅਤਿਆਚਾਰ ਔਰੰਗਜ਼ੇਬ ਨੇ ਕੀਤੇ ਤਾਂ ਕਲਗੀਧਰ ਪਾਤਸ਼ਾਹ ਨੇ ਸਾਰੀਆਂ ਕੁਰਬਾਨੀਆਂ ਦਿਤੀਆਂ । ਅਸੀਂ ਵੀ ਅਤਿਆਚਾਰਾਂ ਵਿਚੋਂ ਲੰਘੇ ਅਤੇ ਸਾਨੂੰ ਵੀ ਕੁਰਬਾਨੀਆਂ ਦੇਣੀਆਂ ਪਈਆਂ । ਅੱਜ ਜੋ ਗੱਲਾਂ ਚਲੀਆਂ ਇਹ ਕਿਸ ਦੀ ਦੇਣ ਸੀ । ਉਦੋਂ ਕਾਂਗਰਸ ਵਾਲੇ 1984 ਵਿਚ ਹਾਅ ਦਾ ਨਾਅਰਾ ਮਾਰਦੇ ਕਿ ਕੀ ਕੀਤਾ ਗਿਆ ਹੈ । ਹਾਅ ਦਾ ਨਾਅਰਾ ਉਦੋਂ ਮਾਰਦੇ ਜਦੋਂ ਛੇਵੇਂ ਪਾਤਸ਼ਾਹ ਦਾ ਅਕਾਲ ਤਖਤ ਢਹਿਢੇਰੀ ਕੀਤਾ ਗਿਆ । ਪਰ ਜੇ ਇਸ ਵਿਸ਼ੇ ਵਿਚ ਪਏ ਤਾਂ ਗੱਲ ਵੱਡੀ ਬਣ ਜਾਵੇਗੀ । ਜੇ ਇਨ੍ਹਾਂ ਗੱਲਾਂ ਵਿਚ ਪਵਾਂਗੇ ਤਾਂ ਸਮਾਂ ਲੱਗੇਗਾ ਪਰ ਮੈਂ ਕੰਟਰੋਵਰਸੀ ਵਿਚ ਗੱਲ ਨਹੀਂ ਲਿਜਾਣਾ ਚਾਹੁੰਦੀ । ਕਲਗੀਧਰ ਪਾਤਸ਼ਾਹ ਦੇ ਉਪਦੇਸ਼ ਨੂੰ ਸਿਰੇ ਲਿਜਾਣ ਵਾਸਤੇ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਸਾਂਝ ਪਾਈ ਹੈ. . . .(ਵਿਘਨ) (ਇਸ ਸਮੇਂ ਆਪੋਜ਼ੀਸ਼ਨ ਪਾਰਟੀ ਦੇ ਕਈ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ।) ਇਹ ਸਾਂਝ ਅਤਿਆਚਾਰ ਨੂੰ ਮਿਟਾਉਣ ਵਾਸਤੇ ਪਾਈ ਗਈ ਹੈ । ਚੇਅਰਮੈਨ ਸਾਹਿਬ, ਅੱਗੇ ਮੈਂ ਕਹਿਣਾ ਚਾਹਵਾਂਗੀ ਕਿ 1999 ਵਿਚ ਖਾਲਸਾ ਪੰਥ ਦੀ ਸਿਰਜਣਾ ਦਿਹਾੜਾ ਮਨਾ ਕੇ ਉਸ ਔਰਤ ਜਾਤੀ ਨੂੰ ਜਿਸ ਨੇ ਕਿ ਖਾਲਸਾ ਸਰੂਪ ਨੂੰ ਜਨਮ ਦਿਤਾ ਹੈ, ਪਰ ਕਈ ਗੁਰੂ ਘਰਾਂ ਵਿਚ ਉਸਨੂੰ ਕੀਰਤਨ ਨਹੀਂ ਕਰਨ ਦਿਤਾ ਜਾਂਦਾ, ਇਹ ਜਦੋਂ 1999 ਵਿਚ ਦਿਹਾੜਾ ਮਨਾਇਆ ਜਾਣਾ ਹੈ, ਤਾਂ ਉਨ੍ਹਾਂ ਸੰਸਥਾਵਾਂ ਨੂੰ, ਉਨ੍ਹਾਂ ਗੁਰੂ ਘਰਾਂ ਨੂੰ ਜਿਥੇ ਔਰਤ ਜਾਤੀ ਨੂੰ ਕੀਰਤਨ ਦਾ ਦਰਜਾ ਹਾਸਲ ਨਹੀਂ ਅਤੇ ਕਈ ਹੋਰ ਕੰਮਾਂ ਤੋਂ ਵਰਜਿਤ ਕੀਤਾ ਜਾਂਦਾ ਹੈ, ਇਸ ਗੱਲ ਦੀ ਵੀ ਗੌਰ ਕੀਤੀ ਜਾਵੇ । ਕਲਗੀਧਰ ਪਾਤਸ਼ਾਹ ਨੇ ਜੋ ਕਿਹਾ ਕਿ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।" ਉਸ ਔਰਤ ਜਾਤੀ ਨੂੰ ਉਨ੍ਹਾਂ ਸੰਸਥਾਵਾਂ ਵਿਚ ਗੁਰੂ ਧਾਮਾਂ ਵਿਚ ਕਿਉਂ ਨੀਵਾਂ ਸਮਝਿਆ ਜਾਵੇ । ਉਹ ਨਾਰੀ ਜਾਤੀ, ਜਿਸਦੇ ਬਾਰੇ ਗੁਰੂ ਨਾਨਕ ਦਵ ਜੀ ਨੇ ਆਪ ਕਿਹਾ ਕਿ "ਸੋ ਕਿਉਂ ਮੰਦਾ ਆਖੀਐ ਜਿਤੁ, ਜੰਮਹਿ ਰਾਜਾਨ ।" ਉਸ ਔਰਤ ਜਾਤੀ ਨਾਲ ਵਿਤਕਰਾ ਨਹੀਂ ਹੋਵੇਗਾ । ਇਸ ਤਰ੍ਹਾਂ ਨਾਲ ਔਰਤ ਚੰਗੀ ਮਾਂ, ਚੰਗੀ ਭੈਣ ਬਨਣ ਅਤੇ ਕੌਮ ਦੀ ਸਿਰਜਣਾ ਕਰਨ ਵਿਚ ਬਹੁਤ ਵੱਡਾ ਅਤੇ ਵੱਡਮੁੱਲਾ ਹਿੱਸਾ ਪਾਵੇਗੀ । ਇਸ ਤਰ੍ਹਾਂ ਨਾਲ ਉਸਨੂੰ ਮਾਤਾ ਗੁਜਰੀ ਦੇ ਉਪਦੇਸ਼ਾਂ ਤੇ ਚਲਣ ਦਾ ਮੌਕਾ ਮਿਲੇਗਾ । ਇਸ ਕਰਕੇ ਇਸ ਦਿਹਾੜੇ ਨੂੰ ਮਨਾਉਣ ਵਾਸਤੇ ਮੈਂ ਅਪੀਲ ਕਰਦੀ ਹਾਂ, ਕਿ ਇਸ ਮਤੇ ਨੂੰ ਬਹੁਤ ਵਧੀਆ ਤਰੀਕੇ ਨਾਲ ਪਾਸ ਕਰਕੇ ਆਉਣ ਵਾਲੇ ਦਿਹਾੜੇ ਨੂੰ ਪੂਰੇ ਸ਼ਾਨੋ ਸ਼ੌਕਤ ਨਾਲ ਮਨਾਇਆ ਜਾਵੇ । ਉਸ ਕਲਗੀਧਰ ਪਾਤਸ਼ਾਹ ਜਿਸਨੇ ਇਕੋ ਖੰਡੇ-ਬਾਟੇ ਵਿਚ ਸਾਰੀਆਂ ਜਾਤਾਂ ਨੂੰ ਡੁਬੋ ਕੇ ਖਾਲਸੇ ਦੀ ਸਿਰਜਣਾ ਕੀਤੀ ਸੀ ਅਤੇ ਸਾਰੀ ਮਨੁੱਖ ਜਾਤੀ ਨੂੰ ਅਗਵਾਈ ਦਿਤੀ ਸੀ. ਉਸਦਾ ਦਿਹਾੜਾ ਪੂਰੇ ਮਾਣ ਨਾਲ ਮਨਾਇਆ ਜਾਵੇ । ਬਹੁਤ ਬਹੁਤ ਧੰਨਵਾਦ ।

**Mr. Chairman**: Mr. Tikshan Sood, M.L.A. from Hoshiarpur, will speak now.

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)**: ਮਾਨਯੋਗ ਸਪੀਕਰ ਸਾਹਿਬ. . . .

**Mr. Chairman** Member, please note. I am not Speaker, I am Chairman.

Original with;
Punjab Vidhan Sabha
Digitized by;
Panjab Digital Library

## RESOLUTION RE. RECOMMENDING TO THE GOVERNMENT OF INDIA TO TAKE STEPS TO APPROACH THE U.N.O. FOR DECLARING THE YEAR 1999 AS THE 'YEAR OF HUMAN SPIRIT'

**ਸ਼੍ਰੀ ਤਿਕਸ਼ਨ ਸੂਦ:** ਮਾਨਯੋਗ ਚੇਅਰਮੈਨ ਸਾਹਿਬ, ਮੁਆਫ ਕਰਨਾ, ਅੱਜ ਇਕ ਬਹੁਤ ਹੀ ਅਹਿਮ ਔਰ ਅੱਛੇ ਪ੍ਰਸਤਾਵ ਤੇ ਬਹਿਸ ਹੋ ਰਹੀ ਹੈ। ਇਤਿਹਾਸ ਆਪਣੇ ਆਪ ਨੂੰ ਵਾਰ ਵਾਰ ਦੁਹਰਾਉਂਦਾ ਹੈ। ਦੁਆਪਰ ਯੁੱਗ ਵਿਚ ਜਦੋਂ ਮਨੁੱਖਤਾ ਦਾ ਮਿਆਰ ਡਿੱਗ ਪਿਆ, ਉਦੋਂ ਭਗਵਾਨ ਕ੍ਰਿਸ਼ਨ ਨੇ ਅਰਜਨ ਦੇ ਰੂਪ ਵਿਚ ਮਨੁੱਖਤਾ ਨੂੰ ਖੜ੍ਹਾ ਕੀਤਾ, ਧਰਮ ਨੂੰ ਖੜ੍ਹਾ ਕੀਤਾ ਅਤੇ ਉਸ ਨੂੰ ਹੌਂਸਲਾ ਦਿੱਤਾ। ਇਕ ਵਾਰ ਫਿਰ ਮਨੁਖਤਾ ਆਪਣੇ ਪੈਰਾਂ ਤੇ ਖੜ੍ਹੀ ਹੋਈ। ਅੱਜ ਤੋਂ ਤਕਰੀਬਨ 300 ਵਰ੍ਹੇ ਪਹਿਲਾਂ ਜਦੋਂ ਫੇਰ ਇਕ ਵਾਰ ਮਨੁੱਖਤਾ ਤੇ ਜ਼ਿਆਦਤੀਆਂ ਹੋਈਆਂ, ਔਰੰਗਜ਼ੇਬ ਵਰਗੇ ਸ਼ਾਸਕਾਂ ਨੇ ਕਹਿਰ ਢਾਹੇ ਤਾਂ ਉਦੋਂ ਖਾਲਸਾ ਪੰਥ ਦੀ ਸਿਰਜਣਾ ਹੋਈ। ਗੁਰੂ ਗੋਬਿੰਦ ਸਿੰਘ ਜੀ ਜਿਹੜੇ ਬਚਪਨ ਤੋਂ ਹੀ ਬਲੀਦਾਨ ਅਤੇ ਧਰਮ ਕਰਮ ਦੇ ਨਾਲ ਜੁੜੇ ਹੋਏ ਸੀ, ਉਨ੍ਹਾਂ ਨੇ ਖਾਲਸਾ ਪੰਥ ਸਾਜ ਕੇ ਇਕ ਨਵਾਂ ਅਧਿਆਇ ਜੋੜਿਆ। ਇਸ ਦੇ ਵਿਚ ਉਨ੍ਹਾਂ ਨੇ ਮਨੁੱਖਤਾ ਦੇ ਸਨਮਾਨ ਨੂੰ ਸ਼ਾਮਲ ਕੀਤਾ। ਮੇਰੇ ਤੋਂ ਪਹਿਲਾਂ ਬਹੁਤ ਸਾਰੇ ਮੇਰੇ ਵੀਰਾਂ ਨੇ ਗੁਰੂ ਸਾਹਿਬ ਬਾਰੇ ਆਖਿਆ ਅਤੇ ਗੁਰੂ ਜੀ ਦੇ ਜੀਵਨ ਤੇ ਪ੍ਰਕਾਸ਼ ਪਾਇਆ। ਮੈਂ ਉਹ ਗੱਲਾਂ ਦੁਹਰਾਉਣਾ ਨਹੀਂ ਚਾਹਾਂਗਾ ਲੇਕਿਨ ਇਤਨਾ ਜ਼ਰੂਰ ਕਹਿਣਾ ਚਾਹਾਂਗਾ ਕਿ "ਸੰਤ ਸਿਪਾਹੀ" ਵਾਲੀ ਗੱਲ ਗੁਰੂ ਸਾਹਿਬ ਤੋਂ ਹੀ ਸ਼ੁਰੂ ਹੋਈ। ਜਿਥੇ ਅਸੀਂ ਅੱਜ ਦੇ ਪ੍ਰਸਤਾਵ ਵਿਚ, ਚੇਅਰਮੈਨ ਸਾਹਿਬ, ਮਨੁੱਖੀ ਜੋਤ ਦੀ ਗੱਲ ਕਰਦੇ ਹਾਂ, ਉਥੇ ਮੈਂ ਇਸ ਦੇ ਨਾਲ ਇਕ ਹੋਰ ਵੀ ਗੱਲ ਐਡ ਕਰਨੀ ਚਾਹੁੰਦਾ ਹਾਂ ਕਿ ਮਨੁੱਖੀ ਜੋਤ ਦਾ ਭਾਵ ਕੋਈ ਸਪਰਿਚੂਅਲ ਗੱਲਾਂ ਨਾਲ ਨਹੀਂ ਰਹਿ ਜਾਂਦਾ। ਮਨੁੱਖਤਾ ਦੇ ਸਨਮਾਨ ਨਾਲ ਇਸ ਪ੍ਰਸਤਾਵ ਨੂੰ ਜੋੜਨਾ ਵੀ ਬਹੁਤ ਜ਼ਰੂਰੀ ਬਣ ਜਾਂਦਾ ਹੈ। ਗੁਰੂ ਸਾਹਿਬ ਨੇ ਖਾਲਸਾ ਪੰਥ ਦੀ ਸਿਰਜਣਾ ਕਰਕੇ ਮਨੁੱਖਤਾ ਦੇ ਸਨਮਾਨ ਨੂੰ ਉਚਾ ਕੀਤਾ। ਅੱਜ 300ਵਾਂ ਵਰ੍ਹਾ ਆਉਣ ਵਾਲਾ ਹੈ ਅਤੇ ਮੈਂ ਸਮਝਦਾ ਹਾਂ ਕਿ ਬਹੁਤ ਹੀ ਸਹੀ ਸਮੇਂ ਤੇ ਇਹ ਪ੍ਰਸਤਾਵ ਲਿਆਂਦਾ ਗਿਆ ਹੈ। ਜੇ ਪਿਛਲੀ ਸਰਕਾਰ ਵੱਲੋਂ ਕੋਈ ਅਜਿਹਾ ਪ੍ਰਸਤਾਵ ਪਹਿਲਾਂ ਲਿਆਂਦਾ ਗਿਆ ਹੈ ਤਾਂ ਉਹ ਵੀ ਸ਼ਲਾਘਾ ਯੋਗ ਗੱਲ ਹੈ ਪਰ ਕਿਉਂਕਿ ਹੁਣ ਦੇ ਸਦਨ ਨੇ, ਹੁਣ ਦੀ ਸਰਕਾਰ ਨੇ 1999 ਦੇ ਵਰ੍ਹੇ ਨੂੰ ਹੈਂਡਲ ਕਰਨਾ ਹੈ, ਉਪਰੇਟ ਕਰਨਾ ਹੈ, ਇਸ ਲਈ ਹੁਣ ਤੋਂ ਹੀ ਇਸ ਪ੍ਰਸਤਾਵ ਨੂੰ ਸਿਰੇ ਚਾੜ੍ਹਣ ਵਾਸਤੇ ਸਾਰਾ ਪ੍ਰੋਗਰਾਮ ਉਲੀਕ ਲੈਣਾ ਚਾਹੀਦਾ ਹੈ। ਇਹ ਜੋ ਪ੍ਰਸਤਾਵ ਆਇਆ ਹੈ, ਇਹ ਬੜੀ ਖੁਸ਼ੀ ਦੀ ਗੱਲ ਹੈ। ਸਾਨੂੰ ਚਾਹੀਦਾ ਹੈ ਕਿ ਇਸ ਪ੍ਰੋਗਰਾਮ ਨੂੰ ਆਪਣੇ ਆਪ ਨਾਲ ਜੋੜ ਕੇ ਇਸ ਤੇ ਪੂਰਾ ਅਮਲ ਕਰੀਏ। ਜਿਥੇ ਅਸੀਂ ਲੰਮੀਆਂ ਲੰਮੀਆਂ ਬਹਿਸਾਂ ਅਤੇ ਤਕਰੀਰਾਂ ਕਰਦੇ ਹਾਂ, ਉਥੇ ਮੈਂ ਸਮਝਦਾ ਹਾਂ ਕਿ ਇਸ 300ਵੇਂ ਵਰ੍ਹੇ ਨੂੰ ਮਨਾਉਣ ਲਈ ਜੇ ਅਸੀਂ ਆਪ ਕਦਮ ਚੁੱਕੀਏ ਅਤੇ ਆਪਣੇ ਜੀਵਨ ਵਿਚ ਇਸ ਨੂੰ ਪ੍ਰੈਕਟੀਕਲ ਸ਼ੇਪ ਦੇਈਏ ਤਾਂ ਇਹ ਜ਼ਿਆਦਾ ਬਿਹਤਰ ਹੋਵੇਗਾ। ਸਭ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਅਗਵਾਈ ਦੇਣੀ ਚਾਹੀਦੀ ਹੈ। ਖਾਲਸਾ ਪੰਥ ਦੀ ਸਿਰਜਣਾ ਵੇਲੇ ਗੁਰੂ ਸਾਹਿਬ ਨੇ ਜੋ ਲਕਸ਼, ਜੋ ਟੀਚੇ ਸਾਨੂੰ ਦਿੱਤੇ ਸਨ, ਉਨ੍ਹਾਂ ਨੂੰ ਆਪਣੇ ਜੀਵਨ ਵਿਚ ਢਾਲ ਕੇ ਸਭ ਤੋਂ ਪਹਿਲਾਂ ਸਾਨੂੰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਿਕਸ਼ਨ ਸੂਦ]

ਆਪਣੇ ਆਪ ਦੀ ਅਗਵਾਈ ਕਰਨੀ ਚਾਹੀਦੀ ਹੈ। 300ਵਾਂ ਵਰ੍ਹਾ ਆਉਣ ਵਿਚ ਹਾਲੇ ਢਾਈ ਤਿੰਨ ਸਾਲ ਪਏ ਹਨ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਸਾਰੇ ਮੈਂਬਰ ਸਾਹਿਬਾਨ ਖੁਦ ਐਸੇ ਫੈਸਲੇ ਕਰੀਏ ਅਤੇ ਹਾਊਸ ਤੋਂ ਕਰਵਾਈਏ, ਜਿਸ ਨਾਲ ਨਸ਼ੇ ਵਰਗੀ ਲਾਹਨਤ ਤੋਂ ਸਾਨੂੰ ਜਲਦੀ ਤੋਂ ਜਲਦੀ ਛੁਟਕਾਰਾ ਮਿਲ ਸਕੇ। ਆਪਣੇ ਹੋਸਟਲਾਂ ਅਤੇ ਆਪਣੇ ਘਰਾਂ ਦੀ ਦੇਖ ਰੇਖ ਕਰਕੇ ਸਾਨੂੰ ਨਸ਼ੇ ਦੀ ਲਾਹਨਤ ਤੋਂ ਛੁਟਕਾਰਾ ਪਾਉਣ ਵਾਸਤੇ ਵੱਧ ਤੋਂ ਵੱਧ ਅੱਗੇ ਆਉਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਲੜਕੀ ਨੂੰ ਮਾਰਨ ਵਾਲੀ ਗੱਲ ਹੈ। ਸੋ, ਜੇ ਅਸੀਂ ਗੁਰੂ ਸਾਹਿਬ ਦੇ ਖਾਲਸਾ ਪੰਥ ਦੀ ਸਿਰਜਣਾ ਦੇ ਵਰ੍ਹੇ ਨੂੰ ਮਨਾਉਣਾ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਆਉਣ ਵਾਲੇ ਤਿੰਨਾਂ ਸਾਲਾਂ ਵਿਚ ਇਹੋ ਜਿਹੀਆਂ ਬੁਰਾਈਆਂ ਨੂੰ ਖਤਮ ਕਰਨ ਵਾਸਤੇ ਪ੍ਰਸਤਾਵ ਲਿਆਈਏ, ਕਾਨੂੰਨ ਬਣਾਈਏ। ਇਹ 300ਵਾਂ ਵਰ੍ਹਾ ਚਲਦੇ ਸਮੇਂ ਵਿਚ ਨਿਕਲ ਜਾਣਾ ਸੀ। ਅਸੀਂ ਇਸ ਨੂੰ ਮਨਾਵਾਂਗੇ। ਅਸੀਂ ਵਡਭਾਗੇ ਹਾਂ। ਜੇ ਨਾ ਵੀ ਮਨਾਉਂਦੇ ਤਾਂ ਵੀ ਇਸ ਨੇ ਨਿਕਲ ਜਾਣਾ ਸੀ। ਪੰਜਾਬ ਦੀ ਹਮੇਸ਼ਾ ਖੁਸ਼ਕਿਸਮਤੀ ਰਹੀ ਹੈ। ਜਦੋਂ ਗੀਤਾ ਦਾ ਉਪਦੇਸ਼ ਹੋਇਆ ਤਾਂ ਵੀ ਅਸੀਂ ਵਡਭਾਗੇ ਸੀ ਕਿਉਂਕਿ ਉਹ ਵੀ ਏਸੇ ਧਰਤੀ ਤੇ ਹੋਇਆ, ਜਦੋਂ ਖਾਲਸੇ ਦੀ ਸਿਰਜਨਾ ਹੋਈ ਤਾਂ ਵੀ ਅਸੀਂ ਵਡਭਾਗੇ ਹਾਂ ਕਿ ਉਹ ਵੀ ਇਸੇ ਧਰਤੀ ਤੇ ਹੋਈ। ਜੋ ਅਸੀਂ ਇਸ ਵਰ੍ਹੇ ਨੂੰ ਮਨਾਉਣ ਦੀ ਗੱਲ ਕਰਦੇ ਹਾਂ ਅਸੀਂ ਫਿਰ ਵਡਭਾਗੇ ਹਾਂ ਕਿ ਅਸੀਂ ਇਸ ਨੂੰ ਮਨਾਉਣ ਵਿੱਚ ਵੀ ਸ਼ਾਮਲ ਹਾਂ, ਅਸੀਂ ਇਸ ਧਰਤੀ ਤੇ ਇਸ ਵਰ੍ਹੇ ਨੂੰ ਮਨਾਉਣ ਦੀ ਗੱਲ ਕਰਦੇ ਹਾਂ। ਜਿੱਥੇ ਮੈਂ ਇਸ ਪ੍ਰਸਤਾਵ ਦਾ ਸਮਰਥਨ ਕਰਦਾ ਹਾਂ ਉਥੇ ਨਾਲ ਹੀ ਮੈਂ ਇਹ ਵੀ ਕਹਿੰਦਾ ਹਾਂ ਕਿ ਇਸ ਮਤੇ ਦੇ ਵਿੱਚ ਮਨੁੱਖਤਾ ਦੇ ਸਨਮਾਨ ਦਾ ਖਿਆਲ ਰੱਖਣਾ ਵੀ ਜ਼ਰੂਰ ਜੋੜਿਆ ਜਾਵੇ, ਔਰ ਸਾਰੀ ਮਨੁੱਖਤਾ ਦੇ ਲਈ, ਸਾਰੀ ਦੁਨੀਆਂ ਦੇ ਲਈ, ਅਸੀਂ ਪੰਜਾਬ ਤੋਂ ਇਕ ਐਸਾ ਸੰਦੇਸ਼ ਛੱਡੀਏ, ਜਿਹੜਾ ਸਾਰੀ ਦੁਨੀਆਂ ਦੇ ਵਿੱਚ ਜਾਵੇ ਔਰ ਲੋਕ ਇਹ ਸਮਝਣ ਕਿ ਪੰਜਾਬ ਦੀ ਧਰਤੀ ਤੋਂ ਸਾਰੀ ਮਨੁੱਖਤਾ ਨੂੰ ਕੋਈ ਸੰਦੇਸ਼ ਦਿੱਤਾ ਜਾ ਸਕਦਾ ਹੈ। ਇਨ੍ਹਾਂ ਕਹਿੰਦਾ ਹੋਇਆ, ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਔਰ ਖਿਮਾ ਦਾ ਜਾਚਕ ਹਾਂ।

**ਸਰਦਾਰ ਸੇਵਾ ਸਿੰਘ ਸੇਖਵਾਂ** (ਕਾਹਨੂੰਵਾਲ) : ਮਾਨਯੋਗ ਚੇਅਰਮੈਨ ਸਾਹਿਬ ਅਤੇ ਸਦਨ ਵਿੱਚ ਬੈਠੇ ਮੈਂਬਰ ਸਾਹਿਬਾਨ, ਜੋ ਇਹ ਮਤਾ ਖਾਲਸਾ ਪੰਥ ਦਾ 300ਵਾਂ ਸਾਲਾ ਜਨਮ ਦਿਵਸ ਮਨਾਉਣ ਦੇ ਸਬੰਧ ਵਿੱਚ ਲਿਆਂਦਾ ਗਿਆ ਹੈ, ਮੈਂ ਸਮਝਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਔਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦਾ ਇਹ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਨੰਦਪੁਰ ਸਾਹਿਬ ਦੀ ਧਰਤੀ ਤੇ ਖਾਲਸਾ ਪੰਥ ਨੂੰ ਜਨਮ ਦੇ ਕੇ ਇਕ ਅਦੁੱਤੀ ਮਿਸਾਲ ਪੈਦਾ ਕੀਤੀ ਔਰ ਗੁਰੂ ਨਾਨਕ ਸਾਹਿਬ ਦੇ ਦਰਸਾਏ ਹੋਏ ਰਾਹ ਤੇ ਚੱਲ ਕੇ ਸਮਾਜ ਦੇ ਵਿੱਚ ਬਰਾਬਰਤਾ ਲਿਆਉਣ ਵਾਸਤੇ, ਊਚ-ਨੀਚ ਮਿਟਾਉਣ ਵਾਸਤੇ ਜਾਤ-ਪਾਤ ਦੇ ਭੇਦ-ਭਾਵ ਨੂੰ ਦੂਰ ਕਰਨ ਵਾਸਤੇ ਜੋ ਖਾਲਸਾ ਪੰਥ ਦੀ ਸਥਾਪਨਾ ਕੀਤੀ, ਇਸ ਨੂੰ ਮੁੜ ਕੇ ਯਾਦ ਕਰਨਾ ਬਹੁਤ ਜ਼ਰੂਰੀ ਹੈ। ਜੇ ਹਿਸਟਰੀ ਨੂੰ ਯਾਦ ਨਾ ਕੀਤਾ ਜਾਵੇ ਤਾਂ ਜਿਹੜੀਆਂ ਚੰਗੀਆਂ ਘਟਨਾਵਾਂ ਸੰਸਾਰ ਦੇ ਵਿੱਚ ਵਾਪਰਦੀਆਂ ਹਨ ਉਹਨਾਂ ਨੂੰ ਯਾਦ ਨਹੀਂ ਰੱਖਿਆ ਜਾ ਸਕਦਾ। 300ਵਾਂ ਸਾਲਾ ਬੜਾ ਪਵਿੱਤਰ ਦਿਹਾੜਾ ਹੈ ਕਿਉਂਕਿ ਸਦੀਆਂ ਤੋਂ ਬਾਅਦ ਇਹ ਦਿਨ ਆਉਣਾ ਹੈ। ਸੋ ਇਸ

Original with;
Punjab Vidhan Sabha
Digitized by;
Panjab Digital Library

RESOLUTION RE. RECOMMENDING TO THE GOVERNMENT OF INDIA TO TAKE STEPS TO APPROACH THE U.N.O. FOR DECLARING THE YEAR 1999 AS THE 'YEAR OF HUMAN SPIRIT' (4)91

ਦਿਨ ਤੇ ਜੋ ਸਾਡੀ ਸਰਕਾਰ ਨੇ ਇਹ ਦਿਨ ਮਨਾਉਣ ਦਾ ਔਰ ਉਸ ਤੋਂ ਅੱਗੇ ਜਾ ਕੇ ਭਾਰਤ ਦੀ ਸਰਕਾਰ ਨੂੰ ਬੇਨਤੀ ਕਰਨ ਦਾ ਔਰ ਭਾਰਤ ਦੀ ਸਰਕਾਰ ਕੋਲੋਂ ਅੱਗੇ ਯੂ.ਐਨ.ਓ. ਕੋਲ ਬੇਨਤੀ ਕਰਨ ਦਾ ਜੋ ਉਪਰਾਲਾ ਕੀਤਾ ਹੈ ਕਿ ਸਾਰੇ ਵਿਸ਼ਵ ਦੇ ਵਿੱਚ ਇਸ ਦਿਨ ਨੂੰ ਮਨਾਇਆ ਜਾਵੇ ਔਰ ਇਸ ਦੀ ਯਾਦ ਦੇ ਵਿੱਚ ਸਮੁੱਚੀ ਮਨੁੱਖਤਾ ਨੂੰ ਇਸ ਦੀ ਲਪੇਟ ਦੇ ਵਿਚ ਲਿਆਂਦਾ ਜਾਵੇ, ਇਹ ਇਕ ਬਹੁਤ ਹੀ ਸ਼ਾਲਘਾਯੋਗ ਕਦਮ ਹੈ। ਗੁਰੂ ਨਾਨਕ ਸਾਹਿਬ ਜਦੋਂ ਇਸ ਧਰਤੀ ਤੇ ਆਏ ਤਾਂ ਉਨ੍ਹਾਂ ਨੇ ਇਸ ਧਰਤੀ ਤੇ ਆ ਕੇ ਜੋ ਸੱਭ ਤੋਂ ਮਹਾਨ ਕੰਮ ਕੀਤਾ, ਉਹ ਇਹ ਸੀ ਕਿ ਉਸ ਸਮੇਂ ਜੋ ਸਮਾਜ ਦੇ ਲਿਤਾੜੇ ਹੋਏ ਲੋਕ ਸਨ ਉਨ੍ਹਾਂ ਲੋਕਾਂ ਨੂੰ ਸਮਾਜ ਦੇ ਅੰਦਰ ਬਰਾਬਰਤਾ ਦੇਣ ਵਾਸਤੇ ਪਹਿਲਾ ਕੰਮ ਕੀਤਾ। ਉਹਨਾਂ ਨੇ ਭਾਈ ਲਾਲੋ ਦੇ ਘਰ ਜਾ ਕੇ ਕੋਦਰੇ ਦੀ ਰੋਟੀ ਪਰਵਾਨ ਕਰਕੇ ਅਤੇ ਮਲਕ ਭਾਗੋ ਦੇ ਭੋਜਨਾਂ ਨੂੰ ਅਪ੍ਰਵਾਨ ਕਰਕੇ, ਮਨੁੱਖਤਾ ਨੂੰ ਇਕ ਉਚਾ ਸਥਾਨ ਪ੍ਰਦਾਨ ਕੀਤਾ ਸਾਨੂੰ ਸਮਾਜ ਦੇ ਲਿਤਾੜੇ ਹੋਏ ਲੋਕਾਂ ਨੂੰ, ਗਰੀਬ ਲੋਕਾਂ ਨੂੰ, ਜਾਤ ਪਾਤ ਦਾ ਵਿਤਕਰਾ ਨਾ ਰੱਖਦੇ ਹੋਏ ਛਾਤੀ ਨਾਲ ਲਾਉਣਾ ਚਾਹੀਦਾ ਹੈ। ਉਹਨਾਂ ਲੋਕਾਂ ਦੇ ਨਾਲ ਰਲ ਕੇ ਰਹਿਣਾ ਚਾਹੀਦਾ ਹੈ ਜਿਨ੍ਹਾਂ ਦਾ ਕੋਈ ਆਸਰਾ ਨਹੀਂ, ਜਿਨ੍ਹਾਂ ਦੀ ਕੋਈ ਧਿਰ ਨਹੀਂ। ਗੁਰੂ ਸਾਹਿਬ ਨੇ ਜਿੱਥੇ ਸਮਾਜ ਦੀ ਬਰਾਬਰਤਾ ਦੇ ਵਾਸਤੇ ਲੜਾਈ ਲੜੀ ਉਥੇ ਬੜੇ ਜ਼ੋਰ ਨਾਲ ਜ਼ੁਰਮ ਦੇ ਖਿਲਾਫ ਸੰਘਰਸ਼ਮਈ ਜੀਵਨ ਬਿਤਾਇਆ ਔਰ ਉਹ ਗੱਲਾਂ ਕੀਤੀਆਂ ਜਿਹੜੀਆਂ ਉਸ ਸਮੇਂ ਦੀ ਸਰਕਾਰ ਦੇ ਖਿਲਾਫ ਕਰਨੀਆਂ ਬੜੀ ਜੁਰੱਅਤ ਦੀ ਗੱਲ ਸੀ ਔਰ ਹੋਰ ਕੋਈ ਕਰ ਨਹੀਂ ਸੀ ਸਕਦਾ। ਸੋ ਗੁਰੂ ਨਾਨਕ ਸਾਹਿਬ ਨੇ ਜਿੱਥੇ ਉਨ੍ਹਾਂ ਨੂੰ ਬਰਾਬਰਤਾ ਦੇਣ ਦੀ ਗੱਲ ਕਹੀ, ਉਸ ਤੋਂ ਵੀ ਅੱਗੇ ਜਿਹੜੇ ਦੂਸਰੇ ਗੁਰੂ ਸਾਹਿਬਾਨ ਆਏ, ਉਸੇ ਸਿਧਾਂਤ ਨੂੰ ਉਹ ਵੀ ਅੱਗੇ ਲੈ ਕੇ ਗਏ. ਮੀਰੀ-ਪੀਰੀ ਦਾ ਸਿਧਾਂਤ ਬਖਸ਼ ਕੇ ਵਿਸ਼ੇਸ਼ ਗੱਲ ਕੀਤੀ ਕਿ ਜਿਥੇ ਭਗਤੀ ਜ਼ਰੂਰੀ ਹੈ, ਉਸ ਦੇ ਨਾਲ ਹੀ ਸ਼ਕਤੀ ਵੀ ਬਹੁਤ ਜ਼ਰੂਰੀ ਹੈ। ਛੇਵੇਂ ਪਾਤਸ਼ਾਹ ਨੇ ਇਹ ਦੋ ਗੱਲਾਂ ਮਹਾਨ ਕੀਤੀਆਂ। ਇਕ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ ਅਤੇ ਦੂਸਰਾ ਉਨ੍ਹਾਂ ਨੇ ਕਲਗੀ ਧਾਰਨ ਕੀਤੀ। ਉਨ੍ਹਾਂ ਦੇ ਮਨ ਵਿਚ ਇਹ ਨਹੀਂ ਸੀਂ ਸੀ ਕਿ ਉਹ ਇਸ ਤਖਤ ਦੀ ਸਥਾਪਨਾ ਕਰਕੇ ਉਸ ਦੇ ਪਾਤਸ਼ਾਹ ਬਣਨਾ ਚਾਹੁੰਦੇ ਸਨ। ਉਹ ਤਖਤ ਦੀ ਸਥਾਪਨਾ ਕਰਕੇ ਇਹ ਦਰਸਾਉਣਾ ਚਾਹੁੰਦੇ ਸਨ ਕਿ ਦਿੱਲੀ ਦੇ ਤਖਤ ਤੋਂ ਇਲਾਵਾ ਵੀ ਕੋਈ ਹੋਰ ਤਖਤ ਬਣਾਇਆ ਜਾ ਸਕਦਾ ਹੈ। ਦਿੱਲੀ ਦੇ ਰਾਜਾ ਤੋਂ ਇਲਾਵਾ ਕੋਈ ਆਮ ਸਧਾਰਨ ਵਿਅਕਤੀ ਵੀ ਪਾਤਸ਼ਾਹ ਬਣ ਸਕਦਾ ਹੈ। ਉਨ੍ਹਾਂ ਦਾ ਮਕਸਦ ਲੋਕਾਂ ਦੇ ਮਨਾਂ ਵਿਚ ਚੇਤਨਾ ਪੈਦਾ ਕਰਨਾ ਸੀ ਤਾਂ ਕਿ ਉਹ ਲੋਕ ਜਿਹੜੇ ਇਹ ਸਮਝਦੇ ਸਨ ਕਿ ਜੋ ਕੁਝ ਜ਼ੁਲਮ ਤੇ ਜਬਰ ਹੋ ਰਿਹਾ ਹੈ, ਇਹ ਉਨ੍ਹਾਂ ਦੀ ਕਿਸਮਤ ਵਿਚ ਹੀ ਲਿਖਿਆ ਹੋਇਆ ਹੈ, ਇਸ ਗੱਲ ਨੂੰ ਉਨ੍ਹਾਂ ਦੇ ਮਨਾਂ ਵਿਚੋਂ ਕੱਢਣ ਲਈ ਹੀ ਗੁਰੂ ਸਾਹਿਬ ਨੇ ਦੋ ਕਾਰਜ ਕੀਤੇ। ਇਸ ਤੋਂ ਬਾਅਦ ਉਨ੍ਹਾਂ ਨੇ ਛੋਟੀਆਂ ਛੋਟੀਆਂ ਜੰਗਾਂ ਲੜੀਆਂ ਅਤੇ ਇਹ ਵੇਖਣਾ ਚਾਹਿਆ ਕਿ ਕੀ ਇਹ ਲੋਕ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸ਼ਬਦੀ ਜੰਗ ਤੋਂ ਇਲਾਵਾ ਹਥਿਆਰਬੰਦ ਜੰਗ ਲੜਨ ਲਈ ਵੀ ਤਿਆਰ ਹਨ? ਭਾਵੇਂ ਉਨ੍ਹਾਂ ਨੂੰ ਇਸ ਦੀ ਕਾਫੀ ਪ੍ਰਾਪਤੀ ਹੋਈ ਲੇਕਿਨ ਉਨ੍ਹਾਂ ਨੇ ਮਹਿਸੂਸ ਕੀਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੇਵਾ ਸਿੰਘ ਸੇਖਵਾਂ]

ਕਿ ਅਜੇ ਲੋਕ ਹਥਿਆਰਬੰਦ ਲੜਾਈ ਲਈ ਤਿਆਰ ਨਹੀਂ ਹਨ। ਫਿਰ ਇਸ ਤੋਂ ਅੱਗੇ ਗੁਰੂ ਸਾਹਿਬਾਨ ਨੇ ਇਸੇ ਤਰ੍ਹਾਂ ਸੰਘਰਸ਼ ਜਾਰੀ ਰੱਖਿਆ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖ ਪੰਥ ਦੀ ਸਥਾਪਨਾ ਕੀਤੀ ਅਤੇ ਇਕ ਐਸੀ ਫੌਜ ਤਿਆਰ ਕੀਤੀ ਅਤੇ ਕਿਹਾ ਕਿ ਇਸ ਫੌਜ ਦੇ ਜ਼ਿੰਮੇ ਮਨੁਖਤਾ ਦੀ ਰਾਖੀ ਕਰਨੀ ਹੋਵੇਗੀ। ਜਿਥੇ ਵੀ ਜ਼ੁਲਮ ਤੇ ਜਬਰ ਹੋਵੇਗਾ ਖਾਲਸਾ ਪੰਥ ਉਸ ਦੀ ਰਾਖੀ ਵਾਸਤੇ ਤਿਆਰ ਹੋਵੇਗਾ। ਮੈਂ ਉਹ ਘਟਨਾਵਾਂ ਨਹੀਂ ਦੱਸਣਾ ਚਾਹੁੰਦਾ ਕਿਉਂਕਿ ਉਹ ਤੁਸੀਂ ਸਾਰੇ ਹੀ ਜਾਣਦੇ ਹੋ ਕਿ ਖਾਲਸਾ ਪੰਥ ਦੀ ਸਾਜਨਾ ਕਿਹੜੀਆਂ ਕਿਹੜੀਆਂ ਘਟਨਾਵਾਂ ਘਟਣ ਕਾਰਣ ਹੋਈ। ਖਾਲਸਾ ਪੰਥ ਨੇ ਜ਼ੁਲਮ ਤੇ ਜਬਰ ਦੇ ਖਿਲਾਫ ਤਕੜੀ ਲੜਾਈ ਲੜੀ। ਪੰਜ ਪਿਆਰਿਆਂ ਦੀ ਸਾਜਨਾ ਗੁਰੂ ਸਾਹਿਬ ਨੇ ਉਨ੍ਹਾਂ ਜ਼ਾਤਾਂ ਵਿਚੋਂ ਕੀਤੀ ਜਿਹੜੇ ਕਿ ਪਛੜੀਆਂ ਹੋਈਆਂ ਜਾਤਾਂ ਨਾਲ ਸਬੰਧਤ ਸਮਝੇ ਜਾਂਦੇ ਸਨ। ਖੱਤਰੀ, ਜੱਟ, ਨਾਈ, ਝਿਊਰ ਅਤੇ ਛੀਂਬਾ ਜਾਤੀਆਂ ਵਿਚੋਂ ਪੰਜ ਪਿਆਰਿਆਂ ਦੀ ਸਥਾਪਨਾ ਕੀਤੀ ਅਤੇ ਉਨ੍ਹਾਂ ਪਿਆਰਿਆਂ ਨੂੰ ਗੁਰੂ ਮੰਨ ਕੇ ਆਪ ਗੁਰੂ ਹੁੰਦੇ ਹੋਏ ਵੀ ਉਨ੍ਹਾਂ ਕੋਲੋਂ ਅੰਮ੍ਰਿਤ ਦੀ ਦਾਤ ਮੰਗੀ ਅਤੇ ਫਿਰ ਇਹ ਅੰਮ੍ਰਿਤ ਦੀ ਦਾਤ ਸਾਰੀ ਮਨੁੱਖਤਾ ਨੂੰ ਬਖਸ਼ੀ। ਉਨ੍ਹਾਂ ਨੇ ਇਸ ਮਨੁੱਖਤਾ ਨੂੰ ਤਿੰਨ ਦਾਤਾਂ ਦਿੱਤੀਆਂ, ਸੰਗਤ, ਪੰਗਤ ਤੇ ਅੰਮ੍ਰਿਤ। ਇਹ ਤਿੰਨੇ ਸਿਧਾਂਤ ਇਸ ਗੱਲ ਨੂੰ ਦਰਸਾਉਂਦੇ ਹਨ ਕਿ ਸਾਰੇ ਮਨੁੱਖ ਬਰਾਬਰ ਹੋਣੇ ਚਾਹੀਦੇ ਹਨ, ਸਮਾਜ ਵਿਚ ਉਚ-ਨੀਚ ਨਹੀਂ ਹੋਣੀ ਚਾਹੀਦੀ, ਜਾਤ-ਪਾਤ ਨਹੀਂ ਹੋਣੀ ਚਾਹੀਦੀ, ਛੂਤ-ਛਾਤ ਨਹੀਂ ਹੋਣੀ ਚਾਹੀਦੀ। ਸਾਰਿਆਂ ਦਾ ਬਰਾਬਰ ਸਨਮਾਨ ਹੋਣਾ ਚਾਹੀਦਾ ਹੈ। ਇਸ ਕਰਕੇ ਜਿਥੇ ਮੈਂ ਇਸ ਰੈਜੋਲਿਊਸ਼ਨ ਦੀ ਪ੍ਰਸ਼ੰਸਾ ਕਰਦਾ ਹਾਂ ਉਥੇ ਮੈਂ ਉਨ੍ਹਾਂ ਸੱਜਣਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਨੂੰ ਇਸ ਹਾਊਸ ਵਿਚ ਰੱਖਿਆ। ਅੱਜ ਅਸੀਂ ਇਸ ਨੂੰ ਪ੍ਰਵਾਨਗੀ ਦੇ ਕੇ ਸਾਰੇ ਸੰਸਾਰ ਵਿਚ ਫੈਲਾਉਣ ਲਈ ਯੂ. ਐਨ. ਓ. ਨੂੰ ਵੀ ਭੇਜਣਾ ਹੈ ਤਾਂ ਕਿ ਇਹ ਰੈਜੋਲਿਊਸ਼ਨ ਸਾਰੀ ਮਨੁੱਖਤਾ ਦੇ ਭਲੇ ਵਾਸਤੇ ਕੰਮ ਕਰੇ। ਇਨ੍ਹਾਂ ਸ਼ਬਦਾਂ ਨਾਲ ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

**ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** (ਡਾਕਟਰ ਉਪਿੰਦਰਜੀਤ ਕੌਰ) : ਮਾਨਯੋਗ ਚੇਅਰਮੈਨ ਸਾਹਿਬ, 1699 ਈਸਵੀ ਵਿਚ ਖਾਲਸੇ ਦੀ ਸਿਰਜਨਾ ਕੀਤੀ ਗਈ ਸੀ। ਸੰਨ 1999 ਵਿਚ ਇਸ ਦਾ 300ਵਾਂ ਸਾਲਾ ਜਨਮ ਦਿਵਸ ਮਨਾਉਣ ਲਈ ਇਹ ਮਤਾ ਪੇਸ਼ ਕੀਤਾ ਗਿਆ ਹੈ ਇਹ ਬੜਾ ਸ਼ਲਾਘਾਯੋਗ ਮਤਾ ਹੈ, ਕਰਵਾਈ ਹੈ। ਮੈਂ ਇਸ ਗੱਲ ਦੀ ਪ੍ਰੋੜਤਾ ਕਰਦੀ ਹਾਂ ਅਤੇ ਬੇਨਤੀ ਕਰਦੀ ਹਾਂ ਕਿ ਇਸ ਵਰ੍ਹੇ ਨੂੰ ਮਾਨਵ ਅਜ਼ਾਦੀ, ਸਮਾਨਤਾ, ਗੌਰਵ ਅਤੇ ਸਨਮਾਨ ਦਿਵਸ ਵਜੋਂ ਮਨਾਇਆ ਜਾਵੇ। ਇਹ ਵਰ੍ਹਾ ਕੇਵਲ ਪੰਜਾਬ ਪੱਧਰ ਤੇ, ਕੇਵਲ ਹਿੰਦੁਸਤਾਨ ਪੱਧਰ ਤੇ ਹੀ ਨਹੀਂ ਬਲਕਿ ਯੂ.ਐਨ.ਓ. ਪੱਧਰ ਤੇ ਵੀ ਮਨਾਇਆ ਜਾਵੇ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਅਨੁਯਾਈ ਗੁਰੂ ਸਾਹਿਬਾਨ ਨੇ ਮਨੁੱਖਤਾ ਦੇ ਭਲੇ ਲਈ ਅਤੇ ਜਾਤ-ਪਾਤ ਦੇ ਵਿਰੁੱਧ ਆਵਾਜ਼ ਉਠਾਈ। ਇਹ ਖਾਲਸੇ ਦੀ ਸਿਰਜਣਾ ਵੀ ਉਸੇ ਆਸ਼ੇ ਦੀ ਚਰਨ-ਸੀਮਾ ਹੈ। ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ :

"ਫੱਕੜ ਜਾਤੀ, ਫੱਕੜ ਨਾਓ"

Original with;
Punjab Vidhan Sabha
Digitized by;
Panjab Digital Library

ਅਤੇ ਨਾਲ ਹੀ ਕਿਹਾ ਕਿ :

"ਏਕ ਪਿਤਾ ਏਕਸ ਕੇ ਹਮ ਬਾਰਿਕ"

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸੰਦੇਸ਼ ਨੂੰ ਹੋਰ ਦ੍ਰਿੜ ਕਰਦਿਆਂ ਫੁਰਮਾਇਆ ਕਿ

"ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ"

ਉਨ੍ਹਾਂ ਨੇ ਖਾਲਸੇ ਦੀ ਸਿਰਜਣਾ ਕੀਤੀ ਅਤੇ ਪੰਜ ਵੱਖ-ਵੱਖ ਜਾਤਾਂ ਵਿਚੋਂ ਪੰਜ ਪਿਆਰੇ ਲੈ ਕੇ ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਛਕਾਇਆ ਅਤੇ ਫਿਰ ਉਨ੍ਹਾਂ ਤੋਂ ਆਪ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਅਤੇ ਇਸ ਤਰ੍ਹਾਂ ਇੱਕ ਅਦੁੱਤੀ ਮਿਸਾਲ ਕਾਇਮ ਕੀਤੀ ਜੋ ਕਿ ਦੁਨੀਆਂ ਵਿਚ ਨਹੀਂ ਮਿਲਦੀ । ਇਸੇ ਕਰਕ ਕਿਹਾ ਗਿਆ ਕਿ :

"ਵਾਹੁ ਵਾਹੁ ਗੋਬਿੰਦ ਸਿੰਘ
ਆਪੇ ਗੁਰ ਚੇਲਾ ।"

ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਦੇ ਭਲੇ ਲਈ ਇਹ ਵੀ ਉਪਦੇਸ਼ ਦਿੱਤਾ ਕਿ ਕਿਰਤ ਕੀਤੀ ਜਾਵੇ ਅਤੇ ਵੰਡ ਕੇ ਛਕਿਆ ਜਾਵੇ ਭਾਵ ਮਨੁੱਖੀ ਸਮਾਜ ਵਿੱਚ ਵਿਚਰਦਿਆਂ ਹੋਇਆਂ ਵੀ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਪੂਰੀ ਤਨ-ਦੇਹੀ ਨਾਲ ਨਿਭਾਇਆ ਜਾਵੇ ਅਤੇ ਇਸ ਜੀਵਨ ਨੂੰ ਬਿਹਤਰ ਬਣਾਇਆ ਜਾਵੇ ।

ਇਸੇ ਆਸ਼ੇ ਦੀ ਪੂਰਤੀ ਲਈ ਸ੍ਰੀ ਗੁਰੂ ਗਰੰਥ ਸਾਹਿਬ ਜੀ ਰਚੇ ਗਏ ਅਤੇ ਇਨ੍ਹਾਂ ਦੇ ਵਿੱਚ ਵੀ ਵੱਖ ਵੱਖ ਭਗਤਾਂ ਦੀ ਬਾਣੀ ਸ਼ਾਮਿਲ ਹੈ ਅਤੇ ਉਹ ਵੀ ਮਨੁੱਖ ਜਾਤੀ ਦੀ ਸਮਾਨਤਾ ਨੂੰ ਦਰਸਾਉਂਦੀ ਹੈ । ਖਾਲਸੇ ਦੀ ਸਿਰਜਣਾ ਸਮੇਂ ਵੀ ਇਸਤਰੀ ਜਾਤੀ ਨੂੰ ਪੂਰਾ ਪੂਰਾ ਸਨਮਾਨ ਦਿਤਾ ਗਿਆ ਹੈ । ਗੁਰੂ ਨਾਨਕ ਦੇਵ ਜੀ ਨੇ ਵੀ ਇਸਤਰੀ ਦੇ ਸਨਮਾਨ ਵਿੱਚ ਲਿਖਿਆ ਹੈ ਕਿ :

"ਸੋ ਕਿਉ ਮੰਦਾ ਆਖੀਐ
ਜਿਤੁ ਜੰਮੇ ਰਾਜਾਨੁ ।"

ਸਿੱਖ ਧਰਮ ਵਿੱਚ ਇਸਤਰੀ ਜਾਤੀ ਨੂੰ ਪੂਰਾ ਪੂਰਾ ਸਨਮਾਨ ਪ੍ਰਾਪਤ ਹੈ ਅਤੇ ਬਰਾਬਰਤਾ ਦਾ ਦਰਜਾ ਵੀ ਦਿੱਤਾ ਗਿਆ ਹੈ । ਜਦੋਂ ਖਾਲਸੇ ਦੀ ਸਿਰਜਣਾ ਕੀਤੀ ਗਈ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ ਤਾਂ ਮਾਤਾ ਜੀਤੋ ਜੀ ਨੇ ਅੰਮ੍ਰਿਤ ਤਿਆਰ ਕਰਦੇ ਸਮੇਂ ਆਪਣਾ ਪੂਰਾ ਪੂਰਾ ਹਿੱਸਾ ਪਾਇਆ । ਇਹ ਜੋ ਮਤਾ ਪੇਸ਼ ਕੀਤਾ ਗਿਆ ਹੈ, ਇਹ ਬੜਾ ਸ਼ਲਾਘਾਯੋਗ ਹੈ ਜੋ ਕਿ ਮਨੁੱਖਤਾ ਦੀ ਸਾਂਝੀਵਾਲਤਾ ਦਾ ਸੰਦੇਸ਼ ਹੈ ਅਤੇ ਜੋ ਖਾਲਸੇ ਦੀ ਸਿਰਜਣਾ ਦੀ 300ਵੀਂ ਵਰ੍ਹੇ ਗੰਢ ਮਨਾਉਣ ਬਾਰੇ ਹੈ । ਮੈਂ ਇਸ ਮਤੇ ਦੀ ਪ੍ਰੋੜਤਾ ਕਰਦੀ ਹਾਂ ਅਤੇ ਬੇਨਤੀ ਕਰਦੀ ਹਾਂ ਕਿ ਇਸ ਵਰ੍ਹੇ ਨੂੰ ਸਾਰੇ ਪੰਜਾਬ ਵਿੱਚ, ਦੇਸ਼ ਵਿੱਚ ਅਤੇ ਸਾਰੇ ਵਿਸ਼ਵ ਪੱਧਰ ਤੇ ਮਨਾਇਆ ਜਾਵੇ ।

Original with;
Punjab Vidhan Sabha
Digitized by;
Panjab Digital Library

[ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ]

*12.04 ਵਜੇ ਬਾਅਦ ਦੁਪਹਿਰ

(*ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਮੇਰੀ ਇਹ ਵੀ ਬੇਨਤੀ ਹੈ ਕਿ ਪੰਜਾਬ ਇੱਕ ਵੱਡੇ ਸੰਤ੍ਰਾਪ ਦੇ ਸਮੇਂ ਵਿਚੋਂ ਗੁਜ਼ਰਿਆ ਹੈ। ਇਹ ਗੁਰੂ ਸਾਹਿਬਾਨ ਦੀ ਸਿਖਿਆ ਹੀ ਹੈ ਕਿ ਪੰਜਾਬ ਵਿੱਚ ਇੰਨੀ ਪ੍ਰੋਵੋਕੇਸ਼ਨ ਦੇ ਬਾਅਦ ਵੀ ਕੋਈ ਫਿਰਕੂ-ਫਸਾਦ ਨਹੀਂ ਹੋਇਆ ਅਤੇ ਪੰਜਾਬ ਵਿੱਚ ਆਪਸੀ ਪ੍ਰੇਮ, ਭਾਈਚਾਰਕ ਸਾਂਝ ਅਤੇ ਏਕਤਾ ਵਾਲੀ ਸਦਭਾਵਨਾ ਬਰਕਰਾਰ ਰਹੀ ਹੈ। ਅੰਤ ਵਿੱਚ ਮੈਂ ਫਿਰ ਇਸ ਮਤੇ ਦੀ ਪ੍ਰੋੜਤਾ ਕਰਦੀ ਹਾਂ, ਬਹੁਤ ਬਹੁਤ ਧੰਨਵਾਦ।

**ਸਰਦਾਰ ਹੀਰਾ ਸਿੰਘ ਗਾਬੜੀਆ** (ਲੁਧਿਆਣਾ ਦਿਹਾਤੀ) : ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਧੰਨਵਾਦੀ ਹਾਂ ਸ੍ਰੀ ਸਾਹਨੀ ਸਾਹਿਬ ਦਾ ਔਰ ਰਾਜਾ ਨਰਿੰਦਰ ਸਿੰਘ ਜੀ ਦਾ, ਜਿਨ੍ਹਾਂ ਨੇ ਕਿ ਸਭ ਤੋਂ ਅਹਿਮ ਮਤਾ ਅੱਜ ਹਾਊਸ ਵਿੱਚ ਲਿਆਂਦਾ ਹੈ। ਇਹ ਬੜਾ ਜ਼ਰੂਰੀ ਸੀ। ਇਸ ਤੋਂ ਬਾਅਦ ਮੈਂ ਧੰਨਵਾਦੀ ਹਾਂ, ਸਾਰੇ ਹਾਊਸ ਦਾ ਕਿ ਜਿਸ ਨੇ ਅੱਜ ਇਸ ਮਤੇ ਨੂੰ ਸਰਬ-ਸੰਮਤੀ ਨਾਲ ਪਾਸ ਕਰਕੇ ਸੈਂਟਰ ਸਰਕਾਰ ਨੂੰ ਇਹ ਬੇਨਤੀ ਕਰਕੇ ਭੇਜਣਾ ਹੈ ਕਿ ਇਸ ਨੂੰ ਯੂ.ਐਨ.ਓ. ਨਾਲ ਪਹੁੰਚ ਕਰਕੇ ਸਾਰੀ ਦੁਨੀਆਂ ਵਿੱਚ ਖਾਲਸੇ ਦੀ ਸਿਰਜਣਾ ਦਾ ਜਿਹੜਾ ਦਿਹਾੜਾ ਹੈ, 1999 ਨੂੰ ਮਨੁੱਖੀ ਜੋਤਿ ਵਰ੍ਹੇ ਵਜੋਂ ਮਨਾਇਆ ਜਾਵੇ।

ਅੱਜ ਇਕੱਲੇ ਪੰਜਾਬ ਦੀ ਗੱਲ ਨਹੀਂ, ਕਿਸੇ ਜ਼ਿਲ੍ਹੇ ਦੀ ਗੱਲ ਨਹੀਂ ਇਕੱਲੇ ਹਿੰਦੁਸਤਾਨ ਦੀ ਗੱਲ ਨਹੀਂ ਬਲਕਿ ਸਾਰਾ ਸੰਸਾਰ ਹੀ, ਜੇ ਝਾਤੀ ਮਾਰੀਏ ਤਾਂ ਈਰਖਾ ਦੀ ਅੱਗ ਵਿੱਚ ਸੜ ਰਿਹਾ ਹੈ। ਇਹੋ ਜਿਹੇ ਸਮੇਂ ਵਿੱਚ ਇਹੋ ਜਿਹਾ ਸੰਦੇਸ਼ ਦੇਣਾ, ਜੋ ਸਾਹਿਬ ਸ੍ਰੀ ਗੁਰ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਨੇ ਦਿੱਤਾ, ਇਹ ਇੱਕ ਮਹਾਨ ਗੱਲ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਨੇ ਪੰਜਾਬ ਦੀ ਧਰਤੀ ਤੇ ਇੱਕ ਕੌਤਕ 1699 ਈਸਵੀ ਨੂੰ ਵਰਤਾਇਆ ਔਰ ਉਸ ਮਹਾਨ ਦਿਨ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਦੱਸਣ ਦਾ ਯਤਨ ਕੀਤਾ ਕਿ ਅਸੀਂ ਪਿਆਰ, ਮਾਣ ਅਤੇ ਸਤਿਕਾਰ ਨਾਲ ਰਹੀਏ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਨੇ ਜੋ ਪਰਉਪਕਾਰ ਕੀਤੇ ਹਨ, ਉਸ ਨੂੰ ਤੁਸੀਂ ਸਾਰੇ ਜਾਣਦੇ ਹੋ। ਉਸ ਵਕਤ ਗੁਰੂ ਮਹਾਰਾਜ ਜੀ ਨੇ ਜਿਹੜੇ ਪੰਜ ਪਿਆਰੇ ਸਾਜੇ, ਉਸ ਵਿੱਚ ਸਾਰੇ ਧਰਮਾਂ ਅਤੇ ਜ਼ਾਤਾਂ ਦੇ ਲੋਕ ਸ਼ਾਮਲ ਕੀਤੇ ਗਏ। ਇੱਥੇ ਹੀ ਬੱਸ ਨਹੀਂ ਉਸ ਤੋਂ ਬਾਅਦ ਜਦੋਂ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਨੇ ਬਾਬਾ ਸੰਗਤ ਸਿੰਘ ਜੀ ਨੂੰ ਕਲਗੀ ਅਤੇ ਚੋਲਾ ਦਿੱਤਾ ਤਾਂ ਵੀ ਉਹ ਇੱਕ ਮਹਾਨ ਗੱਲ ਸੀ। ਇਹ ਬਹੁਤ ਵੱਡੀ ਗੱਲ ਸੀ। ਇਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਦੀ ਬਹੁਤ ਵੱਡੀ ਦੇਣ ਹੈ। ਅੱਜ ਹਿੰਦੁਸਤਾਨ ਵਿੱਚ ਜਿਹੜੀ ਅਸੀਂ ਆਜ਼ਾਦੀ ਮਾਣ ਰਹੇ ਹਾਂ ਔਰ ਪੰਜਾਬ ਅਸੈਂਬਲੀ ਅੰਦਰ ਬੈਠੇ ਹਾਂ, ਇਹ ਗੁਰੂ ਮਹਾਰਾਜ ਜੀ ਦੀ ਹੀ ਸਪਿਰਿਟ ਸੀ, ਜਿਸ ਨੇ ਕੰਮ ਕੀਤਾ ਅਤੇ ਦੇਸ਼ ਨੂੰ ਆਜ਼ਾਦੀ ਦਿਵਾਈ। ਉਨ੍ਹਾਂ ਦੀ ਬਦੌਲਤ ਹੀ ਅਸੀਂ ਅੱਜ ਆਜ਼ਾਦੀ ਮਾਣ ਰਹੇ ਹਾਂ ਔਰ ਇੱਥੇ ਬੈਠ ਕੇ ਅਸੀਂ ਆਪਣੇ ਵਿਚਾਰ ਪ੍ਰਗਟ ਕਰ ਰਹੇ ਹਾਂ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਸ ਮਹਾਨ ਗੁਰੂ ਵੱਲੋਂ ਦੱਸੇ ਗਏ ਰਸਤੇ ਤੇ ਚੱਲੀਏ। ਸਾਈਂ ਬੁੱਲ੍ਹੇ ਸ਼ਾਹ ਨੇ ਸਪਸ਼ਟ ਕਰ ਦਿੱਤਾ ਸੀ :

Original with;
Punjab Vidhan Sabha
Digitized by;
Panjab Digital Library

## RESOLUTION RE. RECOMMENDING TO THE GOVERNMENT OF INDIA TO TAKE STEPS TO APPROACH THE U.N.O. FOR DECLARING THE YEAR 1999 AS THE 'YEAR OF HUMAN SPIRIT'

"ਨਾ ਕਹੂੰ ਅਬ ਕੀ, ਨਾ ਕਹੂੰ ਤਬ ਕੀ,
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ
ਤੋ ਸੁੰਨਤ ਹੋਤੀ ਸਭ ਕੀ।"

ਅਗਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਇਸ ਸੰਸਾਰ ਤੇ ਅਵਤਾਰ ਨਾ ਧਾਰਦੇ ਤਾਂ ਸੰਸਾਰ ਦਾ ਵਾਤਾਵਰਨ ਕੋਈ ਹੋਰ ਹੋਣਾ ਸੀ। ਇਸ ਕਰਕੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਗਈ। ਪਿਛਲੀ ਸਰਕਾਰ ਨੇ ਵੀ ਉਪਰਾਲਾ ਕੀਤਾ ਸੀ ਪਰ ਉਹ ਸਿਰਫ ਮਤਾ ਬਣ ਕੇ ਹੀ ਰਹਿ ਗਿਆ ਸੀ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਵਾਰ ਇਹ ਸਿਰਫ ਮਤਾ ਹੀ ਨਹੀਂ ਬਣਨਾ ਚਾਹੀਦਾ ਬਲਕਿ ਕਮੇਟੀਆਂ ਬਣਾ ਕੇ ਇਸ ਦਾ ਜ਼ਿਲਾ-ਵਾਰ, ਸਟੇਟ ਲੈਵਲ ਤੇ ਅਤੇ ਫਿਰ ਹਿੰਦੁਸਤਾਨ ਪੱਧਰ ਤੇ ਪ੍ਰਚਾਰ ਕੀਤਾ ਜਾਵੇ ਅਤੇ ਜੇ ਹੋ ਸਕੇ ਤਾਂ ਬਾਹਰਲੇ ਦੇਸ਼ਾਂ ਵਿਚ ਵੀ ਆਪਣੇ ਨੁਮਾਇੰਦੇ ਜੋ ਭੇਜਣੇ ਪੈਣ ਤਾਂ ਭੇਜਣੇ ਚਾਹੀਦੇ ਹਨ ਤਾਂ ਕਿ ਆਉਣ ਵਾਲੇ ਸਮੇਂ ਵਿਚ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ ਕਿ ਖਾਲਸਾ ਪੰਥ ਦੀ ਸਿਰਜਣਾ ਕਰਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕਾਰਨਾਮਾ ਕੀਤਾ ਹੈ, ਉਹ ਸਰਬੱਤ ਦੇ ਭਲੇ ਲਈ ਹੈ। ਇਸ ਦੇ ਨਾਲ ਨਾਲ ਜ਼ਿਲ੍ਹਾ-ਪੱਧਰ ਤੇ ਸੈਮੀਨਾਰ ਵੀ ਹੋਣੇ ਚਾਹੀਦੇ ਹਨ ਔਰ ਪੰਜਾਬ ਪੱਧਰ ਤੇ ਵੀ ਸੈਮੀਨਾਰ ਕਰਵਾ ਕੇ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਇਹ ਉਪਰਾਲਾ ਸਾਨੂੰ ਅੱਜ ਤੋਂ ਹੀ ਕਰਨਾ ਚਾਹੀਦਾ ਹੈ ਤਾਂ ਜਾ ਕੇ ਅਸੀਂ 1999 ਵਿਚ ਵੱਡੇ ਪੱਧਰ ਤੇ ਖਾਲਸਾ ਪੰਥ ਦੀ ਸਿਰਜਣਾ ਦਾ ਦਿਨ ਮਨਾ ਸਕਦੇ ਹਾਂ। ਸਪੀਕਰ ਸਾਹਿਬ, ਜਦੋਂ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਨੇ ਆਨੰਦਗੜ੍ਹ ਦਾ ਕਿਲ੍ਹਾ ਛੱਡਿਆ ਤਾਂ ਉਹ ਕਿਤਨਾ ਭਿਆਨਕ ਸਮਾਂ ਸੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਜਦੋਂ ਆਨੰਦਗੜ੍ਹ ਦਾ ਕਿਲ੍ਹਾ ਛੱਡ ਕੇ ਸਰਸਾ ਨਦੀ ਤੇ ਆਏ ਤਾਂ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਇੱਕ ਪਾਸੇ ਚਲੇ ਗਏ ਔਰ ਵੱਡੇ ਸਾਹਿਬਜ਼ਾਦੇ ਅਤੇ ਗੁਰੂ ਸਾਹਿਬ ਇੱਕ ਪਾਸੇ ਚਲੇ ਗਏ। ਉਹ ਕਿੰਨਾ ਭਿਆਨਕ ਸਮਾਂ ਹੋਵੇਗਾ। ਉਹ ਸਮਾਂ ਵੀ ਕਿਤਨਾ ਭਿਆਨਕ ਹੋਵੇਗਾ ਜਦੋਂ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਵਿਚੋਂ ਆਪਣੇ ਲਾਡਲੇ ਪੁੱਤਰਾਂ ਨੂੰ ਤਿਆਰ ਕਰਕੇ ਮੈਦਾਨੇ-ਜੰਗ ਵਿਚ ਭੇਜ ਰਹੇ ਸਨ। ਉਹ ਸਮਾਂ ਵੀ ਕਿਤਨਾ ਭਿਆਨਕ ਸੀ ਜਦੋਂ ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਨੂੰ ਉਪਦੇਸ਼ ਦੇ ਰਹੇ ਸਨ ਕਿ ਜ਼ੁਲਮ ਅੱਗੇ ਸਿਰ ਨਹੀਂ ਝੁਕਾਉਣਾ ਅਤੇ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕਰਨਾ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹ ਨੂੰ ਦਿੱਲੀ ਤੋਰਿਆ ਸੀ ਤਾਂ ਇਤਿਹਾਸਕਾਰ ਲਿਖਦਾ ਹੈ ਕਿ ਉਦੋਂ ਤੋਂ ਹੀ ਗੁਰੂ ਸਾਹਿਬ ਨੇ ਖਾਲਸਾ ਪੰਥ ਸਾਜਣ ਦਾ ਨਿਸ਼ਚਾ ਕਰ ਲਿਆ ਸੀ। ਜਦੋਂ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਚਾਂਦਨੀ ਚੌਂਕ ਵਿਚ ਆਪਣੀ ਸ਼ਹਾਦਤ ਦਿੱਤੀ ਅਤੇ ਫਿਰ ਭਾਈ ਜੈਤਾ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਲਿਆਂਦਾ ਤਾਂ ਆਨੰਦਪੁਰ ਸਾਹਿਬ ਦੀ ਧਰਤੀ ਤੇ ਖਲੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ਕਿ 33 ਸਾਲ ਦੀ ਉਮਰ ਦੇ ਵਿੱਚ, ਮੈਂ ਇਹੋ ਜਿਹਾ ਖਾਲਸਾ ਪੰਥ ਪੈਦਾ ਕਰਾਂਗਾ ਕਿ ਆਉਣ ਵਾਲੇ ਸਮੇਂ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਹੀਰਾ ਸਿੰਘ ਗਾਬੜੀਆ]

ਵਿੱਚ ਲੱਖਾਂ ਦੀ ਗਿਣਤੀ ਵਿੱਚ ਸਿੰਘ ਖੜ੍ਹਾ ਨਜ਼ਰ ਆਵੇ। ਉਸ ਮਹਾਨ ਗੁਰੂ ਨੇ ਮਹਾਨ ਖਾਲਸਾ ਪੰਥ ਦੀ ਸਿਰਜਨਾ ਕੀਤੀ ਹੈ। ਇਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਆਨੰਦਪੁਰ ਸਾਹਿਬ ਵਿੱਚ ਇੱਕ ਬਹੁਤ ਵੱਡੀ ਯਾਦਗਾਰ ਬਣਾਉਣੀ ਚਾਹੀਦੀ ਹੈ, ਚਾਹੇ ਉਹ ਧਾਰਮਿਕ ਰੰਗਤ ਦੀ ਹੋਵੇ, ਚਾਹੇ ਕੋਈ ਵੀ ਛਾਪ ਦਿੱਤੀ ਜਾਵੇ, ਤਾਂ ਕਿ ਅਸੀਂ ਆਉਣ ਵਾਲੇ ਸਮੇਂ ਦੇ ਵਿੱਚ ਸੱਚੇ ਸਪੂਤ ਹਣ ਦਾ ਸਬੂਤ ਦੇ ਸਕੀਏ। ਮੈਂ ਬਹੁਤ ਸਮਾਂ ਨਾ ਲਵਾਂ, ਇਸ ਕਰਕੇ ਬੇਨਤੀ ਕਰਦਾ ਹਾਂ ਕਿ ਅੱਜ ਤੋਂ ਹੀ ਉਪਰਾਲਾ ਹੋਣਾ ਚਾਹੀਦਾ ਹੈ। ਪਿਛਲੀ ਸਰਕਾਰ ਨੇ ਮਤਾ ਪਾਸ ਕਰ ਦਿੱਤਾ ਪਰ ਉਹ ਕਿਤਾਬਾਂ ਵਿੱਚ ਹੀ ਰਹਿ ਗਿਆ। ਉਸ ਨੇ ਹੋਰ ਕੋਈ ਉਪਰਾਲਾ ਨਹੀਂ ਕੀਤਾ। ਇਸ ਕਰਕੇ ਇਸ ਵਾਸਤੇ ਸਾਨੂੰ ਉਪਰਾਲੇ ਕਰਨੇ ਚਾਹੀਦੇ ਹਨ, ਜ਼ਿਲ੍ਹਾ ਪੱਧਰ ਤੇ ਬਲਾਕ ਪੱਧਰ ਤੇ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ। ਸਾਰੀਆਂ ਸਟੇਟਾਂ ਵਿੱਚ ਸਾਨੂੰ ਜਾਣਾ ਚਾਹੀਦਾ ਹੈ, ਖਾਸ ਕਰਕੇ ਜਿਨ੍ਹਾਂ-ਜਿਨ੍ਹਾਂ ਸਟੇਟਾ ਵਿੱਚੋਂ ਪੰਜ ਪਿਆਰੇ ਸਨ ਉਨ੍ਹਾਂ ਸਟੇਟਾਂ ਦੀਆਂ ਗੌਰਮਿੰਟਾਂ ਨੂੰ ਮਿਲ ਕੇ ਦੱਸਣਾ ਚਾਹੀਦਾ ਹੈ ਕਿ ਤੁਹਾਡੀ ਸਟੇਟ ਨੂੰ ਕਿੱਡਾ ਵੱਡਾ ਮਾਨ ਪ੍ਰਾਪਤ ਹੈ, ਤੁਹਾਡੀ ਸਟੇਟ ਵਿੱਚੋਂ ਇਹ ਸੱਜਣ ਗੁਰੂ ਜੀ ਦੇ ਪੰਜ ਪਿਆਰਿਆਂ ਵਿੱਚ ਸ਼ਾਮਿਲ ਸੀ। ਜੋ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਨੇ ਕੀਤਾ ਹੈ, ਉਹ ਹੈ ਕਿਤੇ ਸੰਸਾਰ ਦੇ ਵਿੱਚ ? ਸੰਸਾਰ ਵਿੱਚ 367 ਧਰਮ ਮੰਨੇ ਗਏ ਹਨ ਔਰ 88-89 ਦੇ ਕਰੀਬ ਕੌਮਾਂ ਮੰਨੀਆਂ ਗਈਆਂ ਹਨ। ਸਾਰੇ ਧਰਮ ਸਤਿਕਾਰਯੋਗ ਹਨ, ਸਾਰੀਆਂ ਕੌਮਾਂ ਸਤਿਕਾਰਯੋਗ ਹਨ। ਪਰ ਹੈ ਕਿਸੇ ਕੌਮ ਵਿੱਚ ਕਿ 'ਆਪੇ ਗੁਰ ਚੇਲਾ' ਬਣੇ ? ਇਸ ਕਰਕੇ ਇਹ ਸਾਹਿਬ ਗੁਰੂ ਗੋਬਿੰਦ ਸਿੰਘ ਨੂੰ ਮਾਣ ਪ੍ਰਾਪਤ ਹੈ। ਜਿਸ ਜਿਸ ਸਟੇਟ ਵਿੱਚੋਂ ਪੰਜ ਪਿਆਰੇ ਹਨ, ਉਥੇ ਉਨ੍ਹਾਂ ਦੀਆਂ ਯਾਦਗਾਰਾਂ ਬਣਾਉਣੀਆਂ ਚਾਹੀਦੀਆਂ ਹਨ। ਇਸ ਕਰਕੇ ਬੇਨਤੀ ਕਰਾਂਗਾਂ ਕਿ ਇਸ ਸਬੰਧੀ ਅੱਜ ਤੋਂ ਹੀ ਉਪਰਾਲੇ ਸ਼ੁਰੂ ਹੋਣੇ ਚਾਹੀਦੇ ਹਨ। ਜੇਕਰ ਹੁਣ ਤੋਂ ਹੀ ਵੱਡੀ ਪੱਧਰ ਤੇ ਸਾਰੇ ਸੰਸਾਰ ਵਿੱਚ ਉਪਰਾਲੇ ਕਰਾਂਗੇ, ਤਾਂ ਹੀ ਕਾਮਯਾਬ ਹੋਵਾਂਗੇ। ਅੰਤ ਵਿੱਚ ਫਿਰ ਤੁਹਾਡਾ ਧੰਨਵਾਦ ਕਰਦਾ ਹਾਂ।

**ਸ੍ਰੀ ਸਪੀਕਰ** : ਬਲਦੇਵ ਰਾਜ ਚਾਵਲਾ ਜੀ, ਸਿਰਫ ਦੋ-ਚਾਰ ਮਿੰਟ ਲਈ ਬੋਲਣਾ।

**ਡਾਕਟਰ ਬਲਦੇਵ ਰਾਜ ਚਾਵਲਾ** (ਅੰਮ੍ਰਿਤਸਰ ਉੱਤਰੀ) : ਸਤਿਕਾਰ ਯੋਗ ਸਪੀਕਰ ਸਾਹਿਬ, ਜਿਹੜਾ ਮਤਾ ਅੱਜ ਲਿਆਂਦਾ ਗਿਆ ਹੈ; ਮੈਂ ਇਸ ਦਾ ਹਿਰਦੇ ਤੋਂ ਸਵਾਗਤ ਕਰਦਾ ਹਾਂ ਔਰ ਆਸ ਕਰਦਾ ਹਾਂ ਕਿ ਯੂ.ਐਨ.ਓ. ਵਿਚ ਪਹੁੰਚ ਕਰਕੇ ਸਾਰੇ ਦੇਸ਼-ਵਿਦੇਸ਼ ਦੇ ਅੰਦਰ ਅੱਛੀ ਪ੍ਰਕਾਰ ਨਾਲ ਇਸ ਨੂੰ ਮਨਾਇਆ ਜਾਵੇਗਾ। ਸਭ ਤੋਂ ਪਹਿਲਾਂ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਦਸਵੇਂ ਪਿਤਾ, ਦਸ਼ਮੇਸ਼ ਪਿਤਾ, ਦਸਵੀਂ ਪਾਤਸ਼ਾਹੀ ਕੋਈ ਸਾਡੇ ਇਕੱਲੇ ਸਿੱਖਾਂ ਦੇ ਗੁਰੂ ਨਹੀਂ ਸਨ, ਕੇਵਲ ਹਿੰਦੁਸਤਾਨ ਦੇ ਗੁਰੂ ਨਹੀਂ ਸਨ; ਇਹ ਹਰ ਜਗ੍ਹਾ ਦੇ ਗੁਰੂ ਹਨ, ਸੰਸਾਰ ਦੇ ਗੁਰੂ ਹਨ। ਇਸ ਕਰਕੇ ਇਨ੍ਹਾਂ ਦਾ ਸੰਦੇਸ਼ ਦੇਸ਼ ਵਿਦੇਸ਼ ਦੇ ਅੰਦਰ, ਸਾਰੇ ਸੰਸਾਰ ਦੇ ਅੰਦਰ ਪਹੁੰਚਾਉਣਾ ਚਾਹੀਦਾ ਹੈ। ਸਾਡੇ ਗੁਰੂ ਸਾਹਿਬਾਨ ਨੇ ਫੁਰਮਾਇਆ ਹੈ ਕਿ 'ਏਕੁ ਪਿਤਾ ਏਕਸ ਕੇ ਹਮ ਬਾਰਿਕ।'

"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥"

"ਅਵਲਿ ਅਲਹ ਨੂਰੁ ਉਪਾਇਆ ਕੁਦਰਤ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥"

Original with;
Punjab Vidhan Sabha
Digitized by;
Panjab Digital Library

## RESOLUTION RE. RECOMMENDING TO THE GOVERNMENT OF INDIA TO TAKE STEPS TO APPROACH THE U.N.O. FOR DECLARING THE YEAR 1999 AS THE 'YEAR OF HUMAN SPIRIT'



ਸਾਡੇ ਗੁਰੂਆਂ ਨੇ ਸਰਬੱਤ ਦਾ ਭਲਾ ਮੰਗਿਆ ਹੈ ਔਰ ਪਹਿਲੇ ਪਾਤਸ਼ਾਹ ਨੇ ਫਰਮਾਇਆ ਹੈ :

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ ॥

ਸਪੀਕਰ ਸਾਹਿਬ, ਅੱਜ ਦੇ ਦਿਹਾੜੇ ਮੈਂ ਜਿਹੜੀ ਗੱਲ ਕਹਿਣੀ ਚਾਹੁੰਦਾ ਹਾਂ, ਇਤਿਹਾਸ ਦੀ ਘਟਨਾ ਹੈ ਕਿ ਜਿਸ ਵੇਲੇ ਕਸ਼ਮੀਰੀ ਪੰਡਤ ਤਰਾਹ-ਤਰਾਹ ਕਰ ਰਹੇ ਸਨ ਉਨ੍ਹਾਂ ਨੂੰ ਮੁਸਲਮਾਨ ਬਣਾਉਣ ਵਾਸਤੇ ਕਿਹਾ ਜਾ ਰਿਹਾ ਸੀ, ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਗੁਰੂ ਤੇਗ ਬਹਾਦਰ ਐਸੇ ਮਹਾਨ ਪੁਰਸ਼ ਹਨ, ਐਸੇ ਮਹਾਨ ਗੁਰੂ ਹਨ ਜਿਨ੍ਹਾਂ ਕੋਲ ਜਾਕੇ ਅਸੀਂ ਆਪਣੀ ਜਾਨ ਬਖਸ਼ਾ ਸਕਦੇ ਹਾਂ । ਇਹ ਕਸ਼ਮੀਰੀ ਪੰਡਤ ਜਿਸ ਵੇਲੇ ਗੁਰੂ ਤੇਗ ਬਹਾਦਰ ਜੀ ਕੋਲ ਜਾ ਕੇ ਮੱਥਾ ਟੇਕਦੇ ਹਨ ਔਰ ਕਹਿੰਦੇ ਹਨ ਕਿ ਅੱਜ ਸਾਡੇ ਉਪਰ ਜ਼ੁਲਮ ਹੋ ਰਿਹਾ ਹੈ, ਸਾਨੂੰ ਮੁਸਲਮਾਨ ਬਣਾਇਆ ਜਾ ਰਿਹਾ ਹੈ । ਇਸ ਗੱਲ ਨੂੰ ਸੁਣ ਕੇ ਗੁਰੂ ਤੇਗ ਬਹਾਦਰ ਜੀ ਸੋਚਣ ਲੱਗ ਪਏ ਤੇ ਉਦਾਸ ਬੈਠ ਗਏ । ਉਸ ਸਮੇਂ ਉਨ੍ਹਾਂ ਦੇ ਕੋਲ ਉਨ੍ਹਾਂ ਦਾ ਨੌਂ ਸਾਲਾਂ ਦਾ ਬੇਟਾ ਗੋਬਿੰਦ ਰਾਏ ਗੁਜ਼ਰ ਰਿਹਾ ਸੀ ਔਰ ਆਪਣੇ ਪਿਤਾ ਨੂੰ ਉਦਾਸ ਦੇਖ ਕੇ ਕਹਿਣ ਲੱਗਾ ਕਿ ਤੁਸੀਂ ਅੱਜ ਬਹੁਤ ਉਦਾਸ ਬੈਠੇ ਹੋ । ਗੁਰੂ ਤੇਗ ਬਹਾਦਰ ਨੇ ਕਿਹਾ ਕਿ ਕੁਰਬਾਨੀ ਲਈ ਅੱਜ ਮਹਾਨ ਪੁਰਸ਼ ਦੀ ਲੋੜ ਹੈ, ਜਿਹੜਾ ਬਲਿਦਾਨ ਦੇ ਸਕੇ । ਇਤਿਹਾਸ ਇਸ ਗੱਲ ਦਾ ਸਾਖਸ਼ੀ ਹੈ ਔਰ ਸਾਨੂੰ ਸਭ ਲੋਕਾਂ ਨੂੰ ਪਤਾ ਹੈ ਕਿ ਉਸ ਵੇਲੇ ਗੋਬਿੰਦ ਰਾਏ ਜੀ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਤੋਂ ਵੱਡਾ ਮਹਾਨ ਪੁਰਸ਼ ਕੌਣ ਹੋ ਸਕਦਾ ਹੈ । ਗੁਰੂ ਤੇਗ ਬਹਾਦਰ ਸਾਹਿਬ ਨੇ ਉਸੇ ਵਕਤ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਤੁਸੀਂ ਜਾ ਕੇ ਔਰੰਗਜ਼ੇਬ ਨੂੰ ਕਹਿ ਦਿਉ ਕਿ ਅਗਰ ਸਾਨੂੰ ਮੁਸਲਮਾਨ ਬਣਾਉਣਾ ਚਾਹੁੰਦੇ ਹੋ ਤਾਂ ਸਾਡੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਪਹਿਲਾਂ ਮੁਸਲਮਾਨ ਬਣਾਓ ਤਾਂ ਅਸੀਂ ਸਾਰੇ ਦੇ ਸਾਰੇ ਮੁਸਲਮਾਨ ਬਣ ਜਾਵਾਂਗੇ । ਮੈਂ ਮਾਨਯੋਗ ਸਾਥੀਆਂ ਨੂੰ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਿੱਲੀ ਦੇ ਵਿੱਚ ਜਾ ਕੇ ਸ਼ਹਾਦਤ ਦਿੱਤੀ ਅਤੇ "ਗੁਰੂ ਤੇਗ ਬਹਾਦਰ ਹਿੰਦ ਕੀ ਚਾਦਰ ਕਹਿਲਾਏ" ਉਨ੍ਹਾਂ ਨੂੰ ਪੰਜਾਬ ਦੀ ਨਹੀਂ ਸਾਰੇ ਹਿੰਦੁਸਤਾਨ ਦੀ (ਹਿੰਦ ਕੀ) ਚਾਦਰ ਕਿਹਾ ਗਿਆ । ਦੂਸਰੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਖਾਲਸਾ ਪੰਥ ਦੀ ਸਿਰਜਣਾ ਹੋਈ ਸੀ, ਪੰਜ ਪਿਆਰੇ ਕੌਣ ਸਨ । ਜਿਹੜੇ ਪੰਜ ਪਿਆਰੇ ਸਨ ਉਹ ਪਹਿਲਾਂ ਹਿੰਦੂ ਸਨ । ਜਦੋਂ ਦਇਆ ਰਾਮ ਜੀ ਨੇ ਅੰਮ੍ਰਿਤ ਛਕਿਆ ਤਾਂ ਉਹ ਭਾਈ ਦਇਆ ਸਿੰਘ ਬਣ ਗਏ, ਇਸ ਤਰ੍ਹਾਂ ਮੋਹਕਮ ਚੰਦ ਤੋਂ ਮੋਹਕਮ ਸਿੰਘ, ਹਿੰਮਤ ਚੰਦ ਤੋਂ ਹਿੰਮਤ ਸਿੰਘ ਅਤੇ ਸਾਹਿਬ ਚੰਦ ਤੋਂ ਸਾਹਿਬ ਸਿੰਘ ਅਤੇ ਧਰਮ ਚੰਦ ਤੋਂ ਭਾਈ ਧਰਮ ਸਿੰਘ ਬਣੇ । ਉਸ ਤੋਂ ਬਾਅਦ ਗੁਰੂ ਸਾਹਿਬ ਨੇ ਪੰਜਾਂ ਸਿੰਘਾਂ ਕੋਲੋਂ ਖੁਦ ਅੰਮ੍ਰਿਤ ਛਕਿਆ ਅਤੇ ਇਸ ਤਰ੍ਹਾਂ "ਆਪੇ ਗੁਰ ਚੇਲਾ" ਕਹਿਲਾਇਆ । ਇਹ ਦਿਹਾੜਾ ਸਪੀਕਰ ਸਾਹਿਬ, ਜੋ ਅਸੀਂ ਮਨਾਉਣ ਜਾ ਰਹੇ ਹਾਂ ਇਹ ਕੇਵਲ ਕਿਤਾਬਾਂ ਵਿਚ ਹੀ ਨਾ ਰਹਿ ਜਾਵੇ । ਮੈਂ ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਪ੍ਰਾਥਨਾ ਕਰਾਂਗਾ ਕਿ ਉਸ ਦਿਹਾੜੇ ਦੇ ਬਾਰੇ

Original with;
Punjab Vidhan Sabha
Digitized by;
Panjab Digital Library

[ਡਾਕਟਰ ਬਲਦੇਵ ਰਾਜ ਚਾਵਲਾ]

ਵਿੱਚ ਹਿੰਦੀ ਪੰਜਾਬੀ ਅਤੇ ਅੰਗ੍ਰੇਜ਼ੀ ਤਿੰਨਾਂ ਭਾਸ਼ਾਵਾਂ ਦੇ ਵਿੱਚ ਲਿਖਵਾਇਆ ਜਾਵੇ ਤਾਂ ਕਿ ਅਧਿਕ ਸੋਹਣੇ ਢੰਗ ਦੇ ਨਾਲ ਇਸ ਦਿਹਾੜੇ ਨੂੰ ਮਨਾਇਆ ਜਾ ਸਕੇ ।

**ਸਰਦਾਰ ਸੁਰਜੀਤ ਸਿੰਘ ਕੋਹਲੀ** (ਪਟਿਆਲਾ ਟਾਊਨ) : ਮਾਨਯੋਗ ਸਪੀਕਰ ਸਾਹਿਬ, ਜੋ ਇਹ ਮਤਾ ਰਾਜਾ ਨਰਿੰਦਰ ਸਿੰਘ ਜੀ ਔਰ ਸਾਹਨੀ ਸਾਹਿਬ ਨੇ ਖਾਲਸਾ ਪੰਥ ਦੀ 300 ਸਾਲਾ ਸਿਰਜਣਾ ਦੇ ਸਬੰਧ ਵਿੱਚ ਇਸ ਹਾਊਸ ਵਿਚ ਲਿਆਂਦਾ ਹੈ, ਮੈਂ ਇਸ ਤੇ ਬੜੀ ਖੁਸ਼ੀ ਮਹਿਸੂਸ ਕਰਦਾ ਹਾਂ ਔਰ ਇਸ ਮਤੇ ਦੀ ਪੁਰਜ਼ੋਰ ਸ਼ਬਦਾਂ ਨਾਲ ਪ੍ਰੋੜਤਾ ਕਰਦਾ ਹਾਂ । ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਲਾਮਿਸਾਲ ਕੁਰਬਾਨੀਆਂ ਦੀ ਮਿਸਾਲ ਇਸ ਸੰਸਾਰ ਦੇ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ, ਜਿਨ੍ਹਾਂ ਨੇ ਆਪਣੇ ਪਿਤਾ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਕਰਵਾਈ। ਇਹ ਸ਼ਹੀਦੀ ਉਨ੍ਹਾਂ ਨੇ ਆਪਣੇ ਧਰਮ ਲਈ ਨਹੀਂ ਸੀ ਦਿੱਤੀ ਬਲਕਿ ਦੂਸਰੇ ਧਰਮ ਦੀ ਰਾਖੀ ਲਈ ਦਿੱਤੀ ਸੀ ।

"ਜੇ ਨਾ ਹੁੰਦਾ ਕਲਗੀਆਂ ਵਾਲਾ  
ਹਿੰਦ ਵੀਰਾਨ ਹੋਣਾ ਸੀ ।

ਕਲਗੀਆਂ ਵਾਲੇ ਦੀ ਮਿਹਰਬਾਨੀ  
ਰਹਿ ਗਈ ਬੋਦੀ, ਕੇਸ ਨਿਸ਼ਾਨੀ ।"

ਇਸ ਤਰ੍ਹਾਂ ਔਰੰਗਜ਼ੇਬ ਦਾ ਰਾਜਨੀਤਿਕ ਜ਼ੁਲਮ ਚੱਲ ਰਿਹਾ ਸੀ । ਜ਼ਬਰਦਸਤੀ ਧਰਮ ਤਬਦੀਲ ਕੀਤਾ ਜਾ ਰਿਹਾ ਸੀ ਉਸ ਸਮੇਂ ਨੌਵੇਂ ਗੁਰੂ ਸਾਹਿਬ ਨੇ ਆਪਣੀ ਕੁਰਬਾਨੀ ਦੇ ਕੇ ਸੰਸਾਰ ਦੇ ਇਤਿਹਾਸ ਵਿੱਚ ਇਕ ਨਵੀਂ ਮਿਸਾਲ ਪੈਦਾ ਕੀਤੀ । ਇਥੇ ਹੀ ਬੱਸ ਨਹੀਂ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਦੀ ਉਮਰ 7 ਸਾਲ ਅਤੇ ਨੌਂ ਸਾਲ ਦੀ ਸੀ, ਉਨ੍ਹਾਂ ਨੂੰ ਸਰਹਿੰਦ ਦੀਆਂ ਦੀਵਾਰਾਂ ਵਿਚ ਚਿਣਿਆ ਗਿਆ । ਇਹ ਵੀ ਸਾਰੇ ਸੰਸਾਰ ਦੇ ਸਾਹਮਣੇ ਹੈ । ਦੋ ਵੱਡੇ ਸਾਹਿਬਜ਼ਾਦਿਆਂ ਨੂੰ ਚਮਕੌਰ ਦੀ ਗੜ੍ਹੀ ਵਿਚੋਂ ਆਪਣੀ ਕੁਰਬਾਨੀ ਦੇਣੀ ਪਈ । ਇਹ ਵੀ ਸਾਰੇ ਸੰਸਾਰ ਦੇ ਸਾਹਮਣੇ ਹੈ । ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਵਿਚ ਸ਼ਹੀਦੀ ਹੋਈ ਤਾਂ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਜਦੋਂ ਉਨ੍ਹਾਂ ਦਾ ਸੀਸ ਲੈ ਕੇ ਆਏ ਅਤੇ ਅਨੰਦਪੁਰ ਸਾਹਿਬ ਪਹੁੰਚੇ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਉਸ ਵੇਲੇ ਪੁੱਛਿਆ ਕਿ ਉਥੇ ਹੋਰ ਕੋਈ ਸਿੱਖ ਸੰਗਤ ਵੀ ਸੀ ਤਾਂ ਉਨ੍ਹਾਂ ਨੇ ਕਿਹਾ ਕਿ ਉਥੇ ਸਿੱਖ ਸੰਗਤਾਂ ਸੀ । ਉਨ੍ਹਾਂ ਵਿਚ ਗੁਰੂ ਸਾਹਿਬ ਪ੍ਰਤੀ ਪਿਆਰ ਵੀ ਬਹੁਤ ਸੀ, ਸਤਿਕਾਰ ਵੀ ਬਹੁਤ ਸੀ ਪਰ ਔਰੰਗਜ਼ੇਬ ਦੇ ਰਾਜਨੀਤਿਕ ਜ਼ੁਲਮ ਔਰ ਡਰ ਦੇ ਕਾਰਨ ਸਾਰੇ ਲੋਕ ਚੁੱਪ ਬੈਠੇ ਸਨ । ਉਸ ਵਕਤ ਗੁਰੂ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਮੈਂ ਐਸਾ ਖਾਲਸਾ ਪੰਥ ਪ੍ਰਗਟ ਕਰਾਂਗਾ, ਐਸੀ ਕੌਮ ਨੂੰ ਸ਼ਕਤੀ ਦਿਆਂਗਾ ਜੋ ਇਨਸਾਨੀਅਤ ਦਾ ਭਲਾ ਔਰ ਮਨੁੱਖਤਾ ਦਾ ਭਲਾ ਕਰੇਗੀ ਔਰ ਜ਼ੁਲਮ ਦਾ ਨਾਸ ਕਰੇਗੀ । ਕਿਸੇ ਧਰਮ, ਜ਼ਾਤ ਦਾ ਵਿਰੋਧ ਨਹੀਂ ਹੋਵੇਗਾ । ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ 11 ਮਹੀਨੇ 11 ਦਿਨ ਇੱਕ ਗੁਫਾ ਵਿਚ ਬੈਠੇ ਰਹੇ । ਉਨ੍ਹਾਂ ਨੇ ਅਕਾਲਪੁਰਖ ਦੀ ਭਗਤੀ ਕੀਤੀ ਔਰ ਉਥੋਂ ਸ਼ਕਤੀ ਲੈ ਕੇ 13 ਅਪ੍ਰੈਲ, 1699 ਨੂੰ ਅੰਮ੍ਰਿਤ ਦੀ ਦਾਤ ਸਿੱਖ ਕੌਮ ਨੂੰ ਬਖਸ਼ੀ । ਇਕ ਐਸੀ ਕੌਮ ਪੈਦਾ ਕੀਤੀ ਜੋ ਸਰਬੱਤ

Original with;
Punjab Vidhan Sabha
Digitized by;
Panjab Digital Library

ਦਾ ਭਲਾ ਮੰਗਦੀ ਹੈ । ਦੂਸਰੇ ਉੱਤੇ ਹੋ ਰਹੇ ਜ਼ੁਲਮ ਦਾ ਟਾਕਰਾ ਕਰਦੀ ਹੈ । ਦੇਸ਼ ਦੀ ਆਜ਼ਾਦੀ ਸਮੇਂ ਸਿੱਖ ਕੌਮ ਨੇ ਲਾ ਮਿਸਾਲ ਕੁਰਬਾਨੀਆਂ ਕੀਤੀਆਂ । ਮੇਰੇ ਭਰਾ ਕਹਿ ਰਹੇ ਸੀ ਕਿ "ਸੱਪ ਲੰਘ ਗਿਆ ਲਕੀਰ ਰਹਿ ਗਈ" । "ਛੜੀਆਂ ਲੁੱਟਾਂ ਹੋਈਆਂ" ਪਰ ਇਹ ਸਮਾਂ ਅਜਿਹੀਆਂ ਗੱਲਾਂ ਕਰਨ ਦਾ ਨਹੀਂ ਹੈ । ਇਹ ਮਤੇ ਦਾ ਸਮਾਂ ਹੈ । ਸਰਬੱਤ ਦੇ ਭਲੇ ਲਈ ਐਸੀ ਕੌਮ ਪੈਦਾ ਹੋਈ ਹੈ "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ" ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹੋਇਆ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਕ ਐਸੀ ਇਤਿਹਾਸਕ ਸੰਸਥਾ ਬਣਾਈ ਜਾਵੇ । ਜਿਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਫਤਿਹਗੜ੍ਹ ਸਾਹਿਬ ਵਿਖੇ ਦੀਵਾਨ ਟੋਡਰ ਮੱਲ ਦੇ ਨਾਮ ਤੇ ਯਾਦਗਾਰੀ ਹਾਲ ਬਣਾਇਆ ਹੈ, ਜਿਸ ਨੇ ਜਿਥੇ ਛੋਟੇ ਸਾਹਿਬਜ਼ਾਦਿਆਂ ਦੇ ਸੰਸਕਾਰ ਲਈ ਥਾਂ ਲਈ ਸੀ, ਉਨ੍ਹਾਂ ਦੀ ਯਾਦ ਵਿੱਚ ਹਾਲ ਬਣਵਾਇਆ ਹੈ । ਇਸੇ ਤਰ੍ਹਾਂ ਦੀ ਹੀ ਕੋਈ ਸਿੱਖ ਇਤਿਹਾਸਕ ਸੰਸਥਾ ਆਨੰਦਪੁਰ ਸਾਹਿਬ ਵਿਖੇ ਬਣਾਈ ਜਾਵੇ । ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸਰਦਾਰ ਮਨਮੋਹਨ ਸਿੰਘ** (ਬਿਆਸ) : ਮਾਨਯੋਗ ਸਪੀਕਰ ਸਾਹਿਬ, ਇਹ ਜੋ ਖ਼ਾਲਸਾ ਪੰਥ ਦਾ 300 ਸਾਲਾ ਜਨਮ ਦਿਵਸ ਮਨਾਇਆ ਜਾ ਰਿਹਾ ਹੈ, ਇਸ ਨੂੰ ਕੌਮਾਂਤਰੀ ਪੱਧਰ ਉੱਤੇ ਮਨਾਉਣ ਦਾ ਜੋ ਯਤਨ ਕਰ ਰਹੇ ਹਾਂ, ਇਹ ਸ਼ਲਾਘਾਯੋਗ ਹੈ । ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ ਉਚਾਰੇ ਸਨ—

"ਜਉ ਤਉ ਪ੍ਰੇਮ ਖੇਲਨ ਕਾ ਚਾਉ । ਸਿਰੁ ਧਰਿ ਤਲੀ ਗਲੀ ਮੇਰੀ ਆਉ ।
ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ ।"

ਇਸ ਨੂੰ ਪੂਰਾ ਕਰਨ ਵਾਸਤੇ ਗੁਰੂ ਸਾਹਿਬਾਨ ਨੂੰ 200 ਸਾਲ ਤੋਂ ਵੱਧ ਸਮਾਂ ਲੱਗ ਗਿਆ । ਗੁਰੂ ਨਾਨਕ ਪਾਤਸ਼ਾਹ ਨੇ ਜਿਹੜਾ ਨਿਰਮਲ ਪੰਥ ਚਲਾਇਆ ਸੀ ਅਤੇ ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦੇ ਧਾਰਨੀ ਬਣਾਇਆ ਸੀ । ਭਾਈ ਗੁਰਦਾਸ ਜੀ ਨੇ ਕਿਹਾ ਹੈ 'ਮਾਰਿਆ ਸਿੱਕਾ ਜਮਾਤ ਵਿੱਚ ਨਾਨਕ ਨਿਰਮਲ ਪੰਥੁ ਚਲਾਇਆ' । ਉਹ ਨਿਰਮਲ ਪੰਥ ਜਿਸ ਨੂੰ ਤੱਤੀਆਂ ਲੋਹਾਂ ਤੇ ਵੀ ਬਹਿਣਾ ਪਿਆ, ਉਸ ਪੰਥ ਨੂੰ ਚਾਂਦਨੀ ਚੌਕ ਵਿਚ ਸੀਸ ਵੀ ਕਟਾਉਣਾ ਪਿਆ, ਇਹ ਉਹੀ ਨਿਰਮਲ ਪੰਥ ਹੈ, ਜਿਸ ਨੂੰ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਸਰਬੰਸ ਵਾਰ ਕੇ ਖਾਲਸੇ ਦਾ ਰੂਪ ਦਿੱਤਾ । ਗੁਰੂ ਸਾਹਿਬ ਨੇ ਪੰਜ ਪਿਆਰੇ ਸਾਜੇ । ਸਭ ਤੋਂ ਪਹਿਲੇ ਪਿਆਰੇ ਦਾ ਨਾਂ ਭਾਈ ਦਇਆ ਸਿੰਘ ਰੱਖਿਆ, ਕੌਮ ਨੂੰ ਦਇਆ ਦਿੱਤੀ । ਦੂਜੇ ਪਿਆਰੇ ਦਾ ਨਾਮ ਭਾਈ ਧਰਮ ਸਿੰਘ ਰੱਖਿਆ, ਕੌਮ ਨੂੰ ਧਰਮ ਦਿੱਤਾ । ਇਥੇ ਸਵਾਲ ਪੈਦਾ ਹੋ ਜਾਂਦਾ ਹੈ ਕਿ ਦਇਆ ਪਹਿਲਾਂ ਧਰਮ ਬਾਅਦ ਵਿੱਚ । ਗੁਰੂ ਨਾਨਕ ਪਾਤਸ਼ਾਹ ਨੇ ਜਪੁਜੀ ਸਾਹਿਬ ਵਿਚ ਕਿਹਾ ਹੈ—

"ਧੌਲੁ ਧਰਮੁ ਦਇਆ ਕਾ ਪੂਤੁ ।"

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਮੋਹਨ ਸਿੰਘ]

ਇਸ ਕਰਕੇ ਦਇਆ ਪਹਿਲਾਂ ਆਈ ਫੇਰ ਕੌਮ ਨੂੰ ਧਰਮ ਦਿੱਤਾ। ਫਿਰ ਤੀਸਰੇ ਪਿਆਰੇ ਦਾ ਨਾਮ ਹਿੰਮਤ ਸਿੰਘ ਰੱਖਿਆ। ਇੰਨੀ ਵੱਡੀ ਸੱਚੇ ਪਾਤਸ਼ਾਹ ਨੇ ਖਾਲਸਾ ਪੰਥ ਨੂੰ ਹਿੰਮਤ ਦਿੱਤੀ :

ਰਾਜਨ ਕੇ ਸੰਗ ਰੰਕ ਲੜਾਊਂ ਭੂਪ ਗਰੀਬਨ ਕੋ ਕਹਿਲਾਊਂ।
ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਚੌਥੇ ਪਿਆਰੇ ਨੂੰ ਨਾਮ ਦਿੱਤਾ ਮੋਹਕਮ ਸਿੰਘ, ਕੌਮ ਨੂੰ ਦ੍ਰਿੜਤਾ ਦਿੱਤੀ।

ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ।

ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਕੌਮ ਨੂੰ ਦਇਆ ਦੇ ਦਿੱਤੀ, ਧਰਮ ਦੇ ਦਿੱਤਾ, 'ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ', ਹਿੰਮਤ ਦੇ ਦਿੱਤੀ। 'ਨਿਸਚੈ ਕਰ ਅਪਨੀ ਜੀਤ ਕਰੋ' ਦ੍ਰਿੜ੍ਹਤਾ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨੇ 'ਰਹਿਣੀ ਰਹੇ ਸੋਈ ਸਿੱਖ ਮੇਰਾ ਉਹ ਸਾਹਿਬ ਮੈਂ ਉਸ ਦਾ ਚੇਰਾ।' ਫੇਰ ਉਨ੍ਹਾਂ ਨੇ ਖਾਲਸਾ ਪੰਥ ਨੂੰ ਸਾਹਿਬ ਬਣਾ ਦਿੱਤਾ। ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਲਿਖਿਆ ਹੈ 'ਏਕ ਪਿਤਾ ਏਕਸ ਕੇ ਹਮ ਬਾਰਿਕ,' ਮਾਨਸ ਕੀ ਜ਼ਾਤ ਸਬੈ ਏਕੋ ਪਹਿਚਾਨਬੋ' 'ਨਾ ਕੋ ਬੈਰੀ ਨਾ ਹੀ ਬੇਗਾਨਾ' 'ਸਬੈ ਸਾਂਝੀਵਾਲ ਸਦਾਇਨਿ।' ਜਦੋਂ ਉਪਦੇਸ਼ ਮਿਲਦਾ ਹੈ 'ਗੁਰੂ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ।'

ਜਿਹੜਾ ਅੱਜ ਖਾਲਸਾ ਪੰਥ ਦਾ ਦਿਹਾੜਾ ਮਨਾਉਣ ਲਈ ਮਤਾ ਲਿਆਂਦਾ ਗਿਆ ਹੈ। ਇਹ ਇਕ ਬਹੁਤ ਵੱਡੀ ਗੱਲ ਹੈ। ਇਹ ਇਕ ਸ਼ਲਾਘਾਯੋਗ ਕਦਮ ਹੈ। ਮੈਂ ਬਾਦਲ ਸਾਹਿਬ ਅਤੇ ਹੋਰ ਸਾਰੇ ਵੀਰਾਂ ਨੂੰ ਬੇਨਤੀ ਕਰਦਾ ਹਾਂ ਕਿ ਇਹ ਜੋ 'ਖਾਲਸੇ ਦਾ ਜਨਮ ਦਿਵਸ ਮਨਾਉਣਾ ਹੈ ਇਹ ਬਹੁਤ ਵੱਡੀ ਪੱਧਰ ਤੇ ਮਨਾਇਆ ਜਾਣਾ ਚਾਹੀਦਾ ਹੈ। ਸਾਨੂੰ ਇਕ ਬਹੁਤ ਵੱਡੀ ਯਾਦਗਾਰ ਬਣਾਉਣੀ ਚਾਹੀਦੀ ਹੈ। ਆਨੰਦਪੁਰ ਸਾਹਿਬ ਵਿਖੇ ਮਿਨਾਰੇ-ਖਾਲਸਾ ਬਣਾਇਆ ਜਾਵੇ। ਇਹ ਖਾਲਸੇ ਦੇ ਜਨਮ ਦਿਨ ਤੇ ਬਹੁਤ ਮਹੱਤਵਪੂਰਨ ਦਿਨ ਹੋਵੇਗਾ ਅਤੇ ਇਸ ਦੇ ਲਈ ਇਕ ਢੁਕਵੀਂ ਯਾਦਗਾਰ ਬਣਾਉਣੀ ਚਾਹੀਦੀ ਹੈ ਜਿਹੜੀ ਮਨੁੱਖਤਾ ਅਤੇ ਕੌਮ ਦੇ ਲਈ ਇਕ ਯਾਦਗਾਰ ਬਣ ਜਾਵੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸ਼੍ਰੀ ਸਪੀਕਰ** : ਸਰਦਾਰ ਗੁਰਧਾਰਾ ਸਿੰਘ ਜੀ, ਦੋ ਮਿੰਟਾਂ ਦੇ ਵਿਚ ਖਤਮ ਕਰ ਦੇਣਾ।

**ਸਰਦਾਰ ਗੁਰਧਾਰਾ ਸਿੰਘ** (ਫਿਰੋਜ਼ਪੁਰ): ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਗੁਰੂ ਮਹਾਰਾਜ ਦੇ ਮੁਤੱਲਕ ਚੰਦ ਲਫਜ਼ ਹਾਊਸ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਗੁਰੂ ਗੋਬਿੰਦ ਸਿੰਘ ਮਹਾਰਾਜ ਨੇ 3 ਯੁੱਗ ਪੂਰੇ, 5000 ਸਾਲ ਕਲਯੁੱਗ ਦੇ ਵਿਚ ਤਪੱਸਿਆ ਕੀਤੀ ਸੀ। ਇਹ ਗੱਲਾਂ ਮੈਨੂੰ ਹੇਮਕੁੰਡ ਸਾਹਿਬ ਦੇ ਗੁਰਦੁਆਰੇ ਵਿਚੋਂ ਪਤਾ ਲਗੀਆਂ ਹਨ। ਦਸਵੇਂ ਪਾਤਸ਼ਾਹ ਨੇ ਇਸ ਯੁਗ ਵਿਚ ਆ ਕੇ ਲੋਕਾਂ ਨੂੰ ਜੰਗ ਦਾ ਤਮਾਸ਼ਾ

Original with;
Punjab Vidhan Sabha
Digitized by;
Panjab Digital Library

ਵੇਖਿਆ ਅਤੇ ਅਕਾਲਪੁਰਖ ਦੀ ਇਤਨੀ ਤਪੱਸਿਆ ਕੀਤੀ ਕਿ ਉਥੇ ਜਿਹੜੇ ਦੇਵੀ ਦੇਵਤਾ ਸਨ ਉਹ ਵੀ ਤੱਪਸਿਆ ਵੇਖ ਕੇ ਘਬਰਾ ਰਏ ਸਨ । ਜਿਥੇ ਉਹ ਤਪੱਸਿਆ ਕਰਦੇ ਸਨ । ਉਥੇ ਬਰਫ ਹੀ ਬਰਫ ਪੈਂਦੀ ਸੀ ਅਤੇ ਘਾਹ ਨਹੀਂ ਹੁੰਦੀ ਸੀ ਪਰ ਕਮਲ ਦੇ ਫੁੱਲ ਉੱਗ ਆਏ ਸਨ । 10ਵੇਂ ਪਾਤਸ਼ਾਹ ਬਾਰੇ ਕਿਹਾ ਗਿਆ ਕਿ ਉਹ ਮੁਸਲਮਾਨਾਂ ਦੇ ਦੁਸ਼ਮਨ ਸਨ ਅਤੇ ਉਨ੍ਹਾਂ ਦੇ ਨਾਲ 10ਵੇਂ ਪਾਤਸ਼ਾਹ ਨੇ ਯੁੱਧ ਕੀਤੇ ਪਰ ਸਾਡੇ ਗੁਰੂ ਮਹਾਰਾਜ ਨੇ ਜ਼ੁਲਮ ਅਤੇ ਜ਼ਾਲਿਮ ਦੇ ਖਿਲਾਫ ਲੜਾਈ ਲੜੀ ਸੀ । ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਨਾਲ ਪੀਰ ਬੁੱਧੂ ਸ਼ਾਹ ਅਤੇ ਪੀਰ ਭੀਖਮ ਸ਼ਾਹ ਨੇ ਸਾਥ ਦਿੱਤਾ ਅਤੇ ਸ਼ਹੀਦ ਹੋਏ ।

**ਸ੍ਰੀ ਸਪੀਕਰ** : ਸਰਦਾਰ ਗੁਰਧਾਰਾ ਸਿੰਘ ਜੀ 2-4 ਮਿੰਟ ਵਿਚ ਖ਼ਤਮ ਕਰ ਲਵੋ । ਅਗਰ ਹਾਊਸ ਦੀ ਇਜਾਜ਼ਤ ਹੋਵੇਗੀ ਤਾਂ ਹਾਊਸ ਦਾ ਸਮਾਂ ਹੋਰ ਵਧਾ ਲਿਆ ਜਾਵੇਗਾ ।

**ਅਵਾਜ਼ਾਂ** : ਹਾਂ ਜੀ, ਵਧਾ ਲਓ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਸਾਡੇ ਟਾਈਮ ਦੇ ਵਿਚੋਂ ਕੱਟ ਨਾ ਲਗਾਉਣਾ । ਸਾਡਾ ਇਕ ਘੰਟਾ ਟਾਈਮ ਪੂਰਾ ਰੱਖਣਾ ।

**ਸ੍ਰੀ ਸਪੀਕਰ** : ਠੀਕ ਹੈ, ਤੁਹਾਨੂੰ ਟਾਈਮ ਪੂਰਾ ਦਿੱਤਾ ਜਾਵੇਗਾ ।

**ਸਰਦਾਰ ਗੁਰਧਾਰਾ ਸਿੰਘ** : ਸਪੀਕਰ ਸਾਹਿਬ, ਬੱਸ ਮੈਂ 1-2 ਮਿੰਟਾਂ ਦੇ ਵਿਚ ਹੀ ਖਤਮ ਕਰਨ ਵਾਲਾ ਹਾਂ । 10ਵੇਂ ਪਾਤਸ਼ਾਹ ਨੇ ਪਰਾਈ ਔਰਤ ਬਾਰੇ ਵੀ ਕਿਹਾ ਸੀ ਕਿ ਸੁਪਨੇ ਵਿਚ ਵੀ ਪਰਾਈ ਔਰਤ ਦੇ ਪਾਸ ਨਹੀਂ ਜਾਣਾ ਚਾਹੀਦਾ ਅਤੇ ਉਨ੍ਹਾਂ ਨੇ ਨਾਰੀ ਜਾਤੀ ਦੀ ਪੂਰੀ ਇੱਜਤ ਕੀਤੀ ਸੀ । ਉਸ ਦੀ ਰੱਖਿਆ ਕੀਤੀ ਅਤੇ ਹਿੰਦੂ ਸਿੱਖਾਂ ਨੇ ਮਿਲ ਕੇ ਕੁਰਬਾਨੀਆਂ ਦਿੱਤੀਆਂ ਸਨ ਇਸ ਲਈ ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਜਿਹੜੀ ਹਕੂਮਤ ਅਕਾਲੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਨੇ 1997 ਵਿਚ ਸੰਭਾਲੀ ਹੈ, ਅਸੀਂ ਮਹਾਰਾਜਾ ਰਣਜੀਤ ਸਿੰਘ ਵਰਗੀ ਹਕੂਮਤ ਲੋਕਾਂ ਨੂੰ ਦੇਈਏ ਤਾਂ ਹੀ ਲੋਕਾਂ ਨੂੰ ਪਤਾ ਲਗ ਸਕੇਗਾ ਕਿ ਸਾਡੀ ਹਕੂਮਤ ਅਤੇ ਕਾਂਗਰਸ ਪਾਰਟੀ ਦੀ ਹਕੂਮਤ ਵਿਚ ਕੀ ਅੰਤਰ ਹੈ । ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਵਿਚ ਸਾਰੇ ਧਰਮਾਂ ਦੇ ਲੋਕਾਂ ਨੂੰ ਇਕੋ ਜਿਹਾ ਸਮਝਿਆ ਜਾਂਦਾ ਸੀ । ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਵਿਚ ਸਾਰੇ ਧਰਮਾਂ ਵਿਚ ਏਕਤਾ ਸੀ । ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਸਾਹਿਬ ਨੇ ਵੀ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਮਹਾਰਾਜਾ ਰਣਜੀਤ ਸਿੰਘ ਜੀ ਦੀ ਤਰ੍ਹਾਂ ਹਕੂਮਤ ਚਲਾਵੇਗੀ ।

**Mr. Speaker** : Question is—

> "WHERE AS in the year 1699 a divine and unique event occurred in the history of the world when Sahib Sri Guru Gobind Singh Ji spread a message of "Oneness of the Mankind" by creating KHALSA on the holy land of Shri Anandpur Sahib by administering the nector for immortality, 'The Amrit";

Original with;
Punjab Vidhan Sabha
Digitized by;
Panjab Digital Library

[Mr. Speaker]

> AND WHEREAS the 300th Anniversary of this great event falls in the year 1999;
>
> THEREFORE, this House recommends to the Government of India to take steps to approach the U.N.O. to declare the the year 1999 as the 'Year of Human Spirit' and celebrate it in a collective manner inter-religiously to commemorate the 300th Anniversary of this great event in order to spread His message of "Oneness of Mankind" throughout the World."

*The motion was carried unanimously.*

(Thumping)

**Mr Speaker :** Now, next Resolution : I request Comrade Hardev Arshi, M.L.A. to move his Resolution.

---

## RESOLUTION RE. STEPS TO MAKE SPECIAL ARRANGEMENTS TO CHECK THE MENACE OF STRAY CATTLE

**ਕਾਮਰੇਡ ਹਰਦੇਵ ਅਰਸ਼ੀ** : ਸ਼੍ਰੀਮਾਨ ਜੀ, ਮੈ ਪ੍ਰਸਤਾਵ ਕਰਦਾ ਹਾਂ—

"ਇਹ ਸਦਨ ਅਵਾਰਾ ਪਸ਼ੂਆਂ ਜਿਨ੍ਹਾਂ ਕਾਰਨ ਸੜਕ ਦੁਰਘਟਨਾਵਾਂ ਵਾਪਰਦੀਆਂ ਹਨ ਅਤੇ ਫਸਲਾਂ ਨੂੰ ਨੁਕਸਾਨ ਪਹੁੰਚਦਾ ਹੈ, ਦੇ 'ਮੇਨਿਸ' ਤੇ ਕਾਬੂ ਪਾਉਣ ਲਈ ਵਿਸ਼ੇਸ਼ ਪ੍ਰਬੰਧ ਕਰਨ ਵਾਸਤੇ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ।"

**Mr. Speaker:** Motion moved—

> "This House recommends to the State Government to take steps to make special arrangements to check the menace of stray cattle causing road accidents and damage to crops."

**ਕਾਮਰੇਡ ਹਰਦੇਵ ਅਰਸ਼ੀ (ਬੁੱਢਲਾਡਾ)** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਰੈਜ਼ੋਲਿਊਸ਼ਨ ਮੂਵ ਕਰਨ ਦਾ ਅਤੇ ਆਪਣੇ ਵੱਲੋਂ ਕੁਝ ਸ਼ਬਦ ਕਹਿਣ ਦਾ ਮੌਕਾ ਦਿੱਤਾ ਹੈ। ਮੈਂ ਸਮੁੱਚੇ ਹਾਊਸ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੀ ਇਹ ਇਕ ਬਹੁਤ ਵੱਡੀ ਸਮੱਸਿਆ ਹੈ ਅਤੇ ਇਹ ਸਾਰੇ ਵਰਗਾਂ ਨੂੰ ਹੀ ਪ੍ਰਭਾਵਤ ਕਰ ਰਹੀ ਹੈ। ਪਹਿਲੇ ਨੰਬਰ ਤੇ ਕਿਸਾਨਾਂ ਦੀਆਂ ਫਸਲਾਂ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ। ਨੰਬਰ ਦੋ ਇਸ ਨਾਲ ਸੜਕ ਦੁਰਘਟਨਾਵਾਂ ਬਹੁਤ ਵਾਪਰਦੀਆਂ ਹਨ। ਇਹ ਦੁਰਘਟਨਾਵਾਂ ਦਿਨ ਪ੍ਰਤੀ ਦਿਨ ਵੱਧ ਰਹੀਆਂ ਹਨ। ਤੀਸਰਾ, ਜੋ ਸਾਡਾ ਪਸ਼ੂ ਧਨ ਹੈ, ਉਹ ਪਸ਼ੂ ਸੜਕਾਂ ਤੇ ਤੁਰੇ ਫਿਰਦੇ ਹਨ ਜਿਸ ਕਰਕੇ ਦੁਰਘਟਨਾਵਾਂ ਵਾਪਰਦੀਆਂ ਹਨ। ਇਸ ਨਾਲ ਬਹੁਤ ਜਾਨੀ ਨੁਕਸਾਨ ਹੋ ਰਿਹਾ ਹੈ। ਪਸ਼ੂ ਧਨ ਜਦ ਤੱਕ ਸੇਵਾ ਕਰ ਰਿਹਾ ਹੁੰਦਾ ਹੈ ਤਦ ਤੱਕ ਤਾਂ ਠੀਕ ਹੈ, ਜਦੋਂ ਪਸ਼ੂ ਸੇਵਾ ਦੇ ਕਾਬਲ ਨਹੀਂ ਰਹਿੰਦਾ ਜਾਂ ਫੰਡਰ ਹੋ ਜਾਂਦਾ ਹੈ ਤਾਂ ਉਸ ਪਸ਼ੂ ਦਾ ਰੱਸਾ ਖੋਲ੍ਹ ਦਿੰਦੇ ਹਨ। ਉਹ ਪਸ਼ੂ ਅਵਾਰਾ ਸੜਕਾਂ ਤੇ ਘੁੰਮਦੇ ਹਨ। ਉਨ੍ਹਾਂ ਪਸ਼ੂਆਂ ਨੂੰ ਕੋਈ ਚਾਰਾ ਨਹੀਂ ਪਾਉਂਦਾ ਅਤੇ ਉਹ ਭੁੱਖੇ ਸੜਕਾਂ ਤੇ ਤੁਰੇ ਫਿਰਦੇ

Original with;
Punjab Vidhan Sabha
Digitized by;
Panjab Digital Library

ਹਨ । ਸੜਕ ਹਾਦਸੇ ਵਿਚ ਉਹ ਪਸ਼ੂ ਮਰ ਵੀ ਜਾਂਦੇ ਹਨ । ਸਪੀਕਰ ਸਾਹਿਬ, ਇਹ ਤਿੰਨ ਕਾਰਨ ਹਨ । ਨੰਬਰ ਇਕ ਕੀਮਤੀ ਫਸਲਾਂ ਦਾ ਨੁਕਸਾਨ ਹੋ ਰਿਹਾ ਹੈ । ਦੂਸਰਾ ਸੜਕ ਦੁਰਘਟਨਾਵਾਂ ਵਾਪਰਦੀਆਂ ਹਨ ਜਿਸ ਨਾਲ ਜਾਨੀ ਨੁਕਸਾਨ ਹੁੰਦਾ ਹੈ । ਤੀਸਰਾ ਪਸ਼ੂ ਧਨ ਦੀ ਦੁਰਦਸ਼ਾ ਹੁੰਦੀ ਹੈ । ਇਸ ਬਾਰੇ ਤਕਰੀਬਨ ਹਾਊਸ ਦੇ ਸਾਰੇ ਮੈਂਬਰਾਂ ਨੂੰ ਪਤਾ ਹੈ, ਚਾਹੇ ਉਹ ਮੈਂਬਰ ਟਰੈਜ਼ਰੀ ਬੈਂਚਿਜ਼ ਦੇ ਹੋਣ ਜਾਂ ਆਪੋਜ਼ੀਸ਼ਨ ਪਾਰਟੀ ਦੇ ਮੈਂਬਰ ਹੋਣ । ਇਸ ਬਾਰੇ ਡੀਟੇਲ ਵਿਚ ਵਿਆਖਿਆ ਕਰਨ ਦੀ ਜ਼ਰੂਰਤ ਨਹੀਂ ਹੈ ਅਤੇ ਸਾਰੇ ਮਾਨਯੋਗ ਮੈਂਬਰ ਇਸ ਬਾਰੇ ਗਹਿਰਾਈ ਨਾਲ ਜਾਣਦੇ ਹਨ । ਇਸ ਕਰਕੇ ਮੈਂ ਸੰਖੇਪ ਵਿਚ ਕੁਝ ਸੁਝਾਉ ਦੇ ਤੌਰ ਤੇ ਇਸ ਆਸ ਨਾਲ ਦੱਸਣ ਦਾ ਯਤਨ ਕਰਾਂਗਾ ਕਿ ਹਾਊਸ ਵਿਚੋਂ ਇਹ ਰੈਜ਼ੋਲਿਊਸ਼ਨ ਜਿਹੜਾ ਕੇਵਲ ਗੌਰਮਿੰਟ ਨੂੰ ਰਿਕੁਮੈਂਡੇਸ਼ਨ ਦੇ ਰੂਪ ਵਿਚ ਕਿਉਂਕਿ ਗੌਰਮਿੰਟ ਦੀ ਆਪਣੀ ਜ਼ਿੰਮੇਵਾਰੀ ਹੈ, ਆਪਣੇ ਸਾਧਨ ਹਨ ਅਤੇ ਉਨ੍ਹਾਂ ਦੀ ਸੰਭਾਲ ਦਾ ਜਿਸ ਤਰ੍ਹਾਂ ਦਾ ਵੀ ਪ੍ਰਬੰਧ ਹੋ ਸਕਦਾ ਹੈ, ਹੋਣਾ ਚਾਹੀਦਾ ਹੈ । ਗੌਰਮਿੰਟ ਨੇ ਆਪਣੇ ਸਾਧਨ ਵੀ ਦੇਖਣੇ ਹੋਣਗੇ, ਮੈਨੂੰ ਕੋਈ ਇਤਰਾਜ਼ ਨਹੀਂ । ਗੌਰਮਿੰਟ ਐਸ਼ਿਓਰੈਂਸ ਦੇ ਸਕਦੀ ਹੈ ਕਿ ਭਵਿਖ ਵਿਚ ਵਿਚਾਰ ਕੀਤੀ ਜਾਵੇਗੀ । ਮੈਂ ਸਟਾਰਟ ਵਿਚ ਇਹ ਸ਼ਬਦ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਪਿਛਲੇ ਪੰਜਾਂ ਸਾਲਾਂ ਵਿਚ ਸਾਡਾ ਰੈਜ਼ੋਲਿਊਸ਼ਨਜ਼ ਪ੍ਰਤੀ ਬੜਾ ਨੈਗੇਟਿਵ ਅਤੇ ਨਾਂਹ ਪੱਖੀ ਤਜਰਬਾ ਰਿਹਾ ਹੈ । ਪਿਛਲੀ ਸਰਕਾਰ ਵੇਲੇ ਕੇਵਲ ਪਹਿਲਾਂ ਤਾਂ ਇਕ ਅੱਧਾ ਗੈਰ ਸਰਕਾਰੀ ਮਤਾ ਵਿਚਾਰ ਅਧੀਨ ਲਿਆਂਦਾ ਗਿਆ ਅਤੇ ਫਿਰ ਸਰਵਸੰਮਤੀ ਨਾਲ, ਸਾਰੇ ਸਦਨ ਵੱਲੋਂ ਉਸਨੂੰ ਡਟਵੀਂ ਹਮਾਇਤ ਵੀ ਮਿਲਦੀ ਰਹੀ, ਸਮਰਥਨ ਮਿਲਦਾ ਰਿਹਾ ਪਰ ਆਖਿਰ ਵਿਚ ਟਾਕ-ਆਊਟ ਕਰ ਦਿਤਾ ਜਾਂਦਾ ਰਿਹਾ, ਪਾਸ ਨਹੀਂ ਸੀ ਕੀਤਾ ਜਾਂਦਾ । ਉਸ ਵੇਲੇ ਵੀ ਅਸੀਂ ਚਿੰਤਿਤ ਸੀ ਕਿ ਮਤੇ ਨਾਲ ਸਮੁੱਚੇ ਹਾਊਸ ਦੀ ਸਹਿਮਤੀ ਹੈ, ਉਸ ਤੇ ਕੋਈ ਪ੍ਰਸ਼ਨ ਚਿੰਨ੍ਹ ਨਹੀਂ, ਕਿੰਤੂ ਪਰੰਤੂ ਨਹੀਂ, ਪੂਰਨ ਰੂਪ ਵਿਚ ਹਾਊਸ ਵਿਚ ਜਿਸ ਚੀਜ ਬਾਰੇ ਸਹਿਮਤੀ ਪ੍ਰਗਟਾਈ ਜਾਵੇ, ਉਹ ਪਾਸ ਹੋਣੀ ਚਾਹੀਦੀ ਹੈ । ਹੁਣ ਮੈਂ ਨਵੀਂ ਸਰਕਾਰ ਤੋਂ ਆਸ ਕਰਾਂਗਾ ਕਿਉਂਕਿ ਪਿਛਲੇ ਨਾਂਹ ਪੱਖੀ ਪ੍ਰਭਾਵ ਕਾਰਣ ਇਸ ਅਦਾਰੇ ਬਾਰੇ ਸਾਡੇ ਵਿਚ ਗੁੱਡ ਸਪਿਰਿਟ ਨਹੀਂ ਸੀ, ਹੁਣ ਨਵੀਂ ਸਰਕਾਰ ਆਈ ਨੂੰ ਕਿਉਂਕਿ ਹਾਲੇ ਬਹੁਤ ਥੋੜ੍ਹਾ ਸਮਾਂ ਹੋਇਆ ਹੈ ਅਤੇ ਇਸ ਦੀ ਪ੍ਰੈਕਟਿਸ ਤੋਂ ਹੀ ਅਸੀਂ ਆਪਣਾ ਪ੍ਰਭਾਵ ਬਣਾਵਾਂਗੇ, ਲੇਕਿਨ ਕਿਉਂਕਿ ਹੁਣ ਤੱਕ ਦਾ ਪ੍ਰਭਾਵ ਤਾਂ ਕਾਫੀ ਪਾਜ਼ਿਟਿਵ ਰਿਹਾ ਹੈ, ਇਸ ਪ੍ਰਭਾਵ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਟਰੇਜ਼ਰੀ ਬੈਂਚਿਜ਼ ਨੂੰ ਰਿਕੁਐਸਟ ਕਰਾਂਗਾ ਕਿ ਇਸ ਮਤੇ ਨੂੰ ਟਾਕ-ਆਊਟ ਨਾ ਕੀਤਾ ਜਾਵੇ । ਬਹਿਸ ਹੋ ਗਈ, ਪਰ ਬਿਨਾ ਡਿਸੀਜ਼ਨ ਦੇ ਤਾਂ ਬਹਿਸ ਕਰਨ ਦਾ ਵੀ ਕੋਈ ਫ਼ਾਇਦਾ ਨਹੀਂ ਹੋਵੇਗਾ । ਇਸ ਤੋਂ ਚੰਗਾ ਤਾਂ ਹੋਵੇਗਾ ਇਸ ਮਤੇ ਦੇ ਹੱਕ ਵਿਚ ਕਿ ਅਗਰ ਪਾਸ ਨਾ ਵੀ ਕਰਨਾ ਹੋਵੇ ਤਾਂ ਵੋਟਿੰਗ ਜ਼ਰੂਰ ਹੋਵੇ ਫੈਸਲਾ ਜ਼ਰੂਰ ਹੋਵੇ ਤਾਂ ਕਿ ਪਤਾ ਲਗ ਜਾਵੇ ਕਿ ਇਹ ਜੋ ਏਨਾ ਵੱਡਾ ਬਰਨਿੰਗ ਇਸ਼ੂ ਹੈ, ਇਕ ਚੁਭਵੀਂ ਸਮੱਸਿਆ ਹੈ, ਇਸ ਤੇ ਕਿਸ ਦੀ ਸਹਿਮਤੀ ਹੈ ਅਤੇ ਕਿਸ ਦੀ ਨਹੀਂ । ਸਪੀਕਰ ਸਾਹਿਬ, ਮੈਂ ਜ਼ਰੂਰ ਬੇਨਤੀ ਕਰਨੀ ਚਾਹਵਾਂਗਾ ਕਿ ਪੂਰਨ ਸੰਖਿਆ ਆਵਾਰਾ ਪਸ਼ੂਆਂ ਦੀ ਅਗਰ ਲੈ ਲਈਏ, ਪਸ਼ੂ ਧਨ ਵਿਚ ਇਕੱਲੇ ਵੱਛੇ ਮੱਝਾਂ ਅਤੇ ਬਲਦ ਹੀ ਨਹੀਂ ਆਉਂਦੇ, ਪਸ਼ੂ ਧਨ ਵਿਚ ਆਮ ਗਊਆਂ ਵੀ ਬਹੁਤ ਵੱਡੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਸੰਖਿਆ ਵਿਚ ਸ਼ਾਮਿਲ ਹਨ, ਕਈ ਇਲਾਕਿਆਂ ਵਿਚ ਇਸਦਾ ਨਾਂ ਨੀਲਗਾਈ ਦੇ ਤੌਰ ਤੇ ਵੀ ਲਿਆ ਜਾਂਦਾ ਹੈ, ਉਹ ਵੀ ਇਸ ਵਿਚ ਸ਼ਾਮਿਲ ਹਨ। ਕੁੱਤਿਆਂ ਦੀ ਸੰਖਿਆ ਵੀ ਕਾਫੀ ਵਧੀ ਹੋਈ ਹੈ ਅਤੇ ਉਹ ਕਈ ਐਕਸੀਡੈਂਟਸ ਦਾ ਕਾਰਨ ਬਣਦੇ ਹਨ। ਜਿਹੜੀ ਵੀ ਗੱਡੀ ਫੁੱਲ ਸਪੀਡ ਨਾਲ ਚਲ ਰਹੀ ਹੈ ਤਾਂ ਬਹੁਤ ਸਾਰੇ ਆਵਾਰਾ ਕੁੱਤੇ ਗੱਡੀ ਦੀ ਸਪੀਡ ਨਾਲ ਚਲਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਾਫੀ ਵਾਰੀ ਉਸ ਦੇ ਮੂਹਰੇ ਆ ਜਾਂਦੇ ਹਨ ਅਤੇ ਮਰਦੇ ਵੀ ਹਨ। ਵਿਸ਼ੇਸ਼ ਕਰਕੇ ਲਾਈਟ ਵ੍ਹੀਕਲਜ਼, ਜਿਵੇਂ ਟੂ ਵੀਲਰਜ਼ ਦੇ ਐਕਸੀਡੈਂਟਾਂ ਦਾ ਕਾਰਣ ਬਣਦੇ ਹਨ। ਇਹ ਸਮੱਸਿਆ ਕਾਫੀ ਗੰਭੀਰ ਹੈ ਅਤੇ ਸਾਨੂੰ ਇਸ ਪ੍ਰਤੀ ਗੰਭੀਰਤਾ ਨਾਲ ਯਤਨ ਜ਼ਰੂਰ ਕਰਨੇ ਚਾਹੀਦੇ ਹਨ।

ਜਿਥੋਂ ਤੱਕ ਸਮੁੱਚੀ ਸੰਖਿਆ ਦਾ ਤਾਅਲੁੱਕ ਹੈ, ਅਨਫਾਰਚੁਨੇਟਲੀ ਸਾਡਾ ਐਨੀਮਲ ਹਸਬੈਂਡਰੀ ਡਿਪਾਰਟਮੈਂਟ ਜੋ ਹੈ ਉਸ ਨੇ ਲੇਟੈਸਟ ਸੈਂਸਿਜ਼ ਨਹੀਂ ਕਰਵਾਈ। 1990 ਦੀ ਸੈਂਸਿਜ਼ ਦੇ ਮੁਤਾਬਿਕ ਇਨ੍ਹਾਂ ਦੀ ਗਿਣਤੀ 40,000 ਦੇ ਕਰੀਬ ਬਣਦੀ ਸੀ। ਉਸ ਤੋਂ ਬਾਅਦ ਕਈ ਵਾਰ ਕੋਸ਼ਿਸ਼ ਹੋਈ ਕਿ ਸੈਂਸਿਜ਼ ਕਰਾ ਕੇ ਐਗਜ਼ੈਕਟ ਫਿਗਰ ਦਾ ਪਤਾ ਲਗਾਇਆ ਜਾਵੇ। ਮੇਰੀ ਜਾਣਕਾਰੀ ਵਿਚ ਹੈ ਕਿ ਅਕਤੂਬਰ, 1997 ਤੱਕ ਸੈਂਟਰ ਤੋਂ ਡਿਊ ਹੈ ਅਤੇ ਸੈਂਟਰ ਗੌਰਮਿੰਟ ਨੇ ਕਿਹਾ ਹੈ ਕਿ ਸੈਂਸਿਜ਼ ਕੀਤੀ ਜਾਵੇ। ਐਨੀਮਲ ਹਸਬੈਂਡਰੀ ਡਿਪਾਰਟਮੈਂਟ ਦੇ ਮੁਤਾਬਿਕ ਵੀ ਇਨ੍ਹਾਂ ਪਸ਼ੂਆਂ ਦੀ 1.5% ਦੀ ਗਰੋਥ ਹੈ। ਇਹ ਉਹ ਕੰਸਿਡਰ ਕਰਦੇ ਹਨ, ਅਸੀਂ ਵੀ ਇਸ ਨੂੰ ਆਧਾਰ ਬਣਾ ਸਕਦੇ ਹਾਂ ਅਤੇ ਆਪਣੇ ਤੌਰ ਤੇ ਵੀ ਅਗਰ ਅੰਦਾਜ਼ਾ ਲਗਾ ਲਈਏ ਤਾਂ ਲੱਖ ਤੋਂ ਵੀ ਉਤੇ ਆਵਾਰਾ ਪਸ਼ੂ ਇਸ ਵਕਤ ਫਿਰ ਰਹੇ ਹਨ, ਜਿਨ੍ਹਾਂ ਕਾਰਣ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ ਸਾਂਭ ਸੰਭਾਲ ਵਾਸਤੇ ਵੀ ਜ਼ਰੂਰ ਸੋਚਣਾ ਚਾਹੀਦਾ ਹੈ ਕਿਉਂਕਿ ਸਾਡੇ ਲੋਕਾਂ ਦੀ ਆਪਣੀ ਸੰਸਕ੍ਰਿਤੀ ਵੀ ਹੈ, ਇਨ੍ਹਾਂ ਨਾਲ ਧਾਰਮਿਕ ਭਾਵਨਾਵਾਂ ਵੀ ਜੁੜੀਆਂ ਹੋਈਆਂ ਹਨ, ਉਨ੍ਹਾਂ ਦੀ ਵੀ ਕਦਰ ਕਰਨੀ ਚਾਹੀਦੀ ਹੈ। ਧਾਰਮਿਕ ਭਾਵਨਾਵਾਂ ਨੂੰ ਬਾਈਪਾਸ ਕਰਕੇ ਤਾਂ ਕੋਈ ਵੀ ਚੀਜ਼ ਨਹੀਂ ਕਰਨੀ ਚਾਹੀਦੀ। ਇਹ ਤਾਂ ਕੋਈ ਆਲਟਰਨੇਟਿਵ ਨਹੀਂ ਕਿ ਇਨ੍ਹਾਂ ਲਈ ਹੋਰ ਸਲਾਟਰ ਹਾਊਸ ਖੋਲ੍ਹ ਦਿਤੇ ਜਾਣ। ਪਿਛੇ ਵੀ ਇਕ ਸਲਾਟਰ ਹਾਊਸ ਪੰਜਾਬ ਵਿਚ ਖੁੱਲਾ ਸੀ ਜਿਸ ਦੇ ਬਾਰੇ ਬੜਾ ਰੌਲਾ ਵੀ ਪੈਂਦਾ ਰਿਹਾ ਅਤੇ ਉਸਨੂੰ ਪਿਛਲੀ ਸਰਕਾਰ ਵਲੋਂ ਬੰਦ ਵੀ ਕਰ ਦਿਤਾ ਗਿਆ। ਪਰ ਲੇਟੈਸਟ ਉਸਦੀ ਜੋ ਪੁਜ਼ੀਸ਼ਨ ਹੈ ਉਸਦੇ ਬਾਰੇ ਮੈਨੂੰ ਕੁਝ ਨਹੀਂ ਪਤਾ। ਮੈਂ ਤਾਂ ਇਹ ਕਹਾਂਗਾ ਕਿ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਕਰਦੇ ਹੋਏ, ਇਨ੍ਹਾਂ ਪਸ਼ੂਆਂ ਨੂੰ ਖਤਮ ਕਰਨ ਵਾਸਤੇ ਸਲਾਟਰ ਹਾਊਸ ਵੀ ਨਹੀਂ ਬਣਾ ਸਕਦੇ ਕਿਉਂਕਿ ਇਸ ਨਾਲ ਲੋਕਾਂ ਦੀ ਫੀਲਿੰਗ ਇੰਜਰ ਹੁੰਦੀ ਹੈ। ਇਸ ਦੇ ਹੋਰ ਵੀ ਆਲਟਰਨੇਟਿਵ ਜਿਵੇਂ ਕਈ ਵਾਲੰਟਰੀ ਸੰਸਥਾਵਾਂ ਹਨ, ਜਿਵੇਂ ਬਹੁਤ ਸਾਰੀਆਂ ਗਊਸ਼ਾਲਾਵਾਂ ਵੀ ਚਲ ਰਹੀਆਂ ਹਨ ਜਿਹੜੀਆਂ ਬੜੀਆਂ ਥੋੜ੍ਹੀਆਂ ਹਨ, ਇਸ ਤੇ ਪ੍ਰਸ਼ਨ ਚਿੰਨ੍ਹ ਵੀ ਲਗਦਾ ਹੈ। ਦੂਸਰੀ ਜ਼ਿੰਮੇਵਾਰੀ ਸਰਕਾਰ ਦੀ ਵੀ ਬਣਦੀ ਹੈ ਕਿ ਉਹ ਆਪਣੇ ਤੌਰ ਤੇ ਵੀ ਇਸ ਦਾ ਪ੍ਰਬੰਧ ਕਰੇ। ਹਾਲੇ ਤੱਕ ਗੌਰਮਿੰਟ ਵਲੋਂ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਕੀਤਾ ਗਿਆ। ਜਿਥੋਂ ਤੱਕ ਸਾਡੇ ਮੈਂਬਰ ਸਾਹਿਬਾਨ ਦਾ ਤਾਅਲੁੱਕ ਹੈ, ਮੈਂ ਬੇਨਤੀ ਕਰਾਂਗਾ

Original with;
Punjab Vidhan Sabha
Digitized by;
Panjab Digital Library

ਕਿ ਹਾਊਸ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਅਜਿਹੇ ਹਨ ਜਿਹੜੇ ਕਈ ਸੋਸ਼ਲ ਆਰਗੇਨਾਈਜ਼ੇਸ਼ਨਜ਼ ਦੇ ਮੈਂਬਰ ਹਨ। ਉਨ੍ਹਾਂ ਨੂੰ ਆਪਣੇ ਆਪ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਇਸ ਸਮੱਸਿਆ ਬਾਰੇ ਜਾਗਰੂਕ ਕਰਨ ਕਿ ਉਹ ਦਾਰੂ ਪਸ਼ੂਆਂ ਤੱਕ ਹੀ ਸੀਮਤ ਨਾ ਰਹਿਣ। ਲੋਕ ਅਵਾਰਾ ਪਸ਼ੂਆਂ ਨੂੰ ਜਦੋਂ ਗਊਸ਼ਾਲਾ ਵਗੈਰਾ ਵਿਚ ਲੈ ਕੇ ਜਾਂਦੇ ਹਨ ਤਾਂ ਉਥੇ ਉਨ੍ਹਾਂ ਪਸ਼ੂਆਂ ਨੂੰ ਠੀਕ ਤਰੀਕੇ ਨਾਲ ਨਹੀਂ ਰੱਖਿਆ ਜਾਂਦਾ। ਸੋਸ਼ਲ ਵੈਲਫੇਅਰ ਆਰਗੇਨਾਈਜ਼ੇਸ਼ਨਜ਼ ਦੇ ਜਿਹੜੇ ਆਫਿਸ ਬੀਅਰਰਜ਼ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਜਾਗਰੂਕ ਕਰਨ ਅਤੇ ਪ੍ਰੇਰਣਾ ਦੇਣ ਕਿ ਗਊਸ਼ਾਲਾਵਾਂ ਦੀ ਸਮਰੱਥਾ ਵਧਾਈ ਜਾਣੀ ਚਾਹੀਦੀ ਹੈ। ਕੁੱਝ ਸੰਤਾਂ ਮਹਾਤਮਾਵਾਂ ਨੇ ਪਿੰਡਾਂ ਸ਼ਹਿਰਾਂ ਤੋਂ ਬਾਹਰ ਖੇਤਾਂ ਵਿਚ ਅਵਾਰਾ ਪਸ਼ੂਆਂ ਲਈ ਜਿਹੜੇ ਟਿਕਾਣੇ ਬਣਾਏ ਹੋਏ ਹਨ ਉਨ੍ਹਾਂ ਦੀ ਸਮਰੱਥਾ ਵੀ ਬੜੀ ਥੋੜ੍ਹੀ ਹੈ। ਅਵਾਰਾ ਪਸ਼ੂਆਂ ਦੀ ਇਹ ਜਿਹੜੀ ਸਮੱਸਿਆ ਹੈ, ਇਹ ਬੜੀ ਭਿਆਨਕ ਸਮੱਸਿਆ ਹੈ। ਇਨ੍ਹਾਂ ਦੀ ਵਜ੍ਹਾ ਕਰਕੇ ਕਈ ਵਾਰ ਲੜਾਈਆਂ ਵੀ ਹੁੰਦੀਆਂ ਹਨ। 25-30 ਅਵਾਰਾ ਪਸ਼ੂਆਂ ਦਾ ਝੁੰਡ ਜੇ ਕਿਸੇ ਕਿਸਾਨ ਦੇ ਖੇਤ ਵਿਚ ਚਲਾ ਜਾਵੇ ਤਾਂ ਉਥੇ ਤਬਾਹੀ ਮਚਾ ਦਿੰਦਾ ਹੈ। ਜਿਸ ਤਰ੍ਹਾਂ ਅੱਜ ਦੇ ਵਕਤ ਵਿਚ ਜਿਹੜੀ ਫਸਲ ਖੜੀ ਹੈ, ਇਹ ਅੱਗ ਦੇ ਮੂੰਹ ਵਿਚ ਖੜ੍ਹੀ ਹੈ। ਹਰਿਆਲੀ ਵੇਖ ਕੇ ਕੁਦਰਤੀ ਤੌਰ ਤੇ ਭੁੱਖੇ ਪਸ਼ੂ ਦਾ ਜੀਅ ਚਰਨ ਨੂੰ ਕਰੇਗਾ। ਇਹੋ ਜਿਹੀ ਫਸਲ ਵਿਚ ਜੇ ਕਿਤੇ 25-30 ਪਸ਼ੂਆਂ ਦਾ ਝੁੰਡ ਵੜ ਜਾਵੇ ਤਾਂ ਉਹ ਬਹੁਤ ਵੱਡਾ ਨੁਕਸਾਨ ਕਰੇਗਾ। ਜਿਸ ਕਿਸਾਨ ਦੇ ਖੇਤ ਵਿਚ ਝੁੰਡ ਵੜ ਜਾਂਦਾ ਹੈ, ਉਹ ਉਸ ਨੂੰ ਹਿਕ ਕੇ ਕੁੱਟ ਕੇ ਦੂਸਰੇ ਕਿਸਾਨ ਦੇ ਖੇਤ ਵੱਲ ਕਰ ਦਿੰਦਾ ਹੈ। ਇਸ ਤਰ੍ਹਾਂ ਕਰਨ ਨਾਲ ਕਈ ਥਾਵਾਂ ਤੇ ਲੜਾਈਆ ਵੀ ਹੋਈਆਂ ਹਨ। ਸਾਨੂੰ ਆਪ ਕਈ ਵਾਰੀ ਇਸ ਤਰ੍ਹਾਂ ਦੇ ਰਾਜ਼ੀਨਾਮੇ ਕਰਵਾਉਣੇ ਪਏ ਹਨ। ਇਸ ਦਾ ਕੋਈ ਪੱਕਾ ਹੱਲ ਨਹੀਂ ਕੀਤਾ ਗਿਆ। ਕੰਡੀ ਦਾ ਏਰੀਆ ਬਹੁਤ ਵਿਸ਼ਾਲ ਏਰੀਆ ਹੈ। ਇਸ ਏਰੀਏ ਵਿਚ ਨਾਮ ਗਊਆਂ ਹੀ ਪੈਦਾ ਹੋ ਰਹੀਆਂ ਹਨ। ਪਹਿਲਾਂ ਤਾਂ ਇਨ੍ਹਾਂ ਨੂੰ ਫੜਨ ਦਾ ਕੋਈ ਇੰਤਜ਼ਾਮ ਹੈ ਹੀ ਨਹੀਂ, ਇਹ ਸਿਰਫ਼ ਕਾਗਜ਼ਾਂ ਵਿਚ ਹੀ ਹੋਵੇਗਾ ਪਰ ਜੇਕਰ ਉਨ੍ਹਾਂ ਨੂੰ ਕੋਈ ਫੜਨ ਵਾਸਤੇ ਜਾਂਦਾ ਵੀ ਹੈ ਤਾਂ ਝੱਟ ਝਾੜੀਆਂ ਵਿਚ ਵੜ ਜਾਂਦੀਆਂ ਹਨ। ਇਹ ਪਸ਼ੂ ਰਾਤ ਨੂੰ ਬਾਹਰ ਆ ਕੇ ਫਸਲਾਂ ਦਾ ਬਹੁਤ ਨੁਕਸਾਨ ਕਰਦੇ ਹਨ। ਪਹਿਲਾਂ ਜਦੋਂ ਬਾਰਡਰ ਤੇ ਤਾਰ ਨਹੀਂ ਸੀ ਲੱਗੀ ਤਾਂ ਉਦੋਂ ਬਹੁਤ ਸਾਰੇ ਪਸ਼ੂ ਬਾਰਡਰ ਵੀ ਕਰਾਸ ਕਰ ਜਾਂਦੇ ਸਨ ਅਤੇ ਉਨ੍ਹਾਂ ਦੀ ਸੰਖਿਆ ਘੱਟ ਜਾਂਦੀ ਸੀ ਲੇਕਿਨ ਹੁਣ ਬਾਰਡਰ ਤੇ ਤਾਰ ਲੱਗਣ ਕਰਕੇ ਇਨ੍ਹਾਂ ਅਵਾਰਾ ਪਸ਼ੂਆਂ ਦੀ ਸੰਖਿਆ ਦਿਨ-ਪ੍ਰਤੀ-ਦਿਨ ਵਧਦੀ ਜਾ ਰਹੀ ਹੈ। ਇਸ ਤੋਂ ਇਲਾਵਾ ਬਹੁਤ ਸਾਰਾ ਬੀੜ ਦਾ ਇਲਾਕਾ ਵੀ ਹੈ ਜਿਥੇ ਇਹ ਪਸ਼ੂ ਪਨਾਹ ਲੈਂਦੇ ਹਨ। ਬਠਿੰਡਾ ਵਿਚ ਹਜ਼ਾਰਾਂ ਏਕੜ ਇਸ ਤਰ੍ਹਾਂ ਦੀ ਜ਼ਮੀਨ ਹੈ। ਉਥੇ ਦਰੱਖਤ ਵਗੈਰਾ ਲਾਏ ਹੋਏ ਹਨ ਅਤੇ ਹਜ਼ਾਰਾਂ ਦੀ ਸੰਖਿਆ ਵਿਚ ਅਵਾਰਾ ਪਸ਼ੂ ਉਥੇ ਤੁਰੇ ਫਿਰਦੇ ਹਨ, ਪਨਾਹ ਲੈਂਦੇ ਹਨ। ਮੌਕਾ ਮਿਲਣ ਤੇ ਉਹ ਖੇਤਾਂ ਦਾ ਉਜਾੜਾ ਕਰਦੇ ਹਨ। 5-5, 10-10 ਕਿਲੋਮੀਟਰ ਦੂਰ ਤੱਕ ਜਾ ਕੇ ਸੜਕਾਂ ਤੇ ਆ ਕੇ ਉਹ ਐਕਸੀਡੈਂਟ ਦਾ ਕਾਰਣ ਵੀ ਬਣਦੇ ਹਨ। ਸਪੀਕਰ ਸਾਹਿਬ, ਤੁਸੀਂ ਆਪ ਵੇਖਿਆ ਹੋਵੇਗਾ ਕਿ ਸ਼ਹਿਰਾਂ ਵਿਚ 4 ਵਜੇ ਤੱਕ ਪਸ਼ੂਆਂ ਦੀ ਬੜੀ ਵੱਡੀ ਭਰਮਾਰ ਨਜ਼ਰ ਆਉਂਦੀ ਹੈ। ਇਸ ਦੇ ਨਾਲ ਬਹੁਤ ਐਕਸੀਡੈਂਟ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਹੁੰਦੇ ਹਨ । ਅਵਾਰਾ ਪਸ਼ੂ ਲੜਦੇ ਭਿੜਦੇ ਰਹਿੰਦੇ ਹਨ । ਜਦੋਂ ਬਚਿਆਂ ਨੂੰ ਅੱਧੀ ਛੁੱਟੀ ਹੁੰਦੀ ਹੈ ਜਾਂ ਸਾਰੀ ਛੁੱਟੀ ਹੁੰਦੀ ਹੈ ਤਾਂ ਇਨ੍ਹਾਂ ਪਸ਼ੂਆਂ ਦੀ ਲੜਾਈ ਭਿੜਾਈ ਕਰਕੇ ਬੱਚਿਆਂ ਦਾ ਵੀ ਨੁਕਸਾਨ ਹੁੰਦਾ ਹੈ ਨਿੱਕੇ ਬੱਚਿਆਂ ਦਾ ਵੀ ਅਤੇ ਵੱਡੇ ਬੱਚਿਆਂ ਦਾ ਵੀ । ਲੇਕਿਨ 4 ਵਜੇ ਤੋਂ ਬਾਦ ਇਨ੍ਹਾਂ ਦੀ ਸੰਖਿਆ ਘਟਣੀ ਸ਼ੁਰੂ ਹੋ ਜਾਂਦੀ ਹੈ । ਕਿਉਂ ਘੱਟਣੀ ਸ਼ੁਰੂ ਹੋ ਜਾਂਦੀ ਹੈ । ਅਸੀਂ ਪ੍ਰੈਕਟੀਕਲੀ ਵੇਖਿਆ ਹੈ ਕਿ ਜਿੰਨੇ ਵੀ ਦੁਧਾਰੂ ਪਸ਼ੂ ਲੋਕਾਂ ਨੇ ਰੱਖੇ ਹੋਏ ਹਨ, ਉਨ੍ਹਾਂ ਸਭ ਦਾ ਦੁੱਧ ਉਹ ਕੱਢ ਲੈਂਦੇ ਹਨ ਅੰਤੇ ਦੁੱਧ ਕੱਢਣ ਤੋਂ ਬਾਅਦ ਉਨ੍ਹਾਂ ਨੂੰ ਛੱਡ ਦਿੰਦੇ ਹਨ । ਕਈ ਲੋਕ ਆਪਣੀ ਸ਼ਰਧਾ ਕਾਰਣ 2-2 ਰੁਪਏ ਦੇ ਪੱਠੇ ਲੈ ਕੇ ਅਜਿਹੀਆਂ ਥਾਵਾਂ ਤੇ ਸੁੱਟ ਆਉਂਦੇ ਹਨ ਜਿਹੜੀਆਂ ਅਜਿਹੇ ਪਸ਼ੂਆਂ ਲਈ ਬਣੀਆਂ ਹੋਈਆਂ ਹਨ । ਉਥੇ ਸਾਰੇ ਅਵਾਰਾ ਪਸ਼ੂ ਅਤੇ ਦੁੱਧ ਕੱਢ ਕੇ ਛੱਡੇ ਹੋਏ ਪਸ਼ੂ ਚਾਰਾ ਖਾਂਦੇ ਹਨ ਅਤੇ ਆਪਣੀਆਂ ਭੁਖਾਂ ਕੱਢ ਕੇ ਵਾਪਸ ਆਪੋ ਆਪਣੇ ਕਿੱਲਿਆਂ ਤੇ ਆ ਜਾਂਦੇ ਹਨ ਜਾਂ ਉਨ੍ਹਾਂ ਦੇ ਮਾਲਕ ਉਨ੍ਹਾਂ ਨੂੰ ਲੱਭ ਕੇ ਲੈ ਆਉਂਦੇ ਹਨ । ਇਸ ਚੀਜ਼ ਨੂੰ ਚੈਕ ਕਰਨਾ ਚਾਹੀਦਾ ਹੈ । ਮੇਰੇ ਵਰਗੇ ਨੇ ਫਰਜ਼ ਕਰੋ ਕੋਈ ਪਸ਼ੂ ਰੱਖਿਆ ਹੈ । ਜੇ ਮੈਂ ਉਸ ਦਾ ਦੁੱਧ ਪੀਂਦਾ ਹਾਂ ਤਾਂ ਘੱਟੋ ਘੱਟ ਉਸ ਦੀ ਸੰਭਾਲ ਦੀ ਜ਼ਿੰਮੇਵਾਰੀ ਵੀ ਮੇਰੀ ਹੋਣੀ ਚਾਹੀਦੀ ਹੈ । ਇਹ ਨਹੀਂ ਹੋਣਾ ਚਾਹੀਦਾ ਕਿ ਦੁੱਧ ਤਾਂ ਮੈਂ ਪੀਵਾਂ ਔਰ ਪਸ਼ੂ ਦੀ ਸੰਭਾਲ ਕੋਈ ਹੋਰ ਕਰਦਾ ਫਿਰੇ । ਦੁੱਧ ਪੀਣ ਦਾ ਕੰਮ ਕੋਈ ਹੋਰ ਕਰੇ ਔਹ ਸੰਭਾਲ ਦਾ ਕੰਮ ਕੋਈ ਹੋਰ ਕਰੇ, ਇਹ ਪਰਵਿਰਤੀ ਬਿਲਕੁੱਲ ਗ਼ਲਤ ਹੈ, ਇਹ ਨਹੀਂ ਹੋਣੀ ਚਾਹੀਦੀ । ਇਸ ਤੇ ਜ਼ਰੂਰ ਚੈਕ ਹੋਣਾ ਚਾਹੀਦਾ ਹੈ । ਜਿਥੋਂ ਤੱਕ ਗੌਰਮਿੰਟ ਦਾ ਤਾਅਲੁੱਕ ਹੈ, ਇਹ ਬੜੀ ਹੈਰਾਨੀਜਨਕ ਗੱਲ ਹੈ । ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਪਟਿਆਲੇ ਜ਼ਿਲ੍ਹੇ ਦੇ ਵਿਚ ਭਾਦਸੋਂ ਦੇ ਨੇੜੇ ਇਕ ਪਿੰਡ ਕੋਠੀ ਰਾਣੀ ਕੇ ਹੈ ਇਥੇ ਕਿਸੇ ਵੇਲੇ ਮਹਾਰਾਜਾ ਨਾਭੇ ਦੇ ਵੇਲੇ ਗਊ ਸਦਨ ਹੋਇਆ ਕਰਦਾ ਸੀ । ਉਸ ਦੇ ਨਾਲ ਕਾਫੀ ਲੈਂਡ ਵੀ ਹੁੰਦੀ ਸੀ ਮਗਰ ਹੁਣ ਉਹ ਵੀ ਗਊ ਸਦਨ ਦੇ ਨਾਲ ਚਲੀ ਗਈ ਹੈ । ਚੌ ਸਾਲ ਪਹਿਲਾਂ ਸਰਕਾਰ ਨੇ ਉਸ ਨੂੰ ਬੰਦ ਕਰ ਦਿੱਤਾ ਹੈ । ਪਹਿਲਾਂ ਵਰਲਡ ਬੈਂਕ ਦੇ ਨਾਲ ਕੁਝ ਟਾਈ-ਅੱਪ ਹੋਇਆ ਸੀ ਔਰ ਕਝ ਪੈਸਾ ਵੀ ਵਰਲਡ ਬੈਂਕ ਤੋਂ ਆਉਂਦਾ ਸੀ । ਉਥੇ ਕੁਝ ਗਊਆਂ ਰੱਖੀਆਂ ਜਾਂਦੀਆਂ ਸਨ ਔਰ ਖ਼ਰਚ ਵਗੈਰਾ ਦਾ ਪ੍ਰਬੰਧ ਵੀ ਹੋ ਜਾਂਦਾ ਸੀ । ਹੁਣ ਇਹ ਸਕੀਮ ਖਤਮ ਹੋ ਗਈ ਹੈ ਔਰ ਪੰਜਾਬ ਦੀ ਸਰਕਾਰ ਵੀ ਇਸ ਨੂੰ ਕੋਈ ਫਾਇਨਾਂਸ ਨਹੀਂ ਕਰ ਰਹੀ ਜਿਸ ਕਰਕੇ ਇਹ ਹੁਣ ਬਿਲਕੁਲ ਬੰਦ ਪਿਆ ਹੈ । ਹੈਰਾਨੀ ਦੀ ਗੱਲ ਹੈ ਕਿ ਕਿ ਸਾਰੇ ਪੰਜਾਬ ਦੇ ਵਿਚ ਗੌਰਮਿੰਟ ਲੇਵਲ ਤੇ ਕੋਈ ਗਊ-ਘਰ ਜਾਂ ਕੋਈ ਗਊ ਸਦਨ ਕੁਝ ਵੀ ਕਹਿ ਲਓ, ਕੋਈ ਨਹੀਂ ਹੈ, ਜਿੱਥੇ ਇਨ੍ਹਾਂ ਪਸ਼ੂਆਂ ਨੂੰ ਰੱਖਿਆ ਜਾ ਸਕਦਾ ਹੋਵੇ । ਅਜਿਹੀ ਕੋਈ ਵੀ ਨਿਸ਼ਚਿਤ ਥਾਂ ਨਹੀਂ ਹੈ । ਮੈਨੂੰ ਪਤਾ ਲੱਗਾ ਹੈ ਕਿ ਜਿਹੜੀਆਂ ਸਰਕਾਰ ਦੇ ਪੱਧਰ ਤੇ ਕੈਟਲ ਕੈਚਿੰਗ ਪਾਰਟੀਆਂ ਹਨ ਉਹ ਕੁਝ ਨਹੀਂ ਕਰਦੀਆਂ ਕਿਉਂਕਿ ਉਨ੍ਹਾਂ ਪਾਸ ਕੋਈ ਸਾਧਨ ਹੀ ਨਹੀਂ ਹਨ । ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ, ਮੈਂ ਆਪ ਪਤਾ ਕੀਤਾ ਹੈ, ਜਿਹੜੀਆਂ ਇਹ ਕੈਟਲ-ਕੈਚਿੰਗ ਪਾਰਟੀਆਂ ਹਨ ਇਹਨਾਂ ਦੇ ਕੋਲ 1965 ਮਾਡਲ ਦਾ ਇੱਕ ਟਰੱਕ ਹੈ । ਉਸ ਵੇਲੇ ਵੀ ਇਕ ਟਰੱਕ ਸੀ, ਅੱਜ ਵੀ ਇੱਕੋ ਟਰੱਕ ਹੈ । ਉਸ ਟਰੱਕ ਦੀ ਅੱਜ ਕੀ ਦਸ਼ਾ ਹੋ

Original with;
Punjab Vidhan Sabha
Digitized by;
Panjab Digital Library

ਸਕਦੀ ਹੈ ਤੁਸੀਂ ਆਪ ਵੀ ਅੰਦਾਜ਼ਾ ਲਗਾ ਸਕਦੇ ਹੋ ਉਹ ਟਰੱਕ ਬਿਲਕੁਲ ਕੰਡਮ ਹੋ ਚੁਕਾ ਹੈ ਔਰ ਜਿਹੜੀਆਂ ਮਹਿਕਮੇ ਦੇ ਕੋਲ ਇਨ੍ਹਾਂ ਅਵਾਰਾ ਪਸ਼ੂਆਂ ਨੂੰ ਘੇਰ ਕੇ ਲਿਆਉਣ ਲਈ ਘੋੜੀਆਂ ਸਨ, ਉਹ ਵੀ ਬੁੱਢੀਆਂ ਹੋ ਚੁਕੀਆਂ ਹਨ, ਜਿਸ ਕਰਕੇ ਉਹ ਕੈਟਲ ਕੇਚਿੰਗ ਪਾਰਟੀਆਂ ਕੋਈ ਵੀ ਕੰਮ ਨਹੀਂ ਕਰ ਸਕਦੀਆਂ। ਜੇਕਰ ਉਹ ਪਾਰਟੀਆਂ ਪਸ਼ੂ ਫੜਨ ਦਾ ਕੰਮ ਕਰਨ ਵੀ ਤਾਂ ਵੀ ਉਹ ਰੱਖਣੇ ਕਿੱਥੇ ਹਨ ਕਿਉਂਕਿ ਉਹਨਾਂ ਫੜੇ ਹੋਏ ਪਸ਼ੂਆਂ ਨੂੰ ਇਕ ਥਾਂ ਤੇ ਰੱਖਣ ਦਾ ਕੋਈ ਪ੍ਰਬੰਧ ਨਹੀਂ ਹੈ। ਇਸ ਲਈ ਸਰਕਾਰ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇ ਕੇ ਕੋਈ ਤਕੜਾ ਪਲਾਨ ਬਣਾਉਣਾ ਚਾਹੀਦਾ ਹੈ। ਇਹ ਗੱਲ ਵੀ ਠੀਕ ਹੈ ਕਿ ਇਹ ਅਜੀਬ ਕਿਸਮ ਦੀ ਸਥਿਤੀ ਹੈ। ਜੇ ਚਾਰ ਗਊਆਂ, ਦਸ ਗਊਆਂ ਸਾਨੂੰ ਕਿਸੇ ਟਰੱਕ ਦੇ ਵਿਚ ਜਾਂਦੀਆਂ ਮਿਲ ਜਾਣ ਤਾਂ ਬਹੁਤ ਵੱਡਾ ਰੱਫੜ, ਹੰਗਾਮਾ ਖੜਾ ਹੋ ਜਾਂਦਾ ਹੈ ਕਿ ਕਿਤੇ ਕੋਈ ਮੰਦਭਾਵਨਾ ਦੇ ਨਾਲ ਤਾਂ ਨਹੀਂ ਲਿਜਾ ਰਿਹਾ। ਲੇਕਿਨ ਜਦੋਂ ਇਨ੍ਹਾਂ ਗਊਆਂ ਨੂੰ ਜਾਂ ਪਸ਼ੂਆਂ ਨੂੰ ਸੰਭਾਲਣ ਦੀ ਭਾਵਨਾ ਦੀ ਗੱਲ ਆਉਂਦੀ ਹੈ ਤਾਂ ਕੋਈ ਵੀ ਅੱਗੇ ਨਹੀਂ ਆਉਂਦਾ। ਜਦੋਂ ਇਹ ਅਵਾਰਾ ਪਸ਼ੂ, ਗਊਆਂ ਵਗੈਰਾ ਲੋਕਾਂ ਤੋਂ ਡੰਡੇ ਖਾਂਦੇ ਫਿਰਦੇ ਹਨ ਤਾਂ ਲੋਕਾਂ ਦੀਆ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। ਮੈਂ ਇਹ ਸਰਕਾਰ ਕੋਲ ਬੇਨਤੀ ਕਰਾਂਗਾ ਕਿ ਉਚੇਚੇ ਤੌਰ ਤੇ ਸਰਕਾਰ ਨੂੰ ਕੋਈ ਨਾ ਕੋਈ ਐਫਰਟਸ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਇਹਨਾਂ ਦੀ ਰੱਖ ਰਖਾਵ ਦਾ ਉਚਿਤ ਪ੍ਰਬੰਧ ਹੋ ਸਕੇ। ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਸਰਕਾਰ ਅੱਗੇ ਬੇਨਤੀ ਹੈ ਕਿ ਜਿਥੇ ਅਸੀਂ ਹਜ਼ਾਰਾਂ, ਲੱਖਾਂ ਰੁਪਏ ਬਜਟ ਵਿਚ ਰੱਖ ਕੇ ਖਰਚ ਕਰਦੇ ਹਾਂ, ਹੋਰ ਕਈ ਪ੍ਰਕਾਰ ਦੇ ਬਜਟ ਵਿਚ ਪਰੋਵੀਜ਼ਨ ਕੀਤੇ ਜਾਂਦੇ ਹਨ, ਉਥੇ ਹਰ ਡਿਸਟ੍ਰਿਕਟ ਦੇ ਵਿਚ ਘਟੋ ਘੱਟ ਇਕ ਪਸ਼ੂ ਘਰ ਜਾਂ ਪਸ਼ੂ ਸਦਨ ਜ਼ਰੂਰ ਸਥਾਪਿਤ ਕਰਨਾ ਚਾਹੀਦਾ ਹੈ ਔਰ ਹਰ ਜ਼ਿਲ੍ਹੇ ਦੇ ਵਿਚ ਕੈਟਲ-ਕੈਚਿੰਗ ਪਾਰਟੀਆਂ ਦੇ ਕੋਲ ਦੋ ਟਰੱਕ ਜ਼ਰੂਰ ਹੋਣ ਜਾਂ ਘੋੜੀਆਂ ਹੋਣ ਤਾਂ ਕਿ ਉਹ ਕੈਟਲ ਕੈਚਿੰਗ ਪਾਰਟੀਆਂ ਅਵਾਰਾ ਪਸ਼ੂਆਂ ਨੂੰ ਫੜ੍ਹ ਕੇ ਲਿਆ ਸਕਣ। ਸਾਡੇ ਪੰਜਾਬ ਦੇ ਵਿਚ ਇਸ ਵੇਲੇ 17 ਡਿਸਟ੍ਰਿਕਟ ਹਨ, ਇਸ ਕੰਮ ਲਈ ਕਿਨਾ ਕੁ ਖਰਚ ਆ ਜਾਏਗਾ, ਇਸ ਦਾ ਐਸਟੀਮੇਟ ਬਣਾਇਆ ਜਾ ਸਕਦਾ ਹੈ ਔਰ ਉਸ ਅਨੁਸਾਰ ਬਜਟ ਦੇ ਅੰਦਰ ਪਰੋਵੀਜ਼ਨ ਕੀਤਾ ਜਾਣਾ ਚਾਹੀਦਾ ਹੈ। ਮੇਰਾ ਪਹਿਲਾ ਸੁਝਾਅ ਇਹ ਹੈ। ਜਿਹੜਾ ਮੇਰਾ ਦੂਸਰਾ ਸੁਝਾਅ ਸੀ ਉਹ ਮੈਂ ਆਪਣਾ ਸਪੀਚ ਦੇ ਸਟਾਰਟ ਵਿਚ ਹੀ ਦੱਸ ਦਿੱਤਾ ਸੀ ਕਿ ਜਿਹੜੀਆਂ ਸੰਸਥਾਵਾਂ ਆਪਣੇ ਪੱਧਰ ਤੇ ਗਊਸ਼ਲਾਵਾਂ ਚਲਾਉਂਦੀਆਂ ਹਨ, ਉਨ੍ਹਾਂ ਨੂੰ ਵੀ ਔਰ ਗੌਰਮਿੰਟ ਲੈਵਲ ਤੇ ਜਿਹੜੇ ਵੀ ਥੋਹੜੇ ਬਹੁਤ ਹਨ, ਉਨ੍ਹਾਂ ਦੀ ਪਸ਼ੂ ਰੱਖਣ ਦੀ ਕੈਪੇਸਿਟੀ ਨੂੰ ਵਧਾਉਣਾ ਚਾਹੀਦਾ ਹੈ ਤਾਂ ਕਿ ਉਹ ਵੱਧ ਤੋਂ ਵੱਧ ਅਵਾਰਾ ਪਸ਼ੂਆਂ ਨੂੰ ਰੱਖ ਸਕਣ। ਮੇਰਾ ਤੀਸਰਾ ਸੁਝਾਅ ਜਿਹੜਾ ਕਿ ਸੌਖੀ ਤਰ੍ਹਾਂ ਅਮਲ ਵਿਚ ਵੀ ਲਿਆਂਦਾ ਜਾ ਸਕਦਾ ਹੈ, ਉਹ ਇਹ ਹੈ ਕਿ ਜਿਹੜੇ ਇਹ ਜਾਨਵਰ ਹਨ, ਸਰਕਾਰ ਫੈਮਲੀ ਪਲਾਨਿੰਗ ਤੇ ਪਹਿਲਾਂ ਹੀ ਅਰਬਾਂ ਰੁਪਿਆ ਖਰਚ ਕਰ ਰਹੀ ਹੈ, ਇਹ ਇਕ ਇੰਟਰ-ਨੈਸ਼ਨਲ ਪਰਾਬਲਮ ਹੈ। ਇਸ ਤੇ ਮੇਰਾ ਕੋਈ ਕਿੰਤੂ ਵੀ ਨਹੀਂ, ਸਗੋਂ ਮੇਰਾ ਆਪਣਾ ਸੁਝਾਅ ਹੈ ਕਿ ਏਸੇ ਤਰ੍ਹਾਂ ਹੀ ਨਰ ਪਸ਼ੂਆਂ ਦੀ ਨਸ-ਬੰਦੀ ਵੀ ਕਰ ਦਿੱਤੀ ਜਾਵੇ। ਉਨ੍ਹਾਂ ਦੀ ਬ੍ਰੀਡਿੰਗ ਦਾ ਕੰਮ ਰੋਕਣਾ ਤਾਂ ਡਿਪਾਰਟਮੈਂਟ ਕਰ ਸਕਦਾ ਹੈ। ਸਾਡੇ ਕਿਸਾਨ ਭਰਾ ਵੀ ਜਦੋਂ ਬਲਦ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਵਗੈਰਾ ਬਿਰਧ ਹੋ ਜਾਂਦੇ ਹਨ ਤਾਂ ਉਹ ਵੀ ਇਹੀ ਕਾਰਵਾਈ ਕਰਦੇ ਹਨ। ਜੇਕਰ ਅਵਾਰਾ ਪਸ਼ੂਆਂ ਨੂੰ, ਨਰ ਪਸ਼ੂਆਂ ਨੂੰ ਨਾ-ਮੁਰਾਦ ਕਰ ਦਿੱਤਾ ਜਾਵੇ ਤਾਂ ਕੋਈ ਪੱਕਾ ਹੱਲ ਹੋ ਸਕਦਾ ਹੈ। ਸੋ, ਮੈਂ ਹੋਰ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਅਵਾਰਾ ਪਸ਼ੂਆਂ ਦੀ ਸੇਵਾ ਸੰਭਾਲ ਬਾਰੇ ਮੈਂ ਆਪਣੇ ਵੱਲੋਂ ਆਪਣੀ ਸਮਝ ਅਨੁਸਾਰ ਸੁਝਾਅ ਦਿੱਤੇ ਹਨ। ਹੋਰ ਬਹੁਤ ਸਾਰੇ ਸੁਝਾਅ ਵੀ ਆਉਣਗੇ ਜੋ ਕਿ ਅਮਲ ਵਿੱਚ ਆ ਸਕਦੇ ਹਨ, ਉਨ੍ਹਾਂ ਸਾਰਿਆਂ ਦੀ ਰੋਸ਼ਨੀ ਵਿੱਚ ਇਸ ਰੈਜ਼ੋਲਿਊਸ਼ਨ ਨੂੰ ਐਡਾਪਟ ਕਰਦੇ ਹੋਏ, ਪ੍ਰਵਾਨ ਕਰਦੇ ਹੋਏ, ਸਰਕਾਰ ਆਪਣੀ ਕੋਈ ਸਕੀਮ ਬਣਾਵੇ ਤਾਂ ਕਿ ਫਸਲਾਂ ਦਾ ਨੁਕਸਾਨ ਹੋਣੋ ਬਚਾਇਆ ਜਾ ਸਕੇ, ਐਕਸੀਡੈਂਟ ਘੱਟ ਸਕਣ। ਇਹ ਗੱਲਾਂ ਆਪਣੇ ਆਪ ਵਿੱਚ ਹੀ ਧਿਆਨ ਦਰਸਾਉਂਦੀਆਂ ਹਨ ਜਿਹੜੀਆਂ ਕਿ ਸਾਡੀਆਂ ਅੱਖਾਂ ਦੇ ਸਾਹਮਣੇ ਵੀ ਬੀਤਦੀਆਂ ਹਨ ਅਤੇ ਸਾਨੂੰ ਇਹ ਭੈੜਾ ਵੀ ਲਗਦਾ ਹੈ, ਇਨ੍ਹਾਂ ਤੇ ਵਿਚਾਰ ਹੋ ਸਕੇ। ਇਸ ਹਾਊਸ ਦੇ ਸਾਹਮਣੇ ਇਹ ਰੈਜ਼ੋਲਿ-ਊਸ਼ਨ ਪੇਸ਼ ਕਰਦਾ ਹੋਇਆ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

**ਸਰਦਾਰ ਅਜੀਤ ਇੰਦਰ ਸਿੰਘ** (ਸਰਦੂਲਗੜ੍ਹ) : ਸਪੀਕਰ ਸਾਹਿਬ, ਇਹ ਜੋ ਰੈਜ਼ੋਲਿਊਸ਼ਨ ਇਥੇ ਪੇਸ਼ ਹੋਇਆ ਹੈ, ਮੈਂ ਇਸ ਦੀ ਡਿਬੇਟ ਵਿਚ ਹਿੱਸਾ ਲੈਂਦਾ ਹੋਇਆ ਕਹਿਣਾ ਚਾਹੁੰਦਾ ਹਾਂ ਕਿ ਇਹ ਬਹੁਤ ਵੱਡੀ ਹੈਜ਼ਰਡ ਹੈ। ਸਾਡੇ ਇਲਾਕੇ ਜ਼ਿਲ੍ਹਾ ਮਾਨਸਾ ਬਠਿੰਡਾ ਅਤੇ ਸੰਗਰੂਰ ਵਿਚ ਅਵਾਰਾ ਪਸ਼ੂਆਂ ਦੇ ਨਾਲ ਨਾਲ ਨੀਲ-ਗਊਆਂ ਵੀ ਬਹੁਤ ਫਿਰਦੀਆਂ ਹਨ। ਉਨ੍ਹਾਂ ਨਾਲ ਕਈ ਵਾਰ ਬੜੇ ਭੈੜੇ ਐਕਸੀਡੈਂਟ ਵੀ ਹੋਏ ਹਨ ਅਤੇ ਕੀਮਤੀ ਜਾਨਾਂ ਗਈਆਂ ਹਨ। ਰਾਤ ਨੂੰ ਜਦੋਂ ਲਾਈਟ ਜਗਾ ਕੇ ਗੱਡੀ ਲੰਘਦੀ ਹੈ ਤਾਂ ਕਈ ਵਾਰੀ ਇਨ੍ਹਾਂ ਦੇ ਵੱਡੇ ਵੱਡੇ ਝੁੰਡ ਵੀ ਵੇਖੇ ਜਾਂਦੇ ਹਨ। ਖੇਤਾਂ ਦਾ ਬੜਾ ਭਾਰੀ ਨੁਕਸਾਨ ਹੋ ਰਿਹਾ ਹੈ। ਇਸ ਲਈ ਇਸ ਸਬੰਧ ਵਿਚ ਜਲਦੀ ਹੀ ਕੋਈ ਕਦਮ ਚੁੱਕਣੇ ਚਾਹੀਦੇ ਹਨ। ਇਸ ਲਈ ਵਾਈਲਡ ਲਾਈਫ ਸੈਂਕਚੁਅਰੀ, ਸਤਲੁੱਜ ਫੁੱਟ ਹਿਲਜ਼ ਵਿਚ, ਜਿਥੇ ਕਿ ਜ਼ਮੀਨ ਘੱਟ ਉਪਜਾਊ ਹੈ ਤੇ ਕਾਸ਼ਤ ਨਹੀਂ ਹੁੰਦੀ, ਉਥੇ ਦੋ ਤਿੰਨ ਹਜ਼ਾਰ ਏਕੜ ਜਗ੍ਹਾ ਲੈ ਕੇ ਬਣਾਈ ਜਾਵੇ ਅਤੇ ਉਥੇ ਅਜਿਹੇ ਪਸ਼ੂਆਂ ਨੂੰ ਰੱਖਿਆ ਜਾਵੇ। ਇਸ ਬਾਰੇ ਬਾਹਰਲੇ ਮੁਲਕਾਂ ਜਿਵੇਂ ਯਮਨ ਵਿਚ ਇਸ ਦੀ ਨਸਲ ਨਹੀਂ, ਉਥੇ ਆਪਣੀ ਵਾਈਲਡ ਲਾਈਫ ਸੈਂਕਚੁਅਰੀ ਵਿਚੋਂ ਪਸ਼ੂ ਭੇਜ ਕੇ ਸਰਕਾਰ ਨੂੰ ਫਾਇਦਾ ਵੀ ਹੋ ਸਕਦਾ ਹੈ। ਮੇਰੀ ਬੇਨਤੀ ਹੈ ਕਿ ਗਊਆਂ ਨੂੰ ਫੜ ਕੇ ਗਊ-ਸਦਨ ਵਾਲਿਆਂ ਦੀ ਮਦਦ ਲਈ ਜਾਵੇ। ਉਨ੍ਹਾਂ ਨਾਲ ਤਾਲਮੇਲ ਕੀਤਾ ਜਾਵੇ। ਜਿਵੇਂ ਕਿ ਸ਼ਹਿਰਾਂ ਵਿਚ ਗਊ-ਸਦਨ ਬਣੇ ਹੋਏ ਹਨ, ਸਰਕਾਰ ਉਨ੍ਹਾਂ ਦੀ ਹੋਰ ਸਹਾਇਤਾ ਲਵੇ। ਜਿੰਨੇ ਵੀ ਅਵਾਰਾ ਪਸ਼ੂ ਹਨ, ਗਊਆਂ ਹਨ, ਉਨ੍ਹਾਂ ਨੂੰ ਫੜ ਕੇ ਉਥੇ ਰੱਖਿਆ ਜਾਵੇ। ਮੈਂ ਇਸ ਮਤੇ ਦੇ ਨਾਲ ਸਹਿਮਤ ਹੁੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ। ਥੈਂਕ ਯੂ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** (ਅਟਾਰੀ, ਐਸ.ਸੀ.): ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਅਰਸ਼ੀ ਜੀ ਨੇ ਜੋ ਮਤਾ ਪਸ਼ੂਆਂ ਬਾਰੇ ਲਿਆਂਦਾ ਹੈ ਇਹ ਸ਼ਲਾਘਾਯੋਗ ਹੈ ਅਤੇ ਮੈਂ ਇਸ ਦੀ ਹਮਾਇਤ ਕਰਦਾ ਹਾਂ। ਉਨ੍ਹਾਂ ਨੇ ਦਸਿਆ ਹੈ ਕਿ ਜੋ ਫਾਲਤੂ ਪਸ਼ੂ ਹਨ ਉਨ੍ਹਾਂ ਨਾਲ ਫਸਲਾਂ ਦਾ ਨੁਕਸਾਨ ਹੁੰਦਾ ਹੈ, ਸਕੂਲ ਜਾਂਦੇ ਬਚਿਆਂ ਦਾ ਨੁਕਸਾਨ ਹੁੰਦਾ ਹੈ, ਟਰੈਫਿਕ

Original with;
Punjab Vidhan Sabha
Digitized by;
Panjab Digital Library

ਦੀ ਪ੍ਰਾਬਲਮ ਆਉਂਦੀ ਹੈ । ਜਿਥੇ ਉਨ੍ਹਾਂ ਨੇ ਇਹ ਸਾਰੀਆਂ ਅੱਛੀਆਂ ਗੱਲਾਂ ਸਦਨ ਦੇ ਵਿਚ ਰੱਖੀਆਂ ਹਨ ਉਥੇ ਮੈਂ ਇਕ ਗੱਲ ਹੋਰ ਐਡ ਕਰਨੀ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਡੇਅਰੀਆਂ ਦੀ ਵੀ ਬੜੀ ਵੱਡੀ ਪ੍ਰਾਬਲਮ ਪੇਸ਼ ਆਉਂਦੀ ਹੈ । ਇਹ ਸਰਕਾਰ ਦੀ ਸਕੀਮ ਹੋਣੀ ਚਾਹੀਦੀ ਹੈ ਕਿ ਡੇਅਰੀਆਂ ਸ਼ਹਿਰੋਂ ਬਾਹਰ ਕੱਢੀਆਂ ਜਾਣ, ਲਿਜਾਈਆਂ ਜਾਣ ! ਜਿਸ ਤਰ੍ਹਾਂ ਕਿ ਚੰਡੀਗੜ੍ਹ ਸ਼ਹਿਰ ਦੇ ਚਾਰ-ਚੁਫੇਰੇ ਬਾਈਪਾਸ ਤੇ ਡੇਅਰੀਆਂ ਸ਼ਹਿਰੋਂ ਬਾਹਰ ਹਨ । ਇਸ ਦੇ ਨਾਲ ਸ਼ਹਿਰਾਂ ਵਿਚ ਸੀਵਰੇਜ ਦੀ ਪ੍ਰਾਬਲਮ ਵੀ ਘਟੇਗੀ ਅਤੇ ਪ੍ਰਦੂਸ਼ਣ ਵੀ ਸਾਫ ਸੁਥਰਾ ਹੋਵੇਗਾ । ਜੇਕਰ ਅਰਸ਼ੀ ਸਾਹਿਬ ਇਹ ਗੱਲ ਵੀ ਲੈ ਆਉਂਦੇ ਤਾਂ ਹੋਰ ਵੀ ਚੰਗਾ ਹੁੰਦਾ । ਜਿਥੇ ਅਸੀਂ ਡੇਅਰੀਆਂ ਬਾਰੇ ਕੋਈ ਉਪਰਾਲੇ ਕਰਨ ਜਾ ਰਹੇ ਹਾਂ ਜਾਂ ਕਰਨੇ ਚਾਹੀਦੇ ਹਨ, ਉਥੇ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨਾਲ ਸ਼ਹਿਰਾਂ ਵਿਚ ਟਰੈਫਿਕ ਵਿਚ ਵਿਘਨ ਪੈਂਦਾ ਹੈ । ਕਿਉਂਕਿ ਜਦੋਂ ਡੰਗਰਾਂ ਨੂੰ ਚਾਰਨ ਸ਼ਹਿਰਾਂ ਤੋਂ ਬਾਹਰ ਲਿਜਾਇਆ ਜਾਂਦਾ ਹੈ ਅਤੇ ਸ਼ਾਮ ਨੂੰ ਵਾਪਸ ਲਿਆਇਆ ਜਾਂਦਾ ਹੈ ਤਾ ਟਰੈਫਿਕ ਦੀ ਸਮੱਸਿਆ ਬਹੁਤ ਆਉਂਦੀ ਹੈ । ਬੱਚਿਆਂ ਨੂੰ ਵੀ ਬਹੁਤ ਮੁਸ਼ਕਲ ਆਉਂਦੀ ਹੈ । ਇਸ ਗੱਲ ਨੂੰ ਵੀ ਐਡ ਕਰ ਲਿਆ ਜਾਵੇ । ਇਸ ਦੇ ਨਾਲ ਹੀ ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸਰਦਾਰ ਗੁਰਦੀਪ ਸਿੰਘ ਭੁੱਲਰ** (ਨੂਰ ਮਹਿਲ) : ਮਾਨਯੋਗ ਸਪੀਕਰ ਸਾਹਿਬ, ਆਪ ਜੀ ਦਾ ਧੰਨਵਾਦ ਕਿ ਤੁਸੀਂ ਮੈਨੂੰ ਟਾਈਮ ਦਿਤਾ । ਅਰਸ਼ੀ ਸਾਹਿਬ ਨੇ ਇਹ ਜਿਹੜਾ ਅਵਾਰਾ ਪਸ਼ੂਆਂ ਬਾਰੇ ਮਤਾ ਲਿਆਂਦਾ ਹੈ ਮੈਂ ਸਮਝਦਾ ਹਾਂ ਕਿ ਇਹ ਬੜਾ ਠੀਕ ਮਤਾ ਹੈ । ਅਵਾਰਾ ਪਸ਼ੂਆਂ ਦੇ ਕਾਰਣ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ । ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੁੰਦਾ ਹੈ । ਇਸ ਦੇ ਨਾਲ ਸਰਕਾਰੀ ਜਾਇਦਾਦ ਨੂੰ ਵੀ ਜਿਵੇਂ ਜੰਗਲ, ਦਰਖਤ ਜਿਹੜੇ ਸੜਕਾਂ ਦੇ ਕਿਨਾਰੇ ਲੱਗੇ ਹੁੰਦੇ ਹਨ, ਉਨ੍ਹਾਂ ਦਾ ਬਹੁਤ ਨੁਕਸਾਨ ਹੁੰਦਾ ਹੈ । ਕੁਝ ਪਸ਼ੂ ਤਾਂ ਉਹ ਹਨ ਜਿਹੜੇ ਕਿ ਸਾਨੂੰ ਦੁੱਧ ਪਿਲਾਉਂਦੇ ਹਨ ਅਤੇ ਜਦੋਂ ਦੁੱਧ ਦੇਣ ਤੋਂ ਬੰਦ ਹੋ ਜਾਂਦੇ ਹਨ ਅਤੇ ਜਾਂ ਕਿਸੇ ਕਾਰਨ ਕਰਕੇ ਦੁੱਧ ਦੇਣ ਦੇ ਕਾਬਲ ਨਹੀਂ ਰਹਿੰਦੇ ਤਾਂ ਉਨ੍ਹਾਂ ਦੇ ਮਾਲਕ ਉਨ੍ਹਾਂ ਦਾ ਰੱਸਾ ਖੋਲ੍ਹ ਦਿੰਦੇ ਹਨ । ਕੁਝ ਪਸ਼ੂ ਐਸੇ ਹੁੰਦੇ ਹਨ ਜੋ ਦੁੱਧ ਵੀ ਦਿੰਦੇ ਹਨ, ਸ਼ਹਿਰਾਂ ਵਿਚ ਆਮ ਕਰਕੇ ਵੇਖਣ ਵਿਚ ਆਇਆ ਹੈ, ਔਰ ਲੁਧਿਆਣੇ ਵਿਚ ਖਾਸ ਕਰਕੇ ਵੇਖਿਆ ਗਿਆ ਹੈ ਕਿ ਸਬਜ਼ੀ ਮੰਡੀ ਵਿਚ ਸੈਂਕੜੇ ਪਸ਼ੂ ਅਵਾਰਾ ਫਿਰਦੇ ਹਨ, ਉਹ ਸਬਜੀ ਦੀਆਂ ਬੋਰੀਆਂ ਵੀ ਫਾੜਦੇ ਹਨ ਅਤੇ ਸਬਜੀ ਖਾ ਵੀ ਜਾਂਦੇ ਹਨ, ਉਨ੍ਹਾਂ ਦੇ ਮਾਲਕ ਸਵੇਰੇ ਵੇਲੇ ਦੁੱਧ ਚੋਅ ਕੇ ਛੱਡ ਦਿੰਦੇ ਹਨ ਅਤੇ ਸ਼ਾਮ ਨੂੰ ਫਿਰ ਫੜ੍ਹ ਕੇ ਲੈ ਜਾਂਦੇ ਹਨ ਅਤੇ ਦੁੱਧ ਚੋਅ ਲੈਂਦੇ ਹਨ । ਇਨ੍ਹਾਂ ਨਾਲ ਜ਼ਿਮੀਦਾਰਾਂ ਦਾ ਵੀ ਨੁਕਸਾਨ ਹੁੰਦਾ ਹੈ ਅਤੇ ਹੋਰ ਵੀ ਆਵਾਜਾਈ ਵਿਚ ਵੀ ਪ੍ਰਾਬਲਮ ਆਉਂਦੀ ਹੈ । ਸੜਕ ਤੇ ਕਈ ਦੁਰਘਟਨਾਵਾਂ ਵੀ ਹੁੰਦੀਆਂ ਹਨ ਸੋ ਇਹੋ ਜਿਹੀ ਪ੍ਰਾਬਲਮ ਨੂੰ ਦੂਰ ਕਰਨ ਦੀ ਲੋੜ ਹੈ । ਇਸ ਪ੍ਰਾਬਲਮ ਨੂੰ ਹੱਲ ਕਰਨ ਦੀ ਲੋੜ ਹੈ । ਜਿਵੇਂ ਸ਼ਹਿਰਾਂ ਵਿਚ ਜੋ ਪਸ਼ੂ ਹਨ ਉਨ੍ਹਾਂ ਦੇ ਮਾਲਕਾਂ ਨੂੰ ਕਿਹਾ ਜਾਵੇ ਕਿ ਉਹ ਆਪਣੇ ਪਸ਼ੂਆਂ ਨੂੰ ਸੰਭਾਲ ਕੇ ਰੱਖਣ, ਫਿਰ ਵੀ ਜੇ ਉਹ ਸੰਭਾਲ ਕੇ ਨਹੀਂ ਰੱਖਦੇ ਤਾਂ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ । ਇਸ ਸਬੰਧ ਵਿਚ ਸਰਕਾਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੀਪ ਸਿੰਘ ਭੁੱਲਰ]

ਵਲੋਂ ਹਦਾਇਤਾਂ ਜਾਰੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਕਿ ਜੋ ਪਸ਼ੂ ਦੁੱਧ ਦਿੰਦੇ ਹਨ ਉਨ੍ਹਾਂ ਨੂੰ ਨਾ ਛੱਡਿਆ ਜਾਵੇ ਤਾਂ ਕਿ ਨੁਕਸਾਨ ਹੋਣ ਤੋਂ ਬਚ ਸਕੇ ਅਤੇ ਦੁਰਘਟਨਾਵਾਂ ਤੋਂ ਵੀ ਬਚਿਆ ਜਾ ਸਕੇ। ਸਪੀਕਰ ਸਾਹਿਬ, ਕੁਝ ਗਰੀਬ ਭਰਾਵਾਂ ਦੇ ਪਸ਼ੂ ਇਸ ਕਰਕੇ ਦੁੱਧ ਨਹੀਂ ਦਿੰਦੇ ਕਿਉਂਕਿ ਉਹ ਉਨ੍ਹਾਂ ਦਾ ਇਲਾਜ ਨਹੀਂ ਕਰਵਾ ਸਕਦੇ. ਇਸ ਲਈ ਸਰਕਾਰ ਨੂੰ ਪਸ਼ੂ ਚਕਿਤਸਾ ਡਿਸਪੈਂਸਰੀਆਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਗਰੀਬ ਭਰਾਵਾਂ ਦੇ ਪਸ਼ੂਆਂ ਦਾ ਇਲਾਜ ਕਰਕੇ ਦੁਧਾਰੂ ਬਣਾਇਆ ਜਾ ਸਕੇ ਅਤੇ ਉਨ੍ਹਾਂ ਦੀ ਪ੍ਰਾਬਲਮ ਹੱਲ ਹੋ ਸਕੇ। ਜੋ ਅਰਸ਼ੀ ਜੀ ਨੇ ਮਤਾ ਲਿਆਂਦਾ ਹੈ, ਮੈਂ ਇਸ ਦੇ ਨਾਲ ਸਹਿਮਤ ਹੁੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।

**ਚੌਧਰੀ ਜਗਜੀਤ ਸਿੰਘ** (ਕਰਤਾਰਪੁਰ, ਐਸ.ਸੀ.) : ਸਪੀਕਰ ਸਾਹਿਬ, ਮੈਂ ਜੋ ਅਰਸ਼ੀ ਜੀ ਨੇ ਮਤਾ ਰੱਖਿਆ ਹੈ, ਉਸਦੀ ਪ੍ਰੋੜ੍ਹਤਾ ਵਾਸਤੇ ਖੜਾ ਹੋਇਆ ਹਾਂ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਅੰਦਰ ਅਵਾਰਾ ਪਸ਼ੂਆਂ ਦੀ ਬਹੁਤ ਵੱਡੀ ਸਮੱਸਿਆ ਹੈ। ਪਿੰਡਾਂ ਦੇ ਵਿਚ ਵੀ ਅਤੇ ਸ਼ਹਿਰਾਂ ਦੇ ਵਿੱਚ ਵੀ ਬਹੁਤ ਸਾਰੇ ਅਵਾਰਾ ਪਸ਼ੂ, ਫਸਲਾਂ ਦਾ ਬਹੁਤ ਵੱਡਾ ਉਜਾੜਾ ਕਰਦੇ ਹਨ ਅਤੇ ਇਹ ਵੀ ਵੇਖਿਆ ਜਾਂਦਾ ਹੈ ਕਿ ਜੇ ਕਿਸੇ ਫਾਰਮਰ ਦੇ ਖੇਤ ਵਿਚ ਅਵਾਰਾ ਪਸ਼ੂ ਵੜੇ ਹੁੰਦੇ ਹਨ ਤਾਂ ਉਹ ਡੰਡੇ ਮਾਰਕੇ ਉਨ੍ਹਾਂ ਨੂੰ ਅਗਲੇ ਖੇਤ ਵਿਚ ਕਰ ਦਿੰਦਾ ਹੈ ਅਤੇ ਇਸ ਤਰ੍ਹਾਂ ਪਿੰਡਾਂ ਵਿਚ ਝਗੜੇ ਵੀ ਹੁੰਦੇ ਹਨ ਅਤੇ ਇਸਦੇ ਨਾਲ ਹੀ ਜਿਵੇਂ ਅਰਸ਼ੀ ਜੀ ਨੇ ਕਿਹਾ ਕਿ ਸੜਕਾਂ ਤੇ ਕਈ ਐਕਸੀਡੈਂਟ ਵੀ ਹੁੰਦੇ ਹਨ। ਇਸ ਲਈ ਉਨ੍ਹਾਂ ਅਵਾਰਾ ਪਸ਼ੂਆਂ ਦੀ ਰੋਕ ਦੀ ਬੜੀ ਜ਼ਰੂਰਤ ਹੈ। ਇਕ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਫਾਰੈਸਟ ਵਿਭਾਗ ਜਿਹੜਾ ਹੈ ਕਿਉਂਕਿ ਉਨ੍ਹਾਂ ਨੇ ਜਿੰਨੀ ਵੀ ਪਲਾਂਟੇਸ਼ਨ ਕਰਨੀ ਹੁੰਦੀ ਹੈ, ਕਿਉਂਕਿ ਪੰਜਾਬ ਵਿਚ ਹੁਣ ਜੰਗਲ ਤਾਂ ਹੈ ਹੀ ਨਹੀਂ। ਜਿੰਨੇ ਵੀ ਫਾਰੈਸਟ ਵਿਭਾਗ ਨੇ ਦਰੱਖਤ ਲਗਾਉਣੇ ਹੁੰਦੇ ਹਨ ਜਾਂ ਤਾਂ ਉਹ ਸੜਕਾਂ ਦੇ ਕੰਢੇ ਤੇ ਲਗਾਉਂਦੇ ਹਨ ਜਾਂ ਰੇਲਵੇ ਟਰੈਕ ਦੇ ਦੋਵੇਂ ਪਾਸੇ ਲਗਾਉਂਦੇ ਹਨ। ਜੋ ਪਲਾਂਟੇਸ਼ਨ ਨਵੀਂ ਹੁੰਦੀ ਹੈ ਅਤੇ ਉਥੋਂ ਜਦੋਂ ਅਵਾਰਾ ਪਸ਼ੂ ਲੰਘਦੇ ਹਨ ਤਾਂ ਉਨ੍ਹਾਂ ਪੌਦਿਆਂ ਦਾ ਬਹੁਤ ਨੁਕਸਾਨ ਹੁੰਦਾ ਹੈ। ਇਸ ਨਾਲ ਵਿਭਾਗ ਦਾ ਵੀ ਅਤੇ ਪੰਜਾਬ ਦੇ ਲੋਕਾਂ ਦਾ ਵੀ ਵਿੱਤੀ ਨੁਕਸਾਨ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਅਵਾਰਾ ਪਸ਼ੂਆਂ ਤੇ ਕੰਟਰੋਲ ਕੀਤਾ ਜਾਵੇ। ਮੈਂ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਇਨ੍ਹਾਂ ਪਸ਼ੂਆਂ ਵਿਚ ਜਿਹੜੇ ਅਵਾਰਾ ਪਸ਼ੂ ਹਨ, ਉਨ੍ਹਾਂ ਵਿਚ ਕੁਝ ਉਹ ਪਸ਼ੂ ਵੀ ਹੁੰਦੇ ਹਨ, ਜਿਨ੍ਹਾਂ ਤੋਂ ਅਸੀਂ ਦੁੱਧ ਦੀ ਪੈਦਾਵਾਰ ਲੈਂਦੇ ਹਾਂ ਅਤੇ ਉਨ੍ਹਾਂ ਦਾ ਦੁੱਧ ਪੀਂਦੇ ਹਾਂ ਅਤੇ ਉਨ੍ਹਾਂ ਤੋਂ ਖੇਤੀ ਦਾ ਕੰਮ ਵੀ ਲੈਂਦੇ ਹਾਂ। ਜਦੋਂ ਤੱਕ ਉਨ੍ਹਾਂ ਤੋਂ ਕੰਮ ਲਿਆ ਜਾ ਸਕਦਾ ਹੈ ਅਤੇ ਉਹ ਦੁੱਧ ਦਿੰਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਕੋਲ ਰੱਖਦੇ ਹਾਂ ਪਰ ਜਦੋਂ ਉਹ ਦੁੱਧ ਦੇਣ ਤੋਂ ਹਟ ਜਾਂਦੇ ਹਨ ਫਿਰ ਉਨ੍ਹਾਂ ਨੂੰ ਛਡ ਦਿਤਾ ਜਾਂਦਾ ਹੈ ਤੇ ਘਰੋਂ ਬਾਹਰ ਕੱਢ ਦਿੱਤਾ ਜਾਂਦਾ ਹੈ ਅਤੇ ਉਹ ਅਵਾਰਾ ਪਸ਼ੂਆਂ ਵਿਚ ਸ਼ਾਮਿਲ ਹੋ ਜਾਂਦੇ ਹਨ ਇਨ੍ਹਾਂ ਵਿਚ ਬਹੁਤ ਸਾਰੀਆਂ ਗਊਆਂ ਵੀ ਹੁੰਦੀਆਂ ਹਨ। ਇੱਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨਾਲ ਸਾਡਾ ਧਾਰਮਿਕ ਸੈਂਟੀਮੈਂਟ ਜੁੜੇ ਹੋਏ ਹਨ। ਸਾਨੂੰ ਪਤਾ ਹੈ ਕਿ ਅਵਾਰਾ ਜਿਹੜੀਆਂ ਗਊਆਂ ਹਨ, ਵੱਛੇ ਹਨ, ਉਨ੍ਹਾਂ ਨੂੰ ਕਿਸ ਢੰਗ ਨਾਲ ਟਰੱਕਾਂ ਤੇ ਚੜ੍ਹਾ ਕੇ ਪੰਜਾਬ ਦੇ ਬਾਰਡਰ ਤੋਂ ਬਾਹਰ ਲਿਜਾਇਆ ਜਾਂਦਾ ਹੈ ਜਿਸ ਨਾਲ ਸਾਡੇ ਧਾਰਮਿਕ ਸੈਂਟੀਮੈਂਟਸ ਇੰਜਰ ਹੁੰਦੇ ਹਨ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਜਥੇਬੰਦੀਆਂ ਆਪਣੇ ਤੌਰ ਤੇ ਗਊਸ਼ਾਲਾਵਾਂ ਚਲਾ-

Original with;
Punjab Vidhan Sabha
Digitized by;
Panjab Digital Library

ਉਂਦੀਆਂ ਹਨ, ਉਨ੍ਹਾਂ ਦੀ ਸਰਕਾਰ ਮੱਦਦ ਕਰੇ ਔਰ ਉਨ੍ਹਾਂ ਵਾਸਤੇ ਹੋਰ ਸਾਧਨ ਜੁਟਾਏ । ਉਨ੍ਹਾਂ ਦੇ ਚਾਰੇ ਦੇ ਸਬੰਧ ਵਿਚ ਅਤੇ ਅਹਾਤੇ ਵੱਡੇ ਕਰਨ ਦੇ ਸਬੰਧ ਵਿਚ ਜੋ ਉਨ੍ਹਾਂ ਦੀਆਂ ਲੋੜਾਂ ਹਨ, ਉਹ ਸਰਕਾਰ ਪੂਰਾ ਕਰੇ ਤਾਂ ਹੀ ਇਸ ਸਮੱਸਿਆ ਦਾ ਹੱਲ ਨਿਕਲ ਸਕਦਾ ਔਰ ਇਹ ਅਵਾਰਾ ਪਸ਼ੂ ਜਿਹੜੇ ਸਾਡੀ ਟ੍ਰੈਫਿਕ ਵਿਚ ਵੀ ਰੁਕਾਵਟ ਬਣਦੇ ਹਨ ਔਰ ਫਸਲਾਂ ਖਰਾਬ ਕਰਦੇ ਹਨ ਔਰ ਇਨ੍ਹਾਂ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਇੰਜਰ ਹੁੰਦੀਆਂ ਹਨ, ਇਨ੍ਹਾਂ ਸਭ ਨੂੰ ਮਦੇ ਨਜ਼ਰ ਰੱਖਦੇ ਹੋਏ ਅਰਜ਼ੀ ਸਾਹਿਬ ਨੇ ਇਹ ਜਿਹੜਾ ਰੈਜ਼ੋ-ਲਿਊਸ਼ਨ ਲਿਆਂਦਾ ਹੈ, ਮੈਂ ਸਮਝਦਾ ਹਾਂ ਇਸ ਦੀ ਬੜੀ ਮਹੱਤਤਾ ਹੈ । ਇਸ ਰੈਜ਼ੋਲਿਊਸ਼ਨ ਨੂੰ ਜ਼ਰੂਰ ਪਾਸ ਕੀਤਾ ਜਾਣਾ ਚਾਹੀਦਾ ਹੈ ਅਤੇ ਸਰਕਾਰ ਇਸ ਦੇ ਵਾਸਤੇ ਜ਼ਰੂਰ ਪ੍ਰਬੰਧ ਕਰੇ । ਇਨ੍ਹਾਂ ਅਵਾਰਾ ਪਸ਼ੂਆਂ ਵਾਸਤੇ ਵੱਡੀਆਂ ਵੱਡੀਆਂ ਗਊਸ਼ਲਾਵਾਂ ਬਣਾਵੇ ਤਾਂ ਕਿ ਇਨ੍ਹਾਂ ਨੂੰ ਅੱਛੇ ਢੰਗ ਨਾਲ ਰੱਖਿਆ ਜਾ ਸਕੇ । ਇਸ ਨਾਲ ਹੀ ਪੰਜਾਬ ਇਸ ਸਮੱਸਿਆ ਤੋਂ ਬਚ ਸਕੇਗਾ । ਮੈਂ ਇਸ ਰੈਜ਼ੋਲਿਊਸ਼ਨ ਦੀ ਪ੍ਰੋੜਤਾ ਕਰਦਾ ਹਾਂ ਔਰ ਮੈਂ ਸਮਝਦਾ ਹਾਂ ਕਿ ਇਹ ਟਾਕ ਆਊਟ ਨਹੀਂ ਹੋਣਾ ਚਾਹੀਦਾ ਬਲਕਿ ਸਰਕਾਰ ਨੂੰ ਰਿਕੂਮੈਂਡ ਕਰਨਾ ਚਾਹੀਦਾ ਹੈ ਤਾਂ ਕਿ ਇਸ ਦਾ ਪ੍ਰਬੰਧ ਹੋ ਸਕੇ ।

**ਸ਼੍ਰੀ ਤਿਕਸ਼ਨ ਸੂਦ** (ਹੁਸ਼ਿਆਰਪੁਰ) : ਸਪੀਕਰ ਸਾਹਿਬ, ਜੋ ਮਤਾ ਅਰਜ਼ੀ ਸਾਹਿਬ ਨੇ ਲਿਆਂਦਾ ਹੈ, ਉਸ ਵਿਚ ਇਸ ਗੱਲ ਤੇ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਜੋ ਅਵਾਰਾ ਪਸ਼ੂ ਹਨ ਔਰ ਉਨ੍ਹਾਂ ਵਲੋਂ ਜੋ ਨੁਕਸਾਨ ਹੁੰਦਾ ਹੈ, ਉਹ ਅਣ-ਦੇਖਿਆ ਨਹੀਂ ਕੀਤਾ ਜਾ ਸਕਦਾ । ਮੈਂ ਸਮਝਦਾ ਹਾਂ ਕਿ ਤਿੰਨ ਤਰ੍ਹਾਂ ਦੇ ਪਸ਼ੂ ਹਨ । ਇੱਕ ਅਵਾਰਾ ਪਸ਼ੂ, ਦੂਜਾ ਜੰਗਲੀ ਪਸ਼ੂ ਅਤੇ ਤੀਜਾ ਪਾਲਤੂ ਪਸ਼ੂ । ਸਪੀਕਰ ਸਾਹਿਬ, ਪਹਿਲਾਂ ਹੀ ਇਸ ਸਬੰਧੀ ਕਨੂੰਨ ਬਣ ਚੁੱਕੇ ਹਨ । ਮੈਂ ਸਮਝਦਾ ਹਾਂਕਿ ਹੋਰ ਬਹੁਤ ਸਾਰੇ ਕਾਨੂੰਨਾ ਔਰ ਬਿੱਲਾਂ ਦੀ ਤਰ੍ਹਾਂ ਇਸ ਵਿਚ ਵੀ ਇੰਪਲੀਮੈਨਟੇਸ਼ਨ ਦੀ ਬੜੀ ਘਾਟ ਹੈ । ਉਨ੍ਹਾਂ ਕਾਨੂੰਨ ਦੇ ਬਾਵਜੂਦ ਵੀ ਜਿਨ੍ਹਾਂ ਨਾਲ ਇਸ ਤੋਂ ਛੁਟਕਾਰਾ ਪਾ ਸਕੀਏ ਇਸ ਤਰ੍ਹਾਂ ਦੀਆਂ ਏਜੰਸੀਆਂ ਸਰਕਾਰ ਕੋਲ ਨਹੀਂ ਬਣ ਸਕਦੀਆਂ । ਇਹ ਸਮੱਸਿਆ ਦਿਨ-ਬ-ਦਿਨ ਵੱਧ ਰਹੀ ਹੈ । ਜਿੱਥੋਂ ਤੱਕ ਇਸ ਗੱਲ ਦਾ ਸਵਾਲ ਆਇਆ ਹੈ ਕਿ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ, ਉਸ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਧਾਰਮਿਕ ਭਾਵਨਾਵਾਂ ਤਾਂ ਬਣਦੀਆਂ ਹਨ ਜਿਸ ਵੇਲੇ ਉਨ੍ਹਾਂ ਦਾ ਸੋਸ਼ਲ ਜਾਂ ਆਰਥਿਕ ਮਤਲਬ ਹੋਵੇ । ਸੋ ਸਮਾਜਿਕ ਅਤੇ ਆਰਥਿਕ ਰੂਪ ਵਿਚ ਹਰ ਇੱਕ ਪਸ਼ੂ ਦੀ ਇਸ ਸਮਾਜ ਨੂੰ ਵੈਲਿਊ ਹੈ, ਇਸਦੀ ਕੀਮਤ ਹੈ । ਇਸ ਕਰਕੇ ਸਾਨੂੰ ਇਨ੍ਹਾਂ ਪਸ਼ੂਆਂ ਦੀ ਆਪਣੇ ਬਜ਼ੁਰਗਾਂ ਵਾਂਗ ਸਾਂਭ ਕੇ ਰੱਖਣ ਦੀ ਜ਼ਰੂਰਤ ਹੈ ਔਰ ਇਸ ਕਰਤੱਵ ਨੂੰ ਸਧਾਰਨ ਤੌਰ ਤੇ ਧਾਰਮਿਕ ਭਾਵਨਾ ਕਹਿ ਕੇ ਨਹੀਂ ਛੱਡ ਦੇਣਾ ਚਾਹੀਦਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਕਾਨੂੰਨ ਬਣ ਚੁੱਕੇ ਹਨ, ਉਨ੍ਹਾਂ ਦਾ ਸੰਖੇਪ ਵਰਨਣ ਜਾਂ ਸੰਖੇਪ ਢਾਂਚਾ, ਹਾਊਸ ਦੇ ਮੈਂਬਰ ਸਾਹਿਬਾਨ ਨੂੰ ਦੇਣਾ ਚਾਹੀਦਾ ਹੈ ਤਾਂ ਕਿ, ਉਹ ਉਸ ਵਿਚ ਕੋਈ ਸੰਸ਼ੋਧਨ ਰੱਖ ਸਕੇ ਔਰ ਉਨ੍ਹਾਂ ਸੰਸ਼ੋਧਨਾਂ ਬਾਰੇ ਸਰਕਾਰ ਨਾਲ ਗੱਲ ਕਰ ਸਕੀਏ । ਸਪੀਕਰ ਸਾਹਿਬ, ਇਸ ਗੱਲ ਦੀ ਵੀ ਚਰਚਾ ਵੀ ਹੋਈ ਹੈ ਕਿ ਜਿਹੜੀਆਂ ਸਾਡੀਆਂ ਸੰਸਥਾਵਾਂ ਹਨ, ਜਿਹੜੀਆਂ ਪਾਲਤੂ ਪਸ਼ੂ ਜਾਂ ਅਵਾਰਾ ਪਸ਼ੂ ਰੱਖਦੀਆਂ ਹਨ, ਇਨ੍ਹਾਂ ਸੰਸਥਾਵਾਂ ਦੇ ਵਿਚੋਂ ਕੁਝ ਸੰਸਥਾਵਾਂ ਬਿਜ਼ਨਿਸ ਜਾਂ ਕੁਰਪਸ਼ਨ ਦੇ ਅੱਡੇ ਬਣ ਚੁੱਕੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤ੍ਰਿਕਸ਼ਨ ਸੂਦ]

ਹਨ । ਆਪਣੇ ਦਾਵੇਂ ਮੈਂਬਰਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਉਥੇ ਉਹ ਲੋਕ ਉਨ੍ਹਾਂ ਸੰਸਥਾਵਾਂ ਵਿਚ ਚਲੇ ਜਾਂਦੇ ਹਨ, ਜਿਹੜੇ ਪਸ਼ੂਆਂ ਦਾ ਖਿਆਲ ਘੱਟ ਆਪਣਾ ਖਿਅਲ ਜਿਆਦਾ ਰੱਖਦੇ ਹਨ ਮੈਂ ਇਹ ਗੱਲ ਕਹਿਣੀ ਚਾਹਾਂਗਾ ਕਿ ਜਿਥੇ ਅਵਾਰਾ ਪਸ਼ੂਆਂ ਨੂੰ ਰੱਖਣ ਲਈ ਡਿਟੇਲਡ,ਰੂਲਜ਼ ਜ਼ਿਆਦਾ ਵਧੀਆ ਰੂਲਜ਼ ਬਣਾਉਣੇ ਚਾਹੀਦੇ ਹਨ, ਉਥੇ ਇਸ ਤਰ੍ਹਾਂ ਦੀਆਂ ਸੰਸਥਾਵਾਂ, ਜਿਹੜੀਆਂ ਪਸ਼ੂਆਂ ਦੀ ਦੇਖਭਾਲ ਕਰਦੀਆਂ ਹਨ, ਉਸ ਵਿਚ ਸਰਕਾਰ ਨੂੰ ਸਿਧੀ ਦਖਲ-ਅੰਦਾਜ਼ੀ ਕਰਨੀ ਚਾਹੀਦੀ ਹੈ । ਸਬ-ਡਿਵੀਜ਼ਨਲ ਲੈਵਲ ਤੇ ਐਸ. ਡੀ. ਐਮ., ਐਮ. ਐਲ. ਏ. ਸਾਹਿਬਾਨ, ਇਸ ਤਰ੍ਹਾਂ ਦੇ ਮੈਂਬਰ ਪਾ ਕੇ ਇਸ ਨੂੰ ਸੁਚਾਰੂ ਢੰਗ ਨਾਲ ਸਰਕਾਰ ਦੇ ਕੰਟਰੋਲ ਥੱਲੇ ਕਰਨਾ ਚਾਹੀਦਾ ਹੈ । ਜੇ ਜ਼ਰੂਰਤ ਪਵੇ ਤਾਂ ਸਰਕਾਰ ਵੱਲੋਂ ਕਿਸੇ ਹੋਰ ਦਿਨ ਇਸ ਤੇ ਵਿਚਾਰ ਹੋਣਾ ਚਾਹੀਦਾ ਹੈ ਤਾ ਕਿ ਅਗਰ ਕੋਈ ਸਮੱਸਿਆ ਲੱਗੇ, ਤਾਂ ਅਸੀਂ ਸਾਰੇ ਇਨ੍ਹਾਂ ਸਮੱਸਿਆਵਾਂ ਤੇ ਖੁੱਲ੍ਹ ਕੇ ਵਿਚਾਰ ਕਰ ਸਕੀਏ । ਜਿਹੜੇ ਰੂਲਜ਼ ਪਹਿਲਾਂ ਐਗਜਿਸਟ ਕਰਦੇ ਹਨ, ਉਨ੍ਹਾਂ ਨੂੰ ਦੇਖ ਸਕੀਏ । ਜ਼ਿਆਦਾ ਜ਼ਰੂਰਤ ਇਸ ਮਾਮਲੇ ਵਿਚ ਇਸ ਗੱਲ ਦੀ ਹੈ ਕਿ ਜਿਹੜੀਆਂ ਇੰਪਲੀਮੈਂਟਿੰਗ ਏਜੰਸੀਆਂ ਹਨ, ਉਹ ਬਿਲਕੁਲ ਨਕਾਰਾ ਹੋ ਚੁਕਿਆਂ ਹਨ. ਉਹ ਬਿਲਕੁਲ ਕੋਈ ਕੰਮ ਨਹੀਂ ਕਰ ਰਹੀਆਂ । ਜੇ ਉਹ ਕੰਮ ਕਰਦੀਆਂ ਹੁੰਦੀਆਂ, ਤਾਂ ਅੱਜ ਇਹ ਸਮੱਸਿਆ ਇਸ ਹਾਲਤ ਵਿੱਚ ਨਾ ਪਹੁੰਚਦੀ । ਸੋ, ਮੈਂ ਇਸ ਪ੍ਰਸਤਾਵ ਦੀ ਪ੍ਰੋੜਤਾ ਕਰਦਾ ਹਾਂ ਅਤੇ ਨਾਲ ਹੀ ਇਹ ਗੱਲ ਵੀ ਕਹਿਣੀ ਚਾਹੁੰਦਾ ਹੈ ਕਿ ਇਸ ਪ੍ਰਸਤਾਵ ਤੇ ਇਕ ਵਾਰ ਫਿਰ ਖੁੱਲ੍ਹ ਕੇ ਚਰਚਾ ਹੋਣੀ ਚਾਹੀਦੀ ਹੈ ਔਰ ਇਸ ਸਬੰਧੀ ਜਿਹੜੇ ਕਾਨੂੰਨ ਬਣੇ ਹੋਏ ਹਨ ਔਰ ਜਿਹੜਾ ਇੰਪਲੀਮੈਂਟੇਸ਼ਨ ਦਾ ਸਕੋਪ ਹੈ, ਉਸ ਉਤੇ ਇੱਕ ਵਾਰੀ ਫਿਰ ਸਟੱਡੀ ਕਰਕੇ ਘੋਖ ਕੀਤੀ ਜਾਣੀ ਚਾਹੀਦੀ ਹੈ ।

**ਸਰਦਾਰ ਸੁਰਜੀਤ ਸਿੰਘ ਕੋਹਲੀ** (ਪਟਿਆਲਾ ਟਾਊਨ) : ਸਤਿਕਾਰਯੋਗ ਸਪੀਕਰ ਸਾਹਿਬ, ਜੋ ਮਤਾ ਅਵਾਰਾ ਪਸ਼ੂਆਂ ਬਾਰੇ ਹਰਦੇਵ ਅਰਸ਼ੀ ਜੀ ਹਾਊਸ ਵਿਚ ਲੈ ਕੇ ਆਏ ਹਨ, ਮੈਂ ਇਸ ਮੱਤੇ ਦੀ ਪ੍ਰੋੜਤਾ ਕਰਦਾ ਹਾਂ । ਅਵਾਰਾ ਪਸ਼ੂ ਜਦੋਂ ਸੜਕਾਂ ਤੇ ਕਿਸੇ ਹੈਵੀ ਟਰੱਕ ਦੇ ਨਾਲ ਲਗਦੇ ਹਨ, ਤਾਂ ਸੜਕ ਤੇ ਹੀ ਮਰ ਜਾਂਦੇ ਹਨ । ਉਸ ਤੋਂ ਬਾਅਦ ਜਦੋਂ ਛੋਟੀਆਂ ਗੱਡੀਆਂ, ਲਾਈਟ ਵਹੀਕਲ ਆਉਂਦੇ ਹਨ ਤਾਂ ਰਾਤ ਨੂੰ ਲਾਈਟ ਦੇ ਰਿਫਲੈਕਸ਼ਨ ਕਰਕੇ ਨਜ਼ਰ ਨਹੀਂ ਆਉਂਦਾ ਅਤੇ ਛੋਟੀ ਗੱਡੀ, ਮਾਰੂਤੀ ਕਾਰ, ਸੜਕ ਤੇ ਮਰੇ ਹੋਏ ਉਨ੍ਹਾਂ ਪਸ਼ੂਆਂ ਦੇ ਉਪਰ ਚੜ੍ਹ ਜਾਂਦੀ ਹੈ ਅਤੇ ਉਹ ਪਸ਼ੂ ਇਕ ਹੋਰ ਐਕਸੀਡੈਂਟ ਦਾ ਕਾਰਨ ਬਣ ਜਾਂਦਾ ਹੈ । ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਵਾਰਾ ਪਸ਼ੂਆਂ ਤੇ ਕੰਟਰੋਲ ਕੀਤਾ ਜਾਵੇ । ਇਸ ਦੇ ਨਾਲ ਸ਼ਹਿਰਾਂ ਦੇ ਵਿਚ ਵੀ ਜਦੋਂ ਅਵਾਰਾ ਪਸ਼ੂ ਸਵੇਰੇ ਆਪਣੀਆਂ ਪੂਛਾਂ ਮਲ ਮੂਤਰਾਂ ਨਾਲ ਲਿਬੜੀਆਂ ਹੋਈਆਂ ਹਿਲਾਉਂਦੇ ਹਨ, ਤਾਂ ਸਕੂਲੀ ਬੱਚਿਆਂ ਤੇ ਦਫ਼ਤਰ ਜਾਂਦੇ ਮੁਲਾਜ਼ਮਾਂ ਦੇ ਕਪੜਿਆਂ ਨੂੰ ਖਰਾਬ ਕਰ ਦਿੰਦੇ ਹਨ । ਸ਼ਹਿਰਾਂ ਵਿਚ ਗੰਦਗੀ ਦਾ ਮੇਨ ਕਾਰਨ ਅਵਾਰਾ ਪਸ਼ੂ ਹੀ ਬਣਦੇ ਹਨ । ਇਸ ਦੇ ਨਾਲ ਹੀ ਸ਼ਹਿਰਾਂ ਦੇ ਵਿਚ ਸੀਵਰੇਜ ਵੀ ਤਕਰੀਬਨ ਬੰਦ ਹੋ ਜਾਂਦਾ ਹੈ । ਜਿਨ੍ਹਾਂ ਥਾਵਾਂ ਤੇ ਆਵਾਰਾ ਪਸ਼ੂ ਜ਼ਿਆਦਾ ਫਿਰਦੇ ਹਨ ਉਨ੍ਹਾਂ ਥਾਵਾਂ ਤੇ ਮੈਕਸੀਮਮ ਸੀਵਰੇਜ ਵਿਚ ਰੁਕਾਵਟਾਂ ਖੜ੍ਹੀਆਂ ਹੋ ਜਾਂਦੀਆਂ ਹਨ । ਜਿਹੜੇ ਅਵਾਰਾ ਪਸ਼ੂ ਸੜਕਾਂ ਤੇ ਮਰ ਜਾਂਦੇ ਹਨ ਔਰ ਜੋ ਠੇਕੇਦਾਰ ਪਸ਼ੂ ਚੁੱਕਣ ਦਾ ਠੇਕਾ ਲੈਂਦੇ ਹਨ, ਜੇਕਰ ਉਸਨੂੰ ਉਸ ਮਰੇ ਹੋਏ ਪਸ਼ੂ ਤੋਂ ਆਮਦਨ ਹੋਵੇ, ਤਾਂ ਉਹ ਉਸ ਨੂੰ ਚੁੱਕ

Original with;
Punjab Vidhan Sabha
Digitized by;
Panjab Digital Library

ਲੈਂਦੇ ਹਨ ਔਰ ਜਿਨ੍ਹਾਂ ਤੋਂ ਆਮਦਨ ਨਹੀਂ ਹੁੰਦੀ, ਉਹ ਸੜਕਾਂ ਤੇ ਹੀ ਪਏ ਰਹਿਣ ਦਿੰਦੇ ਹਨ ਔਰ ਉਹ ਬਦਬੂ ਅਤੇ ਬਿਮਾਰੀਆਂ ਦਾ ਕਾਰਨ ਬਣਦੇ ਹਨ। ਜਦੋਂ ਪਸ਼ੂ ਕਈ ਕਈ ਦਿਨ ਸੜਕਾਂ ਤੇ ਪਿਆ ਰਹਿੰਦਾ ਹੈ, ਤਾਂ ਇਸ ਨਾਲ ਲੋਕਾਂ ਨੂੰ ਬਹੁਤ ਮੁਸ਼ਕਲ ਆਉਂਦੀ ਹੈ। ਇਸ ਕਰਕੇ ਮੈਂ ਇਸ ਮਤੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ਔਰ ਬੇਨਤੀ ਕਰਦਾ ਹਾਂ ਕਿ ਇਸ ਉਤੇ ਵਿਚਾਰ ਕਰਕੇ ਕੋਈ ਨਾ ਕੋਈ ਕਾਨੂੰਨ ਜ਼ਰੂਰ ਬਣਾਉਣਾ ਚਾਹੀਦਾ ਹੈ।

**ਸਰਦਾਰ ਤੋਤਾ ਸਿੰਘ** (ਮੋਗਾ). ਸਪੀਕਰ ਸਾਹਿਬ, ਜੋ ਰੈਜ਼ੋਲਿਊਸ਼ਨ ਅਰਸ਼ੀ ਜੀ ਨੇ ਲਿਆਂਦਾ ਹੈ ਭਾਵੇਂ ਇਹ ਕਾਫੀ ਮਹੱਤਤਾ ਵਾਲਾ ਹੈ ਪਰ ਇਸ ਨਾਲ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ। ਭਾਵੇਂ ਨੁਕਸਾਨ ਹੁੰਦਾ ਹੈ ਪਰ ਧਾਰਮਿਕ ਭਾਵਨਾਵਾਂ ਨੂੰ ਮੁੱਖ ਰਖਦੇ ਹੋਏ ਆਪਾਂ ਅਜਿਹਾ ਕੋਈ ਕਦਮ ਨਹੀਂ ਚੁੱਕ ਸਕਦੇ, ਜਿਸ ਨਾਲ ਲੋਕਾਂ ਦੇ ਜਜ਼-ਬਾਤ ਭੜਕ ਸਕਣ। ਫਿਰ ਵੀ ਜੋ ਨੁਕਸਾਨ ਕਿਸਾਨਾਂ ਦਾ ਹੁੰਦਾ ਹੈ, ਮੈਂ ਆਪ ਕਿਸਾਨ ਹਾਂ, ਉਹ ਨੁਕਸਾਨ ਕਿਸਾਨ ਬਰਦਾਸ਼ਤ ਕਰਨ ਦੇ ਯੋਗ ਨਹੀਂ ਹੁੰਦਾ। ਸ਼ਾਮ ਨੂੰ ਜਦੋਂ ਪੰਜ ਵਜੇ ਹੁੰਦੇ ਹਨ, ਪਿੰਡਾਂ ਦੇ 20-20 ਨੌਜਵਾਨ ਮੁੰਡੇ ਪਿੰਡਾਂ ਦੇ ਖੇਤਾਂ ਵਿਚ ਬੈਠੇ ਹੁੰਦੇ ਹਨ ਅਤੇ ਉਹ ਅਵਾਰਾ ਪਸ਼ੂਆਂ ਨੂੰ ਇਕ ਪਿੰਡ ਤੋਂ ਦੂਸਰੇ ਪਿੰਡ ਵਿਚ ਵਾੜ ਦਿੰਦੇ ਹਨ ਅਤੇ ਇੰਜ 20-20, 30-30 ਕਿਲੋਮੀਟਰ ਤੱਕ ਅਵਾਰਾ ਪਸ਼ੂ ਐਵੇਂ ਤੁਰੀ ਫਿਰਦੇ ਰਹਿੰਦੇ ਹਨ, ਜਿਨ੍ਹਾਂ ਵਿਚ ਵਿਸ਼ੇਸ਼ ਕਰਕੇ ਭਾਵੇਂ ਗਊਆਂ ਹੀ ਹੁੰਦੀਆਂ ਹਨ, ਜਾਂ ਭਾਵੇਂ ਨੀਲ ਗਊਆਂ ਵੀ ਹੁੰਦੀਆਂ ਹਨ, ਉਨ੍ਹਾਂ ਨੂੰ ਐਵੇਂ ਛੱਡ ਦਿਤਾ ਜਾਂਦਾ ਹੈ ਜਿਸ ਕਾਰਨ ਐਕਸੀਡੈਂਟ ਵੀ ਹੁੰਦੇ ਹਨ। ਜੋ ਗਊ ਦੁਧ ਨਾ ਦਿੰਦੀ ਹੋਵੇ ਜਾਂ ਖੱਚਾ ਪੈਦਾ ਕਰਨ ਦੇ ਯੋਗ ਨਾ ਰਹੀ ਹਵੇ ਤਾਂ ਉਸ ਨੂੰ ਛੱਡ ਦਿੱਤਾ ਜਾਂਦਾ ਹੈ ਜੇ ਕੋਈ ਢੱਟਾ ਜਾਂ ਬਲਦ ਕੰਮ ਕਰਨ ਦੇ ਯੋਗ ਨਾ ਹੋਵੇ ਤਾਂ ਉਸ ਨੂੰ ਵੀ ਅਵਾਰਾ ਛੱਡ ਦਿੱਤਾ ਜਾਂਦਾ ਹੈ। ਅੱਜ ਮਸ਼ੀਨੀ ਯੁਗ ਹੋਣ ਕਰਕੇ ਵੀ ਇਨ੍ਹਾਂ ਦੀ ਬੁੱਕਤ ਘੱਟੀ ਹੈ ਜਿਸ ਕਾਰਨ ਪਸ਼ੂਆਂ ਨੂੰ ਅਵਾਰਾ ਛੱਡ ਦਿੱਤਾ ਜਾਂਦਾ ਹੈ ਪੁਰਾਣੇ ਸਮੇਂ ਦੇ ਵਿੱਚ ਬਲਦ ਦੀ ਇਤਨੀ ਮਹੱਤਤਾ ਸੀ ਕਿ ਜਦੋਂ ਵੱਛਾ ਜਨਮ ਲੈਂਦਾ ਸੀ ਤਾਂ ਗੁੜ ਵੰਡਿਆ ਜਾਂਦਾ ਸੀ ਪਰ ਅੱਜ ਜਦੋਂ ਵੱਛੀ ਜਨਮ ਲੈਂਦੀ ਤਾਂ ਗੁੜ ਵੰਡਿਆ ਜਾਂਦਾ ਹੈ। ਜੇ ਵੱਛਾ ਜਨਮ ਲੈਂਦਾ ਹੈ ਤਾਂ ਨਮੋਸ਼ੀ ਮਹਿਸੂਸ ਕੀਤੀ ਜਾਂਦੀ ਹੈ। ਅੱਜ ਕਿਸੇ ਦਾਣਾ ਮੰਡੀ ਦੇ ਵਿਚ ਵੇਖ ਲਵੋ ਤਾਂ 50-50 ਗਾਵਾਂ ਦਾ ਝੁੰਡ ਵੀ ਫਿਰਦਾ ਹੈ ਅਤੇ 50-50 ਵੱਛਿਆਂ ਦਾ ਝੁੰਡ ਵੀ ਫਿਰਦਾ ਹੈ ਜਿਨ੍ਹਾਂ ਕਾਰਨ ਕਿੰਨੇ ਐਕਸੀਡੈਂਟ ਹੁੰਦੇ ਹਨ ਅਤੇ ਕਿੰਨੀਆਂ ਦੁੱਖਦਾਈ ਘਟਨਾਵਾਂ ਵਾਪਰਦੀਆਂ ਹਨ। ਇਸ ਲਈ ਆਪਾਂ ਸਭ ਨੂੰ ਗੰਭੀਰਤਾ ਦੇ ਨਾਲ ਇਹ ਸੋਚਣਾ ਚਾਹੀਦਾ ਹੈ ਕਿ ਇਸ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ। ਇਸਦਾ ਇੱਕੋ ਹੱਲ ਹੈ ਕਿ ਜਿਹੜੇ ਵੱਛੇ ਹੁੰਦੇ ਹਨ ਜਦੋਂ ਪੁਰਾਣੇ ਸਮੇਂ ਦੇ ਵਿਚ ਕਿਸੇ ਪਿੰਡ ਦੇ ਵਿਚ ਢੱਟਾ ਹੁੰਦਾ ਸੀ ਤਾਂ ਉਸ ਦੇ ਉਤੇ ਇੱਕ ਠੱਪਾ ਲਾਇਆ ਹੁੰਦਾ ਸੀ ਤਾਂਕਿ ਉਸਦੀ ਪਹਿਚਾਣ ਕੀਤੀ ਜਾ ਸਕੇ। ਇਸੇ ਤਰ੍ਹਾਂ ਹੀ ਝੋਟਿਆਂ ਦੇ ਉਤੇ ਵੀ ਨਿਸ਼ਾਨ ਲਾਇਆ ਹੁੰਦਾ ਸੀ ਅਤੇ ਉਹ ਲੋਕਾਂ ਦੇ ਖੇਤਾਂ ਵਿਚ ਚਰਦੇ ਰਹਿੰਦੇ ਸਨ ਪਰ ਉਨ੍ਹਾਂ ਨੂੰ ਕੋਈ ਮਾਰਦਾ ਨਹੀਂ ਸੀ, ਸਗੋਂ ਪੂਰਾ ਸਤਿਕਾਰ ਕੀਤਾ ਜਾਂਦਾ ਸੀ। ਅੱਜ ਜੋ ਹਾਲਤ ਹੈ ਜਿਹੜੇ 30-40

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਪਸ਼ੂ ਦਾਣਾ ਮੰਡੀਆਂ ਵਿਚ ਫਿਰਦੇ ਹਨ ਉਨ੍ਹਾਂ ਨੂੰ ਜਨਮ ਦੇਣ ਤੋਂ ਰੋਕਣਾ ਚਾਹੀਦਾ ਹੈ ਅਤੇ ਜਦੋਂ ਉਹ ਜਨਮ ਦੇਣੋਂ ਬੰਦ ਹੋ ਜਾਣਗੇ ਤਾਂ ਆਪੇ 5-7 ਸਾਲਾਂ ਦੇ ਵਿਚ ਖਤਮ ਹੋ ਜਾਣਗੇ। ਇਸੇ ਤਰ੍ਹਾਂ ਗਊਸ਼ਾਲਾਵਾਂ ਦੇ ਘੇਰੇ ਵੀ ਵਧਾਏ ਜਾਣੇ ਚਾਹੀਦੇ ਹਨ। ਕਈ ਵਾਰ ਜਿਹੜਾ ਪਸ਼ੂ ਚੰਗੇ ਪੈਸੇ ਦੇਣ ਵਾਲਾ ਹੁੰਦਾ ਹੈ ਉਸ ਨੂੰ ਉਹ ਰੱਖ ਲੈਂਦੇ ਹਨ ਅਤੇ ਜਿਹੜਾ ਪਸ਼ੂ ਬੇਕਾਰ ਹੁੰਦਾ ਹੈ ਤਾਂ ਉਸ ਨੂੰ ਉਹ ਨਹੀਂ ਰੱਖਦੇ, ਇਸ ਤਰ੍ਹਾਂ ਅਵਾਰਾ ਪਸ਼ੂਆਂ ਦਾ ਵਾਧਾ ਹੁੰਦਾ ਹੈ। ਗਊਸ਼ਾਲਾਵਾਂ ਦੀ ਜਥੇਬੰਦੀਆਂ ਦੀ ਸਰਕਾਰ ਨੂੰ ਮੱਦਦ ਕਰਨੀ ਚਾਹੀਦੀ ਹੈ। ਚਾਹੇ ਕੋਈ ਐਮ.ਐਲ.ਏ. ਹੈ ਜਾਂ ਫਿਰ ਮਨਿਸਟਰ ਹੈ ਉਨ੍ਹਾਂ ਸਭ ਨੂੰ ਇਨ੍ਹਾਂ ਜਥੇਬੰਦੀਆਂ ਦਾ ਸਹਿਯੋਗ ਦੇਣਾ ਚਾਹੀਦਾ ਹੈ ਅਤੇ ਇਸ ਵਿਚ ਥੋੜ੍ਹੇ ਬਹੁਤ ਘਾਟੇ ਨੂੰ ਵੀ ਸਾਨੂੰ ਬਰਦਾਸ਼ਤ ਕਰਨਾ ਚਾਹੀਦਾ ਹੈ। ਗਊਸ਼ਾਲਾਵਾਂ ਦਾ ਘੇਰਾ ਵਧਾਉਣਾ ਚਾਹੀਦਾ ਹੈ। ਅੱਜ ਕਿਸ ਤਰ੍ਹਾਂ ਪਸ਼ੂ ਦਾਣਾ ਮੰਡੀਆਂ ਦੇ ਵਿਚ ਫਿਰਦੇ ਹਨ ਅਤੇ ਕਿੰਨੇ ਐਕਸੀਡੈਂਟ ਹੁੰਦੇ ਹਨ। ਇਸੇ ਤਰ੍ਹਾਂ ਆਵਾਰਾ ਕੁੱਤਿਆਂ ਦੇ ਕਾਰਨ ਕਿੰਨੀਆਂ ਹੀ ਦੁੱਖਦਾਈ ਘਟਨਾਵਾਂ ਵਾਪਰਦੀਆਂ ਹਨ। ਕੁੱਤਿਆਂ ਦੇ ਹਲਕਾਅ ਹੋਣ ਕਾਰਨ ਕਿੰਨੇ ਹੀ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਇਸ ਪਾਸੇ ਵੀ ਸਰਕਾਰ ਨੂੰ ਤੁਰੰਤ ਧਿਆਨ ਦੇਣਾ ਚਾਹੀਦਾ ਹੈ। ਅਵਾਰਾ ਕੁੱਤੇ ਕਿਸੇ ਵੀ ਕੀਮਤ ਤੇ ਪਿੰਡਾਂ ਦੀਆਂ ਗਲੀਆਂ ਵਿਚ ਨਾ ਫਿਰਨ। ਜਿਸਨੇ ਕੁੱਤਾ ਰੱਖਣਾ ਹੋਵੇ ਉਹ ਕੁੱਤੇ ਦੇ ਗੱਲੇ ਵਿਚ ਪਟਾ ਪਾਕੇ ਰੱਖੇ। ਵਿਦੇਸ਼ਾਂ ਦੇ ਵਿਚ ਜਾਕੇ ਦੇਖੋ ਕਿ ਕਿਸ ਤਰ੍ਹਾਂ ਕੁੱਤੇ ਨੂੰ ਪਿਆਰ ਨਾਲ ਰੱਖਿਆ ਜਾਂਦਾ ਹੈ ਅਤੇ ਕਿਸ ਤਰ੍ਹਾਂ ਉਸ ਦਾ ਪਾਲਣ ਪੋਸ਼ਣ ਕੀਤਾ ਜਾਂਦਾ ਹੈ। ਅੱਜ ਸਾਡੇ ਦੇਸ਼ ਵਿਚ ਕਿਸ ਤਰ੍ਹਾਂ 20-20, 30-30 ਅਵਾਰਾ ਕੁੱਤੇ ਫਿਰਦੇ ਰਹਿੰਦੇ ਹਨ ਜਿਨ੍ਹਾਂ ਨਾਲ ਕਿੰਨੇ ਐਕਸੀਡੈਂਟ ਹੁੰਦੇ ਹਨ। ਉਨ੍ਹਾਂ ਤੋਂ ਕਾਰ ਵਾਲੇ ਤਾਂ ਬਚ ਜਾਂਦੇ ਹਨ ਪਰ ਸਕੂਟਰ ਵਾਲਾ ਨਹੀਂ ਬਚ ਸਕਦਾ, ਸਾਇਕਲ ਵਾਲਾ ਤਾਂ ਬਿਲਕੁਲ ਨਹੀਂ ਬਚ ਸਕਦਾ। ਇਸ ਲਈ ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ। ਸਾਡੇ ਤੋਂ ਪਹਿਲਾਂ ਅਰਸ਼ੀ ਜੀ ਨੇ ਗਾਈਆਂ ਬਾਰੇ ਕਿਹਾ ਇਸ ਵਿਚ ਕੋਈ ਸ਼ੱਕ ਨਹੀਂ, ਇਹ ਠੀਕ ਹੈ, ਪਰ ਧਰਮ ਦਾ ਮਸਲਾ ਹੈ। 5-7 ਐਸੀਆਂ ਪਲਾਨਿੰਗਾਂ ਬਣਾਕੇ ਇਨ੍ਹਾਂ ਦੀ ਜਨਮ ਦਰ ਵਧਣ ਨਹੀਂ ਦੇਣੀ ਚਾਹੀਦੀ, ਤਾਂ ਹੀ ਇਸ ਤੇ ਕੰਟਰੋਲ ਹੋ ਸਕਦਾ ਹੈ। ਦੂਸਰਾ ਜੋ ਇਕ ਮਹਿਕਮਾ ਡੰਗਰਾਂ ਨੂੰ ਇਕੱਠਾ ਕਰਨ ਵਾਲਾ ਬਣਾਇਆ ਗਿਆ ਹੈ, ਉਹ ਤਾਂ ਕੇਵਲ ਕਾਗਜ਼ਾਂ ਵਿਚ ਹੀ ਹੈ। ਜੇਕਰ ਉਸ ਦੀ ਪ੍ਰੋਗਰੈਸ ਦੇਖੀਏ ਤਾਂ ਨਿੱਲ ਹੈ। ਇਹ ਐਵੇਂ ਸਰਕਾਰ ਦੇ ਉਤੇ ਬੋਝ ਹੈ। ਇਸ ਤਰ੍ਹਾਂ ਜੋ ਡੰਗਰਾਂ ਨੂੰ ਫੜਨ ਵਾਲਾ ਮਹਿਕਮਾ ਹੈ, ਇਸ ਦੀ ਬਕਾਇਦਾ ਪ੍ਰੋਗਰੈਸ ਦੇਖਣੀ ਚਾਹੀਦੀ ਹੈ। ਮੈਂ ਦੋਬਾਰਾ ਕਹਿੰਦਾ ਹਾਂ ਕਿ ਗਊਸ਼ਾਲਾਵਾਂ ਦਾ ਘੇਰਾ ਵਧਾਇਆ ਜਾਣਾ ਚਾਹੀਦਾ ਹੈ ਤਾਂ ਹੀ ਇਸ ਤੇ ਕੰਟਰੋਲ ਹੋ ਸਕਦਾ ਹੈ। ਇੰਨਾ ਕੁਝ ਕਹਿੰਦਾ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਸਿਕੰਦਰ ਸਿੰਘ** (ਰਾਮਪੁਰਾ ਫੂਲ) : ਸਪੀਕਰ ਸਾਹਿਬ, ਇਹ ਜੋ ਅਵਾਰਾ ਪਸ਼ੂਆਂ ਦਾ ਸਦਨ ਵਿਚ ਮਤਾ ਪੇਸ਼ ਕੀਤਾ ਗਿਆ ਹੈ ਇਹ ਬਹੁਤ ਹੀ ਅਹਿਮ ਮਤਾ ਹੈ। ਇਸ ਸਮੱਸਿਆ ਉਤੇ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ। ਇਸ ਉਤੇ ਕੰਟਰੋਲ ਕਰਨ ਲਈ ਬਹੁਤ ਜ਼ਰੂਰੀ ਕਦਮ ਚੁੱਕਣੇ ਪੈਣਗੇ ਬਠਿੰਡੇ ਦੀ ਛਾਉਣੀ ਵਿਚ ਦੂਰੋਂ ਦੂਰੋਂ

Original with;
Punjab Vidhan Sabha
Digitized by;
Punjab Digital Library

ਲੋਕ ਆਵਾਰਾ ਪਸ਼ੂਆਂ ਨੂੰ ਲਿਆਕੇ ਛੱਡ ਦਿੰਦੇ ਹਨ । 15–20 ਪਿੰਡ ਜੋ ਕਿ ਉਸ ਦੇ ਨਾਲ ਹਨ, ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ । ਦਿਨ ਰਾਤ ਉਨ੍ਹਾਂ ਨੂੰ ਪਸ਼ੂਆਂ ਤੋਂ ਖੇਤਾਂ ਦੀ ਰਾਖੀ ਕਰਨੀ ਪੈਂਦੀ ਹੈ, ਪਹਿਰਾ ਦੇਣਾ ਪੈਂਦਾ ਹੈ । ਕਿਸਾਨਾਂ ਕੋਲ 2-2, 4-4 ਏਕੜ ਜ਼ਮੀਨ ਹੈ, ਉਹ ਵੀ ਅਵਾਰਾ ਫਿਰਦੀਆਂ ਗਊਆਂ ਚਰ ਜਾਂਦੀਆਂ ਹਨ । ਇਨ੍ਹਾਂ ਪਸ਼ੂਆਂ ਨੂੰ ਲੋਕ ਆਪਣੇ ਖੇਤਾਂ ਤੋਂ ਦੂਸਰੇ ਪਾਸੇ ਹੱਕ ਦਿੰਦੇ ਹਨ ਤਾਂ ਦੂਸਰੇ ਪਾਸੇ ਦੇ ਲੋਕ ਜਦੋਂ ਰੋਕਦੇ ਹਨ ਤਾਂ ਆਪਸ ਵਿਚ ਉਨ੍ਹਾਂ ਦੀ ਲੜਾਈ ਹੋ ਜਾਂਦੀ ਹੈ । ਇਨ੍ਹਾਂ ਪਸ਼ੂਆਂ ਨੂੰ ਰੋਕਣ ਲਈ ਜ਼ਰੂਰ ਗਊਸ਼ਾਲਾ ਬਣਾਈ ਜਾਣੀ ਚਾਹੀਦੀ ਹੈ, ਪਰ ਇਨ੍ਹਾਂ ਗਊਸ਼ਲਾਵਾਂ ਦੇ ਪ੍ਰਬੰਧਕਾਂ ਬਾਰੇ ਵੀ ਸਾਡੇ ਧਿਆਨ ਵਿਚ ਆਇਆ ਹੈ। ਮੈਂ ਉਨ੍ਹਾਂ ਕੋਲ ਗਿਆ ਸੀ । ਉਹ ਵੀ ਚੰਗੀਆਂ ਗਊਆਂ ਲੈਣ ਦੀ ਕੋਸ਼ਿਸ਼ ਕਰਦੇ ਹਨ । ਜਿਹੜੀਆਂ ਗਊਆਂ ਦੁੱਧ ਨਹੀਂ ਦਿੰਦੀਆਂ, ਉਨ੍ਹਾਂ ਨੂੰ ਸਾਂਭਣ ਦੀ ਕੋਸ਼ਿਸ਼ ਨਹੀਂ ਕਰਦੇ । ਅਵਾਰਾ ਪਸ਼ੂ ਪਿੰਡਾਂ ਵਿਚ ਨੁਕਸਾਨ ਕਰਦੇ ਹਨ ਅਤੇ ਸ਼ਹਿਰਾਂ ਦੀ ਵਧੀਆ ਪ੍ਰਾਪਰਟੀ ਜਿਵੇਂ ਕਚਿਹਰੀਆਂ, ਬਸ ਸਟੈਂਡ, ਪਾਰਕ ਜਾਂ ਬਜ਼ਾਰਾਂ ਵਿਚ ਗੰਦਗੀ ਫੈਲਾਉਂਦੇ ਹਨ, ਲੰਘਣ ਦਾ ਰਸਤਾ ਬੰਦ ਕਰ ਦਿੰਦੇ ਹਨ, ਟਰੈਫਿਕ ਦੀ ਸਮੱਸਿਆ ਹੋ ਜਾਂਦੀ ਹੈ । ਬਠਿੰਡਾ–ਬਰਨਾਲਾ ਜੀ.ਟੀ. ਰੋਡ ਤੇ ਸ਼ਾਮ ਵੇਲੇ ਹਜ਼ਾਰਾਂ ਗਊਆਂ ਇਕੱਠੀਆਂ ਹੋ ਜਾਂਦੀਆਂ ਹਨ । ਲੋਕਾਂ ਨੂੰ ਕਾਰਾਂ ਵਿਚੋਂ ਬਾਹਰ ਨਿਕਲ ਕੇ ਉਨ੍ਹਾਂ ਨੂੰ ਪਾਸੇ ਕਰਨਾ ਪੈਂਦਾ ਹੈ । ਪਿੰਡਾਂ ਨਾਲੋਂ ਸ਼ਹਿਰਾਂ ਵਿਚ ਅਵਾਰਾ ਕੁੱਤਿਆਂ ਦੀ ਸਮੱਸਿਆ ਘੱਟ ਹੈ । ਪਿੰਡਾਂ ਵਿਚ ਇਹ ਬਹੁਤ ਜਿਆਦਾ ਗੰਭੀਰ ਹੈ । ਹਲਕੇ ਹੋਏ ਕੁੱਤਿਆਂ ਦੀ ਲੋਕਾਂ ਵਾਸਤੇ ਬਹੁਤ ਵੱਡੀ ਮੁਸੀਬਤ ਹੈ । ਕਈ ਇਨਸਾਨੀ ਜਾਨਾਂ ਹਲਕੇ ਦੇ ਕਾਰਣ ਚਲੀਆਂ ਜਾਂਦੀਆਂ ਹਨ । ਜਿਨ੍ਹਾਂ ਨੂੰ ਇਹ ਕੁੱਤੇ ਕੱਟ ਜਾਂਦੇ ਹਨ ਉਨ੍ਹਾਂ ਨੂੰ ਟੀਕੇ ਵੀ ਲਗਵਾਉਣੇ ਪੈਂਦੇ ਹਨ । ਸ਼ਾਮ ਨੂੰ ਜਦੋਂ ਕੋਈ ਕੁੱਤਾ ਭੌਂਕ ਪੈਂਦਾ ਹੈ ਤਾਂ ਸਾਰੇ ਕੁੱਤੇ ਭੌਂਕਣ ਲੱਗ ਪੈਂਦੇ ਹਨ ਇਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ । ਗਊਆਂ ਨਾਲ ਸਾਡੀ ਧਾਰਮਿਕ ਭਾਵਨਾ ਜੁੜੀ ਹੋਈ ਹੈ ਪਰ ਇਨ੍ਹਾਂ ਅਵਾਰਾ ਕੁਤਿਆਂ ਨਾਲ ਕੋਈ ਧਾਰਮਿਕ ਭਾਵਨਾ ਨਹੀਂ ਜੁੜੀ ਹੋਈ । ਇਸ ਵਾਸਤੇ ਅਵਾਰਾ ਕੁੱਤਿਆਂ ਨੂੰ ਮਾਰਨ ਲਈ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ । ਹੋ ਸਕੇ ਤਾਂ ਸਰਕਾਰ ਨੂੰ ਲਾਇਸੈਂਸ ਪ੍ਰਣਾਲੀ ਚਲਾਉਣੀ ਚਾਹੀਦੀ ਹੈ, ਕਿਉਂਕਿ ਜਦੋਂ ਕੁੱਤਿਆਂ ਨੂੰ ਸਰਕਾਰੀ ਕਰਮਚਾਰੀ ਮਾਰਨ ਜਾਂਦੇ ਹਨ ਤਾਂ ਲੋਕ 2–4 ਕੁਤਿਆਂ ਨੂੰ ਰੱਸੀਆਂ ਪਾ ਕੇ ਬੰਨ ਲੈਂਦੇ ਹਨ । ਐਸਾ ਐਕਟ ਬਣਾਇਆ ਜਾਵੇ ਕਿ ਜਿਸ ਦੇ ਕੁੱਤੇ ਨੇ ਕਿਸੇ ਨੂੰ ਕੱਟਿਆ ਹੋਵੇ ਉਹ ਹਰਜਾਨਾ ਦੇਵੇ । ਇਨ੍ਹਾਂ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੈ । ਇਹ ਬਹੁਤ ਵਧੀਆ ਮਤਾ ਹੈ, ਹਾਊਸ ਇਸ ਤੇ ਵਧੀਆ ਫੈਸਲਾ ਲਵੇ । ਧੰਨਵਾਦ ।

**ਡਾਕਟਰ ਬਲਦੇਵ ਰਾਜ ਚਾਵਲਾ** (ਅੰਮ੍ਰਿਤਸਰ ਉੱਤਰੀ) : ਸਤਿਕਾਰਯੋਗ ਸਪੀਕਰ ਸਾਹਿਬ, ਆਨਰੇਬਲ ਮੈਂਬਰ ਸ੍ਰੀ ਹਰਦੇਵ ਅਰਸ਼ੀ ਜੀ ਨੇ ਮਤਾ ਰੱਖਿਆ ਹੈ, ਇਹ ਬਹੁਤ ਹੀ ਸਰਾਹਨੀਯ ਮਤਾ ਹੈ । ਮੈਂ ਸਮਝਦਾ ਹਾਂ ਕਿ ਬਾਕੀ ਮਤਿਆਂ ਦੇ ਨਾਲ–ਨਾਲ ਇਸ ਮਤੇ ਦੀ ਬਹੁਤ ਜ਼ਿਆਦਾ ਅਹਿਮੀਅਤ ਹੈ । ਜਿਥੋਂ ਸਟ੍ਰੇ–ਕੈਟਲ ਦੀ ਗੱਲ ਆਈ ਹੈ, ਐਕਸੀ–

Original with;
Punjab Vidhan Sabha
Digitized by;
Panjab Digital Library

[ਡਾਕਟਰ ਬਲਦੇਵ ਰਾਜ ਚਾਵਲਾ]

ਮੈਂ ਹਸਪਤਾਲ ਵਿੱਚ ਵੀ ਕੰਮ ਕੀਤਾ ਹੈ, ਉੱਥੇ ਬਹੁਤ ਸਾਰੇ ਐਕਸੀਡੈਂਟ ਦੇ ਕੇਸ ਆਉਂਦੇ ਸਨ ਜੋ ਕਿ ਅਵਾਰਾ ਪਸ਼ੂਆਂ ਦੇ ਕਾਰਨ ਹੁੰਦੇ ਸਨ। ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਜਦੋਂ ਬੱਚੇ ਸਕੂਲਾਂ ਨੂੰ ਜਾ ਰਹੇ ਹੁੰਦੇ ਹਨ ਜਾਂ ਕੋਈ ਬੁੱਢਾ ਵਿਅਕਤੀ ਸੜਕ ਦੇ ਕਿਨਾਰੇ ਜਾ ਰਿਹਾ ਹੁੰਦਾ ਹੈ ਤਾਂ ਜਦੋਂ ਅਵਾਰਾ ਪਸ਼ੂ ਉਨ੍ਹਾਂ ਕੋਲੋਂ ਗੁਜ਼ਰਦੇ ਹਨ ਤਾਂ ਉਸ ਸਮੇਂ ਐਕਸੀਡੈਂਟ ਵਾਪਰ ਜਾਂਦਾ ਹੈ। ਬਜ਼ੁਰਗਾਂ ਨੂੰ ਸੱਟ ਲੱਗ ਜਾਂਦੀ ਹੈ। ਤੁਰੰਤ ਹਸਪਤਾਲ ਦਾਖਲ ਕਰਨਾ ਪੈਂਦਾ ਹੈ। ਸਭ ਨੂੰ ਇਨ੍ਹਾਂ ਐਕਸੀਡੈਂਟਾਂ ਦੇ ਬਾਰੇ ਪਤਾ ਹੈ ਕੁਝ ਕਹਿਣ ਦੀ ਅਵੱਸ਼ਕਤਾ ਨਹੀਂ। ਦੂਸਰੀ ਗੱਲ, ਫਿਰ ਇਲਾਜ ਤੇ ਪੈਸਾ ਵੀ ਬਹੁਤ ਲੱਗਦਾ ਹੈ। ਪਸ਼ੂਆਂ ਦੇ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਵੀ ਜੁੜੀਆਂ ਹੋਈਆਂ ਹਨ ਅਤੇ ਇਨ੍ਹਾਂ ਅਵਾਰਾ ਪਸ਼ੂਆਂ ਕਰਕੇ ਸੜਕਾਂ ਤੇ ਬੜੇ ਐਕਸੀਡੈਂਟ ਵੀ ਹੋ ਜਾਂਦੇ ਹਨ। ਬਹੁਤ ਸਾਰੇ ਲੋਕ ਇਨ੍ਹਾਂ ਗਊਆਂ ਦਾ ਦੁੱਧ ਚੋਅ ਲੈਂਦੇ ਹਨ ਫੇਰ ਉਨ੍ਹਾਂ ਨੂੰ ਸਵੇਰੇ ਅਤੇ ਰਾਤ ਨੂੰ ਸੜਕਾਂ ਤੇ ਛੱਡ ਦਿੰਦੇ ਹਨ ਜਿਸ ਕਰਕੇ ਸੜਕਾਂ ਉੱਤੇ ਕਈ ਐਕਸੀਡੈਂਟ ਹੋ ਜਾਂਦੇ ਹਨ। ਇਹ ਠੀਕ ਹੈ ਕਿ ਸਾਡੀਆਂ ਧਾਰਮਿਕ ਭਾਵਨਾਵਾਂ ਗਊ ਮਾਤਾ ਦੇ ਨਾਲ ਜੁੜੀਆਂ ਹੋਈਆਂ ਹਨ ਬਾਕੀ ਚੀਜ਼ਾਂ ਨੂੰ ਵੇਖਦੇ ਹੋਏ ਸ਼ਹਿਰਾਂ ਦੇ ਅੰਦਰ ਅਤੇ ਕਾਰਪੋਰੇਸ਼ਨ ਦੇ ਏਰੀਆ ਵਿਚ, ਪਿੰਡਾਂ ਦੇ ਵਿਚ ਬਲਾਕ ਪੱਧਰ ਤੇ ਗਊਸ਼ਲਾਵਾਂ ਖੋਲੀਆਂ ਜਾਣੀਆਂ ਚਾਹੀਦੀਆਂ ਹਨ। ਉਥੇ ਇਨ੍ਹਾਂ ਅਵਾਰਾ ਪਸ਼ੂਆਂ ਨੂੰ ਰਖਿਆ ਜਾਵੇ ਅਤੇ ਉਨ੍ਹਾਂ ਦੇ ਰਹਿਣ ਦਾ ਅਤੇ ਖਾਣ ਪੀਣ ਦਾ ਇੰਤਜਾਮ ਕੀਤਾ ਜਾਵੇ ਤਾਂਕਿ ਉਹ ਵੀ ਆਪਣਾ ਸੁਖੀ ਜੀਵਨ ਬਤੀਤ ਕਰ ਸਕਣ। ਜਿਹੜੇ ਗਊ ਸਦਨ ਖੋਲ੍ਹੇ ਜਾਣ ਉਨਾਂ ਉੱਤੇ ਸਰਕਾਰ ਨੂੰ ਆਪਣੇ ਕੋਲੋਂ ਖਰਚਾ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਦੀ ਦੇਖ ਭਾਲ ਕਰਨੀ ਚਾਹੀਦੀ ਹੈ। ਜਿਹੜੀਆਂ ਗਊਸ਼ਾਲਾਵਾਂ ਪਹਿਲਾਂ ਚਲ ਰਹੀਆਂ ਹਨ, ਉਨ੍ਹਾਂ ਨੂੰ ਡੋਨੇਸ਼ਨ ਦੇ ਰਾਹੀਂ ਅਤੇ ਸਰਕਾਰੀ ਗ੍ਰਾਂਟ ਦੇ ਰਾਹੀਂ ਚਲਾਇਆ ਜਾਣਾ ਚਾਹੀਦਾ ਹੈ ਸਰਕਾਰ ਨੂੰ ਚਾਹੀਦਾ ਹੈ ਜਿਹੜਾ ਡੇਰਾਬੱਸੀ ਵਿਖੇ ਬੁੱਚੜਖਾਨਾ ਹੈ ਉਸ ਨੂੰ ਜਲਦੀ ਤੋਂ ਜਲਦੀ ਬੰਦ ਕਰ ਦੇਣਾ ਚਾਹੀਦਾ ਹੈ। ਉਥੇ ਅਵਾਰਾ ਪਸ਼ੂਆਂ ਨੂੰ ਵੀ ਕਤਲ ਕੀਤਾ ਜਾ ਰਿਹਾ ਹੈ ਇਨ੍ਹਾਂ ਨੂੰ ਬੁੱਚੜ ਅਵਾਰਾ ਪਸ਼ੂ ਕਹਿ ਕੇ ਕਤਲ ਕਰਵਾਉਂਦੇ ਹਨ। ਸਾਡੀ ਪੰਜਾਬ ਦੀ ਧਰਤੀ ਗੁਰੂਆਂ ਦੀ ਧਰਤੀ ਹੈ ਕਮ-ਸੇ-ਕਮ ਇਸ ਗੁਰੂਆਂ ਦੀ ਧਰਤੀ ਉੱਤੇ ਇਸ ਤਰ੍ਹਾਂ ਦੇ ਬੁੱਚੜਖਾਨੇ ਨਹੀਂ ਹੋਣੇ ਚਾਹੀਦੇ ਅਤੇ ਇਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ।

**ਸ੍ਰੀ ਨੰਦ ਲਾਲ (ਬਲਾਚੌਰ):** ਸਪੀਕਰ ਸਾਹਿਬ, ਇਹ ਜਿਹੜਾ ਮਤਾ ਸ੍ਰੀ ਹਰਦੇਵ ਅਰਸ਼ੀ ਜੀ ਨੇ ਪੇਸ਼ ਕੀਤਾ ਹੈ ਇਸ ਦੇ ਨਾਲ ਮੈਂ ਆਪਣੀ ਸਹਿਮਤੀ ਪ੍ਰਗਟ ਕਰਦਾ ਹਾਂ। ਇਨ੍ਹਾਂ ਅਵਾਰਾ ਪਸ਼ੂਆਂ ਦੇ ਕਾਰਨ ਕਈ ਐਕਸੀਡੈਂਟ ਹੁੰਦੇ ਹਨ ਅਤੇ ਫਸਲਾਂ ਦਾ ਨੁਕਸਾਨ ਹੁੰਦਾ ਹੈ। ਖਾਸ ਕਰਕੇ ਸਾਡੇ ਕੰਡੀ ਦੇ ਇਲਾਕੇ ਵਿਚ ਅਤੇ ਸ਼ਿਵਾਲਿਕ ਪਹਾੜੀਆਂ ਦੇ ਵਿਚ ਜੰਗਲੀ ਜਾਨਵਰ ਬਹੁਤ ਹੁੰਦੇ ਹਨ ਅਤੇ ਝੁੰਡ ਦੇ ਝੁੰਡ ਬਣ ਕੇ ਰਾਤ ਨੂੰ ਨਿਕਲਦੇ ਹਨ ਅਤੇ ਜਿਮੀਂਦਾਰਾਂ ਦੀਆਂ ਫਸਲਾਂ ਨੂੰ ਖਾ ਜਾਂਦੇ ਹਨ ਅਤੇ ਨੁਕਸਾਨ ਪਹੁੰਚਾਉਂਦੇ ਹਨ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਇਨ੍ਹਾਂ ਅਵਾਰਾ ਪਸ਼ੂਆਂ ਦੇ ਲਈ ਕੋਈ ਅੱਲਗ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਇਹ ਅਵਾਰਾ ਪਸ਼ੂਆਂ ਦੇ ਨਾਲ ਫਸਲਾਂ ਦਾ ਅਤੇ ਬੀਜਾਂ ਦਾ ਨੁਕਸਾਨ ਹੁੰਦਾ ਹੈ। ਇਨ੍ਹਾਂ ਦੇ ਰਹਿਣ ਲਈ ਸਰਕਾਰ ਨੂੰ ਸਬ ਡਵੀਜਨ ਲੇਵਲ ਤੇ, ਜ਼ਿਲਾ ਲੇਵਲ ਤੇ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਅਤੇ ਗਊਸ਼ਾਲਾ ਬਣਾ ਕੇ ਪ੍ਰਬੰਧ ਕੀਤਾ ਜਾਵੇ ਜਿਥੇ ਇਨ੍ਹਾਂ ਨੂੰ ਰੱਖਣ

Original with;
Punjab Vidhan Sabha
Digitized by;
Panjab Digital Library

ਤੋਂ ਇਲਾਵਾ ਇਨ੍ਹਾਂ ਦੇ ਖਾਣ ਪੀਣ ਦਾ ਵੀ ਪ੍ਰਬੰਧ ਕੀਤਾ ਜਾਵੇ ਤਾਕਿ ਉਹ ਆਪਣਾ ਸੁਖੀ ਜੀਵਨਬਤੀਤ ਕਰ ਸਕਣ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਿਆ ਜਾਵੇ ।

**ਸਰਦਾਰ ਹੀਰਾ ਸਿੰਘ ਗਾਬੜੀਆ** (ਲੁਧਿਆਣਾ ਦਿਹਾਤੀ) : ਸਪੀਕਰ ਸਾਹਿਬ, ਇਥੇ ਜਿਹੜਾ ਮਤਾ ਸ੍ਰੀ ਹਰਦੇਵ ਅਰਸ਼ੀ ਜੀ ਨੇ ਪੇਸ਼ ਕੀਤਾ ਹੈ । ਇਹ ਬੜਾ ਗੰਭੀਰ ਮਸਲਾ ਹੈ । ਇਨ੍ਹਾਂ ਅਵਾਰਾ ਪਸ਼ੂਆਂ ਦੇ ਕਰਕੇ ਸੜਕਾਂ ਉਤੇ ਕਾਫੀ ਐਕਸੀਡੈਂਟ ਹੁੰਦੇ ਹਨ ਅਤੇ ਫਸਲਾਂ ਦਾ ਬਹੁਤ ਵੱਡਾ ਨੁਕਸਾਨ ਹੁੰਦਾ ਹੈ ਇਸ ਦੇ ਨਾਲ ਹੀ ਪੰਜਾਬ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਵੀ ਜੁੜੀਆਂ ਹੋਈਆਂ ਹਨ, ਇਸ ਦਾ ਧਿਆਨ ਰਖਿਆ ਜਾਵੇ । ਇਸ ਮਤੇ ਨੂੰ ਪਾਸ ਕਰਨ ਤੋਂ ਪਹਿਲਾਂ ਸਾਨੂੰ 20 ਵਾਰ ਪਹਿਲੇ ਸੋਚਣਾ ਚਾਹੀਦਾ ਹੈ । ਇਹ ਠੀਕ ਹੈ ਕਿ ਇਨ੍ਹਾਂ ਅਵਾਰਾ ਪਸ਼ੂਆਂ ਦੇ ਨਾਲ ਫਸਲਾਂ ਦਾ ਨੁਕਸਾਨ ਹੁੰਦਾ ਹੈ ਪਰ ਇਸ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਵੀ ਜੁੜੀਆਂ ਹੋਇਆਂ ਹਨ, ਇਸ ਉਤੇ ਚੰਗੀ ਤਰ੍ਹਾਂ ਵਿਚਾਰ ਕਰਨ ਦੀ ਲੋੜ ਹੈ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਗਊਆਂ ਦੇ ਲਈ ਗਊਸ਼ਾਲਾਵਾਂ ਖੋਲ੍ਹੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਸੂਰਾਂ ਦੇ ਲਈ ਵੀ ਇੰਤਜ਼ਾਮ ਕੀਤਾ ਜਾਵੇ । ਸਪੀਕਰ ਸਾਹਿਬ, ਜਿਵੇਂ ਅਵਾਰਾ ਕੁਤੇ ਹਨ ਇਹ ਵੀ ਆਮ ਸੜਕਾਂ ਉਤੇ ਵੇਖਣ ਵਿਚ ਆਉਂਦੇ ਹਨ । ਘੱਟੋ-ਘੱਟ 20% ਐਕਸੀਡੈਂਟ ਇਸ ਕਰਕੇ ਹੁੰਦੇ ਹਨ । ਸਿਰਫ ਪਸ਼ੂਆਂ ਕਰਕੇ ਹੀ ਐਕਸੀਡੈਂਟ ਨਹੀਂ ਬਲਕਿ ਸੜਕਾਂ ਤੇ ਜੋ ਉਨ੍ਹਾਂ ਦਾ ਗੋਹਾ ਡਿਗਦਾ ਹੈ ਉਸ ਕਰਕੇ ਵੀ ਬਹੁਤ ਐਕਸੀਡੈਂਟ ਹੁੰਦੇ ਹਨ ਅਤੇ ਨੁਕਸਾਨ ਹੁੰਦਾ ਹੈ ।

## WALK-OUT

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਦੋ-ਚਾਰ ਮਿੰਟ ਰਹਿ ਗਏ ਹਨ ਅਤੇ ਮਨਿਸਟਰ ਸਾਹਿਬ ਨੇ ਇਸ ਦਾ ਜਵਾਬ ਵੀ ਦੇਣਾ ਹੈ । ਜਦੋਂ ਸਾਰਾ ਹਾਊਸ ਇਸ ਬਾਰੇ ਸਹਿਮਤ ਹੈ ਤਾਂ ਇਸ ਦਾ ਡਿਸੀਜ਼ਨ ਤੁਸੀਂ ਕਿਸ ਤਰ੍ਹਾਂ ਲਵੋਂਗੇ । ਸਰਕਾਰ ਦਾ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰਨ ਦਾ ਇਰਾਦਾ ਨਹੀਂ ਲਗਦਾ । ਅਸੀਂ ਅਪੋਜੀਸ਼ਨ ਵਾਲੇ ਅਤੇ ਮੇਰੀ ਪਾਰਟੀ ਪਰੋਟੈਸਟ ਵਜੋਂ ਵਾਕ-ਆਊਟ ਕਰਦੇ ਹਾਂ ।

(ਇਸ ਸਮੇਂ ਸੀ.ਪੀ.ਆਈ. ਅਤੇ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮਾਨਯੋਗ ਮੈਂਬਰ ਵਾਕ-ਆਊਟ ਕਰ ਗਏ ।)

## RESOLUTIOUN RE. STEPS TO MAKE SPECIAL ARRANGEMENTS TO CHECK THE MENACE OF STRAY CATTLE. (*Resumption*)

**ਸਰਦਾਰ ਹੀਰਾ ਸਿੰਘ ਗਾਬੜੀਆ** : ਸਪੀਕਰ ਸਾਹਿਬ, ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰਨ ਤੋਂ ਪਹਿਲਾਂ 20 ਦਫਾ ਸੋਚਣਾ ਚਾਹੀਦਾ ਹੈ । ਇਸ ਕਰਕੇ ਮੈਂ ਸਮਝਦਾ ਹਾਂ ਕਿ ਜਿਹੜੇ ਐਕਸੀਡੈਂਟ ਹੁੰਦੇ ਹਨ ਉਨ੍ਹਾਂ ਨੂੰ ਰੋਕਣ ਲਈ ਮਿਊਂਸਪਲ ਕਾਰਪੋਰੇਸ਼ਨਾਂ ਮਿਊਂਸਪਲ ਕਮੇਟੀਆਂ, ਪੰਚਾਇਤ ਸੰਮਤੀਆਂ, ਜ਼ਿਲ੍ਹਾ ਪਰੀਸ਼ਦਾਂ ਅਤੇ ਬਲਾਕ ਸੰਮਤੀਆਂ ਸਾਰੀਆਂ ਮਿਲਕੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਹੀਰਾ ਸਿੰਘ ਗਾਬੜੀਆ]

ਸ਼ੇਅਰ ਪਾਉਣ । ਪਸ਼ੂਆਂ ਲਈ ਚਾਰੇ ਦਾ ਇੰਤਜ਼ਾਮ ਹੋਵੇ ਅਤੇ ਹੋਰ ਜਿਹੜੇ ਜਾਨਵਰ ਹਨ ਉਨ੍ਹਾਂ ਦੀ ਸੰਭਾਲ ਲਈ ਇੰਤਜ਼ਾਮ ਹੋਣਾ ਚਾਹੀਦਾ ਹੈ । ਮੇਰੇ ਦੋਸਤ ਹਾਊਸ ਵਿਚੋਂ ਉਠਕੇ ਚਲੇ ਗਏ ਹਨ । ਜਦੋਂ ਤੱਕ ਸਾਰਾ ਇੰਤਜ਼ਾਮ ਨਹੀਂ ਕਰ ਲੈਂਦੇ ਉਦੋਂ ਤਕ ਰੈਜ਼ੋਲਿਊਸ਼ਨ ਨੂੰ ਪਾਸ ਕਿਵੇਂ ਕਰ ਸਕਦੇ ਹਾਂ । ਪਹਿਲਾਂ ਇਸ ਲਈ ਕੋਈ ਇੰਤਜ਼ਾਮ ਕਰਨਾ ਪਵੇਗਾ । ਮੈਂ ਬੇਨਤੀ ਕਰਾਂਗਾ ਕਿ ਸਾਨੂੰ ਕੋਈ ਫੈਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ । ਪਸ਼ੂਆਂ ਨੂੰ ਕਿੱਥੇ ਰੱਖਣਾ ਹੈ । ਚਾਰਾ ਕਿੱਥੇ ਪਾਉਣਾ ਹੈ । ਇਸ ਦਾ ਪ੍ਰਬੰਧ ਡਿਸਟ੍ਰਿਕਟ ਲੈਵਲ ਤੇ, ਬਲਾਕ ਲੈਵਲ ਤੇ ਮਿਊਂਸਪੈਲਟੀਆਂ ਅਤੇ ਕਾਰਪੋਰੇਸ਼ਨਾਂ ਸਾਰੇ ਮਿਲ ਬੈਠਕੇ ਮੀਟਿੰਗਾਂ ਕਰਕੇ ਕਰਨ । ਇਸ ਵਾਸਤੇ ਸਰਕਾਰ ਵਲੋਂ ਵਿਸ਼ੇਸ਼ ਧਨ ਰੱਖਿਆ ਜਾਵੇ । ਗਊਸ਼ਾਲਾਵਾਂ ਬਣਾਈਆਂ ਜਾਣ ਅਤੇ ਉਨ੍ਹਾਂ ਵਿਚ ਸਭ ਦਾ ਯੋਗਦਾਨ ਹੋਵੇ । ਮੈਂ ਬੇਨਤੀ ਕਰਾਂਗਾ ਕਿ ਸਾਨੂੰ ਇਸ ਗੱਲ ਉਚੇਚੇ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ । ਅਵਾਰਾ ਜਾਨਵਰਾਂ ਨੂੰ ਧਰਮਸ਼ਾਲਾਵਾਂ ਵਿਚ ਰੱਖਕੇ ਉਨ੍ਹਾਂ ਦੀ ਸੰਭਾਲ ਕੀਤੀ ਜਾ ਸਕਦੀ ਹੈ ।

ਸਪੀਕਰ ਸਾਹਿਬ, ਅਵਾਰਾ ਕੁੱਤੇ ਸੜਕਾਂ ਤੇ ਪਿੰਡ ਅਤੇ ਸ਼ਹਿਰਾਂ ਵਿਚ ਬਹੁਤ ਫਿਰਦੇ ਹਨ । ਕਈ ਵੇਰ ਕੁੱਤਿਆਂ ਕਰਕੇ ਬੱਚੇ ਸਕੂਲ ਜਾਣ ਤੋ ਡਰਦੇ ਹਨ । ਬਹੁਤ ਸਾਰੇ ਕੁੱਤੇ ਬੱਚਿਆ ਦੇ ਹੱਥਾਂ ਅਤੇ ਪੈਰਾਂ ਨੂੰ ਪੈਂਦੇ ਹਨ । ਇਨ੍ਹਾਂ ਦਾ ਇੰਤਜ਼ਾਮ ਸਰਕਾਰ ਨੂੰ ਕਰਨਾ ਚਾਹੀਦਾ ਹੈ । ਬੱਚਿਆਂ ਨੂੰ ਮਾਂ ਬਾਪ ਸਕੂਲਾਂ ਵਿਚ ਛੱਡਣ ਵਾਸਤੇ ਜਾਂਦੇ ਹਨ । ਜਿਥੇ ਧਾਰਮਿਕ ਭਾਵਨਾਂ ਜੁੜੀ ਹੋਈ ਹੋਵੇ ਉਥੇ ਫੈਸਲਾ ਲੈਣ ਤੋਂ ਪਹਿਲਾਂ ਬਹੁਤ ਵਾਰੀ ਸੋਚਣਾ ਚਾਹੀਦਾ ਹੈ । ਕੋਈ ਫੈਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਦਾ ਇੰਤਜ਼ਾਮ ਕਰਨਾ ਬਹੁਤ ਹੀ ਜ਼ਰੂਰੀ ਹੈ ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਜਿਨ੍ਹਾਂ ਨੇ ਇਹ ਪ੍ਰਸਤਾਵ ਰੱਖਿਆ ਉਹ ਹਾਊਸ ਵਿਚੋਂ ਚਲੇ ਗਏ ਹਨ, ਹੁਣ ਇਸ ਕਰਕੇ ਬਹਿਸ ਕਰਨ ਦੀ ਜ਼ਰੂਰਤ ਹੀ ਨਹੀਂ ਹੈ ।

## EXTENSION OF TIME OF THE SITTING

**ਸ੍ਰੀ ਸਪੀਕਰ** : ਕਿਉਂਕਿ ਪਹਿਲਾਂ ਰੇਜ਼ੋਲਿਊਸ਼ਨ ਤੇ ਬਹਿਸ ਤਿੰਨ ਮਿੰਟ ਲੇਟ ਖਤਮ ਹੋਈ ਸੀ, ਇਸ ਕਰਕੇ ਜੇਕਰ ਹਾਊਸ ਦੀ ਸਹਿਮਤੀ ਹੋਵੇ ਤਾਂ ਤਿੰਨ ਮਿੰਟਾ ਲਈ ਹਾਊਸ ਨੂੰ ਐਕਸਟੈਂਡ ਕਰ ਦੇਈਏ ।

ਆਵਾਜ਼ਾਂ : ਠੀਕ ਹੈ ਜੀ ।

**ਸ੍ਰੀ ਸਪੀਕਰ** : ਹਾਊਸ ਤਿੰਨ ਮਿੰਟਾਂ ਲਈ ਐਕਸਟੈਂਡ ਕੀਤਾ ਜਾਂਦਾ ਹੈ ।

## RESOLUTION RE. STEPS TO MAKE SPECIAL ARRANGEMENTS TO CHECK THE MENACE OF STRAY-CATTLE (*Resumption*)

**ਸ੍ਰੀ ਸਪੀਕਰ** : ਚੌਧਰੀ ਸਵਰਨਾ ਰਾਮ ਜੀ, ਤੁਸੀਂ ਦੋ ਮਿੰਟ ਬੋਲ ਲਓ ।

**ਚੌਧਰੀ ਸਵਰਨਾ ਰਾਮ** (ਫਗਵਾੜਾ, ਐਸ. ਸੀ.) : ਆਦਰਯੋਗ ਸਪੀਕਰ ਸਾਹਿਬ, ਜੋ ਅਵਾਰਾ ਪਸ਼ੂਆਂ ਦੇ ਬਾਰੇ ਵਿਚ ਮਤਾ ਪੇਸ਼ ਕੀਤਾ ਗਿਆ ਹੈ, ਇਹ ਸਮੱਸਿਆ ਇਕ

Original with;
Punjab Vidhan Sabha
Digitized by;
Panjab Digital Library

ਪ੍ਰਕਾਰ ਦੀ ਨਹੀਂ, ਇਹ ਸਮੱਸਿਆ ਦੋ ਪ੍ਰਕਾਰ ਦੀ ਹੈ । ਇਕ ਸਮੱਸਿਆ ਕਿਸਾਨਾਂ ਦੀਆਂ ਫਸਲਾਂ ਨੂੰ ਉਨ੍ਹਾਂ ਜਾਨਵਰਾਂ ਤੋਂ ਪੈਦਾ ਹੋ ਰਹੀ ਹੈ ਜਿਨ੍ਹਾਂ ਨੂੰ ਅਸੀਂ ਨੀਲ ਗਾਂ ਜਾਂ ਇਸ ਦੀ ਕੈਟੇਗਰੀ ਵਿਚ ਹੋਰ ਵੀ ਜਿਹੜੇ ਜਾਨਵਰ ਆਉਂਦੇ ਹਨ । ਦੂਸਰੀ ਸਮੱਸਿਆ ਪੈਦਾ ਹੋ ਰਹੀ ਹੈ ਉਨ੍ਹਾਂ ਜਾਨਵਰਾਂ ਤੋਂ ਜਿਨ੍ਹਾਂ ਨੂੰ ਨਕਾਰਾ ਸਮਝ ਕੇ ਲੋਕ ਛੱਡ ਦੇਂਦੇ ਹਨ, ਉਨ੍ਹਾਂ ਨੂੰ ਸਾਂਭਣ ਵਾਲਾ ਕੋਈ ਨਹੀਂ । ਇਸ ਸਬੰਧ ਵਿਚ ਮੈਂ ਕਹਿਣਾ ਹੈ ਕਿ ਸਾਨੂੰ ਇਸ ਗੱਲ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਜਿਹੜੇ ਜੰਗਲਾਂ ਵਿਚ ਪੈਦਾ ਹੋਏ ਜਾਨਵਰ ਹਨ, ਪਸ਼ੂ ਹਨ ਜਿਵੇਂ ਨੀਲ ਗਾਂ ਹੈ, ਜਾਂ ਉਸ ਦੀਆਂ ਵੰਨਗੀਆਂ ਹਨ, ਇਸ ਵਿਚ ਹਿਰਨ ਵਗੈਰਾ ਵੀ ਆਉਂਦੇ ਹਨ, ਸਰਕਾਰ ਨੇ ਸੱਤਲੁਜ ਦੇ ਕੰਢੇ ਉਤੇ, ਰਾਵੀ ਦੇ ਕੰਢੇ ਉਤੇ ਬਿਆਸ ਦੇ ਕੰਢੇ ਉਤੇ ਬਹੁਤ ਸਾਰੇ ਸੈਂਟਰ ਇਸ ਤਰ੍ਹਾਂ ਦੇ ਬਣਾਏ ਹਨ, ਮੈਂ ਇਸ ਗੱਲ ਦਾ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਉਸ ਤਰ੍ਹਾਂ ਦੇ ਹੋਰ ਸੈਂਟਰ ਖੋਲ੍ਹਣੇ ਚਾਹੀਦੇ ਹਨ । ਮੈਂ ਸਾਰੇ ਹਾਊਸ ਦੇ ਸਾਹਮਣੇ ਰਿਕੁਐਸਟ ਕਰਾਂਗਾ, ਜਿਸ ਗੱਲ ਨੂੰ ਸਾਹਮਣੇ ਰੱਖਿਆ ਜਾਵੇ ਕਿ ਇਹ ਸਮੱਸਿਆ ਕਿਉਂ ਪੈਦਾ ਹੋ ਰਹੀ ਹੈ । ਕਿਉਂਕਿ ਕਈ ਲੋਕਾਂ ਨੇ ਪਹਿਲੇ ਸਮੇਂ ਵਿਚ ਰਾਜਿਆਂ ਮਹਾਰਜਿਆਂ ਦੁਆਰਾ ਇਨ੍ਹਾਂ ਜਾਨਵਰਾਂ ਦੇ ਚੁਗਣ ਵਾਸਤੇ ਜਿਹੜੀਆਂ ਜੂਹਾਂ ਛੱਡੀਆਂ ਸਨ, ਉਹ ਲੋਭ ਲਾਲਚ ਕਾਰਨ ਆਪਣੇ ਕਬਜ਼ੇ ਵਿਚ ਕਰ ਲਈਆਂ ਹਨ । ਹੁਣ ਤਾਂ ਗਊਸ਼ਾਲਾ ਦੇ ਨਾਂ ਤੇ ਜ਼ਮੀਨਾਂ ਨੂੰ ਲੋਕਾਂ ਨੇ ਵੇਚ ਕੇ ਜੇਬਾਂ ਵਿਚ ਪੈਸੇ ਪਾ ਲਏ ਹਨ । ਤੀਸਰੀ ਸਮੱਸਿਆ ਇਸ ਕਰਕੇ ਹੈ ਕਿ ਸਰਕਾਰ ਨੇ ਜਿਹੜੇ ਇਨਸੈਮੀਨੇਸ਼ਨ ਸੈਂਟਰ ਖੋਲ੍ਹੇ ਹਨ, ਦੋਗਲੀ ਨਸਲ ਨੂੰ ਠੀਕ ਢੰਗ ਨਾਲ ਪੈਦਾ ਕਰਨ ਵਾਸਤੇ ਉਹ ਕਾਮਯਾਬ ਨਹੀਂ ਹੋ ਰਹੇ ਅਤੇ ਉਨ੍ਹਾਂ ਨੇ ਵੀ ਲੋਕਾਂ ਨੂੰ ਅਟਰੈਕਟ ਨਹੀਂ ਕੀਤਾ । ਕੋਈ ਵਿਲਾਇਤੀ ਵੱਛਾ ਅਗਰ ਪੈਦਾ ਹੋ ਜਾਂਦਾ ਹੈ ਤਾਂ ਉਸ ਨੂੰ ਸਾਂਭਣ ਨੂੰ ਕੋਈ ਤਿਆਰ ਨਹੀਂ ਹੁੰਦਾ, ਸਭ ਵੱਛੀ ਪਾਲਣਾ ਚਾਹੁੰਦੇ ਹਨ . . . . .

**Mr. Speaker** : The House stands adjourned till 2.00 P.M., on Monday, the 10th March, 1997.

| *1.33 P.M. | *(The Sabha then adjourned till 2.00 P.M., on Monday, the 10th March, 1997.)* |
|---|---|

125—18-6-97—305—ਪੰਜਾਬ ਸਰਕਾਰ ਪਰੈਸ ਪਟਿਆਲਾ ।
51X66-10.1 kg. C.W.P

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

© 1997

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*10th March, 1997*

Vol. I—No. 5

OFFICIAL REPORT

CONTENTS

*Monday, the 10th March, 1997*


| | | PAGE |
|---|---|---|
| Starred Questions and Answers | .. | (5)1 |
| Unstarred Questions and Answers | .. | (5)34 |
| Walk-out | .. | (5)39 |
| Discussion on Governor's Address | .. | (5)41 |
| Appendix | .. | (i) |



**Punjab Vidhan Sabha Secretariat, Chandigarh.**

Price Rs : .......



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Monday, the 10th March, 1997*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 P.M. Mr. Speaker (Sardar Charnjit Singh Atwal) in the Chair.*

---

## STARRED QUESTIONS AND ANSWERS

### ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 29 ਅਤੇ 30

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

---

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 31*

**ਸ਼੍ਰੀ ਸਪੀਕਰ.** ਇਸ ਸਵਾਲ ਬਾਰੇ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ। ਅਗਲਾ ਸਵਾਲ।

---

### ਪੰਜਾਬ ਅਨੁਸੂਚਿਤ ਜਾਤੀਆਂ ਜ਼ਮੀਨ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੀ ਹਿੱਸਾ ਪੂੰਜੀ

*10. **ਚੌਧਰੀ ਜਗਜੀਤ ਸਿੰਘ :** ਕੀ ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਪੰਜਾਬ ਅਨੁਸੂਚਿਤ ਜਾਤੀਆਂ ਜ਼ਮੀਨ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੀ ਇਸ ਸਮੇਂ ਕੁੱਲ ਹਿੱਸਾ-ਪੂੰਜੀ ਕਿੰਨੀ ਹੈ;

(ਅ) ਪੰਜਾਬ ਅਨੁਸੂਚਿਤ ਜਾਤੀਆਂ ਜ਼ਮੀਨ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੁਆਰਾ ਵਿੱਤੀ ਸਾਲਾਂ 1994-95, 1995-96 ਅਤੇ 1996-97 (ਹੁਣ ਤੱਕ) ਦੇ ਦੌਰਾਨ ਸਿੱਧੇ ਕਰਜ਼ਿਆਂ ਵਜੋਂ ਕਿੰਨੀ-ਕਿੰਨੀ ਰਕਮ ਵੰਡੀ ਗਈ; ਅਤੇ ਸਾਲ 1997-98 ਦੌਰਾਨ ਇਸ ਮਕਸਦ ਲਈ ਕਿੰਨੀ ਰਕਮ ਐਲੋਕੇਟ ਕੀਤੀ ਗਈ ਹੈ।

(ੲ) ਉਕਤ ਕਾਰਪੋਰੇਸ਼ਨ ਦੁਆਰਾ ਸਾਲਾਂ 1994-95, 1995-96 ਅਤੇ 1996-97 (ਹੁਣ ਤੱਕ) ਦੇ ਦੌਰਾਨ ਬੈਂਕ ਬੰਧਕ (ਟਾਈ-ਅੱਪ) ਕਰਜ਼ਿਆਂ ਵਜੋਂ ਸਾਲ-ਵਾਰ

---

*For Starred Question No. 31 and reply there to, please see P.V.S. Debates dated 18-3-1997.

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਕਿੰਨੀ-ਕਿੰਨੀ ਰਕਮ ਛੱਡੀ ਗਈ ਅਤੇ ਸਾਲ 1997-98 ਦੇ ਦੌਰਾਨ ਇਸ ਮਕਸਦ ਲਈ ਕਿੰਨੀ ਰਕਮ ਦਿੱਤੇ ਜਾਣ ਦੀ ਤਜਵੀਜ਼ ਹੈ ?

**ਸਰਦਾਰ ਗੁਰਦੇਵ ਸਿੰਘ ਬਾਦਲ :**

| | | | |
|---|---|---|---|
| (ਏ) | | .. | ਰੁਪਏ 30 ਕਰੋੜ |
| (ਬੀ) | 1994-95 | .. | 939.36 ਲੱਖ |
| | 1995-96 | .. | 692.93 ਲੱਖ |
| | 1996-97 (31-1-97 ਤੱਕ) | .. | 559.71 ਲੱਖ |
| | ਜੋੜ | .. | 2192.00 ਲੱਖ |
| | 1997-98 | .. | ਵਿਚਾਰ ਅਧੀਨ ਹੈ । |
| (ਸੀ) | 1994-95 | .. | 2339.61 ਲੱਖ |
| | 1995-96 | .. | 2116.56 ਲੱਖ |
| | 1996-97 (31-7-97 ਤੱਕ) | .. | 1494.27 ਲੱਖ |
| | ਜੋੜ | .. | 5950.44 ਲੱਖ |
| | 1997-98 | | 3600.00 ਲੱਖ |

**ਚੌਧਰੀ ਜਗਜੀਤ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਵਜ਼ੀਰ ਸਾਹਿਬ, ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਇਸ ਕਾਰਪੋਰੇਸ਼ਨ ਦੀ ਜਿਹੜੀ ਆਥੋਰਾਈਜ਼ਡ ਸ਼ੇਅਰ ਕੇਪੀਟਲ ਹੈ, ਉਹ 30 ਕਰੋੜ ਰੁਪਏ ਹੈ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੇਡ-ਅੱਪ ਸ਼ੇਅਰ ਕੇਪੀਟਲ ਕਿੰਨੀ ਹੈ ਜਿਹੜੀ ਹੁਣ ਤੱਕ ਵਰਤੀ ਜਾ ਚੁੱਕੀ ਹੈ ?

**ਮੰਤਰੀ** : ਇਹ 36 ਕਰੋੜ ਰੁਪਏ ਹੈ ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਵਜ਼ੀਰ ਸਾਹਿਬ ਦੀ ਇਨਫਰਮੇਸ਼ਨ ਗਲਤ ਹੈ, ਇਹ 36 ਕਰੋੜ ਰੁਪਏ ਨਹੀਂ ਹੈ । ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਇਕ ਵਾਰ ਫਿਰ ਵੇਖ ਕੇ ਦੱਸ ਦੇਣ ।

**ਮੰਤਰੀ** : 1997-98 ਵਿਚ 3600 ਲੱਖ ਰੁਪਏ । ਕੁੱਲ ਜੋੜ 5950.44 ਲੱਖ ਰੁਪਏ ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਥੋਰਾਈਜ਼ਡ ਸ਼ੇਅਰ ਕੇਪੀਟਲ ਜਿਹੜੀ ਹੈ, ਉਹ 30 ਕਰੋੜ ਰੁਪਏ ਹੈ ਜਿਸ ਨੂੰ ਇਹ 36 ਕਰੋੜ ਰੁਪਏ ਕਹਿ ਰਹੇ ਹਨ । ਚਲੋ, ਮੈਂ ਦੂਸਰੀ ਸਪਲੀਮੈਂਟਰੀ ਪੁੱਛ ਲੈਂਦਾ ਹਾਂ । ਜਿਹੜੀ ਸ਼ੇਅਰ ਕੇਪੀਟਲ ਹੈ, ਪੇਡ-ਅੱਪ

Original with;
Punjab Vidhan Sabha
Digitized by;
Panjab Digital Library

ਕੈਪੀਟਲ ਹੈ, ਅਤੇ ਜਿਹੜੀ ਖਰਚੀ ਜਾ ਚੁੱਕੀ ਹੈ, ਉਹ ਤਕਰੀਬਨ 25 ਕਰੋੜ ਰੁਪਏ ਅਤੇ ਕੁਝ ਪੈਸੇ ਹੈ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਬਕਾਇਆ ਆਥੋਰਾਈਜ਼ਡ ਸ਼ੇਅਰ ਕੈਪੀਟਲ ਹੈ, ਉਸ ਦੇ ਵਾਸਤੇ ਕੀ ਸਰਕਾਰ ਕੋਈ ਉਪਬੰਧ ਕਰੇਗੀ ਤਾਂ ਕਿ ਇਹ 30 ਕਰੋੜ ਦੀ ਜਿਹੜੀ ਆਥੋਰਾਈਜ਼ਡ ਸ਼ੇਅਰ ਕੈਪੀਟਲ ਹੈ, ਇਸ ਦਾ ਫਾਇਦਾ ਸ਼ਡਿਊਲਡ ਕਾਸਟ ਦੇ ਲੋਕਾਂ ਨੂੰ ਮਿਲ ਸਕੇ ?

**ਮੰਤਰੀ** : ਸਪੀਕਰ ਸਾਹਿਬ, ਇਹ ਪੈਸਾ ਪਿਛਲੀ ਸਰਕਾਰ ਨੇ ਦੇਣਾ ਸੀ, ਲੇਕਿਨ ਉਸ ਨੇ ਇਹ ਪੈਸਾ ਦਿੱਤਾ ਨਹੀਂ। ਇਸ ਕਰਕੇ ਇਨ੍ਹਾਂ ਗਰੀਬ ਲੋਕਾਂ ਨੂੰ ਬੜਾ ਭਾਰੀ ਘਾਟਾ ਪਿਆ ਹੈ। ਇਹ ਇਨ੍ਹਾਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਦੀ ਮਿਹਰਬਾਨੀ ਹੋਈ ਹੈ ਜਿਸ ਕਰਕੇ ਗਰੀਬ ਲੋਕਾਂ ਨੂੰ ਇਹ ਰਗੜਾ ਚੜ੍ਹ ਗਿਆ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਿਰਫ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਬਾਕੀ ਸ਼ੇਅਰ ਕੈਪੀਟਲ ਹੈ, ਮੈਂ ਪਿਛਲੀ ਗੱਲ ਨਹੀਂ ਕਹਿ ਰਿਹਾ, ਜਿਹੜੀ ਹੁਣ ਸਰਕਾਰ ਬਣੀ ਹੈ ਉਸ ਤੋਂ ਪੁੱਛਦਾ ਹਾਂ ਕਿ ਬਕਾਇਆ ਸ਼ੇਅਰ ਕੈਪੀਟਲ ਦਾ ਜਿਹੜਾ ਪੈਸਾ ਹੈ ਉਸ ਬਾਰੇ ਆਉਣ ਵਾਲੇ ਸਮੇਂ ਵਿਚ ਕੀ ਇਹ ਕੋਈ ਉਪਬੰਧ ਕਰੇਗੀ ਤਾਂ ਕਿ ਇਹ ਜਿਹੜੀ ਕਾਰਪੋਰੇਸ਼ਨ ਹੈ ਇਹ ਕੁਝ ਤਕੜੀ ਹੋ ਸਕੇ ਔਰ ਉਸ ਦਾ ਪੈਸਾ ਰੋਟੇਸ਼ਨ ਵਿੱਚ ਆ ਸਕੇ। ਇਸ ਵੇਲੇ ਇਸ ਪਾਸ ਪੈਸਾ ਨਹੀਂ ਹੈ। ਜੇ ਨੈਸ਼ਨਲ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਤੋਂ ਬਰਾਬਰ ਦਾ ਲੋਨ ਮਿਲ ਜਾਵੇ ਤਾਂ ਫਿਰ ਇਹ ਡਾਇਰੈਕਟ ਲੋਨਿੰਗ ਸਕੀਮ ਚਲਾ ਸਕਣਗੇ। ਹੁਣ ਜਿਹੜੀ ਸਰਕਾਰ ਬਣੀ ਹੈ ਇਸ ਨੇ ਨਵੇਂ ਕਰਜ਼ੇ ਦੇਣੇ ਹਨ ਇਸ ਵਾਸਤੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਕਾਰਪੋਰੇਸ਼ਨ ਵਾਸਤੇ ਕੋਈ ਪੈਸੇ ਦਾ ਉਪਬੰਧ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਯਤਨ ਕੀਤੇ ਜਾਣਗੇ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਇਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਯਤਨ ਕੀਤੇ ਜਾਣਗੇ ਕੀ ਇਹ ਕੋਈ ਤਰੀਕ ਦੱਸਣਗੇ ? ਬਜਟ ਸੈਸ਼ਨ ਦੇ ਵਿੱਚ ਇਸ ਵਾਸਤੇ ਪੈਸੇ ਮੰਗੇ ਹਨ ਕੀ ਇਹ ਜਿਹੜੀਆਂ ਡੀਮਾਂਡਜ਼ ਆ ਰਹੀਆਂ ਹਨ ਉਸ ਵਿੱਚ ਪ੍ਰਬੰਧ ਕਰ ਦਿੱਤਾ ਜਾਵੇਗਾ ?

**ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ (ਵਿਰੋਧੀ ਧਿਰ ਵੱਲ ਇਸ਼ਾਰਾ) ਜਿੰਨੀ ਦੇਰ ਕੀਤੀ ਸੀ ਉਸ ਤੋਂ ਪਹਿਲਾਂ ਕਰ ਦਿਆਂਗੇ।

---

**ਧਾਰ ਬਲਾਕ ਵਿਚ ਵਾਟਰ ਵਰਕਸ (ਜਲ ਘਰ) ਦਾ ਨਿਰਮਾਣ**

*56. **ਸ੍ਰੀ ਸਤਿਆਪਾਲ ਸੈਣੀ** : ਕੀ ਖੁਰਾਕ ਅਤੇ ਸਪਲਾਈਜ਼ ਅਤੇ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਤਿਆਪਾਲ ਸੈਣੀ]

(ੳ) ਕੀ ਧਾਰ ਬਲਾਕ, ਤਹਿਸੀਲ ਪਠਾਨਕੋਟ ਦੇ ਪਿੰਡਾਂ ਕਰੋਲੀਫੰਗ, ਨਗਰੋਟਾ ਆਦਿ ਵਿੱਚ ਇਸ ਵੇਲੇ ਦਿਹਾਤੀ ਪਾਣੀ ਦੀ ਸਪਲਾਈ ਸਕੀਮ ਅਧੀਨ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਕੋਈ ਵਾਟਰ ਵਰਕਸ ਬਣਿਆ ਹੋਇਆ ਹੈ । ਜੇਕਰ ਅਜਿਹਾ ਹੋਵੇ ਤਾਂ ਕੀ ਉਕਤ ਪਿੰਡਾਂ ਨੂੰ ਇਸ ਵਾਟਰ ਵਰਕਸ ਤੋਂ ਨਿਯਮਿਤ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ ;

(ਅ) ਕੀ ਵਿੱਤੀ ਸਾਲ 1997-98 ਦੌਰਾਨ, ਧਾਰ ਬਲਾਕ ਦੇ ਪਿੰਡਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਕੋਈ ਨਵੇਂ ਵਾਟਰ ਵਰਕਸ ਬਣਾਉਣ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ ਤਾ ਉਨ੍ਹਾਂ ਦੀ ਗਿਣਤੀ ਕਿੰਨੀ ਹੈ ?

**ਸ਼੍ਰੀ ਮਦਨ ਮੋਹਨ ਮਿੱਤਲ :** (ੳ) ਹਾਂ ਜੀ । ਇਨ੍ਹਾਂ ਪਿੰਡਾਂ ਨੂੰ ਹਰ ਰੋਜ਼ ਨਿਯਮਤ ਪਾਣੀ ਦੀ ਸਪਲਾਈ ਦਿੱਤੀ ਜਾ ਰਹੀ ਹੈ ।

(ਅ) ਨਹੀਂ ਜੀ ।

**ਸ਼੍ਰੀ ਸਤਿਆਪਾਲ ਸੈਣੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਪਿੰਡਾਂ ਦੇ ਵਿੱਚ ਵਾਸਤਵ ਵਿੱਚ ਪੀਣ ਵਾਲਾ ਪਾਣੀ ਨਹੀਂ ਮਿਲ ਰਿਹਾ । ਇਹ ਪਿੰਡ ਅਜਿਹੇ ਹਨ ਜਿਨ੍ਹਾਂ ਦੇ ਵਿੱਚ ਪਾਣੀ ਟਿਊਬਵੈੱਲ ਦੇ ਇਰਦ-ਗਿਰਦ ਕੁਝ ਘਰਾਂ ਨੂੰ ਮਿਲ ਰਿਹਾ ਹੈ ਪਰ ਬਾਕੀ ਬਸਤੀਆਂ ਵਿੱਚ ਪਾਣੀ ਨਹੀਂ ਜਾ ਰਿਹਾ । ਇਹ ਜਿਹੜੀ ਸੂਚਨਾ ਮੰਤਰੀ ਜੀ ਦੇ ਪਾਸ ਇਨ੍ਹਾਂ ਪਿੰਡਾਂ ਦੇ ਬਾਰੇ ਵਿੱਚ ਆਈ ਹੈ ਮੇਰੇ ਖਿਆਲ ਵਿੱਚ ਇਹ ਸੂਚਨਾ ਠੀਕ ਨਹੀਂ ਹੈ ।

**ਸ਼੍ਰੀ ਸਪੀਕਰ :** ਕਿਹੜੀਆਂ ਬਸਤੀਆਂ ਨੂੰ ਪਾਣੀ ਨਹੀਂ ਮਿਲ ਰਿਹਾ ?

**ਸ਼੍ਰੀ ਸਤਿਆਪਾਲ ਸੈਣੀ :** ਸਪੀਕਰ ਸਾਹਿਬ, ਕਰੋਲੀਵੰਗ ਅਤੇ ਨਗਰੋਟਾ ਅਤੇ ਇਨ੍ਹਾਂ ਦੇ ਨਾਲ ਲਗਦੀਆਂ ਜਿਹੜੀਆਂ ਆਬਾਦੀਆਂ ਹਨ, ਘਰ ਹਨ, ਉਹਨਾਂ ਨੂੰ ਪਾਣੀ ਨਹੀਂ ਜਾ ਰਿਹਾ । ਕੀ ਸਪੀਕਰ ਸਾਹਿਬ, ਇਹ ਭਰੋਸਾ ਦਿਵਾਉਣਗੇ ਕਿ ਇਸ ਨੂੰ ਸਮਾਂ-ਬੱਧ ਕਰਕੇ ਇਨ੍ਹਾਂ ਆਬਾਦੀਆਂ ਨੂੰ ਪੀਣ ਵਾਲਾ ਪਾਣੀ ਮਿਲ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਜੋ ਧਾਰ ਬਲਾਕ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਬਾਰੇ ਪ੍ਰਸ਼ਨ ਕੀਤਾ ਸੀ ਉਸ ਬਾਰੇ ਜੋ ਐਗਜਿਸਟਿੰਗ ਸਿਚੂਏਸ਼ਨ ਹੈ, ਉਹ ਮੈਂ ਦੱਸ ਦਿੱਤੀ ਹੈ । ਬਾਕੀ ਜੇਕਰ ਇਹ ਕਹਿ ਰਹੇ ਹਨ ਕਿ ਪਾਣੀ ਦੀ ਕਮੀ ਕਰਕੇ ਔਗਮੈਨਟੇਸ਼ਨ ਦੀ ਕਮੀ ਹੈ ਇਹ ਮੈਨੂੰ ਲਿਖ ਕੇ ਦੇ ਦੇਣ, ਉਸ ਬਾਰੇ ਰਿਪੋਰਟ ਲੈ ਕੇ ਫੰਡਜ਼ ਉਪਲਬਧ ਕਰਵਾ ਕੇ ਪ੍ਰਬੰਧ ਕਰ ਦਿੱਤਾ ਜਾਵੇਗਾ ।

**ਸ਼੍ਰੀ ਸਤਿਆਪਾਲ ਸੈਣੀ :** ਸਪੀਕਰ ਸਾਹਿਬ, ਮੇਰੀ ਦੂਸਰੀ ਸਪਲੀਮੈਂਟਰੀ ਇਹ ਹੈ ਕਿ ਮੇਰੀ ਸੂਚਨਾ ਅਨੁਸਾਰ ਮੰਤਰੀ ਜੀ ਨੂੰ ਵਿਭਾਗ ਵੱਲੋਂ ਜਿਹੜੀ ਸੂਚਨਾ ਦਿੱਤੀ ਗਈ ਹੈ ਉਹ ਵਿਭਾਗ ਨੇ ਠੀਕ ਨਹੀਂ ਦਿੱਤੀ । ਮੇਰੀ ਸੂਚਨਾ ਇਹ ਕਹਿ ਰਹੀ ਹੈ ਕਿ ਉਹਨਾਂ

Original with;
Punjab Vidhan Sabha
Digitized by;
Panjab Digital Library

ਪਿੰਡਾਂ ਵਿੱਚ ਜਿਹੜੇ ਸਟੈਂਡ ਪੋਸਟ ਲੱਗੇ ਹੋਏ ਹਨ ਉਹਨਾਂ ਵਿੱਚ ਪਾਣੀ ਨਹੀਂ ਜਾਂਦਾ। ਕਈ ਥਾਵਾਂ ਤੇ ਬੜੀ ਤਰਸ-ਹੀਣੀ ਸਥਿੱਤੀ ਹੈ, ਲੋਕਾਂ ਨੇ ਆਪਣੇ ਡੰਗਰ ਬੰਨੇ ਹੋਏ ਹਨ..

**ਸ੍ਰੀ ਸਪੀਕਰ** : ਸੈਣੀ ਸਾਹਿਬ, ਤੁਸੀਂ ਸੂਚਨਾ ਨਾ ਦਿਓ ਤੁਸੀਂ ਸਿੱਧਾ ਪ੍ਰਸ਼ਨ ਪੁੱਛੋ।

**ਸ੍ਰੀ ਸਤਿਆਪਾਲ ਸੈਣੀ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦਾ ਕੋਈ ਅਧਿਕਾਰੀ ਜਾਂ ਕੋਈ ਪੜਤਾਲੀਆ ਏਜੰਸੀ ਜਾ ਕੇ ਜਾਣਕਾਰੀ ਹਾਸਲ ਕਰੇਗੀ ਕਿ ਇਹ ਜਿਹੜੀ ਸੂਚਨਾ ਵਿਭਾਗ ਨੇ ਦਿੱਤੀ ਹੈ ਇਹ ਠੀਕ ਵੀ ਹੈ ਜਾਂ ਨਹੀਂ ? ਕੀ ਇਹ ਕੋਈ ਭਰੋਸਾ ਦਿਵਾਉਣਗੇ ਕਿ ਕੋਈ ਉਚ ਅਧਿਕਾਰੀ ਜਾ ਕੇ ਤੱਥਾਂ ਨੂੰ ਸਾਹਮਣੇ ਰੱਖ ਕੇ ਰਿਪੋਰਟ ਕਰੇਗਾ ?

**ਸ੍ਰੀ ਸਪੀਕਰ** : ਤੁਹਾਡਾ ਇਹ ਕੁਐਸਚਨ ਸਹੀ ਨਹੀਂ ਬਣਿਆ।

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਭਰੋਸਾ ਦੇ ਦਿੱਤਾ ਹੈ ਕਿ ਇਹ ਮੈਨੂੰ ਲਿਖ ਕੇ ਦੇਣ ਜੇਕਰ ਪਾਣੀ ਦੀ ਕਮੀ ਹੈ ਤਾਂ ਅਸੀਂ ਉਹ ਕਮੀ ਦੂਰ ਕਰ ਦਿਆਂਗੇ। I will seek information also. ਇਹ ਲਿਖ ਦੇ ਦੇਣ ਉਸ ਦੀ ਇਨਕੁਆਇਰੀ ਵੀ ਕਰਵਾ ਲਵਾਂਗੇ। ਜੇਕਰ ਰਿਪੋਰਟ ਗਲਤ ਹੈ ਤਾਂ ਉਸ ਦੀ ਵੀ ਪੜਤਾਲ ਕਰਵਾ ਲਵਾਂਗੇ।

---

## ਖੇਤ ਮਜ਼ਦੂਰਾਂ ਦੀ ਰੋਜ਼ਾਨਾ ਮਜ਼ਦੂਰੀ ਵਿਚ ਸੋਧਨਾ

*5. **ਕਾਮਰੇਡ ਹਰਦੇਵ ਅਰਸ਼ੀ** : ਕੀ ਮਕਾਨ ਉਸਾਰੀ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਰਾਜ ਵਿਚ ਖੇਤ ਮਜ਼ਦੂਰਾਂ ਦੀ ਰੋਜ਼ਾਨਾ ਮਜਦੂਰੀ ਵਿਚ ਸੋਧਨਾ ਕਰਨ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸਰੂਪ ਸਿੰਘ** : ਨਹੀਂ ਜੀ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਜਾਣਕਾਰੀ ਦੇਣਗੇ ਕਿ ਖੇਤ ਮਜ਼ਦੂਰਾਂ ਦੀ ਪਿਛੋਂ ਡੇਲੀ ਵੇਜਿਜ਼ ਬਾਰੇ ਰਿਵੀਜ਼ਨ ਕਦੋਂ ਹੋਈ ਹੈ ਅਤੇ ਕਿੰਨੀ ਹੋਈ ਹੈ।

**ਮੰਤਰੀ** : ਪਿਛਲੀ ਵਾਰ ਰਿਵੀਜ਼ਨ 1-7-1995 ਨੂੰ ਹੋਈ ਹੈ। ਉਸ ਦੇ ਮੁਤਾਬਿਕ 47.95 ਪੈਸੇ ਵਿਦ ਫੂਡ ਅਤੇ 54.50 ਪੈਸੇ ਬਿਨਾਂ ਫੂਡ। ਇਹ ਰਿਵੀਜ਼ਨ ਪਿਛੇ ਹੋਈ ਹੈ। ਉਸ ਤੋਂ ਬਾਅਦ ਪ੍ਰਾਈਸ-ਇੰਡੈਕਸ ਹਰ 6 ਮਹੀਨੇ ਬਾਅਦ ਵਧ ਜਾਂਦਾ ਹੈ। ਇਸ ਵੇਲੇ ਮੌਜੂਦਾ 51.73 ਪੈਸੇ ਵਿਦ ਫੂਡ ਅਤੇ 58.28 ਪੈਸੇ ਬਿਨਾਂ ਫੂਡ ਦਿੱਤੇ ਜਾ ਰਹੇ ਹਨ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਮੈਨੂੰ ਜਵਾਬ ਥੋੜ੍ਹਾ ਜਿਹਾ ਸਪਸ਼ਟ ਨਹੀਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਹੋਇਆ । ਕੀ ਇਹ ਰਿਵੀਜ਼ਨ ਮੀਨੀਮਮ ਵੇਜਿਜ਼ ਐਕਟ ਦੇ ਥੱਲੇ ਕੀਤੀ ਜਾਂਦੀ ਹੈ । ਜੇਕਰ ਮੀਨੀਮਮ ਵੇਜਿਜ਼ ਐਕਟ ਦੇ ਥੱਲੇ ਕੀਤੀ ਜਾਂਦੀ ਹੈ ਤਾਂ ਇਹ ਹਰੇਕ ਦੋ ਸਾਲ ਬਾਅਦ ਰਿਵਾਈਜ਼ ਹੋਣੀ ਚਾਹੀਦੀ ਹੈ । ਮੰਤਰੀ ਜੀ ਨੇ ਕਿਹਾ ਹੈ 1-7-1993 ਨੂੰ ਹੋਈ ਹੋਈ ਸੀ । ਇਸ ਤਰ੍ਹਾਂ ਤਾਂ ਟਾਈਮ ਪੂਰਾ ਹੋ ਗਿਆ ਹੈ ।

**ਮੰਤਰੀ** : ਫੈਸਲਾ ਹੋਇਆ ਹੈ ਕਿ ਰਿਵੀਜ਼ਨ ਹਰੇਕ ਦੋ ਸਾਲ ਬਾਅਦ ਹੋਵੇਗੀ ਜਾਂ ਜਦੋਂ 50 ਪੁਆਇੰਟ ਰੇਟ ਵਧ ਜਾਵੇ । ਅਜੇ ਨਾ ਤਾਂ ਦੋ ਸਾਲ ਹੋਏ ਹਨ ਅਤੇ ਨਾ ਹੀ 50 ਪੁਆਇੰਟ ਰੇਟ ਵਧੇ ਹਨ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, 1-7-1993 ਤੋਂ ਤਾਂ ਦੋ ਸਾਲ ਤੋਂ ਵੀ ਵੱਧ ਸਮਾਂ ਹੋ ਗਿਆ ਹੈ ।

ਮੰਤਰੀ : 1-7-1993 ਨਹੀਂ । ਇਹ 1-7-1995 ਨੂੰ ਹੋਈ ਹੈ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਸੌਰੀ । ਮੈਨੂੰ ਸ਼ਾਇਦ ਭੁਲੇਖਾ ਲਗ ਗਿਆ ਹੈ । ਮੇਰੀ ਦੂਜੀ ਸਪਲੀਮੈਂਟਰੀ ਹੈ ਕਿ ਕੀ ਮੰਤਰੀ ਜੀ ਅਸ਼ੋਰੈਂਸ ਦਿਵਾਉਣਗੇ ਕਿ ਦੋ ਸਾਲ ਦਾ ਸਮਾਂ ਪੂਰੇ ਹੁੰਦੇ ਹੀ ਇਸ ਦੀ ਰਿਵੀਜ਼ਨ ਕਰ ਦਿੱਤੀ ਜਾਵੇਗੀ ।

**ਮੰਤਰੀ**: ਜਦੋਂ ਸਮਾਂ ਆਵੇਗਾ, ਅਸੀਂ ਪੂਰਾ ਵਿਚਾਰ ਕਰਕੇ ਰਿਵੀਜ਼ਨ ਕਰਾਂਗੇ, ਕਿਉਂ ਨਹੀਂ ਕਰਾਂਗੇ ।....

---

## ਅਗਵਾ ਕੀਤੇ ਗਏ ਬੱਚਿਆਂ ਨੂੰ ਲੱਭਣਾ

*13. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮਿਊਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ ਅਤੇ ਅੰਮ੍ਰਿਤਸਰ ਕੈਂਟ ਦੀਆਂ ਹੱਦਾਂ ਦੇ ਅੰਦਰ 1996 ਦੇ ਦੂਜੇ ਅੱਧ ਦੇ ਦੌਰਾਨ ਅਗਵਾ ਕੀਤੇ ਗਏ ਬੱਚਿਆਂ ਦੇ ਨਾਂ ਅਤੇ ਪਤੇ ਕੀ ਕੀ ਹਨ ਅਤੇ ਅਜਿਹੀ ਘਟਨਾ ਦੀ ਤਰੀਕ (ਤਰੀਕਾਂ) ਕੀ ਹੈ/ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬੱਚਿਆਂ ਵਿਚੋਂ ਉਨ੍ਹਾਂ ਬੱਚਿਆਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਦਾ ਅਜੇ ਤੱਕ ਪਤਾ ਨਹੀਂ ਲਗਾਇਆ ਗਿਆ ਹੈ;

(ੲ) ਕੀ ਉਪਰੋਕਤ ਭਾਗ (ਅ) ਵਿਚ ਵਰਣਿਤ ਬੱਚਿਆਂ ਵਿਚੋਂ ਕਿਸੇ ਬੱਚੇ ਦੇ ਮਾਤਾ-ਪਿਤਾ ਨੇ ਬੇਨਤੀ ਕੀਤੀ ਹੈ ਕਿ ਕੇਸਾਂ ਦੀ ਤਫਤੀਸ਼ ਸੀ. ਬੀ. ਆਈ. ਨੂੰ ਸੌਂਪ ਦਿੱਤੀ ਜਾਵੇ; ਜੇਕਰ ਅਜਿਹਾ ਹੋਵੇ, ਤਾਂ ਇਸ ਮਾਮਲੇ ਬਾਰੇ ਸਰਕਾਰ ਦੁਆਰਾ ਕੀ ਫੈਸਲਾ ਲਿਆ ਗਿਆ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਉਨ੍ਹਾਂ ਬੱਚਿਆਂ ਦੇ ਨਾਮ ਅਤੇ ਪਤੇ, ਜਿਹੜੇ 1996 (1 ਜੁਲਾਈ, 1996 ਤੋਂ 31 ਦਸੰਬਰ, 1996 ਤੱਕ) ਦੇ ਅੱਧ ਤੋਂ ਬਾਅਦ ਮਿਊਂਸਪਲ ਕਾਰਪੋਰੇਸ਼ਨ ਅੰਮ੍ਰਿਤਸਰ ਅਤੇ ਅੰਮ੍ਰਿਤਸਰ ਕੈਂਟ ਦੀ ਹੱਦ ਵਿੱਚੋਂ ਅਪਹਰਣ ਹੋਏ, ਹੇਠ ਲਿਖੇ ਅਨੁਸਾਰ ਹਨ :--

| ਲੜੀ ਨੰ: | ਨਾਮ ਅਤੇ ਪਤੇ | ਘਟਨਾ ਦੀ ਮਿਤੀ |
|---|---|---|
| 1. | ਗਿਆਨਦੀਪ ਸਿੰਘ ਪੁੱਤਰ ਡਾ: ਹਰਦੀਪ ਸਿੰਘ ਮਕਾਨ ਨੰ: 123 ਸਦਰ ਬਜ਼ਾਰ, ਅੰਮ੍ਰਿਤਸਰ । | .. 19 ਅਗਸਤ, 1996 |
| 2. | ਬਗੀਚਾ ਸਿੰਘ ਉਰਫ਼ ਬੀਚੀ ਪੁੱਤਰ ਮਹਿਲ ਸਿੰਘ ਰਾਏ ਸਿੱਖ, ਬਸਤੀ ਤਰਖਾਣਾ ਗੁਰੂ ਹਰਸਹਾਏ, ਜ਼ਿਲ੍ਹਾ ਫ਼ਿਰੋਜ਼ਪੁਰ । | .. 18 ਅਕਤੂਬਰ, 1996 |
| 3. | ਸ਼ਿਵਮ ਪੁੱਤਰ ਸ਼ਤੀਸ਼ ਕੁਮਾਰ ਵਾਸੀ ਮਕਾਨ ਨੰ: 2181/15 ਕਟੜਾ ਗਰਬਾ ਸਿੰਘ, ਥਾਣਾ 'ਸੀ' ਡਵਿਜ਼ਨ ਅੰਮ੍ਰਿਤਸਰ । | .. 7 ਨਵੰਬਰ, 1996 |

(ਅ) ਉਪਰੋਕਤ ਵਿਚੋਂ 2 ਬੱਚੇ, ਗਿਆਨਦੀਪ ਸਿੰਘ ਅਤੇ ਬਗੀਚਾ ਸਿੰਘ ਅਜੇ ਤੱਕ ਬਰਾਮਦ ਨਹੀਂ ਹੋਏ ਹਨ ।

(ੲ) ਜੀ ਹਾਂ, ਗਿਆਨਦੀਪ ਸਿੰਘ ਦੇ ਮਾਪਿਆਂ ਵੱਲੋਂ ਅਪਹਰਣ ਦੇ ਮੁਕੱਦਮੇ ਵਿੱਚ ਇਕ ਰਿਟ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿੱਚ ਸੀ. ਬੀ. ਆਈ ਨੂੰ ਦੇਣ ਸਬੰਧੀ ਦਰਜ ਹੋਈ ਸੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਸਾਹਿਬਾਨ ਨੇ ਹੁਕਮ ਦਿਤਾ ਕਿ ਇਸ ਕੇਸ ਦੀ ਇਨਕੁਆਰੀ ਸੁਪਰਡੰਟ ਪੁਲਿਸ ਦੁਆਰਾ ਹੋਣੀ ਚਾਹੀਦੀ ਹੈ ਨਾ ਕਿ ਸੀ. ਬੀ. ਆਈ. ਦੁਆਰਾ । ਉਕਤ ਮੁਤਾਬਕ ਤਫ਼ਤੀਸ਼ ਸੀ. ਆਰ. ਐਲ. ਮੈਂਗਾ ਸੁਪਰਡੰਟ ਪੁਲਿਸ ਸਿਟੀ (ਪੂਰਬ) ਅੰਮ੍ਰਿਤਸਰ ਦੁਆਰਾ ਕੀਤੀ ਜਾ ਰਹੀ ਹੈ ।

**ਕਾਮਰੇਡ ਅਜੈਬ ਸਿੰਘ ਰੋਤਾ**: ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਸਤਿਕਾਰ ਯੋਗ ਮੁੱਖ ਮੰਤਰੀ ਜੀ ਪਾਸੋਂ ਜਾਣਨਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਤਿੰਨ ਬੱਚੇ ਅਗਵਾ ਹੋਏ ਹਨ ਅਤੇ ਤਕਰੀਬਨ 6 ਮਹੀਨੇ ਦਾ ਸਮਾਂ ਬੀਤ ਚੁਕਿਆ ਹੈ । ਮੁੱਖ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਸ੍ਰੀ. ਆਰ. ਐਲ. ਮੈਂਗਾ, ਸੁਪਰਡੰਟ ਆਫ਼ ਪੁਲਿਸ (ਪੂਰਬੀ) ਅੰਮ੍ਰਿਤਸਰ ਵੱਲੋਂ ਇਸ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ । ਇਹ ਤਫ਼ਤੀਸ਼ 6 ਮਹੀਨਿਆਂ ਵਿਚ ਅਜੇ ਤੱਕ ਪੂਰੀ ਨਹੀਂ ਹੋਈ । ਇਸ ਦੇ ਕੀ ਕਾਰਨ ਹਨ ਜਦੋਂ ਕਿ ਗਿਆਨਦੀਪ ਬੱਚੇ ਬਾਰੇ ਅਖ਼ਬਾਰਾਂ ਵਿਚ ਵੀ ਪਤਾ ਲੱਗਾ ਕਿ ਬਠਿੰਡਾ ਜ਼ਿਲ੍ਹੇ ਵਿਚ ਇਕ ਲੜਕੀ ਨੇ ਕਿਹਾ ਕਿ ਮੈਂ ਫ਼ੋਟੋ ਦੇਖ ਕੇ ਉਸ ਬੱਚੇ ਨੂੰ ਪਹਿਚਾਣਦੀ ਹਾਂ ਅਤੇ ਉਸ ਨੂੰ ਉਥੇ ਫਿਰਦੇ ਹੋਏ ਦੇਖਿਆ ਹੈ । ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਇਹ ਰਿਪੋਰਟ ਕਿਤਨੀ ਜਲਦੀ ਤਿਆਰ ਹੋ ਜਾਵੇਗੀ, ਬਣ ਕੇ ਆ ਜਾਵੇਗੀ ਅਤੇ ਦੋਸ਼ੀ ਫੜੇ ਜਾਣਗੇ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਗੱਲ ਜਦੋਂ ਮੇਰੇ ਨੋਟਿਸ ਵਿੱਚ ਆਈ ਮੈਂ ਉਦੋਂ ਹੀ ਐਸ. ਪੀ. ਜਿਹੜਾ ਇਸ ਕੇਸ ਦੀ ਇਨਕੁਆਰੀ ਕਰ ਰਿਹਾ ਹੈ, ਉਸਦੇ ਨਾਲ ਖੁਦ ਟੈਲੀਫੂਨ ਤੇ ਗੱਲ ਕੀਤੀ ਹੈ ਔਰ ਉਸਨੂੰ ਹਦਾਇਤ ਕੀਤੀ ਹੈ ਕਿ ਤਨਦੇਹੀ ਦੇ ਨਾਲ ਕੋਸ਼ਿਸ਼ ਕਰਕੇ ਛੇਤੀ ਤੋਂ ਛੇਤੀ ਇਸ ਬੱਚੇ ਦੀ ਬਰਾਮਦਗੀ ਕੀਤੀ ਜਾਵੇ । ਕੋਸ਼ਿਸ਼ ਪਹਿਲਾਂ ਵੀ ਹੋਈ ਹੈ ਔਰ ਇਸਦੇ ਵਾਸਤੇ ਬਾਹਰ ਵੀ, ਜਿਥੇ ਵੀ ਬੱਚੇ ਦੇ ਮਾਪਿਆਂ ਨੇ ਕਿਹਾ ਕਿ ਸਾਨੂੰ ਉਨ੍ਹਾਂ ਤੇ ਸ਼ੱਕ ਹੈ, ਉਨ੍ਹਾਂ ਸਾਰੇ ਬੰਦਿਆਂ ਤੋਂ ਪੁੱਛ-ਗਿੱਛ ਵੀ ਹੋਈ ਹੈ । ਇਥੋਂ ਤੱਕ ਕਿ ਪੰਜਾਬ ਤੋਂ ਬਾਹਰ ਵੀ ਕੁਝ ਇਹੋ ਜਿਹੀਆਂ ਥਾਵਾਂ ਤੇ ਪੁਲਿਸ ਭੇਜੀ ਗਈ ਜਿੱਥੇ ਉਨ੍ਹਾਂ ਦੇ ਮਾਪਿਆਂ ਨੇ ਦੱਸਿਆ, ਲੇਕਿਨ ਉਥੋਂ ਬਰਾਮਦਗੀ ਨਹੀਂ ਹੋਈ । ਹੁਣ ਮੈਂ ਮੈਂਬਰ ਸਾਹਿਬਾਨ ਨੂੰ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਦੁਬਾਰਾ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾਵੇਗੀ ਕਿ ਇਨ੍ਹਾਂ ਬੱਚਿਆਂ ਦੀ ਤਲਾਸ਼ ਕਰਕੇ ਸਿੱਟਿਆਂ ਤੇ ਪਹੁੰਚਿਆ ਜਾਵੇ ।

**ਕਾਮਰੇਡ ਅਜੈਬ ਸਿੰਘ ਰੌਂਤਾ** : ਸਪੀਕਰ ਸਾਹਿਬ, ਮੈਂ ਇਸ ਗੱਲ ਲਈ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਕਿਹਾ ਕਿ ਬਹੁਤ ਵੱਡੇ ਪੱਧਰ ਤੇ ਬੱਚਿਆਂ ਦੀ ਤਲਾਸ਼ ਕੀਤੀ ਗਈ ਹੈ ਔਰ ਪੁਲਿਸ ਆਫੀਸਰਜ਼ ਸਾਹਿਬਾਨ ਨੂੰ ਵੀ ਪੁਛਿਆ ਗਿਆ ਹੈ ਔਰ ਛੇਤੀ ਤਲਾਸ਼ ਕਰਨ ਲਈ ਹਦਾਇਤ ਕੀਤੀ ਹੈ । ਸਪੀਕਰ ਸਾਹਿਬ, ਗਿਆਨਦੀਪ ਦੇ ਮਾਪਿਆਂ ਨੇ ਹਾਈਕੋਰਟ ਵਿੱਚ ਰਿੱਟ ਦਾਇਰ ਕੀਤੀ ਸੀ ਕਿ ਇਸਦੀ ਸੀ. ਬੀ. ਆਈ. ਤੋਂ ਜਾਂਚ ਕਰਵਾਈ ਜਾਵੇ । ਮੈਂ ਸਮਝਦਾ ਹਾਂ ਕਿ 6 ਮਹੀਨੇ ਦਾ ਸਮਾਂ ਬੀਤ ਜਾਣ ਤੇ ਵੀ ਪੰਜਾਬ ਪੁਲਿਸ ਵਲੋਂ ਬਰਾਮਦਗੀ ਨਹੀਂ ਹੋ ਸਕੀ, ਫਿਰ ਪੰਜਾਬ ਸਰਕਾਰ ਨੂੰ ਸੀ. ਬੀ. ਆਈ. ਜਾਂ ਕਿਸੇ ਹੋਰ ਏਜੰਸੀ ਤੋਂ ਜਾਂਚ ਕਰਾਉਣ ਵਿੱਚ ਕੀ ਇਤਰਾਜ਼ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਪੰਜਾਬ ਵਿੱਚ ਬਹੁਤ ਵੱਡੀ ਪੰਜਾਬ ਪੁਲਿਸ ਹੈ । ਇਸ ਕੇਸ ਦੀ ਅਸੀਂ ਖੁਦ ਪੰਜਾਬ ਪੁਲਿਸ ਤੋਂ ਤਫਤੀਸ਼ ਕਰਵਾਉਣੀ ਹੈ, ਇਸ ਲਈ ਇਹ ਸੀ. ਬੀ. ਆਈ. ਨੂੰ ਭੇਜਣ ਦੀ ਕੋਈ ਲੋੜ ਨਹੀਂ ਹੈ । ਜੋ ਰਿੱਟ ਗਿਆਨਦੀਪ ਦੇ ਮਾਪਿਆਂ ਨੇ ਹਾਈਕੋਰਟ ਵਿੱਚ ਕੀਤੀ ਸੀ, ਉਹ ਹਾਈਕੋਰਟ ਨੇ ਵੀ ਰੀਜੈਕਟ ਕਰ ਦਿੱਤੀ ਹੈ ਅਤੇ ਕਿਹਾ ਕਿ ਐਸ. ਐਸ. ਪੀ. ਤੋਂ ਇਸਦੀ ਇਨਕੁਆਰੀ ਕਰਵਾਈ ਜਾਵੇ । ਇਸ ਲਈ ਹਾਈਕੋਰਟ ਦੀ ਹਦਾਇਤ ਤੇ ਹੀ ਐਸ. ਪੀ. ਅੰਮ੍ਰਿਤਸਰ ਨੂੰ ਇਸ ਤਫਤੀਸ਼ ਤੇ ਲਗਾ ਦਿਤਾ ਗਿਆ ਹੈ ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਅੰਮ੍ਰਿਤਸਰ ਦੇ ਵਿਚੋਂ ਤਾਂ ਇਹ ਬੱਚਾ ਗੁੰਮ ਹੋਇਆ ਹੀ ਹੈ ਅਤੇ ਜੋ ਛੇ ਮਹੀਨੇ ਵਿੱਚ ਵੀ ਬਰਾਮਦ ਨਹੀਂ ਹੋਇਆ ਇਸ ਤੋਂ ਇਲਾਵਾ ਵੀ ਅੰਮ੍ਰਿਤਸਰ ਜ਼ਿਲ੍ਹੇ ਦੇ ਹੋਰ ਇਲਾਕੇ ਅਤੇ ਪੰਜਾਬ ਦੇ ਦੂਜੇ ਜ਼ਿਲ੍ਹਿਆਂ ਵਿੱਚੋਂ ਕਈ ਬੱਚੇ ਗੁੰਮ ਹੋਏ ਹੋਣਗੇ । ਮੁੱਖ ਮੰਤਰੀ ਜੀ ਨੇ ਮੋਂਗਾ ਸਾਹਿਬ, ਦੀ ਗੱਲ ਕੀਤੀ ਹੈ ਇਹ ਤਾਂ ਹੁਣ ਅੰਮ੍ਰਿਤਸਰ ਵਿਖੇ ਆਏ ਹਨ ਪਹਿਲਾਂ ਇਹ ਮਜੀਠਾ ਵਿਖੇ ਸਨ । ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਜਿਵੇਂ ਦਿੱਲੀ

Original with;
Punjab Vidhan Sabha
Digitized by;
Panjab Digital Library

ਵਿੱਚ ਖੋਏ ਹੋਏ ਬੱਚਿਆਂ ਲਈ ਇੱਕ ਅਲੱਗ ਸੈੱਲ ਬਣਾਇਆ ਹੈ, ਇਸੇ ਤਰ੍ਹਾਂ ਹੀ ਪੰਜਾਬ ਵਿੱਚ ਵੀ ਬਣਾਇਆ ਜਾਵੇ ਜਿਸ ਦਾ ਹੈਡ-ਕੁਆਟਰ ਚੰਡੀਗੜ੍ਹ ਵਿੱਚ ਹੋਵੇ। ਇਸ ਸੈਲ ਦਾ ਕੰਮ ਕੇਵਲ ਗੁੰਮ ਹੋਏ, ਬੱਚਿਆਂ ਨੂੰ ਲੱਭਣਾ ਹੋਵੇਗਾ ?

**ਮੁੱਖ ਮੰਤਰੀ** : ਆਨਰੇਬਲ ਮੈਂਬਰ ਦਾ ਸੁਝਾਓ ਬਹੁਤ ਹੀ ਚੰਗਾ ਹੈ ਅਤੇ ਇਸ ਤੇ ਸਰਕਾਰ ਜ਼ਰੂਰ ਵਿਚਾਰ ਕਰੇਗੀ (ਥੰਪਿੰਗ)

---

**ਉਦਯੋਗਿਕ ਯੂਨਿਟਾਂ ਲਈ ਅਲਾਟ ਕੀਤੀ ਗਈ ਜ਼ਮੀਨ ਦੀ ਦੁਬਾਰਾ ਵਿਕਰੀ**

* 34 1. **ਸਰਦਾਰ ਇੰਦਰਜੀਤ ਸਿੰਘ ਜ਼ੀਰਾ**

2. **ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ** } : ਕੀ ਮੁੱਖ ਮੰਤਰੀ ਕਿਰਪਾ

ਕਰਕੇ ਦੱਸਣਗੇ ਕਿ—

(ੳ) ਜਨਵਰੀ, 1993 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਉਦਯੋਗ ਵਿਭਾਗ ਦੁਆਰਾ ਜ਼ਿਲ੍ਹਾਵਾਰ ਅਤੇ ਸਾਲਵਾਰ ਕੁੱਲ ਕਿੰਨੇ ਏਕੜ ਜ਼ਮੀਨ ਪ੍ਰਾਪਤ ਕੀਤੀ ਗਈ ਅਤੇ ਵੱਖ ਵੱਖ ਸਰਕਾਰੀ ਅਤੇ ਨਿੱਜੀ ਖੇਤਰਾਂ ਵਿਚ ਉਦਯੋਗ ਲਗਾਉਣ ਲਈ ਜ਼ਮੀਨ ਕਿਸ ਦਰ ਤੇ ਪ੍ਰਾਪਤ ਕੀਤੀ ਗਈ ਅਤੇ ਅਲਾਟ ਕੀਤੀ ਗਈ ?

(ਅ) ਕੀ ਇਹ ਠੀਕ ਹੈ ਕਿ ਕੁੱਝ ਨਿੱਜੀ ਉਦਯੋਗਪਤੀਆਂ ਨੇ ਉਕਤ ਵਰਣਿਤ ਸਮੇਂ ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਜ਼ਮੀਨ ਆਮ ਲੋਕਾਂ ਨੂੰ ਵੇਚ ਦਿੱਤੀ ਹੈ ; ਜੇਕਰ ਅਜਿਹਾ ਹੋਵੇ, ਤਾਂ ਸਰਕਾਰ ਦੁਆਰਾ ਇਸ ਸਬੰਧ ਵਿਚ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਨਹੀਂ ਜੀ।

---

Original with;
Punjab Vidhan Sabha
Digitized by;
Panjab Digital Library

## ਸੂਚੀ

ਉਦਯੋਗ ਵਿਭਾਗ ਵਲੋਂ ਸਾਲ 1-1-1993 ਤੋਂ ਹੁਣ ਤੱਕ ਇਕੁਆਇਰ ਕੀਤੀ ਭੋਂ ਦਾ ਵੇਰਵਾ :-

| ਜ਼ਿਲ੍ਹਾ ਤੇ ਪਿੰਡ ਦਾ ਨਾਂ | ਇਕੁਆਇਰ ਕੀਤਾ ਏਰੀਆ (ਏਕੜਾਂ ਵਿਚ) | ਐਕੁਜੀਸ਼ਨ ਰੇਟ ਪ੍ਰਤੀ ਏਕੜ | ਜਿਹੜੇ ਰੇਟ ਤੇ ਉਦਯੋਗਪਤੀਆਂ ਨੂੰ ਅਲਾਟ ਕੀਤੀ ਗਈ ਭੋਂ (ਪ੍ਰਤੀ ਏਕੜ) | ਪਬਲਿਕ/ਪ੍ਰਾਈਵੇਟ ਸੈਕਟਰ |
|---|---|---|---|---|
| 1 | 2 | 3 | 4 | 5 |
| ਜਨਵਰੀ, 1993 ਤੋਂ 31 ਦਸੰਬਰ, 1993 | | | | |
| **ਅੰਮ੍ਰਿਤਸਰ** | | | | |
| ਸੁਲਤਾਨ ਵਿੰਡ | 76.72 | 2,00,000/- | 13,05,200/- | ਪਬਲਿਕ ਸੈਕਟਰ |
| ਵਲਾਹ | 3.34 | 1,75,000/- | 13,55,200/- | ਪਬਲਿਕ ਸੈਕਟਰ |
| | 80.06 | | | |
| **ਪਟਿਆਲਾ** | | | | |
| ਅਲੀਪੁਰ ਅਰਾਈਆਂ | 187.37 | 1,67,000/- | 10,89,000/- | ਪਬਲਿਕ ਸੈਕਟਰ |
| | 267.43 | | | |

Original with;
Punjab Vidhan Sabha
Digitized by;
Panjab Digital Library

1 ਜਨਵਰੀ, 1994 ਤੋਂ 31 ਦਸੰਬਰ, 1994

| | | | | | |
|---|---|---|---|---|---|
| **ਲੁਧਿਆਣਾ** | | | | | |
| ਮੰਗਲੀ ਨਿਚੀ | 216.79 | 3,00,000/- | ਨਿਆਈ ਚਾਹੀ | 6,30,000/- | ਪ੍ਰਾਈਵੇਟ ਸੈਕਟਰ (ਏਰੀਆ 180.17) |
| | | 2,50,000/- | ਖਾਲਸ ਚਾਹੀ | | ਪਬਲਿਕ ਸੈਕਟਰ |
| | | 2,25,000/- | ਗੈਰ ਮੁਮਕਿਨ | 16,94,000/- | ਪਬਲਿਕ ਸੈਕਟਰ |
| | | 1,20,000/- | ਬੰਜਰ ਕਦੀਮ | | (ਏਰੀਆ 36.62) |
| ਭੋਲੇਪੁਰ | 7.08 | 2,50,000/- | ਖਾਲਸ ਚਾਹੀ | 6,30,000/- | ਪ੍ਰਾਈਵੇਟ ਸੈਕਟਰ |
| | | 2,25,000/- | ਗੈਰ ਮੁਮਕਿਨ | | |
| ਢੰਡਾਰੀ ਕਲਾਂ | 29.64 | 2 50,000/- | ਖਾਲਸ ਚਾਹੀ | 6,30,000/- | ਪ੍ਰਾਈਵੇਟ ਸੈਕਟਰ |
| | | 2,25,000/- | ਗੈਰ ਮੁਮਕਿਨ | | (ਏਰੀਆ 22.38) |
| | | | | 16,94,000/- | ਪਬਲਿਕ ਸੈਕਟਰ (ਏਰੀਆ 7.26) |
| ਮੁੰਡਿਆਂ ਖੁਰਦ | 155.04 | 2,50,000/- | ਚਾਹੀ | 6,30,000/- | ਪ੍ਰਾਈਵੇਟ ਸੈਕਟਰ |
| | | 3,00,000/- | ਨਿਆਈਂ ਚਾਹੀ | | (ਏਰੀਆ 154.08) |
| | | 2,25,000/- | ਗੈਰ-ਮੁਮਕਿਨ | 16,64,000/- | ਪਬਲਿਕ ਸੈਕਟਰ (ਏਰੀਆ 0.96) |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| **ਲੁਧਿਆਣਾ** | | | | |
| ਮੁੰਡਿਆਂ ਕਲਾਂ | 342.25 | 3,00,000/- ਨਿਆਈਂ ਚਾਹੀ | 16,94,000/- | ਪਬਲਿਕ ਸੈਕਟਰ |
| | | 2,50,000/- ਚਾਹੀ | | |
| ਕੁੱਲ | 750.80 | 2,20,000/- ਖਾਲਸ ਚਾਹੀ | | |
| | | 1,20,000/- ਬੰਜਰ ਕਦੀਮ | | |
| | | 1,20,000/- ਰੋਸਲੀ | | |
| | | 2,25,000/- ਗੈਰ ਮੁਮਕਿਨ | | |
| **ਗੁਰਦਾਸਪੁਰ** | | | | |
| ਘੋਹ | 277.04 | 54,700/- ਚਾਹੀ ਬਰਾਨੀ, ਅਬਲ ਅਤੇ ਗੈਰਮੁਮਕਿਨ, ਅਬਲ | 4,84,000/- | ਪਬਲਿਕ ਸੈਕਟਰ |
| ਮੁਤਫਰਕਾ | 9.62 | 62,000/- ਬਰਾਨੀ ਡੈਮ | —ਉਹੀ— | —ਉਹੀ— |
| | | 50,000/- ਗੈਰਮੁਮਕਿਨ | | |
| ਝੰਜੇਲੀ | 4.86 | 62,000/- ਬਰਾਨੀ ਡੈਮ | —ਉਹੀ— | —ਉਹੀ— |
| ਰਾਨੀਪੁਰ | 113.96 | 45,000/- ਬਰਾਨੀ ਡੈਮ | —ਉਹੀ— | —ਉਹੀ— |
| | | 40,000/- ਨਹਿਰੀ | | |
| ਕੁੱਲ | 405.48 | 10,000/- ਬੰਜਰ | | |
| | | 5,000/- ਗੈਰਮੁਮਕਿਨ | | |

Original with;
Punjab Vidhan Sabha
Digitized by;
Panjab Digital Library

**ਬਠਿੰਡਾ**

| | | | | | |
|---|---|---|---|---|---|
| ਜੱਸੀ ਪੌਵਾਲੀ | 260.07 | 1,04,000/- | ਨਹਿਰੀ | 7,26,000/- | ਪਬਲਿਕ ਸੈਕਟਰ |
| | | 51,000/- | ਚਾਹੀ | | |
| | | 80,000/- | ਬਰਾਨੀ | | |
| | | 1,80,000/- | ਗੈਰ ਮੁਮਕਿਨ | | |
| ਹਾਜ਼ੀ ਰਤਨ | 32.76 | 3,00,000/- | ਚਾਹੀ ਨਹਿਰੀ | —ਉਹੀ— | —ਉਹੀ— |
| | | 4,50,000/- | ਗੈਰ ਮੁਮਕਿਨ | | |
| | | 1,00,000/- | ਬਰਾਨੀ | | |
| ਪੱਟੀ ਮਹਿਣਾ | 90.39 | 59,000- | ਚਾਹੀ | —ਉਹੀ— | —ਉਹੀ— |
| | | 3,00,000/- | ਨਹਿਰੀ | | |
| | | 1,00,000/- | ਬਰਾਨੀ | | |
| | | 4,50,000/- | ਗੈਰ ਮੁਮਕਿਨ | | |
| ਪੱਟੀ ਝੂਟੀ | 6.58 | 3,00,000/- | ਨਹਿਰੀ | —ਉਹੀ— | —ਉਹੀ— |
| | | 1,00,000/- | ਬਰਾਨੀ | | |
| | | 4,50,000/- | ਗੈਰ ਮੁਮਕਿਨ | | |
| ਕੁੱਲ | 389.80 | | | | |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 | 4 | 5 |
| --- | --- | --- | --- | --- |
| **ਰੋਪੜ** | | | | |
| ਸੋਹਾਣਾ | 275.12 | 1,75,000/- | 14,52,000/- | ਪਬਲਿਕ ਸੈਕਟਰ |
| **ਪਟਿਆਲਾ** | | | | |
| ਲਾਲੜੂ | 263.94 | 66,000/- ਐਕੁਜਿਸ਼ਨ ਦੀ ਦਰ ਤੇ | | ਪ੍ਰਾਈਵੇਟ ਸੈਕਟਰ |
| ਲਹਿਲੀ | 148.65 | 74,000/- —ਉਹੀ— | | |
| ਜਲਾਲਪੁਰ | 130.51 | 96,000/- —ਉਹੀ— | | |
| ਹਸਨਪੁਰ | 6.68 | 74,000/- —ਉਹੀ— | | |
| ਜੋੜ | 549.78 | | | |
| **ਫਤਿਹਗੜ੍ਹ ਸਾਹਿਬ** | | | | |
| ਅਜਨਾਲੀ | 200.16 | 1,00,000/- | 14,52,000/- | ਪਬਲਿਕ ਸੈਕਟਰ |
| ਅੰਬੇ ਮਾਜਰਾ | 4.39 | 80,000/- | | |
| | 205.55 | | | |

Original with;
Punjab Vidhan Sabha
Digitized by;
Panjab Digital Library

**ਲੁਧਿਆਣਾ**

| | | | | |
|---|---|---|---|---|
| ਢੰਡਾਰੀ ਕਲਾਂ | 99.84 | 3,00,000/- | ਨਿਆਈਂ ਚਾਹੀ | ਹਾਲ ਤੱਕ ਅਲਾਟਮੈਂਟ ਪਬਲਿਕ ਸੈਕਟਰ ਨੂੰ ਨਹੀਂ ਹੋਈ |
| | | 2,50,000/- | ਖਾਲਸ | |
| | | 2,50,000/- | ਬੰਜਰ ਕਦੀਮ | |
| | | 2,25,000/- | ਗੈਰ ਮੁਮਕਿਨ | |
| ਗੀਆਸਪੁਰਾ | 47.52 | 3,00,000/- | ਨਿਆਈਂ ਚਾਹੀ | —ਉਹੀ— |
| | | 2,50,000/- | ਖਾਲਸ ਚਾਹੀ | |
| | | 2,25,000/- | ਗੈਰ ਮੁਮਕਿਨ | |
| ਢੰਡਾਰੀ ਖੁਰਦ | 3.21 | 2,50,0000/- | ਖਾਲਸ ਚਾਹੀ | —ਉਹੀ— |
| ਕੰਗਣਵਾਲ | 92.03 | 2,50,000/- | ਖਾਲਸ ਚਾਹੀ | —ਉਹੀ— |
| | | 2,25,000 | ਗੈਰ ਮੁਮਕਿਨ | |
| ਜਗਿਆਣਾ | 7.95 | 2.50,000/- | ਖਾਲਸ ਚਾਹੀ ਅਤੇ ਭੁੜ | |
| ਜੋੜ | 250.55 | | | |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| | | 1 ਜਨਵਰੀ, 1995 ਤੋਂ 31 ਦਸੰਬਰ, 1995 | | |
| **ਪਟਿਆਲਾ** | | | | |
| ਸਰਦਾਰਗੜ੍ਹ, ਖੜੌਲੀ, ਦਮਨਹੇੜੀ, ਪਬਾਰੀ, ਖੇੜੀ ਗੰਡਿਆਂ, ਝਾਖੜਾਂ, ਬਜਾਉਲੀ, ਭੜੌਲੀ ਗੁਜਰਾਂ | 10,84,75 | 1,45,000/- ਐਕੁਜੀਸ਼ਨ ਦੇ ਰੇਟ ਤੇ | | ਪ੍ਰਾਈਵੇਟ ਸੈਕਟਰ |
| **ਹੁਸ਼ਿਆਰਪੁਰ** | | | | |
| ਢਡਿਆਲਾ | 26.42 | 1,07,000/- ਚਾਹੀ | 4,84,000/- | ਪਬਲਿਕ ਸੈਕਟਰ |
| | | 60,000/- ਬਰਾਨੀ | | |
| | | 3,25,000/- ਗੈਰ ਮੁਮਕਿਨ | | |
| ਝਾਂਸ | 31.01 | 1,07,000/- ਚਾਹੀ | —ਉਹੀ— | —ਉਹੀ— |
| | 57.43 | 56,000/- ਗੈਰ ਮੁਮਕਿਨ ਅਤੇ ਝਾਂਗੀ ਦਰਖਤਾਂ | | |

Original with;
Punjab Vidhan Sabha
Digitized by;
Punjab Digital Library

1 ਜਨਵਰੀ, 1996 ਤੋਂ 31 ਦਸੰਬਰ, 1996

| | | | | |
|---|---|---|---|---|
| **ਫਿਰੋਜ਼ਪੁਰ** | | | | |
| ਅਬੋਹਰ | 31.16 | 3,50,000/- | 4,84,000/- | ਪਬਲਿਕ ਸੈਕਟਰ |
| ਆਲਮਗੜ੍ਹ | 71.16 | 2,00,000/- | —ਉਹੀ— | —ਉਹੀ— |
| ਕੁੱਲ | 102.32 | | | |
| **ਰੋਪੜ** | | | | |
| ਸੋਹਾਣਾ | 353.27 | 1,75,000/- | ਅਲਾਟਮੈਂਟ ਹਾਲ ਤੱਕ ਨਹੀਂ ਕੀਤੀ ਗਈ | —ਉਹੀ— |
| **ਜਲੰਧਰ** | | | | |
| ਜਲੰਧਰ | 1.07 | 12,44,000/- | 12,10,000/- | —ਉਹੀ— |
| ਗਦਈਪੁਰ | 0.48 | 9,44,0000- | —ਉਹੀ— | —ਉਹੀ— |

1 ਜਨਵਰੀ, 1997 ਤੋਂ ਹੁਣ ਤੱਕ

—ਨਿਲ—

Original with;
Punjab Vidhan Sabha
Digitized by;
Panjab Digital Library

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪਿਛਲੇ ਸਮੇਂ ਇਹ ਜ਼ਮੀਨ ਐਕੁਆਇਰ ਕੀਤੀ ਗਈ ਹੈ ਉਸਦੇ ਵਿਚ ਇੰਝ ਮਹਿਸੂਸ ਹੁੰਦਾ ਹੈ ਕਿ ਬਹੁਤ ਵੱਡੀ ਘੱਪਲੇਬਾਜ਼ੀ ਕੀਤੀ ਗਈ ਹੈ ਕਿਉਂਕਿ ਜਿਹੜੀ ਤਾਂ ਜ਼ਮੀਨ ਪਬਲਿਕ ਸੈਕਟਰ ਨੂੰ ਦੇਣੀ ਸੀ, ਉਹ ਤਾਂ ਵੱਧ ਕੀਮਤ ਤੇ ਐਕੁਆਇਰ ਕੀਤੀ ਗਈ ਹੈ ਅਤੇ ਜਿਹੜੀ ਪ੍ਰਾਈਵੇਟ ਸੈਕਟਰ ਨੂੰ ਦੇਣੀ ਸੀ ਉਹ ਬਹੁਤ ਘੱਟ ਰੇਟ ਤੇ ਐਕੁਆਇਰ ਕੀਤੀ ਗਈ ਹੈ । ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸਦੇ ਕੀ ਕਾਰਨ ਹਨ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇੰਡਸਟਰੀ ਡਿਪਾਰਟਮੈਂਟ ਜਿਹੜਾ ਹੈ ਉਹ ਤਿੰਨ ਤਰੀਕਿਆਂ ਨਾਲ ਜ਼ਮੀਨ ਐਕੁਆਇਰ ਕਰਦਾ ਹੈ । ਇੱਕ ਹੈ ਪੰਜਾਬ ਸਮਾਲ ਸਕੇਲ ਇੰਡਸਟਰੀਅਲ ਐਂਡ ਐਕਸਪੋਰਟ ਕਾਰਪੋਰੇਸ਼ਨ, ਜਿਹੜੀ ਉਸਦੇ ਵਾਸਤੇ ਹੁੰਦੀ ਹੈ ਉਹ ਡਿਵੈਲਪ ਕਰਕੇ ਪਲਾਟ ਦਿੰਦੀ ਹੈ । ਇਕ ਹੈ ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਈ, ਉਹ ਕੁਝ ਪ੍ਰਾਈਵੇਟ ਕੰਪਨੀਆਂ ਲਈ ਹੁੰਦੀ ਹੈ । ਜਿਹੜਾ ਰੇਟ ਬਾਰੇ ਇਨ੍ਹਾਂ ਨੇ ਕਿਹਾ ਹੈ ਇਹ ਤਾਂ ਹਰ ਥਾਂ ਵੱਖੋ-ਵੱਖਰੇ ਹੁੰਦੇ ਹਨ ਅਤੇ ਜਿਹੜਾ ਪਹਿਲਾ ਸਿਸਟਮ ਹੁੰਦਾ ਸੀ ਉਹ ਕੁਲੈਕਟਰ ਰੇਟ ਮੁਤਾਬਿਕ ਲਗਾਏ ਜਾਂਦੇ ਸਨ ਅਤੇ ਉਸਦੇ ਮੁਤਾਬਿਕ ਹੀ ਰੇਟ ਨਿਕਲਦੇ ਸਨ । ਇਸ ਲਈ ਰੇਟ ਜਿਹੜਾ ਹੈ ਇਹ ਇਸ ਤਰ੍ਹਾਂ ਹੁੰਦਾ ਸੀ । ਲੇਕਿਨ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਵੀ ਅਤੇ ਆਨਰੇਬਲ ਮੈਂਬਰ ਸਾਹਿਬ, ਨੂੰ ਇਹ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਇਸ ਵਿਚ ਜਿਹੜੀ ਕਮੀ ਹੈ ਹੁਣ ਦੂਰ ਕੀਤੀ ਜਾਵੇਗੀ । ਕੁਲੈਕਟਰ ਰੇਟ, ਮਾਰਕੀਟ ਵੈਲਿਊ ਪਲੱਸ ਉਜਾੜਾ ਅਲਾਊਂਸ ਦਿੱਤਾ ਜਾਵੇਗਾ ਤਾਂ ਕਿ ਐਕੁਆਇਰ ਹੋਣ ਵਾਲੀ ਜ਼ਮੀਨ ਦੇ ਮਾਲਕ ਦਾ ਕੋਈ ਨੁਕਸਾਨ ਨਾ ਹੋਵੇ ।

**ਸ੍ਰੀ ਸਪੀਕਰ**: ਮੇਰੇ ਹਲਕੇ ਕੁਮਕਲਾਂ ਵਿੱਚ ਵੀ ਕਾਫ਼ੀ ਪਿੰਡ ਪੈਂਦੇ ਹਨ । ਉਨ੍ਹਾਂ ਦਾ ਵੀ ਖਿਆਲ ਰੱਖਣਾ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ**: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਭਰੋਸਾ ਦਿਵਾਇਆ ਹੈ ਕਿ ਆਉਣ ਵਾਲੇ ਸਮੇਂ ਵਿੱਚ ਜਿਹੜੀ ਵੀ ਜ਼ਮੀਨ ਐਕੁਆਇਰ ਕੀਤੀ ਜਾਵੇਗੀ, ਉਨ੍ਹਾਂ ਦਾ ਪੂਰਾ ਰੇਟ ਦਿੱਤਾ ਜਾਵੇਗਾ । ਮੈਂ ਇਸ ਵਾਸਤੇ ਮੁੱਖ ਮੰਤਰੀ ਸਾਹਿਬ, ਦਾ ਧੰਨਵਾਦੀ ਹਾਂ । ਪਰ ਪਿਛਲੇ ਸਮੇਂ ਵਿੱਚ ਜਿਹੜੀ ਜ਼ਮੀਨ ਐਕੁਆਇਰ ਹੋਈ ਸੀ, ਉਸ ਵਕਤ ਵੀ ਕਾਫ਼ੀ ਜ਼ਮੀਨ ਦੇ ਅੱਡ ਅੱਡ ਰੇਟ ਸਨ । ਜਿਸ ਤਰ੍ਹਾਂ ਪਟਿਆਲਾ ਜ਼ਿਲ੍ਹੇ ਵਿੱਚ ਚਾਰ ਪਿੰਡਾਂ ਦੀ ਜ਼ਮੀਨ ਐਕੁਆਇਰ ਹੋਈ ਅਤੇ ਜ਼ਮੀਨ ਚੰਡੀਗੜ੍ਹ-ਦਿੱਲੀ ਸੜਕ ਤੇ ਹੈ । ਉਥੇ ਜ਼ਮੀਨ ਦਾ ਰੇਟ 7-8 ਲੱਖ ਰੁਪਏ ਹੈ ਔਰ ਐਕੁਆਇਰ ਹੋਣ ਦਾ ਰੇਟ 36,000/- ਰੁ. 74,000/- ਰੁ. ਅਤੇ 96,000/- ਰੁ. ਹੈ । ਇਸ ਸਬੰਧੀ ਸਵਾਲ ਮੈਂ ਉਸ ਵਕਤ ਚਲਦੇ ਸੈਸ਼ਨ ਵਿੱਚ ਵੀ ਕੀਤਾ ਸੀ ਔਰ ਉਸ ਸਮੇਂ ਵੀ ਮੈਂ ਇਹ ਗੱਲ ਕਹੀ ਸੀ ਕਿ ਇਸ ਵਿਚ ਘਪਲੇਬਾਜ਼ੀ ਹੋਈ ਹੈ ਔਰ ਮੈਂ ਕਿਹਾ ਸੀ ਕਿ ਪ੍ਰਾਈਵੇਟ ਸੈਕਟਰ ਨਾਲ ਰਲ ਕੇ ਜ਼ਮੀਨ ਦਾ ਰੇਟ ਘੱਟ ਕਰਕੇ ਐਕੁਆਇਰ ਕੀਤੀ ਗਈ ਹੈ । ਮੈਂ ਕਿਹਾ ਸੀ ਕਿ ਇੱਕ

Original with;
Punjab Vidhan Sabha
Digitized by;
Panjab Digital Library

ਜਿੰਮੇਵਾਰ ਸੱਜਣ ਹਨ, ਉਨ੍ਹਾਂ ਨੂੰ ਕੰਪਨੀ ਤੋਂ ਜ਼ਮੀਨ ਦਿਵਾਉਣ ਬਦਲੇ ਇਕ ਵੱਡੀ ਕਾਰ ਦਿੱਤੀ ਗਈ । ਮੈਂ ਸੀ. ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਕਿਸਾਨਾਂ ਨਾਲ ਧੱਕਾ ਹੋਇਆ ਹੈ, ਕੀ ਇਸ ਦੀ ਇਨਕੁਆਇਰੀ ਕਰਵਾਉਣ ਵਾਸਤੇ ਤਿਆਰ ਹੋਣਗੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਕ ਜਗ੍ਹਾ ਸ੍ਰੀ ਰਾਮ ਇੰਡਸਟ੍ਰੀਅਲ ਸਟੇਟ ਰਾਜਪੁਰਾ ਦੀ ਐਕੁਆਇਰ ਹੋਈ ਹੈ । ਇਸ ਦਾ ਰੇਟ ਦੋ ਲੱਖ ਅਠਾਰਾਂ ਹਜ਼ਾਰ ਦਿੱਤਾ ਗਿਆ ਹੈ । ਇਸ ਵਾਸਤੇ 1084.75 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ । ਇਸ ਵਿੱਚ ਕਈ ਕਾਸ਼ਤਕਾਰਾਂ ਨੇ ਵੀ ਹਾਈ ਕੋਰਟ ਵਿੱਚ ਰਿੱਟ ਪਟੀਸ਼ਨ ਕੀਤੀ ਹੈ । ਇਨ੍ਹਾਂ ਇੰਡਸਟਰੀ ਵਾਲਿਆਂ ਨੂੰ ਕਹਿ ਦਿੱਤਾ ਹੈ ਕਿ ਜਿਹੜੀ ਜ਼ਮੀਨ ਯੂਟੇਲਾਈਜ਼ ਨਹੀਂ ਹੋਈ, ਉਹ ਵਾਪਸ ਕੀਤੀ ਜਾਵੇ ਜਾਂ ਕੋਈ ਹੋਰ ਤਰੀਕਾ ਕੱਢਿਆ ਜਾਵੇ । ਇਸ ਲਈ ਇਹ ਜਿਹੜਾ ਰੇਟ ਹੈ, ਉਸ ਵਕਤ ਜਿਸ ਹਿਸਾਬ ਨਾਲ ਰੇਟ ਬਣਦਾ ਸੀ, ਉਸ ਰੇਟ ਤੇ ਹੀ ਐਕੁਆਇਰ ਹੋਈ ਹੈ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੂੰ ਥੋੜ੍ਹਾ ਜਿਹਾ ਭੁਲੇਖਾ ਲੱਗ ਗਿਆ ਹੈ । ਇਨ੍ਹਾਂ ਨੇ ਰਾਜਪੁਰੇ ਦਾ ਦੱਸ ਦਿੱਤਾ ਹੈ । ਮੈਂ ਰਾਜਪੁਰੇ ਦੇ ਪਿੰਡਾਂ ਬਾਰੇ ਨਹੀਂ ਪੁੱਛਿਆ ਬਲਕਿ ਮੈਂ ਲਾਲੜੂ ਦੇ ਨੇੜੇ ਜਿਹੜੇ ਪਿੰਡ ਹਨ ਜਿਨ੍ਹਾਂ ਵਿਚ ਲਹਿਲੀ, ਜਲਾਲਪੁਰ, ਹਸਨਪੁਰ ਆਦਿ ਪਿੰਡ ਹਨ, ਮੈਂ ਉਨ੍ਹਾਂ ਦੀ ਗੱਲ ਕੀਤੀ ਹੈ । ਇਹ ਜ਼ਮੀਨ 549.78 ਏਕੜ ਹੈ । ਇਸ ਵਿਚ ਦੱਸਿਆ ਗਿਆ ਹੈ ਕਿ ਲਾਲੜੂ ਵਿਖੇ 263.94 ਏਕੜ ਜ਼ਮੀਨ 66,000/- ਰੁਪਏ ਏਕੜ ਐਕੁਆਇਰ ਕੀਤੀ । ਲਹਿਲੀ ਦੀ 148.45 ਏਕੜ ਜ਼ਮੀਨ 74,000/- ਰੁਪਏ ਏਕੜ, ਜਲਾਲਪੁਰ ਦੀ 130.51 ਏਕੜ ਜ਼ਮੀਨ 96,000/- ਰੁਪਏ ਏਕੜ ਔਰ ਹਸਨਪੁਰ ਦੀ ਜ਼ਮੀਨ ਜੋ ਕਿ 6.68 ਏਕੜ ਹੈ, ਉਹ 74,000/- ਰੁਪਏ ਏਕੜ ਐਕੁਆਇਰ ਕੀਤੀ । ਇਸ ਵਿੱਚ ਘੱਪਲੇਬਾਜ਼ੀ ਹੋਈ ਹੈ । ਕੀ ਸੀ. ਐਮ. ਸਾਹਿਬ ਇਸ ਸੰਬੰਧੀ ਇਨਕੁਆਰੀ ਕਰਵਾਉਣ ਲਈ ਤਿਆਰ ਹਨ ਕਿ ਇੰਨੀ ਘੱਟ ਰੇਟ ਤੇ ਜ਼ਮੀਨ ਐਕੁਆਇਰ ਕਿਉਂ ਕੀਤੀ ਗਈ ਜਦੋਂ ਕਿ ਇਸ ਦਾ ਪ੍ਰਾਈਸ ਰੇਟ ਅੱਜ ਵੀ ਘੱਟ-ਘੱਟ ਸੱਤ ਲੱਖ ਰੁਪਏ ਏਕੜ ਹੈ ਜੇਕਰ ਇਸ ਨੂੰ ਵੇਚਿਆ ਜਾਵੇ ?

**ਮੁੱਖ ਮੰਤਰੀ :** ਇਨ੍ਹਾਂ ਨੇ ਪਟਿਆਲੇ ਦੇ ਨਾਲ ਦੀ ਗੱਲ ਕੀਤੀ ਸੀ । ਇਸ ਲਈ ਮੈਂ ਪਟਿਆਲੇ ਨਾਲ ਰਾਜਪੁਰਾ ਸਮਝ ਗਿਆ ਸੀ । ਜਿੱਥੋਂ ਤੱਕ ਲਾਲੜੂ ਦਾ ਸਵਾਲ ਹੈ । ਇਹ ਠੀਕ ਹੈ ਕਿ ਉਥੇ ਜ਼ਮੀਨ ਐਕੁਆਇਰ ਕੀਤੀ ਗਈ ਹੈ । ਮੈਂ ਬਿਲਕੁਲ ਸਹਿਮਤ ਹਾਂ ਕਿ ਘੱਟ ਰੇਟ ਤੇ ਜ਼ਮੀਨ ਐਕੁਆਇਰ ਕੀਤੀ ਗਈ ਹੈ । ਮੈਂ ਪਹਿਲਾਂ ਵੀ ਦੱਸਿਆ ਹੈ ਔਰ ਹੁਣ ਫਿਰ ਦੁਹਰਾਉਂਦਾ ਹਾਂ ਕਿ ਅੱਗੇ ਤੋਂ ਘੱਟ ਰੇਟ ਤੇ ਜ਼ਮੀਨ ਐਕੁਆਇਰ ਨਹੀਂ ਕੀਤੀ ਜਾਵੇਗੀ । (ਥੰਪਿੰਗ) ਸਾਰਿਆਂ ਨੂੰ ਪੂਰਾ ਮੁਆਵਜ਼ਾ ਦੇਣ ਵਾਸਤੇ ਕੇਸ ਅੰਡਰ ਕੰਸਿਡਰੇਸ਼ਨ ਹੈ, ਫਾਈਨਲ ਨਹੀਂ ਕੀਤਾ । ਤਕਰੀਬਨ ਇਸ ਸਿੱਟੇ ਤੇ ਅਸੀਂ ਪਹੁੰਚ ਗਏ ਹਾਂ ਕਿ ਸਹੀ ਮਾਅਨਿਆਂ ਵਿੱਚ ਮਾਰਕੀਟ ਵੈਲਿਉ ਹੋਵੇ ਔਰ ਉਜਾੜਾ ਅਲਾਉਂਸ ਹੋਵੇ । ਇਸ ਤੋਂ ਬਿਨਾਂ ਕੋਈ ਜ਼ਮੀਨ ਐਕੁਆਇਰ ਨਾ ਕੀਤੀ ਜਾਵੇ ।

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਸਾਹਿਬ, ਦਾ ਧੰਨਵਾਦ ਕਰਦਾ ਹਾਂ ਜੋ ਐਸ਼ੋਰੇਂਸ ਇਨ੍ਹਾਂ ਨੇ ਹਾਊਸ ਵਿੱਚ ਦਿੱਤੀ ਹੈ। ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਹੋਰ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਜੇਕਰ ਇਨ੍ਹਾਂ ਦੇ ਨੋਟਿਸ ਵਿੱਚ ਹੋਰ ਇਸ ਤਰ੍ਹਾਂ ਦੇ ਕੇਸ ਲਿਆ ਦਿੱਤੇ ਜਾਣ, ਜਿਹੜੇ ਕਿ ਪਿਛਲੇ ਸਮੇਂ ਵਿੱਚ ਵਾਪਰੇ ਹੋਣ ਤਾਂ ਕੀ ਇਹ ਉਸ ਤੇ ਕੋਈ ਕਦਮ ਚੁੱਕਣਗੇ ? ਜਿਸ ਤਰ੍ਹਾਂ ਇੰਡਸਟਰੀ ਦੇ ਵਾਸਤੇ ਜਦੋਂ ਜ਼ਮੀਨ ਐਕੁਵਾਇਰ ਕਰਦੇ ਹਨ, ਤਾਂ ਇਸ ਦੇ ਲਈ ਸ਼ਹਿਰਾਂ ਪਿੰਡਾਂ ਵਿਚ ਬੇਕਾਰ ਜ਼ਮੀਨ ਨੂੰ ਛੱਡ ਕੇ ਉਪਜਾਊ ਜ਼ਮੀਨ ਐਕਵਾਇਰ ਕੀਤੀ ਹੈ। ਬਿਊਰੋਕਰੇਸੀ ਨੇ ਉਹ ਜ਼ਮੀਨ ਛੱਡ ਕੇ ਹੋਰ ਪ੍ਰੋਡੱਕਟਿਵ, ਫ਼ਰਟਾਈਲ ਲੈਂਡ ਐਕਵਾਇਰ ਕਰ ਲਈ। ਕੀ ਇਸ ਦੀ ਪੜਤਾਲ ਕਰਵਾ ਕੇ ਔਰ ਉਪਜਾਊ ਜ਼ਮੀਨ ਛੁਡਵਾ ਕੇ ਉਸ ਜਗ੍ਹਾ ਗੈਰ-ਉਪਜਾਊ ਜ਼ਮੀਨ ਦਿੱਤੀ ਜਾਵੇਗੀ ?

ਦੂਸਰੀ ਜਿਹੜੀ ਮਾਰਕੀਟ ਰੇਟ ਵਾਲੀ ਗੱਲ ਕੀਤੀ ਹੈ, ਇਹ ਵੈੱਲਕਮ ਕਰਨ ਵਾਲੀ ਗੱਲ ਹੈ। ਜ਼ਮੀਨ ਤਾਂ ਹੁਣ ਵੀ ਐਕਵਾਇਰ ਹੋ ਰਹੀ ਹੈ। ਕੀ ਇਸ ਦੇ ਬਾਰੇ ਕੋਈ ਨੋਟੀਫਿਕੇਸ਼ਨ, ਸਰਕਾਰੀ ਹੁਕਮ ਜਾਰੀ ਕਰ ਦਿੱਤਾ ਹੈ ? ਜੇ ਕਰ ਦਿੱਤਾ ਹੈ ਤਾਂ ਕਦੋਂ ਤੋਂ ? ਜੇਕਰ ਨਹੀਂ ਕੀਤਾ, ਤਾਂ ਕਦੋਂ ਤੋਂ ਜਾਰੀ ਕਰੋਗੇ ? ਜ਼ਮੀਨ ਤਾਂ ਹੁਣ ਵੀ ਐਕਵਾਇਰ ਹੋ ਰਹੀ ਹੈ ਔਰ ਕੁਲੈਕਟਰ ਰੇਟ ਤੇ ਹੋ ਰਹੀ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਵਾਸਤੇ ਥੋੜ੍ਹਾ ਜਿਹਾ ਸਮਾਂ ਲੱਗੇਗਾ। ਸਾਰਾ ਕੰਮ ਪਰਾਪਰ ਤਰੀਕੇ ਨਾਲ ਹੋ ਰਿਹਾ ਹੈ। ਇਸ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਇੱਕ ਦੋ ਮਹੀਨੇ ਤੋਂ ਵੱਧ ਸਮਾਂ ਨਹੀਂ ਲੱਗੇਗਾ ਜਦੋਂ ਇਸ ਸਾਰੇ ਮੈਟਰ ਨੂੰ ਫਾਈਨੇਲਾਈਜ਼ ਕਰ ਲਵਾਂਗੇ।

---

**ਧਾਰ ਬਲਾਕ ਵਿਚ ਡਿਸਪੈਂਸਰੀਆਂ/ਹਸਪਤਾਲਾਂ ਦੀ ਗਿਣਤੀ**

*57, **ਸ਼੍ਰੀ ਸਤਿਆਪਾਲ ਸੈਣ** : ਕੀ ਸਥਾਨਕ ਸਰਕਾਰ ਅਤੇ ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਤਹਿਸੀਲ ਪਠਾਨਕੋਟ ਦੇ ਧਾਰ ਬਲਾਕ ਵਿਚ ਪਿੰਡ ਮਿਰਥਲ ਤੋਂ ਨੰਗਲ ਦਰਮਿਆਨ ਦੇ ਖੇਤਰ ਵਿੱਚ ਪੈਂਦੇ ਪਿੰਡਾਂ ਵਿਚ ਕੁੱਲ ਕਿੰਨੀਆਂ ਸਰਕਾਰੀ ਡਿਸਪੈਂਸਰੀਆਂ/ਹਸਪਤਾਲ ਹਨ ਅਤੇ ਉਨ੍ਹਾਂ ਪਿੰਡਾਂ ਦੇ ਨਾਂ ਕੀ-ਕੀ ਹਨ ਜਿਥੇ ਉਹ ਸਥਿਤ ਹਨ।

(ਅ) ਕੀ ਸਰਕਾਰ ਦੀ ਵਿੱਤੀ ਸਾਲ 1997-98 ਦੌਰਾਨ ਧਾਰ ਬਲਾਕ ਦੇ ਉਪਰੋਕਤ ਪਿੰਡਾਂ ਵਿਚ ਕੋਈ ਨਵੀਆਂ ਡਿਸਪੈਂਸਰੀਆਂ/ਹਸਪਤਾਲ ਖੋਲ੍ਹਣ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ?

**ਸ਼੍ਰੀ ਬਲਰਾਮਜੀ ਦਾਸ ਟੰਡਨ** : ਪਿੰਡ ਮਿਰਥਲ ਤੋਂ ਪਿੰਡ ਨੰਗਲ ਦਾ ਏਰੀਆ ਬਲਾਕ ਪਠਾਨਕੋਟ ਅਧੀਨ ਪੈਂਦਾ ਹੈ, ਨਾ ਕਿ ਧਾਰ ਬਲਾਕ ਵਿਚ।

Original with;
Punjab Vidhan Sabha
Digitized by;
Panjab Digital Library

(ੳ) ਪਿੰਡ ਮਿਰਥਲ ਤੋਂ ਪਿੰਡ ਨੰਗਲ ਤੱਕ ਹੇਠ ਦੱਸੀਆਂ ਗਈਆਂ ਸਿਹਤ ਸੰਸਥਾਵਾਂ ਪੈਂਦੀਆਂ ਹਨ: —

(1) ਮਿਨੀ ਪ੍ਰਾਇਮਰੀ ਹੈਲਥ ਸੈਂਟਰ, ਘਿਆਲਾ ।

(2) ਸਬ-ਸੈਂਟਰ, ਕੋਂਤਲਪੁਰ ।

(3) ਸਬ-ਸੈਂਟਰ, ਆਬਾਦਗੜ੍ਹ ।

ਫਿਰ ਵੀ ਬਲਾਕ ਧਾਰ ਵਿਖੇ 3 ਮੁੱਢਲੇ ਸਿਹਤ ਕੇਂਦਰ, 1 ਕਮਿਊਨਿਟੀ ਹੈਲਥ ਸੈਂਟਰ ਅਤੇ 9 ਸਬ ਸਿਡਰੀ ਹੈਲਥ ਸੈਂਟਰ ਕੰਮ ਕਰ ਰਹੇ ਹਨ ।

(ਅ) ਜਦੋਂ ਵੀ ਸਾਲ 1997-98 ਦੌਰਾਨ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਫੈਸਲਾ ਲਿਆ ਗਿਆ ਤਾਂ ਇਸ ਇਲਾਕੇ ਦੀ ਮੰਗ ਨੂੰ ਧਿਆਨ ਵਿਚ ਰੱਖਿਆ ਜਾਵੇਗਾ ।

**ਸ੍ਰੀ ਸਤਿਆਪਾਲ ਸੈਣੀ** : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੰਤਰੀ ਜੀ ਦਾ ਧਿਆਨ ਇਸ ਤਰਫ ਕੇਂਦਰਿਤ ਕਰਨਾ ਚਾਹੁੰਦਾ ਹਾਂ ਅੋਰ ਪੁੱਛਣਾ ਚਾਹੁੰਦਾ ਹਾਂ ਕਿ ਮੇਰੀ ਸੂਚਨਾ ਅਨੁਸਾਰ....

**ਸ੍ਰੀ ਸਪੀਕਰ** : ਸੂਚਨਾ ਨਹੀਂ, ਕੁਐਸਚਨ ਪੁੱਛੋ ।

**ਸ੍ਰੀ ਸਤਿਆਪਾਲ ਸੈਣੀ** : ਇਹ ਡਿਸਪੈਂਸਰੀਆਂ ਮੇਰੀ ਸੂਚਨਾ ਅਨੁਸਾਰ ਨਹੀਂ ਚੱਲ ਰਹੀਆਂ । ਜਿਹੜੀਆਂ ਡਿਸਪੈਂਸਰੀਆਂ ਚੱਲ ਰਹੀਆਂ ਹਨ, ਕੀ ਉਨ੍ਹਾਂ ਵਿਚ ਡਾਕਟਰ ਅਤੇ ਹੋਰ ਅਮਲਾ ਪੂਰਾ ਹੈ, ਜੇਕਰ ਨਹੀਂ ਤਾਂ ਕਦੋਂ ਤੱਕ ਪੂਰਾ ਹੋ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਗਰ ਇਹ ਸਾਡੇ ਧਿਆਨ ਵਿਚ ਲਿਆ ਦੇਣਗੇ ਕਿ ਕਿਥੇ ਸਟਾਫ ਘੱਟ ਹੈ, ਤਾਂ ਅਸੀਂ ਜ਼ਰੂਰ ਪੂਰਾ ਕਰਾਂਗੇ ।

**ਸ੍ਰੀ ਸਤਿਆਪਾਲ ਸੈਣੀ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਡਿਸਪੈਂਸਰੀਆਂ ਵਿਚ ਦਵਾਈਆਂ ਦਾ ਕੋਈ ਪ੍ਰਬੰਧ ਹੈ ? ਜੇਕਰ ਨਹੀਂ, ਤਾਂ ਦਵਾਈਆਂ ਦੀ ਘਾਟ ਕਦੋਂ ਤੱਕ ਪੂਰੀ ਕਰ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਸ ਦੇ ਬਾਰੇ ਵਿਚ ਇਨਫਰਮੇਸ਼ਨ ਨਹੀਂ ਹੈ । ਅਗਰ ਇਨ੍ਹਾਂ ਨੇ ਪੁੱਛਿਆ ਹੁੰਦਾ, ਤਾਂ ਜ਼ਰੂਰ ਦੱਸ ਦਿੰਦੇ । ਲੇਕਿਨ ਇਕ ਗੱਲ ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਅਸੀਂ ਉਹ ਸਾਰੇ ਸਟੈਪ ਚੁੱਕ ਰਹੇ ਹਾਂ, ਜਿਸ ਨਾਲ ਲੋਕਾਂ ਨੂੰ ਦਵਾਈਆਂ ਮਿਲਣ । ਹੈਲਥ ਡਿਪਾਰਟਮੈਂਟ ਦੀ ਤਰਫੋਂ ਪ੍ਰਬੰਧ ਕਰ ਰਹੇ ਹਾਂ ਕਿ ਹਰ ਥਾਵਾਂ ਤੇ ਮੁਨਾਸਿਬ ਢੰਗ ਨਾਲ ਦਵਾਈਆਂ ਪਹੁੰਚਣ ।

———

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਚੁੰਗੀ ਖਤਮ ਕਰਨੀ

*6. 1. **ਕਾਮਰੇਡ ਹਰਦੇਵ ਅਰਸ਼ੀ**
2. **ਚੌਧਰੀ ਜਗਜੀਤ ਸਿੰਘ** : ਕੀ ਸਥਾਨਕ ਸਰਕਾਰ ਅਤੇ ਸਿਹਤ

ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਰਾਜ ਵਿਚ ਚੁੰਗੀ ਖ਼ਤਮ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧ ਵਿਚ ਹੁਕਮ ਕਦੋਂ ਤੱਕ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ;

(ਅ) ਸਥਾਨਕ ਸੰਸਥਾਵਾਂ ਨੂੰ ਸਲਾਨਾ ਕਿੰਨਾ ਵਿੱਤੀ ਘਾਟਾ ਪੈਣ ਦੀ ਸੰਭਾਵਨਾ ਹੈ ਅਤੇ ਉਕਤ ਘਾਟਾ ਕਿਹੜੇ ਸਾਧਨਾਂ ਤੋਂ ਪੂਰਾ ਕੀਤੇ ਜਾਣ ਦੀ ਤਜਵੀਜ਼ ਹੈ ?

**ਸ੍ਰੀ ਬਲਰਾਮ ਜੀ ਦਾਸ ਟੰਡਨ** : (ਏ ਅਤੇ ਬੀ) ਰਾਜ ਵਿਚ ਸਥਾਨਕ ਸੰਸਥਾਵਾਂ ਲਈ ਚੁੰਗੀ ਦੇ ਬਦਲੇ ਦੂਜੇ ਸਾਧਨਾਂ ਰਾਹੀਂ ਰੈਵੀਨਿਊ ਪ੍ਰਾਪਤ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਮਾਮਲੇ ਤੇ ਮੰਤਰੀਆਂ ਦੀ ਇਕ ਕੈਬਨਿਟ ਸਬ ਕਮੇਟੀ ਡੂੰਘਾਈ ਵਿਚ ਵਿਚਾਰ ਕਰੇਗੀ ਅਤੇ ਆਪਣੀਆਂ ਸਿਫਾਰਸ਼ਾਂ ਕਰੇਗੀ। ਕਮੇਟੀ ਦੀ ਰਿਪੋਰਟ ਪ੍ਰਾਪਤ ਹੋਣ ਤੋਂ ਤੁਰੰਤ ਬਾਅਦ ਸਰਕਾਰ ਵੱਲੋਂ ਅੰਤਿਮ ਫੈਸਲਾ ਕੀਤਾ ਜਾਵੇਗਾ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਦੋਵਾਂ ਪਾਰਟੀਆਂ ਨੇ ਕਾਮਨ ਮਿਨੀਮਮ ਪ੍ਰੋਗਰਾਮ ਵਿਚ ਅਨਾਊਂਸ ਕੀਤਾ ਸੀ ਕਿ ਅਸੀਂ ਚੁੰਗੀ ਡੈਫੀਨੇਟਲੀ ਖਤਮ ਕਰਾਂਗੇ, ਪਾਣੀ-ਬਿਜਲੀ ਮੁਫਤ ਦੇਵਾਂਗੇ। ਜਦੋਂ ਇਨ੍ਹਾਂ ਵਿਚੋਂ ਇਕ ਚੀਜ਼ ਨੂੰ ਤੁਸੀਂ ਇੰਪਲੀਮੈਂਟ ਕਰ ਦਿੱਤਾ ਤਾਂ ਉਸ ਦੇ ਵਾਸਤੇ ਐਕਸਪਰਟ ਦੀ ਕਮੇਟੀ ਨਹੀਂ ਬਣਾਈ। ਜੋ ਰੇਵਿਨਿਊ ਦਾ ਲਾਸ ਹੋਵੇਗਾ, ਉਸ ਦੇ ਵਾਸਤੇ ਪਰਾਪਰ ਕਮੇਟੀ ਬਣਾਏ ਜਾਣ ਦੀ ਲੋੜ ਨਹੀਂ ਸਮਝੀ ਤਾਂ ਇਸ ਚੁੰਗੀ ਦੇ ਵਾਸਤੇ ਕਮੇਟੀ ਬਣਾਉਣ ਦੀ ਕੀ ਜ਼ਰੂਰਤ ਪਈ ਸੀ। ਇਸ ਗੱਲ ਤੇ ਸ਼ਹਿਰੀ ਟਰੇਡਰਜ਼ ਵਿਚ ਬਹੁਤ ਰਿਜੈਂਟਮੈਂਟ ਪਾਈ ਜਾ ਰਹੀ ਹੈ। ਜੇਕਰ ਉਧਰ ਬਿਜਲੀ ਦੇ ਬਾਰੇ ਵਿਚ ਤੁਰੰਤ ਆਰਡਰ ਪਾਸ ਕੀਤੇ ਜਾ ਸਕਦੇ ਹਨ ਤਾਂ ਫਿਰ ਚੁੰਗੀ ਖਤਮ ਕਰਨ ਵਾਸਤੇ ਕਮੇਟੀ ਬਣਾਉਣ ਦੀ ਕੀ ਲੋੜ ਪਈ ਸੀ। ਜੇ ਸਰਕਾਰ ਇਸ ਗੱਲ ਦੇ ਉਤੇ ਡੈਫੀਨੇਟਲੀ ਆਪਣੇ ਵਾਅਦੇ ਉਤੇ ਖੜ੍ਹੀ ਹੈ ਕਿ ਚੁੰਗੀ ਖਤਮ ਕਰ ਦਿੱਤੀ ਜਾਵੇਗੀ ਜਾਂ ਫਿਰ ਇਹ ਕਮੇਟੀ ਬਣਾਉਣਾ ਸਰਕਾਰ ਦਾ ਕੋਈ ਹੋਰ ਮਕਸਦ ਲਗਦਾ ਹੈ। ਇਸ ਬਾਰੇ ਮੰਤਰੀ ਜੀ ਆਪਣੀ ਸਰਕਾਰ ਦੀ ਸਥਿਤੀ ਸਪਸ਼ਟ ਕਰਨ।

Original with;
Punjab Vidhan Sabha
Digitized by;
Panjab Digital Library

**ਮੰਤਰੀ** . ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਕਿ ਜਿਸ ਗੱਲ ਦੀ ਸਰਕਾਰ ਨੇ ਕੁਮਿਟਮੈਂਟ ਕੀਤੀ ਹੈ ਸਰਕਾਰ ਉਸ ਦੇ ਉਤੇ ਪੂਰੀ ਤਰ੍ਹਾਂ ਕਾਇਮ ਹੈ । ਜਿਹੜੀਆਂ ਸ਼ਹਿਰੀ ਸੇਵਾਵਾਂ ਹਨ ਜੋ ਕਮੇਟੀਆਂ ਹਨ ਉਨ੍ਹਾਂ ਦੀ ਲਗਭਗ 70% ਆਮਦਨ ਚੁੰਗੀਆਂ ਤੋਂ ਹੀ ਹੁੰਦੀ ਹੈ । ਇਸ ਲਈ ਜੇਕਰ ਇਨ੍ਹਾਂ ਨੂੰ ਇਕ ਦਮ ਖਤਮ ਕਰ ਦਿੱਤਾ ਜਾਵੇ ਤਾਂ ਜੋ ਆਮਦਨੀ ਦਾ ਜ਼ਰੀਆ ਹੈ ਉਹ ਇਕ ਦਮ ਬੰਦ ਹੋ ਜਾਵੇਗਾ ਅਤੇ ਸਫ਼ਾਈ ਵਗੈਰਾ ਵੀ ਬੰਦ ਹੋ ਜਾਵੇਗੀ । ਇਸ ਲਈ ਇਸ ਤੇ ਵਿਚਾਰ ਕਰਨਾ ਹੈ ਕਿ ਆਲਟਰਨੇਟਿਵ ਸੋਰਸ ਆਫ਼ ਇਨਕਮ ਕਿਵੇਂ ਅਤੇ ਕਿਥੋਂ ਪੈਦਾ ਕਰਾਂਗੇ । ਗੌਰਮਿੰਟ ਨੇ ਜੋ ਕੁਝ ਕੀਤਾ ਹੈ ਉਸ ਦੇ ਉਤੇ ਉਹ ਸਟੈਂਡ ਕਰਦੀ ਹੈ । ਆਲਟਰਨੇਟਿਵ ਸੋਰਸ ਆਫ਼ ਇਨਕਮ ਲੱਭ ਕੇ ਉਸ ਤੇ ਵਿਚਾਰ ਕਰਾਂਗੇ ਅਤੇ ਫਿਰ ਉਸ ਤੇ ਅਮਲ ਕਰਾਂਗੇ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਇਕ ਪ੍ਰਸ਼ਨ ਹੋਰ ਵੀ ਪੁੱਛਣਾ ਚਾਹੁੰਦਾ ਹਾਂ ਮੁਲਾਜ਼ਮ ਦੀ ਸਰਵਿਸ ਦੀ ਸਿਕਿਉਰਿਟੀ ਬਾਰੇ, ਪਰ ਉਹ ਆਲਰੇਡੀ ਪਹਿਲਾਂ ਹੀ ਪ੍ਰਸ਼ਨ ਐਡਮਿਟ ਹੋ ਚੁੱਕਾ ਹੈ । ਜਿਹੜਾ ਇਸ ਸਵਾਲ ਦਾ ਜਵਾਬ ਦਿੱਤਾ ਹੈ ਉਸ ਦੇ ਨਾਲ ਮੇਰੀ ਤਸੱਲੀ ਨਹੀਂ ਹੈ । ਮੈਂ ਅਖਬਾਰ ਵਿਚ ਪੜ੍ਹਿਆ ਹੈ ਕਿ ਐਕਸਪਰਟਸ ਸਬ-ਕਮੇਟੀ ਇਨ੍ਹਾਂ ਨੇ ਬਣਾਈ ਹੈ ਅਤੇ ਉਸ ਨੂੰ ਇਕ ਮਹੀਨੇ ਲਈ ਟਾਈਮ-ਬਾਊਂਡ ਕੀਤਾ ਹੈ, ਜੇਕਰ ਇਹ ਇਕ ਮਹੀਨੇ ਤਕ ਆ ਜਾਵੇਗੀ ਤਾਂ ਮੰਤਰੀ ਜੀ ਹਾਊਸ ਨੂੰ ਜਾਣਕਾਰੀ ਦੇਣ ਕਿ ਇਕ ਮਹੀਨੇ ਤੱਕ ਇਹ ਰਿਪੋਰਟ ਆ ਜਾਏ ਤੇ ਅਤੇ ਉਸ ਤੇ ਵਿਚਾਰ ਕਰਕੇ ਉਸ ਨੂੰ ਇੰਪਲੀਮੈਂਟ ਕਰ ਦਿੱਤਾ ਜਾਵੇਗਾ । ਜੇਕਰ ਇਹ 6 ਮਹੀਨੇ ਤੱਕ ਨਹੀਂ ਆਉਂਦੀ ਤਾਂ ਇਹ ਚਿੰਤਾ ਦੀ ਗੱਲ ਹੋਵੇਗੀ । ਇਸ ਬਾਰੇ ਇਹ ਜਾਣਕਾਰੀ ਦੇਣ ਕਿ ਜੋ ਮਿਨੀਮਮ ਕਾਮਨ ਪ੍ਰੋਗਰਾਮ ਹੈ ਉਸ ਤੇ ਡਿਸੀਜ਼ਨ ਕਰਕੇ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਜਿਥੋਂ ਤੱਕ ਇਸ ਗੱਲ ਦਾ ਤੁਅੱਲਕ ਹੈ ਕਿ ਇਕ ਮਹੀਨੇ ਵਿਚ ਫੈਸਲਾ ਕਰਨ ਦਾ ਤੈਅ ਕੀਤਾ ਹੈ ਪਤਾ ਨਹੀਂ ਇਹ ਇਤਲਾਹ ਕਿਥੋਂ ਲਿਆਏ ਹਨ । ਇਸ ਬਾਰੇ ਰਿਸੈਂਟਲੀ ਕਮੇਟੀ ਕਾਂਸਟੀਚਿਊਟ ਕੀਤੀ ਜਾਵੇਗੀ । ਫਿਰ ਹੋਰ ਸਟੇਟਾਂ ਵਿਚੋਂ ਜਿਨ੍ਹਾਂ ਨੇ ਇਹ ਚੁੰਗੀ ਖਤਮ ਕੀਤੀ ਹੈ, ਉਨ੍ਹਾਂ ਤੋਂ ਪੁੱਛਾਂਗੇ । ਉਨ੍ਹਾਂ ਤੋਂ ਜੋ ਵੀ ਰਿਪੋਰਟ ਸਾਹਮਣੇ ਆਏਗੀ ਉਸ ਦੇ ਤਿੰਨਾ ਮਹੀਨਿਆਂ ਬਾਅਦ ਡਿਸੀਜ਼ਨ ਮਿਲ ਜਾਵੇਗਾ ਔਰ ਉਸਦੇ ਤੁਰੰਤ ਬਾਅਦ ਉਸ ਨੂੰ ਅਮਲ ਵਿਚ ਲਿਆਂਦਾ ਜਾਵੇਗਾ ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਤਿੰਨ ਮਹੀਨੇ ਦਾ ਸਮਾਂ ਦਿੱਤਾ ਹੈ, ਪਤਾ ਨਹੀਂ ਇਹ ਚੁੰਗੀ ਖਤਮ ਕਰਦੇ ਹਨ ਜਾਂ ਨਹੀਂ, ਸ਼ਹਿਰਾਂ ਵਾਲਿਆਂ ਦੀ ਮਦਦ ਕਰਦੇ ਹਨ ਜਾਂ ਨਹੀਂ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਚੁੰਗੀ ਖਤਮ ਕਰਨ ਦੇ ਨਾਲ ਜਿਹੜਾ ਘਾਟਾ ਪਵੇਗਾ ਉਸ ਨੂੰ ਪੂਰਾ ਕਰਨ ਵਾਸਤੇ ਸ਼ਹਿਰਾਂ ਦੇ ਉਤੇ ਕੋਈ ਟੈਕਸ ਤਾਂ ਨਹੀਂ ਲਾਇਆ ਜਾਵੇਗਾ ? ਦੂਜਾ ਮੇਰਾ ਸਵਾਲ ਇਹ ਹੈ ਕਿ ਜਿਹੜੇ ਇਸ ਦੇ ਨਾਲ ਚੁੰਗੀ ਮਾਹਿਰ ਹਨ....

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਕ ਵਕਤ ਇਕ ਸਵਾਲ ਪੁੱਛੋ ।

**ਮੰਤਰੀ** : ਮਾਨਯੋਗ ਮੈਂਬਰ ਸਾਹਿਬ ਨੇ ਪੁੱਛਿਆ ਹੈ ਕਿ ਨਵੇਂ ਟੈਕਸ ਤਾਂ ਨਹੀਂ ਲਗਾਏ ਜਾਣਗੇ । ਇਸ ਬਾਰੇ ਮੈਂ ਦੱਸਦਾ ਹਾਂ ਕਿ ਕਿਸੇ ਤਰਾਂ ਦੇ ਕੋਈ ਨਵੇਂ ਟੈਕਸ ਨਹੀਂ ਲਗਾਏ ਜਾਣਗੇ ਸਗੋਂ ਜੋ ਸਟਾਫ ਹੈ ਉਸ ਦਾ ਵੀ ਆਲਟਰਨੇਟਿਵ ਲੱਭ ਕੇ ਉਨ੍ਹਾਂ ਨੂੰ ਕਿਸੀ ਦੂਸਰੀ ਜਗ੍ਹਾ ਤੇ ਐਡਜਸਟ ਕੀਤਾ ਜਾਵੇਗਾ । ਇਸ ਬਾਰੇ ਸਰਕਾਰ ਨੇ ਪਹਿਲਾਂ ਹੀ ਤਹਿ ਕੀਤਾ ਹੋਇਆ ਹੈ ।

---

ਚੋਆਂ ਦਾ ਨਹਿਰੀਕਰਨ

*66. 1. ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ
2. ਸਰਦਾਰ ਇੰਦਰਜੀਤ ਸਿੰਘ ਜ਼ੀਰਾ
: ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦੇ ਚੋਆਂ ਤੋਂ ਜ਼ਮੀਨ ਨੂੰ ਹੋ ਰਹੇ ਨੁਕਸਾਨ ਤੋਂ ਬਚਾਉਣ ਲਈ ਇਨ੍ਹਾਂ ਚੋਆਂ ਦਾ ਨਹਿਰੀਕਰਨ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸਕੀਮ ਦੇ ਕਦੋਂ ਤਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ । ਹਾਲ ਦੀ ਘੜੀ ਅਜਿਹੀ ਕੋਈ ਸਕੀਮ ਵਿਚਾਰ ਅਧੀਨ ਨਹੀਂ ਹੈ ।

**ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਚੋਆਂ ਦੇ ਨਾਲ ਹਰ ਸਾਲ ਨੁਕਸਾਨ ਹੁੰਦਾ ਹੈ ਉਨ੍ਹਾਂ ਨੂੰ ਦੇਖਦੇ ਹੋਏ ਮੁੱਖ ਮੰਤਰੀ ਸਾਹਿਬ ਇਸ ਦੇ ਲਈ ਕੋਈ ਨਹਿਰੀਕਰਨ ਦਾ ਵਿਚਾਰ ਰੱਖਦੇ ਹਨ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਸਵਾਲ ਹੁਸ਼ਿਆਰਪੁਰ ਦਾ ਹੈ ਜਿਥੇ ਦੋ ਗੱਲਾਂ ਮਸ਼ਹੂਰ ਹਨ ਇਕ ਚੌਧਰੀ ਤੇ ਦੂਜਾ ਚੋਅ । ਸੋ ਮੈਂ ਚੋਅ ਨੂੰ ਲੈਂਦਾ ਹਾਂ (ਹਾਸਾ) ਕੁੱਲ 109 ਚੋਅ ਹਨ । ਜਿਨ੍ਹਾਂ ਦੀ ਲੰਬਾਈ 680 ਕਿਲੋਮੀਟਰ ਹੈ । ਜੇ ਇਨ੍ਹਾਂ ਸਾਰਿਆਂ ਨੂੰ ਚੈਨੇ-ਲਾਈਜ਼ ਕੀਤਾ ਜਾਵੇ ਤਾਂ 125 ਕਰੋੜ ਰੁਪਏ ਦਾ ਖਰਚ ਆਵੇਗਾ । ਇਸ ਲਈ ਹੌਲੀ-ਹੌਲੀ ਇਸ ਲਈ ਪ੍ਰਬੰਧ ਕੀਤਾ ਜਾ ਰਿਹਾ ਹੈ । ਇਸ ਵੇਲੇ 7 ਚੋਅ ਚੈਨੇਲਾਈਜ਼ ਕੀਤੇ ਗਏ ਹਨ । ਅੰਤਕੀਂ ਉਨ੍ਹਾਂ ਦੀ ਮੁਰੰਮਤ ਤੇ 50 ਲੱਖ ਰੁਪਿਆ ਲੱਗਿਆ ਹੈ । ਇਹ ਮਸਲਾ ਬਹੁਤ ਵੱਡਾ ਹੈ ਪਰ ਇਸ ਨਾਲ ਅਮਾਊਂਟ ਵੀ ਕਾਫੀ ਵੱਡੀ ਇਨਵਾਲਵਡ ਹੈ । ਇਸ ਪਾਸੇ ਵੱਲ ਵੀ ਧਿਆਨ ਦੇ ਰਹੇ ਹਾਂ ।

**ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ** : ਸਪਲੀਮੈਂਟਰੀ ਸਰ । ਸਰਕਾਰ ਕਦੋਂ ਤੱਕ ਪ੍ਰਬੰਧ ਕਰਕੇ ਇਸ ਨੂੰ ਠੀਕ ਕਰਵਾਏਗੀ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਫੰਡਜ਼ ਦਾ ਸਵਾਲ ਹੈ । 125 ਕਰੋੜ ਰੁਪਏ ਦੀ ਰਕਮ ਹੋਵੇ ਤਾਂ ਉਸੇ ਹਿਸਾਬ ਨਾਲ ਕਰਵਾਵਾਂਗੇ । ਐਤਕੀਂ 50 ਲੱਖ ਰੁਪਏ ਖਰਚ ਕਰ ਰਹੇ ਹਾਂ ।

---

## ਕਾਲੀ ਬੇਈਂ ਵਿਚੋਂ ਗਾਰ ਕੱਢਣੀ/ਸਫ਼ਾਈ ਕਰਨੀ

*67. 1. ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ
2. ਸਰਦਾਰ ਇੰਦਰਜੀਤ ਸਿੰਘ ਜ਼ੀਰਾ
: ਕੀ ਮੁੱਖ ਮੰਤਰੀ ਕਿਰਪਾ

ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਲਾਕਿਆਂ ਵਿਚੋਂ ਲੰਘਦੀ ਕਾਲੀ ਬੇਈਂ ਵਿਚੋਂ ਪਿਛਲੇ ਪੰਜ ਸਾਲਾਂ ਦੇ ਦੌਰਾਨ ਗਾਰ ਕੱਢੀ ਗਈ/ਸਫਾਈ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਤੇ ਕੀਤੇ ਗਏ ਖਰਚੇ ਦੇ ਵੇਰਵੇ ਕੀ ਹਨ; ਜੇਕਰ ਨਹੀਂ, ਤਾਂ ਕਦੋਂ ਤਕ ਇਸ ਵਿਚੋਂ ਗਾਰ ਕੱਢੇ ਜਾਣ/ਸਾਫ਼ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਵਗਦੀ ਕਾਲੀ ਬੇਈਂ ਦੀ ਪਿਛਲੇ ਪੰਜ ਸਾਲਾਂ ਦੌਰਾਨ ਦੋ ਵਾਰ ਵੱਖ ਵੱਖ ਥਾਵਾਂ ਤੋਂ ਹੇਠ ਲਿਖੇ ਅਨੁਸਾਰ ਸਫ਼ਾਈ/ਗਾਰ ਕੱਢੀ ਗਈ :—

| ਲੜੀ ਨੰ: | ਸਾਲ | ਲੰਬਾਈ ਕਿਲੋਮੀਟਰਾਂ ਵਿਚ | ਰਕਮ (ਲੱਖਾਂ ਵਿਚ) |
|---|---|---|---|
| (1) | 1994-95 | 9.75 | 5.66 |
| (2) | 1996-97 | 4.88 | 4.10 |

**ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ** : ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ 1996-97 ਵਿਚ ਕਾਲੀ ਬੇਈਂ ਦੀ ਸਫਾਈ ਕਰਾਈ ਗਈ ਹੈ ਪਰ ਮੇਰੇ ਹਲਕੇ ਟਾਂਡਾ ਵਿਚ ਨਹੀਂ ਕਰਵਾਈ ਗਈ । ਕੀ ਮੁੱਖ ਮੰਤਰੀ ਜੀ ਇਸ ਘਪਲੇ ਦੀ ਇਨਕੁਆਇਰੀ ਕਰਵਾਉਣ ਨੂੰ ਤਿਆਰ ਹਨ ?

**ਮੁੱਖ ਮੰਤਰੀ** : ਮੈਂ ਪਤਾ ਕਰ ਲਵਾਂਗਾ । ਰਿਕਾਰਡ ਦੇ ਮੁਤਾਬਿਕ ਜੋ ਇਨਫਾਰਮੇਸ਼ਨ ਦਿਤੀ ਗਈ ਹੈ ਉਸ ਵਿਚ 1994-95 ਵਿਚ 9.75 ਕਿਲੋਮੀਟਰ ਤੱਕ ਸਫਾਈ ਹੋਈ ਹੈ । ਲੇਕਿਨ ਜੇ ਇਹ ਮੇਰੇ ਕੋਲ ਆ ਜਾਣ ਤਾਂ ਮੈਂ ਆਪਣੇ ਤੌਰ ਤੇ ਪਤਾ ਕਰਕੇ ਇਨ੍ਹਾਂ ਨੂੰ ਦੱਸ ਦੇਵਾਂਗਾ ।

Original with;
Punjab Vidhan Sabha
Digitized by;
Panjab Digital Library

**श्रीमती लक्ष्मी कांता चावला** : अध्यक्ष महोदय, मैं मुख्यमंत्री जी के ध्यान में लाना चाहती हूं कि यह काली बेईं हुशियारपुर से कपूरथला में प्रवेश करती है तो काली बेईं नहीं रहती, महांकाली बन जाती है । क्या मुख्यमंत्री जी भरोसा दिलाएंगे कि इस काली बेईं को जिला कपूरथला में भी नियंत्रित करेंगे और इस जिले को बाड़ से बचा सकेंगे ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਬੀਬੀ ਜੀ ਨੇ ਠੀਕ ਹੀ ਕਿਹਾ ਹੈ । ਇਹ ਨਦੀ ਬੜੀ ਲੰਬੀ ਹੈ । ਇਸ ਨੂੰ ਠੀਕ ਕਰਨ ਦੀ ਬੜੀ ਲੋੜ ਹੈ । ਪਰ ਬੇਨਤੀ ਇਹ ਹੈ ਕਿ ਫੰਡਜ਼ ਦੀ ਅਵੇਲੇਬਿਲਟੀ ਹੋਣ ਤੋਂ ਬਾਅਦ ਹੀ ਇਸ ਤੇ ਅੰਕਮਨ ਕਿਆ ਜਾਵੇਗਾ ।

**श्रीमती लक्ष्मी कांता चावला** : सपीकर साहिब, मुख्यमंत्री जी ने फंडज के अवेलेबल होने की बात कही है । मेरा प्रश्न है कि अगर हम बाढ़ को रोकने के लिए फंडज खर्च कर सकें तो तबाही का मुआवजा देने के लिए फंड नहीं देना पड़ेगा । अगर इस पैसे को पहले ही लगा दें तो तबाही नहीं होगी ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਸਿਰਫ ਕਾਲੀ ਬੇਂਈ ਹੀ ਨਹੀਂ ਹੋਰ ਵੀ ਬਹੁਤ ਸਾਰੀਆਂ ਥਾਵਾਂ ਹਨ ਜਿਥੇ ਫਲੱਡ ਆਉਂਦਾ ਹੈ ਅਤੇ ਉਸ ਨੂੰ ਕੰਟਰੋਲ ਕਰਨ ਦੀ ਜ਼ਰੂਰਤ ਹੈ । ਅਸੀਂ ਇਸ ਵਾਸਤੇ ਕੋਸ਼ਿਸ਼ਾਂ ਕਰ ਰਹੇ ਹਾਂ ਅਤੇ ਹਦਾਇਤਾਂ ਦਿੱਤੀਆਂ ਗਈਆਂ ਹਨ । ਸਬੰਧਿਤ ਸਾਰੇ ਐਮ.ਐਲ.ਏਜ਼. ਵੀ ਕੋਸ਼ਿਸ਼ ਕਰ ਰਹੇ ਹਨ ਕਿ ਇਹੋ ਜਿਹੇ ਪ੍ਰਬੰਧ ਕੀਤੇ ਜਾਣ ਕਿ ਬਹੁਤਾ ਨੁਕਸਾਨ ਨਾ ਹੋਵੇ ।

---

## ਅਨੁਸੂਚਿਤ ਜਾਤੀਆਂ ਅਤੇ ਕਮਜ਼ੋਰ ਵਰਗਾਂ ਲਈ ਮੁਫਤ ਬਿਜਲੀ

*9 **ਚੌਧਰੀ ਜਗਜੀਤ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿਚ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਨੂੰ ਘਰੇਲੂ ਖਪਤ ਲਈ ਮੁਫਤ ਬਿਜਲੀ ਸਪਲਾਈ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਸਵਾਲ ਪੁੱਛਿਆ ਸੀ ਕਿ ਜਿਸ ਤਰ੍ਹਾਂ ਬਾਦਲ ਸਾਹਿਬ ਦੀ ਸਰਕਾਰ ਨੇ ਪੰਜਾਬ ਦੇ ਅੰਦਰ ਫਾਰਮਰਜ਼ ਦੇ ਟਿਊਬਵੈਲਾਂ ਲਈ ਬਿਜਲੀ ਦੇ ਬਿਲਾਂ ਨੂੰ ਮੁਆਫ ਕਰ ਦਿੱਤਾ ਹੈ, ਕੀ ਉਸੇ ਤਰ੍ਹਾਂ ਪੰਜਾਬ ਦੇ ਅੰਦਰ ਵੱਸਣ ਵਾਲੇ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਲੋਕਾਂ ਨੂੰ ਜਿਹੜੇ ਹਾਲੇ ਵੀ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ, ਉਨ੍ਹਾਂ ਦੇ ਬਿਜਲੀ ਦੇ ਬਿਲ ਵੀ ਸਰਕਾਰ ਮੁਆਫ ਕਰੇਗੀ ? ਪਰ ਇਥੇ ਬਾਦਲ ਸਾਹਿਬ ਨੇ ਮੇਰੇ ਸਵਾਲ ਦਾ ਜਵਾਬ 'ਨਾ' ਵਿਚ

Original with;
Punjab Vidhan Sabha
Digitized by;
Panjab Digital Library

ਦਿੱਤਾ ਹੈ । ਇਸ ਉਤੇ ਮੈਨੂੰ ਬੜੀ ਹੈਰਾਨਗੀ ਹੋਈ ਹੈ ਜਦ ਕਿ ਮੈਨੂੰ ਪੂਰੀ ਆਸ ਸੀ ਕਿ ਜਿਸ ਤਰ੍ਹਾਂ ਸਰਕਾਰ ਨੇ ਫਾਰਮਰਜ਼ ਦੇ ਲਈ ਬਿਜਲੀ ਦੇ ਬਿੱਲਾਂ ਵਿਚ ਮੁਆਫੀ ਦਿੱਤੀ ਹੈ ਜਿਹੜੇ 10 ਤੋਂ 50 ਏਕੜ ਦੇ ਵਿਚ ਆਲੂਆਂ ਦੀ ਬਿਜਾਈ ਕਰਦੇ ਹਨ ਅਤੇ ਉਨ੍ਹਾਂ ਖੇਤਾਂ ਦੇ ਵਿਚ ਖੇਤ ਮਜ਼ਦੂਰੀ ਦਾ ਕੰਮ ਕਰਦੇ ਹਨ ਅਤੇ ਕੁਝ ਭਾਈਵਾਲ ਵੀ ਹਨ ਉਨ੍ਹਾਂ ਗਰੀਬ ਖੇਤ ਮਜ਼ਦੂਰਾਂ ਦੇ ਲਈ ਵੀ ਬਿਜਲੀ ਦੇ ਬਿਲ ਮੁਆਫ ਹੋਣੇ ਚਾਹੀਦੇ ਹਨ । ਜਦ ਕਿ 50 ਏਕੜ ਵਾਲੇ ਜਿਮੀਦਾਰਾਂ ਕੋਲ ਗੱਡੀਆਂ ਹਨ ਅਤੇ ਹਵਾਈ ਜਹਾਜ਼ਾਂ ਦੇ ਵਿਚ ਸਫਰ ਕਰਦੇ ਹਨ ਅੌਰ 10-15 ਟਿਊਬਵੈਲਾਂ ਦੇ ਮਾਲਕ ਵੀ ਹੁੰਦੇ ਹਨ (ਸ਼ੋਰ) ਕੀ ਸਰਕਾਰ ਆਲੂ ਬੀਜਣ ਵਾਲੇ ਖੇਤ ਮਜ਼ਦੂਰਾਂ ਦੇ ਵੀ ਬਿਲ ਮੁਆਫ ਕਰੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਜੇ ਤੱਕ ਪੰਜਾਬ ਵਿਚ ਘਰੇਲੂ ਬਿਜਲੀ ਦੇ ਬਾਰੇ ਕੋਈ ਗੱਲ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਰਾਹਤ ਦਿੱਤੀ ਗਈ ਹੈ । ਪਰ ਚੂੰਕਿ ਇਨ੍ਹਾਂ ਨੇ ਗੱਲ ਛੇੜ ਦਿੱਤੀ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸ਼੍ਰੋਮਣੀ ਅਕਾਲੀ ਪਾਰਟੀ ਅਤੇ ਬੀ.ਜੇ.ਪੀ. ਦੀ ਸਰਕਾਰ ਜਿਸ ਨੇ ਸ਼ਡਿਊਲਡ ਕਾਸਟਾਂ ਦੇ ਲਈ ਮਕਾਨ ਬਣਾਉਣ ਵਾਸਤੇ ਪਹਿਲਾਂ ਜਿਹੜਾ ਬਜਟ 4 ਕਰੋੜ ਰੁਪਏ ਦਾ ਸੀ ਉਸ ਨੂੰ ਵਧਾ ਕੇ 60 ਕਰੋੜ ਰੁਪਿਆ ਕਰ ਦਿੱਤਾ ਹੈ ਅਤੇ ਦਲਿਤ ਵੀਰਾਂ ਦੀਆਂ ਲੜਕੀਆਂ ਦੇ ਲਈ 5,100 ਰੁਪਏ ਦੇ ਸ਼ਗਨ ਵੀ ਸ਼ਾਦੀ ਦੇ ਵਿੱਚ ਦਿੱਤਾ ਜਾਵੇਗਾ ਜਿਹੜਾ ਇਕ ਸਾਲ ਦੇ ਬਿਲ ਨਾਲੋਂ ਜ਼ਿਆਦਾ ਹੋਵੇਗਾ । ਅਸੀਂ ਬਹੁਤ ਵੱਡੀ ਛਾਲ ਮਾਰਨਾ ਚਾਹੁੰਦੇ ਹਾਂ । ਹਾਲੇ ਤੱਕ ਇਨ੍ਹਾਂ ਦਲਿਤ ਵੀਰਾਂ ਦੇ ਵਾਸਤੇ ਸਾਡੀ ਪਾਰਟੀ ਦੀ ਸਰਕਾਰ ਨੇ ਹੀ ਕੰਮ ਕੀਤੇ ਹਨ ਕਿਸੇ ਹੋਰ ਨੇ ਨਹੀਂ ਕੀਤੇ ਹਨ ।

---

**ਬਲਾਕ ਸੜੋਆ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਪਿੰਡਾਂ ਵਿਚ ਬਿਜਲੀ ਦੀ ਸਪਲਾਈ ਸੁਧਾਰਨਾ**

*22. **ਸ੍ਰੀ ਨੰਦ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰ ਕੇ ਦੱਸਣਗੇ ਕਿ ਕੀ ਇਹ ਠੀਕ ਹੈ ਬਲਾਕ ਸੜੋਆ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਪਿੰਡਾਂ ਨੂੰ ਦਿੱਤੀ ਜਾ ਰਹੀ ਬਿਜਲੀ ਦੀ ਵੋਲਟੇਜ ਬਹੁਤ ਹੀ ਘੱਟ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਸਥਿਤੀ ਨੂੰ ਸੁਧਾਰਨ ਲਈ ਸਰਕਾਰ ਦੁਆਰਾ ਕੀ ਕਦਮ ਉਠਾਏ ਜਾ ਰਹੇ ਹਨ ਅਤੇ ਬਿਜਲੀ ਦੀ ਆਮ ਸਪਲਾਈ ਕਦੋਂ ਤੱਕ ਬਹਾਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹਾਂ ਜੀ । ਸਰਕਾਰ ਨੂੰ ਪਤਾ ਹੈ ਕਿ ਸੜੋਆ ਬਲਾਕ ਦੇ 8 ਪਿੰਡਾਂ ਨੂੰ ਘੱਟ ਬਿਜਲੀ ਬਾਰੇ ਸ਼ਿਕਾਇਤਾਂ ਹਨ । ਇਨ੍ਹਾਂ ਪਿੰਡਾਂ ਨੂੰ ਬਿਜਲੀ ਦੀ ਸਪਲਾਈ ਬਲੈਚੌਰ ਦੇ 66 ਕੇ.ਵੀ. ਸਬ-ਸਟੇਸ਼ਨ ਤੋਂ ਦਿੱਤੀ ਜਾ ਰਹੀ ਹੈ । ਬਿਜਲੀ ਦੀ ਸਪਲਾਈ ਵਿਚ ਸੁਧਾਰ ਲਿਆਉਣ ਲਈ ਇਕ 66 ਕੇ.ਵੀ. ਸਬ-ਸਟੇਸ਼ਨ ਪਿੰਡ ਕਾਰਵਾਰ ਵਿਚ ਲਗਾਉਣ ਦੀ ਸਕੀਮ ਹੈ । ਇਸਦੇ ਸਾਲ 1997-98 ਦੌਰਾਨ ਚਾਲੂ ਹੋ ਜਾਣ ਦੀ ਆਸ ਹੈ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਨੰਦ ਲਾਲ** : ਸਪੀਕਰ ਸਾਹਿਬ, ਇਸ ਵਕਤ ਬੱਚਿਆਂ ਦੇ ਇਮਤਿਹਾਨ ਚੱਲ ਰਹੇ ਹਨ ਔਰ ਮੇਰੇ ਇਲਾਕੇ ਦੇ ਵਿਚ ਬਿਜਲੀ ਦੀ ਕਮੀ ਹੋਣ ਕਰਕੇ ਬੱਚਿਆਂ ਦੀ ਪੜ੍ਹਾਈ ਖਰਾਬ ਹੋ ਰਹੀ ਹੈ। ਕੀ ਸਰਕਾਰ ਕੋਈ ਹੋਰ ਪਾਸਿਆਂ ਤੋਂ ਬਿਜਲੀ ਦਾ ਕੁਨੈਕਸ਼ਨ ਲੈ ਕੇ ਸਾਡੇ ਇਲਾਕੇ ਵਿਚ ਬਿਜਲੀ ਦੀ ਸਪਲਾਈ ਦੇਣ ਦਾ ਕੋਈ ਪ੍ਰਬੰਧ ਕਰੇਗੀ ਤਾਂ ਕਿ ਬੱਚਿਆਂ ਦੇ ਇਮਤਿਹਾਨ ਠੀਕ ਹੋ ਸਕਣ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਦਾ ਇੰਤਜ਼ਾਮ ਤਾਂ ਬਿਜਲੀ ਦਾ ਨਵਾਂ ਸਬ-ਸਟੇਸ਼ਨ ਕਾਇਮ ਹੋਣ ਨਾਲ ਤਸੱਲੀਬਖਸ਼ ਹੋ ਸਕਦਾ ਹੈ। ਇਸ ਲਈ ਅਸੀਂ ਕੋਸ਼ਿਸ਼ ਕਰਕੇ ਜਲਦੀ ਤੋਂ ਜਲਦੀ ਇਸ ਸਬ-ਸਟੇਸ਼ਨ ਨੂੰ ਮੁਕੰਮਲ ਕਰਵਾਵਾਂਗੇ।

---

### ਸਿੰਘਪੁਰ—ਭੱਦੀ ਸੜਕ ਦੀ ਮੁਰੰਮਤ

*21. **ਸ਼੍ਰੀ ਨੰਦ ਲਾਲ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਹਿਸੀਲ ਬਲਾਚੌਰ ਜ਼ਿਲਾ ਨਵਾਂ ਸ਼ਹਿਰ ਵਿਚ ਪਿੰਡ ਸਿੰਘਪੁਰ ਤੋਂ ਪਿੰਡ ਭੱਦੀ ਤੱਕ ਦੀ ਸੜਕ ਖਸਤਾ ਹਾਲਤ ਵਿਚ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਕਦੋਂ ਤੱਕ ਮੁਰੰਮਤ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** (ਮੁੱਖ ਮੰਤਰੀ) : ਪਹੁੰਚ ਮਾਰਗ ਮੁਰੰਮਤ ਕਰਨ ਯੋਗ ਹੈ ਜਿਸ ਦੀ ਮੁਰੰਮਤ 30 ਜੂਨ, 1997 ਤੱਕ ਹੋਣ ਦੀ ਉਮੀਦ ਹੈ।

**ਸ਼੍ਰੀ ਨੰਦ ਲਾਲ** : ਸਪੀਕਰ ਸਾਹਿਬ, ਠੀਕ ਹੈ ਜੀ।

**ਸਰਦਾਰ ਰਵੀਇੰਦਰ ਸਿੰਘ** : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਇਸ ਗੱਲ ਤੋਂ ਜਾਣੂ ਹਨ ਕਿ ਜਿਤਨੀਆਂ ਪੰਜਾਬ ਦੀਆਂ ਲਿੰਕ ਸੜਕਾਂ ਹਨ ਉਨ੍ਹਾਂ ਦੀ ਬੁਰੀ ਹਾਲਤ ਹੈ। ਪਿਛਲੇ ਦੋ ਤਿੰਨ ਸਾਲਾਂ ਤੋਂ ਬਹੁਤ ਰਕਮ ਸੜਕਾਂ ਵਾਸਤੇ ਰੱਖੀ ਗਈ ਸੀ ਪਰ ਉਸ ਦੀ ਦੁਰਵਰਤੋਂ ਹੋਈ ਹੈ। ਇਸ ਸਬੰਧੀ ਕੀ ਮੁੱਖ ਮੰਤਰੀ ਜੀ ਉਚ ਪੱਧਰੀ ਇਨ-ਕੁਆਇਰੀ ਕਰਾਉਣਗੇ ਕਿਉਂਕਿ ਜਿਥੇ ਪੈਸਾ ਲੱਗਣਾ ਚਾਹੀਦਾ ਸੀ ਉਥੇ ਨਹੀਂ ਲਗਿਆ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਪੰਜਾਬ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਪਹਿਲਾਂ ਇਹ ਕਦਮ ਚੁਕਿਆ ਗਿਆ ਸੀ ਕਿ ਸੜਕਾਂ ਠੀਕ ਕੁਆਲਟੀ ਦੀਆਂ ਬਣ ਰਹੀਆਂ ਹਨ ਜਾਂ ਨਹੀਂ। ਇਸ ਸਬੰਧੀ ਤਿੰਨ ਕਮੇਟੀਆਂ ਬਣਾਈਆਂ ਗਈਆਂ ਹਨ। ਕਮੇਟੀ ਦਾ ਇਨਚਾਰਜ ਐਸ.ਈ. ਹੋਵੇਗਾ ਅਤੇ ਇਕ ਡਿਪਾਰਟਮੈਂਟ ਦਾ ਅਫਸਰ ਵੀ ਨਾਲ ਹੋਵੇਗਾ। ਹੋਰ ਅਫਸਰ ਇਸ ਵਿਚ ਲਏ ਗਏ ਹਨ। ਸੜਕ ਬਣਨ ਤੋਂ ਬਾਅਦ ਇਹ ਚੈਕਿੰਗ ਕਰਨਗੇ ਕਿ ਸੜਕ ਠੀਕ ਬਣੀ ਹੈ ਜਾਂ ਨਹੀਂ। ਇਹ ਕਮੇਟੀ ਪਰਮਾਨੈਂਟ ਹੋਵੇਗੀ। ਜਦੋਂ ਸੜਕ ਮੁਕੰਮਲ ਹੋਵੇਗੀ ਤਾਂ ਇਹ ਚੈਕਿੰਗ ਕਰਕੇ ਕੰਪਲੀਸ਼ਨ ਸਰਟੀ-ਫਿਕੇਟ ਦੇਣਗੇ ਕਿ ਸੜਕ ਠੀਕ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਰਵੀਇੰਦਰ ਸਿੰਘ** : ਸਪੀਕਰ ਸਾਹਿਬ, ਕੀ ਪੜਤਾਲ ਤੋਂ ਬਾਅਦ ਜਿਹੜੇ ਕਨਸਟਰਨਡ ਅਫਸਰ ਜ਼ਿੰਮੇਵਾਰ ਹੋਣਗੇ ਉਨ੍ਹਾਂ ਵਿਰੁੱਧ ਸਰਕਾਰ ਸਖਤ ਤੋਂ ਸਖਤ ਕਦਮ ਚੁੱਕਣ ਵਾਸਤੇ ਤਿਆਰ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਸੀਂ ਤਾਂ ਇਹੋ ਭਾਲਦੇ ਹਾਂ ਕਿ ਕੋਈ ਇਹੋ ਜਿਹਾ ਬੰਦਾ ਲੱਭੇ । ਸਰਦਾਰ ਰਵੀਇੰਦਰ ਸਿੰਘ ਜੀ ਭਾਵੇਂ ਦੱਸ ਦੇਣ ਤਾਂ ਸਾਨੂੰ ਇਸ ਦੀ ਬੜੀ ਖੁਸ਼ੀ ਹੋਵੇਗੀ । (ਥੰਪਿੰਗ)

---

**ਦਸੂਹਾ—ਰਾਮਗੜ੍ਹ ਸੜਕ ਦੇ ਛਤਰਪੁਰ—ਧਰਮਪੁਰ ਹਿੱਸੇ ਨੂੰ ਪੂਰਾ ਕਰਨਾ**

*25. **ਸ੍ਰੀ ਰਮੇਸ਼ ਚੰਦਰ ਡੋਗਰਾ** : ਕੀ ਮੁਖ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਦਸੂਹਾ—ਰਾਮਗੜ੍ਹ ਸੜਕ ਦੇ ਛਤਰਪੁਰ-ਧਰਮਪੁਰ ਹਿੱਸੇ ਨੂੰ ਪੂਰਾ ਕਰਨ ਦੀ ਕੋਈ ਤਜਵੀਜ਼ ਹੈ ; ਜੇਕਰ ਅਜਿਹਾ ਹੈ, ਤਾਂ ਕਿਸ ਤਰੀਕ ਤੱਕ ਇਸ ਦੇ ਮੁਕੰਮਲ ਹੋਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਫੰਡਾਂ ਦੀ ਘਾਟ ਕਾਰਨ ਇਸ ਸੜਕ ਨੂੰ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ।

**ਸ੍ਰੀ ਰਮੇਸ਼ ਚੰਦਰ ਡੋਗਰਾ** : ਸਪੀਕਰ ਸਾਹਿਬ, ਇਹ ਦਸੂਹਾ-ਰਾਮਗੜ੍ਹ ਸੜਕ 15 ਸਾਲ ਪਹਿਲਾਂ ਬਣੀ ਹੋਈ ਸੀ । ਜਦੋਂ ਸੜਕ ਪੂਰੀ ਹੋਈ ਤਾਂ ਦਸੂਹਾ-ਰਾਮਗੜ੍ਹ ਸੜਕ ਦਾ ਛਤਰਪੁਰ-ਧਰਮਪੁਰ ਹਿੱਸਾ ਰਹਿ ਗਿਆ । ਇਸ ਕਰਕੇ ਇਕ ਏਰੀਏ ਤੋਂ ਦੂਜੇ ਪਾਸੇ ਜਾਣ ਲਈ 60 ਕਿਲੋਮੀਟਰ ਦਾ ਰਸਤਾ ਹੈ । ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਤੋਂ ਪੁੱਛਣਾ ਵੀ ਚਾਹੁੰਦਾ ਹਾਂ ਅਤੇ ਨਾਲ ਹੀ ਬੇਨਤੀ ਵੀ ਕਰਦਾ ਹਾਂ ਕਿ ਉਥੇ ਲੋਕਾਂ ਨੂੰ ਬੜੀ ਦਿਕਤ ਆ ਰਹੀ ਹੈ । ਇਸ ਲਈ ਕੀ ਮੁੱਖ ਮੰਤਰੀ ਜੀ ਉਸ ਸੜਕ ਨੂੰ ਪਹਿਲ ਦੇ ਆਧਾਰ ਤੇ ਬਣਾਉਣਗੇ ਤਾਂ ਕਿ ਲੋਕਾਂ ਦੀ ਤਕਲੀਫ ਦੂਰ ਹੋ ਸਕੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਸੜਕ 4.57 ਕਿਲੋਮੀਟਰ ਹੈ । ਇਹ ਸੜਕ ਬਣਾਉਣ ਲਈ 1 ਕਰੋੜ ਰੁਪਏ ਦਾ ਖਰਚ ਆਵੇਗਾ । ਮੈਂ ਇਸ ਦਾ ਨਕਸ਼ਾ ਵੇਖਿਆ ਹੈ । ਮੈਂ ਸਮਝਦਾ ਹਾਂ ਕਿ ਇਹ ਲਿੰਕ ਰੋਡ ਇੰਪਾਰਟੈਂਟ ਹੈ ਪਰ ਦੂਜੇ ਪਾਸੇ ਖਜ਼ਾਨੇ ਵਿਚ ਪੈਸਾ ਨਹੀਂ ਹੈ । ਥੋੜ੍ਹਾ ਜਿਹਾ ਖਜ਼ਾਨੇ ਵਿਚ ਪੈਸਾ ਆ ਲੈਣ ਦਿਉ ਫਿਰ ਸੜਕ ਬਣਾਉਣੀ ਸ਼ੁਰੂ ਕਰਾਂਗੇ ।

**ਸ੍ਰੀ ਰਮੇਸ਼ ਚੰਦਰ ਡੋਗਰਾ** : ਜੋ ਐਸਟੀਮੇਟ ਮੁੱਖ ਮੰਤਰੀ ਸਾਹਿਬ ਨੇ ਦਸਿਆ ਹੈ ਉਤਨਾ ਖਰਚਾ ਨਹੀਂ ਆਵੇਗਾ । ਇਸ ਉਤੇ ਇਤਨੀ ਵੱਡੀ ਰਕਮ ਖਰਚ ਨਹੀਂ ਹੋਵੇਗੀ । ਸਪੀਕਰ ਸਾਹਿਬ, ਇਸ ਸੜਕ ਤੇ ਟੋਟਲ ਖਰਚਾ ਤਕਰੀਬਨ 30 ਲੱਖ ਰੁਪਏ ਤੋਂ ਵੱਧ ਨਹੀਂ ਆਵੇਗਾ । ਇਹ ਸੜਕ ਬਣਨ ਦੇ ਨਾਲ ਲੋਕਾਂ ਨੂੰ ਕਾਫੀ ਸਹੂਲਤ ਮਿਲੇਗੀ । ਇਸ ਇਲਾਕੇ ਦੇ ਇਕ ਪਾਸੇ 20 ਪਿੰਡ ਆਉਂਦੇ ਹਨ ਅਤੇ ਦੂਜੇ ਪਾਸੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਮੇਸ਼ ਚੰਦਰ ਡੋਗਰਾ]

30 ਪਿੰਡ ਆਉਂਦੇ ਹਨ। ਇਲਾਕੇ ਦੇ ਲੋਕਾਂ ਨੂੰ ਬੜੀ ਤਕਲੀਫ ਹੈ। ਲਗਭਗ 50 ਸਾਲ ਦੇਸ਼ ਨੂੰ ਆਜ਼ਾਦ ਹੋਏ ਨੂੰ ਹੋ ਗਏ ਹਨ। ਅੱਜ ਵੀ ਅਸੀਂ ਪੈਦਲ ਚਲ ਕੇ ਅਜਿਹੇ ਪਿੰਡਾਂ ਵਿਚ ਜਾਂਦੇ ਹਾਂ। ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸੜਕ ਦਾ ਕੰਮ ਪਹਿਲ ਦੇ ਆਧਾਰ ਤੇ ਜ਼ਰੂਰ ਕੀਤਾ ਜਾਵੇ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਮੇਰੇ ਕੋਲ ਤਸ਼ਰੀਫ ਲੈ ਆਉਣ। ਇਕ ਤਾਂ ਇਹ ਲੰਬਾਈ ਸੜਕ ਦੀ ਜਿਹੜੀ ਦੱਸਦੇ ਹਨ, ਮੇਰਾ ਖਿਆਲ ਹੈ ਕਿ ਉਹ ਠੀਕ ਨਹੀਂ ਦੱਸ ਰਹੇ ਅਤੇ ਖਰਚਾ ਵੀ ਜੋ ਉਸ ਦੇ ਬਣਨ ਤੇ ਆਉਣਾ ਹੈ, ਉਹ ਵੀ ਠੀਕ ਨਹੀਂ ਦਸ ਰਹੇ। ਜੇ ਮੈਂਬਰ ਸਾਹਿਬ ਸਾਡੀ ਸਹਾਇਤਾ ਕਰਨ ਅਤੇ ਇਹ ਸੜਕ 35 ਲੱਖ ਦੇ ਠੇਕੇ ਵਿਚ ਬਣਵਾ ਦੇਣ ਤਾਂ ਇਸ ਗੱਲ ਬਾਰੇ ਜ਼ਰੂਰ ਸੋਚਿਆ ਜਾਵੇਗਾ। ਜਿਥੋਂ ਤੱਕ ਮੇਰੀ ਜਾਣਕਾਰੀ ਹੈ, ਇਹ ਸੜਕ ਇਕ ਕਰੋੜ ਰੁਪਏ ਦੇ ਖਰਚੇ ਤੋਂ ਘੱਟ ਬਣਨੀ ਨਹੀਂ, ਜੋ ਡਿਪਾਰਟਮੈਂਟ ਦਾ ਐਸਟੀਮੇਟ ਹੈ।

**ਸ੍ਰੀ ਰਮੇਸ਼ ਚੰਦਰ ਡੋਗਰਾ** : ਸਪੀਕਰ ਸਾਹਿਬ, ਮੈਨੂੰ ਕੋਈ ਆਬਜੈਕਸ਼ਨ ਨਹੀਂ। ਮੈਂ ਮਾਨਯੋਗ ਮੁੱਖ ਮੰਤਰੀ ਜੀ ਕੋਲ ਚਲਾ ਜਾਵਾਂਗਾ।

**ਸ੍ਰੀ ਸਪੀਕਰ** : ਤੁਸੀਂ ਕਿਰਪਾ ਕਰਕੇ ਬੈਠ ਜਾਓ ਅਗਲਾ ਸਵਾਲ। ਕਾਮਰੇਡ ਅਜੈਬ ਸਿੰਘ ਰੌਂਤਾ।

---

## ਮਾਪੇ—ਅਧਿਆਪਕ ਸੰਸਥਾ ਫੰਡਜ਼ ਦੇ ਲੇਖਿਆਂ ਦਾ ਆਡਿਟ

*14. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰ ਕੇ ਦੱਸਣਗੇ ਕਿ :

(ੳ) ਕੀ ਰਾਜ ਵਿਚ ਸਰਕਾਰੀ ਸਕੂਲਾਂ ਵਿਚ ਮਾਪੇ-ਅਧਿਆਪਕ ਸੰਸਥਾ ਫੰਡਜ਼ ਦੇ ਲੇਖਿਆਂ ਦਾ ਕੋਈ ਆਡਿਟ ਕੀਤਾ ਜਾਂਦਾ ਹੈ; ਜੇਕਰ ਨਹੀਂ, ਤਾਂ ਉਸ ਦੇ ਕਾਰਨ ਕੀ ਹਨ;

(ਅ) ਕੀ ਮਾਪੇ-ਅਧਿਆਪਕ ਸੰਸਥਾ ਫੰਡਜ਼ ਦੇ ਲੇਖਿਆਂ ਦੇ ਆਡਿਟ ਨੂੰ ਜ਼ਰੂਰੀ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਰਾਜ ਵਿਚ ਪੰਜਾਬ ਸਰਕਾਰ ਦੇ ਸਕੂਲਾਂ ਵਿੱਚ ਮਾਪੇ-ਅਧਿਆਪਕ ਸੰਸਥਾ ਫੰਡਜ਼ ਦੇ ਲੇਖੇ ਪੜਤਾਲ ਕਰਨ ਯੋਗ ਨਹੀਂ ਹਨ ਕਿਉਂ ਜੋ ਇਹ ਫੰਡ ਪਬਲਿਕ ਫੰਡ ਹੈ ਜੋ ਕਿ ਸਰਕਾਰ ਦੇ ਖਜ਼ਾਨੇ ਦਾ ਹਿੱਸਾ ਨਹੀਂ ਹੈ ਅਤੇ ਮਾਪੇ-ਅਧਿਆਪਕ ਸੰਸਥਾ ਦੁਆਰਾ ਲੇਖਾ-ਜੋਖਾ ਰਖਿਆ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

(ਅ) ਮਾਪੇ-ਅਧਿਆਪਕ ਸੰਸਥਾ ਫੰਡਜ਼ ਦੇ ਲੇਖਿਆਂ ਦੀ ਪੜਤਾਲ ਕਰਨ ਸਬੰਧੀ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਕੋਈ ਅਜਿਹੀ ਤਜਵੀਜ਼ ਨਹੀਂ ਹੈ ।

**ਕਾਮਰੇਡ ਅਜੈਬ ਸਿੰਘ ਰੌਂਤਾ** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੁਆਰਾ ਮਾਨਯੋਗ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹਵਾਂਗਾ ਕਿ ਇਨ੍ਹਾਂ ਨੇ ਕਿਹਾ ਹੈ ਕਿ ਮਾਪੇ ਅਧਿਆਪਕ ਸੰਸਥਾ ਦਾ ਜੋ ਫੰਡ ਹੈ, ਉਹ ਪੜਤਾਲ ਕਰਨ ਯੋਗ ਨਹੀਂ ਹੈ ਕਿਉਂਕਿ ਇਹ ਸਰਕਾਰ ਦੇ ਖਜ਼ਾਨੇ ਦਾ ਹਿੱਸਾ ਨਹੀਂ, ਲੋਕਾਂ ਦਾ ਆਪਣਾ ਫੰਡ ਹੈ । ਲੇਕਿਨ ਫੰਡ ਤਾਂ ਫੰਡ ਹੁੰਦਾ ਹੈ । ਮਾਪੇ-ਅਧਿਆਪਕ ਸੰਸਥਾ ਇਕ ਅਜਿਹੀ ਸੰਸਥਾ ਹੈ ਜਿਸ ਵਿਚ ਸਾਡੇ ਪਿੰਡਾਂ ਦੇ ਬੱਚਿਆਂ ਦੇ ਬਾਪ, ਜਿਹੜੇ ਬੱਚੇ ਸਕੂਲਾਂ ਵਿਚ ਪੜ੍ਹਦੇ ਹਨ, ਉਹ ਬਹੁਤ ਜ਼ਿਆਦਾ ਅਨਪੜ੍ਹ ਗਿਣਤੀ ਵਿਚ ਹੁੰਦੇ ਹਨ ਅਤੇ ਉਨ੍ਹਾਂ ਤੋਂ ਜਿਥੇ ਕਿਤੇ ਮਰਜ਼ੀ ਅੰਗੂਠਾ ਲਗਵਾ ਲਿਆ ਜਾਂਦਾ ਹੈ । ਇਸ ਲਈ ਇਸ ਫੰਡ ਦਾ ਲੇਖਾ ਜੋਖਾ ਰੱਖਣਾ ਵੀ ਜ਼ਰੂਰੀ ਹੈ । ਲੇਖਾ ਜੋਖਾ ਰਖਣ ਲਈ ਸੀ.ਐਮ. ਸਾਹਿਬ ਕੀ ਯਕੀਨ ਦਿਵਾਉਣਗੇ ਕਿ ਅਗਰ ਇਸ ਫੰਡ ਦਾ ਆਡਿਟ ਨਹੀਂ ਹੋ ਸਕਦਾ ਤਾਂ ਕੋਈ ਵੱਖਰਾ ਸੈਲ ਕਾਇਮ ਕਰ ਦਿਤਾ ਜਾਵੇ ਜਿਹੜਾ ਕਿ ਇਸ ਫੰਡਜ਼ ਨੂੰ ਚੈਕ ਕਰ ਸਕਦਾ ਹੋਵੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਵੈਸੇ ਇਸ ਕੰਮ ਵਿਚ ਕਾਫੀ ਗੜਬੜ ਹੈ, ਮੈਂ ਮੰਨਦਾ ਹਾਂ । ਕਿਉਂਕਿ ਜੋ ਹਦਾਇਤ ਹੈ ਉਹ ਇਹ ਹੈ ਕਿ ਦੋ ਰੁਪਏ ਪ੍ਰਤੀ ਸਟੂਡੈਂਟ ਪਰ ਈਅਰ ਪ੍ਰਾਇਮਰੀ ਸਕੂਲ ਵਿਚ ਲਿਆ ਜਾਵੇ ਅਤੇ ਪੰਜ ਰੁਪਏ ਪ੍ਰਤੀ ਸਟੂਡੈਂਟ ਪਰ ਈਅਰ ਹਾਈ ਸਕੂਲਾਂ ਵਿਚ ਇਸ ਫੰਡ ਪ੍ਰਤੀ ਪੈਸੇ ਇਕੱਠੇ ਕੀਤੇ ਜਾਣ । ਇਹ ਐਸੋਸੀਏਸ਼ਨ ਜਿਹੜੀ ਬਣੀ ਹੈ, ਇਸ ਵਿਚ ਖਰਚੇ ਜਿਹੜੇ ਕੀਤੇ ਜਾਂਦੇ ਹਨ, ਉਹ ਇਕ ਐਗਜ਼ੇਕਟਿਵ ਕਮੇਟੀ ਰਾਹੀਂ ਜਿਹੜੀ ਕਿ ਪੰਜ ਮੈਂਬਰੀ ਹੁੰਦੀ ਹੈ, ਜਿਸ ਵਿਚ ਇਕ ਪ੍ਰੈਜ਼ੀਡੈਂਟ ਮਾਪਿਆਂ ਵਲੋਂ ਹੁੰਦਾ ਹੈ ਅਤੇ ਇਕ ਟੀਚਰ ਵਲੋਂ ਮੈਂਬਰ ਹੁੰਦਾ ਹੈ, ਉਹ ਦੋਨੋਂ ਫੰਡ ਖਰਚ ਕਰਦੇ ਹਨ । ਮੈਂ ਜਿਵੇਂ ਪਹਿਲਾਂ ਹੀ ਲਿਖ ਦਿਤਾ ਹੈ ਕਿ ਇਕ ਤਾਂ ਪੰਜਾਬ ਦੇ ਕਿਸੇ ਸਕੂਲ ਵਿਚ ਵੀ ਦੋ ਰੁਪਏ ਤੋਂ ਵੱਧ ਪ੍ਰਾਇਮਰੀ ਲੇਵਲ ਤੱਕ ਅਤੇ ਪੰਜ ਰੁਪਏ ਤੋਂ ਵੱਧ ਹਾਈ ਸਕੂਲ ਲੈਵਲ ਵਿਚ ਇਕੱਠੇ ਨਾ ਕੀਤੇ ਜਾਣ । ਮੇਰੇ ਨੋਟਿਸ ਵਿਚ ਇਹ ਵੀ ਆਇਆ ਹੈ ਕਿ ਰੁਪਏ ਵੱਧ ਇਕੱਠੇ ਕੀਤੇ ਜਾਂਦੇ ਹਨ । ਇਸ ਲਈ ਇਹ ਹਦਾਇਤ ਕਰ ਦਿਤੀ ਗਈ ਹੈ ਕਿ ਜਦੋਂ ਕੋਈ ਇੰਸਪੈਕਟਿੰਗ ਆਫੀਸਰ ਐਜੂਕੇਸ਼ਨ ਡਿਪਾਰਟਮੈਂਟ ਦਾ ਇਨ੍ਹਾਂ ਸਕੂਲਾਂ ਦੀ ਇੰਸਪੈਕਸ਼ਨ ਕਰੇ, ਉਹ ਉਥੇ ਇਹ ਵੀ ਦੇਖੇ ਕਿ ਇਹ ਜਿਹੜੇ ਫੰਡ ਹਨ, ਇਨ੍ਹਾਂ ਦੀ ਠੀਕ ਵਰਤੋਂ ਕੀਤੀ ਜਾਂਦੀ ਹੈ ਜਾਂ ਨਹੀਂ । ਵੈਸੇ ਜਨਰਲ ਤੌਰ ਤੇ ਮੈਂ ਮਹਿਕਮੇ ਨੂੰ ਹਦਾਇਤ ਕੀਤੀ ਹੈ ਕਿ ਇਸ ਸਾਰੀ ਚੀਜ਼ ਦੀ ਉਹ ਪੜਤਾਲ ਕਰਨ ।

**ਕਾਮਰੇਡ ਅਜੈਬ ਸਿੰਘ ਰੌਂਤਾ** : ਸਪੀਕਰ ਸਾਹਿਬ, ਮੈਂ ਆਪ ਜੀ ਦੁਆਰਾ ਮਾਨਯੋਗ ਮੁੱਖ ਮੰਤਰੀ ਜੀ ਤੋਂ ਇਹ ਜਾਣਨਾ ਚਾਹਵਾਂਗਾ ਕਿ ਅਧਿਆਪਕ-ਮਾਪੇ ਸੰਸਥਾ ਇਕ ਬਹੁਤ ਹੀ ਪੁਰਾਣੀ ਸੰਸਥਾ ਹੈ । ਇਸ ਨੂੰ ਬਣੀ ਨੂੰ ਕਾਫੀ ਦੇਰ ਹੋ ਗਈ ਹੈ ਅਤੇ ਇਸ ਦੀ ਗਾਈਡ ਲਾਈਨਜ਼ ਵੀ ਬਹੁਤ ਪੁਰਾਣੀਆਂ ਹਨ । ਹਾਲਾਤ ਅੱਜ ਬਹੁਤ ਬਦਲ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਜੈਬ ਸਿੰਘ ਰੌਂਤਾ]
ਗਏ ਹਨ ਅਤੇ ਵਿਦਿਆ ਦਾ ਮਿਆਰ ਬਹੁਤ ਅੱਗੇ ਚਲਾ ਗਿਆ ਹੈ। ਕੀ ਸੀ.ਐਮ. ਸਾਹਿਬ ਯਕੀਨ ਦਿਵਾਉਣਗੇ ਕਿ ਇਸ ਫੰਡ ਦੀਆਂ ਗਾਈਡਲਾਈਨਜ਼ ਨੂੰ ਅਪ-ਟੂ-ਡੇਟ ਕੀਤਾ ਜਾਵੇਗਾ ?

**ਮੁੱਖ ਮੰਤਰੀ** : ਇਹ ਦੁਬਾਰਾ ਦੱਸ ਦਿਉ । ਸਟਰੈਸ ਕਿਸ ਤੇ ਹੈ ?

**ਕਾਮਰੇਡ ਅਜੈਬ ਸਿੰਘ ਰੌਂਤਾ** : ਸਪੀਕਰ ਸਾਹਿਬ, ਮੈਂ ਪੁਛਿਆ ਹੈ ਕਿ ਇਸ ਫੰਡ ਮੁਤੱਲਕ ਗਾਈਡਲਾਈਨਜ਼ ਕਾਫੀ ਪੁਰਾਣੀਆਂ ਹੋ ਚੁੱਕੀਆਂ ਹਨ । ਵਿਦਿਆ ਦਾ ਮਿਆਰ ਕਾਫੀ ਅੱਗੇ ਚਲਾ ਗਿਆ ਹੈ । ਹਾਲਾਤ ਕਾਫੀ ਬਦਲੇ ਹੋਏ ਹਨ । ਇਸ ਹਿਸਾਬ ਨਾਲ ਸਰਕਾਰ ਕੋਈ ਅਜਿਹਾ ਫੈਸਲਾ ਕਰਨ ਲਈ ਵਿਚਾਰ ਰੱਖਦੀ ਹੈ ਕਿ ਇਸ ਦੀਆਂ ਗਾਈਡ ਲਾਈਨਜ਼ ਨਵੇਂ ਸਿਰੇ ਤੋਂ ਬਣਾਈਆਂ ਜਾਣ ?

**ਮੁੱਖ ਮੰਤਰੀ** : ਇਸ ਤੇ ਵਿਚਾਰ ਕਰ ਲਈ ਜਾਵੇਗੀ । ਜੇ ਆਨਰੇਬਲ ਮੈਂਬਰ ਸਾਹਿਬ ਕੋਲ ਕੋਈ ਤਜ਼ਵੀਜ਼ ਹੋਵੇ, I will welcome.

**श्रीमती लक्ष्मी कांता चावला** : अध्यक्ष महोदय, केवल सरकारी स्कूलों में ही नहीं, प्राईवेट मान्यता प्राप्त निजी संस्थाओं द्वारा चलाए जा रहे स्कूलों और कालेजों में भी देखा गया है कि इन फंडज का काफी दुरूपयोग होता है, इस में अमलगामेटड फंडज (Amalgamated Fund) भी है । प्रिंसीपल चाहे तो इन्हें किसी फंकशन पर खर्च कर दे और चाहे तो किसी को उपहार देने पर खर्च कर दे । मैं मुख्य मंत्री जी से निवेदन भी करना चाहती हूं और आश्वाशन भी चाहती हूं कि वह कोई ऐसा यंत्र ज़रूर खड़ा करें जिस से सरकारी और प्राईवेट स्कूलों और कालजों के पी. टी. ए, और अमलगामेटड फंडज़ पर कोई नियंत्रण हो सके और जिस से बच्चों का पैसा बच्चों के हित पर ही खर्च हो, केवल प्रिंसीपल की अपनी इच्छा अनुसार ही खर्च न हो ।

**ਮੁੱਖ ਮੰਤਰੀ** : ਇਸ ਤੇ ਜ਼ਰੂਰ ਵਿਚਾਰ ਕੀਤਾ ਜਾਵੇਗਾ ।

**ਸ਼੍ਰੀ ਰਾਮ ਲਾਲ** : ਸਪੀਕਰ ਸਾਹਿਬ, ਬੱਚਿਆਂ ਦੇ ਮੁਤੱਲਿਕ ਗੱਲ ਚੱਲ ਰਹੀ ਹੈ । ਪਰਸੋਂ, ਸ਼ੁੱਕਰਵਾਰ ਨੂੰ ਸ਼ਡਿਊਲਸ ਕਾਸਟ ਦੇ ਚੌਥੀ ਦੇ ਬੱਚਿਆਂ ਨੂੰ ਪਿੰਡ ਝਾਖੱਲਾੜੀ ਵਿਖੇ ਭੈਣ ਜੀ ਵੱਲੋਂ ਚਾਰ ਸੌ ਰੁਪਿਆ ਵਜ਼ੀਫਾ ਦਿੱਤਾ ਗਿਆ ਅਤੇ ਬੱਚਿਆਂ ਦੇ ਦਸਤਖਤ ਕਰਵਾ ਲਏ ਗਏ । ਸ਼ਨਿਚਰਵਾਰ ਭੈਣ ਜੀ ਨੇ ਉਹ ਪੈਸੇ ਵਾਪਸ ਲੈ ਲਏ, ਇਹ ਆਖ ਕੇ ਕਿ ਉਹ ਪੈਸੇ ਮੈਂ ਆਪਣੇ ਪੱਲਿਓਂ ਦਿੱਤੇ ਸੀ .....

**ਸ਼੍ਰੀ ਸਪੀਕਰ** : ਤੁਸੀਂ ਸਿਰਫ ਕੁਐਸਚਨ ਕਰੋ, ਲੈਕਚਰ ਨਾ ਕਰੋ । (ਵਿਘਨ) ਅਗਲਾ ਸਵਾਲ ।

———

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬੁਢਾਪਾ ਪੈਨਸ਼ਨ ਦੇ ਪੈਂਡਿੰਗ ਕੇਸ

*26. **ਸ੍ਰੀ ਰਮੇਸ਼ ਚੰਦਰ ਡੋਗਰਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਰਕਾਰ ਕੋਲ 31 ਦਸੰਬਰ, 1996 ਤੱਕ ਜ਼ਿਲ੍ਹਾ ਹੁਸ਼ਿਆਰਪੁਰ ਦੇ ਬੁਢਾਪਾ ਪੈਨਸ਼ਨ ਦੇ ਕਿੰਨੇ ਕੇਸ ਪੈਂਡਿੰਗ ਸਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚੋਂ ਅਜਿਹੇ ਕਿੰਨੇ ਕੇਸ ਹਨ ਜਿਨ੍ਹਾਂ ਵਿਚ ਮਿਤੀ-ਅੰਤ ਤਕ ਪੈਨਸ਼ਨ ਮਨਜ਼ੂਰ ਕਰ ਦਿੱਤੀ ਗਈ ਹੈ ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚੋਂ ਅਜਿਹੇ ਕੇਸ ਕਿੰਨੇ ਹਨ ਜਿਨ੍ਹਾਂ ਨੂੰ ਰੱਦ ਕਰ ਦਿੱਤਾ ਗਿਆ ਹੈ ਅਤੇ ਅਜਿਹਾ ਕਰਨ ਦੇ ਕਾਰਨ ਕੀ ਹਨ ।

(ਸ) ਅਜਿਹੇ ਸਾਰੇ ਪੈਂਡਿੰਗ ਕੇਸਾਂ ਦਾ ਕਿਸ ਤਰੀਕ ਤੱਕ ਨਿਪਟਾਰਾ ਕਰ ਦਿੱਤਾ ਜਾਵੇਗਾ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) 22966

(ਅ) 84 ।

(ੲ) ਉਪਰੋਕਤ (ੳ) ਵਿਚੋਂ 85 ਕੇਸ ਉਮਰ ਘੱਟ ਹੋਣ ਅਤੇ ਆਮਦਨ ਵੱਧ ਹੋਣ ਕਰਕੇ ਰੱਦ ਕੀਤੇ ਗਏ ਹਨ ।

(ਸ) ਪੈਂਡਿੰਗ ਪਏ ਕੇਸਾਂ ਨੂੰ ਮਹੀਨਾਵਾਰ ਨਿਪਟਾਇਆ ਜਾ ਰਿਹਾ ਹੈ ।

**ਸ੍ਰੀ ਰਮੇਸ਼ ਚੰਦਰ ਡੋਗਰਾ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ 31 ਦਸੰਬਰ, 1996 ਤੱਕ ਟੋਟਲ 22966 ਕੇਸ ਦੱਸੇ ਹਨ ਜਿਹੜੇ ਕਿ ਹੁਸ਼ਿਆਰਪੁਰ ਦੇ ਸਮਾਜ ਭਲਾਈ ਆਫਿਸ ਦੇ ਵਿਚ ਪੈਂਡਿੰਗ ਹਨ । ਇਨ੍ਹਾਂ ਵਿਚੋਂ ਹੁਣ ਤੱਕ ਟੋਟਲ 84 ਕੇਸ ਕਲੀਅਰ ਹੋਏ ਹਨ । ਇਹ ਬਹੁਤ ਹੀ ਸਲੋਅ ਪ੍ਰਾਸੈੱਸ ਹੈ । ਲੋਕਾਂ ਦੀਆਂ ਇਨ੍ਹਾਂ ਕੇਸਾਂ ਤੇ ਆਸਾਂ ਲੱਗੀਆਂ ਹੋਈਆਂ ਹਨ । ਇਹ ਓਲਡ ਏਜ ਪੈਨਸ਼ਨ ਸਾਡੀ ਸਰਕਾਰ ਨੇ ਸ਼ੁਰੂ ਕੀਤੀ ਸੀ । ਕੀ ਮੁੱਖ ਮੰਤਰੀ ਜੀ ਇਨ੍ਹਾਂ ਕੇਸਾਂ ਵਾਸਤੇ ਕੋਈ ਸਮਾਂ ਨਿਰਧਾਰਤ ਕਰਨਗੇ ਕਿ ਐਨੇ ਸਮੇਂ ਦੇ ਅੰਦਰ ਅੰਦਰ ਇਨ੍ਹਾਂ ਕੇਸਾਂ ਨੂੰ ਕਲੀਅਰ ਕਰ ਦਿੱਤਾ ਜਾਵੇਗਾ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਂ ਕਹਿਣਾ ਤਾਂ ਨਹੀਂ ਚਾਹੁੰਦਾ ਪਰ ਮੈਨੂੰ ਹੀ ਜਵਾਬ ਦੇਣੇ ਪੈ ਰਹੇ ਹਨ ਕਿਉਂਕਿ ਸਰਕਾਰ ਇਕ ਕੰਟੀਨਿਊ ਪ੍ਰਾਸੈੱਸ ਹੈ । ਇਸ ਕਰਕੇ ਇਸ ਵੱਲ ਧਿਆਨ ਦਿੱਤਾ ਜਾਵੇਗਾ । ਇਹ ਸਾਰਾ ਬੈਕਲਾਗ ਇਨ੍ਹਾਂ 20 ਦਿਨਾਂ ਵਿਚ ਤਾਂ ਕਰੀਏਟ ਹੋਇਆ ਨਹੀਂ ਹੈ । ਜਿਹੜਾ ਪੁਰਾਣਾ ਬੈਕਲਾਗ ਅਸੀਂ ਇਨਹੈਰਿਟ ਕੀਤਾ ਹੈ, ਇਹ ਸਮੱਸਿਆ ਉਸੇ ਕਰਕੇ ਹੀ ਹੈ ਲੇਕਿਨ ਸਰਕਾਰ ਕਿਉਂਕਿ ਇਕ ਕੰਟੀਨਿਊ ਪ੍ਰਾਸੈਸ ਹੈ, ਇਸ ਕਰਕੇ ਅਸੀਂ ਇਸ ਸਬੰਧ ਵਿਚ ਇਕ ਨਵੀਂ ਪਾਲਿਸੀ ਬਣਾ ਰਹੇ ਹਾਂ ਅਤੇ ਉਸ ਦੇ ਮੁਤਾਬਿਕ ਇਹ ਬੈਕਲਾਗ ਦੂਰ ਕਰਨ ਵਾਸਤੇ ਸਾਰੇ ਯਤਨ ਕੀਤੇ ਜਾਣਗੇ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਰਮੇਸ਼ ਚੰਦਰ ਡੋਗਰਾ** : ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਹੈ ਕਿ ਇਸ ਸਬੰਧ ਵਿਚ ਕੋਈ ਨਾ ਕੋਈ ਸਮਾਂ ਜ਼ਰੂਰ ਨਿਸ਼ਚਿਤ ਹੋਣਾ ਚਾਹੀਦਾ ਹੈ– 2 ਮਹੀਨੇ, 4 ਮਹੀਨੇ ਜਾਂ 6 ਮਹੀਨੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਮਹੀਨਿਆਂ ਦੇ ਅੰਦਰ ਅੰਦਰ ਇਨ੍ਹਾਂ ਕੇਸਾਂ ਨੂੰ ਪੂਰੀ ਤਰ੍ਹਾਂ ਨਾਲ ਨਿਪਟਾ ਦਿੱਤਾ ਜਾਵੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਟਾਈਮ ਤਾਂ ਹਾਲੇ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ । ਫਿਰ ਵੀ ਅਸੀਂ ਇਸ ਸਬੰਧ ਵਿਚ ਪੂਰੀ ਕੋਸ਼ਿਸ਼ ਕਰਾਂਗੇ ਅਤੇ ਇਸ ਪਾਸੇ ਪੂਰਾ ਧਿਆਨ ਦਿਤਾ ਜਾ ਰਿਹਾ ਹੈ ।

**ਸਰਦਾਰ ਰਵੀਇੰਦਰ ਸਿੰਘ** : ਸਪੀਕਰ ਸਾਹਿਬ, ਇਹ ਸਵਾਲ ਭਾਵੇਂ ਹੁਸ਼ਿਆਰਪੁਰ ਬਾਰੇ ਪੁੱਛਿਆ ਗਿਆ ਹੈ ਲੇਕਿਨ ਇਹ ਮਸਲਾ ਸਾਰੇ ਪੰਜਾਬ ਨਾਲ ਸਬੰਧਤ ਹੈ । ਓਲਡ ਏਜ਼ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਦੇ ਹਜ਼ਾਰਾਂ ਕੇਸ ਪਿਛਲੀ ਸਰਕਾਰ ਕੋਲ ਗਏ ਹਨ । ਉਹ ਥੱਬਿਆਂ ਦੇ ਥੱਬੇ ਕੇਸ ਮਹਿਕਮੇ ਕੋਲ ਉਸੇ ਤਰ੍ਹਾਂ ਪਏ ਹਨ । ਅਫਸਰਾਂ ਨੇ ਉਨ੍ਹਾਂ ਤੇ ਕੋਈ ਐਕਸ਼ਨ ਨਹੀਂ ਲਿਆ । ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਜਿਹੇ ਗੈਰ-ਜ਼ਿੰਮੇਵਾਰ ਅਫਸਰਾਂ ਵਿਰੁੱਧ ਸਰਕਾਰ ਕੋਈ ਐਕਸ਼ਨ ਲੈਣ ਨੂੰ ਤਿਆਰ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਸਾਰਾ ਮਸਲਾ ਵਿਚਾਰ ਅਧੀਨ ਹੈ ਕਿ ਇਸ ਬਾਰੇ ਕੀ ਕਰਨਾ ਹੈ । ਥੋੜ੍ਹੇ ਸਮੇਂ ਵਿਚ ਹੀ ਅਸੀਂ ਇਸ ਸਾਰੇ ਮਸਲੇ ਦੇ ਸਿੱਟਿਆਂ ਤੇ ਪਹੁੰਚ ਜਾਵਾਂਗੇ ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬੁਢਾਪਾ, ਵਿਧਵਾ ਅਤੇ ਅੰਗਹੀਣ ਬੱਚਿਆਂ ਲਈ . . .

**Mr. Speaker**: Question Hour is over.

---

## UNSTARRED QUESTIONS AND ANSWERS

**ਬਿਨ੍ਹਾਂ-ਨਿਸ਼ਾਨ ਵਾਲਾ ਪ੍ਰਸ਼ਨ ਨੰ : *1**

(ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1 ਦੀ ਐਕਸਟੈਨਸ਼ਨ ਮੰਗੀ ਗਈ ਹੈ)

---

*For Unstarred Question No. 1 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

**ਨਵੀਆਂ ਪੰਚਾਇਤਾਂ ਬਣਾਉਣਾ**

2. **ਕਾਮਰੇਡ ਅਜੈਬ ਸਿੰਘ ਰੋਤਾ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਸ ਸਮੇਂ ਸਰਕਾਰ ਪਾਸ ਨਵੀਆਂ ਪੰਚਾਇਤਾਂ ਬਣਾਉਣ ਸਬੰਧੀ ਕਈ ਕੇਸ ਪੈਂਡਿੰਗ ਪਏ ਹਨ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਜ਼ਿਲ੍ਹਾ ਵਾਰ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ :

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਤੇ ਕਦੋਂ ਤੱਕ ਫੈਸਲਾ ਲਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਨਿਰਮਲ ਸਿੰਘ ਕਾਹਲੋਂ :** (ੳ) ਹਾਂ ਸ੍ਰੀ ਮਾਨ ਜੀ । ਜ਼ਿਲ੍ਹਾਵਾਰ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਲਗਪਗ 6 ਮਹੀਨੇ ।

ਸੂਚੀ

| ਲੜੀ ਨੰ: | ਜ਼ਿਲ੍ਹਾ | ਲੰਬਿਤ ਤਜ਼ਵੀਜ਼ਤ ਗਰਾਮ ਪੰਚਾਇਤ ਦਾ ਨਾਂ |
|---|---|---|
| 1 | 2 | 3 |
| 1. | ਕਪੂਰਥਲਾ | 1. ਸੁਲਤਾਨਪੁਰ ਲੋਧੀ (ਰੂਰਲ) |
| | | 2. ਡੋਗਰਾਂ ਵਾਲਾ |
| 2. | ਅੰਮ੍ਰਿਤਸਰ | 1. ਠੱਟਾ |
| | | 2. ਕਰਮੂਵਾਲਾ |
| | | 3. ਖਾਸਾ ਬਜ਼ਾਰ |
| | | 4. ਗੁਲਗੜ੍ਹ |
| 3. | ਜਲੰਧਰ | 1. ਬਸਤੀ ਰਾਜੇਵਾਲ |
| | | 2. ਬਸਤੀ ਕੰਗ ਕਲਾਂ |
| | | 3. ਗਿਦੜਪਿੰਡੀ |
| | | 4. ਰੇੜਵਾਂ |
| | | 5. ਲਾਈ ਏਵਾਲ ਆਬਾਦੀ |
| | | 6. ਆਬਾਦੀ ਡਬਰੀ ਮਲਸੀਆਂ |
| | | 7. ਖੁੜਾ ਪਿੰਡ ਆਬਾਦੀ |

Original with;
Punjab Vidhan Sabha
Digitized by;
Panjab Digital Library

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

| 1 | 2 | 3 |
|---|---|---|
| 4. | ਸੰਗਰੂਰ | 1. ਆਬਾਦੀ ਪੱਤੀ ਬੀਰ ਸਿੰਘ |
| | | 2. ਹੰਡਿਆਇਆ (ਰੂਰਲ) |
| | | 3. ਕੋਠੇ ਆਲਾ ਸਿੰਘ ਵਾਲਾ |
| 5. | ਮੁਕਤਸਰ | 1. ਕੋਠੇ ਬਰੜੇਵਾਲਾ |
| | | 2. ਕੋਠੇ ਹਜੂਰਾ ਸਿੰਘ ਵਾਲੇ |
| | | 3. ਕੋਠੇ ਚੀਦਿਆਂ ਵਾਲੇ |
| | | 4. ਕੋਠੇ ਢਾਬੇ ਵਾਲੇ |
| | | 5. ਕੋਠੇ ਦੁਲਚੀ ਵਾਲੇ |
| | | 6. ਬਸਤੀ ਭਾਗ ਸਿੰਘ ਵਾਲਾ |
| | | 7. ਕੋਠੇ ਆਬਾਦੀ ਦੋਦਾ |
| 6, | ਬਠਿੰਡਾ | 1. ਕੋਠੇ ਬੂਰਵਾਲੇ |
| | | 2. ਕੋਠੇ ਚੇਤ ਸਿੰਘ |
| | | 3. ਕੋਠੇ ਲਾਲ ਸਿੰਘ |
| | | 4. ਕੋਠੇ ਸੰਧੂਆਂ |
| | | 5. ਕੋਠੇ ਫੂਲਾ ਸਿੰਘ |
| | | 6. ਕੋਠੇ ਕੌਰ ਸਿੰਘ |
| 7. | ਗੁਰਦਾਸਪੁਰ | ਬਦੀ ਓਲਜੰਮਾਂ |
| 8. | ਫਿਰੋਜ਼ਪੁਰ | 1. ਗੰਦੂ ਕਿਲਚਾ |
| | | 2. ਜਾਫਰਾ |
| | | 3. ਡਿੱਬੀਪੁਰਾ |
| 9. | ਹੁਸ਼ਿਆਰਪੁਰ | 1. ਫਤਿਹ ਸਿੰਘ ਨਗਰ |
| | | 2. ਮਹੱਲਾ ਬਸਤੀ ਕਿਲਾ ਮਸਮੂਲਾ |
| 10. | ਮੋਗਾ | ਸਮਾਲਪੁਰ ਕੋਠਿਆ |
| 11. | ਰੋਪੜ | ਨਵਾਂ ਮੱਕੋਵਾਲ |
| 12. | ਫਤਿਹਗੜ੍ਹ ਸਾਹਿਬ | ਬੂਲੋਵਾਸ਼ ਮੁਕੰਦਪੁਰਾ |
| | ਕੁਲ ਜੋੜ : | 38 |

Original with;
Punjab Vidhan Sabha
Digitized by;
Panjab Digital Library

## ਵਿਧਵਾਵਾਂ ਨੂੰ ਨਿਰਬਾਹ ਭੱਤਾ

3. **ਕਾਮਰੇਡ ਹਰਦੇਵ ਅਰਸ਼ੀ** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੱਤਵਾਦ ਦਾ ਸ਼ਿਕਾਰ ਹੋਏ ਵਿਅਕਤੀਆਂ ਦੀਆਂ ਵਿਧਵਾਵਾਂ ਅਤੇ ਸ਼ਿਕਾਰ ਹੋਏ ਉਨ੍ਹਾਂ ਵਿਅਕਤੀਆਂ ਜੋ 100 ਪ੍ਰਤੀਸ਼ਤ ਤੱਕ ਪੱਕੇ ਤੌਰ ਤੇ ਨਕਾਰਾ ਹੋ ਗਏ ਹਨ, ਨੂੰ ਦਿੱਤੇ ਜਾ ਰਹੇ ਨਿਰਬਾਹ ਭੱਤੇ ਦੀ ਮੌਜੂਦਾ ਦਰ ਕੀ ਹੈ ਅਤੇ ਉਕਤ ਦਰ (ਦਰਾਂ) ਕਿਸ ਮਿਤੀ (ਮਿਤੀਆਂ) ਤੋਂ ਲਾਗੂ ਕੀਤੀਆਂ ਗਈਆਂ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹੇਠ ਦਰਸਾਈ ਗਈ ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ :—

| | ਲਾਭ ਪਾਤਰਾਂ ਦੀ ਸ਼੍ਰੇਣੀ | ਗੁਜਾਰਾ ਭੱਤਾ ਦੀ ਦਰ | ਮਿਤੀ(ਆਂ) ਜਿਸ ਤੋਂ ਦਰ (ਾਂ) ਲਾਗੂ ਕੀਤੀ ਗਈ (ਆਂ) |
|---|---|---|---|
| 1 | 2 | 3 | 4 |
| (1) | ਵਿਧਵਾਵਾਂ ਅਤੇ ਪੱਕੇ ਤੌਰ ਤੇ 100 ਪ੍ਰਤੀਸ਼ਤ ਨਕਾਰਾ ਹੋਏ ਵਿਅਕਤੀਆਂ ਲਈ | 2,500/- ਰੁਪਏ ਪ੍ਰਤੀ ਮਹੀਨਾ | 1 ਜਨਵਰੀ, 1997 |
| (2) | ਆਸ਼ਰਿਤ ਮਾਪੇ, ਜੇਕਰ ਉਨ੍ਹਾਂ ਦਾ ਇਕ ਮਾਤਰ ਜਾਂ ਸਾਰੇ ਪੁੱਤਰ ਮਾਰੇ ਗਏ ਹੋਣ ਅਤੇ | 2,500/- ਰੁਪਏ ਪ੍ਰਤੀ ਮਹੀਨਾ | 1 ਜਨਵਰੀ, 1997 |
| | ਜੇਕਰ ਕੋਈ ਪੁੱਤਰ ਜਿਉਂਦਾ ਹੈ । | 300/- ਰੁਪਏ ਪ੍ਰਤੀ ਮਹੀਨਾ | 1 ਅਪ੍ਰੈਲ, 1992 |
| (3) | ਯਤੀਮ/ਨਿਆਸਰੇ | 1000/- ਰੁਪਏ ਪ੍ਰਤੀ ਮਹੀਨਾ | 1 ਮਈ, 1990 |
| (4) | ਵਿਧਵਾ ਮਾਤਾ (ਜੋ ਪਤੀ ਦੀ ਮੌਤ ਕਰਕੇ ਗੁਜ਼ਾਰਾ ਭੱਤਾ ਪ੍ਰਾਪਤ ਕਰ ਰਹੀ ਸੀ) ਦੀ ਕੁਦਰਤੀ ਮੌਤ ਹੋਣ ਤੇ; ਉਸ ਦੇ ਛੋਟੇ ਬੱਚਿਆਂ ਨੂੰ | 1000/- ਰੁਪਏ ਪ੍ਰਤੀ ਮਹੀਨਾ | 29 ਅਪ੍ਰੈਲ, 1991 |
| (5) | ਵਿਧਵਾ ਵਲੋਂ ਦੁਬਾਰਾ ਸ਼ਾਦੀ ਕਰ ਲੈਣ ਕਰਕੇ ਜਾਂ ਹੋਰ ਕਾਰਨਾਂ ਕਰਕੇ ਛੱਡੇ ਗਏ ਬੱਚਿਆਂ ਨੂੰ | 1,000/- ਰੁਪਏ ਪ੍ਰਤੀ ਮਹੀਨਾ | 30 ਨਵੰਬਰ, 1994 |

Original with;
Punjab Vidhan Sabha
Digitized by;
Panjab Digital Library

## ਹਸਪਤਾਲਾਂ ਵਿਚ ਮੁਫ਼ਤ ਇਲਾਜ

4. **ਕਾਮਰੇਡ ਹਰਦੇਵ ਅਰਸ਼ੀ**: ਕੀ ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਨੂੰ ਦਿੱਤੇ ਗਏ ਹਸਪਤਾਲਾਂ ਵਿਚ ਮੁਫ਼ਤ ਇਲਾਜ ਕਰਵਾਉਣ ਲਈ ਕੋਈ ਮਰੀਜ਼ ਹੱਕਦਾਰ ਹਨ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀਆਂ ਸ਼੍ਰੇਣੀਆਂ ਕਿਹੜੀਆਂ ਕਿਹੜੀਆਂ ਹਨ ;

(ਅ) ਇਨ੍ਹਾਂ ਹਸਪਤਾਲਾਂ ਵਿਚ ਵਸੂਲ ਕੀਤੀਆਂ ਜਾਂਦੀਆਂ ਵੱਖ-ਵੱਖ ਕਿਸਮ ਦੀਆਂ ਫ਼ੀਸਾਂ ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਦੀ/ਦੇ ਦਰ (ਦਰਾਂ) ਕੀ-ਕੀ ਹਨ ?

**ਸ੍ਰੀ ਬਲਰਾਮ ਜੀ ਦਾਸ ਟੰਡਨ**: (ੳ) ਹਾਂ ਜੀ, ਪੀਲੇ ਕਾਰਡ ਹੋਲਡਰਾਂ, ਪੰਜਾਬ ਸਰਕਾਰ ਦੇ ਕਰਮਚਾਰੀਆਂ, ਪੈਨਸ਼ਨਰਾਂ, ਭੂਤ ਪੂਰਵ ਅਤੇ ਵਰਤਮਾਨ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ, ਮਾਨਯੋਗ ਜੱਜਾਂ, ਆਜ਼ਾਦੀ ਘੁਲਾਟੀਏ, ਪਰਤਾਵੇਂ ਅਧੀਨ ਕੈਦੀਆਂ ਨੂੰ ਐਮਰਜੰਸੀ ਅਤੇ ਕੁਦਰਤੀ ਆਫਤਾਂ ਅਤੇ ਰਾਸ਼ਟਰੀ ਪ੍ਰੋਗਰਾਮ ਅਧੀਨ ਰੋਗ ਲੱਛਣਾਂ ਦਾ ਵਿਸ਼ਲੇਸ਼ਣ ਅਤੇ ਦਵਾਈਆਂ ਲਈ ਮੁਫ਼ਤ ਇਲਾਜ ਕੀਤਾ ਜਾਵੇਗਾ ।

(ਅ) ਕਾਰਪੋਰੇਸ਼ਨ ਦੇ ਹਸਪਤਾਲਾਂ ਵਿੱਚ ਫ਼ੀਸਾਂ ਰਾਜ ਸਰਕਾਰ ਦੀਆਂ ਫ਼ੀਸਾਂ ਦੇ ਅਨੁਸਾਰ ਹੀ ਲਈਆਂ ਜਾਣਗੀਆਂ । *ਵੇਰਵੇ ਨੱਥੀ ਹਨ ।

---

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਮੈਂ ਕੁਝ ਬੇਨਤੀ ਕਰਨਾ ਚਾਹੁੰਦਾ ਹਾਂ ।

**ਸ੍ਰੀ ਸਪੀਕਰ**: ਹਾਂ ਜੀ,

**ਕਾਮਰੇਡ ਹਰਦੇਵ ਅਰਸ਼ੀ**: ** ** ** **

(ਇਸ ਵੇਲੇ ਟਰੇਜ਼ਰੀ ਬੈਂਚਿਜ਼ ਵੱਲੋਂ ਬਹੁਤ ਸਾਰੇ ਐਮ. ਐਲ. ਏ. ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

**ਸ੍ਰੀ ਸਪੀਕਰ**: ਅਰਸ਼ੀ ਜੀ, ਤੁਸੀਂ ਇਹ ਗੱਲਾਂ ਗਵਰਨਰ ਐਡਰੈਸ ਤੇ ਬੋਲਦੇ ਸਮੇਂ ਕਹਿ ਲੈਣਾ ।

**ਕਾਮਰੇਡ ਹਰਦੇਵ ਅਰਸ਼ੀ**: ** ** ** **

**ਸ੍ਰੀ ਸਪੀਕਰ**: ਅਰਸ਼ੀ ਜੀ, ਤੁਸੀਂ ਗਵਰਨਰ ਐਡਰੈਸ ਤੇ ਇਹ ਸਾਰਾ ਕੁਝ ਕਹਿ ਲੈਣਾ ।

---

*Placed in the Library.

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮੰਤਰੀ, ਖੁਰਾਕ ਅਤੇ ਸਪਲਾਈ ਜਨ ਸਿਹਤ ਅਤੇ ਸੰਸਦੀ ਮਾਮਲੇ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਬੜੇ ਪੁਰਾਣੇ ਹਨ, ਬੜੇ ਪਾਰਲੀਮੈਂਟੇਰੀਅਨ ਹਨ । ਕਾਂਗਰਸ ਸਰਕਾਰ ਨੇ ਇਨ੍ਹਾਂ ਨੂੰ ਬੈਸਟ ਪਾਰਲੀਮੈਂਟੇਰੀਅਨ ਹੋਣ ਦਾ ਅਵਾਰਡ ਵੀ ਦਿੱਤਾ ਹੈ । ਗਵਰਨਰ ਐਡਰੈਸ ਦੇ ਵਿਚ ਇਹ ਮੁੱਦਾ ਹੈ ਔਰ ਬਾਦਲ ਸਾਹਿਬ ਦੀ ਸਰਕਾਰ ਨੇ ਕਿਹਾ ਹੈ ਕਿ ਅਸੀਂ ਚੰਡੀਗੜ੍ਹ ਲੈਣਾ ਚਾਹੁੰਦੇ ਹਾਂ । ਅਸੀਂ ਉਨ੍ਹਾਂ ਦੇ ਨਾਲ ਇਸ ਬਾਰੇ ਸਾਂਝੀਵਾਲ ਹਾਂ । ਇਹ ਸਗੋਂ ਉਸ ਦਾ ਸਮਰਥਨ ਕਰੋਨ ਔਰ ਇਨ੍ਹਾਂ ਦੀ ਪਾਰਟੀ ਕੇਂਦਰ ਦੀ ਸਰਕਾਰ ਵਿਚ ਸਾਂਝੀਵਾਲ ਹੈ, ਇਹ ਸਾਡੀ ਮਦਦ ਕਰਨ । ਇਹ ਏਥੇ ਗਵਰਨਰ ਐਡਰੈਸ ਵੇਲੇ ਜੋ ਇਸ ਮੁੱਦੇ ਤੇ ਬਹਿਸ ਹੋਣੀ ਹੈ ਉਸ ਬਹਿਸ ਵਿੱਚ ਹਿੱਸਾ ਲੈਣ ਔਰ ਸਾਡਾ ਸਮਰਥਨ ਕਰਨ । ਇਸ ਗੱਲ ਦਾ ਵਿਸ਼ਵਾਸ ਦਿਵਾਉਣ । ਕੇਂਦਰ ਦੀਆਂ 14 ਪਾਰਟੀਆਂ ਹਨ । ਉਹ ਇਸ ਗੱਲ ਨੂੰ ਪ੍ਰਵਾਨ ਕਰਵਾਉਣ । ਇਨ੍ਹਾਂ ਨੂੰ ਏਥੇ ਇਸ ਤੇ ਬਹਿਸ ਕਰਨ ਦਾ ਮੌਕਾ ਮਿਲੇਗਾ ।

**ਕਾਮਰੇਡ ਹਰਦੇਵ ਅਰਸ਼ੀ** : ** ** ** **

**ਸ੍ਰੀ ਸਪੀਕਰ** : ਅਰਸ਼ੀ ਜੀ, ਇਹ ਸਾਰਾ ਕੁਝ ਤੁਸੀਂ ਗਵਰਨਰ ਐਡਰੈਸ ਤੇ ਬੋਲ ਲੈਣਾ । Please sit down.

---

## WALK OUT

**ਕਾਮਰੇਡ ਹਰਦੇਵ ਅਰਸ਼ੀ** : ਜੇ ਤੁਸੀਂ ਸਾਨੂੰ ਜ਼ੀਰੋ ਆਵਰ ਦੇ ਵਿੱਚ ਵੀ ਬੋਲਣ ਦਾ ਮੌਕਾ ਨਹੀਂ ਦਿੰਦੇ ਤਾਂ ਅਸੀਂ ਪਰੋਟੈਸਟ ਵਜੋਂ ਵਾਕ-ਆਊਟ ਕਰਦੇ ਹਾਂ ।

(ਇਸ ਵੇਲੇ ਸੀ. ਪੀ. ਆਈ. ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ) ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਆਰਡਰ ਤੇ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਤਿੰਨ ਤਰੀਕ ਨੂੰ ਜੰਡਿਆਲਾ ਗੁਰੂ ਦੇ ਕੋਲ ਇਕ ਬਹੁਤ ਵੱਡਾ ਸੜਕ ਹਾਦਸਾ ਹੋਇਆ ਜਿਸ ਵਿੱਚ 30-40 ਵਿਅਕਤੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਅਰ ਪੰਜ-ਸੱਤ ਆਦਮੀ ਮਰ ਗਏ ਹਨ । ਜਿਹੜੇ ਆਦਮੀ ਜ਼ਖਮੀ ਹੋਏ ਹਨ ਉਹ ਬਹੁਤ ਗਰੀਬ ਹਨ, ਕੀ ਸਰਕਾਰ ਉਨ੍ਹਾਂ ਦਾ ਇਲਾਜ ਚੰਗੀ ਤਰ੍ਹਾਂ ਕਰਵਾਉਣ ਲਈ ਕੋਈ ਧਿਆਨ ਦੇਵੇਗੀ ?

**ਸਰਦਾਰ ਰਵੀਇੰਦਰ ਸਿੰਘ** . ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ ।

**ਸ੍ਰੀ ਸਪੀਕਰ** : ਮਾਸਟਰ ਮੋਹਨ ਲਾਲ ਜੀ ਤੁਸੀਂ ਬੋਲੋ । ਸਰਦਾਰ ਰਵੀਇੰਦਰ ਸਿੰਘ ਜੀ, ਤੁਹਾਨੂੰ ਵੀ ਮੈਂ ਟਾਈਮ ਦਿਆਂਗਾ ਪਹਿਲਾਂ ਇਨ੍ਹਾਂ ਦੀ ਗੱਲ ਸੁਣ ਲਓ ।

---

**Expunged as ordered by the Chair

Original with;
Punjab Vidhan Sabha
Digitized by;
Panjab Digital Library

**ਮਾਸਟਰ ਮੋਹਨ ਲਾਲ**: ਸਪੀਕਰ ਸਾਹਿਬ, ਮੈਂ ਅੱਜ ਸਵੇਰੇ ਇਕ ਸਬਸਟੈਂਟਿਵ ਮੋਸ਼ਨ ਦਿੱਤੀ ਸੀ ਅਤੇ ਉਹ ਬੜਾ ਸੀਰੀਅਸ ਮਸਲਾ ਸੀ। ਉਹ ਮੈਂ ਅੱਜ ਤਾਂ ਡਿਸਕਲੋਜ਼ ਨਹੀਂ ਕਰਾਂਗਾ। ਮੈਂ ਇਸ ਮਸਲੇ ਤੇ ਰਾਏ ਜਾਣਨਾ ਚਾਹੁੰਦਾ ਹਾਂ ਕਿ whether that motion is allowed, disallowed or when that motion is being. . . .

**ਸ੍ਰੀ ਸਪੀਕਰ**: ਉਹ ਅਜੇ ਵਿਚਾਰ ਅਧੀਨ ਹੈ। ਜੇ ਉਸ ਤੇ ਬੋਲਣ ਲਈ ਖੜੇ ਹੋ ਤਾਂ ਅਜੇ ਬੈਠ ਜਾਓ।

**ਸਰਦਾਰ ਰਵੀਇੰਦਰ ਸਿੰਘ**: ਮੇਰੀ ਬੇਨਤੀ ਹੈ ਕਿ ਸਾਡੇ ਬਹੁਤ ਨਜ਼ਦੀਕੀ ਅਤੇ ਜ਼ਿੰਮੇਵਾਰ ਸਾਥੀ ਕਾਮਰੇਡ ਹਰਦੇਵ ਅਰਸ਼ੀ ਜੀ ਗੱਲ ਕਰਕੇ ਗਏ ਹਨ। ਲੇਕਿਨ ਇਹ ਕਿਹੜੇ ਰੂਲ ਹੇਠਾਂ ਗੱਲ ਕਰਕੇ ਗਏ ਹਨ, ਲੇਕਿਨ ਤੁਸੀਂ ਉਨ੍ਹਾਂ ਨੂੰ ਅਲਾਓ ਕਿਵੇਂ ਕੀਤਾ। ਤੁਹਾਨੂੰ ਡਿਸ-ਅਲਾਓ ਕਰਨਾ ਚਾਹੀਦਾ ਸੀ। ਜੇਕਰ ਕੋਈ ਸਪੈਸੀਫਿਕ ਗੱਲ ਹੋਵੇ ਤਾਂ ਹੀ ਕਰਨੀ ਬਣਦੀ ਹੈ। ਇਸ ਤਰ੍ਹਾਂ ਤਾਂ ਹਰ ਕੋਈ ਮੈਂਬਰ ਆਪਣੀ ਮਨ-ਮਰਜ਼ੀ ਨਾਲ, ਚਾਹੇ ਉਹ ਰੂਲਾਂ ਅਧੀਨ ਹੋਵੇ ਜਾਂ ਨਾ, ਗੱਲ ਕਹਿ ਜਾਣਗੇ। This must be expunged.

**ਮੰਤਰੀ, ਖੁਰਾਕ ਅਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲੇ**: ਸਪੀਕਰ ਸਾਹਿਬ, ਇਹ ਜੋ ਅਰਸ਼ੀ ਜੀ ਨੇ ਬੋਲਿਆ ਹੈ, ਇਹ ਸਭ ਐਕਸਪੰਜ ਹੋਣਾ ਚਾਹੀਦਾ ਹੈ। He will get sufficient time during the discussion on Governor's Address.

**ਸ੍ਰੀ ਸਪੀਕਰ**: ਅਰਸ਼ੀ ਸਾਹਿਬ ਨੇ ਜੋ ਕੁਝ ਕਿਹਾ ਹੈ, ਉਹ ਐਕਸਪੰਜ ਕੀਤਾ ਜਾਂਦਾ ਹੈ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਸਪੀਕਰ ਸਾਹਿਬ, ਮੈਂ ਅੰਮ੍ਰਿਤਸਰ ਦਾ ਇਕ ਦਰਦ ਤੁਹਾਡੇ ਰਾਹੀਂ ਸਦਨ ਦੇ ਸਾਹਮਣੇ ਲਿਆਉਣਾ ਚਾਹੁੰਦੀ ਹਾਂ। ਅੰਮ੍ਰਿਤਸਰ ਸ਼ਹਿਰ ਵਿਚ ਇਕ ਰਿਹਾਇਸ਼ੀ ਇਲਾਕੇ ਵਿਚ ਮਦਨ ਮੋਹਨ ਮਾਲਵੀਆ ਮਾਰਗ ਹੈ। ਉਥੇ ਕੁਝ ਰਾਜਨੀਤਕਾਂ ਨੇ ਇਕੋ ਥਾਈਲੈਂਡ ਸੰਸਕ੍ਰਿਤੀ ਦਾ ਹੋਟਲ ਬਣਾਉਣਾ ਸ਼ੁਰੂ ਕੀਤਾ ਜਿਸ ਦਾ ਉਦਘਾਟਨ ਵੱਡੇ ਵੱਡੇ ਨੇਤਾਵਾਂ ਨੇ ਕੀਤਾ। ਮਿਊਂਸਪਲ ਕਾਰਪੋਰੇਸ਼ਨ ਨੇ 3 ਮੰਜ਼ਲਾਂ ਇਮਾਰਤ ਨਕਸ਼ਾ ਪਾਸ ਕੀਤਾ ਪਰ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਪੰਜ ਮੰਜ਼ਲਾਂ ਪਾ ਲਈਆਂ (ਵਿਘਨ)

**ਸ੍ਰੀ ਸਪੀਕਰ**: ਇਹ ਗੱਲ ਤੁਸੀਂ ਆਪਣੀ ਸਪੀਚ ਵਿਚ ਵੀ ਕਹਿ ਸਕਦੇ ਸੀ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਸਪੀਕਰ ਸਾਹਿਬ, ਇਹ ਜ਼ਰੂਰੀ ਮਸਲਾ ਹੈ। ਅੰਮ੍ਰਿਤਸਰ ਕਾਰਪੋਰੇਸ਼ਨ ਨੇ ਕਾਰਵਾਈ ਕਰਕੇ ਉਸ ਨੂੰ ਗਿਰਾ ਦਿੱਤਾ। ਪਰ ਕੁਝ ਰਾਜਨੀਤਕਾਂ ਰਾਜਨੀਤੀ ਦੇ ਪਰੈਸ਼ਰ ਥੱਲੇ ਉਸ ਰਿਹਾਇਸ਼ੀ ਜਗ੍ਹਾ ਨੂੰ ਕਮਰਸ਼ੀਅਲ ਵਿਚ ਬਦਲਣ ਦੀ ਇਜਾਜ਼ਤ ਦੇ ਦਿੱਤੀ ਸੀ। ਇਸ ਦੇ ਕਾਰਨ ਉਸ ਇਲਾਕੇ ਦੇ ਲੋਕ ਆਪਣੀਆਂ ਕੋਠੀਆਂ ਵੇਚ ਕੇ ਮਜਬੂਰਨ ਬਾਹਰ ਜਾਣ ਬਾਰੇ ਤਿਆਰੀ ਕਰ ਰਹੇ ਹਨ। ਮੇਰੀ ਤੁਹਾਡੇ ਰਾਹੀਂ

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ ਜੀ ਨੂੰ ਬੇਨਤੀ ਹੈ ਕਿ, ਜਦੋਂ ਉਹ ਮੁੱਖ ਮੰਤਰੀ ਨਹੀਂ ਸਨ ਉਦੋਂ ਵੀ ਉਨ੍ਹਾਂ ਨੇ ਮੇਰੇ ਇਸ ਮੁੱਦੇ ਦੀ ਸਪੋਰਟ ਕੀਤੀ ਸੀ, ਸਰਕਾਰ ਕਾਰਵਾਈ ਕਰੇ ਅਤੇ ਇਹ ਜਾਣੇ ਕਿ ਇਹ ਕਿਸ ਲਾਲਚ ਦੇ ਅਧੀਨ ਕੀਤਾ ਗਿਆ। ਸਰਕਾਰ ਨੂੰ ਚੇਂਜ ਕਰਕੇ ਇਸ ਫੈਸਲੇ ਨੂੰ ਬਦਲਣਾ ਚਾਹੀਦਾ ਹੈ।

**ਸ਼੍ਰੀ ਸਪੀਕਰ**: ਇਹ ਸਭ ਗੱਲਾਂ ਤੁਸੀਂ ਗਵਰਨਰ ਐਡਰੈਸ ਤੇ ਡਿਸਕਸ਼ਨ ਸਮੇਂ ਕਹਿ ਸਕਦੇ ਹੋ।

**ਸ਼੍ਰੀ ਲਕਸ਼ਮੀ ਕਾਂਤਾ ਚਾਵਲਾ**: ਸਪੀਕਰ ਸਾਹਿਬ, ਅਸੀਂ ਇਥੇ ਲੋਕਾਂ ਦੇ ਦਰਦ ਦੱਸਣ ਆਏ ਹਾਂ, ਕੋਈ ਘੋੜੀਆਂ ਗਾਉਣ ਨਹੀਂ ਆਏ। (ਹਾਸਾ)

**ਸ਼੍ਰੀ ਸਤਿਆਪਾਲ ਸੈਣੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਕ ਅਹਿਮ ਮਸਲਾ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸੁਜਾਨਪੁਰ ਨਗਰ ਵਿਚ ਇਲੈਕਸ਼ਨਾਂ ਦੇ ਦੌਰਾਨ ਇਕ ਐਸਾ ਨਾਲਾ ਬਣਾ ਦਿੱਤਾ ਗਿਆ ਹੈ ਜਿਸ ਦੀ ਕੋਈ ਵੀ ਡਿਸਪੋਜ਼ਲ ਨਹੀਂ ਹੈ। ਪਰ ਠੇਕੇਦਾਰਾਂ ਨੂੰ ਕ੍ਰਿਤਾਰਥ ਕਰਨ ਵਾਸਤੇ ਜਿਹੜਾ ਪੈਸ ਯੂਟੇਲਾਈਜ਼ ਕਰਨ ਵਾਸਤੇ ਪਿਆ ਸੀ ਉਸ ਨਾਲ ਇਲੈਕਸ਼ਨਾਂ ਦੇ ਦੌਰਾਨ ਇਹ ਨਾਲਾ ਬਣਾ ਦਿੱਤਾ ਗਿਆ ਹੈ ਜਿਸ ਨਾਲ ਹੁਣ ਦਸ਼ਾ ਇਹ ਹੈ ਕਿ ਸ਼ਹਿਰ ਦਾ ਸਾਰਾ ਪਾਣੀ ਰਸਤੇ ਵਿਚ ਫਿਰ ਰਿਹਾ ਹੈ। ਮੇਰਾ ਨਿਵੇਦਨ ਹੈ ਕਿ ਸਰਕਾਰ ਧਿਆਨ ਦੇ ਕੇ ਉਸ ਨਾਲੇ ਦੀ ਡਿਸਪੋਜ਼ਲ ਵਾਸਤੇ ਉਪਰਾਲੇ ਕਰੇ। ਮੈਂ ਤਾਂ ਕਹਾਂਗਾ ਕਿ ਸਰਕਾਰ ਵਾਰ-ਫੁਟਿੰਗ ਲੇਵਲ ਤੇ ਕੰਮ ਕਰੇ, ਨਹੀਂ ਤਾਂ ਬਹੁਤ ਨੁਕਸਾਨ ਹੋ ਜਾਵੇਗਾ ਅਤੇ ਬਿਮਾਰੀ ਫੈਲਣ ਦਾ ਵੀ ਡਰ ਪੈਦਾ ਹੋ ਜਾਵੇਗਾ।

---

## DISCUSSION ON GOVERNOR'S ADDRESS

**ਸ਼੍ਰੀ ਸਪੀਕਰ**: ਹੁਣ ਰਾਜਪਾਲ ਦੇ ਭਾਸ਼ਣ ਤੇ ਬਹਿਸ ਬਾਰੇ ਸਰਦਾਰ ਬਲਦੇਵ ਸਿੰਘ ਜੀ ਖਿਆਲਾ ਧੰਨਵਾਦ ਪ੍ਰਸਤਾਵ ਪੇਸ਼ ਕਰਨਗੇ।

**ਸਰਦਾਰ ਬਲਦੇਵ ਸਿੰਘ ਖਿਆਲਾ** (ਜੋਗਾ): ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ ਕਿ ਰਾਜਪਾਲ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ :—

> "ਕਿ ਇਸ ਸਦਨ ਵਿਚ ਇਕੱਤਰ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 5 ਮਾਰਚ, 1997 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ।"

ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ 11ਵੀਂ ਵਿਧਾਨ ਸਭਾ ਦੇ ਰਾਜਪਾਲ ਦੇ ਭਾਸ਼ਣ ਤੇ ਮੈਨੂੰ ਧੰਨਵਾਦ ਦਾ ਮਤਾ ਪੇਸ਼ ਕਰਨ ਦੀ ਆਗਿਆ ਦਿੱਤੀ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਮੈਂ ਮੈਂਬਰ ਸਾਹਿਬਾਨਾਂ ਦਾ ਵੀ ਧੰਨਵਾਦੀ ਹਾਂ ਜਿਹੜੇ ਕਿ ਪਿਛਲੇ ਇਲੈਕਸ਼ਨ ਦੇ ਵਿੱਚ ਉਚੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਦੇ ਹੋਏ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਕੇ ਇਸ ਸਦਨ ਵਿੱਚ ਪਹੁੰਚੇ ਹਨ। ਮੈਂ ਗਵਰਨਰ ਸਾਹਿਬ ਵਲੋਂ ਕਹੀਆਂ ਕੁਝ ਗੱਲਾਂ, ਜਿਨ੍ਹਾਂ ਦਾ ਪੈਰ੍ਹਾ ਨੰ: 2 ਵਿੱਚ ਜ਼ਿਕਰ ਕੀਤਾ ਗਿਆ ਹੈ, ਦੱਸਣੀਆਂ ਚਾਹੁੰਦਾ ਹਾਂ। ਗਵਰਨਰ ਸਾਹਿਬ ਵਲੋਂ ਕਿਹਾ ਗਿਆ ਕਿ ਪਿਛਲੀ ਸਰਕਾਰ ਨੇ ਕੁਝ ਟਕਰਾਓ ਦੀ ਨੀਤੀ ਅਖਤਿਆਰ ਕੀਤੀ ਜਿਸ ਟਕਰਾਓ ਦੇ ਸਦਕਾ ਸਾਡੇ ਪੰਜਾਬ ਦਾ ਬੜਾ ਭਾਰੀ ਨੁਕਸਾਨ ਹੋਇਆ ਅਤੇ ਡੈਮੋਕਰੇਟਿਕ ਸੈਟ-ਅੱਪ ਫੇਲ੍ਹ ਹੋਇਆ ਹੈ। ਇਸ ਵਾਸਤੇ ਮੈਂ ਪਿਛਲੀ ਸਰਕਾਰ ਦੇ ਸਮੇਂ ਵਿੱਚ ਸਰਕਾਰ ਵਲੋਂ ਕੀਤੀਆਂ ਗਈਆਂ ਵਧੀਕੀਆਂ ਇਸ ਸਰਕਾਰ ਦੇ ਧਿਆਨ ਵਿੱਚ ਲਿਆਉਣੀਆਂ ਚਾਹੁੰਦਾ ਹਾਂ। ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਸੌੜੇ ਹਿੱਤਾਂ ਦੀ ਖਾਤਰ, ਪਿਛਲੇ ਸਮੇਂ ਵਿੱਚ ** ** ਪੰਜਾਬ ਵਿਚ ਜੋ ਹਾਲਾਤ ਪੈਦਾ ਕੀਤੇ, ਜੋ ** ** ਕੰਮ ਸ਼ੁਰੂ ਕੀਤਾ, ਜਿਸ ਨੇ ਪੰਜਾਬ ਨੂੰ ਮੱਚਦੇ-ਭਾਂਬੜਾਂ ਵੱਲ ਧੱਕ ਦਿਤਾ ਅੌਰ ਪੰਜਾਬ ਦੀ ਧੜਕਦੀ ਜਵਾਨੀ ਅਤੇ ਪੰਜਾਬ ਦੀ ਖੁਸ਼ਹਾਲੀ ਨੂੰ ਤਬਾਹ ਕਰਕੇ ਰੱਖ ਦਿਤਾ। ਤੁਸੀਂ ਦੇਖਿਆ ਹੈ ਕਿ ਸੌੜੇ ਹਿੱਤਾਂ ਦੀ ਖਾਤਰ ਕਿਵੇਂ ਪੰਜਾਬ ਦੀ ਕਾਂਗਰਸ ਦੇ ਰਾਜ ਵਿੱਚ ਬੱਸਾਂ ਰੋਕੀਆਂ ਗਈਆਂ ਅਤੇ ਕੇਸ-ਧਾਰੀਆਂ ਨੂੰ ਇਕ ਪਾਸੇ ਕਰਕੇ ਅਤੇ ਕੇਸ ਕੱਟਿਆਂ ਵਾਲਿਆਂ ਨੂੰ ਇਕ ਪਾਸੇ ਕਰਕੇ ਗੋਲੀਆਂ ਮਾਰ ਕੇ ਮਾਰਿਆ ਗਿਆ......

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ**: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅਸੀਂ ਕੋਆਪਰੇਟਿਵ ਤਰੀਕੇ ਨਾਲ ਇਥੇ ਬੈਠੇ ਹਾਂ ਅਤੇ ਇਸੇ ਤਰੀਕੇ ਨਾਲ ਸਦਨ ਦੀ ਕਾਰਵਾਈ ਚਲਾਉਣੀ ਚਾਹੁੰਦੇ ਹਾਂ। ਜੇ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਟਕਰਾਓ ਦੀ ਨੀਤੀ ਬਾਰੇ ਲਿਖਿਆ ਹੈ ਕਿ ਕਾਂਗਰਸ ਨੇ ਪੈਦਾ ਕੀਤੀ ਤਾਂ ਅਸੀਂ ਉਸਦੇ ਮੁਤਾਬਿਕ ਡਿਸਕਸ ਕਰ ਲੈਂਦੇ ਹਾਂ। ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ, ਨੇ ਕਿਹਾ ਕਿ * * * ਇਹ ਕਾਂਗਰਸ ਪਾਰਟੀ ਤੇ ਇਕ ਐਸਪਰਸ਼ਨ ਹੈ ਅਤੇ ਇਸ ਨੂੰ ਐਕਸਪੰਜ ਕੀਤਾ ਜਾਣਾ ਚਾਹੀਦਾ ਹੈ। ਕਾਂਗਰਸ ਪਾਰਟੀ ਤੇ ਜੋ ਦੂਸ਼ਣ ਲਗਾਏ ਗਏ ਹਨ ਇਹ ਐਕਸਪੰਜ ਹੋਣੇ ਚਾਹੀਦੇ ਹਨ।

**ਸ੍ਰੀ ਸਪੀਕਰ**: ** ** ** ਇਸ ਨੂੰ ਐਕਸਪੰਜ ਕੀਤਾ ਜਾਵੇ।

**ਸਰਦਾਰ ਬਲਦੇਵ ਸਿੰਘ ਖਿਆਲਾ**: ਸਪੀਕਰ ਸਾਹਿਬ, ਅਸੀਂ ਪਿਛਲੇ ਸਮੇਂ ਦੇ ਦੌਰਾਨ ਅਕਾਲੀ ਪਾਰਟੀ ਦੇ ਲੀਡਰ ਇਹ ਵਾਰ ਵਾਰ ਮੰਗ ਕਰਦੇ ਰਹੇ ਹਾਂ ਕਿ ਪੰਜਾਬ ਦੇ ਮਾੜੇ ਹਾਲਾਤ ਬਾਰੇ ਪੜਤਾਲ ਕਿਸੇ ਕਮਿਸ਼ਨ ਤੋਂ ਕਰਵਾਈ ਜਾਵੇ। ਪਰ ਅਫਸੋਸ ਦੀ ਗੱਲ ਹੈ ਕਿ ਕਾਂਗਰਸ ਸਰਕਾਰ ਨੇ ਇਹ ਜਾਣ-ਬੁੱਝ ਕੇ ਪੜਤਾਲ ਨਹੀਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਰਵਾਈ ਅਤੇ ਹੁਣ ਆਪਣੇ ਆਪ ਹੀ ਜਨਤਾ ਨੇ ਨਿਰਣਾ ਦੇ ਦਿਤਾ ਹੈ ਅਤੇ ਉਹ ਤੁਹਾਡੇ ਸਾਹਮਣੇ ਹੈ। ਇਸ ਲਈ ਮੈਂ ਤਾਂ ਥੋੜ੍ਹਾ ਜਿਹਾ ਚਾਨਣਾ ਜ਼ਰੂਰ ਪਾਉਣਾ ਚਾਹੁੰਦਾ ਹਾਂ ਕਿ ਜਿਵੇਂ ਕਾਨਫਰੰਸਾਂ, ਧਰਨੇ ਤੇ ਬੈਠ ਕੇ ਪ੍ਰੋਟੈਸਟ ਕਰਨਾ, ਡੈਮੋਕਰੇਸੀ ਦਾ ਰਾਈਟ ਹੈ ਪਰ ਇਹ ਕਹਿੰਦੇ ਸਨ ਕਿ ਜਿਹੜੇ ਵੀ ਲੀਡਰ ਪੰਜਾਬ ਵਿਚ ਕਾਨਫਰੰਸਾਂ ਕਰਨਗੇ, ਧਰਨੇ ਦੇਣਗੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਤੁੰਨ ਦਿਆਂਗੇ। ਸਮੇਂ ਦਾ ਮੁੱਖ ਮੰਤਰੀ ਐਸੇ ਲਫਜ਼ ਵਰਤਦਾ ਸੀ ਪਰ ਪੰਜਾਬ ਦੇ ਇਕ ਸਾਬਕਾ ਮੁੱਖ ਮੰਤਰੀ, ਜਿਨ੍ਹਾਂ ਦਾ ਬਹੁਤ ਸਤਿਕਾਰ ਸੀ, ਉਨ੍ਹਾਂ ਤੇ ਡਾਂਗਾਂ ਵਰ੍ਹਾਈਆਂ ਗਈਆਂ ਅਤੇ ਵੱਡੇ ਵੱਡੇ ਹਮਲੇ ਕੀਤੇ ਗਏ ਅਤੇ ਬਹੁਤ ਸਾਰੇ ਲੀਡਰਾਂ ਨੂੰ ਕੁੱਟਿਆ ਗਿਆ। ਉਨ੍ਹਾਂ ਨੂੰ ਡਿਸਟਰਬ ਕੀਤਾ ਗਿਆ। ਡੈਮੋਕਰੇਸੀ ਨੂੰ ਪਿਛਲੀ ਸਰਕਾਰ ਨੇ ਖਤਮ ਹੀ ਕਰ ਦਿੱਤਾ ਸੀ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮਾਰ-ਧਾੜ ਦੀ ਐਸੀ ਸਥਿਤੀ ਪੈਦਾ ਕਰ ਦਿਤੀ ਕਿ ਦੋ-ਦੋ ਮਹੀਨੇ ਦੇ ਬੱਚੇ, 90-90 ਸਾਲ ਦੇ ਬਜ਼ੁਰਗ 80-80 ਸਾਲ ਦੀਆਂ ਮਾਈਆਂ ਔਰ ਪਰਿਵਾਰਾਂ ਦੇ ਪਰਿਵਾਰ ਮਾਰੇ ਗਏ। ਹੋਰ ਉਸ ਸਰਕਾਰ ਨੇ ਕੀ ਰੋਲ ਅਦਾ ਕੀਤਾ? ਜੇ ਕਿਸੇ ਦਾ ਬੱਚਾ ਚੁੱਕਿਆ ਗਿਆ ਤਾਂ ਉਹ ਆਪਣੀ ਫਰਿਆਦ ਲੈ ਕੇ ਐਸ. ਐਸ. ਪੀ. ਕੋਲ ਗਿਆ। ਐਸ. ਐਸ. ਪੀ. ਨੂੰ ਉਸ ਨੇ ਕਿਹਾ ਕਿ ਮੇਰਾ ਬੱਚਾ ਵਾਪਸ ਕਰਵਾ ਦਿਓ ਤਾਂ ਅੱਗੋਂ ਐਸ.ਐਸ.ਪੀ. ਕਹਿਣ ਲੱਗਾ ਕਿ ਤੁਸੀਂ ਆਪਣਾ ਬੱਚਾ ਪੈਸੇ ਦੇ ਕੇ ਵਾਪਸ ਕਰਵਾ ਲਓ। ਸਾਡੇ ਵੱਸ ਤੋਂ ਬਾਹਰ ਦੀ ਗੱਲ ਹੈ ਐਸੇ ਹਾਲਾਤ ਇਨ੍ਹਾਂ ਨੇ ਪੈਦਾ ਕੀਤੇ। ਚਾਰ ਵਜੇ ਥਾਣਿਆਂ ਨੂੰ ਜਿੰਦਰੇ ਲੱਗ ਜਾਂਦੇ ਸਨ। ਪੰਜਾਬ ਦੀ ਧੜਕਣ ਬੰਦ ਹੋ ਜਾਂਦੀ ਸੀ। ਸਾਰੇ ਲੋਕ ਘਰਾਂ ਵਿੱਚ ਹੀ ਬੈਠੇ ਰਹਿੰਦੇ ਸਨ। ਜੇ ਕਿਸੇ ਦਾ ਬੱਚਾ ਪਾਣੀ ਲਿਉਣ ਵੀ ਜਾਂਦਾ ਸੀ ਤਾਂ ਥੋੜ੍ਹੀ ਦੇਰ ਹੋਣ ਤੇ ਪਰਿਵਾਰ ਨੂੰ ਫਿਕਰ ਲੱਗ ਜਾਂਦਾ ਸੀ ਅਤੇ ਕਈ ਵਾਰ ਉਸ ਬੱਚੇ ਦਾ ਵੀ ਪਤਾ ਨਹੀਂ ਕਰ ਸਕਦੇ ਸੀ ਅਤੇ ਨਾ ਹੀ ਘਰ ਚੈਨ ਨਾਲ ਬੈਠ ਸਕਦੇ ਸਨ। ਇਹ ਸਾਰੇ ਹਾਲਾਤ ਪੈਦਾ ਕਰਕੇ ਅਤੇ ਹੋਰ ਢੰਗ ਤਰੀਕੇ ਵਰਤ ਕੇ ਕਾਂਗਰਸ ਨੇ ਅੱਤਵਾਦ ਨੂੰ ਬਹੁਤ ਹੁਲਾਰਾ ਦਿੱਤਾ। ਸਪੀਕਰ ਸਾਹਿਬ, ਮੈਂ ਸਦਨ ਵਿਚ ਕੁਝ ਸਬੂਤ ਰੱਖਣੇ ਚਾਹੁੰਦਾ ਹਾਂ। ਸਪੀਕਰ ਸਾਹਿਬ, ਤੁਹਾਨੂੰ ਹੈਰਾਨੀ ਹੋਵੇਗੀ ਕਿ ਜੇ ਕਿਸੇ ਪਾਸੇ ਸੈਂਟਰ ਦੇ ਮਨਿਸਟਰ ਦਾ ਰਿਸ਼ਤੇਦਾਰ ਚੁੱਕਿਆ ਗਿਆ ਤਾਂ ਉਹ ਵੀ ਜਿਉਂਦਾ ਜਾਗਦਾ ਵਾਪਸ ਆਇਆ। ਜੇ ਪੰਜਾਬ ਦੇ ਮਨਿਸਟਰ ਦਾ ਰਿਸ਼ਤੇਦਾਰ ਗਿਆ ਚੁੱਕਿਆ ਤਾਂ ਉਹ ਵੀ ਜਿਉਂਦਾ ਜਾਗਦਾ ਵਾਪਸ ਆਇਆ। ਜੇ ਕਿਸੇ ਲੁਧਿਆਣੇ ਦੇ ਐਮ. ਪੀ. ਦਾ ਰਿਸ਼ਤੇਦਾਰ ਚੁੱਕਿਆ ਗਿਆ ਤਾਂ ਉਹ ਵੀ ਜਿਉਂਦਾ ਜਾਗਦਾ ਵਾਪਸ ਆਇਆ। ਜੇ ਕਿਸੇ ਐਮ.ਐਲ.ਏ. ਦਾ ਭਤੀਜਾ ਜਾਂ ਜਵਾਈ ਚੁੱਕਿਆ ਗਿਆ ਤਾਂ ਉਹ ਵੀ ਜਿਉਂਦਾ ਜਾਗਦਾ ਵਾਪਸ ਆਇਆ। ਪਰ ਕਿਸੇ ਅਕਾਲੀ ਪਾਰਟੀ ਜਾਂ ਭਾਰਤੀ ਜਨਤਾ ਪਾਰਟੀ ਜਾਂ ਕਮਿਊਨਿਸਟ ਪਾਰਟੀ ਜਾਂ ਕਿਸੀ ਗਰੀਬ ਕਿਸਾਨ ਜਾਂ ਦੁਕਾਨਦਾਰ ਦਾ ਕੋਈ ਵਿਅਕਤੀ ਚੁੱਕਿਆ ਗਿਆ ਤਾਂ ਉਸ ਦੀ ਚਾਰ ਘੰਟੇ ਬਾਅਦ ਫਿਰਨੀ ਤੋਂ ਲਾਸ਼ ਮਿਲਦੀ ਸੀ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਜਦੋਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਪੱਤਰਕਾਰਾਂ ਨੇ ਪੁੱਛਿਆ ਕਿ ਤੁਸੀਂ ਬਹੁਤ ਤੰਗ ਹੋਏ ਹੋਵੋਗੇ, ਕਿਹੋ ਜਿਹਾ ਮਹਿਸੂਸ ਕੀਤਾ ਤਾਂ ਉਨ੍ਹਾਂ ਨੇ ਕਿਹਾ ਕਿ ਸਾਡਾ ਤਾਂ ਬੜਾ ਜੀਅ ਲੱਗਾ ਰਿਹਾ ਅਤੇ ਕਾਜੂ ਬਦਾਮ ਖਾਣ ਨੂੰ ਮਿਲਦੇ ਸਨ। ਸਪੀਕਰ ਸਾਹਿਬ, ਇਨ੍ਹਾਂ ਦੇ ਲੋਕਾਂ ਨੂੰ ਤਾਂ ਖਾਣ ਨੂੰ ਕਾਜੂ, ਬਦਾਮ ਮਿਲਦੇ ਸਨ ਪਰ ਦੂਜਿਆਂ ਨੂੰ ਗੋਲੀਆਂ ਨਾਲ ਮਾਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਕੇ ਉਨ੍ਹਾਂ ਦੀ ਲਾਸ਼ ਫਿਰਨੀ ਤੇ ਸੁੱਟ ਦਿੱਤੀ ਜਾਂਦੀ ਸੀ । ਸਪੀਕਰ ਸਾਹਿਬ, ਇੱਥੇ ਹੀ ਬੱਸ ਨਹੀਂ, ਬਹੁਤ ਸਾਰੇ ਧਾੜਕੂ ਛੁੜਵਾਏ ਗਏ, ਹਥਿਆਰ ਦਿੱਤੇ ਗਏ । (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਸ ਕਰਕੇ ਮੈਂ ਤੁਹਾਡੇ ਰਾਹੀਂ ਸਦਨ ਨੂੰ ਇਹ ਬੇਨਤੀ ਕਰਦਾ ਹਾਂ ਕਿ ਪੂਰੀ ਵਿਚਾਰ ਕਰਕੇ ਦੇਖਿਆ ਜਾਵੇ । ਸਪੀਕਰ ਸਾਹਿਬ, ਸਾਰਾ ਕੁਝ ਕਰਨ ਤੋਂ ਬਾਅਦ, ਪੰਜਾਬ ਵੀਰਾਨ ਕਰਨ ਤੋਂ ਬਾਅਦ, ਪੰਜਾਬ ਬਰਬਾਦ ਕਰਨ ਤੋਂ ਬਾਅਦ ਥੋੜ੍ਹੀਆਂ ਜਿਹੀਆਂ ਵੋਟਾਂ ਲੈ ਕੇ ਕਾਂਗਰਸ ਸਰਕਾਰ ਆਈ । ਫਿਰ ਵੀ ਇਸ ਨੇ ਲੋਕਾਂ ਨੂੰ ਕੋਈ ਰਾਹਤ ਨਹੀਂ ਦਿੱਤੀ । ਆਪੇ ਹੀ ਤੁਸੀਂ ਅੱਤਵਾਦ ਲੈ ਕੇ ਆਏ । ਆਪੇ ਹੀ ਖਤਮ ਕਰ ਦਿੱਤਾ । ਅੱਤਵਾਦ ਪੈਦਾ ਕਿਸ ਨੇ ਕੀਤਾ ? ਆਪੇ ਹੀ ਤੁਸੀਂ ਪੈਦਾ ਕੀਤਾ । ਆਪੇ ਹੀ ਖਤਮ ਕਰ ਦਿੱਤਾ । ਸਪੀਕਰ ਸਾਹਿਬ, ਤਿੰਨ ਵਾਰ ਚੀਫ ਮਨਿਸਟਰ ਬਦਲੇ ਗਏ । ਮਨਿਸਟਰਾਂ ਦੀਆਂ ਡਾਰਾਂ ਬਣਾਈਆਂ ਗਈਆਂ । ਅਬਦਾਲੀ ਵਾਲੀ ਲੁੱਟ ਕੀਤੀ ਗਈ । ਜਿੱਥੇ ਸਾਰੇ ਪੰਜਾਬ ਨੂੰ ਲੁੱਟਿਆ ਵੀ ਉਥੇ ਖਜ਼ਾਨਾ ਵੀ ਸਾਫ ਕਰ ਦਿੱਤਾ । ਲੋਕਾਂ ਦੀਆਂ ਜੇਬਾਂ ਵੀ ਸਾਫ ਕਰ ਦਿੱਤੀਆਂ । ਇਹ ਵਾਰ ਵਾਰ ਕਹਿੰਦੇ ਰਹੇ ਕਿ ਸੈਂਟਰ ਤੋਂ ਸਾਡੇ ਪ੍ਰਾਈਮ ਮਨਿਸਟਰ ਸਾਹਿਬ ਆਉਣਗੇ । ਪੰਜਾਬ ਨੂੰ ਇੱਕ ਪੈਕੇਜ ਦੇਣਗੇ । ਇੱਕ-ਦੋ ਸਾਲ ਬਾਅਦ ਪ੍ਰਾਈਮ ਮਨਿਸਟਰ ਆਇਆ ਪਰ ਉਸ ਨੇ ਕਹਿ ਦਿੱਤਾ ਕਿ ਕੋਈ ਪੈਕੇਜ ਨਹੀਂ । ਇਹੋ ਜਿਹੇ ਹਾਲਾਤ ਪੈਦਾ ਕਰਕੇ, ਪੰਜਾਬ ਦੀ ਬਰਬਾਦੀ ਕਰਕੇ, ਧੀਆਂ ਭੈਣਾਂ ਦੀ ਬਰਬਾਦੀ ਕਰਕੇ ਪੰਜਾਬ ਨੂੰ ਲੁੱਟਿਆ ਗਿਆ । ਦੇਸ਼ ਦਾ ਪ੍ਰਾਈਮ ਮਨਿਸਟਰ ਆਇਆ । ਲੁਧਿਆਣਾ ਵਿਚ ਰੈਲੀ ਹੋਈ, ਕਰੋੜਾਂ ਰੁਪਏ ਖਰਚ ਕੀਤੇ ਗਏ । ਬੱਸਾਂ ਐਕੁਆਇਰ ਕੀਤੀਆਂ ਗਈਆਂ । ਬਹੁਤ ਸਾਰਾ ਇਕੱਠ ਕਰਨ ਤੋਂ ਬਾਅਦ ਉਸ ਨੇ ਐਲਾਨ ਕੀਤਾ ਕਿ ਤੁਸੀਂ ਦੇਸ਼ ਦੀ ਲੜਾਈ ਲੜੀ ਹੈ । ਇਸ ਵਾਸਤੇ ਅੱਠ ਹਜ਼ਾਰ ਕਰੋੜ ਤੋਂ ਇਲਾਵਾ ਤੁਹਾਨੂੰ ਹੋਰ ਵੀ ਪੈਸੇ ਦਿੱਤੇ ਜਾਣਗੇ ਪਰ ਅਫਸੋਸ ਜੇ ਬਾਹਰਲੇ ਸੂਬਿਆਂ ਵਿਚ ਕੋਈ ਐਸੀ ਲੜਾਈ ਚਲਦੀ ਹੈ ਤਾਂ ਸਾਰਾ ਪੈਸਾ ਸੈਂਟਰ ਦੀ ਸਰਕਾਰ ਬਰਦਾਸ਼ਤ ਕਰਦੀ ਹੈ । ਇਥੇ ਪੰਜਾਬ ਦੇ ਲੋਕਾਂ ਨੂੰ ਮਾਰ ਕੇ, ਲਿਤਾੜ ਕੇ ਸਮੇਂ ਦੀ ਸਰਕਾਰ ਨੇ 5 ਸਾਲ ਲੋਕਾਂ ਦੀਆਂ ਜੇਬਾਂ ਸਾਫ ਕੀਤੀਆਂ, ਖਜ਼ਾਨਾ ਸਾਫ ਕਰ ਦਿੱਤਾ ਔਰ ਉਸ ਐਲਾਨ ਵਿਚੋਂ 5 ਪੈਸੇ ਅਜੇ ਤੱਕ ਮੁਆਫ ਨਹੀਂ ਹੋਏ । ਅੱਠ ਹਜ਼ਾਰ ਕਰੋੜ ਰੁਪਏ ਦਾ ਭਾਰ ਪੰਜਾਬ ਤੇ ਲੱਦ ਦਿੱਤਾ ਜਿਹੜਾ ਕਿ ਪੰਜਾਬ ਸੌ ਸਾਲ ਤੱਕ ਨਹੀਂ ਲਾਹ ਸਕਦਾ । ਪਿਛਲੇ ਸਮੇਂ ਵਿੱਚ ਜਾਣ-ਬੁੱਝ ਕੇ ਐਸੀਆਂ ਗੱਲਾਂ ਕਹੀਆਂ ਗਈਆਂ ਔਰ ਪੰਜਾਬ ਦੇ ਲੋਕਾਂ ਨੂੰ ਜਾਣ-ਬੁੱਝ ਕੇ ਦਬਾਇਆ ਗਿਆ । ਜਿਥੇ ਅੱਤਵਾਦ ਫੈਲਾਅ ਕੇ ਕਰੋੜਾਂ, ਅਰਬਾਂ ਰੁਪਏ ਦੀ ਜਾਇਦਾਦ ਦਾ ਨੁਕਸਾਨ ਹੋ ਗਿਆ ਉਥੇ ਅੱਠ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਪੰਜਾਬ ਦੇ ਸਿਰ ਪਾ ਦਿੱਤਾ ਜਦੋਂ ਕਿ ਸਾਰੇ ਹਿੰਦੁਸਤਾਨ ਵਿੱਚ ਜੇ ਕਿਸੇ ਸੂਬੇ ਵਿਚ ਕੋਈ ਗੜਬੜ ਹੁੰਦੀ ਹੈ ਤਾਂ ਦਿੱਲੀ ਦੀ ਕੇਂਦਰ ਸਰਕਾਰ ਖਰਚ ਕਰਦੀ ਹੈ । ਇਹ ਪੰਜਾਬ ਦੇ ਲੋਕਾਂ ਨਾਲ ਤੇ ਪੰਜਾਬ ਨਾਲ ਬੜਾ ਵੱਡਾ ਅਨਿਆਇ ਹੈ ।

ਸਪੀਕਰ ਸਾਹਿਬ, ਜੋ ਗਵਰਨਰ ਸਾਹਿਬ ਨੇ ਭਾਸ਼ਣ ਵਿੱਚ ਕਿਹਾ ਹੈ ਕਿ ਆਉਣ ਵਾਲੀ ਸਰਕਾਰ, ਜਿਹੜੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਭਾਰਤੀ ਜਨਤਾ ਪਾਰਟੀ ਦੀ

Original with;
Punjab Vidhan Sabha
Digitized by;
Panjab Digital Library

ਸਾਂਝੀ ਸਰਕਾਰ ਹੈ, ਇਹ ਟਕਰਾਉ ਦੀ ਨੀਤੀ ਨੂੰ ਛੱਡ ਕੇ ਅਮਨ-ਚੈਨ ਨਾਲ ਤਰੱਕੀ ਦੀਆਂ ਲੀਹਾਂ ਤੇ ਅੱਗੇ ਵਧੇਗੀ, ਇਸ ਗੱਲ ਦੀ ਮੈਨੂੰ ਖੁਸ਼ੀ ਹੈ। ਸਪੀਕਰ ਸਾਹਿਬ, ਪੰਜਾਬ ਦੀ ਤਰੱਕੀ ਦੀ ਗੱਲ ਕਰ ਲਓ, ਤਾਂ ਪੰਜਾਬ ਵਿੱਚ ਫੋਕਲ ਪੁਆਇੰਟ ਬਣਾਏ, ਪੰਜਾਬ ਦੀਆਂ ਸੜਕਾਂ ਬਣਾਈਆਂ, ਪੰਜਾਬ ਦੇ ਸਕੂਲ, ਪੰਜਾਬ ਦੀਆਂ ਡਿਸਪੈਂਸਰੀਆਂ ਬਣਾਈਆਂ। ਇਹ ਸਭ ਕੁਝ ਕਰਨ ਨਾਲ ਪੰਜਾਬ ਦੇ ਲੋਕ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਰਾਹਾਂ ਤੇ ਖੜ੍ਹਕੇ ਉਡੀਕਦੇ ਹਨ, ਜਿਸ ਤਰ੍ਹਾਂ ਕੋਈ ਮੱਥੇ ਤੇ ਹੱਥ ਰੱਖ ਕੇ ਆਪਣੇ ਆਉਣ ਵਾਲੇ ਮਹਿਮਾਨ ਦੀ ਉਡੀਕ ਕਰਦਾ ਹੈ। 17 ਸਾਲ ਦੇ ਸਮੇਂ ਬਾਅਦ ਸਰਦਾਰ ਪ੍ਰਕਾਸ਼ ਸਿੰਘ ਬਾਦਲ ਇਥੇ ਆਏ ਹਨ ਔਰ ਜਦੋਂ ਪਿਛਲੇ ਮਹੀਨੇ ਦੀ 9 ਤਰੀਕ ਨੂੰ ਚੋਣਾਂ ਦੇ ਰਿਜ਼ਲਟ ਆਏ, ਤਾਂ ਪੰਜਾਬ ਦੇ ਅਸਲੀ ਵਾਰਸ ਅੱਗੇ ਆਏ। ਤੁਸੀਂ ਦੇਖਿਆ ਹੈ ਕਿ ਪਿੰਡਾਂ ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਫੋਕਲ ਪੁਆਇੰਟ ਬਣਾਏ, ਤਾਂ ਕਿ ਪਿੰਡਾਂ ਦੇ ਕਿਸਾਨਾਂ ਨੂੰ ਦੂਰ ਨਾ ਜਾਣਾ ਪਵੇ ਔਰ ਉਹ ਜਿਣਸਾਂ ਸੌਖੀਆਂ ਵੇਚ ਸਕੇ। 7-7 ਪਿੰਡਾਂ ਦੇ ਵਿਚਾਲੇ ਫੋਕਲ ਪੁਆਇੰਟ ਬਣਾ ਦਿੱਤੇ ਅਤੇ ਉਨ੍ਹਾਂ ਨੂੰ ਲਿੰਕ ਸੜਕਾਂ ਨਾਲ ਜੋੜਿਆ ਤਾਂ ਕਿ ਆਵਾਜਾਈ ਵਾਸਤੇ ਸੌਖ ਹੋ ਸਕੇ। ਜਿਹੜੀ ਜਿਣਸ ਸੁਬ੍ਹਾ ਨੂੰ ਕੱਢੀ, ਦੁਪਹਿਰ ਨੂੰ ਬੋਰੀਆਂ ਵਿੱਚ ਪਾ ਦਿੱਤੀ ਔਰ ਜਿਹੜੀ ਦੁਪਹਿਰ ਨੂੰ ਕੱਢੀ, ਉਸ ਨੂੰ ਸ਼ਾਮ ਨੂੰ ਬੋਰੀਆਂ ਵਿੱਚ ਪਾ ਦਿੱਤਾ।

ਇਕ ਹੋਰ ਬੜੀ ਵੱਡੀ ਸਕੀਮ ਸੀ। ਪਿੰਡਾਂ ਵਿੱਚ ਕਵਾਟਰ ਬਣਾਏ ਗਏ ਤਾਂ ਕਿ ਜਨਤਾ ਦੇ ਸੇਵਾਦਾਰ; ਪਟਵਾਰੀ, ਗਰਾਮ-ਸੇਵਕ, ਸੈਕਟਰੀ, ਡਾਕਟਰ ਆਦਿ ਉਥੇ ਰਹਿਣ ਅਤੇ ਪਿੰਡ ਵਾਸੀਆਂ ਨੂੰ ਦਿੱਕਤ ਪੇਸ਼ ਨਾ ਆਵੇ। ਇਸ ਬਹੁਤ ਵੱਡੀ ਸਕੀਮ ਨੂੰ ਚਾਲੂ ਕੀਤਾ ਗਿਆ ਸੀ ਪਰ ਅਫਸੋਸ ਕਿ ਕਾਂਗਰਸ ਦੀ ਸਰਕਾਰ ਨੇ ਕੁਝ ਨਹੀਂ ਕੀਤਾ। ਇਹ ਇਥੇ ਇਨ੍ਹਾਂ ਫੋਕਲ ਪੁਆਇੰਟਾਂ ਨੂੰ ਅਕਾਲੀਆਂ ਦੇ ਫੋਕੇ ਪੁਆਇੰਟ ਕਹਿੰਦੇ ਸਨ। ਜਿੱਥੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਜਨਤਾ ਦੀ ਸੇਵਾ ਵਾਸਤੇ ਕਵਾਟਰ ਬਣਾਏ ਸਨ, ਪਿਛਲੀ ਸਰਕਾਰ ਨੇ ਉਨ੍ਹਾਂ ਵਿਚ ਥਾਣੇ ਤੇ ਚੌਂਕੀਆਂ ਖੋਲ੍ਹ ਕੇ ਲੋਕਾਂ ਨੂੰ ਘੋਟੇ ਲਾਉਣ ਵਾਸਤੇ, ਇੰਟੈਰੋਗੇਸ਼ਨ ਸੈਂਟਰ ਬਣਾ ਕੇ ਵਰਤਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਵਿੱਚ ਸ਼ਰਾਬ ਦੇ ਠੇਕੇ ਖੋਲ੍ਹ ਦਿੱਤੇ। ਪਿਛਲੀ ਸਰਕਾਰ ਕਹਿੰਦੀ ਸੀ ਕਿ ਅਸੀਂ ਪੰਜਾਬ ਵਿਚ ਤਰੱਕੀ ਲਿਆਂਦੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਇਹ ਕਹਿੰਦੇ ਸੀ ਕਿ ਅਸੀਂ ਬੜੀ ਤਰੱਕੀ ਕੀਤੀ ਹੈ ਪਰ, ਸਪੀਕਰ ਸਾਹਿਬ, ਮੈਂ ਸਦਨ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਇੱਕ ਐਮ. ਐਲ. ਏ. ਚੈਕ ਲੈ ਕੇ ਸਰਪੰਚ ਨੂੰ ਕਹਿੰਦਾ ਸੀ ਕਿ ਅਹ ਤੇਰਾ ਚੈਕ ਮੇਰੀ ਜੇਬ ਵਿੱਚ ਹੈ, ਤੂੰ ਮੇਰਾ ਹਿੱਸਾ ਲਿਆ। ਦੱਸੋ ਕਿਹੜਾ ਐਮ. ਐਲ. ਏ. ਹੈ, ਜਿਸ ਨੇ ਹਿੱਸਾ ਪ੍ਰਾਪਤ ਨਹੀਂ ਕੀਤਾ ? (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਡਿਵੈਲਪਮੈਂਟਾਂ ਦੇ ਨਾਂ ਤੇ ਬੜੀ ਵੱਡੀ ਰਕਮ, ਕਰੋੜਾਂ ਰੁਪਿਆ ਇਨ੍ਹਾਂ ਦੀਆਂ ਜੇਬਾਂ ਵਿੱਚ ਚਲਿਆ ਗਿਆ। ਇਥੇ ਹੀ ਬੱਸ ਨਹੀਂ, ਨਾਲ ਦੀ ਨਾਲ ਸਪੀਕਰ ਸਾਹਿਬ, ਸਕੂਲਾਂ ਦੀ ਗੱਲ ਲੈ ਲਉ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲਾਂ ਵੀ ਆਦਰਸ਼ ਸਕੂਲ ਖੋਲ੍ਹੇ ਸਨ। ਸਾਡੇ ਬਠਿੰਡੇ ਵਿੱਚ ਨੰਦਗੜ੍ਹ ਵਿਖੇ ਸਕੂਲ ਬਣਾਇਆ, ਜਿਸ ਵਿੱਚ ਕਿ ਅੱਛੇ ਮਾਸਟਰ ਲਾਏ ਗਏ ਅਤੇ ਵਿਦਿਆਰਥੀ ਹੀ ਭਰਤੀ ਕੀਤੇ ਗਏ। ਉਹ ਵਿਦਿਆਰਥੀ ਭਾਵੇਂ ਸ਼ਡਿਊਲਡ ਕਾਸਟ ਦੇ ਸੀ, ਭਾਵੇਂ ਹੋਰ ਸੀ, ਉਨ੍ਹਾਂ ਨੂੰ ਚੰਗੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਵਿਦਿਆ ਦਿੱਤੀ ਪਰ ਸਰਕਾਰ ਇਮਤਿਹਾਨ ਹੋਣ ਤੋਂ ਪਹਿਲਾਂ ਹੀ ਟੁੱਟ ਗਈ । ਜਦੋਂ ਦਸਵੀਂ ਦਾ ਇਮਤਿਹਾਨ ਹੋ ਗਿਆ ਔਰ ਕਾਂਗਰਸ ਦੀ ਸਰਕਾਰ ਬਣ ਗਈ ਤਾਂ ਆਉਂਦਿਆਂ ਹੀ ਇਨ੍ਹਾਂ ਸਕੂਲਾਂ ਨੂੰ ਫੇਲ੍ਹ ਕਰਨ ਵਾਸਤੇ ਸਪੈਸ਼ਲ ਡਿਊਟੀਆਂ ਲਾਈਆਂ ਗਈਆਂ ਤਾਂ ਕਿ ਇਮਤਿਹਾਨਾਂ ਵਿੱਚ ਘੱਟ ਬੱਚੇ ਪਾਸ ਹੋਣ । ਸਪੀਕਰ ਸਾਹਿਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਉਂਦੇ ਸਾਰ ਹੀ ਸਕੂਲਾਂ ਦਾ ਮਿਆਰ ਉੱਚਾ ਚੁੱਕਿਆ । ਮੈਂ ਸਦਨ ਦੇ ਵਿੱਚ ਮਾਣ ਨਾਲ ਕਹਿ ਸਕਦਾ ਹਾਂ ਕਿ ਜਦੋਂ ਸ੍ਰੀ ਪ੍ਰਕਾਸ਼ ਸਿੰਘ ਬਾਦਲ ਪਹਿਲਾਂ ਮੁੱਖ ਮੰਤਰੀ ਸਨ । ਬਠਿੰਡਾ ਦੇ ਵਿੱਚ ਇਸ ਸਕੂਲ ਦਾ ਰਿਜ਼ਲਟ ਦੇਖ ਲਵੋ ਜਿਸ ਵਿਚ ਸਾਰੇ ਦੇ ਸਾਰੇ ਵਿਦਿਆਰਥੀ ਫਸਟ ਡਵੀਜ਼ਨ ਦੇ ਵਿਚ ਪਾਸ ਹੋਏ, ਇਕ ਵੀ ਵਿਦਿਆਰਥੀ ਸੈਕਿੰਡ ਡਵੀਜ਼ਨ ਵਿਚ ਪਾਸ ਨਹੀਂ ਹੋਇਆ (ਥੰਪਿੰਗ) ਇਥੇ ਹੀ ਬਸ ਨਹੀਂ । ਹੁਣ ਵੀ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਬਲਾਕ ਪੱਧਰ ਤੇ ਐਸੇ ਸਕੂਲ ਬਣਾਉਣ ਦੇ ਉਪਰਾਲੇ ਕੀਤੇ ਹਨ ਤਾਂ ਕਿ ਬੱਚਿਆਂ ਨੂੰ ਅੱਛੀ ਵਿਦਿਆ ਮਿਲ ਸਕੇ । ਪਰ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਨੂੰ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਵੀ ਬੜੇ ਸਕੂਲ ਅਪਗਰੇਡ ਕੀਤੇ । ਪਿੰਡਾਂ ਦੇ ਵਿੱਚ ਕਹਿ ਦਿੱਤਾ ਕਿ ਤੁਹਾਡੇ ਸਕੂਲ ਨੂੰ ਪ੍ਰਾਇਮਰੀ ਤੋਂ ਮਿਡਲ ਕਰ ਦਿੱਤਾ ਹੈ, ਮਿਡਲ ਤੋਂ ਹਾਈ ਅਤੇ ਹਾਈ ਤੋਂ ਪਲੱਸ ਟੂ ਕਰ ਦਿੱਤਾ ਹੈ ਪਰ ਅਫਸੋਸ ਹੈ ਕਿ ਮਾਸਟਰ ਇਕ ਵੀ ਨਹੀਂ ਰੱਖਿਆ ਗਿਆ, ਇਕ ਵੀ ਮਾਸਟਰ ਇਨ੍ਹਾਂ ਨੇ ਪਿਛਲੇ ਪੰਜਾਂ ਸਾਲਾਂ ਦੇ ਵਿੱਚ ਨਹੀਂ ਰੱਖਿਆ ਅਤੇ ਅੰਤ ਵਿੱਚ ਜਦੋਂ ਜਾਣ ਦੀ ਵਾਰੀ ਆਈ ਤਾਂ ਫਿਰ ਐਸ. ਐਸ. ਐਸ. ਬੋਰਡ ਦੇ ਤਿੰਨਾਂ ਬੰਦਿਆਂ ਨੂੰ ਤੋੜ ਕੇ ਉਸਦੀ ਜਗ੍ਹਾ ਤੇ 20-21 ਮੈਂਬਰਾਂ ਦਾ ਐਸ. ਐਸ. ਐਸ. ਬੋਰਡ ਬਣਾ ਦਿੱਤਾ ਗਿਆ । ਅਖਬਾਰ ਦੇ ਵਿੱਚ ਇਸ਼ਤਿਹਾਰ ਦੇ ਦਿੱਤਾ ਕਿ 50 ਹਜ਼ਾਰ ਟੀਚਰਾਂ ਦੀਆਂ ਆਸਾਮੀਆਂ ਖਾਲੀ ਹਨ । ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ 50 ਹਜ਼ਾਰ ਪੋਸਟਾਂ ਖਾਲੀ ਹਨ ਤਾਂ ਇਸ ਦੇ ਨਾਲ ਪੰਜਾਬ ਦੇ ਵਿਦਿਆਰਥੀਆਂ ਅਤੇ ਵਿਦਿਆ ਦਾ ਕਿੰਨਾ ਨੁਕਸਾਨ ਹੋਇਆ ਹੋਵੇਗਾ । ਸਪੀਕਰ ਸਾਹਿਬ, ਅਸੀਂ ਸਾਰੇ ਸੂਬਿਆਂ ਦੇ ਨਾਲੋਂ ਪੱਛੜ ਗਏ ਹਾਂ ਕਿਉਂਕਿ ਪੰਜਾਬ ਦੀ ਪਿਛਲੇ ਪੰਜ ਸਾਲਾਂ ਦੇ ਵਿਚ ਵਿਦਿਆ ਬਿਲਕੁਲ ਨਿੱਲ ਹੋ ਗਈ ਹੈ । ਇਨ੍ਹਾਂ ਨੇ ਇੱਕ ਵੀ ਮਾਸਟਰ ਵਿਦਿਆ ਦੇਣ ਲਈ ਲਾਉਣ ਦੀ ਕੋਸ਼ਿਸ਼ ਨਹੀਂ ਕੀਤੀ । ਇਸ ਲਈ ਅਸੀਂ ਪਿਛਲੇ ਪੰਜ ਸਾਲਾਂ ਵਿੱਚ ਜੋ ਵਿਦਿਆ ਵਿੱਚ ਪੱਛੜੇ ਹਾਂ ਉਸ ਦੇ ਨਾਲ ਅਸੀਂ ਅਗਲੇ 100 ਸਾਲਾਂ ਵਿਚ ਵੀ ਦੂਸਰਿਆਂ ਸਟੇਟਾਂ ਦਾ ਮੁਕਾਬਲਾ ਨਹੀਂ ਕਰ ਸਕਾਂਗੇ । ਇਹ ਜੋ 5 ਸਾਲਾਂ ਦਾ ਵਕਫਾ ਲੰਘਿਆ ਹੈ, ਇਸ ਨਾਲ ਪੰਜਾਬ ਨੂੰ ਬਹੁਤ ਨੁਕਸਾਨ ਹੋਇਆ ਹੈ । ਫਿਰ ਇਨ੍ਹਾਂ ਸਕੂਲਾਂ ਦੇ ਉਦਘਾਟਨ ਕਰਨ ਦੀ ਗੱਲ ਸ਼ੁਰੂ ਕੀਤੀ । ਮੇਰੇ ਹਲਕੇ ਦਾ ਇੱਕ ਪਿੰਡ ਅਲੀ ਸ਼ੇਰ ਕਲਾਂ ਹੈ ਜਿਥੇ ਇਨ੍ਹਾਂ ਨੇ ਉਦਘਾਟਨ ਕੀਤਾ ਸੀ । ਉਥੇ ਪ੍ਰਾਇਮਰੀ ਤੋਂ ਮਿਡਲ ਸਕੂਲ ਕੀਤਾ ਗਿਆ ਹੈ । 70 ਹਜ਼ਾਰ ਰੁਪਏ ਪਿੰਡੋਂ ਇਕੱਠੇ ਕਰ ਲਏ, ਉਸ ਤੋਂ ਬਾਅਦ ਜੋ ਖਾਣ ਪੀਣ ਦਾ ਖਰਚਾ ਸੀ ਉਹ ਵੱਖਰਾ ਹੈ । ਉਸ ਵਿਚੋਂ ਇੱਕ ਚੈਨੀ, ਵਾਲੀਆਂ ਅਤੇ ਕੋਕੇ ਪੁਆ ਲਏ । ਤੁਸੀਂ ਅੰਦਾਜ਼ਾ ਕਰੋ ਕਿ ਜੋ ਚੈਨੀ, ਕੋਕੇ ਅਤੇ ਵਾਲੀਆਂ ਪੁਆਈਆਂ ਉਹ ਤਾਂ ਸਰਕਾਰ ਦੀ ਪ੍ਰਾਪਰਟੀ ਹੈ । ਇਥੇ ਹੀ ਬਸ ਨਹੀਂ ਸਰਦੂਲਗੜ੍ਹ ਵਿਖੇ ਤਹਿਸੀਲ

Original with;
Punjab Vidhan Sabha
Digitized by;
Panjab Digital Library

ਦੇ ਉਦਘਾਟਨ ਸਮੇਂ, ਤੁਸੀਂ ਸਾਰਿਆਂ ਨੇ ਪੜ੍ਹਿਆ ਹੋਵੇਗਾ ਕਿ ਕਿਸ ਤਰ੍ਹਾਂ ਇੱਕ ਬੰਟੋਸ਼ਾ ਕਾਰ ਦਿੱਤੀ ਗਈ ਅਤੇ ਮੋਟੇ ਮੋਟੇ ਕੈਂਠੇ, ਵਾਲੀਆਂ ਅਤੇ ਕੜੇ ਪੁਆਏ ਗਏ। ਮੈਨੂੰ ਅਫਸੋਸ ਹੈ ਕਿ ਕਮਿਊਨਿਸਟ ਪਾਰਟੀ ਦੇ ਐਮ. ਐਲ. ਏ. ਨੇ ਵੀ ਛਾਪਾਂ ਪੁਆ ਲਈਆਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਬੇਨਤੀ ਕਰਦਾ ਹਾਂ ਕਿ ਜੋ ਇਹ ਸੋਨਾ ਕੁਇੰਟਲਾਂ ਦੇ ਹਿਸਾਬ ਨਾਲ ਇਨ੍ਹਾਂ ਲੋਕਾਂ ਨੇ ਪਾਇਆ ਹੈ, ਉਹ ਸਾਰੇ ਦਾ ਸਾਰਾ ਬਰਾਮਦ ਕਰਕੇ ਉਸ ਨੂੰ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕੀਤਾ ਜਾਵੇ ਤਾਂ ਕਿ ਗਰੀਬ ਲੋਕਾਂ ਨੂੰ ਰਾਹਤ ਦਿਤੀ ਜਾ ਸਕੇ ਅਤੇ ਉਨ੍ਹਾਂ ਦੀ ਭਲਾਈ ਹੋ ਸਕੇ। (ਥੰਪਿੰਗ) ਇਸੇ ਤਰ੍ਹਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਉਂਦੇ ਸਾਰ ਹੀ ਕੁਰੱਪਸ਼ਨ ਨੂੰ ਦੂਰ ਕਰਨ ਦੀ ਖਾਤਰ ਥੋੜ੍ਹੇ ਦਿਨਾਂ ਵਿੱਚ ਸੇਧ ਦਿੱਤੀ ਹੈ, ਉਸ ਤੋਂ ਸਭ ਨੂੰ ਚੰਗੀ ਰੋਸ਼ਨੀ ਮਿਲਦੀ ਹੈ।

ਇਸੇ ਤਰ੍ਹਾਂ ਸਪੀਕਰ ਸਾਹਿਬ ਇਨ੍ਹਾਂ ਨੇ ਕਿਸਾਨਾਂ ਤੋਂ 380 ਰਪਏ ਕੁਇੰਟਲ ਦੇ ਹਿਸਾਬ ਨਾਲ ਕਣਕ ਖਰੀਦੀ ਅਤੇ ਕਿਹਾ ਕਿ ਇਸ ਨੂੰ ਸਸਤੇ ਭਾਅ ਤੇ ਗਰੀਬਾਂ ਨੂੰ ਦੇਣੀ ਹੈ, ਪਰ ਜੇਕਰ ਖਾਣ ਵਾਲੇ ਗਰੀਬ ਲੋਕਾਂ ਨੂੰ ਕਣਕ ਖਾਣ ਲਈ ਦਿੱਤੀ ਜਾਂਦੀ ਤਾਂ ਕੋਈ ਮਾੜੀ ਗਲ ਨਹੀਂ ਸੀ। ਵਿਚਾਰਾ ਜ਼ਿਮੀਂਦਾਰ ਇਹ ਸਮਝ ਲੈਂਦਾ ਕਿ ਮੇਰੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਿਸੇ ਦੇ ਮੂੰਹ ਪੈ ਗਈ ਹੈ ਪਰ ਅਫਸੋਸ ਕਿ ਸਾਰੀ ਦੀ ਸਾਰੀ ਕਣਕ ਬਾਹਰਲੇ ਮੁਲਕਾਂ ਦੇ ਵਿੱਚ ਭੇਜੀ ਅਤੇ ਕਮਿਸ਼ਨ ਖਾ ਗਿਆ ਅਤੇ ਜਦੋਂ ਇੱਧਰ ਕਣਕ ਦੀ ਘਾਟ ਮਹਿਸੂਸ ਹੋਈ ਤਾਂ ਫਿਰ ਬਾਹਰਲੇ ਦੇਸ਼ਾਂ ਤੋਂ ਮੰਗਵਾ ਲਈ ਅਤੇ ਇਸ ਵਿਚੋਂ ਫਿਰ ਕਮਿਸ਼ਨ ਖਾ ਲਿਆ। ਭਾਵੇਂ ਤੋਪਾਂ ਦਾ ਕਮਿਸ਼ਨ ਹੋਵੇ ਅਤੇ ਭਾਵੇਂ ਬਦਲੀ ਦਾ ਕਮਿਸ਼ਨ ਹੋਵੇ ਜਾਂ ਕਿਸੇ ਨਵੇਂ ਬੰਦੇ ਨੂੰ ਨੌਕਰੀ ਲਾਉਣ ਦਾ ਕਮਿਸ਼ਨ ਹੋਵੇ। ਪਿਛਲੀ ਸਰਕਾਰ ਕਮਿਸ਼ਨਾਂ ਦੀ ਸਰਕਾਰ ਸੀ ਅਤੇ ਇਸ ਨੇ ਲੋਕਾਂ ਨੂੰ ਲੁੱਟਿਆ ਹੈ। ਇਸ ਕਾਂਗਰਸ ਜਮਾਤ ਨੇ 45 ਸਾਲ ਰਾਜ ਕੀਤਾ ਹੈ। ਇਸ ਨੇ ਲੋਕਾਂ ਨੂੰ ਲੁੱਟਿਆ ਹੈ। ਉਨ੍ਹਾਂ ਦਾ ਅੱਜ ਤੱਕ ਕੁਝ ਨਹੀਂ ਸੰਵਾਰਿਆ। ਪੰਜਾਬ ਵਿੱਚ ਬਾਕੀ 5 ਸਾਲ ਦਾ ਸਮਾਂ ਰਲੀਆਂ-ਮਿਲੀਆਂ ਪਾਰਟੀਆਂ ਨੇ ਰਾਜ ਕੀਤਾ ਹੈ। ਕਾਂਗਰਸ ਪਾਰਟੀ ਨੇ ਇਨ੍ਹਾਂ 45 ਸਾਲਾਂ ਵਿੱਚ ਕਿਸਾਨਾਂ ਦੇ ਹੱਕ ਦੀ ਗੱਲ ਨਹੀਂ ਕੀਤੀ, ਮਜ਼ਦੂਰ ਦੇ ਹੱਕ ਦੀ ਗੱਲ, ਦੁਕਾਨਦਾਰ ਦੇ ਹੱਕ ਦੀ ਗੱਲ ਨਹੀਂ ਕੀਤੀ। ਇਕ ਵੀ ਵਧੀਆ ਪ੍ਰੋਗਰਾਮ ਇਨ੍ਹਾਂ ਨੇ ਪੰਜਾਬ ਦੀ ਬਿਹਤਰੀ ਲਈ ਸ਼ੁਰੂ ਨਹੀਂ ਕੀਤਾ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਆਉਂਦੇ ਹਨ ਤਾਂ ਪਿੰਡਾਂ ਦੇ ਵਿਕਾਸ ਦੀਆਂ ਸਕੀਮਾਂ ਬਣਦੀਆਂ ਹਨ, ਸ਼ਹਿਰਾਂ ਦੇ ਵਿਕਾਸ ਦੀਆਂ ਸਕੀਮਾਂ ਬਣਦੀਆਂ ਹਨ। ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਪੱਥਰ ਲਾ ਜਾਂਦੇ ਹਨ ਉਹ ਸਕੂਲ ਭਾਵੇਂ ਅੱਪਗਰੇਡ ਹੋਣ ਜਾਂ ਨਾ ਹੋਣ। ਪੱਥਰ ਪਹਿਲਾਂ ਹੀ ਜੜ੍ਹ ਦਿੱਤੇ ਜਾਂਦੇ ਹਨ। ਕਿਉਂਕਿ ਇਨ੍ਹਾਂ ਨੇ ਆਪਣਾ ਕਮਿਸ਼ਨ ਹਾਸਿਲ ਕਰਨਾ ਹੁੰਦਾ ਹੈ। ਸਾਡੀ ਭੈਣ ਕਹਿੰਦੀ ਹੈ ਕਿ ਗੱਲਾਂ ਨਾ ਕਰੋ ਪਰ ਸਾਨੂੰ ਕਾਂਗਰਸੀ ਭਰਾਵਾਂ ਵਲੋਂ ਹੀ ਦੱਸਿਆ ਜਾਂਦਾ ਸੀ ਕਿ ਸਾਡੇ ਮਨਿਸਟਰ ਨੇ ਅੱਤਵਾਦੀ ਰੱਖੇ ਹੋਏ ਹਨ, ਪ੍ਰਧਾਨ ਨੇ ਅੱਤਵਾਦੀ ਰੱਖੇਹੋਏ ਹਨ। ਸੈਕਟਰੀ ਨੇ ਅੱਤਵਾਦੀ ਰੱਖੇ ਹੋਏ ਹਨ। ਅਫਸੋਸ ਹੈ ਕਿ ਤੁਸੀਂ ਆਪਣੇ ਐਬ ਛੁਪਾ ਕੇ ਲੋਕਾਂ ਨੂੰ ਬੁੱਧੂ ਬਣਾ ਕੇ ਆਪਣਾ ਉੱਲੂ ਸਿੱਧਾ ਕਰਨ ਖਾਤਰ ਪੰਜਾਬ ਵਿੱਚ ਇਹ ਭਾਣਾ ਵਰਤਾਇਆ। ਕਣਕ ਮਹਿੰਗੀ ਹੋ ਗਈ ਹੈ, ਆਟਾ ਮਹਿੰਗਾ ਹੋ ਗਿਆ ਹੈ। ਅਫਸੋਸ ਇਹ ਵੀ ਹੈ ਕਿ ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਇਥੇ ਸਾਡੇ ਕਮਿਊਨਿਸਟ ਵੀਰ ਵੀ ਬੈਠੇ ਹਨ । ਦਿੱਲੀ ਵਿੱਚ ਵੀ ਇਨ੍ਹਾਂ ਦੇ ਦੋ ਵਜ਼ੀਰ ਹਨ । ਪਹਿਲਾਂ ਜਦੋਂ ਅੱਠ ਆਨੇ ਕਿਲੋ ਆਟਾ ਮਹਿੰਗਾ ਹੋ ਜਾਂਦਾ ਸੀ ਤਾਂ ਡੰਡਾ ਲੈ ਲੈਂਦੇ ਹਨ ਅਤੇ ਪੀਪਾ ਲੈ ਕੇ ਕਚਹਿਰੀਆਂ ਨੂੰ ਤੁਰ ਪੈਂਦੇ ਸਨ । ਪਤਾ ਨਹੀਂ ਹੁਣ ਇਨ੍ਹਾਂ ਦਾ ਉਹ ਪੀਪਾ ਤੇ ਡੰਡਾ ਕਿੱਧਰ ਗਿਆ ।

**ਕਾਮਰੇਡ ਅਜੈਬ ਸਿੰਘ ਰੌਂਤਾ** : ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਆਰਡਰ ਤੇ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਗਵਰਨਰ ਐਡਰੈਸ ਤੇ ਭਾਸ਼ਣ ਹੋ ਰਿਹਾ ਹੈ ਤੇ ਇਥੇ ਦਿੱਲੀ ਦਾ ਮਸਲਾ ਉਠ ਰਿਹਾ ਹੈ । ਤੁਸੀਂ ਵੀ ਤਾਂ ਛਾਪਾਂ ਪਾਈਆਂ ਹੋਈਆਂ ਹਨ ।

**ਸ਼੍ਰੀ ਸਪੀਕਰ** : ਰੌਂਤਾ ਸਾਹਿਬ, ਕਿਰਪਾ ਕਰਕੇ ਬੈਠ ਜਾਉ । ਸਰਦਾਰ ਬਲਦੇਵ ਸਿੰਘ ਖਿਆਲਾ ਕਾਂਟੀਨਿਊ ਕਰੋ ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ । ਮੈਂ ਛਾਪਾਂ ਪਾਉਣ ਨੂੰ ਗੁਨਾਹ ਨਹੀਂ ਕਹਿੰਦਾ । ਮੈਂ ਕਹਿ ਰਿਹਾ ਸੀ ਕਿ ਇਹ ਜਿਹੜੇ ਐਮ. ਐਲ. ਏ. ਹਨ, ਵਜ਼ੀਰ ਹਨ, ਇਹ ਉਦਘਾਟਨ ਕਰਾਉਣ ਸਮੇਂ ਛਾਪਾਂ ਪੁਆ ਲੈਂਦੇ ਹਨ । ਕੀ ਇਹ ਵਿਚੋਲੇ ਸਨ ਜੋ ਲੋਕਾਂ ਤੋਂ ਛਾਪਾਂ ਲੈਂਦੇ ਸਨ ? (ਵਿਘਨ) ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਬਣਾਉਣ ਦਾ ਜ਼ਿਕਰ ਕੀਤਾ ਹੈ । ਪਿਛਲੇ ਸਮੇਂ ਦੀ ਸਰਕਾਰ ਦੌਰਾਨ ਕਿਸੇ ਵਕੀਲ ਜਾਂ ਪੜ੍ਹੇ-ਲਿਖੇ ਵਿਅਕਤੀਆਂ, ਬੁੱਧੀਜੀਵੀਆਂ ਜਾਂ ਜਸਵੰਤ ਸਿੰਘ ਖਾਲੜਾ ਵਰਗੇ ਕਿਸੇ ਨੇ ਵੀ ਜਦੋਂ ਮਾੜੀ ਜਿਹੀ ਗੱਲ ਲੋਕਾਂ ਦੇ ਅਧਿਕਾਰਾਂ ਦੀ ਕੀਤੀ ਤਾਂ ਉਸ ਨੂੰ ਰਾਤੋ-ਰਾਤ ਚੁੱਕ ਕੇ ਮਾਰ ਦਿੱਤਾ । ਲੋਕਾਂ ਨੂੰ ਅੱਜ ਤੱਕ ਮੁੜ ਕੇ ਉਹ ਦਿਖਾਈ ਨਹੀਂ ਦਿੱਤਾ । ਇੰਨਾ ਘੋਰ ਅਨਿਆਂ । ਜੇਕਰ ਕੋਈ ਲੋਕਾਂ ਦੇ ਅਧਿਕਾਰਾਂ ਦੀ ਗੱਲ ਕਹਿੰਦਾ ਹੈ ਤਾਂ ਉਸ ਨੂੰ ਦੁਨੀਆਂ ਤੋਂ ਤੋਰ ਦਿਓ । ਇਸ ਲਈ ਜੋ ਮਾੜੀਆਂ ਘਟਨਾਵਾਂ ਵਾਪਰੀਆਂ ਹਨ ਉਸ ਬਾਰੇ ਪੰਜਾਬ ਦੀ ਸਰਕਾਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਭਾਜਪਾ ਦੀ ਸਰਕਾਰ ਨੇ ਪ੍ਰਣ ਕੀਤਾ ਹੈ ਕਿ ਇੱਕ ਵੀ ਗੱਲ ਅਜਿਹੀ ਨਹੀਂ ਵਾਪਰਨ ਦੇਵਾਂਗੇ । ਸਪੀਕਰ ਸਾਹਿਬ, ਸਾਡੀ ਸਰਕਾਰ ਮਨੁੱਖੀ ਅਧਿਕਾਰਾ ਸਬੰਧੀ ਕਮਿਸ਼ਨ ਛੇਤੀ ਤੋਂ ਛੇਤੀ ਕਾਇਮ ਕਰ ਦੇਵੇਗੀ । (ਥੰਪਿੰਗ) ਇਥੇ ਮੈਂ ਬਹੁਤ ਸਾਰੀਆਂ ਗੱਲਾਂ ਕਰਨੀਆਂ ਚਾਹੁੰਦਾ ਸੀ ਪਰ ਚੂੰਕਿ ਟਾਇਮ ਬਹੁਤ ਥੋੜ੍ਹਾ ਹੈ, ਇਸ ਲਈ ਮੈਂ ਆਪਣੇ ਸਾਥੀਆਂ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦਾ । ਇਸ ਲਈ ਇਹ ਕਹਾਂਗਾ ਕਿ ਜਿਹੜਾ ਗਵਰਨਰ ਸਾਹਿਬ ਦਾ ਭਾਸ਼ਣ ਇਥੇ ਪੇਸ਼ ਕੀਤਾ ਗਿਆ ਹੈ ਇਹ ਭਾਸ਼ਣ ਪਿਛਲੇ 50 ਸਾਲਾਂ ਨਾਲੋਂ ਇਕ ਵੱਖਰੀ ਕਿਸਮ ਦਾ ਭਾਸ਼ਣ ਹੈ ਅਤੇ ਇਕ ਵੱਖਰੀ ਰੌਸ਼ਨੀ ਨਜ਼ਰ ਆਉਂਦੀ ਹੈ ਅਤੇ ਵੱਖਰੀ ਰਾਹ ਸਾਨੂੰ ਦੇ ਰਿਹਾ ਹੈ । ਆਉਣ ਵਾਲੇ 5 ਸਾਲਾਂ ਦੇ ਵਿਚ ਜੋ ਇਥੇ ਮੈਂਬਰ ਸਾਹਿਬਾਨ ਚੁਣ ਕੇ ਆਏ ਹਨ ਉਹ ਦੇਖਣਗੇ ਕਿ ਵਾਕਿਆ ਹੀ ਇਹ ਭਾਸ਼ਣ ਸਾਨੂੰ ਇਕ ਵੱਖਰੀ ਕਿਸਮ ਦੀ ਰੌਸ਼ਨੀ ਦੇ ਰਿਹਾ ਹੋਵੇਗਾ । ਇਸ ਦੇ ਵਿਚ ਸਾਰੀਆਂ ਕਦਰਾਂ ਅਤੇ ਕੀਮਤਾਂ ਨੂੰ ਡੈਮੋਕਰੇਟਿਕ ਤਰੀਕੇ ਨਾਲ ਕਾਇਮ ਕੀਤਾ

Original with;
Punjab Vidhan Sabha
Digitized by;
Panjab Digital Library

ਗਿਆ ਹੈ ਅਤੇ ਪੰਜਾਬ ਦੀ ਬਿਹਤਰੀ ਲਈ ਗੱਲ ਕੀਤੀ ਗਈ ਹੈ । ਜਿਹੜੇ ਪੰਜਾਬ ਦੇ ਮਸਲੇ ਹਨ ਉਨ੍ਹਾਂ ਨੂੰ ਇਸ ਦੇ ਵਿਚ ਪੇਸ਼ ਕੀਤਾ ਗਿਆ ਹੈ ਅਤੇ ਗੁਰੂਆਂ ਪੀਰਾਂ ਦੇ ਫੁਰਮਾਣ ਨੂੰ ਜਿਹੜੀ "ਸਭੈ ਸਾਂਝੀਵਾਲ ਸਦਾਇਨ ਕਿਸੇ ਨ ਦਿਸੈ ਬਾਹਰਾ ਜੀਉ" ਤੇ ਚੱਲ ਕੇ ਸਾਰਿਆਂ ਦਾ ਸਹਿਯੋਗ ਲਵਾਂਗੇ ਅਤੇ ਦੇਵਾਂਗੇ ਅਤੇ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਹੂ-ਬਹੂ ਪਾਸ ਕਰ ਦਿੱਤਾ ਜਾਵੇ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** (ਗਿੱਦੜਬਾਹਾ) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਗਵਰਨਰ ਸਾਹਿਬ ਦੇ ਐਡਰੈਸ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ । ਮੇਰੇ ਤੋਂ ਪਹਿਲਾਂ ਮੇਰੇ ਸਾਥੀ ਬਲਦੇਵ ਸਿੰਘ ਖਿਆਲਾ ਜੀ ਨੇ ਇਸ ਗਵਰਨਰ ਸਾਹਿਬ ਦੇ ਐਡਰੈਸ ਉਤੇ ਧੰਨਵਾਦ ਦਾ ਮਤਾ ਪੇਸ਼ ਕੀਤਾ ਹੈ, ਮੈਂ ਉਸ ਦੀ ਤਾਈਦ ਕਰਨ ਲਈ ਖੜ੍ਹਾ ਹੋਇਆ ਹਾਂ । ਸਪੀਕਰ ਸਾਹਿਬ, ਇਥੇ ਇਕ ਸ਼ਾਇਰ ਇਕਬਾਲ ਨੇ ਠੀਕ ਹੀ ਕਿਹਾ ਸੀ ਕਿ :

'ਵਤਨ ਕੀ ਫਿਕਰ ਕਰ ਨਾਦਾਨ ਮੁਸੀਬਤ ਆਉਣ ਵਾਲੀ ਹੈ<br>
ਤੇਰੇ ਬਰਬਾਦੀਉਂ ਕੇ ਮਸ਼ਵਰੇ ਹੈਂ ਅਸਮਾਨੋਂ ਮੇਂ,<br>
ਇਹ ਇੰਤਜ਼ਾਰ ਕਹਾਂ ਤੱਕ ਲਜਿਤ ਏ ਫਰਇਦ ਕਰ<br>
ਜ਼ਮੀਨ ਪਰ ਤੂੰ ਹੋ ਔਰ ਤੇਰੀ ਸਦਾ ਹੋ ਆਸਮਾਨੋਂ ਪਰ,<br>
ਨਾ ਸਮਝੋਗੇ ਤੋ ਮਿਟ ਜਾਓਗੇ ਐ ਹਿੰਦੁਸਤਾਨ ਵਾਲੋ,<br>
ਤੁਮਹਾਰੀ ਦਾਸਤਾਨ ਤੱਕ ਨਾ ਹੋਗੀ ਦਾਸਤਾਨੋਂ ਮੇਂ ।'

ਇਹ ਇਕਬਾਲ ਸ਼ਾਇਰ ਦੇ ਲਫ਼ਜ਼ ਬਿਲਕੁਲ ਇਥੇ ਢੁੱਕਦੇ ਹਨ ਇਥੇ ਸ਼ਾਇਰ ਦੇ ਜਜ਼ਬਾਤ ਬਿਲਕੁਲ ਸਾਡੇ ਨਾਲ ਮਿਲਦੇ ਹਨ । ਜੋ ਪੰਜਾਬੀਆਂ ਦੇ ਦਿਲਾਂ ਵਿਚ ਸਨ ਅਤੇ ਆਪਣੇ ਜਜ਼ਬਾਤ ਪੰਜਾਬੀਆਂ ਨੇ ਇਲੈਕਸ਼ਨਾਂ ਦੇ ਵਿਚ ਸ਼੍ਰੋਮਣੀ ਅਕਾਲੀ ਦਲ ਪਾਰਟੀ ਅਤੇ ਬੀ. ਜੇ. ਪੀ. ਨੂੰ ਵੋਟਾਂ ਪਾ ਕੇ ਭਾਰੀ ਬਹੁਮੱਤ ਦੇ ਵਿੱਚ ਇਕ ਮਜ਼ਬੂਤ ਸਰਕਾਰ ਇਥੇ ਕਾਇਮ ਕੀਤੀ । ਸਪੀਕਰ ਸਾਹਿਬ, ਕਾਫੀ ਅਰਸੇ ਤੋਂ ਬਾਅਦ ਪੰਜਾਬੀਆਂ ਦੇ, ਪੰਜਾਬ ਦੇ, ਪੰਜਾਬੀਅਤ ਦੇ ਜਜ਼ਬਾਤ ਜ਼ਾਹਿਰ ਹੋਏ ਹਨ । ਸਪੀਕਰ ਸਾਹਿਬ, ਮੈਂ ਆਪਣੀ ਨਵੀਂ ਸਰਕਾਰ ਨੂੰ ਇਸ ਗੱਲ ਦੇ ਲਈ ਵਧਾਈ ਦਿੰਦਾ ਹਾਂ । ਜੋ ਪੰਜਾਬ ਦੇ ਪਿਛਲੇ 30 ਸਾਲਾਂ ਤੋਂ ਮਸਲੇ ਲਮਕਦੇ ਰਹੇ ਸਨ ਜਿਸ ਤਰ੍ਹਾਂ ਚੰਡੀਗੜ੍ਹ ਟਰਾਂਸਫਰ ਦਾ ਮਸਲਾ ਹੈ, ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਹੈ, ਪੰਜਾਬ ਦੇ ਨਹਿਰੀ ਪਾਣੀ ਦਾ ਮਸਲਾ ਹੈ ਅਤੇ 1984 ਦੇ ਦੰਗਿਆਂ ਦਾ ਮਸਲਾ ਹੈ, ਜਿਸ ਦੇ ਵਿਚ ਕਤਲੋਗਾਰਤ ਹੋਇਆ ਅਤੇ ਜ਼ੁਲਮ ਕਰਨ ਵਾਲਿਆਂ ਦੇ ਖਿਲਾਫ ਕਾਰਵਾਈ ਦਾ ਮਸਲਾ ਹੈ, ਉਨ੍ਹਾਂ ਨੂੰ ਸਜ਼ਾਵਾਂ ਦੇਣ ਦਾ ਮਸਲਾ ਹੈ । ਇਨ੍ਹਾਂ ਮਸਲਿਆਂ ਨੂੰ ਕੇਵਲ ਸਾਡੀ ਪਾਰਟੀ ਅਤੇ ਬੀ. ਜੇ. ਪੀ. ਨੇ ਹੀ ਸਿਆਸੀ ਮਸਲਾ ਕਾਇਮ ਕੀਤਾ ਹੈ । ਮੇਰੇ ਤੋਂ ਪਹਿਲੇ ਬੋਲਦੇ ਹੋਏ ਖਿਆਲਾ ਜੀ ਨੇ ਕਿਹਾ ਕਿ ਪਿਛਲੇ 30 ਸਾਲਾਂ ਤੋਂ ਇਹ ਮਸਲੇ ਲਟਕ ਰਹੇ ਸਨ ਜਿਸ ਨੂੰ ਅਸੀਂ ਸੈਂਟਰ ਦੀ ਸਰਕਾਰ ਅੱਗੇ ਪੇਸ਼ ਕਰਾਂਗੇ । ਲੋਕਾਂ ਨੇ ਇਸ ਨੂੰ ਹੱਲ ਕਰਨ ਲਈ ਬੜੀ ਗਰਮ ਜੋਸ਼ੀ ਦੇ ਨਾਲ ਸਾਨੂੰ ਵੋਟਾਂ ਦਿੱਤੀਆਂ ਹਨ । ਇਹ ਮੰਗਾਂ ਇਸ ਸਦਨ ਦੇ ਵਿਚ ਗਵਰਨਰ ਸਾਹਿਬ ਦੇ ਐਡਰੈਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਦੇ ਰਾਹੀਂ ਪੇਸ਼ ਕੀਤੀਆਂ ਗਈਆਂ ਹਨ । ਸਾਡੇ ਤੋਂ ਪਹਿਲਾਂ ਕਿਸੇ ਨੇ ਵੀ ਇਨ੍ਹਾਂ ਮਸਲਿਆਂ ਨੂੰ ਕੇਂਦਰ ਸਰਕਾਰ ਤੱਕ ਪੇਸ਼ ਨਹੀਂ ਕੀਤਾ ਅਤੇ ਨਾ ਹੀ ਕੇਂਦਰ ਦੀ ਸਰਕਾਰ ਨੇ ਇਨ੍ਹਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਹਿੰਦੁਸਤਾਨ ਦੀ ਸਰਕਾਰ ਪੰਜਾਬੀਆਂ ਦੇ ਲਈ ਖੈਰ ਖਵਾਹ ਸੀ । ਉਨ੍ਹਾਂ ਨੇ ਪੰਜਾਬ ਦੇ ਮਸਲੇ ਨੂੰ ਇਕ ਫਿਰਕਾਪ੍ਰਸਤੀ ਦੀ ਰੰਗਤ ਦੇਣ ਦੀ ਕੋਸ਼ਿਸ਼ ਕੀਤੀ । ਲੋਕਾਂ ਨੇ ਸਾਨੂੰ ਵੋਟਾਂ ਪਾ ਕੇ ਇਸ ਮਨੋਰਥ ਨੂੰ ਪੂਰਾ ਕਰਨ ਲਈ ਇਥੇ ਸਾਨੂੰ ਭੇਜਿਆ ਹੈ ਔਰ ਅਸੀਂ ਉਸ ਨੂੰ ਪੂਰਾ ਕਰਾਂਗੇ । ਇਹ ਮਸਲੇ ਸਾਡੇ ਪੰਜਾਬੀਆਂ ਦੇ ਸਾਂਝੇ ਹਨ ਅਤੇ ਅਸੀਂ ਰਲ ਕੇ ਹੱਲ ਕਰਾਂਗੇ । ਇਹੀ ਕਾਰਣ ਹੈ ਕਿ ਸਾਡੀ ਸਰਕਾਰ ਨੇ ਇਸ ਨੂੰ ਗਵਰਨਰ ਸਾਹਿਬ ਦੇ ਐਡਰੈਸ ਦੇ ਵਿਚ ਪੇਸ਼ ਕੀਤਾ ਹੈ । ਸਾਡਾ ਕਿਸੇ ਨਾਲ ਟਕਰਾਓ ਨਹੀਂ ਹੈ ਨਾ ਹੀ ਸਾਡਾ ਕਿਸੇ ਗਵਾਂਢੀ ਰਾਜ ਨਾਲ ਟਕਰਾਓ ਹੈ ਅਤੇ ਨਾ ਹੀ ਕਿਸੇ ਪਾਰਟੀ ਨਾਲ ਟਕਰਾਓ ਹੈ । ਅਸੀਂ ਸਾਰਿਆਂ ਦੇ ਸਹਿਯੋਗ ਨਾਲ ਚੱਲ ਕੇ ਪੰਜਾਬ ਦੇ ਲੋਕਾਂ ਦੇ ਮਸਲੇ ਹੱਲ ਕਰਨੇ ਹਨ । ਇਨ੍ਹਾਂ ਮਸਲਿਆਂ ਨੂੰ ਅਸੀਂ ਕੇਂਦਰ ਸਰਕਾਰ ਤੋਂ ਅਤੇ ਸੁਪਰੀਮ ਕੋਰਟ ਰਾਹੀਂ ਹੱਲ ਕਰਵਾਵਾਂਗੇ ਅਤੇ ਇਨਸਾਫ ਦੀ ਮੰਗ ਕਰਾਂਗੇ । ਸਪੀਕਰ ਸਾਹਿਬ, ਸਾਡੀ ਸਰਕਾਰ ਦੀ ਨੀਤੀ ਹੈ ਕਿ ਜਿਥੇ ਸਾਡਾ ਕਿਸੇ ਵੀ ਸੂਬੇ ਨਾਲ ਟਕਰਾਓ ਨਹੀਂ, ਉਥੇ ਵਿਰੋਧੀ ਧਿਰ ਨਾਲ ਵੀ ਅਸੀਂ ਕੋਆਪ੍ਰੇਸ਼ਨ ਦਾ ਇਰਾਦਾ ਰੱਖਣਾ ਚਾਹੁੰਦੇ ਹਾਂ । (ਥੰਪਿੰਗ) ਮੇਰੀ ਇਹ ਜ਼ਾਤੀ ਰਾਏ ਹੈ ਕਿ ਪੰਜਾਬ ਵਿਚ ਜਿਤਨੀਆਂ ਵੀ ਸਿਆਸੀ ਪਾਰਟੀਆਂ ਹਨ ਉਹ ਪੰਜਾਬ ਦੀ ਖੁਸ਼ਹਾਲੀ ਅਤੇ ਤਰੱਕੀ ਚਾਹੁੰਦੀਆਂ ਹਨ । ਇਸ ਗੱਲ ਨੂੰ ਅਸੀਂ ਤਸਲੀਮ ਕਰਦੇ ਹਾਂ । ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੀ ਸਰਕਾਰ ਦੇ ਗਵਰਨਰ ਸਾਹਿਬ ਦੇ ਭਾਸ਼ਣ ਨੂੰ ਮੈਂ ਸਮਝਦਾ ਹਾਂ ਕਿ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ ।

ਸਭ ਤੋਂ ਪਹਿਲੀ ਗੱਲ ਆਪਸ ਵਿਚ ਭਾਈਚਾਰਾ, ਅਮਨ ਸ਼ਾਂਤੀ ਹਰ ਕੀਮਤ ਤੇ ਬਰਕਰਾਰ ਰੱਖਣੀ ਹੈ । ਦੂਜਾ ਪੰਜਾਬ ਦੀ ਖੁਸ਼ਹਾਲੀ ਅਤੇ ਤਰੱਕੀ ਲਈ ਉਪਰਾਲੇ ਕਰਨੇ ਹਨ । ਤੀਜਾ ਪੰਜਾਬ ਵਿਚ ਇੱਕ ਸਾਫ਼ ਸੁਥਰਾ ਨਿਜ਼ਾਮ ਪੈਦਾ ਕਰਨਾ ਹੈ । ਇੱਕ ਸ਼ਾਇਰ ਨੇ ਲਿਖਿਆ ਹੈ ਕਿ :

> "ਮੇਰਾ ਪੰਜਾਬ ਰਹੇ ਸ਼ਾਦ ਬਾਦ ਔਰ ਆਬਾਦ,
> ਹਮ ਰਹੇਂ ਨਾ ਰਹੇਂ ।"

ਸਪੀਕਰ ਸਾਹਿਬ, ਇਹ ਪਾਲਿਸੀ ਅਸੀਂ ਅਖਤਿਆਰ ਕਰਨੀ ਹੈ । ਭਾਵੇਂ ਸਾਡੀ ਸਰਕਾਰ ਰਹੇ ਜਾਂ ਨਾ ਰਹੇ । ਮੈਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਸਨੇ ਇੱਕ ਤਵਾਰੀਖੀ ਫੈਸਲਾ ਕੀਤਾ ਹੈ ਕਿ ਹਿਊਮਨ ਰਾਈਟਸ ਕਮਿਸ਼ਨ ਬਣਾ ਰਹੇ ਹਾਂ । ਇਸ ਪਵਿੱਤਰ ਸਦਨ ਵਿਚ ਪਿਛਲੇ ਸਾਲ ਵੀ ਵਿਰੋਧੀ ਧਿਰ ਨੇ ਹਿਊਮਨ ਰਾਈਟਸ ਕਮਿਸ਼ਨ ਕਾਇਮ ਕਰਨ ਦਾ ਮਤਾ ਰੱਖਿਆ ਸੀ ਪਰ ਉਸ ਵੇਲੇ ਦੀ ਸਰਕਾਰ ਨੂੰ ਇਹ ਮਨਜ਼ੂਰ ਨਹੀਂ ਸੀ । 1949 ਵਿਚ ਯੂਨਾਈਟਡ ਨੇਸ਼ਨ ਨੇ ਹਿਊਮਨ ਰਾਈਟਸ

Original with;
Punjab Vidhan Sabha
Digitized by;
Panjab Digital Library

ਡਿਕਲੇਅਰ ਕੀਤੇ ਸਨ । ਜਿਸ ਦੀ ਸਹਿਮਤੀ ਲਈ ਕਈ ਮੁਲਕਾਂ ਨੇ ਦਸਤਖਤ ਕੀਤੇ ਸਨ ਅਤੇ ਮੈਨੂੰ ਖੁਸ਼ੀ ਹੈ ਕਿ ਹਿੰਦੁਸਤਾਨ ਦੀ ਸਰਕਾਰ ਨੇ ਵੀ ਦਸਤਖਤ ਕੀਤੇ ਸਨ । ਸਪੀਕਰ ਸਾਹਿਬ, ਕਿਸੇ ਵੀ ਸੂਬੇ ਵਿੱਚ ਹਿਊਮਨ ਰਾਈਟਸ ਕਮਿਸ਼ਨ ਨਹੀਂ ਬਣਾਇਆ ਗਿਆ । ਇਹ ਸਾਡਾ ਪਹਿਲਾ ਸੂਬਾ ਹੈ ਜਿਥੇ ਕਿ ਹਿਊਮਨ ਰਾਈਟਸ ਕਮਿਸ਼ਨ ਬਣਾਇਆ ਜਾ ਰਿਹਾ ਹੈ । ਜਦੋਂ ਇਸ ਐਡਰੈਸ ਨੂੰ ਇਸ ਨੁਕਤਾ ਨਜ਼ਰ ਦੇ ਨਾਲ ਮੈਂ ਵੇਖਦਾ ਹਾਂ ਕਿ ਇਨਸਾਨ ਨੂੰ ਖਾਣ ਲਈ ਭੋਜਨ, ਪਹਿਨਣ ਲਈ ਕਪੜਾ ਅਤੇ ਰਹਿਣ ਲਈ ਮਕਾਨ ਹੋਵੇ ਅਤੇ ਇਹ ਇਨਸਾਨ ਦੀਆਂ ਬੁਨਿਆਦੀ ਲੋੜਾਂ ਹਨ, ਯੂਨਾਈਟਿਡ ਨੇਸ਼ਨ ਇਨ੍ਹਾਂ ਲੋੜਾਂ ਨੂੰ ਇਨਸਾਨ ਦੇ ਹਕੂਕ ਸਮਝਦਾ ਹੈ । ਮੈਂ ਸਮਝਦਾ ਹਾਂ ਕਿ ਇਨਸਾਨ ਦੀ ਜ਼ਿੰਦਗੀ ਹੈਵਾਨ ਨਾ ਬਣੇ । ਇਸ ਕਰਕੇ ਹੀ ਹਿਊਮਨ ਰਾਈਟਸ ਕਮਿਸ਼ਨ ਬਣਾਇਆ ਜਾ ਰਿਹਾ ਹੈ । ਮੈਂ ਇਸ ਗੱਲ ਦੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ । (ਥੰਪਿੰਗ)

ਸਪੀਕਰ ਸਾਹਿਬ, ਸਾਡੀ ਸਰਕਾਰ ਇਮਾਨਦਾਰੀ ਅਤੇ ਨੇਕ ਨੀਤੀ ਨਾਲ ਕੰਮ ਕਰੇਗੀ ਤਾਂ ਕਿ ਹਿਊਮਨ ਰਾਈਟਸ ਕਮਿਸ਼ਨ ਦੀ ਉਲੰਘਣਾ ਨਾ ਹੋਵੇ । ਦੇਸ਼ ਵਿੱਚ ਕਈ ਦੇਸ਼ ਦੇ ਦੁਸ਼ਮਣ ਵੀ ਹੁੰਦੇ ਹਨ ਅਤੇ ਉਹ ਵੀ ਆਪਣਾ ਕੰਮ ਕਰਦੇ ਹਨ । ਪਰ ਸਾਡੀ ਸਰਕਾਰ ਵਲੋਂ ਜਾਣੇ-ਅਣਜਾਣੇ ਵਿੱਚ ਕੋਈ ਗਲਤੀ ਨਾ ਹੋਵੇ ਅਤੇ ਹਿਊਮਨ ਰਾਈਟਸ ਦੀ ਉਲੰਘਣਾ ਨਾ ਹੋਵੇ, ਇਸੇ ਲਈ ਹੀ ਕਮਿਸ਼ਨ ਕਾਇਮ ਕੀਤਾ ਜਾ ਰਿਹਾ ਹੈ । ਸਾਡੀ ਮਨਸ਼ਾ ਹੈ ਕਿ ਪੰਜਾਬ ਦੀ ਤਰੱਕੀ ਹੋਵੇ । ਖੇਤੀਬਾੜੀ ਦੀ ਤਰੱਕੀ ਹੋਵੇ, ਇੰਡਸਟਰੀ ਪ੍ਰਫੁੱਲਤ ਹੋਵੇ । ਸਰਕਾਰ ਇਸ ਲਈ ਠੋਸ ਕਦਮ ਚੁੱਕ ਰਹੀ ਹੈ । ਪੰਜਾਬ ਦੀ ਖੁਸ਼ਹਾਲੀ ਅਤੇ ਤਰੱਕੀ ਲਈ, ਕਿਸਾਨਾਂ ਲਈ, ਮਜ਼ਦੂਰਾਂ ਲਈ, ਮੁਲਾਜ਼ਮਾਂ ਲਈ ਅਤੇ ਹਰ ਗਰੀਬ ਵਰਗ ਦੇ ਲੋਕਾਂ ਲਈ ਸਰਕਾਰ ਨੇ ਬਹੁਤ ਵੱਡੀਆਂ ਸਕੀਮਾਂ ਬਣਾਈਆਂ ਹਨ । ਪੰਜਾਬ ਸਰਕਾਰ ਨੇ ਫੈਸਲਾ ਕਰਕੇ ਕਿਸਾਨਾਂ ਦਾ ਮਾਲੀਆ, ਆਬਿਆਨਾ ਅਤੇ ਟਿਊਬਵੈੱਲਾਂ ਲਈ ਬਿਜਲੀ ਮਾਫ ਕੀਤੀ ਹੈ । ਇਹ ਇੱਕ ਇਤਿਹਾਸਕ ਫੈਸਲਾ ਹੈ । ਸਰਕਾਰ ਨੂੰ ਇਸ ਗੱਲ ਦੀ ਮੈਂ ਮੁਬਾਰਕਬਾਦ ਦਿੰਦਾ ਹਾਂ । ਮੇਰੇ ਤੋਂ ਪਹਿਲਾਂ ਮੇਰੇ ਸਾਥੀ ਜੀ ਨੇ ਜ਼ਿਕਰ ਕੀਤਾ ਸੀ ਕਿ 60 ਕਰੋੜ ਰੁਪਿਆ ਖਰਚ ਕਰਕੇ ਦਲਿਤ ਭਰਾਵਾਂ ਵਾਸਤੇ 12,000 ਮਕਾਨ ਬਣਾਉਣ ਦਾ ਫੈਸਲਾ ਕੀਤਾ ਹੈ । ਇਹ ਵੀ ਇਕ ਇਤਿਹਾਸਕ ਫੈਸਲਾ ਹੈ । (ਥੰਪਿੰਗ)

ਇਸ ਤੋਂ ਇਲਾਵਾ 22 ਕਰੋੜ ਦੀ ਲਾਗਤ ਨਾਲ ਪੈਨਸ਼ਨਾਂ ਦੇ ਲਮਕਦੇ ਹੋਏ ਜੋ ਮਸਲੇ ਹਨ, ਸਪੀਕਰ ਸਾਹਿਬ, ਉਹ ਵੀ ਸਰਕਾਰ ਨੇ ਨਿਪਟਾਉਣ ਦਾ ਫੈਸਲਾ ਕੀਤਾ ਹੈ, ਜੋ ਕਿ ਸ਼ਲਾਘਾਯੋਗ ਹੈ । ਇਹ ਸਾਰੀ ਦੁਨੀਆਂ ਦਾ ਤਜਰਬਾ ਹੈ ਕਿ ਜੇ ਵੱਧਦੀ ਹੋਈ ਆਬਾਦੀ ਨੂੰ ਰੋਕਣਾ ਹੈ ਤਾਂ ਇਨਫੈਂਟ ਮੋਰਟੈਲਿਟੀ ਨੂੰ ਖਤਮ ਕਰੀਏ । ਉਸਦੇ ਬਾਰੇ ਮੈਂ ਦੱਸਦਾ ਹਾਂ ਕਿ ਜੇ ਅਸੀਂ ਵੀ ਆਪਣੀ ਇਨਫੈਂਟ ਮੋਰਟੈਲਿਟੀ ਨੂੰ ਘਟਾ ਸਕੀਏ ਤਾਂ ਬਰਥ ਰੇਟ ਖੁਦ ਕਾਬੂ ਵਿੱਚ ਆ ਜਾਵੇਗਾ । ਬਾਕੀ ਜਿਹੜੀ ਮੈਂ ਬੁਢਾਪਾ ਪੈਨਸ਼ਨ ਨੂੰ ਮਜ਼ਬੂਤ ਕਰਨ ਦੀ ਗੱਲ ਕੀਤੀ ਹੈ, ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇਸ ਬਾਰੇ ਬਹੁਤ ਅੱਛੀ ਸ਼ੁਰੂਆਤ ਕੀਤੀ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਇਸੇ ਤਰ੍ਹਾਂ ਜੋ ਸਨਅੱਤਕਾਰਾਂ ਦੇ ਮਸਲੇ ਹਨ, ਉਨ੍ਹਾਂ ਬਾਰੇ ਵੀ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਸੰਜੀਦਗੀ ਨਾਲ ਹੱਲ ਕਰਾਂਗੇ। ਮੇਰੀ ਇਸ ਸਬੰਧੀ ਜਾਤੀ ਰਾਏ ਹੈ ਕਿ ਜਿਸ ਤਰ੍ਹਾਂ ਖੇਤੀਬਾੜੀ ਦੇ ਖੇਤਰ ਵਿੱਚ ਪੰਜਾਬ ਨੇ ਦੁਨੀਆਂ ਵਿੱਚ ਕਮਾਲ ਹਾਸਲ ਕੀਤਾ ਹੈ, ਉਸੇ ਤਰ੍ਹਾਂ ਪੰਜਾਬ ਦੀ ਇੰਡਸਟਰੀ ਵੀ ਇੰਡੱਸਟਰੀਅਲ ਖੇਤਰ ਵਿੱਚ ਕਮਾਲ ਹਾਸਲ ਕਰ ਸਕਦੀ ਹੈ। ਇੰਡਸਟਰੀ ਨੂੰ ਇਸ ਵਕਤ ਲੋੜ ਹੈ ਸਰਕਾਰ ਦੇ ਸਾਏ ਦੀ, ਕੁਝ ਲਗਾਮਾਂ ਢਿੱਲੀਆਂ ਕਰਨ ਦੀ ਲੋੜ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਤੁਹਾਡੀ ਮਾਰਫਤ ਹਾਊਸ ਨੂੰ ਅਰਜ਼ ਕਰਾਂਗਾ ਕਿ ਜਿਹੜੇ ਸਨਅੱਤਕਾਰ ਇੰਡਸਟਰੀ ਲਗਾ ਕੇ ਦੇਸ਼ ਲਈ ਵਿਦੇਸ਼ੀ ਮੁਦਰਾ ਕਮਾਉਂਦੇ ਹਨ, ਉਹ ਵੀ ਦੇਸ਼ ਨੂੰ ਉਸੇ ਤਰ੍ਹਾਂ ਖਿਦਮਤ ਅੰਜਾਮ ਦੇ ਰਹੇ ਹਨ ਜਿਸ ਤਰ੍ਹਾਂ ਸਰਹੱਦ ਤੇ ਖੜ੍ਹਾ ਹੋਇਆ ਇਕ ਸਿਪਾਹੀ ਦੇਸ਼ ਦੀ ਸੇਵਾ ਕਰ ਰਿਹਾ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਇਸ ਗੱਲ ਦੀ ਵੀ ਵਧਾਈ ਦੇਣੀ ਚਾਹੁੰਦਾ ਹਾਂ ਕਿ ਇੰਡਸਟਰੀ ਨੂੰ ਅੱਗੇ ਲਿਜਾਣ ਵਾਸਤੇ, ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰਨ ਵਾਸਤੇ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਇਹ ਵੀ ਐਲਾਨ ਕੀਤਾ ਹੈ ਕਿ ਅਸੀਂ ਇੰਡਸਟਰੀ ਨੂੰ ਇੰਸਪੈਕਟਰੀ ਰਾਜ ਤੋਂ ਮੁਕਤ ਕਰ ਦੇਵਾਂਗੇ।

ਅੱਗੇ, ਸਪੀਕਰ ਸਾਹਿਬ, ਐਨ. ਆਰ. ਆਈਜ਼, ਖਾਸ ਕਰਕੇ ਸਾਡੇ ਪੰਜਾਬ ਦੇ ਐਨ. ਆਰ. ਆਈਜ਼, ਸਾਡੇ ਹੰਸ ਜੋ ਵਿਦੇਸ਼ਾਂ ਵਿੱਚ ਬੈਠੇ ਹਨ, ਉਨ੍ਹਾਂ ਬਾਰੇ ਵੀ ਸਰਕਾਰ ਦੀ ਤਜਵੀਜ਼ ਹੈ ਕਿ ਉਨ੍ਹਾਂ ਨੂੰ ਪੰਜਾਬ ਦੀ ਖੁਸ਼ਹਾਲੀ ਦਾ, ਤਰੱਕੀ ਦਾ ਹਿੱਸੇਦਾਰ ਬਣਾਉਣਾ ਹੈ। ਮੈਂ ਸਮਝਦਾ ਹਾਂ ਕਿ ਇਹ ਗੱਲ ਵੀ ਸ਼ਲਾਘਾਯੋਗ ਹੈ। ਅੱਗੇ ਸਪੀਕਰ ਸਾਹਿਬ, ਪੰਜਾਬ ਦੇ ਵਿਚ ਜੋ ਆਇਲ ਰਿਫਾਈਨਰੀ ਪੈਟਰੋਲੀਅਮ ਦੀ ਖੁੱਲ੍ਹਣੀ ਹੈ, ਉਹ ਵੀ ਪੰਜਾਬ ਦੀ ਖੁਸ਼ਹਾਲੀ ਵਾਸਤੇ ਚਸ਼ਮਾ ਸਾਬਤ ਹੋਵੇਗੀ। ਜਿਸ ਵੇਲੇ ਇਹ ਆਇਲ ਰਿਫਾਈਨਰੀ ਮੁਕੰਮਲ ਹੋ ਜਾਵੇਗੀ, ਉਸਦੇ ਨਾਲ ਬਹੁਤ ਵੱਡੇ ਪੱਧਰ ਤੇ ਸਹਿਯੋਗੀ ਇੰਡਸਟਰੀਆਂ ਵੀ ਕਾਇਮ ਹੋ ਜਾਣਗੀਆਂ ਜਿਸ ਨਾਲ ਪੰਜਾਬ ਹੋਰ ਤਰੱਕੀ ਵੱਲ ਅੱਗੇ ਵੱਧ ਸਕੇਗਾ।

ਸਪੀਕਰ ਸਾਹਿਬ, ਸਰਕਾਰ ਦਾ ਦਾਅਵਾ ਹੈ ਕਿ ਬਿਜਲੀ ਅਤੇ ਟਰਾਂਸਪੋਰਟ ਦੇ ਖੇਤਰ ਵੱਲ ਵੀ ਪੂਰੀ ਤਵੱਜੋ ਦਿੱਤੀ ਜਾਵੇਗੀ। ਸਪੀਕਰ ਸਾਹਿਬ, ਪੂਰੇ ਹਿੰਦੁਸਤਾਨ ਵਿੱਚ ਅਤੇ ਖਾਸ ਕਰਕੇ ਪੰਜਾਬ ਵਿੱਚ ਟਰਾਂਸਮਿਸ਼ਨ ਲਾਸਿਜ਼ ਜੋ ਹਨ, ਉਹ ਤਕਰੀਬਨ 23 ਫੀਸਦੀ ਹਨ ਜਦੋਂ ਕਿ ਜੋ ਅੱਛੇ ਮੁਲਕ ਹਨ ਉਥੇ ਜੇ 10 ਫੀਸਦੀ ਤੋਂ ਵੱਧ ਟਰਾਂਸਮਿਸ਼ਨ ਲਾਸਿਜ਼ ਹੋ ਜਾਣ ਤਾਂ ਉਹ ਨਾਕਾਬਲੇ ਬਰਦਾਸ਼ਤ ਸਮਝੇ ਜਾਂਦੇ ਹਨ। ਸਾਡੀ ਗੱਲ ਆਉਂਦੀ ਹੈ ਕਿ ਅਸੀਂ 10 ਫੀਸਦੀ ਬਿਜਲੀ ਜੋ ਪੈਦਾ ਕਰਦੇ ਹਾਂ, ਉਹ ਅਸੀਂ ਲੋਕਾਂ ਵਿੱਚ ਆਪਣੀ ਅੱਛੀ ਸਰਕਾਰ ਦੇ ਜ਼ਰੀਏ ਤਕਸੀਮ ਕਰ ਸਕੀਏ। ਇਸ ਤੋਂ ਇਲਾਵਾ ਮੈਂ ਵਧਾਈ ਦੇਂਦਾ ਹਾਂ ਸਰਕਾਰ ਨੂੰ ਜਿਸਨੇ ਇਹ ਫੈਸਲਾ ਲਿਆ ਹੈ ਕਿ ਪੰਜਾਬ ਵਿੱਚ ਜਿੰਨੀਆਂ ਵੀ ਗੰਨਾ ਮਿੱਲਾਂ ਹਨ, ਉਹ ਬਿਜਲੀ ਖੁਦ ਪੈਦਾ ਕਰਨਗੀਆਂ

Original with;
Punjab Vidhan Sabha
Digitized by;
Panjab Digital Library

ਅਤੇ ਉਨ੍ਹਾਂ ਪਾਸ ਜੋ ਵਾਧੂ ਬਿਜਲੀ ਹੋਵੇਗੀ ਤਾਂ ਸਟੇਟ ਉਸਨੂੰ ਖਰੀਦਣ ਲਈ ਤਿਆਰ ਹੈ। ਅੱਗੇ ਸਪੀਕਰ ਸਾਹਿਬ, ਪੰਜਾਬ ਦੀਆਂ ਤਮਾਮ ਨਹਿਰਾਂ ਉਤੇ ਜੋ ਮਿੰਨੀ ਹਾਈਡਲ ਪ੍ਰਜੈਕਟ ਬਣਾਉਣ ਦੀ ਸਰਕਾਰ ਦੀ ਤਜਵੀਜ਼ ਹੈ ਉਹ ਵੀ ਕਾਫੀ ਸ਼ਲਾਘਾਯੋਗ ਹੈ। ਲਹਿਰਾ ਮੁਹੱਬਤ ਪਾਵਰ ਪ੍ਰਜੈਕਟ ਦਾ ਕੰਮ ਤੇਜ਼ੀ ਨਾਲ ਚਲ ਰਿਹਾ ਹੈ ਅਤੇ ਰਣਜੀਤ ਸਾਗਰ ਡੈਮ ਦੇ ਵੀ ਸਾਲ ਡੇਢ ਸਾਲ ਵਿਚ ਮੁਕੰਮਲ ਹੋਣ ਦੀ ਆਸ ਹੈ। ਹੋਰ ਵੀ ਕਈ ਪਾਵਰ ਪ੍ਰਜੈਕਟਾਂ ਤੇ ਕੰਮ ਚਲ ਰਿਹਾ ਹੈ ਅਤੇ ਜਦੋਂ ਇਨ੍ਹਾਂ ਸਾਰਿਆਂ ਤੋਂ ਬਿਜਲੀ ਪੈਦਾ ਹੋਵੇਗੀ ਤਾਂ ਇਹ ਬਿਜਲੀ ਪੰਜਾਬ ਦੇ ਕੋਨੇ ਕੋਨੇ ਤੇ, ਚੱਪੇ ਚੱਪੇ ਤੇ ਪੰਜਾਬ ਦੀ ਇੰਡਸਟਰੀ ਦੀ ਅਤੇ ਪੰਜਾਬ ਦੇ ਟਿਊਬਵੈੱਲਾਂ ਦੇ ਦਿਲ ਦੀ ਧੜਕਨ ਬਣੇਗੀ।

ਅੱਗੇ ਸਪੀਕਰ ਸਾਹਿਬ, ਫੋਕਲ ਪੁਆਇੰਟ ਬਣਾਉਣ ਦੀ ਜੋ ਸਕੀਮ ਹੈ ਜਿਸ ਵਿਚ ਪਿਛਲੀਆਂ ਸਰਕਾਰਾਂ ਨੇ ਰੁਕਾਵਟ ਲਿਆ ਦਿੱਤੀ ਸੀ, ਉਹ ਵੀ ਦਿਹਾਤੀ ਵਿਕਾਸ ਲਈ ਲਾਜ਼ਮੀ ਹੈ। ਮੈਂ ਸਰਕਾਰ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਇਸਨੇ ਫੈਸਲਾ ਕੀਤਾ ਹੈ ਕਿ ਇਸ ਸਕੀਮ ਨੂੰ ਮੁੜ ਤੋਂ ਸ਼ੁਰੂ ਕੀਤਾ ਜਾਵੇਗਾ। ਹਰ ਬਲਾਕ ਲਈ ਇਕ ਮਾਸਟਰ ਪਲਾਨ ਜੋ ਸਰਕਾਰ ਨੇ ਤਿਆਰ ਕੀਤਾ ਹੈ, ਉਹ ਬਹੁਤ ਸ਼ਲਾਘਾਯੋਗ ਹੈ ਭਾਵੇਂ ਇਸ ਮਾਸਟਰ ਪਲਾਨ ਤੇ ਕੰਮ ਫੌਰਨ ਸ਼ੁਰੂ ਨਾ ਵੀ ਹੋ ਸਕੇ ਪਰ ਸਰਵਪੱਖੀ ਤੌਰ ਤੇ ਹਰ ਬਲਾਕ ਦੇ ਲਈ ਜੋ ਮਾਸਟਰ ਪਲਾਨ ਬਣੇ ਹਨ ਉਸ ਦੇ ਨਾਲ ਸਾਡੀ ਸਟੇਟ ਦੀ ਜੋ ਡਿਵੈਲਪਮੈਂਟ ਹੈ, ਉਹ ਸਰਵਪੱਖੀ ਤੌਰ ਤੇ ਅਤੇ ਸਹੀ ਤੌਰ ਤੇ ਹੋ ਸਕਦੀ ਹੈ। ਪਿਛਲੇ ਸਾਲਾਂ ਦਾ ਸਾਡਾ ਤਜਰਬਾ ਰਿਹਾ ਹੈ ਕਿ ਪੰਜਾਬ ਦੀ ਜੋ ਡਿਵੈਲਪਮੈਂਟ ਹੈ, ਉਹ ਬੜੀ ਲੋਪ-ਸਾਈਡਿਡ ਹੈ।

ਹਰੇਕ ਬਲਾਕ ਵਿੱਚ ਆਦਰਸ਼ ਸਕੂਲ ਖੋਲ੍ਹਣ ਦੀ ਜੋ ਤਜਵੀਜ਼ ਹੈ, ਉਸ ਦੇ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ। ਇਨ੍ਹਾਂ ਸਕੂਲਾਂ ਵਿਚ ਸਾਡੇ ਬੱਚੇ ਪੜ੍ਹ ਲਿਖ ਕੇ ਹਿੰਦੁਸਤਾਨ ਦੇ ਦੂਜੇ ਬੱਚਿਆਂ ਦੇ ਮੁਕਾਬਲੇ ਤੇ ਉਤਰ ਸਕਣਗੇ। ਮੈਂ ਆਪਣੇ ਵੱਲੋਂ ਸਰਕਾਰ ਨੂੰ ਸਿਫਾਰਿਸ਼ ਕਰਦਾ ਹਾਂ ਕਿ ਇਨ੍ਹਾਂ ਸਕੂਲਾਂ ਦੀ ਤਦਾਦ ਦੇ ਵਿਚ ਹਰ ਸਾਲ ਇਜ਼ਾਫਾ ਕੀਤਾ ਜਾਵੇ।

ਮੈਂ ਕੇਵਲ ਰਸਮੀ ਤੌਰ ਤੇ ਹੀ ਨਹੀਂ ਬਲਕਿ ਦਿਲੋਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਸਨੇ ਪੰਜਾਬ ਦੀ ਤਰੱਕੀ ਵਿਚ, ਅੱਗੇ ਵੱਧਣ ਵਿਚ ਜੋ ਰੁਕਾਵਟਾਂ ਹਨ, ਉਨ੍ਹਾਂ ਨੂੰ ਦੂਰ ਕਰਨ ਵਾਸਤੇ ਬੜੇ ਠੋਸ ਕਦਮ ਚੁੱਕੇ ਹਨ। ਅੱਜ ਪੰਜਾਬ ਦਾ ਢਾਈ ਲੱਖ ਹੈਕਟੇਅਰ ਰਕਬਾ ਸੇਮਜ਼ਦਾ ਹੋ ਚੁੱਕਿਆ ਹੈ। ਪੰਜਾਬ ਦੀ ਜੋ ਮਿੱਟੀ ਹੈ, ਪੰਜਾਬ ਦਾ ਜੋ ਪਾਣੀ ਹੈ, ਉਸ ਦੀ ਕੁਆਲਟੀ ਦਿਨੋ-ਦਿਨ ਖਰਾਬ ਹੁੰਦੀ ਜਾ ਰਹੀ ਹੈ। ਇਸ ਸਮੱਸਿਆ ਨੂੰ ਦੂਰ ਕਰਨ ਵਾਸਤੇ 120 ਕਰੋੜ ਰੁਪਏ ਦੀ ਲਾਗਤ ਨਾਲ ਸੇਮ ਨੂੰ ਦੂਰ ਕਰੋਨ ਦੇ ਕੰਮ ਸ਼ੁਰੂ ਕਰਨ ਵਾਸਤੇ ਸਰਕਾਰ ਦੀ ਜੋ ਤਜਵੀਜ਼ ਹੈ, ਉਸ ਨਾਲ ਢਾਈ ਲੱਖ ਹੈਕਟੇਅਰ ਰਕਬਾ ਸਾਲ ਡੇਢ ਸਾਲ ਦੇ ਵਿਚ ਕਾਸ਼ਤਯੋਗ ਹੋ ਜਾਵੇਗਾ। ਇਸ ਜ਼ਮੀਨ ਨੂੰ ਗਰੀਨ ਮੋਨਿਟਰ ਅਧੀਨ ਲਿਆਂਦਾ ਜਾਵੇਗਾ ਤਾਂ ਕਿ ਖੇਤੀਬਾੜੀ ਦੇ ਖੇਤਰ ਵਿਚ ਪੰਜਾਬ ਦੀ ਜਿਹੜੀ ਸਰਪ੍ਰਸਤੀ ਹੈ, ਉਸ ਨੂੰ ਅਸੀਂ ਕਾਇਮ ਰੱਖ ਸਕੀਏ। ਇਸ ਗੱਲ ਦੇ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ।

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਅੱਜ ਸਮੇਂ ਦੀ ਲੋੜ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਖੇਤੀਬਾੜੀ ਦੇ ਧੰਦੇ ਨਾਲੋਂ ਨਿਖੇੜ ਕੇ ਉਨ੍ਹਾਂ ਲਈ ਆਮਦਨ ਦੇ ਹੋਰ ਜ਼ਰੀਏ ਪੈਦਾ ਕਰੀਏ । ਇਸ ਮਕਸਦ ਲਈ ਸਰਕਾਰ ਨੇ ਡੇਅਰੀ, ਪੋਲਟਰੀ ਅਤੇ ਫਿਸ਼ਰੀ ਦੀਆਂ ਸਕੀਮਾਂ ਚਾਲੂ ਕੀਤੀਆਂ ਹਨ । ਇਨ੍ਹਾਂ ਸਕੀਮਾਂ ਨਾਲ ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਬੜੀ ਵੱਡੀ ਤਦਾਦ ਵਿੱਚ ਬੱਚਿਆਂ ਨੂੰ ਮੁਲਾਜ਼ਮਤ ਮਿਲ ਸਕੇਗੀ ਅਤੇ ਉਨ੍ਹਾਂ ਦੀ ਆਮਦਨ ਵੱਧ ਸਕੇਗੀ । ਅਜੇ ਵੀ ਗੁੰਜਾਇਸ਼ ਹੈ ਕਿ ਕੋਆਪ੍ਰੇਟਿਵ ਸੈਕਟਰ ਨੂੰ ਇਨ੍ਹਾਂ ਖੇਤਰਾਂ ਵਿੱਚ ਹੋਰ ਜ਼ਿਆਦਾ ਮੂਵ ਕੀਤਾ ਜਾਵੇ ।

ਅੱਜ ਦੁਨੀਆਂ ਦੇ ਸਾਹਮਣੇ ਇੱਕ ਹੋਰ ਬੜਾ ਵੱਡਾ ਮੁੱਦਾ ਇਹ ਹੈ ਕਿ ਪਾਲਿਊਸ਼ਨ ਨੂੰ ਕਿਸ ਤਰ੍ਹਾਂ ਘੱਟ ਕੀਤਾ ਜਾਵੇ । ਇਸ ਮਕਸਦ ਲਈ ਸਰਕਾਰ ਨੇ ਫਾਰਮ ਫਾਰੈਸਟਰੀ ਦੀਆਂ ਸਕੀਮਾਂ ਤਜਵੀਜ਼ ਕੀਤੀਆਂ ਹਨ । ਇਹ ਬੜਾ ਸ਼ਲਾਘਾਯੋਗ ਕਦਮ ਹੈ ਪਰ ਇਸ ਦੇ ਨਾਲ ਮਹਿਕਮਾ ਜੰਗਲਾਤ ਦੇ ਜਿਹੜੇ ਅਫਸਰ ਹਨ, ਉਨ੍ਹਾਂ ਨੂੰ ਓਵਰਟਾਈਮ ਕੰਮ ਕਰਨਾ ਪਵੇਗਾ ਕਿ ਉਹ ਇਨ੍ਹਾਂ ਸਕੀਮਾਂ ਦੀ ਜੋ ਅਹਿਮੀਅਤ ਹੈ ਅਤੇ ਜੋ ਇਨ੍ਹਾਂ ਦੇ ਆਰਥਿਕ ਲਾਭ ਹੋ ਸਕਦੇ ਹਨ, ਉਹ ਕਿਸਾਨਾਂ ਤੱਕ ਪਹੁੰਚਾਉਣ । ਹਰੇਕ ਸਕੂਲ, ਹਰੇਕ ਕਾਲਜ, ਹਰੇਕ ਯੂਨੀਵਰਸਿਟੀ, ਹਰੇਕ ਸਰਕਾਰੀ ਅਦਾਰੇ ਅਤੇ ਹਰੇਕ ਮਹਿਕਮੇ ਨੂੰ ਇਸ ਸਕੀਮ ਵਿਚ ਸ਼ਾਮਲ ਕਰਨ ਦੀ ਲੋੜ ਹੈ ਤਾਂ ਕਿ ਸਰਕਾਰ ਦੀ ਇੱਕ ਗਜ਼ ਜ਼ਮੀਨ ਵੀ ਐਸੀ ਨਾ ਰਹਿ ਜਾਵੇ ਜਿਸ ਵਿਚ ਦਰੱਖਤ ਨਾ ਲੱਗਿਆ ਹੋਵੇ ਅਤੇ ਪੰਜਾਬ ਦੀ ਆਬੋ-ਹਵਾ ਨੂੰ ਅਸੀਂ ਸਾਫ ਕਰ ਸਕੀਏ ।

ਸਿਹਤ ਦੇ ਖੇਤਰ ਵਿੱਚ ਪੰਜਾਬ ਵਿੱਚ ਭਾਵੇਂ ਦੂਸਰੇ ਸੂਬਿਆਂ ਨਾਲੋਂ ਜ਼ਿਆਦਾ ਸਹੂਲਤਾਂ ਹਨ, ਫਿਰ ਵੀ ਇਸ ਵਿਚ ਸੁਧਾਰ ਦੀ ਕਾਫੀ ਗੁੰਜਾਇਸ਼ ਰਹਿ ਜਾਂਦੀ ਹੈ । ਸਾਨੂੰ ਮਾਣ ਹੈ ਆਪਣੇ ਡਾਕਟਰ ਸਾਹਿਬਾਨ ਤੇ, ਜੋ ਬੜੀ ਲਗਨ ਨਾਲ ਆਪਣਾ ਫਰਜ਼ ਪੂਰਾ ਕਰ ਰਹੇ ਹਨ ਲੇਕਿਨ ਫੰਡਾਂ ਦੀ ਘਾਟ ਕਾਰਨ ਜਿਹੜਾ ਸਾਡਾ ਸਿਹਤ ਦਾ ਮਿਆਰ ਹੈ, ਉਹ ਦੂਸਰੇ ਮੁਲਕਾਂ ਦੇ ਹਿਸਾਬ ਨਾਲ ਬੜਾ ਥੱਲੇ ਹੈ । ਜੋ ਪ੍ਰੀਵੈਨਸ਼ਨ ਸਕੀਮਾਂ ਸਰਕਾਰ ਨੇ ਇਸ ਸਬੰਧ ਵਿਚ ਤਜਵੀਜ਼ ਕੀਤੀਆਂ ਹਨ, ਉਸ ਦੇ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ । ਇਨ੍ਹਾਂ ਸਕੀਮਾਂ ਨਾਲ ਸਰਕਾਰ ਦੀ ਕੋਸ਼ਿਸ਼ ਹੋਵੇਗੀ ਕਿ ਉਹ ਲੋਕਾਂ ਦਾ ਬਿਮਾਰੀਆਂ ਤੋਂ ਬਚਾ ਕਰ ਸਕੇ ਅਤੇ ਮਹਿਕਮਾ ਤਾਲੀਮ ਨਾਲ ਤਾਲਮੇਲ ਕਰਕੇ ਹਰ ਘਰ ਵਿੱਚ ਸਿਹਤ ਦਾ ਪੈਗਾਮ ਪਹੁੰਚਾ ਸਕੇ ।

ਅੱਜ ਸਮਾਂ ਆ ਗਿਆ ਹੈ ਕਿ ਸ਼ਹਿਰਾਂ ਦੀ ਆਬਾਦੀ ਨੂੰ ਦੇਖਦੇ ਹੋਏ "ਪੁੱਡਾ" ਦੀ ਜਿਹੜੀ ਅਥਾਰਿਟੀ ਬਣਾਈ ਹੈ, ਉਸ ਨੂੰ ਅਗਲੇ ਗੇਅਰ ਵਿਚ ਪਾਇਆ ਜਾਵੇ। ਪੰਜਾਬ ਅੱਗੇ ਹੀ ਇਸ ਸਕੀਮ ਵਿੱਚ ਬਹੁਤ ਲੇਟ ਹੋ ਗਿਆ ਹੈ । ਅੱਜ ਲੋੜ ਹੈ ਕਿ ਪੁੱਡਾ ਛੋਟੀਆਂ ਛੋਟੀਆਂ ਮੰਡੀਆਂ ਦੇ ਵਿੱਚ ਜਾ ਕੇ ਉਨ੍ਹਾਂ ਸ਼ਹਿਰਾਂ ਦਾ ਮਾਸਟਰ ਪਲਾਨ ਬਣਾਏ ਤਾਂ ਕਿ ਜੋ ਸ਼ਹਿਰਾਂ ਦੇ ਕੋਲ ਆਬਾਦੀਆਂ ਦੇ ਵਿੱਚ ਵਾਧਾ ਹੋਇਆ ਹੈ ਉਹ ਕਿਸੇ ਮਾਸਟਰ ਪਲਾਨ ਦੇ ਤਹਿਤ ਹੋਵੇ । ਮੈਂ ਸਰਕਾਰ ਨੂੰ ਇਸ ਗੱਲ ਦੀ

Original with;
Punjab Vidhan Sabha
Digitized by;
Panjab Digital Library

ਮੁਬਾਰਕਬਾਦ ਦਿੰਦਾ ਹਾਂ ਕਿ ਸਰਕਾਰ ਨੇ ਇਸ ਗੱਲ ਨੂੰ ਪਛਾਣਿਆ ਹੈ ਕਿ ਸਰਕਾਰ ਇਹ ਬੋਝ ਆਪ ਨਹੀਂ ਚੁੱਕ ਸਕਦੀ ਭਾਵੇਂ ਰਿਹਾਇਸ਼ੀ ਮਕਾਨ ਹੋਣ, ਬੇਸ਼ੱਕ ਉਹ ਪੱਛੜੀਆਂ ਸ਼੍ਰੇਣੀਆਂ ਵਾਸਤੇ ਹੋਣ ਅਤੇ ਭਾਵੇਂ ਮਿਡਲ ਕਲਾਸ ਵਾਸਤੇ ਹੋਣ । ਇਸ ਵਿੱਚ ਪ੍ਰਾਈਵੇਟ ਡਿਵੈਲਪਰਜ਼ ਨੂੰ ਸ਼ਾਮਲ ਕਰਨ ਦੀ ਅੱਜ ਬਹੁਤ ਲੋੜ ਹੈ । ਸਪੀਕਰ ਸਾਹਿਬ, ਹਰਿਆਣੇ ਦਾ ਤਜਰਬਾ ਸਾਡੀਆਂ ਅੱਖਾਂ ਦੇ ਸਾਹਮਣੇ ਹੈ । ਹਰਿਆਣੇ ਅੰਦਰ 'ਹੁੱਡਾ' ਨੂੰ ਇਸ ਵਿੱਚ ਬੜੀ ਸਫਲਤਾ ਹਾਸਲ ਹੋਈ ਹੈ ਕਿਉਂਕਿ ਉਨ੍ਹਾਂ ਨੇ ਪ੍ਰਾਈਵੇਟ ਡਿਵੈਲਪਰਜ਼ ਨੂੰ ਮਕਾਨ ਬਣਾਉਣ ਦੇ ਕੰਮ ਵਿੱਚ ਸ਼ਾਮਲ ਕੀਤਾ ਸੀ ।

ਸਪੀਕਰ ਸਾਹਿਬ, ਜੇਲ੍ਹਾਂ ਦੇ ਵਿੱਚ ਜੋ ਵੋਕੇਸ਼ਨਲ ਟਰੇਨਿੰਗ ਸਕੀਮਾਂ ਚੱਲ ਰਹੀਆਂ ਹਨ, ਮੈਂ ਸਮਝਦਾ ਹਾਂ ਕਿ ਇਹ ਵੀ ਬਹੁਤ ਸ਼ਲਾਘਾਯੋਗ ਉੱਦਮ ਹੈ, ਕਿਉਂਕਿ ਸਰਕਾਰ ਇਹ ਚਾਹੁੰਦੀ ਹੈ ਕਿ ਜਿਹੜੀਆਂ ਇਹ ਜੇਲ੍ਹਾਂ ਹਨ ਇਹ ਸੁਧਾਰ ਘਰ ਬਣਨ, ਜਿਸ ਵਿੱਚ ਸਜ਼ਾਯਾਫਤਾ ਆਦਮੀ ਜਦੋਂ ਫਰੀ ਹੋ ਕੇ ਬਾਹਰ ਆਵੇ ਤਾਂ ਉਹ ਸਮਾਜ ਦਾ ਜ਼ਿੰਮੇਵਾਰ ਸ਼ਹਿਰੀ ਬਣ ਸਕੇ । ਇਸ ਗੱਲ ਦੀ ਵੀ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ ।

ਸਪੀਕਰ ਸਾਹਿਬ, ਮੈਂ ਇਸ ਗੱਲ ਲਈ ਵੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਲੋਕਲ ਗੌਰਮਿੰਟ ਨੂੰ ਵਿੱਤੀ ਤੌਰ ਤੇ ਖੁਦਮੁਖਤਾਰੀ ਦੇਣ ਦੀ ਸਰਕਾਰ ਦੀ ਤਜਵੀਜ਼ ਹੈ । ਪਰ ਮੈਂ ਉਥੇ ਇਹ ਵੀ ਸਿਫਾਰਸ਼ ਕਰਾਂਗਾ ਕਿ ਲੋਕਲ ਗੌਰਮਿੰਟ ਨੂੰ ਫਾਇਨੈਂਸ਼ੀਅਲ ਅਟਾਨਮੀ ਥੱਲੇ ਵੀ ਲਿਆਂਦਾ ਜਾਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਜੋ ਪੈਸਾ ਉਗਰਾਹੀ ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ ਜਾਂ ਜੋ ਸਰਕਾਰ ਵੱਲੋਂ ਗਰਾਂਟਾਂ ਮਿਲਦੀਆਂ ਹਨ, ਉਨ੍ਹਾਂ ਦਾ ਸਹੀ ਢੰਗ ਦੇ ਨਾਲ ਚੈਕ ਹੋ ਸਕੇ ।

ਸਪੀਕਰ ਸਾਹਿਬ, ਐਜੂਕੇਸ਼ਨ, ਖਾਸ ਤੌਰ ਤੇ ਬੁਨਿਆਦੀ ਤਾਲੀਮ ਇਕ ਬਹੁਤ ਹੀ ਅਹਿਮ ਮਸਲਾ ਹੈ ਔਰ ਇਹ ਸਾਡਾ ਸਭ ਤੋਂ ਉਚਾ ਮਸਲਾ ਹੈ, ਜਿਸ ਵਿੱਚ ਅਸੀਂ ਪਿੱਛੇ ਰਹਿ ਗਏ ਹਾਂ । ਮੈਂ ਸਰਕਾਰ ਨੂੰ ਮੁਬਾਰਿਕਬਾਦ ਦਿੰਦਾ ਹਾਂ ਕਿ ਗਵਰਨਰ ਸਾਹਿਬ, ਨੇ ਫਰਮਾਇਆ ਸੀ ਕਿ ਸੂਬੇ ਦੇ ਵਿੱਚ ਕੋਈ ਵੀ ਅਜਿਹਾ ਸਕੂਲ ਨਹੀਂ ਹੋਏਗਾ ਜਿਸ ਦੇ ਵਿੱਚ ਮੁਨਾਸਿਬ ਅਧਿਆਪਕ ਉਥੇ ਨਾ ਹੋਣ । ਜੋ ਅਧਿਆਪਕਾਂ ਦੀਆਂ, ਉਸਤਾਦਾਂ ਦੀਆਂ ਪੋਸਟਾਂ ਖਾਲੀ ਹਨ, ਉਹ ਪੁਰ ਕੀਤੀਆਂ ਜਾਣਗੀਆਂ । ਇਹ ਇਕ ਬਹੁਤ ਹੀ ਜ਼ਰੂਰੀ ਮਸਲਾ ਹੈ, ਜਿਸ ਵਿਚ ਸਰਕਾਰ ਨੂੰ ਪੂਰਾ ਤੱਵਜੋ ਦੇਣੀ ਚਾਹੀਦੀ ਹੈ । ਹਿਸਾਬ ਨੂੰ, ਸਾਇੰਸ ਅਤੇ ਇਨਫ਼ਰਮੇਸ਼ਨ ਤਕਨਾਲੋਜੀ ਨੂੰ ਬੱਚਿਆਂ ਤੱਕ ਪਹੁੰਚਾਉਣਾ, ਇਸੇ ਵਿੱਚ ਹੀ ਪੰਜਾਬ ਦਾ ਭਵਿੱਖ ਹੈ । ਆਖਿਰ ਦੇ ਵਿੱਚ, ਸਪੀਕਰ ਸਾਹਿਬ, ਸਰਕਾਰ ਨੇ ਪੀਣ ਵਾਲੇ ਪਾਣੀ ਲਈ ਜੋ ਸਕੀਮਾਂ ਤਜਵੀਜ਼ ਕੀਤੀਆਂ ਹਨ, ਉਨ੍ਹਾਂ ਲਈ ਵੀ ਮੈਂ ਸਰਕਾਰ ਨੂੰ ਮੁਬਾਰਿਕਬਾਦ ਦੇਣਾ ਚਾਹੁੰਦਾ ਹਾਂ ਅਤੇ ਕਹਿਣਾ ਚਾਹੁੰਦਾ ਹਾਂ ਕਿ ਕੇਂਦਰੀ ਸਰਕਾਰ ਦੀ ਹੈਲਪ ਦੇ ਨਾਲ, ਵਰਲਡ ਬੈਂਕ ਦੀ ਮੱਦਦ ਨਾਲ ਸਰਕਾਰ ਨੇ ਜੋ ਨਜ਼ਰੀਆ ਰੱਖਿਆ ਹੈ ਕਿ ਅਗਲੇ ਤਿੰਨ-ਚਾਰ ਸਾਲਾਂ ਦੇ ਵਿੱਚ ਸੂਬੇ ਦੇ ਵਿੱਚ ਕੋਈ ਆਬਾਦੀ ਅਜਿਹੀ ਨਹੀਂ ਹੋਏਗੀ ਜਿਸ ਵਿਚ ਪੀਣ ਵਾਲਾ ਪਾਣੀ ਨਹੀਂ ਹੋਵੇਗਾ । ਇਹ ਇਕ ਸ਼ਲਾਘਾਯੋਗ ਗੱਲ ਹੈ । ਸਪੀਕਰ ਸਾਹਿਬ, ਅੱਜ ਦੀ ਸਰਕਾਰ ਦੇ ਅੱਗੇ ਬੜੀਆਂ ਮੁਸ਼ਕਲਾਂ ਆਉਣਗੀਆਂ ਅਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਇਨ੍ਹਾਂ ਮੁਸ਼ਕਲਾਂ ਦਾ ਸਰਕਾਰ ਨੇ ਸਾਹਮਣਾ ਕਰਨਾ ਹੈ । ਮੈਂ ਇਕ ਸ਼ਾਇਰ ਦੇ ਅਲਫ਼ਾਜ਼ ਜੋ ਕਿ ਇਕ ਬਾਜ਼ ਨੂੰ ਮੁਖਾਤਿਬ ਹਨ, ਉਹ ਬਾਜ਼ ਜਿਹੜਾ ਕਿ ਬੜੇ ਸ਼ੌਕ ਦੇ ਨਾਲ ਹਵਾ ਦੇ ਵਿੱਚ ਉਚੀਆਂ ਉਡਾਰੀਆਂ ਲਗਾਉਂਦਾ ਹੈ, ਉਸ ਦੇ ਬਾਰੇ ਲਿਖੇ ਹਨ, ਕਹਿ ਕੇ ਆਪ ਜੀ ਦਾ ਧੰਨਵਾਦ ਕਰਦਾ ਹਾਂ । ਉਸ ਸ਼ਾਇਰ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

ਤੁਨਦੀਆ ਬਧਾਈ ਮੁਖਾਲਿਤ ਸੇ ਨਾ ਘਬਰਾ ਐ ਉਕਾਬ
ਯੇਹ ਤੋ ਚਲਤੀ ਹੈ ਤੁਝੇ ਉਚਾ ਉਡਾਨੇ ਕੇ ਲੀਏ ।
ਜੈ ਹਿੰਦ ।

**ਸ੍ਰੀ ਸਪੀਕਰ** : ਮਤਾ ਪੇਸ਼ ਕੀਤਾ ਜਾਂਦਾ ਹੈ ਕਿ ਰਾਜਪਾਲ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ ।

"ਕਿ ਇਸ ਸਦਨ ਵਿਚ ਇਕੱਤਰ ਇਸ ਸਦਨ ਦੇ ਮੈਂਬਰ ਰਾਜਪਾਲ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 5 ਮਾਰਚ, 1997 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ ।"

**ਚੌਧਰੀ ਜਗਜੀਤ ਸਿੰਘ** (ਕਰਤਾਰਪੁਰ, ਐਸ. ਸੀ.): ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰਜ਼ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ । ਗਵਰਨਰ ਸਾਹਿਬ ਨੇ ਜੋ ਭਾਸ਼ਣ ਸਾਨੂੰ ਐਸੰਬਲੀ ਦੇ ਵਿਚ ਦਿੱਤਾ ਹੈ, ਜੇ ਇਸ ਨੂੰ ਧਿਆਨ ਦੇ ਨਾਲ ਪੜ੍ਹਿਆ ਜਾਵੇ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਿਹੜੀ ਸਾਡੀ ਪਿਛਲੀ ਸਰਕਾਰ ਸੀ, ਉਸ ਦੀਆਂ ਜੋ ਉਪਲਬਧੀਆਂ ਹਨ ਅਤੇ ਜੋ ਉਸਦੇ ਪ੍ਰੋਗਰਾਮ ਹਨ, ਉਨ੍ਹਾਂ ਦਾ ਹੀ ਇਸ ਵਿੱਚ ਜ਼ਿਕਰ ਕੀਤਾ ਗਿਆ ਹੈ । ਕੋਈ ਨਵੀਂ ਚੀਜ਼ ਇਸ ਵਿੱਚ ਹੋਰ ਨਹੀਂ ਲਿਖੀ ਗਈ । ਕੋਈ ਨਵੀਂ ਸੇਧ ਇਸ ਵਿੱਚ ਨਹੀਂ ਦਿੱਤੀ ਹੈ । ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਕਹਿਣਾ ਚਾਹੁੰਦਾ ਹਾਂ ਕਿ ਇਥੇ ਜ਼ਿਕਰ ਆਇਆ ਹੈ ਅੱਤਵਾਦ ਦਾ, ਇਥੇ ਜ਼ਿਕਰ ਆਇਆ ਹੈ ਟਕਰਾਓ ਦੀ ਪਾਲਿਸੀ ਦਾ, ਇਥੇ ਜ਼ਿਕਰ ਆਇਆ ਹੈ ਕਿ ਪੰਜਾਬ ਵਿੱਚ ਜਿਹੜੀ ਡਿਵੈਲਪਮੈਂਟ ਹੈ ਉਹ ਪਿਛਲੇ ਸਮੇਂ ਵਿਚ ਬਹੁਤ ਘੱਟ ਹੋਈ ਹੈ । ਪਰ ਇਥੇ ਮੈਂ ਇਹ ਜ਼ਰੂਰ ਕਹਿਣਾ ਚਾਹਾਂਗਾ ਕਿ ਜੇ ਅਸੀਂ ਪਿੱਛੇ ਝਾਤੀ ਮਾਰੀਏ ਤਾਂ ਜਦੋਂ ਅੰਮ੍ਰਿਤਸਰ ਦੇ ਵਿੱਚ ਨਿਰੰਕਾਰੀ ਸੰਮੇਲਨ ਹੋ ਰਿਹਾ ਸੀ, ਉਨ੍ਹਾਂ ਨੂੰ ਜਾ ਕੇ ਉਥੇ ਮਾਰਿਆ ਗਿਆ । ਮੈਂ ਸਮਝਦਾ ਹਾਂ ਕਿ ਪੰਜਾਬ ਵਿੱਚ ਉਸ ਵੇਲੇ ਅੱਤਵਾਦ ਦਾ ਨੀਂਹ ਪੱਥਰ ਰੱਖਿਆ ਗਿਆ ਸੀ । (ਵਿਘਨ).... ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਇਹ ਸਾਰਿਆਂ ਨੂੰ ਪਤਾ ਹੈ ਕਿ ਉਸ ਪਿਛੇ ਕਿਸ ਪਾਰਟੀ ਦਾ ਹੱਥ ਸੀ .....

**ਸਰਦਾਰ ਰਣਜੀਤ ਸਿੰਘ ਛੱਜਲਵੱਡੀ**: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ ਕਿ ਉਥੇ ਨਿਰੰਕਾਰੀਆਂ ਨੇ ਸਿੱਖਾਂ ਉਤੇ ਹਮਲਾ ਕੀਤਾ ਸੀ ਜਿਸ ਦੇ ਵਿਚ

Original with;
Punjab Vidhan Sabha
Digitized by;
Panjab Digital Library

ਕਾਂਗਰਸ ਦੀ ਸ਼ਾਮਲ ਸੀ ਇਹ ਪ੍ਰੀ-ਪਲਾਨਿੰਗ ਸੀ ਅਤੇ ਯੋਜਨਾ ਕਾਂਗਰਸ ਵੱਲੋਂ ਬਣਾਈ ਗਈ ਸੀ ਕਿ ਉਥੇ ਲੜਾਈ ਕਰਾਉਣੀ ਹੈ, ਕਤਲੇਆਮ ਕਰਾਉਣਾ ਹੈ। ਇਨ੍ਹਾਂ ਨੂੰ ** ਆਉਣੀ ਚਾਹੀਦੀ ਹੈ ... (ਵਿਘਨ)

**ਸ੍ਰੀ ਸਪੀਕਰ**. ** ਸ਼ਬਦ ਅਨਪਾਰਲੀਮੈਂਟਰੀ ਹੈ। ਇਹ ਐਕਸਪੰਜ ਕੀਤਾ ਜਾਂਦਾ ਹੈ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਇਹ ਕਾਂਗਰਸ ਪਾਰਟੀ ਤੇ ਇਲਜ਼ਾਮ ਲਗਾਉਂਦੇ ਹਨ। ਕਾਂਗਰਸ ਪਾਰਟੀ ਉਹ ਪਾਰਟੀ ਹੈ ਜਿਸ ਨੇ ਦੇਸ਼ ਨੂੰ ਆਜ਼ਾਦੀ ਪ੍ਰਾਪਤ ਕਰਕੇ ਦਿੱਤੀ। ਕਾਂਗਰਸ ਪਾਰਟੀ ਉਹ ਪਾਰਟੀ ਹੈ ਜਿਸ਼ ਨੇ ਦੇਸ਼ ਅੰਦਰ ਆਜ਼ਾਦੀ ਦੀਆਂ ਨੀਹਾਂ ਪੱਕੀਆਂ ਅਤੇ ਮਜ਼ਬੂਤ ਕੀਤੀਆਂ। ਇਹ ਦੇਸ਼ ਭਗਤਾਂ ਦੀ ਪਾਰਟੀ ਹੈ। ਇਹ ਲੋਕਾਂ ਨੂੰ ਪਿਆਰ ਕਰਨ ਵਾਲੀ ਪਾਰਟੀ ਹੈ, ਲੋਕਾਂ ਨੂੰ ਨਾਲ ਲੈ ਕੇ ਚਲਣ ਵਾਲੀ ਪਾਰਟੀ ਹੈ ਅਤੇ ਲੋਕਾਂ ਦੀ ਸੇਵਾ ਕਰਨ ਵਾਲੀ ਪਾਰਟੀ ਹੈ ਅਤੇ ਲੋਕਾਂ ਦੇ ਭਲੇ ਵਾਸਤੇ ਕੰਮ ਕਰਨ ਵਾਲੀ ਪਾਰਟੀ ਹੈ ... (ਵਿਘਨ)

**ਸਰਦਾਰ ਸਰਵਣ ਸਿੰਘ**: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਮਾਨਯੋਗ ਮੈਂਬਰ ਸਾਹਿਬ ਕਾਂਗਰਸ ਪਾਰਟੀ ਦੀ ਬੜੀ ਸ਼ਲਾਘਾ ਕਰ ਰਹੇ ਹਨ। ਸ਼ਾਇਦ ਉਨ੍ਹਾਂ ਨੂੰ ਭੁਲੇਖਾ ਲੱਗਾ ਹੈ ਕਿ ਕਾਂਗਰਸ ਪਾਰਟੀ ਦੇਸ਼ ਭਗਤਾਂ ਦੀ ਪਾਰਟੀ ਹੈ। ਇਹ ਹੁਣ ਦੇਸ਼ ਭਗਤਾਂ ਦੀ ਪਾਰਟੀ ਨਹੀਂ ਰਹੀ ਇਹ ਬਦਲ ਗਈ ਹੈ (ਵਿਘਨ)

(ਇਸ ਸਮੇਂ ਸਰਦਾਰ ਹੀਰਾ ਸਿੰਘ ਗਾਬੜੀਆ ਆਪਣੀ ਸੀਟ ਤੇ ਖੜੇ ਹੋ ਕੇ ਬਿਨਾਂ ਇਜਾਜ਼ਤ ਕੁਝ ਬੋਲ ਰਹੇ ਸਨ ਅਤੇ ਸੁਣਾਈ ਨਹੀਂ ਸੀ ਦੇ ਰਿਹਾ)

**ਸ੍ਰੀ ਸਪੀਕਰ**: ਸਰਦਾਰ ਹੀਰਾ ਸਿੰਘ ਜੀ, ਤੁਸੀਂ ਬੈਠ ਜਾਓ।

**ਚੌਧਰੀ ਜਗਜੀਤ ਸਿੰਘ**. ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਕਹਿਣਾ ਚਾਹੁੰਦਾ ਹਾਂ ਕਿ 1992 ਵਿੱਚ ਸਰਦਾਰ ਬੇਅੰਤ ਸਿੰਘ ਦੀ ਇਕਾਦਤ ਥੱਲੇ ਚੋਣਾਂ ਹੋਈਆਂ। ਪਰ ਇਥੇ ਕਿਹਾ ਗਿਆ ਕਿ ਬਹੁਤ ਥੋੜ੍ਹੀਆਂ ਵੋਟਾਂ ਪਈਆਂ ਅਤੇ ਸਰਕਾਰ ਬਣੀ। ਪਰ ਮੈਂ ਇਥੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਬਹੁਤ ਸਾਰੇ ਭਰਾ ਅਤੇ ਬਹੁਤ ਸਾਰੀਆਂ ਪਾਰਟੀਆਂ ਉਸ ਵੇਲੇ ਭੱਜ ਗਈਆਂ। ਉਸ ਵੇਲੇ ਪੰਜਾਬ ਵਿਚ ਦਹਿਸ਼ਤ ਦਾ ਮਾਹੌਲ ਸੀ, ਕੋਈ ਡਰਦਾ ਮੂੰਹ ਨਹੀਂ ਸੀ ਖੋਲ੍ਹਦਾ। ਇਸੇ ਕਾਰਨ ਬਹੁਤ ਸਾਰੀਆਂ ਪਾਰਟੀਆਂ ਨੇ ਡਰਦਿਆਂ ਮਾਰਿਆਂ ਇਲੈਕਸ਼ਨਾਂ ਵਿਚ ਹਿੱਸਾ ਨਹੀਂ ਲਿਆ। ਉਸ ਵੇਲੇ ਪੰਜਾਬ ਵਿਚ ਕਾਂਗਰਸ ਨੇ ਸਰਦਾਰ ਬੇਅੰਤ ਸਿੰਘ ਦੀ ਇਕਾਦਤ ਥੱਲੇ ਸਰਕਾਰ ਸੰਭਾਲੀ। ਸਪੀਕਰ ਸਾਹਿਬ, ਮੈਂ ਜ਼ੋਰ ਨਾਲ ਕਹਿਣਾ ਚਾਹਾਂਗਾ ਕਿ ਪੰਜਾਬ ਵਿੱਚ ਉਸ ਵੇਲੇ ਜੋ ਘੱਲੂਘਾਰਾ ਹੋ ਰਿਹਾ ਸੀ, ਦਹਿਸ਼ਤ ਫੈਲੀ ਹੋਈ ਸੀ, ਪੰਜਾਬ ਦੇ ਲੋਕਾਂ ਦੀ ਜੋ ਜ਼ੁਬਾਨ ਬੰਦ ਸੀ, ਕੋਈ ਆਪਣਾ ਮੂੰਹ ਨਹੀਂ ਸੀ ਖੋਲ੍ਹਦਾ, ਇਸ ਦਾ ਕਾਂਗਰਸ ਸਰਕਾਰ ਨੂੰ ਕਰੈਡਿਟ ਜਾਂਦਾ ਹੈ ਕਿ ਉਨ੍ਹਾਂ ਨੇ ਬੜੀ ਮਿਹਨਤ, ਹਿੰਮਤ ਤੇ ਲਗਨ ਨਾਲ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਪੰਜਾਬ ਵਿਚ ਉਸ ਵਾਤਾਵਰਣ ਤੇ ਕਾਬੂ ਪਾਇਆ ਅਤੇ ਪੰਜਾਬ ਵਿਚ ਅਮਨ ਤੇ ਸ਼ਾਂਤੀ ਲਿਆ ਕੇ ਦਿੱਤੀ । ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਕਿਹਾ ਹੈ ਕਿ ਸਰਕਾਰ ਪੰਜਾਬ ਵਿਚ ਅਮਨ ਤੇ ਸ਼ਾਂਤੀ ਨੂੰ ਕਾਇਮ ਰਖੇਗੀ । ਸਪੀਕਰ ਸਾਹਿਬ, ਮੈਂ ਕਹਿਣਾ ਚਾਹਾਂਗਾ ਕਿ ਅਮਨ ਅਤੇ ਸ਼ਾਂਤੀ 1992 ਵਿੱਚ ਕਾਂਗਰਸ ਦੀ ਸਰਕਾਰ ਬਣਨ ਤੋਂ ਬਾਅਦ ਦੋ-ਢਾਈ ਸਾਲਾਂ ਵਿਚ ਲਿਆਂਦੀ ਗਈ ਹੈ । ਜਦੋਂ ਕਾਂਗਰਸ ਦੀ ਸਰਕਾਰ ਬਣੀ ਸੀ ਤਾਂ ਉਸ ਵੇਲੇ ਨਾ ਪੰਜਾਬ ਵਿਚ ਕੋਈ ਕਾਲਜ ਖੁਲ੍ਹਦੇ ਸਨ, ਨਾ ਸਕੂਲ ਖੁਲ੍ਹਦੇ ਸਨ ਅਤੇ ਨਾ ਦੁਕਾਨਾਂ ਖੁਲ੍ਹਦੀਆਂ ਸਨ । ਲੋਕ ਪੰਜਾਬ ਵਿਚ ਆਪਣਾ ਕਾਰੋਬਾਰ ਬੰਦ ਕਰਕੇ ਤੇ ਉਜੜ ਕੇ ਬਾਹਰਲੇ ਸੂਬਿਆਂ ਵਿਚੋਂ ਜਾ ਰਹੇ ਸਨ । ਇਥੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਬਹੁਤ ਵੱਡਾ ਅਹਿਮ ਕਦਮ ਸਰਕਾਰ ਨੇ ਪੰਜਾਬ ਦੇ ਅੰਦਰ ਉਠਾਇਆ ਜਿਸ ਦੇ ਨਾਲ ਪੰਜਾਬ ਵਿੱਚ ਅਮਨ ਔਰ ਸ਼ਾਂਤੀ ਆਈ ।....

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ । ਮੈਂ ਆਪ ਜੀ ਦੇ ਰਾਹੀਂ ਇੰਨੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਜੂਨ, 1991 ਵਿਚ ਇਲੈਕਸ਼ਨ ਲੜੀ ਤਾਂ ਉਸ ਸਮੇਂ ਕਾਂਗਰਸ ਪਾਰਟੀ ਨੇ ਬਾਈਕਾਟ ਕੀਤਾ, ਜਿਸ ਪਾਰਟੀ ਦੇ ਮਾਨਯੋਗ ਮੈਂਬਰ ਬੋਲ ਰਹੇ ਹਨ । ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਦੂਜੀਆਂ ਪਾਰਟੀਆਂ ਨੇ ਚੋਣ ਲੜੀ ਅਤੇ ਉਸ ਸਮੇਂ ਤਕਰੀਬਨ 27 ਉਮੀਦਵਾਰ ਮਾਰੇ ਗਏ, ਇਕ ਦੋ ਘੱਟ ਵੱਧ ਹੋ ਸਕਦੇ ਹਨ ਕਿਉਂਕਿ ਪੱਕਾ ਯਾਦ ਨਹੀਂ । ਦੂਜਾ ਇਕੱਲੇ ਉਮੀਦਵਾਰ ਹੀ ਨਹੀਂ ਮਾਰੇ ਗਏ ਸਗੋਂ 20 ਘੰਟੇ ਪਹਿਲਾਂ ਚੋਣਾਂ ਵੀ ਮੁਲਤਵੀ ਕਰ ਦਿਤੀਆਂ ਗਈਆਂ, ਜਦ ਕਿ ਲੋਕ ਵੋਟਾਂ ਪਾਉਣ ਲਈ ਤਿਆਰ ਸਨ । ਫਿਰ ਫਰਵਰੀ, 1992 ਵਿੱਚ ਜਦੋਂ ਇਨ੍ਹਾਂ ਨੇ ਚੋਣਾਂ ਲੜੀਆਂ ਤਾਂ ਇਨ੍ਹਾਂ ਦੇ ਇਕ ਵੀ ਉਮੀਦਵਾਰ ਨੂੰ ਝਰੀਟ ਤੱਕ ਨਹੀਂ ਆਈ, ਬੀ. ਐਸ. ਪੀ. ਅਤੇ ਬੀ. ਜੇ. ਪੀ. ਦੇ ਵਰਕਰਾਂ ਦਾ ਨੁਕਸਾਨ ਹੋਇਆ, ਇਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਇਆ । ਸਪੀਕਰ ਸਾਹਿਬ, ਇਹ ਗੱਲ ਸਾਬਤ ਕਰਦੀ ਹੈ ਕਿ ਅੱਤਵਾਦ ਇਨ੍ਹਾਂ ਨੇ ਹੀ ਪੈਦਾ ਕੀਤਾ ।

**ਸ੍ਰੀ ਸਪੀਕਰ** : ਤੋਤਾ ਸਿੰਘ ਜੀ, ਤੁਸੀਂ ਬੈਠ ਜਾਓ । ਚੌਧਰੀ ਜਗਜੀਤ ਸਿੰਘ ਜੀ, ਤੁਸੀਂ ਬੋਲੋ ।

**ਚੌਧਰੀ ਜਗਜੀਤ ਸਿੰਘ**: ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਸ ਸਮੇਂ ਦਾ ਜ਼ਿਕਰ ਮੇਰੇ ਮਾਨਯੋਗ ਮੈਂਬਰ ਸਾਥੀ ਤੋਤਾ ਸਿੰਘ ਜੀ ਨੇ ਕੀਤਾ ਹੈ, ਉਸ ਵੇਲੇ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਸੀ । ਸੈਂਟਰ ਵਿੱਚ ਸਾਡੀ ਸਰਕਾਰ ਨਹੀਂ ਸੀ । ਸੋ, ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਪੰਜਾਬ ਦੇ ਅੰਦਰ ਸਾਡੀ ਸਰਕਾਰ ਨੇ ਡੈਮੋਕਰੇਸੀ ਨੂੰ ਬਹਾਲ ਕੀਤਾ ਔਰ ਡੈਮੋਕਰੇਸੀ ਬਹਾਲ ਕਰਨ ਵਾਸਤੇ ਸਾਨੂੰ ਬਹੁਤ ਵੱਡੀ ਕੀਮਤ ਅਦਾ ਕਰਨੀ ਪਈ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਦੇ ਬਹੁਤ ਹੀ ਵੱਡੇ ਵੱਡੇ ਲੀਡਰ, ਜਿਹੜੇ ਕਾਂਗਰਸ ਸਰਕਾਰ ਵਿੱਚ ਮਨਿਸਟਰ ਰਹੇ ਅੱਤਵਾਦ ਦੌਰਾਨ ਮਾਰੇ ਗਏ । ਚੌਧਰੀ ਜਗਤ ਰਾਮ ਜੀ,

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਸ਼ਨ ਸਿੰਘ ਜੀ ਕੇ. ਪੀ., ਸ੍ਰੀ ਭਗਵਾਨ ਦਾਸ ਜੀ, ਸ੍ਰੀ ਜੋਗਿੰਦਰ ਪਾਲ ਜੀ ਪਾਂਡੇ । ਸਪੀਕਰ ਸਾਹਿਬ, ਮੈਂ ਕਿਸ ਕਿਸ ਦੇ ਨਾਮ ਲਵਾਂ ਡਾਕਟਰ ਕੇਵਲ ਕ੍ਰਿਸ਼ਨ ਜੀ ਤੇ ਵੀ ਗੋਲੀਆਂ ਦੀ ਬੁਛਾੜ ਹੋਈ । ਸਪੀਕਰ ਸਾਹਿਬ, ਬਹੁਤ ਵੱਡੀ ਕੁਰਬਾਨੀ ਕਾਂਗਰਸ ਪਾਰਟੀ ਨੇ ਦਿੱਤੀ ਅਤੇ ਉਸਦੇ ਬਾਅਦ ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਲਿਆ ਕੇ ਅਸੀਂ ਪੰਜਾਬ ਵਿੱਚ ਡੈਮੋਕਰੈਸੀ ਨੂੰ ਬਹਾਲ ਕੀਤਾ । ਸਪੀਕਰ ਸਾਹਿਬ, ਮੈਂ ਇਥੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਲਾਲਾ ਜਗਤ ਨਰਾਇਣ ਜੀ ਅਤੇ ਸ੍ਰੀ ਰਮੇਸ਼ ਚੋਪੜਾ ਜੀ ਦਾ ਕਤਲ ਹੋਇਆ ਹੈ ਔਰ ਜਿਸ ਤਰ੍ਹਾਂ ਸੰਤ ਲੌਂਗੋਵਾਲ ਜੀ ਨੂੰ ਪੰਜਾਬ ਵਿੱਚ ਸ਼ਹੀਦ ਕੀਤਾ ਗਿਆ ਔਰ ਉਨ੍ਹਾਂ ਨੂੰ ਸ਼ਹੀਦ ਕਰਨ ਵਾਲੇ ਜੋ ਹਤਿਆਰੇ ਸਨ, ਉਨ੍ਹਾਂ ਬਾਰੇ ਸਾਡੀ ਪਾਰਟੀ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ, ਉਸ ਵੇਲੇ ਸਪੀਕਰ ਸਾਹਿਬ, ਕਿਸੇ ਨੇ ਮੂੰਹ ਨਹੀਂ ਖੋਲ੍ਹਿਆ ਅਤੇ ਕਿਸੇ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਬੜੀਆਂ ਕੁਰਬਾਨੀਆਂ ਨਾਲ ਅਸੀਂ ਪੰਜਾਬ ਵਿੱਚ.. . . .

**ਸਰਦਾਰ ਬਲਦੇਵ ਸਿੰਘ ਖਿਆਲਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਸ੍ਰੀ ਸਪੀਕਰ:** ਖਿਆਲਾ ਜੀ ਦੱਸੋ ।

**ਸਰਦਾਰ ਬਲਦੇਵ ਸਿੰਘ ਖਿਆਲਾ:** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਲਾਲਾ ਜਗਤ ਨਰਾਇਣ ਦੇ ਕਤਲ ਦੀ ਗੱਲ ਕੀਤੀ ਹੈ, ਪਰ ਉਨ੍ਹਾਂ ਦੇ ਕਾਤਲਾਂ ਨੂੰ ਜੇਲ੍ਹਾਂ ਵਿੱਚ ਕੌਣ ਮਿਲਦਾ ਰਿਹਾ ਹੈ, ਇਹ ਵੀ ਦੱਸ ਦੇਣ ?

**ਸ੍ਰੀ ਸਪੀਕਰ.** ਖਿਆਲਾ ਜੀ, ਤੁਸੀਂ ਬੈਠ ਜਾਓ । ਚੌਧਰੀ ਜਗਜੀਤ ਸਿੰਘ ਜੀ, ਤੁਸੀਂ ਬੋਲੋ ।

**ਚੌਧਰੀ ਜਗਜੀਤ ਸਿੰਘ :** ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਪੰਜਾਬ ਵਿੱਚ ਸਾਡੀ ਸਰਕਾਰ ਬਣਨ ਤੋਂ ਬਾਅਦ ਹੀ ਮਿਉਂਸਪਲ ਕਮੇਟੀਆਂ ਦੀਆਂ ਅਸੀਂ ਚੋਣਾਂ ਕਰਵਾਈਆਂ ।......

**ਸਰਦਾਰ ਅਜੀਤ ਸਿੰਘ ਕੋਹਾੜ:** ** ** **

**ਸ੍ਰੀ ਸਪੀਕਰ:** ਕਹਾੜ ਜੀ, ਬੈਠ ਜਾਓ । This is no Point of Order.

**ਚੌਧਰੀ ਜਗਜੀਤ ਸਿੰਘ :** ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਨੇ ਸੈਸ਼ਨ ਸ਼ੁਰੂ ਹੁੰਦਿਆਂ ਹੀ ਕਿਹਾ ਸੀ ਕਿ ਅਸੀਂ ਕੋਈ ਟਕਰਾਓ ਵਾਲੀ ਨੀਤੀ ਨਹੀਂ ਚਾਹੁੰਦੇ ਅਤੇ ਬੜੇ ਪਿਆਰ ਸਤਿਕਾਰ ਨਾਲ ਇਥੇ ਜਿਹੜੀ ਕੰਸਟਰਕਟਿਵ ਨੁਕਤਾਚੀਨੀ ਵੀ ਹੋਵੇਗੀ, ਉਹ ਅਸੀਂ ਸੁਣਾਂਗੇ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਸਾਨੂੰ ਵੀ ਸੁਣਨ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਅਤੇ ਬਰਦਾਸ਼ਤ ਕਰਨ ਦਾ ਮਾਦਾ ਆਪਣੇ ਮਨ ਵਿਚ ਰੱਖਣ । ਜਦੋਂ ਇਨ੍ਹਾਂ ਨੂੰ ਮੌਕਾ ਮਿਲਿਆ, ਪਿਆਲਾ ਸਾਹਿਬ ਬੋਲ ਰਹੇ ਸਨ, ਸਰਦਾਰ ਮਨਪ੍ਰੀਤ ਸਿੰਘ ਬੜੇ ਅੱਛੇ ਤਰੀਕੇ ਨਾਲ ਬੋਲ ਰਹੇ ਸਨ, ਅਸੀਂ ਬੜੇ ਪਿਆਰ ਨਾਲ ਇਨ੍ਹਾਂ ਦਾ ਭਾਸ਼ਣ ਸੁਣਿਆ ਹੈ । ਇਨ੍ਹਾਂ ਨੇ ਬੜੀਆਂ ਅੱਛੀਆਂ ਗੱਲਾਂ ਕਹੀਆਂ । ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ ।

**ਸ਼੍ਰੀ ਸਪੀਕਰ:** ਤੁਸੀਂ ਕੰਟੀਨਿਊ ਕਰੋ ।

**ਚੌਧਰੀ ਜਗਜੀਤ ਸਿੰਘ** : ਸੋ, ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਪੰਜਾਬ ਵਿਚ ਮਿਊਂਸਿਪਲ ਕਮੇਟੀਆਂ ਦੀਆਂ ਚੋਣਾਂ ਹੋਈਆਂ ਜਿਸ ਵਿਚ ਬਹੁਤ ਵੱਡੀ ਗਿਣਤੀ ਵਿਚ 60-70 ਫੀਸਦੀ ਲੋਕਾਂ ਨੇ ਵੋਟਾਂ ਪਾਈਆਂ । ਉਸ ਤੋਂ ਬਾਅਦ ਅਸੀਂ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ । ਪੰਚਾਇਤਾਂ ਦੀਆਂ ਚੋਣਾਂ ਤੋਂ ਬਾਅਦ ਸੰਮਤੀ ਦੀਆਂ ਚੋਣਾਂ ਹੋਈਆਂ, ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹੋਈਆਂ । ਇਸ ਤਰ੍ਹਾਂ ਅਸੀਂ ਡੈਮੋਕਰੇਸੀ ਨੂੰ ਬਹਾਲ ਕੀਤਾ । ਸਪੀਕਰ ਸਾਹਿਬ, ਇੱਥੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਵੇਲੇ ......

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ।

**ਸ਼੍ਰੀ ਸਪੀਕਰ** : ਹਾਂ ਜੀ, ਮੋਹਨ ਲਾਲ ਜੀ ।

**ਸ਼੍ਰੀ ਮੋਹਨ ਲਾਲ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ ਕਿ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾਈਆਂ, ਜ਼ਿਲ੍ਹਾ ਪ੍ਰੀਸ਼ਦ ਦੀਆਂ ਇਲੈਕਸ਼ਨਾਂ ਕਰਵਾਈਆਂ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿ ਸਰਪੰਚਾਂ ਦੀਆਂ ਇਲੈਕਸ਼ਨਾਂ ਵੇਲੇ ਅਕਾਲੀ ਪਾਰਟੀ ਨਾਲ ਸਬੰਧਿਤ ਲੋਕਾਂ ਨੂੰ ਥਾਣਿਆਂ ਵਿਚ ਬੰਦ ਕਰ ਦਿੱਤਾ ਗਿਆ ਸੀ । ਕਾਂਗਰਸ ਨੇ ਧੱਕੇਸ਼ਾਹੀ ਨਾਲ ਆਪਣੇ ਸਰਪੰਚ ਬਣਾਏ । ਜਦੋਂ ਜ਼ਿਲ੍ਹਾ ਪ੍ਰੀਸ਼ਦ ਦੀਆਂ ਇਲੈਕਸ਼ਨਾਂ ਹੋਈਆਂ ਤਾਂ ਰਾਤ ਨੂੰ ਪਤਾ ਲੱਗਦਾ ਸੀ ਕਿ ਇਹ ਹਲਕਾ ਜ਼ਨਾਨੀਆਂ ਵਾਸਤੇ ਰਿਜ਼ਰਵ ਹੈ ਅਤੇ ਸਵੇਰੇ ਪਤਾ ਲੱਗਦਾ ਸੀ ਕਿ ਇਹ ਬੰਦਿਆਂ ਵਾਸਤੇ ਰਿਜ਼ਰਵ ਹੈ । ਧੱਕੇ ਨਾਲ ਚੇਅਰਮੈਨ ਬਣਾਏ ਗਏ ।

**ਸ਼੍ਰੀ ਸਪੀਕਰ:** ਤੁਸੀਂ ਬੈਠ ਜਾਓ ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਇਹ ਵਾਰ ਵਾਰ ਬੋਲ ਰਹੇ ਹਨ । ਪੁਆਇੰਟ ਆਫ਼ ਆਰਡਰ ਲੈ ਰਹੇ ਹਨ । ਇਹ ਟਾਈਮ ਸਾਡੀ ਪਾਰਟੀ ਦੇ ਟਾਈਮ ਵਿਚੋਂ ਕੱਢਿਆ ਜਾਵੇ ।

ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਹਾਂ ਕਿ ਅਸੀਂ ਪੰਚਾਇਤ ਸੰਮਤੀਆਂ ਔਰ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਇਲੈਕਸ਼ਨਾਂ ਕਰਵਾ ਕੇ ਪੰਜਾਬ ਅੰਦਰ ਡੈਮੋਕਰੇਸੀ ਨੂੰ ਬਹਾਲ

Original with;
Punjab Vidhan Sabha
Digitized by;
Panjab Digital Library

ਕੀਤਾ ਹੈ । ਅਸੀਂ ਪੰਜਾਬ ਦੇ ਲੋਕਾਂ ਨੂੰ ਮੌਕਾ ਦਿੱਤਾ ਹੈ ਕਿ ਉਹ ਤਕੜੇ ਹੋ ਕੇ ਆਪਣੀ ਗੱਲ ਕਹਿ ਸਕਣ ਅਤੇ ਉਸ ਨੂੰ ਸ਼ੇਅਰ ਕਰ ਸਕਣ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਇਸ ਰਾਜ ਅੰਦਰ ਜ਼ਿਮਨੀ ਚੋਣਾਂ ਹੋਈਆਂ । ਅਜਨਾਲੇ ਵਿਚ ਚੋਣ ਹੋਈ, ਨਕੋਦਰ ਵਿਚ ਚੋਣ ਹੋਈ, ਗਿੱਦੜਬਾਹੇ ਵਿਚ ਚੋਣ ਹੋਈ । ਇਨ੍ਹਾਂ ਚੋਣਾਂ ਦੌਰਾਨ ਅਕਾਲੀ ਪਾਰਟੀ ਦੇ ਮੈਂਬਰ ਵੀ ਜਿੱਤੇ । ਸਾਡੀ ਕਾਂਗਰਸ ਪਾਰਟੀ ਦੇ ਮੈਂਬਰ ਵੀ ਜਿੱਤੇ । ਮੇਰੇ ਕਹਿਣ ਦਾ ਭਾਵ ਹੈ ਕਿ ਅਸੀਂ ਡੈਮੋਕਰੇਸੀ ਨੂੰ ਬਹਾਲ ਕੀਤਾ ਹੈ । ਅਜਨਾਲੇ ਵਿਚ ਇਨ੍ਹਾਂ ਦੀ ਜਿੱਤ ਹੋਈ । ਗਿੱਦੜਬਾਹੇ ਵਿਚ ਇਨ੍ਹਾਂ ਦੀ ਜਿੱਤ ਹੋਈ । ਨਕੋਦਰ ਵਿਚ ਸਾਡੀ ਪਾਰਟੀ ਦੀ ਜਿੱਤ ਹੋਈ । ਅਸੀਂ ਅੱਛੇ ਤਰੀਕੇ ਨਾਲ ਡੈਮੋਕਰੇਸੀ ਨੂੰ ਬਹਾਲ ਕੀਤਾ ਹੈ ਅਤੇ ਅਸੀਂ ਪੰਜਾਬ ਦੇ ਲੋਕਾਂ ਨੂੰ ਮੌਕਾ ਦਿੱਤਾ ਕਿ ਉਹ ਜਿਥੇ ਵੋਟਾਂ ਪਾਉਣੀਆਂ ਚਾਹੁੰਣ, ਉਥੇ ਪਾਉਣ । ਇਸ ਤੋਂ ਸਾਬਤ ਹੁੰਦਾ ਹੈ ਕਿ ਪੰਜਾਬ ਅੰਦਰ ਡੈਮੋਕਰੇਸੀ ਕਾਂਗਰਸ ਨੇ ਬਹਾਲ ਕੀਤੀ ਅਤੇ ਮਜ਼ਬੂਤ ਕੀਤੀ । ਸਪੀਕਰ ਸਾਹਿਬ, ਇਥੇ ਚੰਡੀਗੜ੍ਹ ਦੀ ਗੱਲ ਦਾ ਜ਼ਿਕਰ ਕੀਤਾ ਗਿਆ ਹੈ । ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਕਹਿਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਜਿਹੜਾ ਹੈ, ਇਹ ਪੰਜਾਬ ਦਾ ਹੈ । ਪੰਜਾਬ ਦੇ ਵਾਸਤੇ ਚੰਡੀਗੜ੍ਹ ਹੈ । ਇਹ ਪੰਜਾਬ ਦੀ ਕੈਪੀਟਲ ਬਣੀ ਅਤੇ ਸਾਡੀ ਪਾਰਟੀ ਪੰਜਾਬ ਪ੍ਰਦੇਸ਼ ਕਾਂਗਰਸ ਇਸ ਦੇ ਮੁਤੱਲਕ ਪਹਿਲਾਂ ਹੀ ਰੈਜ਼ੋਲਿਊਸ਼ਨ ਪਾਸ ਕਰ ਚੁੱਕੀ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ । ਅਸੀਂ ਇਨ੍ਹਾਂ ਦੇ ਨਾਲ ਭਾਈਵਾਲ ਹਾਂ । ਪਰ ਸਪੀਕਰ ਸਾਹਿਬ, ਚੰਡੀਗੜ੍ਹ ਦਾ ਜਿਹੜਾ ਮਸਲਾ ਪੈਦਾ ਹੋਇਆ, ਉਸ ਨੂੰ ਵੀ ਵੇਖਣ ਦੀ ਲੋੜ ਹੈ । ਸਪੀਕਰ ਸਾਹਿਬ, ਪੰਜਾਬ ਬਹੁਤ ਵੱਡਾ ਸੂਬਾ ਸੀ । ਇਸ ਦੀਆਂ ਹੱਦਾਂ ਦਿੱਲੀ, ਫ਼ਿਰੋਜ਼ਪੁਰ-ਹਰੀਕੇ, ਲਾਹੌਲ ਸਪੀਤੀ ਤੱਕ ਲਗਦੀਆਂ ਸਨ ਅਤੇ ਇਸ ਸਾਰੇ ਪਾਸੇ ਸਾਡੀ ਮਾਂ ਬੋਲੀ ਪੰਜਾਬੀ ਬੋਲੀ ਜਾਂਦੀ ਸੀ । (ਵਿਘਨ)

(ਇਸ ਸਮੇਂ ਸਰਦਾਰ ਰਣਜੀਤ ਸਿੰਘ ਬਾਲੀਆਂ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

**ਸ੍ਰੀ ਸਪੀਕਰ** : ਜੋ ਤੁਸੀਂ ਕਹਿਣਾ ਚਾਹੁੰਦੇ ਹੋ, ਉਹ ਵਾਰ ਵਾਰ ਪੁਆਇੰਟ ਆਫ ਆਰਡਰ ਵਿਚ ਨਾ ਕਹੋ ਬਲਕਿ ਲੈਕਚਰ ਵਿਚ ਕਹਿਣਾ ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਬਹੁਤ ਵੱਡਾ ਪੰਜਾਬ ਸੀ ਪਰ ਇਸ ਨੂੰ ਸੌੜਾ ਕਰ ਦਿੱਤਾ ਗਿਆ । ਪੰਜਾਬੀ ਸੂਬੇ ਤੋਂ ਸੂਬੀ ਬਣਾ ਦਿੱਤੀ । ਇਹ ਕਿਸ ਨੇ ਬਣਾਈ ?

ਛੋਟਾ ਪੰਜਾਬ ਹੋਣ ਨਾਲ ਅੱਜ ਸਾਡੇ ਕੋਲ ਬਿਜਲੀ ਦਾ ਵੱਡਾ ਸੰਕਟ ਖੜ੍ਹਾ ਹੋ ਗਿਆ ਹੈ । ਸਾਡੇ ਕੋਲੋਂ ਹਿਮਾਚਲ ਦੇ ਪਹਾੜ ਚਲੇ ਗਏ ਹਨ, ਸਾਰਾ ਪਾਣੀ, ਸਾਰਾ ਜੰਗਲਾਤ ਸਾਡੇ ਕੋਲੋਂ ਚਲਿਆ ਗਿਆ ਹੈ । ਅੱਜ ਅਸੀਂ ਬਿਜਲੀ ਪੈਦਾ ਕਰਨ ਵਾਸਤੇ ਥਰਮਲ ਪਲਾਂਟ ਲਗਾਉਂਦੇ ਹਾਂ, ਜਿਸ ਨਾਲ ਦੂਸਰੀ ਬਿਜਲੀ ਪੈਦਾ ਕਰਨ ਨਾਲੋਂ ਇਹ ਬਿਜਲੀ ਬਹੁਤ ਕਾਸਟਲੀ ਪੈਂਦੀ ਹੈ । ਸਾਡੇ ਕੋਲੋਂ ਪੰਜਾਬੀ ਬੋਲਦੇ ਇਲਾਕੇ ਚਲੇ ਗਏ ਹਨ । ਮੈਂ, ਸਪੀਕਰ ਸਾਹਿਬ, ਇਥੇ ਕਹਿਣਾ ਚਾਹੁੰਦਾ ਹਾਂ ਕਿ ਮੇਰੀ ਪਾਰਟੀ ਦਾ ਪੱਕਾ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਸਟੈਂਡ ਹੈ ਕਿ ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਜਿਹੜੇ ਬਾਹਰ ਰਹਿ ਗਏ ਹਨ, ਉਨ੍ਹਾਂ ਨੂੰ ਨਾਲ ਮਿਲਾਇਆ ਜਾਵੇ। ਅਸੀਂ ਉਦੋਂ ਵੀ ਬੜੀ ਕੋਸ਼ਿਸ਼ ਕੀਤੀ ਕਿ ਇਹ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਮਿਲਣ। ਚੰਡੀਗੜ੍ਹ ਨੂੰ ਲੈਣ ਵਾਸਤੇ ਖਾਸ ਤੌਰ ਤੇ ਜਿਹੜਾ ਪਾਣੀਆਂ ਦਾ ਮਸਲਾ ਹੈ, ਪੰਜਾਬ ਦੇ ਜਿਹੜੇ ਸਾਡੇ ਤਿੰਨ ਚੀਫ ਮਨਿਸਟਰ ਸਨ, ਸਰਦਾਰ ਬੇਅੰਤ ਸਿੰਘ ਨੇ ਸਟੈਂਡ ਲਿਆ ਸੀ, ਬਰਾੜ ਸਾਹਿਬ ਨੇ ਸਟੈਂਡ ਲਿਆ ਸੀ ਔਰ ਮਿਸਜ਼ ਭੱਠਲ ਨੇ ਵੀ ਇਸ ਤੇ ਸਟੈਂਡ ਲਿਆ ਸੀ। ਕਾਂਗਰਸ ਪਾਰਟੀ ਨੇ ਇਸ ਤੇ ਪੂਰਾ ਸਟੈਂਡ ਲਿਆ ਸੀ ਔਰ ਐਸ. ਵਾਈ. ਐਲ. ਸਾਡੇ ਵੇਲੇ ਨਹੀਂ ਸੀ ਪੁੱਟੀ ਗਈ, ਸਾਡੀ ਕਾਂਗਰਸ ਸਰਕਾਰ ਵੇਲੇ ਸ਼ੁਰੂ ਨਹੀਂ ਕੀਤੀ ਗਈ ਸੀ ..

**ਸਰਦਾਰ ਬਲਦੇਵ ਸਿੰਘ ਖਿਆਲਾ** : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਸਾਰੀ ਗੱਲ ਗਲਤ ਕਹਿ ਰਹੇ ਹਨ। ਪੰਜਾਬ ਵਿਧਾਨ ਸਭਾ ਦੇ ਵਿਚ ਸਰਦਾਰ ਬੇਅੰਤ ਸਿੰਘ ਨੇ ਰੈਜ਼ੋਲਿਊਸ਼ਨ ਪਾਇਆ ਸੀ ਕਿ ਪਾਣੀ ਹਰਿਆਣੇ ਨੂੰ ਦੇਣਾ ਚਾਹੀਦਾ ਹੈ।

**ਚੌਧਰੀ ਜਗਜੀਤ ਸਿੰਘ** : ਸੋ, ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਪਾਣੀ, ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਹਾਸਲ ਕਰਨ ਵਾਸਤੇ ਸਾਡਾ ਦ੍ਰਿੜ ਇਰਾਦਾ ਹੈ ਔਰ ਦ੍ਰਿੜ ਇਰਾਦੇ ਨਾਲ ਅਸੀਂ ਲੜਾਈ ਲੜਨਾ ਚਾਹੁੰਦੇ ਹਾਂ ਤਾਂ ਜੋ ਪੰਜਾਬ ਦਾ ਚੰਡੀਗੜ੍ਹ ਜੋ ਸਾਡੇ ਤੋਂ ਗਿਆ ਹੈ, ਉਸ ਨੂੰ ਅਸੀਂ ਵਾਪਸ ਲਿਆ ਸਕੀਏ। ਮੈਂ ਇਥੇ ਇਹ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਜਦੋਂ ਇਹ ਸਾਰੀ ਗੱਲ ਹੋ ਗਈ, ਉਸ ਤੋਂ ਬਾਅਦ ਸਰਦਾਰ ਗੁਰਨਾਮ ਸਿੰਘ ਜੀ ਦੀ ਮਨਿਸਟਰੀ ਆਈ ਔਰ ਤੁਹਾਨੂੰ ਸਾਰਿਆਂ ਨੂੰ ਯਾਦ ਹੋਵੇਗਾ ਕਿ ਉਦੋਂ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਚੰਡੀਗੜ੍ਹ ਹਾਸਲ ਕਰਨ ਵਾਸਤੇ ਆਪਣਾ ਮਰਨ ਵਰਤ ਰੱਖਿਆ ਸੀ ਔਰ ਬੜਾ ਸੰਘਰਸ਼ ਵੀ ਕੀਤਾ ਸੀ ਲੇਕਿਨ ਉਸ ਦੇ ਵੇਲੇ ਇਕ ਸੌਦਾ ਵੀ ਹੋ ਗਿਆ ਕਿ ਫਾਜ਼ਿਲਕਾ, ਅਬੋਹਰ ਦੇ ਕੇ ਚੰਡੀਗੜ੍ਹ ਹਾਸਲ ਕਰ ਲਿਆ ਜਾਵੇ। ਪੰਜਾਬ ਵਿਚ ਸਰਕਾਰੀ ਛੁੱਟੀ ਵੀ ਕਰ ਦਿੱਤੀ ਗਈ। ਸੈਕ੍ਰੇਟੇਰੀਏਟ ਵਿਚ ਦੀਪਮਾਲਾ ਵੀ ਕੀਤੀ ਗਈ ਲੇਕਿਨ ਜਦੋਂ ਪਤਾ ਲੱਗਿਆ ਕਿ ਲੋਕ ਇਸ ਨੂੰ ਨਹੀਂ ਚਾਹੁੰਦੇ, ਲੋਕਾਂ ਨੇ ਇਸ ਨੂੰ ਨਹੀਂ ਮੰਨਿਆ, ਤਾਂ ਉਸ ਫੈਸਲੇ ਨੂੰ ਵਾਪਸ ਲਿਆ ਗਿਆ। ਕਿਉਂਕਿ ਸਾਡੀ ਉਸ ਜਗ੍ਹਾ ਤੇ ਕਾਟਨ ਬਹੁਤ ਹੁੰਦੀ ਹੈ ਔਰ ਉਥੋਂ ਕਾਟਨ ਐਕਸਪੋਰਟ ਹੁੰਦੀ ਹੈ। ਪੰਜਾਬ ਦੀ ਜੋ ਖੇਤੀਬਾੜੀ ਹੈ, ਉਸ ਵਿਚੋਂ ਉਸ ਜਗ੍ਹਾ ਤੇ ਸਭ ਤੋਂ ਜ਼ਿਆਦਾ ਕਾਟਨ ਪੈਦਾ ਹੁੰਦੀ ਹੈ ਔਰ ਐਕਸਪੋਰਟ ਵੀ ਹੁੰਦੀ ਹੈ। ਉਹ ਬੜਾ ਰਿਚ ਇਲਾਕਾ ਹੈ ਔਰ ਸਾਨੂੰ ਉਸ ਦੇ ਨਾਲ ਬੜਾ ਲਗਾਉ ਹੈ। ਜਦੋਂ ਲੱਗਿਆ ਕਿ ਇਹ ਗਲਤ ਫੈਸਲਾ ਹੈ, ਦੀਪਮਾਲਾ ਗਲਤ ਹੋਈ ਹੈ, ਛੁੱਟੀ ਗਲਤ ਹੋਈ ਹੈ, ਤਾਂ ਫਿਰ ਉਸ ਨੂੰ ਵਾਪਸ ਲਿਆ ਗਿਆ। ਸਪੀਕਰ ਸਾਹਿਬ, ਤੁਹਾਡੀ ਮਾਰਫੱਤ ਜਿਹੜੀਆਂ ਗੱਲਾਂ ਪਹਿਲਾਂ ਕਹੀਆਂ ਹਨ, ਉਹੀ ਇਕ ਵਾਰੀ ਫਿਰ ਦੁਹਰਾਉਣਾ ਚਾਹੁੰਦਾ ਹਾਂ ਕਿ ਸਾਡਾ ਉਨ੍ਹਾਂ ਉਤੇ ਪੱਕਾ ਸਟੈਂਡ ਹੈ।

ਜਿਥੋਂ ਤੱਕ ਡਿਵੈਲਪਮੈਂਟ ਦੀਆਂ ਗੱਲਾਂ ਹਨ, ਇਸ ਸਬੰਧ ਵਿਚ ਮੈਂ ਥੋੜ੍ਹੀਆਂ

Original with;
Punjab Vidhan Sabha
Digitized by;
Panjab Digital Library

ਜਿਹੀਆਂ ਗੱਲਾਂ ਕਰਨੀਆਂ ਚਾਹੁੰਦਾ ਹਾਂ । ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਜਿਹੜੇ ਸਾਡੇ ਸ਼ਡਿਊਲਡ ਕਾਸਟ ਭਰਾ ਹਨ, ਅਨੁਸੂਚਿਤ ਜਾਤੀਆਂ ਦੇ ਸਾਡੇ ਭਰਾ ਹਨ, ਉਨ੍ਹਾਂ ਦੇ ਮੁਤੱਲਕ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ । ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕੁਝ ਪੈਰ੍ਹੇ ਦਰਜ ਕੀਤੇ ਹਨ, ਜਿਨ੍ਹਾਂ ਵਿਚ ਉਨ੍ਹਾਂ ਦੇ ਬਾਰੇ ਸਕੀਮਾਂ ਰੱਖੀਆਂ ਹਨ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਦੇ ਵਿਚ ਬਹੁਤ ਸਾਰੀਆਂ ਤਾਂ ਉਹੀ ਸਕੀਮਾਂ ਹਨ. ਜਿਹੜੀਆਂ ਪਿਛਲੀ ਕਾਂਗਰਸ ਸਰਕਾਰ ਨੇ ਚਾਲੂ ਕੀਤੀਆਂ ਹਨ । ਭਾਵੇਂ ਉਹ ਸਕੀਮਾਂ, ਜਿਹੜੇ ਸਾਡੇ ਸ਼ਡਿਊਲਡ ਕਾਸਟ ਬੱਚੇ ਹਨ, ਉਨ੍ਹਾਂ ਦੀਆਂ ਫੀਸਾਂ ਮੁਆਫ ਕਰਨ ਦੀਆਂ ਹਨ, ਉਨ੍ਹਾਂ ਨੂੰ ਵਜ਼ੀਫੇ ਦੇਣ ਦੀਆਂ ਹਨ, ਉਨ੍ਹਾਂ ਨੂੰ ਪ੍ਰਾਇਮਰੀ ਤੋਂ ਲੈ ਕੇ ਕਾਲਜਾਂ ਤੱਕ, ਇੰਜਨੀਅਰਿੰਗ ਕਾਲਜ ਹੋਵੇ, ਭਾਵੇਂ ਵੈਟਰਨਰੀ ਕਾਲਜ ਹੋਵੇ, ਮੈਡੀਕਲ ਕਾਲਜ ਹੋਵੇ, ਤੱਕ ਵਿੱਦਿਆ ਦੇਣ ਦੇ ਪ੍ਰੋਗਰਾਮ ਹਨ, ਉਹ ਪਹਿਲਾਂ ਹੀ ਕਾਂਗਰਸ ਦੀ ਸਰਕਾਰ ਨੇ ਉਲੀਕੇ ਹੋਏ ਹਨ, ਉਨ੍ਹਾਂ ਨੂੰ ਹੀ ਇਸ ਦੇ ਵਿਚ ਦਰਜ ਕੀਤਾ ਹੈ । ਨਾਲ ਇਹ ਵੀ ਦਰਜ ਕੀਤਾ ਹੈ ਕਿ ਜਿਹੜੀਆਂ ਪ੍ਰਾਇਮਰੀ ਵਿਚ ਬੱਚੀਆਂ ਹਨ, ਉਨ੍ਹਾਂ ਨੂੰ ਹਾਜ਼ਰੀ ਵਜ਼ੀਫਾ ਲਾਇਆ ਗਿਆ ਹੈ । ਸਪੀਕਰ ਸਾਹਿਬ, ਇਹ ਬਹੁਤ ਵੱਡਾ ਅਹਿਮ ਫੈਸਲਾ ਕਾਂਗਰਸ ਦੀ ਸਰਕਾਰ ਨੇ ਕੀਤਾ ਸੀ । ਜਿਹੜੀਆਂ ਸ਼ਡਿਊਲਡ ਕਾਸਟ ਬੱਚੀਆਂ ਹਨ, ਜਦੋਂ ਉਹ ਸਕੂਲਾਂ ਵਿਚ ਜਾਂਦੀਆਂ ਹਨ, ਤਾਂ ਉਨ੍ਹਾਂ ਦੀ ਪੜ੍ਹਾਈ ਵਾਸਤੇ ਪੈਸੇ ਪੂਰੇ ਨਹੀਂ ਹੁੰਦੇ । ਇਸ ਕਰਕੇ ਉਨ੍ਹਾਂ ਨੂੰ ਬਹੁਤ ਸਾਰਾ ਵਜ਼ੀਫਾ ਦਿੱਤਾ ਜਾਵੇ ਤਾਂ ਕਿ ਉਹ ਵਜ਼ੀਫਾ ਲੈ ਕੇ ਸਕੂਲਾਂ ਵਿਚ ਪੜ੍ਹਾਈ ਕਰਨ । ਇਹ ਸਾਰੀਆਂ ਸਕੀਮਾਂ ਕਾਂਗਰਸ ਪਾਰਟੀ ਨੇ ਚਾਲੂ ਕੀਤੀਆਂ ਹਨ, ਇਥੇ ਜਿਨ੍ਹਾਂ ਸਕੀਮਾਂ ਬਾਰੇ ਦੱਸਿਆ ਗਿਆ ਹੈ ਉਨ੍ਹਾਂ ਦੇ ਵਿਚ ਇਹ ਗੱਲ ਕਹੀ ਗਈ ਹੈ ਕਿ ਜਿਹੜੇ ਵਜ਼ੀਫੇ ਹਨ ਉਨ੍ਹਾਂ ਨੂੰ ਸਰਕਾਰ ਐਨਹਾਂਸ ਕਰਨ ਦਾ ਇਰਾਦਾ ਰੱਖਦੀ ਹੈ । ਮੈਂ ਤੁਹਾਡੇ ਰਾਹੀਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਹਿਲੀ ਸਰਕਾਰ ਵੇਲੇ ਵੀ ਕੈਬਨਿਟ ਸਬ ਕਮੇਟੀ ਬਣੀ ਸੀ ਔਰ ਕੈਬਨਿਟ ਸਬ ਕਮੇਟੀ ਨੇ ਉਸ ਵੇਲੇ ਰਿਕਮੈਂਡ ਕੀਤਾ ਸੀ ਕਿ ਜਿਹੜਾ ਅਸੀਂ ਮੌਜੂਦਾ ਸਟਾਈਪਿੰਡ ਸ਼ਡਿਊਲਡ ਕਾਸਟ ਦੇ ਬੱਚਿਆਂ ਨੂੰ ਦਿੰਦੇ ਹਾਂ ਉਨ੍ਹਾਂ ਦੀ ਜਿਹੜੀ ਦਰ ਹੈ ਉਹ ਬਹੁਤ ਘੱਟ ਹੈ । ਇਸ ਦਰ ਨੂੰ ਵਧਾਉਣਾ ਚਾਹੀਦਾ ਹੈ ਕਿਉਂਕਿ ਬੜੀ ਮਹਿੰਗਾਈ ਹੈ । ਜਿਸ ਮਕਸਦ ਦੇ ਲਈ ਉਨ੍ਹਾਂ ਨੂੰ ਅਸੀਂ ਕਾਪੀਆਂ, ਕਿਤਾਬਾਂ ਜਾਂ ਫੀਸਾਂ ਦੀ ਮੁਆਫੀ ਦਿੰਦੇ ਹਾਂ, ਜਿਸ ਪਰਪਜ਼ ਵਾਸਤੇ ਅਸੀਂ ਉਨ੍ਹਾਂ ਨੂੰ ਸਟਾਈਪਿੰਡ ਦਿੰਦੇ ਹਾਂ ਉਹ ਪਰਪਜ਼ ਉਨ੍ਹਾਂ ਗਰੀਬਾਂ ਦੇ ਪੂਰੇ ਹੋ ਸਕਣ ਇਸ ਲਈ ਮੈਂ ਇਹ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਵਜ਼ੀਫੇ ਹਨ, ਉਨ੍ਹਾਂ ਦੀ ਜਿਹੜੀ ਦਰ ਹੈ ਉਹ ਵਧਾ ਦੇਣੀ ਚਾਹੀਦੀ ਹੈ ਤਾਂ ਕਿ ਬੱਚਿਆਂ ਨੂੰ ਪੂਰੀ ਸਹੂਲਤ ਮਿਲ ਸਕੇ । ਦੂਜੀ ਗੱਲ ਮੈਂ ਇਥੇ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਮੈਂ ਸਵੇਰੇ ਸਵਾਲ ਵੀ ਕੀਤਾ ਸੀ ਕਿ ਪੰਜਾਬ ਦੇ ਅੰਦਰ ਪੰਜਾਬ ਐਸ.ਸੀ. ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਹੈ, ਅਤੇ ਸਾਡੇ ਸ਼ਡਿਊਲਡ ਕਾਸਟਾਂ ਦੇ ਬੱਚਿਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ । ਕਿਉਂਕਿ ਬੇਰੁਜ਼ਗਾਰੀ ਬਹੁਤ ਜ਼ਿਆਦਾ ਹੈ ਅਤੇ ਗਰੀਬ ਲੋਕਾਂ ਨੂੰ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ । ਇਸ ਕਾਰਪੋਰੇਸ਼ਨ ਵਿਚੋਂ ਲੋਨ ਲੈ ਕੇ ਸਾਡੇ ਲੋਕ ਚੰਗੇ ਚੰਗੇ ਧੰਦਿਆਂ ਦੇ ਵਿਚ ਦਾਖਲ ਹੋ ਸਕਦੇ ਹਨ । ਸਪੀਕਰ ਸਾਹਿਬ, ਤੁਹਾਡੀ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਮਾਰਫਤ ਮੈਂ ਸਰਕਾਰ ਨੂੰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਕਾਰਪੋਰੇਸ਼ਨ ਹੈ ਇਸਦੀ 30 ਕਰੋੜ ਆਥੋਰਾਈਜ਼ਡ ਸ਼ੇਅਰ ਕੈਪੀਟਲ ਹੈ ਅੌਰ 25 ਕਰੋੜ 78 ਲੱਖ ਦੇ ਕਰੀਬ ਇਸ ਦੀ ਪੇਡ-ਅੱਪ ਸ਼ੇਅਰ ਕੈਪੀਟਲ ਹੈ ਅੌਰ ਇਹ ਜਿਹੜਾ ਪਹਿਲਾ ਸ਼ੇਅਰ ਕੈਪੀਟਲ ਹੈ ਉਹ ਵੀ ਹਾਲੇ ਤੱਕ ਪੂਰਾ ਨਹੀਂ ਮਿਲਿਆ । ਮੈਂ ਇਥੇ ਕਹਿਣਾ ਚਾਹੁੰਦਾ ਹਾਂ ਕਿ ਸੈਂਟਰਲ ਗੌਰਮਿੰਟ ਦੇ ਕੋਲ ਪੈਸੇ ਨਹੀਂ ਹਨ । ਹੁਣ ਵੀ ਇਕ ਕਰੋੜ ਰੁਪਿਆ ਮਨਜ਼ੂਰ ਹੋਇਆ ਪਿਆ ਹੈ ਪਰ ਹਾਲੇ ਤੱਕ ਉਹ ਨਹੀਂ ਮਿਲਿਆ । ਮੈਂ ਤੁਹਾਡੀ ਮਾਰਫਤ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਬਾਕੀ ਪੈਸਾ 30 ਕਰੋੜ ਤੱਕ ਉਹ ਇਸ ਦਾ ਸ਼ੇਅਰ ਕੈਪੀਟਲ ਪੂਰਾ ਕਰ ਦੇਣਾ ਚਾਹੀਦਾ ਹੈ, ਤਾਂ ਕਿ ਇਨ੍ਹਾਂ ਪੈਸਿਆਂ ਦੀ ਇਕ ਰੋਟੇਸ਼ਨ ਬਣ ਜਾਵੇ । ਜਿਹੜੇ ਪੈਸਿਆਂ ਦੇ ਨਾਲ ਸੈਂਟਰ ਕੋਲੋਂ ਸਾਨੂੰ ਪੈਸੇ ਮਿਲਦੇ ਰਹਿਣ । ਜੋ 51 ਪ੍ਰਤੀਸ਼ਤ ਨੈਸ਼ਨਲ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਪੈਸੇ ਦਿੰਦੀ ਹੈ । ਉਸ ਵਿਚ 49 ਫੀਸਦੀ ਅਸੀਂ ਪਾਉਂਦੇ ਹਾਂ ਤੇ ਸਾਡਾ ਇਹ ਫੰਡ ਬਣ ਜਾਂਦਾ ਹੈ । ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਉਥੋਂ ਪੈਸਾ ਮਿਲਦਾ ਹੈ, ਉਸ ਪੈਸੇ ਨਾਲ ਅਸੀਂ ਸ਼ਡਿਊਲਡ ਕਾਸਟਾਂ ਦੇ ਵਾਸਤੇ ਡਾਇਰੈਕਟ ਲੋਨਿੰਗ ਕਰ ਸਕਦੇ ਹਾਂ, ਅੌਰ ਉਹ ਲੋਨ ਲੈਣ ਲਈ ਹਰ ਸ਼ਡਿਊਲਡ ਕਾਸਟ ਨੂੰ ਪੈਸੇ ਸੌਖੇ ਤਰੀਕੇ ਨਾਲ ਮਿਲ ਸਕਦੇ ਹਨ । ਦੂਸਰੇ ਪੈਸੇ ਜਿਹੜੇ ਬੈਂਕ ਟਾਈ ਅੱਪ ਸਕੀਮ ਦੀ ਮਾਰਫਤ ਮਿਲਦੇ ਹਨ, ਉਹ ਪੈਸੇ ਲੈਣ ਲਈ ਸ਼ਡਿਊਲਡ ਕਾਸਟ ਭਰਾਵਾਂ ਨੂੰ ਕਾਫੀ ਅੌਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਉਹ ਕਈ ਵਾਰੀ ਸਕਿਉਰਟੀ ਮੰਗਦੇ ਹਨ, ਕਈ ਵਾਰ ਗਰੀਬ ਆਦਮੀਆਂ ਨਾਲ ਬੈਂਕਾਂ ਵਿਚ ਚੰਗਾ ਵਿਵਹਾਰ ਨਹੀਂ ਕੀਤਾ ਜਾਂਦਾ । ਕਈ ਗੱਲਾਂ ਕਾਰਨ ਬੈਂਕਾਂ ਵਿਚ ਕਾਫੀ ਦਿੱਕਤ ਪੈਦਾ ਹੁੰਦੀ ਹੈ । ਮੈਂ ਸਮਝਦਾ ਹਾਂ ਕਿ ਜੇ ਉਹ ਪੈਸਾ ਸਾਨੂੰ ਮਿਲੇ ਅਤੇ ਉਸਦੇ ਨਾਲ ਕਾਰਪੋਰੇਸ਼ਨ ਦੀ ਰੋਟੇਸ਼ਨ ਬਣ ਜਾਵੇ ਤਾਂ ਫਿਰ ਡਾਇਰੈਕਟ ਲੋਨਿੰਗ ਵਿਚ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਪੈਸੇ ਮਿਲ ਸਕਣਗੇ । ਇਸ ਵਿਚ ਸਕੀਮਾਂ ਵੀ ਚੰਗੀਆਂ ਹਨ ਜਿਵੇਂ ਕੋਈ ਵੈਨ ਚਲਾ ਸਕਦਾ ਹੈ, ਟੈਕਸੀ ਪਾ ਸਕਦਾ ਹੈ ਹੋਰ ਵੀ ਕਈ ਸਕੀਮਾਂ ਜਿਵੇਂ ਫੋਟੋ ਸਟੈਟ ਮਸ਼ੀਨਾਂ, ਇਲੈਕਟਰਾਨਿਕ ਦੀਆਂ ਸਕੀਮਾਂ ਇਨ੍ਹਾਂ ਨੇ ਲਾਗੂ ਕੀਤੀਆਂ ਹਨ, ਜਿਨ੍ਹਾਂ ਦਾ ਫਾਇਦਾ ਸਿੱਧੇ ਤੌਰ ਤੇ ਸ਼ਡਿਊਲਡ ਕਾਸਟ ਦੇ ਨੌਜਵਾਨਾਂ ਨੂੰ ਮਿਲ ਸਕਦਾ ਹੈ । ਇਕ ਗੱਲ ਕਾਰਪੋਰੇਸ਼ਨ ਦੇ ਸਬੰਧ ਵਿਚ ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਇਸ ਕਾਰਪੋਰੇਸ਼ਨ ਦਾ ਸ਼ੇਅਰ ਕੈਪੀਟਲ 30 ਕਰੋੜ ਤੋਂ ਇਨਹਾਂਸ ਕਰਕੇ ਇਸ ਨੂੰ 60 ਕਰੋੜ ਬਣਾਉਣ ਵਾਸਤੇ ਪੰਜਾਬ ਦੀ ਪਹਿਲੀ ਸਰਕਾਰ ਵੱਲੋਂ ਸਬ-ਕਮੇਟੀ ਵਿਚ ਫੈਸਲਾ ਹੋ ਚੁੱਕਾ ਹੈ । ਇਸ ਦੀਆਂ ਰਿਕੁਮੈਂਡੇਸ਼ਨਾਂ ਸਰਕਾਰ ਨੂੰ ਜਾ ਚੁੱਕੀਆਂ ਹਨ । ਇਸ ਦਾ ਜੋ ਆਥੋਰਾਈਜ਼ਡ ਸ਼ੇਅਰ ਕੈਪੀਟਲ ਹੈ ਇਸ ਨੂੰ ਇਨਹਾਂਸ ਕਰ ਦਿੱਤਾ ਜਾਵੇ । ਉਸ ਨਾਲ ਪੰਜਾਬ ਦੇ ਬੇਰੁਜ਼ਗਾਰ ਲੋਕਾਂ ਨੂੰ ਇਕ ਨਵੀਂ ਸੇਧ ਮਿਲੇਗੀ । ਇਸ ਸਬੰਧ ਵਿਚ ਇਕ ਗੱਲ ਮੈਂ ਤੁਹਾਡੇ ਪਾਸ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਸਰਕਾਰ ਪਾਸ ਬਹੁਤ ਸਾਰਾ ਪੈਸਾ ਹੈ ਜਿਹੜਾ ਸੈਂਟਰ ਤੋਂ ਮਿਲਦਾ ਹੈ । ਉਸ ਦੀ ਗੌਰਮਿੰਟ ਨੂੰ ਗਰੰਟੀ ਦੇਣੀ ਪੈਂਦੀ ਹੈ । ਹੁਣ ਪਿਛੇ ਜਿਹੇ ਦੋ ਕਾਰਪੋਰੇਸ਼ਨਾਂ ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ

Original with;
Punjab Vidhan Sabha
Digitized by;
Panjab Digital Library

ਅਤੇ ਮਾਈਨਾਰਟੀ ਕਾਰਪੋਰੇਸ਼ਨ ਆਫ ਇੰਡੀਆ ਕੋਲੋਂ ਪੈਸਾ ਆਇਆ ਸੀ. ਉਸ ਦੀ ਗਰੰਟੀ ਪੰਜਾਬ ਸਰਕਾਰ ਨੇ ਦੇ ਦਿੱਤੀ ਹੈ ਲੇਕਿਨ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਨੇ 10 ਕਰੋੜ ਦੀ ਗਰੰਟੀ ਦੇਣੀ ਹੈ। ਇਹ ਗਰੰਟੀ ਦੇਣ ਤੋਂ ਬਾਅਦ ਹੀ ਉਹ ਸਾਰਾ ਪੈਸਾ ਗਰੀਬ ਲੋਕ ਇਸਤੇਮਾਲ ਕਰ ਸਕਣਗੇ। ਦੂਜੀ ਗੱਲ ਸਪੈਸ਼ਲ ਕੰਪੋਨੈਂਟ ਪਲਾਨ ਬਾਰੇ ਮੈਂ ਤੁਹਾਡੇ ਮਾਰਫਤ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਚੰਗਾ ਪ੍ਰੋਗਰਾਮ ਹੈ। ਗੌਰਮਿੰਟ ਆਫ ਇੰਡੀਆ ਨੇ ਕਿਹਾ ਸੀ ਕਿ ਜਿੰਨੀ ਆਬਾਦੀ ਕਿਸੇ ਸੂਬੇ ਵਿਚ ਸ਼ਡਿਊਲਡ ਕਾਸਟ ਲੋਕਾਂ ਦੀ ਹੋਵੇਗੀ ਉਨਾਂ ਹੀ ਬਜਟ ਵਿਚ, ਉਨ੍ਹਾਂ ਲਈ ਹਿੱਸਾ ਰੱਖਿਆ ਜਾਵੇ। ਇਸ ਲਈ 25 ਇਸ ਦਾ ਹਿੱਸਾ ਰੱਖਿਆ ਜਾਵੇ। ਸਪੀਕਰ ਸਾਹਿਬ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਦੇ ਐਡਰੈਸ ਵਿਚ ਜੋ ਫਿੱਗਰ ਦਿੱਤੀ ਗਈ ਹੈ ਕਿ ਸ਼ਡਿਊਲਡ ਕਾਸਟ ਲੋਕਾਂ ਦੀ ਆਬਾਦੀ ਇਸ ਵੇਲੇ 28.31 ਹੈ। ਰਿਜ਼ਰਵੇਸ਼ਨ ਦੀ ਜੋ ਪਾਲਿਸੀ ਹੈ ਉਸ ਵਿਚ ਸਾਨੂੰ ਸ਼ਡਿਊਲਡ ਕਾਸਟ ਲੋਕਾਂ ਨੂੰ 25 ਰਿਜ਼ਰਵੇਸ਼ਨ ਮਿਲੀ ਹੈ ਕਿਉਂਕਿ ਸਾਡੀ ਆਬਾਦੀ ਪੰਜਾਬ ਵਿਚ 25% ਸੀ। ਕਿਉਂਕਿ ਹੁਣ 28.31% ਹੋ ਗਈ ਹੈ ਤਾਂ ਮੈਂ ਸਰਕਾਰ ਨੂੰ ਇਹ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਉਸ ਰਿਜ਼ਰਵੇਸ਼ਨ ਨੂੰ ਇਨਹਾਂਸ ਕੀਤਾ ਜਾਵੇ। ਸਾਰੇ ਦੇਸ਼ ਅੰਦਰ ਆਬਾਦੀ ਦੇ ਮੁਤਾਬਿਕ ਹੀ ਰਿਜ਼ਰਵੇਸ਼ਨ ਵਧਾਈ ਜਾਵੇ। ਮੈਂ ਸਪੈਸ਼ਲ ਕੰਪੋਨੈਂਟ ਪਲਾਨ ਦਾ ਜ਼ਿਕਰ ਕਰ ਰਿਹਾ ਸੀ। ਇਹ ਐਸੀ ਪਲਾਨ ਹੈ ਜਿਸ ਦੀ ਮਾਰਫਤ ਸ਼ਡਿਊਲਡ ਕਾਸਟ ਭਰਾਵਾਂ ਨੂੰ ਅਸੀਂ ਇਕਨਾਮੀਕਲੀ ਚੰਗਾ ਬਣਾ ਸਕਦੇ ਹਾਂ। ਅਸੀਂ ਉਹ ਸਕੀਮਾਂ ਲਾਗੂ ਕਰ ਸਕਦੇ ਹਾਂ ਜਿਨ੍ਹਾਂ ਦਾ ਸਿੱਧਾ ਤੌਰ ਤੇ ਉਨ੍ਹਾਂ ਨੂੰ ਫਾਇਦਾ ਪਹੁੰਚੇਗਾ। ਗਵਰਨਰ ਸਾਹਿਬ ਦੇ ਐਡਰੈਸ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਅੰਦਰ 1996-97 ਵਿਚ ਵਿਸ਼ੇਸ਼ ਕੰਪੋਨੈਂਟ ਯੋਜਨਾ ਵਾਸਤੇ 205 ਕਰੋੜ ਦੀ ਪਲਾਨ ਅਸੀਂ ਰੱਖੀ ਸੀ। 18 ਕਰੋੜ ਦਾ ਸਾਡਾ ਹਿੱਸਾ ਹੈ। ਉਸ ਵਿਚੋਂ 25% ਕੱਟ ਮਗਰੋਂ ਤਕਰੀਬਨ 11 ਕਰੋੜ ਹੀ ਰਹਿ ਜਾਂਦਾ ਹੈ। ਮੈਨੂੰ ਹੁਣ ਪਤਾ ਲੱਗਾ ਹੈ ਕਿ ਉਸ ਨੇ ਹੋਰ ਵੀ ਰਿਡੀਊਸ ਕਰ ਦਿੱਤਾ ਹੈ ਅਤੇ 8 ਦੇ ਕਰੀਬ ਹੋਰ ਉਸ ਨੂੰ ਘਟਾ ਦਿੱਤਾ ਗਿਆ। ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪਲਾਨ ਤਾਂ ਮਨਜ਼ੂਰ ਹੋ ਗਈ ਹੈ। ਪਰ ਬਜਟ ਵਿਚ ਇਸ ਦੀ ਪ੍ਰੋਵੀਜ਼ਨ ਨਹੀਂ ਕੀਤੀ ਗਈ। ਸਾਡੀ ਸਰਕਾਰ ਨੇ ਇਸ ਦੀ ਬਜਟ ਵਿਚ ਪ੍ਰੋਵੀਜ਼ਨ ਕਰਨੀ ਸੀ ਅਤੇ ਇਹ ਪੈਸਾ ਮਿਲਣਾ ਸੀ। ਸਪੀਕਰ ਸਾਹਿਬ, ਸਰਕਾਰ ਦੀ ਚਿੱਠੀ ਗਈ ਹੈ ਕਿ ਇਸ ਨੂੰ ਬਜਟ ਦਾ ਹਿੱਸਾ ਸਮਝਿਆ ਜਾਵੇ ਲੇਕਿਨ ਉਸ ਨਾਲ ਤਾਂ ਪੈਸਾ ਨਹੀਂ ਮਿਲਦਾ। ਜ਼ਿਲ੍ਹਾ ਪਲੈਨਿੰਗ ਬੋਰਡਾਂ ਵਿਚ ਮੈਨੂੰ ਜਾਣ ਦਾ ਮੌਕਾ ਮਿਲਿਆ ਹੈ। ਪਹਿਲਾਂ ਮੈਂ ਇਸ ਦਾ ਚੇਅਰਮੈਨ ਸੀ ਅਤੇ ਹੁਣ ਮੈਂਬਰ ਦੇ ਤੌਰ ਤੇ ਉਸ ਨੂੰ ਅਟੈਂਡ ਕੀਤਾ ਹੈ। ਇਸ ਦੇ ਵਿਚ ਕਈ ਅੜਚਣਾਂ ਕਈ ਜ਼ਿਲ੍ਹਿਆਂ ਦੇ ਵਿਚ ਥੋੜ੍ਹਾ ਪੈਸਾ ਦੇਣ ਕਰਕੇ ਆ ਰਹੀਆਂ ਹਨ ਕਿਉਂਕਿ ਸਮੁੱਚੇ ਤੌਰ ਤੇ ਬਜਟ ਦੇ ਵਿਚ ਪ੍ਰੋਵੀਜ਼ਨ ਨਾ ਹੋਣ ਕਰਕੇ ਇਹ ਪੈਸਾ 31 ਮਾਰਚ ਤੱਕ ਖਰਚ ਨਹੀਂ ਹੋਵੇਗਾ ਅਤੇ ਇਹ ਕਾਗਜ਼ੀ ਗੱਲਾਂ ਹੀ ਰਹਿ ਜਾਣਗੀਆਂ। ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜੇ ਇਨ੍ਹਾਂ ਦੇ ਮਨ ਵਿਚ ਦਲਿਤਾਂ ਦੇ ਲਈ ਕਰਨ ਦੀ ਚਾਹਤ ਹੈ ਫੇਰ ਤੁਸੀਂ ਇਸ ਖਾਸ ਖਾਸ ਧਿਆਨ ਦਿਓ। ਬਾਦਲ ਸਾਹਿਬ ਨੇ 2 ਗੱਲਾਂ ਬੜੀਆਂ ਚੰਗੀਆਂ ਕੀਤੀਆਂ ਹਨ ਅਤੇ ਦਲਿਤਾਂ ਦੀ ਸਹੀ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਮਾਅਨਿਆ ਦੇ ਵਿਚ ਮਦਦ ਵੀ ਕੀਤੀ ਹੈ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜਾ ਪੈਸਾ ਇਨ੍ਹਾਂ ਦਲਿਤਾਂ ਦੀ ਭਲਾਈ ਲਈ ਰਖਿਆ ਗਿਆ ਹੈ ਉਸ ਨੂੰ ਖਰਚ ਕੀਤਾ ਜਾਵੇ । ਮੈਨੂੰ ਇਸ ਬਾਰੇ ਜਾਣਕਾਰੀ ਹੈ ਕਿ ਸਾਡੀ ਸਰਕਾਰ ਨੇ ਸਪੈਸ਼ਲ ਕੰਪੋਨੈਂਟ ਪਲਾਨ ਦੇ ਲਈ ਇਕ ਵੱਖਰਾ ਡਾਇਰੈਕਟੋਰੇਟ ਖੋਲਿਆ ਹੋਇਆ ਸੀ ਜਿਸ ਦੇ ਅੰਦਰ ਸਾਰੇ ਡਿਪਾਰਟਮੈਂਟਾਂ ਦੀਆਂ ਸਪੈਸ਼ਲ ਕੰਪੋਨੈਂਟ ਪਲਾਨ ਦੀਆਂ ਸਕੀਮਾਂ ਨੂੰ ਲਾਗੂ ਕਰਨ ਲਈ ਜਿੰਨਾ ਪੈਸਾ ਰੱਖਿਆ ਜਾਂਦਾ ਸੀ ਉਸ ਨੂੰ ਇਸ ਡਾਇਰੈਕਟੋਰੇਟ ਦੇ ਰਾਹੀਂ ਅਤੇ ਸੈਕਟਰੀ ਸ਼ਡਿਊਲਡ ਕਾਸਟ ਜੋ ਇਸ ਪਲਾਨਿੰਗ ਦਾ ਇੰਚਾਰਜ ਹੁੰਦਾ ਸੀ ਅਤੇ ਹਰ ਮਹਿਕਮੇ ਦੇ ਸਬ-ਹੈਡ ਥੱਲੇ ਇਹ ਡਾਇਰੈਕਟੋਰੇਟ ਕੰਮ ਕਰਦਾ ਸੀ । ਇਸ ਨੂੰ ਦੁਬਾਰਾ ਪਲਾਨਿੰਗ ਬੋਰਡ ਤੋਂ ਮੰਜ਼ੂਰੀ ਲੈਣ ਦੀ ਲੋੜ ਨਹੀਂ ਹੁੰਦੀ ਸੀ ਅਤੇ ਇਸ ਮਹਿਕਮੇ ਦਾ ਸੈਕਟਰੀ ਹੀ ਸੈਂਕਸ਼ਨ ਦਿੰਦਾ ਸੀ । ਸੈਕਟਰੀ ਹੀ ਸਾਰੇ ਸਪੈਸ਼ਲ ਕੰਪੋਨੈਂਟ ਪਲਾਨ ਨੂੰ ਸੁਪਰਵਾਈਜ਼ ਕਰਦਾ ਸੀ ਅਤੇ ਇਹ ਵੀ ਸ਼ਡਿਊਲਡ ਕਾਸਟਾਂ ਦੇ ਲਈ ਸਕੀਮਾਂ ਬਣਾਉਂਦਾ ਸੀ ਅਤੇ ਉਨ੍ਹਾਂ ਨੂੰ ਇੰਪਲੀਮੈਂਟ ਕਰਦਾ ਸੀ । ਇਹ ਵੈਲਫੇਅਰ ਡਿਪਾਰਟਮੈਂਟ ਦੇ ਅੰਦਰ ਹੁੰਦਾ ਸੀ ਅਤੇ ਸੈਕਟਰੀ ਸ਼ਡਿਊਲਡ ਕਾਸਟ ਹੀ ਪਲਾਨਿੰਗ ਸੈਕਟਰੀ ਦਾ ਕੰਮ ਕਰਦਾ ਸੀ ਅਤੇ ਉਸ ਨੂੰ ਹੀ ਸਮਝ ਲਿਆ ਜਾਣਾ ਚਾਹੀਦਾ ਹੈ ਕਿ ਉਹ ਹੀ ਵੈਲਫੇਅਰ ਸਕੀਮਾਂ ਬਣਾਏ ਅਤੇ ਉਹ ਹੀ ਲਾਗੂ ਕਰੇ । ਇਸ ਨੂੰ ਦੁਬਾਰਾ ਪਲਾਨਿੰਗ ਬੋਰਡ ਤੋਂ ਪਾਸ ਕਰਵਾਉਣ ਦੀ ਲੋੜ ਨਾ ਪਵੇ ਕਿਉਂਕਿ ਇਸ ਦੇ ਵਿਚ ਪਲਾਨਿੰਗ ਬੋਰਡ ਵਾਲੇ ਟੰਗ ਅੜਾ ਦਿੰਦੇ ਹਨ ਜਿਸ ਕਰਕੇ ਸਪੈਸ਼ਲ ਕੰਪੋਨੈਂਟ ਪਲਾਨ ਦੇ ਵਿਚ ਦਿੱਕਤਾਂ ਪੇਸ਼ ਆਉਂਦੀਆਂ ਹਨ । ਇਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ । ਇਸ ਸਬੰਧੀ ਕੈਬਨਿਟ ਸਬ ਕਮੇਟੀ ਨੇ ਸਪੈਸ਼ਲ ਕੰਪੋਨੈਂਟ ਪਲਾਨ ਬਾਰੇ ਫੈਸਲਾ ਵੀ ਕੀਤਾ ਸੀ । ਉਸ ਨੂੰ ਬਾਦਲ ਸਾਹਿਬ ਆਉਣ ਵਾਲੇ ਬਜਟ ਦੇ ਵਿਚ ਪੇਸ਼ ਕਰਨ ਦਾ ਉਪਰਾਲਾ ਕਰਨ । ਸਟੇਟ ਦੇ ਵਿਚ ਸਾਡੀ ਸ਼ਡਿਊਲਡ ਕਾਸਟਾਂ ਦੀ ਜਿੰਨੀ ਆਬਾਦੀ ਹੈ ਉਸ ਦੇ ਮੁਤਾਬਿਕ ਸਾਡੇ ਹਿੱਸੇ ਦਾ ਉਪਬੰਧ ਕੀਤਾ ਜਾਵੇ ਅਤੇ ਵੱਧ ਤੋਂ ਵੱਧ ਸਾਡਾ ਸ਼ੇਅਰ ਇਸ ਬਜਟ ਦੇ ਵਿਚ ਰੱਖਿਆ ਜਾਵੇ । ਜਿਸ ਤਰ੍ਹਾਂ ਦੇਸ਼ ਦੀਆਂ ਬਹੁਤ ਸਾਰੀਆਂ ਸਟੇਟਾਂ ਦੇ ਵਿਚ ਸ਼ਡਿਊਲਡ ਕਾਸਟਾਂ ਦੇ ਲਈ ਫਿਕਸ ਬਜਟ ਰੱਖਿਆ ਜਾਂਦਾ ਹੈ ਜਿਵੇਂ ਯੂ. ਪੀ., ਮਹਾਰਾਸ਼ਟਰ, ਕੇਰਲਾ, ਆਂਧਰਾ ਪ੍ਰਦੇਸ਼ ਦੇ ਵਿਚ ਹਨ ਅਤੇ ਇਥੇ ਸਪੈਸ਼ਲ ਕੰਪੋਨੈਂਟ ਪਲਾਨ ਬਣਾਏ ਗਏ ਹਨ । ਇਸੇ ਤਰ੍ਹਾਂ ਪੰਜਾਬ ਸਰਕਾਰ ਨੂੰ ਵੀ ਸ਼ਡਿਊਲਡ ਕਾਸਟਾਂ ਦੇ ਲਈ ਬਜਟ ਆਬਾਦੀ ਦੇ ਹਿਸਾਬ ਨਾਲ ਫਿਕਸ ਕਰ ਦੇਣਾ ਚਾਹੀਦਾ ਹੈ ਅਤੇ ਸਪੈਸ਼ਲ ਕੰਪੋਨੈਂਟ ਪਲਾਨ ਦੇ ਵਿਚ ਰੱਖਿਆ ਜਾਣਾ ਚਾਹੀਦਾ ਹੈ । ਇਸ ਦੇ ਨਾਲ ਸ਼ਡਿਊਲਡ ਕਾਸਟਾਂ ਦੀ ਕਾਫੀ ਭਲਾਈ ਹੋ ਸਕੇਗੀ ਅਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੋ ਸਕੇਗਾ ਅਤੇ ਸਹੀ ਮਾਅਨਿਆਂ ਦੇ ਵਿਚ ਉਨ੍ਹਾਂ ਦੀ ਆਰਥਿਕ ਤੌਰ ਤੇ ਤਰੱਕੀ ਹੋ ਸਕੇਗੀ । ਜਿਸ ਤਰ੍ਹਾਂ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਉਪਰਾਲੇ ਕੀਤੇ ਸਨ, ਉਨ੍ਹਾਂ ਉਪਰਾਲਿਆਂ ਨੂੰ ਚਾਲੂ ਰੱਖਣਾ ਚਾਹੀਦਾ ਹੈ । ਇਹ ਸਕੀਮਾਂ ਅਸੀਂ ਸੈਂਟਰਲ ਗੌਰਮਿੰਟ ਦੇ ਨਾਲ ਮਿਲ ਕੇ ਬਣਾਈਆਂ ਸਨ । ਇਸ ਸਪੈਸ਼ਲ ਕੰਪੋਨੈਂਟ ਪਲਾਨ ਨੂੰ ਵੈਲਫੇਅਰ ਸਕੀਮਾਂ ਬਣਾ ਕੇ ਸਿਰੇ ਚਾੜਿਆ ਜਾਵੇ । ਇਸ ਦੇ ਨਾਲ ਪੰਜਾਬ ਦੇ ਵਿਚ ਕਾਫੀ ਤਰੱਕੀ ਹੋਵੇਗੀ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਚੌਧਰੀ ਸਾਹਿਬ, ਕਾਫੀ ਟਾਈਮ ਹੋ ਚੁੱਕਾ ਹੈ ਹੁਣ ਤੁਸੀਂ 2-3 ਮਿੰਟਾਂ ਦੇ ਵਿਚ ਵਾਈਂਡ ਅੱਪ ਕਰ ਦਿਓ ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਦਾ ਟਾਈਮ ਲੈ ਰਿਹਾ ਹਾਂ ਅਤੇ ਮੈਂ 2-3 ਗੱਲਾਂ ਹੋਰ ਕਰਨੀਆਂ ਹਨ । ਬਾਦਲ ਸਾਹਿਬ ਦੀ ਸਰਕਾਰ ਨੇ ਸ਼ਡਿਊਲਡ ਕਾਸਟਾਂ ਦੇ ਲਈ 2-3 ਫੈਸਲੇ ਬਹੁਤ ਅੱਛੇ ਕੀਤੇ ਹਨ ਜਿਸ ਤਰ੍ਹਾਂ ਉਨ੍ਹਾਂ ਨੂੰ ਮਕਾਨ ਬਨਾਉਣ ਲਈ 15,000/- ਰੁਪਏ ਤੋਂ ਵਧਾ ਕੇ 50,000/- ਰੁਪਿਆ ਕਰ ਦਿੱਤਾ ਗਿਆ ਹੈ ਪਰ ਮੈਂ ਦਸਣਾ ਚਾਹੁੰਦਾ ਹਾਂ ਕਿ 15,000/- ਰੁਪਏ ਕਚੇ ਮਕਾਨ ਬਨਾਉਣ ਲਈ ਸਨ ਪੱਕੇ ਮਕਾਨਾਂ ਵਾਸਤੇ ਨਹੀਂ ਸਨ । ਸਰਕਾਰ ਦਾ 50,000/- ਰੁਪਿਆ ਕਰਨ ਦਾ ਫੈਸਲਾ ਬਹੁਤ ਅੱਛਾ ਹੈ । ਇਨ੍ਹਾਂ ਨੂੰ ਮਕਾਨ ਬਨਾਉਣ ਲਈ ਇਕ ਪਾਸੇ ਬਸਤੀ ਨਾ ਬਣਾਉਣ ਦਿਓ ਬਲਕਿ ਇਨ੍ਹਾਂ ਨੂੰ ਪਿੰਡਾਂ ਦੇ ਵਿਚ ਅਤੇ ਸ਼ਹਿਰਾਂ ਦੇ ਵਿਚ ਮਿਕਸ ਕਰਕੇ ਰਹਿਣ ਦਿੱਤਾ ਜਾਵੇ ਤਾਂ ਕਿ ਆਪਸੀ ਭਾਈਚਾਰਾ ਬਣਿਆ ਰਹੇ ਅਤੇ ਸਾਰੇ ਆਪਸ ਵਿਚ ਇਕੱਠੇ ਰਹਿ ਸਕਣ । ਐਸੀ ਹੀ ਭਾਵਨਾ ਨੂੰ ਸਾਹਮਣੇ ਰੱਖ ਕੇ ਮਿਕਸ ਬਸਤੀਆਂ ਬਣਾਉਣ ਦੀ ਇਜਾਜ਼ਤ ਦਿੱਤੀ ਜਾਵੇ ਅਲੱਗ ਬਸਤੀ ਨਾ ਬਣਾਉਣ ਦਿੱਤੀ ਜਾਵੇ । ਸਪੀਕਰ ਸਾਹਿਬ, ਦੂਜੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੁੱਡਾ ਮਹਿਕਮਾ ਕਾਂਗਰਸ ਸਰਕਾਰ ਨੇ ਬਣਾਇਆ ਸੀ । ਕਾਂਗਰਸ ਸਰਕਾਰ ਨੇ ਇਹ ਇਕ ਬਹੁਤ ਅੱਛੀ ਗੱਲ ਕੀਤੀ ਸੀ ਤਾਂ ਕਿ ਹੈਫਜ਼ਰਡ ਗਰੋਥ ਨੂੰ ਰੋਕਿਆ ਜਾਵੇ । ਹੈਫਜ਼ਰਡ ਗਰੋਥ ਸ਼ਹਿਰਾਂ ਅਤੇ ਬਸਤੀਆਂ ਵਿਚ ਬਹੁਤ ਵੱਧ ਰਹੀ ਹੈ । ਜਿਥੇ ਮਰਜ਼ੀ ਹੈ, ਲੋਕ ਦੁਕਾਨ ਪਾਈ ਜਾਂਦੇ ਹਨ, ਜਿਥੇ ਮਰਜ਼ੀ ਹੋਵੇ ਉਥੇ ਮਕਾਨ ਪਾ ਲੈਂਦੇ ਹਨ । ਇਸ ਚੀਜ਼ ਨੂੰ ਰੋਕਣ ਵਾਸਤੇ ਪੁੱਡਾ ਮਹਿਕਮਾ ਬਣਾਇਆ ਗਿਆ ਸੀ ਤਾਂ ਕਿ ਆਉਣ ਵਾਲੇ ਸਮੇਂ ਵਿਚ ਜੋ ਹਾਊਸਿੰਗ ਦੀ ਪਰਾਬਲਮ ਆ ਰਹੀ ਹੈ ਅਤੇ ਦਿਨ-ਬ-ਦਿਨ ਇਹ ਪਰਾਬਲਮ ਵਧਦੀ ਹੀ ਜਾ ਰਹੀ ਹੈ । ਇਸ ਤੇ ਕਾਬੂ ਪਾਇਆ ਜਾ ਸਕੇ ਜਿਹੜੀ ਪੰਜਾਬ ਵਿਚ ਉਪਜਾਊ ਜ਼ਮੀਨ ਹੈ ਉਹ ਘੱਟ ਰਹੀ ਹੈ । ਆਉਣ ਵਾਲੇ ਸਮੇਂ ਵਿਚ ਬਹੁਤ ਔਖਾ ਹੋਵੇਗਾ । ਮੈਂ ਇਥੇ ਇਕ ਗੱਲ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਮਕਾਨ ਬਣਾਉਣੇ ਹਨ ਉਹ ਮਲਟੀ ਸਟੋਰੀ ਬਣਾਏ ਜਾਣ ਤਾਂ ਕਿ ਹੈਫਜ਼ਰਡ ਗਰੋਥ ਜੋ ਹੋ ਰਹੀ ਹੈ ਉਸ ਨੂੰ ਰੋਕਿਆ ਜਾਵੇ । ਕਾਂਗਰਸ ਦੀ ਸਰਕਾਰ ਨੇ ਇਹ ਪੁੱਡਾ ਇਸ ਕਰਕੇ ਬਣਾਇਆ ਸੀ । ਸਰਕਾਰ ਨੇ ਸ਼ਡਿਊਲਡ ਕਾਸਟਾਂ ਨੂੰ 50,000/- ਰੁਪਏ ਮਕਾਨ ਬਣਾਉਣ ਵਾਸਤੇ ਦੇਣੇ ਹਨ । ਉਹ ਰੁਪਿਆ ਪੁੱਡਾ ਦੀ ਮਾਰਫਤ ਨਾ ਦਿੱਤਾ ਜਾਵੇ । ਇਸ ਤਰ੍ਹਾਂ ਕਰਨ ਨਾਲ ਸ਼ੰਕਾ ਜ਼ਾਹਿਰ ਹੁੰਦਾ ਹੈ ਕਿ 50,000/- ਰੁਪਏ ਵਿਚੋਂ ਕੁਝ ਪਰਸੈਂਟੇਜ ਪੈਸਾ ਨਿਕਲ ਜਾਵੇਗਾ । ਇਹ ਪੈਸਾ ਗਰੀਬ ਲੋਕਾਂ ਨੂੰ ਸਿੱਧਾ ਦਿਤਾ ਜਾਵੇ ਤਾਂ ਕਿ ਗਰੀਬ ਆਦਮੀ ਆਪਣੇ ਪਰਿਵਾਰ ਦੇ ਨਾਲ ਮਿਹਨਤ ਕਰਕੇ ਕੱਚਾ ਮਕਾਨ ਬਣਾ ਲਵੇ । ਇਸ ਤਰ੍ਹਾਂ ਕਰਨ ਨਾਲ ਉਹ ਮਕਾਨ ਵਿਚ ਮੈਟੀਰੀਅਲ ਵੀ ਚੰਗਾ ਲਗਵਾ ਸਕਦਾ ਹੈ । ਇਹ ਮੇਰਾ ਸੁਝਾਓ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਫ਼ਾਇਦਾ ਹੋਵੇਗਾ । ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਕਿਸਾਨਾਂ ਦੇ ਟਿਊਬਵੈੱਲਾਂ ਦੀ ਬਿਜਲੀ ਦੇ ਅਤੇ ਪਾਣੀ ਦੇ ਬਿਲ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਮਾਫ ਕਰਨ ਦਾ ਜਿਕਰ ਕੀਤਾ ਹੈ, ਉਥੇ ਮੁੱਖ ਮੰਤਰੀ ਸਾਹਿਬ ਨੇ ਇਹ ਜਵਾਬ ਵੀ ਦਿੱਤਾ ਹੈ ਕਿ ਡੋਮੈਸਟਿਕ ਬਿੱਲ ਉਨ੍ਹਾਂ ਦੇ ਅਸੀਂ ਮਾਫ ਨਹੀਂ ਕਰ ਸਕਦੇ। ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਸਮਾਲ ਸਕੇਲ ਇੰਡਸਟਰੀ ਹੈ ਅਤੇ ਛੋਟੇ ਕਾਰਖਾਨੇਦਾਰ ਹਨ ਜੋ ਕਿ ਛੋਟਾ ਮੋਟਾ ਕੰਮ ਕਰਦੇ ਹਨ ਅਤੇ ਪਰੋਡਕਸ਼ਨ ਕਰਦੇ ਹਨ ਜਿਵੇਂ ਖੇਤੀ ਦੇ ਔਜ਼ਾਰ ਬਣਾਉਂਦੇ ਹਨ ਜਾਂ ਹੋਰ ਖੇਤਾਂ ਵਿਚ ਕੰਮ ਕਰਨ ਵਾਲੇ ਇੰਪਲੀਮੈਂਟਸ ਬਣਾਉਂਦੇ ਹਨ। ਉਨ੍ਹਾਂ ਨੂੰ ਵੀ ਪੰਜਾਬ ਸਰਕਾਰ ਬਿਜਲੀ ਦੀ ਰਿਆਇਤ ਦੇਵੇ ਜਾਂ ਉਨ੍ਹਾਂ ਨੂੰ ਕੋਈ ਇਨ-ਸੈਂਟਿਵ ਦੇਵੇ। ਮੈਂ ਸਮਝਦਾ ਹਾਂ ਕਿ ਜੇ ਉਨ੍ਹਾਂ ਨੂੰ ਕੋਈ ਇਨਸੈਂਟਿਵ ਦੇਣ ਦਾ ਉਪਰਾਲਾ ਕੀਤਾ ਜਾਵੇ ਤਾਂ ਇਹ ਇੱਕ ਅੱਛਾ ਕਦਮ ਹੋਵੇਗਾ। ਮੈਂ ਆਪਣੇ ਇਲਾਕੇ ਦੇ ਕਈ ਪਿੰਡਾਂ ਵਿਚ ਗਿਆ ਹਾਂ ਅਤੇ ਹਰ ਜਗ੍ਹਾ ਇਹੀ ਮੰਗ ਸੀ ਕਿ ਸਮਾਲ ਸਕੇਲ ਇੰਡਸਟਰੀ ਨੂੰ ਵੀ ਬਿਜਲੀ ਦੀ ਰਿਆਇਤ ਮਿਲਣੀ ਚਾਹੀਦੀ ਹੈ। ਇਕ ਗੱਲ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਸੀ. ਐਮ. ਸਾਹਿਬ ਵੀ ਬਾਹਰ ਜਾਂਦੇ ਹਨ, ਮਨਿਸਟਰ ਸਾਹਿਬਾਨ ਵੀ ਬਾਹਰ ਜਾਂਦੇ ਹਨ ਅਤੇ ਐਮ. ਐਲ. ਏ. ਸਾਹਿਬਾਨ ਵੀ ਬਾਹਰ ਜਾਂਦੇ ਹਨ। ਜਦੋਂ ਕਾਂਗਰਸ ਗੌਰਮਿੰਟ ਸੀ ਤਾਂ ਅਸੀਂ ਵੀ ਬਾਹਰ ਜਾਂਦੇ ਸੀ, ਸਾਡੇ ਮਨਿਸਟਰ ਸਾਹਿਬਾਨ ਵੀ ਬਾਹਰ ਜਾਂਦੇ ਸਨ ਅਤੇ ਮੁੱਖ ਮੰਤਰੀ ਭੱਠਲ ਸਾਹਿਬਾ ਵੀ ਬਾਹਰ ਜਾਂਦੇ ਸਨ ਅਤੇ ਬਿਜਲੀ ਦੀ ਪਿੰਡਾਂ ਵਿਚ ਜੇ ਕੱਟ ਲੱਗਦੀ ਸੀ ਤਾਂ ਉਸ ਦਾ ਇੰਤਜ਼ਾਮ ਸਰਕਾਰ ਪਹਿਲ ਦੇ ਆਧਾਰ ਤੇ ਕਰਦੀ ਸੀ। ਮੈਂ ਮਿਸਾਲ ਦਿੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਵੇਲੇ ਅਤੇ ਸ਼੍ਰੀਮਤੀ ਭੱਠਲ ਦੀ ਸਰਕਾਰ ਵੇਲੇ ਵੀ ਜਦੋਂ ਬਿਜਲੀ ਦਾ ਸੰਕਟ ਆਉਂਦਾ ਸੀ ਤਾਂ ਅਸੀਂ ਸਾਰੇ ਵਜ਼ੀਰ ਪੰਜਾਬ ਦੇ ਜਿਲ੍ਹੇ ਵੰਡ ਲੈਂਦੇ ਸੀ ਅਤੇ ਬਾਹਰ ਜਾ ਕੇ ਅਫਸਰਾਂ ਨੂੰ ਬੁਲਾ ਕੇ ਮੀਟਿੰਗਾਂ ਕਰਦੇ ਸੀ ਤਾਂ ਕਿ ਬਿਜਲੀ ਦਾ ਸੰਕਟ ਦੂਰ ਹੋਵੇ। ਹੁਣ ਵੀ, ਸਪੀਕਰ ਸਾਹਿਬ, ਬਿਜਲੀ ਸੰਕਟ ਨੂੰ ਦੂਰ ਕਰਨਾ ਬਹੁਤ ਹੀ ਜ਼ਰੂਰੀ ਹੈ। ਸਕੂਲ ਦੇ ਬੱਚਿਆਂ ਦੇ ਪੇਪਰ ਹਨ ਅਤੇ ਕਾਲਿਜ ਦੇ ਬੱਚਿਆਂ ਦੇ ਪੇਪਰ ਵੀ ਹੋਣ ਵਾਲੇ ਹਨ। ਫਾਰਮਜ਼ ਨੂੰ ਵੀ ਬਿਜਲੀ ਦੀ ਲੋੜ ਹੈ ਅਤੇ ਬਿਜਲੀ ਦੀ ਇੰਡਸਟਰੀ ਦੇ ਵਿਚ ਵੀ ਖਪਤ ਹੁੰਦੀ ਹੈ। ਬਿਜਲੀ ਦੀ ਕੱਟ ਕਿਉਂ ਪੰਜਾਬ ਵਿੱਚ ਲੱਗੇ। ਇਸ ਕਮੀ ਨੂੰ ਪੰਜਾਬ ਸਰਕਾਰ ਫੌਰਨ ਦੂਰ ਕਰੇ। ਪਿੰਡਾਂ ਵਿਚੋਂ ਹੋਰ ਸ਼ਿਕਾਇਤਾਂ ਆਉਂਦੀਆਂ ਹਨ ਕਿ ਟਰਾਂਸਫਾਰਮਰ ਸੜ ਜਾਂਦੇ ਹਨ ਕਿਉਂਕਿ ਬਿਜਲੀ ਦਾ ਲੋਡ ਜ਼ਿਆਦਾ ਪੈਂਦਾ ਹੈ। ਸਪੀਕਰ ਸਾਹਿਬ, ਬਰੈਸਿੰਗ ਸ਼ੁਰੂ ਹੋਣ ਵਾਲੀ ਹੈ ਅਤੇ ਟਰਾਂਸਫਾਰਮਰ ਸੜ ਜਾਂਦੇ ਹਨ। ਇਸ ਲਈ ਇਸ ਦਾ ਇਕ ਖਾਸ ਪ੍ਰੋਗਰਾਮ ਪਹਿਲਾਂ ਹੀ ਬਣਾ ਲੈਣਾ ਚਾਹੀਦਾ ਹੈ ਕਿਉਂਕਿ ਟਰਾਂਸਫਾਰਮਰ ਜ਼ਰੂਰ ਸੜਨਗੇ। ਬਿਜਲੀ ਡਿਪਾਰਟਮੈਂਟ ਨੂੰ ਪਹਿਲਾਂ ਹੀ ਆਪਣੇ ਪਾਸ ਐਕਸਟਰਾ ਟਰਾਂਸਫਾਰਮਰ ਰਖਣੇ ਚਾਹੀਦੇ ਹਨ ਤਾਂ ਕਿ ਜੇ ਕਿਸੇ ਜਗ੍ਹਾ ਦਾ ਟਰਾਂਸਫਾਰਮਰ ਸੜ ਜਾਂਦਾ ਹੈ ਤਾਂ ਉਹ ਦੂਸਰੇ ਦਿਨ ਹੀ ਜਾ ਕੇ ਉਥੇ ਟਰਾਂਸਫਾਰਮਰ ਰਖ ਆਉਣ। ਪਰ ਹੁੰਦਾ ਕੀ ਹੈ ਕਿ ਟਰਾਂਸਫਾਰਮਰ ਸੜ ਜਾਂਦਾ ਹੈ ਅਤੇ ਮਹਿਕਮੇ ਵਾਲੇ ਉਸਨੂੰ ਤਾਂ ਚੁੱਕ ਕੇ ਲੈ ਜਾਂਦੇ ਹਨ ਪਰ ਜ਼ਿਮੀਂਦਾਰ ਭਰਾ 5-5 ਦਿਨ ਬਿਨਾਂ ਬਿਜਲੀ ਦੇ ਲਟਕਦੇ ਰਹਿੰਦੇ ਹਨ। ਡਿਪਾਰਟਮੈਂਟ ਵਾਲੇ ਫਿਰ ਉਨ੍ਹਾਂ ਕੋਲੋਂ ਟਰਾਂਸਫਾਰਮਰ ਦਾ ਖਰਚਾ ਵਗੈਰਾ ਵੀ ਲੈਂਦੇ ਹਨ। ਇਸ ਚੀਜ਼ ਤੇ ਸਾਨੂੰ ਖਾਸ ਤੌਰ ਤੇ

Original with;
Punjab Vidhan Sabha
Digitized by;
Panjab Digital Library

ਆਉਣ ਵਾਲੇ ਸਮੇਂ ਵਿਚ ਚੈਕ ਰਖਣ ਦੀ ਲੋੜ ਹੈ ਤਾਂ ਕਿ ਅਸੀਂ ਆਪਣੇ ਕਿਸਾਨ ਭਰਾਵਾਂ ਦੀ ਪੂਰੀ ਮਦਦ ਕਰ ਸਕੀਏ । ਸਪੀਕਰ ਸਾਹਿਬ, ਮੈਂ ਹੋਰ ਵੀ ਗੱਲਾਂ ਕਹਿਣੀਆਂ ਸਨ ਲੇਕਿਨ ਵਕਤ ਦੀ ਕਮੀ ਕਰਕੇ ਮੈਂ ਕਹਿ ਨਹੀਂ ਸਕਦਾ । ਲੇਕਿਨ ਇਕ ਗੱਲ ਮੈਂ ਆਖਿਰ ਵਿਚ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਇਥੇ ਟੀਚਰਾਂ ਦਾ ਜ਼ਿਕਰ ਹੋਇਆ ਸੀ ਕਿ ਭਰਤੀ ਨਹੀਂ ਹੋਈ । ਟੀਚਰਾਂ ਦੀ ਭਰਤੀ ਐਸ. ਐਸ. ਐਸ. ਬੋਰਡ ਨੇ ਤਾਂ ਕਰਨੀ ਨਹੀਂ ਸੀ, ਉਨ੍ਹਾਂ ਦੀ ਭਰਤੀ ਵਾਸਤੇ 34 ਡਿਪਾਰਟਮੈਂਟਲ ਕਮੇਟੀਆਂ ਬਣੀਆਂ ਸਨ ਅਤੇ 11000 ਟੀਚਰ ਪੰਜਾਬ ਦੇ ਅੰਦਰ ਪਿਛਲੇ ਥੋੜ੍ਹੇ ਸਮੇਂ ਵਿਚ ਭਰਤੀ ਕੀਤੇ ਗਏ ਹਨ ਤਾਂ ਕਿ ਜਿਹੜੇ ਸਕੂਲ ਅਪਗ੍ਰੇਡ ਹੋਏ ਸਨ, ਉਨ੍ਹਾਂ ਵਿਚ ਉਨ੍ਹਾਂ ਨੂੰ ਲਾਇਆ ਜਾ ਸਕੇ । ਸਪੀਕਰ ਸਾਹਿਬ, ਪੰਜਾਬ ਦੀ ਪਿਛਲੀ ਸਰਕਾਰ ਨੇ ਕਈ ਸਕੂਲ ਅਪਗ੍ਰੇਡ ਕੀਤੇ, ਮਿਡਲ ਤੋਂ ਹਾਈ ਅਤੇ ਹਾਈ ਤੋਂ ਦਸ ਜਮ੍ਹਾਂ ਦੋ ਵੀ ਕੀਤੇ । ਇਸ ਸਬੰਧ ਵਿਚ ਪੰਜਾਬ ਦੀ ਪਿਛਲੀ ਸਰਕਾਰ ਨੇ ਭਰਪੂਰ ਯਤਨ ਕੀਤਾ ਹੈ ਕਿ ਇਸ ਬੈਕਲਾਗ ਨੂੰ ਪੂਰਾ ਕੀਤਾ ਜਾਵੇ ।

ਸਪੀਕਰ ਸਾਹਿਬ, ਇਸ ਦੇ ਨਾਲ ਨਾਲ ਮੈਂ ਆਖਿਰ ਵਿਚ ਇਹ ਗੱਲ ਵੀ ਕਹਿਣੀ ਹੈ ਕਿ ਜਿਹੜਾ ਬੈਕਲਾਗ ਸ਼ਡਿਊਲਡ ਕਾਸਟਸ ਦੇ ਬੱਚਿਆਂ ਦਾ ਨੌਕਰੀਆਂ ਵਿਚ ਹੈ, ਉਸ ਨੂੰ ਵੀ ਸਰਕਾਰ ਨੂੰ ਜ਼ਰੂਰ ਪੂਰਾ ਕਰਨਾ ਚਾਹੀਦਾ ਹੈ ਜਿਸ ਨਾਲ ਸ਼ਡਿਊਲਡ ਕਾਸਟ ਨੌਜਵਾਨਾਂ ਨੂੰ ਜਿਹੜੇ ਕਿ ਬੇਰੁਜ਼ਗਾਰ ਹਨ, ਕਮਾਉਣ ਦਾ ਸਾਧਨ ਮਿਲ ਜਾਵੇਗਾ ।

ਸਪੀਕਰ ਸਾਹਿਬ, ਜਿਥੋਂ ਤਕ ਪਿੰਡਾਂ ਦੀ ਡਿਵੈਲਪਮੈਂਟ ਦਾ ਸਬੰਧ ਹੈ, ਉਸ ਬਾਰੇ ਕਿਹਾ ਗਿਆ ਹੈ ਕਿ ਉੱਨਤ ਗ੍ਰਾਮ ਸਕੀਮ ਨੂੰ ਸਰਕਾਰ ਚਾਲੂ ਰਖੇਗੀ । ਮੈਨੂੰ ਮਾਣ ਹੈ ਇਸ ਗੱਲ ਦਾ ਕਿ ਉੱਨਤ ਗ੍ਰਾਮ ਸਕੀਮ ਨੇ ਪੰਜਾਬ ਦੇ ਪਿੰਡਾਂ ਦੀ ਨੁਹਾਰ ਬਦਲ ਦਿਤੀ ਹੈ ਅਤੇ ਇਹ ਸਕੀਮ ਵੀ ਸਾਡੀ ਕਾਂਗਰਸ ਸਰਕਾਰ ਵੇਲੇ ਦੀ ਹੀ ਹੈ । ਉੱਨਤ ਗ੍ਰਾਮ ਸਕੀਮ ਦੀ ਮਾਰਫਤ ਸਾਰੇ ਪਿੰਡਾਂ ਦੀਆ ਗਲੀਆਂ ਪੱਕੀਆਂ ਬਣੀਆਂ, ਨਾਲੀਆਂ ਪੱਕੀਆਂ ਬਣੀਆਂ ਅਤੇ ਨਿਕਾਸ ਦਾ ਜੋ ਕੰਮ ਹੈ, ਉਸ ਵਿਚ ਪੂਰਾ ਸੁਧਾਰ ਆਇਆ । ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੌਜੂਦਾ ਸਰਕਾਰ ਨੇ ਜਿਹੜੀ ਇਹ ਸਕੀਮ ਲਾਗੂ ਰਖੀ ਹੈ, ਇਸਦਾ ਬਹੁਤ ਵੱਡਾ ਫਾਇਦਾ ਹੋਵੇਗਾ । ਬਾਕੀ ਜਿਤਨੇ ਵੀ ਇਥੇ ਐਨੀਮਲ ਹਸਬੈਂਡਰੀ ਹੋਵੇ, ਫਿਸ਼ਰੀਜ਼ ਹੋਵੇ, ਜਿੰਨੇ ਵੀ ਕੋਆਪਰੇਟਿਵ ਅਦਾਰੇ ਹਨ, ਉਨ੍ਹਾਂ ਦੀਆਂ ਗੱਲਾਂ ਰਖੀਆਂ ਗਈਆਂ ਹਨ, ਉਹ ਸਾਰੀਆਂ ਪਿਛਲੇ ਸਾਲ ਵੀ ਚਲਦੀਆਂ ਰਹੀਆਂ ਹਨ ।

ਸਪੀਕਰ ਸਾਹਿਬ, ਅੱਗੇ ਮੈਂ ਥੋੜ੍ਹਾ ਜਿਹਾ ਕੋਆਪਰੇਟਿਵ ਦੇ ਥੱਲੇ ਜਿਹੜੀਆਂ ਸ਼ੂਗਰ ਮਿੱਲਾਂ ਹਨ, ਜਿਵੇਂ ਦਸੂਹਾ ਦੀ ਸ਼ੂਗਰ ਮਿੱਲ ਨੇ ਕਿਸਾਨਾਂ ਦੇ ਪੈਸੇ ਦੇਣੇ ਸੀ । ਉਸ ਵਾਸਤੇ ਸਾਡੀ ਸਾਬਕਾ ਮੁੱਖ ਮੰਤਰੀ ਭੱਠਲ ਸਾਹਿਬਾ ਜੀ ਨੇ 20 ਕਰੋੜ ਰੁਪਏ ਦੇ ਕਰੀਬ ਰੂਰਲ ਡਿਵੈਲਪਮੈਂਟ ਫੰਡ ਵਿਚੋਂ ਪੈਸਾ ਦੇ ਕੇ ਉਨ੍ਹਾਂ ਕਿਸਾਨਾ ਦੇ ਪੈਸੇ ਦੀ ਅਦਾਇਗੀ ਕਰਾਈ ਹੈ । ਹਾਲੇ ਵੀ ਕੋਈ ਸਾਢੇ ਬਾਰਾਂ ਕਰੋੜ ਰੁਪਏ ਦੇ ਕਰੀਬ ਕਿਸਾਨ ਭਰਾਵਾਂ ਦਾ ਪੈਸਾ ਅਦਾ ਨਹੀਂ ਹੋਇਆ ਜਿਸ ਬਾਰੇ ਸਰਕਾਰ ਨੂੰ ਜ਼ਰੂਰ ਪ੍ਰਬੰਧ ਕਰਨਾ ਚਾਹੀਦਾ ਹੈ । ਦਸੂਹਾ ਦੀ ਮਿੱਲ ਤਾਂ ਹੁਣ ਫਾਈਨਾਂਸ਼ੀਅਲ ਕਾਰਪੋਰੇਸ਼ਨ ਨੇ ਟੇਕ-ਅਪ ਕਰ ਲਈ ਹੈ ।

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਇਸ ਦੇ ਨਾਲ ਹੀ ਜਿਹੜੀਆਂ ਮਿੱਲਾਂ ਚਲ ਰਹੀਆਂ ਹਨ, ਉਨ੍ਹਾਂ ਦੀ ਕਪੈਸਿਟੀ ਤਾਂ ਥੋੜ੍ਹੀ ਹੈ। ਮੈਂ ਤੁਹਾਡੀ ਮਾਰਫਤ, ਸਪੀਕਰ ਸਾਹਿਬ, ਬੇਨਤੀ ਕਰਾਂਗਾ ਕਿ ਕਿਸਾਨਾਂ ਦਾ ਗੰਨਾ ਪੂਰਾ ਪੀੜਿਆ ਜਾਵੇ। ਇਸ ਲਈ ਇਹ ਮਿੱਲਾਂ ਲੰਬੇ ਅਰਸੇ ਤਕ ਚਲਾਈਆਂ ਜਾਣ ਤਾਂ ਕਿ ਕਿਸਾਨਾਂ ਨੂੰ ਰਾਹਤ ਮਿਲ ਸਕੇ ਅਤੇ ਜਿਹੜਾ ਕਿਸਾਨ ਭਰਾਵਾਂ ਨੇ ਕਮਾਦ ਬੀਜਿਆ ਹੈ, ਗੰਨਾ ਬੀਜਿਆ ਹੈ, ਉਸਦੇ ਬੀਜਣ ਦਾ ਉਨ੍ਹਾਂ ਨੂੰ ਫਾਇਦਾ ਹੋ ਸਕੇ। ਇਸ ਦਫਾ ਕਿਸਾਨ ਨੇ ਬਹੁਤ ਜਿਆਦਾ ਗੰਨਾ ਬੀਜਿਆ ਹੈ। ਉਸਨੂੰ ਉਸਦਾ ਪੂਰਾ ਮੁੱਲ ਮਿਲੇ, ਇਸ ਲਈ ਮੈਂ ਤੁਹਾਡੀ ਮਾਰਫਤ, ਸਪੀਕਰ ਸਾਹਿਬ, ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਰਕਾਰ ਇਸ ਪਾਸੇ ਵੱਲ ਵੀ ਪੂਰਾ ਧਿਆਨ ਦੇਵੇ। ਸਪੀਕਰ ਸਾਹਿਬ, ਇਸੇ ਤਰ੍ਹਾਂ ਕੋਆਪਰੇਟਿਵ ਸੈਕਟਰ ਵਿਚ ਨਾਨ ਫਾਰਮਿੰਗ ਖੇਤਰ ਵਿਚ ਵੀ ਕਰਜਾ ਦੇਣਾ ਸ਼ੁਰੂ ਕੀਤਾ ਗਿਆ ਹੈ। ਇਥੇ ਕਿਹਾ ਗਿਆ ਹੈ ਕਿ ਖੇਤੀ ਦੇ ਸੈਕਟਰ ਵਿਚ 300-400 ਕਰੋੜ ਰੁਪਿਆ ਲੋਨ ਦੇਵਾਂਗੇ, ਉਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਨੂੰ ਵੀ ਲੋਨ ਨਾਨ ਫਾਰਮਿੰਗ ਖੇਤਰ ਵਿਚ ਅਤੇ ਖੇਤੀਬਾੜੀ ਖੇਤਰ ਵਿਚ ਮੁਕਰਰ ਕੀਤਾ ਜਾਵੇ। ਇਹ ਜ਼ਰੂਰ ਮੁਕਰਰ ਕਰ ਦਿਤਾ ਜਾਵੇ ਕਿ ਏਨੇ ਪਰਸੈਂਟ ਲੋਨ ਸ਼ਡਿਊਲਡ ਕਾਸਟਸ ਨੂੰ ਅਤੇ ਏਨੇ ਪਰਸੈਂਟ ਖੇਤ ਮਜ਼ਦੂਰਾਂ ਨੂੰ ਵੀ ਕੋਈ ਕੰਮ ਧੰਦਾ ਦਲਾਉਣ ਵਾਸਤੇ ਦਿਤਾ ਜਾਵੇਗਾ ਤਾਂ ਕਿ ਉਨ੍ਹਾਂ ਦੇ ਵੀ ਆਰਥਕ ਹਾਲਾਤ ਜਿਹੜੇ ਹਨ, ਉਹ ਠੀਕ ਹੋ ਸਕਣ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਥੇ ਇਹੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਜੋ ਕੁਝ ਇਥੇ ਆਖਿਆ ਹੈ, ਉਹ ਸਾਡੀ ਪਿਛਲੀ ਸਰਕਾਰ ਦੀਆਂ ਉਪਲਬਧੀਆਂ ਅਤੇ ਪ੍ਰੋਗਰਾਮਾਂ ਬਾਰੇ ਹੀ ਆਖਿਆ ਹੈ ਜੋ ਸਾਡੀ ਸਰਕਾਰ ਨੇ ਚਾਲੂ ਕੀਤੇ ਸਨ ਜਾਂ ਜੋ ਸਾਡੀ ਸਰਕਾਰ ਚਾਲੂ ਕਰਨ ਵਾਲੀ ਸੀ। ਜਿਹੜਾ ਚੰਗਾ ਕੰਮ ਇਹ ਸਰਕਾਰ ਕਰੇਗੀ, ਅਸੀਂ ਉਸ ਦੀ ਸ਼ਲਾਘਾ ਕਰਾਂਗੇ। ਇਸ ਐਡਰੈਸ ਵਿਚ ਜਿਹੜੀਆਂ 2-3 ਚੰਗੀਆਂ ਗੱਲਾਂ ਕਹੀਆਂ ਗਈਆਂ ਹਨ, ਅਸੀਂ ਉਸ ਦੀ ਸ਼ਲਾਘਾ ਕਰਦੇ ਹਾਂ। ਇਸ ਭਾਸ਼ਣ ਦਾ ਵੱਡਾ ਹਿੱਸਾ ਉਨ੍ਹਾਂ ਸਕੀਮਾਂ ਅਤੇ ਉਨ੍ਹਾਂ ਪ੍ਰੋਗਰਾਮਾਂ ਬਾਰੇ ਹੀ ਹੈ ਜੋ ਪਿਛਲੀ ਕਾਂਗਰਸ ਦੀ ਸਰਕਾਰ ਨੇ ਚਾਲੂ ਕੀਤੇ ਸਨ। ਧੰਨਵਾਦ। ਜੈ ਹਿੰਦ।

ਸ੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ): ਆਦਰਯੋਗ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਤੇ ਜਿਹੜਾ ਖਿਆਲਾ ਸਾਹਿਬ ਨੇ ਧੰਨਵਾਦ ਦਾ ਮਤਾ ਲਿਆਂਦਾ ਹੈ ਅਤੇ ਜਿਸ ਨੂੰ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਸੈਕਿੰਡ ਕੀਤਾ ਹੈ, ਮੈਂ ਉਸ ਦੇ ਸਮਰਥਨ ਵਿਚ ਕੁਝ ਕਹਿਣਾ ਚਾਹੁੰਦਾ ਹਾਂ। Coming even's cast their shadows before. ਇਸੇ ਤਰ੍ਹਾਂ ਹੀ ਜਿਹੜਾ 11 ਦਾ ਅੰਕੜਾ ਹੈ, ਇਹ ਪੰਜਾਬੀਆਂ ਨੂੰ ਕੁਝ ਕਹਿਣਾ ਚਾਹੁੰਦਾ ਹੈ ਕਿ ਆਉਣ ਵਾਲੇ 5 ਸਾਲਾਂ ਦੇ ਵਿਚ ਇਥੇ ਕੀ ਕੁਝ ਹੋਣ ਵਾਲਾ ਹੈ। ਇਹ 11ਵੀਂ ਵਿਧਾਨ ਸਭਾ ਅਤੇ ਇਸ 11ਵੀਂ ਵਿਧਾਨ ਸਭਾ ਤੋਂ ਵੱਧ ਸੀਟਾਂ 92 ਸੀਟਾਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਨੇ ਜਿੱਤੀਆਂ ਹਨ। ਇਸ (92) ਦਾ ਜੋੜ ਵੀ ਜੇ ਲਾਈਏ ਤਾਂ 9 + 2= 11 ਹੀ ਬਣਦਾ ਹੈ। ਇਹ ਸ਼ਗਨਾਂ ਵਾਲਾ ਅੰਕੜਾ ਹੈ। ਇਹ ਜਿਹੜੀ 1997 ਵਿਚ ਮਨਿਸਟਰੀ ਬਣੀ ਹੈ, ਇਸ ਦਾ ਅੰਕੜਾ ਵੀ

Original with;
Punjab Vidhan Sabha
Digitized by;
Panjab Digital Library

11 ਹੀ ਹੈ । ਇਹ ਸ਼ਗਨਾਂ ਵਾਲਾ ਅੰਕੜਾ ਦੱਸਦਾ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਥੱਲੇ ਇਹ ਸਰਕਾਰ ਪੰਜਾਬ ਨੂੰ ਸ਼ਾਂਤੀ, ਸਮਰਿਧੀ ਅਤੇ ਤਰੱਕੀ ਦੀ ਰਾਹ ਤੇ ਲੈ ਕੇ ਜਾਣ ਵਾਲੀ ਹੈ । ਫਰਵਰੀ ਦੀਆਂ ਇਨ੍ਹਾਂ ਚੋਣਾਂ ਵਿਚ ਇਹ ਜਿਹੜਾ ਮੈਨਡੇਟ ਮਿਲਿਆ ਹੈ, ਕਿਸੇ ਵੀ ਪਾਰਟੀ ਨੂੰ ਪਹਿਲਾਂ ਇਸ ਤਰ੍ਹਾਂ ਦਾ ਮੈਨਡੇਟ ਨਹੀਂ ਮਿਲਿਆ । ਇਸ ਤਰ੍ਹਾਂ ਦਾ ਜਨ ਸਮਰਥਣ ਪਹਿਲਾਂ ਕਦੀ ਵੀ ਕਿਸੇ ਨੂੰ ਨਹੀਂ ਮਿਲਿਆ ।

*4.48 ਵਜੇ ਸ਼ਾਮ

(* ਇਸ ਸਮੇਂ ਸ੍ਰੀ ਸੱਤ ਪਾਲ ਗੋਸਾਈਂ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਬਿਲਕੁਲ ਬਜਾ ਫੁਰਮਾਇਆ ਹੈ ਗਵਰਨਰ ਸਾਹਿਬ ਨੇ ਕਿ ਅਸੈਂਬਲੀ ਚੋਣਾਂ ਵਿਚ ਲੋਕਾਂ ਨੇ ਆਪਣੀਆਂ ਆਸਾਂ ਦਾ ਭਰਪੂਰ ਪ੍ਰਗਟਾਵਾ ਕਰਕੇ, ਆਪਣੀ ਦੂਰ-ਅੰਦੇਸ਼ੀ ਅਤੇ ਸਿਆਣਪ ਦਾ ਪ੍ਰਗਟਾਵਾ ਕੀਤਾ ਹੈ । ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਨੇ ਰਲ ਕੇ 92 ਸੀਟਾਂ ਜਿੱਤੀਆਂ ਹਨ । 1969 ਤੋਂ ਲੈ ਕੇ ਅੱਜ ਤੱਕ ਜੇ ਕਿਸੇ ਨੂੰ ਕਾਂਗਰਸ ਪਾਰਟੀ ਤੋਂ ਇਲਾਵਾ ਏਨਾ ਵੱਡਾ ਸਮਰਥਣ ਮਿਲਿਆ ਹੈ ਤਾਂ ਉਹ ਇਨ੍ਹਾਂ ਚੋਣਾਂ ਵਿਚ ਮਿਲਿਆ ਹੈ ਜਾਂ ਫਿਰ 1977 ਵਿਚ ਮਿਲਿਆ ਸੀ ਜਦੋਂ ਰੂਲਿੰਗ ਗਰੁੱਪ ਨੂੰ 90 ਸੀਟਾਂ ਮਿਲੀਆਂ ਸਨ । ਉਦੋਂ 58 ਸੀਟਾਂ ਅਕਾਲੀ ਦਲ ਨੂੰ, 25 ਸੀਟਾਂ ਜਨਤਾ ਪਾਰਟੀ ਨੂੰ ਅਤੇ ਬਾਕੀ ਸੀਟਾਂ ਸੀ. ਪੀ. ਆਈ. ਐਮ. ਦੀਆਂ ਮਿਲਾ ਕੇ 90 ਸੀਟਾਂ ਮਿਲੀਆਂ ਸਨ । ਫਰਵਰੀ ਦੀਆਂ ਚੋਣਾਂ ਵਿਚ ਲੋਕਾਂ ਨੇ 69% ਵੋਟਾਂ ਪਾ ਕੇ ਆਪਣਾ ਸਮਰਥਨ ਦਿੱਤਾ ਹੈ । ਪੰਜਾਬ ਚੋ 69% ਲੋਕਾਂ ਨੇ ਵੋਟਾਂ ਪਾਈਆਂ ਜਿਸ ਨਾਲ 92 ਸੀਟਾਂ ਦੇ ਰੂਪ ਵਿਚ ਉਨ੍ਹਾਂ ਦਾ ਇਹ ਸਮਰਥਣ ਉਭਰ ਕੇ ਆਇਆ । ਕਾਂਗਰਸ ਨੂੰ ਜੇ ਸਭ ਤੋਂ ਵਧ ਸਮਰਥਣ ਮਿਲਿਆ ਤਾਂ ਉਹ 1992 ਵਿਚ ਮਿਲਿਆ ਜਦੋਂ ਉਸ ਨੂੰ 86 ਸੀਟਾਂ ਮਿਲੀਆਂ । ਇਹ 1969 ਤੋਂ ਲੈ ਕੇ ਅੱਜ ਤੱਕ ਦਾ ਕਾਂਗਰਸ ਦਾ ਇਤਿਹਾਸ ਹੈ । ਲੇਕਿਨ ਇਨ੍ਹਾਂ 86 ਸੀਟਾਂ ਵਾਸਤੇ ਕੁੱਲ 23% ਵੋਟਾਂ ਪਈਆਂ ਸਨ । ਇਸ ਵਾਰ ਜਿਹੜਾ ਮੈਨਡੇਟ ਮਿਲਿਆ ਹੈ, ਇਹ ਜਨਤਾ ਦਾ ਬਿਲਕੁਲ ਸਹੀ ਸਮਰਥਨ ਹੈ ਜਿਹੜਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਥੱਲੇ ਸਰਕਾਰ ਨੂੰ ਉਸ ਨੇ ਦਿੱਤਾ ਹੈ । ਜਿਥੇ ਰੂਲਿੰਗ ਗਰੁੱਪ ਵਾਸਤੇ ਇਹ ਸਭ ਤੋਂ ਵੱਡਾ ਮੈਨਡੇਟ ਹੈ, ਉਥੇ ਜੇ ਵੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਕਾਂਗਰਸ ਨੂੰ ਸਭ ਤੋਂ ਘਟ ਸੀਟਾਂ 1997 ਦੇ ਇਲੈਕਸ਼ਨ ਵਿਚ ਹੀ ਮਿਲੀਆਂ । ਇਤਿਹਾਸ ਗਵਾਹ ਹੈ ਕਿ ਇਸ ਤੋਂ ਘੱਟ ਸੀਟਾਂ ਇਸ ਪਾਰਟੀ ਨੂੰ ਪਹਿਲਾਂ ਕਦੀ ਨਹੀਂ ਮਿਲੀਆਂ । 1977 ਵਿਚ ਇਸ ਪਾਰਟੀ ਨੂੰ 17 ਸੀਟਾਂ ਮਿਲੀਆਂ ਸਨ ਜਦ ਕਿ ਇਸ ਵਾਰ ਇਸ ਨੂੰ ਸਿਰਫ 14 ਸੀਟਾਂ ਹੀ ਮਿਲੀਆਂ ਹਨ । ਇਹ ਵੀ ਇਸ ਹਾਲਤ ਵਿਚ ਜਦੋਂ ਕਿ ਇਸ ਤੋਂ ਪਹਿਲਾਂ ਕਾਂਗਰਸ ਦੀ ਆਪਣੀ ਸਰਕਾਰ ਸੀ । ਉਸ ਸਰਕਾਰ ਵੇਲੇ ਕਾਂਗਰਸੀ ਆਪਣਾ ਨੇਤਾ ਬਦਲਣ ਵਿਚ ਹੀ ਲੱਗੇ ਰਹੇ । ਬੇਅੰਤ ਸਿੰਘ ਤੋਂ ਬਾਅਦ ਬਰਾੜ ਸਾਹਿਬ ਆਏ । ਫਿਰ ਕਿਹਾ ਗਿਆ ਕਿ ਇਹ ਇਲੈਕਸ਼ਨਾਂ ਵਿਚ ਮੁਕਾਬਲਾ ਨਹੀਂ ਕਰ ਸਕਣਗੇ, ਇਸ ਕਰਕੇ ਮੈਡਮ ਭੱਠਲ ਨੂੰ ਲਿਆਂਦਾ ਗਿਆ । ਉਨ੍ਹਾਂ ਦੀ ਅਗਵਾਈ ਵਿਚ ਵੀ ਇਨ੍ਹਾਂ ਨੂੰ ਕੇਵਲ 14 ਸੀਟਾਂ ਹੀ ਮਿਲ ਸਕੀਆਂ । ਇਹ ਇਨ੍ਹਾਂ ਦੀ ਪਿਛਲੇ 5 ਸਾਲਾਂ ਦੀ ਪਰਫਾਰਮੈਂਸ ਹੈ । ਸਰਦਾਰ ਬੇਅੰਤ ਸਿੰਘ ਜੀ ਆਏ, ਬਰਾੜ ਸਾਹਿਬ ਆਏ । ਉਸ ਤੋਂ ਬਾਅਦ ਇਹ ਕਿਹਾ ਗਿਆ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਨੋਰੰਜਨ ਕਾਲੀਆ]

ਕਿ ਇਹ ਬਿਲਕੁਲ ਨਹੀਂ ਚੱਲ ਸਕਦੇ ਅਤੇ ਮੈਡਮ ਭੱਠਲ ਜੀ ਨੂੰ ਪੰਜਾਬ ਦਾ, ਕਾਂਗਰਸ ਦਾ ਨੇਤਰਿਤਵ ਦਿੱਤਾ ਗਿਆ। ਜਿਹੜੇ ਲੋਕਾਂ ਨੇ ਅੱਜ ਵੋਟ ਪਾਏ ਹਨ, ਇਹ ਕਾਂਗਰਸ ਦੀ ਪੰਜ ਸਾਲ ਦੀ ਪਰਫਾਰਮੈਂਸ ਨੂੰ ਮੁੱਖ ਰਖ ਕੇ ਵੋਟ ਪਾਏ ਹਨ ਅਤੇ ਦੂਜੇ ਪਾਸੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਜਿਹੜੀ ਗੱਲ ਕਹੀ ਸੀ ਕਿ ਅਸੀਂ ਪੰਜਾਬ ਦੇ ਵਿੱਚ ਇਕ ਇਕ ਭ੍ਰਿਸ਼ਟਾਚਾਰ ਮੁਕਤ ਸਰਕਾਰ ਦੇਵਾਂਗੇ....

**ਚੌਧਰੀ ਜਗਜੀਤ ਸਿੰਘ:** ਮੇਰਾ ਪੁਆਇੰਟ ਆਫ ਆਰਡਰ ਹੈ, ਚੇਅਰਮੈਨ ਸਾਹਿਬ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੀ ਵਾਰੀ ਬੀ. ਜੇ. ਪੀ ਦੇ ਜਿਹੜੇ ਸਾਡੇ ਸੱਜਣ ਜਿੱਤ ਕੇ ਆਏ ਸਨ, ਗੁਸਾਈਂ ਸਾਹਿਬ ਵੀ ਆਏ ਸਨ। ਇਹਨਾਂ ਵਿਚੋਂ ਦੋ ਤਾਂ ਆਪਣੀ ਪਾਰਟੀ ਛੱਡ ਕੇ ਕਾਂਗਰਸ ਵੱਲ ਆ ਗਏ ਸਨ। ਇਹ ਸਾਡੀ ਗਿਣਤੀ-ਮਿਣਤੀ ਕਰ ਰਹੇ ਹਨ, ਇਹ ਆਪਣੀ ਗਿਣਤੀ ਮਿਣਤੀ ਵੀ ਵੇਖ ਲੈਣ।

**ਸ਼੍ਰੀ ਮਨੋਰੰਜਨ ਕਾਲੀਆ :** ਚੇਅਰਮੈਨ ਸਾਹਿਬ, ਮੈਂ ਸਮਰਥਨ ਦੀ ਗੱਲ ਕਰ ਰਿਹਾ ਹਾਂ, ਰੂਲਿੰਗ ਪਾਰਟੀ ਨੂੰ ਸਮਰਥਨ ਦੀ ਗੱਲ ਕਰ ਰਿਹਾ ਹਾਂ ਕਿ ਇਸ ਪਾਰਟੀ ਨੂੰ 1969 ਤੋਂ ਲੈ ਕੇ ਅੱਜ ਤੱਕ ਕਿਤਨਾ ਸਮਰਥਨ ਮਿਲਿਆ ਅਤੇ ਸੱਭ ਤੋਂ ਵੱਧ ਸਮਰਥਨ ਮਿਲਿਆ। ਜਿਥੇ ਪੰਜਾਬ ਦੇ ਲੋਕਾਂ ਨੇ ਕਾਂਗਰਸ ਪਾਰਟੀ ਦੀ ਪਰਫਾਰਮੈਂਸ ਤੇ ਵੋਟ ਪਾਈ, ਉਥੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਰਹਿਨੁਮਾਈ ਵਿੱਚ ਵਿਸ਼ਵਾਸ ਪ੍ਰਗਟ ਕੀਤਾ। ਇਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਦੇ ਵਸਨੀਕਾਂ ਨੂੰ ਅਸੀਂ ਭ੍ਰਿਸ਼ਟਾਚਾਰ ਮੁਕਤ ਸਰਕਾਰ ਦੇਵਾਂਗੇ। ਭ੍ਰਿਸ਼ਟਾਚਾਰ ਪੰਜਾਬ ਦੇ ਵਿਚੋਂ ਖਤਮ ਕਰ ਦੇਵਾਂਗੇ. ਸ਼ਾਂਤੀ ਲੈ ਕੇ ਆਵਾਂਗੇ, ਸ਼ਾਂਤੀ ਨੂੰ ਹੋਰ ਮਜ਼ਬੂਤ ਕਰਾਂਗੇ ਅਤੇ ਪਾਰਦਰਸ਼ੀ ਸਰਕਾਰ ਦੇਵਾਂਗੇ ਜੋ ਕਿ ਲੋਕਾਂ ਨੂੰ ਜਵਾਬ-ਦੇਹ ਸਰਕਾਰ ਹੋਵੇਗੀ। ਦੂਜੇ ਪਾਸੇ ਸਰਕਾਰ ਨੇ, ਕਾਂਗਰਸ ਪਾਰਟੀ ਦੀ ਸਰਕਾਰ ਨੇ, ਚੋਣਾਂ ਦੇ ਵਿਚ ਆਪਣੀ ਪਰਫਾਰਮੈਂਸ ਦੱਸਣ ਦੀ ਥਾਂ ਤੇ ਨੈਗੇਟਿਵ ਪ੍ਰਾਪੇਗੰਡਾ ਕੀਤਾ। ਪ੍ਰਾਪੇਗੰਡਾ ਕੀ ਕੀਤਾ ਕਿ ਜਿਹੜਾ ਅਲਾਇੰਸ ਹੈ ਗਠਜੋੜ ਹੈ, ਇਹ ਨਾ-ਪਾਕੀ ਹੋਇਆ ਹੈ। ਜੇ ਸ਼ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆ ਜਾਵੇਗੀ ਤਾਂ ਉਗਰਵਾਦ ਆ ਜਾਵੇਗਾ। ਇਨ੍ਹਾਂ ਨੇ ਇਸ ਗੱਲ ਦਾ ਪਰਚਾਰ ਕੀਤਾ ਅਤੇ ਪੰਜਾਬ ਦੀ ਜਨਤਾ ਨੇ ਇਸ ਨੂੰ ਨਿਤਾਰਿਆ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਥੱਲੇ ਜਿਹੜੀ ਸਰਕਾਰ ਲੋਕਾਂ ਦੀ ਬਣੀ, ਲੋਕਾਂ ਨੇ ਇਸ ਗਠਜੋੜ ਨੂੰ ਸਮਰਥਨ ਦਿੱਤਾ। ਸਾਥੀਓ, ਜਿਹੜੇ ਵਾਅਦੇ ਇਲੈਕਸ਼ਨਾਂ ਦੇ ਵਿੱਚ ਅਸੀਂ ਲੋਕਾਂ ਦੇ ਨਾਲ ਕੀਤੇ, ਉਹ ਸਿਰਫ ਇਲੈਕਸ਼ਨ ਤੱਕ ਹੀ ਨਹੀਂ ਰਹਿ ਗਏ, ਉਨ੍ਹਾਂ ਨੂੰ ਸਰਕਾਰ ਨੇ ਆਪਣੀਆਂ ਨੀਤੀਆਂ ਦੇ ਵਿੱਚ ਪੂਰੀ ਤਰ੍ਹਾਂ ਪਰਗਟ ਕੀਤਾ ਹੈ। ਇਸ ਗਵਰਨਰ ਐਡਰੈਸ ਦੇ ਵਿੱਚ ਇਨ੍ਹਾਂ ਨੀਤੀਆਂ ਦਾ ਰਿਫਲੈਕਸ਼ਨ ਹੈ ਕਿ ਜਿਹੜੇ ਵਾਅਦੇ ਲੋਕਾਂ ਦੇ ਨਾਲ ਚੋਣਾਂ ਦੌਰਾਨ ਕੀਤੇ ਗਏ ਹਨ, ਉਹ ਅਸੀਂ ਪੂਰੇ ਕਰਾਂਗੇ ਅਤੇ ਗਵਰਨਰ ਐਡਰੈਸ ਦੇ ਵਿੱਚ ਉਨ੍ਹਾਂ ਨੂੰ ਪਾ ਕੇ ਆਪਣੀ ਵਚਨਬੱਧਤਾ ਦਰਸਾਈ ਹੈ। ਏਨਾ ਹੀ ਨਹੀਂ, ਇਨ੍ਹਾਂ ਨੇ ਉਨ੍ਹਾਂ ਕੀਤੇ ਹੋਏ ਵਾਅਦਿਆਂ ਨੂੰ ਇੰਪਲੀਮੈਂਟ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ। ਹਾਲੇ ਸਰਕਾਰ

Original with;
Punjab Vidhan Sabha
Digitized by;
Panjab Digital Library

ਆਈ ਨੂੰ ਇਕ ਮਹੀਨਾ ਵੀ ਨਹੀਂ ਹੋਇਆ ਲੇਕਿਨ ਬਿਜਲੀ, ਪਾਣੀ ਦੀ ਮੁਫਤ ਸਪਲਾਈ ਔਰ ਓਕਟਰਾਏ ਲਈ ਕਮੇਟੀ ਬਣਾ ਦਿੱਤੀ ਹੈ । ਦੂਸਰੇ ਪਾਸੇ, ਕਾਂਗਰਸ ਸਰਕਾਰ ਨੇ ਪੰਜਾਂ ਸਾਲਾਂ ਦੇ ਵਿੱਚ ਐਸੇ ਵਾਇਦੇ ਕੀਤੇ ਜਿਹੜੇ ਕਿ ਪੰਜਾਂ ਸਾਲਾਂ ਦੇ ਵਿਚ ਵੀ ਪੂਰੇ ਨਹੀਂ ਕੀਤੇ ਗਏ । ਮੈਂ ਇਕ ਦੋ ਉਦਾਹਰਨ ਵੀ ਦੇਵਾਂਗਾ ਕਿ 10 ਲੱਖ ਤੋਂ 20 ਲੱਖ ਰੁਪਏ ਤੇ ਸੇਲਜ਼ ਟੈਕਸ ਬਾਰੇ ਵਾਅਦਾ ਕੀਤਾ ਸੀ, ਇਹ ਵਾਅਦਾ ਤਿੰਨ ਵਾਰ ਕੀਤਾ ਸੀ ਔਰ ਉਸ ਬਾਰੇ ਨੋਟੀਫਿਕੇਸ਼ਨ ਪੰਜ ਸਾਲਾਂ ਵਿੱਚ ਵੀ ਜਾਰੀ ਨਹੀਂ ਹੋ ਸਕਿਆ । ਇਹ ਇਕ ਤਰ੍ਹਾਂ ਨਾਲ ਪੰਜਾਬ ਦੇ ਵਪਾਰੀ ਵਰਗ ਦੇ ਨਾਲ ਖਿਲਵਾੜ ਹੈ । ਲੇਕਿਨ ਮੈਂ ਪੰਜਾਬ ਦੇ ਵਪਾਰੀਆਂ ਨੂੰ ਦੱਸਦਾ ਹਾਂ ਕਿ ਬਾਦਲ ਸਾਹਿਬ ਨੇ ਜਿਹੜੇ ਵਾਅਦੇ ਕੀਤੇ ਹਨ, ਉਹ ਬਾਦਲ ਸਰਕਾਰ ਜ਼ਰੂਰ ਪੂਰੇ ਕਰੇਗੀ । ਸਾਥੀਓ, ਮੇਰੇ ਵਿਰੋਧੀ ਧਿਰ ਦੇ ਸਾਥੀ ਬੋਲ ਕੇ ਗਏ ਹਨ । ਉਨ੍ਹਾਂ ਨੇ ਬੜਾ ਵਖਿਆਨ ਕੀਤਾ ਹੈ ਕਿ ਕਾਂਗਰਸ ਨੇ ਆਜ਼ਾਦੀ ਦੀ ਲੜਾਈ ਲੜੀ । ਬਿਲਕੁਲ ਠੀਕ ਹੈ, ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਸ ਵੇਲੇ ਕੇਵਲ ਇਕੋ ਇੱਕ ਹੀ ਇਹ ਪਾਰਟੀ ਸੀ ਔਰ ਉਸ ਨੇ ਬਤੌਰ ਪਾਰਟੀ ਇਹ ਲੜਾਈ ਲੜੀ । ਜਿਹੜੀ ਅੱਜ ਕਾਂਗਰਸ ਪਾਰਟੀ ਸਾਡੇ ਸਾਹਮਣੇ ਹੈ ਇਹ ਮਹਾਤਮਾ ਗਾਂਧੀ, ਪੰਡਿਤ ਨਹਿਰੂ ਜਾਂ ਸ਼ਾਸਤਰੀ ਜੀ ਵਾਲੀ ਕਾਂਗਰਸ ਪਾਰਟੀ ਨਹੀਂ ਹੈ, ਅੱਜ ਦੀ ਕਾਂਗਰਸ ਪਾਰਟੀ ਘੁਟਾਲਿਆਂ ਦੀ ਪਾਰਟੀ ਹੈ । ਕੋਈ ਵੀ ਦੇਖ ਸਕਦਾ ਹੈ ਕਿ ਕੇਂਦਰ ਦੇ ਸਾਰੇ ਮਨਿਸਟਰ ਅੱਜ ਘੁਟਾਲਿਆਂ ਦੇ ਵਿੱਚ ਫਸੇ ਹੋਏ ਹਨ । ਅੱਜ ਦੀ ਕਾਂਗਰਸ ਘੁਟਾਲਿਆਂ ਦੀ ਔਰ ਕੁਰੱਪਸ਼ਨ ਦੀ ਕਾਂਗਰਸ ਬਣੀ ਹੋਈ ਹੈ । ਇਥੇ ਮੇਰੇ ਦੋਸਤ ਤੇ ਸਾਥੀ ਕਹਿੰਦੇ ਹਨ ਕਿ ਅਮਨ ਤੇ ਸ਼ਾਂਤੀ ਦਾ ਸਾਰਾ ਸਿਹਰਾ ਕਾਂਗਰਸ ਪਾਰਟੀ ਨੂੰ ਜਾਂਦਾ ਹੈ, ਬਿਲਕੁਲ ਨਹੀਂ । ਇਹ ਸਿਹਰਾ ਪੰਜਾਬ ਦੀ ਜਨਤਾ ਨੂੰ ਜਾਂਦਾ ਹੈ । ਮੈਂ ਉਨ੍ਹਾਂ ਗੱਲਾਂ ਵਿਚ ਨਹੀਂ ਜਾਣਾ ਚਾਹੁੰਦਾ ।

**ਸਰਦਾਰ ਗੁਰਚਰਨ ਸਿੰਘ ਦਿੜ੍ਹਬਾ** :** ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸ੍ਰੀ ਮਨੋਰੰਜਨ ਕਾਲੀਆ** : ਚੇਅਰਮੈਨ ਸਾਹਿਬ, ਉਸ ਤੋਂ ਬਾਅਦ ਕੀ ਕੁਝ ਹੋਇਆ, ਮੈਂ ਉਨ੍ਹਾਂ ਗੱਲਾਂ ਵਿਚ ਨਹੀਂ ਜਾਣਾ ਚਾਹੁੰਦਾ । ਚੋਣਾਂ ਦੌਰਾਨ ਵੀ ਬਾਦਲ ਸਾਹਿਬ ਨੇ ਪਾਜ਼ੇਟਿਵ ਗੱਲਾਂ ਕੀਤੀਆਂ ਸਨ ਕਿ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਹਰ ਕੀਮਤ ਤੇ ਬਹਾਲ ਕੀਤੀ ਜਾਵੇਗੀ । ਦੂਸਰੇ ਪਾਸੇ ਕਾਂਗਰਸ ਇਲਜ਼ਾਮ ਲਗਾਉਂਦੀ ਰਹੀ ਕਿ ਮੁੜ ਕੇ ਉਗਰਵਾਦ ਆ ਜਾਵੇਗਾ । ਇਹ ਨੈਗੇਟਿਵ ਸੋਚ ਹੈ ਜਿਸ ਤੇ ਕਾਂਗਰਸ ਵਾਲੇ ਚੱਲ ਰਹੇ ਹਨ । ਇਸ ਤਰ੍ਹਾਂ ਦੀ ਨੈਗੇਟਿਵ ਸੋਚ ਦਾ ਪਾਕਿਸਤਾਨ ਵਿਚ ਵੀ ਜ਼ਿਕਰ ਹੋਇਆ ਹੈ । ਟ੍ਰਿਬਿਊਨ ਦਾ ਇਕ ਆਰਟੀਕਲ ਹੈ ਹਰੀ ਜੈ ਸਿੰਘ ਦਾ ਜਿਹੜਾ ਕਿ ਪਾਕਿਸਤਾਨ ਵਿਚ ਵਿਜ਼ਿਟ ਕਰਕੇ ਆਇਆ ਹੈ । ਉਹ ਲਿਖਦਾ ਹੈ ਕਿ :-

> "How ~~come~~ can the Akalis could join hands with the BJP ? Does this not run counter to what militant Sikh leaders had conveyed to us ? They have always projected themselves as a separate entity, a knowledgeable

*Expunged as ordered by the Chair.

Original with;
Punjab Vidhan Sabha
Digitized by;
Panjab Digital Library

[Shri Manoranjan Kalia]

Pakistani close to the establishment asked me somewhat agitatedly in Islamabad. Apparently, he had no idea about the changing political complexion in Punjab. What seemed to upset him was that the official Pakistani line on training, aiding and abetting separatists in this part of the country has got derailed and hence this agonising query on the strengthening of Hindu-Sikh bonds under the Akali leadership of Mr. Parkash Singh Badal."

ਇਹ ਜਿਹੜਾ ਪ੍ਰਗਟਾਵਾ ਹੈ, ਇਹ ਇਨ੍ਹਾਂ ਦੀ ਨੈਗੇਟਿਵ ਸੋਚ ਦਾ ਪ੍ਰਗਟਾਵਾ ਹੈ। ਜਿਸ ਤਰ੍ਹਾਂ ਕਾਂਗਰਸ ਪਾਰਟੀ ਨੇ ਇਥੇ ਨੈਗੇਟਿਵ ਸੋਚ ਦਾ ਪ੍ਰਗਟਾਵਾ ਕੀਤਾ ਹੈ ਇਸੇ ਤਰ੍ਹਾਂ ਪਾਕਿਸਤਾਨ ਵਿਚ ਵੀ ਹੈ। ਸਾਥੀਓ, ਪੁਰਾਣੀਆਂ ਗੱਲਾਂ ਨੂੰ ਨਾ ਛੇੜਦਾ ਹੋਇਆ ਨਵੀਆਂ ਗੱਲਾਂ ਕਰਦਾ ਹਾਂ ਕਿਉਂ ਜੋ ਹੁਣ ਨਵੀਂ ਸ਼ੁਰੂਆਤ ਹੋਈ ਹੈ। ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹਾਂਗਾ ਕਿ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਰਹਿਨੁਮਾਈ ਥੱਲੇ ਇਕ ਨਵੀਂ ਸ਼ੁਰੂਆਤ ਹੋਈ ਹੈ, ਪੰਜਾਬ ਵਿਚ ਇਕ ਨਵੀਂ ਨੀਤੀ ਆਈ ਹੈ ਜਿਹੜੀ ਕਿ ਪੰਜਾਬ ਨੂੰ ਤਰੱਕੀ ਦੀ ਬੁਲੰਦੀ ਤੇ ਲੈ ਜਾਵੇਗੀ। ਮੇਰੇ ਵਿਰੋਧੀ ਪਾਰਟੀ ਦੇ ਸਾਥੀਆਂ ਵੱਲੋਂ ਕੁਝ ਗੱਲਾਂ ਕਹੀਆਂ ਗਈਆਂ ਹਨ ਜਿਨ੍ਹਾਂ ਬਾਰੇ ਮੈਂ ਕਹਿਣਾ ਚਾਹਾਂਗਾ ਕਿ ਚੰਡੀਗੜ੍ਹ ਦੀ ਗੱਲ ਆਈ ਹੈ, ਚੰਡੀਗੜ੍ਹ ਮਿਲਣਾ ਚਾਹੀਦਾ ਹੈ। ਇਹ ਗੱਲ ਸਭ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਅਤੇ ਜਨ ਸੰਘ ਦੇ ਰੂਪ ਵਿਚ ਉਠਾਈ ਗਈ। ਪਰ ਜੇਕਰ ਚੰਡੀਗੜ੍ਹ ਦਾ ਮਸਲਾ ਹੱਲ ਨਹੀਂ ਹੋਇਆ ਤਾਂ ਕਿਉਂ ਨਹੀਂ ਹੋਇਆ ? ਕੌਣ ਜ਼ਿੰਮੇਵਾਰ ਹੈ ? ਕਾਂਗਰਸ ਦੀ ਸਰਕਾਰ ਕੇਂਦਰ ਵਿਚ ਰਹੀ ਹੈ, ਹਰਿਆਣਾ ਵਿਚ ਰਹੀ ਹੈ ਅਤੇ ਪੰਜਾਬ ਵਿਚ ਵੀ ਰਹੀ ਹੈ ਤਾਂ ਫਿਰ ਇਸ ਮਸਲੇ ਦਾ ਹੱਲ ਕਿਉਂ ਨਹੀਂ ਕੀਤਾ ਗਿਆ ? ਅੱਜ ਇਹ ਕਹਿੰਦੇ ਹਨ ਕਿ ਚੰਡੀਗੜ੍ਹ ਦਾ ਮਸਲਾ ਹੱਲ ਹੋਣਾ ਚਾਹੀਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਮੰਗ ਚੰਡੀਗੜ੍ਹ ਦੀ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਪੂਰੀ ਕੀਤੀ ਗਈ ਪਰ ਨਾਲ ਹੀ ਅਬੋਹਰ ਅਤੇ ਫਾਜ਼ਿਲਕਾ ਦੀ ਮੰਗ ਜੋੜ ਦਿੱਤੀ ਗਈ ਹਾਲਾਂਕਿ ਹਰਿਆਣਾ ਦੀ ਇਹ ਕੋਈ ਮੰਗ ਨਹੀਂ ਸੀ। ਇਸ ਤਰ੍ਹਾਂ ਇਹ ਮਸਲਾ ਲਟਕਦਾ ਰਿਹਾ ਅਤੇ ਪੰਜਾਬ ਦੇ ਮਸਲੇ ਲਟਕਦੇ ਰਹੇ। ਮੈਂ ਦੱਸਦਾ ਹਾਂ ਕਿ ਕਾਂਗਰਸ ਮਸਲੇ ਹੱਲ ਕਰਨਾ ਨਹੀਂ ਜਾਣਦੀ, ਉਲਟਾ ਇਹ ਮਸਲੇ ਲਟਕਾਉਣਾ ਜਾਣਦੀ ਹੈ।

ਚੇਅਰਮੈਨ ਸਾਹਿਬ, ਵਜ਼ੀਫਿਆਂ ਦੀ ਰਕਮ ਜ਼ਰੂਰ ਵਧਣੀ ਚਾਹੀਦੀ ਹੈ ਅਤੇ ਬਿਲਕੁਲ ਵਧਣੀ ਚਾਹੀਦੀ ਹੈ। (ਵਿਘਨ)

**ਸ੍ਰੀ ਅਵਤਾਰ ਹੈਨਰੀ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਮਨੋਰੰਜਨ ਕਾਲੀਆ** : ਚੇਅਰਮੈਨ ਸਾਹਿਬ, ਪਾਲਿਸੀ ਦੇ ਤੌਰ ਤੇ ਅਤੇ ਪਾਰਟੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਦੇ ਤੌਰ ਤੇ ਤਾਂ ਡਿਸਕਸ ਕੀਤਾ ਜਾ ਸਕਦਾ ਹੈ। ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਵਜ਼ੀਫੇ ਪਿਛਲੇ ਸਮੇਂ ਵਿਚ ਕਿਉਂ ਨਹੀਂ ਵਧਾਏ ਗਏ ? ਇਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਵੀ ਬੇਨਤੀ ਕਰਾਂਗਾ ਕਿ ਜਿਹੜੀਆਂ ਮੰਗਾਂ ਠੀਕ ਹਨ ਜਾਂ ਜਿਨ੍ਹਾਂ ਨਾਲ ਤਾਲਮੇਲ ਠੀਕ ਬੈਠਦਾ ਹੈ ਉਹ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਜਿਹੜਾ ਰੈਜ਼ੋਲਿਊਸ਼ਨ ਸਰਦਾਰ ਬਲਦੇਵ ਸਿੰਘ ਖਿਆਲਾ ਜੀ ਨੇ ਰੱਖਿਆ ਹੈ, ਉਸ ਦਾ ਸਮਰਥਨ ਕਰਦਾ ਹਾਂ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸਰਦਾਰ ਤੋਤਾ ਸਿੰਘ (ਮੋਗਾ)** : ਸਤਿਕਾਰਯੋਗ ਚੇਅਰਮੈਨ ਸਾਹਿਬ, ਜੋ 5 ਮਾਰਚ ਨੂੰ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਅਤੇ ਉਨ੍ਹਾਂ ਦੇ ਧੰਨਵਾਦ ਲਈ ਸਰਦਾਰ ਬਲਦੇਵ ਸਿੰਘ ਖਿਆਲਾ ਜੀ ਨੇ ਜੋ ਧੰਨਵਾਦ ਦਾ ਮਤਾ ਪੇਸ਼ ਕੀਤਾ ਹੈ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਉਸਦੀ ਤਾਈਦ ਕੀਤੀ ਹੈ, ਇਸ ਸਬੰਧ ਵਿੱਚ ਮੈਂ ਇਸ ਮਤੇ ਦੀ ਹਮਾਇਤ ਕਰਦਾ ਹੋਇਆ ਵਿਚਾਰ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਭਾਸ਼ਣ ਵਿਚ ਬਹੁਤ ਵੱਡੀ ਗੱਲ ਕੀਤੀ ਹੈ ਜੋ ਭਾਈਚਾਰਕ ਸਾਂਝ ਨੂੰ ਪੱਕਿਆਂ ਕਰਨ ਦੀ ਗੱਲ ਹੈ। ਸਾਡੇ ਪੰਜਾਬ ਵਿੱਚ ਸਾਡੇ ਹਿੰਦੁਸਤਾਨ ਵਿੱਚ ਕੁਝ ਰਾਜਸੀ ਲਾਭਾਂ ਵਾਸਤੇ, ਸੌੜੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕੁੜੱਤਣ ਪੈਦਾ ਕੀਤੀ ਗਈ ਸੀ ਜੋ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਗਠਜੋੜ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਇਸ ਕੁੜੱਤਣ ਨੂੰ ਖਤਮ ਕਰ ਦਿਤਾ ਹੈ ਅਤੇ ਆਪਸੀ ਭਾਈਚਾਰੇ ਨੂੰ ਹੋਰ ਮਜ਼ਬੂਤ ਕਰ ਦਿਤਾ ਹੈ ਅਤੇ ਘੱਟ ਗਿਣਤੀ ਜਾਤਾਂ ਨੂੰ ਪੂਰੀ ਨੁਮਾਇੰਦਗੀ ਦਿੱਤੀ ਹੈ। ਪਹਿਲਾਂ ਜਿਸ ਤਰ੍ਹਾਂ ਟਰੇਨ ਵਿੱਚ ਜਦੋਂ ਸਿੱਖ ਸਫਰ ਕਰਦੇ ਹੁੰਦੇ ਸਨ ਤਾਂ ਉਨ੍ਹਾਂ ਨੂੰ ਬੜੀ ਨਫਰਤ ਨਾਲ ਵੇਖਿਆ ਜਾਂਦਾ ਸੀ, ਪਰ ਹੁਣ ਫਿਰ ਆਜ਼ਾਦੀ ਤੋਂ ਬਾਅਦ ਜਿਹੜਾ ਸਿੱਖਾਂ ਦਾ ਸਤਿਕਾਰ ਸੀ, ਉਹ ਫਿਰ ਪੈਦਾ ਹੋਇਆ ਹੈ। ਇਸ ਲਈ ਮੈਂ ਭਾਈਚਾਰਕ ਸਾਂਝੀਵਾਲਤਾ ਲਈ ਵਧਾਈ ਦਿੰਦਾ ਹਾਂ। ਦੂਸਰੀ ਜੋ ਗੱਲ ਆਈ ਹੈ ਰਾਜਨੀਤਕ ਟਕਰਾਓ ਦੀ ਕਿ ਇਹ ਖਤਮ ਕੀਤਾ ਜਾਵੇਗਾ, ਇਹ ਬੜੀ ਸ਼ਲਾਘਾਯੋਗ ਗੱਲ ਹੈ ਕਿਉਂਕਿ ਪੰਜਾਬ ਦੇ ਲੋਕਾਂ ਅੰਦਰ ਸਾਡੇ ਤੋਂ ਬਹੁਤ ਵੱਡੀਆਂ ਆਸਾਂ ਹਨ, ਸਾਡੇ ਤੇ ਬਹੁਤ ਸਾਰੀਆਂ ਉਮੀਦਾਂ ਹਨ, ਉਹ ਅਖਬਾਰਾਂ ਪੜ੍ਹਦੇ ਹਨ ਅਤੇ ਜਦੋਂ ਉਹ ਇਹ ਪੜ੍ਹਨਗੇ ਕਿ ਇਥੇ ਆਪਸ ਵਿੱਚ ਟਕਰਾਓ ਦੀ ਨੀਤੀ ਕਾਰਨ ਕੀ ਹੋ ਰਿਹਾ ਹੈ ਤਾਂ ਉਨ੍ਹਾਂ ਦੇ ਮਨ ਤੇ ਦੁੱਖ ਹੋਵੇਗਾ ਅਤੇ ਉਨ੍ਹਾਂ ਦੀਆਂ ਜੋ ਆਸਾਂ ਸਾਡੇ ਤੇ ਬੱਝੀਆਂ ਹੋਈਆਂ ਹਨ, ਉਹ ਟੁੱਟ ਜਾਣਗੀਆਂ। ਇਸ ਲਈ ਸਾਨੂੰ ਟਕਰਾਓ ਦੀ ਨੀਤੀ ਛੱਡ ਕੇ ਉਸਾਰੂ ਕੰਮਾਂ ਵੱਲ ਚੱਲਣਾ ਚਾਹੀਦਾ ਹੈ, ਇਸਦੇ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਤਾਕਤ ਮਿਲਦੀ ਹੈ। ਜਿਹੜੀ ਭਾਸ਼ਣ ਵਿੱਚ ਕਿੜ ਕੱਢਣ ਵਾਲੀ ਗੱਲ ਕਹੀ ਗਈ ਹੈ, ਇਥੇ ਪਹਿਲਾ ਕਿੜਾਂ ਕੱਢੀਆਂ ਜਾਂਦੀਆਂ ਰਹੀਆਂ ਹਨ, ਅਸੀਂ ਸਾਰੇ ਅਖਬਾਰਾਂ ਪੜ੍ਹਦੇ ਰਹੇ ਹਾਂ ਕਿ ਕਿਸ ਤਰ੍ਹਾਂ ਭਾਸ਼ਣ ਹੁੰਦੇ ਰਹੇ ਹਨ ਅਤੇ ਡੈਮੋਕਰੇਸੀ ਦਾ ਕਤਲ ਹੁੰਦਾ ਰਿਹਾ ਹੈ, ਕਿਸ ਤਰ੍ਹਾਂ ਦੂਜੀਆਂ ਪਾਰਟੀਆਂ ਨੂੰ ਕਾਨਫਰੰਸਾਂ ਕਰਨ, ਧਰਨੇ ਦੇਣ ਅਤੇ ਮੁਜ਼ਾਹਰੇ ਕੱਢਣ ਤੇ ਉਨ੍ਹਾਂ ਉਤੇ ਲਾਠੀਚਾਰਜ ਹੁੰਦੇ ਰਹੇ ਹਨ। ਮੈਂ ਜ਼ਿਆਦਾ ਤਫਸੀਲ ਵਿੱਚ ਜਾਣਾ ਨਹੀਂ ਚਾਹੁੰਦਾ। ਅਸੀਂ ਹੁਣ ਵੀ ਖੁਸ਼ ਹਾਂ ਕਿ ਇਨ੍ਹਾਂ ਨੂੰ ਵੀ ਹੱਕ ਹੈ ਕਿ ਇਹ ਆਪਣੇ ਵਿਚਾਰ ਰੱਖਣ, ਇਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]
ਲਈ ਕਿਤ ਨਾ ਕੱਢਣ ਵਾਲੀ ਜਿਹੜੀ ਗੱਲ ਕਹੀ ਗਈ ਹੈ, ਇਹ ਵੀ ਬੜੀ ਚੰਗੀ ਗੱਲ ਹੈ ।

ਤੀਜੀ ਭ੍ਰਿਸ਼ਟਾਚਾਰ ਬਾਰੇ ਗੱਲ ਹੈ । ਭ੍ਰਿਸ਼ਟਾਚਾਰ ਕਿੱਥੋਂ ਤੱਕ ਫੈਲ ਗਿਆ ਸੀ, ਇਹ ਤੁਸੀਂ ਅਖਬਾਰਾਂ ਵਿੱਚ ਪੜ੍ਹਦੇ ਹੀ ਰਹੇ ਹੋ । ਨੌਕਰੀਆਂ ਬਾਰੇ ਵੀ ਹਾਈ ਕੋਰਟ ਦੀਆਂ ਡਾਇਰੈਕਸ਼ਨਾਂ ਬਾਰੇ ਤੁਸੀਂ ਅਖਬਾਰਾਂ ਵਿੱਚ ਪੜ੍ਹਦੇ ਹੀ ਰਹੇ ਹੋ ਕਿ ਕਿਵੇਂ ਹਾਈ ਕੋਰਟ ਨੇ ਪਹਿਲੀ ਸਰਕਾਰ ਦੇ ਫੈਸਲੇ ਰੱਦ ਕੀਤੇ । ਇਥੇ ਹੀ ਬੱਸ ਨਹੀਂ ਤਹਿਸੀਲਾਂ ਵਿੱਚ ਇਕ ਹਜ਼ਾਰ ਰੁਪਿਆ ਕਿੱਲੇ ਦਾ ਰਜਿਸਟਰੀ ਕਰਾਉਣ ਅਤੇ ਇਕ ਹਜ਼ਾਰ ਰੁਪਿਆ ਇੰਤਕਾਲ ਦਾ ਲਿਆ ਜਾਂਦਾ ਸੀ । ਲੋਕੀਂ ਆਮ ਸੱਥਾਂ ਵਿੱਚ ਬੈਠ ਕੇ ਗੱਲਾਂ ਕਰਦੇ ਸਨ । ਪਰ ਹੁਣ ਜਦੋਂ ਦੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਆਈ ਹੈ ਅਤੇ ਇਨ੍ਹਾਂ ਨੇ ਭ੍ਰਿਸ਼ਟਾਚਾਰ ਦੇ ਵਿਰੁੱਧ ਨਾਅਰਾ ਦਿੱਤਾ ਹੈ, ਲੋਕਾਂ ਨੂੰ ਇਸ ਤੋਂ ਬਹੁਤ ਰਾਹਤ ਮਿਲੀ ਹੈ । ਪਹਿਲਾਂ ਰਜਿਸਟਰੀਆਂ ਕਲਰਕ ਹੀ ਕਰਦੇ ਸਨ ਅਤੇ ਹੁਣ ਤਹਿਸੀਲਦਾਰ ਕਰਦੇ ਹਨ । ਲੋਕਾਂ ਨੂੰ ਬਹੁਤ ਰਾਹਤ ਮਿਲੀ ਹੈ । ਮੈਂ ਨਹੀਂ ਕਹਿੰਦਾ ਕਿ 100% ਭ੍ਰਿਸ਼ਟਾਚਾਰ ਖਤਮ ਹੋ ਗਿਆ ਹੈ, ਪਰ ਇਹ ਵੇਖਣਾ ਚਾਹੀਦਾ ਹੈ ਕਿ ਕਿੱਡਾ ਵੱਡਾ ਉਦਮ ਕੀਤਾ ਜਾ ਰਿਹਾ ਹੈ, ਇਸ ਭ੍ਰਿਸ਼ਟਾਚਾਰ ਨੂੰ ਰੋਕਣ ਲਈ । ਅਸੀਂ ਸਾਰੇ ਚੋਣਾਂ ਜਿੱਤ ਕੇ ਇੱਥੇ ਆਏ ਹਾਂ । ਅੱਜ ਸੱਥਾਂ ਵਿੱਚ ਲੋਕ ਗੱਲਾਂ ਕਰਦੇ ਹਨ । ਉਹ ਕਹਿੰਦੇ ਹਨ ਕਿ ਸਾਨੂੰ ਕਿੰਨਾ ਸੁੱਖ ਮਿਲਿਆ ਹੈ, ਇਸ ਗੱਲ ਤੋਂ ਵੀ ਅਸੀਂ ਮੁਨਕਰ ਨਹੀਂ ਹੋ ਸਕਦੇ ।

ਚੌਥੀ ਗੱਲ ਆਈ ਪੰਜਾਬੀ ਬੋਲਦੇ ਇਲਾਕਿਆਂ ਦੀ । ਮੇਰੇ ਬਹੁਤ ਸਾਰੇ ਮਾਨਯੋਗ ਸਾਥੀ ਕਹਿੰਦੇ ਰਹੇ ਕਿ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਮਰਨ-ਵਰਤ ਰੱਖਿਆ ਕਿ ਪੰਜਾਬੀ ਬੋਲਦੇ ਇਲਾਕੇ ਦਿੱਤੇ ਜਾਣ । ਮੈਂ ਦੱਸਣਾ ਚਾਹੁੰਦਾ ਹਾਂ ਕਿ ਦਰਸ਼ਨ ਸਿੰਘ ਫੇਰੂਮਾਨ ਵੇਲੇ ਕੋਈ ਫੈਸਲਾ ਨਹੀਂ ਹੋਇਆ, ਇਹ ਤਾਂ ਸੰਤ ਫਤਹਿ ਸਿੰਘ ਵੇਲੇ ਫੈਸਲਾ ਹੋਇਆ ਸੀ ਅਤੇ ਉਸ ਸਮੇਂ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਅਤੇ ਕੰਨਾਂ ਨਾਲ ਸੁਣਿਆ ਹੈ ਕਿ ਉਸ ਸਮੇਂ ਦੇ ਲੋਕ ਸਭਾ ਦੇ ਸਪੀਕਰ ਸਰਦਾਰ ਹੁਕਮ ਸਿੰਘ ਨੇ ਅਕਾਲ ਤਖਤ ਸਾਹਿਬ ਤੇ ਜਾ ਕੇ ਭਰੋਸਾ ਦਿਵਾਇਆ ਸੀ ਕਿ ਮੈਨੂੰ ਪ੍ਰਧਾਨ ਮੰਤਰੀ ਨੇ ਭੇਜਿਆ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਮੈਂ ਅਕਾਲ ਤਖਤ ਤੇ ਖੜ੍ਹੇ ਹੋ ਕੇ ਕਹਿੰਦਾ ਹਾਂ ਕਿ ਚੰਡੀਗੜ੍ਹ ਪੰਜਾਬ ਦਾ ਹੈ ਔਰ ਸੰਤ ਫਤਹਿ ਸਿੰਘ ਨੂੰ ਕਿਹਾ ਕਿ ਵਰਤ ਛੱਡ ਦਿਓ । ਇਸ ਤੋਂ ਬਾਅਦ ਫੈਸਲਾ ਕੀਤਾ ਗਿਆ ਕਿ ਫਾਜ਼ਿਲਕਾ ਦੇ 114 ਪਿੰਡ ਦਿਓ ਪਰ ਇਸ ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਰੱਦ ਕਰ ਦਿੱਤਾ । ਇਸ ਲਈ ਜਿਹੜੀ ਗੱਲ ਪਹਿਲਾਂ ਕੀਤੀ ਗਈ ਹੈ, ਇਹ ਠੀਕ ਨਹੀਂ । ਇਹ ਇਤਿਹਾਸ ਤੋਂ ਵੱਖਰੀ ਹੈ । ਇਨ੍ਹਾਂ ਨੂੰ ਇਤਿਹਾਸ ਦੇ ਮੁਤਾਬਿਕ ਗੱਲ ਕਰਨੀ ਚਾਹੀਦੀ ਹੈ । ਹੁਣ ਚੰਡੀਗੜ੍ਹ ਦਾ ਮਸਲਾ ਹੈ । ਆਪਾਂ ਸਾਰਿਆਂ ਨੂੰ ਪਤਾ ਹੈ । ਅਖਬਾਰਾਂ ਵਿਚ ਆਇਆ ਕਿ ਪ੍ਰਾਈਮ ਮਨਿਸਟਰ ਸਾਹਿਬ ਕਿਸ ਤਰ੍ਹਾਂ ਮੁਕਰ ਗਏ । ਬੜਾ ਦੁੱਖ ਲੱਗਾ । ਪ੍ਰਾਈਮ ਮਨਿਸਟਰ ਸਾਹਿਬ ਚੰਡੀਗੜ੍ਹ ਆਏ ਜਦੋਂ ਪਾਰਲੀਮੈਂਟ ਦੀਆਂ ਜੂਨ 1991 ਦੀਆਂ ਚੋਣਾਂ ਸਨ । ਉਸ ਵੇਲੇ ਚੰਡੀਗੜ੍ਹ

Original with;
Punjab Vidhan Sabha
Digitized by;
Panjab Digital Library

ਦੀ ਧਰਤੀ ਤੇ ਕਿਹਾ ਗਿਆ ਕਿ ਚੰਡੀਗੜ੍ਹ ਪੰਜਾਬ ਦਾ ਨਹੀਂ, ਇਹ ਯੂ.ਟੀ. ਦਾ ਰਹੇਗਾ। ਪੱਤਰਕਾਰਾਂ ਨੇ ਸਵਾਲ ਪੁੱਛਿਆ ਕਿ ਤੁਸੀਂ ਅਕਾਰਡ ਕੀਤਾ ਸੀ ਪਰ ਉਸ ਨੇ ਕਿਹਾ ਕਿ ਅਕਾਰਡ ਕਰਨ ਵਾਲਾ ਮਰ ਗਿਆ ਹੈ । ਇਸ ਤਰ੍ਹਾਂ ਪ੍ਰਾਈਮ ਮਨਿਸਟਰ ਆਪਣੇ ਬਚਨਾਂ ਤੋਂ ਮੁਕਰ ਗਏ । ਬਾਕੀ ਸਾਨੂੰ ਇਸ ਵਾਸਤੇ ਸਾਂਝਾ ਉਦਮ ਕਰਨਾ ਚਾਹੀਦਾ ਹੈ ਪਰ ਉਸ ਨੇ ਸਾਡੇ ਜ਼ਖਮਾਂ ਤੇ ਲੂਣ ਛਿੜਕਿਆ ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਪਾਣੀਆਂ ਦਾ ਮਸਲਾ ਹੈ । ਇੱਥੇ ਨਾ ਕੋਲਾ ਹੈ ਅਤੇ ਨਾ ਹੀ ਲੋਹਾ ਹੈ । ਕੋਈ ਹੋਰ ਸਾਧਨ ਨਹੀਂ । ਬੱਸ ਪਰਮਾਤਮਾ ਨੇ ਸਾਨੂੰ ਕੁਦਰਤੀ ਪਾਣੀ ਦਿੱਤਾ ਹੈ । ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਕਿ ਪੰਜਾਬ ਛੋਟਾ ਕਰ ਦਿੱਤਾ । ਪਾਣੀ ਬਾਹਰ ਰਹਿ ਗਿਆ । ਰਿਪੇਰੀਅਨ ਲਾਅ ਮੁਤਾਬਿਕ ਪੰਜਾਬ ਦੇ ਤਿੰਨ ਦਰਿਆ ਹਨ । ਇਸ ਤਰਾਂ ਕਾਨੂੰਨੀ ਤੌਰ ਤੇ ਇਹ ਪਾਣੀ ਪੰਜਾਬ ਦਾ ਬਣਦਾ ਹੈ ਕਿਉਂਕਿ ਜਿਸ ਧਰਤੀ ਵਿਚੋਂ ਇਹ ਦਰਿਆ ਜਾਂਦੇ ਹਨ ਅਤੇ ਜਦੋਂ ਨੁਕਸਾਨ ਹੁੰਦਾ ਹੈ ਤਾਂ ਉਸ ਧਰਤੀ ਦਾ ਹੀ ਹੁੰਦਾ ਹੈ । 1955 ਵਿਚ ਕਿੰਨਾ ਜ਼ਿਆਦਾ ਨੁਕਸਾਨ ਹੋਇਆ । ਫਿਰ 1962 ਵਿਚ ਨੁਕਸਾਨ ਹੋਇਆ । ਫਿਰ 1988 ਵਿਚ ਹੜ੍ਹਾਂ ਨਾਲ ਨੁਕਸਾਨ ਹੋਇਆ । ਪੰਜਾਬ ਰਾਜ ਦਾ ਕਾਫੀ ਨੁਕਸਾਨ ਹੋਇਆ । ਇਸ ਲਈ ਰਿਪੇਰੀਅਨ ਲਾਅ ਮੁਤਾਬਿਕ ਪੰਜਾਬ ਨੂੰ ਇਸ ਦਾ ਬਣਦਾ ਹੱਕ ਦਿੱਤਾ ਜਾਵੇ । ਪਾਣੀਆਂ ਦੀ ਵੰਡ ਕਾਂਗਰਸ ਪਾਰਟੀ ਦੀ ਦੇਣ ਹੈ । 1947 ਤੋਂ ਬਾਅਦ ਹਿੰਦੁਸਤਾਨ ਨੂੰ ਇਕਠਾ ਨਹੀਂ ਰਹਿਣ ਦਿੱਤਾ । ਕਾਂਗਰਸ ਨੇ ਵੰਡ ਪ੍ਰਵਾਨ ਕੀਤੀ, ਪਾਕਿਸਤਾਨ ਬਣਿਆ । ਪੰਜਾਬ ਦੇ ਵੀ ਦੋ ਹਿੱਸੇ ਹੋ ਗਏ । ਪੰਜਾਬ ਨੂੰ ਦੋ ਹਿੱਸਿਆਂ ਦੇ ਵਿਚ ਵੰਡ ਦਿੱਤਾ ਗਿਆ ਜਿਹੜਾ ਪੰਜਾਬ ਜਮਰੌਦ ਦੇ ਕਿਲੇ ਤੱਕ ਰਾਜ ਕਰਦਾ ਸੀ, ਉਸ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ । 10 ਲੱਖ ਤੋਂ ਵੱਧ ਮਨੁੱਖੀ ਜਾਨਾਂ ਦਾ ਘਾਣ ਕੀਤਾ ਗਿਆ । ਇਹ ਬੜਾ ਦੁੱਖਦਾਈ ਸਮਾ ਸੀ । ਕਾਫੀ ਕਤਲੇਆਮ ਹੋਇਆ ਅਤੇ ਮਨੁੱਖਤਾ ਦਾ ਘਾਣ ਕੀਤਾ ਗਿਆ । ਮਨੁੱਖਤਾ ਦਾ ਮਨੁੱਖਤਾ ਰਾਹੀਂ ਘਾਣ ਹੋਇਆ । ਪਰ ਮੇਰੀ ਬੇਨਤੀ ਹੈ ਕਿ, ਸਪੀਕਰ ਸਾਹਿਬ, ਪਾਣੀ ਦੇ ਮਸਲੇ ਨੂੰ ਬੜਾ ਸੀਰੀਅਸ ਲਿਆ ਜਾਵੇ । ਇਸ ਲਈ ਜਿਹੜਾ ਸਾਡਾ ਹੱਕ ਬਣਦਾ ਹੈ, ਉਸ ਨੂੰ ਦਿਵਾਇਆ ਜਾਵੇ ਅਤੇ ਰਿਪੇਰੀਅਨ ਲਾਅ ਮੁਤਾਬਿਕ ਇਸ ਨੂੰ ਦਿਵਾਇਆ ਜਾਵੇ । ਸਾਰੀਆਂ ਪਾਰਟੀਆ ਦੀ ਜ਼ਿੰਮੇਂਵਾਰੀ ਬਣਦੀ ਹੈ ਕਿਉਂਕਿ ਉਨ੍ਹਾਂ ਨੂੰ ਵੀ ਪੰਜਾਬੀਆਂ ਨੇ ਹੀ ਚੁਣ ਕੇ ਭੇਜਿਆ ਹੈ ।

ਇੱਥੇ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਆਈ ਹੈ । ਪਹਿਲਾਂ ਇੱਥੇ ਬਹੁਤ ਨੁਕਸਾਨ ਹੋਇਆ ਹੈ । ਸਾਡੇ ਸੂਬੇ ਨੂੰ ਪਹਿਲਾਂ ਬਹੁਤ ਨੁਕਸਾਨ ਪਹੁੰਚਿਆ ਹੈ । ਥੀਨ ਡੈਮ ਸ਼ੁਰੂ ਕੀਤਾ ਗਿਆ । 1967 ਵਿਚ ਇਹ 64 ਕਰੋੜ ਦੀ ਲਾਗਤ ਨਾਲ ਬਣਨਾ ਸੀ ਪਰ ਪੰਜਾਬ ਦਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ । ਇਸ ਪਾਣੀ ਨੂੰ ਰੋਕਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਪੰਜਾਬ ਦੀ, ਹਿੰਦੁਸਤਾਨ ਦੀ ਨੈਸ਼ਨੈਲਿਟੀ ਨੂੰ ਨੁਕਸਾਨ ਹੋ ਰਿਹਾ ਹੈ । ਇਹ ਕੇਸ ਪਹਿਲਾਂ ਪਲਾਨਿੰਗ ਵਿਚ ਪਿਆ ਰਿਹਾ ਔਰ ਇਸ ਨੂੰ ਪਾਸ ਨਹੀਂ ਕੀਤਾ ਗਿਆ । 30 ਸਾਲ ਬਾਅਦ 1986 ਵਿਚ ਇਸ ਨੂੰ ਪ੍ਰਵਾਨਗੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਮਿਲੀ ਇਸ ਨਾਲ ਅਰਬਾਂ ਰੁਪਏ ਦਾ ਨੁਕਸਾਨ ਹੋਇਆ । ਜੇ ਰਾਜਾਂ ਨੂੰ ਵੱਧ ਅਧਿਕਾਰ ਹੋਣਗੇ ਤਾਂ ਫਾਇਦਾ ਹੋਵੇਗਾ । ਇਸੇ ਤਰ੍ਹਾਂ 356 ਦੀ ਧਾਰਾ ਖਤਮ ਹੋਣੀ ਚਾਹੀਦੀ ਹੈ ।

ਛੇਵੀਂ ਆਈਟਮ ਵਿਚ ਪੇਂਡੂ ਅਤੇ ਸ਼ਹਿਰੀ ਵਿਕਾਸ ਬਾਰੇ ਲਿਖਿਆ ਹੈ । ਕਿਸਾਨਾਂ ਦਾ ਨੁਕਸਾਨ ਪਹਿਲਾਂ ਕੀਤਾ ਗਿਆ । ਇਨ੍ਹਾਂ ਤੇ ਵਿਕਾਸ ਟੈਕਸ ਲਗਾਇਆ ਗਿਆ ਸੀ । ਸਪੀਕਰ ਸਾਹਿਬ, ਪਹਿਲਾਂ ਫੰਡ ਮਨ-ਮਰਜ਼ੀ ਦੇ ਸਰਪੰਚ ਨੂੰ ਦਿੱਤੇ ਜਾਂਦੇ ਸਨ । ਜਿਹੜਾ ਸਰਪੰਚ ਐਮ.ਐਲ.ਏ. ਦਾ ਖਾਸ ਹੁੰਦਾ ਸੀ ਜਾਂ ਜ਼ਿਆਦਾ ਕਮਿਸ਼ਨ ਦਿੰਦਾ ਸੀ, ਉਸ ਨੂੰ ਦਿੱਤੇ ਜਾਂਦੇ ਸਨ । ਮੁੱਖ ਮੰਤਰੀ ਜੀ ਨੂੰ ਇਸਦੀ ਨਿਰਪੱਖ ਇਨਕੁਆਰੀ ਕਰਵਾਉਣੀ ਚਾਹੀਦੀ ਹੈ, ਨਹੀਂ ਤਾਂ ਲੋਕਾਂ ਦੇ ਭਰੋਸੇ ਖਤਮ ਹੋ ਜਾਣਗੇ । 50% ਖੁਰਦ ਬੁਰਦ ਰਕਮਾ ਨਿਕਲਣਗੀਆਂ । ਅਗਰ ਅਸੀਂ ਚਾਰ ਸੌ ਰੁਪਿਆ ਕੁਇੰਟਲ ਝੋਨਾ ਵੇਚਿਆ ਤਾਂ ਅੱਠ ਰੁਪਏ ਪ੍ਰਤੀ ਕੁਇੰਟਲ ਵਿਕਾਸ ਟੈਕਸ ਦਿੱਤਾ । ਜੇਕਰ ਦੋ ਹਜ਼ਾਰ ਰੁਪਏ ਕੁਇੰਟਲ ਨਰਮਾ ਵਿਕਿਆ ਤਾਂ 40 ਰੁਪਏ ਪ੍ਰਤੀ ਕੁਇੰਟਲ ਵਿਕਾਸ ਟੈਕਸ ਦਿਤਾ । ਜੇਕਰ ਚਾਰ ਸੌ ਰੁਪਏ ਕੁਇੰਟਲ ਕਣਕ ਵੇਚੀ ਤਾਂ ਅੱਠ ਰੁਪਏ ਵਿਕਾਸ ਟੈਕਸ ਦਿੱਤਾ । ਐਡੀ ਵੱਡੀ ਕਿਸਾਨਾਂ ਦੀ ਰਕਮ ਹੋਵੇ ਅਤੇ ਉਸ ਨੂੰ ਮਿੱਟੀ ਦੇ ਭਾਅ ਰੋਲ ਦਿੱਤਾ ਜਾਵੇ, ਇਹ ਠੀਕ ਨਹੀਂ ਹੈ । 50% ਰਕਮ ਖੁਰਦ ਬੁਰਦ ਕੀਤੀ ਗਈ ਹੈ । ਇਸ ਦੀ ਵੱਡੀ ਪੱਧਰ ਤੇ ਇਨਕੁਆਇਰੀ ਕੀਤੀ ਜਾਵੇ ਤਾਂ ਕਿ ਹੋਰ ਕਿਸੇ ਨੂੰ ਰਕਮ ਖੁਰਦ ਬੁਰਦ ਕਰਨ ਦਾ ਹੌਸਲਾ ਨਾ ਪਵੇ ।

ਪੰਜਾਬ ਦੇ ਸ਼ਹਿਰਾਂ ਦਾ ਵਿਕਾਸ ਨਹੀਂ ਹੋ ਰਿਹਾ । ਸ਼ਹਿਰਾਂ ਵਿਚ ਨਰਕ ਵਰਗੀ ਹਾਲਤ ਬਣੀ ਹੋਈ ਹੈ । ਸਫ਼ਾਈ ਦਾ ਕੋਈ ਪ੍ਰਬੰਧ ਨਹੀਂ, ਸੀਵਰੇਜ ਦਾ ਬੁਰਾ ਹਾਲ ਹੈ । ਸ਼ਹਿਰਾਂ ਦੇ ਵਿੱਚ ਕਿਸੇ ਕਿਸਮ ਦਾ ਚੰਗਾ ਪ੍ਰਬੰਧ ਨਹੀਂ ਹੈ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੰਨਾ ਚਿਰ ਸ਼ਹਿਰਾਂ ਵਿੱਚੋਂ ਪਾਣੀ ਦਾ ਨਿਕਾਸ ਨਹੀਂ ਹੋ ਜਾਂਦਾ, ਸਫਾਈ ਦਾ ਪ੍ਰਬੰਧ ਨਹੀਂ ਹੋ ਜਾਂਦਾ, ਸ਼ਹਿਰਾਂ ਦੀਆਂ ਸੜਕਾਂ ਤੇ ਪ੍ਰੀਮਿਕਸ ਨਹੀਂ ਪੈ ਜਾਂਦਾ, ਉਨਾ ਚਿਰ ਸ਼ਹਿਰੀ ਜੀਵਨ ਦਾ ਪੱਧਰ ਉਚਾ ਨਹੀਂ ਹੋ ਸਕਦਾ । ਭਾਵੇਂ ਤੁਸੀਂ ਬਹੁਤ ਸਾਰੇ ਉਦਮ ਕੀਤੇ ਹਨ ਅਤੇ ਤੁਹਾਡੀ ਸਰਕਾਰ ਬਹੁਤ ਸਾਰਾ ਕੁਝ ਹੁਣ ਕਰ ਵੀ ਰਹੀ ਹੈ ਪਰ ਸੜਕਾਂ ਦੀ ਰਿਪੇਅਰ ਦੇ ਕੰਮ ਨੂੰ ਹੋਰ ਤੇਜ਼ੀ ਨਾਲ ਕਰਨ ਦੀ ਲੋੜ ਹੈ । ਇਸੇ ਤਰ੍ਹਾਂ ਪੇਂਡੂ ਸੜਕਾਂ ਦਾ ਮਸਲਾ ਹੈ । ਦਾਸ ਜਦੋਂ ਮੰਡੀ ਬੋਰਡ ਦਾ ਚੇਅਰਮੈਨ ਸੀ, ਤਾਂ ਉਸ ਸਮੇਂ 27 ਹਜ਼ਾਰ ਕਿਲੋਮੀਟਰ ਪਿੰਡਾਂ ਦੀਆਂ ਲਿੰਕ ਰੋਡਾਂ ਸਨ । ਉਸ ਸਮੇਂ ਉਨ੍ਹਾਂ ਸਾਰੀਆਂ ਸੜਕਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਲਿਆ ਸੀ ਅਤੇ 9 ਹਜ਼ਾਰ ਕਿਲੋਮੀਟਰ ਸੜਕ ਤੇ ਹਰ ਸਾਲ ਪ੍ਰੀਮਿਕਸ ਪਾਇਆ ਜਾਂਦਾ ਸੀ ਅਤੇ ਉਸ ਸਮੇਂ ਹੀ ਪ੍ਰੀਮਿਕਸ ਪਾਉਣ ਦਾ ਵੀ ਤਜਰਬਾ ਕੀਤਾ ਸੀ । ਪਹਿਲਾਂ ਪ੍ਰੀਮਿਕਸ ਕਹੀਆਂ ਨਾਲ ਪਵਾ ਕੇ ਦੇਖੀ, ਫਿਰ ਮਿਕਸਾਲ ਨਾਲ ਪਵਾ ਕੇ ਦੇਖੀ ਅਤੇ ਫਿਰ ਪੇਵਰ ਨਾਲ ਪਵਾ ਕੇ ਦੇਖੀ । ਪੇਵਰ ਨਾਲ ਇਕ ਦਿਨ ਵਿੱਚ ਦੋ ਕਿਲੋਮੀਟਰ ਪ੍ਰੀਮਿਕਸ ਪੈ ਜਾਂਦੀ ਸੀ । ਮੈਂ ਆਪ ਜਾ ਕੇ ਮੁੱਲਾਂਪੁਰ ਮਾਰਕੀਟ ਕਮੇਟੀ ਵਿੱਚ ਇਸ ਦਾ ਤਜਰਬਾ ਕਰਕੇ ਦੇਖਿਆ । ਪੇਵਰ ਨਾਲ ਪ੍ਰੀਮਿਕਸ ਛੇਤੀ ਪੈਂਦਾ ਹੈ ਅਤੇ ਇਸ ਤੇ ਖਰਚ ਵੀ ਘੱਟ ਆਉਂਦਾ ਹੈ । ਉਸ ਤੋਂ

Original with;
Punjab Vidhan Sabha
Digitized by;
Panjab Digital Library

ਬਾਅਦ ਫੈਸਲਾ ਕੀਤਾ ਗਿਆ ਕਿ ਅੱਗੇ ਤੋਂ ਪੇਵਰ ਨਾਲ ਹੀ ਪ੍ਰੀਮਿਕਸ ਪਾਇਆ ਜਾਵੇ ਅਤੇ ਪਿੰਡਾਂ ਦੀਆਂ ਲਿੰਕ ਰੋਡਾਂ ਰਿਪੇਅਰ ਕੀਤੀਆਂ ਜਾਣ । ਇਹ ਵੀ ਫੈਸਲਾ ਕੀਤਾ ਕਿ ਹਰ ਤਿੰਨ ਸਾਲ ਬਾਅਦ ਪ੍ਰੀਮਿਕਸ ਪੈਣਾ ਚਾਹੀਦਾ ਹੈ ਤਾਂ ਕਿ ਸੜਕਾਂ ਟੁੱਟਣ ਨਾ ਅਤੇ 9 ਹਜ਼ਾਰ ਕਿਲੋਮੀਟਰ ਦੀ ਇੱਕ ਸਾਲ ਵਿੱਚ ਰਿਪੇਅਰ ਹੋਣੀ ਚਾਹੀਦੀ ਹੈ ਤਾਂ ਕਿ ਸਾਡੀਆਂ ਪੰਚਾਇਤਾਂ ਨੂੰ ਦਫਤਰਾਂ ਵਿੱਚ ਧੱਕੇ ਨਾ ਖਾਣੇ ਪੈਣ ਕਿ ਸਾਡੀ ਸੜਕ ਟੁੱਟ ਗਈ ਹੈ । ਅਗਰ ਤਿੰਨ ਸਾਲ ਬਾਅਦ ਪ੍ਰੀਮਿਕਸ ਪਾਇਆ ਜਾਵੇ ਤਾਂ ਪਿੰਡਾਂ ਦੀਆਂ ਸੜਕਾਂ ਵਿੱਚ ਕਦੇ ਟੋਏ ਨਹੀਂ ਪੈਂਦੇ । ਪਰ ਬੜਾ ਅਫਸੋਸ ਹੈ ਕਿ ਪਿਛਲੀ ਸਰਕਾਰ ਵੇਲੇ ਬੋਰਡ ਦੇ ਇਸ ਫੈਸਲੇ ਨੂੰ ਬਦਲ ਦਿਤਾ ਗਿਆ ਔਰ ਕਰ ਦਿੱਤਾ ਕਿ 6 ਸਾਲ ਬਾਅਦ ਪ੍ਰੀਮਿਕਸ ਪਾਇਆ ਜਾਇਆ ਕਰੇਗਾ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੋਈ ਲਿੰਕ ਰੋਡ ਐਸੀ ਨਹੀਂ ਹੈ ਜਿਹੜੀ ਕਿ 6 ਸਾਲ ਕਢੇ । ਜਦੋਂ 6 ਸਾਲ ਬਾਅਦ, ਸੜਕ ਟੁੱਟ ਜਾਵੇਗੀ, ਤਾਂ ਫਿਰ ਨਵੀਂ ਜਿੰਨੇ ਹੀ ਪੈਸੇ ਲੱਗਣਗੇ । ਜੇਕਰ ਅਸੀਂ ਤਿੰਨ ਸਾਲ ਬਾਅਦ ਪ੍ਰੀਮਿਕਸ ਪਾਈਏ ਤਾਂ ਉਹ ਇੱਕ ਲੱਖ ਤੋਂ ਘੱਟ ਵਿਚ ਪੈ ਜਾਵੇਗਾ । ਮਗਰ ਜੇਕਰ 6 ਸਾਲ ਬਾਅਦ ਟੁੱਟੀ ਸੜਕ ਨੂੰ ਬਨਾਉਣਗੇ ਤਾਂ ਤਿੰਨ ਲੱਖ ਲੱਗੇਗਾ । ਇਸ ਤਰ੍ਹਾਂ ਤਿੰਨ ਗੁਣਾਂ ਖਰਚਾ ਜ਼ਿਆਦਾ ਆਉਂਦਾ ਹੈ । ਇਸ ਕਰਕੇ ਤਿੰਨ ਸਾਲ ਬਾਅਦ ਹੀ ਪ੍ਰੀਮਿਕਸ ਪਾਉਣਾ ਚਾਹੀਦਾ ਹੈ । ਇਸ ਵੇਲੇ ਪੰਜਾਬ ਵਿੱਚ 31 ਹਜ਼ਾਰ ਕਿਲੋਮੀਟਰ ਲਿੰਕ ਸੜਕਾਂ ਹਨ ਅਤੇ ਜੇਕਰ ਆਏ ਤਿੰਨਾਂ ਸਾਲਾਂ ਬਾਅਦ ਪ੍ਰੀਮਿਕਸ ਪਾਇਆ ਜਾਵੇ ਤਾਂ 10 ਹਜ਼ਾਰ ਕਿਲੋਮੀਟਰ ਤੇ 100 ਕਰੋੜ ਰੁਪਏ ਦਾ ਪ੍ਰੀਮਿਕਸ ਪਵੇਗਾ । ਜੇਕਰ ਤੁਸੀਂ 6 ਸਾਲ ਮਗਰੋਂ ਰਿਪੇਅਰ ਕਰੋਗੇ ਤਾਂ 3000 ਕਿਲੋਮੀਟਰ ਤੇ ਹੀ 100 ਕਰੋੜ ਲੱਗ ਜਾਇਆ ਕਰੇਗਾ । ਇਸ ਲਈ ਇਸ ਨੂੰ ਵਿਚਾਰਿਆ ਜਾਵੇ ਅਤੇ ਜਿਹੜੀ ਡਿਵੈਲਪਮੈਂਟ ਬੜੀ ਤੇਜ਼ੀ ਨਾਲ ਸ਼ੁਰੂ ਕੀਤੀ ਹੈ, ਮੈਂ ਇਸ ਗੱਲ ਦੀ ਤੁਹਾਨੂੰ ਵਧਾਈ ਦਿੰਦਾ ਹਾਂ ।

ਵਿਦਿਆ ਦਾ ਮਿਆਰ ਬਹੁਤ ਨੀਵਾਂ ਡਿੱਗ ਚੁੱਕਿਆ ਹੈ । ਬੜਾ ਦੁੱਖ ਆਉਂਦਾ ਹੈ, ਚੇਅਰਮੈਨ ਸਾਹਿਬ, ਜਦੋਂ ਪੰਜਵੀਂ ਕਲਾਸ ਦਾ ਬੱਚਾ ਸੌ ਤੱਕ ਦੀ ਗਿਣਤੀ ਨਹੀਂ ਗਿਣ ਸਕਦਾ । ਇਹ ਮਾੜਾ ਹਾਲ ਸਰਕਾਰੀ ਸਕੂਲਾਂ ਦਾ ਹੈ । ਇਸ ਲਈ ਲੋਕ ਮਜਬੂਰ ਹੋ ਕੇ ਅੰਗਰੇਜ਼ੀ ਸਕੂਲਾਂ ਵਿੱਚ ਬੱਚਿਆਂ ਨੂੰ ਦਾਖਲ ਕਰਵਾ ਰਹੇ ਹਨ ਲੇਕਿਨ ਇਹ ਸਕੂਲ ਗਰੀਬ ਲੋਕਾਂ ਦੀ ਪਹੁੰਚ ਤੋਂ ਬਹੁਤ ਦੂਰ ਹਨ, ਉਹ ਤਰਸਦੇ ਹਨ । ਗਰੀਬ ਬੱਚਿਆਂ ਦੀ ਵਿਦਿਆ ਦਾ ਘੇਰਾ ਬਹੁਤ ਨੀਵਾਂ ਹੈ । ਜਿਹੜੇ ਸਕੂਲ ਹਨ, ਉਥੇ ਉਨ੍ਹਾਂ ਵਿਚ ਟੀਚਰ ਨਹੀਂ ਹਨ । ਜਿਹੜੇ ਪ੍ਰਾਇਮਰੀ ਤੋਂ ਮਿਡਲ ਬਣਾ ਦਿੱਤੇ ਗਏ, ਅਤੇ ਪਲੱਸ 2 ਦੇ ਸਕੂਲ ਬਣਾ ਦਿੱਤੇ ਅਤੇ ਬਣਾ ਕੇ ਵਡਿਆਈ ਪ੍ਰਾਪਤ ਕਰ ਲਈ । ਸਰਕਾਰੀ ਰਿਕਾਰਡ ਕੱਢ ਕੇ ਦੇਖ ਲਉ ਕਿ ਕਿੰਨੇ ਸਕੂਲਾਂ ਵਿੱਚ ਟੀਚਰ ਪੂਰੇ ਹਨ । ਜੇਕਰ ਕਿਸੇ ਪਿੰਡ ਵਿੱਚ ਮਿਡਲ ਸਕੂਲ ਹੈ, ਤਾਂ ਨਾਲ ਵਾਲਾ ਹਾਈ ਸਕੂਲ ਵਿਹਲਾ ਪਿਆ ਹੈ । ਜਿਸ ਤਰ੍ਹਾਂ ਨਿਹਾਲ ਸਿੰਘ ਵਾਲਾ ਦੇ ਹਲਕੇ ਵਿੱਚ ਇਕ ਸੈਦੋਂ ਪਿੰਡ ਹੈ, ਬਿਲਾਸਪੁਰ ਹੈ ਔਰ ਪੱਤੋ ਹੀਰਾ ਸਿੰਘ ਹੈ । ਸੈਦੋਂ ਸੈਕੰਡਰੀ ਸਕੂਲ ਵਿੱਚ ਇਕ ਵੀ ਟੀਚਰ ਨਹੀਂ ਹੈ ਅਤੇ ਬੱਚੇ ਵਿਹਲੇ ਹਨ । ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਹਨ । ਵਿਦਿਆ ਦੇ ਮਿਆਰ ਨੂੰ ਉਪਰ ਚੁੱਕਿਆ ਜਾਵੇ ਅਤੇ ਇਸ ਲਈ ਜੋ ਉਦਮ ਕਰ ਰਹੇ ਹੋ, ਤੇਜ਼ੀ ਨਾਲ ਟੀਚਰਾਂ ਦੀ ਗਿਣਤੀ ਪੂਰੀ ਕੀਤੀ ਜਾਵੇ ।

ਇਸ ਦੇ ਨਾਲ ਹੀ ਮੇਰੀ ਤੁਹਾਨੂੰ ਸਾਰਿਆਂ ਨੂੰ ਬੇਨਤੀ ਹੈ, ਸਪੀਕਰ ਸਾਹਿਬ,, ਖਾਸ਼ ਕਰਕੇ ਮੁੱਖ ਮੰਤਰੀ ਜ਼ੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬਹੁਤ ਵੱਡੀ ਦੇਣ ਦਿੱਤੀ ਹੈ । ਜੋ ਇਨ੍ਹਾਂ ਨੇ ਵਾਅਦੇ ਕੀਤੇ ਸੀ, ਉਹ ਪੂਰੇ ਕੀਤੇ ਹਨ । ਕਿਸਾਨਾਂ ਨੂੰ ਜੋ ਬਿਜਲੀ, ਪਾਣੀ ਮੁਫਤ ਦੇਣ ਦਾ ਫੈਸਲਾ ਕੀਤਾ ਹੈ, ਉਹ ਬੜਾ ਸ਼ਲਾਘਾਯੋਗ ਹੈ । ਪਰ ਸਾਡੇ ਵਿਰੋਧੀ ਬੈਂਚਾਂ ਵਾਲਿਆ ਵੱਲੋਂ ਇਲੈਕਸ਼ਨਾਂ ਦੇ ਦਿਨਾਂ ਦੇ ਵਿਚ ਬੜਾ ਪ੍ਰਚਾਰ ਕੀਤਾ ਗਿਆ ਕਿ ਕਿਸਾਨਾਂ ਨੂੰ ਤਾਂ ਬੜੀਆਂ ਰਿਆਇਤਾਂ ਦਿੱਤੀਆਂ ਗਈਆਂ ਹਨ ਅਤੇ ਦਲਿਤਾਂ ਨੂੰ ਨਹੀਂ ਦਿੱਤੀਆਂ । ਚੋਣਾਂ ਦੇ ਦਿਨਾਂ ਦੇ ਵਿੱਚ ਮੈਨੀਫੈਸਟੋ ਦੇ ਖਿਲਾਫ ਬੜਾ ਪ੍ਰਚਾਰ ਕੀਤਾ ਗਿਆ ਔਰ ਹੁਣ ਜਦੋਂ ਮੈਨੀਫੈਸਟੋ ਲਾਗੂ ਕਰਨ ਲੱਗੇ ਹਾਂ, ਤਾਂ ਫਿਰ ਇਸ ਦੇ ਖਿਲਾਫ ਪਿੰਡਾਂ ਵਿੱਚ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਦਲਿਤਾਂ ਨੂੰ ਕੁਝ ਨਹੀਂ ਦਿੱਤਾ ਗਿਆ । ਮੈਨੂੰ ਇਸ ਦਾ ਬੜਾ ਦੁੱਖ ਆਉਂਦਾ ਹੈ । ਜੋ ਕਿਸਾਨਾਂ ਨੂੰ 226 ਕਰੋੜ ਰੁਪਿਆ ਦਿੱਤਾ ਹੈ, ਇਸ ਵਿੱਚ ਇੱਕਲੇ ਕਿਸਾਨ ਨਹੀਂ ਹਨ, ਦਲਿਤ ਵੀ ਹਨ । ਬਾਰਡਰ ਤੇ ਜਾ ਕੇ ਦੇਖੋ, ਬੇਟ ਵਿਚ ਜਾ ਕੇ ਦੇਖੋ । ਕਿੰਨੇ ਦਲਿਤਾਂ ਕੋਲ ਜ਼ਮੀਨ ਹੈ । ਆਹ ਗੁਰਦੇਵ ਸਿੰਘ ਬਾਦਲ ਸਾਹਮਣੇ ਬੈਠੇ ਹਨ, ਸਭ ਨੂੰ ਰਿਆਇਤ ਦਿਤੀ ਹੈ, ਇਕੱਲੇ ਜੱਟ ਨੂੰ ਨਹੀਂ ਦਿਤੀ । ਪਿੰਡਾਂ ਵਿੱਚ ਵਿਤਕਰਾ ਪੈਦਾ ਕੀਤਾ ਜਾ ਰਿਹਾ ਹੈ ਕਿ ਜੱਟਾਂ ਨੂੰ ਰਿਆਇਤਾਂ ਹਨ, ਹੋਰ ਕਿਸੇ ਨੂੰ ਨਹੀਂ । ਹਰ ਇਕ ਵਰਗ ਦਾ ਵਿਅਕਤੀ ਖੇਤੀ ਕਰਦਾ ਹੈ । ਮੈਂ ਵਿਰੋਧੀ ਬੈਂਚਾਂ ਵਾਲਿਆਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਪਾਂ ਨੂੰ ਟਕਰਾਅ ਦੀ ਨੀਤੀ ਨਹੀਂ ਅਪਣਾਉਣੀ ਚਾਹੀਦੀ ਅਤੇ ਪੰਜਾਬ ਵਿਚ ਐਸਾ ਮਾਹੌਲ ਪੈਦਾ ਕਰੀਏ ਕਿ ਜੱਟ ਅਤੇ ਦਲਿਤ ਦਾ ਸਵਾਲ ਪੈਦਾ ਨਾ ਹੋਵੇ । ਇਸ ਦੇ ਨਾਲ ਪੰਜਾਬ ਦਾ ਨੁਕਸਾਨ ਹੋਵੇਗਾ । ਇਸ ਲਈ ਦਲਿਤਾਂ ਨੂੰ ਵੀ ਬਹੁਤ ਸਹੂਲਤ ਦਿੱਤੀ ਗਈ ਹੈ । 5100 ਰੁਪਏ ਦੇ ਸ਼ਗਨ ਦੇ ਤੁਸੀਂ ਅੰਕੜੇ ਲਾ ਕੇ ਦੇਖੋ ਕਿ ਕਿੰਨੇ ਸੌ ਕਰੋੜ ਰੁਪਿਆ ਬਣ ਜਾਣਾ ਹੈ । ਇਸੇ ਤਰ੍ਹਾਂ ਤੁਸੀਂ ਪਹਿਲਾਂ ਦਲਿਤ ਘਰਾਂ ਲਈ 4 ਕਰੋੜ ਰੁਪਿਆ ਰਖਦੇ ਹੁੰਦੇ ਸੀ । 60 ਕਰੋੜ ਰੁਪਿਆ ਰੱਖਣਾ ਇਕ ਛੋਟੀ ਜਿਹੀ ਗਲ ਨਹੀਂ ਹੈ । ਇਸ ਲਈ ਜੇ ਕੋਈ ਚੰਗਾ ਕੰਮ ਕੀਤਾ ਹੈ ਤਾਂ ਉਸ ਨੂੰ ਸਲਾਹੁਣਾ ਚਾਹੀਦਾ ਹੈ ਨਾ ਕਿ ਉਸ ਨੂੰ ਨਿੰਦੋ । ਜੇਕਰ ਨਿੰਦੋਗੇ ਤਾਂ ਇਸ ਦਾ ਲੋਕਾਂ ਦੇ ਉਤੇ ਕੋਈ ਅਸਰ ਨਹੀਂ ਪੈਣਾ ਕਿਉਂਕਿ ਲੋਕਾਂ ਨੂੰ ਸਚਾਈ ਦਾ ਪਤਾ ਹੈ । ਇਸ ਲਈ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਬੁਢਾਪਾ ਪੈਨਸ਼ਨ ਹੈ ਇਸਦੀ ਹਾਈ ਪੱਧਰ ਤੇ ਇਨਕੁਆਰੀ ਕਰਨੀ ਚਾਹੀਦੀ ਹੈ ਕਿ ਚਾਲੀ-ਚਾਲੀ ਸਾਲਾਂ ਵਾਲਿਆਂ ਨੂੰ ਪੈਨਸ਼ਨਾ ਲੱਗੀਆਂ ਹਨ ਪਰ ਅੱਸੀ-ਅੱਸੀ ਸਾਲਾਂ ਦੇ ਬਜ਼ੁਰਗ ਧੱਕੇ ਖਾਂਦੇ ਫਿਰਦੇ ਹਨ ਇਸ ਲਈ ਉਨ੍ਹਾਂ ਬਜ਼ੁਰਗਾਂ ਨੂੰ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ । ਬੜੀ ਹੈਰਾਨੀ ਹੁੰਦੀ ਹੈ ਕਿ ਡਾਕਟਰ ਨੂੰ ਉਮਰ ਪਰਖ ਕਰਨ ਦੇ ਅਧਿਕਾਰ ਦਿੱਤੇ ਹਨ । ਪਤਾ ਨਹੀਂ ਲਗਦਾ ਕਿ ਚਾਲੀ ਸਾਲਾਂ ਦੇ ਨੂੰ ਡਾਕਟਰ 70 ਸਾਲ ਦਾ ਕਿਉਂ ਲਿਖ ਦਿੰਦਾ ਹੈ ।

Original with;
Punjab Vidhan Sabha
Digitized by;
Panjab Digital Library

ਪਰ ਜਿਹੜਾ ਸੱਤਰ ਸਾਲ ਦਾ ਹੈ ਉਹ ਧੱਕੇ ਖਾਂਦਾ ਫਿਰਦਾ ਹੈ । ਇਸ ਲਈ ਇਸ ਦਾ ਮੀਟਰ ਸਹੀ ਰੱਖਣਾ ਚਾਹੀਦਾ ਹੈ ਤਾਂ ਜੋ ਉਮਰ ਦਾ ਸਹੀ ਪਤਾ ਲਗ ਜਾਵੇ । ਇਸ ਵਿਚ ਪੱਖਪਾਤ ਬਹੁਤ ਚੱਲ ਰਿਹਾ ਹੈ । ਇਸ ਲਈ ਪੱਖਪਾਤ ਤੋਂ ਰਹਿਤ ਹੋ ਕੇ ਜਿਹੜੇ ਸਹੀ ਬਜ਼ੁਰਗ ਹਨ ਉਨ੍ਹਾਂ ਨੂੰ ਪੈਨਸ਼ਨ ਮਿਲਣੀ ਚਾਹੀਦੀ ਹੈ । ਇਸੇ ਤਰ੍ਹਾਂ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਇੰਡਸਟਰੀ ਦੇ ਪੱਖ ਤੋਂ ਤੁਹਾਡੀ ਸੋਚ ਬੜੀ ਹੈ । ਤੁਸੀਂ ਕਿਹਾ ਹੈ ਕਿ ਅਸੀਂ ਇੰਡਸਟਰੀ ਨੂੰ ਐਗਰੋ ਇੰਡਸਟਰੀ ਬਣਾਉਣ ਦੀ ਕੋਸ਼ਸ਼ ਕਰਾਂਗੇ, ਬੜੀ ਚੰਗੀ ਗੱਲ ਹੈ ਅਤੇ ਐਗਰੋ ਇੰਡਸਟਰੀ ਬਣਨੀ ਚਾਹੀਦੀ ਹੈ । ਪੰਜਾਬ ਦੀ ਇੰਡਸਟਰੀ ਬੜੀ ਤਕੜੀ ਸੀ । ਆਹ 5-10 ਸਾਲਾਂ ਵਿਚ ਬਹੁਤ ਡਾਊਨ ਆਈ ਹੈ । ਮੈਂ ਤੁਹਾਨੂੰ ਮੋਗੇ ਦੀ ਉਦਾਹਰਣ ਦਿੰਦਾ ਹਾਂ । ਕਿਸੇ ਵੇਲੇ ਉਹ ਥਰੈਸ਼ਰਾਂ ਦਾ ਸ਼ਹਿਰ ਗਿਣਿਆ ਜਾਂਦਾ ਸੀ ਪਰ ਜਦੋਂ ਦਾ ਕੰਬਾਈਨਾਂ ਦਾ ਯੁੱਗ ਚਲਿਆ ਹੈ ਉਹ ਸਾਰੀ ਥਰੈਸ਼ਰਾਂ ਦੀ ਇੰਡਸਟਰੀ ਬਰਬਾਦ ਹੋ ਚੁਕੀ ਹੈ । ਇਸੇ ਤਰ੍ਹਾਂ ਲੁਧਿਆਣੇ ਵੀ ਥਰੈਸ਼ਰਾਂ ਦੀ ਇੰਡਸਟਰੀ ਸੀ । ਉਹ ਵੀ ਬਰਬਾਦ ਹੋ ਚੁੱਕੀ ਹੈ । ਜੋ ਐਗਰੋ ਇੰਡਸਟਰੀ ਸੀ, ਉਹ ਇਸ ਵੇਲੇ ਬਰਬਾਦੀ ਦਾ ਕਾਰਨ ਬਣਦੀ ਜਾ ਰਹੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਤੁਸੀਂ ਖੇਤੀ ਵਾਸਤੇ ਇੱਕ ਬੜਾ ਵਧੀਆ ਉਦਮ ਕਰ ਰਹੇ ਹੋ ਕਿ ਇਕ ਐਕਸਪੋਰਟ ਕਾਰਪੋਰੇਸ਼ਨ ਤੁਸੀਂ ਬਣਾ ਰਹੇ ਹੋ ਅਤੇ ਉਸ ਦੇ ਰਾਹੀਂ ਖੇਤੀ ਜਿਣਸਾਂ ਬਾਹਰ ਭੇਜਣ ਦਾ ਉਦਮ ਕਰ ਰਹੇ ਹੋ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਕਾਰੀਗਰ ਬਹੁਤ ਵਧੀਆ ਹਨ । ਕੈਨੇਡਾ ਵਿੱਚ ਸਾਡੇ ਡੇਰਾਬੱਸੀ ਤੋਂ ਗਿਲਕੋ ਦੀਆਂ ਡਿਸਕਾਂ ਜਾਂਦੀਆਂ ਹਨ । ਮੈਂ ਦੇਖੀਆਂ ਹਨ ਉਹ ਉਥੇ ਬੜੀਆਂ ਪਾਪੂਲਰ ਹਨ । ਇਸ ਤਰ੍ਹਾਂ ਜਿਹੜੀ ਸਮਾਲ ਸਕੇਲ ਇੰਡਸਟਰੀ ਹੈ, ਜਿਹੜੀ ਥਰੈਸ਼ਰਾਂ ਦੀ ਇੰਡਸਟਰੀ ਸੀ, ਜਿਹੜੀ ਖੇਤੀ ਬਾੜੀ ਮਸ਼ੀਨਾਂ ਦੀ ਇੰਡਸਟਰੀ ਸੀ, ਜੇਕਰ ਉਨ੍ਹਾਂ ਦੀ ਇੰਡਸਟਰੀ ਨੂੰ ਲਾਭ ਪੁਚਾਉਣ ਲਈ ਐਗਰੋ ਇੰਡਸਟਰੀ ਐਕਸਪੋਰਟ ਕਾਰਪੋਰੇਸ਼ਨ ਬਣਾ ਦਈਏ ਤਾਂ ਕਿ ਸਰਕਾਰ ਦੁਆਰਾ ਆਪ ਆਪਣੇ ਸਾਧਨਾਂ ਰਾਹੀਂ ਉਨ੍ਹਾਂ ਦੀਆਂ ਬਣੀਆਂ ਚੀਜ਼ਾਂ ਬਾਹਰ ਭੇਜੀਆਂ ਜਾਣ ਤਾਂ ਜਿਹੜੇ ਇੰਡਸਟਰੀ ਦੇ ਮਿਸਤਰੀ/ਕਾਰੀਗਰ ਹਨ, ਜਿਹੜੇ ਭੁੱਖੇ ਮਰਨ ਦੇ ਕਿਨਾਰੇ ਖੜ੍ਹੇ ਹਨ ਉਹ ਕਾਮਯਾਬ ਹੋ ਸਕਦੇ ਹਨ । ਸਰਕਾਰ ਉਨ੍ਹਾਂ ਨੂੰ ਵਧੀਆ ਸਾਧਨ ਦੇ ਸਕਦੀ ਹੈ । ਉਸਦੇ ਨਾਲ ਪੰਜਾਬ ਦੀ ਆਰਥਿਕ ਹਾਲਤ ਵੀ ਤਕੜੀ ਹੋ ਸਕਦੀ ਹੈ । ਇਸ ਲਈ ਉਹ ਆਪ ਇਡੇ ਛੋਟੇ ਕਾਰੀਗਰ ਹਨ ਕਿ ਆਪ ਉਨ੍ਹਾਂ ਕੋਲ ਕੋਈ ਸਾਧਨ ਨਹੀਂ ਕਿ ਵਿਦੇਸ਼ਾਂ ਦੀ ਮੰਡੀ ਵਿਚ ਜਾ ਕੇ ਉਹ ਆਪਣੀ ਚੀਜ਼ ਦਾ ਪ੍ਰਦਾਨ ਕਰ ਸਕਣ । ਜੇਕਰ ਸਰਕਾਰ ਆਪ ਉਦਮ ਕਰਕੇ ਚੀਜ਼ਾਂ ਬਾਹਰ ਭੇਜੇ ਤਾਂ ਪੰਜਾਬ ਦੀ ਜੋ ਛੋਟੀ ਇੰਡਸਟਰੀ ਹੈ ਉਹ ਕਾਮਯਾਬ ਹੋ ਸਕਦੀ ਹੈ । ਦੂਸਰਾ ਇਥੇ ਐਗਰੋ ਇੰਡਸਟਰੀ ਰਾਈਸ ਮਿੱਲਾਂ ਦੀ ਸੀ । ਮੈਨੂੰ ਦੁੱਖ ਹੁੰਦਾ ਹੈ ਕਿ ਤੁਸੀਂ ਰਿਕਾਰਡ ਕਢ ਕੇ ਦੇਖ ਲਵੋ ਇਥੇ 2500 ਰਾਈਸ ਮਿੱਲਾਂ ਹਨ । ਪਰ ਹੁਣ ਰਿਕਾਰਡ ਕਢੋ ਕਿ ਪਿਛਲੇ ਪੰਜਾਂ ਸਾਲਾਂ ਵਿਚ ਇਥੇ ਕਿੰਨੀਆਂ ਰਾਈਸ ਮਿੱਲਾਂ ਲਗੀਆਂ ਹਨ ? ਪੰਜਾਂ ਸਾਲਾਂ ਵਿੱਚ ਕੋਈ ਰਾਈਸ ਮਿੱਲ ਨਹੀਂ ਲਗੀ । 1 ਵੀ ਪ੍ਰਾਗਰੈਸ ਨਹੀਂ ਹੋਈ । ਪਹਿਲੀਆਂ ਜਿਹੜੀਆਂ ਲਗੀਆਂ ਹਨ ਉਹ ਸਰਕਾਰ ਨੇ ਸਬਸਿਡੀ ਤੇ ਲਗਾ ਕੇ ਦਿੱਤੀਆਂ ਹਨ ਕਿਉਂਕਿ ਐਫ. ਸੀ. ਆਈ. ਦੀ ਗਲਤ ਨੀਤੀ ਦੇ ਕਾਰਨ, ਕੇਂਦਰ ਸਰਕਾਰ ਦੀ ਗਲਤ ਨੀਤੀ ਦੇ ਕਾਰਨ ਭਾਵੇਂ ਇਹ ਪੰਜਾਬ ਸਰਕਾਰ ਕੋਸ਼ਿਸ਼ਾਂ ਵੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਕਰਦੀ ਰਹੀ, ਪਤਾ ਨਹੀਂ ਇਨ੍ਹਾਂ ਦੀ ਕਿਉਂ ਨਹੀਂ ਮੰਨੀ ਜਾਂਦੀ ਸੀ । ਜੋ 1994-95 ਵਿੱਚ ਰਾਈਸ ਮਿੱਲਾਂ ਨਾਲ ਧੱਕਾ ਹੋਇਆ । ਉਸ ਨਾਲ ਇੰਨੀ ਬਰਬਾਦੀ ਹੋਈ ਕਿ 60% ਰਾਈਸ ਮਿੱਲਾਂ ਡਿਫਾਲਟਰ ਖੜੀਆਂ ਹਨ । ਇਸ ਲਈ ਸਾਰੇ ਹਾਊਸ ਨੂੰ ਇਸ ਬਾਰੇ ਫਿਕਰ ਕਰਨਾ ਚਾਹੀਦਾ ਹੈ । ਇਕੋ ਇਕ ਵਧੀਆ ਇੰਡਸਟਰੀ ਸੀ ਐਗਰੋ ਇੰਡਸਟਰੀ ਰਾਈਸ ਮਿੱਲਾਂ । ਜਦੋਂ ਉਹ ਤਾਕਤ ਵਿਚ ਹੁੰਦੀਆਂ ਸਨ ਉਹ ਸਰਕਾਰੀ ਖਰੀਦ ਨਾਲੋਂ ਕਿਸਾਨ ਨੂੰ ਦਸ-ਦਸ, ਵੀਹ-ਵੀਹ ਰੁਪਏ ਪ੍ਰਤੀ ਕੁਇੰਟਲ ਵਧ ਦਿੰਦੀਆਂ ਸਨ । ਅੱਜ ਉਨ੍ਹਾਂ ਕੋਲ ਆਪਣੇ ਕੋਈ ਸਾਧਨ ਨਹੀਂ ਹਨ । ਪੰਜ ਦਸ ਵੱਡੀਆਂ ਮਿੱਲਾਂ ਵਾਲੇ ਪੰਜਾਬ ਵਿੱਚ ਹਨ, ਜਿਹੜੇ ਪ੍ਰਾਈਵੇਟ ਖਰੀਦ ਕਰਦੇ ਹਨ । ਬਾਕੀ ਸਾਰਾ ਉਹ ਐਫ. ਸੀ. ਆਈ. ਤੇ ਨਿਰਭਰ ਕਰਦੇ ਹਨ । ਜੋ ਐਫ. ਸੀ. ਆਈ. ਮਿਲਿੰਗ ਦਾ ਇਹ ਹਾਲ ਹੈ ਕਿ ਉਨ੍ਹਾਂ ਦਾ ਇਕ ਏ. ਐਮ. ਸਾਡੇ ਚੀਫ ਸੈਕਟਰੀ ਨਾਲੋਂ ਤਕੜਾ ਹੈ । ਉਨ੍ਹਾਂ ਦਾ ਏ. ਐਮ. ਕਹਿ ਦੇਵੇ ਕਿ ਮੈਂ ਗੱਡੀ ਪਾਸ ਨਹੀਂ ਕਰਦਾ ਤਾਂ ਫਿਰ ਭਾਵੇਂ ਸਾਡਾ ਡਾਇਰੈਕਟਰ ਵੀ ਕਹੇ ਕਿ ਇਹ ਸੈਂਪਲ ਠੀਕ ਹੈ, ਉਸ ਦੇ ਆਖੇ ਗੱਡੀ ਪਾਸ ਨਹੀਂ ਹੁੰਦੀ । ਕੇਵਲ ਏ. ਐਮ. ਦੇ ਕਹੇ ਗੱਡੀ ਪਾਸ ਹੁੰਦੀ ਹੈ । ਇਸ ਲਈ ਰਾਈਸ ਮਿੱਲ ਨੂੰ ਬਚਾਉਣ ਵਾਸਤੇ ਜਿਹੜੀ ਐਗਰੋ ਇੰਡਸਟਰੀ ਹੈ ਉਸ ਨੂੰ ਬਚਾਉਣ ਵਾਸਤੇ ਸਾਨੂੰ ਉਦਮ ਕਰਨਾ ਚਾਹੀਦਾ ਹੈ । ਉਹ ਅੱਗੇ 60% ਬਰਬਾਦ ਹੋ ਚੁੱਕੀ ਹੈ ਅਤੇ ਸਾਰੀ ਹੀ ਬਰਬਾਦੀ ਵਾਲੇ ਪਾਸੇ ਚਲੀ ਜਾਵੇਗੀ । ਇਕ ਹੋਰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਇਸ ਵੇਲੇ ਅਸੀਂ ਜੋ ਐਕਸਪੋਰਟ ਕਾਰਪੋਰੇਸ਼ਨ ਬਣਾ ਕੇ ਅਨਾਜ ਬਾਹਰ ਭੇਜਣਾ ਚਾਹੁੰਦੇ ਹਾਂ ਸਾਨੂੰ ਰਾਈਸ ਬਾਹਰਲੇ ਮੁਲਕਾਂ ਵਿੱਚ ਭੇਜਣਾ ਚਾਹੀਦਾ ਹੈ । ਇਸ ਦੀ ਬਹੁਤ ਕਦਰ ਹੈ । ਗਰੀਬ ਰਾਈਸ ਮਿੱਲਾਂ ਨੂੰ ਸਬਸਿਡੀ ਦੇਣੀ ਚਾਹੀਦੀ ਹੈ ਤਾਂ ਕਿ ਉਹ ਐਕਸਪੋਰਟ ਕੁਆਲਿਟੀ ਤਿਆਰ ਕਰ ਸਕਣ । ਉਨ੍ਹਾਂ ਨੂੰ ਮਸ਼ੀਨਰੀ ਆਦਿ ਦੀਆਂ ਹੋਰ ਸਹੂਲਤਾਂ ਵੀ ਦਿਤੀਆਂ ਜਾਣ ਤਾਂ ਹੀ ਕਾਮਯਾਬੀ ਮਿਲ ਸਕਦੀ ਹੈ । ਇਸ ਨਾਲ ਪੰਜਾਬ ਦਾ ਬਹੁਤ ਸਾਰਾ ਪੈਸਾ ਬਚ ਸਕਦਾ ਹੈ । ਖੇਤੀਬਾੜੀ ਤੋਂ ਇਲਾਵਾ ਪੰਜਾਬ ਕੋਲ ਹੋਰ ਕੋਈ ਸਾਧਨ ਨਹੀਂ । ਪੰਜਾਬ ਜੋ ਜਿਉਂਦਾ ਹੈ ਤਾਂ ਖੇਤੀਬਾੜੀ ਦੇ ਸਿਰ ਤੇ ਹੀ ਜਿਉਂਦਾ ਹੈ ਆਪਣੇ ਕੋਲ ਮੁੱਖ ਫਸਲ ਕਣਕ ਹੈ, ਦੂਜੀ ਝੋਨੇ ਦੀ, ਤੀਸਰੀ ਕਪਾਹ ਨਰਮੇ ਦੀ, ਚੌਥੀ ਗੰਨੇ ਦੀ ਅਤੇ ਪੰਜਵੀਂ ਫਸਲ ਆਲੂ ਦੀ ਹੈ । ਜਿਨ੍ਹਾਂ ਦੇ ਸਦਕਾ ਆਪਣੇ ਕੋਲ ਐਕਸਾਈਜ਼ ਆਉਂਦਾ ਹੈ ਅਤੇ ਕਿਸਾਨ ਕੋਲ ਪੈਸਾ ਆਉਂਦਾ ਹੈ । ਆੜ੍ਹਤੀਆਂ ਦੇ ਘਰ ਪੈਸਾ ਜਾਂਦਾ ਹੈ, ਦੁਕਾਨਦਾਰਾਂ ਦੇ ਘਰ ਪੈਸਾ ਜਾਂਦਾ ਹੈ । ਮਸ਼ੀਨਰੀ ਇਸੇ ਪੈਸੇ ਤੋਂ ਖਰੀਦੀ ਜਾਂਦੀ ਹੈ । ਸਾਡੀ ਖਰੀਦ ਸ਼ਕਤੀ ਅੱਜ ਖਤਮ ਹੋ ਰਹੀ ਹੈ ਕਿਉਂਕਿ ਕਿਸਾਨ ਘਾਟੇ ਵਾਲੇ ਸੌਦੇ ਕਰਨ ਲੱਗ ਪਿਆ ਹੈ । ਜਦੋਂ ਕਿਸਾਨ ਦੀ ਖਰੀਦ ਸ਼ਕਤੀ ਖਤਮ ਹੋ ਗਈ ਤਾਂ ਸਾਰਿਆਂ ਦੁਕਾਨਦਾਰਾਂ ਦੀ ਖਰੀਦ ਸ਼ਕਤੀ ਆਟੋਮੈਟਿਕਲੀ ਖਤਮ ਹੋ ਜਾਵੇਗੀ । ਖਰੀਦ ਸ਼ਕਤੀ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਮੈਂ ਤੁਹਾਨੂੰ ਕਣਕ ਦੇ ਵੇਰਵੇ ਦੱਸਣਾ ਚਾਹੁੰਦਾ ਹਾਂ । 1994-95 ਵਿੱਚ 350 ਰੁਪਏ ਕੁਇੰਟਲ ਕਣਕ ਖਰੀਦੀ ਗਈ । ਇਥੇ 74 ਲੱਖ ਟਨ ਕਣਕ ਪੈਦਾ ਕੀਤੀ ਗਈ ਸੀ । ਪੰਜਾਬ ਦੇ ਲੋਕਾਂ ਨੇ ਸੈਂਟਰ ਪੂਲ ਵਿੱਚ ਦੇਣ ਵਾਸਤੇ ਤਕਰੀਬਨ ਸਾਢੇ 7 ਕਰੋੜ ਕੁਇੰਟਲ ਕਣਕ ਦਿੱਤੀ ਸੀ ਜਿਸ ਦੀ 26 ਸੌ ਕਰੋੜ ਰੁਪਿਆ ਕੀਮਤ ਬਣ ਜਾਂਦੀ ਹੈ । 26 ਸੌ ਕਰੋੜ ਰੁਪਿਆ ਪੰਜਾਬ

Original with;
Punjab Vidhan Sabha
Digitized by;
Punjab Digital Library

ਦੇ ਕਿਸਾਨਾਂ ਨੂੰ ਮਿਲਿਆ । ਇਸ ਪੈਸੇ ਨਾਲ ਪੰਜਾਬ ਦੇ ਕਿਸਾਨਾਂ ਦੀ ਮਾਲੀ ਹਾਲਤ ਤਕੜੀ ਹੁੰਦੀ ਸੀ । 1995-96 ਵਿੱਚ ਇਸੀ ਕਣਕ ਦਾ ਭਾਅ 360 ਰੁਪਏ ਮੁਕੱਰਰ ਕੀਤਾ ਗਿਆ । ਕੇਵਲ 10 ਰੁਪਏ ਭਾਅ ਵਧਾਇਆ ਗਿਆ ਜਦ ਕਿ ਜਿਹੜੀਆਂ ਕਣਕ ਤੋਂ ਹੋਰ ਚੀਜ਼ਾਂ ਬਣਦੀਆਂ ਹਨ, ਉਨ੍ਹਾਂ ਦੀਆਂ ਕੀਮਤਾਂ ਦਾ ਭਾਅ 15% ਵਧਿਆ । ਕਣਕ ਦੀ ਫਸਲ ਘੱਟ ਗਈ । ਉਹ ਸਿਰਫ 73 ਲੱਖ ਟਨ ਰਹਿ ਗਈ । ਤੁਸੀਂ ਦੇਖੋ ਕਿ ਇਹ ਵਧਣੀ ਚਾਹੀਦੀ ਸੀ ਅਤੇ ਵੱਟਤ ਪਈ ਕਿਸਾਨ ਨੂੰ 25 ਸੌ ਕਰੋੜ ਕਰੋੜ ਦੀ । ਪਹਿਲੇ ਸਾਲ 1994-95 ਨਾਲੋਂ 100 ਕਰੋੜ ਰੁਪਿਆ ਘੱਟ ਗਈ । ਪੈਸਾ ਤਾਂ ਇਥੇ ਹੀ ਆਉਣਾ ਸੀ । ਇਹ 10% ਵਧਣਾ ਚਾਹੀਦਾ ਸੀ । ਪਰ ਵਧਣ ਦੀ ਬਜਾਏ ਪੰਜਾਬ ਦੇ ਕਿਸਾਨਾਂ ਨੇ 100 ਕਰੋੜ ਰੁਪਿਆ ਘੱਟ ਵੱਟਿਆ । 26 ਸੌ ਕਰੋੜ ਦੀ ਬਜਾਏ 25 ਸੌ ਕਰੋੜ ਵੱਟਿਆ । 1996-97 ਵਿੱਚ ਤੁਸੀਂ ਅੰਦਾਜ਼ਾ ਲਗਾਓ ਕਿ 380 ਰੁਪਏ ਕਣਕ ਦਾ ਭਾਅ ਮਿੱਥਿਆ ਜਾ ਰਿਹਾ ਹੈ । ਕਣਕ ਕਿੰਨੀ ਘੱਟ ਗਈ ਹੈ । ਇਹ ਸਿਰਫ 59 ਲੱਖ ਟਨ ਆਈ ਹੈ । ਕਣਕ 59 ਲੱਖ 43 ਹਜ਼ਾਰ 185 ਟਨ ਤਕਰੀਬਨ 6 ਕਰੋੜ ਕੁਇੰਟਲ ਬਣ ਜਾਂਦੀ ਹੈ ਯਾਨੀ 13 ਲੱਖ ਟਨ ਪਿਛਲੇ ਸਾਲ ਨਾਲੋਂ ਘੱਟ ਗਈ । ਤੁਸੀਂ ਅੰਦਾਜ਼ਾ ਲਗਾਓ ਕਿ ਪੰਜਾਬੀਆਂ ਦਾ ਕਿੰਨਾ ਵੱਡਾ ਨੁਕਸਾਨ ਹੋ ਰਿਹਾ ਹੈ । ਜੇ 13 ਲੱਖ ਟਨ ਮਾਰਕੀਟ ਵਿੱਚ ਵੱਧ ਆਉਂਦੀ ਤਾਂ 380 ਰੁਪਏ ਦੇ ਹਿਸਾਬ ਨਾਲ ਇਸ ਦੀ ਕਿੰਨੀ ਕੀਮਤ ਬਣਨੀ ਸੀ । ਕਿੰਨਾ ਵੱਡਾ ਘਾਟਾ ਪੰਜਾਬ ਦੇ ਲੋਕਾਂ ਨੂੰ ਪਿਆ ਹੈ । ਜੇ ਇਹ ਪੈਸਾ ਪੰਜਾਬ ਵਿਚ ਆਉਂਦਾ ਤਾਂ ਲੋਕਾਂ ਦੀ ਖਰੀਦ ਸ਼ਕਤੀ ਵਧਣੀ ਸੀ । ਅੱਜ ਲੋਕਾਂ ਦੀ ਖਰੀਦ ਸ਼ਕਤੀ ਖਤਮ ਹੋ ਗਈ ਹੈ । 380 ਰੁਪਏ ਕਣਕ ਖਰੀਦ ਕੇ ਕਿਸਾਨ ਨੂੰ ਲੁੱਟਿਆ ਜਾ ਰਿਹਾ ਹੈ । ਮਜ਼ਦੂਰ ਲੁੱਟੇ ਜਾ ਰਹੇ ਹਨ ਜਿਨ੍ਹਾਂ ਨੇ ਮੁੱਲ ਲੈ ਕੇ ਆਟਾ ਖਾਣਾ ਹੈ । ਦੁਕਾਨਦਾਰ ਲੁੱਟਿਆ ਜਾ ਰਿਹਾ ਹੈ । ਮੁਲਾਜ਼ਮ ਲੁੱਟੇ ਜਾ ਰਹੇ ਹਨ । 9 ਰੁਪਏ ਕਿਲੋ ਆਟਾ ਲੈ ਕੇ ਲੋਕ ਖਾਂਦੇ ਹਨ । ਬੜਾ ਦੁੱਖ ਹੁੰਦਾ ਹੈ ਕਿ ਸੈਂਟਰ ਪੂਲ ਵਿੱਚ ਕਣਕ ਤਾਂ ਦੇ ਦਿੱਤੀ ਗਈ ਪੰਜਾਬ ਦੇ ਲੋਕਾਂ ਤੋਂ ਖਰੀਦ ਕੇ, ਪਰ ਪੰਜਾਬ ਦੇ ਲੋਕਾਂ ਦੀ ਸਾਰ ਲੈਣ ਦੀ ਕਿਸੇ ਨੂੰ ਵੀ ਫਿਕਰ ਨਹੀਂ ਸੀ । ਹੁਣ ਬਾਦਲ ਸਾਹਿਬ ਦੀ ਸਰਕਾਰ ਬਣੀ ਹੈ । ਮੈਂ ਸਭ ਤੋਂ ਪਹਿਲਾਂ ਬਾਦਲ ਸਾਹਿਬ ਨਾਲ ਗੱਲ ਕੀਤੀ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਨੇ ਕਿਹਾ ਕਿ ਲੋਕਾਂ ਨੂੰ ਕਣਕ ਦਿੱਤੀ ਜਾਵੇ । ਆਟੇ ਦੀਆਂ ਬੜੀਆਂ ਸ਼ਿਕਾਇਤਾਂ ਆਉਂਦੀਆਂ ਹਨ ਕਿ ਆਟੇ ਵਿੱਚ ਚੌਲਾਂ ਦੀ ਫੱਕ ਪੀਸੀ ਹੋਈ ਹੈ, ਚੌਲਾਂ ਦੀ ਕਣੀ ਪੀਸੀ ਹੈ । ਬਾਦਲ ਸਾਹਿਬ ਨੂੰ ਮੈਂ ਬੇਨਤੀ ਕੀਤੀ ਸੀ ਜੋ ਉਨ੍ਹਾਂ ਨੇ ਪ੍ਰਵਾਨ ਕੀਤੀ । ਬਾਅਦ ਵਿੱਚ ਪਤਾ ਕੀਤਾ ਕਿ ਸੈਂਟਰ ਪੂਲ ਤੋਂ ਕਣਕ ਲੈਣੀ ਪਵੇਗੀ । ਇਹ ਕਣਕ ਐਫ. ਸੀ. ਆਈ. ਤੋਂ 4 ਰੁਪਏ 90 ਪੈਸੇ ਪ੍ਰਤੀ ਕੁਇੰਟਲ ਲੈ ਕੇ ਪਨਸਪ ਰਾਹੀਂ ਉਹ ਅੱਗੇ 5.30 ਪੈਸੇ ਦੇ ਰਹੇ ਹਨ । ਹੁਣ ਲੋਕਾਂ ਨੂੰ 30 ਕਿਲੋ ਕਣਕ ਪ੍ਰਤੀ ਪਰਿਵਾਰ ਮਹੀਨੇ ਦੀ ਦੇਣੀ ਹੈ । ਹੋਕਾ ਦੇ ਦੇ ਕੇ ਦੇ ਰਹੇ ਹਨ । 3-4 ਮਹੀਨਿਆਂ ਨੂੰ ਨਵੀਂ ਕਣਕ ਕੁਦਰਤੀ ਹੀ ਆ ਜਾਣੀ ਹੈ । ਬੜਾ ਦੁੱਖ ਹੈ ਕਿ ਸਰਕਾਰ ਨੇ ਉਸ ਦਾ ਮੁੱਲ 4.15 ਰੁਪਏ ਮਿੱਥਿਆ ਹੈ । ਚੇਅਰਮੈਨ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਆਟਾ ਅਸੀਂ 8 ਰੁਪਏ ਤੱਕ ਲੈ ਕੇ ਖਾਂਦੇ ਰਹੇ ਹਾਂ ਤੁਸੀਂ ਅੰਦਾਜ਼ਾ ਲਾਓ ਕਿ ਉਹੀ ਨਵੀਂ ਕਣਕ ਡੇਢ ਦੋ ਮਹੀਨੇ ਬਾਅਦ ਗਰੀਬ ਕਿਸਾਨਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਨੇ 4.15 ਪੈਸੇ ਵੇਚਣੀ ਹੈ । ਕਿੰਨਾ ਵੱਡਾ ਵਿਤਕਰਾ ! 4.15 ਪੈਸੇ ਵਿਕੇਗੀ ! ਅੱਜ 5.30 ਲੈ ਕੇ ਖਾਂਦੇ ਹਨ । ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਥੇ ਇਕੱਠੇ ਹੋਏ ਹਾਂ ਅਸੀਂ ਇਹ ਵਿਤਕਰਾ ਨਹੀਂ ਹੋਣ ਦੇਣਾ । ਤੁਹਾਨੂੰ ਮਾਰਕੀਟ ਵਿੱਚ ਕਣਕ ਨਹੀਂ ਮਿਲੇਗੀ । ਇਹ ਭੁਲੇਖਾ ਕੱਢ ਦਿਓ ਕਿ ਮਾਰਕੀਟ ਵਿੱਚ ਕਣਕ ਆਵੇਗੀ । ਕਿਸਾਨ ਦੁਖੀ ਹੈ । ਜੇਕਰ 100 ਰੁਪਏ ਬੋਨਸ ਨਹੀਂ ਦਿੱਤਾ ਜਾਂਦਾ ਇੱਕ ਕੁਇੰਟਲ ਪਿਛੇ ਤਾਂ ਉਨਾ ਚਿਰ ਮਾਰਕੀਟ ਵਿਚ ਕਣਕ ਨਹੀਂ ਅਵੇਗੀ । ਸੈਂਟਰ ਪੂਲ ਵਾਸਤੇ ਕਣਕ ਘੱਟ ਖਰੀਦੀ ਜਾਵੇਗੀ । ਸਾਡਾ ਫਰਜ਼ ਬਣਦਾ ਹੈ ਕੇਂਦਰ ਉਤੇ ਦਬਾਅ ਪਾਇਆ ਜਾਵੇ । ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਕਿਸਾਨਾਂ ਨੂੰ 100 ਰੁਪਿਆ ਬੋਨਸ ਦੇ ਰੂਪ ਦਿੱਤਾ ਜਾਵੇ ਨਹੀਂ ਤਾਂ ਅਸੀਂ ਸੈਂਟਰ ਗੌਰਮਿੰਟ ਦੇ ਲਈ ਕਣਕ ਦੀ ਖਰੀਦ ਬੰਦ ਕਰ ਦੇਈਏ । ਇਸ ਲਈ ਸੈਂਟਰ ਗੌਰਮਿੰਟ ਵਲੋਂ ਪੰਜਾਬ ਦੇ ਕਿਸਾਨਾਂ ਨੂੰ ਜਲਦੀ ਤੋਂ ਜਲਦੀ ਬੋਨਸ ਦਿਵਾਇਆ ਜਾਵੇ । ਇਸੇ ਤਰ੍ਹਾਂ ਝੋਨੇ ਦੇ ਵਿਚ ਸਾਡੇ ਨਾਲ ਵਿੱਤਕਰਾ ਕੀਤਾ ਗਿਆ ਕਿ 1994-95 ਦੇ ਵਿਚ 380 ਰੁਪਏ ਸੁਪਰਫਾਈਨ ਦਾ ਰੇਟ ਦਿੱਤਾ ਗਿਆ ਸੀ ਅਤੇ ਮਾਰਕੀਟ ਦੇ ਵਿਚ 10 ਕਰੋੜ ਕੁਇੰਟਲ ਝੋਨਾ ਆਇਆ ਸੀ । ਇਸ ਦਾ ਰੇਟ ਮੋਗਾ ਅਤੇ ਫਰੀਦਕੋਟ ਦੇ ਵਿਚ 380 ਰੁਪਏ ਪ੍ਰਤੀ ਕੁਇੰਟਲ ਸੁਪਰਫਾਈਨ ਦਾ ਦਿੱਤਾ ਗਿਆ ਸੀ ਪਰ ਦੂਜੇ ਜ਼ਿਲਿਆਂ ਦੇ ਵਿਚ ਸੁਪਰਫਾਈਨ ਦਾ ਰੇਟ 360 ਰੁਪਏ ਪ੍ਰਤੀ ਕੁਇੰਟਲ ਦਿੱਤਾ ਗਿਆ ਸੀ । ਇਸ ਤਰੀਕੇ ਨਾਲ ਲੋਕਾਂ ਦੇ ਨਾਲ ਵਿਤਕਰਾ ਕੀਤਾ ਗਿਆ ਅਤੇ 20 ਰੁਪਏ ਪ੍ਰਤੀ ਕੁਇੰਟਲ ਘੱਟ ਰੇਟ ਦਿੱਤਾ ਗਿਆ । ਇਸ ਬਾਰੇ ਬਿਆਨ ਮੌਕੇ ਦੇ ਮੁੱਖ ਮੰਤਰੀ ਨੇ ਦਿੱਤਾ ਸੀ ਅਤੇ ਇਹ ਕਿਹਾ ਗਿਆ ਸੀ ਸਰਕਾਰ ਇਨ੍ਹਾਂ ਕਿਸਾਨਾਂ ਨੂੰ ਜਿਨ੍ਹਾਂ ਦੇ ਜ਼ਿਲ੍ਹਿਆਂ ਦੇ ਵਿਚ ਭਾਅ 360 ਰੁਪਏ ਪ੍ਰਤੀ ਕੁਇੰਟਲ ਦਿੱਤਾ ਜਾ ਰਿਹਾ ਹੈ ਉਥੇ ਕੇਂਦਰ ਸਰਕਾਰ ਵਲੋਂ 20 ਰੁਪਏ ਬੋਨਸ ਦੇ ਰੂਪ ਵਿਚ ਦਿੱਤਾ ਜਾਵੇਗਾ, ਜੋ ਹਾਲੇ ਤੱਕ ਨਹੀਂ ਦਿੱਤਾ ਗਿਆ । ਇਸ ਦੇ ਨਾਲ ਕਿਸਾਨਾਂ ਦਾ ਕਾਫੀ ਨੁਕਸਾਨ ਹੋਇਆ ਹੈ ਅਤੇ ਇਹ ਵਾਅਦਾ ਮੌਕੇ ਦੀ ਸਰਕਾਰ ਨੇ ਕਿਸਾਨਾਂ ਦੇ ਨਾਲ ਕੀਤਾ ਸੀ ਜਿਹੜਾ ਕਿ ਪੂਰਾ ਨਹੀਂ ਕੀਤਾ ਗਿਆ । ਇਸੇ ਤਰ੍ਹਾਂ 1995-96 ਵਿਚ ਫਿਰ ਕਿਸਾਨਾਂ ਨੇ ਘਟ ਮਿਕਦਾਰ ਵਿਚ ਝੋਨੇ ਦੀ ਪੈਦਾਵਾਰ ਕੀਤੀ । ਜਿਹੜੀ ਪਹਿਲੇ ਪੈਦਾਵਾਰ 10 ਕਰੋੜ ਕੁਇੰਟਲ ਸੀ, ਉਹ ਘੱਟ ਕੇ 7 ਕਰੋੜ 68 ਲੱਖ 63 ਹਜ਼ਾਰ ਕੁਇੰਟਲ ਤੱਕ ਰਹਿ ਗਈ ਔਰ 3 ਕਰੋੜ ਕੁਇੰਟਲ ਝੋਨਾ ਘੱਟ ਪੈਦਾ ਕੀਤਾ । ਜਿਸ ਦੇ ਨਾਲ ਪੰਜਾਬ ਦੇ ਕਿਸਾਨਾਂ ਦਾ ਕਾਫੀ ਨੁਕਸਾਨ ਹੋਇਆ ਅਤੇ ਸਮੁਚੇ ਤੌਰ ਤੇ 3 ਕਰੋੜ ਕੁਇੰਟਲ ਝੋਨਾ ਘੱਟ ਪੈਦਾ ਕੀਤਾ । ਇਸ ਗੱਲ ਵੱਲ ਸਰਕਾਰ ਨੂੰ ਸੀਰੀਅਸਲੀ ਸੋਚਣਾ ਚਾਹੀਦਾ ਹੈ ਅਤੇ ਹੁਣ ਤੋਂ ਹੀ ਕਿਸਾਨਾਂ ਦੀ ਬਿਹਤਰੀ ਲਈ ਪਲਾਨਿੰਗ ਕਰਨੀ ਚਾਹੀਦੀ ਹੈ । ਪਿਛਲੀ ਸਰਕਾਰ ਕਿਸਾਨਾਂ ਦਾ ਭਲਾ ਨਹੀਂ ਕਰ ਸਕੀ ਅਤੇ ਕਿਸਾਨਾਂ ਦਾ ਨੁਕਸਾਨ ਹੋਇਆ ਅਤੇ ਲੋਕਾਂ ਨੂੰ ਇਨਸਾਫ ਨਹੀਂ ਮਿਲਿਆ । 1995-96 ਵਿਚ ਜਦ ਕਿ ਹਰਿਆਣਾ ਦੇ ਵਿਚ ਝੋਨਾ 395 ਰੁਪਏ ਸੁਪਰਫਾਈਨ ਪ੍ਰਤੀ ਕੁਇੰਟਲ ਦੇ ਰੇਟ ਵਿਚ ਵਿਕਦਾ ਰਿਹਾ ਅਤੇ ਪੰਜਾਬ ਵਿਚ 375 ਰੁਪਏ ਮਾਰਕੀਟ ਵਿਚ ਮਿਲਦਾ ਸੀ ਔਰ 15 ਰੁਪਏ ਦਾ ਫਰਕ ਪੈਂਦਾ ਸੀ । ਇਸ ਤਰ੍ਹਾਂ ਸਾਡੇ ਕਿਸਾਨਾਂ ਦਾ ਨੁਕਸਾਨ ਹੋਇਆ ਔਰ ਸਾਡੇ ਕਿਸਾਨਾਂ ਨੂੰ 15 ਰੁਪਏ ਘਾਟੇ ਦੇ ਵਿਚ ਝੋਨਾ ਪੰਜਾਬ ਦੀਆਂ ਮੰਡੀਆਂ ਵਿਚ ਵੇਚਣਾ ਪਿਆ । ਇਸ ਦੀ ਪੈਦਾਵਾਰ 7 ਕਰੋੜ ਕੁਇੰਟਲ ਹੋਈ

Original with;
Punjab Vidhan Sabha
Digitized by;
Panjab Digital Library

ਅਤੇ 3 ਕਰੋੜ ਕੁਇੰਟਲ ਦੀ ਪੈਦਾਵਾਰ ਵੀ ਘੱਟ ਪੈਦਾ ਹੋਈ । ਫੇਰ ਮਦੋਂ ਅਕਤੂਬਰ, 1996 ਵਿਚ ਇਸ ਦੇ ਭਾਅ ਫਿਕਸ ਕੀਤੇ ਗਏ ਤਾਂ ਹਰਿਆਣੇ ਦੇ ਵਿਚ 415 ਰੁਪਏ ਦੇ ਰੇਟ ਤੇ ਸੁਪਰਫਾਈਨ ਵੇਚੀ ਗਈ । ਪਰ ਪੰਜਾਬ ਦੀਆਂ ਮੰਡੀਆਂ ਦੇ ਵਿਚ 395 ਰੁਪਏ ਕੁਇੰਟਲ ਰੇਟ ਮਿਲਿਆ । ਇਸ ਦੇ ਨਾਲ ਪੰਜਾਬ ਦੇ ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਅਤੇ ਰੇਟ 20 ਰੁਪਏ ਘੱਟ ਮਿਲਿਆ । ਇਸ ਲਈ ਸਰਕਾਰ ਨੂੰ ਹੁਣ ਤੋਂ ਹੀ ਪਲਾਨਿੰਗ ਕਰ ਲੈਣੀ ਚਾਹੀਦੀ ਹੈ ਤਾਂ ਕਿ ਕਿਸਾਨਾਂ ਦਾ ਹੋਰ ਨੁਕਸਾਨ ਨਾ ਹੋਵੇ ਅਤੇ ਕਿਸਾਨਾਂ ਨੂੰ ਮਹੀਨਾ-ਮਹੀਨਾ ਮੰਡੀਆਂ ਦੇ ਵਿਚ ਆਪਣੀਆਂ ਢੇਰੀਆਂ ਉਤੇ ਨਾ ਬੈਠਣਾ ਪਵੇ । ਕਿਸਾਨ ਆਪਣੀ ਪੈਦਾਵਾਰ ਲੈ ਕੇ, ਟਰਾਲੀਆਂ ਦੇ ਵਿਚ ਪਾ ਕੇ ਮੰਡੀਆਂ ਦੇ ਵਿਚ ਜਾਂਦਾ ਸੀ ਅਤੇ 15-20 ਦਿਨ ਉਸ ਨੂੰ ਮੰਡੀਆਂ ਦੇ ਵਿਚ ਮੰਜੀਆਂ ਡਾਹ ਕੇ ਰਹਿਣਾ ਪੈਂਦਾ ਸੀ ਅਤੇ ਉਨ੍ਹਾਂ ਦਾ ਕੋਈ ਮਾਲ ਨਹੀਂ ਚੁੱਕਦਾ ਸੀ । ਜਿਹੜਾ ਡਰਾਈਵਰ ਟਰਾਲੀ ਲੈ ਕੇ ਜਾਂਦਾ ਸੀ ਉਹ ਆਪਣੇ ਘਰੋਂ 15-20 ਦਿਨ ਬਾਹਰ ਰਹਿੰਦਾ ਸੀ ਅਤੇ ਘੱਟ ਭਾਅ ਮਿਲਦੇ ਸਨ ਅਤੇ ਪ੍ਰੇਸ਼ਾਨੀ ਦਾ ਸਾਹਮਣਾ ਵੱਖਰਾ ਕਰਨਾ ਪੈਂਦਾ ਸੀ । ਸਰਕਾਰ ਨੂੰ ਚਾਹੀਦਾ ਹੈ ਕਿ ਇਸ ਦਾ ਇਸ ਤਰੀਕੇ ਨਾਲ ਇੰਤਜ਼ਾਮ ਕਰੇ ਕਿ ਕਿਸਾਨਾਂ ਨੂੰ ਤਿੰਨ ਦਿਨ ਤੋਂ ਵੱਧ ਮੰਡੀ ਦੇ ਵਿਚ ਨਾ ਰੁਕਣਾ ਪਵੇ । ਇਸ ਬਾਰੇ ਸਰਕਾਰ ਨੂੰ ਹਾਊਸ ਦੇ ਵਿਚ ਇਕ ਭਰੋਸਾ ਦੇਣਾ ਚਾਹੀਦਾ ਹੈ ਤਾਂ ਹੀ ਉਨ੍ਹਾਂ ਕਿਸਾਨਾਂ ਦੀ ਹਾਲਤ ਵਿਚ ਸੁਧਾਰ ਆ ਸਕਦਾ ਹੈ । ਪਹਿਲਾਂ ਹੀ ਪੰਜਾਬ ਦੇ ਕਿਸਾਨਾਂ ਦਾ ਬਹੁਤ ਨੁਕਸਾਨ ਹੋ ਚੁੱਕਾ ਹੈ ਅਤੇ ਪਹਿਲੀ ਸਰਕਾਰ ਨੇ ਕਿਸਾਨਾਂ ਵੱਲ ਕੋਈ ਧਿਆਨ ਨਹੀਂ ਦਿੱਤਾ । ਇਸੇ ਤਰ੍ਹਾਂ ਗੰਨੇ ਦੀ ਪੈਦਾਵਾਰ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਉਸ ਵਕਤ ਮੌਕੇ ਦੀ ਸਰਕਾਰ ਨੇ ਖੰਡ ਮਿੱਲਾਂ ਹੋਰ ਨਹੀਂ ਖੋਲ੍ਹੀਆਂ ਜਿਸ ਦੇ ਨਾਲ ਕਿਸਾਨਾਂ ਦਾ ਨੁਕਸਾਨ ਹੋਇਆ । ਗੰਨੇ ਦਾ ਭਾਅ ਵੀ ਠੀਕ ਨਹੀਂ ਮਿਲਿਆ ਅਤੇ ਗੰਨਾ ਮੰਡੀਆਂ ਦੇ ਵਿਚ ਸੜਦਾ ਰਿਹਾ ।

ਇਸੇ ਤਰ੍ਹਾਂ ਕਾਟਨ ਬਾਰੇ ਵੀ ਕਿਸਾਨਾਂ ਦਾ ਬਹੁਤ ਨੁਕਸਾਨ ਪਿਛਲੀ ਸਰਕਾਰ ਦੇ ਵਕਤ ਹੋਇਆ । 1992-93 ਦੇ ਵਿਚ 5.70 ਕੁਇੰਟਲ ਪ੍ਰਤੀ ਏਕੜ ਨਰਮਾ ਨਿਕਲਦਾ ਸੀ ਫੇਰ ਇਹ ਘੱਟ ਕੇ 4.90 ਰਹਿ ਗਿਆ ਜਿਸ ਦੇ ਨਾਲ ਕਿਸਾਨ ਦਾ ਨੁਕਸਾਨ ਹੋਇਆ । ਪੈਦਾਵਾਰ ਘੱਟ ਹੋ ਗਈ ਅਤੇ ਪਿਛਲੇ 3-4 ਸਾਲਾਂ ਤੋਂ ਕਾਟਨ ਦੇ ਵਿਚ ਪੈਦਾਵਾਰ ਘੱਟ ਹੋਈ ਅਤੇ ਕਿਸਾਨਾਂ ਦਾ ਨੁਕਸਾਨ ਕਾਫੀ ਮਾਤਰਾ ਵਿਚ ਹੋਇਆ ਹੈ । ਚੇਅਰਮੈਨ ਸਾਹਿਬ, 1995-96 ਵਿਚ ਨਰਮਾ 2,315 ਰੁਪਏ ਅਤੇ ਇਸ ਸਾਲ ਵਿਚ ਵੱਧ ਤੋਂ ਵੱਧ ਨਰਮਾ 1,980 ਰੁਪਏ ਵਿਕਿਆ ਹੈ । ਕਿਸਾਨਾਂ ਨੂੰ ਨਰਮੇ ਵਿਚ ਕਿੰਨਾ ਘਾਟਾ ਪੈਂਦਾ ਹੈ । 500 ਰੁਪਏ ਸੁਪਰਫਾਸਫੇਟ, 8 ਰੁਪਏ ਲੀਟਰ ਡੀਜ਼ਲ, ਸਪਰੇਅ ਅਤੇ ਖਾਦਾਂ ਆਦਿ ਕਿਤਨੀਆਂ ਮਹਿੰਗੀਆਂ ਹੋ ਗਈਆਂ ਹਨ । ਕਿਸਾਨਾਂ ਨੂੰ ਇਸ ਨਾਲ ਘਾਟਾ ਪੈਂਦਾ ਹੈ ਅਤੇ ਨਾਲ ਹੀ ਪੰਜਾਬ ਨੂੰ ਘਾਟਾ ਪੈਂਦਾ ਹੈ । ਪੰਜਾਬ ਦੇ ਕਿਸਾਨਾਂ ਦੀ ਖਰੀਦ ਸ਼ਕਤੀ ਘੱਟ ਗਈ ਹੈ ਅਤੇ ਪੰਜਾਬ ਦੇ ਲੋਕਾਂ ਦੀ ਖਰੀਦ ਸ਼ਕਤੀ ਖਤਮ ਹੋ ਗਈ ਹੈ । ਗਵਰਨਰ ਸਾਹਿਬ ਦੇ ਭਾਸ਼ਣ ਵਿਚ, ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਚੰਗੀਆਂ ਗੱਲਾਂ ਕਹੀਆਂ ਗਈਆਂ ਹਨ ਅਤੇ ਜਿਹੜਾ ਗਵਰਨਰ ਸਾਹਿਬ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਧੰਨਵਾਦ ਦਾ ਮਤਾ ਹਾਊਸ ਦੇ ਵਿਚ ਲਿਆਂਦਾ ਗਿਆ ਹੈ ਉਹ ਸਰਬਸੰਮਤੀ ਦੇ ਨਾਲ ਪਾਸ ਕਰਨਾ ਚਾਹੀਦਾ ਹੈ। ਇਸ ਮਤੇ ਤੇ ਆਪਾਂ ਸਾਰੇ ਸਹਿਮਤੀ ਦੇਈਏ ਕਿਉਂਕਿ ਇਸ ਨਾਲ ਸਾਰੇ ਪੰਜਾਬ ਦਾ ਭਲਾ ਹੋਵੇਗਾ। ਇਤਨਾ ਕਹਿੰਦਾ ਹੋਇਆ ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ।

**ਸਰਦਾਰ ਸੁਰਜੀਤ ਸਿੰਘ ਕੋਹਲੀ** (ਪਟਿਆਲਾ ਟਾਊਨ) : ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਹਾਊਸ ਵਿਚ ਗਵਰਨਰ ਸਾਹਿਬ ਦੁਆਰਾ ਦਿੱਤੇ ਗਏ ਭਾਸ਼ਣ ਤੇ ਬੋਲਣ ਦੀ ਆਗਿਆ ਦਿੱਤੀ ਹੈ। ਇਹ ਧੰਨਵਾਦ ਦਾ ਮਤਾ ਸਰਦਾਰ ਬਲਦੇਵ ਸਿੰਘ ਖਿਆਲਾ ਜੀ ਨੇ ਪੇਸ਼ ਕੀਤਾ ਹੈ ਅਤੇ ਜਿਸ ਦੀ ਤਾਈਦ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਕੀਤੀ ਹੈ। ਚੇਅਰਮੈਨ ਸਾਹਿਬ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਹਾਊਸ ਵਿਚ ਪਹਿਲੀ ਵਾਰ ਗਵਰਨਰ ਸਾਹਿਬ ਨੇ ਐਡਰੈਸ ਕੀਤਾ ਹੈ। ਇਸ ਭਾਸ਼ਣ ਵਿਚ ਸਰਕਾਰ ਵਲੋਂ ਕੀਤੇ ਗਏ ਕੰਮਾਂ, ਕੀਤੇ ਜਾ ਰਹੇ ਕੰਮਾਂ ਅਤੇ ਕੀਤੇ ਜਾਣ ਵਾਲੇ ਕੰਮਾਂ ਦੀ ਤਸਵੀਰ ਪੇਸ਼ ਕੀਤੀ ਹੈ। ਮੈਂ ਇਸ ਮਤੇ ਦੀ ਪੁਰਜ਼ੋਰ ਸ਼ਬਦਾਂ ਨਾਲ ਪ੍ਰੋੜਤਾ ਕਰਦਾ ਹਾਂ।

ਚੇਅਰਮੈਨ ਸਾਹਿਬ, ਪੁਰਾਣੇ ਜਖਮਾਂ ਨੂੰ ਖੁਰਚਣਾ ਨਹੀਂ ਚਾਹੀਦਾ। ਪਿਛਲ ਡੇਢ ਦਹਾਕੇ ਤੋਂ ਪੰਜਾਬੀਆਂ ਨੇ ਸੰਤਾਪ ਭੁਗਤਿਆ ਹੈ ਅਤੇ ਜ਼ਖਮ ਅੱਲੇ ਹਨ। 1978 ਤੋਂ ਬਾਅਦ ਦੀ ਗੱਲ ਮੇਰੇ ਭਰਾਵਾਂ ਨੇ ਕੀਤੀ ਹੈ ਅਤੇ ਕਿਹਾ ਹੈ ਕਿ ਨਿਰੰਕਾਰੀਆਂ ਨੂੰ ਮਾਰਿਆ ਗਿਆ ਸੀ। ਬਲਕਿ ਉਸ ਸਮੇਂ ਚੇਅਰਮੈਨ ਸਾਹਿਬ, 13 ਸਿੱਖਾਂ ਨੂੰ ਨਿਰੰਕਾਰੀਆਂ ਵਲੋਂ ਸ਼ਹੀਦ ਕਰ ਦਿੱਤਾ ਗਿਆ ਸੀ। ਉਸ ਵੇਲੇ ਪੰਜਾਬ ਦੇ ਜੋ ਹਾਲਾਤ ਹੋਏ ਸੀ ਉਹ ਤੁਹਾਡੇ ਸਾਹਮਣੇ ਹਨ। ਅਤਿਵਾਦ ਦੇ ਦੌਰਾਨ 1991 ਵਿਚ ਇਲੈਕਸ਼ਨ ਹੋਣੇ ਸਨ ਅਤੇ 25 ਸਾਡੇ ਉਮੀਦਵਾਰਾਂ ਨੂੰ ਗੋਲੀਆਂ ਦੇ ਨਾਲ ਅਤਿਵਾਦੀਆਂ ਨੇ ਮਾਰ ਦਿੱਤਾ ਸੀ। ਸਾਡੇ ਸਤਿਕਾਰਯੋਗ ਗੁਰਚਰਨ ਸਿੰਘ ਟੌਹੜਾ, ਐਸ.ਜੀ.ਪੀ.ਸੀ. ਦੇ ਪ੍ਰਧਾਨ, ਸਰਦਾਰ ਜਗਦੇਵ ਸਿੰਘ ਤਲਵੰਡੀ, ਸਾਬਕਾ ਪ੍ਰਧਾਨ ਤੇ ਕਾਤਲਾਨਾ ਹਮਲੇ ਹੋਏ ਅਤੇ ਉਨ੍ਹਾਂ ਨੂੰ ਹਸਪਤਾਲ ਵਿਚ ਰਹਿ ਕੇ ਜ਼ਖਮ ਝਲਣੇ ਪਏ। ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ ਸ਼ਹੀਦ ਕੀਤਾ ਗਿਆ। ਭਾਈ ਸ਼ਮਿੰਦਰ ਸਿੰਘ, ਬੀਬੀ ਰਾਜਿੰਦਰ ਕੌਰ, ਸਰਦਾਰ ਹਰਦਿਆਲ ਸਿੰਘ ਰਾਜਲਾ ਜੀ ਨੂੰ ਗੋਲੀਆਂ ਨਾਲ ਸ਼ਹੀਦ ਕਰ ਦਿਤਾ ਗਿਆ ਸੀ। ਪੰਜਾਬ ਵਿਚ ਕਿਸ ਤਰ੍ਹਾਂ ਬੇਕਸੂਰ ਲੋਕਾਂ ਦਾ ਕਤਲੇਆਮ ਹੋਇਆ। ਕਤਲ ਕਰਨ ਤੋਂ ਬਾਅਦ ਇਕ ਮਿੰਟ ਵਿਚ ਦੋਸ਼ੀ ਫਰਾਰ ਹੋ ਜਾਂਦੇ ਸਨ। 1991 ਤੋਂ ਬਾਅਦ 1992 ਵਿਚ ਇਲੈਕਸ਼ਨ ਆ ਗਏ। ਕਾਂਗਰਸ ਪਾਰਟੀ ਦੇ ਇਕ ਵੀ ਉਮੀਦਵਾਰ ਨੂੰ ਝਰੀਟ ਤੱਕ ਨਹੀਂ ਲੱਗੀ। ਉਸ ਵੇਲੇ ਪੰਜਾਬ ਵਿਚ ਪੈਰਾ ਮਿਲਟਰੀ ਫੋਰਸਿਜ਼ ਵੀ ਸੀ, ਪੁਲਿਸ ਵੀ ਸੀ। ਉਸ ਵੇਲੇ ਚੇਅਰਮੈਨ ਸਾਹਿਬ, ਇਨ੍ਹਾਂ ਕੋਲ ਕਿਹੜੀ ਸੰਜੀਵਨੀ ਬੂਟੀ ਆ ਗਈ ਕਿ ਅੱਤਵਾਦ ਝੱਟ ਖਤਮ ਹੋ ਗਿਆ। ਚੇਅਰਮੈਨ ਸਾਹਿਬ, ਅੱਤਵਾਦ ਕਾਂਗਰਸ ਦੀ ਸਰਕਾਰ ਨੇ ਪੈਦਾ ਕੀਤਾ ਹੋਇਆ ਸੀ। ਜਦੋਂ ਇਨ੍ਹਾਂ ਨੇ ਦੇਖਿਆ ਕਿ ਪੰਜਾਬ ਦੇ ਅੰਦਰ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਹਾਵੀ ਹੁੰਦੀ ਜਾ ਰਹੀ ਹੈ ਤਾਂ ਇਨ੍ਹਾਂ ਕਾਂਗਰਸੀਆਂ ਨੇ ਡਿਵਾਈਡ ਐਂਡ

Original with;
Punjab Vidhan Sabha
Digitized by;
Panjab Digital Library

ਰੂਲ ਦੀ ਪਾਲਿਸੀ ਅਖਤਿਆਰ ਕੀਤੀ ਅਤੇ ਪੰਜਾਬ ਵਿਚ ਕਤਲੇਆਮ ਕਰਾਇਆ। ਡੇਢ ਮਹੀਨੇ ਵਿਚ ਸ਼ਾਂਤੀ ਵੀ ਕਰ ਲਈ ਅਤੇ ਆਪ ਸੱਚੇ ਬਣਦੇ ਫਿਰਦੇ ਹਨ। ਅਤਵਾਦ ਇਨ੍ਹਾਂ ਦੀ ਦੇਣ ਸੀ ਇਸ ਗੱਲ ਦੀ ਬੇਸ਼ੱਕ ਇਨਕੁਆਇਰੀ ਕਰਾ ਲਓ। ਸਰਦਾਰ ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਰ ਵਾਰ ਕਹਿੰਦੇ ਰਹੇ ਹਨ ਕਿ ਸੁਪਰੀਮ ਕੋਰਟ ਦੇ ਜੱਜਾਂ ਦੀ ਕਮੇਟੀ ਬਣਾ ਕੇ ਇਸ ਦੀ ਇਨਕੁਆਇਰੀ ਕਰਾਉ ਕਿ ਇਹ ਅੱਤਵਾਦੀ ਕਿਥੋਂ ਆਉਂਦੇ ਹਨ, ਕਿਥੇ ਜਾਂਦੇ ਹਨ ਅਤੇ ਕਿਥੇ ਰਹਿੰਦੇ ਹਨ। ਇਨ੍ਹਾਂ ਨੂੰ ਹਥਿਆਰ ਕੌਣ ਦਿੰਦਾ ਹੈ ਅਤੇ ਪਨਾਹ ਕੌਣ ਦਿੰਦਾ ਹੈ। ਚੇਅਰਮੈਨ ਸਾਹਿਬ, ਇਹ ਕਾਂਗਰਸ ਪਾਰਟੀ ਹੀ ਸਾਰੇ ਦੁਖਾਂਤ ਦੀ ਜ਼ਿੰਮੇਵਾਰ ਹੈ।

ਅੱਗੇ ਚੇਅਰਮੈਨ ਸਾਹਿਬ, ਇਹ ਜੋ ਮਤਾ ਹਾਊਸ ਵਿਚ ਗਵਰਨਰ ਸਾਹਿਬ ਦੇ ਭਾਸ਼ਣ ਸਬੰਧੀ ਲਿਆਂਦਾ ਗਿਆ ਹੈ ਮੈਂ ਉਸ ਦਾ ਪੁਰਜ਼ੋਰ ਸਮਰਥਨ ਕਰਨ ਦੇ ਨਾਲ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਭਾਸ਼ਣ ਵਿਚ ਆਦਰਸ਼ ਸਕੂਲਾਂ ਦੀ ਗੱਲ ਕੀਤੀ ਗਈ ਹੈ ਜਿਸ ਨਾਲ ਪੇਂਡੂ ਵਿਦਿਆਰਥੀਆਂ ਨੂੰ ਬਹੁਤ ਭਾਰੀ ਫਾਇਦਾ ਹੋਣਾ ਹੈ। ਜਿਹੜੇ ਪੇਂਡੂ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ, ਉਹ ਪਬਲਿਕ ਸਕੂਲਾਂ ਦੇ ਅਤੇ ਕਾਨਵੈਂਟ ਸਕੂਲਾਂ ਦੇ ਵਿਦਿਆਰਥੀਆਂ ਨਾਲ ਮੁਕਾਬਲਾ ਨਹੀਂ ਸੀ ਕਰ ਸਕਦੇ। ਇਹ ਜਿਹੜਾ ਬਾਦਲ ਸਾਹਿਬ ਦੀ ਸਰਕਾਰ ਨੇ ਪ੍ਰੋਗਰਾਮ ਲਿਆਂਦਾ ਹੈ, ਇਹ ਬਹੁਤ ਸ਼ਲਾਘਾਯੋਗ ਹੈ ਅਤੇ ਮੈਂ ਇਸਦੀ ਪੁਰਜ਼ੋਰ ਹਮਾਇਤ ਕਰਦਾ ਹਾਂ। ਇਸ ਦੇ ਨਾਲ ਹੀ ਮੈਂ ਇਹ ਬੇਨਤੀ ਜ਼ਰੂਰ ਕਰਾਂਗਾ ਕਿ ਇਸ ਪ੍ਰੋਗਰਾਮ ਵਿਚ ਹਰ ਸਾਲ ਵਾਧਾ ਕੀਤਾ ਜਾਣਾ ਚਾਹੀਦਾ ਹੈ ਅਤੇ ਇਸਦੇ ਨਾਲ ਹੀ ਮੈਂ ਬਾਦਲ ਸਾਹਿਬ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਜਿਹੜੇ ਇਨ੍ਹਾਂ ਆਦਰਸ਼ ਸਕੂਲਾਂ ਦੇ ਟੀਚਰਜ਼ ਹਨ, ਉਨ੍ਹਾਂ ਨੂੰ ਸਕੂਲਾਂ ਵਿਚ ਹੀ ਰਿਹਾਇਸ਼ੀ ਕੁਆਰਟਰ ਬਣਾ ਕੇ ਦਿਤੇ ਜਾਣ ਤਾਂ ਕਿ ਉਨ੍ਹਾਂ ਨੂੰ ਸ਼ਹਿਰਾਂ ਤੋਂ ਪਿੰਡਾਂ ਵਿਚ ਜਾਣ ਦੀ ਤਕਲੀਫ ਨਾ ਰਹੇ।

ਅੱਗੇ ਚੇਅਰਮੈਨ ਸਾਹਿਬ, ਫੋਕਲ ਪੁਆਇੰਟਾਂ ਦੀ ਗੱਲ ਕੀਤੀ ਗਈ ਹੈ। ਫੋਕਲ ਪੁਆਇੰਟ ਪੁਰਾਣੀ ਸਰਕਾਰ ਨੇ ਬੰਦ ਕਰ ਦਿਤੇ ਸੀ ਪਰ ਬਾਦਲ ਸਾਹਿਬ ਦੀ ਸਰਕਾਰ ਨੇ ਮੁੜ ਇਹ ਸਕੀਮ ਲਿਆ ਕੇ ਬੜਾ ਵੱਡਾ ਕਦਮ ਚੁਕਿਆ ਹੈ। ਇਸ ਨਾਲ ਰੋਜ਼ਗਾਰ ਦੇ ਵੱਧ ਸਾਧਨ ਮੁਹੱਈਆ ਹੋਣਗੇ। ਚੇਅਰਮੈਨ ਸਾਹਿਬ, ਸੱਤਾ ਸੰਭਾਲਣ ਤੋਂ ਬਾਅਦ ਬਾਦਲ ਸਾਹਿਬ ਨੇ ਆਪਣੇ ਵਾਇਦੇ ਪੂਰੇ ਕਰਨ ਲਈ 'ਸੰਗਤ ਦਰਸ਼ਨ' ਦਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਹੈ ਜਿਸਦੀ ਕਿ ਹਰੇਕ ਪੰਜਾਬੀ, ਹਰੇਕ ਵਰਗ ਦੇ ਲੋਕ ਥਾਂ ਥਾਂ ਚਰਚਾ ਕਰ ਰਹੇ ਹਨ। ਇਸ ਗੱਲ ਦੀ ਥਾਂ ਥਾਂ ਸ਼ਲਾਘਾ ਹੋ ਰਹੀ ਹੈ। ਲੋਕ ਪਰਮਾਤਮਾ ਦਾ ਸ਼ੁਕਰਾਨਾ ਕਰ ਰਹੇ ਹਨ ਕਿ ਲੋਕਾਂ ਦਾ ਮਸੀਹਾ ਬਾਦਲ ਆ ਗਿਆ ਹੈ। ਪਹਿਲਾਂ ਤਾਂ ਪੰਜਾਬ ਦੇ ਮੁੱਖ ਮੰਤਰੀ ਦੇ ਨੇੜੇ ਲੋਕਾਂ ਨੂੰ ਜਾਣ ਦਾ ਮੌਕਾ ਹੀ ਨਹੀਂ ਸੀ ਮਿਲਦਾ। ਮੁੱਖ ਮੰਤਰੀ ਦੇ ਆਲੇ ਦੁਆਲੇ ਸਟੇਨਗੰਨਾਂ ਹੁੰਦੀਆਂ ਸਨ ਅਤੇ ਪਿਛਲੇ ਪੰਜਾਂ ਸਾਲਾਂ ਵਿਚ ਜਨਤਾ ਨੂੰ ਧੱਕੇ ਮਾਰ ਮਾਰ ਕੇ ਪਰ੍ਹੇ ਸੁਟਿਆ ਜਾਂਦਾ ਰਿਹਾ ਸੀ। ਅੱਜ ਹਰ ਪੰਜਾਬੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਕੋਹਲੀ]

ਦੇ ਦਿਲ ਵਿਚ ਖੁਸ਼ੀ ਹੈ ਕਿ ਲੋਕਾਂ ਦਾ ਮਸੀਹਾ ਆਇਆ ਹੈ ਜੋ ਲੋਕਾਂ ਦੇ ਦੁਖ ਤਕਲੀਫ ਥਾਂ ਥਾਂ ਤੇ ਜਾ ਕੇ ਸੁਣਦਾ ਫਿਰਦਾ ਹੈ ਅਤੇ ਮੌਕੇ ਤੇ ਹੀ ਸ਼ਿਕਾਇਤਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦਾ ਹੈ ।

ਚੇਅਰਮੈਨ ਸਾਹਿਬ, ਇਹ ਸਾਡੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਚੋਣ ਮੈਨੀਫੈਸਟੋ ਵਿਚ ਦਰਜ ਸੀ ਕਿ ਬਿਜਲੀ, ਪਾਣੀ ਕਿਸਾਨਾਂ ਨੂੰ ਮੁਫਤ ਮੁਹਈਆ ਕਰਾਂਗੇ । ਜੋ ਸਾਂਝੇ ਚੋਣ ਪ੍ਰੋਗਰਾਮ ਵਿਚ ਕਿਹਾ ਸੀ ਉਹ ਬਾਦਲ ਸਾਹਿਬ ਨੇ ਸੱਚ ਕਰ ਦਿਖਾਇਆ ਹੈ ਅਤੇ ਕਿਸਾਨਾਂ ਨੂੰ ਮੋਟਰਾਂ ਲਈ ਬਿਜਲੀ ਫਰੀ ਅਤੇ ਨਹਿਰੀ ਪਾਣੀ ਫਰੀ ਪਹਿਲੀ ਕੈਬਨਿਟ ਮੀਟਿੰਗ ਵਿਚ ਹੀ ਪਾਸ ਕਰ ਦਿਤਾ ਹੈ । ਕਿਸਾਨਾਂ ਵਿਚ ਕੇਵਲ ਜੱਟ ਹੀ ਨਹੀਂ ਆਉਂਦੇ, ਇਸ ਵਿਚ ਬਹਾਵਲਪੁਰੀ ਭਰਾ ਵੀ ਸ਼ਾਮਿਲ ਹਨ, ਹਿੰਦੂ ਭਰਾ ਵੀ ਸ਼ਾਮਲ ਹਨ ਜਿਨ੍ਹਾਂ ਨੇ ਖੇਤੀਬਾੜੀ ਕਰਨੀ ਹੈ । ਚੇਅਰਮੈਨ ਸਾਹਿਬ, ਅੱਜ ਅਗਰ ਸਾਡਾ ਕਿਸਾਨ ਅਮੀਰ ਹੈ ਤਾਂ ਸ਼ਹਿਰੀ ਵੀ ਅਮੀਰ ਹੈ । ਕਿਸਾਨ ਨੇ ਪੈਸੇ ਜੇਬ ਵਿਚ ਤਾਂ ਪਾਈ ਨਹੀਂ ਰੱਖਣੇ । ਕਿਸਾਨ ਨੇ ਇੱਟਾਂ ਖਰੀਦਣ ਜਾਣਾ ਹੈ, ਸੀਮਿੰਟ ਖਰੀਦਣ ਜਾਣਾ ਹੈ, ਸਰੀਆ ਖਰੀਦਣ ਜਾਣਾ ਹੈ ਤਾਂ ਸ਼ਹਿਰ ਹੀ ਜਾਣਾ ਹੈ । ਕਿਸਾਨ ਦੀ ਫਸਲ ਵੀ ਪਹਿਲਾਂ ਆੜਤੀ ਕੋਲ ਜਾਣੀ ਹੈ । ਆੜਤੀ ਨੇ ਵੀ ਆਪਣੀ ਕਮਾਈ ਲੈਣੀ ਹੈ ਇਸ ਗੱਲ ਦਾ ਹਰੇਕ ਵਰਗ ਨੂੰ ਫਾਇਦਾ ਪਹੁੰਚਣਾ ਹੈ । ਇਸ ਗੱਲ ਦੀ ਵੀ ਮੈਂ ਪੁਰਜ਼ੋਰ ਸ਼ਲਾਘਾ ਕਰਦਾ ਹਾਂ ।

ਅੱਗੇ, ਚੇਅਰਮੈਨ ਸਾਹਿਬ, ਜਿਹੜਾ ਇਨ੍ਹਾਂ ਨੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦਾ ਉਪਰਾਲਾ ਕੀਤਾ ਹੈ, ਉਹ ਬਹੁਤ ਸ਼ਲਾਘਾਯੋਗ ਹੈ । ਇਨ੍ਹਾਂ ਨੇ ਕਿਹਾ ਹੈ ਕਿ ਜੇ ਤੁਸੀਂ ਗਜ਼ਟਿਡ ਅਫਸਰ ਨੂੰ ਫੜਾਉਗੇ ਤਾਂ 50,000 ਰੁਪਿਆ ਮਿਲੇਗਾ ਅਤੇ ਜੇ ਨਾਨ-ਗਜ਼ਟਿਡ ਅਫਸਰ ਨੂੰ ਫੜਾਉਗੇ ਤਾਂ 25,000 ਰੁਪਿਆ ਦੇਵਾਂਗੇ । ਇਸ ਗੱਲ ਨਾਲ ਅਫਸਰਾਂ ਵਿਚ ਬਹੁਤ ਡਰ ਪੈਦਾ ਹੋ ਗਿਆ ਹੈ । ਪਟਿਆਲੇ ਵਿਚ ਹੀ ਦੇਖਿਆ ਹੈ ਕਿ ਅੱਗੇ ਰਜਿਸਟਰੀ ਕਰਨ ਲਈ ਤਹਿਸੀਲਦਾਰ 1% ਫੀਸ ਲੈਂਦਾ ਸੀ ਪਰ ਪਿਛਲੇ 15-20 ਦਿਨਾਂ ਤੋਂ ਪੈਸੇ ਦਾ ਨਾਂ-ਨਿਸ਼ਾਨ ਨਹੀਂ ਰਿਹਾ । ਲੋਕ ਸਾਨੂੰ ਆ ਕੇ ਦੱਸਦੇ ਹਨ ਕਿ ਅਸੀਂ ਤਹਿਸੀਲ ਵਿਚ ਗਏ ਸੀ, 5 ਮਿੰਟਾਂ ਵਿਚ ਹੀ ਰਜਿਸਟਰੀ ਹੋ ਗਈ । ਅੱਗੇ ਪਹਿਲਾਂ ਦਲਾਲ ਲੱਭਣੇ ਪੈਂਦੇ ਸੀ ਕਿ ਕੌਣ ਪੈਸੇ ਲਵੇਗਾ, ਕਿਸ ਵੇਲੇ ਲਵੇਗਾ । ਇਹ ਕਦਮ ਇਨ੍ਹਾਂ ਨੇ ਬਹੁਤ ਸ਼ਲਾਘਾਯੋਗ ਚੁਕਿਆ ਹੈ ਜਿਸ ਲਈ ਅਸੀਂ ਬਹੁਤ ਧੰਨਵਾਦੀ ਹਾਂ ।

ਚੇਅਰਮੈਨ ਸਾਹਿਬ, ਪੰਜਾਬ ਦੀਆਂ ਹੱਕੀ ਮੰਗਾਂ ਲਈ ਹਮੇਸ਼ਾ ਹੀ ਸ਼੍ਰੋਮਣੀ ਅਕਾਲੀ ਦਲ ਨੇ ਆਵਾਜ਼ ਉਠਾਈ ਹੈ । ਪੰਜਾਬ ਵਿਚ ਕਾਂਗਰਸ ਪਾਰਟੀਆਂ ਦੀ ਸਰਕਾਰ ਵੀ ਰਹੀ ਹੈ ਅਤੇ ਕੇਂਦਰ ਵਿਚ ਵੀ ਰਹੀ ਹੈ ਪਰ ਇਨ੍ਹਾਂ ਵਲੋਂ ਪੰਜਾਬ ਦੀਆਂ ਹੱਕੀ ਮੰਗਾਂ ਬਾਰੇ ਕਦੇ ਕੋਈ ਗੱਲ ਨਹੀਂ ਕੀਤੀ ਗਈ। ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਜਾਬ ਦੀਆਂ ਹੱਕੀ ਮੰਗਾਂ ਦਾ ਮੁਦਈ ਰਿਹਾ ਹੈ । ਇਸ ਗੱਲ ਦੀ ਅਸੀਂ ਭਰਪੂਰ ਸ਼ਲਾਘਾ ਕਰਦੇ ਹਾਂ । ਮੈਂ ਹੁਣ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਸੈਂਟਰ ਦੀ ਸਰਕਾਰ ਤੇ ਜ਼ੋਰ ਪਾ ਕੇ ਚੰਡੀਗੜ੍ਹ ਪੰਜਾਬ ਲਈ ਅਤੇ ਹੋਰ ਹੱਕੀ ਮੰਗਾਂ ਲਈ ਉਪਰਾਲਾ ਕਰਨ ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਜਿਹੜਾ ਇਨ੍ਹਾਂ ਨੇ ਦਿਲਾਂ ਦੇ ਰੋਗਾਂ ਦਾ ਸੈਂਟਰ ਪਟਿਆਲਾ ਅਤੇ ਅੰਮ੍ਰਿਤਸਰ ਵਿਚ ਖੋਲ੍ਹਣ ਦਾ ਐਲਾਨ ਕੀਤਾ ਹੈ, ਮੈਂ ਉਸ ਦੀ ਪੁਰਜ਼ੋਰ ਸ਼ਲਾਘਾ ਕਰਦਾ ਹਾਂ। ਪਹਿਲਾਂ ਲੋਕਾਂ ਨੂੰ ਦਿਲ ਦੇ ਰੋਗਾਂ ਦਾ ਇਲਾਜ ਕਰਾਉਣ ਲਈ ਦਿੱਲੀ ਅਤੇ ਮਦਰਾਸ ਜਾਣਾ ਪੈਂਦਾ ਸੀ। ਜੋ ਸਰਕਾਰ ਨੇ ਇਹ ਕੇਂਦਰ ਪਟਿਆਲਾ ਅਤੇ ਅੰਮ੍ਰਿਤਸਰ ਖੋਲ੍ਹਣ ਦੀ ਸਕੀਮ ਲਿਆਂਦੀ ਹੈ, ਇਹ ਬੜੀ ਸ਼ਲਾਘਾਯੋਗ ਹੈ। ਇਸ ਨਾਲ ਲੋਕਾਂ ਨੂੰ ਬਾਹਰ ਨਹੀਂ ਜਾਣਾ ਪਵੇਗਾ ਅਤੇ ਬੜੀ ਰਾਹਤ ਮਿਲੇਗੀ। ਅੱਗੇ ਚੇਅਰਮੈਨ ਸਾਹਿਬ, ਪੰਜਾਬ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਅਸੀਂ 5.30 ਪੈਸੇ ਰੇਟ ਤੇ ਆਟਾ ਦੇਣਾ ਸ਼ੁਰੂ ਕੀਤਾ ਹੈ, ਇਹ ਗਰੀਬਾਂ ਨੂੰ ਬਹੁਤ ਵੱਡੀ ਰਾਹਤ ਮਿਲੀ ਹੈ। ਹਰ ਗਰੀਬ ਪਰਿਵਾਰ ਨੂੰ 30 ਕਿਲੋ ਕਣਕ ਪ੍ਰਤੀ ਰਾਸ਼ਨ ਕਾਰਡ ਦੇਣ ਦਾ ਜੋ ਫੈਸਲਾ ਹੋਇਆ ਹੈ, ਇਹ ਬਹੁਤ ਖੁਸ਼ੀ ਦੀ ਗੱਲ ਹੈ। ਇਸ ਫੈਸਲੇ ਨਾਲ ਗਰੀਬ ਲੋਕਾਂ ਦੇ ਘਰਾਂ ਵਿਚ ਖੁਸ਼ੀ ਦੀ ਲਹਿਰ ਦੌੜੀ ਹੈ। ਇਸ ਨਾਲ ਗਰੀਬਾਂ ਦੇ ਬੱਚਿਆਂ ਨੂੰ ਰੱਜ ਕੇ ਰੋਟੀ ਖਾਣ ਨੂੰ ਮਿਲੇਗੀ। ਇਸ ਫੈਸਲੇ ਦੀ ਸਾਰੇ ਲੋਕ ਬਹੁਤ ਸ਼ਲਾਘਾ ਕਰਦੇ ਹਨ।

ਪਟਿਆਲੇ ਸ਼ਹਿਰ ਦੇ ਅੰਦਰ ਇਕ ਡਿਪੂ ਹੋਲਡਰ ਬਲੈਕ ਕਰਦਾ ਫੜਿਆ ਗਿਆ ਹੈ ਜਿਸ ਕਰਕੇ ਉਸ ਦਾ ਲਾਇਸੰਸ ਕੈਂਸਲ ਕਰ ਦਿੱਤਾ ਗਿਆ ਹੈ। ਇਹ ਵੀ ਬੜਾ ਸ਼ਲਾਘਾਯੋਗ ਕਦਮ ਹੈ। ਇਸ ਨਾਲ ਭ੍ਰਿਸ਼ਟਾਚਾਰ ਖਤਮ ਹੋ ਰਿਹਾ ਹੈ। ਇਸ ਤਰ੍ਹਾਂ ਕਰਨ ਨਾਲ ਪੰਜਾਬ ਦੇ ਹੋਰ ਕਿਸੇ ਵੀ ਡਿਪੂ ਹੋਲਡਰ ਦੀ ਹਿੰਮਤ ਨਹੀਂ ਪਵੇਗੀ ਕਿ ਉਹ ਬਲੈਕ ਕਰ ਸਕੇ।

ਬਜ਼ੁਰਗਾਂ ਤੇ ਵਿਧਵਾਵਾਂ ਨੂੰ ਪੈਨਸ਼ਨ ਦੇਣ ਦੀ ਜਿਹੜੀ ਸਕੀਮ ਸ਼ੁਰੂ ਕੀਤੀ ਗਈ ਸੀ, ਉਸ ਤੇ ਕੋਈ ਅਮਲ ਨਹੀਂ ਹੋਇਆ। 7-7, 10-10 ਹਜ਼ਾਰ ਫਾਰਮਾਂ ਦੇ ਭਲਾਈ ਦਫਤਰਾਂ ਵਿਚ ਢੇਰ ਲੱਗੇ ਹੋਏ ਹਨ। 3-3, 4-4 ਸਾਲਾਂ ਤੋਂ ਉਨ੍ਹਾਂ ਦੇ ਕੇਸ ਲਟਕਦੇ ਪਏ ਹਨ। ਹੁਣ ਉਨ੍ਹਾਂ ਵਾਸਤੇ 22 ਕਰੋੜ ਰੁਪਿਆ ਰੱਖ ਕੇ 15 ਮਾਰਚ ਤੱਕ ਉਨ੍ਹਾਂ ਨੂੰ ਪੈਨਸ਼ਨਾਂ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਹ ਵੀ ਬੜਾ ਸ਼ਲਾਘਾਯੋਗ ਫੈਸਲਾ ਹੈ।

ਇਸ ਤੋਂ ਬਾਅਦ ਮੈਂ ਇਕ ਆਪਣੇ ਹਲਕੇ ਦੀ ਬੇਨਤੀ ਕਰਨੀ ਚਾਹੁੰਦਾ ਹਾਂ। ਕਾਂਗਰਸੀ ਰਾਜ ਵੇਲੇ ਉਥੇ ਬਹੁਤ ਵੱਡਾ ਹੜ੍ਹ ਆਇਆ ਸੀ। ਲੇਕਿਨ ਜਦੋਂ ਹੜ੍ਹ ਆਇਆ ਤਾਂ ਪੀੜਤ ਲੋਕਾਂ ਨੂੰ ਕੋਈ ਰਾਹਤ ਫੰਡ ਨਹੀਂ ਦਿਤਾ ਗਿਆ। ਉਹ ਰਾਹਤ ਫੰਡ ਜਾਂ ਤਾਂ ਕਾਂਗਰਸੀ ਐਮ. ਐਲ. ਏ. ਖਾ ਗਏ ਅਤੇ ਜਾਂ ਫਿਰ ਮਿਉਂਸਿਪਲ ਕਮਿਸ਼ਨਰ ਖਾ ਗਏ। ਮੇਰੀ ਬੇਨਤੀ ਹੈ ਕਿ ਇਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ। ਇਨਕੁਆਰੀ ਕਰਨ ਤੋਂ ਬਾਅਦ ਜਿਨ੍ਹਾਂ ਨੂੰ ਰਾਹਤ ਨਹੀਂ ਮਿਲੀ, ਉਨ੍ਹਾਂ ਨੂੰ ਰਾਹਤ ਦਿੱਤੀ ਜਾਣੀ ਚਾਹੀਦੀ ਹੈ। ਇੰਨੀ ਗੱਲ ਕਹਿੰਦਾ ਹੋਇਆ ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ।

**ਸਰਦਾਰ ਸੇਵਾ ਸਿੰਘ ਸੇਖਵਾਂ** (ਕਾਹਨੂੰਵਾਨ) : ਮਾਨਯੋਗ ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਆਪ ਨੇ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਦੇ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ ਜਿਸ ਨੂੰ [illegible]ਕਿ ਖਿਆਲਾ ਜੀ ਨੇ ਇਥੇ ਪੇਸ਼

Original with;
Punjab Vidhan Sabha
Digitized by;
Panjab Digital Library

[ਸਰਦਾਰ ਸੇਵਾ ਸਿੰਘ ਸੇਖਵਾਂ]

ਕੀਤਾ ਹੈ । 7 ਫਰਵਰੀ, 1997 ਨੂੰ ਪੰਜਾਬ ਦੇ ਲੋਕਾਂ ਨੇ ਇਕ ਇਤਿਹਾਸਕ ਫੈਸਲਾ ਦਿੱਤਾ ਜਿਸ ਦਾ ਐਲਾਨ 9 ਫਰਵਰੀ ਨੂੰ ਕੀਤਾ ਗਿਆ । ਇਸ ਫੈਸਲੇ ਦੇ ਮੁਤਾਬਿਕ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੀ ਸਾਂਝੀ ਸਰਕਾਰ ਬਣੀ ਹੈ । ਇਹ ਸਰਕਾਰ ਬਣਨ ਤੋਂ ਪਹਿਲਾਂ ਚੋਣਾਂ ਦੌਰਾਨ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਆਪੋ ਆਪਣੇ ਚੋਣ ਮੁੱਦੇ ਰੱਖੇ । ਆਪਣੀ ਆਪਣੀ ਪਾਰਟੀ ਦੇ ਹੱਕ ਵਿਚ ਅਤੇ ਦੂਸਰੀਆਂ ਪਾਰਟੀਆਂ ਦੇ ਵਿਰੋਧ ਵਿਚ ਅਤੇ ਬੜੇ ਲੰਮੇ ਚੌੜੇ ਭਾਸ਼ਣ ਦਿੱਤੇ । ਕਾਂਗਰਸ ਪਾਰਟੀ ਵੱਲੋਂ ਬੜੀਆਂ ਖੁੱਲ੍ਹ ਕੇ ਗੱਲਾਂ ਕੀਤੀਆਂ ਗਈਆਂ ਕਿ ਅਕਾਲੀ ਦਲ ਅਤੇ ਬੀ. ਜੇ. ਪੀ. ਦਾ ਗਠਜੋੜ ਇਕ ਨਾ-ਪਾਕ ਗਠਜੋੜ ਹੈ । ਇਸ ਤੇ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਕਾਲੀ ਦਲ ਅਤੇ ਬੀ. ਜੇ. ਪੀ. ਦਾ ਗਠਜੋੜ ਕੋਈ ਨਵਾਂ ਨਹੀਂ ਹੈ । ਇਸ ਸਰਕਾਰ ਦੇ ਬਣਨ ਤੋਂ ਪਹਿਲਾਂ ਵੀ ਇਹ ਦੋਨੋਂ ਪਾਰਟੀਆਂ ਰਲ ਕੇ ਆਪਣੀਆਂ ਸਰਕਾਰਾਂ ਚਲਾਉਂਦੀਆਂ ਰਹੀਆਂ । ਪੰਜਾਬ ਦੀਆਂ ਮੰਗਾਂ ਦੇ ਹੱਕ ਵਿਚ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਨੇ ਧਰਮ-ਯੁੱਧ ਮੋਰਚਾ ਲਾਇਆ, ਕੇਂਦਰ ਵਿਚ ਉਸ ਸਮੇਂ ਤਕਰੀਬਨ ਹਰ ਵਾਰੀ ਕਾਂਗਰਸੀ ਸਰਕਾਰਾਂ ਹੀ ਰਹੀਆਂ । ਉਸ ਮੋਰਚੇ ਦੇ ਦੌਰਾਨ ਲੱਖਾਂ ਲੋਕ ਜੇਲ੍ਹਾਂ ਵਿਚ ਗਏ ਲੇਕਿਨ ਕੇਂਦਰ ਦੀ ਸਰਕਾਰ ਦੇ ਕੰਨਾਂ ਤੇ ਜੂੰ ਤੱਕ ਨਹੀਂ ਸਰਕੀ । 1984 ਵਿਚ ਸਿੱਖਾਂ ਦਾ ਕਤਲੇਆਮ ਹੋਇਆ । ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਕਈ ਜਥੇਬੰਦੀਆਂ ਮੰਗ ਕਰਦੀਆਂ ਰਹੀਆਂ ਕਿ ਸਿੱਖਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ ਅਤੇ ਦਿੱਲੀ ਵਿਚ ਜੋ ਸਿੱਖਾਂ ਦਾ ਕਤਲੇਆਮ ਹੋਇਆ, ਉਸ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ । ਲੇਕਿਨ ਕਾਂਗਰਸ ਦੇ ਰਾਜ ਵਿੱਚ, ਜਨਤਾ ਦਲ ਦੇ ਰਾਜ ਵਿੱਚ ਜਾਂ ਮੈਂ ਇਹ ਕਹਿ ਲਵਾਂ ਕਿ ਕਿਸੇ ਦੇ ਰਾਜ ਵਿਚ ਵੀ ਸਾਨੂੰ ਇਨਸਾਫ਼ ਨਹੀਂ ਮਿਲਿਆ । ਪਰ ਜਦੋਂ ਦਿੱਲੀ ਦੇ ਵਿੱਚ ਬੀ. ਜੇ. ਪੀ. ਦੀ ਸਰਕਾਰ ਬਣੀ ਤਾਂ ਸਰਕਾਰ ਬਣਨ ਤੋਂ ਤੁਰੰਤ ਮਗਰੋਂ ਜੋ ਭਾਰਤੀ ਜਨਤਾ ਪਾਰਟੀ ਨੇ ਚੋਣਾਂ ਦੇ ਵਿੱਚ ਲੋਕਾਂ ਦੇ ਨਾਲ ਵਾਅਦੇ ਕੀਤੇ ਸਨ ਉਨ੍ਹਾਂ ਵਿੱਚ ਇਕ ਚੋਣ ਵਾਅਦਾ ਇਹ ਵੀ ਸੀ ਕਿ ਜੇ ਦਿੱਲੀ ਦੇ ਵਿੱਚ ਬੀ. ਜੇ. ਪੀ. ਦੀ ਸਰਕਾਰ ਬਣੀ ਤਾਂ ਅਸੀਂ ਜੋ ਲੋਕ ਸਿੱਖਾਂ ਦੇ ਕਤਲੇਆਮ ਲਈ ਜ਼ਿੰਮੇਵਾਰ ਹਨ ਉਨ੍ਹਾਂ ਨੂੰ ਸਜ਼ਾਵਾਂ ਦੇਵਾਂਗੇ । ਮੈਂ ਇਹ ਗੱਲ ਮਾਣ ਨਾਲ ਕਹਿ ਸਕਦਾ ਹਾਂ ਕਿ ਸ਼੍ਰੀ ਮਦਨ ਲਾਲ ਖੁਰਾਨਾ ਜੀ ਨੇ, ਜਿਨ੍ਹਾਂ ਨੇ ਕਿ ਪੰਜਾਬੀ ਮਾਂ ਦਾ ਦੁੱਧ ਪੀਤਾ ਸੀ, ਆਪਣੇ ਵਚਨ ਨੂੰ ਪੂਰਾ ਕੀਤਾ । ਜਿਹੜੇ ਸਿੱਖਾਂ ਦੇ ਕਤਲੇਆਮ ਲਈ ਲੋਕ ਜ਼ਿੰਮੇਵਾਰ ਹਨ, ਚਾਹੇ ਉਹ ਕਿੱਡੇ ਵੀ ਆਹੁਦੇ ਤੇ ਸਨ ਸ਼੍ਰੀ ਐਚ. ਕੇ. ਐਲ. ਭਗਤ ਵਰਗੇ, ਉਹਨਾਂ ਸਾਰਿਆਂ ਉੱਤੇ ਕਤਲ ਦੇ ਮੁਕੱਦਮੇ ਦਰਜ ਕਰਕੇ ਜੇਲ੍ਹਾਂ ਵਿਚ ਭੇਜੇ । ਇਹ ਇਨਸਾਫ਼ ਸਾਨੂੰ ਸਿੱਖਾਂ ਨੂੰ ਬੀ. ਜੇ. ਪੀ. ਦੀ ਸਰਕਾਰ ਨੇ ਦਿੱਤਾ ਹੈ । ਦੂਸਰਾ ਜੋ ਚੋਣ ਵਾਅਦਾ ਬੀ. ਜੇ. ਪੀ. ਨੇ ਕੀਤਾ ਸੀ ਉਹ ਇਹ ਸੀ ਕਿ ਅਸੀਂ ਦਿੱਲੀ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਵਾਂਗੇ । ਇਹ ਵੀ ਜਦੋਂ ਇਨ੍ਹਾਂ ਦੀ ਸਰਕਾਰ ਬਣੀ ਤਾਂ ਉਨ੍ਹਾਂ ਨੇ ਪੰਜਾਬੀ ਨੂੰ ਸੈਕਿੰਡ ਲੈਂਗੂਏਜ ਦਾ ਦਰਜਾ ਦਿੱਤਾ । (ਥੰਪਿੰਗ) ਚੇਅਰਮੈਨ ਸਾਹਿਬ, ਅੱਜ ਮੈਂ ਸ਼ਰਮ ਨਾਲ ਕਹਿ ਰਿਹਾ ਹਾਂ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਵਿਚ ਅਸੀਂ ਪੰਜਾਬੀ ਵਿਚ ਲਿਖੇ ਗਏ ਬੋਰਡ ਨਹੀਂ ਦੇਖ ਸਕਦੇ । ਲੇਕਿਨ

Original with;
Punjab Vidhan Sabha
Digitized by;
Panjab Digital Library

ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਅਸੀਂ ਪੰਜਾਬੀ ਵਿਚ ਲਿਖੇ ਹੋਏ ਬੋਰਡ ਵੇਖ ਸਕਦੇ ਹਾਂ। ਇਹ ਕੁਝ ਕਾਰਣ ਸਨ ਜਿਨ੍ਹਾਂ ਕਾਰਨਾਂ ਕਰਕੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਪੁਰਾਣੇ ਵਿਰਸੇ ਨਾਲ ਬੀ. ਜੇ. ਪੀ. ਨੂੰ ਜੋੜ ਕੇ ਇਹ ਇਲੈਕਸ਼ਨਾਂ ਲੜੀਆਂ। ਇਸ ਸਰਕਾਰ ਦੇ ਬਣਨ ਤੋਂ ਪਹਿਲਾਂ ਜੋ ਸੰਤਾਪ ਪੰਜਾਬੀਆਂ ਨੇ ਇਸ ਧਰਤੀ ਤੇ ਭੋਗਿਆ ਉਹ ਵੀ ਵਿਥਿਆ ਮੈਂ ਸੁਣਾਵਾਂਗਾ। ਇਹ ਬਹੁਤ ਲੰਮੀ ਹੈ। ਚੇਅਰਮੈਨ ਸਾਹਿਬ, ਸਾਡੀ ਸਾਰਿਆਂ ਦੀ ਆਦਤ ਬਣ ਗਈ ਹੈ ਕਿ ਅਸੀਂ ਕੋਈ ਸਾਰਥਕ ਵਿਰੋਧਤਾ ਨਹੀਂ ਕਰਦੇ। ਇਕ ਦੂਜੇ ਤੇ ਜਾਤੀ ਵਿਰੋਧ ਕਰਨ ਲੱਗ ਪੈਂਦੇ ਹਾਂ। ਆਪਣੀ ਪਾਰਟੀ ਨੂੰ ਚੰਗਾ ਕਹਿੰਦੇ ਹਾਂ ਅਤੇ ਦੂਜਿਆਂ ਨੂੰ ਕੋਸਣ ਲੱਗ ਜਾਂਦੇ ਹਾਂ। ਅੱਤਵਾਦ ਦੇ ਮਸਲੇ ਤੇ ਬੜੀ ਖੁੱਲ ਕੇ ਗੱਲ ਹੋਈ ਹੈ। ਮੈਂ ਆਪਣੇ ਕੋਲੋਂ ਕੁਝ ਨਹੀਂ ਕਹਿ ਰਿਹਾ। ਹਿਸਟਰੀ ਕਿਸੇ ਨੂੰ ਮੁਆਫ ਨਹੀਂ ਕਰਦੀ। ਜੋ ਕੁਝ ਹੁਣ ਤੱਕ ਵਾਪਰਿਆ ਹੈ, ਇਸ ਅੱਤਵਾਦ ਦੀ ਜੜ੍ਹ ਕਿੱਥੋਂ ਪੈਦਾ ਹੋਈ, ਉਸਦੇ ਬਾਰੇ ਕੁਝ ਸ਼ਬਦ ਮੈਂ ਕਹਿਣਾ ਚਾਹੁੰਦਾ ਹਾਂ। ਅਸਲ ਵਿੱਚ ਇਹ ਲੜਾਈ ਗਿਆਨੀ ਜ਼ੈਲ ਸਿੰਘ ਅਤੇ ਸਰਦਾਰ ਦਰਬਾਰਾ ਸਿੰਘ ਦੀ ਆਪਸੀ ਲੜਾਈ ਸੀ। ਉਹਨਾਂ ਦੀ ਆਪਸੀ ਲੜਾਈ ਨੇ ਇਹ ਆਤੰਕਵਾਦ ਪੈਦਾ ਕੀਤਾ ਔਰ ਇਸ ਨੂੰ ਵਧਾਉਣ ਵਿੱਚ ਕਾਂਗਰਸ ਪਾਰਟੀ ਨੇ ਬਹੁਤ ਵੱਡਾ ਰੋਲ ਅਦਾ ਕੀਤਾ। ਮੈਂ ਸਬੂਤ ਦੇ ਸਕਦਾ ਹਾਂ ਕਿ ਕਾਂਗਰਸ ਪਾਰਟੀ ਦੇ ਕਿਹੜੇ ਰਾਜਨੀਤਿਕ ਵਜ਼ੀਰ ਹਨ। ਫਰੰਟ ਲਾਈਨ ਨਾਂ ਦਾ ਇਕ ਮੈਗਜ਼ੀਨ ਹੈ ਜਿਹੜਾ ਕਿ ਮਦਰਾਸ ਤੋਂ ਛਪਦਾ ਹੈ, ਉਸਦੇ ਵਿੱਚ ਲਿਖਿਆ ਗਿਆ ਸੀ ਕਿ ਕਿਹੜੇ ਕਿਹੜੇ ਕਾਂਗਰਸੀ ਮੰਤਰੀਆਂ ਨਾਲ ਕਿਹੜੇ ਕਿਹੜੇ ਅੱਤਵਾਦੀਆਂ ਦੇ ਸਬੰਧ ਸਨ। ਫਿਰ ਜੂਨ, 1991 ਦੀ ਇਲੈਕਸ਼ਨ ਡਿਕਲੇਅਰ ਹੋਈ। ਉਸ ਵੇਲੇ ਕਾਂਗਰਸ ਪਾਰਟੀ ਨੇ ਇਸ ਇਲੈਕਸ਼ਨ ਦਾ ਬਾਈਕਾਟ ਕੀਤਾ ਸੀ ਔਰ ਅਕਾਲੀ ਪਾਰਟੀ ਅਤੇ ਹੋਰ ਪਾਰਟੀਆਂ ਨੇ ਇਹ ਇਲੈਕਸ਼ਨ ਲੜਨੇ ਸਨ ਪਰ ਉਸ ਵੇਲੇ ਇਹ ਇਲੈਕਸ਼ਨ ਐਨ ਚੋਣਾਂ ਵਾਲੇ ਦਿਨ ਆ ਕੇ ਪੋਸਟਪੋਨ ਕਰ ਦਿੱਤਾ ਗਿਆ। ਫਿਰ ਇਹ ਇਲੈਕਸ਼ਨ ਫਰਵਰੀ, 1992 ਵਿੱਚ ਰੱਖੇ ਗਏ ਜਿਸ ਤੇ ਅਕਾਲੀ ਦਲ ਨੂੰ ਗੁੱਸਾ ਸੀ ਕਿ ਇਹ ਗਲਤ ਕਿਸਮ ਦੀ ਕਾਰਵਾਈ ਕੀਤੀ ਜਾ ਰਹੀ ਹੈ। ਇਹ ਕਹਿਣਾ, ਚੇਅਰਮੈਨ ਸਾਹਿਬ, ਬਿਲਕੁਲ ਗਲਤ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਡਰ ਦੇ ਕਾਰਨ ਇਲੈਕਸ਼ਨ ਨਹੀਂ ਲੜੇ। ਸੱਚਾਈ ਇਹ ਹੈ ਕਿ ਅਸੀਂ ਰੋਸ ਕੀਤਾ ਸੀ ਕਿ ਜੂਨ, 1991 ਵਿੱਚ ਜਦੋਂ ਪਾਰਟੀਆਂ ਨੇ ਇਲੈਕਸ਼ਨ ਲੜਨੇ ਸਨ ਤਾਂ ਬਹੁਤ ਥੋੜ੍ਹਾ ਸਮਾਂ ਪਹਿਲਾਂ ਇਸ ਨੂੰ ਪੋਸਟਪੋਨ ਨਹੀਂ ਕਰਨਾ ਚਾਹੀਦਾ ਸੀ। ਅਸੀਂ ਇਸ ਅਫਸੋਸ ਵਜੋਂ ਬਾਈਕਾਟ ਕੀਤਾ ਸੀ। ਜਦੋਂ ਕਾਂਗਰਸ ਪਾਰਟੀ ਨੇ ਇਲੈਕਸ਼ਨਾਂ ਲੜੀਆਂ ਤਾਂ ਉਨ੍ਹਾਂ ਦਾ ਇਕ ਵੀ ਉਮੀਦਵਾਰ ਗੋਲੀਆਂ ਦਾ ਨਿਸ਼ਾਨਾ ਤਾਂ ਕੀ ਬਣਨਾ ਸੀ, ਕਿਤੇ ਝਰੀਟ ਤੱਕ ਵੀ ਨਹੀਂ ਆਈ। ਚੇਅਰਮੈਨ ਸਾਹਿਬ, ਇਤਿਹਾਸ ਨੇ ਕਿਸੇ ਨੂੰ ਮੁਆਫ ਨਹੀਂ ਕਰਨਾ। ਜਿਹੜੇ ਗੱਲਾਂ ਕਰਦੇ ਹਨ, ਉਨ੍ਹਾਂ ਨੂੰ ਉਸ ਦੀ ਸਜ਼ਾ ਭੁਗਤਣੀ ਪਵੇਗੀ। ਅੱਜ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ ਅਤੇ ਜਿਹੜੇ ਉਨ੍ਹਾਂ ਨੇ ਚੋਣ ਵਾਇਦੇ ਕੀਤੇ ਸਨ ਉਨ੍ਹਾਂ ਉਤੇ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਅਜੇ ਤੱਕ ਕਿਸੇ ਵੀ ਸਰਕਾਰ ਨੇ ਇਤਨੇ ਗਤੀਸ਼ੀਲ ਢੰਗ ਨਾਲ ਸਰਕਾਰ ਦਾ ਕੰਮ ਸ਼ੁਰੂ ਨਹੀਂ ਕੀਤਾ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੇਵਾ ਸਿੰਘ ਸੇਖਵਾਂ]

ਬਣਨ ਤੋਂ ਬਾਅਦ ਆਪਣੀ ਪਹਿਲੀ ਕੈਬਨਿਟ ਦੀ ਮੀਟਿੰਗ ਵਿਚ ਹੀ ਜਿਹੜੇ ਉਨ੍ਹਾਂ ਨੇ ਚੋਣ ਵਾਇਦੇ ਕੀਤੇ ਸਨ, ਉਨ੍ਹਾਂ ਵਿਚੋਂ ਜਿਹੜੇ ਮੁੱਖ ਤੌਰ ਤੇ ਮੱਦੇ ਸਨ, ਉਹ ਆਪਣੀ ਪਹਿਲੀ ਕੈਬਨਿਟ ਦੀ ਮੀਟਿੰਗ ਵਿਚ ਹੀ ਪਾਸ ਕਰ ਦਿੱਤੇ। ਕਿਸਾਨਾਂ ਦੀ ਬਿਜਲੀ ਅਤੇ ਪਾਣੀ ਦਾ ਮਾਲੀਆ ਇਸ ਵਿਚ ਸ਼ਾਮਲ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਇਹ ਸਮਝਦੀ ਹੈ ਕਿ ਪੰਜਾਬ ਵਿਚ ਕਿਰਸਾਨੀ ਜਿੰਨਾ ਚਿਰ ਤੱਕ ਆਰਥਿਕ ਤੌਰ ਤੇ ਤਕੜੀ ਨਹੀਂ ਹੁੰਦੀ ਉਤਨੀ ਦੇਰ ਤੱਕ ਪੰਜਾਬ ਦੇ ਲੋਕਾਂ ਦਾ ਭਲਾ ਨਹੀਂ ਹੋ ਸਕਦਾ ਕਿਉਂਕਿ ਪੰਜਾਬ ਦੀ ਕਿਰਸਾਨੀ ਪੰਜਾਬ ਦੇ ਲੋਕਾਂ ਦੀ ਰੀੜ੍ਹ ਦੀ ਹੱਡੀ ਹੈ। ਇਸ ਕਰਕੇ ਇਸ ਨੂੰ ਪ੍ਰਫੁੱਲਤ ਕਰਨ ਵਾਸਤੇ ਸਰਦਾਰ ਬਾਦਲ ਨੇ ਰਿਆਇਤਾਂ ਦੇਣ ਦਾ ਐਲਾਨ ਕੀਤਾ ਸੀ। ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ, ਪੰਜਾਬ ਦੇ ਕਿਸਾਨਾਂ ਨੂੰ ਇਕ ਬਹੁਤ ਵੱਡਾ ਇਨਸਾਫ ਦਿੱਤਾ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਕੀਤੀ ਗਈ ਹੈ। ਕੇਵਲ ਕਿਸਾਨਾਂ ਨਾਲ ਹੀ ਨਹੀਂ ਬਲਕਿ ਪੰਜਾਬ ਦੇ ਹਰ ਵਰਗ ਦੇ ਲੋਕਾਂ ਵਾਸਤੇ, ਚਾਹੇ ਉਹ ਮੇਰੇ ਦਲਿਤ ਵੀਰ ਹਨ ਉਨ੍ਹਾਂ ਦੀਆਂ ਧੀਆਂ ਦੀ ਸ਼ਾਦੀ ਤੇ ਜੋ 5100 ਰੁਪਏ ਦਾ ਸ਼ਗਨ ਦੇਣ ਦਾ ਐਲਾਨ ਕੀਤਾ ਸੀ ਉਹ ਵੀ ਆਪਣੀ ਪਹਿਲੀ ਕੈਬਨਿਟ ਦੀ ਮੀਟਿੰਗ ਵਿਚ ਪਾਸ ਕੀਤਾ। ਇਹ ਵੀ ਉਨ੍ਹਾਂ ਦਾ ਇਕ ਧੰਨਵਾਦ ਯੋਗ ਕਦਮ ਹੈ।

ਸਿੱਖਿਆ ਜਿਹੜੀ ਕਿ ਸਾਡੇ ਸਮਾਜ ਦਾ ਬਹੁਤ ਹੀ ਅਹਿਮ ਅੰਗ ਹੈ ਅਤੇ ਸਿੱਖਿਆ ਤੋਂ ਬਿਨਾਂ ਕੋਈ ਵੀ ਕੌਮ ਤਰੱਕੀ ਨਹੀਂ ਕਰ ਸਕਦੀ। ਪਿਛਲੇ ਸਮੇਂ ਵਿੱਚ ਸਿੱਖਿਆ ਦੇ ਖੇਤਰ ਵਿਚ ਜੋ ਨਿਘਾਰ ਆ ਗਿਆ ਸੀ ਉਹੋ ਜਿਹੀ ਗੱਲ ਪਹਿਲਾਂ ਕਦੀ ਵੇਖਣ ਨੂੰ ਨਹੀਂ ਮਿਲੀ। ਸਰਦਾਰ ਬਾਦਲ ਨੇ ਕੁਆਲੀਟੇਟਿਵ ਐਜੂਕੇਸ਼ਨ ਵਾਸਤੇ ਆਦਰਸ਼ ਸਕੂਲ ਖੋਲ੍ਹਣ ਦੀ ਜਿਹੜੀ ਗੱਲ ਕਹੀ ਹੈ, ਉਨ੍ਹਾਂ ਸਕੂਲਾਂ ਵਿਚ 1500 ਤੋਂ 2000 ਤੱਕ ਵਿਦਿਆਰਥੀ ਸ਼ਾਮਲ ਕਰਨ ਦੀ ਗੱਲ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਰਹਿਣ ਵਾਲੇ ਲੋਕਾਂ ਲਈ ਇਹ ਇਕ ਵਰਦਾਨ ਸਾਬਤ ਹੋਣਗੇ। ਜਿਹੜੇ ਲੋਕ ਪੂਰੇ ਸੂਝਵਾਨ ਹਨ ਪਰੰਤੂ ਉਨ੍ਹਾਂ ਨੂੰ ਪਬਲਿਕ ਸਕੂਲਾਂ ਵਿਚ ਜਾਣ ਦੇ ਮੌਕੇ ਨਹੀਂ ਸਨ ਮਿਲਦੇ ਜਿਸ ਕਾਰਨ ਉਹ ਉਨ੍ਹਾਂ ਪੜ੍ਹੇ-ਲਿਖੇ ਲੋਕਾਂ ਦੇ ਬਰਾਬਰ ਕੰਪੀਟੀਸ਼ਨ ਵਿਚ ਨਹੀਂ ਸਨ ਆ ਸਕਦੇ। ਅਜਿਹੇ ਆਦਰਸ਼ ਸਕੂਲ ਖੁਲ੍ਹਣ ਨਾਲ ਲੋਕਾਂ ਨੂੰ ਅਜਿਹੇ ਮੌਕੇ ਮਿਲਣਗੇ।

ਬਾਦਲ ਸਾਹਿਬ ਨੇ ਜਿਹੜੀਆਂ ਤਰੱਕੀ ਦੀਆਂ ਸਕੀਮਾਂ ਐਲਾਨ ਕੀਤੀਆਂ ਹਨ ਕਿ ਹਰ ਜ਼ਿਲੇ ਵਿਚ ਦੋ-ਦੋ ਬਲਾਕਾਂ ਨੂੰ ਬੜੇ ਵਧੀਆ ਕਿਸਮ ਦੇ ਬਣਾਇਆ ਜਾਵੇਗਾ। ਮੈਂ ਸਮਝਦਾ ਹਾਂ ਕਿ ਨਿਰੇ ਐਲਾਨਾਂ ਨਾਲ ਹੀ ਨਹੀਂ, ਜਿਹੜੇ ਉਨ੍ਹਾਂ ਨੇ ਠੋਸ ਤੌਰ ਤੇ ਕਦਮ ਚੁਕੇ ਹਨ ਉਹ ਬੜੇ ਸ਼ਲਾਘਾਯੋਗ ਹਨ। ਪਹਿਲੇ ਦਿਨ ਜਿਸ ਦਿਨ ਸਰਦਾਰ ਬਾਦਲ ਨੇ ਹਾਊਸ ਨੂੰ ਸੰਬੋਧਤ ਕੀਤਾ ਸੀ ਤਾਂ ਇਕ ਬਹੁਤ ਵਧੀਆ ਮਾਹੌਲ ਬਣਿਆ ਸੀ ਕਿ ਅਸੀਂ ਕੋਈ ਟਕਰਾਅ ਦੀ ਨੀਤੀ ਨਹੀਂ ਚਾਹੁੰਦੇ। ਆਪੋਜ਼ੀਸ਼ਨ ਦੀ ਲੀਡਰ ਬੀਬੀ ਭੱਠਲ ਨੇ ਵੀ ਇਹੋ ਜਿਹਾ ਰਿਸਪਾਂਸ ਦਿੱਤਾ ਸੀ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਮੇਰੀ ਸਰਕਾਰ ਕੋਈ ਟਕਰਾਓ ਵਾਲੀ ਨੀਤੀ ਨਹੀਂ ਚਾਹੁੰਦੀ।

Original with;
Punjab Vidhan Sabha
Digitized by;
Panjab Digital Library

ਇਹ ਇਕ ਬਹੁਤ ਹੀ ਸ਼ਲਾਘਾਯੋਗ ਕਦਮ ਹੈ । ਮੈਂ ਸਮਝਦਾ ਹਾਂ ਕਿ ਜੇ ਅਸੀਂ ਟਕਰਾਉ ਦੀ ਨੀਤੀ ਤਿਆਗ ਕੇ ਇਕ ਦੂਜੇ ਨਾਲ ਸਲਾਹ ਮਸ਼ਵਰੇ ਨਾਲ ਫੈਸਲੇ ਲਾਗੂ ਕਰਨ ਦੀ ਨੀਤੀ ਉਤੇ ਚੱਲਏ ਤਾਂ ਅਸੀਂ ਪੰਜਾਬ ਨੂੰ ਹੋਰ ਵੀ ਉਸਾਰੀ ਦੀਆਂ ਲੀਹਾਂ ਤੇ ਲਿਜਾ ਸਕਾਂਗੇ । ਲੇਕਿਨ ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਕੇਂਦਰ ਵਿਚ ਕੁਝ ਐਸੀ ਲਾਬੀ ਬੈਠੀ ਹੈ ਜਿਹੜੀ ਪੰਜਾਬ ਵਿਰੋਧੀ ਰਹੀ ਹੈ ਔਰ ਉਸਦੀ ਹੁਣ ਵੀ ਨੀਅਤ ਇਹੀ ਹੈ ਕਿ ਜਿਹੜੀ ਟਕਰਾਓ ਦੀ ਨੀਤੀ ਹੈ ਉਸਨੂੰ ਇਸੇ ਤਰ੍ਹਾਂ ਬਰਕਰਾਰ ਰੱਖਿਆ ਜਾਵੇ । ਜਦੋਂ 5 ਮਾਰਚ ਨੂੰ ਗਵਰਨਰ ਸਾਹਿਬ ਇਥੇ ਭਾਸ਼ਣ ਕਰ ਰਹੇ ਸਨ ਤਾਂ ਮੁੱਖ ਮੰਤਰੀ, ਪੰਜਾਬ ਦੇ ਪ੍ਰਿੰਸੀਪਲ ਸਕੱਤਰ ਸਰਦਾਰ ਬਿਕਰਮਜੀਤ ਸਿੰਘ ਦੇ ਘਰ ਸੀ. ਬੀ. ਆਈ. ਨੇ ਰੇਡ ਕੀਤਾ । ਮੈਂ ਸਮਝਦਾ ਹਾਂ ਕਿ ਜਦੋਂ ਸਰਕਾਰ ਨੇ ਕਿਸੇ ਦੇ ਖਿਲਾਫ ਕੋਈ ਕੇਸ ਵਾਪਸ ਲੈ ਲਿਆ ਹੋਵੇ ਤਾਂ ਸੀ. ਬੀ. ਆਈ. ਜਾਂ ਕੇਂਦਰ ਦੀ ਸ਼ਹਿ ਤੇ ਕੋਈ ਵੀ ਅਜਿਹੀ ਕਾਰਵਾਈ ਕਰੇ ਤਾਂ ਇਹ ਟਕਰਾਉ ਵਾਲੀ ਨੀਤੀ ਧਾਰਨ ਵਾਲੀ ਗੱਲ ਹੈ । ਮੈਂ ਇਹ ਮਹਿਸੂਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਜੋ ਮੰਗਾਂ ਪੰਜਾਬ ਸਰਕਾਰ ਨੇ ਆਪਣੇ ਏਜੰਡੇ ਤੇ ਲਿਆਂਦੀਆਂ ਹਨ ਉਨ੍ਹਾਂ ਵਿਚੋਂ ਪ੍ਰਮੁੱਖ ਤੌਰ ਤੇ ਦੇਸ਼ ਵਿੱਚ ਫੈਡਰਲ ਢਾਂਚਾ ਸੌਖਾ ਕਰਨ ਦੀ ਮੰਗ ਬਹੁਤ ਮਹੱਤਵਪੂਰਨ ਹੈ ਅਤੇ ਯੋਗ ਹੈ । ਧਾਰਾ 356 ਜਿਸ ਦੇ ਤਹਿਤ ਰਾਜਾਂ ਦੀਆਂ ਸਰਕਾਰਾਂ ਨੂੰ ਬਿਨਾਂ ਵਜ੍ਹਾ ਭੰਗ ਕੀਤਾ ਜਾਂਦਾ ਹੈ, ਉਸਦੇ ਵਿੱਚ ਸੋਧ ਦੀ ਲੋੜ ਬਹੁਤ ਜ਼ਰੂਰੀ ਹੈ । ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ, ਇਸ ਵਿਚ ਕੋਈ ਦੋ ਰਾਵਾਂ ਨਹੀਂ । ਜਿੰਨੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰਹਿ ਗਏ ਹਨ, ਉਹ ਸਾਰੇ ਪੰਜਾਬ ਨੂੰ ਮਿਲਣੇ ਚਾਹੀਦੇ ਹਨ । ਜਿੰਨੇ ਹੈਡ-ਵਰਕਸ ਹਨ ਉਨ੍ਹਾਂ ਦਾ ਕੰਟਰੋਲ ਪੰਜਾਬ ਨੂੰ ਮਿਲਣਾ ਚਾਹੀਦਾ ਹੈ । ਜਿਹੜਾ ਅੱਠ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਅੱਤਵਾਦ ਦੇ ਸਮੇਂ ਦਾ ਪੰਜਾਬ ਦੇ ਸਿਰ ਤੇ ਬੋਝ ਬਣਿਆ ਹੋਇਆ ਹੈ ਉਹ ਕੇਂਦਰ ਸਰਕਾਰ ਨੂੰ ਮੁਆਫ ਕਰਕੇ ਪੰਜਾਬ ਨੂੰ ਇਨਸਾਫ ਦੇਣਾ ਚਾਹੀਦਾ ਹੈ । 1984 ਦੇ ਦੰਗਿਆਂ ਦੇ ਜਿਹੜੇ ਦੋਸ਼ੀ ਬਾਕੀ ਬਚੇ ਹਨ ਉਨ੍ਹਾਂ ਨੂੰ ਵੀ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ । ਚੇਅਰਮੈਨ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਜੋ ਸੰਗਤ ਦਰਸ਼ਨ ਪ੍ਰੋਗਰਾਮ ਸ਼ੁਰੂ ਕੀਤਾ ਹੈ, ਉਹ ਬੜਾ ਸ਼ਲਾਘਾਯੋਗ ਕਦਮ ਹੈ । ਇਸ ਤੋਂ ਪਹਿਲਾਂ ਸਰਕਾਰ ਲੋਕਾਂ ਤੱਕ ਪਹੁੰਚ ਨਹੀਂ ਕਰਦੀ ਸੀ ਅਤੇ ਲੋਕਾਂ ਕੋਲ ਆਪਣੀ ਸਮਰੱਥਾ ਨਹੀਂ ਸੀ ਕਿ ਉਹ ਵਜ਼ੀਰਾਂ ਤੱਕ, ਸਰਕਾਰ ਤੱਕ ਪਹੁੰਚ ਕਰਕੇ ਆਪਣੀ ਮੁਸ਼ਕਿਲਾਂ ਦੱਸ ਸਕਦੇ । ਬਾਦਲ ਸਾਹਿਬ ਨੇ ਆਪਣੇ ਵਜ਼ੀਰਾਂ ਅਤੇ ਐਮ. ਐਲ. ਏ. ਸਾਹਿਬਾਨ ਨੂੰ ਹਦਾਇਤਾਂ ਕੀਤੀਆਂ ਹਨ ਕਿ ਉਹ ਲੋਕਾਂ ਕੋਲ ਪਹੁੰਚ ਕਰਨ ਅਤੇ ਇਹ ਸੰਗਤ ਦਰਸ਼ਨ ਸ਼ੁਰੂ ਕਰਕੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ । ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਵੇਲੇ ਜੋ ਅਖਬਾਰਾਂ ਦੀਆਂ ਸੁਰਖੀਆਂ ਛੱਪਦੀਆਂ ਰਹੀਆਂ ਹਨ ਅਤੇ ਜੋ ਭ੍ਰਿਸ਼ਟਾਚਾਰ ਉਸ ਸਰਕਾਰ ਵੇਲੇ ਹੋਇਆ ਹੈ ਉਹ ਸਾਰਾ ਨੰਗਾ ਹੋਣਾ ਚਾਹੀਦਾ ਹੈ । ਜਿਹੜੇ ਜਿਹੜੇ ਵਜ਼ੀਰਾਂ ਨੇ, ਜਿਹੜੇ ਜਿਹੜੇ ਅਫਸਰਾਂ ਨੇ ਰਿਸ਼ਵਤਾਂ ਨਾਲ ਆਪਣੀਆਂ ਜਾਇਦਾਦਾਂ ਬਣਾਈਆਂ ਹਨ, ਉਹ ਚਾਹੇ ਪੰਜਾਬ ਵਿੱਚ ਬਣਾਈਆਂ ਹਨ, ਚਾਹੇ ਪੰਜਾਬ ਤੋਂ ਬਾਹਰ ਬਣਾਈਆਂ ਹਨ, ਉਨ੍ਹਾਂ ਸਾਰਿਆਂ ਦੀ ਇਨਕੁਆਇਰੀ ਕਰਕੇ ਪੰਜਾਬ ਦੇ ਲੋਕਾਂ ਦਾ ਪੈਸਾ ਪੰਜਾਬ ਦੇ ਖਜ਼ਾਨੇ ਵਿੱਚ ਮੁੜ ਵਾਪਸ ਲਿਆਉਣਾ ਚਾਹੀਦਾ ਹੈ । ਮੈਂ ਇਹ ਵੀ ਬੇਨਤੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੇਵਾ ਸਿੰਘ ਸੇਖਵਾਂ]
ਕਰਾਂਗਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੂੰ ਪੰਜਾਬ ਦੇ ਲੋਕਾਂ ਨੂੰ ਇਕ ਨਾਅਰਾ ਦੇਣਾ ਚਾਹੀਦਾ ਹੈ ਕਿ ਹਰ ਪੰਜਾਬੀ ਦਾ ਹੱਥ, ਕੰਮ ਵਾਲਾ ਹੋਣਾ ਚਾਹੀਦਾ ਹੈ ਅਤੇ ਕੋਈ ਵਿਹਲਾ ਨਹੀਂ ਰਹਿਣਾ ਚਾਹੀਦਾ । ਹਰ ਪੰਜਾਬੀ ਕੰਮ ਕਰੇ, ਹਰ ਪੰਜਾਬੀ ਸੰਜਮ ਵਰਤੇ, ਇਹ ਨਾਅਰਾ ਦੇ ਕੇ ਪੰਜਾਬ ਨੂੰ ਖੁਸ਼ਹਾਲ ਬਣਾਉਣਾ ਚਾਹੀਦਾ ਹੈ । ਮੈਂ ਆਸ ਕਰਦਾ ਹਾਂ ਕਿ ਜੋ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਬੀ. ਜੇ. ਪੀ. ਦੀ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ ਦਾ ਸੁਪਨਾ ਵੇਖਿਆ ਹੈ, ਉਹ ਸਾਕਾਰ ਹੋਵੇਗਾ ਅਤੇ ਪੰਜਾਬ ਹੋਰ ਖੁਸ਼ਹਾਲ ਹੋਵੇਗਾ, ਧੰਨਵਾਦ ।

**ਮਾਸਟਰ ਮੋਹਨ ਲਾਲ** (ਪਠਾਨਕੋਟ) : ਮਾਨਯੋਗ ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਨੇ ਪੰਜ ਤਾਰੀਖ ਨੂੰ ਜਿਹੜਾ ਆਪਣਾ ਐਡਰੈਸ ਪੜ੍ਹਿਆ ਔਰ ਸਰਕਾਰ ਦੀਆਂ ਪਾਲਿਸੀਆਂ ਮੁਤੱਲਕ ਜਿਹੜੀ ਗੱਲਬਾਤ ਕੀਤੀ ਹੈ, ਮੈਂ ਉਸ ਦੀ ਪ੍ਰੋੜਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਚੇਅਰਮੈਨ ਸਾਹਿਬ, ਜੋ ਪਿਛਲੇ ਮਹੀਨੇ ਵਿਚ ਚੋਣਾਂ ਹੋਈਆਂ, ਉਹ ਦਰਅਸਲ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਜਸ਼ਨ ਸੀ, ਡੈਸਟੇਬਿਲਟੀ ਮਨਾਈ ਜਾ ਰਹੀ ਹੈ । ਠਾਠਾਂ ਮਾਰਦਾ ਨੌਜਵਾਨਾਂ ਦਾ ਸਮੁੰਦਰ ਜਿਸ ਨੇ ਢੋਲ-ਢਮੱਕੇ ਨਾਲ ਵੋਟਾਂ ਪਾ ਕੇ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕੀਤਾ । ਪੰਜਾਬ ਅੰਦਰ ਇਹ ਭਾਵਨਾਵਾਂ ਜੋ ਉਸ ਵੇਲੇ ਉਜਾਗਰ ਹੋਈਆਂ, ਉਸ ਪਿੱਛੇ ਲੋਕਾਂ ਦੀ ਸੋਚ ਕੰਮ ਕਰ ਰਹੀ ਸੀ । ਭਾਰਤੀ ਜਨਤਾ ਪਾਰਟੀ ਔਰ ਸ਼੍ਰੋਮਣੀ ਅਕਾਲੀ ਦਲ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮਦਨ ਲਾਲ ਖੁਰਾਣਾ, ਬਲਰਾਮ ਜੀ ਦਾਸ ਟੰਡਨ ਦੀ ਅਗਵਾਈ ਹੇਠ ਪੰਜਾਬ ਦਾ ਮਾਹੌਲ ਬਦਲਿਆ ਹੈ । ਚੇਅਰਮੈਨ ਸਾਹਿਬ, ਇਹ ਮਾਹੌਲ ਕਾਂਗਰਸ ਦੇ ਭ੍ਰਿਸ਼ਟ ਸੋਧਨ ਦਾ ਨਵਾਂ ਸਵੇਰਾ ਲਿਆਉਣ, ਇੱਕ ਨਵਾਂ ਚਾਨਣ ਔਰ ਇੱਕ ਨਵੀਂ ਰੋਸ਼ਨੀ ਲਿਆਉਣ ਵਾਸਤੇ ਪੰਜਾਬ ਦਾ ਮਾਹੌਲ ਬਦਲਿਆ ਹੈ । ਕਾਂਗਰਸ ਦੇ 1992 ਵਿਚ ਹਾਊਸ ਦੇ ਮੈਂਬਰ ਬਣੇ । ਜਿੰਦੇ ਜੰਗਾ ਦਾ ਐਮ. ਐਲ. ਏ. 312 ਵੋਟਾਂ ਜਿੱਤ ਕੇ ਆਇਆ । ਇਕ 720 ਵੋਟਾਂ ਲੈ ਕੇ ਆਇਆ ਔਰ ਉਹ ਬੋਰਡ ਦਾ ਚੇਅਰਮੈਨ ਰਿਹਾ । ਇੱਕ ਐਮ. ਐਲ. ਏ. 3,000 ਵੋਟਾਂ ਲੈ ਕੇ ਆਇਆ ਔਰ ਉਹ ਪੰਜਾਬ ਦਾ ਮੰਤਰੀ ਬਣਿਆ । 1992 ਵਿਚ ਲੋਕਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਨਹੀਂ ਕੀਤਾ ਗਿਆ ਸੀ । 1992 ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਾਂਗਰਸ ਨੇ ਕੀ ਕੁਝ ਨਹੀਂ ਕੀਤਾ । ਅਕਾਲੀ ਪਾਰਟੀ ਨੇ ਉਸ ਵੇਲੇ ਚੋਣਾਂ ਵਿਚ ਹਿੱਸਾ ਨਹੀਂ ਲਿਆ ਸੀ । ਉਸ ਵਕਤ ਲੋਕਾਂ ਦੇ ਮਨ ਵਿਚ ਡਰ ਸੀ । ਕਾਂਗਰਸੀ ਇੱਕ ਪੋਲਿੰਗ ਸਟੇਸ਼ਨ ਤੇ ਵੋਟਾਂ ਪਾਉਣ ਜਾਂਦੇ, ਫਿਰ ਦੂਜੇ ਪੋਲਿੰਗ ਸਟੇਸ਼ਨ ਤੇ ਜਾਂਦੇ । ਫਿਰ ਤੀਜੇ ਪੋਲਿੰਗ ਸਟੇਸ਼ਨ ਤੇ ਵੋਟਾਂ ਪਾਉਂਦੇ । ਉਸ ਵਕਤ ਪੰਜਾਬ ਵਿਚ ਸਿਰਫ 20 ਪਰਸੈਂਟ ਵੋਟਾਂ ਪਈਆਂ । ਫਿਰ ਇਹ ਕਹਿੰਦੇ ਹਨ ਕਿ ਅਸੀਂ ਲੋਕਤੰਤਰ ਲੈ ਕੇ ਆਏ ਹਾਂ । ਸਾਰੇ ਪਾਸੇ ਰੇਡੀਓ, ਟੈਲੀਵੀਜ਼ਨ ਅਖਬਾਰਾਂ ਵਿਚ ਦਸਿਆ ਗਿਆ ਕਿ ਕਾਂਗਰਸ ਨੇ ਬੜਾ ਵੱਡਾ ਮਾਅਰਕਾ ਮਾਰਿਆ ਹੈ । (ਵਿਘਨ)

**ਸ਼੍ਰੀ ਅਵਤਾਰ ਹੈਨਰੀ** . ** **

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਮਾਸਟਰ ਮੋਹਨ ਲਾਲ** : ਇਹ ਜਿਹੜੀ ਐਡਮਨਿਸਟਰੇਸ਼ਨ ਢਿੱਲੀ ਹੈ । ਇਹ ਸਭ ਪਹਿਲਾਂ ਤੁਹਾਡੀ ਦੇਣ ਹੈ । ਇਹ ਸਭ ਪਹਿਲਾਂ ਦੀ ਤੁਹਾਡੀ ਮਿਲੀ ਭੁਗਤ ਹੈ । ਤੁਸੀਂ ਹੀ ਇਨਡਿਸਿਪਲਨ ਬਣਾਇਆ ਹੈ । (ਥੰਪਿੰਗ) (ਵਿਘਨ)

**ਸ੍ਰੀ ਜਗਦੀਸ਼ ਸਾਹਨੀ** : ਹਾਲੇ ਰੰਗ ਨਹੀਂ ਚੜਿਆ । 5-7 ਦਿਨਾਂ ਵਿਚ ਰੰਗ ਫੜ ਲੈਣਗੇ ।

**ਮਾਸਟਰ ਮੋਹਨ ਲਾਲ** : ਚੇਅਰਮੈਨ ਸਾਹਿਬ, ਮੈਂ ਇੱਕ ਚੁਟਕਲਾ ਸੁਣਾਉਣ ਲੱਗਾ ਹਾਂ । ਮੈਨੂੰ ਸਵਰਗ ਵਿਚ ਜਾਣ ਦਾ ਮੌਕਾ ਮਿਲਿਆ । ਉਥੇ ਸਾਰੇ ਕਾਂਗਰਸੀ ਲੀਡਰ ਬੈਠੇ ਸਨ । ਸ੍ਰੀ ਮਦਨ ਮੋਹਨ ਮਾਲਵੀਆ, ਸ੍ਰੀ ਮੋਤੀ ਲਾਲ ਨਹਿਰੂ, ਸ੍ਰੀਮਤੀ ਇੰਦਰਾ ਗਾਂਧੀ ਬੈਠੇ ਸਨ । ਹੋਰ ਬੜੇ ਵੱਡੇ ਲੀਡਰ ਬੈਠੇ ਸਨ । ਚੋਰੀ ਛਿਪੇ ਨਰਸਿਮ੍ਹਾ ਰਾਓ ਜੀ ਵੀ ਉਸ ਸਵਰਗ ਵਿੱਚ ਖੜ੍ਹੇ ਹੋ ਗਏ । ਬਾਪੂ ਗਾਂਧੀ ਜੀ ਸਿੰਘਾਸਨ ਤੋਂ ਉਤਰ ਕੇ ਆਏ ਔਰ ਨਰਸਿਮ੍ਹਾ ਰਾਓ ਦੇ ਗਲੇ ਦੇ ਵਿੱਚ ਫੁੱਲਾਂ ਦੀ ਮਾਲਾ ਪਾਈ ਤਾਂ ਨਹਿਰੂ ਜੀ ਨੇ ਕਿਹਾ ਕਿ ਸਾਡੇ ਗਲਾਂ ਵਿੱਚ ਤਾਂ ਫੁੱਲਾਂ ਦੀ ਮਾਲਾ ਨਹੀਂ ਪਾਈ, ਦੂਜੇ ਕਾਂਗਰਸੀ ਵੀ ਉਠ ਕੇ ਕਹਿਣ ਲੱਗੇ ਕਿ ਸਾਡੇ ਗਲਾਂ ਵਿੱਚ ਤਾਂ ਫੁੱਲਾਂ ਦੀ ਮਾਲਾ ਨਹੀਂ ਪਾਈ ਔਰ ਅੱਜ ਜਦੋਂ ਨਰਸਿਮ੍ਹਾ ਰਾਓ ਆਏ ਹਨ, ਤਾਂ ਇਨ੍ਹਾਂ ਦੇ ਗਲਾਂ ਵਿੱਚ ਫੁੱਲਾਂ ਦੇ ਹਾਰ ਪਾ ਰਹੇ ਹੋ, ਜੈ-ਜੈ ਕਾਰ ਕਰ ਰਹੇ ਹੋ ਤਾਂ ਗਾਂਧੀ ਜੀ ਬੋਲਦੇ ਹਨ ਕਿ ਪੁੱਤਰੋ, ਸੰਨ 1947 ਵਿੱਚ ਜਦੋਂ ਦੇਸ਼ ਆਜ਼ਾਦ ਹੋਇਆ ਸੀ, ਤਾਂ ਮੈਂ ਕਿਹਾ ਸੀ ਕਿ ਕਾਂਗਰਸ ਤੋੜ ਦਿਉ ਪਰ ਤੁਸੀਂ ਮੇਰੀ ਗੱਲ ਨਹੀਂ ਸੀ ਮੰਨੀ । ਅੱਜ ਮੇਰੇ ਲਾਡਲੇ ਪੁੱਤਰ ਨੇ ਕਿਆ ਕਮਾਲ ਕੀਤਾ ਕਿ ਸਾਰੀ ਕਾਂਗਰਸ ਧਾਰਸ਼ਾਹੀ ਤੋੜ ਕੇ ਰੱਖ ਦਿੱਤੀ, ਇਸ ਕਰਕੇ ਜੀ ਆਇਆਂ ਕਿਹਾ ਹੈ । (ਥੰਪਿੰਗ) ਅੱਜ ਸਾਰੇ ਪੰਜਾਬ ਵਿੱਚ ਕਾਂਗਰਸ ਨੂੰ ਜਲ ਲਾਉਣ ਵਾਲਾ ਕੋਈ ਨਹੀਂ ਹੈ । ਚੇਅਰਮੈਨ ਸਾਹਿਬ, ਇਸੇ ਤਰ੍ਹਾਂ ਸਾਰੇ ਹਿੰਦੁਸਤਾਨ ਵਿਚ ਹਿਮਾਚਲ ਅਤੇ ਮੱਧ-ਪ੍ਰਦੇਸ਼ ਨੂੰ ਛੱਡ ਕੇ ਕਿਤੇ ਵੀ ਕਾਂਗਰਸ ਨਹੀਂ ਹੈ । ਆਉਣ ਵਾਲੀਆਂ ਚੋਣਾਂ ਵਿਚ ਉਹ ਵੀ ਨਹੀਂ ਰਹਿਣਾ । ਕਾਂਗਰਸ ਦਾ ਪਰਚਮ ਜਿਹੜਾ ਕਿ ਜੰਮੂ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਝੂਲਦਾ ਸੀ । ਚੇਅਰਮੈਨ ਸਾਹਿਬ, ਅੱਜ ਉਹ ਕਾਂਗਰਸ ਦੋ ਸੂਬਿਆਂ ਵਿੱਚ ਸਿਮਟ ਕੇ ਰਹਿ ਗਈ ਹੈ । ਪੰਜਾਬ ਵਿੱਚ ਕਾਂਗਰਸ ਸਰਕਾਰ ਨੇ 1992 ਤੋਂ ਲੈ ਕੇ 1997 ਦੀਆਂ ਚੋਣਾਂ ਤੱਕ ਭ੍ਰਿਸ਼ਟਾਚਾਰ ਦੇ ਸਾਰੇ ਰਿਕਾਰਡ ਤੋੜ ਦਿੱਤੇ । ਮੇਰੇ ਇਲਾਕੇ ਦਾ ਐਮ. ਐਲ. ਏ., ਚੇਅਰਮੈਨ ਸਾਹਿਬ, ਪਹਿਲਾਂ ਉਸ ਕੋਲੋਂ ਕੋਈ ਇੱਟਾਂ ਚੁੱਕਦਾ ਨਹੀਂ ਸੀ । ਜਦੋਂ ਐਮ. ਐਲ. ਏ. ਬਣ ਗਿਆ ਔਰ ਜਦੋਂ ਗਰਾਂਟ ਦਿੰਦਾ ਸੀ ਤਾਂ ਉਹ ਵੀ ਸ਼ਰਤ ਲਾਉਂਦਾ ਸੀ ਕਿ ਮੇਰੇ ਭੱਠੇ ਤੋਂ ਇੱਟਾਂ ਲੈਣਾ । ਹੁਣ ਤੁਸੀਂ ਦੇਖੋ ਕਿ ਉਨ੍ਹਾਂ ਦੇ ਭੱਠੇ ਚਲਦੇ ਹਨ । ਚੇਅਰਮੈਨ ਸਾਹਿਬ, ਲੋਕਾਂ ਦੀਆਂ ਗਲੀਆਂ ਨਾਲੀਆਂ ਵਿੱਚ ਪਿੱਲੀਆਂ ਇੱਟਾਂ ਲੱਗ ਗਈਆਂ । ਗਰਾਂਟ ਦੇ ਪੈਸੇ ਲੈ ਲਏ ਤੇ ਦੇ ਦਿੱਤੀਆਂ ਪਿੱਲੀਆਂ ਇੱਟਾਂ । ਖਿਆਲਾ ਸਾਹਿਬ ਨੇ ਗੱਲ ਕੀਤੀ ਸੀ, ਚੇਅਰਮੈਨ ਸਾਹਿਬ, ਮੈਂ ਉਸ ਨੂੰ ਤਾਈਦ ਕਰਕੇ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]

ਪੰਜ ਸਾਲ ਭ੍ਰਿਸ਼ਟਾਚਾਰ ਵਿੱਚੋਂ ਜੰਮੀ, ਭ੍ਰਿਸ਼ਟਾਚਾਰ ਵਿੱਚ ਪੰਜ ਸਾਲ ਪਰਵਰਿਸ਼ ਪਾਉਂਦੀ ਰਹੀ ਔਰ ਭ੍ਰਿਸ਼ਟਾਚਾਰ ਦੇ ਕਫ਼ਨ ਵਿੱਚ ਲਪੇਟ ਕਰਕੇ, ਇਸ ਪੰਜਾਬ ਦੇ ਪੰਜਾਬੀਆਂ ਨੇ ਕਾਂਗਰਸ ਦੀ ਪੱਟੀ ਮੇਸ ਕਰਕ ਰੱਖ ਦਿੱਤੀ। (ਥੰਪਿੰਗ) ਇਸ ਪੰਜਾਬ ਦੇ ਪੰਜਾਬੀਆਂ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਥੱਲੇ ਅਤੇ ਭਾਰਤੀ ਜਨਤਾ ਪਾਰਟੀ ਦੀ ਰਹਿਨੁਮਾਈ ਥੱਲੇ ਇੱਕ ਨਵੀਂ ਰੌਸ਼ਨੀ, ਇੱਕ ਨਵੀਂ ਸਵੇਰ ਲਿਆਉਣ ਦੀ ਗੱਲ ਕੀਤੀ ਹੈ। ਕਾਂਗਰਸ ਦੇ ਮੇਰੇ ਇੱਕ ਮਿੱਤਰ ਬੋਲੇ ਹਨ, ਮੈਂ ਇੱਕ ਸ਼ੇਅਰ ਰਾਹੀਂ ਕਹਿਣਾ ਚਾਹੁੰਦਾ ਹਾਂ :

"ਜ਼ਰਾ ਦੇਖ ਜੋ ਕੁਝ ਹੋ ਰਹਾ ਹੈ, ਜੋ ਹੋਣੇ ਵਾਲਾ ਹੈ
ਧਰਾ ਕਿਆ ਹੈ ਭਲਾ ਔਦੇ ਤੂਰਨ ਕੀ ਦਾਸਤਾਨੋਂ ਮੇਂ।

ਇਹ ਸਰਕਾਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਬਣਾਈ ਹੈ। ਇਹ ਪੰਜ ਸਾਲਾਂ ਵਿਚ ਯਕੀਨਨ ਹੀ ਪੰਜਾਬ ਨੂੰ ਵਿਕਾਸ ਵੱਲ ਲੈ ਕੇ ਜਾਵੇਗੀ। ਕਾਂਗਰਸ ਨੇ ਦੇਖਦੇ ਰਹਿਣਾ ਕਿ ਸਾਡੇ ਹਿੱਸੇ ਤਾਂ ਬੂੰਦ ਵੀ ਨਹੀਂ ਆਈ। ਪੰਜ ਸਾਲ ਬਾਦਲ ਨੇ ਬਰਸਦੇ ਰਹਿਣਾ ਸਾਰੇ ਪੰਜਾਬ ਵਿੱਚ। ਪਰ ਪੰਜ ਸਾਲ ਕਾਂਗਰਸ ਨੇ ਤਰਸਦੇ ਰਹਿਣਾ ਹੈ ਔਰ ਇਕ ਵੀ ਬੂੰਦ ਇਨ੍ਹਾਂ ਵੱਲ ਨਹੀਂ ਪਹੁੰਚਣੀ।

ਚੇਅਰਮੈਨ ਸਾਹਿਬ, ਮੈਂ ਇੱਕ ਅਰਜ਼ ਕਰ ਰਿਹਾ ਹਾਂ। ਪੰਜਾਬ ਦੇ ਪਿਛੋਕੜ ਵਿੱਚ ਦਰਦ ਹਨ, ਗਮ ਹਨ। ਪੰਜਾਬ ਨੂੰ ਜੋ ਜ਼ਖਮ ਮਿਲੇ ਹਨ ਉਨ੍ਹਾਂ ਉਤੇ ਮਲ੍ਹਮ ਲਗਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅੱਜ ਇਸ ਗੱਲ ਤੇ, ਚੇਅਰਮੈਨ ਸਾਹਿਬ, ਵਿਚਾਰ ਕਰਨ ਦੀ ਜ਼ਰੂਰਤ ਹੈ। ਤੁਸੀਂ ਵੀ ਦੇਖਿਆ ਹੈ ਕਿ 1984 ਦੇ ਦੰਗਿਆਂ ਦੇ ਅੰਦਰ ਸਿੱਖਾਂ ਦੇ ਘਰਾਂ ਉਤੇ ਹਮਲੇ ਕੀਤੇ ਗਏ। ਹਮਲੇ ਕਰਨ ਵਾਲੇ ਕਾਂਗਰਸ ਦੇ ਵਜ਼ੀਰ ਸਨ। 1984 ਵਿੱਚ ਸਿੱਖ ਔਰਤਾਂ ਕੀਰਨੇ ਪਾਉਂਦੀਆਂ ਰਹੀਆਂ ਕਿ ਸਾਡੇ ਘਰ ਵਾਲੇ ਨੂੰ, ਸਾਡੇ ਭਰਾ ਨੂੰ ਛੱਡ ਦਿਉ ਪਰ ਇਹ ਹਾਊਸ ਔਰ ਇਤਿਹਾਸ ਇਸ ਗੱਲ ਦਾ ਗਵਾਹ ਹੈ। ਚੇਅਰਮੈਨ ਸਾਹਿਬ, ਸਿੱਖਾਂ ਦੇ ਗਲਾਂ ਵਿੱਚ ਜਲਦੇ ਹੋਏ ਟਾਇਰ ਪਾ ਕਰਕੇ ਉਨ੍ਹਾਂ ਨੂੰ ਜਿਓਂਦੇ ਸਾੜਿਆ ਗਿਆ ਹੈ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਦੀਆਂ ਮਾਵਾਂ ਤੋਂ ਖੋਹ ਕਰਕੇ ਅੱਗ ਵਿੱਚ ਝੋਕ ਦਿੱਤਾ ਗਿਆ ਔਰ ਇਸ ਤਰੀਕੇ ਦੇ ਨਾਲ ਪੰਜਾਬ ਦੇ ਅੰਦਰ ਸਿੱਖਾਂ ਦੇ ਮਨੋਵਿਗਿਆਨ ਨੂੰ, ਭਾਵਨਾਵਾਂ ਨੂੰ ਦਬਿਆ ਕੁਚਲਿਆ ਹੈ ਕਿ ਸਿੱਖ ਉਗਰਵਾਦੀ ਹਨ। ਮੈਂ ਇਸ ਹਾਊਸ ਦੇ ਅੰਦਰ ਇਹ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਜਦੋਂ ਕਿਸੇ ਕਸ਼ਮੀਰੀ ਮਿਲੀਟੈਂਟ ਨੂੰ ਪਕੜਿਆ ਜਾਂਦਾ ਹੈ ਤਾਂ ਉਸ ਨੂੰ ਕਸ਼ਮੀਰੀ ਮਿਲੀਟੈਂਟ ਕਿਹਾ ਜਾਂਦਾ ਹੈ ਅਤੇ ਜੇਕਰ ਪਾਕਿਸਤਾਨ ਤੋਂ ਪਕੜਿਆ ਜਾਂਦਾ ਹੈ ਤਾਂ ਉਸ ਨੂੰ ਪਾਕਿਸਤਾਨੀ ਮਿਲੀਟੈਂਟ ਕਿਹਾ ਜਾਂਦਾ ਹੈ ਅਤੇ ਜੇਕਰ ਆਇਰਲੈਂਡ ਤੋਂ ਪਕੜਿਆ ਜਾਂਦਾ ਹੈ ਤਾਂ ਉਸ ਨੂੰ ਆਇਰਲੈਂਡ ਮਿਲੀਟੈਂਟ ਕਿਹਾ ਜਾਂਦਾ ਹੈ ਪਰ ਪੰਜਾਬ ਦੇ ਅੰਦਰ ਸਿੱਖਾਂ ਨੂੰ ਉਗਰਵਾਦੀ ਕਹਿ ਕਰਕੇ ਭੰਡਿਆ ਜਾਂਦਾ ਹੈ ਅਤੇ ਭੰਡਿਆ ਵੀ ਗਿਆ ਹੈ। ਉਨ੍ਹਾਂ ਦੀ ਮਾਰਸ਼ਲ ਕੌਮ ਨੂੰ, ਇਕ ਦੇਸ਼ ਭਗਤ ਕੌਮ ਨੂੰ ਇਸ ਪੰਜਾਬ ਦੇ ਅੰਦਰ ਪੂਰੀ ਤਰ੍ਹਾਂ ਭੰਡਿਆ ਗਿਆ ਹੈ।

Original with;
Punjab Vidhan Sabha
Digitized by;
Panjab Digital Library

*6-11 ਵਜੇ ਸ਼ਾਮ | (ਇਸ *ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਅੱਜ ਪੰਜਾਬ ਦੇ ਅੰਦਰ ਇੱਕ ਨਵੀਂ ਲਹਿਰ ਚਲੀ ਹੈ ਉਹ ਹੈ ਹਿੰਦੂ-ਸਿੱਖ ਭਾਈਚਾਰੇ ਦੀ ਲਹਿਰ । ਹਿੰਦੂ ਅੌਰ ਮੁਸਲਮਾਨ ਅੌਰ ਇਸਾਈ ਭਾਈਚਾਰੇ ਅੰਦਰ ਨਵੀਂ ਲੀਹ, ਇੱਕ ਨਵੀਂ ਰੌਸ਼ਨੀ ਪੈਦਾ ਹੋਈ ਹੈ ਅਤੇ ਇਸ ਨੂੰ ਜਗਦੇ ਰੱਖਣ ਲਈ ਸਾਨੂੰ ਇਸ ਹਾਊਸ ਦੇ ਅੰਦਰ ਜੋ ਅਸੀਂ ਜਿੱਤ ਕੇ ਆਏ ਹਾਂ ਜੋ ਪਾਪੂਲਰ ਮਾਈਂਡ ਲੈ ਕੇ ਆਏ ਹਾਂ ਉਨ੍ਹਾਂ ਸਭ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਸਾਨੂੰ ਕਿਸੇ ਵੀ ਕੌਮ ਨੂੰ ਉਸਦੀ ਕੁਰਬਾਨੀ, ਉਸਦੇ ਜਜ਼ਬਾਤ, ਉਸ ਦੇ ਪਿਛੋਕੜ ਤੇ ਉਸਦੇ ਇਤਿਹਾਸ ਨੂੰ ਧਿਆਨ ਵਿੱਚ ਰਖ ਕਰਕੇ ਚਲਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਜਜ਼ਬਾਤਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ । ਅਸੀਂ ਇਲੈਕਸ਼ਨ ਜਿੱਤ ਕੇ ਆਏ ਹਾਂ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਦੇ ਅੰਦਰ ਅਸੀਂ ਪੰਜਾਬ ਨੂੰ ਅੱਗੇ ਲੈ ਕੇ ਜਾਣਾ ਹੈ । ਸਪੀਕਰ ਸਾਹਿਬ, ਕੁਝ ਲੋਕਾਂ ਨੇ ਸੰਵਿਧਾਨ ਦੇ ਆਰਟੀਕਲ 356 ਦੀ ਦੁਰਵਰਤੋਂ ਕੀਤੀ ਹੈ । ਆਰਟੀਕਲ 356 ਦੀ ਦੁਰਵਰਤੋਂ ਆਜ਼ਾਦੀ ਤੋਂ ਲਗਾਤਾਰ ਹੁੰਦੀ ਆ ਰਹੀ ਹੈ। ਮੈਂ ਮੰਗ ਕਰਦਾ ਹਾਂ ਕਿ ਇਸ ਦੇਸ਼ ਦੇ ਅੰਦਰ ਜੋ 356 ਆਰਟੀਕਲ ਦਾ ਵਿਧਾਨ ਹੈ ਉਸ ਵਿਚ ਤਰਮੀਮ ਕਰਕੇ ਠੀਕ ਕੀਤਾ ਜਾਵੇ । ਸਪੀਕਰ ਸਾਹਿਬ, ਅੱਜ ਗਵਰਨਰ ਦਾ ਜੋ ਰੋਲ ਹੈ ਉਹ ਸੈਂਟਰ ਦੇ ਇਸ਼ਾਰੇ ਤੇ ਚਲਦਾ ਹੈ । ਮੈਨੂੰ 1985 ਦੀ ਗੱਲ ਯਾਦ ਹੈ ਜਦੋਂ ਰਾਜਪਾਲ ਦੇ ਘਰ ਅਸੀਂ ਗੱਲਾਂ ਕਰ ਹੀ ਰਹੇ ਸੀ ਤਾਂ ਸੈਂਟਰ ਨੇ ਉਸੇ ਵਕਤ ਪੰਜਾਬ ਦੀ ਅਸੈਂਬਲੀ ਨੂੰ ਤੋੜ ਦਿੱਤਾ ਸੀ । ਇਸ ਤਰ੍ਹਾਂ ਗਵਰਨਰ ਨੂੰ ਜੋ ਸੈਂਟਰ ਤੋਂ ਆਦੇਸ਼ ਮਿਲਦਾ ਹੈ ਉਹ ਉਸ ਦੇ ਇਸ਼ਾਰੇ ਤੇ ਹੀ ਚਲਦਾ ਹੈ । ਸਪੀਕਰ ਸਾਹਿਬ, ਜੋ ਆਰਟੀਕਲ 356 ਹੈ ਉਸਦੀ ਅੱਜ ਵੀ ਦੁਰਵਰਤੋਂ ਕੀਤੀ ਜਾ ਰਹੀ ਹੈ । ਚਾਹੇ ਅੱਜ ਵੀ ਸੈਂਟਰ ਵਿਚ ਦੇਵਗੌੜਾ ਦੀ ਸਰਕਾਰ ਹੈ ਤਾਂ ਵੀ ਇਸ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ । ਇਸ ਦੀ ਜਿਉਂਦੀ ਜਾਗਦੀ ਉਦਾਹਰਣ ਉੱਤਰ ਪ੍ਰਦੇਸ਼ ਦੀ ਹੈ ਜਿਥੇ ਸਭ ਤੋਂ ਵੱਡੀ ਪਾਰਟੀ ਭਾਰਤੀ ਜਨਤਾ ਪਾਰਟੀ ਨੂੰ ਸਰਕਾਰ ਬਣਾਉਣ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ । ਉਥੇ ਗਵਰਨਰ ਨੇ ਭਾਰਤੀ ਜਨਤਾ ਪਾਰਟੀ ਜੋ ਕਿ ਸਭ ਤੋਂ ਵੱਡੀ ਪਾਰਟੀ ਹੈ, ਨੂੰ ਨਿਮੰਤਰਿਤ ਕਰਕੇ ਕੇਂਦਰ ਦੇ ਇਸ਼ਾਰੇ ਤੇ ਸਰਕਾਰ ਨਹੀਂ ਬਣਾਉਣ ਦਿੱਤੀ ਜਾ ਰਹੀ ਹੈ । ਅੱਜ ਇਸ ਦੇਸ਼ ਦੇ ਅੰਦਰ ਆਰਟੀਕਲ 356 ਦੀ ਵਰਤੋਂ ਕੇਂਦਰ ਦੇ ਇਸ਼ਾਰੇ ਤੇ ਹੀ ਹੋ ਰਹੀ ਹੈ । ਇਸ ਦਾ ਸਹੀ ਇਸਤੇਮਾਲ ਲੋਕਾਂ ਦੀ ਵਿਲ, ਲੋਕਾਂ ਦੀ ਇੱਛਾ, ਲੋਕਮੱਤ ਅੌਰ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਅਨੁਸਾਰ ਹੀ ਕੀਤਾ ਜਾਣਾ ਚਾਹੀਦਾ ਹੈ । ਇਸੇ ਤਰ੍ਹਾਂ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਸਰਬੱਤ ਦੇ ਭਲੇ ਲਈ ਲੋਕ ਭਲਾਈ ਦੀਆਂ ਕੁਝ ਸਕੀਮਾਂ ਲਾਗੂ ਕੀਤੀਆਂ ਹਨ । ਕਰਮਚਾਰੀ ਵਰਗ ਹੈ, ਦੁਕਾਨਦਾਰ ਵਰਗ ਹੈ ਬਾਕੀ ਸਮਾਜ ਦੇ ਅੰਦਰ ਅਲੱਗ ਅਲੱਗ ਵਰਗ ਹਨ । ਉਨ੍ਹਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਲਈ ਅਲੱਗ-ਅਲੱਗ ਸਕੀਮਾਂ ਬਣਾਈਆਂ ਹਨ । ਉਨਾ ਸਕੀਮਾਂ ਵਿੱਚ ਬੈਕਵਰਡ ਕਲਾਸਿਜ਼, ਸ਼ਡਿਊਲਡ ਕਾਸਟ ਲੋਕਾਂ ਲਈ ਬਾਦਲ ਸਰਕਾਰ 12 ਹਜ਼ਾਰ ਘਰਾਂ ਦੀ ਉਸਾਰੀ ਕਰਨ

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]

ਜਾ ਰਹੀ ਹੈ । ਹਰ ਇੱਕ ਘਰ ਉਤੇ 50 ਹਜ਼ਾਰ ਰੁਪਿਆ ਖਰਚ ਕਰਨ ਦਾ ਬਜਟ ਰੱਖਿਆ ਗਿਆ ਹੈ । ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਨਿਰਆਸ਼ਰਿਤ ਬੱਚੇ ਅਤੇ ਅੰਗਹੀਣਾਂ ਲਈ 300 ਰੁਪਏ ਪ੍ਰਤੀ ਮਹੀਨਾ ਸਰਕਾਰ ਨੇ ਦੇਣ ਦਾ ਵਚਨ ਕੀਤਾ ਹੈ । ਜਿਸ ਲਈ ਬੜੇ ਜ਼ੋਰਾਂ-ਸ਼ੋਰਾਂ ਨਾਲ ਸਾਰੇ ਖੇਤਰਾਂ ਵਿੱਚ ਕੰਮ ਜਾਰੀ ਹੈ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੀ ਨੀਤੀ ਕਰਮਚਾਰੀ ਮਾਰੂ ਨੀਤੀ ਰਹੀ ਹੈ । ਬੇਅੰਤ ਸਿੰਘ ਸਰਕਾਰ ਨੇ ਸ਼ਹਿਰ ਦੀ ਹੱਦ ਤੋਂ ਦੂਰ ਕੰਮ ਕਰਨ ਵਾਲੇ ਕਰਮਚਾਰੀਆ ਨਾਲ ਬਹੁਤ ਵੱਡਾ ਧੱਕਾ ਕੀਤਾ । ਉਹ ਕਰਮਚਾਰੀ ਜੋ ਪਿੰਡਾਂ ਅੰਦਰ ਕੰਮ ਕਰਦੇ ਹਨ ਉਨ੍ਹਾਂ ਨੂੰ ਸਰਕਾਰ ਪ੍ਰੋਤਸਾਹਿਤ ਕਰਦੀ ਹੈ, ਹੱਲਾ-ਸ਼ੇਰੀ ਦਿੰਦੀ ਹੈ । ਪਰ ਕਾਂਗਰਸ ਸਰਕਾਰ ਨੇ ਉਨ੍ਹਾਂ ਕਰਮਚਾਰੀਆਂ ਦਾ ਹਾਊਸ ਰੈਂਟ ਬੰਦ ਕਰ ਦਿੱਤਾ । ਉਨ੍ਹਾਂ ਨੂੰ 75 ਰੁਪਏ 80 ਰੁਪਏ ਦੇ ਕੇ ਚੁੱਪ ਕਰਾ ਦਿੱਤਾ ਗਿਆ । ਇਸੇ ਤਰ੍ਹਾਂ ਕਾਂਗਰਸ ਸਰਕਾਰ ਵਲੋਂ ਕਰਮਚਾਰੀਆਂ ਨੂੰ ਆਰਡਰ ਜਾਰੀ ਕਰ ਦਿੱਤਾ ਗਿਆ ਕਿ ਜੋ ਹਾਊਸ ਰੈਂਟ ਕਰਮਚਾਰੀਆਂ ਨੇ ਸਰਕਾਰ ਤੋਂ ਲਿਆ ਹੈ ਉਸ ਨੂੰ ਏਰੀਅਰ ਦੇ ਰੂਪ ਵਿਚ ਪੰਜਾਬ ਸਰਕਾਰ ਵਸੂਲ ਕਰਨ ਜਾ ਰਹੀ ਹੈ । ਉਸ ਤੇ ਜੁਰਮਾਨਾ ਹੈ, ਜਜ਼ੀਆ ਹੈ । ਪਿਛਲੇ 10 ਸਾਲਾਂ ਤੋਂ ਜੋ ਹਾਊਸ ਰੈਂਟ ਲਿਆ ਹੈ ਉਸ ਨੂੰ ਵਾਪਸ ਕਰੋ । ਇਸ ਪ੍ਰਕਾਰ ਦੇ ਘਿਨਾਉਣੇ ਆਰਡਰ ਕਾਂਗਰਸ ਨੇ ਕੀਤੇ, ਮੁਲਾਜ਼ਮ ਮਾਰੂ ਨੀਤੀ ਅਪਣਾਈ ਅਤੇ ਪੰਜਾਬ ਅੰਦਰ ਲਾਗੂ ਕੀਤੀ । ਮੈਂ ਚਸ਼ਮਦੀਦ ਗਵਾਹ ਹਾਂ ਇਸ ਕਾਂਗਰਸ ਦੀਆਂ ਕਰਮਚਾਰੀ ਮਾਰੂ ਨੀਤੀਆਂ ਦਾ । 24 ਅਕਤੂਬਰ ਨੂੰ ਮੁਕੇਰੀਆਂ ਅੰਦਰ ਪੰਜਾਬ ਦੇ ਮਾਨਤਾ ਪ੍ਰਾਪਤ ਅਧਿਆਪਕ ਅਤੇ ਅਧਿਆਪਕਾਵਾਂ ਇੱਕ ਪੀਸ ਫੁੱਲ ਡੀਮਾਨੁਸਟ੍ਰੇਸ਼ਨ ਕਰਨ ਜਾ ਰਹੇ ਸੀ । ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਸਾਡੀਆਂ ਭੈਣਾਂ ਨੂੰ ਬੱਸਾਂ ਵਿਚੋਂ ਘਸੀਟ ਕੇ ਉਨ੍ਹਾਂ ਦੀ ਬੜੀ ਬੇਪੱਤੀ ਕੀਤੀ, ਮਾਰਿਆ ਗਿਆ, ਬਾਹਾਂ ਤੋੜੀਆਂ ਗਈਆਂ, ਸਿਰਫ ਕਾਂਗਰਸ ਦੇ ਇੱਕ ਵਜ਼ੀਰ ਨੂੰ ਖੁਸ਼ ਕਰਨ ਲਈ । ਸ਼ਹਿਰ ਅੰਦਰ ਅਨ-ਡਿਕਲੇਅਰਡ ਕਰਫਿਊ ਲਗਾ ਦਿੱਤਾ ਗਿਆ । ਸ਼ਹਿਰ ਵਿੱਚ ਇੱਕ ਚਿੜੀ ਨਹੀਂ ਫੜਕਣ ਦਿੱਤੀ । ਬੱਸਾਂ ਆਉਂਦੀਆਂ, ਪੈਦਲ ਬੰਦੇ ਆਉਂਦੇ, ਸਕੂਟਰਾਂ ਜਾਂ ਸਾਈਕਲਾਂ ਤੇ ਬੰਦੇ ਆਉਂਦੇ, ਪੁਲਿਸ ਉਨ੍ਹਾਂ ਦੇ ਵੀ ਡੰਡੇ ਮਾਰਦੀ । ਮੁਲਾਜ਼ਮਾਂ ਤੇ ਝੂਠੇ ਕੇਸ ਬਣਾਏ ਗਏ । ਅੱਜ ਉਹ ਮੁਲਾਜ਼ਮ ਉਨ੍ਹਾਂ ਮੁਕੱਦਮਿਆਂ ਦੀ ਪੈਰਵੀ ਦਸੂਹੇ ਅੰਦਰ ਕਰ ਰਹੇ ਹਨ । ਇਸ ਤਰ੍ਹਾਂ ਦਾ ਸਲੂਕ ਪ੍ਰਾਈਵੇਟ ਸਕੂਲ ਟੀਚਰ ਯੂਨੀਅਨ ਜਲੰਧਰ ਨਾਲ ਕੀਤਾ ਗਿਆ । ਟੀਚਰਾਂ ਦੀ ਅਵਾਜ਼, ਕਰਮਚਾਰੀਆਂ ਦੀ ਆਵਾਜ਼ ਐਡਮਨਿਸਟ੍ਰੇਸ਼ਨ ਦਬਾਉਣਾ ਚਾਹੁੰਦਾ ਸੀ । ਬਾਦਲ ਸਰਕਾਰ ਨੇ ਆਪਣੇ ਇਸ ਗਵਰਨਰ ਐਡਰੈਸ ਰਾਹੀਂ ਕੁਝ ਪਾਲਿਸੀਆਂ ਕੀਤੀਆਂ ਹਨ ਕਿ ਕਰਮਚਾਰੀਆਂ ਦੀਆ ਮੰਗਾਂ ਨੂੰ ਜਾਇਜ਼ ਤਰੀਕੇ ਨਾਲ ਟੇਬਲ ਤੇ ਬੈਠ ਕੇ ਹੱਲ ਕਰਨ ਦਾ ਉਪਰਾਲਾ ਕੀਤਾ ਜਾਵੇਗਾ । ਜੋ ਕਰਮਚਾਰੀ ਸੜਕਾਂ ਤੇ ਡੀਮਾਨਸਟ੍ਰੇਸ਼ਨ ਕਰਦੇ ਹਨ, ਬੱਸਾਂ ਜਲਾਈਆਂ ਜਾਂਦੀਆਂ ਹਨ । ਕਾਂਗਰਸ ਨੇ ਜਦ ਤੱਕ 2-4 ਬੱਸਾਂ ਜਲ ਨਾ ਜਾਣ, ਲਾਠੀਆਂ ਨਾ ਪੈਣ, ਗੋਲੀਆਂ ਨਾ ਚੱਲਣ ਉਹ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਸਨ । ਅੱਜ ਬਾਦਲ ਸਾਹਿਬ ਨੇ ਐਲਾਨ ਕੀਤਾ ਹੈ ਕਿ ਇਸ ਪੰਜਾਬ ਅੰਦਰ ਮੁਲਾਜ਼ਮਾਂ ਦੀਆ ਜਾਇਜ਼ ਮੰਗਾਂ ਉਤੇ ਸਹਾਨੁਭੂਤੀ ਪੂਰਵਕ ਵਿਚਾਰ ਕੀਤਾ ਜਾਵੇਗਾ । ਜਾਇਜ਼ ਮੰਗਾਂ ਹੱਲ ਕਰਨ ਵਾਸਤੇ ਵੱਧ ਤੋਂ ਵੱਧ

Original with;
Punjab Vidhan Sabha
Digitized by;
Panjab Digital Library

ਉਪਰਾਲੇ ਕੀਤੇ ਜਾਣਗੇ । ਸਪੀਕਰ ਸਾਹਿਬ, ਇਸੇ ਤਰ੍ਹਾਂ ਹੋਮ ਗਾਰਡ ਦੇ ਜਵਾਨ ਜਿਨ੍ਹਾਂ ਨੇ ਇਸ ਪੰਜਾਬ ਅੰਦਰ 11-12 ਸਾਲ ਦੀ ਹਿਸਟਰੀ ਅੰਦਰ ਆਪਣੀਆਂ ਜਾਨਾਂ ਦਿੱਤੀਆਂ ਉਨ੍ਹਾਂ ਜਵਾਨਾਂ ਨੂੰ ਇੱਕ ਮਹੀਨੇ ਵਿੱਚ 1500 ਰੁਪਿਆ ਦਿੱਤਾ ਜਾਂਦਾ ਹੈ । ਕੀ ਉਹ ਜਵਾਨ ਇਸ ਨਾਲ ਇੱਕ ਮਹੀਨੇ ਦਾ ਗੁਜ਼ਾਰਾ ਇਸ ਨਾਲ ਕਰ ਸਕਦਾ ਹੈ ? ਐਸ. ਪੀ. ਓਜ਼. ਛੋਟੇ ਮੁਲਾਜ਼ਮ ਹਨ । ਇਨ੍ਹਾਂ ਬਾਰੇ ਮੈਂ ਆਪਣੀ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਇਨ੍ਹਾਂ ਹੋਮ ਗਾਰਡਜ਼ ਨੇ ਪਿਛਲੇ 11 ਸਾਲਾਂ ਦੇ ਵਿਚ ਬਹੁਤ ਸਫ਼ਰ ਕੀਤਾ ਹੈ, ਇਨ੍ਹਾਂ ਮੁਲਾਜ਼ਮਾਂ ਨੂੰ ਵੇਤਨ ਪੰਜਾਬ ਪੁਲਿਸ ਕਰਮਚਾਰੀਆਂ ਦੇ ਬਰਾਬਰ ਦਾ ਦੇ ਦੇਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਪੰਜਾਬ ਪੁਲਿਸ ਦਾ ਕਰਮਚਾਰੀ ਸਮਝਣਾ ਚਾਹੀਦਾ ਹੈ । ਹੁਣ ਮੈਂ ਆਪਣੇ ਇਲਾਕੇ ਦੀ ਗੱਲ ਕਰਦਾ ਹਾਂ ਅਤੇ ਇਹ ਡਲਹੌਜ਼ੀ ਦੇ ਨਾਲ ਲਗਦਾ ਹੈ ਜਿਥੇ ਬੇਅੰਤ ਸਿੰਘ ਦੀ ਸਰਕਾਰ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਗ੍ਰਿਫਤਾਰ ਕੀਤਾ ਸੀ । ਮੇਰੇ ਇਲਾਕੇ ਦੇ ਵਿਚ ਜਿੰਨੇ ਵੀ ਪ੍ਰਾਇਮਰੀ ਸਕੂਲਜ਼ ਹਨ ਉਥੇ ਚਾਰ-ਚਾਰ ਸਾਲਾਂ ਤੋਂ ਕੋਈ ਟੀਚਰ ਨਹੀਂ ਹੈ ਅਤੇ ਇਸ ਨਾਲ ਬੱਚਿਆਂ ਦਾ ਨੁਕਸਾਨ ਹੋਇਆ ਅਤੇ ਬੱਚਿਆਂ ਦਾ ਭਵਿੱਖ ਕੀ ਹੋਵੇਗਾ ? ਇਸ ਵੱਲ ਪਿਛਲੀ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ । ਇਸੇ ਤਰ੍ਹਾਂ ਮੇਰੇ ਇਲਾਕੇ ਵਿਚ ਥੀਨ ਡੈਮ ਦੀ ਉਸਾਰੀ ਦੇ ਵਿਚ ਕਰੋੜਾਂ ਰੁਪਏ ਦਾ ਘਪਲਾ ਹੋਇਆ ਹੈ ਅਤੇ ਇਸ ਘਪਲੇ ਦੀ ਤਹਿ ਵਿਚ ਜਾਣ ਲਈ ਸਰਕਾਰ ਨੂੰ ਇਕ ਕਮਿਸ਼ਨ ਕਾਇਮ ਕਰ ਦੇਣਾ ਚਾਹੀਦਾ ਹੈ ਅਤੇ ਇਸ ਸਬੰਧ ਵਿਚ ਇਕ ਵ੍ਹਾਈਟ ਪੇਪਰ ਛਾਪਣਾ ਚਾਹੀਦਾ ਹੈ । ਪਠਾਨਕੋਟ ਦੇ ਵਿਚ ਉਹ ਲੋਕ ਜਿਨ੍ਹਾਂ ਦੇ ਕੋਲ ਕੁਝ ਵੀ ਨਹੀਂ ਹੁੰਦਾ ਸੀ ਉਹ ਹੁਣ ਕਰੋੜਾਂ ਦੇ ਮਾਲਕ ਬਣੇ ਬੈਠੇ ਹਨ ਅਤੇ ਇਹ ਸਾਰਾ ਕੁਝ ਉਨ੍ਹਾਂ ਨੇ ਸਿਆਸੀ ਕੁਰੱਪਟ ਲੀਡਰਾਂ ਅਤੇ ਅਫਸਰਾਂ ਦੇ ਨਾਲ ਮਿਲੀ ਭੁਗਤ ਕਰਕੇ ਕੀਤਾ ਹੈ । ਇਸ ਬਾਰੇ ਸਰਕਾਰ ਨੂੰ ਇਨਕੁਆਰੀ ਕਰਵਾਉਣੀ ਚਾਹੀਦੀ ਹੈ । ਇਸੇ ਤਰ੍ਹਾਂ ਮੇਰੇ ਇਲਾਕੇ ਦੇ ਵਿਚ ਪੀਣ ਦੇ ਪਾਣੀ ਦੀ ਬੜੀ ਕਿੱਲਤ ਹੈ ਅਤੇ ਸਾਡੀਆਂ ਭੈਣਾਂ ਨੂੰ ਪਾਣੀ ਦਾ ਇਕ ਘੜਾ ਲਿਆਉਣ ਲਈ ਚੱਕੀ ਨਹਿਰ ਤੋਂ 8 ਕਿਲੋਮੀਟਰ ਦੂਰ ਜਾਣਾ ਪੈਂਦਾ ਹੈ । ਇਸ ਲਈ ਸਰਕਾਰ ਨੂੰ ਇਸ ਇਲਾਕੇ ਦੇ ਵਿਚੋਂ ਪੀਣ ਦੇ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਲਈ ਢੁਕਵੇਂ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਇਸ ਖੇਤਰ ਦੇ ਵਿਕਾਸ ਲਈ ਯੋਗ ਕਦਮ ਚੁੱਕਣੇ ਚਾਹੀਦੇ ਹਨ । ਸਿੰਚਾਈ ਦੇ ਲਈ ਪਾਣੀ ਦਾ ਪ੍ਰਬੰਧ ਕਰਨਾ ਬਹੁਤ ਦੂਰ ਹੈ ਪਹਿਲੇ ਪੀਣ ਦੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ । ਇਸ ਇਲਾਕੇ ਦੀ ਮੰਗ ਵਲ ਖਾਸ ਧਿਆਨ ਦਿੱਤਾ ਜਾਵੇ । ਇਸੇ ਤਰ੍ਹਾਂ ਪਠਾਨਕੋਟ ਤੋਂ ਡਲਹੌਜ਼ੀ 45 ਕਿਲੋਮੀਟਰ ਦਾ ਰਸਤਾ ਹੈ ਜਿਸ ਦਾ ਕਿਰਾਇਆ 19 ਰੁਪਏ ਹੈ । ਇਸੇ ਤਰ੍ਹਾਂ ਪਠਾਨਕੋਟ ਤੋਂ ਗੁਰਦਾਸਪੁਰ ਦਾ ਉਨ੍ਹਾਂ ਹੀ ਰਸਤਾ ਹੈ ਪਰ ਕਿਰਾਇਆ 10 ਰੁਪਏ ਹੈ ਅਤੇ ਸੰਘਣੋਤਾ ਦਾ ਕਿਰਾਇਆ 20 ਰੁਪਏ ਹੈ । ਇਹ ਇਤਨਾ ਫਰਕ ਕਿਉਂ ਹੈ ? ਇਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ ਅਤੇ ਇਹ ਹਾਈਐਸਟ ਬੱਸ ਫੇਅਰ ਹੈ ਇਸ ਇਲਾਕੇ ਵਿਚ । ਇਸ ਨੂੰ ਬਰਾਬਰ ਕਰਨ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ ਤਾਂਕਿ ਮੇਰੇ ਇਲਾਕੇ ਦੇ ਲੋਕਾਂ ਨੂੰ ਫਾਇਦਾ ਹੋ ਸਕੇ । ਇਤਨਾ ਕਿਰਾਇਆ ਕਿਸੇ ਹੋਰ ਇਲਾਕੇ ਦੇ ਵਿਚ ਨਹੀਂ ਹੈ ਜਿੰਨਾ ਮੇਰੇ ਇਲਾਕੇ ਦੇ ਵਿਚ ਇਸ ਵਕਤ ਹੈ । ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਇਸ ਦੀ ਜਾਂਚ ਪੜਤਾਲ ਕੀਤੀ ਜਾਵੇ ਅਤੇ ਇਲਾਕੇ ਦੀ ਬਿਹਤਰੀ ਲਈ ਕਿਰਾਇਆ ਬਰਾਬਰ ਕੀਤਾ ਜਾਵੇ । ਇਸੇ ਤਰ੍ਹਾਂ ਸ਼ਹਿਰਾਂ ਦੇ ਵਿਚ ਜਿਹੜਾ ਸੀਵਰੇਜ ਸਿਸਟਮ ਹੈ ਉਹ ਬਹੁਤ ਹੀ ਖਰਾਬ ਹੈ । ਇਸ ਵਿਚ ਘਟੀਆ ਕਿਸਮ ਦਾ ਮੈਟੀਰੀਅਲ ਲਗਾਇਆ ਗਿਆ ਹੈ ਅਤੇ [illegible]

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]

ਜਦੋਂ ਸ਼ਹਿਰਾਂ ਦੇ ਵਿਚ ਬਰਸਾਤ ਆਉਂਦੀ ਹੈ ਤਾਂ ਇਹ ਸੀਵਰੇਜ ਸਿਸਟਮ ਬਿਲਕੁਲ ਫੇਲ੍ਹ ਹੋ ਜਾਂਦਾ ਹੈ ਅਤੇ ਲੋਕਾਂ ਦਾ ਨੁਕਸਾਨ ਹੁੰਦਾ ਹੈ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਸੀਵਰੇਜ ਸਿਸਟਮ ਨੂੰ ਠੀਕ ਕੀਤਾ ਜਾਵੇ ਅਤੇ ਇਸ ਵਿਚ ਕਾਫੀ ਸੁਧਾਰ ਲਿਆਉਣ ਦੀ ਲੋੜ ਹੈ । ਸਰਕਾਰ ਨੂੰ ਇਸ ਸੀਵਰੇਜ ਸਿਸਟਮ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂਕਿ ਲੋਕਾਂ ਦੀਆਂ ਪਰੇਸ਼ਾਨੀਆਂ ਦੂਰ ਹੋ ਸਕਣ ।

ਇਸੇ ਤਰ੍ਹਾਂ ਡਿਪੂ ਹੋਲਡਰਾਂ ਦੇ ਬਾਰੇ ਸਾਡੀ ਸਰਕਾਰ ਨੇ ਕਿਹਾ ਹੈ ਕਿ ਮਿੱਟੀ ਦਾ ਤੇਲ, ਆਟੇ ਦੀ ਸਪਲਾਈ ਟਾਈਮ ਸਿਰ ਕੀਤੀ ਜਾਵੇਗੀ ਅਤੇ ਡਿਪੂ ਹੋਲਡਰਾਂ ਦੀਆਂ ਤਕਲੀਫਾਂ ਨੂੰ ਦੂਰ ਕੀਤਾ ਜਾਵੇਗਾ ਅਤੇ ਇਨ੍ਹਾਂ ਨੂੰ ਰੈਗੂਲਰ ਸਪਲਾਈ ਕੀਤੀ ਜਾਵੇਗੀ । ਕਿਸੇ ਨੂੰ ਵੀ ਨਜਾਇਜ਼ ਪਰੇਸ਼ਾਨ ਨਹੀਂ ਕੀਤਾ ਜਾਵੇਗਾ । ਸਾਡੀ ਸਰਕਾਰ ਨੇ ਇਥੇ ਪੰਜਾਬ ਵਿੱਚ ਸੰਗਤ ਦਰਸ਼ਨ ਪ੍ਰੋਗਰਾਮ, ਆਦਰਸ਼ ਸਕੂਲ ਖੋਲ੍ਹਣਾ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲਈ ਮਕਾਨ ਬਣਾਉਣ ਲਈ 15 ਤੋਂ 50,000 ਰੁਪਿਆ ਕਰ ਦਿੱਤਾ ਹੈ ਅਤੇ 5100 ਰੁਪਿਆ ਸ਼ਡਿਊਲਡ ਕਾਸਟ ਲੜਕੀਆਂ ਦੀ ਸ਼ਾਦੀ ਲਈ ਸ਼ਗਨ ਦੇਣ ਦਾ ਐਲਾਨ ਕੀਤਾ ਹੈ । ਇਸ ਦੀ ਮੈਂ ਸ਼ਲਾਘਾ ਕਰਦਾ ਹਾਂ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਗਵਰਨਰ ਐਡਰੈਸ ਉਤੇ ਧੰਨਵਾਦ ਦੇ ਮਤੇ ਦੀ ਪ੍ਰੋੜਤਾ ਕਰਦਾ ਹਾਂ ।

**ਡਾਕਟਰ ਹਰਬੰਸ ਲਾਲ** (ਸਰਹਿੰਦ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਗਵਰਨਰ ਸਾਹਿਬ ਦੇ ਭਾਸ਼ਣ ਉਤੇ ਬੋਲਣ ਲਈ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਬਹੁਤ ਸਾਰੇ ਸਾਥੀਆਂ ਨੇ ਬੜੀਆਂ ਖੁਲ੍ਹ ਕੇ ਗੱਲਾਂ ਕੀਤੀਆਂ ਹਨ ਅਤੇ ਬਾਦਲ ਸਾਹਿਬ ਦੇ ਵੱਧ ਵੱਧ ਗੁਣ ਗਾਏ ਹਨ ਅਤੇ ਸਾਡੇ ਬੀ. ਜੇ. ਪੀ. ਵਾਲਿਆਂ ਨੇ ਵੀ ਗੁਣ ਗਾਏ । (ਹਾਸਾ) ਮੈਂ ਸਚਾਈ ਦੱਸਣ ਲੱਗਾ ਹਾਂ ਕਿ ਇਹ ਨਾਪਾਕ ਗੱਠਜੋੜ ਕਿਉਂ ਹੋਇਆ ? ਇਥੇ ਬਹੁਤ ਸਾਥੀਆਂ ਗੱਲਾਂ ਕੀਤੀਆਂ ਗਈਆਂ ਹਨ ਕਿ ਸਾਡੀ ਸਾਂਝ ਬਹੁਤ ਪੁਰਾਣੀ ਹੈ । ਬੀ. ਜੇ. ਪੀ. ਵਾਲੇ ਸਾਥੀਆਂ ਨੇ ਬੜੀਆਂ ਗੱਲਾਂ ਕੀਤੀਆਂ ਹਨ ਕਿ ਸਾਡਾ ਨਾਪਾਕ ਗਠਜੋੜ ਸਮਝਿਆ ਜਾਂਦਾ ਹੈ ਅਤੇ ਇਹ ਕਹਿੰਦੇ ਹਨ ਕਿ ਸਾਡਾ ਪੁਰਾਣਾ ਇਤਿਹਾਸ ਚਲਿਆ ਆ ਰਿਹਾ ਹੈ । ਸਾਡੇ ਸਾਹਮਣੇ ਬੈਠੇ ਹਨ ਸ੍ਰੀ ਬਲਰਾਮਜੀ ਦਾਸ ਟੰਡਨ ਦਾ ਪਹਿਲਾਂ ਵੀ ਬਾਦਲ ਸਾਹਿਬ ਅਤੇ ਬੀ. ਜੇ. ਪੀ. ਦਾ ਸਮਝੌਤਾ ਰਿਹਾ ਹੈ ਅਤੇ ਉਹ ਡਿਪਟੀ ਮੁੱਖ ਮੰਤਰੀ ਬਣੇ । ਉਸ ਤੋਂ ਬਾਅਦ ਕਿਤਨੀ ਵਾਰ ਇਲੈਕਸ਼ਨ ਹੋਏ ਤਾਂ ਉਸ ਵੇਲੇ ਦੱਸੋ, ਬੀ. ਜੇ. ਪੀ. ਅਤੇ ਅਕਾਲੀਆਂ ਦਾ ਕਿਉਂ ਨਹੀਂ ਸਮਝੌਤਾ ਹੋਇਆ ? ਜਦੋਂ ਮੈਂ ਇਲੈਕਸ਼ਨ ਲੜੀ ਸੀ ਤਾਂ ਉਸ ਵੇਲੇ ਬੀ. ਜੇ. ਪੀ. ਅਤੇ ਅਕਾਲੀਆਂ ਨੇ ਸਮਝੌਤਾ ਕਿਉਂ ਨਹੀਂ ਕੀਤਾ ? ਉਸ ਵੇਲੇ ਲੋਕ ਇਨ੍ਹਾਂ ਨੂੰ ਸਹਾਰਦੇ ਨਹੀਂ ਸੀ । ਇਹ ਅੱਤਵਾਦ ਤੋਂ ਡਰਦੇ ਸਨ । 100-100 ਜਾਨਾਂ ਬੇਕਸੂਰ ਲੋਕਾਂ ਦੀਆਂ ਅੱਤਵਾਦੀਆਂ ਨੇ ਲਿਤੀਆਂ ਸਨ । ਇਨ੍ਹਾਂ ਵਲੋਂ ਉਨ੍ਹਾਂ ਨੂੰ ਸਿਰੋਪੇ ਦਿਤੇ ਗਏ ਸਨ । ਮੈਂ ਦੱਸਣਾ ਚਾਹੁੰਦਾ ਹਾਂ ਕਿ, ਉਸ ਵੇਲੇ ਜਿਹੜਾ ਮਾਹੌਲ ਸੀ ਉਸ ਵਿਚ ਨਿਰਦੋਸ਼ ਲੋਕਾਂ ਦੀਆਂ ਜਾਨਾਂ ਲਈਆਂ ਗਈਆਂ ਅਤੇ ਨਿਹੱਥੇ ਲੋਕਾਂ ਨੂੰ ਮਾਰਿਆ ਗਿਆ । ਮੈਂ ਦੇਖਿਆ ਹੈ ਕਿ ਸਰਹਿੰਦ ਐਸ. ਵਾਈ. ਐਲ. ਨਹਿਰ ਤੋਂ ਕੰਮ ਕਰਕੇ ਜੋ ਯੂ. ਪੀ. ਦੇ ਭਈਏ ਆਪਣੇ ਪੇਟ ਦੀ ਅੱਗ ਬੁਝਾਉਣ ਲਈ ਆਏ ਸਨ, ਉਨ੍ਹਾਂ ਨੂੰ ਸਵੇਰੇ 4.00 ਵਜੇ ਜਦੋਂ ਰੱਬ ਦਾ ਨਾਂ ਲਿਆ ਜਾਂਦਾ ਹੈ ਤਾਂ ਗੋਲੀਆਂ ਦੇ ਨਾਲ ਭੁੰਨ ਦਿਤਾ ਗਿਆ । ਇਨ੍ਹਾਂ ਲੀਡਰਾਂ ਵਲੋਂ ਉਨ੍ਹਾਂ ਨੂੰ ਸਿਰੋਪੇ ਦਿੱਤੇ ਗਏ । ਉਨ੍ਹਾਂ ਨੂੰ ਬਾਬੇ ਅਤੇ ਸ਼ਹੀਦੇ-ਆਜ਼ਮ ਦਾ ਖਿਤਾਬ ਦਿੱਤਾ

Original with;
Punjab Vidhan Sabha
Digitized by;
Panjab Digital Library

ਗਿਆ । ਉਸ ਵੇਲੇ ਪੰਜਾਬ ਦਾ ਮਾਹੌਲ ਬੜਾ ਭੜਕਿਆ ਹੋਇਆ ਸੀ ਅਤੇ ਬੀ. ਜੇ. ਪੀ. ਵਾਲੇ ਡਰ ਕੇ ਰਹਿੰਦੇ ਸਨ । ਅੱਜ ਇਹ ਗੱਲਾਂ ਕਰਦੇ ਹਨ ਕਿ ਕਾਂਗਰਸ ਨੇ ਹਵਾਲਾ ਕਾਂਡ ਕਰ ਦਿਤਾ । ਉਸ ਵੇਲੇ ਇਹ ਡਰ ਡਰ ਕੇ ਰਹਿੰਦੇ ਸਨ ਇਨ੍ਹਾਂ ਨੂੰ ਸਾਰਾ ਕੁਝ ਪਤਾ ਹੈ । ** ** ** (ਵਿਘਨ)

**ਸ੍ਰੀ ਜਗਦੀਸ਼ ਸਾਹਨੀ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਜੋ ਮੈਂਬਰ ਸਾਹਿਬ ਨੇ ਦਸਿਆ ਹੈ । ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਹੈ । ਡਾਕਟਰ ਹਰਬੰਸ ਲਾਲ ਜੀ ਨੇ ਹਵਾਲਾ ਕਾਂਡ ਵਿਚ ** ** ਦਾ ਨਾਂ ਲਿਆ ਹੈ । ਇਹ ਕੇਸ ਕੋਰਟ ਵਿਚ ਚਲ ਰਿਹਾ ਹੈ। (ਵਿਘਨ) ਸਪੀਕਰ ਸਾਹਿਬ, ਜੋ ਮੇਰੇ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਉਹ ਹਾਊਸ ਵਿਚ ਪ੍ਰੈਜ਼ੈਂਟ ਨਹੀਂ ਹੈ ਅਤੇ ਉਨ੍ਹਾਂ ਦਾ ਨਾਂ ਮੈਨਸ਼ਨ ਨਹੀਂ ਕੀਤਾ ਜਾ ਸਕਦਾ । ਇਹ ਆਬਜੈਕਸ਼ਨ ਕਰਦੇ ਹਨ ਪਰ ਆਪ ਵਾਇਓਲੇਸ਼ਨ ਕਰਦੇ ਹਨ ।

**ਸ੍ਰੀ ਸਪੀਕਰ :** ਮੈਂਬਰ ਸਾਹਿਬ ਕਿਸੇ ਦਾ ਨਾਂ ਨਹੀਂ ਲੈ ਸਕਦੇ ਜੋ ਹਾਊਸ ਵਿਚ ਹਾਜ਼ਰ ਨਹੀਂ ਹਨ ।

**ਮੰਤਰੀ, ਖੁਰਾਕ ਅਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲੇ :** ਜੋ ਆਨਰੇਬਲ ਮੈਂਬਰ ਸਾਹਿਬ ਨੇ ਕਿਹਾ ਹੈ । ਉਹ ਨਵੇਂ ਨਵੇਂ ਆਏ ਹਨ ਅਤੇ ਜੋਸ਼ ਵਿਚ ਕੁਝ ਕਹਿ ਗਏ ਹਨ । ਉਹ ਕਿਸੇ ਦਾ ਨਾਂ ਨਹੀਂ ਲੈ ਸਕਦੇ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਸੇ ਦਾ ਨਾਂ ਨਹੀਂ ਲੈ ਸਕਦੇ।

**ਸ੍ਰੀ ਸਪੀਕਰ :** ਜੋ ਮੈਂਬਰ ਸਾਹਿਬ ਨੇ ** ਜੀ ਦਾ ਨਾਂ ਲਿਆ ਹੈ ਅਤੇ ** ਬਾਰੇ ਕਿਹਾ ਹੈ ਉਹ ਐਕਸਪੰਜ ਕਰ ਦਿੱਤਾ ਜਾਵੇ ।

**ਡਾਕਟਰ ਹਰਬੰਸ ਲਾਲ :** ਸਪੀਕਰ ਸਾਹਿਬ, ਮੈਂ ਬੀ. ਜੇ. ਪੀ. ਦੇ ਸਾਥੀਆਂ ਨੂੰ...... ।

**ਸ੍ਰੀ ਸਪੀਕਰ :** ਤੁਸੀਂ ਅਜਿਹੀ ਗੱਲ ਨਾ ਕਰਿਆ ਕਰੋ ਜਿਸ ਨਾਲ ਤੁਸੀਂ ਆਪ ਹੀ ਫਸਦੇ ਹੋ ।

**ਡਾਕਟਰ ਹਰਬੰਸ ਲਾਲ :** ਸਪੀਕਰ ਸਾਹਿਬ, ਮੈਂ ਬੀ. ਜੇ. ਪੀ. ਦੇ ਸਾਥੀਆਂ ਨੂੰ ਕਹਿੰਦਾ ਹਾਂ ਕਿ ਆਨੰਦਪੁਰ ਸਾਹਿਬ ਦੇ ਮਤੇ ਬਾਰੇ ਉਹ ਦੱਸਣ ਕਿ ਉਨ੍ਹਾਂ ਦਾ ਕੀ ਸਟੈਂਡ ਹੈ ਔਰ ਉਸ ਤੋਂ ਬਾਅਦ ਬਾਦਲ ਸਾਹਿਬ ਵੀ ਜਵਾਬ ਦੇਣ, 'ਜੋ ਅੰਮ੍ਰਿਤਸਰ ਐਲਾਨ ਕੀਤਾ ਗਿਆ ਸੀ। (ਵਿਘਨ)

**ਸ੍ਰੀ ਸਪੀਕਰ :** ਹੁਣ ਹਾਊਸ, ਮੰਗਲਵਾਰ, ਮਿਤੀ 11 ਮਾਰਚ, 1997 ਸਵੇਰੇ 9.00 ਵਜੇ ਤੱਕ ਸਥੱਗਿਤ ਕੀਤਾ ਜਾਂਦਾ ਹੈ ।

| | |
|---|---|
| *6-30 ਵਜੇ ਸ਼ਾਮ | (ਇਸ ਉਪਰੰਤ, ਸਦਨ ਮੰਗਲਵਾਰ, 11 ਮਾਰਚ, 1997 ਦੇ 9-00 ਵਜੇ ਸਵੇਰ ਤੱਕ *ਸਥੱਗਿਤ ਹੋ ਗਿਆ ।) |

** Expunged as ordered by the Chair.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

(i)

# APPENDIX

TO

# PUNJAB VIDHAN SABHA DEBATES

*Dated 10th March, 1997*

**Vol. I—No. 5**

## UNSTARRED QUESTION AND ANSWER

### ਸਿਵਲੀਅਨ ਸ਼ੌਰੀਆ ਚੱਕਰ ਪੁਰਸਕਾਰ ਵਿਜੇਤਾ

1. **ਕਾਮਰੇਡ ਅਜੈਬ ਸਿੰਘ ਰੋਤਾ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ 15 ਸਾਲਾਂ ਦੇ ਅਜਿਹੇ ਸਿਵਲੀਅਨ ਸ਼ੌਰੀਆ ਚੱਕਰ ਪੁਰਸਕਾਰ ਵਿਜੇਤਾਵਾਂ ਦੇ ਨਾਂ ਅਤੇ ਪਤੇ ਕੀ ਹਨ ਜਿਨ੍ਹਾਂ ਨੂੰ ਅਜੇ ਤੱਕ ਨਾ ਤਾਂ ਜ਼ਮੀਨ ਅਤੇ ਨਾ ਜ਼ਮੀਨ ਦੇ ਬਦਲੇ ਨਕਦੀ ਦਿੱਤੀ ਗਈ ਹੈ ਜਿਸ ਲਈ ਉਹ ਹੱਕਦਾਰ ਸਨ ਅਤੇ ਹਰ ਇੱਕ ਕੇਸ ਵਿੱਚ ਇਸ ਦੇ ਕਾਰਨ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** (ਮੁੱਖ ਮੰਤਰੀ) : ਲੋੜੀਂਦੀ ਸੂਚਨਾ ਦਰਸਾਉਂਦੀ ਹੋਈ ਸੂਚੀ ਨੱਥੀ ਹੈ ।

### ਸੂਚੀ

ਸਿਵਲੀਅਨ ਸ਼ੌਰੀਆ ਚੱਕਰ ਵਿਜੇਤਾਵਾਂ ਜਿਨ੍ਹਾਂ ਨੂੰ ਪਿਛਲੇ 15 ਸਾਲਾਂ ਤੋਂ ਜ਼ਮੀਨ ਦੇ ਬਦਲੇ ਨਕਦ ਰਾਸ਼ੀ ਦੀ ਅਦਾਇਗੀ ਨਹੀਂ ਹੋਈ ਹੈ ਦੇ ਨਾਵਾਂ, ਪਤਿਆਂ ਅਤੇ ਉਨ੍ਹਾਂ ਨੂੰ ਇਹ ਨਕਦ ਰਾਸ਼ੀ ਦੀ ਅਦਾਇਗੀ ਨਾ ਹੋਣ ਦੇ ਕਾਰਨ ਦਰਸਾਉਂਦੀ ਹੋਈ ਸੂਚੀ ।

| ਲੜੀ ਨੰ : | ਪੁਰਸਕਾਰ ਵਿਜੇਤਾਵਾਂ ਦਾ ਨਾਂ ਅਤੇ ਪਤਾ | ਅਵਾਰਡ ਦੀ ਮਿਤੀ | ਅਦਾਇਗੀ ਨਾ ਹੋਣ ਦੇ ਕਾਰਨ |
|---|---|---|---|
| 1 | 2 | 3 | 4 |
| **ਅੰਮ੍ਰਿਤਸਰ** | | | |
| 1. | ਸ਼੍ਰੀ ਬਲਵਿੰਦਰ ਸਿੰਘ ਸੰਧੂ, ਪੁੱਤਰ ਸ਼੍ਰੀ ਵਸਨ ਸਿੰਘ ਪਿੰਡ ਅਤੇ ਡਾਕ: ਭਿੱਖੀਵਿੰਡ, ਤਹਿ: ਪੱਟੀ, ਜ਼ਿਲ੍ਹਾ ਅੰਮ੍ਰਿਤਸਰ । | 26-1-93 | ਡਾਇਰੈਕਟਰ ਸੈਨਿਕ ਭਲਾਈ ਤੋਂ ਸਰਕਾਰ ਨੂੰ ਮਿਤੀ 11-3-97 ਨੂੰ ਦਸਤਾਵੇਜ਼ ਪ੍ਰਾਪਤ ਹੋ ਗਏ ਹਨ ਅਤੇ ਕੇਸ ਕਾਰਵਾਈ ਅਧੀਨ ਹੈ । |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 2. | ਸ਼੍ਰੀਮਤੀ ਜਗਦੀਸ਼ ਕੌਰ, ਪਤਨੀ ਸ਼੍ਰੀ ਬਲਵਿੰਦਰ ਸਿੰਘ, ਪਿੰਡ ਤੇ ਡਾਕ: ਭਿਖੀਵਿੰਡ, ਤਹਿ: ਪੱਟੀ, ਜ਼ਿਲ੍ਹਾ, ਅੰਮ੍ਰਿਤਸਰ । | 26-1-93 | ਡਾਇਰੈਕਟਰ ਸੈਨਿਕ ਭਲਾਈ ਤੋਂ ਸਰਕਾਰ ਨੂੰ ਮਿਤੀ 11-3-97 ਨੂੰ ਦਸਤਾਵੇਜ਼ ਪ੍ਰਾਪਤ ਹੋ ਗਏ ਹਨ ਅਤੇ ਕੇਸ ਕਾਰਵਾਈ ਅਧੀਨ ਹੈ । |
| 3. | ਸ਼੍ਰੀ ਰਣਜੀਤ ਸਿੰਘ, ਪੁੱਤਰ ਸ਼੍ਰੀ ਵਸਨ ਸਿੰਘ, ਪਿੰਡ ਤੇ ਡਾਕ: ਭਿੱਖੀਵਿੰਡ, ਤਹਿ: ਪੱਟੀ, ਜ਼ਿਲ੍ਹਾ ਅੰਮ੍ਰਿਤਸਰ । | 26-1-93 | —ਉਹੀ— |
| 4. | ਸ਼੍ਰੀਮਤੀ ਬਲਰਾਜ ਕੌਰ, ਪਤਨੀ ਸ਼੍ਰੀ ਰਣਜੀਤ ਸਿੰਘ, ਪਿੰਡ ਤੇ ਡਾਕ: ਭਿੱਖੀਵਿੰਡ ਤਹਿ: ਪੱਟੀ, ਜ਼ਿਲ੍ਹਾ ਅੰਮ੍ਰਿਤਸਰ । | 26-1-93 | —ਉਹੀ— |
| 5. | ਲੇਟ ਸ਼੍ਰੀ ਸੁਦਰਸ਼ਨ ਕੁਮਾਰ, ਪਿੰਡ ਤੇ ਡਾਕ: ਕੋਹਿਤ-ਵਿੰਡ, ਤਹਿ: ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ । | ਜਨਵਰੀ, 1992 | ਵਾਰਸ ਦੇ ਥਾਂ ਅਤੇ ਪਤੇ ਦੀ ਜਾਣਕਾਰੀ ਨਹੀਂ । |
| 6. | ਸ਼੍ਰੀਮਤੀ ਰਾਣੋ, ਪਤਨੀ ਸ਼੍ਰੀ ਮਦਨ ਲਾਲ, ਪ੍ਰਤਾਪ ਬਜ਼ਾਰ, ਛੇਹਰਟਾ, ਜ਼ਿਲ੍ਹਾ, ਅੰਮ੍ਰਿਤਸਰ । | 26-1-89 | ਵਿਜੇਤਾ ਦਾ ਥਾਂ ਅਤੇ ਪਤਾ ਮਾਲੂਮ ਨਹੀਂ ਹੈ । |
| 7. | ਸ਼੍ਰੀਮਤੀ ਅਮਰੀਕ ਕੌਰ, ਵਿਧਵਾ ਸ਼੍ਰੀ ਸੁਬੇਗ ਸਿੰਘ, ਪਿੰਡ ਤੇ ਡਾਕ: ਅਮਰਕੋਟ, ਤਹਿ: ਪੱਟੀ, ਜ਼ਿਲ੍ਹਾ, ਅੰਮ੍ਰਿਤਸਰ । | 2-5-90 | ਲਾਭਪਾਤਰ ਵਲੋਂ ਦਸਤਾਵੇਜ਼ ਪੇਸ਼ ਨਹੀਂ ਕੀਤੇ ਗਏ । |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| **ਫਰੀਦਕੋਟ/ਮੁਕਤਸਰ** | | | |
| 8. | ਸ੍ਰੀ ਬ੍ਰਾਜ ਸਿੰਘ, ਪੀ. ਸੀ.ਐਸ. ਪਿੰਡ ਤੇ ਡਾਕ: ਪੱਕੀ ਟਿੱਬੀ, ਜ਼ਿਲ੍ਹਾ ਮੁਕਤਸਰ । | 26-1-89 | ਮਿਤੀ 10-2-97 ਨੂੰ ਡਾਇ-ਰੈਕਟਰ ਸੈਨਿਕ ਭਲਾਈ, ਪੰਜਾਬ ਤੋਂ ਦਸਤਾਵੇਜ਼ ਸਰਕਾਰ ਨੂੰ ਪ੍ਰਾਪਤ ਹੋ ਗਏ ਹਨ ਅਤੇ ਕੇਸ ਕਾਰ-ਵਾਈ ਅਧੀਨ ਹੈ । |
| **ਗੁਰਦਾਸਪੁਰ** | | | |
| 9. | ਸ੍ਰੀ ਮੋਹਨ ਸਿੰਘ, ਪਿੰਡ ਬੁਢਾਈ, ਡਾਕ: ਘੋੜੇ-ਵਾਹ, ਜ਼ਿਲ੍ਹਾ ਗੁਰਦਾਸਪੁਰ । | 26-1-94 | ਲਾਭਪਾਤਰ ਜ਼ਮੀਨ ਦੀ ਮੰਗ ਕਰਦਾ ਹੈ, ਜ਼ਮੀਨ ਦੇ ਬਦਲੇ ਨਕਦ ਰਾਸ਼ੀ ਲੈਣ ਲਈ ਸਹਿਮਤੀ ਨਹੀਂ ਦਿੰਦਾ । ਸ਼ੌਰਿਆ ਚੱਕਰ ਵਿਜੇਤਾਵਾਂ ਨੂੰ ਜ਼ਮੀਨ ਦੇਣ ਬਾਰੇ ਕੋਈ ਉਪਬੰਧ ਨਹੀਂ ਹੈ । |
| **ਹੁਸ਼ਿਆਰਪੁਰ** | | | |
| 10. | ਈ. ਈ. ਵੀ. ਕੇ. ਕਟਨਾ, ਪਿੰਡ ਤੇ ਡਾਕ: ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ । | 26-1-89 | ਮਿਤੀ 21-1-97 ਨੂੰ ਡਾਇ-ਰੈਕਟਰ ਸੈਨਿਕ ਭਲਾਈ, ਪੰਜਾਬ ਤੋਂ ਦਸਤਾਵੇਜ਼ ਸਰਕਾਰ ਨੂੰ ਪ੍ਰਾਪਤ ਹੋ ਗਏ ਹਨ ਅਤੇ ਕੇਸ ਕਾਰਵਾਈ ਅਧੀਨ ਹੈ । |
| 11. | ਸੁਪਰਡੰਟ ਸਤਪਾਲ ਸਿੰਘ, ਪਿੰਡ ਤੇ ਡਾਕ: ਪੰਡੋਰੀ ਅਰਾਈਆਂ, ਵਾਇਆ ਝਿੰਗੜ, ਜ਼ਿਲ੍ਹਾ ਹੁਸ਼ਿਆਰਪੁਰ । | 2-4-88 | ਅਧੂਰੇ ਦਸਤਾਵੇਜ਼ ਪ੍ਰਾਪਤ ਹੋਏ ਹਨ, ਜਿਨ੍ਹਾਂ ਨੂੰ ਮੁਕੰਮਲ ਕਰਕੇ ਭੇਜਣ ਲਈ ਕਿਹਾ ਗਿਆ ਹੈ । |
| **ਕਪੂਰਥਲਾ** | | | |
| 12. | ਸ੍ਰੀ ਰਾਜਿੰਦਰ ਸਿੰਘ, ਪਿੰਡ ਤੇ ਡਾਕ: ਬੇਗੋਵਾਲ, ਤਹਿ: ਭੁਲੱਥ, ਜ਼ਿਲ੍ਹਾ ਕਪੂਰਥਲਾ । | 2-9-89 | ਮਿਤੀ 10-3-97 ਨੂੰ ਡਾਇ-ਰੈਕਟਰ ਸੈਨਿਕ ਭਲਾਈ, ਪੰਜਾਬ ਤੋਂ ਸਰਕਾਰ ਨੂੰ ਦਸਤਾਵੇਜ਼ ਪ੍ਰਾਪਤ ਹੋਏ ਹਨ ਅਤੇ ਕੇਸ ਕਾਰਵਾਈ ਅਧੀਨ ਹੈ । |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 13. | ਸ੍ਰੀਮਤੀ ਗੁਰਮੀਤ ਕੌਰ, ਵਿਧਵਾ ਸ੍ਰੀ ਜਸਵੀਰ ਸਿੰਘ, ਕਲਸੀ ਨਿਵਾਸ, ਗਲੀ ਨੰ. 3, ਨਹਿਰੂ ਨਗਰ, ਫਗਵਾੜਾ, ਜ਼ਿਲ੍ਹਾ, ਕਪੂਰਥਲਾ । | 8-4-89 | ਮਿਤੀ 10-3-97 ਨੂੰ ਡਾਇਰੈਕਟਰ ਸੈਨਿਕ ਭਲਾਈ, ਪੰਜਾਬ ਤੋਂ ਸਰਕਾਰ ਨੂੰ ਦਸਤਾਵੇਜ਼ ਪ੍ਰਾਪਤ ਹੋਏ ਹਨ ਅਤੇ ਕੇਸ ਕਾਰਵਾਈ ਅਧੀਨ ਹੈ । |
| **ਲੁਧਿਆਣਾ** | | | |
| 14. | ਸ੍ਰੀਮਤੀ ਗੁਰਮੀਤ ਕੌਰ, ਵਿਧਵਾ ਸ੍ਰੀ ਜਸਵੀਰ ਸਿੰਘ, ਮਕਾਨ ਨੰ: 810/20 ਗਲੀ ਨੰ: 9/2 ਉਪਕਾਰ ਨਗਰ, ਲੁਧਿਆਣਾ । | 2-8-88 | ਡੋਮੀਸਾਈਲ ਸਰਟੀਫਿਕੇਟ ਠੀਕ ਨਹੀਂ । ਪਤੇ ਬਾਰੇ ਵੇਰਵਾ ਨਹੀਂ । |
| **ਜਲੰਧਰ** | | | |
| 15. | ਸ੍ਰੀ ਮਲਕੀਤ ਸਿੰਘ, (ਮਰਨ ਉਪਰੰਤ) ਟੀਚਰ ਟੈਗੋਰ ਮਾਡਲ ਸਕੂਲ, ਨਵਾਂ ਸ਼ਹਿਰ ਜ਼ਿਲ੍ਹਾ ਜਲੰਧਰ । | — | ਕਿਉਂਜੋ ਲਾਭਪਾਤਰ ਨੇ ਲਾਭ ਦੀ ਮੰਗ ਨਹੀਂ ਕੀਤੀ, ਜਿਸ ਬਾਰੇ ਉਸ ਨੂੰ ਸਲਾਹ ਦਿਤੀ ਗਈ ਹੈ । |
| 16. | ਸ੍ਰੀ ਨਿਰਮਲ ਸਿੰਘ, ਪਿੰਡ ਤੇ ਡਾਕ. ਅੱਪਰਾ, ਤਹਿ. ਫਿਲੌਰ, ਜ਼ਿਲ੍ਹਾ ਜਲੰਧਰ । | — | —ਉਹੀ— |
| **ਪਟਿਆਲਾ** | | | |
| 17. | ਕੁਮਾਰੀ ਨਿਰਮਲਾ ਦੇਵੀ ਪੁੱਤਰੀ ਸ੍ਰੀ ਗੁਰਦੇਵ ਸਿੰਘ, ਪੁੱਤਰ ਸ੍ਰੀ ਮੇਹਰ ਸਿੰਘ, ਪਿੰਡ ਗੋਬਿੰਦਪੁਰਾ, ਜ਼ਿਲ੍ਹਾ, ਪਟਿਆਲਾ । | — | ਦਸਤਾਵੇਜ਼ਾਂ ਵਿੱਚ ਦਿੱਤੇ ਗਏ ਘਰ ਦੇ ਪਤੇ ਤੇ ਉਪਲੱਬਧ ਨਹੀਂ ਹੈ । ਭਲਾਈ ਕਰਮਚਾਰੀ ਨੂੰ ਉਹਨਾਂ ਦੇ ਸਹੁਰੇ ਇਕ ਪੱਤਰ ਦੇ ਕੇ ਭੇਜਿਆ ਗਿਆ ਹੈ, ਜਿਸ ਵਿੱਚ ਉਨ੍ਹਾਂ ਨੂੰ ਲਾਭ ਕਲੇਮ ਕਰਨ ਦੀ ਸਲਾਹ ਦਿੱਤੀ ਗਈ ਹੈ । |

65—3-6-97—305—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
51X66—10.1 ਕਿ.ਗ੍ਰ. ਆਫਸੈਟ ਪੇਪਰ

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1997

Published under the authority of the Punjab Vidhan Sabha and printed by the Controller, Printing & Stationery, Punjab at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*11th March, 1997*

Vol. I-No. 6

## OFFICIAL REPORT

CONTENTS

*Tuesday, the 11th March, 1997*


| | | PAGE |
|---|---|---|
| Oath or Affirmation by a Member | .. | (6)1 |
| Starred Questions and Answers | .. | (6)1 |
| Call Attention Notices Under Rule 66 | .. | (6)30 |
| Resumption of Discussion on Governor's Address | .. | (6)33 |



**Punjab Vidhan Sabha Secretariat, Chandigarh.**

Price Rs. :



Original with;
Punjab Vidhan Sabha
Digitized by;
Panjab Digital Library

Vidhan
(Sardar

ਪਹਿਲਾ
ਪ੍ਰਬਨਾ
ਜਾ ਨੂੰ

ਹੀ ਪਂ

ਮੰ:

Punjab Vidhan Sabha
Digitized by;
Panjab Digital Library

# PUNJAB VIDHAN SABHA

*Tuesday, the 11th March, 1997*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 9:00 A. M. Mr. Speaker (Sardar Charnjit Singh Atwal) in the Chair.*

---

## OATH OR AFFIRMATION BY A MEMBER

**ਸ੍ਰੀ ਸਪੀਕਰ:** ਸਰਦਾਰ ਅਰਜਨ ਸਿੰਘ ਜੋਸ਼, ਐਮ. ਐਲ. ਏ. ਜੋ ਕੁਝ ਕਾਰਣਾਂ ਕਰਕੇ ਪਹਿਲਾਂ ਮੈਂਬਰ ਵਜੋਂ ਸਹੁੰ ਨਹੀਂ ਸੀ ਚੁਕ ਸਕੇ, ਅੱਜ ਸਦਨ ਵਿਚ ਹਾਜ਼ਰ ਹਨ ਅਤੇ ਪ੍ਰਸ਼ਨਾਂ ਤੋਂ ਪਹਿਲਾਂ ਉਨ੍ਹਾਂ ਨੂੰ ਸਹੁੰ ਚੁਕਾਈ ਜਾਵੇਗੀ। ਮੈਂ ਸਰਦਾਰ ਅਰਜਨ ਸਿੰਘ ਜੋਸ਼ ਜੀ ਨੂੰ ਬੇਨਤੀ ਕਰਾਂਗਾ ਕਿ ਪਹਿਲਾਂ ਉਹ ਤਸ਼ਰੀਫ ਲੈ ਆਉਣ।

(ਇਸ ਉਪਰੰਤ ਸਰਦਾਰ ਅਰਜਨ ਸਿੰਘ ਜੋਸ਼, ਐਮ.ਐਲ.ਏ. ਵੱਲੋਂ ਆਪਣੀ ਸੀਟ ਤੇ ਹੀ ਪੰਜਾਬੀ ਭਾਸ਼ਾ ਵਿਚ ਸਹੁੰ ਚੱਕੀ ਗਈ। )

---

## STARRED QUESTIONS AND ANSWERS

### ਨਿੱਜੀਕਰਣ ਕੀਤੀਆਂ ਗਈਆਂ ਸਹਿਕਾਰੀ ਖੰਡ ਮਿਲਾਂ ਦੇ ਵਾਧੂ ਕਰਮਚਾਰੀਆਂ ਦੀ ਐਡਜਸਟਮੈਂਟ

*35. 1. **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
2. **ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ** } : ਕੀ ਸਹਿਕਾਰਤਾ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਾਲ 1992 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਦੇ ਦੌਰਾਨ ਨਿੱਜੀਕਰਣ ਕੀਤੀਆਂ ਗਈਆਂ ਸਹਿਕਾਰੀ ਖੰਡ ਮਿੱਲਾਂ ਦੀ ਸਾਲਵਾਰ ਗਿਣਤੀ ਕਿੰਨੀ ਹੈ ਅਤੇ ਉਕਤ ਹਰ ਇਕ ਸਹਿਕਾਰੀ ਖੰਡ ਮਿਲ ਦੀ ਵਿਕਰੀ ਤੋਂ ਸਰਕਾਰ ਨੂੰ ਕਿੰਨੀ ਰਕਮ ਪ੍ਰਾਪਤ ਹੋਈ ?

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਖੰਡ ਮਿੱਲਾਂ ਦੇ ਕਰਮਚਾਰੀਆਂ ਨੂੰ ਐਡਜਸਟ ਕਰਨ ਲਈ ਸਰਕਾਰ ਦੁਆਰਾ ਅਪਣਾਈ ਗਈ ਨੀਤੀ ਦੇ ਵੇਰਵੇ ਕੀ ਹਨ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ:** (ੳ) ਸਾਲ 1992 ਤੋਂ ਹੁਣ ਤੱਕ ਸਹਿਕਾਰੀ ਖੰਡ ਮਿੱਲਾਂ ਦਾ ਸਾਲਾਨਾ ਨਿਜੀਕਰਣ ਅਤੇ ਵੇਚ ਪ੍ਰਾਪਤੀ ਹੇਠ ਲਿਖੇ

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਮੰਤਰੀ]

ਅਨੁਸਾਰ ਹੈ :—

| ਸਾਲ | ਨਿਜੀਕਰਣ ਹੋਈਆਂ ਮਿੱਲਾਂ ਦੀ ਸੰਖਿਆ | ਨਿਜ਼ੀਕਰਣ ਹੋਈ ਮਿੱਲ ਦਾ ਨਾਂ |
|---|---|---|
| 1992-93 | — | — |
| 1993-94 | — | ਅਮਲੋਹ, ਪਾਤੜਾਂ ਅਤੇ ਦਸੂਹਾ |
| 1994-95 | — | — |
| 1995-96 | — | — |
| 1996-97 | — | — |
| 10-3-97 ਹੁਣ ਤੱਕ ਵੇਚ ਪ੍ਰਾਪਤੀ | | |

| ਮਿੱਲ ਦਾ ਨਾਂ | ਰਕਮ ਪ੍ਰਾਪਤੀ (ਰੁ:) | ਰਕਮ ਪ੍ਰਾਪਤੀ ਦੀ ਤਾਰੀਖ |
|---|---|---|
| ਸਹਿਕਾਰੀ ਖੰਡ ਮਿੱਲ, ਅਮਲੋਹ .. | 6,50,43,550.00 | 10-2-1994 |
| ਸਹਿਕਾਰੀ ਖੰਡ ਮਿੱਲ, ਪਾਤੜਾਂ .. | 11,49,10,150.80 | 31-10-1996 |
| ਸਹਿਕਾਰੀ ਖੰਡ ਮਿੱਲ ਦਸੂਹਾ .. | — | — |

[ਮਾਨਯੋਗ ਮੰਤਰੀ ਨੇ ਸਵਾਲ ਦੇ (ਅ) ਭਾਗ ਦਾ ਜਵਾਬ ਨਹੀਂ ਦਿੱਤਾ]

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਨ੍ਹਾਂ ਨੇ ਤਿੰਨ ਖੰਡ ਮਿੱਲਾਂ ਦੱਸੀਆਂ ਹਨ— ਅਮਲੋਹ, ਪਾਤੜਾਂ ਅਤੇ ਦਸੂਹਾ ਇਨ੍ਹਾਂ ਨੂੰ ਨਿੱਜੀਕਰਣ ਕਰਨ ਦੀ ਲੋੜ ਕਿਉਂ ਪਈ ? ਇਸ ਤੋਂ ਇਲਾਵਾ ਦੋ ਮਿੱਲਾਂ ਦੀ ਜੋ ਕੀਮਤ ਹੈ, ਉਹ ਇਨ੍ਹਾਂ ਨੇ ਦੱਸ ਦਿਤੀ ਹੈ ਪਰ ਜਿਹੜੀ ਤੀਸਰੀ ਦਸੂਹਾ ਮਿੱਲ ਹੈ, ਉਸਦੇ ਬਾਰੇ ਜਵਾਬ ਵਿਚ ਕੁਝ ਨਹੀਂ ਦੱਸਿਆ ਗਿਆ ਕਿ ਇਹ ਕਦੋਂ ਖੰਡ ਮਿੱਲ ਵਿਕੀ, ਇਸ ਦੀ ਕਿੰਨੀ ਰਕਮ ਸਰਕਾਰ ਨੂੰ ਮਿਲੀ ?

**ਮੰਤਰੀ** : ਇਹ ਜਿਹੜੀ ਦਸੂਹਾ ਮਿੱਲ ਹੈ ਜੀ, ਇਹ ਪੀ.ਐਸ.ਆਈ.ਡੀ.ਸੀ. ਨੂੰ ਦੇ ਦਿੱਤੀ ਗਈ ਸੀ ਔਰ ਮੈਂ ਸਮਝਦਾ ਹਾਂ ਕਿ ਇਹ ਇੰਡਸਟਰੀ ਦੇ ਨਾਲ ਸਬੰਧ ਰੱਖਦੀ ਹੈ। ਅਗਲੇ ਸਾਲ.......

**ਸ੍ਰੀ ਸਪੀਕਰ:** ਸਵਾਲ ਦੇ (ਅ) ਭਾਗ ਦਾ ਜਵਾਬ ਵੀ ਅਜੇ ਦੇਣ ਵਾਲਾ ਹੈ।

Original with;
Punjab Vidhan Sabha
Digitized by;
Panjab Digital Library

**ਮੰਤਰੀ:** (ਅ)-ਉਪਰੋਕਤ (ੳ) ਉਪਟ ਦੱਸੀਆਂ ਖੰਡ ਮਿੱਲਾਂ ਦੇ ਕਰਮਚਾਰੀਆਂ ਨੂੰ ਐਡਜਸਟ ਕਰਨ ਸਬੰਧੀ ਉਪਰੋਕਤ ਬਦਲੀ ਦੇ ਇਕਰਾਰਨਾਮੇ ਦੀ ਕਲਾਜ਼ ਵਿਚ ਸ਼ਾਮਲ(1) ਪੀ.ਐਸ. ਆਈ.ਡੀ.ਸੀ. ਜਾਂ ਇਸ ਦੇ ਉਤਰ ਅਧਿਕਾਰੀ ਵਲੋਂ ਮਿੱਲਾਂ ਵਿਚ ਕੰਮ ਕਰਦੇ ਕਰਮਚਾਰੀਆਂ ਨੂੰ ਉਨ੍ਹਾਂ ਹੀ ਸ਼ਰਤਾਂ ਤੇ ਲੈ ਲੈਣਗੇ ਜਿਨ੍ਹਾਂ ਉਪਰ ਕਰਮਚਾਰੀਆਂ ਨੂੰ ਭਰਤੀ ਕੀਤਾ ਗਿਆ ਸੀ ਜਾਂ ਕਰਮਚਾਰੀਆਂ ਨਾਲ ਨਵੀਆਂ ਸ਼ਰਤਾਂ ਤਹਿ ਕੀਤੀਆਂ ਜਾਣਗੀਆਂ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਿਆ ਸੀ ਕਿ ਇਨ੍ਹਾਂ ਮਿੱਲਾਂ ਨੂੰ ਵੇਚਣ ਦਾ ਕੀ ਕਾਰਣ ਹੈ ਅਤੇ ਇਨ੍ਹਾਂ ਨੂੰ ਵੇਚਣ ਦੀ ਲੋੜ ਕਿਉਂ ਪਈ ? ਇਸ ਦੇ ਬਾਰੇ ਇਨ੍ਹਾਂ ਨੇ ਕੁਝ ਨਹੀ ਦੱਸਿਆ। ਮੰਤਰੀ ਜੀ ਮੈਨੂੰ ਇਸ ਦਾ ਕਾਰਣ ਦੱਸਣ ਦੀ ਖੇਚਲ ਕਰਨ। (ਅ) ਭਾਗ ਮੁਲਾਜ਼ਮਾਂ ਬਾਰੇ ਹੈ। ਮੰਤਰੀ ਜੀ ਦੇ ਇਹ ਧਿਆਨ ਵਿਚ ਹੋਵੇਗਾ ਕਿ ਕਿੰਨੇ ਮੁਲਾਜ਼ਮ ਹਨ.......

**ਸ੍ਰੀ ਸਪੀਕਰ :** ਤੁਸੀਂ ਇਕ ਸਪਲੀਮੈਂਟਰੀ ਪੁੱਛੋ। ਸਵਾਲ ਦੇ ਪਹਿਲੇ ਭਾਗ ਬਾਰੇ ਪੁੱਛ ਲਵੋ ਜਾਂ ਦੂਜੇ ਭਾਗ ਦੇ ਬਾਰੇ ਪੁਛ ਲਵੋ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ:** ਸਪੀਕਰ ਸਾਹਿਬ, ਮੈਂ (ੳ) ਅਤੇ (ਅ) ਦੋਹਾਂ ਬਾਰੇ ਹੀ ਪੁੱਛ ਸਕਦਾ ਹਾਂ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਤਿੰਨਾਂ ਮਿੱਲਾਂ ਵਿਚ ਕਿੰਨੇ ਮੁਲਾਜ਼ਮ ਸਨ ਅਤੇ ਉਨ੍ਹਾਂ ਵਿਚੋਂ ਕਿੰਨਿਆਂ ਨੂੰ ਐਡਜਸਟ ਕੀਤਾ ਗਿਆ ਹੈ ?

**ਮੰਤਰੀ :** ਦਸੂਹਾ ਮਿੱਲ ਕਿਉਂਕਿ ਬੰਦ ਪਈ ਹੋਈ ਹੈ, ਇਸ ਕਰਕੇ ਇਸ ਦੀ ਇਨਫਰਮੇਸ਼ਨ ਅਵੇਲੇਬਲ ਨਹੀਂ ਹੈ। ਪਾਤੜਾਂ ਮਿਲ ਵਿਚ 61 ਮੁਲਾਜ਼ਮ ਸਨ, ਉਨ੍ਹਾਂ ਵਿਚੋਂ 38 ਮੁਲਾਜ਼ਮਾਂ ਨੂੰ ਲੈ ਲਿਆ ਗਿਆ ਹੈ ਅਤੇ 23 ਮੁਲਾਜ਼ਮਾਂ ਨੇ ਅਜੇ ਤੱਕ ਜੁਆਇਨ ਨਹੀਂ ਕੀਤਾ। ਅਮਲੋਹ ਮਿੱਲ ਵਿਚ 17 ਮੁਲਾਜ਼ਮ ਸਨ, ਉਹ 17 ਦੇ 17 ਜੁਆਇਨ ਕਰ ਗਏ ਹਨ।

**ਚੌਧਰੀ ਜਗਜੀਤ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਦਸੂਹਾ ਮਿੱਲ ਹੈ, ਉਸ ਦੇ ਜ਼ਿੰਮੇ ਫਾਰਮਰਜ਼ ਦਾ ਸਾਢੇ ਬਾਰਾਂ ਕਰੋੜ ਰੁਪਿਆ ਹੈ ਜਿਹੜਾ ਕਿ ਉਸ ਨੇ ਗੰਨੇ ਦੀ ਕੀਮਤ ਵਜੋਂ ਫਾਰਮਰਜ਼ ਨੂੰ ਅਦਾ ਨਹੀਂ ਕੀਤਾ। ਕੀ ਮੰਤਰੀ ਜੀ ਦੱਸਣਗੇ ਕਿ ਸਰਕਾਰ ਇਸ ਸਬੰਧ ਵਿਚ ਕੀ ਉਪਰਾਲਾ ਕਰਗੀ ਅਤੇ ਫਾਰਮਰਜ਼ ਨੂੰ ਇਹ ਪੈਸੇ ਕਦੋਂ ਤੱਕ ਦੇ ਦਿੱਤੇ ਜਾਣਗੇ ?

**ਮੰਤਰੀ:** ਇਸ ਸਬੰਧ ਵਿਚ ਹਾਈ ਕੋਰਟ ਵਿਚ ਕੇਸ ਚੱਲ ਰਿਹਾ ਹੈ, ਜਦੋਂ ਉਸ ਦਾ ਫੈਸਲਾ ਹੋ ਜਾਵੇਗਾ, ਉਦੋਂ ਦੱਸ ਦਿਆਂਗੇ।

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ 1992-93 ਤੋਂ ਲੈ ਕੇ 10-3-97 ਤੱਕ ਕੇਵਲ 1993-94 ਵਿਚ 3 ਮਿੱਲਾਂ ਦੀ ਸੇਲ ਕੀਤੀ ਗਈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਮੇਂ ਸਰਕਾਰ ਦੇ ਏਜੰਡੇ ਤੇ ਕੋਆਪ੍ਰੇਟਿਵ ਸੈਕਟਰ ਦੀ ਕੋਈ ਮਿੱਲ ਜਾਂ ਕੁਝ ਮਿੱਲਾਂ ਹਨ ਜਿਨ੍ਹਾਂ ਨੂੰ ਪ੍ਰਾਈਵੇਟ ਸੈਕਟਰ ਨੂੰ ਦੇਣਾ ਹੈ ? ਹੁਣ ਤੱਕ ਸਰਕਾਰ ਦੀ ਪਾਲਿਸੀ ਸੀ ਕਿ ਕੋਈ ਵੀ ਕੋਆਪ੍ਰੇਟਿਵ ਸੈਕਟਰ ਦੀ ਮਿੱਲ ਹੈ, ਉਸ ਨੂੰ ਪ੍ਰਾਈਵੇਟ ਸੈਕਟਰ ਵਿਚ ਨਹੀਂ ਦਿੱਤਾ ਜਾਵੇਗਾ ਬਲਕਿ ਕੋਆਪ੍ਰੇਟਿਵ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]
ਸੈਕਟਰ ਵਿਚ ਰੱਖ ਕੇ ਹੀ ਉਹ ਚਲਾਈ ਜਾਵੇਗੀ ।

**ਮੰਤਰੀ** : ਇਹ ਸਾਡੇ ਵਿਚਾਰ ਅਧੀਨ ਨਹੀਂ ਹੈ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ 3 ਮਿੱਲਾਂ ਵੇਚ ਚੁੱਕੇ ਹੋ । ਉਨ੍ਹਾਂ ਬਾਰੇ ਮੈਂ ਇਸ ਸਮੇਂ ਕੁਝ ਨਹੀਂ ਕਹਿਣਾ ਚਾਹੁੰਦਾ । ਮੇਰੀ ਗੱਲ ਪੂਰੀ ਤਰ੍ਹਾਂ ਨਾਲ ਸਮਝ ਲਵੋ । 3 ਮਿੱਲਾਂ ਸੇਲ ਹੋ ਚੁੱਕੀਆਂ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਆਪ੍ਰੇਟਿਵ ਸੈਕਟਰ ਦੀ ਕਿਸੇ ਮਿੱਲ ਜਾਂ ਕੁਝ ਮਿੱਲਾਂ ਨੂੰ ਵੇਚਣ ਦਾ ਵਿਚਾਰ ਤੁਹਾਡੇ ਏਜੰਡੇ ਤੇ ਹੈ ? ਕੀ ਐਸੀਆਂ ਕੁਝ ਹੋਰ ਮਿੱਲਾਂ ਪ੍ਰਾਈਵੇਟ ਸੈਕਟਰ ਨੂੰ ਦਿੱਤੀਆਂ ਜਾਣਗੀਆਂ ਜਾਂ ਉਨ੍ਹਾਂ ਨੂੰ ਕੋਆਪ੍ਰੇਟਿਵ ਸੈਕਟਰ ਵਿਚ ਰੱਖਕੇ ਹੀ ਚਲਾਇਆਂ ਜਾਵੇਗਾ ?

**ਮੰਤਰੀ** : ਸਾਡੇ ਏਜੰਡੇ ਤੇ ਮਿੱਲ ਵੇਚਣ ਬਾਰੇ ਕੋਈ ਵਿਚਾਰ ਨਹੀਂ ਹੈ ।

**ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਰਮਚਾਰੀਆਂ ਲਈ ਨਵੀਆਂ ਸ਼ਰਤਾਂ ਕਦੋਂ ਤੱਕ ਤਹਿ ਕਰ ਲਈਆਂ ਜਾਣਗੀਆਂ ?

**ਮੰਤਰੀ** : ਇਸ ਬਾਰੇ ਇਹ ਵੱਖਰਾ ਸਵਾਲ ਦੇ ਦੇਣ ਜੀ ।

---

## ਘਾਟੇ ਵਿਚ ਜਾ ਰਹੀਆਂ ਖੰਡ ਮਿੱਲਾਂ

*36. 1. **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
2. **ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ** } : ਕੀ ਸਹਿਕਾਰਤਾ ਮੰਤਰੀ

ਕ੍ਰਿਪਾ ਕਰਕੇ ਦੱਸਣਗੇ ਕਿ—

ਰਾਜ ਵਿਚ ਅਜਿਹੀਆਂ ਸਹਿਕਾਰੀ ਖੰਡ ਮਿੱਲਾਂ ਦੇ ਵੇਰਵੇ ਕੀ ਹਨ ਜਿਹੜੀਆਂ ਸਾਲ 1992 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਦੇ ਦੌਰਾਨ ਘਾਟੇ ਵਿਚ ਜਾ ਰਹੀਆਂ ਹਨ ਅਤੇ ਹਰ ਇਕ ਮਿੱਲ ਨੂੰ ਪਏ ਘਾਟੇ ਦੇ ਸਾਲ ਵਾਰ ਵੇਰਵੇ ਕੀ ਹਨ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਅਨੁਲੱਗ 'ਅ' ਅਨੁਸਾਰ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Punjab Digital Library

ਅਨੁਲੱਗ 'ਅ'

1992-93 ਤੋਂ ਲੈ ਕੇ 1995-96 ਤੱਕ ਜਿਨ੍ਹਾਂ ਮਿੱਲਾਂ ਵਿੱਚ ਨੁਕਸਾਨ ਹੋਇਆ ਹੈ, ਉਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

(ਰੁ. ਲੱਖਾਂ ਵਿੱਚ)

| ਲੜੀ ਨੰ: | ਮਿੱਲ ਦਾ ਨਾਂ | 1992-93 | 1993-94 | 1994-95 | 1995-96 |
|---|---|---|---|---|---|
| 1 | 2 | 3 | 4 | 5 | 6 |
| 1. | ਭੋਗਪੁਰ | —195.73 | — 175.28 | —260.06 | ਲਾਭ |
| 2. | ਮੋਰਿੰਡਾ | —46.38 | ਲਾਭ | ਲਾਭ | —93.18 |
| 3. | ਪਟਿਆਲਾ | —22.53 | ਲਾਭ | —58.36 | —118.98 |
| 4 | ਗੁਰਦਾਸਪੁਰ | — 282.62 | -174.76 | —288.36 | —427.39 |
| 5. | ਜ਼ੀਰਾ | —178.21 | — 99.22 | —401.10 | —49.99 |
| 6. | ਪਟਿਆਲਾ | — ਲਾਭ | ਲਾਭ | ਲਾਭ | —95.70 |
| 7. | ਫਾਜ਼ਿਲਕਾ | —297.36 | ਲਾਭ | ਲਾਭ | ਲਾਭ |
| 8. | ਤਰਨਤਾਰਨ | — 58.78 | ਲਾਭ | ਲਾਭ | ਲਾਭ |
| 9. | ਜਗਰਾਓਂ | —464.78 | —485.34 | —779.98 | —322.05 |
| 10. | ਬੁਢਲਾਡਾ | —817.55 | —740.60 | —524.52 | —723.34 |
| 11. | ਅਜਨਾਲਾ | —837.36 | — 618.78 | —722.68 | —523.28 |
| 12. | ਫਰੀਦਕੋਟ | —824.95 | —581.92 | —667.63 | —286.71 |
| | ਕੁੱਲ | 4,026.25 | —2,885.90 | -3,702,69 | -2,640.62 |

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਮੰਤਰੀ]

ਸਾਲ 1996-97 ਅਜੇ ਚਾਲੂ ਹੈ ਤੇ ਆਡੀਟਿਡ ਲਾਭ-ਹਾਨੀ ਦਾ ਵੇਰਵਾ 31-10-1997 ਤੱਕ ਬਣ ਸਕੇਗਾ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਇਨ੍ਹਾਂ ਨੇ 1992-93 ਤੋਂ ਲੈ ਕੇ 1995-96 ਤੱਕ ਭੋਗਪੁਰ, ਮੋਰਿੰਡਾ, ਪਟਿਆਲਾ, ਗੁਰਦਾਸਪੁਰ, ਜ਼ੀਰਾ, ਫਾਜ਼ਿਲਕਾ, ਤਰਨਤਾਰਨ, ਜਗਰਾਓਂ, ਬੁਢਲਾਡਾ, ਅਜਨਾਲਾ ਅਤੇ ਫਰੀਦਕੋਟ ਮਿੱਲਾਂ ਵਿਚ ਪਏ ਘਾਟੇ ਬਾਰੇ ਦੱਸਿਆ ਹੈ । ਇਹਨਾਂ ਮਿੱਲਾਂ ਵਿਚੋਂ ਕੁਝ ਮਿੱਲਾਂ ਅਜਿਹੀਆਂ ਹਨ ਜਿਵੇਂ ਪਟਿਆਲਾ ਮਿੱਲ ਇਸ ਨੂੰ 1992-93, 1993-94, 1994-95 ਅਤੇ 1995-96 ਵਿਚ ਲਾਭ ਵਿੱਚ ਦਿਖਾਇਆ ਗਿਆ ਅਤੇ ਬਾਕੀਆਂ ਵਿੱਚ ਘਾਟੇ ਦਿਖਾਏ ਗਏ ਹਨ ਜਦੋਂ ਕਿ ਇਨ੍ਹਾਂ ਸਾਲਾਂ ਵਿੱਚ ਗੰਨੇ ਦੀ ਕੋਈ ਘਾਟ ਨਹੀਂ ਸੀ । ਕੀ ਮੰਤਰੀ ਸਾਹਿਬ ਇਹ ਦੱਸਣਗੇ ਕਿ ਇਨ੍ਹਾਂ ਮਿੱਲਾਂ ਵਿੱਚ ਘਾਟੇ ਪੈਣ ਦੇ ਕੀ ਕਾਰਨ ਹਨ ?

**ਮੰਤਰੀ** : ਸਪੀਕਰ ਸਾਹਿਬ, ਕੁਝ ਮਿੱਲਾਂ ਘਾਟੇ ਵਿੱਚ ਚੱਲ ਰਹੀਆਂ ਹਨ । ਇਸ ਦੇ ਵਾਸਤੇ ਅਸੀਂ ਇਕ ਐਕਸਪਰਟ ਕਮੇਟੀ ਬਣਾ ਰਹੇ ਹਾਂ ਅਤੇ ਉਹ ਇਸ ਬਾਰੇ ਪੜਤਾਲ ਕਰੇਗੀ । ਉਹ ਪੜਤਾਲ ਕਮੇਟੀ ਇਕ ਮਹੀਨੇ ਦੇ ਅੰਦਰ ਅੰਦਰ ਆਪਣੀ ਰਿਪੋਰਟ ਦੇ ਦੇਵੇਗੀ । ਉਸ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਅਸੀਂ ਦੇਖ ਸਕਦੇ ਹਾਂ ਕਿ ਕੀ ਕਾਰਨ ਹਨ, ਕਿਉਂ ਘਾਟੇ ਪੈ ਰਹੇ ਹਨ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿੱਚ ਜੋ ਕਾਂਗਰਸ ਸਰਕਾਰ ਰਹੀ ਹੈ, ਉਸ ਵੇਲੇ ਕੀ ਇਨ੍ਹਾਂ ਦੇ ਨੋਟਿਸ ਵਿੱਚ ਹੈ ਕਿ ਕੁਝ ਮਿੱਲਾਂ ਅਜਿਹੀਆਂ ਸਨ ਜਿਹੜੀਆਂ ਐਸੀਆਂ ਪਰਚੀਆਂ ਦਿੰਦੀਆਂ ਰਹੀਆਂ (ਵਿਘਨ) ਪਰਚੀ ਵਾਲਾ ਗੰਨਾ ਤਾਂ ਆਉਂਦਾ ਹੀ ਨਹੀਂ ਸੀ ਜਦ ਕਿ ਬਿਨਾ ਪਰਚੀ ਵਾਲੀ ਟਰਾਲੀ ਤੋਲ ਦਿੱਤੀ ਜਾਂਦੀ ਸੀ । ਇਸ ਹਿਸਾਬ ਨਾਲ ਕਰੋੜਾਂ ਰੁਪਏ ਦੀ ਘਪਲੇਬਾਜ਼ੀ ਹੋਈ । ਕੀ ਕੋਈ ਅਜਿਹਾ ਐਮ.ਡੀ. ਇਹਨਾਂ ਦੇ ਧਿਆਨ ਵਿੱਚ ਹੈ ਜਿਸ ਨੇ ਇਸ ਤਰ੍ਹਾਂ ਦਾ ਨੁਕਸਾਨ ਕੀਤਾ ਜਾਂ ਕੋਈ ਇਨਕੁਆਰੀਆਂ ਉਸ ਦੇ ਖਿਲਾਫ ਪੈਂਡਿੰਗ ਪਈਆਂ ਹਨ ? ਜੇ ਉੱਤਰ ਹਾਂ ਵਿਚ ਹੋਵੇ ਤਾਂ ਇਹ ਉਹ ਇਨਕੁਆਰੀ ਕਦੋਂ ਤੱਕ ਮੁਕੰਮਲ ਕਰ ਦੇਣਗੇ ?

**ਮੰਤਰੀ** : ਜਿਹੜੇ ਐਮ.ਡੀ. ਇਸ ਤਰ੍ਹਾਂ ਦੇ ਲਾਏ ਗਏ ਹਨ, ਉਨ੍ਹਾਂ ਦੇ ਵਿਰੁੱਧ, ਸਪੀਕਰ ਸਾਹਿਬ, ਐਕਸ਼ਨ ਲਵਾਂਗੇ । ਜੇ ਆਨਰੇਬਲ ਮੈਂਬਰ ਸਾਹਿਬ ਕਿਸੇ ਪ੍ਰਕਾਰ ਦੀ ਘਪਲੇਬਾਜ਼ੀ ਬਾਰੇ ਵੀ ਦੱਸਣਗੇ ਤਾਂ ਅਸੀਂ ਜ਼ਰੂਰ ਇਨਕੁਆਰੀ ਕਰਾਵਾਂਗੇ ।

ਕੁਝ ਐਮ.ਡੀ. ਜੋ ਲੱਗੇ ਸਨ, ਸਾਨੂੰ ਉਨ੍ਹਾਂ ਬਾਰੇ ਪਤਾ ਲੱਗਾ ਹੈ ਕਿ ਉਹ ਠੀਕ ਕੰਮ ਨਹੀਂ ਕਰ ਰਹੇ । ਜੇ ਇਹ ਉਨ੍ਹਾਂ ਬਾਰੇ ਵੀ ਦੱਸਣਗੇ ਤਾਂ ਉਨ੍ਹਾਂ ਬਾਰੇ ਵੀ ਅਸੀਂ ਜ਼ਰੂਰ ਇਨਕੁਆਰੀ ਕਰਾਵਾਂਗੇ ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਜਿਨ੍ਹਾਂ ਖੰਡ ਮਿੱਲਾਂ ਦੀ ਲਿਸਟ ਇਹਨਾਂ ਨੇ ਦੱਸੀ ਹੈ, ਉਹਨਾਂ ਵਿਚੋਂ **ਦਸ ਨੰਬਰ ਤੇ ਇਕ ਬੁਢਲਾਡਾ ਖੰਡ ਮਿੱਲ ਹੈ,**

Original with;
Punjab Vidhan Sabha
Digitized by;
Panjab Digital Library

ਇਸ ਮਿੱਲ ਦੇ ਜਿਹੜੇ ਕਰਮਚਾਰੀ ਹਨ, ਉਹ ਅਜੇ ਕੰਟੀਨਿਊ ਕੰਮ ਕਰ ਰਹੇ ਹਨ ਉਹਨਾਂ ਦੀ ਸਰਵਿਸ ਵਿੱਚ ਕੋਈ ਬਰੇਕ ਨਹੀਂ ਹੈ ਅਤੇ ਨਾ ਹੀ ਉਹ ਕੱਢੇ ਗਏ ਹਨ। ਲੇਕਿਨ ਅੱਜ 18 ਮਹੀਨੇ ਹੋ ਗਏ ਹਨ, ਉਹਨਾਂ ਨੂੰ ਕੋਈ ਤਨਖਾਹ ਵੀ ਨਹੀਂ ਦਿੱਤੀ ਗਈ। ਉਹ ਵਿਚਾਰੇ ਗਰੀਬ ਕਰਮਚਾਰੀ ਹਨ ਜਿਨ੍ਹਾਂ ਦੀ ਮਾਲੀ ਹਾਲਤ ਬਹੁਤ ਕਮਜ਼ੋਰ ਹੈ, ਉਹਨਾਂ ਲਈ ਗੁਜ਼ਾਰਾ ਕਰਨਾ ਵੀ ਬੜਾ ਮੁਸ਼ਕਲ ਹੈ। ਕੀ ਮੰਤਰੀ ਜੀ ਹਾਊਸ ਨੂੰ ਭਰੋਸਾ ਦਿਵਾਉਣਗੇ ਕਿ ਮਿੱਲ ਦਾ ਭਵਿੱਖ ਜੋ ਵੀ ਹੋਵੇ, ਜਿਹੜੇ ਮਿੱਲ ਦੇ ਕਰਮਚਾਰੀ ਹਨ, ਉਹਨਾਂ ਨੂੰ ਤਨਖਾਹਾਂ ਦੇ ਬਕਾਏ ਕਦੋਂ ਤੱਕ ਦੇ ਦਿੱਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਤੇ ਅਸੀਂ ਬੜਾ ਹਮਦਰਦੀ ਦੇ ਨਾਲ ਵਿਚਾਰ ਕਰਾਂਗੇ। ਕੱਲ੍ਹ ਅਫਸਰਾਂ ਦੀ ਇੱਕ ਮੀਟਿੰਗ ਰੱਖੀ ਗਈ ਹੈ। ਉਸ ਮੀਟਿੰਗ ਵਿਚ ਅਫਸਰ ਸਾਹਿਬਾਨ ਦੇ ਨਾਲ ਵਿਚਾਰ ਕਰਕੇ ਫਿਰ ਫੈਸਲਾ ਲਿਆ ਜਾਵੇਗਾ।

---

## ਉੱਨਤ ਗ੍ਰਾਮ ਸਕੀਮ ਅਧੀਨ ਖ਼ਰਚਾ

*11. **ਚੌਧਰੀ ਜਗਜੀਤ ਸਿੰਘ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲਾਂ 1994-95, 1995-96 ਅਤੇ 1996-97 (ਮਿਤੀ ਅੰਤ ਤੱਕ) ਦੇ ਦੌਰਾਨ ਰਾਜ ਵਿਚ 'ਉੱਨਤ ਗ੍ਰਾਮ ਸਕੀਮ' ਅਧੀਨ ਸਰਕਾਰ ਦੁਆਰਾ ਸਾਲ-ਵਾਰ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਸਾਲ 1997-98 ਦੌਰਾਨ ਉਕਤ ਸਕੀਮ ਲਈ ਕਿੰਨੀ ਰਕਮ ਐਲੋਕੇਟ ਕੀਤੇ ਜਾਣ ਦੀ ਤਜਵੀਜ਼ ਹੈ ?

**ਸਰਦਾਰ ਨਿਰਮਲ ਸਿੰਘ ਕਾਹਲੋਂ**: ਉੱਨਤ ਗ੍ਰਾਮ ਸਕੀਮ ਅਧੀਨ ਰਾਜ ਸਰਕਾਰ ਵੱਲੋਂ ਜਾਰੀ ਕੀਤੀ ਰਾਸ਼ੀ ਦਾ ਸਾਲਵਾਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਸਾਲ | ਰਾਸ਼ੀ (ਰੁਪਏ ਲੱਖਾਂ ਵਿੱਚ) |
|---|---|
| 1994-95 | 2999.71 |
| 1995-96 | 1412.70 |
| 1996-97 (ਹੁਣ ਤੱਕ) | 1700.00 |

ਜਿੱਥੋਂ ਤੱਕ ਵਿੱਤੀ ਸਾਲ 1997-98 ਦਾ ਸਬੰਧ ਹੈ, ਉੱਨਤ ਗਰਾਮ ਸਕੀਮ ਇਕ ਨਵੀਂ ਸਕੀਮ 'ਸੀ. ਡੀ. 2.24 ਗਰਾਂਟਸ ਟੂ ਪੰਚਾਇਤਸ' ਦਾ ਭਾਗ ਬਣਾ ਦਿੱਤੀ ਗਈ ਹੈ। ਇਸ ਸਕੀਮ ਲਈ ਕੁੱਲ 14890.00 ਲੱਖ ਰੁਪਏ ਦੀ ਐਲੋਕੇਸ਼ਨ ਮੰਗੀ ਗਈ

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 148.90 ਕਰੋੜ ਰੁਪਏ ਇਨ੍ਹਾਂ ਨੇ ਆਉਣ ਵਾਲੇ ਸਮੇਂ ਵਿਚ ਮੰਗੇ ਹਨ । ਉੱਨਤ ਗਰਾਮ ਸਕੀਮ ਥੱਲੇ ਜਿਹੜੇ ਕੰਪੋਨੈਂਟ ਹਨ, ਉਹਨਾਂ ਵਿੱਚ ਇੱਕ ਕੰਪੋਨੈਂਟ ਅਜਿਹਾ ਹੈ ਜਿਸ ਵਿਚ ਗਲੀਆਂ ਨਾਲੀਆਂ ਨੂੰ ਪੱਕਾ ਕਰਨਾ ਹੈ । ਦੂਸਰੇ ਵਿਚ ਗੰਦੇ ਪਾਣੀ ਦਾ ਨਿਕਾਸ ਕਰਨਾ, ਤੀਸਰੇ ਵਿੱਚ ਫਿਰਨੀਆਂ ਨੂੰ ਪੱਕਾ ਕਰਨਾ ਔਰ ਜਿਹੜਾ ਚੌਥਾ ਕੰਪੋਨੈਂਟ ਹੈ ਜੋ ਕਿ ਬੜਾ ਹੀ ਇੰਪਾਰਟੈਂਟ ਵੀ ਹੈ, ਉਹ ਹੈ ਪਿੰਡਾਂ ਵਿੱਚ ਜਿਹੜੇ ਗਰੀਬ ਲੋਕ ਹਨ, ਖਾਸ ਤੌਰ ਤੇ ਅਨੁਸੂਚਿਤ ਜਾਤੀਆਂ ਦੇ ਲੋਕ, ਉਨਾ ਵਾਸਤੇ ਵਾਟਰ ਬੋਰਨ ਲੈਟਰੀਨਾਂ ਬਣਾਉਣੀਆਂ । ਸਪੀਕਰ ਸਾਹਿਬ, ਇਹ ਦੱਸਣ ਦੀ ਖੇਚਲ ਕਰਨ ਕਿ ਵਾਟਰ ਬੋਰਨ ਲੈਟਰੀਨਾਂ ਵਾਸਤੇ ਇਸ ਮੰਗੇ ਗਏ ਪੈਸੇ ਵਿਚੋਂ ਕਿੰਨਾ ਪੈਸਾ ਰੱਖਿਆ ਗਿਆ ਹੈ ?

**ਮੰਤਰੀ** : ਸਪੀਕਰ ਸਾਹਿਬ ਇਹ ਜਿਹੜੇ ਕੰਪੋਨੈਂਟ ਹਨ, ਇਨ੍ਹਾਂ ਦੇ ਬਾਰੇ ਮੈਂ ਦੱਸ ਦਿੱਤਾ ਹੈ । ਗਲੀਆਂ ਪੱਕੀਆਂ ਕਰਨੀਆਂ, ਨਾਲੀਆਂ ਬਣਾਉਣੀਆਂ, ਗੰਦੇ ਪਾਣੀ ਦਾ ਨਿਕਾਸ, ਫਿਰਨੀਆਂ ਪੱਕੀਆਂ ਕਰਨੀਆਂ ਅਤੇ ਰੂਰਲ ਸੈਨੀਟੇਸ਼ਨ ਪ੍ਰੋਗਰਾਮ ਇਸ ਦੇ ਵਿਚ ਸ਼ਾਮਲ ਹਨ । 1996-97 ਤੋਂ ਉੱਨਤ ਗ੍ਰਾਮ ਸਕੀਮ ਇਕ ਨਵੀਂ ਸਕੀਮ 'ਬੀ.ਡੀ. 2.24-ਗ੍ਰਾਂਟਸ ਟੂ ਪੰਚਾਇਤਸ' ਦਾ ਭਾਗ ਬਣਾ ਦਿੱਤੀ ਗਈ ਹੈ ਜਿਸ ਦੇ ਤਹਿਤ (1) ਉੱਨਤ ਗ੍ਰਾਮ ਪ੍ਰੋਗਰਾਮ (2) ਕਮਿਊਨਟੀ ਸੈਂਟਰ, ਪੰਚਾਇਤ ਘਰਾਂ ਦੀ ਉਸਾਰੀ (3) ਨਵੇਂ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਦੀ ਉਸਾਰੀ ਅਤੇ (4) ਹੋਰ ਬੁਨਿਆਦੀ ਕੰਮ (ਛੱਪੜਾਂ ਦੀ ਚਾਰ-ਦੀਵਾਰੀ ਆਦਿ) ਵਾਸਤੇ ਜਿਹੜਾ ਖਰਚ ਮੰਗਿਆ ਗਿਆ ਹੈ, ਉਹ ਇਸ ਪਕਾਰ ਹੈ :

(ੳ) ਗਲੀਆਂ, ਨਾਲੀਆਂ, ਅਤੇ ਗੰਦ ਪਾਣੀ ਦਾ ਨਿਕਾਸ, ਫਿਰਨੀਆਂ ਅਤੇ ਪੇਂਡੂ ਟੱਟੀਆਂ ਵਾਸਤੇ 42 ਕਰੋੜ 80 ਲੱਖ ਰੁਪਏ;

(ਅ) ਪੰਚਾਇਤ ਸਕੂਲਾਂ ਦੀਆਂ ਇਮਾਰਤਾਂ ਦੀ ਉਸਾਰੀ ਵਾਸਤੇ 30 ਕਰੋੜ ਰੁਪਏ;

(ੲ) ਪੰਚਾਇਤ ਘਰਾਂ, ਸਮੂਹਕ ਕੇਂਦਰਾਂ ਦੀ ਉਸਾਰੀ ਵਾਸਤੇ 15 ਕਰੋੜ ਰੁਪਏ ਅਤੇ;

(ਸ) ਬੁਨਿਆਦੀ ਢਾਂਚ ਤੇ ਹੋਰ ਕੰਮ (ਛੱਪੜਾਂ ਆਦਿ ਦੀ ਚਾਰ ਦੀਵਾਰੀ) ਵਾਸਤੇ 6 ਕਰੋੜ ਰੁਪਏ । ਪੰਚਾਇਤਾਂ ਦੇ ਹੋਰ ਕੰਮ ਜਿਵੇਂ ਗਲੀਆਂ ਵਿਚ ਰੋਸ਼ਨੀ, ਛੱਪੜਾਂ ਦੀ ਸਫਾਈ, ਪਬਲਿਕ ਪਾਰਕ, ਸ਼ਮਸ਼ਾਨ ਘਾਟ, ਹੱਡਾ ਰੋੜੀ ਦੀ ਚਾਰ ਦੀਵਾਰੀ ਵਾਸਤੇ 55 ਕਰੋੜ 10 ਲੱਖ ਰੁਪਏ ਹਨ ।

**ਚੌਧਰੀ ਜਗਜੀਤ ਸਿੰਘ** : **ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਗ੍ਰਾਂਟਾਂ ਤਕਸੀਮ ਕਰਨ ਦਾ ਕੀ ਕਰਾਈਟੇਰੀਆ ਹੋਵੇਗਾ ? ਕੀ ਬਲਾਕ ਨੂੰ ਇਕਾਈ ਮੰਨਿਆ ਜਾਵੇਗਾ ਜਾਂ ਪੰਜਾਬ ਦੀ ਕੰਸਟੀਚਿਊਐਂਸੀ ਨੂੰ ਇਕਾਈ ਮੰਨਿਆ ਜਾਵੇਗਾ ?**

Original with;
Punjab Vidhan Sabha
Digitized by;
Panjab Digital Library

**ਮੰਤਰੀ** : ਇਹ ਰਕਮ ਪਲਾਨਿੰਗ ਬੋਰਡਾਂ ਰਾਹੀਂ ਥੱਲੇ ਜਾਂਦੀ ਹੈ । ਜਿਹੜੇ ਵਿਧਾਇਕ ਹਨ, ਉਨ੍ਹਾਂ ਕੋਲੋਂ ਉਨ੍ਹਾਂ ਦੀ ਲੋੜ ਮੰਗ ਲਈ ਜਾਂਦੀ ਹੈ ਅਤੇ ਉਸ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਸਾਲ 1994-95, 1995-96 ਅਤੇ 1996-97 ਵਿੱਚ ਇਨ੍ਹਾਂ ਕੰਮਾਂ ਤੇ ਜਿਹੜੀ ਰਾਸ਼ੀ ਖ਼ਰਚ ਕੀਤੀ ਗਈ ਹੈ, ਉਸ ਵਿੱਚ ਬੜੀ ਵੱਡੀ ਘਪਲੇਬਾਜ਼ੀ ਕੀਤੀ ਗਈ ਹੈ, ਅਤੇ ਪਿੰਡਾਂ ਵਿੱਚ 50% ਹਿੱਸਾ ਰਿਸ਼ਵਤ ਲੈ ਕੇ ਰਾਸ਼ੀਆਂ ਵੰਡੀਆਂ ਗਈਆਂ ਹਨ । ਕੀ ਮੰਤਰੀ ਜੀ ਆਪਣੇ ਮਹਿਕਮੇ ਪਾਸੋਂ ਇਸ ਦੀ ਕੋਈ ਇਨਕੁਆਰੀ ਕਰਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜੀਆਂ ਇਹ ਗੱਲਾਂ ਕੀਤੀਆਂ ਗਈਆਂ ਹਨ, ਇਨ੍ਹਾਂ ਦੇ ਸਬੰਧ ਵਿਚ ਵੀ ਅਤੇ ਕੁਝ ਹੋਰ ਸਕੀਮਾਂ ਦੇ ਸਬੰਧ ਵਿਚ ਵੀ ਕੁਝ ਸ਼ਿਕਾਇਤਾਂ ਆਈਆਂ ਹਨ । ਜਵਾਹਰ ਰੋਜ਼ਗਾਰ ਯੋਜਨਾ ਦੇ ਮੁਤੱਲਕ ਇੱਕ ਹਾਈ ਲੈਵਲ ਦੀ ਇਨਕੁਆਇਰੀ ਸ਼ੁਰੂ ਕੀਤੀ ਗਈ ਹੈ । ਜਦੋਂ ਉਸ ਦੀ ਰਿਪੋਰਟ ਆ ਜਾਵੇਗੀ ਤਾਂ ਜਿਥੇ ਜਿਥੇ ਘਪਲੇਬਾਜ਼ੀ ਹੋਈ ਹੋਵੇਗੀ, ਉਥੇ ਕਸੂਰਵਾਰਾਂ ਦੇ ਖਿਲਾਫ ਤੁਰੰਤ ਐਕਸ਼ਨ ਲਿਆ ਜਾਵੇਗਾ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਜਿਹੜੀ ਪਿਛਲੀ ਕਾਂਗਰਸ ਦੀ ਸਰਕਾਰ ਨੇ ਲੁੱਟ-ਖਸੁੱਟ ਕੀਤੀ ਹੈ . (ਵਿਘਨ)

**ਸ਼੍ਰੀ ਸਪੀਕਰ** : ਜ਼ੀਰਾ ਜੀ, ਡਾਇਰੈਕਟ ਪ੍ਰਸ਼ਨ ਕਰੋ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ**. ਸਪੀਕਰ ਸਾਹਿਬ, ਇਨ੍ਹਾਂ(ਕਾਂਗਰਸੀ ਮੈਂਬਰ ਸਾਹਿਬਾਨ ਵੱਲ ਇਸ਼ਾਰਾ) ਨੇ 25% ਅਤੇ 50% ਹਿੱਸਾ ਲੈਕੇ ਗ੍ਰਾਂਟਾਂ ਵੰਡੀਆਂ ਹਨ । ਜਿਨ੍ਹਾਂ ਪਿੰਡਾਂ ਨੂੰ ਲੋੜ ਵੀ ਨਹੀਂ ਸੀ ਉਨ੍ਹਾਂ ਨੂੰ ਵੀ ਐਵੇਂ ਹੀ ਗ੍ਰਾਂਟਾਂ ਦੇ ਦਿੱਤੀਆਂ । ਉਥੇ ਪੈਸਾ ਲਗ ਨਹੀਂ ਸਕਿਆ ਜਾਂ ਜਮ੍ਹਾਂ ਪਿਆ ਹੈ । ਕੀ ਮੰਤਰੀ ਜੀ ਟਾਈਮ ਬਾਊਂਡ ਇਨਕੁਆਇਰੀ ਕਰਾਉਣ ਉਪਰੰਤ ਕੋਈ ਐਕਸ਼ਨ ਲੈਣਗੇ ਅਤੇ ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨਗੇ ?

**ਸ਼੍ਰੀ ਸਪੀਕਰ** : ਜ਼ੀਰਾ ਜੀ, ਇਹ ਗੱਲ ਅੱਗੇ ਆ ਗਈ ਹੈ । ਇਹ ਕੋਈ ਸਪਲੀਮੈਂਟਰੀ ਨਹੀਂ ਹੈ ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਪਿਛਲੇ ਸਮੇਂ ਦੀ ਸਰਕਾਰ ਨੇ ਐਮ. ਐਲ. ਏਜ਼. ਨੂੰ ਪਾਵਰਾਂ ਬਹੁਤ ਜ਼ਿਆਦਾ ਦੇ ਦਿੱਤੀਆਂ ਸਨ ਅਤੇ ਉਹ ਇਨ੍ਹਾਂ ਗ੍ਰਾਂਟਾਂ ਦੇ ਚੈੱਕ ਕੱਟ ਕੇ ਆਪਣੀਆਂ ਜੇਬਾਂ ਵਿਚ ਪਾਈ ਫਿਰਦੇ ਸਨ । ਜਿੰਨੀ ਦੇਰ ਤੱਕ ਉਨ੍ਹਾਂ ਦੀ ਹਿੱਸਾ-ਪੱਤੀ ਤਹਿ ਨਹੀਂ ਸੀ ਹੁੰਦੀ ਉਹ ਚੈੱਕ ਨਹੀਂ ਸਨ ਵੰਡਦੇ । ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹੋ ਜਿਹੀ ਵਿਵਸਥਾ ਨੂੰ ਰੋਕਣ ਲਈ ਕੋਈ ਹੋਰ ਉਪਰਾਲੇ ਕੀਤੇ ਜਾਣਗੇ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਹ ਸਵਾਲ ਪਹਿਲਾਂ ਆ ਗਿਆ ਹੈ । ਬੈਠ ਜਾਓ ।

**ਸ੍ਰੀ ਸਤਿੰਦੀਸ਼ ਸਾਹਨੀ** : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ. ਆਰ. ਵਾਈ. ਸਕੀਮ ਦੇ ਤਹਿਤ ਜਿਹੜੀ ਇਨਕੁਆਰੀ ਹੋਈ ਹੈ, ਉਸਦੀ ਰਿਪੋਰਟ ਆ ਗਈ ਹੈ ਪ੍ਰੰਤੂ ਅਜੇ ਤੱਕ ਬਲਾਕ ਸੰਮਤੀ ਦੇ ਮੈਂਬਰ ਅਤੇ ਬਲਾਕ ਸੰਮਤੀ ਦੇ ਚੇਅਰਮੈਨ ਨੂੰ ਸਸਪੈਂਡ ਨਹੀਂ ਕੀਤਾ ਗਿਆ..... (ਵਿਘਨ) .

**ਸ੍ਰੀ ਸਪੀਕਰ** : ਇਸ ਦਾ ਇਸ ਪ੍ਰਸ਼ਨ ਨਾਲ ਕੋਈ ਕਨਸਰਨ ਨਹੀਂ ਹੈ । ਅਗਲਾ ਪ੍ਰਸ਼ਨ ।

---

**ਪਿੰਡ ਮਾਹਿਲ ਜ਼ਿਲ੍ਹਾ ਅੰਮ੍ਰਿਤਸਰ ਦੇ ਸਰਪੰਚ ਵਿਰੁੱਧ ਪੜਤਾਲ**

*16 **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ 1996 ਦੇ ਦੂਜੇ ਅੱਧ ਦੇ ਦੌਰਾਨ ਕਿਸੇ ਵਿਧਾਨਕਾਰ ਨੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਅੰਮ੍ਰਿਤਸਰ ਅਤੇ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਪੰਜਾਬ, ਨੂੰ ਪਿੰਡ ਮਾਹਿਲ, ਬਲਾਕ ਵੇਰਕਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ, ਦੇ ਸਰਪੰਚ ਵਿਰੁੱਧ ਭ੍ਰਿਸ਼ਟਾਚਾਰ ਅਤੇ ਗਬਨ ਦੇ ਗੰਭੀਰ ਦੋਸ਼ ਲਗਾਉਂਦੇ ਹੋਏ ਕੋਈ ਪੱਤਰ ਲਿਖਿਆ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਉਕਤ ਦੋਸ਼ਾਂ ਦੀ ਜਾਂਚ-ਪੜਤਾਲ ਕਰਨ ਲਈ ਕੋਈ ਹੁਕਮ ਦਿੱਤਾ ਗਿਆ ਸੀ, ਜੇਕਰ ਅਜਿਹਾ ਹੋਵੇ, ਤਾਂ ਕਿਸ ਤਰੀਕ ਨੂੰ;

(ੲ) ਕੀ ਉਪਰੋਕਤ ਭਾਗ (ਅ) ਵਿਚ ਵਰਣਿਤ ਜਾਂਚ-ਪੜਤਾਲ ਮੁਕੰਮਲ ਕਰ ਲਈ ਗਈ ਹੈ, ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ਅਤੇ ਉਸ ਤੇ ਕੀ ਕਾਰਵਾਈ ਕੀਤੀ ਗਈ, ਜੇਕਰ ਨਹੀਂ, ਤਾਂ ਇਸ ਦੇ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਨਿਰਮਲ ਸਿੰਘ ਕਾਹਲੋਂ** : (ੳ) ਹਾਂ, ਸ੍ਰੀ ਮਾਨ ਜੀ ।

(ਅ) ਅਤੇ (ੲ) ਹਾਂ, ਸ੍ਰੀ ਮਾਨ ਜੀ ।

ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ, ਵਿਭਾਗ ਵੱਲੋਂ ਅਰਧ ਸਰਕਾਰੀ ਪੱਤਰ ਮਿਤੀ 24.12.96 ਰਾਹੀਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਅੰਮ੍ਰਿਤਸਰ ਵੱਲੋਂ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਅੰਮ੍ਰਿਤਸਰ ਨੂੰ ਮਿਤੀ 17-10-96 ਨੂੰ ਦਿੱਤੀ ਗਈ, ਮੁੱਢਲੀ ਪੜਤਾਲ ਮੁਕੰਮਲ ਕਰਨ ਲਈ ਅਤੇ ਰਿਪੋਰਟ ਭੇਜਣ ਲਈ ਹਦਾਇਤ ਕੀਤੀ ਗਈ ਸੀ । ਆਪਣੀ ਰਿਪੋਰਟ ਵਿੱਚ ਪੜਤਾਲੀਆ ਅਫਸਰ ਨੇ ਸਿੱਟਾ ਕੱਢਿਆ

Original with;
Punjab Vidhan Sabha
Digitized by;
Panjab Digital Library

ਹੈ ਕਿ ਭਾਵੇਂ ਸਾਰੇ ਕੰਮ ਉਪਲਬਧ ਫੰਡਾਂ ਨਾਲ ਮੁਕੰਮਲ ਹੋ ਚੁੱਕੇ ਹਨ ਪਰ ਇਹ ਚੰਗੀ ਪੱਧਰ ਦੇ ਨਹੀਂ ਹਨ । ਮੁਢਲੀ ਪੜਤਾਲ ਦੇ ਸਿੱਟਿਆਂ ਦੇ ਆਧਾਰ ਤੇ ਮਿਤੀ 27-2-97 ਨੂੰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਜਲੰਧਰ ਨੂੰ ਰੈਗੂਲਰ ਪੜਤਾਲ ਸੌਂਪੀ ਗਈ ਹੈ ਅਤੇ ਇਸ ਨੂੰ 20 ਦਿਨਾਂ ਅੰਦਰ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ ਹੈ ।

**ਕਾਮਰੇਡ ਅਜੈਬ ਸਿੰਘ ਰੋੜਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਕਿ 17-10-1996 ਨੂੰ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਅੰਮ੍ਰਿਤਸਰ ਰਾਹੀਂ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਅੰਮ੍ਰਿਤਸਰ ਨੂੰ ਪੜਤਾਲ ਸੌਂਪੀ ਗਈ ਸੀ ਅਤੇ ਉਨ੍ਹਾਂ ਨੇ ਆਪਣੀ ਰਿਪੋਰਟ ਵੀ ਦੇ ਦਿੱਤੀ ਹੈ । ਪੜਤਾਲੀਆ ਅਫਸਰ ਨੇ ਆਪਣੀ ਮੁੱਢਲੀ ਰਿਪੋਰਟ ਵਿੱਚ ਸਿੱਟਾ ਕੱਢਿਆ ਹੈ ਕਿ "ਭਾਵੇਂ ਸਾਰੇ ਕੰਮ ਉਪਲਬਧ ਫੰਡਾਂ ਵਿਚ ਮੁਕੰਮਲ ਹੋ ਚੁੱਕੇ ਹਨ ਪਰ ਇਹ ਚੰਗੀ ਪੱਧਰ ਦੇ ਨਹੀਂ ਹਨ ।" ਇਸਦੇ ਵਿਚ ਘਪਲਾ ਹੋਇਆ ਹੈ, ਇਸ ਦੇ ਵਿੱਚ ਮਾੜਾ ਮੈਟੀਰੀਅਲ ਲੱਗਿਆ ਹੈ । ਸਪੀਕਰ ਸਾਹਿਬ, ਇਸਦੇ ਬਾਅਦ ਮੰਤਰੀ ਜੀ ਨੇ ਕਿਹਾ ਹੈ ਕਿ 27-2-1997 ਨੂੰ 5 ਮਹੀਨਿਆਂ ਪਿਛੋਂ ਫਿਰ ਏ. ਡੀ. ਸੀ. (ਵਿਕਾਸ) ਜਲੰਧਰ ਨੂੰ ਪੜਤਾਲ ਸੌਂਪੀ ਗਈ ਹੈ । ਮੈਂ ਜਾਨਣਾ ਚਾਹੁੰਦਾ ਹਾਂ ਕਿ ਇਸ ਮਾਮਲੇ ਨੂੰ ਲਮਕਾਇਆ ਤਾਂ ਨਹੀਂ ਜਾ ਰਿਹਾ ? ਮੰਤਰੀ ਜੀ ਇਸ ਬਾਰੇ ਜਵਾਬ ਦੇਣ ।

**ਮੰਤਰੀ** : ਸਪੀਕਰ ਸਾਹਿਬ, 27-2-1997 ਨੂੰ ਏ. ਡੀ. ਸੀ. ਜਲੰਧਰ ਨੂੰ ਰੈਗੂਲਰ ਪੜਤਾਲ ਸੌਂਪੀ ਗਈ ਹੈ, ਕੇਸ ਲਮਕਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ । ਅਸੀਂ ਕੇਵਲ 20 ਦਿਨ ਪੜਤਾਲ ਲਈ ਦਿੱਤੇ ਹਨ, 13 ਦਿਨ ਬੀਤ ਚੁੱਕੇ ਹਨ ਅਤੇ ਕੇਵਲ 7 ਦਿਨ ਬਾਕੀ ਰਹਿੰਦੇ ਹਨ । 7 ਦਿਨ ਉਡੀਕ ਵਾਸਤੇ ਇਸ ਕਰਕੇ ਰੱਖੇ ਹਨ ਕਿਉਂਕਿ ਸਪੈਸੀਫਿਕ ਗਬਨ ਦੇ ਤੱਥ ਸਾਹਮਣੇ ਨਹੀਂ ਆਏ । ਉਚ ਪੱਧਰ ਦਾ ਕੰਮ ਨਹੀਂ ਹੋਇਆ ਹੈ, ਇਹ ਰਿਪੋਰਟ ਆਈ ਹੈ ਪਰ ਕੁਝ ਮਾਮਲਿਆਂ ਬਾਰੇ ਅਜੇ ਰਿਪੋਰਟ ਨਹੀਂ ਹੋ ਸਕੀ ਕਿਉਂਕਿ ਇਸ ਵਿਚ ਪੀਲੇ ਕਾਰਡਾਂ ਦੀ ਗੱਲ ਆਈ ਸੀ, ਆਟੇ-ਦਾਲ ਦੀ ਗੱਲ ਆਈ ਸੀ । ਕੁੱਲ 7 ਦਿਨ ਰਹਿ ਗਏ ਹਨ ਅਤੇ ਅਸੀਂ ਇਸ ਨੂੰ ਸਪੈਸੀਫਿਕਲੀ ਟਾਈਮ ਬਾਊਂਡ ਕੀਤਾ ਹੈ । ਜੋ ਪਹਿਲਾਂ 5 ਮਹੀਨੇ ਗੁਜ਼ਰ ਚੁੱਕੇ ਹਨ ਤਾਂ ਅਸੀਂ ਤਾਂ ਹੁਣ ਕੇਵਲ 20 ਦਿਨ ਹੀ ਪੜਤਾਲ ਲਈ ਦਿੱਤੇ ਹਨ ।

**ਕਾਮਰੇਡ ਅਜੈਬ ਸਿੰਘ ਰੋੜਾ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਕ ਐਮ. ਐਲ. ਏ. ਵਲੋਂ ਇਸ ਗੱਲ ਬਾਰੇ ਲਿਖ ਕੇ ਭੇਜਿਆ ਗਿਆ ਅਤੇ ਮਨਿਸਟਰ ਸਾਹਿਬ ਨੇ ਹੁਣ ਕਿਹਾ ਹੈ ਕਿ ਕੇਵਲ 20 ਦਿਨ ਪੜਤਾਲ ਲਈ ਦਿੱਤੇ ਗਏ ਹਨ, ਮੈਂ ਇਸ ਦੇ ਨਾਲ ਸਹਿਮਤ ਹਾਂ । ਸਰਕਾਰ ਇਹ ਵਚਨਬੱਧਤਾ ਦੁਹਰਾਉਂਦੀ ਹੈ ਕਿ ਭ੍ਰਿਸ਼ਟਾਚਾਰ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ 7 ਦਿਨਾਂ ਬਾਅਦ ਰਿਪੋਰਟ ਆਉਣ ਤੇ ਕੀ ਦੋਸ਼ੀਆਂ ਵਿਰੁੱਧ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਜੈਬ ਸਿੰਘ ਰੌਂਤਾ]

ਕਾਰਵਾਈ ਕੀਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਸਦਨ ਨੂੰ ਯਕੀਨ ਦਿਵਾਉਂਦਾ ਹਾਂ ਕਿ 20 ਦਿਨਾਂ ਬਾਅਦ ਜਦੋਂ ਭ੍ਰਿਸ਼ਟਾਚਾਰ ਬਾਰੇ ਦੋਸ਼ ਸਾਹਮਣੇ ਆ ਜਾਵੇਗਾ ਤਾਂ ਦੋਸ਼ੀਆਂ ਵਿਰੁੱਧ ਐਕਸ਼ਨ ਜ਼ਰੂਰ ਲਿਆ ਜਾਵੇਗਾ ।

---

## ਜੁਡੀਸ਼ੀਅਲ ਇਨਕੁਆਰੀ ਕਮਿਸ਼ਨ ਸਥਾਪਤ ਕਰਨਾ

*8 **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਰਾਜ ਵਿਚ ਅੱਤਵਾਦ ਦੇ ਕਾਰਨਾਂ ਦੀ ਜਾਂਚ-ਪੜਤਾਲ ਕਰਨ ਲਈ ਕੋਈ ਜੁਡੀਸ਼ੀਅਲ ਇਨਕੁਆਰੀ ਕਮਿਸ਼ਨ ਸਥਾਪਿਤ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ, ਤਾਂ ਉਕਤ ਕਮਿਸ਼ਨ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਦਾ ਜਿਹੜਾ ਘੱਟ ਤੋਂ ਘੱਟ ਪ੍ਰੋਗਰਾਮ ਹੈ, ਉਸ ਦੇ ਵਿਚ ਵੀ ਜੁਡੀਸ਼ੀਅਲ ਇਨਕੁਆਰੀ ਕਮਿਸ਼ਨ ਬਾਰੇ ਅਨਾਊਸਮੈਂਟ ਕੀਤੀ ਗਈ ਸੀ ਅਤੇ ਚੋਣਾਂ ਦੇ ਦੌਰਾਨ ਵੀ ਇਸ ਬਾਰੇ ਕਮਿਟਮੈਂਟ ਕੀਤੀ ਗਈ ਸੀ । ਅਖਬਾਰਾਂ ਵਿੱਚ ਵੀ ਆਉਂਦਾ ਰਿਹਾ ਹੈ ਪਰ ਗਵਰਨਰ ਐਡਰੈਸ ਵਿੱਚ ਇਸ ਦਾ ਕੋਈ ਜ਼ਿਕਰ ਨਹੀਂ । ਮੈਂ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਵੱਲੋਂ ਖੁਦ ਵੀ ਪਹਿਲਾਂ ਇਸ ਦੀ ਮੰਗ ਕੀਤੀ ਜਾਂਦੀ ਰਹੀ ਹੈ । ਟਰੇਜ਼ਰੀ ਬੈਂਚਿਜ਼ ਵੱਲੋਂ ਵੀ ਇਸ ਬਾਰੇ ਬੋਲਿਆ ਗਿਆ ਹੈ । ਮੁੱਖ ਮੰਤਰੀ ਜੀ ਨੇ ਉੱਤਰ ਦਿੱਤਾ ਹੈ ਕਿ ਮਾਮਲਾ ਵਿਚਾਰ ਅਧੀਨ ਹੈ । ਵਿਚਾਰ ਅਧੀਨ ਮਾਮਲਾ ਤਾਂ ਲਮਕਾ ਅਵਸਥਾ ਵਾਲਾ ਹੀ ਹੁੰਦਾ ਹੈ । ਮੁੱਖ ਮੰਤਰੀ ਜੀ ਖੁਦ ਇਹ ਮੰਗ ਕਰਦੇ ਰਹੇ ਹਨ ਅਤੇ ਹੁਣ ਇਨ੍ਹਾਂ ਨੇ ਕਿਹਾ ਹੈ ਕਿ ਮਾਮਲਾ ਵਿਚਾਰ ਅਧੀਨ ਹੈ । ਸਦਨ ਨੂੰ ਮੁੱਖ ਮੰਤਰੀ ਜੀ ਭਰੋਸਾ ਦਿਵਾਉਣ ਕਿ ਕਦੋਂ ਤੱਕ ਇਹ ਕਮਿਸ਼ਨ ਬਣਾ ਦਿੱਤਾ ਜਾਵੇਗਾ ਤਾਂ ਕਿ ਜੋ ਚੀਜ਼ ਵਾਰ-ਵਾਰ ਚਰਚਾ ਦਾ ਵਿਸ਼ਾ ਬਣਦੀ ਰਹੀ ਹੈ, ਉਸ ਦੀ ਨਿਰਪੱਖ ਪੜਤਾਲ ਹੋ ਸਕੇ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਹਰ ਮਾਮਲੇ ਤੇ ਬੜੀ ਗੰਭੀਰਤਾ ਨਾਲ ਵਿਚਾਰ ਕਰਨੀ ਪੈਂਦੀ ਹੈ । ਮੈਂ ਕਿਹਾ ਹੈ ਕਿ ਮਾਮਲੇ ਨੂੰ ਵਿਚਾਰਿਆ ਜਾਵੇਗਾ ਔਰ ਜਿਹੜੀ

Original with;
Punjab Vidhan Sabha
Digitized by;
Panjab Digital Library

ਕੀ ਗੱਲ ਸਟੇਟ ਦੇ ਇੰਟਰੈਸਟ ਵਿੱਚ ਹੋਵੇਗੀ, ਉਸ ਤੇ ਨਿਰਣਾ ਲੈ ਲਿਆ ਜਾਵੇਗਾ ।

**श्रीमती लक्ष्मी कांता चावला** : धन्यवाद, अध्यक्ष महोदय । सरकार न्यायिक आयोग बनाने का विचार रखती है । मेरा मुख्य मन्त्री जी से प्रश्न है कि क्या सरकार इस तारीख को फिक्स करेगी कि आतंकवाद कब शुरु हुआ और कब खत्म हुआ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਪਹਿਲਾ ਤਾਂ ਇਹ ਵਿਚਾਰ ਹੋ ਰਹੀ ਹੈ ਕਿ ਇਹ ਕਮਿਸ਼ਨ ਬਣਾਉਣਾ ਚਾਹੀਦਾ ਹੈ ਜਾਂ ਨਹੀਂ । ਜਦੋਂ ਇਸ ਗੱਲ ਤੇ ਵਿਚਾਰ ਹੋ ਗਈ ਕਿ ਇਹ ਬਣਾਉਣਾ ਚਾਹੀਦਾ ਹੈ ਤਾਂ ਹੀ ਅੱਗੇ ਸਟੈਪ ਚੁੱਕੇ ਜਾਣਗੇ ।

---

## ਸ਼ੂਗਰ ਮਿੱਲ, ਦਸੂਹਾ ਦਾ ਨਿਜੀਕਰਣ

*28 **ਸ਼੍ਰੀ ਰਮੇਸ਼ ਚੰਦਰ ਡੋਗਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

(ੳ) ਕੀ ਇਹ ਠੀਕ ਹੈ ਕਿ ਸ਼ੂਗਰ ਮਿੱਲ, ਦਸੂਹਾ ਜਿਸਦਾ ਕਿ ਨਿਜੀਕਰਣ ਕੀਤਾ ਗਿਆ ਹੈ, ਇਸ ਵੇਲੇ ਬੰਦ ਪਈ ਹੈ, ਜੇਕਰ ਅਜਿਹਾ ਹੈ, ਤਾਂ ਇਸ ਦੇ ਕੀ ਕਾਰਣ ਹਨ ਅਤੇ ਇਸ ਨੂੰ ਚਾਲੂ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮਿੱਲ ਕਿਨ੍ਹਾਂ ਕਾਰਣਾਂ ਕਰਕੇ ਪੀ. ਐਸ. ਆਈ. ਡੀ. ਸੀ. ਤੋਂ ਨਿਜੀ ਮਾਲਕ ਨੂੰ ਤਬਦੀਲ ਕੀਤੀ ਗਈ ਹੈ ਅਤੇ ਪੀ.ਐਸ.ਆਈ.ਡੀ.ਸੀ. ਨੂੰ ਨਿਜੀ ਮਾਲਕ ਤੋਂ ਕਿੰਨੀ ਰਕਮ ਹਾਸਲ ਹੋਈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਇਹ ਸਹੀ ਹੈ ਕਿ ਸ਼ੂਗਰ ਮਿੱਲ ਦਸੂਹਾ ਇਸ ਸਮੇਂ ਬੰਦ ਪਈ ਹੈ । ਇਹ ਮਿੱਲ ਪੀ. ਐਸ. ਆਈ. ਡੀ. ਸੀ. ਨੇ ਸਟੇਟ ਫਾਈਨੈਂਸ਼ਲ ਕਾਰਪੋਰੇਸ਼ਨ ਐਕਟ ਦੀ ਧਾਰਾ 29 ਦੇ ਅਧੀਨ ਕਬਜ਼ੇ ਵਿਚ ਲੈ ਲਈ ਹੈ ਅਤੇ ਅੱਗੇ ਕਾਰਵਾਈ ਕਰਨ ਤੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸਟੇਅ ਜਾਰੀ ਕੀਤੀ ਹੋਈ ਹੈ । ਸਟੇਅ ਨੂੰ ਖਤਮ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਅਰਜ਼ੀ ਦਾਇਰ ਕੀਤੀ ਗਈ ਹੈ ।

(ਅ) ਉਕਤ ਮਿੱਲ ਪੀ. ਐਸ. ਆਈ. ਡੀ. ਸੀ. ਦੁਆਰਾ ਨਿੱਜੀ ਉਦਮੀ ਨੂੰ ਸਹਾਇਕ ਖੇਤਰ ਵਿਚ ਲਗਾਉਣ ਲਈ ਕੁੱਲ 13.65 ਕਰੋੜ ਵਿੱਚ ਦਿੱਤੀ ਗਈ ਸੀ । ਇਹ ਰਕਮ ਅਜੇ ਨਿੱਜੀ ਉਦਮੀ ਤੋਂ ਪ੍ਰਾਪਤ ਹੋਣੀ ਹੈ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਰਮੇਸ਼ ਚੰਦਰ ਡੋਗਰਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀ ਕੀ ਵਜ੍ਹਾ ਸੀ ਕਿ ਮਿੱਲ ਸਹਿਕਾਰੀ ਸੈਕਟਰ ਵਿੱਚ ਸ਼ੁਰੂ ਕੀਤੀ ਗਈ ? ਇਸ ਮਿੱਲ ਤੇ ਤਕਰੀਬਨ 12 ਕਰੋੜ ਰੁਪਏ ਖਰਚ ਹੋ ਚੁੱਕੇ ਹਨ । ਇਸ ਦਾ ਕੀ ਕਾਰਨ ਸੀ ਕਿ ਇਸ ਮਿਲ ਵਿਚ ਪੀ. ਐਸ. ਆਈ. ਡੀ. ਸੀ. ਰਾਹੀਂ ਕਿਸੀ ਬਾਹਰਲੇ ਵਿਅਕਤੀ ਨੂੰ ਸ਼ਾਮਲ ਕਰਨਾ ਪਿਆ ਅਤੇ ਜਿਸ ਤਰ੍ਹਾਂ ਸਵਾਲ ਦੇ ਜਵਾਬ ਤੋਂ ਮਹਿਸੂਸ ਹੁੰਦਾ ਹੈ, ਉਸ ਨੇ ਇੱਕ ਵੀ ਪੈਸਾ ਮਿੱਲ ਚਲਾਉਣ ਵਾਸਤੇ ਨਹੀਂ ਲਗਾਇਆ । ਕਿਰਪਾ ਕਰਕੇ ਇਸ ਦਾ ਜਵਾਬ ਦਿੱਤਾ ਜਾਵੇ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਦਸੂਹਾ ਮਿੱਲ ਵਿੱਚ ਬਹੁਤ ਵੱਡਾ ਫਰਾਡ ਹੋਇਆ ਹੈ । ਬੜੇ ਦੁੱਖ ਦੀ ਗੱਲ ਹੈ ਕਿ 13 ਕਰੋੜ ਰੁਪਏ ਤੋਂ ਵੱਧ ਦੀ ਮਿੱਲ ਇੱਕ ਵੀ ਪੈਸਾ ਲਏ ਬਿਨਾਂ ਪ੍ਰਾਈਵੇਟ ਉਦਮੀ ਨੂੰ ਦਿੱਤੀ ਗਈ । ਇਸ ਦੀ ਇਨਕੁਆਰੀ ਵਾਸਤੇ ਮੈਂ ਸੈਕ੍ਰੇਟਰੀ, ਇੰਡਸਟਰੀ ਨੂੰ ਕਹਿ ਦਿੱਤਾ ਹੈ । ਥੋੜ੍ਹੇ ਦਿਨਾਂ ਵਿੱਚ ਰਿਪੋਰਟ ਆ ਜਾਵੇਗੀ ਅਤੇ ਫਿਰ ਉਸ ਤੇ ਪੂਰਾ ਐਕਸ਼ਨ ਹੋਵੇਗਾ । ਜਿਸ ਤਰ੍ਹਾਂ ਇਹ ਮਿੱਲ ਦਿੱਤੀ ਗਈ ਹੈ, ਸਪੀਕਰ ਸਾਹਿਬ, ਇਸ ਤਰ੍ਹਾਂ ਤਾਂ ਇਹ ਪੰਜਾਬ ਦਾ ਖਜ਼ਾਨਾ ਲੁੱਟਣ ਵਾਲੀ ਗੱਲ ਕੀਤੀ ਗਈ ਹੈ । (ਥੰਪਿੰਗ)

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਇਸ ਮਿੱਲ ਦਾ ਨਿੱਜੀਕਰਣ ਕਰਨ ਵਿੱਚ ਪੁਰਾਣੇ ਵਿੱਤ ਮੰਤਰੀ ਨੂੰ ਚੋਖੀ ਰਕਮ ਹਾਸਲ ਹੋਈ ਹੈ । ਕੀ ਇਸ ਸਬੰਧੀ ਸਰਕਾਰ ਇਨਕੁਆਰੀ ਕਰਵਾਏਗੀ ਕਿਉਂਕਿ ਪੁਰਾਣਾ ਵਿੱਤ ਮੰਤਰੀ ਵੀ ਇਸ ਵਿੱਚ ਇਨਵਾਲਵਡ ਸੀ ?

**Mr. Speaker** : He is not present in the House.

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਨਾਂ ਨਹੀਂ ਲਿਆ । ਮੈਂ ਤਾਂ ਕਿਹਾ ਹੈ ਕਿ ਪੁਰਾਣਾ ਵਿੱਤ ਮੰਤਰੀ ਇਸ ਘਪਲੇ ਵਿੱਚ ਪੂਰੀ ਤਰ੍ਹਾਂ ਸ਼ਾਮਿਲ ਸੀ ਕਿ ਇਸ ਮਿੱਲ ਦਾ ਨਿੱਜੀਕਰਣ ਕੀਤਾ ਜਾਵੇ । ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਬੰਧੀ ਪਿਛਲੇ ਖਜ਼ਾਨਾ ਮੰਤਰੀ ਦੀ ਇਨਕੁਆਰੀ ਕੀਤੀ ਜਾਵੇਗੀ ਕਿ ਉਸ ਨੇ ਵੀ ਪੈਸਾ ਲਿਆ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਬਹੁਤ ਵੱਡਾ ਫਰਾਡ ਹੈ । ਇਹ ਗੱਲ ਮੈਂ ਪਹਿਲਾਂ ਵੀ ਕਹੀ ਹੈ ਔਰ ਮੈਂ ਇਸ ਨੂੰ ਦੁਬਾਰਾ ਦੁਹਰਾਉਣਾ ਨਹੀਂ ਚਾਹੁੰਦਾ । ਇਸ ਦੀ ਲੋੜ ਨਹੀਂ । ਪਰ ਇਸ ਵਿੱਚ ਇਹੋ ਜਿਹੀਆਂ ਗੱਲਾਂ ਹੋਈਆਂ ਕਿ ਇੱਕ ਵੀ ਪੈਸਾ ਲਏ ਬਿਨਾ ਇਹ ਮਿੱਲ ਕਿਸੀ ਆਦਮੀ ਨੂੰ ਦਿੱਤੀ ਗਈ । ਇਕ ਵੀ ਪੈਸੇ ਦੀ ਬਰਾਮਦਗੀ ਨਹੀਂ ਹੋਈ । ਇਸ ਦੇ ਬਾਰੇ ਇਨਕੁਆਰੀ ਕਰਵਾਈ ਜਾਵੇਗੀ ਕਿ ਇਸ ਵਿਚ ਕੌਣ-ਕੌਣ ਜ਼ਿੰਮੇਵਾਰ ਹੈ ਅਤੇ ਇਸ ਫਰਾਡ ਵਿੱਚ ਕਿਸ ਕਿਸ ਦਾ ਹੱਥ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬ ਔਰ ਹਾਊਸ ਨੂੰ ਇਹ ਵਿਸ਼ਵਾਸ

Original with;
Punjab Vidhan Sabha
Digitized by;
Panjab Digital Library

ਦਿਵਾਉਂਦਾ ਹਾਂ ਕਿ ਜਿਹੜਾ ਵੀ ਇਸ ਵਿੱਚ ਦੋਸ਼ੀ ਹੋਵੇਗਾ, ਉਸ ਤੇ ਸਖਤ ਤੋਂ ਸਖਤ ਸਜ਼ਾ ਲਗਾਈ ਜਾਵੇਗੀ ।

**ਚੌਧਰੀ ਮੋਹਨ ਲਾਲ ਬਹਿਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਫਗਵਾੜਾ ਸ਼ੂਗਰ ਮਿਲ ਜਿਹੜੀ 49.32 ਰੁਪਏ ਕੁਇੰਟਲ ਦੇ ਹਿਸਾਬ ਨਾਲ ਗੰਨਾ ਇਸ ਵਾਰੀ ਖਰੀਦ ਰਹੀ ਹੈ, ਵਿਰੁੱਧ ਪਿਛਲੀ ਵਾਰੀ ਕੇਨ ਕਮਿਸ਼ਨਰ, ਪੰਜਾਬ ਕੋਲ ਕੇਸ ਵੀ ਦਰਜ ਕਰਵਾਇਆ ਗਿਆ ਸੀ ਅਤੇ ਕਿਸਾਨਾਂ ਦਾ ਪਿਛਲੀ ਵਾਰੀ ਦਾ ਕਰੋੜਾਂ ਰੁਪਿਆ ਬਕਾਇਆ ਵੀ ਪਿਆ ਹੈ । 25—30 ਕੁਇੰਟਲ ਗੰਨੇ ਦੇ ਉਪਰ ਕਟੌਤੀ ਵੀ ਲਗਾਈ ਜਾ ਰਹੀ ਹੈ । ਕੀ ਕਿਸਾਨਾਂ ਨੂੰ ਪੂਰਾ ਮੁੱਲ ਦਿਵਾਇਆ ਜਾਵੇਗਾ ਅਤੇ ਕਰੋੜਾਂ ਰੁਪਿਆ ਜੋ ਬਕਾਇਆ ਹੈ ਅਤੇ ਫਗਵਾੜਾ ਸਿਟੀ ਥਾਣੇ ਵਿੱਚ ਜੋ ਐਫ. ਆਈ. ਆਰ. ਦਰਜ ਹੋਈ ਹੈ.......

**ਸ੍ਰੀ ਸਪੀਕਰ** : ਤੁਸੀਂ ਤਾਂ ਲੈਕਚਰ ਕਰ ਰਹੇ ਹੋ । ਇਹ ਕੋਈ ਸਪਲੀਮੈਂਟਰੀ ਨਹੀਂ ਹੈ ।

**ਸ੍ਰੀ ਰਮੇਸ਼ ਚੰਦਰ ਡੋਗਰਾ** : ਸਪੀਕਰ ਸਾਹਿਬ, ਮੇਰਾ ਸਵਾਲ ਹੈ, ਮੈਨੂੰ ਸਪਲੀ-ਮੈਂਟਰੀ ਪੁੱਛਣ ਦਿਓ ।

**ਸ੍ਰੀ ਸਪੀਕਰ** : ਚਲੋ ਪੁੱਛੋ ਜੀ ।

**ਸ੍ਰੀ ਰਮੇਸ਼ ਚੰਦਰ ਡੋਗਰਾ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਬਾਰੇ ਪਰੋਬ ਕਰਵਾਈ ਜਾਵੇਗੀ । ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਦਸੂਹਾ ਦੇ ਕਿਸਾਨਾਂ ਨੇ ਪਿਛਲੇ ਸਮੇਂ ਵਿੱਚ ਵੀ ਸਫਰ ਕੀਤਾ ਹੈ ਅਤੇ ਅੱਜ ਜਿਤਨਾ ਗੰਨਾ ਖੜ੍ਹਾ ਹੈ, ਮਿੱਲ ਵਾਲੇ ਉਸ ਨੂੰ ਲੈ ਨਹੀਂ ਰਹੇ ਅਤੇ ਨਾ ਹੀ ਪਿਛਲਾ ਬਕਾਇਆ ਦਿੱਤਾ ਹੈ । ਅੱਜ ਫੀਲਡ ਵਿੱਚ ਗੰਨਾ ਖੜ੍ਹਾ ਹੈ. ਉਸ ਗੰਨੇ ਨੂੰ ਮੁਕੇਰੀਆਂ ਸ਼ੂਗਰ ਮਿੱਲ ਲਵੇ । ਇਸ ਨਾਲ ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ । ਕੀ ਮੁੱਖ ਮੰਤਰੀ ਭਰੋਸਾ ਦੇਣਗੇ ਕਿ ਜੋ ਗੰਨਾ ਫੀਲਡ ਵਿੱਚ ਖੜ੍ਹਾ ਹੈ, ਉਹ ਗੰਨਾ ਮੁਕੇਰੀਆਂ ਸ਼ੂਗਰ ਮਿੱਲ ਨੂੰ ਦੇਣ ਦੇ ਉਪਰਾਲੇ ਕੀਤੇ ਜਾਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਸਿਲਸਿਲੇ ਵਿੱਚ ਉਪਰਾਲੇ ਆਰੰਭ ਹੋ ਚੁੱਕੇ ਹਨ ਅਤੇ ਮੈਨੂੰ ਪੂਰਾ ਯਕੀਨ ਹੈ ਕਿ ਜੋ ਕਿਸਾਨਾਂ ਦਾ ਗੰਨਾ ਖੜ੍ਹਾ ਹੈ, ਉਸ ਗੰਨੇ ਨੂੰ ਪੀੜਿਆ ਜਾਵੇਗਾ । ਵੱਖ ਵੱਖ ਮਿੱਲਾਂ ਨੂੰ ਹਦਾਇਤਾਂ ਦੇ ਚੁੱਕੇ ਹਾਂ ਅਤੇ ਇਸ ਬਾਰੇ ਪੂਰੀ ਪਲੈਨ ਕਰਕੇ ਬੰਦੋਬਸਤ ਕਰ ਲਿਆ ਹੈ ਕਿ ਭਾਵੇਂ ਕਿੰਨਾ ਵੀ ਲੰਬਾ ਅਰਸਾ ਮਿੱਲਾਂ ਚੱਲਣ, ਕਿਸਾਨਾਂ ਦਾ ਸਾਰਾ ਗੰਨਾ ਪੀੜਿਆ ਜਾਵੇਗਾ । (ਥੰਪਿੰਗ)

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਕਿ ਜੋ ਇਨ੍ਹਾਂ ਨੇ ਐਸ਼ੋਅਰ ਕਰਵਾਇਆ ਹੈ ਕਿ ਇਨਕੁਆਰੀ ਕਰਵਾਈ ਜਾਵੇਗੀ ਅਤੇ ਭਾਵੇਂ ਕੋਈ ਵੀ ਹੋਵੇ, ਉਸ ਨੂੰ ਸਜ਼ਾ ਦਿੱਤੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਜਾਵੇਗੀ। ਪਰ ਜਿਸ ਤਰ੍ਹਾਂ 13 ਕਰੋੜ ਰੁਪਏ ਵਿੱਚ ਦਸੂਹਾ ਸ਼ੂਗਰ ਮਿੱਲ ਵੇਚੀ ਗਈ, ਇਸੇ ਤਰ੍ਹਾਂ ਕੋਆਪ੍ਰੇਟਿਵ ਸੈਕਟਰ ਦੀ ਸਪਿਨਿੰਗ ਮਿੱਲ ਜੋ ਵੇਚੀ ਗਈ ਹੈ, ਉਸ ਨੂੰ ਵੀ ਵਿੱਚ ਸ਼ਾਮਲ ਕਰ ਲਿਆ ਜਾਵੇ। ਮੈਂ ਸਟੇਟ ਦੇ ਕਿਸੇ ਅਫਸਰ ਤੇ ਡਾਊਟ ਨਹੀਂ ਕਰਦਾ ਕਿ ਉਹ ਪੂਰੀ ਇਨਕੁਆਇਰੀ ਨਹੀਂ ਕਰਨਗੇ ਪਰ ਇਸ ਮਾਮਲੇ ਵਿੱਚ ਗੰਭੀਰਤਾ ਦਾ ਸਵਾਲ ਹੈ ਅਤੇ ਉਸ ਗੰਭੀਰਤਾ ਨੂੰ ਦੇਖਦੇ ਹੋਏ ਇਹ ਇਸ ਹਾਊਸ ਵਿੱਚ ਵਿਸ਼ਵਾਸ ਦਿਵਾਉਣ ਕਿ ਇਹ ਮਾਮਲਾ ਸਟੇਟ ਦੇ ਕਿਸੇ ਅਫਸਰ ਨੂੰ ਸੌਂਪਣ ਦੀ ਬਜਾਏ ਸੀ.ਬੀ. ਆਈ. ਨੂੰ ਦਿੱਤਾ ਜਾਵੇਗਾ।

**ਸ਼੍ਰੀ ਸਪੀਕਰ**: ਇਹ ਕੋਈ ਸਪਲੀਮੈਂਟਰੀ ਨਹੀਂ ਹੈ। ਤੁਸੀਂ ਜਨਰਲ ਪੁੱਛਿਆ ਹੈ। ਜੇਕਰ ਇਸ ਮਿੱਲ ਬਾਰੇ ਪੁੱਛਿਆ ਹੁੰਦਾ ਤਾਂ ਮੈਂ ਜ਼ਰੂਰ ਅਲਾਉ ਕਰਦਾ।

---

**ਸ਼ੂਗਰ ਮਿੱਲ, ਦਸੂਹਾ ਵੱਲ ਕਿਸਾਨਾਂ ਦੀਆਂ ਬਕਾਇਆ ਅਦਾਇਗੀਆਂ**

*27. **ਸ਼੍ਰੀ ਰਮੇਸ਼ ਚੰਦਰ ਡੋਗਰਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ਼ੂਗਰ ਮਿੱਲ, ਦਸੂਹਾ ਵੱਲ ਕਿਸਾਨਾਂ ਦੀਆ ਕੁਝ ਅਦਾਇਗੀਆਂ ਬਕਾਇਆ ਹਨ; ਜੇਕਰ ਅਜਿਹਾ ਹੈ, ਤਾਂ ਕੁਲ ਕਿੰਨੀ ਰਕਮ ਬਕਾਇਆ ਹੈ ਅਤੇ ਉਸ ਦੇ ਭੁਗਤਾਨ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ?

**ਸਰਦਾਰ ਗੁਰਦੇਵ ਸਿੰਘ ਬਾਦਲ**(ਖੇਤੀਬਾੜੀ ਮੰਤਰੀ): ਜੀ ਹਾਂ। ਖੰਡ ਮਿੱਲ ਦਸੂਹਾ ਵੱਲੋਂ ਕਿਸਾਨਾਂ ਨੂੰ 11.89 ਕਰੋੜ ਰੁਪਏ ਦੀ ਰਕਮ ਗੰਨੇ ਦੀ ਕੀਮਤ ਵਜੋਂ ਦੇਣੀ ਬਾਕੀ ਹੈ। ਇਸ ਖੰਡ ਮਿੱਲ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਅਤੇ ਦਿੱਲੀ ਹਾਈ ਕੋਰਟ ਵਿਚ ਕੇਸ ਚੱਲ ਰਹੇ ਹਨ। ਸਰਕਾਰ ਇਨ੍ਹਾਂ ਕੇਸਾਂ ਦੀ ਲੋੜੀਂਦੀ ਪੈਰਵਾਈ ਕਰ ਰਹੀ ਹੈ।

ਦਸੂਹਾ ਖੰਡ ਮਿੱਲ ਨੇ ਬਾਰਡਰ ਦੇ ਖੇਤਰ ਦੇ ਗੰਨੇ ਦਾ ਸਾਲ 1994-95 ਅਤੇ 1995-96 ਦੌਰਾਨ ਪਿੜਾਈ ਦਾ ਕੰਮ ਕੀਤਾ ਹੈ। ਇਸ ਖੰਡ ਮਿੱਲ ਵੱਲੋਂ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ, ਚੰਡੀਗੜ੍ਹ ਦਾ ਕਰਜ਼ਾ ਨਾ ਮੋੜਨ ਕਾਰਨ, ਉਨ੍ਹਾਂ ਵੱਲੋਂ ਇਸ ਖੰਡ ਮਿੱਲ ਨੂੰ 17 ਜੁਲਾਈ, 1996 ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਗਿਆ ਹੈ। ਖੰਡ ਮਿੱਲ ਦਸੂਹਾ ਵੱਲੋਂ ਸਾਲ 1995-96 ਦੌਰਾਨ ਲਗਭਗ 19 ਲੱਖ 29 ਹਜ਼ਾਰ ਕੁਇੰਟਲ ਗੰਨਾ ਖਰੀਦਿਆ ਗਿਆ, ਜਿਸ ਦੀ ਕੁੱਲ ਰਕਮ 14 ਕਰੋੜ 66 ਲੱਖ ਰੁਪਏ ਬਣਦੀ ਹੈ। ਇਸ ਵਿੱਚੋਂ 2 ਕਰੋੜ 77 ਲੱਖ ਰੁਪਏ ਦੀ ਅਦਾਇਗੀ ਗੰਨਾ ਕਾਸ਼ਤਕਾਰਾਂ ਨੂੰ ਕੀਤੀ ਜਾ ਚੁੱਕੀ ਹੈ। ਹੁਣ ਖੰਡ ਮਿੱਲ ਵੱਲੋਂ 11 ਕਰੋੜ 89 ਲੱਖ ਰੁਪਏ ਗੰਨਾ ਕਾਸ਼ਤਕਾਰਾਂ ਨੂੰ ਦੇਣੇ ਬਾਕੀ ਹਨ। ਇਸ ਖੰਡ ਮਿੱਲ ਦਾ ਕੇਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਦਿੱਲੀ ਹਾਈ ਕੋਰਟ ਵਿੱਚ ਚੱਲ ਰਿਹਾ ਹੈ। ਹਾਈ ਕੋਰਟ ਦੇ ਆਦੇਸ਼ ਅਨੁਸਾਰ ਉਸ ਖੰਡ ਮਿੱਲ ਦੇ ਤਕਰੀਬਨ

Original with;
Punjab Vidhan Sabha
Digitized by;
Panjab Digital Library

65 ਹਜ਼ਾਰ ਕੁਇੰਟਲ ਖੰਡ ਦੇ ਭੰਡਾਰ ਨੂੰ ਨਿਲਾਮੀ ਰਾਹੀਂ ਵੇਚ ਦਿੱਤਾ ਗਿਆ ਹੈ। 7 ਕਰੋੜ 80 ਲੱਖ ਰੁਪਏ ਦੀ ਰਕਮ ਹਾਈ ਕੋਰਟ ਵਿੱਚ ਜਮ੍ਹਾਂ ਹੈ। ਜਿੰਨੀ ਦੇਰ ਤੱਕ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇਸ ਮਿੱਲ ਦੇ ਸਬੰਧ ਵਿੱਚ ਕੋਈ ਫੈਸਲਾ ਨਹੀਂ ਦਿੱਤਾ ਜਾਂਦਾ, ਉਤਨੀ ਦੇਰ ਤੱਕ ਸਰਕਾਰ ਵੱਲੋਂ ਕੋਈ ਵੀ ਕਾਰਵਾਈ ਕਰਨਾ ਸੰਭਵ ਨਹੀਂ ਹੈ।

**ਸ੍ਰੀ ਰਮੇਸ਼ ਚੰਦਰ ਡੋਗਰਾ**: ਸਪੀਕਰ ਸਾਹਿਬ, ਜੋ ਮੰਤਰੀ ਜੀ ਨੇ ਜਵਾਬ ਦਿੱਤਾ ਹੈ, ਉਸ ਤੋਂ ਇਹ ਗੱਲ ਸਾਬਤ ਹੁੰਦੀ ਹੈ ਕਿ 7 ਕਰੋੜ 80 ਲੱਖ ਰੁਪਏ ਖੰਡ ਦੀ ਫਰੋਖਤ ਕਰਕੇ ਹਾਈ ਕੋਰਟ ਵਿੱਚ ਜਮ੍ਹਾਂ ਕਰਵਾਏ ਗਏ ਹਨ। ਕਿਸਾਨ ਪਿਛਲੇ ਦੋ ਸਾਲਾਂ ਤੋਂ ਬੁਰੀ ਤਰ੍ਹਾਂ ਸਫਰ ਕਰ ਰਹੇ ਹਨ ਜਿਨ੍ਹਾਂ ਨੂੰ ਗੰਨੇ ਦੇ ਪੈਸੇ ਦੀ ਅਦਾਇਗੀ ਨਹੀਂ ਕੀਤੀ ਗਈ। ਮੈਂ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਤਕਲੀਫ ਹੈ ਸਾਨੂੰ ? ਅਸੀਂ ਕਿਉਂ ਨਾ ਮਾਨਯੋਗ ਹਾਈ ਕੋਰਟ ਨੂੰ ਅਪਰੋਚ ਕਰਕੇ ਜਲਦੀ ਕਿਸਾਨਾਂ ਦੇ ਗੰਨੇ ਦੀ ਅਦਾਇਗੀ ਕਰਵਾਉਣ ਲਈ ਪ੍ਰਯਤਨ ਕਰੀਏ ? ਇਹ ਉਪਰਾਲਾ ਕਿੰਨੇ ਦਿਨ ਤੱਕ ਕਰ ਦਿੱਤਾ ਜਾਵੇਗਾ ?

**ਮੰਤਰੀ**: ਬੜੀ ਜਲਦੀ ਹੀ ਕੀਤਾ ਜਾਵੇਗਾ। ਹਾਈ ਕੋਰਟ ਵਿੱਚ ਬਾਦਲ ਸਰਕਾਰ ਕੋਸ਼ਿਸ਼ ਕਰ ਰਹੀ ਹੈ ਕਿ ਕਿਸਾਨਾਂ ਨੂੰ ਛੇਤੀ ਤੋਂ ਛੇਤੀ ਇਨਸਾਫ ਦਿਵਾਇਆ ਜਾਵੇ। ਇਹ ਮਾਮਲਾ ਹਾਈ ਕੋਰਟ ਦਾ ਹੈ।

---

## ਭੱਦੀ –ਰੱਤੇਵਾਲ ਸੜਕ ਦੀ ਉਸਾਰੀ

*23 **ਸ੍ਰੀ ਨੰਦ ਲਾਲ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਹਿਸੀਲ ਬਲਾਚੌਰ, ਜ਼ਿਲ੍ਹਾ ਨਵਾਂ ਸ਼ਹਿਰ, ਵਿਚ ਪਿੰਡ ਭੱਦੀ ਤੋਂ ਰੱਤੇਵਾਲ ਤਕ ਸੜਕ ਉਸਾਰੀ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਹਾਂ ਜੀ, ਇਹ ਸੜਕ 30 ਅਪ੍ਰੈਲ, 1997 ਤੱਕ ਮੁਕੰਮਲ ਕਰ ਦਿੱਤੀ ਜਾਵੇਗੀ।

**ਸ੍ਰੀ ਨੰਦ ਲਾਲ**: ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਸੈਟਿਸਫਾਈਡ ਹਾਂ ਅਤੇ ਬਾਦਲ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

---

## ਪ੍ਰਾਇਮਰੀ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ

*59 **ਸ੍ਰੀ ਸੱਤਿਆ ਪਾਲ ਸੈਣੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

(ੳ) ਤਹਿਸੀਲ ਪਠਾਨਕੋਟ ਦੇ ਧਾਰ ਬਲਾਕ (ਕੰਡੀ ਖੇਤਰ) ਦੇ ਹਰਇਕ ਪ੍ਰਾਇਮਰੀ ਸਕੂਲ ਵਿਚ ਇਸ ਵੇਲੇ ਅਧਿਆਪਕਾਂ ਦੀਆਂ ਕੁੱਲ ਕਿੰਨੀਆਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਸੱਤਿਆ ਪਾਲ ਸੈਣੀ]

ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਖਾਲੀ ਆਸਾਮੀਆਂ ਨੂੰ ਕਦੋਂ ਤੱਕ ਪੂਰੇ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਤਹਿਸੀਲ ਪਠਾਨਕੋਟ ਦੇ ਧਾਰ ਬਲਾਕ (ਕੰਡੀ ਏਰੀਆ) ਦੇ 14 ਪ੍ਰਾਇਮਰੀ ਸਕੂਲਾਂ ਵਿਚ ਜੇ. ਬੀ. ਟੀ. ਟੀਚਰਾਂ ਦੀਆਂ 18 ਆਸਾਮੀਆਂ ਖਾਲੀ ਪਈਆਂ ਹਨ ਜਿਸ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਜੇ. ਬੀ. ਟੀ. ਟੀਚਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਨੂੰ ਪੁਰ ਕਰਨ ਲਈ ਚੋਣ ਦਾ ਕੰਮ ਚਲ ਰਿਹਾ ਹੈ । ਵਿਭਾਗੀ ਚੋਣ ਕਮੇਟੀ ਜਦੋਂ ਚੋਣ ਕਰ ਲਵੇਗੀ ਤਾਂ ਖਾਲੀ ਆਸਾਮੀਆਂ ਭਰ ਦਿੱਤੀਆਂ ਜਾਣਗੀਆਂ ।

**ਖਾਲੀ ਆਸਾਮੀਆਂ ਦੀ ਸੂਚੀ ਧਾਰ ਬਲਾਕ (ਤਹਿਸੀਲ ਪਠਾਨਕੋਟ)**

| ਲੜੀ ਨੰ: | ਸਕੂਲ ਦਾ ਨਾਂ | ਮਨਜ਼ੂਰ ਸ਼ੁਦਾ ਆਸਾਮੀਆਂ ਦੀ ਗਿਣਤੀ | ਭਰੀਆਂ ਹੋਈਆਂ ਆਸਾਮੀਆਂ ਦੀ ਗਿਣਤੀ | ਖਾਲੀ ਆਸਾਮੀਆਂ ਦੀ ਗਿਣਤੀ |
|---|---|---|---|---|
| 1 | 2 | 3 | 4 | 5 |
| 1. | ਸ. ਪ੍ਰ. ਸ. ਗਰਨੋਈ .. | 2 | 1 | 1 |
| 2. | ,, ,, ,, ਸ਼ਾਰਟੀ .. | 2 | – | 2 |
| 3. | ,, ,, ,, ਦਰਬਾਨ .. | 2 | — | 2 |
| 4. | ,, ,, ,, ਪਤਰਾਨਵਾਂ .. | 2 | 1 | 1 |
| 5. | ,, ,, ,, ਬਰੋਹ .. | 2 | — | 2 |
| 6. | ,, ,, ,, ਧਾਰਮੁਦਾਲ .. | 2 | 1 | 1 |
| 7. | ,, ,, ,, ਦਨੇਹਾ .. | 3 | 2 | 1 |
| 8. | ,, ,, ,, ਲਹਿਰੂਨ .. | 2 | 1 | 1 |
| 9. | ,, ,, ,, ਰੋਗ .. | 2 | — | 2 |
| 10. | ,, ,, ,, ਪਨਾਹ . | 2 | 1 | 1 |
| 11. | ,, ,, ,, ਨੰਗੇਰਾ . | 2 | 1 | 1 |
| 12. | ,, ,, ,, ਪਟੋਲੀ .. | 2 | 1 | 1 |
| 13. | ,, ,, ,, ਬਾਰ ਕਲਾਂ .. | 3 | 2 | 1 |
| 14. | ,, ,, ,, ਚੱਕੜ | 2 | 1 | 1 |
| | | 30 | 12 | 18 |

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸੱਤਿਆ ਪਾਲ ਸੈਣੀ** : ਮੈਂ, ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਈ ਸਕੂਲਾਂ ਜਿਵੇਂ ਲੜੀ ਨੰ. 2,3 ਅਤੇ 5 ਵਿਚ ਦੱਸੇ ਗਏ ਸਕੂਲਾਂ ਵਿਚ ਦੋ ਦੋ ਆਸਾਮੀਆਂ ਖਾਲੀ ਦਿੱਤੀਆਂ ਹਨ, ਉਥੇ ਦੋ ਦੋ ਦੋ ਹੀ ਟੀਚਰ ਛੁੱਟੀ ਤੇ ਹਨ। ਸਕੂਲਾਂ ਦੇ ਵਿੱਚ ਟੀਚਰ ਹੈ ਹੀ ਨਹੀਂ । ਮੇਰੀ ਸੂਚਨਾਂ ਦੇ ਅਨੁਸਾਰ ਸਿਰਫ 5 ਸਕੂਲ ਹਨ ਜਿਹੜੇ ਲੱਗ ਰਹੇ ਹਨ, ਬਾਕੀ ਸਭ ਟੀਚਰ ਰਹਿਤ ਹਨ। ਕੀ ਐਸਾ ਕੋਈ ਆਸ਼ਵਾਸਨ ਦਿੱਤਾ ਜਾ ਸਕਦਾ ਹੈ ਕਿ ਉਥੇ ਸਥਾਨਕ ਲੋਕਾਂ ਨੂੰ ਸਥਾਪਿਤ ਕੀਤਾ ਜਾਵੇ . . . .

**ਸ਼੍ਰੀ ਸਪੀਕਰ** : ਤੁਸੀਂ ਸਵਾਲ ਪੁੱਛੋ।

**ਸ਼੍ਰੀ ਸੱਤਿਆ ਪਾਲ ਸੈਣੀ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੋਸਟਾਂ ਖਾਲੀ ਹਨ, ਉਨ੍ਹਾਂ ਦੀ ਭਰਤੀ ਅਤੇ ਨਿਯੁਕਤੀ ਆਉਣ ਵਾਲੇ ਸੈਸ਼ਨ ਤੋਂ ਪਹਿਲਾਂ ਪਹਿਲਾਂ ਕਰ ਦਿੱਤੀ ਜਾਵੇਗੀ ਅਤੇ ਅਗਲੇ ਸਾਲ ਦੇ ਸੈਸ਼ਨ ਵਿੱਚ ਤਾਂ ਸਵਾਲ ਨਹੀਂ ਉਠਾਉਣਾ ਪਵੇਗਾ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਹਜ਼ਾਰਾਂ ਟੀਚਰਜ਼ ਲੱਗੇ ਨਹੀਂ ਔਰ ਸਕੂਲ ਬਗੈਰ ਟੀਚਰਾਂ ਦੇ ਪਏ ਹਨ।

**ਸ਼੍ਰੀ ਸਪੀਕਰ**: ਤੁਸੀਂ ਸਮੁੱਚੇ ਪੰਜਾਬ ਦੀ ਗੱਲ ਕਰਦੇ ਹੋ।

**ਮੁੱਖ ਮੰਤਰੀ**: ਜਿਨ੍ਹਾਂ ਸਕੂਲਾਂ ਬਾਰੇ ਇਨ੍ਹਾਂ ਨੇ ਸਵਾਲ ਪੁੱਛਿਆ ਹੈ, ਉਨ੍ਹਾਂ ਬਾਰੇ ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ 30 ਅਪਰੈਲ, 1997 ਤੱਕ ਇਨ੍ਹਾਂ ਦੇ ਕਿਸੇ ਵੀ ਸਕੂਲ ਦੇ ਵਿੱਚ ਕੋਈ ਅਜਿਹੀ ਥਾਂ ਨਹੀਂ ਹੋਵੇਗੀ ਜਿੱਥੇ ਟੀਚਰ ਨਾ ਹੋਵੇ।

**ਸ਼੍ਰੀ ਸਪੀਕਰ**: ਇਨ੍ਹਾਂ ਦੇ ਸਕੂਲ ਵਿੱਚ ਜਾਂ ਸਾਰੇ ਪੰਜਾਬ ਦੇ ਸਕੂਲਾਂ ਵਿੱਚ ?

**ਮੁੱਖ ਮੰਤਰੀ**: ਇਹ ਸਪੈਸੇਫਿਕ ਕੁਐਸਚਨ ਸੀ । ਮੈਂ ਤੁਹਾਡੇ ਰਾਹੀਂ ਸਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਰੀ ਐਕਸਰਸਾਈਜ਼ ਹੋ ਗਈ ਹੈ । ਹੁਣ ਇਹ ਸਰਕਾਰ ਆ ਗਈ ਹੈ। ਇੱਕ ਵੀ ਪੰਜਾਬ ਦਾ ਸਕੂਲ ਬਿਨਾਂ ਕਿਸੇ ਟੀਚਰ ਤੋਂ ਨਹੀਂ ਰਹੇਗਾ।

**ਸਰਦਾਰ ਤੋਤਾ ਸਿੰਘ**: ਸਪਲੀਮੈਂਟਰੀ ਸਰ। ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਬਹੁਤ ਸਾਰੇ ਸਕੂਲ ਖਾਲੀ ਪਏ ਹਨ। ਉਥੇ ਕੋਈ ਟੀਚਰ ਨਹੀਂ ਹੈ। ਉਥੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। 8ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਦਾ ਇਸ ਵਿੱਚ ਕੋਈ ਕਸੂਰ ਨਹੀਂ। ਕੀ ਉਨ੍ਹਾਂ ਨੂੰ ਇਮਤਿਹਾਨਾਂ ਵਿੱਚ ਬੈਨੀਫਿਟ ਮਿਲੇਗਾ ?

**ਸ਼੍ਰੀ ਸਪੀਕਰ**: ਇਹ ਕੋਈ ਸਪਲੀਮੈਂਟਰੀ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਿਰਥਲ ਵਿੱਚ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ

*58 **ਸ਼੍ਰੀ ਸੱਤਿਆ ਪਾਲ ਸੈਣੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਪਠਾਨਕੋਟ ਦੇ ਧਾਰ ਬਲਾਕ ਦੇ ਪਿੰਡ ਮਿਰਥਲ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਇਸ ਵੇਲੇ ਲੈਕਚਰਾਰਾਂ/ਅਧਿਆਪਕਾਂ ਦੀਆਂ ਵਿਸ਼ੇ-ਵਾਰ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਉਕਤ ਆਸਾਮੀਆਂ ਕਦੋਂ ਤਕ ਪੁਰ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਇਸ ਸਮੇਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਿਰਥਲ, ਧਾਰ ਬਲਾਕ, ਤਹਿਸੀਲ ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ ਵਿਖੇ 4 ਲੈਕਚਰਾਰ (ਅੰਗਰੇਜ਼ੀ, ਪੋਲਿਟੀਕਲ ਸਾਇੰਸ, ਫ਼ਿਜ਼ਿਕਸ, ਅਰਥ ਸ਼ਾਸਤਰ), ਇਕ ਡੀ.ਪੀ.ਈ. ਅਤੇ ਇਕ ਆਰਟ ਐਂਡ ਕਰਾਫਟ ਦੀਆਂ ਆਸਾਮੀਆਂ ਖਾਲੀ ਹਨ। ਲੈਕਚਰਾਰਾਂ ਦੀਆਂ ਖਾਲੀ ਆਸਾਮੀਆਂ ਭਰਤੀ/ਤਰੱਕੀਆਂ ਰਾਹੀਂ ਭਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

**ਸ਼੍ਰੀ ਸੱਤਿਆ ਪਾਲ ਸੈਣੀ** : ਸਪਲੀਮੈਂਟਰੀ ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਾਨਯੋਗ ਮੁੱਖ ਮੰਤਰੀ ਜੀ ਨੂੰ ਨਿਵੇਦਨ ਕਰਨਾ ਚਾਹੁੰਦਾ ਹਾਂ, ਕਿ ਕੁੱਲ 8 ਆਸਾਮੀਆਂ ਹਨ। ਜਿਨ੍ਹਾਂ ਵਿਚੋਂ 1 ਪ੍ਰਿੰਸੀਪਲ ਦੀ ਹੈ ਅਤੇ ਬਾਕੀ ਦੀਆਂ 5 ਆਸਾਮੀਆਂ ਜਿਨ੍ਹਾਂ ਦਾ ਮੁੱਖ ਮੰਤਰੀ ਜੀ ਨੇ ਵਰਨਣ ਕੀਤਾ ਹੈ, ਉਹ ਟੀਚਰਾਂ ਦੀਆਂ ਖਾਲੀ ਹਨ। ਇਸ +2 ਸਕੂਲ ਵਿੱਚ ਪਿਛਲੇ 2 ਸਾਲ ਤੋਂ ਪ੍ਰਿੰਸੀਪਲ ਨਹੀਂ ਹੈ, ਟੀਚਰ ਨਹੀਂ ਹੈ। ਲੋਕਾਂ ਨਾਲ ਇਹ ਮਜ਼ਾਕ ਕਿਉਂ ਕੀਤਾ ਜਾ ਰਿਹਾ ਹੈ? ਉਨ੍ਹਾਂ ਦੀਆਂ ਭਾਵਨਾਵਾਂ ਨੂੰ ਕਿਉਂ ਆਹਤ ਕੀਤਾ ਜਾ ਰਿਹਾ ਹੈ ? ਜੇ ਉਥੇ ਇਹ ਆਸਾਮੀਆਂ ਨਹੀਂ ਭਰਨੀਆਂ ਤਾਂ ਜਾਂ ਤਾਂ ਸਕੂਲ ਬੰਦ ਕਰ ਦਿਓ ਜਾਂ ਫਿਰ ਲੋਕਾਂ ਨੂੰ ਪੂਰਾ ਨਿਆਂ ਦਿਓ।

**ਸ਼੍ਰੀ ਸਪੀਕਰ** : ਤੁਸੀਂ ਕੁਐਸਚਨ ਪੱਛੋ।

**ਸ਼੍ਰੀ ਸੱਤਿਆ ਪਾਲ ਸੈਣੀ** : ਮੈਂ ਪੁੱਛਣਾ ਚਾਹੁੰਦਾ ਹਾਂ ਉਥੇ ਟੀਚਰਾਂ ਦੀਆਂ ਆਸਾਮੀਆਂ ਨੂੰ ਕਦੋਂ ਤਕ ਪੁਰ ਕੀਤਾ ਜਾਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਵਿੱਚ ਜੋ ਪ੍ਰਿੰਸੀਪਲ ਦੀ ਪੋਸਟ ਹੈ, ਉਹ ਪਬਲਿਕ ਸਰਵਿਸ ਕਮਿਸ਼ਨ ਦੇ ਜ਼ਰੀਏ ਭਰੀ ਜਾਣੀ ਹੈ। ਉਨ੍ਹਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਪ੍ਰਿੰਸੀਪਲ ਦੀ ਸਿਲੈਕਸ਼ਨ ਛੇਤੀ ਕੀਤੀ ਜਾਵੇ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਅਤੇ ਆਨਰੇਬਲ ਮੈਂਬਰ ਸਾਹਿਬ ਨੂੰ ਮੈਂ ਇਸ ਦਾ ਜਵਾਬ ਪਹਿਲਾਂ ਵੀ ਦਿੱਤਾ ਸੀ ਕਿ 31 ਮਈ, ਤੱਕ ਪ੍ਰਿੰਸੀਪਲ ਦੀ ਆਸਾਮੀ ਤੋਂ ਬਿਨਾਂ ਸਾਰੀਆਂ ਆਸਾਮੀਆਂ ਭਰ ਦਿੱਤੀਆਂ ਜਾਣਗੀਆਂ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

## ਸਕੂਲਾਂ ਨੂੰ ਅਪਗ੍ਰੇਡ ਕਰਨਾ

***24 ਸ਼੍ਰੀ ਨੰਦ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ ਦੀ ਸਾਲ 1997-98 ਦੌਰਾਨ ਜ਼ਿਲ੍ਹਾ ਨਵਾਂ ਸ਼ਹਿਰ ਦੇ ਬਲਾਕਾਂ ਬਲਾਚੌਰ ਅਤੇ ਸੜੋਆ ਦੇ ਸਕੂਲਾਂ ਨੂੰ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਤੋਂ ਸੀਨੀਅਰ ਸੈਕੰਡਰੀ ਪੱਧਰ ਤੱਕ ਅਪਗਰੇਡ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੈ, ਤਾਂ ਉਸ ਲਈ ਕੀ ਕਸੌਟੀ ਅਪਣਾਈ ਜਾ ਰਹੀ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸ਼੍ਰੀਮਾਨ ਜੀ, ਹਾਲ ਦੀ ਘੜੀ ਸਾਲ 1997-98 ਦੌਰਾਨ ਬਲਾਕ ਬਲਾਚੌਰ ਅਤੇ ਸੜੋਆ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਸਰਕਾਰੀ ਪ੍ਰਾਇਮਰੀ ਸਕੂਲਾਂ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਅਪਗਰੇਡ ਕਰਨ ਦੀ ਕੋਈ ਤਜਵੀਜ਼ ਨਹੀਂ ਹੈ ।

**ਸ਼੍ਰੀ ਨੰਦ ਲਾਲ** : ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਫਿਰ ਵੀ ਧਿਆਨ ਵਿਚ ਰੱਖਿਆ ਜਾਵੇ ।

(ਕੋਈ ਜਵਾਬ ਨਹੀਂ ਆਇਆ ।)

**ਸ਼੍ਰੀ ਭਗਵਾਨ ਦਾਸ ਅਰੋੜਾ** : ਸਪਲੀਮੈਂਟਰੀ, ਸਰ । ਪਹਿਲੀ ਸਰਕਾਰ ਨੇ 2 ਮਹੀਨੇ ਪਹਿਲਾਂ ਸਕੂਲ ਅਪਗਰੇਡ ਕੀਤੇ ਸਨ ਅਤੇ ਉਸ ਬਾਰੇ ਚਿੱਠੀਆਂ ਵੀ ਭੇਜੀਆਂ ਸਨ ਕਿ ਉਨ੍ਹਾਂ ਨੂੰ ਬੰਦ ਨਾ ਕੀਤਾ ਜਾਵੇ ਪਰ ਸਾਡੇ ਸੁਨਾਮ ਵਿੱਚ ਅਜਿਹਾ ਹੋ ਰਿਹਾ ਹੈ । ਮੈਂ ਇਸ ਬਾਰੇ ਸਪੱਸ਼ਟੀਕਰਣ ਮੰਗਣਾ ਚਾਹੁੰਦਾ ਹਾਂ ਅਤੇ ਮੰਗ ਕਰਨੀ ਚਾਹੁੰਦਾ ਹਾਂ ਕਿ ਇਸ ਤੇ ਰੋਕ ਲਾਈ ਜਾਵੇ । ਇਹ ਸਾਡੀ ਪਿਛਲੀ ਸਰਕਾਰ ਨੂੰ ਬਦਨਾਮ ਕਰਨ ਜਾਂ ਫਿਰ ਸਾਨੂੰ ਪ੍ਰੇਸ਼ਾਨ ਕਰਨ ਲਈ ਸਭ ਕੁਝ ਕਰ ਰਹੇ ਹਨ ।

**ਸ਼੍ਰੀ ਸਪੀਕਰ** : ਤੁਸੀਂ ਇਸ ਬਾਰੇ ਸੇਪਰੇਟ ਕੁਐਸਚਨ ਕਰ ਲੈਣਾ ।

---

## ਵਿਧਵਾ ਅਤੇ ਬੁਢਾਪਾ ਪੈਨਸ਼ਨ ਦੀ ਸੋਧ

***7. ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਰਾਜ ਵਿਚ ਵਿਧਵਾ ਅਤੇ ਬੁਢਾਪਾ ਪੈਨਸ਼ਨਾਂ ਵਿਚ ਸੋਧ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਪੈਨਸ਼ਨਾਂ ਦੀਆਂ ਪ੍ਰਸਤਾਵਿਤ ਸੋਧੀਆਂ ਦਰਾਂ ਦੇ ਵੇਰਵੇ ਕੀ ਹਨ ;

(ਅ) ਕੀ ਸਰਕਾਰ ਰਾਜ ਵਿਚ 60 ਸਾਲ ਦੀ ਉਮਰ ਦੇ ਸਾਰੇ ਵਿਅਕਤੀਆਂ ਨੂੰ ਬਿਨਾਂ ਕਿਸੇ ਸ਼ਰਤ ਤੇ ਬੁਢਾਪਾ ਪੈਨਸ਼ਨ ਦੇਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਪੈਨਸ਼ਨ ਨਿਯਮਾਂ ਵਿਚ ਸੋਧ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਨਹੀਂ ਜੀ । (ਅ) ਮਾਮਲਾ ਵਿਚਾਰ ਅਧੀਨ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜਵਾਬ ਵਿਚ ਕਿਹਾ ਹੈ ਕਿ ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਸਰਕਾਰ ਦੀ ਲੋਕਾਂ ਦੇ ਵਿਚ ਅਨਾਊਂਸਮੈਂਟ ਸੀ ਕਿ ਜਿਹੜਾ ਵੀ ਵਿਅਕਤੀ 60 ਸਾਲ ਦੀ ਉਮਰ ਕਰਾਸ ਕਰ ਜਾਵੇਗਾ, ਉਸ ਨੂੰ ਪੈਨਸ਼ਨ ਦਿੱਤੀ ਜਾਵੇਗੀ ਪਰ ਸਰਕਾਰ ਨੇ ਹੁਣ ਕਹਿ ਦਿੱਤਾ ਹੈ ਕਿ ਮਾਮਲਾ ਵਿਚਾਰ ਅਧੀਨ ਹੈ। ਸਰਕਾਰ ਆਪਣੀ ਅਨਾਊਂਸਮੈਂਟ ਕਦੋਂ ਤੱਕ ਅਮਲ ਵਿਚ ਲਿਆਵੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਸੀਂ ਇਸ ਦੇ ਲਈ ਸਬੰਧਤ ਮਨਿਸਟਰ ਸਾਹਿਬ ਦੀ ਚੇਅਰਮੈਨਸ਼ਿਪ ਵਿਚ ਇਕ ਕਮੇਟੀ ਕਾਇਮ ਕੀਤੀ ਹੈ ਅਤੇ ਉਹ ਕਮੇਟੀ ਇਸ ਦੀਆਂ ਮੋਡੈਲਿਟੀਜ਼ ਦੇ ਬਾਰੇ ਵਰਕਆਊਟ ਕਰ ਰਹੀ ਹੈ। ਇਸ ਉਤੇ ਥੋੜ੍ਹਾ ਟਾਈਮ ਤਾਂ ਲੱਗੇਗਾ ਔਰ ਜੋ ਅਸੀਂ ਕਿਹਾ ਹੈ, ਉਹ ਠੀਕ ਹੈ। ਕੋਈ ਜਲਦੀ ਵਿਚ ਫੈਸਲਾ ਨਹੀਂ ਕੀਤਾ ਜਾ ਸਕਦਾ। ਮਨਿਸਟਰ ਸਾਹਿਬ ਇਸ ਉਤੇ ਛੇਤੀ ਹੀ ਗੌਰ ਕਰ ਰਹੇ ਹਨ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਦੂਸਰਾ ਸਰਕਾਰ ਨੇ ਕਿਹਾ ਸੀ ਕਿ 15 ਮਾਰਚ ਤੱਕ ਸਾਰੇ ਪੈਂਡਿੰਗ ਕੇਸਿਜ਼ ਕਲੀਅਰ ਕਰ ਦਿੱਤੇ ਜਾਣਗੇ। ਕੀ ਜਿਹੜੇ ਪੈਂਡਿੰਗ ਕੇਸਿਜ਼ ਮਨਜ਼ੂਰ ਪਏ ਹੋਏ ਸਨ, ਉਨ੍ਹਾਂ ਨੂੰ ਵੀ ਕਲੀਅਰ ਕਰ ਦਿੱਤਾ ਜਾਵੇਗਾ ਔਰ ਜਿਹੜੇ ਫੰਡਜ਼ ਰੀਲੀਜ਼ ਕੀਤੇ ਹਨ, ਉਹ ਵੀ ਇਸ ਵਿਚ ਕਵਰ ਹੋ ਜਾਣਗੇ ਜਾਂ ਫੇਰ ਜਿਹੜੇ ਆਲਰੈਡੀ ਪੈਨਸ਼ਨਾਂ ਲੈ ਰਹੇ ਹਨ, ਉਨ੍ਹਾਂ ਨੂੰ ਹੀ ਇਨ੍ਹਾਂ ਫੰਡਜ਼ ਦੇ ਰਾਹੀਂ ਕਵਰ ਕੀਤਾ ਜਾਵੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਹੜੇ ਪੈਂਡਿੰਗ ਕੇਸਿਜ਼ ਮਨਜ਼ੂਰ ਹੋ ਚੁੱਕੇ ਹਨ, ਉਨ੍ਹਾਂ ਨੂੰ ਕਵਰ ਕੀਤਾ ਜਾਵੇਗਾ ਔਰ ਜਿਨ੍ਹਾਂ ਦੀ ਪੈਨਸ਼ਨ ਮਨਜ਼ੂਰ ਹੋ ਚੁੱਕੀ ਹੈ ਉਹ 15 ਮਾਰਚ ਤੱਕ ਕਲੀਅਰ ਕਰ ਦਿੱਤੇ ਜਾਣਗੇ ਚਾਹੇ ਉਹ ਪੈਂਡਿੰਗ ਪਏ ਹੋਏ ਸਨ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ਸਪੀਕਰ ਸਾਹਿਬ, ਪਿਛਲੀ ਸਰਕਾਰ ਦੇ ਵਕਤ ਬਹੁਤ ਸਾਰੇ ਗਲਤ ਕੇਸਿਜ਼ ਮਨਜ਼ੂਰ ਹੋ ਗਏ ਸਨ ਅਤੇ ਕਈ ਏਜੰਟਾਂ ਨੇ ਮੁਲਾਜ਼ਮਾਂ ਦੇ ਨਾਲ ਮਿਲ ਕੇ ਗਲਤ ਤਸਦੀਕ ਕਰਵਾ ਕੇ 40-40 ਸਾਲ ਵਾਲਿਆਂ ਨੂੰ ਪੈਨਸ਼ਨਾਂ ਮਨਜ਼ੂਰ ਕਰ ਦਿੱਤੀਆਂ ਸਨ। ਕੀ ਸਰਕਾਰ ਇਨ੍ਹਾਂ ਕੇਸਿਜ਼ ਨੂੰ ਦੁਬਾਰਾ ਰੀਵਿਊ ਕਰੇਗੀ ਤਾਂ ਕਿ ਜਿਹੜੇ ਪੈਨਸ਼ਨਾਂ ਦੇ ਜਾਇਜ਼ ਹੱਕਦਾਰ ਲੋਕ ਹਨ, ਉਨ੍ਹਾਂ ਨੂੰ ਪੈਨਸ਼ਨਾਂ ਮਿਲ ਸਕਣ ਅਤੇ ਨਜਾਇਜ਼ ਲੋਕਾਂ ਦੀਆਂ ਪੈਨਸ਼ਨਾਂ ਬੰਦ ਹੋ ਸਕਣ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਫਸਰ ਸਾਹਿਬਾਨ ਇਨ੍ਹਾਂ ਕੇਸਾਂ ਨੂੰ ਰੀਵਿਊ ਕਰਦੇ ਰਹਿੰਦੇ ਹਨ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਇਥੇ ਫਰਮਾਇਆ ਹੈ ਕਿ ਮਨਿਸਟਰ ਸਾਹਿਬ ਦੀ ਚੇਅਰਮੈਨਸ਼ਿਪ ਵਿਚ ਇਕ ਕਮੇਟੀ ਬਣਾਈ ਗਈ ਹੈ ਜਿਹੜੀ ਬੁਢਾਪਾ ਪੈਨਸ਼ਨ ਅਤੇ ਹੋਰ ਪੈਨਸ਼ਨਾਂ ਦੇ ਕੇਸਿਜ਼ ਤੇ ਵਿਚਾਰ

Original with;
Punjab Vidhan Sabha
Digitized by;
Panjab Digital Library

ਕਰ ਰਹੀ ਹੈ ਅਤੇ ਇਸ ਦੀਆਂ ਦਰਾਂ ਬਾਰੇ ਵੀ ਵਿਚਾਰ ਕਰ ਰਹੀ ਹੈ ਕਿ ਕਿਸ ਤਰ੍ਹਾਂ ਇਸ ਨੂੰ ਸਟੇਟ ਵਿਚ ਲਾਗੂ ਕੀਤਾ ਜਾ ਸਕੇ । ਕੀ ਇਸ ਦੀਆਂ ਕੰਡੀਸ਼ਨਾਂ ਨੂੰ ਵੀ ਸਰਲ ਬਣਾਇਆ ਜਾਵੇਗਾ ? ਇਕ ਬੁਢਾਪਾ ਪੈਨਸ਼ਨ ਲੈਣ ਲਈ 10 ਦਰਵਾਜ਼ਿਆਂ ਤੱਕ ਦਸਖਤ ਕਰਵਾਉਣ ਲਈ ਜਾਣਾ ਪੈਂਦਾ ਹੈ । ਅਗਰ ਸਰਕਾਰ ਇਕ ਐਮ. ਐਲ. ਏ. ਜਾਂ ਮਿਊਂਸੀਪਲ ਕੌਂਸਲਰ ਨੂੰ ਇਹ ਅਧਿਕਾਰ ਦੇ ਦੇਵੇ ਕਿ ਉਹ ਉਸ ਦਾ ਫਾਰਮ ਵੈਰੀਫਾਈ ਕਰ ਸਕਦਾ ਹੈ ਅਤੇ ਪੈਨਸ਼ਨ ਲੈਣ ਲਈ ਯੋਗ ਹੈ ਤਾਂ ਕੰਮ ਕਾਫੀ ਸਰਲ ਹੋ ਜਾਵੇਗਾ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਸਾਰੀਆਂ ਮਾਡੈਲਿਟੀਜ਼ ਬਾਰੇ ਵਿਚਾਰ ਕਰਨ ਲਈ ਅਸੀਂ ਕਮੇਟੀ ਕਾਇਮ ਕੀਤੀ ਹੈ ਜਿਹੜੀ ਇਸ ਚੀਜ਼ ਨੂੰ ਦੇਖੇਗੀ ਕਿ ਕਿਸ ਤਰ੍ਹਾਂ ਇਸ ਨੂੰ ਸਰਲ ਬਣਾਇਆ ਜਾ ਸਕਦਾ ਹੈ ਅਤੇ ਕਿਵੇਂ ਲੋਕਾਂ ਨੂੰ ਪੈਨਸ਼ਨ ਠੀਕ ਟਾਇਮ ਸਿਰ ਮਿਲ ਸਕਦੀ ਹੈ । ਇਸ ਸਾਰੇ ਮਾਮਲੇ ਦੀ ਇਹ ਕਮੇਟੀ ਘੋਖ ਕਰ ਰਹੀ ਹੈ ਤਾਂ ਕਿ ਕੋਈ ਚੰਗਾ ਤਰੀਕਾ ਅਖਤਿਆਰ ਕੀਤਾ ਜਾ ਸਕੇ ।

**ਸ੍ਰੀ ਮਨੋਰੰਜਨ ਕਾਲੀਆ** : ਸਪੀਕਰ ਸਾਹਿਬ, ਪੈਨਸ਼ਨ ਦੇ ਕੇਸਿਜ਼ ਦਾ ਬੈਕਲਾਗ ਕਿੰਨਾ ਹੈ ਅਤੇ ਕਦੋਂ ਤੋਂ ਇਹ ਬੈਕਲਾਗ ਚਲਿਆ ਆ ਰਿਹਾ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਸਬੰਧੀ ਇਹ ਸੈਪਰੇਟ ਕੁਐਸਚਨ ਦੇ ਦੇਣ ।

---

## ਬੁਢਾਪਾ ਅਤੇ ਵਿਧਵਾ ਪੈਨਸ਼ਨ ਦੇਣਾ

*12. **ਚੌਧਰੀ ਜਗਜੀਤ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਬੁਢਾਪਾ ਅਤੇ ਵਿਧਵਾ ਪੈਨਸ਼ਨਾਂ ਦੇ ਵੱਖ-ਵੱਖ ਸਾਲ-ਵਾਰ ਅਜਿਹੇ ਕੁੱਲ ਕਿੰਨੇ ਲਾਭ ਪਾਤਰ ਹਨ ਜਿਨ੍ਹਾਂ ਨੂੰ ਸਾਲਾਂ 1994-95, 1995-96 ਅਤੇ 1996-97 (ਮਿਤੀ ਅੰਤ ਤਕ) ਦੇ ਦੌਰਾਨ ਪੈਨਸ਼ਨਾਂ ਮਨਜ਼ੂਰ ਕੀਤੀਆਂ ਗਈਆਂ ਹਨ ;

(ਅ) 31 ਜਨਵਰੀ, 1997 ਤੱਕ ਬੁਢਾਪਾ ਅਤੇ ਵਿਧਵਾ ਪੈਨਸ਼ਨਾਂ ਦੀਆਂ ਵੱਖ-ਵੱਖ ਕਿੰਨੀਆਂ ਅਰਜ਼ੀਆਂ ਪੈਂਡਿੰਗ ਪਈਆਂ ਸਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਸਕੀਮ ਅਧੀਨ ਮਨਜ਼ੂਰ ਕੀਤੇ ਕੇਸਾਂ ਦਾ ਸਾਲਵਾਰ ਵੇਰਵਾ ਨਾਲ ਨੱਥੀ ਅਨੁਲੱਗ 'ੳ' ਅਨੁਸਾਰ ਹੈ ।

(ਅ) 31-1-97 ਨੂੰ ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਸਕੀਮਾਂ ਅਧੀਨ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਲਮਕਾ ਅਵਸਥਾ ਵਿੱਚ ਪਈਆਂ ਅਰਜ਼ੀਆਂ ਦੇ ਵੇਰਵੇ ਹੇਠ ਦੱਸੇ ਗਏ ਹਨ :—

| ਸਕੀਮ | ਲਮਕਾ ਅਵਸਥਾ ਵਿੱਚ ਪਈਆਂ ਅਰਜ਼ੀਆਂ ਦੀ ਗਿਣਤੀ |
|---|---|
| ਬੁਢਾਪਾ ਪੈਨਸ਼ਨ | 1,89,252 |
| ਵਿਧਵਾ ਤੇ ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ | 15,376 |

ਅਨੁਲੱਗ 'ੳ'

| ਲੜੀ ਨੰ. | ਸਾਲ | ਸਕੀਮ | ਪੈਨਸ਼ਨ ਮਨਜ਼ੂਰ ਲਾਭ ਪਾਤਰੀਆਂ ਦੀ ਗਿਣਤੀ |
|---|---|---|---|
| 1. | 1994-85 | (ੳ) ਬੁਢਾਪਾ ਪੈਨਸ਼ਨ | 15,511 |
| | | (ਅ) ਵਿਧਵਾ ਅਤੇ ਨਿਆਸ਼ਰਿਤ ਔਰਤਾਂ ਲਈ ਵਿੱਤੀ ਸਹਾਇਤਾ | 4,201 |
| 2. | 1995-96 | (ੳ) ਬੁਢਾਪਾ ਪੈਨਸ਼ਨ | 23,105 |
| | | (ਅ) ਵਿਧਵਾ ਅਤੇ ਨਿਆਸ਼ਰਿਤ ਔਰਤਾਂ ਲਈ ਵਿੱਤੀ ਸਹਾਇਤਾ | 4,690 |
| 3. | 1996-97 (31-1-97 ਤੱਕ) | (ੳ) ਬੁਢਾਪਾ ਪੈਨਸ਼ਨ | 28,108 |
| | | (ਅ) ਵਿਧਵਾ ਅਤੇ ਨਿਆਸ਼ਰਿਤ ਔਰਤਾਂ ਲਈ ਵਿੱਤੀ ਸਹਾਇਤਾ | 4,933 |

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪੈਨਸ਼ਨ ਪਿਛਲੀ ਸਰਕਾਰ 200/- ਰੁਪਿਆ ਦੇ ਰਹੀ ਸੀ, ਕੀ ਉਸ ਨੂੰ ਵਧਾ ਕੇ 300/- ਰੁਪਏ ਕਰਨ ਦਾ ਮਾਮਲਾ ਵਿਚਾਰ ਅਧੀਨ ਹੈ ? ਕੀ ਇਹ ਇਸ ਦੀ ਦਰ ਵਧਾ ਰਹੇ ਹਨ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਜੇ ਤਾਂ ਉਹੀ ਪਹਿਲੀ ਦਰ ਹੀ ਚੱਲ ਰਹੀ ਹੈ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪੈਸਿਆਂ ਦਾ ਜ਼ਿਕਰ ਹੋਇਆ ਹੈ, ਕੀ ਉਹ ਪੈਸੇ ਜ਼ਿਲ੍ਹਾ ਹੈਡਕੁਆਰਟਰਜ਼ ਤੇ ਭੇਜ ਦਿੱਤੇ ਗਏ ਹਨ ? ਉਹ ਰਕਮ ਜਿਹੜੀ ਹੈ, ਕੀ ਉਹ ਪਿਛਲੀਆਂ ਪੈਂਡਿੰਗ ਐਪਲੀਕੇਸ਼ਨਾਂ ਖਾਤਰ ਹੈ ਜਾਂ ਕਿ ਬੈਕਲਾਗ ਖਾਤਰ ਇਹ ਪੈਸਾ ਭੇਜਿਆ ਗਿਆ ਹੈ ਹੁਣ ਤੱਕ ਜੋ ਐਪਲੀਕੇਸ਼ਨਾਂ ਆਈਆਂ ਹਨ, ਕੀ ਉਹ ਵੀ ਇਸ ਸਾਲ ਵਿਚ ਉਨ੍ਹਾਂ ਪੈਸਿਆਂ ਦੇ ਨਾਲ ਕਲੀਅਰ ਹੋ ਜਾਣਗੀਆਂ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਪੈਨਸ਼ਨਾਂ ਦੇ ਕੁਝ ਕੇਸ ਮਨਜ਼ੂਰ ਹੋ ਗਏ ਹਨ। ਉਨ੍ਹਾਂ ਕੇਸਾਂ ਦੇ ਬਾਰੇ ਕਹਿ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ 15 ਮਾਰਚ ਤੱਕ ਪੈਸੇ ਮਿਲ ਜਾਣਗੇ। ਬਾਕੀ, ਪੈਂਡਿੰਗ ਕੇਸਾਂ ਦੀ ਜਾਂਚ ਹੁੰਦੀ ਰਹਿੰਦੀ ਹੈ। ਜੋ ਸੂਟੇਬਿਲਿਟੀ ਦੇ ਮੁਤਾਬਿਕ ਕੰਪਲੀਟ ਹੋਣਗੇ ਅਤੇ ਉਸ ਵਾਸਤੇ ਅਲੀਜੀਬਿਲਟੀ ਹੋ ਜਾਵੇਗੀ ਤਾਂ ਉਹ ਪੈਨਸ਼ਨ ਲੈਣ ਖਾਤਰ ਸੈਂਕਸ਼ਨ ਹੋ ਜਾਣਗੇ।

**ਰਾਜਾ ਨਰਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਖੱਬੇ ਪਾਸੇ ਬੈਠੇ ਸਾਥੀਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੈਨਸ਼ਨ ਸਕੀਮ ਜੋ ਇਨ੍ਹਾਂ ਨੇ ਬਣਾਈ ਸੀ, ਖੱਬੇ ਪਾਸੇ ਜੋ** ਬੈਠਾ ਹੈ....(ਵਿਘਨ)

**ਸ਼੍ਰੀ ਸਪੀਕਰ** : ਇਹ ਜੋ ਲਫ਼ਜ਼ ** ਹੈ ਇਹ ਅਨਪਾਰਲੀਮੈਂਟਰੀ ਹੈ ਅਤੇ ਇਹ ਐਕਸਪੰਜ ਕੀਤਾ ਜਾਂਦਾ ਹੈ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਇਹ ਲਫ਼ਜ਼ ਐਕਸਪੰਜ ਕਰਾਓ।

**ਸ਼੍ਰੀ ਸਪੀਕਰ** : ਇਹ ਮੈਂ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਐਕਸਪੰਜ ਕਰ ਦਿਉ।

**ਰਾਜਾ ਨਰਿੰਦਰ ਸਿੰਘ** : ਇਹ ਆਪਣੇ ਸਮੇਂ ਲੋਕਾਂ ਨੂੰ ਪੈਨਸ਼ਨਾਂ ਨਹੀਂ ਦੇ ਸਕੇ। (ਵਿਘਨ)

**ਡਾਕਟਰ ਹਰਬੰਸ ਲਾਲ** : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। ** **

**ਸ਼੍ਰੀ ਸਪੀਕਰ** : ਇਹ ਕੋਈ ਜ਼ੀਰੋ ਆਵਰ ਨਹੀਂ। ਤੁਸੀਂ ਬੈਠ ਜਾਓ। ਇਹ ਰਿਕਾਰਡ ਨਾ ਕੀਤਾ ਜਾਵੇ।

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

**Minister for Parliamentary Affairs :** Speaker Sahib, Point of Order cannot be raised during the Question Hour. Anything said by any member on Point of Order during Question Hour, should be expunged from the record.

**Mr. Speaker :** I have already said about Doctor Harbans Lal. All that he has said has been expunged.

**ਚੌਧਰੀ ਜਗਜੀਤ ਸਿੰਘ :** ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਜੋ ਪੈਨਸ਼ਨਾਂ ਸੈਂਕਸ਼ਨ ਹੋ ਗਈਆਂ ਹਨ, 31 ਮਾਰਚ ਤੱਕ ਉਨ੍ਹਾਂ ਨੂੰ ਰਕਮ ਮਿਲੇਗੀ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਮਹਿਸੂਸ ਨਾ ਕਰਨ, ਜਿਹੜੇ ਕੇਸ ਸੈਂਕਸ਼ਨ ਹੋ ਚੁੱਕੇ ਹਨ ਚਾਹੇ ਉਹ ਪੁਰਾਣੀ ਸਰਕਾਰ ਦੇ ਨਾਲ ਤਾਅਲੁੱਕ ਰੱਖਦੇ ਹੋਣ, ਉਨ੍ਹਾਂ ਨੂੰ ਡੈਫੀਨਿਟਲੀ ਆਨਰ ਕੀਤਾ ਜਾਵੇਗਾ । ਜਿਹੜੇ ਕੇਸ ਸੈਂਕਸ਼ਨ ਹੋ ਚੁੱਕੇ ਹਨ ਅਤੇ ਉਨ੍ਹਾਂ ਨੂੰ ਪੈਨਸ਼ਨਾਂ ਨਹੀਂ ਮਿਲ ਰਹੀਆਂ, ਉਨ੍ਹਾਂ ਕੇਸਾਂ ਵਿਚ 15 ਮਾਰਚ ਤੱਕ ਪੈਨਸ਼ਨਾਂ ਮਿਲ ਜਾਣਗੀਆਂ ।

**ਸਰਦਾਰ ਬਲਦੇਵ ਸਿੰਘ ਖਿਆਲਾ :** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੈਨਸ਼ਨਾਂ ਦੇਣ ਸਮੇਂ ਬਹੁਤ ਵੱਡੇ ਘਪਲੇ ਹੋਏ ਹਨ । ਗਲਤ ਲੋਕ ਪੈਨਸ਼ਨਾਂ ਲੈ ਗਏ ਹਨ । ਕੀ ਮੁੱਖ ਮੰਤਰੀ ਜੀ ਉਸ ਦੀ ਪੜਤਾਲ ਕਰਾਉਣਗੇ ? ਮਾਨਸਾ ਵਿਚ ਵੀ 270 ਬੰਦਿਆਂ ਨੇ ਗਲਤ ਪੈਨਸ਼ਨਾਂ ਲਈਆਂ ਹਨ । ਕੀ ਇਸ ਸਾਰੀ ਚੀਜ਼ ਦੀ ਪੜਤਾਲ ਕਰਵਾ ਕੇ ਉਨ੍ਹਾਂ ਪਾਸੋਂ ਪੈਸੇ ਵਾਪਿਸ ਲਏ ਜਾਣਗੇ ?

**ਸ਼੍ਰੀ ਸਪੀਕਰ :** ਇਸ ਦਾ ਜਵਾਬ ਆ ਚੁੱਕਾ ਹੈ ।

---

### ਗੋਇੰਦਵਾਲ ਵਿਖੇ ਕਿਸ਼ਤੀ ਹਾਦਸਾ

*15. **ਕਾਮਰੇਡ ਅਜੈਬ ਸਿੰਘ ਰੌਂਤਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਮਈ, 1996 ਜਾਂ ਇਸਦੇ ਲਗਭਗ ਗੋਇੰਦਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਬੋਟਿੰਗ ਕਰਦੇ ਸਮੇਂ ਕਈ ਵਿਦਿਆਰਥੀ ਡੁੱਬ ਗਏ ਸਨ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਨਾਂ ਅਤੇ ਪਤੇ ਕੀ-ਕੀ ਹਨ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਮ੍ਰਿਤਕ ਬੱਚਿਆਂ ਦੇ ਮਾਪਿਆਂ ਨੂੰ, ਉਸ ਸਮੇਂ ਦੇ ਮੁੱਖ ਮੰਤਰੀ ਨੇ ਕੋਈ ਅਨੁਗ੍ਰਹਿ ਗ੍ਰਾਂਟ ਦੇਣ ਦਾ ਐਲਾਨ ਕੀਤਾ ਸੀ ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ 'ਹਾਂ' ਵਿਚ ਹੋਵੇ ਤਾਂ ਹਰਇਕ ਕੇਸ ਵਿਚ ਐਲਾਨ ਕੀਤੀ ਗਈ ਅਨੁਗ੍ਰਹਿ ਗ੍ਰਾਂਟ ਦੀ ਰਕਮ ਕਿੰਨੀ-ਕਿੰਨੀ ਹੈ ਅਤੇ ਕੀ ਉਕਤ ਗ੍ਰਾਂਟਾਂ ਵਾਸਤਵ ਵਿਚ ਦੇ ਦਿੱਤੀਆਂ ਗਈਆਂ ਹਨ; ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ), (ਅ) ਅਤੇ (ੲ) : ਲੋੜੀਂਦੀ ਸੂਚਨਾ 'ਅਨੁਲੱਗ' ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

**ਅਨੁਲੱਗ**

(ੳ) ਹਾਂ ਜੀ । ਗੋਇੰਦਵਾਲ ਸਾਹਿਬ, ਤਹਿਸੀਲ ਖਡੂਰ ਸਾਹਿਬ, ਵਿਖੇ ਬਿਆਸ ਦਰਿਆ ਵਿੱਚ ਮਿਤੀ 5.7.96 ਨੂੰ 8 ਬੱਚਿਆਂ/ਵਿਦਿਆਰਥੀਆਂ ਦੀ ਕਿਸ਼ਤੀ ਡੁੱਬਣ ਕਾਰਨ ਮੌਤ ਹੋ ਗਈ ਸੀ । ਇਨ੍ਹਾਂ ਦੇ ਨਾਂ ਅਤੇ ਪਤੇ ਹੇਠ ਦਿੱਤੇ ਗਏ ਹਨ :--

1. ਨਿਸ਼ਾਨ ਸਿੰਘ ਸਪੁੱਤਰ ਸ੍ਰੀ ਸੂਰਤਾ ਸਿੰਘ, ਪਿੰਡ ਮੁਰਾਦਪੁਰਾ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ । ਉਮਰ 10 ਸਾਲ

2. ਜਸਬੀਰ ਕੌਰ ਸਪੁੱਤਰੀ ਸ੍ਰੀ ਦਲੀਪ ਸਿੰਘ, ਪਿੰਡ ਘਨੂਪੁਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ । ਉਮਰ 18 ਸਾਲ

3. ਰਾਜਿੰਦਰ ਕੌਰ ਸਪੁੱਤਰੀ ਸ੍ਰੀ ਦਲੀਪ ਸਿੰਘ, ਪਿੰਡ ਘਨੂਪੁਰ ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ । ਉਮਰ 13 ਸਾਲ

4. ਪਰਮਜੀਤ ਸਿੰਘ ਸਪੁੱਤਰ ਸ੍ਰੀ ਦਲੀਪ ਸਿੰਘ, ਪਿੰਡ ਘਨੂਪੁਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ । ਉਮਰ 11 ਸਾਲ

5. ਵਿੱਕੀ ਸਪੁੱਤਰ ਸ੍ਰੀ ਗੁਰਦੀਪ ਸਿੰਘ, ਪਿੰਡ ਮੁਰਾਦਪੁਰਾ, ਤਹਿਸੀਲ ਤਰਨ-ਤਾਰਨ, ਜ਼ਿਲ੍ਹਾ ਅੰਮ੍ਰਿਤਸਰ । ਉਮਰ 10 ਸਾਲ

6. ਸੋਨੂੰ ਸਪੁੱਤਰ ਸ੍ਰੀ ਅਮਰੀਕ ਸਿੰਘ, ਪਿੰਡ ਰਾਮ ਤਲਾਈ, ਜ਼ਿਲ੍ਹਾ ਅੰਮ੍ਰਿਤਸਰ । ਉਮਰ 16 ਸਾਲ

7. ਰਿੰਕੂ ਸਪੁੱਤਰ ਸ੍ਰੀ ਬਲਵਿੰਦਰ ਸਿੰਘ, ਭੂਸ਼ਨਪੁਰਾ (ਅੰਮ੍ਰਿਤਸਰ) ਉਮਰ 7 ਸਾਲ

8. ਬੱਬੋ ਸਪੁੱਤਰੀ ਸ੍ਰੀ ਬਲਵਿੰਦਰ ਸਿੰਘ, ਪਿੰਡ ਮੁਰਾਦਪੁਰਾ, ਤਹਿਸੀਲ ਤਰਨ-ਤਾਰਨ, ਜ਼ਿਲ੍ਹਾ ਅੰਮ੍ਰਿਤਸਰ । ਉਮਰ 16 ਸਾਲ

(ਅ) ਅਤੇ (ੲ) ਉਪਰੋਕਤ ਦੁਰਘਟਨਾ ਸਬੰਧੀ ਕਮਿਸ਼ਨਰ, ਜਲੰਧਰ ਡਵੀਜ਼ਨ ਵੱਲੋਂ ਮ੍ਰਿਤਕ ਬੱਚਿਆਂ ਦੀ ਸੂਚਨਾ ਪ੍ਰਾਪਤ ਹੋਣ ਤੇ ਉਸ ਵੇਲੇ ਦੇ ਮੁੱਖ ਮੰਤਰੀ ਜੀ ਨੇ ਸਬੰਧਤ ਪਰਿਵਾਰਾਂ ਨੂੰ 25,000 ਰੁ: ਪ੍ਰਤੀ ਮ੍ਰਿਤਕ ਬੱਚੇ ਦੇ ਹਿਸਾਬ ਨਾਲ ਰਾਹਤ ਦੇਣ ਦਾ ਫੈਸਲਾ ਕੀਤਾ ਸੀ, ਜਿਸ ਦੀ ਸਬੰਧਤ ਪਰਿਵਾਰਾਂ ਨੂੰ ਅਦਾਇਗੀ ਹੋ ਚੁੱਕੀ ਹੈ ।

**ਕਾਮਰੇਡ ਅਜੈਬ ਸਿੰਘ ਰੌਂਤਾ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਗੋਇੰਦਵਾਲ ਵਿਖੇ ਕਿਸ਼ਤੀ ਹਾਦਸੇ ਵਿਚ ਬਹੁਤ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਜੈਬ ਸਿੰਘ ਰੌਂਤਾ]

ਹੀ ਮਾੜੀ ਘਟਨਾ ਵਾਪਰੀ ਅਤੇ ਤਕਰੀਬਨ 8 ਬੱਚਿਆਂ ਦੀ ਜਾਨ ਚਲੀ ਗਈ। ਜਿਹੜੀਆਂ ਕੁਦਰਤੀ ਆਫਤਾਂ ਦੇ ਕਾਰਨ ਮਾੜੀਆਂ ਘਟਨਾਵਾਂ ਵਾਪਰਦੀਆਂ ਹਨ ਜਾਂ ਹੋਰ ਕਈ ਹਾਦਸੇ ਹੁੰਦੇ ਹਨ, ਉਨ੍ਹਾਂ ਵਿਚ ਮ੍ਰਿਤਕਾਂ ਦੇ ਵਾਰਸਾਂ ਨੂੰ ਤਕਰੀਬਨ 50,000 ਰੁਪਿਆ ਦਿੱਤਾ ਜਾਂਦਾ ਹੈ ਪ੍ਰੰਤੂ ਇਸ ਹਾਦਸੇ ਵਿਚ ਕੇਵਲ 25,000 ਰੁਪਿਆ ਹੀ ਪ੍ਰਤੀ ਮ੍ਰਿਤਕ ਬੱਚੇ ਦੇ ਹਿਸਾਬ ਨਾਲ ਰਾਹਤ ਦੇਣ ਦਾ ਸਰਕਾਰ ਨੇ ਫੈਸਲਾ ਕੀਤਾ ਸੀ। ਮੈਂ ਸਮਝਦਾ ਹਾਂ ਕਿ ਇਹ ਪੈਸਾ ਬਹੁਤ ਥੋੜ੍ਹਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਪਰਿਵਾਰਾਂ ਦੀ ਉਸ ਹਾਲਤ ਨੂੰ ਜਿਹੜੀ ਕਿ ਬੜੀ ਤਰਸਯੋਗ ਹੈ, ਮੱਦੇਨਜ਼ਰ ਰੱਖਦਿਆਂ ਹੋਇਆਂ ਕੀ ਸਰਕਾਰ ਵਿਚਾਰ ਕਰ ਸਕਦੀ ਹੈ ਕਿ ਉਨ੍ਹਾਂ ਨੂੰ ਵੀ 50,000 ਰੁਪਏ ਦਿੱਤੇ ਜਾਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ 25,000 ਰੁਪਏ ਦੇਣ ਦਾ ਫੈਸਲਾ ਤਾਂ ਪਹਿਲੀ ਸਰਕਾਰ ਨੇ ਕੀਤਾ ਸੀ। ਲੇਕਿਨ ਮੈਂ ਆਨਰੇਬਲ ਮੈਂਬਰ ਸਾਹਿਬ ਦਾ ਬੜਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਵਾਲ ਪੁੱਛ ਕੇ ਇਹ ਗੱਲ ਮੇਰੇ ਧਿਆਨ ਵਿਚ ਲਿਆਂਦੀ ਹੈ। ਮੈਂ ਸਮਝਦਾ ਹਾਂ ਕਿ ਇਹ ਥੋੜ੍ਹਾ ਹੈ। ਸਰਕਾਰ ਉਨ੍ਹਾਂ ਸਾਰਿਆਂ ਬੱਚਿਆਂ ਦੇ ਵਾਰਸਾਂ ਨੂੰ 50,000 ਰੁਪਿਆ ਅਦਾ ਕਰ ਦੇਵੇਗੀ।

**ਕਾਮਰੇਡ ਅਜੈਬ ਸਿੰਘ ਰੌਂਤਾ** : ਮੈਂ ਧੰਨਵਾਦੀ ਹਾਂ, ਸਪੀਕਰ ਸਾਹਿਬ, ਕਿ ਸਤਿਕਾਰਯੋਗ ਸੀ. ਐਮ. ਸਾਹਿਬ ਨੇ ਮੇਰੇ ਸਵਾਲ ਦਾ ਜਵਾਬ ਬਹੁਤ ਹੀ ਸਿਆਣੇ ਢੰਗ ਨਾਲ ਸਾਰੇ ਹਾਊਸ ਨੂੰ ਪ੍ਰਭਾਵਤ ਕਰਨ ਵਾਲਾ ਦਿਤਾ ਹੈ। ਮੈਂ ਜਾਣਕਾਰੀ ਲੈਣਾ ਚਾਹੁੰਦਾ ਹਾਂ ਕਿ ਮੰਦਭਾਗੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਲੇਕਿਨ ਜਦੋਂ ਘਟਨਾਵਾਂ ਵਾਪਰ ਜਾਂਦੀਆਂ ਹਨ ਤਾਂ ਅਸੀਂ ਇਸ ਗੱਲ ਦੀ ਇਨਕੁਆਇਰੀ ਕਰ ਸਕਦੇ ਹਾਂ ਕਿ ਇਹ ਘਟਨਾਵਾਂ ਕਿਉਂ ਵਾਪਰੀਆਂ ਤਾਂ ਕਿ ਅੱਗੇ ਵਾਸਤੇ ਇਹ ਘਟਨਾਵਾਂ ਨਾ ਵਾਪਰਨ। ਇਨ੍ਹਾਂ ਘਟਨਾਵਾਂ ਨੂੰ ਮੋੜਾ ਦੇਣ ਦੀ ਖਾਤਰ ਜਿਨ੍ਹਾਂ ਲੋਕਾਂ ਕਾਰਣ ਇਹ ਘਟਨਾਵਾਂ ਵਾਪਰਦੀਆਂ ਹਨ, ਉਨ੍ਹਾਂ ਕਸੂਰਵਾਰ ਬੰਦਿਆਂ ਨੂੰ ਸਜ਼ਾਵਾਂ ਦਿੱਤੀਆਂ ਜਾ ਸਕਣ, ਕੀ ਸਰਕਾਰ ਇਸ ਸਬੰਧੀ ਕੋਈ ਕਦਮ ਚੁਕੇਗੀ ?

**ਮੁੱਖ ਮੰਤਰੀ** : ਜ਼ਰੂਰ ਚੁੱਕਾਂਗੇ ਜੀ।

**Mr. Speaker** : Questions are Over.

**ਕਾਮਰੇਡ ਅਜੈਬ ਸਿੰਘ ਰੌਂਤਾ** : ** ** **

**Mr. Speaker** : This is not a Point of Order. ਤੁਸੀਂ ਇਸ ਸਬੰਧੀ ਜੋ ਕਹਿਣਾ ਹੈ, ਗਵਰਨਰ ਐਡਰੈਸ ਤੇ ਬੋਲਦੇ ਹੋਏ ਕਹਿ ਲੈਣਾ।

**ਕਾਮਰੇਡ ਅਜੈਬ ਸਿੰਘ ਰੌਂਤਾ** ** **

** Expunged/ Not recorded as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker** : You are not allowed to say anything more. Please sit down. ਅਜੈਬ ਸਿੰਘ ਜੀ, ਬੈਠ ਜਾਉ । ਇਹ ਗੱਲ ਤੁਸੀਂ ਬਹਿਸ ਵਿਚ ਕਹਿ ਲੈਣਾ ।

**ਕਾਮਰੇਡ ਅਜੈਬ ਸਿੰਘ ਰੌਂਤਾ** : ** ** **

**ਸ੍ਰੀ ਸਪੀਕਰ** : ਤੁਸੀਂ ਬੈਠ ਜਾਉ । ਸਰਦਾਰ ਅਜੈਬ ਸਿੰਘ ਜੋ ਕਹਿ ਰਹੇ ਹਨ, ਰਿਕਾਰਡ ਤੇ ਨਾ ਲਿਆਂਦਾ ਜਾਵੇ ।

**ਚੌਧਰੀ ਜਗਜੀਤ ਸਿੰਘ** : ** ** **

**ਸ੍ਰੀ ਸਪੀਕਰ** : ਇਹ ਕੋਈ ਕਰੰਟ ਮੈਟਰ ਨਹੀਂ ਹੈ । ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ।

**ਚੌਧਰੀ ਜਗਜੀਤ ਸਿੰਘ** : ** **

**ਸ੍ਰੀ ਸਪੀਕਰ** : ਨਹੀਂ ਜੀ, ਤੁਸੀਂ ਬੈਠ ਜਾਉ ।

**ਚੌਧਰੀ ਜਗਜੀਤ ਸਿੰਘ** : ** **

**ਸ੍ਰੀ ਸਪੀਕਰ** : ਨਹੀਂ ਜੀ । ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**श्रीमती लक्ष्मी कांता चावला** : स्पीकर साहिब, आपके द्वारा मैं सरकार से निवेदन करना चाहती हूं कि पंजाब में पिछले साल के दौरान जो स्कूल सीनियर सैकंडरी बने, पिछली सरकार ने वे स्कूल अपग्रेड तो कर दिए लेकिन जो लैक्चरार वहां भेजे, उनको अभी तक तनख्वाह नहीं दी गई है । एक साल होने को आया है । मैं मुख्य-मंत्री जी से निवेदन करना चाहती हूं कि जिन लैक्चरारों को जो इन स्कूलों में लगाए गए, अभी तक कोई वेतन नहीं मिला पिछली सरकार की गलती के कारण और जो लोग तकलीफ पा रहे हैं, उन को वेतन देने का जल्दी प्रबंध किया जाए । जैसा कि आप जानते हैं कि "भूखे भजन न होए गोपाला ।" जिस को तनखाह नहीं मिली, वह बच्चों को क्या पढ़ायेगा । इस पर मुख्य मंत्री जी और सदन विचार करे ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਦੋ ਕਾਲ ਅਟੈਨਸ਼ਨ ਮੋਸ਼ਨਜ਼ ਦਿੱਤੀਆਂ ਸਨ । ਮੇਰੀ ਪਹਿਲੀ ਕਾਲ ਅਟੈਨਸ਼ਨ ਮੋਸ਼ਨ ਸੀ ਐਮਬੈਜ਼ਲਮੈਂਟ, ਮਿਸਐਪ੍ਰੋਪ੍ਰੀਏਸ਼ਨ ਐਂਡ ਸੀਰੀਅਸ ਇਰਰੈਗੂਲੈਰਿਟੀਜ਼ ਇਨ ਕੋਆਪ੍ਰੇਟਿਵ ਯੂਨੀਅਨ ਮਿਲਕ ਪਲਾਂਟ । ਤੁਸੀਂ ਉਸ ਨੂੰ ਰੱਦ ਕੀਤਾ ਹੈ, ਇਹ ਕਹਿ ਕੇ ਕਿ ਇਹ ਰੀਸੈਂਟ

** Expunged/Not recorded as ordered by the Chair.

Original with:
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]
ਐਕਰੇਂਸ ਦਾ ਮਾਮਲਾ ਨਹੀਂ ਹੈ....

**ਸ਼੍ਰੀ ਸਪੀਕਰ** : ਇਹ ਇਥੇ ਗੱਲ ਕਰਨ ਵਾਲੀ ਨਹੀਂ ਹੈ। ਤੁਸੀਂ ਮੇਰੇ ਚੈਂਬਰ ਵਿਚ ਆ ਜਾਓ ਅਤੇ ਗੱਲ ਕਰ ਲਓ। ਹੁਣ ਬੈਠ ਜਾਓ। ਹੁਣ ਕਾਲ ਅਟੈਨਸ਼ਨ ਮੋਸ਼ਨ। ਕਾਮਰੇਡ ਅਜੈਬ ਸਿਘ ਰੌਂਤਾ।

## CALL ATTENTION NOTICES UNDER RULE 66

(ਕ੍ਰਮ ਨੰ: 16)

**ਕਾਮਰੇਡ ਅਜੈਬ ਸਿਘ ਰੌਂਤਾ**
**ਕਾਮਰੇਡ ਹਰਦੇਵ ਅਰਸ਼ੀ** ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਘੱਟੋ-ਘੱਟ 90 ਪਿੰਡ ਪਿਛਲੇ ਇਕ ਮਹੀਨੇ ਤੋਂ ਲਗਾਤਾਰ ਬਿਜਲੀ ਸਪਲਾਈ ਤੋਂ ਵਾਂਝੇ ਹਨ, ਜਿਸ ਕਾਰਨ ਜਿੱਥੇ ਕਿਸਾਨੀ ਫਸਲਾਂ ਉਪਰ ਮਾੜਾ ਅਸਰ ਪੈ ਰਿਹਾ ਹੈ, ਉਥੇ ਇਮਤਿਹਾਨਾਂ ਦੇ ਦਿਨਾਂ ਵਿਚ ਵਿਦਿਆਰਥੀਆਂ ਦੀ ਪੜ੍ਹਾਈ ਤੇ ਵੀ ਬੁਰਾ ਪ੍ਰਭਾਵ ਪੈ ਰਿਹਾ ਹੈ। ਉਕਤ ਪਿੰਡਾਂ ਵਿਚ ਬਿਜਲੀ ਸਪਲਾਈ ਬੰਦ ਹੋਣ ਦਾ ਕਾਰਣ 12 ਦੇ ਕਰੀਬ ਫੀਡਰ ਹਨ ਜਿਨ੍ਹਾਂ ਵਿਚ ਕੋਟ ਰੋਡ ਫੀਡਰ, ਸੋਢੀ ਕਮਰ ਫੀਡਰ, ਕੋਟ ਫੀਡਰ, ਐਮ. ਈ. ਐਸ. ਫੀਡਰ, ਬਸਤੀ ਟੈਂਕਾਂ ਵਾਲੀ, ਮੱਲਵਾਲ ਬਜੀਦਪੁਰ, ਪਟੇਲ ਨਗਰ ਅਤੇ ਮੋਗਾ ਰੋਡ ਫੀਡਰ ਸ਼ਾਮਿਲ ਹਨ ਜਿਨ੍ਹਾਂ ਨੂੰ ਮੁੜ ਚਲਾਉਣ ਲਈ ਬਿਜਲੀ ਬੋਰਡ ਦੇ ਅਧਿਕਾਰੀ ਜ਼ਿਮੇਂਵਾਰੀ ਨਹੀਂ ਨਿਭਾ ਰਹੇ। ਸਬੰਧਤ ਲੋਕ ਬੇਹੱਦ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਕਿਰਪਾ ਕਰਕੇ ਸਬੰਧਤ ਮੰਤਰੀ ਜੀ ਇਸ ਬਾਰੇ ਸਥਿਤੀ ਸਪਸ਼ਟ ਕਰਨ ਲਈ ਹਾਊਸ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਮਾਮਲੇ ਦੀ ਪੜਤਾਲ ਕੀਤੀ ਗਈ ਹੈ ਅਤੇ ਧਿਆਨ ਦਿਵਾਊ ਨੋਟਿਸ ਰਾਹੀਂ ਉਠਾਇਆ ਮੁੱਦਾ ਕਿ ਫਿਰੋਜ਼ਪੁਰ ਜ਼ਿਲ੍ਹੇ ਦੇ 50 ਪਿੰਡਾਂ ਦੀ ਸਪਲਾਈ ਪਿਛਲੇ ਇਕ ਮਹੀਨੇ ਲਈ ਬੰਦ ਰਹੀ ਹੈ, ਠੀਕ ਨਹੀਂ ਹੈ। ਇਨ੍ਹਾਂ ਖੇਤਰਾਂ ਨੂੰ ਸਪਲਾਈ ਪੰਜਾਬ ਦੇ ਦੂਜੇ ਖੇਤਰਾਂ ਨੂੰ ਦਿੱਤੀ ਗਈ ਸਪਲਾਈ ਦੇ ਬਰਾਬਰ ਦਿੱਤੀ ਗਈ ਹੈ। ਪ੍ਰੰਤੂ 1-3-1997 ਨੂੰ ਹੋਈ ਬਾਰਸ਼ ਕਰਕੇ 220 ਕੇ. ਵੀ. ਗਰਿੱਡ ਸਬ-ਸਟੇਸ਼ਨ, ਫਿਰੋਜ਼ਪੁਰ ਵਿਖੇ ਇਕ ਪਾਵਰ ਟਰਾਂਸਫਾਰਮਰ ਉਤੇ ਨੁਕਸ ਪੈ ਗਿਆ ਸੀ। ਨਤੀਜੇ ਵਜੋਂ ਫਿਰੋਜ਼ਪੁਰ ਕੈਂਟ, ਫਿਰੋਜ਼ਪੁਰ ਸ਼ਹਿਰ ਦਾ ਇਕ ਛੋਟਾ ਹਿੱਸਾ ਅਤੇ ਫਿਰੋਜ਼ਪੁਰ ਕੈਂਟ ਦੇ ਦੁਆਲੇ ਲਗਭਗ 25 ਪਿੰਡਾਂ ਨੂੰ ਸਪਲਾਈ 1-3-97 ਨੂੰ ਰਾਤ 11-20 ਵਜੇ ਤੋਂ 2-3-97 ਨੂੰ ਸਵੇਰੇ 02.30 ਵਜੇ ਅਰਥਾਤ ਕੇਵਲ 3 ਘੰਟੇ ਅਤੇ 10 ਮਿੰਟ ਪ੍ਰਭਾਵਿਤ ਰਹੀ। ਇਸ ਪਾਵਰ ਟਰਾਂਸਫਾਰਮਰ ਦੀ ਸਾਲਾਨਾ ਮੇਨਟੀਨੈਂਸ 4-3-97 ਨੂੰ 9-00 ਵਜੇ ਤੋਂ ਸ਼ਾਮ ਦੇ 5.00 ਵਜੇ ਤੱਕ ਯੋਜਨਾਬੱਧ ਕੀਤੀ ਗਈ। ਇਹ ਟਰਾਂਸਫਾਰਮਰ ਵਾਸਤਵ ਵਿਚ 4-3-97 ਨੂੰ 9.05 ਵਜੇ ਬੰਦ ਕੀਤਾ ਗਿਆ ਸੀ ਅਤੇ 4-3-97 ਨੂੰ ਸ਼ਾਮ ਦੇ 6.20 ਵਜੇ ਤੇ ਮੇਨਟੀਨੈਂਸ ਮਗਰੋਂ ਬਹਾਲ ਕਰ ਦਿੱਤਾ ਗਿਆ ਸੀ। ਕੁੱਲ ਸਮਾਂ, ਜਿਸ ਦੌਰਾਨ 4-3-97

Original with;
Punjab Vidhan Sabha
Digitized by;
Panjab Digital Library

ਨੂੰ ਸਪਲਾਈ ਬੰਦ ਰਹੀ 9 ਘੰਟੇ 15 ਮਿੰਟ ਸੀ । ਧਿਆਨ ਦਿਵਾਊ ਮਤੇ ਦੇ ਨੋਟਿਸ ਵਿਚ ਦੱਸੇ ਗਏ ਸਾਰੇ ਫੀਡਰ ਉਪਰੋਕਤ ਸਮੇਂ ਵਿਚ ਪ੍ਰਭਾਵਿਤ ਰਹੇ ਸਨ । ਮਿਤੀ 4.3.97 ਨੂੰ ਇਸ ਜੋੜਨਾਂਵੇਂ ਤੋੜ-ਤਾਰੇਨ ਲਈ ਅਵੱਸ਼ਕ ਪ੍ਰਚਾਰ ਡੌਂਡੀ ਪਿਟਵਾ ਕੇ ਅਤੇ ਪ੍ਰੈਸ ਰਾਹੀਂ ਕੀਤਾ ਗਿਆ ਸੀ ।

**ਕਾਮਰੇਡ ਅਜੈਬ ਸਿੰਘ ਰੋੱਤਾ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਹੁਣ ਬਿਜਲੀ ਦੀ ਸਪਲਾਈ ਬਿਲਕੁਲ ਠੀਕ ਠਾਕ ਹੈ ਲੇਕਿਨ ਜਿਸ ਵੇਲੇ ਮੇਰੇ ਕੋਲ ਇਹ ਨੋਟਿਸ ਆਇਆ, ਉਸ ਵੇਲੇ ਬਿਜਲੀ ਬਿਲਕੁਲ ਬੰਦ ਸੀ । ਬਿਜਲੀ ਸਾਡੀ ਇੰਡਸਟਰੀ ਅਤੇ ਖੇਤੀਬਾੜੀ ਦੀ ਰੀੜ੍ਹ ਦੀ ਹੱਡੀ ਹੈ । ਅਸੀਂ ਬਿਜਲੀ ਤੋਂ ਬਗੈਰ ਚਲ ਨਹੀਂ ਸਕਦੇ । ਇਨ੍ਹਾਂ ਨੇ ਸਪਸ਼ਟ ਕੀਤਾ ਹੈ ਕਿ ਐਨੇ ਸਮੇਂ ਤੱਕ ਫੀਡਰ ਬੰਦ ਰਹੇ ਹਨ । ਮੈਂ ਤਾਂ ਸਿਰਫ ਇਹੀ ਐਸ਼ਿਓਰੇਂਸ ਚਾਹੁਦਾ ਸੀ ਕਿ ਅੱਗੇ ਤੋਂ ਇਸ ਤਰ੍ਹਾਂ ਨਹੀਂ ਹੋਵੇਗਾ ।

(ਕ੍ਰਮ ਨੰ. 17)

**ਕਾਮਰੇਡ ਹਰਦੇਵ ਅਰਸ਼ੀ** : ਸ੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਬੋਹਾ ਖੇਤਰ (ਮਾਨਸਾ) ਦੇ ਚਾਰ ਦਰਜਨ ਦੇ ਕਰੀਬ ਪਿੰਡਾਂ ਵਿਚ ਪੀਣ ਵਾਲੇ ਸਾਫ ਸੁਥਰੇ ਪਾਣੀ ਦਾ ਗੰਭੀਰ ਸੰਕਟ ਬਣਿਆ ਹੋਇਆ ਹੈ । ਆਉਣ ਵਾਲੇ ਗਰਮੀਆਂ ਦੇ ਮੌਸਮ ਵਿਚ ਇਸ ਦੇ ਹੋਰ ਵੀ ਗੰਭੀਰ ਹੋਣ ਦਾ ਖਤਰਾ ਦਰਪੇਸ਼ ਹੈ ਜਿਸ ਕਾਰਨ ਆਮ ਜਨਤਾ ਵਿਚ ਸਖਤ ਰੋਸ ਅਤੇ ਬੇਚੈਨੀ ਪਾਈ ਜਾ ਰਹੀ ਹੈ । ਸਰਕਾਰ ਵਲੋਂ ਉਕਤ ਇਲਾਕੇ ਵਿਚ ਪੀਣ ਵਾਲੇ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਹਿਤ ਕੀ ਕਾਰਵਾਈ ਕੀਤੀ ਜਾ ਰਹੀ ਹੈ, ਕਿਰਪਾ ਕਰਕੇ ਸਬੰਧਤ ਮੰਤਰੀ ਜੀ ਹਾਊਸ ਵਿਚ ਬਿਆਨ ਦੇਣ ਦੀ ਖੇਚਲ ਕਰਨ ।

**ਖੁਰਾਕ ਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ** (ਸ੍ਰੀ ਮਦਨ ਮੋਹਨ ਮਿੱਤਲ) : ਜ਼ਿਲਾ ਮਾਨਸਾ ਦੇ ਬੋਹਾ ਖੇਤਰ ਵਿਚ ਸੜਕ ਦੇ ਆਲੇ ਦੁਆਲੇ 10 ਜਲ ਸਪਲਾਈ ਸਕੀਮਾਂ ਪੈਂਦੀਆਂ ਹਨ ਜਿਨ੍ਹਾਂ ਤੋਂ 42 ਪਿੰਡਾਂ ਨੂੰ ਪੀਣ ਦੇ ਪਾਣੀ ਦੀ ਸਪਲਾਈ ਹੁੰਦੀ ਹੈ । ਇਨ੍ਹਾਂ ਪਿੰਡਾਂ ਨੂੰ ਲਗਾਤਾਰ ਸਕੀਮਾਂ ਦੀ ਸਮਰੱਥਾ ਦੇ ਮੁਤਾਬਿਕ ਪਾਣੀ ਦੀ ਸਪਲਾਈ ਦਿੱਤੀ ਜਾ ਰਹੀ ਹੈ । ਇਹ ਸਕੀਮਾਂ ਨਹਿਰੀ ਪਾਣੀ ਤੇ ਆਧਾਰਤ ਹਨ । ਫਰਵਰੀ, 1997 ਵਿਚ ਨਹਿਰ ਬੰਦ ਰਹਿਣ ਦੇ ਕਾਰਨ ਪਾਣੀ ਦੀ ਸਪਲਾਈ ਰਾਸ਼ਨਿੰਗ ਕਰਕੇ ਘੱਟ ਦਿੱਤੀ ਜਾ ਸਕੀ ।

ਇਹ ਸਕੀਮਾਂ 1973 ਤੋਂ ਲੈ ਕੇ 1983 ਤੱਕ ਦੇ ਸਮੇਂ ਵਿਚ 40 ਲਿਟਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਦੇ ਹਿਸਾਬ ਨਾਲ ਸਾਂਝੇ ਸਟੈਂਡ ਪੋਸਟਾਂ ਰਾਹੀਂ ਪਾਣੀ ਦੇਣ ਲਈ ਤਿਆਰ ਕੀਤੀਆਂ ਗਈਆਂ ਸਨ । ਲੋਕਾਂ ਦੀ ਮੰਗ ਅਤੇ ਸਰਕਾਰ ਦੀ ਪਾਲਿਸੀ ਅਨੁਸਾਰ ਕਈ ਸਕੀਮਾਂ ਤੇ ਕੁਝ ਪ੍ਰਾਈਵੇਟ ਕੁਨੈਕਸ਼ਨ ਵੀ ਦਿੱਤੇ ਹੋਏ ਹਨ । ਇਨ੍ਹਾਂ ਸਕੀਮਾਂ ਦੀ ਸਪਲਾਈ ਸਮਰਥਾ 15 ਸਾਲ ਹੁੰਦੀ ਹੈ । ਇਹ ਸਾਰੀਆਂ ਸਕੀਮਾਂ ਇਹ ਸਮਾਂ ਲਗਭਗ ਪੂਰਾ ਕਰ ਚੁੱਕੀਆਂ ਹਨ । ਸਕੀਮਾਂ ਪੁਰਾਣੀਆਂ ਹੋਣ ਕਾਰਨ ਇਨ੍ਹਾਂ ਦੀ ਮਸ਼ੀਨਰੀ ਦੀ ਕਪੈਸਿਟੀ ਘਟ ਚੁੱਕੀ ਹੈ ਅਤੇ ਆਬਾਦੀ ਵਧ ਜਾਣ ਕਾਰਨ ਪਾਣੀ ਦੀ ਮੰਗ ਵਧ ਗਈ ਹੈ, ਜੋ ਪੁਰਾਣੀ ਮਸ਼ੀਨਰੀ ਅਤੇ ਮੌਜੂਦਾ ਸਟਰੱਕਚਰਜ਼ ਪੂਰਾ ਨਹੀਂ ਕਰ ਸਕਦੇ । ਲੋਕਾਂ ਦੀ ਮੰਗ ਨੂੰ ਪੂਰਾ ਕਰਨ ਲਈ ਇਨ੍ਹਾਂ ਸਕੀਮਾਂ ਦੀ ਆਗੂਮੈਨਟੇਸ਼ਨ ਲੋੜੀਂਦੀ ਹੈ ਪਰੰਤੂ ਇਸ

Original with;
Punjab Vidhan Sabha
Digitized by;
Panjab Digital Library

[ਖੁਰਾਕ ਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]
ਮਕਸਦ ਲਈ ਫੰਡਜ਼ ਉਪਲਬਧ ਨਹੀਂ ਹਨ । ਪਿਛਲੇ ਕੁਝ ਸਮੇਂ ਵਿਚ ਜੇਕਰ ਕਿਸੇ ਸਕੀਮ ਦੀ ਆਗੂਮੈਨਟੇਸ਼ਨ ਕਰਨ ਲਈ ਜ਼ਿਲ੍ਹਾ ਯੋਜਨਾ ਬੋਰਡ ਨੂੰ ਬੇਨਤੀ ਕੀਤੀ ਗਈ ਤਾਂ ਉਥੇ ਕੋਈ ਫੰਡਜ਼ ਉਪਲਬਧ ਨਹੀਂ ਹੋ ਸਕੇ ਕਿਉਂਕਿ ਆਗੂਮੈਨਟੇਸ਼ਨ ਲਈ ਹਾਲ ਦੀ ਘੜੀ ਲੋੜੀਂਦੇ ਫੰਡਜ਼ ਉਪਲਬਧ ਨਹੀਂ ਹਨ ।

ਆਗੂਮੈਨਟੇਸ਼ਨ ਤੋਂ ਇਲਾਵਾ ਸਕੀਮਾਂ ਨੂੰ ਚਲਦੀ ਹਾਲਤ ਵਿਚ ਰੱਖਣ ਲਈ ਦੇਖਭਾਲ ਕਰਨ ਲਈ ਵੀ ਲੋੜੀਂਦੇ ਫੰਡਜ਼ ਉਪਲਬਧ ਨਹੀਂ ਹੁੰਦੇ ਹਨ । ਜੋ ਕੁਝ ਵੀ ਉਪਲਬਧ ਹੁੰਦੇ ਹਨ, ਉਹਨਾਂ ਨਾਲ ਕੇਵਲ ਕਰਮਚਾਰੀਆਂ ਦੀਆਂ ਤਨਖਾਹਾਂ, ਬਿਜਲੀ ਦੇ ਬਿੱਲ, ਛੋਟੀ ਮੋਟੀ ਮੁਰੰਮਤ ਆਦਿ ਹੀ ਮੁਸ਼ਕਲ ਨਾਲ ਹੁੰਦੀ ਹੈ ।

ਰਾਜ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਉਪਲਬਧ ਫੰਡਾਂ ਦੀ ਘਾਟ ਨੂੰ ਮੁੱਖ ਰੱਖਦੇ ਹੋਏ ਵਿਸ਼ਵ ਬੈਂਕ ਸਹਾਇਤਾ ਦਾ ਇਕ ਪ੍ਰਾਜੈਕਟ 817.44 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ ਜਿਸ ਦੇ ਪਹਿਲੇ ਫੇਜ਼ ਵਿਚ ਪਾਣੀ ਦੀ ਨਵੀਂ ਸਪਲਾਈ ਅਤੇ ਕੁਝ ਸਕੀਮਾਂ ਦੀ ਆਗੂਮੈਨਟੇਸ਼ਨ ਲਈ 600 ਪਿੰਡ ਕਵਰ ਕਰਨ ਦਾ ਟੀਚਾ ਹੈ । ਵਿਸ਼ਵ ਬੈਂਕ ਸਹਾਇਤਾ ਪ੍ਰਾਜੈਕਟ ਦਾ ਪਹਿਲਾ ਫੇਜ਼ 1997 ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ ਇਹ ਫੇਜ਼ 4 ਸਾਲ ਵਿਚ ਪੂਰਾ ਹੋਣ ਦੀ ਆਸ ਹੈ । ਬੋਹਾ ਇਲਾਕੇ ਦੀਆਂ 10 ਸਕੀਮਾਂ ਵਿਚੋਂ 7 ਪਿੰਡਾਂ(ਪਿੰਡ ਲੱਖੀਵਾਲ,ਗਾਮੀਵਾਲਾ,ਗੰਢੂ ਕਲਾਂ, ਗੰਢੂ ਖੁਰਦ,ਤਾਲਿਬਵਾਲਾ, ਹਾਕਮ ਵਾਲਾ ਅਤੇ ਮਲਿਕਪੁਰ ਭੀਮੜਾਂ) ਦੀ ਇਕ ਸਕੀਮ ਲੱਖੀਵਾਲ ਇਸ ਪ੍ਰੋਜੈਕਟ ਅਧੀਨ ਲਈ ਗਈ ਹੈ ਜਿਸ ਦੀ ਅਨੁਮਾਨਤ ਲਾਗਤ 2.5 ਕਰੋੜ ਰੁਪਏ ਹੈ ।

ਬਾਕੀ ਸਕੀਮਾਂ ਦੀ ਆਗੂਮੈਨਟੇਸ਼ਨ ਲਈ ਵਿਸ਼ਵ ਬੈਂਕ ਪ੍ਰਾਜੈਕਟ ਦੂਜੇ ਫੇਜ਼ ਵਿਚ ਸ਼ਾਮਲ ਕਰਨ ਦੀ ਤਜਵੀਜ਼ ਹੈ ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਮੈਂ ਇਸ ਗੱਲ ਲਈ ਧੰਨਵਾਦੀ ਹਾਂ ਕਿ ਮੰਤਰੀ ਜੀ ਨੇ ਕਾਫੀ ਡੀਟੇਲ ਦੇ ਵਿਚ ਉਤਰ ਦਿੱਤਾ ਹੈ ਪਰ ਕਿਉਂਕਿ ਮੈਂ ਇਸ ਕਾਂਸਟੀਚੁਐਂਸੀ ਦੇ ਨਾਲ ਬੀਲੌਂਗ ਕਰਦਾ ਹਾਂ, ਇਸ ਕਰਕੇ ਮੈਨੂੰ ਇਸ ਬਾਰੇ ਪੂਰੀ ਤਰ੍ਹਾਂ ਪਤਾ ਹੈ । ਸਾਡੇ ਮਾਨਸਾ ਦੇ ਵਿਚ ਕੁਝ ਇਲਾਕੇ, ਕੁਝ ਹੋਰ ਪਿੰਡ ਵੀ ਹਨ ਲੇਕਿਨ ਮੈਂ ਕੇਵਲ ਉਹਨਾਂ ਪਿੰਡਾਂ ਦਾ ਹੀ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਵਿਚ ਪੀਣ ਵਾਲੇ ਪਾਣੀ ਦੀ ਬਹੁਤ ਘਾਟ ਹੈ । ਕੁਝ ਪਿੰਡ ਐਸੇ ਵੀ ਹਨ ਜਿਥੇ ਥੋਹੜਾ ਬਹੁਤ ਪਾਣੀ ਮਿਲ ਜਾਂਦਾ ਹੈ । ਸਪੀਕਰ ਸਾਹਿਬ, ਇਹਨਾਂ ਨੇ ਆਪ ਵੀ ਮੰਨਿਆ ਹੈ ਕਿ ਸਮਰੱਥਾ ਬਹੁਤ ਪੁਰਾਣੀ ਹੈ ਔਰ ਲੋਡ ਬਹੁਤ ਜ਼ਿਆਦਾ ਵਧ ਗਿਆ ਹੈ । 1973 ਵਿਚ ਇਹ ਸਕੀਮ ਸ਼ੁਰੂ ਕਰਕੇ ਪਾਣੀ ਮੁਹੱਈਆ ਕਰਵਾਇਆ ਗਿਆ ਸੀ, ਲੇਕਿਨ ਹੁਣ ਆਬਾਦੀਆਂ ਦੇ ਵਧ ਜਾਣ ਨਾਲ ਪਰੈਸ਼ਰ ਬਹੁਤ ਵਧ ਗਿਆ ਹੈ । ਸਪੀਕਰ ਸਾਹਿਬ, ਪਹਿਲਾਂ ਆਲਟਰਨੇਟਿਵ ਸੀ ਕਿ ਜੇਕਰ ਬਿਜਲੀ ਫੇਲ੍ਹ ਹੋ ਜਾਂਦੀ ਸੀ ਤਾਂ ਡੀਜ਼ਲ ਸੈਟ ਰੱਖੇ ਹੁੰਦੇ ਸੀ, ਉਨ੍ਹਾਂ ਨੂੰ ਚਲਾ ਕੇ ਪਾਣੀ ਦਾ ਪ੍ਰਬੰਧ ਕਰ ਦਿੱਤਾ ਜਾਂਦਾ ਸੀ ਪਰ ਹੁਣ ਉਹ ਵੀ ਨਹੀਂ ਹਨ । ਹੁਣ ਜੇਕਰ ਦੋ ਦਿਨ ਬਿਜਲੀ ਦੀ ਕੱਟ ਲੱਗ ਜਾਵੇ ਤਾਂ ਲੋਕਾਂ ਨੂੰ ਪਾਣੀ ਨਹੀਂ ਮਿਲ ਸਕਦਾ । ਨਹਿਰੀ ਪਾਣੀ ਦੀ ਸਪਲਾਈ ਕਦੇ ਨਹਿਰ ਬੰਦ ਹੋ ਜਾਣ ਕਾਰਨ ਨਹੀਂ ਵੀ ਮਿਲ ਸਕਦੀ, ਇਸ ਵਿਚ ਸਰਕਾਰ ਕੁਝ ਨਹੀਂ ਕਰ ਸਕਦੀ ਕਿਉਂਕਿ ਇਸ ਵਿਚ ਸਰਕਾਰ ਦੀ

Original with;
Punjab Vidhan Sabha
Digitized by;
Panjab Digital Library

ਮਜਬੂਰੀ ਹੈ । ਕੀ ਸਰਕਾਰ ਉਥੇ ਕੋਈ ਡੀਜ਼ਲ ਸੈੱਟ ਲਗਾਏਗੀ ਜਾਂ ਕੋਈ ਪਰਮਾਨੈਂਟ ਬੰਦਾ ਲਗਾਏਗੀ ਤਾਂ ਕਿ ਜੇ ਬਿਜਲੀ ਦੀ ਸਪਲਾਈ ਫੇਲ੍ਹ ਹੋ ਜਾਵੇ ਤਾਂ ਡੀਜ਼ਲ ਸੈੱਟਾਂ ਦੇ ਨਾਲ ਲੋਕਾਂ ਨੂੰ ਪਾਣੀ ਦੀ ਸਪਲਾਈ ਦਿੱਤੀ ਜਾ ਸਕੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਿਆ ਹੈ ਕਿ ਬਾਦਲ ਸਰਕਾਰ ਬਣਨ ਤੋਂ ਤੁਰੰਤ ਬਾਅਦ ਵਰਲਡ ਬੈਂਕ ਦਾ ਡਰਾਫਟ ਵੀ ਮਨਜ਼ੂਰ ਕਰ ਚੁੱਕੇ ਹਾਂ ਅਤੇ ਕੈਬਨਿਟ ਵਿਚ ਇਹ ਫੈਸਲਾ ਲੈ ਲਿਆ ਹੈ । ਜਿਉਂ ਹੀ ਇਹ ਵਰਲਡ ਬੈਂਕ ਦਾ ਐਗਰੀਮੈਂਟ ਵਾਸ਼ਿੰਗਟਨ ਵਿਚ ਸਾਈਨ ਹੋ ਜਾਵੇਗਾ ਤਾਂ ਇਸ ਸਕੀਮ ਨੂੰ ਲਾਗੂ ਕਰ ਦਿੱਤਾ ਜਾਵੇਗਾ । ਇਸ ਖੇਤਰ ਦੀ ਤਕਲੀਫ ਵਾਲੇ ਪਿੰਡਾਂ ਨੂੰ ਤਾਂ ਪਹਿਲੇ ਫੇਸ ਵਿਚ ਹੀ ਕਵਰ ਕਰ ਲਵਾਂਗੇ ਅਤੇ ਕੰਮ ਵੀ ਸ਼ੁਰੂ ਕਰ ਦੇਵਾਂਗੇ । ਬਾਕੀ ਆਲਟਰਨੇਟਿਵ ਪ੍ਰਬੰਧਾਂ ਵਾਸਤੇ ਕੋਈ ਫੰਡ ਉਪਲਬਧ ਨਹੀਂ ਹਨ । ਇਹ ਯੋਜਨਾ ਬੋਰਡ ਵਿਚੋਂ ਫੰਡ ਉਪਲਬਧ ਕਰਵਾ ਦੇਣ ਤਾਂ ਅਸੀਂ ਇਸ ਨੂੰ ਇੰਪਲੀਮੈਂਟ ਕਰ ਦੇਵਾਂਗੇ ।

---

## RESUMPTION OF DISCUSSION ON GOVERNOR'S ADDRESS

**ਸ੍ਰੀ ਸਪੀਕਰ** : ਹੁਣ ਅਸੀਂ 10 ਮਾਰਚ,1997 ਨੂੰ ਸਰਦਾਰ ਬਲਦੇਵ ਸਿੰਘ ਖਿਆਲਾ ਐਮ. ਐਲ. ਏ. ਦੁਆਰਾ ਪੇਸ਼ ਕੀਤੇ ਗਏ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ, ਐਮ. ਐਲ.ਏ. ਦੁਆਰਾ ਪ੍ਰੋੜ੍ਹਤਾ ਕੀਤੇ ਗਏ ਧੰਨਵਾਦ ਦੇ ਮਤੇ ਤੇ ਅੱਗੇ ਬਹਿਸ ਕਰਾਂਗੇ । ਡਾਕਟਰ ਹਰਬੰਸ ਲਾਲ ਜੀ ਬਹਿਸ ਜਾਰੀ ਰੱਖਣਗੇ । ਮੈਂ ਬੇਨਤੀ ਕਰਾਂਗਾ ਕਿ ਉਹ ਆਪਣੀ ਲਿਮੀਟੇਸ਼ਨ ਵਿਚ ਰਹਿ ਕੇ ਹੀ ਬੋਲਣ ।

**ਡਾਕਟਰ ਹਰਬੰਸ ਲਾਲ** (ਸਰਹਿੰਦ) : ਸਪੀਕਰ ਸਾਹਿਬ, ਧੰਨਵਾਦ । ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈੱਸ ਤੇ ਬੋਲਣ ਦਾ ਮੌਕਾ ਦਿੱਤਾ ਹੈ । (ਵਿਘਨ)

**ਸ੍ਰੀ ਸਪੀਕਰ** : ਹਰਬੰਸ ਲਾਲ ਜੀ, ਇਕ ਸੈਕਿੰਡ । ਮੇਰੇ ਕੋਲ ਰਾਜਪਾਲ ਦੇ ਧੰਨਵਾਦ ਮਤੇ ਦੇ ਸਬੰਧ ਵਿਚ ਕਾਮਰੇਡ ਹਰਦੇਵ ਅਰਸ਼ੀ ਅਤੇ ਕਾਮਰੇਡ ਅਜੈਬ ਸਿੰਘ ਰੌਂਤਾ ਵੱਲੋਂ 6 ਅਮੈਂਡਮੈਂਟਾਂ ਆਈਆਂ ਹਨ । ਉਨ੍ਹਾਂ ਸਾਰੀਆਂ ਨੂੰ ਹੀ ਪੜ੍ਹਿਆ ਗਿਆ ਅਤੇ ਮੂਵ ਹੋਇਆ ਸਮਝ ਲਿਆ ਜਾਵੇ । ਇਨ੍ਹਾਂ ਤੇ ਵੀ ਬਹਿਸ ਨਾਲ ਹੀ ਹੁੰਦੀ ਜਾਵੇਗੀ ।

1. **ਕਾਮਰੇਡ ਹਰਦੇਵ ਅਰਸ਼ੀ**
**ਕਾਮਰੇਡ ਅਜੈਬ ਸਿੰਘ ਰੌਂਤਾ** } : ਕਿ ਪ੍ਰਸਤਾਵ ਵਿਚ ਅੰਤ ਤੇ ਨਿਮਨ-ਲਿਖਤ ਜੋੜ ਦਿੱਤਾ ਜਾਵੇ, ਅਰਥਾਤ :—

"ਕਿ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਭਾਸ਼ਣ ਵਿਚ ਔਰਤਾਂ ਦੀ ਭਲਾਈ ਅਤੇ ਸਰਕਾਰੀ ਨੌਕਰੀਆਂ ਵਿਚ ਇਸਤ੍ਰੀਆਂ ਲਈ 33% ਵਿਸ਼ੇਸ਼ ਰਾਖਵੇਂ ਕੋਟੇ ਦੇ ਉਪਬੰਧ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ ।"

Original with;
Punjab Vidhan Sabha
Digitized by;
Panjab Digital Library

2. ਕਾਮਰੇਡ ਹਰਦੇਵ ਅਰਸ਼ੀ ਕਾਮਰੇਡ ਅਜੈਬ ਸਿੰਘ ਰੌਂਤਾ } ਕਿ ਪ੍ਰਸਤਾਵ ਵਿਚ ਅੰਤ ਤੇ ਨਿਮਨਲਿਖਤ ਜੋੜ ਦਿੱਤਾ ਜਾਵੇ, ਅਰਥਾਤ :—

"ਕਿ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਭਾਸ਼ਣ ਵਿਚ ਖੇਤ ਮਜ਼ਦੂਰਾਂ ਦੀ ਭਲਾਈ ਸਬੰਧੀ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ ।"

3. ਕਾਮਰੇਡ ਹਰਦੇਵ ਅਰਸ਼ੀ ਕਾਮਰੇਡ ਅਜੈਬ ਸਿੰਘ ਰੌਂਤਾ } ਕਿ ਪ੍ਰਸਤਾਵ ਵਿਚ ਅੰਤ ਤੇ ਨਿਮਨਲਿਖਤ

ਜੋੜ ਦਿੱਤਾ ਜਾਵੇ, ਅਰਥਾਤ :—

"ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜਪਾਲ ਦੇ ਭਾਸ਼ਣ ਵਿਚ ਅੱਤਵਾਦ ਦੇ ਕਾਰਣਾਂ ਦੀ ਜਾਂਚ ਲਈ ਨਿਆਂਇਕ ਅਧਿਕਾਰਾਂ ਵਾਲਾ ਕਮਿਸ਼ਨ ਸਥਾਪਿਤ ਕਰਨ ਸਬੰਧੀ ਕੋਈ ਜਿਕਰ ਨਹੀਂ ਹੈ ।"

4. ਕਾਮਰੇਡ ਹਰਦੇਵ ਅਰਸ਼ੀ ਕਾਮਰੇਡ ਅਜੈਬ ਸਿੰਘ ਰੌਂਤਾ } ਕਿ ਪ੍ਰਸਤਾਵ ਵਿਚ ਅੰਤ ਤੇ ਹੇਠ ਲਿਖਿਆ

ਜੋੜ ਦਿੱਤਾ ਜਾਵੇ, ਅਰਥਾਤ :—

"ਸਦਨ ਖੇਦ ਪ੍ਰਗਟ ਕਰਦਾ ਹੈ ਕਿ ਭਾਸ਼ਣ ਵਿਚ ਸਰਕਾਰੀ ਕਰਮਚਾਰੀਆਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ ।"

5. ਕਾਮਰੇਡ ਹਰਦੇਵ ਅਰਸ਼ੀ ਕਾਮਰੇਡ ਅਜੈਬ ਸਿੰਘ ਰੌਂਤਾ } ਕਿ ਪ੍ਰਸਤਾਵ ਵਿਚ ਅੰਤ ਤੇ ਨਿਮਨ ਲਿਖਤ

ਜੋੜ ਦਿੱਤਾ ਜਾਵੇ, ਅਰਥਾਤ :—

"ਸਦਨ ਖੇਦ ਪ੍ਰਗਟ ਕਰਦਾ ਹੈ ਕਿ ਭਾਸ਼ਣ ਵਿਚ ਗੈਰ-ਤਸੱਲੀਬਖਸ਼ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ ।"

6. ਕਾਮਰੇਡ ਹਰਦੇਵ ਅਰਸ਼ੀ ਕਾਮਰੇਡ ਅਜੈਬ ਸਿੰਘ ਰੌਂਤਾ } ਕਿ ਪ੍ਰਸਤਾਵ ਵਿਚ ਅੰਤ ਤੇ ਹੇਠ ਲਿਖਿਆ

ਜੋੜ ਦਿੱਤਾ ਜਾਵੇ, ਅਰਥਾਤ :—

"ਸਦਨ ਖੇਦ ਪ੍ਰਗਟ ਕਰਦਾ ਹੈ ਕਿ ਭਾਸ਼ਣ ਵਿਚ ਅੱਤਵਾਦੀਆਂ ਦੁਆਰਾ ਸ਼ਿਕਾਰ ਹੋਏ ਪਰਿਵਾਰਾਂ ਦੀਆਂ ਨਾ ਨਿਪਟਾਈਆਂ ਗਈਆਂ ਸਮੱਸਿਆਵਾਂ ਸਬੰਧੀ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ ।"

Original with;
Punjab Vidhan Sabha
Digitized by;
Panjab Digital Library

**ਡਾਕਟਰ ਹਰਬੰਸ ਲਾਲ**: ਬਹੁਤ ਸਾਰੇ ਸਾਥੀਆਂ ਨੇ ਬਾਦਲ ਸਰਕਾਰ ਦੀ ਬੜੀ ਪ੍ਰਸ਼ੰਸਾ ਕੀਤੀ ਹੈ ਕਿ ਉਨ੍ਹਾਂ ਨੇ ਕਿਸਾਨਾਂ ਦੇ ਵਾਸਤੇ ਬਹੁਤ ਕੁਝ ਕੀਤਾ ਹੈ । ਕਿਸਾਨਾਂ ਦੀ ਬਿਜਲੀ ਮੁਆਫ ਕਰ ਦਿੱਤੀ ਹੈ ਪਰ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਜੋ ਬਿਜਲੀ ਦੀ ਮੁਆਫੀ ਦੀ ਗੱਲ ਕੀਤੀ ਗਈ ਹੈ, ਮੈਂ ਕਹਾਂਗਾ ਕਿ ਇਹ ਕਿਸਾਨਾਂ ਨਾਲ ਬੜਾ ਭਾਰੀ ਧੋਖਾ ਕੀਤਾ ਗਿਆ ਹੈ ਕਿਉਂਕਿ ਪਹਿਲਾਂ ਦੀ ਸਾਡੀ ਸਰਕਾਰ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ 7 ਏਕੜ ਜ਼ਮੀਨ ਵਾਲੇ ਕਿਸਾਨਾਂ ਦੀ ਬਿਜਲੀ ਮੁਆਫ ਕੀਤੀ ਸੀ, ਉਨ੍ਹਾਂ ਦੇ ਬਿੱਲ ਤਾਂ ਅੱਜ ਮੁਆਫ ਹੋ ਰਹੇ ਹਨ ਪਰ ਜਿਹੜੇ 7 ਏਕੜ ਤੋਂ ਵੱਧ ਜ਼ਮੀਨਾਂ ਵਾਲੇ ਕਿਸਾਨ ਹਨ, ਉਨ੍ਹਾਂ ਦੇ ਕੁਨੈਕਸ਼ਨ ਕੱਟੇ ਜਾ ਰਹੇ ਹਨ । ਜੇਕਰ ਉਹ ਪਤਾ ਕਰਨ ਜਾਂਦੇ ਹਨ ਤਾਂ ਅੱਗੋਂ ਉਨ੍ਹਾਂ ਨੂੰ ਕਹਿੰਦੇ ਹਨ ਕਿ ਤੁਹਾਡੇ ਬਿੱਲ ਮੁਆਫ ਨਹੀਂ ਹੋਏ । ਜਿਹੜੇ ਪਹਿਲੀ ਸਰਕਾਰ ਨੇ ਮੁਆਫ ਕੀਤੇ ਸਨ, ਕੇਵਲ ਉਹੀ ਮੁਆਫ ਹੋਏ ਹਨ । ਉਨ੍ਹਾਂ ਦੇ ਅੱਜ ਕੁਨੈਕਸ਼ਨ ਕੱਟੇ ਜਾ ਰਹੇ ਹਨ । ਉਹ ਕਹਿੰਦੇ ਹਨ ਕਿ ਅਸੀਂ ਤਾਂ ਉਨ੍ਹਾਂ ਨੂੰ ਇਹ ਵੀ ਜਾ ਕੇ ਨਹੀਂ ਕਹਿ ਸਕਦੇ ਕਿ ਸਾਨੂੰ ਲਾਈਟ ਜ਼ਿਆਦਾ ਦਿਓ । ਜਦੋਂ ਪੁੱਛਿਆ ਜਾਂਦਾ ਹੈ ਕਿ ਸਾਡੇ ਕੁਨੈਕਸ਼ਨ ਕਿਉਂ ਕੱਟੇ ਜਾ ਰਹੇ ਹਨ ਤਾਂ ਅੱਗੋਂ ਕਿਹਾ ਜਾਂਦਾ ਹੈ ਕਿ ਤੁਸੀਂ ਸ਼ਿਕਾਇਤ ਨਹੀਂ ਕਰ ਸਕਦੇ । ਇਹ ਤਾਂ ਮੈਂ ਮੰਨਦਾ ਹਾਂ ਕਿ ਇਥੇ ਬਹੁਤ ਸਾਰੇ ਮੈਂਬਰ ਕਿਸਾਨਾਂ ਦੇ ਵਿਚੋਂ ਹੀ ਚੁਣ ਕੇ ਆਏ ਹੋਏ ਹਨ ਅਤੇ ਇਸ ਸਰਕਾਰ ਨੂੰ ਕਿਸਾਨਾਂ ਦੀ ਸਰਕਾਰ ਕਿਹਾ ਜਾਂਦਾ ਹੈ । ਪਰ ਇਹ ਕਿਸਾਨਾਂ ਨਾਲ ਬੜਾ ਭਾਰੀ ਧੋਖਾ ਕੀਤਾ ਗਿਆ ਹੈ । ਜੇ ਕਿਸਾਨਾਂ ਨੂੰ ਖੁਸ਼ ਕਰਨਾ ਹੀ ਸੀ ਤਾਂ ਖਾਦਾਂ ਮੁਫਤ ਦਿੰਦੇ, ਬਿਨਾਂ ਵਿਆਜ ਕਰਜ਼ੇ ਦਿੰਦੇ, ਕਿਸਾਨਾਂ ਨੂੰ ਕੀਟ-ਨਾਸ਼ਕ ਦਵਾਈਆਂ ਮੁਫਤ ਦਿੰਦੇ, ਟਰੈਕਟਰਾਂ ਤੇ ਸਬਸਿਡੀ ਦਿੰਦੇ । ਫਿਰ ਤਾਂ ਮੰਨਦੇ ਕਿ ਕਿਸਾਨਾਂ ਵਾਸਤੇ ਕੁਝ ਕੀਤਾ ਹੈ ; ਇਹ ਤਾਂ ਐਵੇਂ ਹੀ ਗੱਲਾਂ ਕਰਦੇ ਹਨ । ਜਦੋਂ ਦਿੱਲੀ ਵਿਚ ਇਨ੍ਹਾਂ ਦਾ ਅਕਾਲੀ ਪਾਰਟੀ ਦਾ ਲੀਡਰ ਸੈਂਟਰ ਦੀ ਸਰਕਾਰ ਵਿਚ ਐਗਰੀਕਲਚਰ ਮਨਿਸਟਰ ਸੀ, ਉਦੋਂ ਇਥੇ ਵੀ ਅਕਾਲੀਆਂ ਦੀ ਸਰਕਾਰ ਸੀ । ਉਸ ਵੇਲੇ ਨਰਮਾ 230 ਰੁਪਏ ਕੁਇੰਟਲ ਵਿਕਿਆ । ਉਹ ਵੀ ਚੁੱਕਿਆ ਨਹੀਂ ਸੀ ਜਾਂਦਾ ਸਗੋਂ ਫੂਕਿਆ ਜਾਂਦਾ ਸੀ । ਲੋਕ ਆਪਣੇ ਇੱਖਾਂ ਦੇ ਇੱਖ ਸਾੜਦੇ ਸਨ । ਸਪੀਕਰ ਸਾਹਿਬ, ਮੈਂ ਇਹ ਆਪਣੀ ਅੱਖੀਂ ਵੇਖਿਆ ਹੈ । ਜੇ ਕਿਸਾਨਾਂ ਨੂੰ ਖੁਸ਼ ਕੀਤਾ ਹੈ ਤਾਂ ਕਾਂਗਰਸ ਪਾਰਟੀ ਨੇ । ਉਸ ਨੇ ਕਿਸਾਨਾਂ ਨੂੰ ਭਾਅ ਵਧਾ ਕੇ ਦਿੱਤੇ । ਮੈਨੂੰ ਯਾਦ ਹੈ, ਮੈਂ ਪਿਛਲੇ ਸਾਲ ਆਪਣੇ ਹਲਕੇ ਵਿਚ 8 ਵਿਆਹ ਅਟੈਂਡ ਕੀਤੇ ਅਤੇ ਹਰੇਕ ਕਿਸਾਨ ਨੇ ਆਪਣੀ ਲੜਕੀ ਨੂੰ ਵਿਆਹ ਵਿਚ ਮਾਰੂਤੀ ਕਾਰ ਦਿੱਤੀ । ਇਹ ਇਸ ਕਰਕੇ ਹੋਇਆ ਕਿਉਂਕਿ ਅਸੀਂ ਉਨ੍ਹਾਂ ਨੂੰ ਚੰਗੇ ਭਾਅ ਵਧਾ ਕੇ ਦਿੱਤੇ ਅਤੇ ਕਿਸਾਨ ਪ੍ਰਫੁਲਤ ਹੋਇਆ । ਬਾਦਲ ਗਰਜਦਾ ਜ਼ਰੂਰ ਹੈ ਪਰ ਬਰਸਦਾ ਨਹੀਂ । ਉਸ ਨੂੰ ਚੰਗੀ ਤਰ੍ਹਾਂ ਬਰਸਣਾ ਚਾਹੀਦਾ ਹੈ । ਨਿਰੇ ਲਿਸ਼ਕਾਰੇ ਮਾਰਨ ਨਾਲ ਕਿਸਾਨਾਂ ਦਾ ਅਤੇ ਲੋਕਾਂ ਦਾ ਕੁਝ ਨਹੀਂ ਬਣਨਾ । ਜਿਹੜਾ ਇਹ ਬਿਜਲੀ ਦੇ ਲਿਸ਼ਕਾਰੇ ਮਾਰ ਕੇ ਲੋਕਾਂ ਨੂੰ ਆਪਣੇ ਮਗਰ ਲਾਉਣ ਦੀ ਕੋਸ਼ਿਸ਼ ਕਰਦੇ ਹਨ, ਇਸ ਨਾਲ ਗੱਲ ਨਹੀਂ ਬਣਨੀ । ਉਨ੍ਹਾਂ ਦੀਆਂ ਭਾਵਨਾਵਾਂ ਤੇ ਹੱਥ ਰੱਖਿਆ ਜਾਵੇ । ਮੈਂ ਸਮਝਦਾ ਹਾਂ ਕਿ ਜਿਹੜੇ ਉਨ੍ਹਾਂ ਦੇ ਅਸਲੀ ਮਸਲੇ ਹਨ, ਉਨ੍ਹਾਂ ਨੂੰ ਹੱਲ ਕੀਤਾ ਜਾਵੇ ।..(ਵਿਘਨ)

**ਸਰਦਾਰ ਭੋਤਾ ਸਿੰਘ**: ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** ਡਾਕਟਰ ਹਰਬੰਸ ਲਾਲ ਜੀ, ਇਕ ਮਿੰਟ ਸਰਦਾਰ ਤੋਤਾ ਸਿੰਘ ਜੀ ਦਾ ਪੁਆਇੰਟ ਆਫ ਆਰਡਰ ਸੁਣੋ ।

**ਸਰਦਾਰ ਤੋਤਾ ਸਿੰਘ:** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਕਿ ਇੱਥੇ ਵੀ ਸਾਡੀ ਸਰਕਾਰ ਸੀ ਅਤੇ ਦਿੱਲੀ ਵਿੱਚ ਵੀ, ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 1994-95 ਵਿੱਚ ਦਿੱਲੀ ਵਿੱਚ ਵੀ ਇਨ੍ਹਾਂ ਦੀ ਸਰਕਾਰ ਸੀ ਅਤੇ ਇੱਥੇ ਪੰਜਾਬ ਵਿੱਚ ਵੀ ਇਨ੍ਹਾਂ ਦੀ ਸਰਕਾਰ ਸੀ ਅਤੇ 1994-95 ਵਿੱਚ ਇੱਥੇ ਨਰਮਾ 2,400 ਰੁਪਏ ਕੁਇੰਟਲ ਵਿਕਿਆ, 1995-96 ਵਿੱਚ 2,200 ਰੁਪਏ ਵਿਕਿਆ ਅਤੇ 1996-97 ਵਿੱਚ 1,900 ਰੁਪਏ ਵਿਕਿਆ । ਉਸ ਵੇਲੇ ਦਿੱਲੀ ਵਿੱਚ ਵੀ ਤੇ ਪੰਜਾਬ ਵਿੱਚ ਵੀ ਇਨ੍ਹਾਂ ਦੀ ਹੀ ਸਰਕਾਰ ਸੀ ।

**ਸ੍ਰੀ ਜਗਦੀਸ਼ ਸਾਹਨੀ:** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ 'ਬਾਦਲ ਬਰਸੇ ਨਹੀਂ, ਇਹ ਚੰਗੀ ਤਰ੍ਹਾਂ ਬਰਸਣ' ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਬਾਦਲ ਤਾਂ ਬੜੀ ਚੰਗੀ ਤਰ੍ਹਾਂ ਬਰਸੇ ਹਨ, ਤੁਸੀਂ 87 ਤੋਂ ਘੱਟ ਕੇ 14 ਰਹਿ ਗਏ ਹੋ, ਹੋਰ ਕਿਵੇਂ ਬਰਸਣ । (ਥੰਪਿੰਗ)

**ਡਾਕਟਰ ਹਰਬੰਸ ਲਾਲ:** ਸਪੀਕਰ ਸਾਹਿਬ, ਮੈਂ ਬਿਜਲੀ ਦੀ ਗੱਲ ਕਰ ਰਿਹਾ ਸੀ ਕਿ ਇਸ ਭਾਸ਼ਣ ਅੰਦਰ..

**ਸ੍ਰੀ ਸਪੀਕਰ:** ਡਾਕਟਰ ਸਾਹਿਬ, ਤੁਸੀਂ ਕੰਸਟਰੱਕਟਿਵ ਬਹਿਸ ਕਰੋ, ਐਵੇਂ ਟਾਈਮ ਖਰਾਬ ਨਾ ਕਰੋ ।

**ਡਾਕਟਰ ਹਰਬੰਸ ਲਾਲ:** ਸਪੀਕਰ ਸਾਹਿਬ, ਮੈਂ ਬਿਜਲੀ ਬਾਰੇ ਗੱਲ ਕਰਨੀ ਚਾਹੁੰਦਾ ਹਾਂ । ਭਾਵੇਂ ਅਸੀਂ ਪੰਜਾਬ ਵਿੱਚ ਕਹਿੰਦੇ ਹਾਂ ਕਿ ਸਾਨੂੰ ਸਾਰਿਆਂ ਨੂੰ ਟਕਰਾਓ ਦੀ ਨੀਤੀ ਛੱਡ ਕੇ ਕੰਮ ਕਰਨਾ ਚਾਹੀਦਾ ਹੈ ਪਰ, ਸਪੀਕਰ ਸਾਹਿਬ, ਇਸ ਭਾਸ਼ਣ ਵਿੱਚੋਂ ਪੱਖ-ਪਾਤ ਅਤੇ ਜਾਤ-ਪਾਤ ਦੀ ਬੂ ਆਉਂਦੀ ਹੈ । ਸਪੀਕਰ ਸਾਹਿਬ, ਜੋ ਸ਼ੈਡਿਊਲਡ ਕਾਸਟ ਭਰਾ ਹਨ, ਜਦੋਂ ਉਹ 100-100 ਰੁਪਏ ਬਿਜਲੀ ਦੇ ਬਿੱਲ ਜਮ੍ਹਾਂ ਕਰਵਾ ਕੇ ਆਉਂਦੇ ਹਨ ਤਾਂ ਉਨ੍ਹਾਂ ਨੂੰ ਬੜਾ ਦੁੱਖ ਹੁੰਦਾ ਹੈ । ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਹੈ । ਉਨ੍ਹਾਂ ਗਰੀਬਾਂ ਦਾ ਕੋਈ ਧਿਆਨ ਨਹੀਂ ਰੱਖਿਆ ਗਿਆ ਹੈ । ਮੈਂ ਗੱਲ ਕਰਨੀ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਅੱਜ ਮੁੱਦਾ ਚੰਡੀਗੜ੍ਹ ਦਾ ਨਹੀਂ, ਅਤੇ ਨਾ ਹੀ ਦਰਿਆਈ ਪਾਣੀਆਂ ਦਾ ਹੈ । ਮੁੱਖ ਮੁੱਦਾ ਜਿਹੜਾ ਹੈ, ਉਹ ਬੇਰੁਜ਼ਗਾਰੀ ਨੂੰ ਦੂਰ ਕਰਨ ਦਾ ਹੈ । ਗਵਰਨਰ ਸਾਹਿਬ ਨੇ ਜੋ ਆਪਣੇ ਭਾਸ਼ਣ ਵਿੱਚ ਕਿਹਾ ਹੈ ਅਤੇ ਸਰਕਾਰ ਨੇ ਗੱਲਾਂ ਕੀਤੀਆਂ ਹਨ ਕਿ ਬੇਰੁਜ਼ਗਾਰੀ ਨੂੰ ਖਤਮ ਕੀਤਾ ਜਾਵੇਗਾ । ਸਪੀਕਰ ਸਾਹਿਬ, ਇਸ ਸਬੰਧ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਦਹਾਕੇ ਵਿੱਚ ਜੋ ਪੰਜਾਬ ਦੇ ਹਾਲਾਤ ਖਰਾਬ ਹੋਏ, ਉਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੀ ਸੀ । ਪੜ੍ਹੇ-ਲਿਖੇ ਗਰੀਬ ਬੱਚਿਆਂ ਅਤੇ ਬੇਰੋਜ਼ਗਾਰਾਂ ਲਈ ਕੁਝ ਨਹੀਂ ਸੋਚਿਆ ਗਿਆ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਸ਼ੈਡਿਊਲਡ ਕਾਸਟ

Original with;
Punjab Vidhan Sabha
Digitized by;
Panjab Digital Library

ਲੜਕੀਆਂ ਨੂੰ 5100/- ਰੁਪਏ ਸ਼ਗਨ ਵਜੋਂ ਦਿੱਤੇ ਜਾਣਗੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦੱਸੇ ਜੇ ਕਿਸੇ ਇਕ ਆਦਮੀ ਨੂੰ ਵੀ 5100/-ਰੁਪਏ ਸ਼ਗਨ ਵਜੋਂ ਮਿਲੇ ਹੋਣ । ਅੱਜ ਗਰੀਬ ਸ਼ਡਿਊਲਡ ਕਾਸਟ ਭਰਾਵਾਂ ਦੀਆ ਅਰਜ਼ੀਆਂ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਵਿੱਚ ਰੁਲ ਰਹੀਆ ਹਨ ਅਤੇ ਉਹ ਬੜੇ ਪਰੇਸ਼ਾਨ ਹੋ ਰਹੇ ਹਨ । ਜੋ ਸਾਡੀ ਸਰਕਾਰ ਵੱਲੋਂ ਪ੍ਰਾਇਮਰੀ ਸਕੂਲਾਂ ਲਈ ਫੰਡ ਦਿੱਤੇ ਗਏ ਸਨ, ਉਹ ਜ਼ਰੂਰ ਉਥੇ ਪੁੱਜੇ ਹਨ । ਉਸ ਤੋਂ ਬਾਅਦ ਇਸ ਸਰਕਾਰ ਵੱਲੋਂ ਹੁਣ ਤੱਕ ਕੋਈ ਵੀ ਫੰਡ ਨਹੀਂ ਭੇਜੇ ਗਏ । ਇਸੇ ਤਰ੍ਹਾਂ ਐਜੂਕੇਸ਼ਨ ਦੀ ਗੱਲ ਕੀਤੀ ਗਈ ਹੈ, ਆਦਰਸ਼ ਸਕੂਲ ਬਣਾਉਣ ਦੀ ਗੱਲ ਕੀਤੀ ਗਈ ਹੈ ।

**ਸ੍ਰੀ ਸਪੀਕਰ**: ਡਾਕਟਰ ਸਾਹਿਬ, ਤੁਹਾਡੇ 2 ਮਿੰਟ ਰਹਿ ਗਏ ਹਨ ।

**ਡਾਕਟਰ ਹਰਬੰਸ ਲਾਲ**: ਸਪੀਕਰ ਸਾਹਿਬ, ਐਜੂਕੇਸ਼ਨ ਦੇ ਮਿਆਰ ਨੂੰ ਉੱਚਾ ਚੁੱਕਣ ਦੀ ਗੱਲ ਕੀਤੀ ਗਈ ਹੈ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਵਿੱਚ ਪ੍ਰਾਇਮਰੀ ਸਕੂਲ ਹਨ, ਮਿਡਲ ਸਕੂਲ ਹਨ, ਇਹ ਉਨ੍ਹਾਂ ਦੇ ਮਿਆਰ ਨੂੰ ਕਿਸ ਤਰ੍ਹਾਂ ਉੱਚਾ ਚੁੱਕਣਗੇ । ਉਨ੍ਹਾਂ ਦੀਆਂ ਬਿਲਡਿੰਗਾਂ ਵੱਲ ਧਿਆਨ ਦੇਣ ਦੀ ਲੋੜ ਹੈ ਅਤੇ ਹੋਰ ਲੋੜੀਂਦੇ ਸਮਾਨ ਵੱਲ ਧਿਆਨ ਦੇਣ ਦੀ ਲੋੜ ਹੈ । ਅੱਜ ਵਿਧਾਨ ਸਭਾ ਵਿੱਚ ਕਿਹਾ ਜਾਂਦਾ ਹੈ ਕਿ ਰੈਜ਼ੋਲਿਊਸ਼ਨ ਅੰਗਰੇਜ਼ੀ ਵਿੱਚ ਕਿਉਂ ਰੱਖਿਆ ਗਿਆ ਹੈ, ਇਹ ਪੰਜਾਬੀ ਵਿੱਚ ਆਉਣਾ ਚਾਹੀਦਾ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਦੇਸ਼ ਵਿੱਚ ਅੰਗਰੇਜ਼ੀ ਪੜ੍ਹੀ ਜਾਂਦੀ ਹੈ । ਅਸੀਂ ਕਿਉਂ ਪੰਜਾਬੀ ਦੀ ਤਰ੍ਹਾਂ ਪਹਿਲੀ ਕਲਾਸ ਤੋਂ ਹੀ ਅੰਗਰੇਜ਼ੀ ਜ਼ਰੂਰੀ ਨਹੀਂ ਕਰਦੇ, ਉਰਦੂ ਜ਼ਰੂਰੀ ਨਹੀਂ ਕਰਦੇ । ਇਹੀ ਕਾਰਨ ਹੈ ਕਿ ਅੱਜ ਆਈ.ਏ.ਐਸ. ਅਧਿਕਾਰੀ ਕੋਈ ਚੈਟਰਜੀ ਅਤੇ ਕੋਈ ਬੈਨਰਜੀ ਹੈ । ਇਸ ਲਈ ਇਸ ਗੱਲ ਨੂੰ ਵੀ ਮੱਦੇ ਨਜ਼ਰ ਰੱਖਿਆ ਜਾਣਾ ਚਾਹੀਦਾ ਹੈ । ਐਜੂਕੇਸ਼ਨ ਦਾ ਮਿਆਰ ਉੱਚਾ ਚੁੱਕਣ ਬਾਰੇ ਮੈਂ ਕਹਾਂਗਾ ਕਿ ਐਜੂਕੇਸ਼ਨ ਨੂੰ ਵੱਧ ਤੋਂ ਵੱਧ ਉਤਸ਼ਾਹ ਦਿੱਤਾ ਜਾਵੇ । ਸਪੀਕਰ ਸਾਹਿਬ, ਇਕ ਪਾਸੇ ਤਾਂ ਸਾਡੀ ਸਰਕਾਰ ਐਜੂਕੇਸ਼ਨ ਦਾ ਦਰਜਾ ਵਧਾਉਣ ਬਾਰੇ ਗੱਲਾਂ ਕਰ ਰਹੀ ਹੈ, ਪਰ ਦੂਜੇ ਪਾਸੇ ਜੋ ਸਕੂਲ ਪਿਛਲੇ ਸਮੇਂ ਵਿਚ ਕਾਂਗਰਸ ਸਰਕਾਰ ਨੇ ਅੱਪ-ਗਰੇਡ ਕੀਤੇ ਸਨ, ਉਨ੍ਹਾਂ ਸਕੂਲਾਂ ਨੂੰ ਚਿੱਠੀਆਂ ਕੱਢੀਆਂ ਜਾ ਰਹੀਆਂ ਹਨ ਕਿ ਉਨ੍ਹਾਂ ਨੂੰ ਅੱਪ-ਗਰੇਡ ਨਹੀਂ ਕੀਤਾ ਜਾਵੇਗਾ ਅਤੇ ਪਿੰਡਾਂ ਦੇ ਪਿੰਡ ਸਾਡੇ ਕੋਲ ਸ਼ਿਕਾਇਤਾਂ ਲੈ ਕੇ ਆ ਰਹੇ ਹਨ ਕਿ ਉਨ੍ਹਾਂ ਦੇ ਸਕੂਲਾਂ ਨੂੰ ਕਿਉਂ ਕੈਂਸਲ ਕਰ ਦਿੱਤਾ ਗਿਆ ਹੈ । ਇਹ ਪੱਖ-ਪਾਤ ਨਹੀਂ ਤਾਂ ਕੀ ਹੈ ।

ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਦੇ ਲੋਕਾਂ ਨੇ ਵੱਧ ਤੋਂ ਵੱਧ ਤੁਹਾਨੂੰ ਵੋਟਾਂ ਪਾ ਕੇ ਤੁਹਾਡੀ ਸਰਕਾਰ ਬਣਾਈ ਹੈ । ਤੁਸੀਂ ਚੁੰਗੀ ਖਤਮ ਕਰਨ ਦੀ ਗੱਲ ਕੀਤੀ ਪਰ ਤੁਸੀਂ ਕਮੇਟੀਆਂ ਬਿਠਾ ਦਿੱਤੀਆਂ । ਸ਼ਹਿਰਾਂ ਦੇ ਵਿਕਾਸ ਵਾਸਤੇ ਤੁਸੀਂ ਕੋਈ ਕੰਮ ਨਹੀਂ ਕੀਤਾ । ਚੁੰਗੀਆਂ ਕਦੋਂ ਖਤਮ ਹੋਣਗੀਆਂ ? ਲੋਕ ਧੱਕੇ ਖਾਂਦੇ ਫਿਰਦੇ ਹਨ । ਸਪੀਕਰ ਸਾਹਿਬ, ਇਸ ਦੇ ਨਾਲ ਨਾਲ....

**ਸ੍ਰੀ ਸਪੀਕਰ**: ਤੁਸੀਂ ਹੁਣ ਕਲੋਜ਼ ਅੱਪ ਕਰੋ ।

Original with;
Punjab Vidhan Sabha
Digitized by;
Panjab Digital Library

**ਡਾਕਟਰ ਹਰਬੰਸ ਲਾਲ**: ਕਿਸਾਨਾਂ ਨੂੰ ਬਿਜਲੀ ਮੁਫਤ ਦੇਣ ਨਾਲ ਉਨ੍ਹਾਂ ਨੂੰ ਇਤਨਾ ਫਾਇਦਾ ਨਹੀਂ ਹੋਣਾ । ਕਿਸਾਨਾਂ ਨੂੰ ਵਧੀਆ ਸੜਕਾਂ ਦਿੱਤੀਆਂ ਜਾਣ ਤਾਂ ਕਿ ਉਨ੍ਹਾਂ ਨੂੰ ਸਹੂਲਤ ਮਿਲ ਸਕੇ । ਸੜਕਾਂ ਚੌੜੀਆਂ ਕੀਤੀਆਂ ਜਾਣ । 10 ਫੁੱਟ ਦੀ ਸੜਕ ਤੇ ਦੋ ਟਰਾਲੀਆਂ ਇਕੱਠੀਆਂ ਨਹੀਂ ਲੰਘ ਸਕਦੀਆਂ । ਇਸ ਕਰਕੇ ਸੜਕਾਂ ਨੂੰ ਘੱਟੋ-ਘੱਟ 15 ਤੋਂ 18 ਫੁੱਟ ਤੱਕ ਚੌੜਾ ਕੀਤਾ ਜਾਵੇ । ਸੜਕਾਂ ਦੀ ਰਿਪੇਅਰ ਕੀਤੀ ਜਾਵੇ । ਸਪੀਕਰ ਸਾਹਿਬ, ਦੋ ਕੁ ਮਹੀਨੇ ਦਾ ਹੀ ਸਮਾਂ ਹੈ । ਫਿਰ ਬਰਸਾਤ ਹੋ ਜਾਣੀ ਹੈ । ਫਿਰ ਕਹਿਣਗੇ ਕਿ ਪ੍ਰੀਮਿਕਸ ਨਹੀਂ ਪੈਣਾ । ਫਿਰ ਸਰਦੀ ਆ ਜਾਣੀ ਹੈ ਤਾਂ ਵੀ ਇਹ ਕਹਿਣਗੇ ਕਿ ਪ੍ਰੀਮਿਕਸ ਨਹੀਂ ਪੈਣਾ । ਇਸ ਤਰ੍ਹਾਂ ਲੋਕ ਤਰਸਦੇ ਹੀ ਰਹਿ ਜਾਣਗੇ ।

**ਸ੍ਰੀ ਸਪੀਕਰ**: ਤੁਸੀਂ ਹੁਣ ਬੈਠ ਜਾਓ ।

**ਡਾਕਟਰ ਹਰਬੰਸ ਲਾਲ**: ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈੱਸ ਵਿੱਚ ਗਰੀਬ ਲੋਕਾਂ ਦੇ ਇੰਟਰੈਸਟ ਬਾਰੇ ਕੋਈ ਗੱਲ ਨਹੀਂ ਕੀਤੀ ਗਈ ।

ਫਤਿਹਗੜ੍ਹ ਸਾਹਿਬ ਮਹਾਨ ਗੁਰੂਆਂ ਅਤੇ ਸ਼ਹੀਦਾਂ ਦੀ ਧਰਤੀ ਹੈ । ਇੱਥੇ ਛੋਟੇ ਸਾਹਿਬਜ਼ਾਦਿਆਂ ਨੇ ਧਰਮ ਅਤੇ ਦੇਸ਼ ਦੀ ਖਾਤਰ ਆਪਣੀ ਸ਼ਹਾਦਤ ਦਿੱਤੀ । ਇਸ ਧਰਤੀ ਦੇ ਵਿਕਾਸ ਵਾਸਤੇ, ਇਸ ਧਰਤੀ ਦੀ ਉੱਨਤੀ ਲਈ ਸਰਦਾਰ ਬੇਅੰਤ ਸਿੰਘ ਜੀ ਨੇ ਇਸ ਨੂੰ ਜ਼ਿਲ੍ਹਾ ਬਣਾਇਆ ਸੀ । ਅੱਜ ਸਾਹਮਣੇ ਇਹ ਧਰਮ ਅਤੇ ਪੰਥ ਦੇ ਨਾਂ ਤੇ ਵੋਟਾਂ ਲੈਣ ਵਾਲੇ ਬੈਠੇ ਹਨ । ਸਪੀਕਰ ਸਾਹਿਬ, ਇਸ ਸ਼ਹੀਦਾਂ ਦੀ ਧਰਤੀ ਦੇ ਵਿਕਾਸ ਲਈ ਗਵਰਨਰ ਸਾਹਿਬ ਦੇ ਭਾਸ਼ਣ ਅੰਦਰ ਇੱਕ ਵੀ ਸ਼ਬਦ ਨਹੀਂ ਬੋਲਿਆ ਗਿਆ । ਇਸ ਧਰਤੀ ਦਾ ਵਿਕਾਸ ਕਰਨ ਲਈ ਪ੍ਰੋਗਰਾਮ ਉਲੀਕੇ ਜਾਣ ।

**ਸ੍ਰੀ ਸਪੀਕਰ**: ਤੁਸੀਂ ਹੁਣ ਬੈਠ ਜਾਓ ।

**ਡਾਕਟਰ ਹਰਬੰਸ ਲਾਲ**: ਸਪੀਕਰ ਸਾਹਿਬ, ਚੰਡੀਗੜ੍ਹ ਦੀ ਗੱਲ ਕੀਤੀ ਗਈ ਹੈ ਕਿ ਚੰਡੀਗੜ੍ਹ ਲੈ ਕੇ ਦਿਆਂਗੇ । ਚੰਡੀਗੜ੍ਹ ਪਹਿਲਾਂ ਕਿਸ ਦਾ ਸੀ ? ਹਰਿਆਣਾ ਕਿੱਥੋਂ ਬਣਿਆ ? ਹਿਮਾਚਲ ਕਿੱਥੋਂ ਬਣਿਆ ?

**ਸ੍ਰੀ ਸਪੀਕਰ**: ਤੁਸੀਂ ਹੁਣ ਬੈਠ ਜਾਓ । ਅਗਲਾ ਸਪੀਕਰ ਸਰਦਾਰ ਇੰਦਰਜੀਤ ਸਿੰਘ ਜ਼ੀਰਾ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** (ਜ਼ੀਰਾ): ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਰਾਜਪਾਲ ਦੇ ਇਸ ਇਤਿਹਾਸਿਕ ਐਡਰੈੱਸ ਤੇ ਬੋਲਣ ਦਾ ਸਮਾਂ ਦਿੱਤਾ ਹੈ । ਇਸ ਐਡਰੈੱਸ ਦੇ ਮਤੇ ਨੂੰ ਸਰਦਾਰ ਬਲਦੇਵ ਸਿੰਘ ਜੀ ਖਿਆਲਾ ਨੇ ਪੇਸ਼ ਕੀਤਾ ਹੈ ਔਰ ਅੱਜ ਮੈਂ ਇਹ ਐਡਰੈੱਸ ਪੜ੍ਹ ਕੇ ਇਹ ਕਹਿ ਸਕਦਾ ਹਾਂ ਕਿ ਇਹ ਇੱਕ ਇਤਿਹਾਸਿਕ ਐਡਰੈੱਸ ਹੈ । ਸਪੀਕਰ ਸਾਹਿਬ, ਪਿਛਲੇ ਪੰਜ ਸਾਲਾਂ ਵਿੱਚ ਐਡਰੈੱਸ ਪੜ੍ਹਨ-ਸੁਣਨ ਦਾ ਮੌਕਾ ਮਿਲਦਾ ਰਿਹਾ ਹੈ ਪਰ ਉਸ ਸਮੇਂ ਐਡਰੈੱਸ ਵਿੱਚ ਕਦੇ ਵੀ ਕੋਈ ਐਸੀ ਗੱਲ ਨਹੀਂ ਸੀ ਕੀਤੀ ਗਈ ਜਿਹੜੀ ਕਿ ਲੋਕ ਭਲਾਈ ਦੀ ਹੋਵੇ । ਅੱਜ ਪਹਿਲੀ ਵਾਰ ਹੈ ਜਦੋਂ ਪੰਜਾਬ ਦੇ ਮਸਲਿਆਂ ਨੂੰ ਇਸ ਐਡਰੈੱਸ ਵਿੱਚ ਲਿਆ ਗਿਆ

Original with;
Punjab Vidhan Sabha
Digitized by;
Panjab Digital Library

ਹੈ । (ਥੰਪਿੰਗ) ਮੇਰੇ ਤੋਂ ਪਹਿਲਾਂ ਮੇਰੇ ਕਾਫੀ ਸਤਿਕਾਰਯੋਗ ਮੈਂਬਰਾਂ ਨੇ ਇਸ ਐਡਰੈੱਸ ਤੇ ਬੜੇ ਖੁਲ੍ਹ ਕੇ ਵਿਚਾਰ ਪੇਸ਼ ਕੀਤੇ । ਹੁਣੇ ਹੁਣੇ ਮੇਰੇ ਇੱਕ ਸਤਿਕਾਰਯੋਗ ਐਮ. ਐਲ. ਏ. ਇਸ ਐਡਰੈੱਸ ਤੇ ਬੋਲ ਰਹੇ ਸਨ । ਸਪੀਕਰ ਸਾਹਿਬ, ਮੈਨੂੰ ਯਾਦ ਹੈ ਕਿ ਜਦੋਂ ਪਹਿਲੀ ਵਾਰ ਇਸ ਅਸੰਬਲੀ ਵਿੱਚ ਆਉਣ ਦਾ ਮੌਕਾ ਮਿਲਿਆ ਤਾਂ ਇਹ ਮੈਂਬਰ ਇਸ ਪਾਸੇ (ਆਪੋਜ਼ੀਸ਼ਨ ਬੈਂਚਾਂ ਵੱਲ ਇਸ਼ਾਰਾ ਕਰਕੇ) ਮੇਰੇ ਨਾਲ ਹੀ ਸੱਜੇ ਹੱਥ ਬੈਠੇ ਹੁੰਦੇ ਸਨ । ਪਰ ਥੋੜ੍ਹੇ ਜਿਹੇ ਸਮੇਂ ਬਾਅਦ ਹੀ ਮਿੱਤਲ ਸਾਹਿਬ ਨੂੰ ਸ਼ਾਇਦ ਪਤਾ ਨਹੀਂ ਸੀ ਕਿ ਇਹ ਦੋ ਆਦਮੀ ਥੋੜ੍ਹਾ ਜਿਹਾ ਟੁੱਕ ਪਾਉਣ ਤੇ ਛੱਡ ਕੇ ਚਲੇ ਜਾਣਗੇ । ਥੋੜ੍ਹੇ ਜਿਹੇ ਟੁੱਕ ਨਾਲ ਇਹ ਦੋ ਮੈਂਬਰ ਚਲੇ ਗਏ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) । ਜਦੋਂ ਦੋ ਮੈਂਬਰ ਚਲੇ ਗਏ (ਵਿਘਨ) ਉਨ੍ਹਾਂ ਵਿੱਚੋਂ ਇੱਕ ਮੈਂਬਰ ਇਨ੍ਹਾਂ ਇਲੈਕਸ਼ਨਾਂ ਵਿੱਚ ਝੜ ਗਿਆ । (ਡਾਕਟਰ ਹਰਬੰਸ ਲਾਲ ਵਲੋਂ ਵਿਘਨ)

**ਸ਼੍ਰੀ ਸਪੀਕਰ**: ਡਾਕਟਰ ਸਾਹਿਬ, ਤੁਸੀਂ ਬੈਠੋ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਇੱਕ ਮੈਂਬਰ ਦੀ ਛੁੱਟੀ ਹੋ ਗਈ । ਇੱਕ ਮੈਂਬਰ ਕਿਸੀ ਕਾਰਨ ਹਾਊਸ ਵਿਚ ਆ ਗਿਆ । ਉਸ ਦੇ ਕਈ ਕਾਰਨ ਹਨ । ਅੱਜ ਸ਼ਾਇਦ ਉਸ ਨੂੰ ਇਹ ਚੇਤਾ ਹੀ ਭੁਲ ਗਿਆ ਹੈ ਕਿ ਜਿਹੜੇ ਮੇਰੇ ਮਾਪੇ ਹਨ, ਮੇਰੀ ਉਹ ਪਾਰਟੀ ਜਿਸ ਵਿੱਚੋਂ ਮੈਂ ਪੈਦਾ ਹੋਇਆ ਹਾਂ, ਉਹ ਪਾਰਟੀ ਕਿੱਥੇ ਬੈਠੀ ਹੈ ਤੇ ਮੈਂ ਕਿੱਥੇ ਬੈਠਾ ਹਾਂ । (ਵਿਘਨ)

**ਸ਼੍ਰੀ ਸਪੀਕਰ** : ਜ਼ੀਰਾ ਸਾਹਿਬ, ਤੁਸੀਂ ਗਵਰਨਰ ਦੇ ਭਾਸ਼ਣ ਤੇ ਬੋਲੋ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਮੈਂ ਗਵਰਨਰ ਦੇ ਐਡਰੈੱਸ ਤੇ ਹੀ ਆ ਰਿਹਾ ਹਾਂ । ਅੱਜ ਹੀ ਨਹੀਂ ਜਦੋਂ ਵੀ ਮੈਂ ਬੋਲਦਾ ਹਾਂ ਔਰ ਜਦੋਂ ਇਹ (ਟਰੈਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਇਧਰ ਬੈਠੇ ਹੁੰਦੇ ਸੀ......

**ਸ਼੍ਰੀ ਅਵਤਾਰ ਹੈਨਰੀ**: ** ** **

**ਸ਼੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

**ਸ਼੍ਰੀ ਜਗਦੀਸ਼ ਸਾਹਨੀ**: ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ ।

**ਸ਼੍ਰੀ ਸਪੀਕਰ**: ਸਾਹਨੀ ਸਾਹਿਬ, ਤੁਸੀਂ ਬੈਠ ਜਾਉ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, 7 ਤਰੀਕ ਨੂੰ ਵੋਟਾਂ ਪਈਆਂ ਔਰ 9 ਤਰੀਕ ਨੂੰ ਰਿਜ਼ਲਟ ਆਏ । ਜਦੋਂ ਰਿਜ਼ਲਟ ਆਏ, ਤਾਂ ਉਸ ਵੇਲੇ ਮੈਂ ਰਿਜ਼ਲਟ

---

**Expunged as ordered by the Chair,

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਸੁਣ ਰਿਹਾ ਸੀ । ਪਤਾ ਨਹੀਂ, ਸ਼ਾਇਦ ਇਨ੍ਹਾਂ ਨੂੰ ਇਸ ਗੱਲ ਦਾ ਕਿੰਨਾ ਕੁ ਦੁੱਖ ਹੋਇਆ ਹੋਵੇ. . . . .

**ਸ਼੍ਰੀ ਸਪੀਕਰ** : ਜ਼ੀਰਾ ਸਾਹਿਬ, ਤੁਸੀਂ ਵੀ ਐਡਰੈੱਸ ਤੇ ਆਉ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਪਹਿਲਾਂ ਮੈਂ ਚੋਣਾਂ ਦੇ ਮੁੱਦੇ ਤੇ ਆਉਣਾ ਹੈ । ਉਸ ਵਕਤ ਮੈਂ ਸੁਣਿਆ ਕਿ ਜਿਹੜੇ ਮੇਰੇ ਵੀਰ ਕਦੇ ਇਨ੍ਹਾਂ ਬੈਂਚਾਂ (ਟਰੈਜ਼ਰੀ ਬੈਂਚਿਜ ਤੇ) ਤੇ ਬੈਠੇ ਹੁੰਦੇ ਸੀ, ਅੱਜ ਉਨ੍ਹਾਂ 87 ਵਿੱਚੋਂ 14 ਇਥੇ ਆਏ ਹਨ । ਪੰਜਾਬੀ ਦਾ ਇੱਕ ਅਖਾਣ ਹੈ ਕਿ 'ਚੱਪਣੀ 'ਚ ਨੱਕ ਡੋਬ ਕੇ ਮਰ ਜਾਉ ।' ਪਰ ਇਹ ਤਾਂ ਮਰਨ ਜੋਗੇ ਵੀ ਨਹੀਂ । ਗੱਲ ਇਹ ਹੈ ਕਿ ਜਿਸ ਤਰ੍ਹਾਂ ਬੱਚਿਆਂ ਦੇ ਪੇਪਰ ਹੁੰਦੇ ਹਨ, ਪੰਜ ਸਾਲ ਇਹ ਇਨ੍ਹਾਂ ਕੁਰਸੀਆਂ ਤੇ ਬੈਠੇ ਰਹੇ ਔਰ ਪੰਜ ਸਾਲਾਂ ਬਾਅਦ ਇਨ੍ਹਾਂ ਦੇ ਪੇਪਰ ਹੋਣੇ ਸੀ । ਜਦੋਂ ਪੰਜ ਸਾਲਾਂ ਬਾਅਦ ਇਨ੍ਹਾਂ ਦੇ ਪੇਪਰ ਹੋਏ, ਵੋਟਾਂ ਪਈਆਂ ਤਾਂ ਉਸ ਵਕਤ 33% ਤਾਂ ਕੀ, ਇਹ ਤਾਂ ਟੋਟਲ ਹੀ 14 ਬਾਕੀ ਬਚੇ । ਬਾਕੀ ਸਾਰੇ ਦੇ ਸਾਰੇ ਫੇਲ੍ਹ ਹੋ ਗਏ । ਇਹ ਗੱਲ ਜਦੋਂ ਮੈਂ ਅੱਗੇ ਇਥੇ ਬੋਲਦਾ ਹੁੰਦਾ ਸੀ, ਉਦੋਂ ਵੀ ਕਹਿੰਦਾ ਹੁੰਦਾ ਸੀ ਕਿ ਸਮਾਂ ਜਿਹੜਾ ਹੈ, ਉਹ ਦੂਰ ਨਹੀਂ ਜਦੋਂ ਸਰਦਾਰ ਬਾਦਲ ਦੇ ਜਿਹੜੇ ਮੋਟੇ-ਮੋਟੇ ਗੜੇ ਹਨ, ਉਹ ਤੁਹਾਡੇ ਤੇ ਵਰ੍ਹ ਜਾਣੇ ਹਨ ਔਰ ਉਹ ਬਾਦਲ ਦੇ ਗੜੇ ਇਨ੍ਹਾਂ ਤੇ ਪੈ ਗਏ । ਚੋਣਾਂ ਵਿੱਚੋ 14 ਹੀ ਮਾੜੇ ਮੋਟੇ ਬਚੇ, ਬਾਕੀ ਸਾਰੇ ਦੇ ਸਾਰੇ ਝੜ ਗਏ । ਲੋਕਾਂ ਨੇ ਵੋਟਾਂ ਪਾਈਆਂ ਔਰ ਅਕਾਲੀ-ਭਾਜਪਾ ਸਰਕਾਰ ਬਣੀ । ਅਕਾਲੀ-ਭਾਜਪਾ ਸਰਕਾਰ ਦਾ ਅੱਜ ਨਹੁੰ ਮਾਸ ਦਾ ਰਿਸ਼ਤਾ ਹੈ । ਇਹ ਰਿਸ਼ਤੇ ਨੂੰ ਦੇਖਦੇ ਹੋਏ ਲੋਕਾਂ ਨੇ ਇਹ ਵੋਟਾਂ ਪਾਈਆਂ ਹਨ ਔਰ ਇਹ ਗੱਲਾਂ ਤਾਂ ਮੈਂ ਉਦੋਂ ਵੀ ਕਹੀਆਂ ਸਨ । ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਪਿਛਲੇ ਪੰਜਾਂ ਸਾਲਾਂ ਵਿੱਚ ਹਿੰਦੂ-ਸਿੱਖ ਨੂੰ ਤੋੜਨ ਦਾ ਯਤਨ ਕੀਤਾ ਹੈ । ਇਨ੍ਹਾਂ ਨੇ ਗੁਰਦਵਾਰਿਆਂ ਵਿੱਚ ਬੀੜੀਆਂ ਸੁਟਵਾਈਆਂ, ਇਨ੍ਹਾਂ ਨੇ ਮੰਦਰਾਂ ਵਿੱਚ ਗਊਆਂ ਦੇ ਕੰਨ ਸੁੱਟੇ, ਪੂਛਾਂ ਸੁੱਟੀਆਂ ਔਰ ਖੱਟਿਆ ਕੀ ? ਇਹ ਸਰਕਾਰ ਜਿਹੜੀ ਪੰਜ ਸਾਲ ਲੁੱਟ-ਖਸੁੱਟ ਚਲਾਉਂਦੀ ਰਹੀ, ਅੱਜ ਲੋਕਾਂ ਨੇ ਉਸ ਖਿਲਾਫ ਫਤਵਾ ਦਿੱਤਾ ਹੈ । ਅੱਜ ਲੋਕਾਂ ਨੇ ਫਤਵਾ ਦਿੱਤਾ ਹੈ ਕਿ ਇਹ ਸਰਕਾਰ (ਅਕਾਲੀ-ਭਾਜਪਾ ਸਰਕਾਰ) ਅਸਲੀ ਹਿੰਦੂ-ਸਿੱਖ ਏਕਤਾ ਦੀ ਸਰਕਾਰ ਹੈ ਔਰ ਪੰਜਾਬ ਦੇ ਅਸਲੀ ਵਾਰਸ ਇਹ ਹਨ । ਇਸ ਕਰਕੇ ਲੋਕਾਂ ਨੇ ਵੋਟਾਂ ਪਾਈਆਂ । ਪਿਛਲੇ ਪੰਜਾਂ ਸਾਲਾਂ ਦੌਰਾਨ ਸਰਕਾਰ ਦੀ ਕਾਲੀ ਬੋਲੀ ਹਨੇਰੀ ਜਿਵੇਂ ਭ੍ਰਿਸ਼ਟਾਚਾਰ ਔਰ ਧੱਕੇਸ਼ਾਹੀ ਇਥੇ ਸੀ, ਉਸ ਦੇ ਖਿਲਾਫ ਲੋਕਾਂ ਨੇ ਵੋਟਾਂ ਪਾਈਆਂ । ਇਸੇ ਕਰਕੇ ਹੀ 'ਮਿਟੀ ਧੁੰਦ ਜਗ ਚਾਨਣ ਹੋਆ ॥' ਅੱਜ ਇਥੇ ਬੈਠੇ ਚਾਨਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਲੋਕਾਂ ਵਿੱਚ ਜਾ ਕੇ ਗੱਲਾਂ ਕੀਤੀਆਂ ਹਨ । ਜੇਕਰ ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਗੱਲਾਂ ਕਰਨ ਜੋਗੇ ਹੁੰਦੇ ਤਾਂ ਅੱਜ ਇਹ 14 ਦੀ ਗਿਣਤੀ ਵਿੱਚ ਨਾ ਹੁੰਦੇ । ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਨੂੰ ਲਗਾਤਾਰ ਇਥੇ ਪੰਜ ਸਾਲ ਬੋਲਣ ਦਾ ਮੌਕਾ ਮਿਲਿਆ ਹੈ । ਇਹ ਮੈਂ ਨਹੀਂ ਕਹਿੰਦਾ, ਇਹ ਆਪ ਕਹਿੰਦੇ ਹੁੰਦੇ ਸੀ ਕਿ ਸਾਡੇ ਵਿੱਚ ਜਿਹੜਾ ਫਲਾਣਾ ਮੰਤਰੀ ਹੈ, ਇਸ ਦੇ ਅੱਤਵਾਦੀਆਂ ਨਾਲ ਸਬੰਧ ਹਨ । ਸਪੀਕਰ ਸਾਹਿਬ, ਮੈਂ ਉਦੋਂ ਵੀ ਕਹਿੰਦਾ ਰਿਹਾ ਕਿ ਜੁਡੀਸ਼ੀਅਲ ਇਨਕੁਆਇਰੀ ਕਰਵਾਈ ਜਾਵੇ ਕਿ ਅੱਤਵਾਦੀਆਂ ਨਾਲ ਸਬੰਧ ਕਿਸ ਦੇ ਹਨ ।

Original with;
Punjab Vidhan Sabha
Digitized by;
Panjab Digital Library

ਅੱਤਵਾਦੀਆਂ ਨਾਲ ਸਬੰਧਾਂ ਬਾਰੇ ਮੈਂ ਉਦੋਂ ਵੀ ਕਹਿੰਦਾ ਰਿਹਾ ਔਰ ਜਿਤਨੇ ਵੀ ਮੇਰੇ ਸਾਥੀ ਇਥੇ ਬੈਠੇ ਹਨ, ਇਹ ਦੱਸਣ ਕਿ 'ਟਾਡਾ' ਦੇ ਪਰਚੇ ਕਿਨ੍ਹਾਂ ਦੇ ਉਤੇ ਬਣੇ ਹਨ । ਇਨ੍ਹਾਂ ਦੇ ਉਤੇ (ਕਾਂਗਰਸ ਪਾਰਟੀ ਵਲ ਇਸ਼ਾਰਾ) 'ਟਾਡਾ' ਦੇ ਪਰਚੇ ਦਾਇਰ ਹੋਏ ਹਨ, ਇਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਮੁੰਡਿਆਂ ਦੇ ਉਤੇ 'ਟਾਡਾ' ਦੇ ਪਰਚੇ ਦਰਜ ਹੋਏ ਹਨ ਕਿ ਇਹ ਪਾਕਿਸਤਾਨ ਤੋਂ ਅਸਲਾ ਲਿਆ ਰਹੇ ਸੀ । ਸਪੀਕਰ ਸਾਹਿਬ, ਇਹ ਮੈਂ ਨਹੀਂ ਕਹਿੰਦਾ, ਇਹ ਅਖਬਾਰਾਂ ਕਹਿ ਰਹੀਆਂ ਹਨ । ਮੇਰੀ ਭੈਣ ਬੀਬੀ ਭੱਠਲ ਜੀ ਬੈਠੇ ਹਨ ਅਤੇ ਉਨ੍ਹਾਂ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਅੱਤਵਾਦੀਆਂ ਨੂੰ ਛੁਡਵਾਇਆ ਅਤੇ ਕਿਸ ਤਰ੍ਹਾਂ ਉਨ੍ਹਾਂ ਨੇ ਅੱਤਵਾਦੀਆਂ ਨੂੰ ਅਸਲਾ ਦਿੱਤਾ । ਹੁਣ ਇਹ ਇਨਕੁਆਰੀ ਕਰਵਾਉਣ ਲਈ ਤਿਆਰ ਹੋਣਗੇ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੈਨੂੰ ਬੜਾ ਅਫਸੋਸ ਹੈ ਇਸ ਗੱਲ ਦਾ ਕਿ ਇਹ ਅਖਬਾਰਾਂ ਦੀ ਕਟਿੰਗ ਲੈ ਕੇ ਬੋਲ ਰਹੇ ਹਨ । ਮੈਂ ਤਾਂ ਕਹਿਣਾ ਨਹੀਂ ਸੀ ਚਾਹੁੰਦੀ ਅਤੇ ਚਾਹੁੰਦੀ ਸੀ ਕਿ ਇਹ ਮਾਮਲਾ ਕਦੀ ਵਕਤ ਸਿਰ ਹੀ ਉਠਾਵਾਂਗੀ । ਪਰ ਜ਼ੀਰਾ ਸਾਹਿਬ ਅਖਬਾਰ ਦੀ ਕਟਿੰਗ ਲੈ ਕੇ ਕਹਿ ਰਹੇ ਹਨ । ਸਰਕਾਰ ਦੀ ਸੀ.ਆਈ.ਡੀ. ਦੀ ਇਸ ਖਬਰ ਸਬੰਧੀ ਅਖਬਾਰ ਦੀ ਇਸ ਕਟਿੰਗ ਨੂੰ ਮੈਂ ਅੱਜ ਇਥੇ ਚੈਲਿੰਜ ਕਰਦੀ ਹਾਂ ਅਤੇ ਮੰਗ ਕਰਦੀ ਹਾਂ ਕਿ ਇਸ ਦਾ ਜੁਡੀਸ਼ੀਅਲ ਪਰੋਬ ਕਰਵਾਇਆ ਜਾਵੇ । ਜੇਕਰ ਮੈਂ ਝੂਠੀ ਹੋਈ ਤਾਂ ਮੈਂ ਰੀਜ਼ਾਇਨ ਕਰ ਦੇਵਾਂਗੀ ਅਤੇ ਜੇਕਰ ਇਹ ਝੂਠੇ ਸਾਬਤ ਹੋਣਗੇ ਤਾਂ ਇਹ ਰਿਜ਼ਾਇਨ ਕਰ ਜਾਣ । ਮੈਂ ਤਾਂ ਰੁਟੀਨ ਵਿੱਚ ਜੇਲ੍ਹ ਵਿਚ ਜਾਂਦੀ ਰਹਿੰਦੀ ਸੀ । ਕੌਣ ਅੱਤਵਾਦੀਆਂ ਨੂੰ ਆਪਣੇ ਘਰਾਂ ਵਿੱਚ ਛੁਪਾਉਂਦਾ ਸੀ ਅਤੇ ਕੌਣ ਉਨ੍ਹਾਂ ਨੂੰ ਸਿਰੋਪੇ ਦਿੰਦਾ ਸੀ ? ਅਗਰ ਸਰਕਾਰ ਇਸ ਅਖਬਾਰ ਦੀ ਕਟਿੰਗ ਨੂੰ ਲੈ ਕੇ ਹਾਊਸ ਦਾ ਅਟਮਾਸਫੀਅਰ ਖਰਾਬ ਕਰਨਾ ਚਾਹੁੰਦੀ ਹੈ ਤਾਂ ਇਹ ਠੀਕ ਨਹੀਂ ਹੈ । ਮੈਂ ਤਾਂ ਸਰਕਾਰ ਨੂੰ ਇਸ ਕਰਕੇ ਸਮਰਥਨ ਦਿਤਾ ਹੈ ਕਿ ਇਨ੍ਹਾਂ ਨੇ ਪਹਿਲੀ ਵਾਰ ਅਮਨ ਦੀ ਗੱਲ ਕੀਤੀ ਹੈ । ਮੈਂ ਡਿਮਾਂਡ ਕਰਦੀ ਹਾਂ ਕਿ ਇਸ ਦੀ ਜੁਡੀਸ਼ੀਅਲ ਪਰੋਬ ਕਰਵਾਈ ਜਾਵੇ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਇਹ ਗੱਲ ਮੈਂ ਨਹੀਂ ਕਹਿ ਰਿਹਾ, ਇਹ ਤਾਂ ਅਖਬਾਰਾਂ ਦੇ ਵਿੱਚ ਛਪਿਆ ਹੈ । ਇਸ ਬਾਰੇ ਮੈਂ ਪਹਿਲਾਂ ਵੀ ਕਹਿੰਦਾ ਰਿਹਾ ਹਾਂ, ਬੇਸ਼ੱਕ ਪਿਛਲੇ ਸਮੇਂ ਦੀਆਂ ਸਪੀਚਾਂ ਕਢਵਾ ਕੇ ਵੇਖ ਲਵੋ । ਇਥੇ ਇਨ੍ਹਾਂ ਦੇ ਐਮ. ਐਲ.ਏ. ਵੀ ਬੋਲਦੇ ਰਹੇ ਹਨ । ਨੰਬਰ ਦੋ ਦੇ ਉਤੇ ਇਹ ਗੱਲ ਕਹੀ ਗਈ ਕਿ ਟਕਰਾਅ ਦੀ ਨੀਤੀ ਨੂੰ ਖਤਮ ਕਰ ਦਿੱਤਾ ਜਾਵੇ । ਇਸ ਦੇ ਲਈ ਮੈਂ ਬਾਦਲ ਸਾਹਿਬ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਚੰਗੀ ਤੇ ਬਹੁਤ ਵੱਡੀ ਗੱਲ ਗਵਰਨਰ ਸਾਹਿਬ ਦੇ ਭਾਸ਼ਣ ਸਬੰਧੀ ਕੀਤੀ ਹੈ । ਮੈਂ ਇਸ ਤੇ ਇੱਕ ਮਿੰਟ ਲਈ ਪਿੱਛੇ ਜਾਣਾ ਚਾਹੁੰਦਾ ਕਿ, ਪਿਛਲੇ ਸਮੇਂ ਦੇ ਵਿੱਚ ਬੜੀ ਵੱਡੀ ਧੱਕੇਸ਼ਾਹੀ ਹੁੰਦੀ ਰਹੀ ਹੈ । ਇਥੇ ਲੋਕਤੰਤਰ ਦੀ ਗੱਲ ਕੀਤੀ ਜਾਂਦੀ ਹੈ । ਮੈਂ ਉਦੋਂ ਵੀ ਕਹਿ ਰਿਹਾ ਸੀ ਕਿ ਇਥੇ ਲੋਕਤੰਤਰ ਨਹੀਂ ਹੈ, ਇੱਥੇ ਲੋਟੂਤੰਤਰ ਹੈ ਅਤੇ ਇਥੇ ਡੇਮੋਕ੍ਰੇਸੀ ਨਹੀਂ, ਡਾਗੋਕਰੇਸੀ ਹੈ । ਸਪੀਕਰ ਸਾਹਿਬ, ਇਕ ਸਮਾਂ ਮੈਨੂੰ ਯਾਦ ਹੈ ਜਦੋਂ ਇਥੇ ਸੈਸ਼ਨ ਚਲ ਰਿਹਾ ਸੀ ਤਾਂ ਡੀ.ਜੀ.ਪੀ. ਸਾਹਿਬ ਦਾ ਬਿਆਨ ਆ ਗਿਆ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ 14 ਮਾਰਚ ਨੂੰ ਜਲੰਧਰ ਵਿੱਚ ਰੈਲੀ ਕਰ ਰਹੇ ਹਨ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਡੈਮੋਕਰੇਸੀ ਦੀ ਗੱਲ ਮੈਂ ਕਰਨ ਲੱਗਾ ਹਾਂ । ਮੇਰੇ ਸਾਥੀਆਂ ਨੇ ਵੀ ਇਹ ਗੱਲ ਪੁੱਛੀ ਕਿ ਉਥੇ ਰੈਲੀ ਹੋਣ ਦਿੱਤੀ ਜਾਵੇਗੀ ਜਾਂ ਨਹੀਂ । ਮੈਂ ਸਪੀਕਰ ਸਾਹਿਬ ਦੇ ਰਾਹੀਂ ਸੀ.ਐਮ. ਤੋਂ ਪੁੱਛਿਆ ਕਿ ਉਹ ਰੈਲੀ ਹੋਣ ਦੇਣਗੇ ਜਾਂ ਨਹੀਂ ਤਾਂ ਸੀ. ਐਮ. ਸਾਹਿਬ ਨੇ ਭਰੋਸਾ ਦਿਵਾਇਆ ਕਿ ਹੁਣ ਅਮਨ ਅਤੇ ਸ਼ਾਂਤੀ ਹੋ ਗਈ ਹੈ । ਇਸ ਲਈ ਕੋਈ ਵੀ ਰੈਲੀ ਰੋਕੀ ਨਹੀਂ ਜਾਏਗੀ ਅਤੇ ਬੜੇ ਵਧੀਆ ਤਰੀਕੇ ਦੇ ਨਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਆਪਣੀ ਰੈਲੀ ਕਰ ਸਕਦੇ ਹਨ । ਇਹ ਗੱਲ ਸੀ 12 ਮਾਰਚ ਦੀ। 13 ਮਾਰਚ ਦੀ ਛੁੱਟੀ ਸੀ ਅਤੇ 14 ਮਾਰਚ ਨੂੰ ਰੈਲੀ ਸੀ । 14 ਮਾਰਚ ਨੂੰ ਸ਼ਾਮ ਨੂੰ ਅਸੀਂ ਟੀ. ਵੀ. ਤੇ ਸੁਣਿਆ ਕਿ 14 ਤਾਰੀਕ ਦੀ ਰੈਲੀ ਹੋਣ ਨਹੀਂ ਦਿੱਤੀ ਗਈ । ਉਥੇ ਪੁਲਿਸ ਦੀ ਛਾਉਣੀ ਪਾ ਦਿੱਤੀ ਗਈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਧੱਕੇ ਮਾਰੇ ਗਏ ਅਤੇ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਗਈਆਂ । ਸਪੀਕਰ ਸਾਹਿਬ, 15 ਮਾਰਚ ਨੂੰ ਸੈਸ਼ਨ ਫਿਰ ਲੱਗਾ । 15 ਮਾਰਚ ਨੂੰ ਲੋਕਾਂ ਨੇ ਅਖਬਾਰਾਂ ਵਿਚ ਪੜ੍ਹਿਆ ਕਿ ਜਿਸ ਸਕੂਲ ਵਿਚ ਰੈਲੀ ਕਰਨੀ ਸੀ, ਉਸ ਸਕੂਲ ਦੀ ਇਜ਼ਾਜ਼ਤ ਨਹੀਂ ਸੀ ਦਿੱਤੀ ਗਈ, ਸਕੂਲ ਦੀ ਮਨਜ਼ੂਰੀ ਨਹੀਂ ਸੀ ਮਿਲੀ ਕਿਉਂਕਿ ਸਕੂਲ ਦੀ ਫੀਸ ਜਮ੍ਹਾਂ ਨਹੀਂ ਸੀ ਕਰਵਾਈ ਗਈ । ਮੈਂ ਉਹ ਕਾਗਜ਼ ਮੰਗਵਾਏ, ਉਹ ਮਨਜ਼ੂਰੀ ਮੰਗਵਾਈ ਅਤੇ ਉਸ ਨੂੰ ਫੋਟੋ ਸਟੇਟ ਕਰਵਾ ਕੇ ਕਾਪੀਆਂ ਸਾਰੇ ਹਾਊਸ ਦੇ ਵਿੱਚ ਵੰਡ ਦਿੱਤੀਆਂ ਕਿ ਇਹ ਮਨਜ਼ੂਰੀ ਹੈ, ਇਹ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਵੇਲੇ ਦੇ ਮੁੱਖ ਮੰਤਰੀ ਸਾਹਿਬ ਨੇ ਭਰੋਸਾ ਦਿਵਾਇਆ ਸੀ ਕਿ ਰੈਲੀ ਹੋਣ ਦਿੱਤੀ ਜਾਵੇਗੀ । ਇਥੇ ਜਿਹੜੀ ਸਰਕਾਰ ਸੀ, ਉਹ ਸਰਦਾਰ ਬੇਅੰਤ ਸਿੰਘ ਦੀ ਸੀ । ਮੇਰੇ ਨਾਲ ਜਿਹੜੇ ਸਾਥੀ ਸਨ ਮਿੱਤਲ ਸਾਹਿਬ, ਇਹ ਉਠ ਬੈਠੇ ਫਿਰ ਇਹ ਜੋ ਕਾਮਰੇਡ ਬੈਠੇ ਹਨ, ਇਹ ਵੀ ਉਠ ਬੈਠੇ । ਉਸੇ ਸੀ. ਐਮ. ਸਾਹਿਬ ਦੁਆਰਾ ਸਦਨ ਵਿੱਚ ਭਰੋਸਾ ਦਿਵਾਇਆ ਗਿਆ ਸੀ । ਮੈਂ ਲੋਕਤੰਤਰ ਦੀ ਗੱਲ ਕਰ ਰਿਹਾ ਹਾਂ । ਸੀ. ਐਮ. ਸਾਹਿਬ ਉਠੇ, ਉਠ ਕੇ ਪਹਿਲਾਂ ਤਾਂ ਉਹ ਬੀ.ਜੇ.ਪੀ. ਨੂੰ ਪੈ ਗਏ । ਉਸ ਤੋਂ ਬਾਅਦ ਇਥੇ ਸਾਥੀ (ਸ੍ਰੀ ਵਿਜੇ ਕੁਮਾਰ ਸਾਥੀ) ਹੁੰਦਾ ਸੀ, ਉਸ ਨੂੰ ਉਨ੍ਹਾਂ ਕਾਫੀ ਮੰਦੇ ਲਫ਼ਜ਼ ਬੋਲੇ । ਕਿਹਾ ਕਿ ਇਹਦਾ ਪਿਉ ਤਾਂ ਚੰਗਾ ਹੁੰਦਾ ਸੀ, ਇਹ ਕਿਸ ਤੇ ਚਲਾ ਗਿਆ । ਕਾਮਰੇਡਾਂ ਨੂੰ ਪੈ ਗਏ । ਨਾਲ ਮੈਂ ਬੈਠਾ ਸੀ । ਆਖਿਰ ਤੇ ਮੈਨੂੰ ਕਹਿੰਦੇ ਕਿ ਇਹ ਬੜਾ ਤਕੜਾ ਅੱਤਵਾਦੀ ਹੈ । ਮੈਂ ਕਿਹਾ ਮੈਂ ਤਾਂ ਕੋਈ ਅੱਤਵਾਦੀ ਵਾਲੀ ਗੱਲ ਨਹੀਂ ਕੀਤੀ । ਜੋ ਗੱਲ ਹੋ ਰਹੀ ਹੈ, ਉਹ ਪੁੱਛਦਾ ਪਿਆ ਹਾਂ । ਮੈਨੂੰ ਟਾਈਮ ਨਾ ਦਿੱਤਾ ਗਿਆ । ਮੈ ਆਪਣੀ ਕੋਸ਼ਿਸ਼ ਕੀਤੀ । ਜਦੋਂ ਟਾਇਮ ਦਿੱਤਾ, ਮੈਂ ਬੋਲਿਆ । ਮਿੱਤਲ ਸਾਹਿਬ ਵੀ ਉਠੇ ਪਰ ਇਹ ਕੋਈ ਜਵਾਬ ਨਾ ਦੇ ਸਕੇ । ਇਹ ਜਿਹੜਾ ਲੋਕਤੰਤਰ ਹੈ, ਇਸ ਨੂੰ ਇਨ੍ਹਾਂ ਨੇ ਲੁੱਟਤੰਤਰ ਬਣਾ ਦਿੱਤਾ ਹੈ । ਤੁਸੀਂ ਅਖਬਾਰਾਂ ਵਿੱਚ ਪੜ੍ਹਦੇ ਹੋਵੋਗੇ ਕਿ ਲੁਧਿਆਣੇ ਦੇ ਐਮ. ਐਲ. ਏ. ਨੂੰ ਕੁੱਟਿਆ ਗਿਆ । ਉਥੇ ਘਸੁੰਨ ਮੁੱਕੀ ਹੋਈ, ਛਿੱਤਰ ਪੌਲਾ ਹੋਇਆ । ਲੋਕਤੰਤਰ ਦੀਆਂ ਧੱਜੀਆਂ ਉੱਡੀਆਂ । ਅੱਜ ਉਸੇ ਦਾ ਕਾਰਨ ਹੈ ਕਿ ਇਹ ਸਿਰਫ 14 ਹੀ ਜਿੱਤ ਕੇ ਆਏ ਹਨ । ਇਹ ਇਸ ਲਈ ਕਿਉਂਕਿ ਇਨ੍ਹਾਂ ਨੇ ਲੋਕਤੰਤਰ ਵੱਲ ਕਦੀ ਧਿਆਨ ਨਹੀਂ ਦਿੱਤਾ । ਸਰਦਾਰ ਜਸਵੰਤ ਸਿੰਘ ਖਾਲੜਾ ਨੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਗੱਲ ਕੀਤੀ ਸੀ । ਇਸ ਸਰਕਾਰ ਨੇ ਮਨੁੱਖਾਂ ਦਾ ਕਤਲ ਕੀਤਾ । ਇੱਕ ਇੱਕ ਦਿਨ ਵਿੱਚ 19-19 ਬੰਦੇ ਮਾਰੇ । ਜਦੋਂ ਅਖਬਾਰਾਂ ਪੜ੍ਹਨੀਆਂ ਤਾਂ ਪਤਾ ਲੱਗਣਾ ਕਿ ਇੱਕ ਦਿਨ ਵਿੱਚ 19 ਬੰਦੇ ਮਾਰੇ ਗਏ । ਜਿਨ੍ਹਾਂ ਨੇ ਆਵਾਜ਼ ਉਠਾਈ,

Original with;
Punjab Vidhan Sabha
Digitized by;
Panjab Digital Library

ਜਿਹੜੇ ਸੰਗਠਨਾਂ ਦੇ ਜਨਰਲ ਸਕੱਤਰ ਸਨ, ਉਹ ਜਸਵੰਤ ਸਿੰਘ ਖਾਲੜਾ ਵਰਗੇ ਦਿਨ ਦਿਹਾੜੇ ਚੁੱਕ ਲਏ ਗਏ । ਅੱਜ ਤੱਕ ਉਨ੍ਹਾਂ ਦਾ ਪਤਾ ਨਹੀਂ ਲੱਗਿਆ ਕਿ ਉਹ ਕਿਥੇ ਹਨ । ਇਸੇ ਤਰ੍ਹਾਂ ਕੁਲਵੰਤ ਸਿੰਘ ਐਡਵੋਕੇਟ ਜਿਹੜੇ ਕਿ ਲੋਕਾਂ ਦੀ ਸੇਵਾ ਖਾਤਰ ਲੜਾਈਆਂ ਲੜਦੇ ਸਨ, ਉਨ੍ਹਾਂ ਨੂੰ, ਉਨ੍ਹਾਂ ਦੇ ਮਾਸੂਮ ਬੱਚੇ ਨੂੰ ਅਤੇ ਉਨ੍ਹਾਂ ਦੀ ਪਤਨੀ ਨੂੰ ਚੁੱਕ ਲਿਆ ਗਿਆ ਜਿਨ੍ਹਾਂ ਦਾ ਅੱਜ ਤੀਕ ਪਤਾ ਨਹੀ ਲੱਗ ਸਕਿਆ ਕਿ ਉਹ ਕਿੱਥੇ ਹਨ । ਮਨੁੱਖੀ ਅਧਿਕਾਰਾਂ ਦਾ ਉਸ ਵਕਤ ਬੁਰੀ ਤਰ੍ਹਾਂ ਕਤਲ ਹੁੰਦਾ ਰਿਹਾ । ਉਸ ਦਾ ਹੀ ਹਸ਼ਰ ਹੈ ਕਿ ਅੱਜ ਲੋਕਾਂ ਨੇ ਇਨ੍ਹਾਂ ਨੂੰ ਮੂੰਹ ਨਹੀਂ ਲਾਇਆ ।

ਇਥੇ ਭ੍ਰਿਸ਼ਟਾਚਾਰ ਦੀ ਗੱਲ ਕੀਤੀ ਗਈ ਹੈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਬੈਠੇ ਹਨ, ਜੋ ਕਿ ਚਾਨਣ ਮੁਨਾਰਾ ਹਨ । ਇਨ੍ਹਾਂ ਨੇ ਕਿਹਾ ਹੈ ਜਿਹੜਾ ਵੀ ਭ੍ਰਿਸ਼ਟ ਗਜ਼ਟਿਡ ਅਫਸਰ ਨੂੰ ਫੜਾਏਗਾ, ਉਸ ਨੂੰ 50 ਹਜ਼ਾਰ ਰੁਪਿਆ ਦਿਤਾ ਜਾਵੇਗਾ ਅਤੇ ਜਿਹੜਾ ਭ੍ਰਿਸ਼ਟ ਨਾਨ - ਗਜ਼ਟਿਡ ਅਫ਼ਸਰ ਨੂੰ ਫੜਾਏਗਾ, ਉਸ ਨੂੰ 25 ਹਜ਼ਾਰ ਰੁਪਿਆ ਦਿੱਤਾ ਜਾਵੇਗਾ । ਅੱਜ ਸਬੂਤ ਸਾਡੇ ਸਾਹਮਣੇ ਹੈ, ਸਪੀਕਰ ਸਾਹਿਬ, ਕਿ ਬਠਿੰਡੇ ਵਿੱਚ ਇਕ ਠਾਕੁਰ ਸਿੰਘ ਨਾਮ ਵਾਲੇ ਵਿਅਕਤੀ ਨੇ ਭ੍ਰਿਸ਼ਟ ਨਾਨ-ਗਜ਼ਟਿਡ ਅਫ਼ਸਰ ਨੂੰ ਜਦੋਂ ਫੜਾਇਆ ਤਾਂ ਅਖਬਾਰਾਂ ਵਿੱਚ ਆਇਆ । ਉਸ ਨੇ ਕਿਹਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ, ਲਿਆਉ ਮੇਰਾ 25 ਹਜ਼ਾਰ ਰੁਪਿਆ ਤੇ ਉਸੇ ਵਕਤ ਬਾਦਲ ਸਾਹਿਬ ਨੇ ਡੀ. ਸੀ. ਸਾਹਿਬ ਨੂੰ ਉਸਦੇ ਘਰ ਭੇਜਿਆ । ਉਸ ਨੂੰ 25 ਹਜ਼ਾਰ ਰੁਪਿਆ ਦਿੱਤਾ । ਅੱਜ ਤੁਸੀਂ ਤਹਿਸੀਲਾਂ ਵਿੱਚ ਚਲੇ ਜਾਓ, ਠਾਣਿਆਂ ਵਿੱਚ ਚਲੇ ਜਾਓ, ਕਿਸੇ ਦਫਤਰ ਵਿੱਚ ਚਲੇ ਜਾਓ । ਕਿਸੇ ਦੀ ਜੁਰਅੱਤ ਨਹੀਂ ਕਿ ਪੈਸਾ ਮੰਗੇ । ਪਿਛਲੇ ਸਮੇਂ ਵਿੱਚ, ਇਹ ਮੇਰੇ ਵੀਰ ਬੈਠੇ ਹਨ, ਇਹ ਜਦੋਂ ਜਿੱਤ ਕੇ ਆਏ ਸੀ ਤਾਂ ਇਨ੍ਹਾਂ ਨੂੰ ਮੈਂ ਉਦੋਂ ਵੀ ਕਿਹਾ ਸੀ ਕਿ ਤੁਸੀਂ 5% ਵੋਟਾਂ ਨਾਲ ਜਿੱਤ ਕੇ ਆਏ ਹੋ । ਉਸ ਵਕਤ 374 ਵੋਟਾਂ ਵਾਲਾ ਇੱਕ ਮੰਤਰੀ ਵੀ ਸੀ । ਸਪੀਕਰ ਸਾਹਿਬ, ਜਿਨ੍ਹਾਂ ਨੇ 374 ਵੋਟਾਂ ਲਈਆਂ, ਉਨ੍ਹਾਂ ਨੂੰ ਇਨ੍ਹਾਂ ਨੇ ਮਨਿਸਟਰ ਬਣਾ ਦਿੱਤਾ । ਜਿਸ ਕੋਲ ਕੋਈ ਸਾਇਕਲ ਨਹੀਂ ਹੁੰਦਾ ਸੀ, ਉਸ ਨੇ 3-3 ਕਾਰਾਂ ਬਣਾ ਲਈਆਂ ਅਤੇ 3-3 ਕੋਠੀਆਂ ਬਣਾ ਲਈਆਂ । ਇਹ ਕਿਥੋਂ ਆਈਆਂ ਸਨ ? ਇਹ ਸਾਰਾ ਕੁਝ ਭ੍ਰਿਸ਼ਟਾਚਾਰ ਦਾ ਬੋਲ ਬਾਲਾ ਹੋਣ ਕਰਕੇ ਕਰ ਸਕੇ ਸਨ ਅਤੇ ਭ੍ਰਿਸ਼ਟਾਚਾਰ ਕਰਨ ਕਰਕੇ ਹੀ ਇਨ੍ਹਾਂ ਦਾ ਇਹ ਹਸ਼ਰ ਹੋਇਆ ਕਿ ਇਹ 14 ਮੈਂਬਰ ਹੀ ਜਿੱਤ ਕੇ ਆਏ ਹਨ ।

ਇਥੇ ਬਾਦਲ ਸਾਹਿਬ ਨੇ ਕਾਨੂੰਨ ਦੀ ਗੱਲ ਕੀਤੀ ਹੈ ਕਿ ਕਾਨੂੰਨ ਦੇ ਮੁਤਾਬਿਕ ਹਰ ਇਕ ਨੂੰ ਇਨਸਾਫ ਮਿਲੇਗਾ । ਪਿਛਲੀ ਸਰਕਾਰ ਦੇ ਵਕਤ ਐਮ. ਐਲ. ਏ. ਨੂੰ ਤਾਂ ਇਨਸਾਫ ਮਿਲਦਾ ਨਹੀਂ ਸੀ, ਫੇਰ ਇਕ ਆਮ ਆਦਮੀ ਨੂੰ ਇਨਸਾਫ ਕਿਥੋਂ ਮਿਲ ਸਕਦਾ ਸੀ । ਮਨਿਸਟਰਜ਼ ਨੂੰ ਮਿਲਣ ਜਾਉ ਤਾਂ ਵਿਚੋਲੇ ਖੜ੍ਹੇ ਹੁੰਦੇ ਸਨ ਅਤੇ ਕਹਿੰਦੇ ਸਨ ਪੈਲੀਆਂ ਤੇ ਨਜਾਇਜ਼ ਕਬਜ਼ਾ ਕਰ ਲਉ । ਨਜਾਇਜ ਕਬਜ਼ੇ ਸਰਕਾਰ ਆਪ ਕਰਵਾਉਂਦੀ ਸੀ । ਮੈਨੂੰ ਕਾਨੂੰਨ ਦੀ ਇਕ ਗੱਲ ਹੋਰ ਯਾਦ ਆ ਗਈ । ਜਦੋਂ ਪਿੱਛੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਤਾਂ ਤਰਨ ਤਾਰਨ ਦੇ ਵਿਚ ਜਿਹੜਾ ਸਰਪੰਚ ਦੇ ਖਿਲਾਫ ਖੜ੍ਹਾ ਹੋਣਾ ਚਾਹੁੰਦਾ ਸੀ, ਉਸ ਨੂੰ ਖੜ੍ਹਾ ਨਹੀਂ ਹੋਣ ਦਿੱਤਾ ਜਾਂਦਾ ਸੀ । ਉਸ ਨੂੰ ਗਾਇਬ ਕਰਵਾ ਦਿੱਤਾ ਗਿਆ ਸੀ ਅਤੇ ਹਾਲੇ ਤੱਕ ਉਸ ਸਰਪੰਚ ਦਾ ਪਤਾ ਨਹੀਂ ਲੱਗਾ । ਬਾਦਲ ਸਾਹਿਬ ਲੋਕਾਂ ਦੇ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਜਾਂਦੇ ਹਨ ਅਤੇ ਸੰਗਤ ਦਰਸ਼ਨ ਕਰਦੇ ਹਨ । ਲੋਕਾਂ ਦੀਆਂ ਤਕਲੀਫਾਂ ਖੁਦ ਸੁਣਦੇ ਹਨ ਅਤੇ ਹੱਲ ਕਰਦੇ ਹਨ । ਮੈਂ ਇਕ ਵਾਰ ਇਨ੍ਹਾਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਦੇ ਚੀਫ ਮਨਿਸਟਰ ਸਾਹਿਬ ਨੂੰ ਮਿਲਣ ਚਲਾ ਗਿਆ । ਪਹਿਲੇ ਤਾਂ ਮੈਂ ਇਨ੍ਹਾਂ ਨੂੰ ਮਿਲਦਾ ਹੀ ਨਹੀਂ ਸੀ । ਪਰ ਜਦੋਂ ਮੈਂ ਚੀਫ ਮਨਿਸਟਰ ਸਾਹਿਬ ਨੂੰ ਮਿਲਣ ਚਲਾ ਗਿਆ ਤਾਂ ਉਥੇ 5-6 ਮਨਿਸਟਰਜ਼ ਬੈਠੇ ਹੋਏ ਸਨ ਅਤੇ ਕਈ ਐਮ. ਐਲ.ਏਜ਼ ਚੀਫ ਮਨਿਸਟਰ ਸਾਹਿਬ ਨੂੰ ਮਿਲਣ ਲਈ ਬੈਠੇ ਹੋਏ ਸਨ । ਜਿਸ ਤਰ੍ਹਾਂ ਮੇਰੀ ਆਦਤ ਹਾਸਾ ਮਜ਼ਾਕ ਕਰਨ ਦੀ ਹੈ, ਸਾਡਾ ਆਪਸ ਵਿਚ ਮਜ਼ਾਕ ਚਲਦਾ ਰਿਹਾ ਔਰ ਟਾਈਮ 1-30 ਵਜੇ ਬਾਅਦ ਦੁਪਹਿਰ ਦਾ ਹੋ ਗਿਆ ਤਾਂ ਚੀਫ ਮਨਿਸਟਰ ਸਾਹਿਬ ਬਿਨਾਂ ਕਿਸੇ ਨੂੰ ਮਿਲੇ ਉਠ ਕੇ ਚਲੇ ਗਏ ਅਤੇ ਮਨਿਸਟਰ ਉਥੇ ਦੇ ਉਥੇ ਬੈਠੇ ਰਹੇ । ਮੈਂ ਕਿਹਾ ਤੁਸੀਂ ਕਾਣੇ ਹੋਵੋਗੇ, ਮੈਨੂੰ ਤਾਂ ਕੋਈ ਕਾਣ ਨਹੀਂ ਹੈ । ਇਸ ਲਈ ਮੈਂ ਭੱਜ ਕੇ ਉਠਿਆ ਤੇ ਮੁੱਖ ਮੰਤਰੀ ਸਾਹਿਬ ਦੀ ਬਾਂਹ ਫੜ ਲਈ ਅਤੇ ਕਿਹਾ ਕਿ ਅਸੀਂ ਤੁਹਾਨੂੰ ਮਿਲਣ ਆਏ ਹਾਂ ਪਰ ਤੁਸੀਂ ਸਾਡੀ ਗੱਲ ਸੁਣੇ ਬਗੈਰ ਚੱਲ ਪਏ ਹੋ ਤਾਂ ਉਨ੍ਹਾਂ ਨੇ ਮੇਰੀ ਗੱਲ ਚਲਦੇ-ਚਲਦੇ ਸੁਣੀ । ਇਹ ਹਾਲ ਸੀ ਇਨ੍ਹਾਂ ਦੀ ਸਰਕਾਰ ਦਾ । ਇਨ੍ਹਾਂ ਦੇ ਚੀਫ ਮਨਿਸਟਰ ਕੋਲ ਟਾਇਮ ਨਹੀਂ ਸੀ ਹੁੰਦਾ ਕਿਸੇ ਨੂੰ ਮਿਲਣ ਦਾ । ਦੂਜੇ ਪਾਸੇ ਸਾਡੇ ਬਾਦਲ ਸਾਹਿਬ ਸੰਗਤ ਦਰਸ਼ਨ ਖੁਦ ਕਰਦੇ ਹਨ ਅਤੇ ਲੋਕਾਂ ਨੂੰ ਕਹਿੰਦੇ ਹਨ ਕਿ ਆਪਣੀਆਂ ਤਕਲੀਫਾਂ ਅਤੇ ਦਰਦ ਮੈਨੂੰ ਸੁਣਾਓ ਅਤੇ ਮੈਨੂੰ ਆ ਕੇ ਮਿਲੋ । ਕਿੰਨਾ ਫਰਕ ਹੈ ਕੰਮ ਕਾਰ ਕਰਨ ਵਿਚ । ਇਥੇ ਮੈਂ ਕਿਹਾ ਕਿ ਇਹ ਜਿਹੜਾ ਗਵਰਨਰ ਸਾਹਿਬ ਦਾ ਐਡਰੈੱਸ ਹਾਊਸ ਵਿਚ ਪੇਸ਼ ਕੀਤਾ ਗਿਆ ਹੈ, ਇਹ ਇਕ ਇਤਿਹਾਸਕ ਐਡਰੈੱਸ ਹੈ । ਇਸ ਦੇ ਵਿਚ ਵੀ ਕਾਂਗਰਸ ਪਾਰਟੀ ਨੂੰ ਤਕਲੀਫ ਹੋਈ ਕਦੇ ਪਹਿਲੇ ਕਿਸੇ ਗਵਰਨਰ ਐਡਰੈੱਸ ਦੇ ਵਿਚ ਚੰਡੀਗੜ੍ਹ ਦਾ ਮਸਲਾ ਉਠਿਆ ਹੋਵੇ. ਨਹਿਰੀ ਪਾਣੀ ਦਾ ਮਸਲਾ ਉਠਿਆ ਹੋਵੇ ਅਤੇ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਉਠਿਆ ਹੋਵੇ । ਤੁਸੀਂ ਪਿਛਲੇ 5 ਸਾਲਾਂ ਦੇ ਗਵਰਨਰ ਐਡਰੈੱਸ ਕਢਵਾ ਕੇ ਵੇਖ ਲਵੋ, ਇਨ੍ਹਾਂ ਮਸਲਿਆਂ ਦਾ ਉਨ੍ਹਾਂ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ ਸੀ ਔਰ ਇਹ ਚਾਹੁੰਦੇ ਸਨ ਕਿ ਚਾਹੇ ਤੁਸੀਂ ਸਾਰਾ ਪੰਜਾਬ ਲੈ ਲਓ ਪਰ ਸਾਨੂੰ ਰਾਜ ਕਰਨ ਦਿਓ ਅਤੇ ਭ੍ਰਿਸ਼ਟਾਚਾਰ ਕਰਨ ਦਿਓ । ਇਨ੍ਹਾਂ ਸਾਰੇ ਮਸਲਿਆਂ ਦਾ ਸਾਡੀ ਅਕਾਲੀ ਪਾਰਟੀ ਅਤੇ ਬੀ. ਜੇ. ਪੀ. ਦੀ ਸਰਕਾਰ ਨੇ ਇਥੇ ਆਉਂਦੇ ਹੀ ਗਵਰਨਰ ਸਾਹਿਬ ਦੇ ਐਡਰੈੱਸ ਦੇ ਵਿਚ ਜ਼ਿਕਰ ਕੀਤਾ ਕਿ ਅਸੀਂ ਇਸ ਸਬੰਧੀ ਮਤਾ ਪਾਸ ਕਰਾਂਗੇ । ਪਿਛਲੀ ਸਰਕਾਰ ਤਾਂ ਰਾਜ ਵਿਚ ਕੇਵਲ ਤਬਾਹੀ ਹੀ ਕਰਦੀ ਰਹੀ ਹੈ ਅਤੇ ਭ੍ਰਿਸ਼ਟਾਚਾਰ ਅਤੇ ਲੁੱਟ ਖਸੁੱਟ ਹੀ ਕਰਦੀ ਰਹੀ ਹੈ । ਇਸੇ ਤਰ੍ਹਾਂ ਸਾਡੀ ਬਾਦਲ ਸਾਹਿਬ ਦੀ ਪਹਿਲੀ ਸਰਕਾਰ ਨੇ ਨਹਿਰੀ ਪਾਣੀ ਦੇ ਮਸਲੇ ਬਾਰੇ ਸੁਪਰੀਮ ਕੋਰਟ ਦੇ ਵਿਚ ਕੇਸ ਕੀਤਾ ਹੋਇਆ ਸੀ ਜਿਸ ਨੂੰ ਪਿਛਲੀ ਸਰਕਾਰ ਨੇ ਵਾਪਸ ਲੈ ਲਿਆ । ਇਨ੍ਹਾਂ ਨੇ ਕਦੇ ਪੰਜਾਬ ਦੇ ਮਸਲੇ ਬਾਰੇ ਕੋਈ ਗੱਲ ਨਹੀਂ ਕੀਤੀ ਅਤੇ ਨਾ ਹੀ ਨਹਿਰੀ ਪਾਣੀ ਦੇ ਮਸਲੇ ਬਾਰੇ ਕੋਈ ਇਥੇ ਹਾਊਸ ਵਿੱਚ ਗੱਲ ਕੀਤੀ । ਅਸੀਂ ਕਾਫੀ ਰੌਲਾ ਹਾਊਸ ਦੇ ਵਿਚ ਪਾਉਂਦੇ ਸੀ ਪਰ ਪਿਛਲੀ ਸਰਕਾਰ ਨੇ ਸਾਡੀ ਕੋਈ ਸੁਣਵਾਈ ਨਹੀਂ ਕੀਤੀ ਅਤੇ ਸੁਪਰੀਮ ਕੋਰਟ ਦੇ ਵਿਚੋਂ ਨਹਿਰੀ ਪਾਣੀ ਦੇ ਆਪਣੇ ਹੱਕ ਨੂੰ ਵਾਪਸ ਲੈ ਲਿਆ ਜੋ ਬਹੁਤ ਹੀ ਮਾੜੀ ਗੱਲ ਸੀ । ਸਰਦਾਰ ਬੇਅੰਤ ਸਿੰਘ ਵੇਲੇ ਪਾਣੀ ਦੀ ਗੱਲ ਫਿਰ ਆ ਗਈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪਾਣੀ ਦਾ ਇਕ ਤੁਪਕਾ ਵੀ ਪੰਜਾਬ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ । ਉਸ ਵੇਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਾਥੀਆਂ ਨੂੰ

Original with;
Punjab Vidhan Sabha
Digitized by;
Punjab Digital Library

ਇਨ੍ਹਾਂ ਨੇ ਜੇਲ੍ਹ ਵਿੱਚ ਪਾ ਦਿੱਤਾ । ਬਰਾੜ ਸਾਹਿਬ ਉਸ ਵੇਲੇ ਸਿੰਜਾਈ ਮੰਤਰੀ ਸਨ ਅਤੇ ਜਦੋਂ ਉਨ੍ਹਾਂ ਨੇ ਇਹ ਗੱਲ ਕਹਿ ਦਿੱਤੀ ਕਿ ਪੰਜਾਬ ਦਾ ਪਾਣੀ ਦਾ ਹੱਕ ਹੈ ਅਤੇ ਉਹ ਪਾਣੀ ਬਾਹਰ ਨਹੀਂ ਜਾਣਾ ਚਾਹੀਦਾ ਤਾਂ ਰਾਤੋ ਰਾਤ ਹੀ ਮੁੱਖ ਮੰਤਰੀ ਨੇ ਆਰਡਰ ਕੀਤੇ ਅਤੇ ਉਨ੍ਹਾਂ ਤੋਂ ਇਸੇ ਕਰਕੇ ਮਹਿਕਮਾ ਖੋਹ ਲਿਆ ਗਿਆ ਕਿ ਉਨ੍ਹਾਂ ਨੇ ਇਹ ਗੱਲ ਕਿਉਂ ਕਹਿ ਦਿੱਤੀ । ਉਸ ਵੇਲੇ ਦੇ ਮੁੱਖ ਮੰਤਰੀ ਨੂੰ ਇਨ੍ਹਾਂ ਨੇ 'ਸ਼ੇਰੇ-ਪੰਜਾਬ', 'ਸ਼ੇਰੇ-ਪੰਜਾਬ' ਕਿਹਾ ਤਾਂ ਮੈਂ ਉਸ ਵੇਲੇ ਉਠ ਕੇ ਕਿਹਾ ਕਿ ਇਹ ਤਾਂ ** ਵੀ ਨਹੀਂ ਜਾਪਦੇ ।

(ਇਸ ਵੇਲੇ ਕਾਂਗਰਸ ਪਾਰਟੀ ਵੱਲੋਂ ਆਵਾਜ਼ਾਂ ਆ ਰਹੀਆਂ ਸਨ ਕਿ ** ਲਫਜ਼ ਐਕਸਪੰਜ ਕੀਤਾ ਜਾਵੇ ।)

**ਸ੍ਰੀ ਸਪੀਕਰ:** ** ਲਫ਼ਜ਼ ਐਕਸਪੰਜ ਕੀਤਾ ਜਾਵੇ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜਦੋਂ ** ਨੇ ਆਪਣੇ ਘੁਰਨੇ ਵਿਚ ਜਾਣਾ ਹੁੰਦਾ ਹੈ ਤਾਂ ਉਹ ਵੀ ਆਪਣੇ ਬੱਚਿਆਂ ਦਾ ਖਿਆਲ ਰੱਖਦਾ ਹੈ । ਜਿਹੜੀ ਇਹ ਹੁਣ ਪਾਣੀ ਦੀ ਗੱਲ ਕਰਦੇ ਹਨ, ਇਸ ਬਾਰੇ ਬਾਦਲ ਸਾਹਿਬ ਨੇ ਕਿਹਾ ਹੈ ਕਿ ਪਾਣੀ ਦੀ ਇਕ ਬੂੰਦ ਵੀ ਬਾਹਰ ਨਹੀਂ ਜਾਣ ਦੇਵਾਂਗੇ ।

ਸਪੀਕਰ ਸਾਹਿਬ, 1984 ਦੇ ਕਤਲੇਆਮ ਦੀ ਗੱਲ ਗਵਰਨਰ ਸਾਹਿਬ ਦੇ ਐਡਰੈੱਸ ਵਿਚ ਕੀਤੀ ਗਈ ਹੈ । ਪਹਿਲਾਂ 1984 ਦੇ ਕਤਲੇਆਮ ਦੀ ਗੱਲ ਕਿਸੇ ਗਵਰਨਰ ਸਾਹਿਬ ਦੇ ਐਡਰੈੱਸ ਵਿਚ ਨਹੀਂ ਕੀਤੀ ਗਈ । ਇਹ ਇਕ ਇਤਿਹਾਸਕ ਗੱਲ ਕਹੀ ਗਈ ਹੈ । ਉਸ ਵੇਲੇ ਕਿਸੇ ਦੀ ਸੁਣਵਾਈ ਨਹੀਂ ਸੀ ਹੁੰਦੀ । ਭਾਰਤੀ ਜਨਤਾ ਪਾਰਟੀ ਦੀ ਜਦੋਂ ਦਿੱਲੀ ਵਿਚ ਸਰਕਾਰ ਆਈ ਤਾਂ ਉਨ੍ਹਾਂ ਨੇ ਦੋਸ਼ੀਆਂ ਨੂੰ ਫੜ ਫੜ ਕੇ ਸਜ਼ਾ ਦਿੱਤੀ ।

ਅੱਜ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਮਾਣ ਹੈ ਕਿ ਉਹ ਜਿੱਤ ਕੇ ਆਈ ਹੈ । ਇਹ ਇਕ ਇਤਿਹਾਸਕ ਜਿੱਤ ਹੈ । ਹੁਣ ਗਵਰਨਰ ਸਾਹਿਬ ਦੇ ਐਡਰੈੱਸ ਵਿਚ ਵੱਧ ਅਧਿਕਾਰਾਂ ਦੀ ਗੱਲ ਕੀਤੀ ਗਈ ਹੈ । ਪੰਜਾਬ ਸਰਕਾਰ ਸੈਂਟਰਲ ਸਰਕਾਰ ਤੋਂ ਮੰਗ ਕਰਦੀ ਹੈ ਕਿ ਸਟੇਟਾਂ ਨੂੰ ਵੱਧ ਅਧਿਕਾਰ ਦਿੱਤੇ ਜਾਣ । ਸਪੀਕਰ ਸਾਹਿਬ, ਸ਼ੇਰ ਛਿਟ੍ਰੀ ਦੇ ਇਸ਼ਾਰੇ ਤੇ ਨੱਚਦਾ ਹੈ । ਵੱਧ ਅਧਿਕਾਰਾਂ ਦੀ ਗੱਲ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਕੀਤੀ ਸੀ । ਅੱਜ ਇਹ ਮੰਗ ਹੋਰ ਸੂਬੇ ਵੀ ਕਰ ਰਹੇ ਹਨ । ਸਾਰੀਆਂ ਪਾਰਟੀਆਂ ਫੈਡਰਲ ਢਾਂਚੇ ਦੀ ਮੰਗ ਕਰ ਰਹੀਆਂ ਹਨ । ਫੈਡਰਲ ਢਾਂਚਾ ਕਾਇਮ ਕਰਨ ਦੀ ਗੱਲ ਵੀ ਗਵਰਨਰ ਸਾਹਿਬ ਦੇ ਐਡਰੈੱਸ ਵਿਚ ਕਹੀ ਗਈ ਹੈ । ਸਪੀਕਰ ਸਾਹਿਬ, 356 ਧਾਰਾ ਦੀ ਗੱਲ ਵੀ ਕੀਤੀ ਗਈ ਹੈ । ਸ਼੍ਰੋਮਣੀ ਅਕਾਲੀ ਦਲ ਨੇ ਸਭ ਤੋਂ ਪਹਿਲਾਂ 356 ਧਾਰਾ ਦੀ ਗੱਲ ਕੀਤੀ ਕਿ ਇਸ ਨੂੰ ਖਤਮ ਕੀਤਾ ਜਾਵੇ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਸਾਰੇ ਹਿੰਦੁਸਤਾਨ ਦੇ ਸੂਬੇ ਇਸ ਗੱਲ ਦੀ ਮੰਗ ਕਰ ਰਹੇ ਹਨ ਕਿ ਜੋ ਰਾਜਪਾਲ ਦੀ ਨਿਯੁਕਤੀ ਹੈ, ਜੋ ਵੀ ਸਰਕਾਰ ਹੋਵੇ, ਉਸ ਦੀ ਸਹਿਮਤੀ ਨਾਲ ਕੀਤੀ ਜਾਵੇ ।

ਮੈਂ ਅੱਗੇ ਚਲਦਾ ਹਾਂ, ਛੇਵੇਂ ਪੈਰ੍ਹੇ ਵਿਚ ਗੱਲ ਕੀਤੀ ਗਈ ਹੈ ਪੇਂਡੂਆਂ ਦੀ, ਸ਼ਹਿਰੀਆਂ ਦੀ । ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਦੋਂ ਵੀ ਮੁੱਖ ਮੰਤਰੀ ਬਣੇ, ਉਦੋਂ ਹੀ ਇਨ੍ਹਾਂ ਨੇ ਪਿੰਡਾਂ ਵੱਲ ਧਿਆਨ ਦਿੱਤਾ, ਉਦੋਂ ਹੀ ਇਨ੍ਹਾਂ ਨੇ ਸ਼ਹਿਰਾਂ ਵੱਲ ਧਿਆਨ ਦਿੱਤਾ । ਅੱਜ ਸਪੀਕਰ ਸਾਹਿਬ, ਪਿੰਡਾਂ ਦੀ ਜੋ ਹਾਲਤ ਹੈ, ਜੋ ਸ਼ਹਿਰਾਂ ਦੀ ਹਾਲਤ ਹੈ, ਤੁਸੀਂ ਜਾਣਦੇ ਹੀ ਹੋ, ਤੁਸੀਂ ਰੋਜ਼ ਹੀ ਜਾਂਦੇ ਹੋ । 5 ਸਾਲ ਇਨ੍ਹਾਂ ਦੀ ਸਰਕਾਰ ਰਹੀ ਪਰ ਕਦੇ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ । ਪਿੰਡਾਂ ਦਾ ਵਿਕਾਸ ਕਦੋਂ ਹੋਇਆ । ਇਹ ਵਿਕਾਸ ਦੀ ਗੱਲ ਕਰਦੇ ਹਨ, ਉਸ ਗੱਲ ਤੇ ਮੈਂ ਥੋੜ੍ਹੇ ਚਿਰ ਬਾਅਦ ਆਉਂਦਾ ਹਾਂ । ਇਹ ਵਿਕਾਸ ਕਿਸ ਦਾ ਕਰਦੇ ਰਹੇ, ਇਹ ਆਪਣਾ ਵਿਕਾਸ ਕਰਦੇ ਰਹੇ, ਆਪਣੀਆਂ ਕੋਠੀਆਂ ਬਣਾਉਂਦੇ ਰਹੇ, ਆਪਣੀਆਂ ਕਾਰਾਂ ਖਰੀਦਦੇ ਰਹੇ, ਬਾਹਰਲੇ ਬੈਂਕਾਂ ਵਿਚ ਜਾ ਕੇ ਪੈਸੇ ਜਮ੍ਹਾਂ ਕਰਾਉਂਦੇ ਰਹੇ, ਇਹ ਵਿਕਾਸ ਆਪਣਾ ਕਰਦੇ ਰਹੇ । ਬਾਕੀ ਸ਼ਹਿਰਾਂ ਅਤੇ ਪਿੰਡਾਂ ਦਾ ਵਿਕਾਸ ਤਾਂ ਤੁਹਾਡੇ ਸਾਹਮਣੇ ਹੈ ।

ਅੱਗੇ, ਸਪੀਕਰ ਸਾਹਿਬ, ਖੇਤੀਬਾੜੀ ਦੀ ਗੱਲ ਹੈ । ਇਹ ਗੱਲ ਕਰਦੇ ਹਨ ਖੇਤੀਬਾੜੀ ਦੀ ਪਰ, ਸਪੀਕਰ ਸਾਹਿਬ, ਜਦੋਂ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਆਈ, ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਈ, ਉਦੋਂ ਹੀ ਖੇਤੀਬਾੜੀ ਬਾਰੇ ਜੋ ਬਹੁਤ ਅਹਿਮ ਮੁੱਦੇ ਹਨ, ਉਹ ਲਏ ਗਏ । ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਇਆ ਜਾਵੇਗਾ । ਜੋ, ਸਪੀਕਰ ਸਾਹਿਬ, ਪਿਛਲੇ ਸਮੇਂ ਵਿਚ ਖੇਤੀਬਾੜੀ ਦਾ ਹਸ਼ਰ ਹੋਇਆ, ਉਹ ਵੀ ਤੁਹਾਡੇ ਸਾਹਮਣੇ ਹੈ । ਕੀ ਹੋਇਆ ਜਿਣਸ ਮੰਡੀ ਵਿਚ ਆ ਜਾਂਦੀ ਸੀ ਅਤੇ ਕਿਸਾਨ ਰੁਲਦਾ ਰਹਿੰਦਾ ਸੀ । ਜਥੇਦਾਰ ਤੋਤਾ ਸਿੰਘ ਬੈਠੇ ਹਨ । ਇਨ੍ਹਾਂ ਨੇ ਕੱਲ੍ਹ ਇਥੇ ਵਿਸਥਾਰ ਵਿਚ ਦੱਸ ਦਿੱਤਾ ਹੈ ਕਿ ਝੋਨੇ ਦਾ ਭਾਅ ਹਰਿਆਣਾ ਵਿਚ ਕੀ ਹੁੰਦਾ ਸੀ ਅਤੇ ਪੰਜਾਬ ਵਿਚ ਕੀ ਹੁੰਦਾ ਸੀ । ਇਥੇ ਸੈਸ਼ਨ ਚਲਦਿਆਂ ਸੀ. ਐਮ. ਸਾਹਿਬ ਨੇ ਇਹ ਗੱਲ ਆਪ ਕਹੀ ਸੀ ਕਿ ਧੱਕਾ ਹੋਇਆ ਹੈ ਅਤੇ ਮੈਂ ਸੈਂਟਰ ਕੋਲ ਕੋਸ਼ਿਸ਼ ਕਰ ਰਿਹਾ ਹਾਂ ਅਤੇ 20/- ਰੁਪਏ ਬੋਨਸ ਕਿਸਾਨਾਂ ਨੂੰ ਦਿੱਤਾ ਜਾਵੇਗਾ । ਸਪੀਕਰ ਸਾਹਿਬ, ਇਹ ਗੱਲ ਅਸੈਂਬਲੀ ਵਿਚ ਕਹੀ ਗਈ ਪਰ ਫਿਰ ਮੁੱਕਰ ਗਏ । ਉਹ ਬੋਨਸ ਅੱਜ ਤੱਕ ਨਹੀਂ ਦਿੱਤਾ ਗਿਆ । ਜੇ ਇਨ੍ਹਾਂ ਦਾ ਖੇਤੀਬਾੜੀ ਵੱਲ ਧਿਆਨ ਹੁੰਦਾ ਤਾਂ ਅੱਜ ਕਿਸਾਨਾਂ ਦੀਆਂ ਵੋਟਾਂ ਨਾ ਮਿਲ ਜਾਂਦੀਆਂ ! ਇਹ ਫਿਰ ਤੋਂ ਜਿੱਤ ਕੇ ਨਾ ਆ ਜਾਂਦੇ । 14 ਹੀ ਆਏ ਹਨ ।

ਅੱਗੇ, ਸਪੀਕਰ ਸਾਹਿਬ, ਉਦਯੋਗ ਦੀ ਗੱਲ ਕੀਤੀ ਗਈ ਹੈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਜਦੋਂ ਵੀ ਸਰਕਾਰ ਆਈ, ਇਸ ਨੇ ਪਹਿਲ ਦੇ ਆਧਾਰ ਤੇ ਉਦਯੋਗ ਦੀ ਗੱਲ ਕੀਤੀ, ਖਾਸ ਕਰਕੇ ਛੋਟੇ ਕਾਰਖਾਨੇਦਾਰਾਂ ਦੀ ਗੱਲ ਕੀਤੀ । ਪਿਛੇ ਜਿਹੇ, ਸਪੀਕਰ ਸਾਹਿਬ, ਮੈਂ ਵੀ ਛੋਟੀ ਜਿਹੀ ਫੈਕਟਰੀ ਲਾ ਲਈ । ਉਦੋਂ ਦਾ ਹਾਲ ਮੈਂ ਦੱਸਦਾ ਹਾਂ ਕਿ ਸਬਸਿਡੀ ਦੇਣ ਨੂੰ ਕੋਈ ਤਿਆਰ ਨਹੀਂ ਸੀ ਹੁੰਦਾ । ਇਨ੍ਹਾਂ ਮਗਰ

Original with;
Punjab Vidhan Sabha
Digitized by;
Panjab Digital Library

ਗੇੜੇ ਮਾਰ ਅਤੇ ਮੈਂ ਬੜੀ ਕੋਸ਼ਿਸ਼ ਕੀਤੀ ਪਰ, ਸਪੀਕਰ ਸਾਹਿਬ, ਸਬਸਿਡੀ ਮੈਨੂੰ 3 ਸਾਲਾ ਬਾਅਦ ਮਿਲੀ । ਮੈਂ ਅੱਜ ਵੀ ਕਹਿਣਾ ਚਾਹੁੰਦਾ ਹਾਂ ਕਿ ਸਬਸਿਡੀ ਕਾਰਖਾਨੇਦਾਰਾਂ ਨੂੰ ਉਦੋਂ ਹੀ ਮਿਲਣੀ ਚਾਹੀਦੀ ਹੈ ਜਦੋਂ ਲੋਨ ਮਿਲਦਾ ਹੈ, ਸਬਸਿਡੀ ਉਦੋਂ ਹੀ ਦਿੱਤੀ ਜਾਵੇ ।

ਸਪੀਕਰ ਸਾਹਿਬ, 7ਵੇਂ ਪੈਰ੍ਹੇ ਵਿਚ ਕਿਸਾਨਾਂ ਦੀ ਗੱਲ ਕੀਤੀ ਗਈ ਹੈ, ਵਪਾਰੀਆਂ ਦੀ ਅਤੇ ਕਰਮਚਾਰੀਆਂ ਦੀ ਗੱਲ ਕੀਤੀ ਗਈ ਹੈ । ਸਪੀਕਰ ਸਾਹਿਬ, ਸੈਸ਼ਨ ਚੱਲ ਰਿਹਾ ਹੈ, ਅੱਜ ਬੜੇ ਦਿਨ ਹੋ ਗਏ ਹਨ । ਅਸੀਂ ਪਿਛਲੇ 5 ਸਾਲਾਂ ਵਿਚ ਵੀ ਸੈਸ਼ਨ ਦੇਖਦੇ ਰਹੇ ਹਾਂ । ਕਰਮਚਾਰੀਆਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਰੋਜ਼ ਬਾਹਰ ਕਰਮਚਾਰੀਆਂ ਦਾ ਧਰਨਾ ਲੱਗਾ ਰਹਿੰਦਾ ਸੀ । ਰੋਜ਼ ਮੁਰਦਾਬਾਦ, ਹਾਏ ਹਾਏ ਹੁੰਦੀ ਰਹਿੰਦੀ ਸੀ । ਪਰ ਅੱਜ ਬਾਹਰ ਕੋਈ ਧਰਨਾ ਮੈਨੂੰ ਨਹੀਂ ਦਿਸਿਆ । ਕਿਸੇ ਨੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕੀਤੀ । ਉਨ੍ਹਾਂ ਨੂੰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਤਸੱਲੀ ਹੈ ਕਿ ਉਹ ਸਾਡੀਆਂ ਹੱਕੀ ਮੰਗਾਂ ਆਪ ਪਹਿਲ ਦੇ ਆਧਾਰ ਤੇ ਮੰਨਣਗੇ । ਤਾਂ ਹੀ, ਸਪੀਕਰ ਸਾਹਿਬ, ਗਿੱਦੜਬਾਹਾ ਦੀ ਚੋਣ ਵਿਚ ਜਾ ਕੇ ਕਰਮਚਾਰੀਆਂ ਨੇ ਇਨ੍ਹਾਂ ਦੀਆਂ ਧੱਜੀਆਂ ਉਡਾ ਦਿੱਤੀਆਂ, ਅਜਨਾਲੇ ਦੀ ਚੋਣ ਵਿਚ ਧੱਜੀਆਂ ਉਡਾ ਦਿੱਤੀਆਂ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਬਾਦਲ ਸਾਹਿਬ, ਸਾਡੇ ਚਾਨਣਮੁਨਾਰੇ ਆਉਣਗੇ ਅਤੇ ਸਾਡੀ ਗੱਲ ਜ਼ਰੂਰ ਸੁਣਨਗੇ ।

ਇਸੇ ਤਰ੍ਹਾਂ ਪਛੜੀਆਂ ਸ਼੍ਰੇਣੀਆਂ ਦੀ ਗੱਲ ਕੀਤੀ ਗਈ ਹੈ । ਸਪੀਕਰ ਸਾਹਿਬ, ਜਦੋਂ ਤੋਂ ਦੇਸ਼ ਆਜ਼ਾਦ ਹੋਇਆ ਹੈ, ਇਹ ਸਿਰਫ ਗੱਲਾਂ ਹੀ ਕਹਿੰਦੇ ਆਏ ਹਨ । ਸੈਂਟਰ ਵਿਚ ਵੀ ਇਨ੍ਹਾਂ ਦੀਆਂ ਸਰਕਾਰਾਂ ਰਹੀਆਂ ਅਤੇ ਪੰਜਾਬ ਵਿਚ ਵੀ ਰਹੀਆਂ, ਪਰ ਇਹ ਸਿਰਫ ਗੱਲਾਂ ਕਹਿੰਦੇ ਹੀ ਆਏ ਹਨ ਜਦਕਿ ਬਾਦਲ ਸਾਹਿਬ ਨੇ ਉਹ ਕਰਕੇ ਦਿਖਾਈਆਂ ਹਨ । ਉਨ੍ਹਾਂ ਨੇ 15,000 ਰੁਪਏ ਤੋਂ ਚੁੱਕ ਕੇ ਰਕਮ 50,000 ਰੁਪਏ ਕਰ ਦਿੱਤੀ ਹੈ । ਉਸ ਚਾਨਣ ਮੁਨਾਰੇ ਨੇ, ਬਾਦਲ ਸਾਹਿਬ ਨੇ ਅੱਜ ਕਿਹਾ ਹੈ ਕਿ ਗਰੀਬ ਲੜਕੀਆਂ ਦੀ ਸ਼ਾਦੀ ਤੇ 5100/- ਰੁਪਿਆ ਦਿੱਤਾ ਜਾਵੇਗਾ । ਜੇ, ਸਪੀਕਰ ਸਾਹਿਬ, ਇਨ੍ਹਾਂ ਨੇ ਕੁਝ ਦਿੱਤਾ ਹੁੰਦਾ ਤਾਂ ਲੋਕ ਇਨ੍ਹਾਂ ਨੂੰ ਵੋਟਾਂ ਪਾ ਦਿੰਦੇ ਅਤੇ ਇਹ ਜਿੱਤ ਕੇ ਆ ਜਾਂਦੇ । ਪਿਛਲੇ 40 ਸਾਲ ਤਾਂ ਇਨ੍ਹਾਂ ਨੇ ਲੋਕਾਂ ਨੂੰ ਕੁਝ ਦਿੱਤਾ ਹੀ ਨਹੀਂ । ਇਹ ਤਾਂ ਇਕੋ ਹੀ ਗੱਲ ਕਹਿੰਦੇ ਹੁੰਦੇ ਸੀ ਕਿ ਗਰੀਬਾਂ ਦੀ ਅਸੀਂ ਗਰੀਬੀ ਦੂਰ ਕਰਨੀ ਹੈ । ਉਹ ਗਰੀਬ ਲੋਕ ਭੁਲੇਖੇ ਵਿਚ ਆ ਕੇ ਇਨ੍ਹਾਂ ਨੂੰ ਵੋਟ ਪਾ ਦਿੰਦੇ ਸੀ । ਉਨ੍ਹਾਂ ਗਰੀਬ ਲੋਕਾਂ ਨੂੰ ਤਾਂ ਸਮਝ ਹੀ ਹੁਣ ਆਈ ਹੈ । ਇਹ ਤਾਂ ਅਸਲ ਵਿਚ ਇਹ ਕਹਿੰਦੇ ਸੀ ਕਿ ਗਰੀਬ ਸਾਨੂੰ ਵੋਟਾਂ ਪਾਉਣ, ਅਸੀਂ ਆਪਣੀ ਗਰੀਬੀ ਦੂਰ ਕਰਨੀ ਹੈ । ਉਸ ਦਾ ਹਸ਼ਰ ਐਤਕੀਂ ਇਹ ਹੋਇਆ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਵੋਟਾਂ ਨਹੀਂ ਪਾਈਆਂ ।

ਇਥੇ ਮੇਰੇ ਵੀਰ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਬਿਜਲੀ ਦੀ ਗੱਲ ਕਰ ਰਹੇ ਸਨ । 5 ਸਾਲ ਇਹ ਕਿਥੇ ਸਨ । 1992 ਤੋਂ ਪਹਿਲਾਂ ਗਵਰਨਰੀ ਰਾਜ ਸੀ । 1992 ਵਿਚ ਜਦੋਂ ਅਸੀਂ ਚੁਣ ਕੇ ਆਏ ਤਾਂ ਉਦੋਂ ਇਕ ਹਾਰਸ ਪਾਵਰ ਬਿਜਲੀ ਦਾ ਰੇਟ 13 ਰੁਪਏ ਸੀ ਪਰ ਜਦੋਂ ਇਨ੍ਹਾਂ ਦੀ ਸਰਕਾਰ ਇਨ੍ਹਾਂ ਟਰੈਜ਼ਰੀ ਬੈਂਚਾਂ ਤੇ ਆ ਕੇ ਬੈਠੀ ਤਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਪੰਜਾਂ ਮਹੀਨਿਆਂ ਦੇ ਵਿਚ ਹੀ ਇਕ ਹਾਰਸ ਪਾਵਰ ਬਿਜਲੀ ਦਾ ਰੇਟ ਪਤਾ ਹੈ, ਕੀ ਹੋ ਗਿਆ ? 13 × 5 = 65 ਰੁਪਏ ਹੋ ਗਿਆ । ਮੁੜ ਕੇ ਇਨ੍ਹਾਂ ਨੇ ਕੀ ਕੀਤਾ । ਲੋਕਾਂ ਦੀਆਂ ਅੱਖਾਂ ਪੂੰਝਣ ਵਾਸਤੇ, ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਬਿਜਲੀ ਦਾ ਰੇਟ 65 ਰੁਪਏ ਤੋਂ 50 ਰੁਪਏ ਕਰ ਦਿੱਤਾ । ਪਹਿਲਾਂ ਇਹ ਰੇਟ 13 ਰੁਪਏ ਤੋਂ ਵਧਾ ਕੇ 65 ਰੁਪਏ ਕਰ ਦਿੱਤਾ ਅਤੇ ਫਿਰ 50 ਰੁਪਏ ਕਰ ਦਿੱਤਾ । ਜੋ ਉਸ ਵੇਲੇ ਬਿਜਲੀ ਦਾ ਹਾਲ ਸੀ, ਉਹ ਤੁਹਾਨੂੰ ਪਤਾ ਲੱਗ ਜਾਵੇਗਾ ਜੇ ਮੇਰੀਆਂ ਇਥੇ ਦਿੱਤੀਆਂ ਹੋਈਆਂ ਸਪੀਚਾਂ ਕਢ ਕੇ ਤੁਹਾਡੇ ਸਾਹਮਣੇ ਰੱਖ ਦਿੱਤੀਆਂ ਜਾਣ । ਅੱਜ ਉਸ ਚਾਨਣ-ਮੁਨਾਰੇ ਨੇ ਜਿਸ ਨੂੰ ਲੋਕ ਉਡੀਕ ਰਹੇ ਸਨ, ਆਉਂਦਿਆਂ ਹੀ ਇਹ ਗੱਲ ਕਰ ਦਿੱਤੀ ਹੈ ਕਿ ਚਾਹੇ ਕੋਈ ਹਿੰਦੂ ਹੈ, ਮੁਸਲਮਾਨ ਹੈ ਅਤੇ ਚਾਹੇ ਅਨੁਸੂਚਿਤ ਜਾਤੀਆਂ ਦਾ ਕੋਈ ਹੈ ਜਾਂ ਪੱਛੜੀਆਂ ਸ਼੍ਰੇਣੀਆਂ ਦਾ ਹੈ, ਉਸ ਦੀ ਪਾਣੀ ਵਾਲੀ ਮੋਟਰ ਦਾ ਬਿਜਲੀ ਦਾ ਬਿੱਲ ਨਹੀਂ ਲਿਆ ਜਾਵੇਗਾ । ਕਿਸਾਨੀ ਇਕੱਲਾ ਜੱਟ ਹੀ ਤਾਂ ਨਹੀਂ ਕਰਦਾ, ਹੋਰ ਜਾਤਾਂ ਦੇ ਲੋਕ ਵੀ ਕਰਦੇ ਹਨ । ਇਸ ਦਾ ਫਾਇਦਾ ਉਨ੍ਹਾਂ ਸਾਰਿਆਂ ਨੂੰ ਹੋਣਾ ਹੈ । ਇਹ ਗੱਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਤੋਂ 2 ਸਾਲ ਪਹਿਲਾਂ ਹੀ ਕਹਿ ਦਿੱਤੀ ਸੀ । ਮੇਰੀ ਭੈਣ (ਸਰਦਾਰਨੀ ਰਾਜਿੰਦਰ ਕੌਰ ਭੱਠਲ ਵੱਲ ਇਸ਼ਾਰਾ) ਨੂੰ ਥੋੜ੍ਹਾ ਜਿਹਾ ਰਾਜ ਕਰਨ ਦਾ ਮੌਕਾ ਮਿਲਿਆ । ਇਸ ਨੇ ਸਾਡੀ ਇਸ ਗੱਲ ਨੂੰ ਚੋਰੀ ਕਰ ਲਿਆ, ਨਕਲ ਮਾਰ ਲਈ ਪਰ ਗੱਲ ਫਿਰ ਵੀ ਨਹੀਂ ਬਣੀ । ਇਨ੍ਹਾਂ ਨੇ ਕਿਹਾ ਸੀ ਕਿ ਸੱਤ ਕਿੱਲਿਆਂ ਤੱਕ ਇਹ ਬਿੱਲ ਮੁਆਫ ਕਰ ਦਿੱਤਾ । ਇਹ ਕਿਉਂ ਕੀਤਾ ? ਕਿਸਾਨਾਂ ਕੋਲੋਂ ਰਿਸ਼ਵਤ ਖਾਣ ਲਈ । ਇਸ ਕਰਕੇ ਇਹ ਕੀਤਾ ਕਿ ਇਥੋਂ ਪਟਵਾਰੀਆਂ ਅਤੇ ਤਹਿਸੀਲਦਾਰਾਂ ਨੂੰ ਰਿਸ਼ਵਤ ਮਿਲ ਜਾਵੇਗੀ । ਪਟਵਾਰੀ ਅਤੇ ਤਹਿਸੀਲਦਾਰ ਪੈਸੇ ਦੇ ਕੇ ਲੱਗਦੇ ਹੁੰਦੇ ਸੀ । ਜੇ ਉਨ੍ਹਾਂ ਨੂੰ ਪੈਸੇ ਨਾ ਮਿਲਦੇ ਤਾਂ ਇਨ੍ਹਾਂ ਦੀ ਆਪਣੀ ਤਰੱਕੀ ਕਿਸ ਤਰ੍ਹਾਂ ਹੁੰਦੀ ।

*10.58 ਪੂਰਵ ਦੁਪਹਿਰ

(ਇਸ *ਸਮੇਂ ਸਰਦਾਰ ਨੱਥਾ ਸਿੰਘ ਦਾਲਮ, ਮੈਂਬਰ ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੀ ਹਨ ਜਿਹੜੇ ਕਿਸਾਨਾਂ ਦੀ ਗੱਲ ਕਰਦੇ ਹਨ । ਬਿਜਲੀ ਦੇ ਖੇਤਰ ਵਿਚ ਸੁਧਾਰ ਲਿਆਉਣ ਦੀ ਇਥੇ ਗੱਲ ਕੀਤੀ ਗਈ ਹੈ । ਅੱਜ ਇਹ ਬਾਦਲ ਸਾਹਿਬ ਹੀ ਹਨ ਜਿਹੜੇ ਇਹ ਸੁਧਾਰ ਦੀ ਗੱਲ ਕਰਦੇ ਹਨ । ਮੈਂ ਕਹਿੰਦਾ ਹਾਂ ਕਿ ਇਹ ਇਕ ਇਤਿਹਾਸਕ ਐਡਰੈੱਸ ਹੈ । ਜਿਸ ਵਿਚ ਇਸ ਤਰ੍ਹਾਂ ਦੀਆਂ ਚੰਗੀਆਂ ਗੱਲਾਂ ਕੀਤੀਆਂ ਗਈਆਂ ਹਨ । ਮੈਨੂੰ ਯਾਦ ਹੈ, ਇਕ ਟ੍ਰਾਂਸਫਾਰਮਰ ਰੱਖਣ ਲਈ ਐਸ. ਡੀ. ਓ. ਨੂੰ ਤਿੰਨ ਜਾਂ ਪੰਜ ਹਜ਼ਾਰ ਰੁਪਏ ਦੇਣੇ ਪੈਂਦੇ ਸੀ । ਜਦੋਂ ਮਨਿਸਟਰ ਨੂੰ ਇਹ ਗੱਲ ਕਹੀ ਜਾਂਦੀ ਸੀ ਤਾਂ ਉਹ ਵੀ ਕੋਈ ਪੱਲਾ ਨਹੀਂ ਸੀ ਫੜਾਉਂਦਾ । ਮਨਿਸਟਰ ਨੇ ਤਾਂ ਆਪ ਐਕਸੀਅਨ ਅਤੇ ਐਸ. ਡੀ. ਓ. ਪੈਸੇ ਲੈ ਕੇ ਲਾਉਣੇ ਹੁੰਦੇ ਸੀ । ਜਦੋਂ ਅਸੀਂ ਐਕਸੀਅਨ ਜਾਂ ਐਸ. ਡੀ. ਓ. ਨਾਲ ਗੱਲ ਕਰਦੇ ਸੀ ਤਾਂ ਕਹਿੰਦੇ ਸਨ ਕਿ ਐਮ. ਐਲ. ਏ.

Original with;
Punjab Vidhan Sabha
Digitized by;
Panjab Digital Library

ਸਾਹਿਬ, ਕੀ ਕਰੀਏ, ਸਨੂੰ ਪੈਸੇ ਦੇ ਕੇ ਲੱਗਣਾ ਪੈਂਦਾ ਹੈ। ਇਹ ਪੋਸਟਾਂ ਸਾਨੂੰ ਪੈਸੇ ਨਾਲ ਮਿਲਦੀਆਂ ਹਨ। ਇਸੇ ਰਿਸ਼ਵਤਖੋਰੀ ਦਾ ਨਤੀਜਾ ਇਨ੍ਹਾਂ ਕਾਂਗਰਸੀਆਂ ਨੂੰ ਭੁਗਤਣਾ ਪਿਆ ਹੈ।

(ਇਸ ਵਕਤ ਲੀਡਰ ਆਫ ਦੀ ਆਪੋਜ਼ੀਸ਼ਨ ਸ੍ਰੀਮਤੀ ਰਾਜਿੰਦਰ ਕੌਰ ਭੱਠਲ ਹਾਊਸ ਵਿਚੋਂ ਬਾਹਰ ਚੱਲ ਪਏ।)

ਭੈਣ ਜੀ, ਗੱਲ ਸੁਣ ਕੇ ਜਾਓ। ਇਹ ਸੱਚੀਆਂ ਗੱਲਾਂ ਸੁਣਨੀਆਂ ਬੜੀਆਂ ਔਖੀਆਂ ਹੁੰਦੀਆਂ ਹਨ। ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਟ੍ਰਾਂਸਫਾਰਮਰ ਜਿਹੜੇ ਹਨ, ਉਹ ਇਨ੍ਹਾਂ ਦੀ ਸਰਕਾਰ ਦੇ ਵੇਲੇ ਵਿਚ ਮਾੜੇ ਲਾਏ ਜਾਂਦੇ ਸਨ। ਹੁਣ ਫਿਰ ਸੀਜ਼ਨ ਆਉਣ ਵਾਲਾ ਹੈ। ਉਨ੍ਹਾਂ ਟ੍ਰਾਂਸਫਾਰਮਜ ਨੂੰ ਚੇਂਜ ਕਰਨਾ ਚਾਹੀਦਾ ਹੈ, ਉਨ੍ਹਾਂ ਨੂੰ ਵੱਡਾ ਕਰਨਾ ਚਾਹੀਦਾ ਹੈ। ਇਥੇ ਗੱਲ ਆਈ ਸੀ ਟ੍ਰਾਂਸਫਾਰਮਜ ਦੀ। ਕਰੋੜਾਂ, ਲੱਖਾਂ ਰੁਪਏ ਲੈ ਕੇ ਜਿਹੜੀਆਂ ਉਹ ਏਜੰਸੀਆਂ ਸਨ, ਉਨ੍ਹਾਂ ਤੋਂ ਮਾੜੇ ਟ੍ਰਾਂਸਫਾਰਮਰਜ਼ ਖਰੀਦੇ ਗਏ ਇਨ੍ਹਾਂ ਨੇ ਲਾਲ ਲਕੀਰ ਵਾਹੀ ਸੀ ਕਿ ਇਨ੍ਹਾਂ ਨੂੰ ਸੀਜ਼ ਕਰਨਾ ਹੈ। ਜਦੋਂ ਅਸੀਂ ਗੱਲ ਕੀਤੀ ਕਿ ਟ੍ਰਾਂਸਫਾਰਮਰਜ਼ ਬਹੁਤ ਸੜ ਰਹੇ ਹਨ ਤਾਂ ਉਸਦਾ ਰਿਜ਼ਲਟ ਕੀ ਆਇਆ? ਜਦੋਂ ਇਹਨਾਂ ਕੋਲੋਂ ਪੁੱਛਿਆ ਗਿਆ ਕਿ ਟਰਾਂਸਫਾਰਮਰਜ਼ ਲਏ ਕਿਸ ਤੋਂ ਗਏ ਸਨ ਤਾਂ ਕਹਿੰਦੇ ਕਿ ਉਸ ਏਜੰਸੀ ਤੋਂ ਲਏ ਗਏ ਹਨ, ਜਿਸ ਨੂੰ ਅੰਡਰਲਾਈਨ ਕੀਤਾ ਗਿਆ ਸੀ ਕਿ ਇਹ ਏਜੰਸੀ ਬਹੁਤ ਮਾੜੀ ਹੈ। ਪਤਾ ਲੱਗਾ ਕਿ ਉਹਨਾਂ ਕੋਲੋਂ ਇਹਨਾਂ ਲੱਖਾਂ ਰੁਪਏ ਲਏ ਸਨ। ਇਸ ਤਰ੍ਹਾਂ ਕਿਸਾਨਾਂ ਦਾ ਖੂਨ ਪੀਤਾ ਗਿਆ। ਜਦੋਂ ਕਿਸਾਨਾਂ ਦਾ ਖੂਨ ਪੀਤਾ ਤਾਂ ਉਸ ਦਾ ਹਸ਼ਰ ਕੀ ਹੋਇਆ ਕਿ ਅੱਜ ਓਸ ਪਾਸੇ ਇਹਨਾਂ ਨੂੰ ਬੈਠਣਾ ਪਿਆ ਔਰ ਇਹ ਬੈਂਚ ਅੱਜ ਇਹਨਾਂ ਦੇ ਖਾਲੀ ਪਏ ਹਨ। ਇਹ ਇਸ ਦਾ ਹਸ਼ਰ ਹੋਇਆ ਹੈ।

ਚੇਅਰਮੈਨ ਸਾਹਿਬ, ਸੜਕਾਂ ਦੀ ਗੱਲ ਕੀਤੀ ਗਈ। ਸੜਕਾਂ ਦੇ ਬਾਰੇ ਮੇਰੇ ਵੀਰ ਕਹਿ ਰਹੇ ਸਨ ਕਿ ਸੜਕਾਂ ਦੀ ਹਾਲਤ ਬਹੁਤ ਮਾੜੀ ਹੈ। ਇਹ ਮੰਨਦੇ ਹਨ ਕਿ ਸੜਕਾਂ ਟੁੱਟੀਆਂ ਪਈਆਂ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ, ਚੇਅਰਮੈਨ ਸਾਹਿਬ, ਕਿ ਪੰਜ ਸਾਲ ਪਹਿਲਾਂ ਇਹ ਕਿੱਥੇ ਰਹੇ, ਪੰਜ ਸਾਲ ਪਹਿਲਾਂ ਇਨ੍ਹਾਂ ਨੇ ਕੀ ਕੀਤਾ? ਮੈਨੂੰ ਯਾਦ ਆ ਗਿਆ, ਚੇਅਰਮੈਨ ਸਾਹਿਬ, ਮੈਂ ਪਹਿਲਾਂ ਇਨ੍ਹਾਂ ਦੀ ਸਰਕਾਰ ਵੇਲੇ ਇਕ ਵਾਰ ਬੋਲ ਰਿਹਾ ਸੀ, ਇਹ ਬੀਬੀ ਭੱਠਲ ਜੀ ਏਥੇ ਹਾਊਸ ਵਿੱਚ ਬੈਠੇ ਸਨ। ਜਦੋਂ ਮੈਂ ਬੋਲ ਰਿਹਾ ਸੀ ਤਾਂ ਇਹ ਵਿਚੇ ਪੁਆਇੰਟ ਆਫ ਆਰਡਰ ਮੰਗ ਰਹੇ ਸੀ। ਇਨ੍ਹਾਂ ਨੂੰ ਮੈਂ ਵੀ ਕਹਿਣਾ ਚਾਹੁੰਦਾ ਸੀ ਕਿ ਸੜਕਾਂ ਦੀ ਬਹੁਤ ਮਾੜੀ ਹਾਲਤ ਹੈ। ਚੇਅਰਮੈਨ ਸਾਹਿਬ, ਇਹ, ਮੈਂ ਨਹੀਂ ਕਹਿ ਰਿਹਾ, ਇਹ ਇਥੇ ਲਿਖਿਆ ਹੋਇਆ ਹੈ ਪੁਆਇੰਟ ਆਫ ਆਰਡਰ ਦੇ ਵਿੱਚ ਜੋ ਇਨ੍ਹਾਂ ਨੇ ਕਿਹਾ ਸੀ, "ਮੇਰੇ ਹਲਕੇ ਦੇ ਵਿੱਚ ਸੜਕਾਂ ਦੀ ਹਾਲਤ ਏਨੀ ਮਾੜੀ ਹੈ ਕਿ ਜੇ ਇਕ ਪਾਸੇ ਗੱਡੀ ਵਾੜ ਲਓ ਔਰ ਦੂਜੇ ਪਾਸਿਓ ਕੱਢ ਲਓ ਤਾਂ ਗੱਡੀ ਟੁੱਟ ਜਾਂਦੀ ਹੈ।" ਇਹ ਮੇਰੀ ਭੈਣ ਦੇ ਏਥੇ ਹਾਊਸ ਦੇ ਵਿੱਚ ਬਿਆਨ ਹਨ। ਚੇਅਰਮੈਨ ਸਾਹਿਬ, ਇਨ੍ਹਾਂ ਦੀ ਸਰਕਾਰ ਵੇਲੇ ਇਕ ਮੰਤਰੀ ਬਹੁਤ ਮੋਟਾ ਹੁੰਦਾ ਸੀ। ਉਹਦੇ ਕੋਲ ਪੀ. ਡਬਲਯੂ. ਡੀ. ਦਾ ਮਹਿਕਮਾ ਸੀ। ਮੈਂ, ਚੇਅਰਮੈਨ ਸਾਹਿਬ, ਹਾਸੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਮਾਖੌਲ ਦੀ ਗੱਲ ਕੀਤੀ ਸੀ । ਮੈਂ ਕਿਹਾ ਸੀ ਕਿ ਜਿਹੜਾ ਮੇਰਾ ਇਹ ਭਰਾ ਬੈਠਾ ਹੈ, ਇਸ ਦੇ ਢਿੱਡ ਦਾ ਉਪਰੇਸ਼ਨ ਕਰਾ ਲਓ, ਇਹ ਕਹਿੰਦੇ ਕਿ ਕੀ ਨਿਕਲੇਗਾ ਤਾਂ ਮੈਂ ਕਿਹਾ ਕਿ ਨਿਕਲੇਗਾ ਕੀ, ਖੂਨ ਨਹੀਂ ਨਿਕਲੇਗਾ ਬਲਕਿ ਇਹਦੇ ਢਿੱਡ ਵਿਚੋਂ ਨਿਕਲੇਗੀ ਬੱਜਰੀ, ਨਿਕਲੇਗਾ ਸੀਮਿੰਟ ਅਤੇ ਨਿਕਲੇਗੀ ਲੁੱਕ । ਚੇਅਰਮੈਨ ਸਾਹਿਬ, ਮੈਂ ਕਹਿੰਦਾ ਹਾਂ ਕਿ ਉਸ ਦਾ ਢਿੱਡ ਏਡਾ ਵੱਡਾ ਹੋ ਗਿਆ ਸੀ ਕਿ ਉਸ ਲਈ ਤਾਂ ਬੈਠਣਾ ਵੀ ਮੁਸ਼ਕਲ ਹੋ ਗਿਆ ਸੀ । ਆਹ ਸਾਡੇ ਵਾਲੇ ਪਾਸੇ ਬੈਠੇ ਹਨ ਮੇਰੇ ਵੀਰ ਸਰਦਾਰ ਸੇਵਾ ਸਿੰਘ ਸੇਖਵਾਂ ਇਨ੍ਹਾਂ ਨੇ ਉਸ ਦੀ ਫੱਟੀ ਪੋਚ ਦਿੱਤੀ ਕਿਉਂਕਿ ਉਹਨਾਂ ਦੇ ਢਿੱਡ ਵਿੱਚ ਬਹੁਤ ਰਾਸ਼ਨ ਚਲਾ ਗਿਆ ਸੀ । ਚੇਅਰਮੈਨ ਸਾਹਿਬ, ਮੈਂ ਪੰਜ ਸਾਲ ਇਹਨਾਂ ਨੂੰ ਸਵਾਲ ਦਿੰਦਾ ਰਿਹਾ ਕਿ ਮੇਰੇ ਇਲਾਕੇ ਦੇ ਵਿੱਚ ਸੜਕਾਂ ਦੀ ਮੁਰੰਮਤ ਕਦੋਂ ਕਰਵਾਓਗੇ ਲੇਕਿਨ ਇਹ ਹਰ ਸਾਲ ਕਹਿੰਦੇ ਰਹੇ ਕਿ ਅਸੀਂ ਜਲਦੀ ਤੋਂ ਜਲਦੀ ਬਣਾਵਾਂਗੇ । ਅੱਜ ਵੀ ਜ਼ੀਰੇ ਦੇ ਵਿੱਚ, 50 ਸਾਲ ਬੀਤ ਜਾਣ ਦੇ ਬਾਵਜੂਦ ਵੀ 27 ਪਿੰਡ ਅਜਿਹੇ ਹਨ, ਜਿਨ੍ਹਾਂ ਨੂੰ ਅੱਜ ਤੱਕ ਫਸਟ ਲਿੰਕ ਨਾਲ ਨਹੀਂ ਜੋੜਿਆ ਗਿਆ । ਲੋਕ ਤਰਾਸ ਤਰਾਸ ਕਰਦੇ ਹਨ ਔਰ ਇਹ ਹਰ ਸਾਲ ਭਰੋਸਾ ਦਿਵਾਉਂਦੇ ਰਹੇ ਕਿ ਇਹ ਜਿਹੜੀਆਂ 27 ਪਿੰਡਾਂ ਦੀਆਂ ਸੜਕਾਂ ਹਨ, ਇਨ੍ਹਾਂ ਨੂੰ ਸਹੂਲਤਾਂ ਦਿੱਤੀਆਂ ਜਾਣਗੀਆਂ ਪਰ ਇਨ੍ਹਾਂ ਨੇ ਇਕ ਪਿੰਡ ਨੂੰ ਵੀ......(ਘੰਟੀ)....

**Mr. Chairman** : Please wind up, Jira ji.

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਚੇਅਰਮੈਨ ਸਾਹਿਬ, ਮੈਨੂੰ ਥੋਹੜਾ ਜਿਹਾ ਸਮਾਂ ਹੋਰ ਦੇ ਦਿਓ ਕਿਉਂਕਿ ਮੈਂ ਦਿਲ ਖੋਲ੍ਹ ਕੇ ਵਿਚਾਰ ਸਾਂਝੇ ਕਰਨੇ ਚਾਹੁੰਦਾ ਹਾਂ । ਮੈਨੂੰ ਇਨ੍ਹਾਂ ਦੇ ਨਾਲ ਵਿਚਰਨ ਦਾ ਪੰਜ ਸਾਲ ਸਮਾਂ ਮਿਲਦਾ ਰਿਹਾ ਹੈ, ਮੈਨੂੰ ਜ਼ਰਾ ਇਨ੍ਹਾਂ ਨੂੰ ਸ਼ਰਮਿੰਦਾ ਕਰ ਲੈਣ ਦਿਓ ਥੋਹੜਾ ਜਿਹਾ ।

ਚੇਅਰਮੈਨ ਸਾਹਿਬ, ਵਿਕਾਸ ਦੀ ਗੱਲ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ, ਚਾਨਣ-ਮੁਨਾਰੇ ਜਦੋਂ ਏਥੇ ਆਏ ਤਾਂ ਇਨ੍ਹਾਂ ਨੇ ਵਿਕਾਸ ਦੀ ਗੱਲ ਕੀਤੀ, ਸਕੂਲਾਂ ਦੀ ਗੱਲ ਕੀਤੀ । ਯੋਜਨਾਬੰਦੀ ਕਰਕੇ ਫੋਕਲ ਪੁਆਇੰਟ ਬਣਾਏ ਗਏ ਸਨ । ਸੱਤ ਸੱਤ ਪਿੰਡਾਂ ਨੂੰ ਇਕੱਠੇ ਕਰਕੇ ਫੋਕਲ ਪੁਆਇੰਟ ਬਣਾਏ ਗਏ ਸਨ । ਤਾਂ ਜੋ ਕਿਸਾਨਾਂ ਨੂੰ ਵੱਧ ਸਹੂਲਤਾਂ ਦਿੱਤੀਆਂ ਜਾਣ ਪਰ ਜਦੋਂ ਇਹਨਾਂ ਦੀ ਸਰਕਾਰ ਏਥੇ ਆਈ ਤਾਂ ਇਹ ਕਹਿੰਦੇ ਕਿ ਜੇ ਕਿਸਾਨਾਂ ਨੂੰ ਸਹੂਲਤਾਂ ਦੇ ਦਿੱਤੀਆਂ ਤਾਂ ਬਹੁਤ ਮਾੜੀ ਗੱਲ ਹੋਵੇਗੀ ਜਿਸ ਕਰਕੇ ਇਸ ਸਰਕਾਰ ਨੇ ਫੋਕਲ ਪੁਆਇੰਟ ਦੀਆਂ ਸਹੂਲਤਾਂ ਨੂੰ ਬੰਦ ਕਰ ਦਿੱਤਾ ।

ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਵਿਦਿਆ ਦੀ ਗੱਲ ਆ ਜਾਂਦੀ ਹੈ । ਇਹ ਬੈਠੇ ਹਨ ਮੇਰੇ ਵੀਰ ਸਾਬਕਾ ਵਿਦਿਆ ਮੰਤਰੀ ਜੀ (ਸਰਦਾਰ ਅਵਤਾਰ ਸਿੰਘ ਬਰਾੜ ਵੱਲ ਇਸ਼ਾਰਾ), ਇਨ੍ਹਾਂ ਨੂੰ ਬੜਾ ਫਿਕਰ ਸੀ ਬੱਚਿਆਂ ਦੀ ਐਜੂਕੇਸ਼ਨ ਬਾਰੇ । ਇਹ ਅੱਜ ਕਹਿੰਦੇ ਹਨ ਕਿ ਜਿਹੜੇ ਸ਼ਡਿਊਲਡ ਕਾਸਟ ਵਰਗ ਦੇ ਬੱਚੇ ਹਨ, ਉਹਨਾਂ ਦੀ ਪੜ੍ਹਾਈ ਦੀ ਹਾਲਤ ਬੜੀ ਮਾੜੀ ਹੈ । ਮੈਂ ਇਹਨਾਂ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੰਜ

Original with;
Punjab Vidhan Sabha
Digitized by;
Panjab Digital Library

ਸਾਲ ਪਹਿਲਾਂ ਕਿੱਥੇ ਸਨ, ਉਦੋਂ ਇਹ ਕਦੇ ਨਹੀਂ ਬੋਲੇ। ਕੀ ਇਨ੍ਹਾਂ ਨੂੰ ਉਦੋਂ ਸ਼ਡਿਊਲਡ ਕਾਸਟਸ ਅਤੇ ਅਨੁਸੂਚਿਤ ਜਾਤੀਆ ਦੇ ਬੱਚਿਆਂ ਦੀ ਵਿਦਿਆ ਦਾ ਕੋਈ ਦੁੱਖ ਨਹੀਂ ਸੀ ? ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਪਹਿਲਾਂ ਮੁੱਖ ਮੰਤਰੀ ਸਨ ਤਾਂ ਇਹਨਾਂ ਨੇ ਪੰਜਾਬ ਦੇ ਅੰਦਰ ਆਦਰਸ਼ ਸਕੂਲ ਕਾਇਮ ਕੀਤੇ ਸਨ, ਜਿਨ੍ਹਾਂ ਦੇ ਵਿੱਚ ਮੁਢਲੀ ਪੜ੍ਹਾਈ ਤੋਂ ਲੈ ਕੇ ਉਪਰਲੀਆਂ ਕਲਾਸਾਂ ਤੱਕ ਬਹੁਤ ਅੱਛੀ ਪੜ੍ਹਾਈ ਪਿੰਡਾਂ ਦੇ ਵਿੱਚ ਬੱਚਿਆਂ ਨੂੰ ਦਿੱਤੀ ਜਾਣੀ ਸੀ ਪਰ ਇਨ੍ਹਾਂ ਨੇ ਆ ਕੇ ਉਹ ਸਕੂਲ ਬੰਦ ਕਰ ਦਿੱਤੇ। ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਇਹ ਗੱਲ ਕਹੀ ਹੈ ਕਿ 2 ਮਹੀਨਿਆਂ ਦੇ ਵਿਚ ਵਿਚ ਕੋਈ ਵੀ ਸਕੂਲ ਅਜਿਹਾ ਨਹੀਂ ਰਹੇਗਾ ਜਿਥੇ ਕਿ ਅਧਿਆਪਕ ਨਾ ਹੋਵੇ। ਇਨ੍ਹਾਂ ਦੇ ਵੇਲੇ ਮੰਤਰੀ ਕਹਿੰਦੇ ਹੁੰਦੇ ਸਨ ਕਿ ਅਸੀਂ ਭਰੋਸਾ ਦਿਵਾਉਂਦੇ ਹਾਂ ਕਿ ਥੋੜ੍ਹੇ ਚਿਰ ਦੇ ਵਿਚ ਇਹ ਸਕੂਲ ਖਾਲੀ ਨਹੀਂ ਰਹਿਣਗੇ। ਚੇਅਰਮੈਨ ਸਾਹਿਬ, ਪੂਰੇ ਪੰਜ ਸਾਲ ਉਹ ਭਰੋਸਾ ਕੇਵਲ ਭਰੋਸਾ ਹੀ ਰਹਿ ਗਿਆ ਅਤੇ ਉਸ ਦਾ ਹਸ਼ਰ ਇਹ ਹੋਇਆ ਕਿ ਇਹ ਕੇਵਲ 14 ਹੀ ਜਿੱਤ ਕੇ ਆ ਸਕੇ। ਚੇਅਰਮੈਨ ਸਾਹਿਬ, ਇਹ ਚਾਹੁੰਦੇ ਸਨ ਕਿ ਜੇਕਰ ਪਿੰਡਾਂ ਦੇ ਵਿਚ ਗਰੀਬ ਪੜ੍ਹ ਗਏ ਤਾਂ ਉਨ੍ਹਾਂ ਲੋਕਾਂ ਨੂੰ ਮੱਤ ਆ ਜਾਵੇਗੀ ਅਤੇ ਉਹ ਸਾਨੂੰ ਵੋਟਾਂ ਨਹੀਂ ਪਾਉਣਗੇ। ਇਸੇ ਕਰਕੇ ਹੀ ਇਨ੍ਹਾਂ ਨੇ ਸਕੂਲਾਂ ਵਿਚ ਅਧਿਆਪਕ ਨਹੀਂ ਸਨ ਲਗਾਏ। ਚੇਅਰਮੈਨ ਸਾਹਿਬ, ਸਕੂਲਾਂ ਦੀਆਂ ਬਿਲਡਿੰਗਾਂ ਦਾ ਮਾੜਾ ਹਾਲ ਹੈ। ਇਨ੍ਹਾਂ ਨੇ ਦੋ ਮਹੀਨੇ ਪਹਿਲਾਂ ਐਲਾਨ ਕਰ ਦਿੱਤਾ ਕਿ ਸਕੂਲਾਂ ਦੀਆਂ ਬਿਲਡਿੰਗਾਂ ਬਣਾਈਆਂ ਜਾਣਗੀਆਂ ਪਰ ਚੇਅਰਮੈਨ ਸਾਹਿਬ, ਲੋਕੀਂ ਸਮਝ ਗਏ ਕਿ ਇਹ ਤਾਂ ਕੇਵਲ ਫਰਾਡ ਹੀ ਕਰਦੇ ਹਨ, ਇਸ ਕਰਕੇ ਉਨ੍ਹਾਂ ਨੇ ਇਨ੍ਹਾਂ ਨੂੰ ਵੋਟਾਂ ਨਾ ਪਾਈਆਂ। ਤਾਂ ਹੀ ਅੱਜ ਇਨ੍ਹਾਂ ਦਾ ਇਹ ਹਸ਼ਰ ਹੋਇਆ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਕਿਹਾ ਹੈ ਕਿ ਹਰੇਕ ਬਲਾਕ ਵਿਚ ਇਕ ਆਦਰਸ਼ ਸਕੂਲ ਖੋਲ੍ਹਿਆ ਜਾਵੇਗਾ ਜਿਸ ਵਿਚ ਗਰੀਬ ਲੋਕਾਂ ਨੂੰ ਪਹਿਲ ਦੇ ਆਧਾਰ ਤੇ ਪੜ੍ਹਾਈ ਕਰਵਾਈ ਜਾਵੇਗੀ। ਜੇਕਰ ਉਹ ਪਹਿਲੇ ਆਦਰਸ਼ ਸਕੂਲ ਖੁਲ੍ਹੇ ਹੁੰਦੇ ਤਾਂ ਅੱਜ ਇਹ ਪਬਲਿਕ ਸਕੂਲ ਨਹੀਂ ਸਨ ਹੋਣੇ। ਮੇਰੇ ਹਲਕੇ ਵਿਚ ਮਲਸੀਆਂ ਸਕੂਲ ਬੰਦ ਕਰ ਦਿੱਤਾ। ਜ਼ੀਰਾ ਤਹਿਸੀਲ ਵਿਚ ਇਕ ਹੋਰ ਸਕੂਲ ਵੀ ਬੰਦ ਕਰ ਦਿੱਤਾ। ਜਦੋਂ ਉਹ ਸਕੂਲ ਚਲਦੇ ਸਨ ਤਾਂ, ਤੁਸੀਂ ਰਿਜ਼ਲਟ ਕਢਵਾ ਕੇ ਦੇਖੋ, ਸਕੂਲ ਦੇ ਸਾਰੇ ਬੱਚੇ ਫਸਟ ਡਵੀਜ਼ਨ ਵਿਚ ਪਾਸ ਹੁੰਦੇ ਸਨ।

ਚੇਅਰਮੈਨ ਸਾਹਿਬ, ਬਾਦਲ ਸਾਹਿਬ ਨੇ ਕਿਹਾ ਹੈ ਕਿ ਸ਼ੂਗਰ ਮਿੱਲਾਂ ਦਾ ਸੁਧਾਰ ਕੀਤਾ ਜਾਵੇਗਾ ਅਤੇ ਜਿਹੜੀਆਂ ਮਿੱਲਾਂ ਬੰਦ ਪਈਆਂ ਹਨ, ਉਨ੍ਹਾਂ ਨੂੰ ਚਾਲੂ ਕੀਤਾ ਜਾਵੇਗਾ। ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿਚ ਇਨ੍ਹਾਂ ਨੇ ਮਿੱਲਾਂ ਹੀ ਵੇਚ ਦਿੱਤੀਆਂ। ਹੋਰ ਤਿੰਨ ਮਿੱਲਾਂ ਵੇਚਣ ਜਾ ਰਹੇ ਹਨ, ਜ਼ੀਰਾ ਮਿੱਲ ਵੇਚਣ ਜਾ ਰਹੇ ਹਨ, ਫਰੀਦਕੋਟ ਵੇਚਣ ਜਾ ਰਹੇ ਹਨ ਅਤੇ ਬਟਾਲਾ ਮਿੱਲ ਵੇਚਣ ਜਾ ਰਹੇ ਹਨ। ਇਨ੍ਹਾਂ ਦੇ ਮੰਤਰੀ ਨੇ ਲੱਖਾਂ ਹੀ ਰੁਪਏ ਲਏ। ਇਹ ਵੀ ਤੁਹਾਡੇ ਸਾਹਮਣੇ ਹੈ ਕਿ ਦਸੂਹਾ ਮਿੱਲ ਵੇਚ ਦਿੱਤੀ, ਪੈਸਾ ਇਕ ਵੀ ਨਹੀਂ ਲਿਆ ਪਰ ਮਿੱਲ ਅਗਲਿਆਂ ਦੇ ਹੱਥ ਫੜਾ ਦਿੱਤੀ। ਚੇਅਰਮੈਨ ਸਾਹਿਬ, ਇਸੇ ਕਾਰਨ ਹੀ ਅੱਜ ਉਸ ਵੱਡੇ ਲੀਡਰ ਨੂੰ ਜਿਹੜਾ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਆਪਣੇ ਆਪ ਨੂੰ ਇਕ ਬੜਾ ਵੱਡਾ ਆਗੂ ਕਹਾਉਂਦਾ ਸੀ ਅਤੇ ਖਜ਼ਾਨਾ ਮੰਤਰੀ ਦੀ ਕੁਰਸੀ ਤੇ ਦੂਸਰੇ ਨੰਬਰ ਤੇ ਬੈਠਦਾ ਹੁੰਦਾ ਸੀ, ਲੋਕਾਂ ਨੇ ਪਛਾੜ ਦਿੱਤਾ ਹੈ ਅਤੇ ਉਹ ਹੁਣ ਆਪਣੇ ਘਰ ਬੈਠਾ ਹੋਇਆ ਹੈ। ਲੋਕਾਂ ਨੇ ਹੁਣ ਉਸ ਨਾਲ ਇਨਸਾਫ ਕੀਤਾ ਹੈ। ਇਹ ਬੜੀ ਲੰਮੀ ਕਹਾਣੀ ਹੈ। ਅੱਜ ਇਹ ਕਹਿੰਦੇ ਹਨ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਇਕ ਮਹੀਨੇ ਦੀ ਸਰਕਾਰ ਹੈ। ਚੇਅਰਮੈਨ ਸਾਹਿਬ, ਇਹ ਤਾਂ ਆਪਣੇ ਪੰਜ ਸਾਲ ਦੇ ਰਾਜ ਵਿਚ ਕੁਝ ਨਹੀਂ ਕਰ ਸਕੇ। ਸਾਡੀ ਸਰਕਾਰ ਨੇ ਤਾਂ ਇਕ ਮਹੀਨੇ ਵਿਚ ਹੀ ਬਹੁਤ ਕੁਝ ਕਰ ਵਿਖਾਇਆ ਹੈ ਅਤੇ ਪੰਜਾਬ ਦਾ ਬਹੁਤ ਵਿਕਾਸ ਕੀਤਾ ਹੈ। ਚੇਅਰਮੈਨ ਸਾਹਿਬ, ਬਾਦਲ ਸਾਹਿਬ ਚਾਹੁੰਦੇ ਹਨ ਕਿ ਪਿੰਡਾਂ ਦਾ ਵਿਕਾਸ ਕਰਕੇ ਉਨ੍ਹਾਂ ਨੂੰ ਸ਼ਹਿਰਾਂ ਦੇ ਬਰਾਬਰ ਦਾ ਸਨਮਾਨ ਦਿੱਤਾ ਜਾਵੇ। ਜਿਹੜੀ ਆਹ ਜਵਾਹਰ ਰੁਜ਼ਗਾਰ ਯੋਜਨਾ ਹੈ.. .... . ਮੈਂ ਇਸ ਸਦਨ ਵਿਚ ਖਲੋ ਕੇ ਝੂਠ ਨਹੀਂ ਬੋਲਦਾ, ਇਨ੍ਹਾਂ ਦੇ ਇਕ ਮੰਤਰੀ ਨੂੰ ਇਨ੍ਹਾਂ ਦੇ ਆਪਣੇ ਐਮ. ਐਲ. ਏ. ਨੇ ਵੀ ਇਹ ਗੱਲ ਕਹੀ ਸੀ। ਬਾਰਡਰ ਦੇ ਏਰੀਏ ਵਾਸਤੇ ਰੁਪਿਆ ਆਇਆ ਸੀ ਪਰ ਇਨ੍ਹਾਂ ਨੇ ਆਪਣਿਆਂ ਨੂੰ ਗੱਫੇ ਵੰਡਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਦਾ ਉਹ ਮੰਤਰੀ ਜਦੋਂ ਇਥੇ ਹਾਊਸ ਵਿਚ ਬੈਠਦਾ ਸੀ ਤਾਂ ਉਸ ਨੂੰ ਨਸ਼ਾ ਹੀ ਇੰਨਾ ਸੀ, ਇੰਨਾ ਰਾਸ਼ਨ ਉਸ ਨੇ ਢਿੱਡ ਵਿਚ ਪਾ ਲਿਆ ਸੀ ਕਿ ਉਹ ਇਥੇ ਸੌਂ ਜਾਂਦਾ ਹੁੰਦਾ ਸੀ ਅਤੇ ਉਸ ਦੇ ਗੁਆਂਢੀ ਉਸ ਨੂੰ ਜਗਾਉਂਦੇ ਹੁੰਦੇ ਸਨ ਕਿ ਮੰਤਰੀ ਜੀ ਉਠ ਕੇ ਜਵਾਬ ਦਿਓ। ਉਸ ਨੇ ਗ੍ਰਾਂਟਾਂ ਵਿਚੋਂ 25% ਲੈ ਕੇ ਪੈਸਾ ਵੰਡਿਆ ਸੀ। ਚੇਅਰਮੈਨ ਸਾਹਿਬ, ਮੈਂ ਵੀ ਇਕ ਵਾਰ ਉਸ ਕੋਲ ਚਲਾ ਗਿਆ ਅਤੇ ਕਿਹਾ ਯਾਰ, ਸਾਨੂੰ ਵੀ ਕੁਝ ਪੈਸੇ ਦੇ ਦਿਓ। ਇਨ੍ਹਾਂ ਦੇ ਆਪਣੇ ਕੁਝ ਐਮ. ਐਲ. ਏ. ਵੀ ਉਥੇ ਬੈਠੇ ਸਨ। ਜਦੋਂ ਮੈਂ ਦਫਤਰ ਵਿੱਚ ਗਿਆ ਤਾਂ ਉਹ ਕਹਿੰਦੇ ਕਿ ਐਮ. ਐਲ. ਏ. ਸਾਹਿਬ ਪੈਸੇ ਲਿਆਏ ਹੋ? ਕਹਿੰਦੇ ਕੀ ਕਰੀਏ, ਮੰਤਰੀ ਸਾਡਾ ਬੜਾ ਭੁੱਖਾ ਹੈ, ਉਹ ਰੱਜਦਾ ਹੀ ਨਹੀਂ, ਉਹ ਪੈਸੇ ਮੰਗਦਾ ਹੈ। ਚੇਅਰਮੈਨ ਸਾਹਿਬ, ਅੱਜ ਕਿਹਾ ਹੈ ਸਾਡੇ ਮੰਤਰੀ ਸਾਹਿਬ ਨੇ ਕਿ ਅਸੀਂ ਇਨਕੁਆਰੀ ਕਰਵਾਵਾਂਗੇ। ਇਕ ਇਕ ਪਿੰਡ ਜਿੱਥੇ 200-200 ਦੀ ਆਬਾਦੀ ਸੀ, 18-18 ਲੱਖ ਰੁਪਿਆ ਲਿਜਾਇਆ ਗਿਆ। ਉਹ ਉਥੇ ਲੱਗਾ ਨਹੀਂ, ਪਹਿਲਾਂ ਜਿਹੜੀਆਂ ਇੱਟਾਂ ਲੱਗੀਆਂ ਹੋਈਆਂ ਸਨ, ਉਨ੍ਹਾਂ ਨੂੰ ਪੁੱਟ ਪੁੱਟ ਕੇ ਦੋਬਾਰਾ ਲਗਾ ਦਿੱਤਾ ਗਿਆ ਕਿਉਂਕਿ 25% ਤਾਂ ਇਨ੍ਹਾਂ ਨੂੰ ਚਾਹੀਦਾ ਸੀ।

**ਸ਼੍ਰੀ ਸਭਾਪਤੀ :** ਜ਼ੀਰਾ ਜੀ, ਪਲੀਜ਼ ਵਾਈਂਡ-ਅਪ ਕਰੋ, ਹੋਰ ਮੈਂਬਰ ਸਾਹਿਬਾਨ ਨੇ ਵੀ ਬੋਲਣਾ ਹੈ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਚੇਅਰਮੈਨ ਸਾਹਿਬ, ਮੈਂ ਤਾਂ ਇਨ੍ਹਾਂ ਦੇ ਪੋਲ ਹੀ ਖੋਲ੍ਹ ਰਿਹਾ ਸੀ, ਤੁਸੀਂ ਕਾਹਲੀ ਕਰਦੇ ਹੋ ਤਾਂ ਮੈਂ ਅੱਗੇ ਚੱਲ ਪੈਂਦਾ ਹਾਂ। ਜ਼ਮੀਨ ਐਕੁਆਇਰ ਕਰਨ ਦੀ ਗੱਲ ਹੈ। ਕਲ੍ਹ ਵੀ ਮੇਰਾ ਇਕ ਸਵਾਲ ਸੀ। ਇੱਥੇ ਮੈਂ ਸੀ. ਐਮ. ਸਾਹਿਬ ਨੂੰ ਪੁੱਛਿਆ ਕਿ ਤੁਸੀਂ ਜ਼ਮੀਨ ਕਿਵੇਂ ਐਕੁਆਇਰ ਕਰਕੇ ਪ੍ਰਾਈਵੇਟ ਸੈਕਟਰ ਨੂੰ ਅਤੇ ਪਬਲਿਕ ਸੈਕਟਰ ਨੂੰ ਦਿੰਦੇ ਹੋ। ਪਬਲਿਕ ਸੈਕਟਰ ਨੂੰ ਜਿਹੜੀ ਜ਼ਮੀਨ, ਚੇਅਰਮੈਨ ਸਾਹਿਬ, ਇਨ੍ਹਾਂ ਨੇ ਦੇਣੀ ਸੀ, ਉਹ ਤਾਂ ਕੁਝ ਵੱਧ ਭਾਅ

Original with;
Punjab Vidhan Sabha
Digitized by;
Panjab Digital Library

ਤੇ ਖਰੀਦ ਕੀਤੀ ਗਈ ਕਿਉਂਕਿ ਇਨ੍ਹਾਂ ਨੇ ਪਬਲਿਕ ਸੈਕਟਰ ਤੋਂ ਵੱਧ ਪੈਸੇ ਲੈਣੇ ਸੀ ਪਰ ਜੋ ਜ਼ਮੀਨ ਪ੍ਰਾਈਵੇਟ ਸੈਕਟਰ ਨੂੰ ਦੇਣੀ ਸੀ, ਉਹ ਘੱਟ ਰੇਟ ਤੇ ਐਕੁਆਇਰ ਕੀਤੀ ਗਈ ਸੀ। ਮੈਂ, ਚੇਅਰਮੈਨ ਸਾਹਿਬ, ਇੱਥੇ ਕਿਹਾ ਸੀ ਕਿ ਚੰਡੀਗੜ੍ਹ ਤੋਂ ਦਿੱਲੀ ਨੂੰ ਜਾਂਦੇ ਹੋਏ ਚਾਰ ਪਿੰਡਾਂ ਦੀ ਜ਼ਮੀਨ ਇਨ੍ਹਾਂ ਨੇ ਐਕੁਆਇਰ ਕੀਤੀ ਅਤੇ ਵਿਚਾਰੇ ਗਰੀਬ ਕਿਸਾਨਾਂ ਨੂੰ 66,000 ਰੁਪਏ ਪ੍ਰਤੀ ਕਿੱਲੇ ਦੇ ਹਿਸਾਬ ਨਾਲ ਕੀਮਤ ਅਦਾ ਕੀਤੀ ਗਈ ਜਦ ਕਿ ਉਸ ਦੀ ਕੀਮਤ 5,00,000 ਰੁਪਏ ਪ੍ਰਤੀ ਕਿੱਲਾ ਸੀ। ਚੇਅਰਮੈਨ ਸਾਹਿਬ, ਫਿਰ ਉਹ ਜ਼ਮੀਨ ਹਿੰਦੁਸਤਾਨ ਦੀ ਇਕ ਬਹੁਤ ਵੱਡੀ ਪ੍ਰਾਈਵੇਟ ਏਜੰਸੀ ਨੂੰ ਦਿੱਤੀ ਗਈ ਅਤੇ ਉਸ ਨੇ ਇਕ ਬਹੁਤ ਵੱਡੀ ਕਾਰ ਸਾਡੇ ਬਹੁਤ ਜ਼ਿੰਮੇਵਾਰ, ਇੱਥੋਂ ਦੇ ਅਹੁਦੇਦਾਰਾਂ ਨੂੰ ਬਤੌਰ ਤੋਹਫਾ ਦਿੱਤੀ। ਮੈਂ ਉਸ ਵੇਲੇ ਵੀ ਕਿਹਾ ਸੀ ਕਿ ਇਹ ਗਰੀਬਾਂ ਦਾ ਖੂਨ ਹੈ, ਤੁਸੀਂ ਗਰੀਬਾਂ ਦਾ ਖੂਨ ਕਿਉਂ ਚੂਸ ਰਹੇ ਹੋ, ਇਸ ਦਾ ਹਸ਼ਰ ਮਾੜਾ ਹੋਵੇਗਾ ਅਤੇ ਉਸ ਦਾ ਹਸ਼ਰ ਤੁਸੀਂ ਸਭ ਨੇ ਦੇਖ ਹੀ ਲਿਆ ਹੈ। ਹੁਣ ਸਾਡੇ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਜੋ ਕਿ ਇਕ ਚਾਨਣ ਮੁਨਾਰਾ ਹਨ, ਨੇ ਕਹਿ ਦਿੱਤਾ ਹੈ ਕਿ ਕਿਸਾਨਾਂ ਦੀ ਜ਼ਮੀਨ, ਗਰੀਬਾਂ ਦੀ ਜ਼ਮੀਨ ਜੋ ਐਕੁਆਇਰ ਕੀਤੀ ਜਾਵੇਗੀ, ਉਸ ਦਾ ਪੂਰਾ ਪੂਰਾ ਰੇਟ ਦਿੱਤਾ ਜਾਵੇਗਾ।

ਚੇਅਰਮੈਨ ਸਾਹਿਬ, ਇਸ ਤੋਂ ਅੱਗੇ ਮੈਂ ਗ੍ਰਹਿ ਮਾਮਲੇ ਦੀ ਗੱਲ ਕਰਨੀ ਚਾਹੁੰਦਾ ਹਾਂ। ਚੇਅਰਮੈਨ ਸਾਹਿਬ, ਕਾਂਗਰਸ ਸਰਕਾਰ ਵੇਲੇ ਐਸ. ਪੀ. ਓ. ਅਤੇ ਹੋਮ ਗਾਰਡ ਦੀ ਭਰਤੀ ਕੀਤੀ ਗਈ, ਪਰ ਉਨ੍ਹਾਂ ਨੂੰ ਦਿੱਤਾ ਕੀ ਗਿਆ। 1993 ਵਿੱਚ ਹੋਰ ਵੀ ਕਈ ਪੋਸਟਾਂ ਭਰੀਆਂ ਗਈਆਂ ਜਿਨ੍ਹਾਂ ਬਾਰੇ ਹਾਈ ਕੋਰਟ ਵੱਲੋਂ ਇਨ੍ਹਾਂ ਦੇ ਵਿਰੁੱਧ ਡਾਇਰੈਕਸ਼ਨਾਂ ਦਿੱਤੀਆਂ ਗਈਆਂ, ਇਹ ਕਹਿੰਦੇ ਹਨ ਕਿ ਅਸੀਂ ਰੋਜ਼ਗਾਰ ਦਿੱਤਾ। ਮੈਂ ਜ਼ਿਆਦਾ ਤਫ਼ਸੀਲ ਵਿੱਚ ਨਹੀਂ ਜਾਣਾ ਚਾਹੁੰਦਾ। ਚੇਅਰਮੈਨ ਸਾਹਿਬ, ਹਾਈ ਕੋਰਟ ਨੇ ਇਨ੍ਹਾਂ ਵੱਲੋਂ ਕੀਤੀਆਂ ਨਿਯੁਕਤੀਆਂ ਰੱਦ ਕਰ ਦਿੱਤੀਆਂ ਅਤੇ ਉਸ ਦਾ ਹਸ਼ਰ ਕੀ ਹੋਇਆ।

ਇਸ ਤੋਂ ਅੱਗੇ ਮੈਂ, ਚੇਅਰਮੈਨ ਸਾਹਿਬ, ਟਰਾਂਸਪੋਰਟ ਦੀ ਗੱਲ ਕਰਦਾ ਹਾਂ। ਇੱਥੇ ਇਕ ਟਰਾਂਸਪੋਰਟ ਮੰਤਰੀ ਹੁੰਦੇ ਸੀ, ਸਾਡੇ ਇਕ ਐਮ. ਐਲ. ਏ. ਸਾਹਿਬ ਉਨ੍ਹਾਂ ਨੂੰ ਨੋਟ ਦਿਖਾਉਂਦੇ ਹੁੰਦੇ ਸੀ ਅਤੇ ਨਾਲ ਹੀ ਸਟੇਅਰਿੰਗ ਵਾਂਗ ਹੱਥ ਘੁਮਾਉਂਦੇ ਹੁੰਦੇ ਸੀ। ਉਸ ਦਾ ਮਤਲਬ ਸੀ ਕਿ ਨੋਟ ਲੈ ਲਏ ਅਤੇ ਗੱਡੀ ਦਾ ਸਟੇਅਰਿੰਗ ਮਾੜਾ ਲਗਵਾ ਦਿੱਤਾ। ਪਤਾ ਨਹੀਂ ਸੀ ਲੱਗਦਾ ਕਿ ਨਵੀਂ ਗੱਡੀ ਦਾ ਕਿੱਥੇ ਐਕਸੀਡੈਂਟ ਹੋ ਜਾਣਾ ਹੈ। ਚੇਅਰਮੈਨ ਸਾਹਿਬ, ਜਦੋਂ ਉਹ ਮੰਤਰੀ ਬਣੇ ਤਾਂ ਉਸ ਦੇ ਕੋਲ ਕੁਝ ਵੀ ਨਹੀਂ ਸੀ। ਕੇਵਲ ਇਕ ਮਾਸਟਰ ਸੀ ਪਰ ਜਦੋਂ ਟਰਾਂਸਪੋਰਟ ਦਾ ਮਹਿਕਮਾ ਮਿਲ ਗਿਆ ਤਾਂ....... ਸਾਡੇ ਛੱਜਲਵੱਡੀ ਜੀ ਉਸ ਦੇ ਘਰ ਜਾ ਕੇ ਆਏ ਸਨ, ਉਸ ਦੇ ਘਰ 34 ਏ.ਸੀ. ਲੱਗੇ ਹੋਏ ਸਨ। ਉਹ ਕਿੱਥੋਂ ਆ ਗਏ। ਚੇਅਰਮੈਨ ਸਾਹਿਬ, ਉਹ ਬੱਸਾਂ ਦੇ ਟਾਇਰ ਖਾ ਗਿਆ। ਕੰਡਕਟਰਾਂ ਨੂੰ ਚਿੱਟਾਂ ਉਹ ਦੇ ਦਿੰਦਾ ਸੀ ਅਤੇ ਚਿੱਟਾਂ ਤੇ ਉਹ ਬੱਸਾਂ ਖਾਲੀ ਦਿਖਾ ਕੇ ਲੈ ਜਾਂਦੇ ਸਨ। ਉਸ ਦਾ ਹਸ਼ਰ ਕੀ ਹੋਇਆ? ਅੱਜ ਸਾਡੇ ਬ੍ਰਹਮਪੁਰਾ ਜੀ ਉਸ ਦੀ ਜ਼ਮਾਨਤ ਜ਼ਬਤ ਕਰਾ ਕੇ ਇਥੇ ਆਏ ਹਨ।

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਇਸੇ ਤਰ੍ਹਾਂ ਪਹਿਲਾਂ ਹੜ੍ਹ ਆਏ, ਬਹੁਤ ਜ਼ਿਆਦਾ ਹੜ੍ਹ ਆਏ। ਹੁਣ ਸਾਡੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਕਿਹਾ ਹੈ ਅਤੇ ਗਵਰਨਰ ਐਡਰੈੱਸ ਵਿੱਚ ਵੀ ਕਿਹਾ ਗਿਆ ਹੈ ਕਿ ਅਸੀਂ ਹੜ੍ਹਾਂ ਦੀ ਰੋਕਥਾਮ ਲਈ ਪ੍ਰਬੰਧ ਕਰ ਰਹੇ ਹਾਂ। ਚੇਅਰਮੈਨ ਸਾਹਿਬ, ਉਸ ਵੇਲੇ ਜਦ ਹੜ੍ਹ ਆਏ ਤਾਂ ਬਹੁਤ ਲੋਕਾਂ ਨੂੰ ਰਿਲੀਫ ਫੰਡ ਦਿੱਤੇ। ਅਫ਼ਸਰ ਸਾਹਿਬਾਨ ਦੀ ਇੱਕ ਇੱਕ ਦਿਨ ਦੀ ਤਨਖਾਹ ਕੱਟ ਲਈ ਗਈ ਅਤੇ ਉਸ ਫੰਡ ਵਿੱਚ ਪਾ ਦਿੱਤੀ ਗਈ। ਕਰੋੜਾਂ ਰੁਪਏ ਇਕੱਠੇ ਕਰ ਲਏ ਗਏ ਪਰ ਜਦੋਂ ਉਹ ਪੈਸੇ ਦੇਣ ਲੱਗੇ ਤਾਂ ਕੀ ਦਿੱਤਾ ? ਚੇਅਰਮੈਨ ਸਾਹਿਬ, ਮੈਂ 'ਇੱਥੇ ਸਬੂਤ ਦਿੱਤੇ ਸਨ ਔਰ ਮੈਂ ਉਹ ਚੈੱਕ ਵਿਖਾਏ ਸਨ ਜਿਹੜੇ ਕਿਸਾਨਾਂ ਨੂੰ 9-9 ਰੁਪਏ ਦੇ ਦਿੱਤੇ ਗਏ ਸਨ। ਉਹ ਰਾਹਤ ਫੰਡ ਇਨ੍ਹਾਂ ਦੇ ਚਹੇਤਿਆਂ ਦੀਆਂ ਜੇਬਾਂ ਵਿੱਚ ਗਿਆ ਪਰ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ, ਉਨ੍ਹਾਂ ਨੂੰ ਪੈਸੇ ਬਿਲਕੁਲ ਨਹੀਂ ਦਿੱਤੇ ਗਏ।

ਚੇਅਰਮੈਨ ਸਾਹਿਬ, ਪਿਛਲਾ ਸਮਾਂ ਬੜਾ ਹੀ ਔਖਾ ਸਮਾਂ ਰਿਹਾ ਹੈ। ਅੱਜ ਸਾਡੇ ਇਨ੍ਹਾਂ ਵੀਰਾਂ (ਕਾਂਗਰਸ ਪਾਰਟੀ ਵੱਲ ਇਸ਼ਾਰਾ ਕਰਕੇ) ਨੇ ਪੰਜਾਬ ਦੀਆਂ ਧੱਜੀਆਂ ਉਡਾਉਣ ਦੀ ਖਾਤਰ ਔਰ ਹਿੰਦੂ-ਸਿੱਖ ਪਾੜਾ ਵਧਾਉਣ ਲਈ ਅੱਤਵਾਦ ਲੈ ਕੇ ਆਂਦਾ, ਜਿਸ ਕਾਰਨ ਉਸ ਸਮੇਂ ਪੰਜਾਬ 8,000 ਕਰੋੜ ਰੁਪਏ ਦਾ ਕਰਜ਼ਾਈ ਹੋਇਆ। ਦੇਸ਼ ਦਾ ਪ੍ਰਧਾਨ ਮੰਤਰੀ ਰਾਓ ਇੱਥੇ ਆਇਆ। ਕਰੋੜਾਂ ਰੁਪਏ ਰੈਲੀ ਤੇ ਲਗਾ ਦਿੱਤੇ ਗਏ। ਇਹ ਬੜੇ ਖੁਸ਼ ਸਨ ਕਿ ਪੰਜਾਬ ਦਾ ਕਰਜ਼ਾ ਮਾਫ ਕਰ ਦਿੱਤਾ ਹੈ ਪਰ ਚੇਅਰਮੈਨ ਸਾਹਿਬ, ਸਪੀਚਾਂ ਕੱਢਵਾ ਕੇ ਦੇਖ ਲਓ ਕਿ ਕਰਜ਼ਾ ਕੋਈ ਮਾਫ ਨਹੀਂ ਕੀਤਾ ਔਰ ਨਾ ਹੀ ਹੋ ਰਿਹਾ ਹੈ। ਇਸ ਲਈ ਜਦੋਂ ਲੋਕਾਂ ਨਾਲ ਧੱਕਾ ਕੀਤਾ ਜਾਵੇ, ਲੋਕਾਂ ਨਾਲ ਫਰਾਡ ਕੀਤਾ ਜਾਵੇ ਅਤੇ ਲੋਕਾਂ ਦੇ ਮਨਾਂ ਨੂੰ ਸੱਟ ਮਾਰੀ ਜਾਵੇ ਤਾਂ ਇਸ ਨਾਲ ਜਿਹੜਾ ਹਸ਼ਰ ਹੁੰਦਾ ਹੈ, ਉਸ ਦਾ ਤੁਹਾਨੂੰ ਪਤਾ ਹੀ ਹੈ।

ਇਹ ਗਵਰਨਰ ਸਾਹਿਬ ਦਾ ਇਤਿਹਾਸਿਕ ਐਡਰੈੱਸ ਆਇਆ ਹੈ। ਇਹ ਸਰਕਾਰ ਜਿਹੜੀ ਹੁਣ ਹੈ, ਇਹ ਲੋਕਾਂ ਦੁਆਰਾ ਚੁਣ ਕੇ ਆਈ ਹੈ। ਲੋਕਾਂ ਦਾ ਚਾਨਣ-ਮੁਨਾਰਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਆਇਆ ਹੈ ਔਰ ਮੈਨੂੰ ਪੂਰਨ ਆਸ ਹੈ ਕਿ ਜਿਸ ਤਰੀਕੇ ਨਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਚੱਲ ਰਿਹਾ ਹੈ, ਅੱਗੇ ਨੂੰ ਇਹ 14 ਮੈਂਬਰ ਵੀ ਇਸ ਸਦਨ ਦੇ ਵਿੱਚ ਨਹੀਂ ਆਉਣਗੇ। (ਥੰਪਿੰਗ) ਚੇਅਰਮੈਨ ਸਾਹਿਬ, ਇਹ ਜਿਹੜਾ ਇਤਿਹਾਸਿਕ ਐਡਰੈੱਸ ਹੈ ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਇਸ ਨਾਲ ਸਹਿਮਤ ਹਾਂ। ਇਸ ਨੂੰ ਸਰਬ-ਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ ਅਤੇ ਸਾਰੀਆਂ ਡਿਮਾਂਡਾਂ ਪਾਸ ਕਰਨੀਆਂ ਚਾਹੀਦੀਆਂ ਹਨ। ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਬਹੁਤ ਸਮਾਂ ਦਿੱਤਾ ਹੈ ਪਰ ਮੇਰੀਆਂ ਕਾਫ਼ੀ ਗੱਲਾਂ ਰਹਿ ਗਈਆਂ ਹਨ। ਮੇਰਾ ਢਿੱਡ ਭਰਿਆ ਪਿਆ ਹੈ। ਮੈਂ ਪਿਛਲੇ ਪੰਜ ਸਾਲ ਇੱਥੇ ਸਭ ਕੁਝ ਦੇਖਿਆ ਹੈ। ਮੈਨੂੰ ਇਹ ਕੁੱਟਦੇ ਵੀ ਰਹੇ ਪਰ ਮੈਨੂੰ ਅੱਜ ਇਸ ਗੱਲ ਦੀ ਖੁਸ਼ੀ ਹੈ ਕਿ ਜਿਹੜਾ ਇਨ੍ਹਾਂ ਨੇ ਧੱਕਾ ਕੀਤਾ, ਕਤਲੇਆਮ ਕੀਤਾ, ਲੋਕਤੰਤਰ ਅਤੇ ਡੈਮੋਕਰੇਸੀ ਦਾ ਨਾਸ ਕੀਤਾ, ਉਸ ਦਾ ਹਸ਼ਰ ਲੋਕਾਂ ਨੇ ਦੱਸ ਦਿੱਤਾ ਹੈ। ਮੈਂ ਲੋਕਾਂ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਜਿਨ੍ਹਾਂ ਨੇ ਚਾਨਣ-ਮੁਨਾਰਾ

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਦੀ ਕੁਰਸੀ ਤੇ ਬਿਠਾਇਆ ਹੈ। ਚੇਅਰਮੈਨ ਸਾਹਿਬ, ਇੰਨਾ ਕੁਝ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। (ਥੰਪਿੰਗ) (ਵਿਘਨ)

**Mr. Chairman** : Please be quiet. Let the Hon'ble Member speak. Sardar Manjit Singh Calcutta.

**ਸਰਦਾਰ ਮਨਜੀਤ ਸਿੰਘ ਕਲਕੱਤਾ (ਅੰਮ੍ਰਿਤਸਰ ਦੱਖਣੀ)** : ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਚੁੱਪ ਦਾ ਦਾਨ ਬਖਸ਼ਣ ਤਾਂ ਕਿ ਅਗਲੀ ਗੱਲ ਕੀਤੀ ਜਾ ਸਕੇ।

ਚੇਅਰਮੈਨ ਸਾਹਿਬ, ਰਾਜਪਾਲ ਜੀ ਨੇ 11ਵੀਂ ਵਿਧਾਨ ਸਭਾ ਦੇ ਪਲੇਠੀ ਦੇ ਸੈਸ਼ਨ ਵਿੱਚ ਜੋ ਭਾਸ਼ਣ ਦੇਣ ਦੀ ਕਿਰਪਾਲਤਾ ਕੀਤੀ ਹੈ ਅਤੇ ਜਿਸ ਬਾਰੇ ਸਰਦਾਰ ਬਲਦੇਵ ਸਿੰਘ ਜੀ ਖਿਆਲਾ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਧੰਨਵਾਦੀ ਮਤਾ ਪੇਸ਼ ਕੀਤਾ ਹੈ, ਮੈਂ ਉਸ ਦੇ ਸੰਦਰਭ ਵਿੱਚ ਕੁਝ ਬੇਨਤੀ ਕਰਨੀ ਚਾਹੁੰਦਾ ਹਾਂ। ਪੰਜਾਬ ਦੀ ਮੌਜੂਦਾ ਰਾਜਨੀਤਿਕ ਹਾਲਤ ਵਿਚ ਲੋਕਾਂ ਨੇ ਇਨ੍ਹਾਂ ਚੋਣਾਂ ਦੇ ਰਾਹੀਂ ਜੋ ਭਾਵਨਾਵਾਂ ਪ੍ਰਗਟ ਕੀਤੀਆਂ ਅਤੇ ਉਨ੍ਹਾਂ ਭਾਵਨਾਵਾਂ ਦੇ ਅਨੁਸਾਰ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਲੋਕਾਂ ਦੀ ਪੀੜਾ ਨੂੰ ਅਨੁਭਵ ਕਰਦਿਆਂ ਹੋਇਆਂ ਔਰ ਲੋਕਾਂ ਦੀਆਂ ਜ਼ਰੂਰਤਾਂ ਨੂੰ ਅਨੁਭਵ ਕਰਦਿਆਂ ਹੋਇਆਂ ਜੋ ਅੱਡ ਅੱਡ ਖੇਤਰਾਂ ਦੇ ਵਿੱਚ ਪ੍ਰੋਗਰਾਮ ਉਲੀਕੇ, ਉਨ੍ਹਾਂ ਸਬੰਧੀ ਰਾਜਪਾਲ ਜੀ ਦੇ ਭਾਸ਼ਣ ਦੇ ਵਿੱਚ ਜ਼ਿਕਰ ਕੀਤਾ ਗਿਆ ਹੈ। ਸਾਰਿਆਂ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਚੋਣਾਂ ਹੋਈਆਂ ਹਨ, ਇਹ ਇਤਿਹਾਸਕ ਚੋਣਾਂ ਸਨ ਔਰ ਅਸੀਂ ਸਾਰੇ ਇਹ ਜੋ ਸਾਈਲੈਂਟ ਰੈਵੋਲਿਊਸ਼ਨ ਹੋਇਆ ਹੈ, ਇਸ ਦੇ ਵਿਟਨੈੱਸ ਸਾਂ। ਇਹ ਚੋਣਾਂ ਕੋਈ ਆਰਡੀਨਰੀ ਚੋਣਾਂ ਨਹੀਂ ਸਨ। ਜਿਸ ਤਰ੍ਹਾਂ ਪੰਜਾਬ ਨੇ ਪਹਿਲਾਂ ਹਰਾ ਇਨਕਲਾਬ ਤੇ ਚਿੱਟਾ ਇਨਕਲਾਬ ਲਿਆਉਣ ਦੇ ਵਿੱਚ ਪਹਿਲ ਕਦਮੀ ਕੀਤੀ ਹੈ, ਉਸੇ ਤਰੀਕੇ ਦੇ ਨਾਲ ਅੱਜ ਸੋਸ਼ਲ-ਪੁਲੀਟੀਕਲ ਇਨਕਲਾਬ ਇਨ੍ਹਾਂ ਚੋਣਾਂ ਦੇ ਰਾਹੀਂ ਆਇਆ ਹੈ ਔਰ ਸਾਰਿਆਂ ਤੋਂ ਵੱਡੀ ਇਹ ਗੱਲ ਹੋਈ ਕਿ ਜਿਹੜਾ ਲੋਕਤੰਤਰ ਹੈ, ਉਸ ਦੀ ਬਹਾਲੀ ਬੜੇ ਅਰਸੇ ਦੇ ਬਾਅਦ ਪੰਜਾਬ ਦੇ ਵਿੱਚ ਹੋਈ। ਲੋਕਰਾਜੀ ਕੀਮਤਾਂ ਦੀ ਬਹਾਲੀ ਕੀਤੀ ਗਈ ਕਿਉਂਕਿ ਇਸ ਤੋਂ ਪਹਿਲਾਂ ਦਾ ਰਾਜ ਜੋ ਪਹਿਲੇ ਪੰਜਾਬ ਦੇ ਵਿੱਚ ਕਾਇਮ ਹੋਇਆ ਸੀ, ਲੋਕਾਂ ਦੀਆਂ ਇਛਾਵਾਂ ਦੇ ਅਨੁਕੂਲ ਨਹੀਂ ਸੀ। ਉਹ ਡੈਮੋਕ੍ਰੇਸੀ ਦੇ ਉਤੇ ਇੱਕ ਬੜਾ ਵੱਡਾ ਕਲੰਕ ਸੀ। ਏਨੀਆਂ ਥੋੜ੍ਹੀਆਂ ਵੋਟਾਂ ਦੇ ਨਾਲ, ਜਿਨ੍ਹਾਂ ਵੋਟਾਂ ਨੂੰ ਲੋਕਾਂ ਨੇ ਓਵਰ ਵ੍ਹੈਲਮਿੰਗ ਤਰੀਕੇ ਨਾਲ ਰਿਜੈਕਟ ਕੀਤਾ ਹੋਵੇ, ਇਥੇ ਸਰਕਾਰ ਸਥਾਪਤ ਕੀਤੀ ਗਈ ਤੇ ਫਿਰ ਇਸ ਸਰਕਾਰ ਨੇ ਜਿਹੜੀਆਂ ਪਾਲਿਸੀਜ਼ ਬਣਾਈਆਂ, ਉਹ ਕਨਫ੍ਰੰਟੇਸ਼ਨ ਵਾਲੀਆਂ ਸਨ ਔਰ ਉਨ੍ਹਾਂ ਪਾਲਿਸੀਜ਼ ਦੇ ਵਿੱਚ ਡੈਮੋਕ੍ਰੇਸੀ ਦਾ ਕਤਲ ਹੋਇਆ ਹੈ। ਡੈਮੋਕ੍ਰੇਸੀ ਦੇ ਵਿੱਚ ਜਿਥੇ ਰੂਲਿੰਗ ਪਾਰਟੀ ਦੀ ਆਵੱਸ਼ਕਤਾ ਹੈ, ਉਥੇ ਨਾਲ ਹੀ ਆਪੋਜ਼ੀਸ਼ਨ ਪਾਰਟੀਆਂ ਦਾ ਰੋਲ ਵੀ ਡੈਮੋਕ੍ਰੇਸੀ ਵਿੱਚ 'His Majesty's Opposition' ਹੋਣਾ ਚਾਹੀਦਾ ਹੈ। ਪਰ ਇਥੇ ਆਪੋਜ਼ੀਸ਼ਨ ਨਾ ਹੋਣ ਤੇ ਇਨ੍ਹਾਂ ਨੇ ਕਨਫ੍ਰੰਟੇਸ਼ਨ ਦੀ ਭਾਵਨਾ ਪੈਦਾ ਕੀਤੀ, ਟਕਰਾਉ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਜੀਤ ਸਿੰਘ ਕਲਕੱਤਾ]

ਦੀ ਭਾਵਨਾ ਪੈਦਾ ਕੀਤੀ ਔਰ ਇਸ ਟਕਰਾਉ ਦੇ ਵਿੱਚ ਲੋਕਤੰਤਰ ਦੇ ਆਧਾਰ ਦੇ ਉੱਤੇ ਜਿਹੜਾ ਸ਼੍ਰੋਮਣੀ ਅਕਾਲੀ ਦਲ ਲੋਕਾਂ ਦੇ ਹਿੱਤਾਂ ਵਾਸਤੇ ਜੱਦੋ-ਜਹਿਦ ਕਰ ਰਿਹਾ ਸੀ, ਉਸ ਦੀ ਹਰ ਜਨਤਕ ਮੂਵਮੈਂਟ ਨੂੰ ਕੁਚਲਣ ਵਾਸਤੇ ਹਰ ਤਰੀਕੇ ਦੀ ਇਲਜ਼ਾਮਬਾਜ਼ੀ ਵੀ ਕੀਤੀ ਗਈ। ਉਨ੍ਹਾਂ ਲੋਕਾਂ ਨੂੰ ਜੇਲ੍ਹਾਂ ਦੇ ਵਿੱਚ ਵੀ ਬੰਦ ਕੀਤਾ ਗਿਆ, ਡੰਡੇ ਵੀ ਮਾਰ ਗਏ ਔਰ ਹਰ ਤਰੀਕੇ ਦਾ ਪੁਲਿਸ ਤਸ਼ੱਦਦ ਵੀ ਉਨ੍ਹਾਂ ਦੇ ਉਤੇ ਕੀਤਾ ਗਿਆ। ਇੱਕ ਬੜਾ ਕਨਵੀਨੀਐਂਟ ਹਥਿਆਰ ਹੁੰਦਾ ਸੀ, ਜਿਸ ਦਾ ਦੁਰਉਪਯੋਗ ਇਨ੍ਹਾਂ ਨੇ ਕੀਤਾ ਹੈ। ਉਹ ਹਥਿਆਰ ਸੀ ਅੱਤਵਾਦ ਦਾ ਨਾਮ ਦੇਣਾ, ਵੱਖਵਾਦ ਦਾ ਨਾਮ ਦੇਣਾ। ਕੋਈ ਵੀ ਗੱਲ ਹੈ, ਉਸ ਨੂੰ ਅੱਤਵਾਦ ਦੀ, ਵੱਖਵਾਦ ਦੀ ਗੱਲ ਕਹੀ ਹੈ। ਅੱਜ ਵੀ ਬਜਟ ਸੈਸ਼ਨ ਦੇ ਵਿੱਚ ਇਨ੍ਹਾਂ ਨੂੰ ਉਹੀ ਆਦਤ ਪਈ ਹੋਈ ਹੈ। ਉਸ ਆਦਤ ਤੋਂ ਮਜਬੂਰ ਹੋ ਕੇ ਇਨ੍ਹਾਂ ਦੇ ਕੁਝ ਆਨਰੇਬਲ ਮੈਂਬਰ ਸਾਹਿਬਾਨ ਨੂੰ ਰਾਜਪਾਲ ਦੇ ਭਾਸ਼ਣ ਵਿੱਚ ਅੱਤਵਾਦ ਤੇ ਵੱਖਵਾਦ ਨਜ਼ਰ ਆਉਂਦਾ ਹੈ। ਸੋ, ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜੋ ਪਿਛਲਾ ਸਮਾਂ ਸੀ, ਇਸ ਵਿੱਚ ਇਨ੍ਹਾਂ ਨੇ ਕਨਫ੍ਰੰਟੇਸ਼ਨ ਦੀ ਭਾਵਨਾ ਪੈਦਾ ਕੀਤੀ ਸੀ ਔਰ ਆਪੋਜ਼ੀਸ਼ਨ ਨੂੰ ਗਾਇਬ ਕੀਤਾ ਸੀ। ਡੈਮੋਕ੍ਰੇਟਿਕ ਵੈਲਿਊ ਦੇ ਖਿਲਾਫ ਔਰ ਲੋਕਾਂ ਦੀਆਂ ਐਸਪਾਇਰੇਸ਼ਨਜ਼ ਦੇ ਖਿਲਾਫ ਜੋ ਇਹ ਕੰਮ ਕਰ ਰਹੇ ਸੀ ਇਹ ਜਿਹੜੀਆਂ ਚੋਣਾਂ ਹਨ, ਇਹ ਇਤਿਹਾਸਕ ਹਨ, ਇਹ ਰਾਜਪਾਲ ਜੀ ਨੇ ਆਪਣੇ ਭਾਸ਼ਣ ਦੇ ਆਰੰਭ ਵਿੱਚ ਕਿਹਾ ਹੈ। ਇਨ੍ਹਾਂ ਨਾਲ ਲੋਕਾਂ ਨੂੰ ਸੈਟਿਸਫੈਕਸ਼ਨ ਮਿਲੀ ਹੈ ਔਰ ਲੋਕਾਂ ਨੂੰ ਸਾਈ ਆਫ ਰਿਲੀਫ ਮਿਲਿਆ ਹੈ। ਲੋਕਾਂ ਨੂੰ ਕੁਝ ਬੋਲਣ ਦੀ ਆਜਾਦੀ ਮਿਲੀ ਹੈ, ਕੁਝ ਕਹਿਣ ਦੀ ਆਜ਼ਾਦੀ ਮਿਲੀ ਹੈ ਔਰ ਵਿਚਰਨ ਦੀ ਆਜ਼ਾਦੀ ਮਿਲੀ ਹੈ। ਇਸ ਤੋਂ ਬਾਅਦ ਪੰਜਾਬ ਦੇ ਲੋਕਾਂ ਨੇ ਸ਼ੁਕਰ ਮਨਾਇਆ ਹੈ, ਇਸ ਕਰਕੇ ਇਹ ਇਕ ਇਤਿਹਾਸਕ ਫਤਵਾ ਹੈ ਜੋ ਅਕਾਲੀ ਦਲ ਦੇ ਹੱਕ ਵਿੱਚ ਹੈ। ਲੋਕਰਾਜ ਵਿਰੋਧੀ ਕਾਂਗਰਸ ਦੀਆਂ ਜੋ ਪਾਲਿ-ਸੀਆਂ ਹਨ, ਇਹ ਉਸ ਦੇ ਵਿਰੁੱਧ ਵੀ ਹੈ। ਇਸ ਤਰੀਕੇ ਦੇ ਨਾਲ ਇਨ੍ਹਾਂ ਸਾਰਿਆਂ ਨੇ ਇੱਕ ਮੁੱਦਾ ਬਣਾਇਆ। ਚੇਅਰਮੈਨ ਸਾਹਿਬ, ਹਰ ਰੂਲਿੰਗ ਪਾਰਟੀ ਨੂੰ ਜਨਤਾ ਦੀ ਕਚਹਿਰੀ ਵਿੱਚ ਜਾਣ ਤੋਂ ਪਹਿਲਾਂ ਇਹ ਦੱਸਣਾ ਚਾਹੀਦਾ ਹੈ ਕਿ ਅਸੀਂ 5 ਸਾਲ ਰਾਜ ਕਰਕੇ ਆਏ ਹਾਂ, ਇਹ ਦੱਸਣਾ ਚਾਹੀਦਾ ਹੈ ਕਿ ਅਸੀਂ ਇਹ-ਇਹ ਪ੍ਰਾਪਤੀਆਂ ਕਰਕੇ ਆਏ ਹਾਂ ਅਤੇ ਸਾਨੂੰ ਇਨ੍ਹਾਂ ਪ੍ਰਾਪਤੀਆਂ ਕਰਕੇ ਵੋਟ ਦਿੱਤੀ ਜਾਵੇ ਪਰ ਇਸ ਦੀ ਬਜਾਏ ਇਨ੍ਹਾਂ ਨੇ ਦੋਬਾਰਾ ਬਾਰ ਬਾਰ ਇਸ ਹਥਿਆਰ ਦਾ ਪ੍ਰਯੋਗ ਕੀਤਾ ਔਰ ਇਨ੍ਹਾਂ ਨੇ ਹਿੰਦੂਆਂ ਤੇ ਸਿੱਖਾਂ ਨੂੰ ਲੜਾਉਣ ਦੀ ਜਿਹੜੀ ਮੁੱਢ-ਕਦੀਮ ਤੋਂ ਇਨ੍ਹਾਂ ਦੀ ਪਾਲਿਸੀ ਸੀ, ਉਸ ਦੇ ਤਹਿਤ ਇਨ੍ਹਾਂ ਨੇ ਹਿੰਦੂਆਂ ਅਤੇ ਸਿੱਖਾਂ ਵਿੱਚ ਪਾੜਾ ਪਾਉਣ ਲਈ ਉਨ੍ਹਾਂ ਨੂੰ ਤੋੜਨ ਦਾ ਯਤਨ ਕੀਤਾ। ਇਨ੍ਹਾਂ ਨੇ ਅਕਾਲੀ ਸਰਕਾਰ ਦੇ ਵਿਰੁੱਧ ਅੱਤਵਾਦ ਦਾ ਹਊਆ ਵਿਖਾਇਆ ਕਿ ਅੱਤਵਾਦ ਮੁੜ ਕੇ ਆ ਜਾਵੇਗਾ। ਇਨ੍ਹਾਂ ਦਾ ਵੇਸਟਿਡ ਇੰਟਰੈਸਟ ਸੀ ਕਿ ਅੱਤਵਾਦ ਇੱਥੇ ਰਹੇ ਤਾਂ ਕਿ ਅੱਤਵਾਦ ਦਾ ਡਰਾਵਾ ਦੇ ਕਰਕੇ ਇਹ ਪੰਜਾਬ ਦੀ ਜਨਤਾ ਦੇ ਉਤੇ ਆਪਣਾ ਜੂਲਾ ਅਤੇ ਲੁੱਟ ਖਸੁੱਟ ਜਾਰੀ ਰੱਖ ਸਕਣ। ਪਰ ਇਹ ਜੂਲਾ ਲਾਹ ਦਿੱਤਾ ਗਿਆ ਔਰ ਜਿਹੜੇ ਲੋਕ ਅੱਤਵਾਦ ਤੇ ਵੱਖਵਾਦ ਦਾ ਡਰਾਵਾ ਦੇ ਕੇ ਵੋਟਾਂ ਮੰਗਦੇ ਸਨ, ਉਨ੍ਹਾਂ ਨੂੰ ਰਿਜੈਕਟ ਕਰ ਦਿੱਤਾ ਗਿਆ।

Original with;
Punjab Vidhan Sabha
Digitized by;
Panjab Digital Library

ਇਸ ਕਰਕੇ ਵੀ ਇਹ ਇਕ ਇਤਿਹਾਸਕ ਫਤਵਾ ਸੀ ਔਰ ਪਹਿਲੀ ਵਾਰ ਇਹ ਦੇਖਿਆ ਗਿਆ ਕਿ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਦਾ ਗਠਜੋੜ ਹੋਇਆ ਜਿਸ ਨੂੰ ਇਨ੍ਹਾਂ ਨੇ ਨਾਪਾਕ ਗਠਜੋੜ ਕਿਹਾ ਹੈ, ਜਿਸ ਨੂੰ ਇਨ੍ਹਾਂ ਨੇ ਫਿਰਕੂ ਗਠ-ਜੋੜ ਕਿਹਾ ਹੈ। ਇਹ ਇਲਜ਼ਾਮ ਲਾਉਂਦੇ ਹਨ ਕਿ ਇਹ ਫਿਰਕੂ ਗਠਜੋੜ ਹੈ। ਫਿਰਕੂ ਉਹ ਹੁੰਦਾ ਹੈ ਜਿਹੜਾ ਕਿਸੇ ਦੂਸਰੇ ਫਿਰਕੇ ਦੇ ਵਿਰੁੱਧ ਕੰਮ ਕਰੇ ਪਰ ਜੇਕਰ ਕੋਈ ਕੰਮ ਕਰੇ ਦੋ ਫਿਰਕਿਆਂ ਨੂੰ ਜੋੜਨ ਦਾ ਤਾਂ ਇਸ ਨੂੰ ਫਿਰਕੂ ਨਹੀਂ ਕਿਹਾ ਜਾ ਸਕਦਾ। ਇਸ ਨੂੰ ਕਿਸੇ ਵੀ ਡਿਕਸ਼ਨਰੀ ਦੇ ਮੁਤਾਬਿਕ ਨਾਪਾਕ ਨਹੀਂ ਕਿਹਾ ਜਾ ਸਕਦਾ। ਜੋ ਦੋ ਭਰਾਵਾਂ ਦੇ ਸਿਰ ਜੋੜਦਾ ਹੈ, ਉਨ੍ਹਾਂ ਨੂੰ ਨਾਪਾਕ ਨਹੀਂ ਕਿਹਾ ਜਾ ਸਕਦਾ, ਉਨ੍ਹਾਂ ਦੇ ਇਰਾਦੇ ਪਾਕ ਹੁੰਦੇ ਹਨ, ਉਨ੍ਹਾਂ ਦੇ ਪ੍ਰੋਗਰਾਮ ਪਾਕ ਹੁੰਦੇ ਹਨ। ਹਿੰਦੂ ਅਤੇ ਸਿੱਖਾਂ ਨੇ ਇਕੱਠੇ ਹੋ ਕੇ ਪੋਲਿਟੀਕਲ ਮੀਟਿੰਗਜ਼ ਅਟੈਂਡ ਕੀਤੀਆਂ, ਉਨ੍ਹਾਂ ਨੇ ਇਕੱਠਾ ਨਾਅਰਾ ਬੁਲੰਦ ਕੀਤਾ, ਉਨ੍ਹਾਂ ਨੇ ਇਕੱਠੇ ਹੋ ਕੇ ਕਾਂਗਰਸ ਦੇ ਖਿਲਾਫ ਜਹਾਦ ਕੀਤਾ ਔਰ ਲੋਕਾਂ ਨੇ ਅਕਾਲੀ ਦਲ ਤੇ ਭਾਜਪਾ ਗਠਜੋੜ ਦੇ ਆਉਣ ਦਾ ਸਵਾਗਤ ਕੀਤਾ। ਪੰਜਾਬੀਆਂ ਦੀ ਸਾਂਝੀ ਸਰਕਾਰ ਬਣਾਉਣ ਦਾ ਜੋ ਪ੍ਰੋਗਰਾਮ ਸੀ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਜੋ ਸੁਪਨਾ, ਜੋ ਪ੍ਰੋਗਰਾਮ ਦੇਣ ਦਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਵਾਅਦਾ ਕੀਤਾ ਸੀ, ਉਸ ਦੇ ਉਤੇ ਫੁੱਲ ਚੜ੍ਹਾਉਂਦੇ ਹੋਏ ਉਨ੍ਹਾਂ ਦਾ ਹਰ ਪਿੰਡ, ਹਰ ਸ਼ਹਿਰ ਵਿੱਚ ਜਿਸ ਤਰੀਕੇ ਦੇ ਨਾਲ ਸਵਾਗਤ ਕੀਤਾ ਗਿਆ, ਉਸ ਤੋਂ ਭਾਈਚਾਰੇ ਦਾ ਡਾਇਰੈਕਟ ਪਤਾ ਲੱਗਦਾ ਹੈ। ਇਸ ਕਰਕੇ ਵੀ ਇਹ ਇਤਿਹਾਸਕ ਚੋਣਾਂ ਸਨ ਕਿਉਂਕਿ ਇਨ੍ਹਾਂ ਨੇ ਇਹ ਰੈਵੋਲਿਊਸ਼ਨ ਲਿਆਂਦਾ ਹੈ. ਇਨਕਲਾਬ ਲਿਆਂਦਾ ਹੈ ਅਤੇ ਇੱਥੇ ਤਬਦੀਲੀ ਲਿਆਂਦੀ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਭਾਸ਼ਣ ਦੇ ਵਿੱਚ, ਰਾਜਪਾਲ ਜੀ ਦੇ ਭਾਸ਼ਣ ਦੇ ਵਿੱਚ ਬਹੁਤ ਕੁਝ ਉਨ੍ਹਾਂ ਗੱਲਾਂ ਬਾਰੇ ਕਿਹਾ ਗਿਆ ਹੈ ਜਿਹੜੀਆਂ ਸਾਡੇ ਸਾਰਿਆਂ ਦੀ ਮੰਗਾਂ ਹਨ, ਪੰਜਾਬ ਦੀਆਂ ਮੰਗਾਂ ਹਨ।

ਪੰਜਾਬ ਦੀਆਂ ਡਿਮਾਂਡਜ਼ ਬੜੇ ਚਿਰ ਤੋਂ ਲਟਕਦੀਆਂ ਆ ਰਹੀਆਂ ਹਨ। ਇਹ ਜੋ ਕੁਝ ਪੰਜਾਬ ਵਿਚ ਹੋਇਆ, ਇਸ ਦਾ ਸ਼੍ਰੋਮਣੀ ਅਕਾਲੀ ਦਲ ਨੂੰ ਮਾਣ ਪ੍ਰਾਪਤ ਹੈ ਕਿ ਪੰਜਾਬ ਦੇ ਦਰਿਆਵਾਂ ਦੇ ਪਾਣੀ ਵਾਸਤੇ, ਪੰਜਾਬੀ ਬੋਲਦੇ ਇਲਾਕਿਆਂ ਵਾਸਤੇ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਵਾਸਤੇ ਜੇ ਕਿਸੇ ਨੇ ਨਿਰੰਤਰ ਆਵਾਜ਼ ਉਠਾਈ ਹੈ, ਜੇ ਕਿਸੇ ਨੇ ਨਿਰੰਤਰ ਜਹਾਦ ਕੀਤਾ ਹੈ ਤਾਂ ਉਹ ਹੈ ਸ਼੍ਰੋਮਣੀ ਅਕਾਲੀ ਦਲ ਔਰ ਸ਼੍ਰੋਮਣੀ ਅਕਾਲੀ ਦਲ ਦੇ ਜਹਾਦ ਬਾਰੇ ਅੱਜ ਵੀ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਜ਼ਿਕਰ ਕੀਤਾ ਗਿਆ ਹੈ ਪਰ ਆਪੋਜ਼ੀਸ਼ਨ ਬੈਂਚਾਂ ਵੱਲੋਂ ਉਲਟੀ ਇਹ ਗੱਲ ਕਹੀ ਗਈ ਕਿ ਪੰਜਾਬ ਨੂੰ ਛੋਟਾ ਕਿਸ ਨੇ ਬਣਾਇਆ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਨੂੰ ਛੋਟਾ ਬਣਾਉਣ ਵਾਲੇ ਇਹ ਆਪ ਹਨ। ਜਿਹੜੀ ਸ਼੍ਰੋਮਣੀ ਅਕਾਲੀ ਦਲ ਨੇ ਮੰਗ ਰੱਖੀ ਹੈ ਜਦੋਂ ਦੇਸ਼ ਦੀ ਵੰਡ ਹੋਈ, ਉਸ ਵੇਲੇ ਜਦੋਂ ਵਾਰਦਾਤਾਂ ਹੋਈਆਂ ਤਾਂ ਨਵੇਂ ਸੂਬਿਆਂ ਦੀ ਰੀਆਰਗੇਨਾਈਜ਼ੇਸ਼ਨ ਭਾਸ਼ਾ ਦੇ ਆਧਾਰ ਤੇ ਕੀਤੀ ਗਈ। ਪਰ ਪੰਜਾਬੀ ਲੋਕ ਐਸੇ ਸਨ ਜੋ ਆਪਣੀ ਮਾਤ ਭਾਸ਼ਾ ਪੰਜਾਬੀ ਤੋਂ ਹੀ ਮੁਨਕਰ ਹੋ ਗਏ। ਪੰਜਾਬੀ ਬੋਲਦਾ ਪ੍ਰਾਂਤ ਬਣਾਉਣ ਵਾਸਤੇ ਇਸੇ ਕਾਂਗਰਸ, ਇੰਡੀਅਨ ਨੈਸ਼ਨਲ ਕਾਂਗਰਸ ਨੇ ਕਈ ਰੁਕਾਵਟਾਂ ਖੜ੍ਹੀਆਂ ਕੀਤੀਆਂ। ਹਰ ਤਰੀਕੇ ਦੀਆਂ ਬਾਧਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਜੀਤ ਸਿੰਘ ਕਲਕੱਤਾ]

ਪੈਦਾ ਕਰਨ ਦਾ ਯਤਨ ਕੀਤਾ । ਇਹ ਗੱਲ ਕਿਸੇ ਤੋਂ ਲੁਕੀ ਛਿਪੀ ਨਹੀਂ । ਸਾਰੀ ਦੁਨੀਆਂ ਵਿੱਚ ਇਹ ਗੱਲ ਪ੍ਰਗਟ ਹੈ ਕਿ ਭਾਸ਼ਾ ਦਾ ਸਬੰਧ ਕਿਸੇ ਮਜ਼੍ਹਬ ਨਾਲ ਨਹੀਂ ਹੁੰਦਾ । ਇਸ ਦਾ ਸਬੰਧ ਉਸ ਇਲਾਕੇ ਨਾਲ ਹੁੰਦਾ ਹੈ, ਦੇਸ਼ ਨਾਲ ਹੁੰਦਾ ਹੈ, ਪ੍ਰਾਂਤ ਨਾਲ ਹੁੰਦਾ ਹੈ । ਇੱਕ ਧਰਤੀ ਨਾਲ ਭਾਸ਼ਾ ਦਾ ਸਬੰਧ ਹੁੰਦਾ ਹੈ । ਜੇਕਰ ਕੋਈ ਸਿੱਖ ਅਮਰੀਕਾ ਵਿੱਚ ਰਹਿੰਦਾ ਹੈ ਤਾਂ ਉਸ ਦੀ ਭਾਸ਼ਾ ਪੰਜਾਬੀ ਨਹੀਂ ਹੋਵੇਗੀ, ਉਸ ਦੀ ਭਾਸ਼ਾ ਅੰਗਰੇਜ਼ੀ ਹੋਵੇਗੀ । ਇਸੇ ਤਰ੍ਹਾਂ ਜੇਕਰ ਦੇਸ਼ ਵਿੱਚ ਕੋਈ ਬੰਗਾਲ ਵਿੱਚ ਰਹਿਣ ਵਾਲਾ ਹਿੰਦੂ ਹੈ ਤਾਂ ਉਸ ਦੀ ਮਾਤ ਭਾਸ਼ਾ ਹਿੰਦੀ ਨਹੀਂ ਹੋਵੇਗੀ, ਉਸ ਦੀ ਭਾਸ਼ਾ ਬੰਗਾਲੀ ਹੋਵੇਗੀ । ਇਹ ਸਾਰਿਆਂ ਨੇ ਸਵੀਕਾਰ ਕੀਤਾ ਹੈ । ਇਸ ਕਾਂਗਰਸ ਦੇ ਜਨਰਲ ਸੈਕਟਰੀ ਨੇ ਪਹਿਲੀ ਮਰਦਮ ਸ਼ੁਮਾਰੀ ਵੇਲੇ ਪਬਲੀਕਲੀ ਅਖ਼ਬਾਰਾਂ ਵਿੱਚ ਇਹ ਬਿਆਨ ਦਿੱਤੇ ਸੀ, ਇਸ਼ਤਿਹਾਰ ਲਗਵਾਏ ਸੀ ਕਿ ਪੰਜਾਬ ਦੇ ਲੋਕਾਂ ਨੂੰ ਮੇਰੀ ਅਪੀਲ ਹੈ ਕਿ ਉਹ ਆਪਣੀ ਭਾਸ਼ਾ ਪੰਜਾਬੀ ਤੋਂ ਮੁਨਕਰ ਹੋ ਜਾਣ ਅਤੇ ਮੁਨਕਰ ਹੋ ਕੇ ਦੂਜੀ ਭਾਸ਼ਾ ਲਿਖਵਾਉਣ, ਜਿਸ ਨਾਲ ਇਸ ਤਰ੍ਹਾਂ ਦਾ ਮਾਹੌਲ ਪੈਦਾ ਹੋਇਆ । ਅਸੀਂ ਜਦੋਂ ਪੰਜਾਬੀ ਬੋਲੀ ਦੀ ਮੰਗ ਰੱਖੀ ਤਾਂ ਸਾਨੂੰ ਲਗਾਤਾਰ ਜਦੋ-ਜਹਿਦ ਕਰਨੀ ਪਈ । ਇਤਿਹਾਸ ਤੇ ਸਾਨੂੰ ਮਾਣ ਹੈ । ਅਸੀਂ ਡੈਮੋਕ੍ਰੇਟਿਕ ਢੰਗ ਨਾਲ ਪੀਸਫੁੱਲ ਸਟਰਗਲ ਕਰਦੇ ਰਹੇ, ਪੰਜਾਬੀ ਭਾਸ਼ਾ ਨੂੰ, ਮਾਤ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਦਿਵਾਉਣ ਲਈ ਅਤੇ ਪੰਜਾਬੀ ਬੋਲਦਾ ਪ੍ਰਾਂਤ ਬਣਾਉਣ ਲਈ ਅਤੇ ਇਹ ਇਨ੍ਹਾਂ ਸੀਟਾਂ ਤੇ ਬੈਠ ਕੇ ਪੰਜਾਬੀ ਸੂਬੇ ਦੇ ਨਾਹਰੇ ਉਤੇ ਵੀ ਪਾਬੰਦੀ ਲਾਉਂਦੇ ਰਹੇ । ਇਸ ਨਾਹਰੇ ਦੀ ਪਾਬੰਦੀ ਵਿਰੁੱਧ 1955 ਵਿੱਚ ਅਸੀਂ ਪਹਿਲਾਂ ਮੋਰਚਾ ਲਗਾਇਆ ਅਤੇ ਉਸ ਮੋਰਚੇ ਵਿਚ ਸਟੂਡੈਂਟ ਵਾਲੰਟੀਅਰ ਦੇ ਤੌਰ ਤੇ ਸ਼ਾਮਲ ਹੋਣ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਵੇਲੇ ਜਿਹੜੇ ਚਾਰ ਨਾਹਰੇ ਸਨ, ਉਹ ਸਨ : ਪੰਜਾਬੀ ਸੂਬਾ ਜ਼ਿੰਦਾਬਾਦ, ਹਰਿਆਣਾ ਪ੍ਰਾਂਤ ਜ਼ਿੰਦਾਬਾਦ, ਹਿੰਦੂ ਸਿੱਖ ਏਕਤਾ ਜ਼ਿੰਦਾਬਾਦ ਅਤੇ ਭਾਰਤ ਦੀ ਅਖੰਡਤਾ ਜ਼ਿੰਦਾਬਾਦ, ਪਰ ਇਨ੍ਹਾਂ ਨੇ ਜਾਣ-ਬੁਝ ਕੇ ਕਿਹਾ ਕਿ ਪੰਜਾਬੀ ਸੂਬੇ ਦੇ ਨਾਹਰੇ ਰਾਹੀਂ ਸਿੱਖ, ਪੰਜਾਬ ਵਾਸੀ ਪੰਜਾਬੀ ਸੂਬੇ ਦੀ ਮੰਗ ਕਰਦੇ ਹਨ । ਅਕਾਲੀ ਦਲ ਸਟਰਗਲ ਕਰ ਰਿਹਾ ਸੀ । ਰੁਦਰ ਪੁਰ ਵਿੱਚ ਉਸ ਵਕਤ ਦੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਜੇ ਪੰਜਾਬੀ ਸੂਬਾ ਲੈਣਾ ਹੈ ਤਾਂ ਪੰਜਾਬ ਤੋਂ, ਦੇਸ਼ ਦੇ ਬਾਕੀ ਹਿੱਸਿਆਂ ਤੋਂ ਅਲਗ ਹੋਣਾ ਪਵੇਗਾ । ਕੀ ਪੰਜਾਬੀ ਬੋਲਦੇ ਪ੍ਰਾਂਤ ਲੈਣਾ ਐਂਟੀ-ਨੈਸ਼ਨਲ ਮੰਗ ਸੀ, ਸਸੈਸ਼ਨਿਸਟ ਮੰਗ ਸੀ ? ਉਨ੍ਹਾਂ ਨੇ ਜਾਣ-ਬੁਝ ਕੇ ਇਹ ਮੰਗ ਕੀਤੀ । ਇਹ ਵਾਰ-ਵਾਰ ਕਹਿੰਦੇ ਰਹੇ ਹਨ ਕਿ ਅਸੀਂ ਕਮਿਊਨਲਿਜ਼ਮ ਦੀ ਗੱਲ ਕਰਦੇ ਹਾਂ, ਵੱਖਵਾਦ ਦੀ ਗੱਲ ਕਰਦੇ ਹਾਂ, ਅੱਤਵਾਦ ਦੀ ਗੱਲ ਕਰਦੇ ਹਾਂ । ਇਹ ਗਲਤ ਹੈ । ਇਹ ਸਭ ਕੁਝ 1947 ਵਿੱਚ ਸ਼ੁਰੂ ਹੋ ਗਿਆ ਸੀ । ਇਹ ਇਥੇ ਸਿੱਖਾਂ ਉਤੇ ਇਹ ਲਾਂਛਣ ਲਗਾ ਰਹੇ ਹਨ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਕਿਸ ਤਰੀਕੇ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਉਸ ਵਕਤ ਦੇ ਪ੍ਰਧਾਨ, ਪੰਥ ਰਤਨ ਸ਼੍ਰੀਮਾਨ ਮਾਸਟਰ ਤਾਰਾ ਸਿੰਘ ਜੀ ਨੇ ਦੇਸ਼ ਦੀ ਅਖੰਡਤਾ ਨੂੰ ਕਾਇਮ ਰੱਖਣ ਲਈ ਦੇਸ਼ ਦੀ ਵੰਡ ਦਾ ਵਿਰੋਧ ਕੀਤਾ । ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ ਬਾਹਰ ਜਦੋਂ ਮੁਸਲਿਮ ਲੀਗ ਪਾਕਿਸਤਾਨ ਦਾ ਝੰਡਾ ਲਾਉਣ ਦਾ ਯਤਨ ਕਰ ਰਹੀ ਸੀ ਤਾਂ ਮਾਸਟਰ ਤਾਰਾ ਸਿੰਘ ਜੀ ਨੇ ਦੇਸ਼ ਦੀ ਵੰਡ ਦਾ ਵਿਰੋਧ ਕੀਤਾ ਅਤੇ 'ਪਾਕਿਸਤਾਨ ਮੁਰਦਾਬਾਦ' ਦੇ ਨਾਹਰੇ ਲੈਜਿਸਲੇਟਿਵ

Original with;
Punjab Vidhan Sabha
Digitized by;
Panjab Digital Library

ਅਸੈਂਬਲੀ ਵਿੱਚ ਲਗਾਏ । ਪਰ ਸਾਨੂੰ ਇਧਰ ਹਿੰਦੁਸਤਾਨ ਵਿਚ ਆ ਕੇ ਮਿਲਿਆ ਕੀ ? ਸਾਨੂੰ ਕਿਹਾ ਗਿਆ ਕਿ ਇਹ ਸ਼ਰਨਾਰਥੀ ਹਨ । ਹੋਮ ਮਨਿਸਟਰੀ ਵੱਲੋਂ ਇਕ ਗਸ਼ਤੀ ਪੱਤਰ ਜਾਰੀ ਕੀਤਾ ਗਿਆ ਸੀ ਕਿ ਇਹ ਸਿੱਖ ਕਰਿਮੀਨਲਜ਼ ਹਨ ਅਤੇ ਡੀ. ਸੀ. ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਇਨ੍ਹਾਂ ਸਿੱਖਾਂ ਨੂੰ ਦਬਾ ਦਿੱਤਾ ਜਾਵੇ । ਇਹ ਬੀਜ ਉਸ ਵਕਤ ਦੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਬੀਜੇ ਸਨ । ਇਹ ਠੀਕ ਹੈ ਕਿ ਹੁਣ ਭਾਰਤੀ ਜਨਤਾ ਪਾਰਟੀ ਨੇ ਸਾਡੀ ਇਸ ਗੱਲ ਨੂੰ ਰੀਅਲਾਈਜ਼ ਕੀਤਾ ਹੈ ਅਤੇ ਉੜੀਸਾ ਦੇ ਇਨ੍ਹਾਂ ਦੇ ਗਵਰਨਰ ਸ੍ਰੀ ਯਗ ਦੱਤ ਸ਼ਰਮਾ ਨੇ ਕਿਹਾ ਕਿ ਪੰਜਾਬੀਓ, ਤੁਸੀਂ ਆਪਣੀ ਮਾਤ ਭਾਸ਼ਾ ਪੰਜਾਬੀ ਲਿਖਾਓ । ਸ੍ਰੀ ਮਦਨ ਲਾਲ ਖੁਰਾਣਾ ਨੇ ਵੀ ਇਸ ਗੱਲ ਦੀ ਤਾਈਦ ਕੀਤੀ । ਆਰ. ਐਸ. ਐਸ. ਦੇ ਗੋਲਵਾਕਰ ਨੇ ਵੀ ਇਹ ਗੱਲ ਪੰਜਾਬ ਦੇ ਪੰਜਾਬੀਆਂ ਨੂ ਕਹੀ ਸੀ ਅਤੇ ਕਿਹਾ ਸੀ ਕਿ ਕਾਂਗਰਸ ਪਾਰਟੀ ਨੇ ਬਹੁਤ ਵੱਡੀ ਗਲਤੀ ਕਰਵਾਈ ਹੈ ਅਤੇ ਸਾਨੂੰ ਪੰਜਾਬ ਵਿਚ ਆਪਣੀ ਭਾਸ਼ਾ ਪੰਜਾਬੀ ਲਿਖਵਾਉਣੀ ਚਾਹੀਦੀ ਹੈ । ਰਾਜਪਾਲ ਜੀ ਦੇ ਭਾਸ਼ਣ ਵਿਚ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਪੰਜਾਬ ਦੇ ਲੋਕਾਂ ਦੀਆਂ ਮੰਗਾਂ ਦਾ ਜ਼ਿਕਰ ਕੀਤਾ ਗਿਆ ਹੈ । ਜਿਹੜੀ ਪਿਛਲੀ ਸਰਕਾਰ ਨੇ ਪੰਜਾਬੀਆਂ ਦੇ ਨਾਲ ਬੇਇਨਸਾਫੀ ਕੀਤੀ ਸੀ, ਉਹ ਤੁਹਾਡੇ ਸਾਰਿਆਂ ਦੇ ਸਾਹਮਣੇ ਹੈ । ਹੁਣ ਇਹ ਕਹਿੰਦੇ ਹਨ ਕਿ ਅਸੀਂ ਇਸ ਹਾਊਸ ਦੇ ਵਿਚ ਮਤਾ ਲਿਆਏ ਸੀ ਅਤੇ ਪਾਸ ਕੀਤਾ ਸੀ । ਕੇਂਦਰ ਦੇ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਨੇ ਹੀ ਪੰਜਾਬ ਦੇ ਨਾਲ ਬੇਇਨਸਾਫੀ ਕੀਤੀ ਸੀ । ਚੰਡੀਗੜ੍ਹ ਨੂੰ ਪੰਜਾਬ ਤੋਂ ਬਾਹਰ ਰੱਖਿਆ ਗਿਆ, ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਦੇ ਵਿਚੋਂ ਬਾਹਰ ਰੱਖਿਆ ਗਿਆ, ਨਹਿਰੀ ਪਾਣੀ ਦਾ ਮਸਲਾ ਖੜ੍ਹਾ ਕਰ ਦਿੱਤਾ ਅਤੇ ਚੰਡੀਗੜ੍ਹ ਦੇ ਮਸਲੇ ਨੂੰ ਅਬੋਹਰ ਅਤੇ ਫਾਜ਼ਿਲਕਾ ਦੇ ਨਾਲ ਜੋੜ ਦਿੱਤਾ । ਫੇਰ ਸਾਡੀ ਅਕਾਲੀ ਪਾਰਟੀ ਦੇ ਵਰਕਰਜ਼ ਨੇ ਰੌਲਾ ਪਾਇਆ । 1985 ਵਿਚ ਜਦੋਂ ਚੰਡੀਗੜ੍ਹ ਟਰਾਂਸਫਰ ਦਾ ਕੇਸ ਚਲਿਆ ਤਾਂ ਫਾਜ਼ਿਲਕਾ ਅਤੇ ਅਬੋਹਰ ਨੂੰ ਤੋੜਨ ਵਾਸਤੇ ਕੰਦੂ ਖੇੜਾ ਇਲਾਕੇ ਦੀ ਮਰਦਮ ਸ਼ੁਮਾਰੀ ਦਾ ਝਗੜਾ ਖੜ੍ਹਾ ਕੀਤਾ ਗਿਆ । ਇਸ ਕੰਦੂ ਖੇੜਾ ਇਲਾਕੇ ਦੀ ਮਰਦਮ ਸ਼ੁਮਾਰੀ ਕੀਤੀ ਗਈ ਅਤੇ ਇਹ ਪੰਜਾਬੀ ਬੋਲਦੇ ਇਲਾਕੇ ਨਿਕਲੇ । ਪੁੱਛਿਆ ਗਿਆ ਇਨ੍ਹਾਂ ਲੋਕਾਂ ਨੂੰ ਕਿ ਤੁਹਾਡੀ ਭਾਸ਼ਾ ਕੀ ਹੈ ਤਾਂਕਿ ਤੁਹਾਡੀ ਕੈਟੀਗੁਇਟੀ ਵੇਖੀ ਜਾਵੇ । ਆਇਆ ਤੁਹਾਡੀ ਕੰਟੀਗੁਇਟੀ ਪੰਜਾਬ ਦੇ ਪ੍ਰਾਂਤ ਨਾਲ ਬਣਦੀ ਹੈ ਕਿ ਨਹੀਂ ਉਦੋਂ ਵੀ ਪੰਜਾਬ ਦੇ ਅਕਾਲੀ ਵੀਰਾਂ ਨੇ ਅੱਗੇ ਆ ਕੇ ਅਗਵਾਈ ਕੀਤੀ ਅਤੇ ਲੋਕਾਂ ਨੇ ਆਪਣੀ ਭਾਸ਼ਾ ਪੰਜਾਬੀ ਦੱਸੀ ਪਰ ਫੇਰ ਵੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਸਾਡੇ ਨਾਲ ਬੇਇਨਸਾਫੀ ਕੀਤੀ ਅਤੇ ਚੰਡੀਗੜ੍ਹ ਟਰਾਂਸਫਰ ਕਰਨ ਦਾ ਫੈਸਲਾ ਕੀਤਾ । ਜਾਣ ਬੁਝ ਕੇ ਕਾਂਗਰਸ ਪਾਰਟੀ ਦੀ ਸਰਕਾਰ ਨੇ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਅਤੇ ਨਹਿਰੀ ਪਾਣੀ ਨੂੰ ਬਾਹਰ ਰੱਖ ਦਿੱਤਾ । ਸਾਡੇ ਪੰਜਾਬ ਨਾਲ ਧੱਕਾ ਕਾਂਗਰਸ ਪਾਰਟੀ ਦੀ ਸਰਕਾਰ ਹੀ ਤਾਂ ਕਰਦੀ ਰਹੀ ਹੈ । ਇਸ ਨੇ ਸਾਡੇ ਪੰਜਾਬ ਨੂੰ ਛੋਟਾ ਕਰ ਦਿੱਤਾ ਤਾਂਕਿ ਇਹ ਪੰਜਾਬ ਇਕਾਨਾਮੀਕਲੀ ਵਾਇਬਲ ਨਾ ਰਹੇ । ਇਸ ਦੇ ਰਿਸੋਰਸਿਜ਼ ਨੂੰ ਘਟਾ ਦਿੱਤਾ ਤਾਂ ਕਿ ਇਹ ਪੰਜਾਬ ਦਾ ਸੂਬਾ ਸੈਂਟਰ ਦੇ ਉਤੇ ਡੀਪੈਂਡ ਕਰਦਾ ਰਹੇ । ਇਸ ਤਰੀਕੇ ਨਾਲ ਪੰਜਾਬ ਦੇ ਲੋਕਾਂ ਨਾਲ ਕਾਂਗਰਸ ਪਾਰਟੀ ਦੀ ਸਰਕਾਰ ਨੇ ਬੇਇਨਸਾਫੀ ਕੀਤੀ । ਸਾਡੀ ਬਾਦਲ ਸਾਹਿਬ ਦੀ ਸਰਕਾਰ ਨੇ ਨਹਿਰੀ ਪਾਣੀ ਦੇ ਮਸਲੇ ਨੂੰ ਸੁਪਰੀਮ ਕੋਰਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਜੀਤ ਸਿੰਘ ਕਲਕੱਤਾ]

ਦੇ ਵਿਚ ਪੇਸ਼ ਕਰ ਦਿੱਤਾ ਤਾਂਕਿ ਪੰਜਾਬ ਦੇ ਲੋਕਾਂ ਨੂੰ ਇਨਸਾਫ ਮਿਲ ਸਕੇ ਪਰ ਇਥੇ ਜਦੋਂ ਦਰਬਾਰਾ ਸਿੰਘ ਦੀ ਸਰਕਾਰ ਬਣੀ ਅਤੇ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸੀ ਤਾਂ ਉਨ੍ਹਾਂ ਨੇ ਆਪਸ ਵਿਚ ਮਿਲ ਕੇ ਇਹ ਕੇਸ ਕੋਰਟ ਦੇ ਵਿਚੋਂ ਵਿਦਡਰਾਅ ਕਰ ਲਿਆ ਅਤੇ ਆਰਬਿਟਰੇਰਿਲੀ ਫੈਸਲਾ ਕਰ ਦਿੱਤਾ ਜਿਹੜਾ ਕਿ ਕਿਸੇ ਪ੍ਰਿੰਸੀਪਲ ਤੇ ਆਧਾਰਿਤ ਨਹੀਂ ਜਿਸ ਕਰਕੇ ਪੰਜਾਬ ਦੇ ਲੋਕਾਂ ਨਾਲ ਇਕ ਹੋਰ ਧੱਕਾ ਕੀਤਾ ਗਿਆ ਅਤੇ ਬਹੁਤ ਵੱਡੀ ਬੇਇਨਸਾਫੀ ਕੀਤੀ ਗਈ । ਜਿਸ ਮਕਸਦ ਨੂੰ ਸਾਹਮਣੇ ਰੱਖ ਕੇ ਰਾਜਪਾਲ ਜੀ ਦਾ ਭਾਸ਼ਣ ਇਥੇ ਪੇਸ਼ ਕੀਤਾ ਗਿਆ ਹੈ ਅਤੇ ਮਤਾ ਪੇਸ਼ ਕੀਤਾ ਗਿਆ ਹੈ । ਉਸ ਨੂੰ ਉਸੇ ਸਪਿਰਟ ਦੇ ਵਿਚ ਪਾਸ ਕਰ ਦਿੱਤਾ ਜਾਵੇ ਅਤੇ ਬਾਦਲ ਸਾਹਿਬ ਦਾ ਸਮਰਥਨ ਕੀਤਾ ਜਾਵੇ ਤਾਂਕਿ ਉਸ ਨੂੰ ਉਹ ਲੋਕਾਂ ਦੇ ਸਮਰਥਨ ਨਾਲ ਇੰਪਲੀਮੈਂਟ ਕਰਵਾ ਸਕਣ ਅਤੇ ਪੰਜਾਬ ਦੇ ਨਾਲ ਜਿਹੜਾ ਧੱਕਾ ਹੋਇਆ ਹੈ, ਉਸ ਨੂੰ ਅਸੀਂ ਦੂਰ ਕਰਵਾ ਸਕੀਏ । ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਉਦਮ ਕਰਨੇ ਚਾਹੀਦੇ ਹਨ ਔਰ ਇਸ ਮਤੇ ਨੂੰ ਪਾਸ ਕਰ ਦੇਣਾ ਚਾਹੀਦਾ ਹੈ ।

**ਸ੍ਰੀ ਸਭਾਪਤੀ** : ਵਾਈਂਡ ਅੱਪ ਕਰੋ ਜੀ ।

**ਸਰਦਾਰ ਮਨਜੀਤ ਸਿੰਘ ਕਲਕੱਤਾ** : ਚੇਅਰਮੈਨ ਸਾਹਿਬ, ਮੇਰਾ ਹਾਲੇ ਕਾਫੀ ਟਾਈਮ ਰਹਿੰਦਾ ਹੈ ਅਤੇ ਤੁਸੀਂ ਮੈਨੂੰ ਆਪਣੀ ਗੱਲ ਕਹਿਣ ਦਾ ਪੂਰਾ ਮੌਕਾ ਦਿਓ ਤਾਂਕਿ ਮੈਂ ਆਪਣੀ ਗੱਲ ਇਥੇ ਹਾਊਸ ਦੇ ਵਿਚ ਕਹਿ ਸਕਾਂ ।

ਇਥੇ ਵੱਧ ਅਧਿਕਾਰਾਂ ਬਾਰੇ ਕਾਫੀ ਕੁਝ ਕਿਹਾ ਗਿਆ ਹੈ । ਇਥੇ ਆਨੰਦਪੁਰ ਸਾਹਿਬ ਦੇ ਮਤੇ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ ਅਤੇ ਬਹੁਤ ਵੱਡਾ ਹਊਆ ਖੜ੍ਹਾ ਕੀਤਾ ਗਿਆ ਹੈ । ਇਸ ਵੱਧ ਅਧਿਕਾਰਾਂ ਦੇ ਮਤੇ ਬਾਰੇ ਅਖਬਾਰਾ ਦੇ ਵਿਚ ਅਤੇ 'ਇੰਡੀਆ ਟੂਡੇ' ਦੇ ਵਿਚ ਕਾਫੀ ਕੁਝ ਜ਼ਿਕਰ ਕੀਤਾ ਗਿਆ ਹੈ । ਚੇਅਰਮੈਨ ਸਾਹਿਬ, ਆਨੰਦਪੁਰ ਸਾਹਿਬ ਦੇ ਮਤੇ ਬਾਰੇ ਗੱਲ ਕਹੀ ਗਈ ਹੈ । ਸਿੱਖਾਂ ਨੂੰ ਬਦਨਾਮ ਕੀਤਾ ਗਿਆ ਕਿ ਉਹ ਦੇਸ਼ ਭਗਤ ਨਹੀਂ ਹਨ ਹਾਲਾਂ ਕਿ ਸਿੱਖਾਂ ਨੇ ਦੇਸ਼ ਦੀ ਅਜ਼ਾਦੀ ਲਈ ਬਹੁਤ ਕੁਰਬਾਨੀਆਂ ਕੀਤੀਆਂ ਹਨ । ਕਾਂਗਰਸ ਪਾਰਟੀ ਵੱਲੋਂ ਗਲਤ ਤੁਹਮਤਾਂ ਲਾਈਆਂ ਗਈਆਂ ਹਨ । 1984 ਵਿਚ ਸਿੱਖਾਂ ਨੂੰ ਦਿੱਲੀ, ਕਾਨ੍ਹਪੁਰ ਅਤੇ ਬੋਕਾਰੋ ਦੀਆਂ ਸੜਕਾਂ ਅਤੇ ਗਲੀਆਂ ਵਿਚ ਮਾਰਿਆ ਗਿਆ ਅਤੇ ਉਨ੍ਹਾਂ ਦਾ ਖੂਨ ਡੋਲ੍ਹਿਆ ਗਿਆ । ਇਸ ਬਾਰੇ ਕਾਂਗਰਸ ਦੀ ਸਰਕਾਰ ਨੇ ਕੋਈ ਵੀ ਇਨਕੁਆਇਰੀ ਨਹੀਂ ਕਰਾਈ ਅਤੇ ਨਾ ਹੀ ਦੋਸ਼ੀਆਂ ਨੂੰ ਸਜ਼ਾ ਦਿੱਤੀ ਗਈ ਹੈ । ਚੇਅਰਮੈਨ ਸਾਹਿਬ, "Who are guilty ?" ਨਾਮ ਦੀ ਕਿਤਾਬ ਛਪੀ ਹੈ । ਉਸ ਵਿਚ ਕਾਂਗਰਸ ਪਾਰਟੀ ਦੇ ਲੀਡਰਾਂ ਅਤੇ ਮੰਤਰੀਆਂ ਦੇ ਨਾਂ ਦਿੱਤੇ ਗਏ ਹਨ ਪਰ ਉਨ੍ਹਾਂ ਦੇ ਖਿਲਾਫ ਸਰਕਾਰ ਨੇ ਕੋਈ ਐਕਸ਼ਨ ਨਹੀਂ ਲਿਆ ਹਾਂ । ਪਾਰਲੀਮੈਂਟ ਅਤੇ ਪੰਜਾਬ ਦੀ ਅਸੈਂਬਲੀ ਵਿਚ ਉਨ੍ਹਾਂ ਭਰਾਵਾਂ ਪ੍ਰਤੀ ਕੋਈ ਹਾਅ ਦਾ ਨਾਅਰਾ ਨਹੀਂ ਮਾਰਿਆ ਗਿਆ । ਉਨ੍ਹਾਂ ਦੋਸ਼ੀਆਂ ਵਿਰੁੱਧ ਕੋਈ ਵੀ ਮੁਕੱਦਮਾ ਨਹੀਂ ਚਲਾਇਆ ਗਿਆ ।

ਚੇਅਰਮੈਨ ਸਾਹਿਬ, ਇਥੇ ਵਧ ਅਧਿਕਾਰਾਂ ਦੀ ਗਲ ਕੀਤੀ ਗਈ ਹੈ । ਇਸ ਬਾਰੇ

Original with;
Punjab Vidhan Sabha
Digitized by;
Punjab Digital Library

'ਪੁਲਿਟੀਕਲ ਐਨਾਲਿਸਟ,' 'ਸਟੇਟਮੈਂਟ' ਅਤੇ 'ਇੰਡੀਆ ਟੂਡੇ' ਵਿਚ ਐਡੀਟੋਰੀਅਲ ਛਪਿਆ ਹੈ ਆਨੰਦਪੁਰ ਸਾਹਿਬ ਦਾ ਮਤਾ ਸਸੈਸ਼ਨਿਸਟ ਨਹੀਂ ਹੈ, ਕਮਿਊਨਲ ਨਹੀਂ ਹੈ, ਐਂਟੀਨੈਸ਼ਨਲ ਨਹੀਂ ਹੈ ਅਤੇ ਇਹ ਫੈਡਰਲ ਢਾਂਚੇ ਦੀ ਵਕਾਲਤ ਕਰਦਾ ਹੈ ਨਾਕਿ ਯੂਨੀਟਰੀ ਫਾਰਮ ਆਫ ਗੌਰਮਿੰਟ ਦੀ ਮੰਗ ਕਰਦਾ ਹੈ। ਇਸ ਦੇਸ਼ ਵਿਚ ਧਰਮਾ ਦੇ ਨਾਂ ਤੇ, ਜਾਤਾਂ ਦੇ ਨਾਂ ਤੇ, ਨਸਲਾਂ ਦੇ ਨਾਂ ਤੇ ਅਤੇ ਭਾਸ਼ਾਵਾਂ ਦੇ ਨਾਂ ਤੇ ਜੋ ਮੰਗਾਂ ਹਨ, ਉਨ੍ਹਾਂ ਸਾਰੀਆਂ ਦੀ ਪੂਰਤੀ ਫੈਡਰਲ ਢਾਂਚਾ ਹੀ ਕਰ ਸਕਦਾ ਹੈ। ਚੇਅਰਮੈਨ ਸਾਹਿਬ, ਜਾਣ ਬੁਝ ਕੇ ਕਿਸ ਤਰੀਕੇ ਦੇ ਨਾਲ ਐਮਰਜੈਂਸੀ ਦੇ ਦੌਰਾਨ ਗੌਰਮਿੰਟ ਆਫ ਇੰਡੀਆ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੂੰ ਅਤੇ ਉਨ੍ਹਾਂ ਦੇ ਸਾਥੀਆਂ ਨੂੰ 19 ਮਹੀਨੇ ਜੇਲ੍ਹਾਂ ਵਿਚ ਰੱਖਿਆ। ਅਕਾਲੀਆਂ ਨੇ ਸ਼ਹਿਰੀ ਆਜ਼ਾਦੀ ਨੂੰ ਬਹਾਲ ਕਰਨ ਵਾਸਤੇ ਜੋ ਕਿ ਕਾਂਗਰਸ ਸਰਕਾਰ ਨੇ ਖੋਹ ਲਈ ਸੀ, ਉਸ ਨੂੰ ਬਰਕਰਾਰ ਕਰਨ ਵਾਸਤੇ ਗੱਲ ਕੀਤੀ ਸੀ। ਉਸ ਵੇਲੇ ਲੋਕਾਂ ਦੇ ਕੰਸਟੀਚੂਸ਼ਨਲ ਰਾਈਟਸ ਖੋਹ ਲਏ ਗਏ ਸਨ ਪਰ ਉਨ੍ਹਾਂ ਨੂੰ ਬਰਕਰਾਰ ਕਰਨ ਵਾਸਤੇ ਹੀ ਅਕਾਲੀ ਲੜਦੇ ਰਹੇ। ਕੁਝ ਇਮੀਜੀਏਟ ਮੁੱਦੇ ਹਨ, ਜਿਨ੍ਹਾਂ ਦਾ ਪਾਲਿਸੀ ਦੇ ਨਾਲ ਸਬੰਧ ਹੈ। ਆਨੰਦਪੁਰ ਸਾਹਿਬ ਦਾ ਮਤਾ ਇਕ ਫਿਊਚਰਿਸਟਿਕ ਡਾਕੂਮੈਂਟ ਹੈ। ਆਉਣ ਵਾਲੇ ਸਮੇਂ ਦੀ ਇਹ ਇਕ ਪੁਲਿਟੀਕਲ ਕਿਸਮਤ ਹੈ। ਇਹ ਹਿੰਦੋਸਤਾਨ ਦੀ ਏਕਤਾ ਅਤੇ ਅਖੰਡਤਾ ਨੂੰ ਮਜ਼ਬੂਤ ਕਰਦਾ ਹੈ। ਇਸ ਮਤੇ ਦੇ ਨਾਲ ਹੀ ਇਸ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਕਾਂਗਰਸ ਨੇ ਕਮਿਊਨਿਟੀਆਂ ਦਾ ਟਕਰਾਓ ਅਤੇ ਭਾਸ਼ਾਵਾਂ ਦਾ ਟਕਰਾਓ ਕਰਵਾਇਆ ਜਦ ਕਿ ਆਨੰਦਪੁਰ ਸਾਹਿਬ ਦਾ ਮਤਾ ਸਟੇਟਸ ਨੂੰ ਮੇਜਰ ਪਾਵਰਜ਼ ਦੇਣ ਦੀ ਗੱਲ ਕਰਦਾ ਹੈ। ਇਕਨੋਮੀਕਲ ਅਤੇ ਪੁਲੀਟੀਕਲ ਜੋ ਤਤਕਾਲੀਨ ਮੰਗਾਂ ਹਨ ਜੋ ਐਜੂਕੇਸ਼ਨ ਬਾਰੇ ਹਨ, ਐਗਰੀਕਲਚਰ ਬਾਰੇ ਹਨ, ਅਨਇੰਪਲਾਇਮੈਂਟ ਬਾਰੇ ਹਨ ਅਤੇ ਇੰਡਸਟਰੀਜ਼ ਬਾਰੇ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਜ਼ਿੰਮੇਂਵਾਰੀ ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਤੇ ਹੈ ਜਾਂ ਭਾਰਤੀ ਜਨਤਾ ਪਾਰਟੀ ਤੇ ਹੈ। ਅਨਇੰਪਲਾਇਮੈਂਟ ਜਿਹੜੀ ਅੱਜ ਫੈਲ ਰਹੀ ਹੈ, ਅਨਇੰਪਲਾਇਮੈਂਟ ਦੀ ਗੱਲ ਆਪੋਜ਼ੀਸ਼ਨ ਦੇ ਬੈਂਚਾਂ ਤੋਂ ਕੀਤੀ ਗਈ ਹੈ, ਇਹ ਕਿਸ ਦੀ ਦੇਣ ਹੈ। ਪੰਜਾਬ ਦੇ ਨੌਜਵਾਨ ਨੂੰ ਭੱਜ ਕੇ ਲੀਗਲੀ ਜਾਂ ਇਲਲੀਗਲੀ ਬਾਹਰਲੇ ਦੇਸ਼ਾਂ ਵਿਚ ਜਾਣਾ ਪੈਂਦਾ ਹੈ ਅਤੇ ਉਥੇ ਹਾਦਸੇ ਹੁੰਦੇ ਹਨ। ਮਾਲਟਾ ਬੋਟ ਕਾਂਡ ਵਰਗੇ ਹਾਦਸੇ, ਜਿਥੇ ਪੰਜਾਬੀਆਂ ਦੀਆਂ ਕਬਰਾਂ ਬਾਹਰ ਸਮੁੰਦਰਾਂ ਵਿਚ ਬਣੀਆਂ ਹਨ, ਇਹ ਸਭ ਕਿਸ ਦੀ ਦੇਣ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸੈਂਟਰ ਵਿਚ ਇਨ੍ਹਾਂ ਦੀ ਹਕੂਮਤ ਰਹੀ, ਪਲਾਨਿੰਗ ਕਮਿਸ਼ਨ ਇਨ੍ਹਾਂ ਦਾ ਰਿਹਾ, ਪੰਜਾਬ ਵਿਚ ਹਕੂਮਤ ਇਨ੍ਹਾਂ ਦੀ ਰਹੀ ਪਰ ਇਨ੍ਹਾਂ ਵੱਲੋਂ ਪੰਜਾਬ ਲਈ ਕੋਈ ਵੱਡੀ ਇੰਡਸਟਰੀ ਲਾਉਣ ਦਾ ਕਦੇ ਯਤਨ ਨਹੀਂ ਕੀਤਾ ਗਿਆ। ਕਿਸੇ ਪੰਜ ਸਾਲਾ ਪਲਾਨ ਵਿਚ ਪੰਜਾਬ ਲਈ ਇਸ ਤਰ੍ਹਾਂ ਦੀ ਕੋਈ ਪ੍ਰੋਵੀਜ਼ਨ ਨਹੀਂ ਰੱਖੀ ਗਈ। ਪੰਜਾਬੀ ਲੋਕ ਕਿਉਂਕਿ ਮਿਹਨਤੀ ਹਨ, ਇਸੇ ਲਈ ਉਨ੍ਹਾਂ ਨੂੰ ਇਸ ਗੱਲ ਦੀ ਸਜ਼ਾ ਦਿੱਤੀ ਗਈ। ਪੰਜਾਬ ਦੀ ਪਰ ਕੈਪੀਟਾ ਇਨਕਮ ਜ਼ਿਆਦਾ ਹੈ, ਇਸ ਕਰਕੇ ਕਿਹਾ ਜਾਂਦਾ ਰਿਹਾ ਕਿ ਜਿਹੜੇ ਸੂਬੇ ਡਿਵੈਲਪਡ ਨਹੀਂ ਹਨ, ਕੇਂਦਰੀ ਪੂਲ ਦਾ ਪੈਸਾ ਅਸੀਂ ਉਥੇ ਲਾਉਣਾ ਹੈ। ਵੱਡੇ ਪ੍ਰਾਜੈਕਟਾਂ ਨੂੰ ਉਨ੍ਹਾਂ ਸੂਬਿਆਂ ਵਿਚ ਲਾਉਣਾ ਹੈ। ਉਨ੍ਹਾਂ ਪ੍ਰਾਜੈਕਟਾਂ ਨੂੰ ਇਨ੍ਹਾਂ ਨੇ ਉਥੇ ਲਾਇਆ ਅਤੇ ਅੱਜ ਵੀ ਬਿਹਾਰ, ਉੜੀਸਾ ਵਰਗੇ ਸੂਬਿਆਂ ਦੀ ਹਾਲਤ ਦੇਖੋ ਜਿਥੇ ਹਾਲੇ ਵੀ ਮਾਈਨਸ ਗਰੋਥ ਰੇਟ ਹੈ ਅਤੇ ਹਿੰਦੁਸਤਾਨ ਦਾ ਸਾਰਾ ਪੈਸਾ, ਸਾਰੀ ਕੈਪੀਟਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਜੀਤ ਸਿੰਘ ਕਲਕੱਤਾ]

ਰੁੜ੍ਹ ਗਈ ਹੈ । ਪਰ ਪੰਜਾਬ ਵਿਚ ਕੋਈ ਕੈਪੀਟਲ ਨਹੀਂ ਲਾਈ ਗਈ, ਇਸੇ ਕਰਕੇ ਇਥੇ ਅਨਇੰਪਲਾਇਮੈਂਟ ਹੈ ।

ਇਸੇ ਤਰ੍ਹਾਂ ਇਥੇ ਐਜੂਕੇਸ਼ਨ ਦੀ ਗੱਲ ਕੀਤੀ ਗਈ । ਐਜੂਕੇਸ਼ਨ ਵਾਸਤੇ ਜਿਹੜਾ ਪ੍ਰੋਗਰਾਮ ਰਾਜਪਾਲ ਦੇ ਭਾਸ਼ਣ ਵਿੱਚ ਦਿੱਤਾ ਗਿਆ ਹੈ, ਉਹ ਐਜੂਕੇਸ਼ਨ ਦੀ ਲੋੜ ਹੈ । ਐਜੂਕੇਸ਼ਨ ਮੁਤੱਲਕ ਦੋ ਲੋੜਾਂ ਹਨ ਜਿਨ੍ਹਾਂ ਬਾਰੇ ਜ਼ੋਰ ਦਿੱਤਾ ਗਿਆ ਹੈ । ਅੱਜ ਕਲਰਕ ਬਣਾਉਣ ਲਈ ਐਜੂਕੇਸ਼ਨ ਦਾ ਕੋਈ ਮਨੋਰਥ ਨਹੀਂ ਹੋਣਾ ਚਾਹੀਦਾ । ਐਜੂਕੇਸ਼ਨ ਦਾ ਮੋਟਿਵ ਹੋਣਾ ਚਾਹੀਦਾ ਹੈ, ਕੁਆਲਿਟੀ ਐਜੂਕੇਸ਼ਨ । ਅੱਜ ਜੇ ਅਸੀਂ ਬੱਚਿਆਂ ਨੂੰ ਕੁਆਲਿਟੀ ਐਜੂਕੇਸ਼ਨ ਪ੍ਰੋਵਾਈਡ ਨਹੀਂ ਕਰ ਸਕਦੇ ਤਾਂ ਕੰਪੀਟੀਟਿਵ ਫੀਲਡ ਵਿਚ ਉਨ੍ਹਾਂ ਨੂੰ ਨਹੀਂ ਲਿਜਾ ਸਕਾਂਗੇ । ਇਸ ਕਰਕੇ ਆਦਰਸ਼ ਸਕੂਲਾਂ ਦੀ ਗੱਲ ਕੀਤੀ ਗਈ ਹੈ । ਇਨਬਿਟਵੀਨ ਪੀਰੀਅਡ ਦਾ ਸੰਤਾਪ ਪੰਜਾਬ ਨੂੰ ਬਹੁਤ ਭੋਗਣਾ ਪਿਆ ਹੈ । ਚੇਅਰਮੈਨ ਸਾਹਿਬ, ਕਾਂਗਰਸ ਪਾਰਟੀ ਦੇ ਮਿਸਰੂਲ ਕਰਕੇ ਪੰਜਾਬ ਦੇ ਸਕੂਲਾਂ ਵਿਚ ਜਿਥੇ ਡੈਸਕ ਸੀ, ਉਥੇ ਮਾਸਟਰ ਨਹੀਂ ਸੀ ਅਤੇ ਜਿਥੇ ਮਾਸਟਰ ਸੀ, ਉਥੇ ਡੈਸਕ ਨਹੀਂ ਸੀ ਲਭਦਾ । ਸਕੂਲ ਬੰਦ ਪਏ ਸੀ । 50,000 ਟੀਚਰਾਂ ਦੀਆਂ ਆਸਾਮੀਆਂ ਜੇਕਰ ਖਾਲੀ ਪਈਆਂ ਹੋਣ ਤਾਂ ਸਕੂਲਾਂ ਦੀ ਹਾਲਤ ਕੀ ਹੋਵੇਗੀ, ਉਹ ਸਭ ਤੁਹਾਡੇ ਸਾਹਮਣੇ ਹੈ । ਉਹ ਆਸਾਮੀਆਂ ਹੁਣੇ ਭਰੀਆਂ ਹਨ । ਇਸ ਲਈ, ਚੇਅਰਮੈਨ ਸਾਹਿਬ, ਕੁਆਲਿਟੀ ਐਜੂਕੇਸ਼ਨ ਵਾਸਤੇ ਆਦਰਸ਼ ਸਕੂਲ ਵੱਧ ਤੋਂ ਵੱਧ ਖੋਲ੍ਹੇ ਜਾਣ । ਸ਼੍ਰੋਮਣੀ ਅਕਾਲੀ ਦਲ, ਡੀ.ਏ.ਵੀ., ਚੀਫ ਖਾਲਸਾ ਦੀਵਾਨ ਅਤੇ ਹੋਰ ਜਿਹੜੀਆਂ ਇਹੋ ਜਿਹੀਆਂ ਸੁਸਾਇਟੀਆਂ ਐਜੂਕੇਸ਼ਨ ਦੇ ਫੀਲਡ ਵਿਚ ਕੰਮ ਕਰ ਰਹੀਆਂ ਹਨ, ਉਨ੍ਹਾਂ ਸਭ ਬਾਰੇ ਕਾਂਗਰਸ ਸਰਕਾਰ ਦੀ ਪਾਲਿਸੀ ਹਮੇਸ਼ਾ ਗਲਤ ਰਹੀ ਹੈ ਅਤੇ ਇਨ੍ਹਾਂ ਨੂੰ ਡਿਸਕੱਰੇਜ ਕੀਤਾ ਜਾਂਦਾ ਰਿਹਾ ਹੈ । ਇਹ ਨਾ ਆਪ ਸਕੂਲ ਕਾਲਜ ਖੋਲ੍ਹ ਸਕਦੇ ਰਹੇ ਅਤੇ ਨਾ ਕੁਆਲਿਟੀ ਐਜੂਕੇਸ਼ਨ ਕੇਟਰ ਕਰ ਸਕਦੇ ਰਹੇ । ਐਜੂਕੇਸ਼ਨ ਮੁਤੱਲਕ ਲੋਕਾਂ ਦੀਆਂ ਨੀਡਜ਼ ਨੂੰ ਇਹ ਜਿਹੜੀਆਂ ਸੋਸਾਇਟੀਆਂ ਪੂਰਾ ਕਰ ਸਕਦੀਆਂ ਸੀ, ਉਨ੍ਹਾਂ ਨਾਲ ਡਿਸਕ੍ਰਿਮੀਨੇਟਲੀ ਡੀਲ ਕੀਤਾ ਜਾਂਦਾ ਰਿਹਾ । ਮੈਂ ਵੀ ਇਸੇ ਤਰ੍ਹਾਂ ਦੀ ਇਕ ਸੋਸਾਇਟੀ ਦਾ ਮੈਂਬਰ ਹਾਂ । ਬੜੇ ਮੈਮੋਰੰਡਮ ਦਿੱਤੇ, ਗੱਲਾਂ ਕੀਤੀਆਂ ਲੇਕਿਨ ਇਨ੍ਹਾਂ ਵਲੋਂ ਕਿਸੇ ਵੀ ਪ੍ਰਾਈਵੇਟ ਕਾਲਜ ਦੀ ਮੈਨੇਜਮੈਂਟ ਨੂੰ ਯੂਨੀਵਰਸਿਟੀਆਂ ਦੀ ਸਿੰਡੀਕੇਟ ਜਾਂ ਸੈਨੇਟ ਵਿਚ ਰੀਪ੍ਰਜ਼ੈਂਟੇਸ਼ਨ ਨਹੀਂ ਦਿੱਤੀ ਗਈ । ਇਸ ਤੋਂ ਇਲਾਵਾ ਗਰਾਂਟ-ਇਨ-ਏਡ ਪੋਸਟਾਂ ਬੰਦ ਕਰ ਦਿੱਤੀਆਂ ਗਈਆਂ, ਗਰਾਂਟ-ਇਨ-ਏਡ ਪੋਸਟਾਂ ਨਹੀਂ ਦਿੱਤੀਆਂ ਗਈਆਂ । ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਬੇਨਤੀ ਕਰਾਂਗਾ ਕਿ ਗਰਾਂਟ-ਇਨ-ਏਡ ਪੋਸਟਾਂ ਪ੍ਰਾਈਵੇਟ ਸਕੂਲਾਂ ਕਾਲਜਾਂ ਦੀਆਂ ਬਣਾ ਕੇ ਦਿੱਤੀਆਂ ਜਾਣ । ਇਸ ਦੇ ਨਾਲ ਹੀ ਜਿਹੜੀਆਂ ਨਾਨ ਪ੍ਰੋਫਿਟ ਆਰਗੇਨਾਈਜ਼ੇਸ਼ਨਾਂ ਜਾਂ ਸੋਸਾਇਟੀਆਂ ਵਾਲੰਟੈਰਿਲੀ ਇਹ ਕਾਰਜ ਕਰ ਰਹੀਆਂ ਹਨ ਲੋਕਹਿਤ ਵਾਸਤੇ, ਜਿਵੇ ਸ਼੍ਰੋਮਣੀ ਅਕਾਲੀ ਦਲ ਹੈ ਜਾਂ ਡੀ.ਏ.ਵੀ. ਹੈ, ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਸਕੂਲ, ਕਾਲਜ ਅਤੇ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਖੋਲ੍ਹਣ ਲਈ ਪ੍ਰੇਰਣਾ ਦਿੱਤੀ ਜਾਵੇ । ਚੇਅਰਮੈਨ ਸਾਹਿਬ, ਪਿੱਛੇ ਪੰਜਾਬ ਦੇ ਵਿਦਿਆਰਥੀਆਂ ਦਾ ਬਹੁਤ ਨੁਕਸਾਨ ਹੋਇਆ ਹੈ ਅਤੇ ਇਸ ਸੰਤਾਪ ਵਿਚ ਪੰਜਾਬ ਦੀ ਜਵਾਨੀ ਰੁਲੀ ਹੈ । ਇਸ ਲਈ ਮੈਂ ਕਹਿਣਾ ਚਾਹਵਾਂਗਾ ਕਿ ਉਨ੍ਹਾਂ ਦੀ ਸਪੈਸ਼ਲ ਕੋਚਿੰਗ ਲਈ ਪੰਜਾਬ ਸਰਕਾਰ

Original with;
Punjab Vidhan Sabha
Digitized by;
Panjab Digital Library

ਪ੍ਰਬੰਧ ਕਰ, ਪੈਸੇ ਦਾ ਪ੍ਰਬੰਧ ਕਰੇ ਤਾਂ ਕਿ ਕਾਲਜ ਯੂਨੀਵਰਸਿਟੀਆਂ ਵਿਚ ਕੋਚਿੰਗ ਸੈਂਟਰ ਖੋਲ੍ਹੇ ਜਾ ਸਕਣ ਅਤੇ ਉਥੋਂ ਕੋਚਿੰਗ ਦਿਵਾ ਕੇ ਵਿਦਿਆਰਥੀਆਂ ਨੂੰ ਕੰਪੀਟੀਟਿਵ ਔਰਗੇਨਾਈਜ਼ੇਸ਼ਨਜ਼ ਵਾਸਤੇ, ਸਰਵਿਸਿਜ਼ ਵਾਸਤੇ ਈਕੁਇਪਡ ਕੀਤਾ ਜਾ ਸਕੇ ਤਾਂ ਕਿ ਪੰਜਾਬੀ ਕੰਪੀਟੀਸ਼ਨ ਨੂੰ ਫੇਸ ਕਰ ਸਕਣ ।

ਇਸੇ ਤਰ੍ਹਾਂ ਸਭ ਤੋਂ ਵੱਡੀ ਗੱਲ ਕੀਤੀ ਗਈ ਹੈ ਮਾਨਵ ਅਧਿਕਾਰਾਂ ਦੀ । ਜੋ ਗੱਲ ਹੈ ਖਾਲਸਾ ਪੰਥ ਦੀ, ਖਾਲਸਾ ਪੰਥ ਦਾ 300 ਸਾਲਾ ਜਨਮ ਦਿਹਾੜਾ ਆ ਰਿਹਾ ਹੈ ਅਤੇ ਇਸ ਹਾਊਸ ਨੇ ਵੀ 300 ਸਾਲਾ ਜਨਮ ਦਿਹਾੜੇ ਸਬੰਧੀ ਮਤਾ ਪਾਸ ਕੀਤਾ ਹੈ । ਮੈਂ ਬੇਨਤੀ ਕਰਨੀ ਚਾਹਵਾਂਗਾ ਕਿ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਖਾਲਸਾ ਪੰਥ ਪ੍ਰਤੀਕ ਹੈ, ਮਨੁੱਖੀ ਆਸ਼ਾਵਾਂ ਅਤੇ ਆਜ਼ਾਦੀ ਦਾ । ਇਹ ਗੱਲ ਰਾਜਪਾਲ ਜੀ ਦੇ ਭਾਸ਼ਣ ਵਿਚ ਕਹੀ ਗਈ ਹੈ । ਅੱਜ ਸਾਰਾ ਸੰਸਾਰ ਜਾਣਦਾ ਹੈ ਕਿ ਜਿਥੇ ਮਨੁੱਖੀ ਹੱਕਾਂ ਦਾ ਘਾਣ ਹੁੰਦਾ ਹੈ, ਉਥੇ ਕਸੂਰਵਾਰ ਲੋਕਾਂ ਨੂੰ ਲੋਕ ਕਚਹਿਰੀਆਂ ਵਿਚ ਖੜ੍ਹਾ ਹੋਣਾ ਪੈਂਦਾ ਹੈ । ਇਹ ਜਿਹੜੀ ਕਾਂਗਰਸ ਪਾਰਟੀ ਹੈ, ਇਸ ਨੇ ਦੇਸ਼ ਨੂੰ ਇਸ ਤਰੀਕੇ ਦੇ ਨਾਲ ਬਦਨਾਮ ਕੀਤਾ ਹੈ ਕਿ ਮਨੁੱਖੀ ਹੱਕਾਂ ਦੀ ਕਚਹਿਰੀ ਵਿਚ ਸਾਨੂੰ ਬਾਰ ਬਾਰ ਸ਼ਰਮਸਾਰ ਹੋਣਾ ਪੈਂਦਾ ਰਿਹਾ ਹੈ । ਪੰਜਾਬ ਵਿਚ ਮਨੁੱਖੀ ਹੱਕਾਂ ਦਾ ਘਾਣ ਕਰਨ ਦਾ, ਮਰਡਰ ਕਰਨ ਦਾ ਪੰਜਾਬ ਪੁਲਿਸ ਨੂੰ ਜਿਹੜਾ ਲੈਸਨ ਦਿੱਤਾ ਗਿਆ, ਉਹ ਸਾਰਿਆਂ ਦੇ ਸਾਹਮਣੇ ਹੈ । ਲਾ-ਕਾਨੂੰਨ, ਬਲੈਕ ਲਾਅਜ਼, ਕਾਲੇ ਕਾਨੂੰਨ ਇਥੇ ਆਏ ਅਤੇ ਉਨ੍ਹਾਂ ਸਦਕਾ ਮਨੁੱਖੀ ਅਧਿਕਾਰਾਂ ਦਾ ਘਾਣ ਹੋਇਆ । ਕਈ ਸੰਗਠਨਾਂ ਨੇ ਅਤੇ ਇਥੋਂ ਤੱਕ ਕਿ ਸੁਪਰੀਮ ਕੋਰਟ ਨੇ ਵੀ ਆਪਣੇ ਵਰਡਿਕਟ ਦਿੱਤੇ ਕਿ ਲਾਸ਼ਾਂ ਦਾ ਬਿਨਾਂ ਦੱਸਿਆਂ ਜਿਹੜਾ ਸੰਸਕਾਰ ਕੀਤਾ ਗਿਆ ਹੈ, ਉਸ ਦੀ ਪੜਤਾਲ ਕੀਤੀ ਜਾਵੇਗੀ । ਇਸ ਕਰਕੇ ਇਹ ਬਹੁਤ ਜ਼ਰੂਰੀ ਸੀ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਇਕ ਕਮਿਸ਼ਨ ਬਣਾਇਆ ਜਾਂਦਾ । ਇਹ ਜ਼ਰੂਰ ਬਣਾਇਆ ਜਾਣਾ ਚਾਹੀਦਾ ਹੈ ।

ਇਸ ਦੇ ਨਾਲ ਹੀ ਰਾਜਪਾਲ ਜੀ ਦੇ ਭਾਸ਼ਣ ਵਿਚ ਜੋ ਪਿਛਲੀ ਸਰਕਾਰ ਵੇਲੇ ਹੋਈ ਕੁਰੱਪਸ਼ਨ ਦਾ ਜਿਕਰ ਕੀਤਾ ਗਿਆ ਹੈ, ਮੈਂ ਮੈਂਬਰ ਸਾਹਿਬਾਨ ਦਾ ਧਿਆਨ ਉਸ ਵੱਲ ਦਿਵਾਉਣਾ ਚਾਹੁੰਦਾ ਹਾਂ । ਅਸੀਂ ਹਮੇਸ਼ਾਂ ਕਹਿੰਦੇ ਰਹੇ ਕਿ ਇਥੇ ਨੌਕਰੀਆਂ ਵਿਕ ਰਹੀਆਂ ਹਨ, ਇਥੇ ਹਰ ਚੀਜ਼ ਵਿਕਾਊ ਹੈ । ਇਥੋਂ ਤੱਕ ਕਿ ਰਜਿਸਟਰੀ ਕਰਨ ਦੇ ਵੀ ਪੈਸੇ ਲਗਦੇ ਹਨ । ਇਥੇ ਹਰ ਚੀਜ਼ ਨੂੰ ਵਿਕਾਊ ਕਰ ਦਿੱਤਾ ਗਿਆ । ਮੈਂ ਬੇਨਤੀ ਕਰਾਂਗਾ ਕਿ ਪਿਛਲੇ ਪੁਲੀਟੀਕਲ ਰਿਜੀਮ ਦੇ ਵਿਚ ਜਿਹੜੇ ਪੁਲੀਟੀਕਲ ਬੰਦਿਆਂ ਨੂੰ ਡਾਇਰੈਕਟ ਬੈਨੀਫਿਟ ਦਿੱਤਾ ਗਿਆ, ਉਨ੍ਹਾਂ ਨੂੰ ਹਾਊਸ ਦੀ ਨਜ਼ਰ ਵਿਚ ਲਿਆਂਦਾ ਜਾਵੇ ਅਤੇ ਉਨ੍ਹਾਂ ਦੀ ਇਨਵੈਸਟੀਗੇਸ਼ਨ ਕੀਤੀ ਜਾਵੇ ਤਾਂ ਕਿ ਇਹ ਜਿਹੜੀ ਕੁਰੱਪਸ਼ਨ ਹੈ ਭਾਵੇਂ ਇਹ ਆਫੀਸ਼ਲਡਮ ਦੀ ਹੈ ਅਤੇ ਭਾਵੇਂ ਪੁਲੀਟੀਕਲ ਲੈਵਲ ਤੇ ਹੈ, ਇਸ ਨੂੰ ਨੱਥ ਪਾਈ ਜਾ ਸਕੇ । ਇਹੋ ਮੇਰੀਆਂ ਬੇਨਤੀਆਂ ਹਨ । ਮੈਂ ਕੁਝ ਹੋਰ ਵੀ ਬੇਨਤੀਆਂ ਕਰਨੀਆਂ ਸਨ ਲੇਕਿਨ ਚੇਅਰਮੈਨ ਸਾਹਿਬ ਨੇ ਸਮੇਂ ਵਿਚ ਸੰਕੋਚ ਕਰਨ ਨੂੰ ਕਿਹਾ ਹੈ ਇਸ ਕਰਕੇ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਇਸ ਧੰਨਵਾਦ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਜੀਤ ਸਿੰਘ ਕਲਕੱਤਾ]

ਦੇ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ ਬੇਨਤੀ ਕਰਦਾ ਹਾਂ ਕਿ ਸਰਬ-ਸੰਮਤੀ ਦੇ ਨਾਲ ਇਸ ਨੂੰ ਪਾਸ ਕੀਤਾ ਜਾਵੇ । ਥੈਂਕ ਯੂ ।

**ਡਾਕਟਰ ਰਤਨ ਸਿੰਘ** (ਅਜਨਾਲਾ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਟਾਈਮ ਦਿੱਤਾ ਹੈ । ਇਹ ਧੰਨਵਾਦ ਦਾ ਮਤਾ ਮੇਰੇ ਸਾਥੀ ਸਰਦਾਰ ਬਲਦੇਵ ਸਿੰਘ ਖਿਆਲਾ ਜੀ ਨੇ ਪੇਸ਼ ਕੀਤਾ ਹੈ ਅਤੇ ਉਸ ਦੀ ਪ੍ਰੋੜ੍ਹਤਾ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਕੀਤੀ ਹੈ । ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਵਾਕਈ ਇਹ ਇਕ ਇਤਿਹਾਸਕ ਭਾਸ਼ਣ ਹੈ, ਜਿਹੜਾ ਇਸ ਹਾਲ ਵਿਚ ਪੇਸ਼ ਹੋਇਆ ਹੈ ਅਤੇ ਇਸ ਪਵਿੱਤਰ ਸਦਨ ਵਿਚ ਪਹਿਲੀ ਵਾਰ ਸੱਚ ਬੋਲਿਆ ਗਿਆ ਹੈ । ਮੈਨੂੰ ਪਿਛਲੀ ਅਸੈਂਬਲੀ ਵਿਚ ਵੀ ਢਾਈ ਸਾਲ ਰਹਿਣ ਦਾ ਮੌਕਾ ਮਿਲਿਆ ਹੈ । ਉਦੋਂ ਜਿਹੜੇ ਭਾਸ਼ਣ ਹੁੰਦੇ ਸਨ, ਉਹ ਸਾਰੇ ਝੂਠ ਦੇ ਪਲੰਦੇ ਹੁੰਦੇ ਸਨ । ਪਹਿਲੀ ਵਾਰ ਪੰਜਾਬ ਦੇ ਲੋਕਾਂ ਦੀ ਫੀਲਿੰਗ ਅਤੇ ਸੋਚ ਇਸ ਭਾਸ਼ਣ ਵਿਚ ਲਿਆਂਦੀ ਗਈ ਹੈ । ਪਿਛਲੇ ਮਹੀਨੇ ਇਲੈਕਸ਼ਨ ਹੋਏ । ਇਸ ਭਾਸ਼ਣ ਵਿਚ ਗਵਰਨਰ ਸਾਹਿਬ ਨੇ ਬੜੇ ਸਤਿਕਾਰ ਨਾਲ ਕਿਹਾ ਹੈ ਕਿ ਇਸ ਇਲੈਕਸ਼ਨ ਵਿਚ ਪੰਜਾਬ ਦੇ ਲੋਕਾਂ ਨੇ ਆਪਣੀਆਂ ਆਸਾਂ ਅਤੇ ਉਮੰਗਾਂ ਦਾ ਭਰਪੂਰ ਪ੍ਰਗਟਾਵਾ ਬੜੀ ਦੂਰਅੰਦੇਸ਼ੀ ਅਤੇ ਸਿਆਣਪ ਨਾਲ ਕੀਤਾ ਹੈ । ਇਸ ਤੋਂ ਪਹਿਲਾਂ ਵੀ ਪੰਜਾਬ ਵਿਚ ਬਹੁਤ ਸਾਰੀਆਂ ਚੋਣਾਂ ਹੋਈਆਂ । 1991 ਵਿਚ ਵੀ ਚੋਣਾਂ ਦਾ ਐਲਾਨ ਹੋਇਆ ਜਦੋਂ ਕਾਂਗਰਸ ਨੇ ਬਾਈਕਾਟ ਕਰ ਦਿਤਾ ਸੀ । ਅਕਾਲੀ ਦਲ ਦੇ ਵਖ ਵਖ ਹਿੱਸਿਆਂ ਨੇ ਉਸ ਵਿਚ ਹਿੱਸਾ ਲਿਆ । ਢਾਈ ਸਾਲ ਪਹਿਲਾਂ ਤੋਂ ਉਸ ਚੋਣ ਦੀ ਲੜਾਈ ਹੁੰਦੀ ਰਹੀ ਲੇਕਿਨ ਚੋਣਾਂ ਹੋਣ ਤੋਂ ਸਿਰਫ ਇਕ ਦਿਨ ਪਹਿਲਾਂ ਉਹ ਚੋਣਾਂ ਕੈਂਸਲ ਕਰ ਦਿੱਤੀਆਂ ਗਈਆਂ । ਇਹ ਚੋਣਾਂ ਕਿਸ ਤਰ੍ਹਾਂ ਕੈਂਸਲ ਕੀਤੀਆਂ ਗਈਆਂ । ਨਰਸਿਮਹਾ ਰਾਓ ਨੇ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਬੈਠਣ ਤੋਂ ਬਾਅਦ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਇਹ ਚੋਣਾਂ ਕੈਂਸਲ ਕਰ ਦਿਤੀਆਂ । ਪੰਜਾਬ ਵਿਚ ਅਕਾਲੀ ਪਾਰਟੀ ਦੇ 27 ਉਮੀਦਵਾਰ ਉਸ ਚੋਣ ਦੌਰਾਨ ਸ਼ਹੀਦ ਹੋਏ । ਉਸ ਤੋਂ 6 ਮਹੀਨੇ ਬਾਅਦ ਫਿਰ ਪੰਜਾਬ ਵਿਚ ਚੋਣਾਂ ਹੋਈਆਂ, ਫਰਵਰੀ 1992 ਵਿਚ ਲੇਕਿਨ ਉਸ ਦੇ ਵਿਚ ਇਕ ਵੀ ਕਾਂਗਰਸੀ ਉਮੀਦਵਾਰ ਨਹੀਂ ਮਾਰਿਆ ਗਿਆ । ਇਸ ਦਾ ਕਾਰਣ ਕੀ ਸੀ ? ਇਸ ਦਾ ਕਾਰਣ ਇਹ ਸੀ ਕਿ ਮਾਰਨ ਵਾਲੇ ਉਨ੍ਹਾਂ ਦੇ ਘਰਾਂ ਵਿਚ ਰਹਿੰਦੇ ਸਨ ਅਤੇ ਜਦੋਂ ਉਹ ਆਪ ਇਲੈਕਸ਼ਨਾਂ ਵਿਚ ਖੜ੍ਹੇ ਹੋ ਜਾਂਦੇ ਸਨ ਤਾਂ ਮਾਰਨ ਵਾਲਿਆਂ ਦਾ ਜੋ ਕੰਮ ਸੀ, ਉਹ ਪੂਰਾ ਹੋ ਜਾਂਦਾ ਸੀ । ਪੰਜਾਬ ਵਿਚ ਲਗਾਤਾਰ ਅੱਤਵਾਦ ਰਿਹਾ ਹੈ । ਇਹ ਜਿਹੜੇ ਸਾਡੇ ਵੀਰ (ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਇਥੇ ਬੈਠੇ ਹਨ, ਇਹ ਇਨ੍ਹਾਂ ਦੀ ਬਦੌਲਤ ਹੀ ਹੋਇਆ ਹੈ । ਚੇਅਰਮੈਨ ਸਾਹਿਬ, ਬੜੀ ਹੈਰਾਨਗੀ ਦੀ ਗੱਲ ਹੈ ਕਿ ਜਿਹੜੀ ਪੁਰਾਣੀ ਸਟਰਗਲ ਚਲ ਰਹੀ ਸੀ, ਉਹ ਕਾਂਗਰਸ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਪੰਜ ਛੇ ਮਹੀਨਿਆਂ ਦੇ ਅੰਦਰ ਅੰਦਰ ਹੀ ਕਿਵੇਂ ਕੰਟਰੋਲ ਹੋ ਗਈ ? ਇਹ ਕੰਟਰੋਲ ਇਸ ਕਰਕੇ ਹੋ ਗਈ ਕਿਉਂਕਿ ਜਿਹੜੇ ਅੱਤਵਾਦੀ ਲੋਕ ਸਨ, ਉਹ ਇਨ੍ਹਾਂ ਦੀਆਂ ਕੋਠੀਆਂ ਵਿਚ ਰਹਿੰਦੇ ਸਨ । ਅੱਤਵਾਦੀ ਜੰਮੇ ਇਨ੍ਹਾਂ ਦੇ ਘਰਾਂ ਵਿਚ, ਉਹ ਇਨ੍ਹਾਂ ਦੇ ਘਰਾਂ ਵਿਚ ਹੀ ਪਲੇ ਅਤੇ ਇਨ੍ਹਾਂ ਦੀਆਂ ਕਾਰਾਂ ਦੇ ਵਿਚ ਹੀ ਸਫਰ ਕਰਦੇ

Original with;
Punjab Vidhan Sabha
Digitized by;
Panjab Digital Library

ਰਹੇ । ਇਸ ਤਰ੍ਹਾਂ ਪੰਜਾਬ ਦੇ ਵਿੱਚ ਅੱਤਵਾਦ ਆਇਆ । ਜਿਹੜਾ ਪਹਿਲਾ ਅੱਤਵਾਦੀ ਪੰਜਾਬ ਦੇ ਵਿੱਚ ਫੜਿਆ ਗਿਆ ਸੀ, ਜਿਹੜਾ ਮੁੰਡਾ ਸਭ ਤੋਂ ਪਹਿਲਾਂ ਚੰਡੀਗੜ੍ਹ ਦੇ ਵਿਚ ਫੜਿਆ ਗਿਆ ਸੀ, ਜਿਹੜੇ ਅੱਜ ਇਹਨਾਂ ਦੇ ਪ੍ਰਧਾਨ ਹਨ ਰੰਧਾਵਾ ਸਾਹਿਬ ਜੋ ਗੁਰਦਾਸਪੁਰ ਜ਼ਿਲ੍ਹੇ ਦੇ ਹਨ, ਉਹ ਇਨ੍ਹਾਂ ਦੇ ਘਰ ਰਹਿੰਦਾ ਸੀ । ਉਸ ਨੂੰ ਪਹਿਲਾਂ ਬਚਾਉਣ ਦੀ ਵੀ ਬੜੀ ਕੋਸ਼ਿਸ਼ ਕੀਤੀ ਗਈ ਪਰ ਜਦੋਂ ਇਨ੍ਹਾਂ ਨੂੰ ਪਤਾ ਲੱਗਾ ਕਿ ਮੈਂ ਇਨਵਾਲਵਡ ਹੁੰਦਾ ਹਾਂ ਤਾਂ ਉਸ ਨੂੰ ਮਰਾਉਣ ਦੀ ਕੋਸ਼ਿਸ਼ ਕੀਤੀ ਗਈ । ਏਥੇ ਤੱਕ ਕਾਂਗਰਸ ਦੀ ਹੱਦ ਹੋ ਗਈ ਸੀ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ, ਅਸੀਂ ਬਹੁਤ ਵਾਰ ਕਹਿ ਚੁੱਕੇ ਹਾਂ ਕਿ ਕੋਈ ਇਸ ਮਸਲੇ ਦੀ ਜੁਡੀਸ਼ੀਅਲ ਇਨਕੁਆਰੀ ਕਰਵਾਈ ਜਾਵੇ ਕਿ ਪੰਜਾਬ ਦੇ ਵਿਚ ਅੱਤਵਾਦ ਕਿਸ ਨੇ ਪੈਦਾ ਕੀਤਾ, ਇਹ ਕਿਉਂ ਪੈਦਾ ਹੋਇਆ, ਇਸ ਅੱਤਵਾਦ ਦੀ ਕੀ ਜ਼ਰੂਰਤ ਸੀ ਅਤੇ ਇਸ ਅੱਤਵਾਦ ਨੂੰ ਪੈਦਾ ਕਰਨ ਲਈ ਕੌਣ ਲੋਕ ਜ਼ਿੰਮੇਵਾਰ ਹਨ ?

**ਸਰਦਾਰ ਅਵਤਾਰ ਸਿੰਘ ਬਰਾੜ :** ਪੁਆਇੰਟ ਆਫ਼ ਆਰਡਰ, ਚੇਅਰਮੈਨ ਸਾਹਿਬ ।

**ਸ੍ਰੀ ਸਭਾਪਤੀ :** ਹਾਂ ਜੀ । ਡਾਕਟਰ ਸਾਹਿਬ, ਤੁਸੀਂ ਜ਼ਰਾ ਬੈਠੋ ।

**ਸਰਦਾਰ ਅਵਤਾਰ ਸਿੰਘ ਬਰਾੜ :** ** ** **

**Mr. Chairman.** Please resume your seat ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

**ਡਾਕਟਰ ਰਤਨ ਸਿੰਘ :** ਚੇਅਰਮੈਨ ਸਾਹਿਬ, ਇਹ ਜਿਹੜੀ ਹੁਣ ਇਲੈਕਸ਼ਨ ਹੋਈ, ਇਸ ਵਿਚ ਲੋਕਾਂ ਨੇ ਬਹੁਤ ਤਕੜੇ ਹੋ ਕੇ ਬੀ. ਜੇ. ਪੀ. ਔਰ ਅਕਾਲੀ ਦਲ ਨੂੰ ਹੁੰਗਾਰਾ ਦਿੱਤਾ । ਇਹੀ ਕਾਰਨ ਹੈ ਕਿ ਇਹ ਅੱਜ ਦੂਸਰੇ ਪਾਸੇ ਬੈਠੇ ਹਨ । ਇਹ ਬਰਾੜ ਸਾਹਿਬ ਵੀ ਬੜੀ ਮੁਸ਼ਕਲ ਦੇ ਨਾਲ ਅਖੀਰਲੇ ਸਮੇਂ ਵਿਚ ਜਾ ਕੇ ਮੰਤਰੀ ਬਣੇ ਸਨ ਔਰ ਜੋ ਕੁਝ ਇਹਨਾਂ ਨੇ ਕੀਤਾ, ਉਹ ਮੈਂ ਬਾਅਦ ਵਿਚ ਦੱਸਦਾ ਹਾਂ ।

**ਸਰਦਾਰ ਅਵਤਾਰ ਸਿੰਘ ਬਰਾੜ (ਬੈਠੇ ਬੈਠੇ) :** ਹੁਣੇ ਹੀ ਦੱਸ ਦੇਣ, ਚੇਅਰਮੈਨ ਸਾਹਿਬ ।

**ਡਾਕਟਰ ਰਤਨ ਸਿੰਘ :** ਬਰਾੜ ਸਾਹਿਬ, ਆਪਾਂ ਇਕੱਠੇ ਹੀ ਰਹਿੰਦੇ ਰਹੇ ਹਾਂ । ਜੋ ਕੁਝ ਤੁਸੀਂ ਕੀਤਾ ਹੈ, ਮੈਂ ਉਹ ਵੀ ਦੱਸਾਂਗਾ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਬੀ.ਜੇ.ਪੀ. ਔਰ ਸ਼੍ਰੋਮਣੀ ਅਕਾਲੀ ਦਲ ਦਾ ਗਠਜੋੜ ਹੋਇਆ ਹੈ, ਇਹ ਕੋਈ ਨਵਾਂ ਗਠਜੋੜ ਨਹੀਂ ਹੈ । ਹਿੰਦੁਸਤਾਨ ਦੀ ਜ਼ਾਲਮ ਕਾਂਗਰਸ ਸਰਕਾਰ ਨੇ ਚੇਅਰਮੈਨ ਸਾਹਿਬ, ਤੁਸੀਂ ਜਾਣਦੇ ਹੋ ਕਿ ਐਮਰਜੈਂਸੀ ਅਨਾਊਂਸ ਕਰ ਦਿੱਤੀ । ਆਜ਼ਾਦ ਮੁਲਕ ਦੇ ਵਿਚ ਐਮਰਜੈਂਸੀ ਅਨਾਊਂਸ ਕਰ ਦਿੱਤੀ । ਚੇਅਰਮੈਨ ਸਾਹਿਬ, ਉਦੋਂ ਕੇਵਲ ਦੋ ਪਾਰਟੀਆਂ ਹੀ ਸਨ ਜਿਨ੍ਹਾਂ ਨੇ ਇਸ ਐਮਰਜੈਂਸੀ ਦੇ ਖ਼ਿਲਾਫ਼ ਆਵਾਜ਼ ਉਠਾਈ । ਉਹ ਪਾਰਟੀਆਂ ਸਨ-ਭਾਰਤੀ ਜਨਤਾ ਪਾਰਟੀ ਔਰ ਸ਼੍ਰੋਮਣੀ ਅਕਾਲੀ ਦਲ ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਰਤਨ ਸਿੰਘ]

ਇਹਨਾਂ ਦੋਨਾਂ ਪਾਰਟੀਆ ਦੇ ਲੀਡਰਜ਼ ਅੌਰ ਵਰਕਰਜ਼ ਨੂੰ ਇਹਨਾਂ ਨੇ ਜੇਲ੍ਹਾਂ ਦੇ ਵਿਚ ਬੰਦ ਕਰ ਦਿਤਾ ਅੌਰ ਜਦੋਂ ਇਹ ਐਮਰਜੈਂਸੀ ਖਤਮ ਹੋਈ ਤਾਂ ਪੰਜਾਬ ਦੇ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਈ। ਇਹ ਮੈਂ ਇਸ ਕਰਕੇ ਦੱਸਦਾ ਹਾਂ ਕਿਉਂਕਿ ਜਦੋਂ ਪੰਜਾਬ ਤੋਂ ਬਾਹਰ ਕਦੇ ਵੀ ਕਿਸੇ ਸੂਬੇ ਦੇ ਵਿਚ ਧੱਕਾ ਹੋਇਆ ਤਾਂ ਉਸ ਦੇ ਖਿਲਾਫ ਇਹਨਾਂ ਦੋ ਪਾਰਟੀਆਂ ਨੇ ਹਮੇਸ਼ਾ ਸਟੈਂਡ ਲਿਆ। ਇਹੀ ਕਾਰਨ ਹੈ ਕਿ ਅੱਜ ਮੇਰੇ ਸਾਹਮਣੇ ਬੈਠੇ ਵੀਰ ਏਨੀ ਘੱਟ ਗਿਣਤੀ ਵਿਚ ਬੈਠੇ ਹਨ। ਚੇਅਰਮੈਨ ਸਾਹਿਬ, ਸਾਨੂੰ ਤਾਂ ਇਹ ਆਪਣੇ ਵੇਲੇ ਚੁੱਕ ਚੁੱਕ ਕੇ ਬਾਹਰ ਸਿੱਟਦੇ ਹੁੰਦੇ ਸੀ। ਆਹ ਵੇਖ ਲਓ, ਅਸੀਂ ਤਾਂ ਇਹਨਾਂ ਨੂੰ ਬੜੇ ਪਿਆਰ ਅੌਰ ਸਤਿਕਾਰ ਨਾਲ ਰੱਖਿਆ ਹੋਇਆ ਹੈ। ਮੇਰੇ ਤੋਂ ਪਹਿਲਾਂ ਜ਼ੀਰਾ ਸਾਹਿਬ ਬੋਲ ਕੇ ਗਏ ਹਨ। ਉਸ ਨੂੰ ਤਾਂ ਇਹ ਚੁਕ ਕੇ ਪਕੜ ਕੇ ਰੱਖਦੇ ਸਨ। ਇਹਨਾ ਨੇ ਤਾਂ ਉਸ ਨਾਲ ਇਸ ਸਦਨ ਦੇ ਵਿਚ ਵੀ ਬਹੁਤ ਕੁਝ ਕੀਤਾ ਹੈ। ਚੇਅਰਮੈਨ ਸਾਹਿਬ, ਕਦੇ ਇਹ ਵੀ ਸੁਣਿਆ ਹੈ ਕਿ ਸਰਕਾਰ ਦਾ ਵਜ਼ੀਰ ਹੋਵੇ ਅੌਰ ਜੇਕਰ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਹਾਊਸ ਦੇ ਵਿਚ ਬੋਲੇ ਤਾਂ ਉਹ ਸਰਕਾਰ ਦਾ ਵਜ਼ੀਰ ਉਸ ਨੂੰ ਆ ਕੇ ਥੱਪੜ ਮਾਰੇ। ਇਹਨਾਂ ਨੇ ਲੋਕਤੰਤਰੀ ਢਾਂਚੇ ਦਾ ਮਜ਼ਾਕ ਉਡਾਇਆ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਕਿੰਨੀ ਹੈਰਾਨਗੀ ਦੀ ਗੱਲ ਹੈ ਕਿ ਪਿਛਲੀ ਅਸੈਂਬਲੀ ਦੇ ਵਿਚ ਜਿਹੜੇ ਵਿਧਾਇਕ ਚੁਣ ਕੇ ਆਏ, ਉਹ ਮੈਂਬਰ ਪੰਚਾਇਤ ਵੀ ਨਹੀਂ ਸਨ ਬਣ ਸਕੇ। ਮੈਂ ਕਿਹਾ ਕਿ ਕੀ ਕਾਰਨ ਹਨ ਕਿ ਤੁਸੀਂ ਲੋਕਾਂ ਵਿਚ ਨਹੀਂ ਜਾਂਦੇ, ਲੋਕਾਂ ਦੀ ਸੇਵਾ ਨਹੀਂ ਕਰਦੇ ਤਾਂ ਉਹ ਜੁਆਬ ਦਿੰਦੇ ਕਿ ਸਾਨੂੰ ਕਿਹੜਾ ਲੋਕਾਂ ਨੇ ਵੋਟਾਂ ਪਾਈਆਂ ਹਨ। ਨਾ ਅਸੀਂ ਦੁਬਾਰਾ ਆਉਣਾ ਹੈ। ਹੁਣ ਵੀ ਅਸੀਂ ਪੁਲਿਸ ਦੇ ਜ਼ੋਰ ਨਾਲ ਆ ਗਏ ਹਾਂ। ਚੇਅਰਮੈਨ ਸਾਹਿਬ, ਜਦੋਂ ਅਕਾਲੀਆਂ ਨੇ ਇਲੈਕਸ਼ਨਾਂ ਦਾ ਬਾਈਕਾਟ ਕੀਤਾ ਸੀ ਤਾਂ ਇਹਨਾਂ ਨੇ ਉਸ ਵੇਲੇ ਕੀ ਕੀਤਾ ਕਿ ਇਹ ਇੱਕ ਟਰੱਕ ਵਿਚ ਬੰਦੇ ਬਿਠਾ ਕੇ ਲੈ ਜਾਂਦੇ ਸਨ, ਪਹਿਲਾਂ ਉਨ੍ਹਾਂ ਕੋਲੋਂ ਇਕ ਬੂਥ ਤੇ ਵੋਟਾਂ ਪੁਆ ਲਈਆਂ, ਫਿਰ ਅਗਲੇ ਬੂਥ ਤੇ ਵੋਟਾਂ ਪੁਆ ਲਈਆਂ ਅੌਰ ਇਸੇ ਤਰ੍ਹਾਂ ਤੀਸਰੇ ਤੇ ਵੋਟਾਂ ਪੁਆ ਲਈਆਂ, ਇਸ ਤਰ੍ਹਾਂ ਇਹ 5% ਵੋਟਾਂ ਦੇ ਨਾਲ ਜਿੱਤ ਕੇ ਆਏ ਸਨ। ਮੇਰੇ ਨਾਲ ਇਕ ਹਲਕੇ ਦਾ ਜਿਹੜਾ ਕੈਂਡੀਡੇਟ ਸੀ, ਉਹ ਵੋਟਾਂ ਦੀ ਕਾਊਂਟਿੰਗ ਤੇ ਵੀ ਨਾ ਗਿਆ। ਉਸ ਨੂੰ ਪੁਛਿਆ ਗਿਆ ਕਿ ਤੂੰ ਕਾਊਂਟਿੰਗ ਤੇ ਕਿਉਂ ਨਹੀਂ ਗਿਆ ਤਾਂ ਉਸ ਨੇ ਕਿਹਾ ਕਿ ਸਾਨੂੰ ਵੋਟਾਂ ਕਿਸ ਨੇ ਪਾਈਆਂ ਹੋਣਗੀਆਂ, ਜਾਣ ਦੀ ਕੀ ਲੋੜ ਹੈ। ਫਿਰ ਪੁਲਿਸ ਦਾ ਐਸ.ਐਚ.ਓ. ਆਇਆ ਅੌਰ ਉਸ ਨੇ ਕਿਹਾ ਕਿ ਔਹ ਲਓ ਲਾਰੀ (ਜਿਪਸੀ), ਤੁਸੀਂ ਜਿੱਤ ਗਏ ਓ। ਇਹ ਹਾਲ ਸੀ ਜਦੋਂ ਇਲੈਕਸ਼ਨ ਕਰਵਾਏ ਗਏ ਸਨ।

ਤੁਸੀਂ ਸਾਰੇ ਬੜੀ ਚੰਗੀ ਤਰ੍ਹਾਂ ਜਾਣਦੇ ਹੋ ਕਿ ਪੰਜਾਬ ਵਿਚ ਕੋਈ ਐਸਾ ਘਰ ਨਹੀਂ ਸੀ ਜਿਸ ਦੇ ਨੌਜਵਾਨ ਘਰੋਂ ਚੁਕ ਕੇ ਲਾਪਤਾ ਨਹੀਂ ਕੀਤੇ ਗਏ ਅਤੇ ਉਹ ਅੱਜ ਤੱਕ ਨਹੀਂ ਮਿਲ ਰਹੇ। ਖਾਲੜਾ ਵਰਗੇ ਨੇ ਜੇਕਰ ਲੋਕਾਂ ਨਾਲ ਇਨਸਾਫ ਦੀ ਕੋਈ ਗੱਲ ਉਠਾਈ ਤਾਂ ਉਸ ਨੂੰ ਵੀ ਚੁੱਕ ਲਿਆ ਗਿਆ ਅਤੇ ਉਹ ਅੱਜ ਤੱਕ ਨਹੀਂ ਲੱਭ ਰਿਹਾ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਪਿਛਲੀ ਸਰਕਾਰ ਦੀ

Original with;
Punjab Vidhan Sabha
Digitized by;
Punjab Digital Library

ਪਿਛਲੇ ਪੰਜ ਸਾਲ ਦੀ ਕਾਰਗੁਜ਼ਾਰੀ ਹੈ, ਉਸ ਦੀ ਬਕਾਇਦਾ ਹਰ ਸਟੇਪ ਤੇ ਇਨਕੁਆਰੀ ਹੋਣੀ ਚਾਹੀਦੀ ਹੈ । ਚੇਅਰਮੈਨ ਸਾਹਿਬ, ਇਨ੍ਹਾਂ ਵਿਚ ਕੋਈ ਵੀ ਐਸਾ ਨਹੀਂ ਹੈ ਜਿਹੜਾ ਕਿ ਲਿਬੜਿਆ ਨਾ ਹੋਵੇ । ਇਹ ਹੁਣ ਕਾਂਗਰਸ ਜਮਾਤ ਨਹੀਂ ਰਹੀ, ਇਹ ਤਾਂ ਲੁਟੇਰਿਆਂ ਦੀ ਜਮਾਤ ਬਣ ਗਈ ਹੈ ।

| | |
|---|---|
| *12.02 ਬਾਅਦ ਦੁਪਹਿਰ | ਇਸ ਸਮੇਂ* ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ) |

ਸਪੀਕਰ ਸਾਹਿਬ, ਤੁਸੀਂ ਕਿਸੇ ਪਾਸੇ ਵੱਲ ਵੀ ਝਾਤੀ ਮਾਰ ਕੇ ਵੇਖ ਲਓ । ਮੇਰੀ ਭੈਣ ਬੀਬੀ ਰਾਜਿੰਦਰ ਕੌਰ ਭੱਠਲ ਜੀ ਬੈਠੇ ਹਨ, ਜਦੋਂ ਪਿਛਲੀ ਸਰਕਾਰ ਨੇ ਲੋਕਪਾਲ ਨਿਯੁਕਤ ਕੀਤਾ ਤਾਂ ਉਥੇ ਮਨਿਸਟਰਾਂ ਦੀਆਂ ਸ਼ਿਕਾਇਤਾਂ ਪਹੁੰਚੀਆਂ । ਰੰਧਾਵਾ ਸਾਹਿਬ, ਇਨ੍ਹਾਂ ਦੇ ਮੰਤਰੀ ਲੋਕਪਾਲ ਸਾਹਮਣੇ ਪੇਸ਼ ਹੋਣ ਗਏ ਜਿਨ੍ਹਾਂ ਦੇ ਸਮੇਂ ਜਿੰਨੀਆਂ ਵੀ ਅਧਿਆਪਕਾਂ ਦੀਆਂ ਨਿਯੁਕਤੀਆਂ ਹੋਈਆਂ ਸਨ ਉਨ੍ਹਾਂ ਸਾਰੀਆਂ ਵਿਚ ਹੀ ਪੈਸੇ ਲਏ ਗਏ ਸਨ । ਸਾਰੀਆਂ ਦੀਆਂ ਸਾਰੀਆਂ ਨਿਯੁਕਤੀਆਂ ਦੇ ਸੌਦੇ ਤਹਿ ਹੁੰਦੇ ਸਨ । ਉਸ ਦੇ ਜਵਾਈ ਡਾ. ਜੌਹਲ ਦੇ ਘਰ ਬਟਾਲੇ ਬਹਿ ਕੇ ਸੌਦੇ ਹੁੰਦੇ ਸਨ । ਜਦੋਂ ਲੋਕਪਾਲ ਸਾਹਮਣੇ ਰੰਧਾਵਾ ਸਾਹਿਬ ਪੇਸ਼ ਹੋਣ ਗਏ ਤਾਂ ਬੜੀ ਹੈਰਾਨਗੀ ਦੀ ਗੱਲ ਹੈ, ਸਪੀਕਰ ਸਾਹਿਬ, ਤੁਸੀਂ ਅਖਬਾਰਾਂ ਵਿਚ ਵੀ ਪੜ੍ਹਿਆ ਹੋਣਾ ਹੈ ਕਿ ਉਥੇ ਬਕਾਇਦਾ ਕੈਮਰੇ ਭੰਨੇ ਗਏ ਕਿ ਸਾਡੀਆਂ ਫੋਟੋਆਂ ਨਾਂ ਲਈਆਂ ਜਾਣ, ਅਸੀਂ ਬੜੇ ਈਮਾਨਦਾਰ ਹਾਂ । ਸਪੀਕਰ ਸਾਹਿਬ, ਮੈਂ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਹੋਰ ਮੰਤਰੀ ਮਾਸਟਰ ਜੀ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਜਦੋਂ ਉਹ ਇਥੇ ਅਸੈਂਬਲੀ ਵਿਚ ਆਏ ਹੀ ਸਨ ਤਾਂ ਉਨ੍ਹਾਂ ਪਾਸ ਕੇਵਲ ਇਕ ਹੀ ਮਿੰਨੀ ਬੱਸ ਸੀ ਅਤੇ ਉਸ ਦੇ ਵੀ ਟਾਇਰ ਲੱਥੇ ਹੋਏ ਸਨ ਅਤੇ ਬਿਲ ਭਰਨ ਵਾਲੇ ਰਹਿੰਦੇ ਸਨ । ਪਰ ਜਦੋਂ ਮੈਂ ਅਸੈਂਬਲੀ ਵਿਚ ਸਵਾਲ ਕੀਤਾ ਕਿ ਮਾਸਟਰ ਜੀ ਦੱਸੋ, ਇਹ 46 ਏਅਰ ਕੰਡੀਸ਼ਨਰ ਕਿਵੇਂ ਤੇ ਕਿਥੋਂ ਆ ਗਏ ਅਤੇ ਕਰੋੜਾਂ ਰੁਪਏ ਕਿਵੇਂ ਇਕੱਠੇ ਹੋ ਗਏ ਤਾਂ ਉਨ੍ਹਾਂ ਨੇ ਜਵਾਬ ਦਿਤਾ ਕਿ ਇਸ ਬਾਰੇ ਸਰਕਾਰ ਦੱਸੇਗੀ । ਜੇਕਰ ਮੈਂ ਇਨ੍ਹਾਂ ਦੇ ਕੁਰੱਪਸ਼ਨ ਦੇ ਕਿੱਸੇ ਬਿਆਨ ਕਰਨ ਲੱਗਾਂ ਤਾਂ ਬਹੁਤ ਟਾਈਮ ਲੱਗ ਜਾਵੇਗਾ ਪਰ ਅਸੀਂ ਟਕਰਾਓ ਵਾਲੀ ਨੀਤੀ ਨਹੀਂ ਚਾਹੁੰਦੇ । ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਸਪੱਸ਼ਟ ਲਫ਼ਜ਼ਾਂ ਵਿਚ ਕਿਹਾ ਹੈ ਕਿ ਇਥੇ ਟਕਰਾਓ ਦੀ ਰਾਜਨੀਤੀ ਨੂੰ ਪਹਿਲ ਦਿੱਤੀ ਜਾਂਦੀ ਰਹੀ ਹੈ ਅਤੇ ਸਿਆਸੀ ਵਿਰੋਧੀਆਂ ਨਾਲ ਨਿਪਟਣ ਲਈ ਤਾਨਾਸ਼ਾਹੀ ਢੰਗ-ਤਰੀਕਿਆਂ ਦੀ ਵਰਤੋਂ ਵੀ ਹੁੰਦੀ ਰਹੀ ਹੈ । ਸਪੀਕਰ ਸਾਹਿਬ, ਹੁਣ ਇਸ ਵਿਚ ਕੋਈ ਪਹਿਲਾਂ ਵਾਲੀ ਗੱਲ ਨਹੀਂ ਹੈ । ਇਕ ਵਾਰ ਬ੍ਰਹਮਪੁਰਾ ਜੀ ਨੇ ਅਤੇ ਮੈਂ ਅੰਮ੍ਰਿਤਸਰੋਂ ਲੁਧਿਆਣੇ ਰੈਲੀ ਵਿਚ ਜਾਣਾ ਸੀ । ਪਰ ਮੈਨੂੰ ਪੁਲਿਸ ਫੜ ਕੇ ਪਤਾ ਨਹੀਂ ਕਿਧਰ ਲੈ ਗਈ ਅਤੇ ਬ੍ਰਹਮਪੁਰਾ ਜੀ ਨੂੰ ਫੜ ਕੇ ਕਿਧਰ ਹੋਰ ਲੈ ਗਈ ਅਤੇ ਸਾਨੂੰ ਲੁਧਿਆਣੇ ਨਹੀਂ ਪਹੁੰਚਣ ਦਿਤਾ । ਅਖਬਾਰਾਂ ਵਿਚ ਵੀ ਆਇਆ, ਜਿਵੇਂ ਜ਼ੀਰਾ ਸਾਹਿਬ ਨੇ ਦੱਸਿਆ ਹੈ, ਕਿ ਸਰਦਾਰ ਬੇਅੰਤ ਸਿੰਘ ਨੇ

Original with;
Punjab Vidhan Sabha
Digitized by;
Panjab Digital Library

[ਡਾਕਟਰ ਰਤਨ ਸਿੰਘ]

ਕਿਹਾ ਕਿ ਰੈਲੀ ਤਾਂ ਹੋਵੇਗੀ ਪਰ ਜਿਥੇ ਵੀ ਕੋਈ ਲੋਕ ਫੜੇ ਜਾਣਗੇ, ਉਨ੍ਹਾਂ ਨੂੰ ਉਥੇ ਹੀ ਅੰਦਰ ਕਰ ਦਿਤਾ ਜਾਵੇਗਾ। ਇਨ੍ਹਾਂ ਦੀ ਹਕੂਮਤ ਤਾਨਾਸ਼ਾਹੀ ਵਾਲੀ ਹਕੂਮਤ ਸੀ ਜਦੋਂ ਸਰਦਾਰ ਬੇਅੰਤ ਸਿੰਘ ਜੀ ਮੁੱਖ ਮੰਤਰੀ ਸਨ ਤਾਂ ਉਦੋਂ ਸਰਦਾਰ ਹਰਚਰਨ ਸਿੰਘ ਬਰਾੜ ਮੰਤਰੀ ਸਨ, ਉਹ ਵਿਚਾਰੇ ਇਧਰ ਉਧਰ ਫਿਰਦੇ ਰਹੇ ਅਤੇ ਪਾਣੀਆਂ ਦੀ ਗੱਲ ਕਰਦੇ ਰਹੇ ਪਰ ਜਦੋਂ ਉਹ ਆਪ ਮੁੱਖ ਮੰਤਰੀ ਬਣੇ ਤਾਂ ਪਾਣੀਆਂ ਦੀ ਗੱਲ ਖਤਮ ਹੋ ਗਈ।

ਸਪੀਕਰ ਸਾਹਿਬ, ਭਰਿਸ਼ਟਾਚਾਰ ਨੂੰ ਖਤਮ ਕਰਨ ਦੀ ਬੜੀ ਵੱਡੀ ਗੱਲ ਕਹੀ ਗਈ ਹੈ। ਇਹ ਸਾਡੇ ਸਮਾਜ ਵਿਚ ਇਕ ਕੋਹੜ ਦੀ ਤਰ੍ਹਾਂ ਹੈ। ਇਸ ਨੂੰ ਖਤਮ ਕਰਨਾ ਕੋਈ ਸੌਖੀ ਗੱਲ ਨਹੀਂ ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰਾਂ ਨੇ ਬੜਾ ਦਲੇਰਾਨਾ ਕਦਮ ਚੁੱਕਿਆ ਹੈ। ਜਿਹੜਾ ਵੀ ਇਨਸਾਨ ਕਲਾਸ-1 ਅਫਸਰ ਨੂੰ ਰਿਸ਼ਵਤ ਲੈਂਦੇ ਫੜਾਵੇਗਾ, ਉਸ ਨੂੰ 50,000 ਰੁਪਏ ਦਾ ਇਨਾਮ ਦਿੱਤਾ ਜਾਵੇਗਾ ਅਤੇ ਜੇ ਕੋਈ ਕਲਾਸ-2 ਜਾਂ 3 ਅਫਸਰ ਨੂੰ ਫੜੌਵੇਗਾ ਤਾਂ ਉਸ ਨੂੰ 25,000 ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਸਰਦਾਰ ਬੇਅੰਤ ਸਿੰਘ ਨੇ .....(ਵਿਘਨ)

**ਸ਼੍ਰੀ ਸਪੀਕਰ :** ਡਾਕਟਰ ਰਤਨ ਸਿੰਘ ਜੀ ਤੁਸੀਂ ਬੜੇ ਸਿਆਣੇ ਹੋ। ਜਿਹੜੇ ਵਿਅਕਤੀ ਇਥੇ ਸਦਨ ਵਿਚ ਹਾਜ਼ਰ ਨਹੀਂ ਹਨ, ਉਨ੍ਹਾਂ ਦਾ ਨਾਂ ਨਾ ਲਿਆ ਜਾਵੇ। ਤੁਸੀਂ ਸਾਬਕਾ ਮੁੱਖ ਮੰਤਰੀ ਵੀ ਕਹਿ ਸਕਦੇ ਹੋ।

**ਡਾਕਟਰ ਰਤਨ ਸਿੰਘ :** ਠੀਕ ਹੈ ਜੀ। ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿੰਨੀ ਕੁਰੱਪਸ਼ਨ ਪਿਛਲੇ ਪੰਜਾਂ ਸਾਲਾਂ ਵਿਚ ਹੋਈ ਹੈ, ਉਤਨੀ ਅੱਜ ਤੱਕ ਕਦੀ ਵੀ ਪੰਜਾਬ ਵਿਚ ਨਹੀਂ ਹੋਈ। ਚਾਹੇ ਨੌਕਰੀਆਂ ਦਾ ਮਾਮਲਾ ਸੀ, ਚਾਹੇ ਟਰਾਂਸਫਰਾਂ ਦਾ ਅਤੇ ਚਾਹੇ ਪੋਸਟਿੰਗ ਦਾ। ਤੁਸੀਂ ਰਿਕਾਰਡ ਕਢਵਾ ਕੇ ਦੇਖ ਲਵੋ ਕਿ ਪਿਛਲੇ ਪੰਜ ਸਾਲਾਂ ਵਿਚ ਸਰਕਾਰ ਦੇ ਖਿਲਾਫ ਕਿਤਨੇ ਕੇਸ ਹਾਈ ਕੋਰਟ ਵਿਚ ਗਏ ਹਨ। ਦੁਨੀਆਂ ਵਿਚ ਐਸੀ ਕੋਈ ਮਿਸਾਲ ਨਹੀਂ ਮਿਲਦੀ ਜਿਥੇ ਕਿ ਇਕ ਸਟੇਟ ਦਾ ਚੀਫ ਸੈਕਟਰੀ ਹੋਵੇ ਅਤੇ ਉਸ ਨੂੰ ਸਜ਼ਾ ਹੋਈ ਹੋਵੇ। ਇਹ ਕਿਤੇ ਨਹੀਂ ਲਿਖਿਆ ਕਿ ਸਟੇਟ ਦਾ ਚੀਫ ਸੈਕਟਰੀ ਹੋਵੇ ਅਤੇ ਉਸ ਨੂੰ ਇਕ ਮਹੀਨੇ ਦੀ ਸਜ਼ਾ ਹੋਈ ਹੋਵੇ। ਇਹ ਹਾਲਤ ਇਨ੍ਹਾਂ ਲੋਕਾਂ ਦੀ ਰਹੀ ਹੈ।

ਸਪੀਕਰ ਸਾਹਿਬ, ਪੰਜਾਬ ਦੇ ਪਾਣੀਆਂ ਦਾ ਬੜਾ ਅਹਿਮ ਮਸਲਾ ਹੈ। ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ। ਪਾਣੀ ਤੋਂ ਬਿਨਾਂ ਖੇਤੀ ਨਹੀਂ ਹੋ ਸਕਦੀ। ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਪਾਣੀ ਦੀ ਰੋਕ ਲਈ ਕਪੂਰੀ ਦਾ ਮੋਰਚਾ ਲਗਾਇਆ ਸੀ। ਕਪੂਰੀ ਦਾ ਮੋਰਚਾ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਅਸੀਂ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਲਈ, ਜੋ ਐਸ.ਵਾਈ.ਐਲ ਬਣ ਰਹੀ ਸੀ, ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ। ਉਹ ਬੜਾ ਸ਼ਲਾਘਾਯੋਗ ਕਦਮ ਹੈ। ਇਥੋਂ ਤੱਕ ਕਿ ਪਹਿਲਾਂ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ ਸੀ ਤਾਂ ਉਨ੍ਹਾਂ ਨੇ ਪਾਣੀਆਂ ਦੀ ਵੰਡ ਲਈ ਸੁਪਰੀਮ ਕੋਰਟ ਵਿਚ ਕੇਸ ਕੀਤਾ ਸੀ ਅਤੇ ਕਿਹਾ ਸੀ ਕਿ ਸੁਪਰੀਮ ਕੋਰਟ ਦਾ ਜੋ ਵੀ ਫੈਸਲਾ ਹੋਵੇਗਾ, ਉਹ ਸਾਨੂੰ ਮਨਜ਼ੂਰ ਹੋਵੇਗਾ ਪਰ ਜਦੋਂ ਸਰਦਾਰ ਦਰਬਾਰਾ ਸਿੰਘ

Original with;
Punjab Vidhan Sabha
Digitized by;
Panjab Digital Library

ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਉਹ ਕੇਸ ਵਾਪਸ ਲੈ ਲਿਆ। ਸਪੀਕਰ ਸਾਹਿਬ, ਪੰਜਾਬ ਨੂੰ ਪਾਣੀ ਦੀ ਬਹੁਤ ਜ਼ਰੂਰਤ ਹੈ ਅਤੇ ਪਾਣੀ ਇਥੇ ਬਹੁਤ ਘੱਟ ਹੈ। ਹੁਣ ਸਾਡੀ ਸਰਕਾਰ ਨੇ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਜਿਹੜਾ ਸਟੈਂਡ ਲਿਆ ਹੈ, ਇਹ ਬਹੁਤ ਸ਼ਲਾਘਾਯੋਗ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਪੰਜਾਬ 60 % ਅਨਾਜ ਸੈਂਟਰਲ ਪੂਲ ਵਿਚ ਦਿੰਦਾਂ ਹੈ। ਹੁਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਕਿਸਾਨ ਦੀ ਮੱਦਦ ਕੀਤੀ ਹੈ, ਇਹ ਵੀ ਬੜਾ ਸ਼ਲਾਘਾ ਯੋਗ ਕਦਮ ਹੈ। ਸਪੀਕਰ ਸਾਹਿਬ, ਪਹਿਲਾਂ ਕਦੇ ਵੀ ਕਿਸੇ ਸਰਕਾਰ ਨੇ ਕਿਸਾਨ ਦਾ ਹੱਥ ਨਹੀਂ ਫੜਿਆ। ਇਹ ਪਹਿਲੀ ਵੇਰ ਹੈ ਕਿ ਕਿਸਾਨਾਂ ਦੇ ਬਿਜਲੀ ਦੇ ਬਿੱਲ, ਨਹਿਰੀ ਪਾਣੀ ਦੇ ਬਿਲ ਅਤੇ ਜ਼ਮੀਨ ਦਾ ਮਾਲੀਆ ਮੁਆਫ ਕੀਤਾ ਗਿਆਂ ਹੈ। ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਕਿਸਾਨਾਂ ਨੂੰ ਬਹੁਤ ਵੱਡੀ ਦੇਣ ਹੈ। ਸਪੀਕਰ ਸਾਹਿਬ ਪਿੱਛੇ ਜਦੋਂ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਹੋਂਦ ਵਿਚ ਆਈ ਸੀ ਤਾਂ ਤੁਹਾਨੂੰ ਪਤਾ ਹੀ ਹੈ ਕਿ ਉਦੋਂ 19/- ਰੁਪਏ ਪ੍ਰਤੀ ਹਾਰਸ ਪਾਵਰ ਬਿਜਲੀ ਦਾ ਰੇਟ ਸੀ ਪਰ ਇਨ੍ਹਾਂ ਉਹ ਵਧਾ ਕੇ 65/- ਰੁਪਏ ਕਰ ਦਿੱਤਾ ਅੰਤੇ ਜਦੋਂ ਜਾਣ ਲੱਗੇ ਤਾਂ ਉਹ ਘਟਾ ਕੇ 50/-ਰੁਪਏ ਪ੍ਰਤੀ ਹਾਰਸ ਪਾਵਰ ਕਰ ਦਿੱਤਾਂ। ਇਹ ਮੇਰੇ ਸਤਿਕਾਰਯੋਗ ਭੈਣ ਜੀ ਬੈਠੇ ਹਨ, ਇਨ੍ਹਾਂ ਨੇ ਹੁਸ਼ਿਆਰੀ ਕੀਤੀ ਅਤੇ ਐਲਾਨ ਕੀਤਾ ਕਿ ਸੱਤ ਏਕੜ ਤੱਕ ਬਿਜਲੀ ਦੇ ਬਿਲ ਮੁਆਫ ਕਰ ਦਿਤੇ ਜਾਣਗੇ। ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਲੁਧਿਆਣੇ ਵਿਖੇ ਇਕ ਇਤਿਹਾਸਕ ਰੈਲੀ ਕੀਤੀ ਸੀ ਤਾਂ ਉਥੇ ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਟਿਊਬਵੈਲਾਂ ਅਤੇ ਨਹਿਰਾਂ ਦਾ ਪਾਣੀ ਮੁਫਤ ਕਰ ਦਿੱਤਾ ਜਾਵੇਗਾ। ਉਸ ਵੇਲੇ ਇਨ੍ਹਾਂ ਨੇ ਸਟੇਟਮੈਂਟ ਦਿੱਤੀ ਸੀ ਕਿ ਇਹ ਨਹੀਂ ਹੋ ਸਕਦਾ ਪਰ ਫੇਰ ਥੋੜੀ ਦੇਰ ਬਾਅਦ ਹੀ ਇਨ੍ਹਾਂ ਨੇ ਰੈਲੀ ਕੀਤੀ ਅਤੇ ਜੋ ਕੁਝ ਅਸੀਂ ਕਰਨਾ ਚਾਹੁੰਦੇ ਸੀ, ਇਨ-ਬਿਨ ਉਸ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਅਤੇ ਮੈਨੂੰ ਇਹ ਦੱਸਦਿਆਂ ਖੁਸ਼ੀ ਹੁੰਦੀ ਹੈ ਕਿ ਪਹਿਲੀ ਜਨਵਰੀ ਨੂੰ ਇਨ੍ਹਾ ਨੇ ਮੇਰੇ ਹਲਕੇ ਅਜਨਾਲਾ ਵਿਚ ਦੌਰਾ ਰੱਖਿਆ ਪਰ ਸਰਦਾਰ ਮਨੋਹਰ ਸਿੰਘ ਗਿੱਲ, ਚੀਫ ਇਲੈਕਸ਼ਨ ਕਮਿਸ਼ਨਰ ਨੇ ਜੋ ਕਿ ਬਾਦਲ ਸਾਹਿਬ ਦੇ ਪ੍ਰਿੰਸੀਪਲ ਸਕੱਤਰ ਰਹਿ ਚੁੱਕੇ ਸਨ, ਚੋਣਾਂ ਡਿਕਲੇਅਰ ਕਰ ਦਿੱਤੀਆਂ ਅਤੇ ਇਨ੍ਹਾਂ ਵੱਲੋਂ ਜੋ ਅਨਾਊਸਮੈਂਟਸ ਕੀਤੀਆਂ ਗਈਆਂ ਸਨ, ਉਨ੍ਹਾਂ ਤੇ ਰੋਕ ਲਗਾ ਦਿੱਤੀ। ਸਪੀਕਰ ਸਾਹਿਬ, 7 ਏਕੜ ਜ਼ਮੀਨ ਵਾਲੀ ਸ਼ਰਤ ਨਾਲ ਲੋਕਾਂ ਨੇ ਤਹਿਸੀਲਦਾਰਾਂ ਅਤੇ ਪਟਵਾਰੀਆਂ ਦੇ ਹੱਥੋਂ ਲੁਟਿਆ ਜਾਣਾ ਸੀ। ਹੁਣ ਲੋਕ ਖੁਸ਼ ਹਨ। ਸਾਰੇ ਲੋਕਾਂ ਦੇ ਬਿਜਲੀ, ਪਾਣੀ ਅਤੇ ਮਾਲੀਏ ਦੇ ਬਿੱਲ ਮੁਆਫ ਕਰ ਦਿੱਤੇ ਗਏ ਹਨ। ਇਹ ਵੀ ਇੱਕ ਸ਼ਲਾਘਾਯੋਗ ਗੱਲ ਹੈ।

ਸਪੀਕਰ ਸਹਿਬ, ਇਕ ਹੋਰ ਸਭ ਤੋਂ ਵੱਡੀ ਗੱਲ ਇਹ ਹੈ ਕਿ 1984 ਵਿੱਚ ਜਿਹੜਾ ਸਿੱਖਾਂ ਦਾ ਕਤਲੇਆਮ ਹੋਇਆ ਸੀ, ਉਸ ਦੇ ਖਿਲਾਫ ਅਸੀਂ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਕਰਦੇ ਰਹੇ ਹਾਂ। ਰਾਜਪਾਲ ਦੇ ਭਾਸ਼ਣ ਵਿੱਚ ਇਸ ਦਾ ਜ਼ਿਕਰ ਬੜਾ ਜ਼ਰੂਰੀ ਸੀ, ਪਹਿਲਾਂ ਕਦੇ ਵੀ ਇਹ ਰਾਜਪਾਲ ਦੇ ਭਾਸ਼ਣ ਵਿਚ ਨਹੀਂ ਸੀ ਲਿਆਂਦਾ ਗਿਆ। ਇਹ ਪਹਿਲੀ ਵਾਰ ਹੈ ਕਿ ਪੰਜਾਬ ਅਸੈਂਬਲੀ ਵਿੱਚ ਇਹ

Original with;
Punjab Vidhan Sabha
Digitized by;
Punjab Digital Library

[ਸਰਦਾਰ ਰਤਨ ਸਿੰਘ]

ਗੱਲ ਆਈ ਹੈ। ਸਪੀਕਰ ਸਾਹਿਬ, 1984 ਦੇ ਦੰਗਿਆਂ ਦੀ ਜਦੋਂ ਅਸੀਂ ਗੱਲ ਕਰਦੇ ਹਾਂ ਤਾਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਤੁਸੀਂ ਵੀ ਪਾਰਲੀਮੈਂਟ ਦੇ ਮੈਂਬਰ ਰਹੇ ਹੋ ਅਤੇ ਮੈਨੂੰ ਵੀ ਉਨ੍ਹਾਂ ਲੋਕਾਂ ਦੇ ਘਰ ਜਾਣ ਦਾ ਮੌਕਾ ਮਿਲਿਆ ਹੈ। ਛੋਟੇ ਛੋਟੇ ਬੱਚਿਆਂ ਦੇ ਗਲਾਂ ਵਿੱਚ ਜਦੋਂ ਟਾਇਰ ਪਾ ਕੇ ਉਨ੍ਹਾਂ ਦੀਆਂ ਮਾਵਾਂ ਦੇ ਸਾਹਮਣੇ ਸਾੜਿਆ ਜਾ ਰਿਹਾ ਸੀ ਤਾਂ ਉਥੇ ਮੌਜੂਦ ਕਾਂਗਰਸੀ ਲੀਡਰ ਇਹ ਕਹਿੰਦੇ ਸਨ "ਮਰ ਨਹੀਂ ਰਿਹਾ, ਡਿਸਕੋ ਡਾਂਸ ਕਰ ਰਿਹਾ ਹੈ"। ਸਪੀਕਰ ਸਾਹਿਬ, 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਲਵਾਉਣ ਲਈ ਬੀ.ਜੇ.ਪੀ. ਅਤੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਖੁਰਾਣਾ ਦੇ ਅਸੀਂ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਟੈਂਡ ਲਿਆ ਅਤੇ ਭਗਤ ਵਰਗੇ, ਟਾਈਟਲਰ ਵਰਗੇ ਲੀਡਰਾਂ ਨੂੰ ਸਜ਼ਾਵਾਂ ਦਿਵਾਈਆਂ। 1984 ਵਿੱਚ ਜੋ ਕਤਲੇਆਮ ਹੋਇਆ, ਉਹ ਦੁਨੀਆਂ ਵਿੱਚ ਇਕ ਬੇਮਿਸਾਲ ਧੱਕਾ ਹੈ ਔਰ ਖਾਸ ਤੌਰ ਤੇ ਸਿੱਖ ਕਮਿਊਨਿਟੀ ਨਾਲ ਬਹੁਤ ਵੱਡਾ ਧੱਕਾ ਹੈ ਜਿਨ੍ਹਾਂ ਨੂੰ ਇਕੱਲੇ ਦਿੱਲੀ ਵਿੱਚ ਹੀ ਨਹੀਂ ਬਲਕਿ ਬੋਕਾਰੋ ਔਰ ਹਿੰਦੁਸਤਾਨ ਦੇ ਹੋਰ ਹਿੱਸਿਆਂ ਵਿੱਚ ਵੀ ਇਸ ਧੱਕੇ ਦਾ ਸਾਹਮਣਾ ਕਰਨਾ ਪਿਆ। ਇਹ ਧੱਕਾ ਉਥੇ ਹੋਇਆ ਜਿੱਥੇ ਕਾਂਗਰਸੀ ਸਰਕਾਰਾਂ ਸਨ। ਸਾਡੇ ਲਾਗੇ ਹੀ ਭਜਨ ਲਾਲ ਦੀ ਸਰਕਾਰ ਸੀ। ਉਨ੍ਹਾਂ ਦਿਨਾਂ ਵਿੱਚ ਹਰਿਆਣਾ ਨੂੰ ਕੋਈ ਵੀ ਕਰਾਸ ਨਹੀਂ ਕਰ ਸਕਦਾ ਸੀ। ਮੈਂ ਤਾਂ ਕਹਾਂਗਾ ਕਿ ਸਾਰੇ ਦੇ ਸਾਰੇ ਕਾਂਗਰਸੀ ਕਾਤਲ ਹਨ। ਉਨ੍ਹਾਂ ਨੇ ਕਤਲ ਕਰਵਾਏ ਔਰ ਮੈਨੂੰ ਖੁਸ਼ੀ ਹੈ ਕਿ ਪੰਜਾਬ ਦੇ ਬਹਾਦਰਾਂ ਲੋਕਾਂ ਨੇ ਇਨ੍ਹਾਂ ਦੇ ਵਿਰੁੱਧ ਫਤਵਾ ਦਿੱਤਾ ਹੈ। ਜੋ ਕੁਝ ਇਨ੍ਹਾਂ ਨੇ ਕੀਤਾ ਹੈ, ਉਹ ਹੁਣ ਇਨ੍ਹਾਂ ਨੂੰ ਭੁਗਤਣਾ ਪਿਆ ਹੈ। ਅਸਲ ਵਿੱਚ ਤਾਂ ਇਹ 12 ਹੀ ਜਿੱਤ ਕੇ ਆਏ ਹਨ। 2-3 ਤਾਂ ਨਵੇਂ ਹੀ ਹਨ।

**ਸ੍ਰੀ ਸਪੀਕਰ:** ਆਪੋਜ਼ੀਸ਼ਨ ਲੀਡਰ ਨੇ ਵੀ ਬੋਲਣਾ ਹੈ। ਤੁਸੀਂ ਹੁਣ ਵਾਈਂਡ ਅੱਪ ਕਰੋ।

**ਡਾਕਟਰ ਰਤਨ ਸਿੰਘ:** ਸਪੀਕਰ ਸਹਿਬ, ਇਨ੍ਹਾਂ ਨੇ ਤਾਂ ਧੱਕਾ ਕੀਤਾ ਹੈ। ਤੁਸੀਂ ਤਾਂ ਹੁਣ ਧੱਕਾ ਨਾ ਕਰੋ।

**ਸ੍ਰੀ ਸਪੀਕਰ:** ਇਨ੍ਹਾਂ ਨੂੰ ਵੀ ਟਾਇਮ ਦੇਣਾ ਹੈ।

**ਡਾਕਟਰ ਰਤਨ ਸਿੰਘ:** ਸਪੀਕਰ ਸਾਹਿਬ, ਅਗਲੀ ਜਿਹੜੀ ਵੱਡੀ ਗੱਲ ਰਾਜਪਾਲ ਦੇ ਭਾਸ਼ਣ ਵਿੱਚ ਕਹੀ ਗਈ ਹੈ, ਉਹ ਹੈ ਧਾਰਾ 356 ਨੂੰ ਖਤਮ ਕਰਨਾ। ਸਟੇਟਾਂ ਦੀਆਂ ਸਰਕਾਰਾਂ ਨਾਲ ਕਾਂਗਰਸ ਦੀ ਸੈਂਟਰ ਦੀ ਸਰਕਾਰ ਹਮੇਸ਼ਾਂ ਧੱਕਾ ਕਰਦੀ ਰਹੀ ਹੈ। ਮੈਂ 1985 ਦੀ ਗੱਲ ਦੱਸਦਾ ਹਾਂ। ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਮੈਜਾਰਿਟੀ ਸੀ ਔਰ ਇਨ੍ਹਾਂ ਦੀ ਸਰਕਾਰ ਬਣੀ। ਉਸ ਸਮੇਂ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ। ਅੱਜ ਅਸੀਂ ਚੰਡੀਗੜ੍ਹ ਦੀ ਗੱਲ ਕਰਦੇ ਹਾਂ। ਮੈਂ ਉਸ ਵੇਲੇ ਅਸੈਂਬਲੀ ਦਾ ਮੈਂਬਰ ਸੀ। 26 ਜਨਵਰੀ, 1986 ਨੂੰ ਚੀਫ ਮਨਿਸਟਰ ਸਾਹਿਬ ਨੇ ਹੁਕਮ ਦਿੱਤਾ ਕਿ ਇੱਥੇ ਹੀ ਸਾਰਿਆਂ ਨੇ ਰਹਿਣਾ ਹੈ ਔਰ ਸਵੇਰੇ ਅਸੀਂ ਚੰਡੀਗੜ੍ਹ ਝੰਡਾ ਲਹਿਰਾਉਣਾ ਹੈ ਪਰ ਜਦੋਂ ਅਸੀਂ ਸਵੇਰੇ ਉਠੇ ਤਾਂ ਪਤਾ ਲੱਗਾ ਕਿ ਚੰਡੀਗੜ੍ਹ ਪੰਜਾਬ ਨੂੰ

Original with;
Punjab Vidhan Sabha
Digitized by;
Panjab Digital Library

ਨਹੀਂ ਦਿੱਤਾ ਗਿਆ ਸਗੋਂ ਵਿਸਾਖੀ ਦੇ ਦਿਹਾੜੇ ਤੇ ਅੱਗੇ ਪਾ ਦਿੱਤਾ ਗਿਆ ਹੈ । ਇਸ ਤਰ੍ਹਾਂ ਦੇ ਹਾਲਾਤ ਇਨ੍ਹਾਂ ਨੇ ਪੈਦਾ ਕੀਤੇ । ਚੰਡੀਗੜ੍ਹ ਤੇ ਪੰਜਾਬ ਦਾ ਹੱਕ ਹੈ । ਫੇਰੂਮਾਨ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ । ਜਦੋਂ ਵੀ ਚੰਡੀਗੜ੍ਹ ਦਾ ਮਸਲਾ ਆਇਆ ਉਸ ਵੇਲੇ ਕਾਂਗਰਸ ਨੇ ਬੜੇ ਤਕੜੇ ਹੋ ਕੇ ਇਸ ਦੀ ਵਿਰੋਧਤਾ ਕੀਤੀ ਔਰ ਮੈਨੂੰ ਖੁਸ਼ੀ ਹੈ ਕਿ ਰਾਜਪਾਲ ਦੇ ਭਾਸ਼ਣ ਵਿੱਚ ਚੰਡੀਗੜ੍ਹ ਲੈਣ ਬਾਰੇ ਗੱਲ ਹੋਈ ਹੈ । ਇਹ ਇੱਕ ਬਹੁਤ ਵੱਡੀ ਗੱਲ ਹੈ ।

ਸਪੀਕਰ ਸਾਹਿਬ, ਅੱਗੇ ਜਿਹੜੀ ਸਭ ਤੋਂ ਵੱਡੀ ਗੱਲ ਹੈ, ਉਹ ਫੈਡਰਲ ਢਾਂਚੇ ਦੀ ਹੈ । ਇਹ ਹਿੰਦੁਸਤਾਨ ਦੀਆਂ ਸਾਰੀਆਂ ਸਟੇਟਾਂ ਦੀ ਮੰਗ ਹੈ । ਇਹ ਹਿੰਦੁਸਤਾਨ ਦੇ ਲੋਕਾਂ ਦੀ ਮੰਗ ਹੈ । ਅੱਜ ਇਨ੍ਹਾਂ ਨੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਹਊਆ ਬਣਾ ਕੇ ਰੱਖ ਦਿੱਤਾ ਹੈ । ਆਨੰਦਪੁਰ ਸਾਹਿਬ ਦਾ ਮਤਾ ਕੀ ਹੈ ? ਇਹ ਵੀ ਫੈਡਰਲ ਢਾਂਚੇ ਦੀ ਗੱਲ ਕਰਦਾ ਹੈ ਤਾਂ ਕਿ ਸਟੇਟਾਂ ਨੂੰ ਵੱਧ ਅਧਿਕਾਰ ਮਿਲ ਸਕਣ ਔਰ ਡਿਵੈਲਪਮੈਂਟ ਹੋ ਸਕੇ । ਕਿਸੇ ਸਟੇਟ ਵਿੱਚ ਕੋਈ ਫੈਕਟਰੀ ਲਗਾਉਣ ਲਈ ਜਾਂ ਡਿਵੈਲਪਮੈਂਟ ਕਰਨ ਲਈ ਸੈਂਟਰ ਅੱਗੇ ਹੱਥ ਅੱਡਣੇ ਪੈਂਦੇ ਹਨ । ਇਸ ਲਈ ਸਟੇਟਾਂ ਨੂੰ ਅਧਿਕਾਰ ਦੇਣਾ ਚਾਹੀਦਾ ਹੈ । ਜੇ ਸਟੇਟਾਂ ਨੂੰ ਵੱਧ ਅਧਿਕਾਰ ਹੋਣਗੇ ਤਾਂ ਹੀ ਹਿੰਦੁਸਤਾਨ ਦੀ ਤਰੱਕੀ ਹੋ ਸਕੇਗੀ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਦਾ ਜ਼ਿਕਰ ਸਭ ਤੋਂ ਪਹਿਲਾਂ ਹਿੰਦੁਸਤਾਨ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਕੀਤਾ । ਅੱਜ ਹਿੰਦੁਸਤਾਨ ਦੀ ਹਰ ਸਟੇਟਾਂ ਦੀ ਇਹ ਇੱਛਾ ਹੈ ਕਿ ਸਟੇਟਾਂ ਨੂੰ ਵੱਧ ਅਧਿਕਾਰ ਮਿਲਣ ਤਾਂ ਕਿ ਅਸੀਂ ਤਰੱਕੀ ਕਰ ਸਕੀਏ । ਜੇ ਸਟੇਟਾਂ ਤਰੱਕੀ ਨਹੀਂ ਕਰਨਗੀਆਂ ਤਾਂ ਹਿੰਦੁਸਤਾਨ ਕਿੱਥੋਂ ਤਰੱਕੀ ਕਰ ਸਕੇਗਾ ? ਹਿੰਦੁਸਤਾਨ ਵਿੱਚ ਫੈਡਰਲ ਢਾਂਚਾ ਹੋਣਾ ਚਾਹੀਦਾ ਹੈ ਤਾਂ ਕਿ ਸਟੇਟਾਂ ਤਰੱਕੀ ਕਰ ਸਕਣ ।

ਅੱਜ ਕਾਂਗਰਸੀ ਬੜੀਆਂ ਗੱਲਾਂ ਕਰ ਰਹੇ ਹਨ ਪਰ, ਸਪੀਕਰ ਸਾਹਿਬ, ਜਿਹੜੀ ਸਭ ਤੋਂ ਵੱਡੀ ਗੱਲ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਕੀਤੀ ਹੈ, ਉਹ ਹੈ ਮਕਾਨ ਬਣਾਉਣ ਲਈ 50,000 ਰੁਪਏ ਦੇਣਾ । ਕਾਂਗਰਸ ਸਰਕਾਰ ਸਮੇਂ ਸਿਰਫ 15,000 ਰੁਪਏ ਹੀ ਮਿਲਦੇ ਸਨ ਪਰ ਸ਼ਡਿਊਲਡ ਕਾਸਟ ਵੀਰਾਂ ਨੂੰ ਹੁਣ 50,000 ਰੁਪਏ ਮਿਲਣਗੇ । ਇਸ ਤੋਂ ਇਲਾਵਾ 60 ਕਰੋੜ ਰੁਪਿਆ ਰੱਖਿਆ ਗਿਆ ਹੈ ਜਿਸ ਨਾਲ 12,000 ਮਕਾਨ ਬਣਨਗੇ । ਸਪੀਕਰ ਸਾਹਿਬ, ਇੱਥੇ ਪੈਨਸ਼ਨਾਂ ਦੀ ਚਰਚਾ ਹੋਈ । ਕਾਂਗਰਸੀ ਵਰਕਰ ਕੀ ਕਰਦੇ ਰਹੇ ਹਨ । ਇਨ੍ਹਾਂ ਦੀਆਂ ਜੇਬਾਂ ਵਿੱਚ ਫਾਰਮ ਹੁੰਦੇ ਸਨ ਔਰ ਫਾਰਮ ਦੇਣ ਸਮੇਂ 250/- ਰੁਪਏ ਲੈਂਦੇ ਸਨ ਫਾਰਮਾਂ ਦਾ ਦਫਤਰਾਂ ਵਿੱਚ ਢੇਰ ਲੱਗ ਗਿਆ ਸੀ ਪਰ ਪੈਨਸ਼ਨ ਕਿਸੇ ਨੂੰ ਵੀ ਨਹੀਂ ਮਿਲੀ ਸੀ । ਦਫਤਰ ਵਿੱਚ ਵੀ ਉਸ ਨੂੰ ਪੈਨਸ਼ਨ ਮਿਲਦੀ ਸੀ ਜਿਹੜਾ ਪੈਸੇ ਦਿੰਦਾ ਸੀ ਪਰ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਸਰਕਾਰ ਨੇ ਪਿਛਲਾ ਲਾਟ ਖਤਮ ਕਰਨ ਲਈ 22 ਕਰੋੜ ਰੁਪਏ ਰੱਖੇ ਹਨ ਤਾਂ ਕਿ 15 ਮਾਰਚ ਤੱਕ ਇਹ ਕੇਸ ਨਿਪਟਾਏ ਜਾ ਸਕਣ । ਇਸ ਤਰ੍ਹਾਂ 15 ਮਾਰਚ ਤੱਕ 22 ਕਰੋੜ ਰੁਪਏ ਵੰਡਣ ਦਾ ਉਪਰਾਲਾ ਕੀਤਾ ਗਿਆ ਹੈ । ਇਹ ਇੱਕ ਬਹੁਤ ਵੱਡਾ ਸਟੈੱਪ ਹੈ ।

Original with;
Punjab Vidhan Sabha
Digitized by;
Panjab Digital Library

[ਡਾਕਟਰ ਰਤਨ ਸਿਘ]

ਅਗਲੀ ਗੱਲ ਪਿੰਡਾਂ ਦੀ ਡਿਵੈਲਪਮੈਂਟ ਦੀ ਹੈ। ਸਪੀਕਰ ਸਾਹਿਬ, 1997 ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ ਔਰ ਉਸ ਸਮੇਂ ਉਸ ਨੇ ਫੋਕਲ ਪੁਆਇੰਟਾਂ ਦਾ ਕੰਮ ਚਾਲੂ ਕੀਤਾ। ਇਹ ਬਹੁਤ ਵੱਡੀ ਸਕੀਮ ਸੀ ਔਰ ਇਹ ਪੰਜਾਬ ਦੇ ਪਿੰਡਾਂ ਦੀ ਡਿਵੈਲਪਮੈਂਟ ਦਾ ਬਹੁਤ ਉਸਾਰੂ ਢੰਗ ਸੀ ਪਰ ਇਨ੍ਹਾਂ ਨੇ ਉਨ੍ਹਾਂ ਫੋਕਲ ਪੁਆਇੰਟਾਂ ਨੂੰ ਫੱਕੇ ਪੁਆਇੰਟ ਕਿਹਾ। ਹੁਣ ਖਾਸ ਤੌਰ ਤੇ ਸਰਕਾਰ ਨੇ ਇੱਕ ਯੋਜਨਾ ਬੰਦੀ ਤਿਆਰ ਕੀਤੀ ਹੈ ਔਰ ਹਰ ਬਲਾਕ ਵਿੱਚ ਪੜਾਅਵਾਰ ਵਿਕਾਸ ਕਰਨ ਦੇ ਪ੍ਰੋਗਰਾਮ ਸ਼ੁਰੂ ਕਰਨੇ ਉਲੀਕੇ ਹਨ। ਇਹ ਬਹੁਤ ਵੱਡੀ ਤਜਵੀਜ਼ ਹੈ।

ਸਪੀਕਰ ਸਾਹਿਬ, ਵਿੱਦਿਆ ਬਹੁਤ ਜ਼ਰੂਰੀ ਹੈ। ਪਿਛਲੇ ਪੰਜ ਸਾਲ ਲਗਾਤਾਰ, ਜਿਹੜੇ ਮੇਰੇ ਵੀਰ ਸਾਹਮਣੇ ਬੈਠੇ ਹਨ, ਇਹ ਸਕੂਲ ਅਪਗ੍ਰੇਡ ਕਰਦੇ ਰਹੇ ਪਰ ਸਕੂਲਾਂ ਵਿੱਚ ਕੋਈ ਅਧਿਆਪਕ ਨਹੀਂ ਭੇਜਿਆ, ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਬਣਾਈਆਂ, ਇਹੀ ਕਹਿੰਦੇ ਰਹੇ ਕਿ ਅੱਜ ਏਨੇ ਪ੍ਰਾਇਮਰੀ ਸਕੂਲ ਅਪਗ੍ਰੇਡ ਕਰ ਦਿੱਤੇ, ਅੱਜ ਏਨੇ ਮਿਡਲ ਸਕੂਲ ਅਪਗ੍ਰੇਡ ਕਰ ਦਿੱਤੇ ਔਰ ਅੱਜ ਏਨੇ ਹਾਈ ਸਕੂਲ ਕਰ ਦਿੱਤੇ ਪਰ ਕਿਤੇ ਟੀਚਰ ਨਹੀਂ ਭੇਜੇ। ਮੇਰੇ ਸਾਥੀ ਸਵੇਰੇ ਸਵਾਲ ਕਰ ਰਹੇ ਸੀ ਕਿ ਸਾਰੇ ਸਕੂਲ ਖਾਲੀ ਪਏ ਹਨ। ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ, ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਅੱਜ ਸਾਰੇ ਹਾਊਸ ਨੂੰ ਯਕੀਨ ਦਿਵਾਇਆ ਹੈ ਕਿ 30 ਮਈ ਤੱਕ ਹਰ ਸਕੂਲ ਵਿੱਚ ਟੀਚਰ ਭੇਜਿਆ ਜਾਵੇਗਾ। ਸਭ ਤੋਂ ਵੱਡੀ ਔਰ ਜਿਹੜੀ ਜ਼ਰੂਰੀ ਗੱਲ ਹੈ, ਉਹ ਹੈ ਆਦਰਸ਼ ਸਕੂਲ ਬਣਾਉਣੇ। ਇਹ ਪਿੰਡ ਦੇ ਲੋਕਾਂ ਦੀ ਬਹੁਤ ਵੱਡੀ ਮੰਗ ਸੀ। 1977 ਵਿੱਚ ਇਹ ਸਕੀਮ ਚਾਲੂ ਕੀਤੀ ਗਈ ਸੀ ਪਰ ਸਾਡੀ ਸਰਕਾਰ ਨਹੀਂ ਰਹੀ ਔਰ ਇਹ ਸਕੀਮ ਵਿੱਚ ਹੀ ਰਹਿ ਗਈ ਸੀ। ਹੁਣ ਜਿਹੜੇ ਉਪਰਾਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੀਤੇ ਹਨ, ਉਨ੍ਹਾਂ ਨਾਲ ਪੰਜਾਬ ਦੇ ਗਰੀਬ ਲੋਕਾਂ ਨੂੰ, ਖਾਸ ਤੌਰ ਤੇ ਪਿੰਡਾਂ ਦੇ ਲੋਕਾਂ ਨੂੰ ਵਿਦਿਆ ਦੇਣ ਦਾ ਉਪਰਾਲਾ ਕੀਤਾ ਗਿਆ ਹੈ। ਜਿਹੜੇ ਸਕੂਲ ਬਣਾਉਣੇ ਹਨ, ਉਨ੍ਹਾਂ ਵਿਚ ਉਚ ਮਿਆਰ ਦੀ ਸਿੱਖਿਆ ਮਿਲਣੀ ਹੈ। ਬਕਾਇਦਾ ਪਿੰਡਾਂ ਦੇ ਗਰੀਬ ਲੋਕ ਇਸ ਦਾ ਫਾਇਦਾ ਉਠਾ ਸਕਣਗੇ।

ਸਭ ਤੋਂ ਵੱਡੀ ਗੱਲ, ਸਪੀਕਰ ਸਾਹਿਬ, ਮੈਂ ਕਰਨੀ ਚਾਹੁੰਦਾ ਹਾਂ ਛੋਟੀਆਂ ਬੱਚਤਾਂ ਦੀ, ਜੋ ਕਿ ਬਹੁਤ ਜ਼ਰੂਰੀ ਹੈ। ਇਸ ਸਰਕਾਰ ਨੇ ਰਾਜਪਾਲ ਦੇ ਭਾਸ਼ਣ ਵਿੱਚ ਕਿਹਾ ਹੈ ਕਿ ਅਗਲੇ ਸਾਲ ਸਰਕਾਰ ਦਾ ਟੀਚਾ 1100 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ।

ਸਪੀਕਰ ਸਾਹਿਬ, ਮੈਂ ਖੇਤੀਬਾੜੀ ਦੀ ਗੱਲ ਕਰਨੀ ਚਾਹੁੰਦਾ ਹਾਂ। ਅੱਗੇ ਵੀ ਕੀਤੀ ਹੈ ਕਿ ਖੇਤੀਬਾੜੀ ਕੋਈ ਲਾਹੇਵੰਦਾ ਧੰਦਾ ਨਹੀਂ ਹੈ। ਜਦੋਂ ਤੱਕ ਖੇਤੀ ਦੀ ਡਾਈਵਰਸੀਫਿਕੇਸ਼ਨ ਨਹੀਂ ਹੁੰਦੀ, ਪੰਜਾਬ ਦਾ ਕਿਸਾਨ ਤਰੱਕੀ ਨਹੀਂ ਕਰ ਸਕਦਾ। ਇਸ ਲਈ ਡਾਈ-ਵਰਸੀਫਿਕੇਸ਼ਨ ਬਹੁਤ ਜ਼ਰੂਰੀ ਹੈ। ਅਸੀਂ ਕਣਕ ਤੇ ਝੋਨਾ ਲਗਾਤਾਰ ਪੈਦਾ ਕੀਤਾ ਹੈ ਅਤੇ ਹਿੰਦੁਸਤਾਨ ਦੇ ਲੋਕ ਜੋ ਭੁੱਖ ਮਰੀ ਦੇ ਸ਼ਿਕਾਰ ਸਨ.......

**ਸ਼੍ਰੀ ਸਪੀਕਰ:** ਜਲਦੀ ਖ਼ਤਮ ਕਰੋ। ਫਿਰ ਮੈਂ ਕਿਸੇ ਹੋਰ ਮਾਨਯੋਗ ਮੈਂਬਰ ਨੂੰ ਵੀ ਬੋਲਣ ਦਾ ਟਾਇਮ ਦੇਣਾ ਹੈ।

Original with;
Punjab Vidhan Sabha
Digitized by;
Panjab Digital Library

**ਡਾਕਟਰ ਰਤਨ ਸਿੰਘ**: ਪੰਜਾਬ ਦੇ ਲੋਕਾਂ ਨੇ ਲਗਾਤਾਰ ਮਿਹਨਤ ਕਰਕੇ ਸੈਂਟਰ ਵਿੱਚ ਅੰਨ ਦਾ ਭੰਡਾਰ ਭਰਿਆ ਹੈ, ਇਹ ਬਹੁਤ ਸ਼ਲਾਘਾਯੋਗ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਪੰਜਾਬ ਦੇ ਜ਼ਿਮੀਂਦਾਰਾਂ ਨੂੰ ਜੋ ਰਾਹਤ ਦਿੱਤੀ ਹੈ, ਇਹ ਉਨ੍ਹਾਂ ਦਾ ਹੱਕ ਸੀ ਅਤੇ ਇਹ ਬਹੁਤ ਜ਼ਰੂਰੀ ਸੀ ਕਿਉਂਕਿ ਉਹਨਾਂ ਨੇ ਬਹੁਤ ਮਿਹਨਤ ਕਰਕੇ ਖੇਤੀਬਾੜੀ ਦਾ ਕੰਮ .....

**ਸ਼੍ਰੀ ਸਪੀਕਰ**: ਬਹੁਤ ਧੰਨਵਾਦ ਜੀ।

**ਡਾਕਟਰ ਰਤਨ ਸਿੰਘ**: ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਾਂ ਤਾਂ ਮੈਨੂੰ ਖੁੱਲ੍ਹਾ ਟਾਇਮ ਦਿਉ।......

**ਸ਼੍ਰੀ ਸਪੀਕਰ**. ਫਿਰ ਦੇ ਦੇਵਾਂਗੇ।

**ਡਾਕਟਰ ਰਤਨ ਸਿੰਘ**: ਸਪੀਕਰ ਸਾਹਿਬ, ਮੈਂ ਅਖੀਰ ਵਿੱਚ ਵਿੱਚ ਤੁਹਾਡਾ ਬਹੁਤ ਧੰਨਵਾਦੀ ਹਾਂ ਅਤੇ ਇਹ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ, ਇਸ ਦੀ ਮੈਂ ਪੁਰਜ਼ੋਰ ਸ਼ਬਦਾਂ ਵਿੱਚ ਪ੍ਰੋੜਤਾ ਕਰਦਾ ਹਾਂ। ਧੰਨਵਾਦ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ (ਲਹਿਰਾ)**: ਸਪੀਕਰ ਸਾਹਿਬ, ਜਿਹੜਾ 5 ਤਰੀਕ ਨੂੰ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਹੈ, ਮੈਂ ਉਸ ਭਾਸ਼ਣ ਦੀ ਸ਼ਲਾਘਾ, ਉਸ ਭਾਸ਼ਣ ਦੇ ਸਬੰਧ ਵਿੱਚ ਜਿਹੜਾ ਮਤਾ ਸਾਡੇ ਮਾਨਯੋਗ ਮੈਂਬਰ ਖਿਆਲਾ ਜੀ ਨੇ ਪੇਸ਼ ਕੀਤਾ ਹੈ, ਉਸ ਦੇ ਕੁਝ ਤੱਥਾਂ ਦੀ ਵਿਰੋਧਤਾ ਅਤੇ ਜੋ ਕੁਝ ਇਸ ਭਾਸ਼ਣ ਦੇ ਵਿੱਚ ਰਹਿ ਗਿਆ ਹੈ ਜਾਂ ਕਿਤੇ ਥੋੜੀ ਮੋਟੀ ਕੋਈ ਕਮੀ ਨਜ਼ਰ ਆਉਂਦੀ ਹੈ, ਉਸ ਤੇ ਸੁਝਾਉ ਦੇਣ ਵਾਸਤੇ ਖੜ੍ਹੀ ਹੋਈ ਹਾਂ ਅਤੇ ਧੰਨਵਾਦੀ ਹਾਂ ਕਿ ਤੁਸੀਂ ਇਸ ਉਪਰ ਬੋਲਣ ਦਾ ਮੈਨੂੰ ਵਕਤ ਦਿੱਤਾ ਹੈ। ਸਪੀਕਰ ਸਾਹਿਬ, ਇਸ ਵਾਰ ਜਿਹੜੀ ਇਲੈਕਸ਼ਨ ਹੋਈ ਹੈ, ਇਸ ਇਲੈਕਸ਼ਨ ਦੇ ਵਿੱਚ ਮੈਂ ਇਕ ਗੱਲ ਬੜੀ ਅੱਛੀ ਸਮਝਦੀ ਹਾਂ ਕਿ ਪੰਜਾਬ ਦੇ ਵਿੱਚ ਪੁਰ ਅਮਨ ਤੇ ਪੀਸਫੁਲ ਇਲੈਕਸ਼ਨ ਹੋਈ ਹੈ ਅਤੇ ਮੈਕਸੀਮਮ ਲੋਕਾਂ ਨੇ ਇਸ ਦੇ ਵਿੱਚ ਡੈਮੋਕ੍ਰੇਟਿਕ ਤਰੀਕੇ ਨਾਲ ਭਾਗ ਲਿਆ ਹੈ। ਚੋਣਾਂ ਤੋਂ ਬਾਅਦ ਇੱਕ ਹੋਰ ਅੱਛੀ ਗੱਲ ਕਹੀ ਗਈ, ਸਾਡੀ ਅੱਜ ਦੀ ਸਰਕਾਰ ਦੇ ਲੀਡਰ ਬਾਦਲ ਸਾਹਿਬ ਨੇ। ਇਨ੍ਹਾਂ ਨੇ ਪਹਿਲੀ ਦਫਾ ਅਮਨ ਦੀ ਗੱਲ ਕੀਤੀ ਹੈ, ਪਹਿਲੀ ਦਫਾ ਇਨ੍ਹਾਂ ਨੇ ਟਕਰਾਅ ਦੀ ਨੀਤੀ ਛੱਡਣ ਦੀ ਸ਼ੁਰੂਆਤ ਕੀਤੀ ਹੈ ਅਤੇ ਇਨ੍ਹਾਂ ਨੇ ਪਹਿਲੀ ਦਫਾ ਡੈਮੋਕਰੇਸੀ ਨੂੰ ਕਿਸ ਤਰੀਕੇ ਦੇ ਨਾਲ ਕਿਸ ਪੱਧਰ ਤੇ ਲੈ ਕੇ ਜਾਣਾ ਹੈ, ਇਹ ਗੱਲ ਕੀਤੀ ਹੈ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਜੋ ਅਸੀਂ ਸ਼ੁਰੂਆਤ ਕੀਤੀ ਸੀ, ਉਸ ਨੂੰ ਚੰਗਾ ਹੁੰਗਾਰਾ ਮਿਲਿਆ ਹੈ।। ਮੇਰੀ ਜਾਤੀ ਸੋਚ ਵੀ ਹੁੰਦੀ ਸੀ ਅੱਜ ਮੈਂ ਪਹਿਲੇ ਦਿਨ ਹੀ ਇਹ ਗੱਲ ਕਹੀ ਸੀ ਕਿ ਅਸੀਂ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਾਂ, ਸਾਨੂੰ ਇੱਕ ਚੰਗਾ ਸਿਸਟਮ ਔਰ ਅੱਛੀਆਂ ਪ੍ਰੰਪਰਾਵਾਂ ਕਾਇਮ ਕਰਨੀਆਂ ਚਾਹੀਦੀਆਂ ਹਨ, ਅਨ-ਨਸੈਸਰਿਲੀ ਸਾਨੂੰ ਕਿਸੇ ਵੀ ਕਨਫਰੰਟੇਸ਼ਨ ਵਿੱਚ ਨਹੀਂ ਪੈਣਾ ਚਾਹੀਦਾ ਔਰ ਜਦੋਂ ਸਪੀਕਰ ਸਾਹਿਬ ਦੀ ਚੋਣ ਹੋਈ, ਇਹ ਪਹਿਲੀ ਦਫਾ ਹੋਇਆ ਕਿ ਸਪੀਕਰ ਦਾ ਅਸੀਂ ਸਿਰਫ ਧੰਨਵਾਦ ਹੀ ਨਹੀਂ ਕੀਤਾ, ਸਮਰਥਨ ਹੀ ਨਹੀਂ ਕੀਤਾ, ਸਗੋਂ ਸਾਡੀ ਆਪੋਜ਼ੀਸ਼ਨ ਪਾਰਟੀ ਦੇ ਮੈਂਬਰ ਨੇ ਸੈਕਿੰਡ ਵੀ ਕੀਤਾ। ਇਹ ਪਹਿਲੀ ਦਫ਼ਾ ਹੈ ਔਰ ਆਪਣੇ ਆਪ ਵਿੱਚ ਇਹ ਇਕ ਰਿਵਾਇਤ ਹੈ। ਮੈਨੂੰ ਖੁਸ਼ੀ ਹੈ ਕਿ ਜੋ ਤੁਹਾਡੀ ਸ਼ਖਸੀਅਤ ਹੈ। ਤੁਹਾਡਾ ਤਜਰਬਾ ਹੈ, ਔਰ ਤੁਹਾਡੀ ਐਜੂਕੇਸ਼ਨ ਹੈ, ਇਹ ਸਾਰੀਆਂ ਚੀਜ਼ਾਂ ਸਚਮੁੱਚ ਹੀ ਇਸ ਕੁਰਸੀ ਦੇ ਕਾਬਲ ਸਨ। ਲੇਕਿਨ ਇਸ ਸਾਰੀ ਚੀਜ਼ ਨੂੰ ਅਸੀਂ ਆਪਣੀ ਪਾਰਟੀ ਵੱਲੋਂ ਜੋ ਕੀਤਾ, ਆਪਣੀ ਕਾਂਗਰਸ ਪਾਰਟੀ ਵੱਲੋਂ ਔਰ ਕਾਂਗਰਸ ਮੈਂਬਰ ਵੱਲੋਂ ਕਾਂਗਰਸ ਪਾਰਟੀ ਦੀ ਨੀਤੀ ਜੋ ਹੈ, ਅਸੀਂ ਉਸ ਉਪਰ ਪੂਰੀ ਤਰ੍ਹਾਂ ਚਲਦੇ ਹੋਏ ਪੂਰਾ ਸਮਰਥਨ ਹੀ ਨਹੀਂ ਕੀਤਾ ਸਗੋਂ ਆਪਣੇ ਆਪ ਨੂੰ ਸ਼ਾਮਲ ਵੀ ਕੀਤਾ ਔਰ ਇਸ ਤਰ੍ਹਾਂ ਇਹ ਗੱਲ ਵੀ ਪਹਿਲੀ ਵਾਰ ਹੈ। ਸਪੀਕਰ ਸਾਹਿਬ, ਆਮ ਤੌਰ ਤੇ ਦੇਖਣ ਵਿੱਚ ਆਇਆ ਕਿ ਜਦੋਂ ਗਵਰਨਰ ਦਾ ਭਾਸ਼ਣ ਹੁੰਦਾ ਸੀ, ਸਾਡੇ ਕੁਝ ਮਾਨਯੋਗ ਮੈਂਬਰ ਸਾਹਿਬਾਨ ਜਿਹੜੇ ਪਹਿਲਾਂ ਇਧਰਲੇ ਬੈਂਚਾਂ ਤੇ ਸਨ, ਪਿਛਲੇ ਪੰਜ ਸਾਲਾਂ ਦੇ ਵਿਚ ਸ਼ਾਇਦ ਉਨ੍ਹਾਂ ਨੇ ਗਵਰਨਰ ਦੇ ਭਾਸ਼ਣ ਦਾ ਕਦੀ ਇਕ ਅੱਖਰ ਵੀ ਨਹੀਂ ਸੁਣਿਆ ਹੋਵੇਗਾ। ਜਦੋਂ ਗਵਰਨਰ ਸਾਹਿਬ ਹਾਊਸ ਦੇ ਵਿਚ ਭਾਸ਼ਣ ਦੇਣ ਲੱਗਦੇ ਤਾਂ ਮਾਨਯੋਗ ਮੈਂਬਰ ਵੀ ਭਾਸ਼ਣ ਦੀ ਕਾਪੀ ਫੜ ਕੇ ਪੜ੍ਹਣੀ ਸ਼ੁਰੂ ਕਰ ਦਿੰਦੇ। ਲੇਕਿਨ ਸਾਡੀ ਪਾਰਟੀ ਨੇ ਗਵਰਨਰ ਸਾਹਿਬ ਦੇ ਭਾਸ਼ਣ ਨੂੰ ਪੂਰੀ ਤਰ੍ਹਾਂ ਸੁਣਿਆ ਹੈ। ਸਪੀਕਰ ਸਾਹਿਬ, ਇਹ ਪਹਿਲੀ ਦਫਾ ਹੋਇਆ ਹੈ ਅਤੇ ਅਸੀਂ ਇਸ ਦਾ ਸਮਰਥਨ ਕੀਤਾ ਅਤੇ ਹੁਣ ਵੀ ਕਰ ਰਹੇ ਹਾਂ। ਇਨ੍ਹਾਂ ਨੇ ਗਵਰਨਰ ਦੇ ਭਾਸ਼ਣ ਵਿੱਚ ਟਕਰਾਅ ਦੀ ਨੀਤੀ ਉਤੇ ਨਾ ਚੱਲਣ ਦੀ ਗੱਲ ਕੀਤੀ ਹੈ ਪਰ ਇਨ੍ਹਾਂ ਨੇ ਹੀ ਇਸ ਨੂੰ ਕੰਡੈਮ ਕਰਕੇ ਟਕਰਾਅ ਦੀ ਨੀਤੀ ਉਤੇ ਚੱਲਣ ਦੀ ਗੱਲ ਕੀਤੀ ਹੈ ਅਤੇ ਇਨ੍ਹਾਂ ਨੇ ਆਪ ਹੀ ਇਹ ਕਮਿੱਟਮੈਂਟ ਤੋੜੀ ਹੈ। ਸਪੀਕਰ ਸਾਹਿਬ, ਇਹ ਭਾਸ਼ਣ ਇਤਿਹਾਸਕ ਜਰੂਰ ਹੈ, ਪਰ ਇਸ ਦੇ ਜੋ ਪੁਆਇੰਟਸ ਹਨ ਇੱਕ ਤੋਂ ਲੈ ਕੇ ਆਖਰੀ ਪੁਆਇੰਟ ਤੱਕ ਹਨ, ਅਗਰ ਉਨ੍ਹਾਂ ਨੂੰ ਪਿਛਲੇ ਮਤਿਆਂ ਦੇ ਨਾਲ ਜਾਂ ਪਿਛਲੇ 51 ਨੁਕਾਤੀ ਪ੍ਰੋਗਰਾਮ ਦੇ ਨਾਲ ਮਿਲਾ ਕੇ ਦੇਖ ਲਿਆ ਜਾਵੇ ਤਾਂ ਇਹ ਸਾਰਾ ਮਾਣ ਕਾਂਗਰਸ ਸਰਕਾਰ ਨੂੰ ਜਾਂਦਾ ਹੈ ਅਤੇ ਇਹ ਨੀਤੀਆਂ ਪਿਛਲੀ ਕਾਂਗਰਸ ਸਰਕਾਰ ਨੇ ਹੀ ਤਿਆਰ ਕੀਤੀਆਂ ਸਨ। ਅਗਰ ਸਵੇਰ ਦਾ ਘਰ ਤੋਂ ਗਿਆ, ਸ਼ਾਮ ਨੂੰ ਘਰ ਵਾਪਸ ਆ ਜਾਵੇ ਤਾਂ ਉਹ ਭੁੱਲਿਆ ਨਹੀਂ ਅਖਵਾਉਂਦਾ। ਇਸ ਲਈ ਗਵਰਨਰ ਸਾਹਿਬ ਦੇ ਭਾਸ਼ਣ ਦਾ ਸਾਰਾ ਮਾਣ ਕਾਂਗਰਸ ਪਾਰਟੀ ਨੂੰ ਹੀ ਜਾਂਦਾ ਹੈ। (ਵਿਰੋਧੀ ਪਾਰਟੀਆਂ ਵੱਲੋਂ ਥੰਪਿੰਗ) ਟਕਰਾਅ ਦੀ ਨੀਤੀ ਤੇ ਨਾ ਚੱਲਣ ਲਈ ਅਸੀਂ ਬਿਲਕੁਲ ਸਹਿਮਤ ਹਾਂ, ਅਸੀਂ ਤਾਂ ਪਹਿਲੇ ਹੀ ਦਿਨ ਇਸ ਬਾਰੇ ਕਿਹਾ ਸੀ। ਅਸੀਂ ਮਾਮਲੇ ਜ਼ੀਰੋ ਆਵਰ ਵਿੱਚ ਵੀ ਉਠਾ ਸਕਦੇ ਹਾਂ, ਪਰ ਕਾਂਗਰਸ ਪਾਰਟੀ ਵਲੋਂ ਹਾਊਸ ਦੀ ਫਲੋਰ ਤੇ ਜੋ ਕਮਿੱਟਮੈਂਟਸ ਕੀਤੀਆ ਹਨ, ਉਨ੍ਹਾਂ ਨੂੰ ਉਹ ਬਰਕਰਾਰ ਰੱਖੇਗੀ ਅਤੇ ਚੰਗੀਆਂ ਪ੍ਰੰਪਰਾਵਾਂ ਕਾਇਮ ਰੱਖੇਗੀ। ਕਾਂਗਰਸ ਪਾਰਟੀ ਇਕ ਅਨੁਸ਼ਾਸ਼ਨ ਵਿੱਚ ਰਹਿਣ ਵਾਲੀ ਪਾਰਟੀ ਹੈ। ਅਸੀਂ ਇਹ ਸੋਚਿਆ ਹੈ ਕਿ ਜਿਹੜੀ ਗੱਲ ਅਸੀਂ ਜਿਸ ਤਰ੍ਹਾਂ

ਕਹਿਣੀ ਹੈ, ਭਾਸ਼ਣ ਤੇ ਕਹਿਣੀ ਹੈ ਜਾਂ ਹੋਰ ਕਿਸੇ ਵੇਲੇ ਅਸੀਂ ਬੜੀ ਤਹਿਜ਼ੀਬ ਦੇ ਨਾਲ ਚੱਲਣਾ ਹੈ । ਲੇਕਿਨ ਇਕ ਮਾਨਯੋਗ ਮੈਂਬਰਾਂ ਨੇ ਆਪ ਹੀ ਕਮਿੱਟਮੈਂਟਸ ਕਰਕੇ ਛੱਡ ਦਿੱਤੀਆਂ ਹਨ ।

ਸਪੀਕਰ ਸਾਹਿਬ, ਮਨੁੱਖੀ ਅਧਿਕਾਰ ਕਮਿਸ਼ਨ ਬਾਰੇ ਕਿਹਾ ਗਿਆ ਹੈ, ਇਸ ਬਾਰੇ ਵੀ ਸਾਡੀ ਸਰਕਾਰ ਨੇ ਆਰਡੀਨੈਂਸ ਜਾਰੀ ਕੀਤਾ ਸੀ ਔਰ ਅਸੀਂ ਆਰਡੀਨੈਂਸ ਦੇ ਰਾਹੀਂ ਮਨੁੱਖੀ ਅਧਿਕਾਰ ਕਮਿਸ਼ਨ ਲੈ ਕੇ ਆਏ ਸੀ । ਮੇਰੇ ਇਹ ਭਰਾ ਹਿਊਮਨ ਰਾਈਟਸ ਕਮਿਸ਼ਨ ਦੀ ਗੱਲ ਕਰਦੇ ਰਹੇ । ਉਸ ਦੀ ਸਿਫਾਰਸ਼ ਕਰਦੇ ਰਹੇ, ਉਸ ਬਾਰੇ ਬਿਆਨ ਦਿੰਦੇ ਰਹੇ, ਪਰ ਇਹ ਗੱਲ ਕਿਸ ਦੀ ਕਰਦੇ ਸਨ, ਅੱਤਵਾਦ ਦੀ । ਇਹ ਅੱਤਵਾਦ ਦੇ ਰਾਈਟਸ ਦੀ ਗੱਲ ਕਰਦੇ ਰਹੇ । ਹਰ ਥਾਂ ਤੇ ਕਿਹਾ ਜਾ ਰਿਹਾ ਹੈ ਕਿ ਹਿਊਮਨ ਰਾਈਟਸ ਦਾ ਕਤਲ ਹੋ ਰਿਹਾ ਹੈ । ਮੈਂ ਪੁੱਛਦੀ ਹਾਂ ਕਿ ਕਿਹੜਾ ਹਿਊਮਨ ਰਾਈਟਸ । 'ਕੌਲੀ' ਦੇ ਵੂੱਲ ਪਾਉਣੇ ਜਾ ਕਿਸੇ ਅੱਤਵਾਦੀ ਨੂੰ ਸਿਰੋਪਾ ਦੇਣਾ, ਇਹ ਹਿਊਮਨ ਰਾਈਟ ਹੈ ? 200 ਬੰਦਿਆਂ ਨੂੰ ਮਾਰਨ ਵਾਲੇ ਕਾਤਲ ਦਾ ਪੁਲਿਸ ਮੁਕਾਬਲੇ ਵਿੱਚ ਮਾਰਿਆ ਜਾਣਾ, ਇਹ ਹਿਊਮਨ ਰਾਈਟ ਸੀ । ਬੱਸਾਂ ਵਿੱਚੋਂ ਕੱਢ ਕੇ ਬੇਕਸੂਰ ਲੋਕਾਂ ਨੂੰ ਮਾਰਨਾ, ਹਿਊਮਨ ਰਾਈਟ ਸੀ ? ਲਾਲਾ ਜਗਤ ਨਰਾਇਣ ਵਰਗੇ ਨੇਤਾ ਨੂੰ, ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਅਤੇ ਮਾਸਟਰ ਤਾਰਾ ਸਿੰਘ ਜੀ ਦੀ ਬੇਟੀ, ਪੰਜਾਬ ਦੇ ਸਿੱਖ ਪਰਿਵਾਰ ਦੀ ਬੇਟੀ ਨੂੰ ਦਿਨ ਦਿਹਾੜੇ ਪੰਜਾਬ ਦੀ ਧਰਤੀ ਉਪਰ, ਇਸ ਧਰਤੀ ਉਪਰ ਮਾਰਿਆ ਗਿਆ । ਉਸ ਵਕਤ ਕਿਸੇ ਨੇ ਆਵਾਜ਼ ਨਹੀਂ ਉਠਾਈ ਹਿਊਮਨ ਰਾਈਟਸ ਦੀ, ਇਨ੍ਹਾਂ ਕਤਲਾਂ ਦੀ ਨਿੰਦਿਆ ਨਹੀਂ ਕੀਤੀ । ਸਾਬਕਾ ਜਥੇਦਾਰ ਅਕਾਲ ਤਖਤ ਪ੍ਰਤਾਪ ਸਿੰਘ ਮਾਰੇ ਗਏ ਪਰ ਕੋਈ ਭਰਾ ਨਹੀਂ ਬੋਲਿਆ । ਇਹ ਕਹਿੰਦੇ ਰਹੇ ਕਿ ਬੇਅੰਤ ਸਿੰਘ ** ਹਨ ਪਰ ਬੇਅੰਤ ਸਿੰਘ ਸ਼ੇਰ ਦੀ ਜ਼ਿੰਦਗੀ ਜੀਏ ਅਤੇ ਸ਼ੇਰ ਦੀ ਤਰ੍ਹਾਂ ਸ਼ਹੀਦ ਹੋਏ । (ਆਪੋ-ਜ਼ੀਸ਼ਨ ਵੱਲੋਂ ਥੰਪਿੰਗ) ਪੰਜਾਬ ਦੇ ਲੋਕ ਚਾਹੁੰਦੇ ਸਨ ਕਿ 1992 ਵਿੱਚ ਚੋਣਾਂ ਲੜੀਆਂ ਜਾਣ । ਅਫਸੋਸ ਹੈ ਕਿ ਇਹ ਬਹਾਦਰੀ ਦੀਆਂ ਗੱਲਾਂ ਕਰਨ ਵਾਲੇ, ਆਪਣੇ ਆਪ ਨੂੰ ਤਕੜਾ ਸਮਝਣ ਵਾਲੇ, ਮੇਰੇ ਮਾਨਯੋਗ ਭਰਾ ਕਿਸ ਤਰੀਕੇ ਨਾਲ ਚੋਣਾਂ ਦੇ ਮੈਦਾਨ ਵਿੱਚੋਂ ਭੱਜ ਗਏ । ਪੰਜਾਬ ਦੇ ਲੋਕਾਂ ਤੋਂ ਮੂੰਹ ਫੇਰ ਲਿਆ । ਬਹਾਦਰੀ ਕਿਸ ਨੇ ਕੀਤੀ ਸਰਦਾਰ ਬੇਅੰਤ ਸਿੰਘ ਨੇ ਜਿਨ੍ਹਾਂ ਨੇ ਆਪਣੀ ਜਾਨ ਤਲੀ ਤੇ ਧਰ ਕੇ ...... ।

**ਸਰਦਾਰ ਤੋਤਾ ਸਿੰਘ:** ਸਪੀਕਰ ਸਾਹਿਬ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਦਾਨ ਵਿਚ ਅਸੀਂ ਨਹੀਂ ਭੱਜੇ, ਮੈਦਾਨ ਵਿਚੋਂ ਤਾਂ ਇਹ ਭੱਜੇ ਸਨ । 1991 ਵਿਚ ਜਦੋਂ ਚੋਣਾਂ ਹੋਣੀਆਂ ਸਨ, ਉਦੋਂ ਇਨ੍ਹਾਂ ਨੇ ਬਾਈਕਾਟ ਕੀਤਾ ਸੀ । ਸਾਡੇ 26-27 ਮੈਂਬਰ ਮਾਰੇ ਗਏ । ਉਸ ਤੋਂ ਮਗਰੋਂ ਇਨ੍ਹਾਂ ਨੇ 20 ਘੰਟੇ ਪਹਿਲਾਂ ਚੋਣਾਂ ਮੁਲਤਵੀ ਕਰਾ ਦਿੱਤੀਆਂ । ਲੋਕ ਵੋਟਾਂ ਪਾਉਣ ਲਈ ਤਿਆਰ ਸਨ । ਅਸੀਂ ਪ੍ਰੋਟੈਸਟ ਕੀਤਾ । ਫੇਰ ਦੁਬਾਰਾ ਜਦੋਂ ਚੋਣਾਂ ਹੋਈਆਂ ਤਾਂ ਅਸੀਂ ਪ੍ਰੋਟੈਸਟ ਦੇ ਤੌਰ ਤੇ ਬਾਈਕਾਟ ਕਰ ਦਿੱਤਾ ਕਿਉਂਕਿ ਜੇ ਅਸੀਂ ਚੋਣਾਂ ਲੜਦੇ ਤਾਂ ਇਨ੍ਹਾਂ ਨੇ ਫਿਰ ਮੁਲਤਵੀ ਕਰਾ ਦੇਣੀਆਂ ਸਨ । (ਥੰਪਿੰਗ)

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ 1992

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਵਿਚ ਭੱਜੇ ਸਨ । 1991 ਵਿਚ ਚੋਣਾਂ ਕਿਉਂ ਮੁਲਤਵੀ ਹੋਈਆਂ । ਮੈਂ ਇਸ ਨਾਲ ਸਹਿਮਤ ਹਾਂ ਕਿ ਸਰਕਾਰ ਉਸ ਵਕਤ ਕੇਪੇਬਲ ਨਹੀਂ ਸੀ । ਉਮੀਦਵਾਰ ਮਾਰੇ ਗਏ ਸਨ ਚੰਦਰ ਸ਼ੇਖਰ ਦੀ ਸਰਕਾਰ ਸੀ । ਪੰਜਾਬ ਵਿਚ ਉਨ੍ਹਾਂ ਦੇ ਉਮੀਦਵਾਰ ਆਉਂਦੇ ਰਹੇ । ਤਕਰੀਰਾਂ ਕਰਦੇ ਰਹੇ । ਹਰਿਮੰਦਰ ਸਾਹਿਬ ਮੱਥਾ ਟੇਕਦੇ ਰਹੇ (ਵਿਘਨ) ਵਾਰ-ਵਾਰ ਇਸ ਤਰ੍ਹਾਂ ਕਰਨ ਨਾਲ ਇਹ ਇਸੇ ਤਰ੍ਹਾਂ ਜਵਾਬ ਦੇਈ ਜਾਣਗੇ । ਇਹ ਬੈਠ ਜਾਣ, ਨਹੀਂ ਤਾਂ ਮੈਂ ਬੈਠ ਜਾਂਦੀ ਹਾਂ ਜੇ ਇਨ੍ਹਾਂ ਨੇ ਇਸੇ ਤਰ੍ਹਾਂ ਹੀ ਕਰਨਾ ਹੈ ।

**ਸਰਦਾਰ ਮਨਜੀਤ ਸਿੰਘ ਕਲਕੱਤਾ** : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ ।

**ਸ਼੍ਰੀ ਸਪੀਕਰ** : ਸਰਦਾਰ ਮਨਜੀਤ ਸਿੰਘ ਕਲਕੱਤਾ, ਤੁਸੀਂ ਬੋਲੋ ਕੀ ਕਹਿਣਾ ਹੈ ।

**ਸਰਦਾਰ ਮਨਜੀਤ ਸਿੰਘ ਕਲਕੱਤਾ** : ਸਪੀਕਰ ਸਾਹਿਬ, ਬੀਬੀ ਭੱਠਲ ਜੀ ਨੇ ਚੰਦਰ ਸ਼ੇਖਰ ਦੀ ਸਰਕਾਰ ਬਾਰੇ ਕਿਹਾ ਹੈ । ਉਸ ਦੀ ਸਰਕਾਰ ਨੂੰ ਇਨ੍ਹਾਂ ਦੀ ਉਸੇ ਤਰੀਕੇ ਨਾਲ ਹਮਾਇਤ ਪ੍ਰਾਪਤ ਸੀ ਜਿਸ ਤਰੀਕੇ ਨਾਲ ਯੂਨਾਈਟਡ ਫਰੰਟ ਸਰਕਾਰ ਨੂੰ ਇਸ ਵੇਲੇ ਇਨ੍ਹਾਂ ਦੀ ਹਮਾਇਤ ਪ੍ਰਾਪਤ ਹੈ । ਅੱਜ ਇਹ ਇਸ ਗੱਲ ਬਾਰੇ ਨਹੀਂ ਕਹਿ ਸਕਦੇ । ਸਭ ਤੋਂ ਪਹਿਲਾਂ ਇਹ ਭੱਜੇ । ਉਸ ਤੋਂ ਬਾਅਦ ਸਾਡੇ ਬੰਦੇ ਕਤਲ ਹੋਏ । ਉਮੀਦਵਾਰ ਕਤਲ ਹੋਏ । ਸਾਰਿਆਂ ਨੂੰ ਪਤਾ ਹੈ ਕਿ ਕਿਸ ਤਰੀਕੇ ਨਾਲ ਉਸ ਵਕਤ ਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੇ 12 ਘੰਟੇ ਪਹਿਲਾਂ ਚੋਣਾਂ ਮੁਲਤਵੀ ਕਰਵਾਈਆਂ ਸਨ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਜਿਵੇਂ ਇਹ ਸਵਾਲ ਜਵਾਬ ਹੋ ਰਿਹਾ ਹੈ, ਇਸੇ ਤਰ੍ਹਾਂ ਹੀ ਅਸੀਂ ਵੀ ਇਹ ਰਵਾਇਤ ਕਾਇਮ ਰੱਖਾਂਗੇ । ਨਹੀਂ ਤਾਂ ਜੋ ਮੈਂ ਬੋਲ ਰਹੀ ਹਾਂ, ਉਸ ਦਾ ਜਵਾਬ ਇਹ ਬਾਅਦ ਵਿਚ ਦੇਣ । ਮੈਂ ਗੱਲ ਕਹਿ ਰਹੀ ਸੀ ਕਿ 1991 ਵਿਚ ਅਸੀਂ ਬਾਈਕਾਟ ਕੀਤਾ, ਮੈਂ ਐਡਮਿਟ ਕਰਦੀ ਹਾਂ ਔਰ ਮੈਂ ਇਸ ਨੂੰ ਡਿਨਾਈ ਨਹੀਂ ਕਰਦੀ । ਰੀਜ਼ਨ ਕੀ ਸੀ ? ਉਸ ਵਕਤ ਇਲੈਕਸ਼ਨਾਂ ਕਿਉਂ ਨਹੀਂ ਕਰਵਾਈਆਂ ਜਾ ਸਕੀਆਂ ? ਰੀਜ਼ਨ ਇਹ ਸੀ ਕਿ ਉਸ ਵਕਤ ਉਮੀਦਵਾਰ ਮਾਰੇ ਜਾ ਰਹੇ ਸਨ । ਦੇਸ਼ ਦੀ ਏਕਤਾ, ਅਖੰਡਤਾ ਨੂੰ ਕਾਇਮ ਰੱਖਣ ਲਈ ਅੱਤਵਾਦ ਨੂੰ ਦੂਰ ਕਰਨਾ ਸੀ । ਇਸ ਕਰਕੇ ਅਸੀਂ ਬਾਈਕਾਟ ਕੀਤਾ ਸੀ । ਇਹ ਠੀਕ ਹੈ ਕਿ ਉਸ ਵਕਤ ਅਸੀਂ ਰੀਫਰੈਂਡਮ ਨਹੀਂ ਹੋਣ ਦਿੱਤਾ । ਅਸੀਂ 1991 ਵਿਚ ਇਲੈਕਸ਼ਨਾਂ ਕੈਂਸਲ ਕੀਤੀਆਂ ਅਤੇ ਉਹ ਫੈਸਲਾ ਬਿਲਕੁਲ ਠੀਕ ਸੀ । ਅਸੀਂ ਨਹੀਂ ਚਾਹੁੰਦੇ ਸੀ ਕਿ ਕਾਫੀ ਮਾਤਰਾ ਦੇ ਵਿਚ ਵੋਟਰ ਮਾਰੇ ਜਾਣ ।ਉਸ ਵਕਤ 1991 ਵਿਚ ਪੰਜਾਬ ਵਿਚ ਇਲੈਕਸ਼ਨਾਂ ਕੈਂਸਲ ਕਰਨ ਦਾ ਫੈਸਲਾ ਸਰਕਾਰ ਨੇ ਠੀਕ ਕੀਤਾ ਸੀ । ਇਨ੍ਹਾਂ ਦੀ ਗੱਲ ਉਹ ਹੋ ਗਈ ਹੈ ਕਿ ਦੁੱਧ ਦਾ ਜਲਿਆ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਕੇ ਪੀਂਦਾ ਹੈ । ਸੈਂਟਰ ਦੇ ਵਿਚ ਉਸ ਵੇਲੇ ਕਾਂਗਰਸ ਪਾਰਟੀ ਦੀ ਸਰਕਾਰ ਬਣੀ । ਉਸ ਨੇ ਪੰਜਾਬ ਦੇ ਵਿਚ ਇਲੈਕਸ਼ਨਾਂ ਕਰਵਾਈਆਂ ਔਰ ਅਕਾਲੀ ਪਾਰਟੀ ਨੇ ਇਲੈਕਸ਼ਨਾਂ ਦਾ ਬਾਈਕਾਟ ਕੀਤਾ ।

Original with;
Punjab Vidhan Sabha
Digitized by;
Panjab Digital Library

ਅਸੀਂ ਕਿੰਨੀ ਆਰਮੀ ਦਾ ਇੰਤਜ਼ਾਮ ਕੀਤਾ ਔਰ ਐਡਮਿਨਿਸਟਰੇਟਿਵਲੀ ਇਲੈਕਸ਼ਨਾਂ ਕਰਵਾਉਣ ਲਈ ਇੰਤਜ਼ਾਮ ਕੀਤੇ ਤਾਂਕਿ ਲੋਕਾਂ ਨੂੰ ਮੌਕਾ ਦਿੱਤਾ ਜਾ ਸਕੇ ਔਰ ਪੰਜਾਬ ਦੇ ਵਿਚ ਅੱਤਵਾਦ ਨੂੰ ਖਤਮ ਕੀਤਾ ਜਾ ਸਕੇ । ਕਿਸੇ ਨੂੰ ਕਿਸੇ ਉਤੇ ਉਂਗਲ ਨਹੀਂ ਕਰਨ ਦਿੱਤੀ ਗਈ । ਇਥੇ ਸਾਡੀ ਪਾਰਟੀ ਕਾਫੀ ਮਾਤਰਾ ਦੇ ਵਿਚ ਜਿੱਤ ਕੇ ਆਈ ਔਰ ਸਾਡੀ ਪਾਰਟੀ ਦੀ ਸਰਕਾਰ ਬਣੀ । ਉਸ ਵਕਤ ਵੀ ਪੰਜਾਬ ਪੁਲਿਸ ਅਤੇ ਹੋਰ ਫੋਰਸਿਜ਼ ਉਤੇ ਕਾਫੀ ਖਰਚ ਹੋ ਰਿਹਾ ਸੀ ਔਰ ਪੰਜਾਬ ਦਾ ਖਜ਼ਾਨਾ ਖਾਲੀ ਪਿਆ ਹੋਇਆ ਸੀ ਪਰ ਅਸੀਂ ਖਜ਼ਾਨਾ ਖਾਲੀ ਹੋਣ ਦਾ ਰੌਲਾ ਨਹੀਂ ਪਾਇਆ ਸੀ । ਅਸੀਂ ਆ ਕੇ ਸਕੂਲਜ਼ ਅਤੇ ਹਸਪਤਾਲ ਜਿਹੜੇ ਬੰਦ ਪਏ ਹੋਏ ਸਨ, ਉਨ੍ਹਾਂ ਨੂੰ ਚਾਲੂ ਕਰਵਾਇਆ ਔਰ ਵਿਕਾਸ ਦੇ ਕੰਮਾਂ ਵਿਚ ਤੇਜ਼ੀ ਲਿਆਂਦੀ । ਲੋਕਾਂ ਦੇ ਵਿਚ ਜਾ ਕੇ ਉਨ੍ਹਾਂ ਦਾ ਹੌਸਲਾ ਬੁਲੰਦ ਕੀਤਾ । ਪੰਜਾਬ ਦੇ ਵਿਚ ਅੱਤਵਾਦ ਨੂੰ ਖਤਮ ਕੀਤਾ ਔਰ ਡਰ ਦਾ ਜਿਹੜਾ ਮਾਹੌਲ ਬਣਿਆ ਹੋਇਆ ਸੀ, ਉਸ ਨੂੰ ਖਤਮ ਕੀਤਾ । ਇਨ੍ਹਾਂ ਨੂੰ ਪਤਾ ਹੀ ਹੈ ਕਿ ਲੋਕ ਪਿੰਡਾਂ ਦੇ ਵਿਚੋਂ ਬਾਹਰ ਨਹੀਂ ਨਿਕਲਦੇ ਸਨ । ਸਾਡੀ ਪਾਰਟੀ ਪਿੰਡਾਂ ਦੇ ਵਿਚ ਜਾ ਕੇ ਲੋਕਾਂ ਨੂੰ ਮਿਲੀ । ਅਸੀਂ ਲੋਕਾਂ ਦਾ ਹੌਸਲਾ ਬੁਲੰਦ ਕੀਤਾ ਔਰ ਕੰਮ ਦੇ ਵਿਚ ਤੇਜ਼ੀ ਲਿਆਂਦੀ । ਇਥੇ 1985 ਵਿਚ ਬਰਨਾਲਾ ਸਾਹਿਬ ਦੀ ਵੀ ਸਰਕਾਰ ਬਣੀ ਸੀ ਔਰ ਉਸਨੇ ਵੀ ਕੰਮ ਕੀਤੇ ਸਨ । ਉਸ ਤੋਂ ਬਾਅਦ ਗਵਰਨਰੀ ਰਾਜ ਰਿਹਾ । 1992 ਦੇ ਵਿਚ ਅੱਤਵਾਦ ਦੇ ਖਿਲਾਫ ਅਸੀਂ ਇਲੈਕਸ਼ਨਾਂ ਲੜ ਕੇ ਆਏ ਸੀ । ਸਾਡੇ ਕਈ ਸਾਥੀ ਮਾਰੇ ਗਏ । ਸਾਡੇ ਐਕਸ ਮਨਿਸਟਰ ਔਰ ਪ੍ਰਦੇਸ਼ ਕਾਂਗਰਸ ਦੇ ਲੀਡਰ ਨੂੰ ਮਾਰ ਦਿੱਤਾ ਗਿਆ ਪਰ ਉਹ ਅੱਤਵਾਦੀ ਸਾਡੀ ਜ਼ੁਬਾਨ ਨੂੰ ਬੰਦ ਨਹੀਂ ਕਰ ਸਕੇ ਔਰ ਸਾਡੇ ਵਿਕਾਸ ਦੇ ਵਧਦੇ ਹੋਏ ਕੰਮਾਂ ਨੂੰ ਨਹੀਂ ਰੋਕ ਸਕੇ । ਅਸੀਂ ਬੜੀ ਦਲੇਰੀ ਨਾਲ ਲੋਕਾਂ ਦੇ ਵਿਚ ਜਾਂਦੇ ਸੀ ਅਤੇ ਲੋਕਾਂ ਦੇ ਕੰਮ ਕਰਦੇ ਸੀ । ਇਹ ਠੀਕ ਹੈ ਕਿ ਪੰਜਾਬ ਦਾ 600-700 ਕਰੋੜ ਰੁਪਿਆ ਪੁਲਿਸ ਫੋਰਸਿਜ਼ ਉਤੇ ਖਰਚ ਹੋਇਆ ਔਰ ਅਸੀਂ ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹਾਂ ਦਿੱਤੀਆਂ । ਇਹ ਸਾਰਾ ਕੁਝ ਖਰਚ ਕਰਨ ਤੋਂ ਬਾਅਦ ਸਾਡੇ ਖਜ਼ਾਨੇ ਦੇ ਵਿਚ ਕੁਝ ਨਹੀਂ ਰਹਿ ਜਾਂਦਾ ਸੀ, ਖਜ਼ਾਨੇ ਵਿਚ ਕੁਝ ਵੀ ਨਹੀਂ ਸੀ ਬਚਦਾ ਲੇਕਿਨ ਉਸ ਵਕਤ ਵੀ ਅਸੀਂ ਕੋਈ ਰੌਲਾ ਨਹੀਂ ਪਾਇਆ ਸੀ ਅਤੇ ਦੁਹਾਈ ਨਹੀਂ ਦਿੱਤੀ ਸੀ ਜਿਸ ਤਰ੍ਹਾਂ ਕਿ ਹੁਣ ਬਾਦਲ ਸਾਹਿਬ ਲੋਕਾਂ ਦੇ ਵਿਚ ਜਾ ਕੇ ਕਹਿੰਦੇ ਹਨ ਔਰ ਦੁਹਾਈ ਦਿੰਦੇ ਹਨ ਕਿ ਪੰਜਾਬ ਦਾ ਖਜ਼ਾਨਾ ਕਾਂਗਰਸ ਪਾਰਟੀ ਦੀ ਸਰਕਾਰ ਖਤਮ ਕਰ ਗਈ ਹੈ ਔਰ ਸਾਨੂੰ 2 ਸਾਲ ਦਾ ਸਮਾਂ ਦੇ ਦਿਓ ।

ਅਸੀਂ ਜਦੋਂ ਆਏ ਸੀ, ਉਸ ਵਕਤ ਵੀ ਪੰਜਾਬ ਦਾ ਖਜ਼ਾਨਾ ਖਾਲੀ ਸੀ ਪਰ ਅਸੀਂ ਇਥੇ ਆ ਕੇ ਵਿਕਾਸ ਦੇ ਕੰਮ ਰੁਕਣ ਨਹੀਂ ਦਿੱਤੇ । ਅਸੀਂ ਆਪਣੇ ਸਿਸਟਮ ਨੂੰ ਫੌਰੀ ਤੌਰ ਤੇ ਠੀਕ ਕੀਤਾ । ਆਪਣੀ ਅਕਲ ਦੇ ਨਾਲ ਪੰਜਾਬ ਵਿਚ ਪੀਸ ਲਿਆਂਦੀ ਔਰ ਖਜ਼ਾਨੇ ਲਈ ਰਿਸੋਰਸਿਜ਼ ਨੂੰ ਇਕੱਠਾ ਕੀਤਾ । ਪੀਸ ਆਉਣ ਦੇ ਨਾਲ ਪੰਜਾਬ ਵਿਚ ਕੋਆਪਰੇਟਿਵ ਮੂਵਮੈਂਟ ਦੇ ਵਿਚ ਜਿਹੜੀ ਰਿਕਵਰੀ ਰੁਕੀ ਪਈ ਸੀ, ਉਹ ਰਿਕਵਰੀ ਚਾਲੂ ਹੋਈ । ਐਕਸਾਈਜ਼ ਮਹਿਕਮੇ ਨੂੰ ਦਰੁਸਤ ਕੀਤਾ, ਪੈਪਸੂ ਰੋਡਵੇਜ਼ ਜਿਹੜੀ ਘਾਟੇ ਵਿਚ ਚੱਲ ਰਹੀ ਸੀ, ਉਸ ਨੂੰ ਮੁਨਾਫੇ ਵਿਚ ਲਿਆਂਦਾ ਔਰ ਪਨਸਪ ਮਹਿਕਮਾ ਜਿਹੜਾ ਕਾਫੀ ਦੇਰ ਤੋਂ ਘਾਟੇ ਵਿਚ ਚੱਲ ਰਿਹਾ ਸੀ, ਉਸ ਨੂੰ ਵੀ ਮੁਨਾਫੇ ਵਿਚ ਲਿਆਂਦਾ । ਇਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਅਸੀਂ ਆਪਣੇ ਸਿਸਟਮ ਨੂੰ ਠੀਕ ਕੀਤਾ ਸੀ ਅਤੇ ਲੋਕਾਂ ਵਿਚ ਆ ਕੇ ਕੰਮ ਕੀਤੇ ਸਨ। ਪੀਸ ਕਾਇਮ ਕੀਤਾ ਸੀ ਔਰ ਕਿਸੇ ਕੰਮ ਨੂੰ ਬੰਦ ਨਹੀਂ ਹੋਣ ਦਿੱਤਾ ਸੀ।

ਜਿਨ੍ਹਾਂ ਨੇ ਕਿਹਾ ਹੈ ਕਿ ਅਸੀਂ ਲੋਕਾਂ ਨੂੰ ਸਾਫ਼ ਸੁਥਰਾ ਪ੍ਰਸ਼ਾਸਨ ਦੇਵਾਂਗੇ ਔਰ ਭਰਿਸ਼ਟਾਚਾਰ ਤੋਂ ਰਹਿਤ ਸਰਕਾਰ ਦੇਵਾਂਗੇ, ਕਾਨੂੰਨ ਦਾ ਰਾਜ ਦੇਵਾਂਗੇ। ਕਿੰਨੀ ਹੈਰਾਨਗੀ ਵਾਲੀ ਗੱਲ ਹੈ। ਇਥੇ ਕੁਰੱਪਸ਼ਨ ਬਾਰੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਗੱਲ ਕੀਤੀ ਹੈ। ਕਲ੍ਹ ਇਥੇ ਬਾਦਲ ਸਾਹਿਬ ਨੇ ਵੀ ਇਕ ਸਵਾਲ ਦੇ ਜਵਾਬ ਵਿਚ ਕੁਰੱਪਸ਼ਨ ਬਾਰੇ ਗੱਲ ਕੀਤੀ ਸੀ ਪਰ ਮੈਨੂੰ ਬਹੁਤ ਅਫਸੋਸ ਹੈ ਕਿ ਬਾਦਲ ਸਾਹਿਬ ਦੀ ਸਰਕਾਰ ਦੇ ਵਿਚ ਉਚ ਅਧਿਕਾਰੀਆਂ ਦੇ ਖਿਲਾਫ ਐਲੀਗੇਸ਼ਨ ਲੱਗੇ ਜਿਨ੍ਹਾਂ ਦੇ ਖਿਲਾਫ਼ ਕੁਰੱਪਸ਼ਨ ਦੇ ਚਾਰਜਿਜ਼ ਮੇਰੇ ਸਾਹਮਣੇ ਆਏ, ਮੈਨੂੰ ਨਹੀਂ ਸੀ ਪਤਾ ਇਹ ਕਿਸ ਦੇ ਰਿਸ਼ਤੇਦਾਰ ਹਨ ਔਰ ਕਿਸ ਅਫਸਰ ਦਾ ਕਿਸ ਨਾਲ ਸਬੰਧ ਹੈ। ਉਨ੍ਹਾਂ ਦੇ ਖਿਲਾਫ ਮੇਰੇ ਕੋਲ ਬਤੌਰ ਮੁੱਖ ਮੰਤਰੀ ਕੇਸਿਜ਼ ਆਏ, ਲੀਗਲ ਰਾਏ ਵਾਸਤੇ ਕੇਸਿਜ਼ ਨੂੰ ਰੈਫਰ ਕੀਤਾ ਗਿਆ ਔਰ ਕੇਸ ਰਜਿਸਟਰ ਕਰਨ ਲਈ ਨੋਟੀਫੀਕੇਸ਼ਨ ਜਾਰੀ ਕੀਤੀ ਗਈ। ਬਿਨਾਂ ਕਿਸੇ ਪੱਖਪਾਤ ਤੋਂ ਇਹ ਕੁਰੱਪਸ਼ਨ ਦੇ ਕੇਸਿਜ਼ ਰਜਿਸਟਰਡ ਕੀਤੇ ਗਏ ਸਨ ਅਤੇ ਸੀ.ਬੀ.ਆਈ. ਨੂੰ ਰੈਫਰ ਕੀਤੇ ਗਏ ਸਨ ਪਰ ਬਾਦਲ ਸਾਹਿਬ ਦੀ ਸਰਕਾਰ ਨੇ ਬਣਦੇ ਸਾਰ ਹੀ ਇਨ੍ਹਾਂ ਕੇਸਿਜ਼ ਬਾਰੇ ਕੀਤੀ ਗਈ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ, ਸੀ.ਬੀ.ਆਈ. ਤੋਂ ਕੇਸਿਜ਼ ਵਿਦਡਰਾ ਕਰਨ ਦੀ ਕੋਸ਼ਿਸ਼ ਕੀਤੀ ਔਰ ਲਿਖ ਕੇ ਭੇਜ ਦਿੱਤਾ। ਫੇਰ ਇਨ੍ਹਾਂ ਨੂੰ ਪਤਾ ਹੋਵੇਗਾ ਕਿ ਕੁਰੱਪਸ਼ਨ ਦੇ ਖਿਲਾਫ ਅਸੀਂ ਸੀ ਜਾਂ ਫੇਰ ਬਾਦਲ ਸਾਹਿਬ ਖੁਦ ਹਨ। ਬਾਦਲ ਸਾਹਿਬ ਨੂੰ ਚਾਹੀਦਾ ਸੀ ਕਿ ਇਸ ਨੋਟੀਫਿਕੇਸ਼ਨ ਨੂੰ ਰੱਦ ਨਾ ਕਰਦੇ ਔਰ ਇਨਕੁਆਰੀ ਚਲਣ ਦਿੰਦੇ ਪਰ ਬਾਦਲ ਸਾਹਿਬ ਦੀ ਸਰਕਾਰ ਨੇ ਉਨ੍ਹਾਂ ਅਫਸਰਾਂ ਦੇ ਖਿਲਾਫ ਜਿਨ੍ਹਾਂ ਦੇ ਵਿਰੁੱਧ ਐਲੀਗੇਸ਼ਨਜ਼ ਲੱਗੇ ਸਨ, ਨੋਟੀਫੀਕੇਸ਼ਨ ਨੂੰ ਬੰਦ ਕਰਵਾ ਦਿੱਤਾ ਜਦ ਕਿ ਅਸੀਂ ਕੁਰੱਪਸ਼ਨ ਦੇ ਖਿਲਾਫ਼ ਹੁਕਮ ਜਾਰੀ ਕੀਤੇ ਸਨ। ਅਸੀਂ ਇਹ ਕੇਸਿਜ਼ ਬਿਨਾਂ ਪੱਖਪਾਤ ਦੇ ਰੈਫਰ ਕੀਤੇ ਸਨ ਔਰ ਸਾਨੂੰ ਨਹੀਂ ਸੀ ਪਤਾ ਕਿ ਇਹ ਕਿਸ ਦੇ ਰਿਸ਼ਤੇਦਾਰ ਹਨ।

ਮੈਂ ਕਿਸੇ ਨੂੰ ਸਜ਼ਾ ਨਹੀਂ ਦਿੱਤੀ ਔਰ ਨਾ ਹੀ ਕੋਈ ਨੋਟਿਸ ਜਾਰੀ ਕੀਤਾ ਪਰ ਉਨ੍ਹਾਂ ਅਫਸਰਾਂ ਦੇ ਖਿਲਾਫ ਪੜਤਾਲ ਕਰਨ ਲਈ ਕੇਸ ਭੇਜ ਦਿੱਤਾ। ਅਗਰ ਮੈਂ ਇਨ੍ਹਾਂ ਅਫਸਰਾਂ ਦੇ ਖਿਲਾਫ ਕੇਸ ਰੈਫਰ ਨਾ ਕਰਦੀ ਤਾਂ ਮੇਰੇ ਉਪਰ ਵੀ ਉਹ ਹੀ ਇਲਜ਼ਾਮ ਆਉਣੇ ਸਨ ਜਿਹੜੇ ਅੱਜ ਬਾਦਲ ਸਾਹਿਬ ਦੇ ਉਪਰ ਆ ਰਹੇ ਹਨ ਔਰ ਕਿਹਾ ਜਾਣਾ ਸੀ ਕਿ ਮੈਂ ਕੁਰੱਪਸ਼ਨ ਨੂੰ ਰੋਕਣ ਲਈ ਬਤੌਰ ਚੀਫ ਮਨਿਸਟਰ ਕੋਈ ਕਦਮ ਨਹੀਂ ਉਠਾਏ। ਇਥੇ ਇਹ ਕਿਹਾ ਜਾਣਾ ਸੀ ਕਿ ਮੈਂ ਫਲਾਣੇ ਫਲਾਣੇ ਅਫਸਰਾਂ ਨੂੰ ਬਚਾਉਣ ਦੀ ਖਾਤਿਰ ਕੇਸ ਰੈਫਰ ਨਹੀਂ ਕੀਤੇ। ਇਸ ਗੱਲ ਲਈ ਮੇਰੀ ਸਰਕਾਰ ਦੀ ਐਪਰੀਸੀਏਸ਼ਨ ਕਰਨੀ ਚਾਹੀਦੀ ਸੀ। ਮੈਨੂੰ ਖੁਸ਼ੀ ਹੈ ਕਿ ਮੈਂ ਸਟੈਂਡ ਲਿਆ। ਜਿਹੜਾ ਸਟੇਡੀਅਮ ਬਣਿਆ ਹੈ, ਉਹ ਬਹੁਤ ਹੀ ਅੱਛਾ ਹੈ ਔਰ ਸਾਡਾ ਮਾਣ ਵਧਿਆ ਹੈ ਪਰ ਇਸ ਦੇ ਵਿਚ ਕੁਝ ਅਫ਼ਸਰਾਂ ਨੇ ਮਨਮਾਨੀਆਂ ਕੀਤੀਆਂ ਹਨ। ਸਪੀਕਰ ਸਾਹਿਬ, ਇਸ ਤਰ੍ਹਾਂ ਨਾਲ ਮਨਮਾਨੀਆਂ, ਇਰਰੈਗੂਲੈਰਿਟੀਜ ਕੀਤੀਆਂ ਗਈਆਂ ਔਰ ਇਸ ਤਰ੍ਹਾਂ ਨਾਲ ਕਾਨੂੰਨਾਂ ਦੀ ਉਲੰਘਣਾ ਕੀਤੀ ਗਈ ਜਿਸ ਦੇ ਨਾਲ ਸਰਕਾਰ ਨੂੰ ਘਾਟਾ ਪਵੇ। ਇਕ ਪ੍ਰਾਇਵੇਟ ਸੰਸਥਾ ਜਿਹੜੀ

Original with;
Punjab Vidhan Sabha
Digitized by;
Panjab Digital Library

ਸਟੇਡੀਅਮ ਬਣਾ ਰਹੀ ਹੈ ਔਰ ਕਰੋੜਾਂ ਰੁਪਏ ਦਾ ਮੁਨਾਫਾ ਕਮਾ ਰਹੀ ਹੈ, ਉਸ ਬਾਰੇ ਕੋਸ਼ਿਸ਼ ਕੀਤੀ ਗਈ ਕਿ ਉਸ ਨੂੰ ਕਿਹੜੇ ਤਰੀਕੇ ਦੇ ਨਾਲ ਬਚਾਇਆ ਜਾ ਸਕੇ ਔਰ ਉਸ ਨੂੰ ਪਰੋਟੈਕਟ ਕੀਤਾ ਜਾ ਸਕੇ । ਉਸ ਤੋਂ ਬਾਅਦ ਵੀ ਇਹ ਕਹਿੰਦੇ ਹਨ ਕਿ ਅਸੀਂ ਕੁਰੱਪਸ਼ਨ ਖਤਮ ਕਰਨਾ ਚਾਹੁੰਦੇ ਹਾਂ । ਬਾਦਲ ਸਾਹਿਬ ਨੇ ਅੱਜ ਕੁਰੱਪਸ਼ਨ ਦੀ ਗੱਲ ਕੀਤੀ ਹੈ । ਇਨ੍ਹਾਂ ਨੂੰ ਨੋਟੀਫਿਕੇਸ਼ਨ ਰੱਦ ਕਰਨ ਦੀ ਬਜਾਏ ਚਾਹੀਦਾ ਸੀ ਕਿ ਇਹ ਫੌਰੀ ਤੌਰ ਤੇ ਜਿਨ੍ਹਾਂ ਅਫਸਰਾਂ ਦੀ ਇਨਕੁਆਇਰੀ ਸੀ, ਉਨ੍ਹਾਂ ਨੂੰ ਅਹੁਦਿਆਂ ਤੋਂ ਬਰਖਾਸਤ ਕਰਦੇ ਔਰ ਕਹਿੰਦੇ ਕਿ ਮੈਂ ਵੀ ਇਸ ਵਿਚ ਪੂਰਾ ਸਮਰਥਨ ਦੇਵਾਂਗਾ, ਫੇਅਰ ਇਨਕੁਆਇਰੀ ਹੋਣੀ ਚਾਹੀਦੀ ਹੈ । ਇਨ੍ਹਾਂ ਦਾ ਮਾਣ ਹੋਰ ਵਧਣਾ ਸੀ । ਮੈਨੂੰ ਅਫਸੋਸ ਹੈ ਕਿ ਅਕਾਲੀ ਦਲ ਦੀ ਜਿਹੜੀ ਸਰਕਾਰ ਬਣੀ ਹੈ, ਇਹ ਕੁਰੱਪਸ਼ਨ ਦੀ ਗੱਲ ਕਰਦੀ ਹੈ । ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਤੁਹਾਨੂੰ ਵੀ ਯਾਦ ਹੋਵੇਗਾ ਔਰ ਅਖਬਾਰਾਂ ਵਿਚ ਵੀ ਆਇਆ ਸੀ ਕਿ ਇਸ ਪਾਰਟੀ ਦੇ ਉਸ ਵੇਲੇ ਦੇ ਪ੍ਰਧਾਨ ਨੇ ਐਲੀਗੇਸ਼ਨ ਲਗਾਏ ਸਨ, ਮੁੱਖ ਮੰਤਰੀ ਉਤੇ ਔਰ ਉਸ ਵੇਲੇ ਵੀ ਉਸ ਇਨਕੁਆਇਰੀ ਨੂੰ ਫੇਸ ਕਰਨ ਦੀ ਬਜਾਏ ਮੁੱਖ ਮੰਤਰੀ ਨੇ ਰੀਜ਼ਾਈਨ ਕਰ ਦਿਤਾ ਸੀ । ਉਹੀ ਸਰਕਾਰ ਅੱਜ ਫੇਰ ਆਈ ਹੈ ਜੋ ਆਪਣੇ ਅਫਸਰਾਂ ਨੂੰ ਇਨਕੁਆਇਰੀ ਨੂੰ ਫੇਸ ਨਾ ਕਰਨ ਵਾਸਤੇ ਤੇਜ਼ੀ ਨਾਲ ਨੋਟੀਫਿਕੇਸ਼ਨ ਜਾਰੀ ਕਰਦੀ ਹੈ ਔਰ ਉਨ੍ਹਾਂ ਕੇਸਿਜ਼ ਨੂੰ ਵਾਪਿਸ ਲੈਣ ਵਾਸਤੇ ਕੋਸ਼ਿਸ਼ ਕਰਦੀ ਹੈ । ਉਨ੍ਹਾਂ ਦੇ ਅਧਿਕਾਰੀ ਇਹ ਕਹਿਣ ਕਿ ਅਸੀਂ ਇਨਕੁਆਇਰੀ ਫੇਸ ਨਹੀਂ ਕਰ ਸਕਦੇ, ਇਸ ਵਿਚ ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕੁਰੱਪਸ਼ਨ ਖਤਮ ਕਰਨ ਦੀ ਗੱਲ ਹੈ ਜਾਂ ਕੁਰੱਪਸ਼ਨ ਨੂੰ ਲੁਕਾਉਣ ਦੀ ਗੱਲ ਹੈ । ਜੇਕਰ ਸਚਮੁੱਚ ਉਹ ਦੋਸ਼ ਝੂਠ ਹਨ ਤਾਂ ਉਨ੍ਹਾਂ ਨੂੰ ਕਿਉਂ ਨਹੀਂ ਮੌਕਾ ਦਿੱਤਾ ਜਾਂਦਾ ਕਿ ਉਹ ਸਹੀ ਸਬਿਤੀ ਪੇਸ਼ ਕਰ ਸਕਣ । ਜੇ ਜਾਣ-ਬੁੱਝ ਕੇ ਪੁਲੀਟੀਕਲੀ ਇਹ ਕੰਮ ਕਰਨਾ ਸੀ ਤਾਂ ਮੈਂ ਕਿਸੇ ਪੁਲੀਟੀਕਲ ਵਿਅਕਤੀ ਤੇ ਕੇਸ ਕਰਦੀ । ਲੇਕਿਨ ਮੈਂ ਪੁਲੀਟੀਕਲੀ ਇਹ ਕੰਮ ਨਹੀਂ ਕੀਤਾ ਕਿਉਂਕਿ ਮੇਰੀ ਕੋਈ ਐਸੀ ਮਨਸ਼ਾ ਨਹੀਂ ਸੀ । ਮੈਂ ਇਹ ਕਿਸੇ ਮਾੜੀ ਭਾਵਨਾ ਨਾਲ ਨਹੀਂ ਕੀਤਾ । ਮੈਂ ਦੱਸਣਾ ਚਾਹੁੰਦੀ ਹਾਂ ਕਿ ਇਹ ਦੋ ਕੇਸ ਗਏ । ਇਸ ਤੋਂ ਪਹਿਲਾਂ ਇਕ ਹੋਰ ਕੇਸ ਗਿਆ । ਇੱਕ ਐਡੀਸ਼ਨਲ ਡੀ.ਜੀ.ਪੀ ਦਾ ਕੇਸ । ਡੀ.ਜੀ.ਪੀ. ਤਾਂ ਕਿਸੇ ਪਾਰਟੀ ਦਾ ਰਿਸ਼ਤੇਦਾਰ ਨਹੀਂ । ਬਲਕਿ ਸਾਡੀ ਕਾਂਗਰਸ ਪਾਰਟੀ ਦੇ ਕਿਸੀ ਵਿਅਕਤੀ ਨਾਲ ਉਹ ਤਾਅੱਲੁਕ ਰੱਖਦੇ ਹਨ । ਜੇ ਮੇਰੇ ਮਨ ਵਿਚ ਪੱਖਪਾਤ ਹੁੰਦਾ ਤਾਂ ਮੈਂ ਉਹ ਕੇਸ ਕਿਉਂ ਭੇਜਦੀ । ਮੈਂ ਕਹਿਣਾ ਚਾਹੁੰਦੀ ਹਾਂ ਕਿ ਜੇ ਇਸ ਸਰਕਾਰ ਦੇ ਮਨ ਵਿਚ ਪੱਖਪਾਤ ਨਾ ਹੁੰਦਾ ਤਾਂ ਜਿਥੇ ਇਸ ਨੇ ਇਹ ਕੇਸ ਵਾਪਸ ਕੀਤੇ, ਜਿਥੇ ਨੋਟੀਫਿਕੇਸ਼ਨ ਜਾਰੀ ਕਰਕੇ ਇਨਕੁਆਰੀ ਬੰਦ ਕਰਵਾਈ, ਉਥੇ ਮੇਰੇ ਉਸੇ ਰੀਜੀਮ ਵਿਚ, ਉਸੇ ਸਮੇਂ ਵਿਚ ਉਸੇ ਤਰੀਕੇ ਨਾਲ ਜਿਹੜਾ ਉਹ ਕੇਸ ਗਿਆ ਸੀ, ਐਡੀਸ਼ਨਲ ਡੀ.ਜੀ.ਪੀ ਮਿਸਟਰ ਭੁੱਲਰ ਵਾਲਾ, ਉਹ ਵੀ ਵਾਪਸ ਕੀਤਾ ਜਾਣਾ ਚਾਹੀਦਾ ਹੈ । ਇਥੇ ਪੱਖਪਾਤ ਕਿਉਂ ਹੋਇਆ । ਇਹ ਸਾਡੇ ਤੇ ਐਲੀਗੇਸ਼ਨ ਲਗਾਉਂਦੇ ਹਨ । ਮੈਨੂੰ ਅਫਸੋਸ ਹੈ ਕਿ ਜਿਹੜਾ ਕੰਮ ਮੇਰੇ ਇਹ ਭਰਾ ਆਪ ਕਰਦੇ ਹਨ ਜਾਂ ਇਨ੍ਹਾਂ ਦੇ ਆਪਣੇ ਦਿਮਾਗ ਵਿਚ ਹੈ ਜਾਂ ਇਨ੍ਹਾਂ ਦੇ ਆਪਣੇ ਇਰਾਦੇ ਵਿਚ ਹੈ, ਉਸ ਦਾ ਐਲੀਗੇਸ਼ਨ ਇਹ ਸਾਡੇ ਤੇ ਲਗਾਉਂਦੇ ਹਨ । ਇਹ ਆਪਣੇ ਅੰਦਰ ਝਾਤੀ ਮਾਰ ਕੇ ਵੇਖਣ । ਇਹ ਆਪਣੇ ਖਿਆਲਾਂ ਨਾਲ ਛੋਟੀਆਂ ਗੱਲਾਂ ਨੂੰ ਸਾਡੇ ਮੂੰਹ ਵਿਚ ਪਾਉਣਾ ਚਾਹੁੰਦੇ ਹਨ । ਲੇਕਿਨ ਮੈਂ ਬੜਾ ਕਲੀਅਰਲੀ ਕਹਿਣਾ ਚਾਹੁੰਦੀ ਹਾਂ ਕਿ ਅਸੀਂ ਪੱਖਪਾਤੀ ਰਵੱਈਏ ਵੱਲ ਨਹੀਂ ਹਾਂ ।

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਅਸੀਂ ਸਾਫ ਤੌਰ ਤੇ ਇਨਸਾਫ ਦੇ ਬੰਦੇ ਹਾਂ । ਇਥੇ ਕਿਹਾ ਗਿਆ ਕਾਨੂੰਨ ਦਾ ਰਾਜ, ਰੂਲ-ਦਾ ਰਾਜ, ਇਨਸਾਫ ਦਾ ਰਾਜ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਜੋ ਇਮਾਨਦਾਰ, ਕਾਨੂੰਨਦਾਨ ਸਰਕਾਰ ਆਈ ਹੈ ਤਾਂ ਜਿਸ ਵਕਤ ਚੋਣ ਕੀਤੀ ਗਈ । ਮੈਂ ਮੰਨਦੀ ਹਾਂ ਕਿ ਚੀਫ ਮਨਿਸਟਰ ਦਾ ਪ੍ਰੈਰੋਗੇਟਿਵ ਹੈ । ਉਹ ਜਿਸ ਤਰੀਕੇ ਨਾਲ ਮਰਜ਼ੀ ਚੋਣ ਕਰ ਸਕਦੇ ਹਨ ਪਰ ਜਦੋਂ ਇਹ ਕਹਿੰਦੇ ਹਨ ਕਿ ਅਸੀਂ ਇਨਸਾਫ ਦਿੰਦੇ ਹਾਂ ਤਾਂ ਇਸ ਦੇ ਵਿਚ ਸ਼ੰਕਾ ਪੈਦਾ ਹੁੰਦੀ ਹੈ । ਮੈਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਸੀਨੀਅਰ 10 ਅਫਸਰ ਛੱਡੇ ਗਏ ਹਨ, ਕੀ ਉਨ੍ਹਾਂ ਨਾਲ ਇਨਸਾਫ ਕੀਤਾ ਗਿਆ ਹੈ ? ਉਨ੍ਹਾਂ ਨਾਲ ਬੇਇਨਸਾਫੀ ਨਹੀਂ ਕੀਤੀ ਗਈ ? ਉਨ੍ਹਾਂ ਨੂੰ ਛੱਡ ਕੇ ਹੋਰ ਕਿਸੇ ਨੂੰ ਮੁੱਖ ਸਕੱਤਰ ਬਣਾਇਆ ਗਿਆ । ਜਿਹੜੇ ਪਹਿਲੇ ਅਫਸਰ ਸਨ, ਕੀ ਉਨ੍ਹਾਂ ਦੇ ਰਿਕਾਰਡ ਖਰਾਬ ਸਨ ? ਕੀ ਉਹ ਸਾਰੇ ਮਾੜੇ ਸਨ ? ਕੀ ਉਨ੍ਹਾਂ ਦਾ ਹੱਕ ਨਹੀਂ ਸੀ ਬਣਦਾ ? ਉਹ ਵਿਚਾਰੇ ਅੱਜ ਬੋਲ ਨਹੀਂ ਸਕਦੇ । ਇਹ ਇਨਸਾਫ ਦਾ ਰਾਜ ਹੈ ? ਇਹ ਕਹਿੰਦੇ ਹਨ ਕਿ ਕਾਨੂੰਨ ਦਾ, ਰੂਲ ਦਾ ਰਾਜ ਹੈ । ਮੈਂ ਇਸ ਨੂੰ ਕਹਾਂਗੀ, ਰੂਲ ਆਫ ਚੁਆਇਸ । ਇਹ ਚੁਆਇਸ ਦਾ ਰਾਜ ਹੈ । ਚੁਆਇਸ ਦੇ ਰਾਜ ਵਿਚ ਜੋ ਮਰਜ਼ੀ ਮੇਰੇ ਭਰਾ ਬੋਲਦੇ ਰਹਿਣ ਪਰ ਲੋਕ ਨਬਜ਼ ਤੇ ਹੱਥ ਰਖਦੇ ਹਨ । ਲੋਕ ਇਸ ਤਰੀਕੇ ਨੂੰ ਜਾਣਦੇ ਹਨ । ਇਸ ਤੋਂ ਬਾਅਦ, ਸਪੀਕਰ ਸਾਹਿਬ, ਚੌਥੇ ਪੈਰੇ ਵਿਚ ਕਿਹਾ ਗਿਆ ਹੈ, "ਮੇਰੀ ਸਰਕਾਰ ਕੇਂਦਰ ਤੋਂ ਮੰਗ ਕਰਦੀ ਹੈ ਕਿ ਚੰਡੀਗੜ੍ਹ ਤੁਰੰਤ ਪੰਜਾਬ ਨੂੰ ਦਿਤਾ ਜਾਵੇ । "ਪੰਜਾਬ ਤੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕਿਆਂ ਦੀ ਪੰਜਾਬ ਵਿਚ ਸ਼ਮੂਲੀਅਤ, ਦਰਿਆਈ ਪਾਣੀ ਅਤੇ 1984 ਦਾ ਕਤਲੇਆਮ, ਇਹ ਚਾਰ ਬੜੀਆਂ ਮਹੱਤਵਪੂਰਣ ਗੱਲਾਂ ਹਨ । ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨੀ ਹੁੰਦੀ ਹੈ ਔਰ ਸ਼ਾਇਦ ਦੁਨੀਆਂ ਵਿਚ, ਪਹਿਲੀ ਮਿਸਾਲ ਹੋਵੇਗੀ ਕਿ ਅਕਾਲੀ ਦਲ ਵੱਲੋਂ ਇਕ ਸੂਬਾ ਬਣਾਉਣ ਵਾਸਤੇ ਮੋਰਚਾ ਲਗਾਇਆ ਗਿਆ । ਮੇਰੇ ਜਿਹੜੇ ਬਜ਼ੁਰਗ ਬੈਠੇ ਹਨ, ਇਨ੍ਹਾਂ ਨੂੰ ਪਤਾ ਹੋਵੇਗਾ । ਮੈਨੂੰ ਵੀ ਯਾਦ ਹੈ । ਅਸੀਂ ਮੋਰਚੇ ਕੁਝ ਲੈਣ ਵਾਸਤੇ ਲਗਾਉਂਦੇ ਹਾਂ ਲੇਕਿਨ ਕੈਸੀ ਅਜੀਬ ਬਾਤ ਹੈ ਕਿ ਮੋਰਚਾ ਲਗਾਇਆ ਗਿਆ ਪਰ ਲੈਣ ਦੀ ਥਾਂ ਦੂਜਿਆਂ ਸੂਬਿਆਂ ਨੂੰ ਕੁਝ ਦੇ ਦਿੱਤਾ ਗਿਆ । ਸਾਡਾ ਪੰਜਾਬ ਦਾ ਸੂਬਾ ਛੋਟਾ ਕੀਤਾ ਗਿਆ । ਸਪੀਕਰ ਸਾਹਿਬ, ਮੈਂ ਉਸ ਵਕਤ ਬਹੁਤ ਛੋਟੀ ਸੀ । ਮੈਨੂੰ ਵੀ ਮੌਕਾ ਲੱਗਿਆ । ਉਹ ਸੂਬਾ ਪੰਜਾਬ ਲਈ ਸੀ । ਪੰਜਾਬ ਦੀ ਗੱਲ ਸੀ, ਪੰਜਾਬੀਅਤ ਦੀ ਗੱਲ ਸੀ । ਉਸ ਮੋਰਚੇ ਵਿਚ ਮੈਂ ਵੀ ਗਈ ਹਾਂ । ਅੱਜ ਵੀ ਇਹ ਰਿਕਾਰਡ ਤੇ ਹੈ । ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿਚ ਹੈ । ਉਥੇ ਅਖਬਾਰਾਂ ਦੀਆਂ ਫੋਟੋਆਂ ਪਈਆਂ ਹਨ । ਮੇਰੇ ਮਾਤਾ-ਪਿਤਾ, ਅਸੀਂ ਦੋਨੋਂ ਤਿੰਨੋਂ ਭੈਣ-ਭਰਾ ਔਰ ਇੱਕ ਮੇਰਾ ਛੋਟਾ ਭਰਾ ਸੀ ਜਿਹੜਾ ਸਿਰਫ ਦੋ ਹਫਤੇ ਦਾ ਸੀ । ਉਸ ਦਾ ਅਜੇ ਨਾਂ ਵੀ ਨਹੀਂ ਸੀ ਰੱਖਿਆ । ਜੇਲ੍ਹ ਦੇ ਰਿਕਾਰਡ ਵਿਚ ਉਸ ਦਾ ਨਾਂ ਸੂਬਾ ਰੱਖਿਆ ਕਿਉਂਕਿ ਉਹ ਪੰਜਾਬੀ ਸੂਬੇ ਦਾ ਮੋਰਚਾ ਸੀ । ਲੋਕਾਂ ਦੀਆਂ ਉਸ ਨਾਲ ਬੜੀਆਂ ਭਾਵ-ਨਾਵਾਂ ਸਨ । ਲੋਕ ਜੇਲ੍ਹਾਂ ਵਿਚ ਗਏ, ਅਸੀਂ ਸਾਰੇ ਗਏ ਕਿ ਪੰਜਾਬ ਨੂੰ ਵੱਡਾ ਕਰਨ ਲਈ, ਇਸ ਦਾ ਦਾਇਰਾ ਵਧਾਉਣ ਲਈ, ਪੰਜਾਬ ਦੀ ਸ਼ਾਨ ਬਣਾਉਣ ਵਾਸਤੇ ਅਤੇ ਇਸ ਨੂੰ ਇਕ ਮਾਨਯੋਗ ਸੂਬਾ ਬਣਾਉਣ ਵਾਸਤੇ ਮੋਰਚਾ ਲੱਗਿਆ ਹੈ । ਮੈਨੂੰ ਯਾਦ ਹੈ ਕਿ ਉਸ ਵੇਲੇ ਜਦੋਂ ਫੈਸਲਾ ਕਰਨਾ ਸੀ, ਮੋਰਚਾ ਕਾਫੀ ਭਖਿਆ ਹੋਇਆ ਸੀ, ਜੇਲ੍ਹਾਂ ਵਿਚ ਲੋਕ ਗਏ ਹੋਏ ਸਨ ਤਾਂ ਇਕ ਪਾਰਲੀਮੈਂਟਰੀ ਕਮੇਟੀ ਬਣੀ ਸੀ । ਸਰਦਾਰ ਹੁਕਮ ਸਿੰਘ ਜੀ

Original with;
Punjab Vidhan Sabha
Digitized by;
Panjab Digital Library

ਜੋ ਸਾਡੇ ਪੰਜਾਬ ਦੀ ਇਕ ਮੰਨੀ ਪਰਮੰਨੀ ਸ਼ਖਸੀਅਤ ਹੈ, ਉਹ ਉਸਦੇ ਚੇਅਰਮੈਨ ਸਨ, ਪ੍ਰਧਾਨਗੀ ਉਨ੍ਹਾਂ ਦੀ ਸੀ । ਲੋਕ ਤਾਂ ਚਾਹੁੰਦੇ ਸੀ ਕਿ ਮੋਰਚੇ ਨਾਲ ਪੰਜਾਬ ਦਾ ਸੂਬਾ ਵੱਡਾ ਹੋਵੇ । ਉਨ੍ਹਾਂ ਨੇ ਇਹ ਫੈਸਲਾ ਕਰਵਾਇਆ ਕਿ ਸੂਬਾ ਤਾਂ ਬਣਾ ਦਿਓ, ਹਿਮਾਚਲ ਅਤੇ ਹਰਿਆਣਾ ਵੱਖਰਾ ਬਣਾ ਦਿਓ ਪਰ ਹੱਦਾਂ ਤਹਿ ਕਰਨ ਵਾਸਤੇ ਵੱਖਰਾ ਕਮਿਸ਼ਨ ਬਣਨਾ ਚਾਹੀਦਾ ਹੈ । ਇਸ ਤਰ੍ਹਾਂ ਨਾਲ ਲੋਕਾਂ ਦੇ ਜਜ਼ਬਾਤਾਂ ਨਾਲ ਖੇਡਿਆ ਗਿਆ । ਫਿਰ ਕਮਿਸ਼ਨ ਬਣਿਆ, ਕਮਿਸ਼ਨ ਪੰਜਾਬ ਵਿਚ ਆਇਆ । ਬਜਾਏ ਇਸ ਦੇ ਕਿ ਕਮਿਸ਼ਨ ਅੱਗੇ ਆ ਕੇ ਪੇਸ਼ ਹੋਈਏ ਔਰ ਜਿਹੜਾ ਮਸਲਾ ਭਖਿਆ ਹੋਇਆ ਸੀ ਉਸ ਨੂੰ ਸੰਭਾਲੀਏ, ਉਸ ਵਕਤ ਸੰਤ ਫ਼ਤਿਹ ਸਿੰਘ ਜੀ ਲੰਡਨ ਦੀ ਸੈਰ ਕਰਨ ਗਏ ਹੋਏ ਸਨ ਔਰ ਮੁੱਖ ਮੰਤਰੀ ਸਾਹਿਬ ਕਿਸੇ ਹੋਰ ਜ਼ਿੰਮੇਵਾਰੀ ਵਿਚ ਰੁੱਝੇ ਹੋਏ ਸਨ । ਉਸ ਵਕਤ ਸਾਡੀ ਪੰਜਾਬੀਆਂ ਦੀ ਬੜੀ ਅਜੀਬੋ ਗਰੀਬ ਸਥਿਤੀ ਹੋਈ । ਮੋਰਚਾ ਲੱਗਿਆ, ਸਭ ਕੁਝ ਹੋਇਆ, ਮੰਗਾਂ ਵੀ ਮੰਨੀਆਂ ਗਈਆਂ ਪਰ ਅਕਾਲੀ ਦਲ ਨੇ ਇਹ ਧਰੋਹ ਕੀਤਾ ਪੰਜਾਬ ਨਾਲ ਅਤੇ ਇਸ ਸਾਰੀ ਗੱਲ ਦੀ ਜ਼ਿੰਮੇਂਵਾਰੀ ਅਕਾਲੀ ਦਲ ਤੇ ਆਉਂਦੀ ਹੈ । ਇਹ ਉਸ ਵਕਤ ਕਮਿਸ਼ਨ ਸਾਹਮਣੇ ਪੇਸ਼ ਨਾ ਹੋਏ ਅਤੇ ਸਾਡਾ ਪੰਜਾਬ ਇਕ ਸਿਰੇ ਤੋਂ ਦੂਜੇ ਸਿਰੇ ਤੇ ਜੇਕਰ ਜਾਈਏ ਤਾਂ ਸਾਡੇ ਤਿੰਨ ਘੰਟੇ ਦਾ ਸੂਬਾ ਬਣ ਕੇ ਰਹਿ ਗਿਆ । ਇਹ ਸਭ ਇਨ੍ਹਾਂ ਭਰਾਵਾਂ ਦੀ ਮਿਹਰਬਾਨੀ ਨਾਲ ਹੋਇਆ ਹੈ । ਅੱਜ ਇਹ, ਸਪੀਕਰ ਸਾਹਿਬ, ਕਹਿੰਦੇ ਹਨ ਕਿ ਪੰਜਾਬ ਦੀਆਂ ਮੰਗਾਂ ਵਾਸਤੇ ਕਾਂਗਰਸ ਪਾਰਟੀ ਵਾਲੇ ਕੁਝ ਬੋਲਦੇ ਨਹੀਂ ਪਰ ਅਸੀਂ ਕਹਿੰਦੇ ਹਾਂ ਕਿ ਇਨ੍ਹਾਂ ਮੰਗਾਂ ਲਈ ਜ਼ਿੰਮੇਂਵਾਰ ਕੌਣ ਹੈ ? ਇਸ ਤੋਂ ਬਾਅਦ ਜਿਹੜੇ ਪੰਜਾਬੀ ਬੋਲਦੇ ਇਲਾਕੇ ਹਨ, ਇਹ ਉਨ੍ਹਾਂ ਦੀ ਮੰਗ ਮੰਗਦੇ ਹਨ । ਉਹ ਤਾਂ ਇਵੇਂ ਹੈ ਜਿਵੇਂ ਕਹਿੰਦੇ ਹਨ ਕਿ "ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ।" ਇਹ ਆਪਣੇ ਆਪ ਹੀ ਸਾਰਾ ਕੁਝ ਕਰਨ ਵਾਲੇ ਹਨ ਔਰ ਅੱਜ ਰੋਂਦੇ ਹਨ । ਇਹ ਗੱਲ ਨਹੀਂ ਕਿ ਅਸੀਂ ਪੰਜਾਬ ਦੀਆਂ ਮੰਗਾਂ ਬਾਰੇ ਨਹੀਂ ਬੋਲਦੇ। ਅਸੀਂ ਵੀ ਰੈਜ਼ੋਲਿਊਸ਼ਨ ਪਾਇਆ ਹੈ । ਸਰਦਾਰ ਬੇਅੰਤ ਸਿੰਘ ਦੀ ਸਰਕਾਰ ਵੇਲੇ ਔਰ ਮੇਰੀ ਵੀ ਸਰਕਾਰ ਵੇਲੇ ਅਸੀਂ ਹਮੇਸ਼ਾ ਇਸ ਗੱਲ ਨੂੰ ਮੰਨਿਆ ਹੈ । ਮਿੱਤਲ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਯਾਦ ਹੋਣਾ ਹੈ । ਸਰਦਾਰ ਬੇਅੰਤ ਸਿੰਘ ਨੇ ਆਲ ਪਾਰਟੀ ਮੀਟਿੰਗ ਬੁਲਾਈ ਸੀ । ਉਸ ਵਕਤ ਇਸੇ ਵਿਸ਼ੇ ਤੇ ਵਿਚਾਰ ਹੋਈ ਸੀ । ਇਨ੍ਹਾਂ ਨੂੰ ਵੀ ਯਾਦ ਹੋਣਾ ਹੈ, ਮਿੱਤਲ ਸਾਹਿਬ ਦੀ ਪਾਰਟੀ ਆਈ, ਕਮਿਊਨਿਸਟ ਪਾਰਟੀਆਂ ਆਈਆਂ ਔਰ ਦੂਜੀਆਂ ਸਾਰੀਆਂ ਪਾਰਟੀਆਂ ਆਈਆਂ ਪਰ ਇਨ੍ਹਾਂ ਮੰਗਾਂ ਨੂੰ ਮੰਗਣ ਵਾਸਤੇ ਇਨ੍ਹਾਂ ਵੱਲੋਂ ਕੋਈ ਸ਼ਾਮਿਲ ਨਹੀਂ ਹੋਇਆ । ਇਥੋਂ ਹੀ ਪਤਾ ਲੱਗਦਾ ਹੈ ਕਿ ਇਨ੍ਹਾਂ ਵਿਚ ਕਿਤਨੀ ਸਿਂਸੀਅਰਟੀ ਹੈ, ਕਿਤਨੀ ਵਫਾ ਹੈ, ਕਿਤਨੀ ਸੱਚਾਈ ਹੈ । ਇਹ ਸਭ ਸਚਾਈ ਤੱਥਾਂ ਤੋਂ ਜ਼ਾਹਿਰ ਹੁੰਦੀ ਹੈ ਜਿਵੇਂ ਕਹਿੰਦੇ ਹਨ ਕਿ -

"ਲਮਹੋਂ ਨੇ ਖਤਾ ਕੀ ਥੀ, ਸਦੀਉਂ ਨੇ ਸਜ਼ਾ ਪਾਈ ਹੈ ।"

ਸਪੀਕਰ ਸਾਹਿਬ, ਇਨ੍ਹਾਂ ਨੇ ਕੁਝ ਲਮਹਿਆਂ ਦੀ ਖਤਾ ਕੀਤੀ ਹੈ, ਜਿਸ ਲਈ ਪਤਾ ਨਹੀਂ ਸਾਨੂੰ ਸਾਰੀ ਜ਼ਿੰਦਗੀ ਘੁਲਣਾ ਪੈਣਾ ਹੈ । ਮੈਨੂੰ ਨਹੀਂ ਪਤਾ ਇਹ ਆਪਣੀ ਜ਼ਿੰਮੇਵਾਰੀ ਨੂੰ ਕਿਸ ਤਰ੍ਹਾਂ ਦੂਜਿਆਂ ਤੇ ਪਾਈ ਜਾਂਦੇ ਹਨ ।

ਅੱਗੇ, ਸਪੀਕਰ ਸਾਹਿਬ, ਦਰਿਆਈ ਪਾਣੀਆਂ ਦੀ ਗੱਲ ਆਈ । ਮੇਰੇ ਕੋਲ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਇਕ ਨੋਟੀਫਿਕੇਸ਼ਨ ਹੈ, ਐਗਰੀਮੈਂਟ ਮੇਰੇ ਕੋਲ ਹੈ, ਉਸ ਦੇ ਮੁਤਾਬਿਕ 4 ਨੰਬਰ ਪੈਰ੍ਹੇ ਵਿਚ ਬਾਦਲ ਸਾਹਿਬ ਨੇ ਖੁਦ ਐਗਰੀਮੈਂਟ ਕੀਤਾ । ਉਹੀ ਸਰਕਾਰ, ਉਹੀ ਮੁੱਖ ਮੰਤਰੀ ਸੰਨ 1978 ਵਿਚ ਔਰ ਇਹ ਐਗਰੀਮੈਂਟ ਕੀਤਾ ਗਿਆ ਔਰ ਨਾਲ ਇਹ ਵੀ ਫੈਸਲਾ ਕੀਤਾ ਗਿਆ ਕਿ ਨਹਿਰ ਕੱਢਣ ਲਈ ਜ਼ਮੀਨ ਵੀ ਦੇਣੀ ਹੈ । ਉਸ ਦੇ ਵਾਸਤੇ ਪੈਸਾ 2 ਕਰੋੜ ਰੁਪਿਆ ਲਿਆ ਗਿਆ । ਡੇਟਾਂ ਲਿਖੀਆਂ ਹੋਈਆਂ ਹਨ, 31-3-79 ਦੇ ਸਮੇਂ ਦੇ ਡਰਾਫਟ ਨੰਬਰ 8,00,201 ਦੇ ਮੁਤਾਬਿਕ 1 ਕਰੋੜ ਰੁਪਿਆ ਹਰਿਆਣਾ ਦੀ ਸਰਕਾਰ ਤੋਂ ਪੰਜਾਬ ਦੀ ਅਕਾਲੀ ਦਲ ਦੀ ਸਰਕਾਰ ਨੇ ਲੈ ਕੇ ਇਹ ਫੈਸਲਾ ਕੀਤਾ । ਉਸ ਵਕਤ ਵੀ ਮੁੱਖ ਮੰਤਰੀ ਬਾਦਲ ਸਾਹਿਬ ਸਨ । ਪੰਜਾਬ ਦੇ ਕਿਸਾਨ ਨਾਲ ਬਹੁਤ ਵੱਡਾ ਧਖਾ ਹੋਇਆ । ਅਸੀਂ ਪਹਿਲਾਂ ਸੂਬਾ ਦੇਂਦੇ ਹਾਂ ਔਰ ਫਿਰ ਪਿੰਡ ਮੰਗਦੇ ਹਾਂ । ਅਸੀਂ ਦਰਿਆ ਦੇਂਦੇ ਹਾਂ ਔਰ ਨਹਿਰਾਂ ਮੰਗਦੇ ਹਾਂ । ਇਹ ਆਪਣੇ ਆਪ ਹੀ ਸ਼ੁਰੂ ਕਰਕੇ, ਪੁਆੜੇ ਪਾ ਕੇ ਅੱਜ ਰੌਲਾ ਪਾ ਰਹੇ ਹਨ ਕਿ ਕਾਂਗਰਸੀ ਚੰਡੀਗੜ੍ਹ ਲਈ ਨਹੀਂ ਬੋਲਦੇ । ਅਸੀਂ ਅੱਜ ਵੀ ਇਸ ਗੱਲ ਦੇ ਮੁਦਈ ਹਾਂ । ਜੇ ਅਸੀਂ ਆਲ ਪਾਰਟੀ ਮੀਟਿੰਗ ਬੁਲਾਈ ਸੀ ਤਾਂ ਇਨ੍ਹਾਂ ਮਸਲਿਆਂ ਕਰਕੇ ਹੀ ਸੀ ਔਰ ਇਨ੍ਹਾਂ ਦੇ ਨਾਲ ਹੋਣ ਕਰਕੇ ਹੀ ਬੁਲਾਈ ਸੀ । ਸਪੀਕਰ ਸਾਹਿਬ, ਜਦੋਂ ਪੰਜਾਬ ਵਿਚ ਬਰਨਾਲਾ ਸਰਕਾਰ ਬਣੀ, ਉਦੋਂ ਅਗਰ ਅਸੀਂ ਨਾ ਚਾਹੁੰਦੇ ਤਾਂ ਉਹ ਸਰਕਾਰ ਬਣ ਨਹੀਂ ਸੀ ਸਕਦੀ । ਉਸ ਵੇਲੇ ਅਕਾਰਡ ਹੋਇਆ । ਉਸ ਵੇਲੇ ਹਰਚੰਦ ਸਿੰਘ ਜੀ ਲੌਂਗੋਵਾਲ ਅਤੇ ਸਰਦਾਰ ਬਲਵੰਤ ਸਿੰਘ ਦਿੱਲੀ ਗਏ ਜਿਥੇ ਰਾਜੀਵ ਗਾਂਧੀ ਜੀ ਨਾਲ ਮੀਟਿੰਗ ਹੋਈ । ਉਸ ਵੇਲੇ ਇਹ ਇਹੀ ਕਹਿੰਦੇ ਸੀ ਕਿ ਅਸੀਂ ਅਕਾਲੀ ਦਲ ਵਾਲੇ ਸਿੱਖਾਂ ਦੇ ਨੁਮਾਇੰਦੇ ਹਾਂ ਔਰ ਜੇ ਸਾਨੂੰ ਮੌਕਾ ਮਿਲੇ ਤਾਂ ਅਸੀਂ ਪੰਜਾਬ ਵਿਚ ਅਮਨ-ਸ਼ਾਂਤੀ ਲਿਆ ਸਕਦੇ ਹਾਂ । ਉਸ ਵੇਲੇ ਅਸੀਂ ਕੁਰਬਾਨੀ ਕੀਤੀ । ਇਸ ਕਰਕੇ ਕੁਰਬਾਨੀ ਕੀਤੀ ਕਿਉਂਕਿ ਅਸੀਂ ਪੰਜਾਬ ਵਿਚ ਸ਼ਾਂਤੀ, ਪੀਸ ਚਾਹੁੰਦੇ ਸੀ । ਜੋ ਕੁਝ ਸਾਨੂੰ ਕਿਹਾ ਗਿਆ, ਉਹ ਪੂਰਾ ਕੀਤਾ ਗਿਆ । ਸਰਦਾਰ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਬਣੇ । ਉਨ੍ਹਾਂ ਨੇ ਕਿਹਾ ਕਿ ਸਾਨੂੰ ਪੈਸਾ ਦਿਓ । ਉਨ੍ਹਾਂ ਨੇ ਪੱਕੇ ਖਾਲੇ ਬਣਾਉਣ ਦਾ ਐਲਾਨ ਕੀਤਾ ਸੀ । ਹੋਰ ਵੀ ਕਈ ਵਾਇਦੇ ਉਨ੍ਹਾਂ ਨੇ ਲੋਕਾਂ ਨਾਲ ਕੀਤੇ ਸੀ ਲੇਕਿਨ ਉਨ੍ਹਾਂ ਨੂੰ ਪੈਸੇ ਨਹੀਂ ਸਨ ਮਿਲੇ । ਅੱਜ ਮੈਂ ਕਹਿਣਾ ਚਾਹੁੰਦੀ ਹਾਂ ਕਿ ਉਸ ਵੇਲੇ ਜਦੋਂ ਸ਼੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸਨ ਤਾਂ ਉਸ ਵੇਲੇ ਕਾਂਗਰਸ ਦੀ ਸਰਕਾਰ ਨੇ ਹੀ ਵਰਲਡ ਬੈਂਕ ਤੋਂ ਪੈਸਾ ਲਿਆ ਕੇ ਬਾਕੀ ਸਭ ਸੂਬਿਆਂ ਤੋਂ ਜ਼ਿਆਦਾ ਅਕਾਲੀ ਦਲ ਦੀ ਸਰਕਾਰ, ਬਰਨਾਲਾ ਸਾਹਿਬ ਦੀ ਸਰਕਾਰ ਨੂੰ ਪੈਸਾ ਦਿੱਤਾ । ਅਕਾਲੀ ਦਲ ਦੀ ਸਰਕਾਰ ਨਾਲ ਕਾਂਗਰਸ ਦੀ ਸਰਕਾਰ ਨੇ ਪੂਰੀ ਹਮ-ਦਰਦੀ ਵਿਖਾਈ । ਸੈਂਟਰ ਵੱਲੋਂ ਸਾਰਿਆਂ ਤੋਂ ਵਧ ਪੈਸੇ ਉਸ ਸਮੇਂ ਦੀ ਪੰਜਾਬ ਸਰਕਾਰ ਨੂੰ, ਅਕਾਲੀ ਦਲ ਦੀ ਸਰਕਾਰ ਨੂੰ ਦਿੱਤੇ ਗਏ । ਇਹ ਕਿਸ ਕਰਕੇ ਪੈਸੇ ਦਿੱਤੇ । ਇਸ ਕਰਕੇ ਕਿ ਪੰਜਾਬ ਦੇ ਲੋਕ ਅਮਨ ਅਤੇ ਸ਼ਾਂਤੀ ਨਾਲ ਜੀ ਸਕਣ । ਇਹ ਆਪਣੇ ਅੰਦਰ ਝਾਤੀ ਮਾਰ ਕੇ ਤਾਂ ਵੇਖਣ । ਜਾਂ ਤਾਂ ਇਨ੍ਹਾਂ ਨੂੰ ਪਤਾ ਹੀ ਨਹੀਂ ਹੈ ਔਰ ਜਾਂ ਫਿਰ ਇਹ ਸਮਝਦੇ ਹਨ ਕਿ ਇਸ ਚੀਜ਼ ਦੀ ਜੜ੍ਹ ਹੀ ਅਸੀਂ ਹਾਂ । ਅਸੀਂ ਜ਼ਿੰਮੇਂਵਾਰ ਲੋਕ ਹਾਂ, ਚੁਣ ਕੇ ਆਏ ਹਾਂ ਔਰ ਜ਼ਿੰਮੇਂਵਾਰੀ ਨਾਲ ਹੀ ਸਾਨੂੰ ਗੱਲ ਕਰਨੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

ਫਿਰ 1984 ਦੀ ਗੱਲ ਕੀਤੀ ਗਈ ਹੈ। ਮੈਨੂੰ ਇਸ ਦਾ ਬੜਾ ਦੁੱਖ ਹੈ। ਬੜੀ ਮਾਰਧਾੜ ਉਸ ਵੇਲੇ ਹੋਈ ਸੀ। ਦਿੱਲੀ, ਕਾਨ੍ਹਪੁਰ ਵਗੈਰਾ ਵਿਚ ਬੜਾ ਬੁਰਾ ਹਾਲ ਹੋਇਆ, ਬੜੀਆਂ ਮਾੜੀਆਂ ਘਟਨਾਵਾਂ ਹੋਈਆਂ ਲੇਕਿਨ ਇਸ ਦੇ ਵਾਸਤੇ ਜ਼ਿੰਮੇਵਾਰ ਕੌਣ ਸੀ, ਇਸ ਦੀ ਬੈਕਗਰਾਉਂਡ ਕੀ ਸੀ ? ਅੱਜ ਵੀ ਅਤੇ ਪਹਿਲਾਂ ਵੀ, ਹਾਊਸ ਦੇ ਅੰਦਰ ਵੀ ਅਤੇ ਬਾਹਰ ਵੀ ਅਸੀਂ ਹਮੇਸ਼ਾ ਇਸ ਦੀ ਨਿੰਦਿਆ ਹੀ ਨਹੀਂ ਕੀਤੀ ਬਲਕਿ ਇਹ ਵੀ ਕਿਹਾ ਕਿ ਇਸ ਦੀ ਇਨਕੁਆਇਰੀ ਕਰਾਓ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਚਾਹੇ ਉਹ ਕਾਨ੍ਹਪੁਰ ਦੀਆਂ ਘਟਨਾਵਾਂ ਹਨ, ਦਿੱਲੀ ਦੀਆਂ ਹਨ ਜਾਂ ਕੋਈ ਹੋਰ ਹਨ। ਲੇਕਿਨ ਜਦੋਂ ਕਦੀ ਵੀ ਬੱਸਾਂ ਵਿਚੋਂ ਉਤਾਰ ਕੇ ਕਿਸੇ ਇਕ ਜਾਤੀ ਦੇ ਭਰਾਵਾਂ ਨੂੰ ਪੰਜਾਬ ਵਿਚ ਮਾਰਿਆ ਜਾਂਦਾ ਸੀ ਤਾਂ ਇਨ੍ਹਾਂ (ਅਕਾਲੀ ਦਲ ਦੇ ਮੈਂਬਰ ਸਾਹਿਬਾਨ ਵੱਲ ਇਸ਼ਾਰਾ) ਦੇ ਭਰਾ, ਇਨ੍ਹਾਂ ਦੇ ਸਾਥੀ, ਇਨ੍ਹਾਂ ਦੇ ਲੀਡਰ ਉਨ੍ਹਾਂ ਨੂੰ ਬਹਾਦਰ ਕਹਿੰਦੇ ਸਨ, ਉਨ੍ਹਾਂ ਨੂੰ 'ਭਾਈ ਸਾਹਿਬ' ਕਹਿੰਦੇ ਸਨ ਅਤੇ ਉਨ੍ਹਾਂ ਨੂੰ ਥਾਪੜਾ ਦਿੰਦੇ ਸਨ। ਉਨ੍ਹਾਂ ਦੇ ਭੋਗਾਂ ਤੇ ਜਾਂਦੇ ਸਨ। ਇਨ੍ਹਾਂ ਦੀ ਇਸੇ ਗੱਲ ਦਾ ਰਿਐਕਸ਼ਨ ਹੋਇਆ। ਜੋ ਕੁਝ ਅਸੀਂ ਕਿਸੇ ਇਕ ਕਮਿਊਨਿਟੀ ਨਾਲ ਕਰਦੇ ਹਾਂ, ਉਸ ਦਾ ਰਿਐਕਸ਼ਨ ਦੂਸਰੀ ਕਮਿਊਨਿਟੀ ਤੇ ਹੁੰਦਾ ਹੈ। ਜੇ ਸਾਡੇ ਹਿੰਦੂ ਭਰਾ ਇੱਥੇ ਮਾਰੇ ਜਾਂਦੇ ਹਨ ਤਾਂ ਜਿਹੜੇ ਸਾਡੇ ਭਰਾ, ਜੱਟ ਸਿੱਖ ਭਰਾ ਬਾਹਰ ਬੈਠੇ ਹਨ, ਉਥੇ ਉਹ ਵੀ ਮਾਰੇ ਜਾਂਦੇ ਹਨ। ਇਹ ਸਾਰਾ ਕੁਝ ਇਨ੍ਹਾਂ ਦੇ ਥਾਪੜਿਆਂ ਦੀ ਬਦੌਲਤ ਹੋਇਆ ਹੈ। ਇਨ੍ਹਾਂ ਨੂੰ ਉਸ ਸਮੇਂ ਮਹਿਸੂਸ ਕਰਨਾ ਚਾਹੀਦਾ ਸੀ ਕਿ ਅਸੀਂ ਸਿਆਣਪ ਤੋਂ ਕੰਮ ਨਹੀਂ ਲਿਆ। ਜੋ ਵੀ ਨੁਕਸਾਨ ਹੋਇਆ, ਇਨ੍ਹਾਂ ਭਰਾਵਾਂ ਦੀ ਬਦੌਲਤ ਹੀ ਹੋਇਆ। ਮੈਂ ਸਾਰੇ ਪੰਜਾਬ ਦੇ ਮਸਲੇ ਦੀ ਜੜ੍ਹ ਅਕਾਲੀ ਦਲ ਨੂੰ ਕਰਾਰ ਦਿੰਦੀ ਹਾਂ।

ਇਸ ਤੋਂ ਬਾਅਦ ਗਵਰਨਰ ਸਾਹਿਬ ਨੇ ਕਿਹਾ ਹੈ ਕਿ ਮੇਰੀ ਸਰਕਾਰ ਧਾਰਾ 356 ਦੇ ਵਿਆਪਕ ਦੁਰਉਪਯੋਗ ਨੂੰ ਰੋਕਣ ਲਈ ਅਸਰਦਾਇਕ ਸੰਵਿਧਾਨਕ ਉਪਰਾਲੇ ਕਰਨ ਲਈ ਕੇਂਦਰ ਸਰਕਾਰ ਤੋਂ ਮੰਗ ਕਰਦੀ ਹੈ। ਅੱਜ ਸੰਵਿਧਾਨ ਦੀ ਗੱਲ ਕੀਤੀ ਜਾ ਰਹੀ ਹੈ। ਸਾਡਾ ਪਵਿੱਤਰ ਸੰਵਿਧਾਨ ਸਾਡੇ ਦੇਸ਼ ਦੀ ਆਜ਼ਾਦੀ ਦੀ ਲੜਾਈ ਤੋਂ ਬਾਅਦ ਹਾਸਲ ਹੋਇਆ ਹੈ। ਅਜੇ ਤੱਕ ਅਸੀਂ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਨੂੰ ਨਹੀਂ ਭੁੱਲੇ ਹਾਂ ਕਿਉਂਕਿ ਉਥੇ ਸਾਂਝੀਵਾਲਤਾ ਦਾ ਖੂਨ ਡੁਲ੍ਹਿਆ ਸੀ। ਐਨੇ ਸੰਘਰਸ਼ ਅਤੇ ਕੋਸ਼ਿਸ਼ ਤੋਂ ਬਾਦ, ਦੇਸ਼ ਦੀ ਆਜ਼ਾਦੀ ਲਈ ਇਹ ਸੰਵਿਧਾਨ ਬਣਾਇਆ ਗਿਆ ਲੇਕਿਨ ਇਨ੍ਹਾਂ ਨੇ ਉਸ ਸੰਵਿਧਾਨ ਦਾ ਕਿੰਨਾ ਕੁ ਮਾਣ, ਕਿੰਨੀ ਕੁ ਮਰਿਆਦਾ ਰੱਖੀ। ਇਸ ਹਾਊਸ ਵਿਚ ਇਹ ਸਾਰੇ ਸੰਵਿਧਾਨ ਦੀ ਸਹੁੰ ਖਾ ਕੇ ਆਏ ਹਨ। ਜਦੋਂ ਇਨ੍ਹਾਂ ਨੂੰ ਕੁਰਸੀ ਚਾਹੀਦੀ ਹੁੰਦੀ ਹੈ ਤਾਂ ਇਹ ਸੰਵਿਧਾਨ ਨੂੰ ਸਿਰ ਤੇ ਚੁੱਕ ਕੇ ਉਸ ਦੀ ਸਹੁੰ ਖਾਂਦੇ ਹਨ ਲੇਕਿਨ ਜਦੋਂ ਕੁਰਸੀ ਨਹੀਂ ਮਿਲਦੀ ਤਾਂ ਇਹ ਉਸੇ ਸੰਵਿਧਾਨ ਨੂੰ ਪਾੜਦੇ ਹਨ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਤੁਸੀਂ ਕਿਸ ਸੰਵਿਧਾਨ ਨੂੰ ਮੰਨਦੇ ਹੋ। ਹਿੰਦੁਸਤਾਨ ਦੇ ਕਿਸ ਸੰਵਿਧਾਨ ਨੂੰ ਮੰਨਦੇ ਹੋ। ਇਸ ਸੰਵਿਧਾਨ ਦਾ ਸਤਿਕਾਰ ਕਰਦੇ ਹੋਏ ਕੀ ਇਹ ਐਸੀ ਕਾਰਵਾਈ ਕਰ ਸਕਦੇ ਹਨ......

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਜੀਤ ਸਿੰਘ ਕਲਕੱਤਾ** : ਪੁਆਇੰਟ ਆਫ਼ ਆਰਡਰ, ਸਰ । ਕੁਝ ਐਸੀਆਂ ਗੱਲਾਂ ਕੀਤੀਆਂ ਗਈਆਂ ਹਨ, ਸੰਵਿਧਾਨ ਨੂੰ ਪਾੜਨ ਦੀਆਂ ਗੱਲਾਂ ਕੀਤੀਆਂ ਗਈਆਂ ਹਨ । ਸੰਵਿਧਾਨ ਦੇ ਆਰਟੀਕਲ 25 ਦੀ ਜੋ ਮੱਦ ਹੈ, ਕੇਵਲ ਉਸ ਦਾ ਹੀ ਵਿਰੋਧ ਕੀਤਾ ਗਿਆ ਸੀ । ਸਿਰਫ ਇਕੋ ਮੱਦ ਨੂੰ ਸੰਵਿਧਾਨ ਕਹਿਣਾ, ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਸ਼ੋਭਦਾ ਨਹੀਂ ਹੈ । ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਰਟੀਕਲ ਤਾਂ ਤੁਸੀਂ ਰੋਜ਼ ਬਦਲਦੇ ਰਹਿੰਦੇ ਹੋ । ਅਸੀਂ ਸਿਰਫ਼ ਉਸ ਮੱਦ ਦੀ ਹੀ ਵਿਰੋਧਤਾ ਕਰਦੇ ਹਾਂ । ਕੇਵਲ ਇਕ ਮੱਦ ਨੂੰ ਹੀ ਸੰਵਿਧਾਨ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ ।

**ਸ਼੍ਰੀ ਸਪੀਕਰ** : ਤੁਸੀਂ ਬੈਠ ਜਾਓ, ਇਹ ਕੋਈ ਐਸੀ ਗੱਲ ਨਹੀਂ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਇਸ ਤੋਂ ਬਾਦ 3 ਪੇਜ ਤੇ ਪੈਰਾ-7 ਵਿਚ ਸਰਬੱਤ ਦੇ ਭਲੇ ਦੀ ਗੱਲ ਕੀਤੀ ਗਈ ਹੈ । ਬੜੀ ਚੰਗੀ ਗੱਲ ਹੈ ਕਿ ਇਨ੍ਹਾਂ ਨੇ ਇਹ ਗੱਲ ਕੀਤੀ ਹੈ । ਅਸੀਂ ਧਾਰਮਿਕ ਲੋਕ ਹਾਂ । ਚੱਪੇ ਚੱਪੇ ਤੇ ਸਾਡੇ ਗੁਰੂਆਂ, ਪੀਰਾਂ, ਰਿਸ਼ੀਆਂ ਅਤੇ ਮੁਨੀਆਂ ਨੇ ਸਾਨੂੰ ਸਾਰਿਆਂ ਦੇ ਭਲੇ ਦੀ ਗੱਲ ਹੀ ਦੱਸੀ ਹੈ । ਲੇਕਿਨ ਸਰਬੱਤ ਦੇ ਭਲੇ ਤੇ ਕੌਣ ਚਲਦਾ ਹੈ ? ਸਪੀਕਰ ਸਾਹਿਬ, ਹਜ਼ਾਰਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਮੈਂ ਕਿਸੇ ਦੂਸਰੇ ਪਾਸੇ ਨਹੀਂ ਜਾਣਾ ਚਾਹੁੰਦੀ । ਸਰਬੱਤ ਦੇ ਭਲੇ ਵਾਸਤੇ ਅਸੀਂ 51 ਨੁਕਾਤੀ ਪ੍ਰੋਗਰਾਮ ਤਿਆਰ ਕੀਤਾ । ਇਹ ਪ੍ਰੋਗਰਾਮ ਕਿਸਾਨਾਂ ਵਾਸਤੇ, ਵਪਾਰੀਆਂ ਵਾਸਤੇ, ਕਰਮਚਾਰੀਆਂ ਵਾਸਤੇ, ਮੁਲਾਜ਼ਮਾਂ ਵਾਸਤੇ ਔਰ ਪਛੜੇ ਵਰਗਾਂ ਦੇ ਲੋਕਾਂ ਵਾਸਤੇ ਤਿਆਰ ਕੀਤਾ ਗਿਆ । ਇਹ ਸਾਰਿਆਂ ਵਾਸਤੇ ਤਿਆਰ ਕੀਤਾ ਗਿਆ ਸੀ, ਇਹ ਕਿਸੇ ਇਕ ਜਾਤੀ ਵਾਸਤੇ ਜਾਂ ਕਿਸੇ ਇੱਕ ਫਿਰਕੇ ਵਾਸਤੇ ਤਿਆਰ ਨਹੀਂ ਸੀ ਕੀਤਾ ਗਿਆ । ਦੂਜੇ ਪਾਸੇ, ਸਰਬੱਤ ਦਾ ਭਲਾ ਕਹਿਣ ਵਾਲੇ ਕਿਹੜੀ ਕਿਹੜੀ ਜਾਤ ਨਾਲ ਕੀ ਕੀ ਹੁੰਦਾ ਰਿਹਾ, ਕਿਸ ਕਿਸ ਕਮਿਊਨਿਟੀ ਨਾਲ ਕੀ ਕੀ ਹੁੰਦਾ ਰਿਹਾ, ਉਸ ਦੀ ਗੱਲ ਕਰਦੇ ਹਨ । ਅੱਜ ਵੀ ਜਦੋਂ ਸਾਹਮਣੇ ਬੈਠੇ ਟੰਡਨ ਸਾਹਿਬ ਨੂੰ ਦੇਖਦੇ ਹਾਂ ਤਾਂ ਸਾਨੂੰ ਖੁਸ਼ੀ ਹੁੰਦੀ ਹੈ ਕਿ ਉਹ ਜਿੱਤ ਕੇ ਆਏ ਹਨ ਲੇਕਿਨ ਜੋ ਲੋਕਾਂ ਦੇ ਨਾਲ ਚੋਣਾਂ ਵੇਲੇ ਵਾਅਦੇ ਕੀਤੇ ਸਨ ਕਿ ਅਸੀਂ ਹਿੰਦੂ ਸਿੱਖ ਏਕਤਾ ਦੀ ਗੱਲ ਕਰਦੇ ਹਾਂ, ਅਸੀਂ ਵਚਨਬੱਧਤਾ ਦੀ ਗੱਲ ਕਰਦੇ ਹਾਂ, ਉਹ ਪੂਰੇ ਨਹੀਂ ਕੀਤੇ ਗਏ । ਲੋਕਾਂ ਨੂੰ ਕਿਹਾ ਗਿਆ ਚੋਣਾਂ ਤੋਂ ਪਹਿਲਾਂ ਕਿ ਟੰਡਨ ਸਾਹਿਬ ਨੂੰ ਡਿਪਟੀ ਮੁੱਖ ਮੰਤਰੀ ਬਣਾਇਆ ਜਾਵੇਗਾ ਔਰ ਹਿੰਦੂਆਂ ਨੂੰ ਸਿੱਖਾਂ ਦੇ ਬਰਾਬਰ ਸਨਮਾਨ ਤੇ ਮਾਣ ਦਿੱਤਾ ਜਾਵੇਗਾ ਲੇਕਿਨ ਹੋਇਆ ਕੀ ? ਚੋਣਾਂ ਤੋਂ ਬਾਅਦ 'ਵਚਨ' ਕਿਤੇ ਔਰ 'ਬਧਤਾ' ਕਿਤੇ (ਹਾਸਾ) . . .

**ਸ਼੍ਰੀ ਮਦਨ ਮੋਹਨ ਮਿੱਤਲ** : ਪੁਆਇੰਟ ਆਫ਼ ਆਰਡਰ, ਸਪੀਕਰ ਸਾਹਿਬ ।

ਸਪੀਕਰ ਸਾਹਿਬ, ਮੈਂ ਮੈਡਮ ਰਾਜਿੰਦਰ ਕੌਰ ਭੱਠਲ ਜੀ ਦਾ ਸਤਿਕਾਰ ਕਰਦਾ ਹਾਂ । ਇਹ ਸਾਡੇ ਏਥੇ ਚੀਫ ਮਨਿਸਟਰ ਵੀ ਰਹੇ ਹਨ ਔਰ ਅੱਜ ਇਹ ਇਸ ਹਾਊਸ ਦੇ

Original with;
Punjab Vidhan Sabha
Digitized by;
Panjab Digital Library

ਅੰਦਰ ਅਪੋਜ਼ੀਸ਼ਨ ਦੇ ਲੀਡਰ ਵੀ ਹਨ । ਮੈਂ ਇਹਨਾਂ ਨੂੰ ਕਹਿਣਾ ਚਾਹਾਂਗਾ ਕਿ ਇਹਨਾਂ ਨੂੰ ਏਥੇ ਹਿੰਦੂ ਸਿੱਖ ਦੀ ਗੱਲ ਨਾ ਕਰਕੇ ਪੁਰਾਣੇ ਇਤਿਹਾਸ ਨੂੰ ਦੁਹਰਾਉਣਾ ਚਾਹੀਦਾ ਹੈ । ਨਾ ਏਥੇ ਕੋਈ ਸਿੱਖ ਲੀਡਰ ਹੈ, ਨਾ ਹਿੰਦੂ ਲੀਡਰ ਹੈ । ਮੈਂ ਸਮਝਦਾ ਹਾਂ ਕਿ ਹਿੰਦੂ ਔਰ ਸਿੱਖ ਦੀ ਗੱਲ ਨਾ ਕਰਕੇ let us talk only in terms of Punjab and Punjabiat.

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੈਂ ਇਸ ਗੱਲ ਦੇ ਨਾਲ ਬਿਲਕੁਲ ਸਹਿਮਤ ਹਾਂ । ਮੈਂ ਤੁਹਾਡੇ ਨਾਲ ਸਹਿਮਤ ਹਾਂ । ਮੈਨੂੰ ਖੁਸ਼ੀ ਹੈ ਕਿ ਤੁਸੀਂ ਏਕਤਾ ਦੀ ਗੱਲ ਕੀਤੀ ਹੈ ਔਰ ਅੱਜ ਫਿਰ ਏਕਤਾ ਦੀ ਗੱਲ ਕਰ ਰਹੇ ਹੋ । ਏਕਤਾ ਦੇ ਵਿੱਚ ਜਦੋਂ ਨਾਹਰੇ ਲਾਏ ਗਏ, ਮਿੱਤਲ ਸਾਹਿਬ, ਟੰਡਨ ਸਾਹਿਬ ਨੂੰ ਬਣਾਉਣ ਵੇਲੇ, ਤੁਸੀਂ ਵੀ ਉਦੋਂ ਉਥੇ ਹਾਜ਼ਰ ਸੀ । ਜਿਸ ਵੇਲੇ ਸ਼ਹਿਰੀ ਔਰ ਅਰਬਨ ਦੀ ਗੱਲ ਹੋ ਰਹੀ ਸੀ, ਤੁਸੀਂ ਉਥੇ ਸੀ ਔਰ ਉਸ ਵੇਲੇ ਅੱਛਾ ਹੁੰਦਾ ਜੇਕਰ ਤੁਸੀਂ ਕਹਿੰਦੇ । ਅੱਜ ਤਾਂ ਤੁਹਾਨੂੰ ਦੋ ਕੁਰਸੀਆਂ ਮਿਲ ਗਈਆਂ ਹਨ । ਅੱਜ ਆਪਾਂ ਏਥੇ ਸਾਂਝੀਵਾਲਤਾ ਦੀ ਗੱਲ ਕਰਦੇ ਹਾਂ, ਇਹ ਸਾਰਾ ਕੁਝ ਤੁਸੀਂ ਉਦੋਂ ਕੀਤਾ ਹੁੰਦਾ ਤਾਂ ਚੰਗੀ ਗੱਲ ਹੁੰਦੀ । ਜਦੋਂ ਮੋਗੇ ਦੇ ਵਿੱਚ ਸਾਡੇ ਆਪਣੇ ਭਰਾ, ਤੁਹਾਡੀ ਆਪਣੀ ਪਾਰਟੀ ਦੇ ਬੰਦੇ ਮਾਰ ਦਿੱਤੇ ਗਏ ਸੀ ਤਾਂ ਉਦੋਂ ਕਿਤਨੀਆਂ ਹੀ ਬੇਕਸੂਰ ਜਾਨਾਂ ਬਚ ਸਕਦੀਆਂ ਸਨ, ਉਸ ਵੇਲੇ ਇਹ ਕੋਸ਼ਿਸ਼ ਕਿਉਂ ਨਹੀਂ ਕੀਤੀ ਗਈ । ਅੱਜ ਦੋ ਕੁਰਸੀਆਂ ਪਿਛੇ ਤੁਸੀਂ ਇਹ ਗੱਲਾਂ ਕਰ ਰਹੇ ਹੋ । ਇਹ ਦੋ ਕੁਰਸੀਆਂ ਤੁਹਾਨੂੰ ਮੁਬਾਰਿਕ, ਲੇਕਿਨ ਪੰਜਾਬ ਦੇ ਵਿੱਚ ਜੋ ਪਿਛਲੇ ਸਮੇਂ ਵਿੱਚ ਹੋਇਆ, ਉਸ ਦੇ ਨਾਲ ਮੈਂ ਅੱਜ ਹੋਰ ਵੀ ਚਾਹੁੰਦੀ ਹਾਂ... ਮੈਂ ਮੰਨਦੀ ਹਾਂ ਕਿ ਸਾਡੇ ਵਿੱਚ ਕੋਈ ਵਿਤਕਰਾ ਨਹੀਂ, ਹਿੰਦੂ ਸਾਡੇ ਭਰਾ ਹਨ, ਹਿੰਦੂ ਸਾਡੀ ਕਲਾਸ ਹੈ ਔਰ ਮਾਨਯੋਗ ਕਲਾਸ ਹੈ । ਅਸੀਂ ਬੜਾ ਆਦਰ ਕਰਦੇ ਹਾਂ ਔਰ ਸਿੱਖ ਵੀ ਬੜੀ ਮਹਾਨ ਜਮਾਤ ਹੈ । ਮੈਂ ਵੀ ਇਸ ਦੇ ਨਾਲ ਤਾਲੁੱਕ ਰਖਦੀ ਹਾਂ । ਹਿੰਦੂ ਸਿੱਖ ਦਾ ਨਾਂ ਲੈਣ ਵਿੱਚ ਇਹਨਾਂ ਨੂੰ ਏਨੀ ਔਖ ਕਿਉਂ ਹੈ । ਇਹ ਸਾਡੀਆਂ ਆਪਣੀਆਂ ਕਮਿਊਨਟੀਜ਼ ਹਨ । ਨਾਂ ਲੈਣਾ ਕੋਈ ਮਾੜੀ ਗੱਲ ਨਹੀਂ ਹੈ । ਮੈਂ ਤਾਂ ਸਿਰਫ ਇਹੀ ਕਿਹਾ ਹੈ ਕਿ ਜੇ ਪਰੈਸ਼ਰ ਪਾ ਕੇ ਉਦੋਂ ਇਹ ਏਕਤਾ ਕਰ ਲੈਂਦੇ ਤਾਂ ਏਡਾ ਵੱਡਾ ਨੁਕਸਾਨ ਨਹੀਂ ਸੀ ਹੋਣਾ ।

ਸਪੀਕਰ ਸਾਹਿਬ, ਏਥੇ ਹਾਊਸ ਦੇ ਵਿੱਚ ਮੇਰੇ ਭਰਾਵਾਂ ਵੱਲੋਂ ਕਿਹਾ ਗਿਆ ਕਿ ਸਾਡਾ ਮੁੱਦਾ ਚੋਰੀ ਕਰ ਲਿਆ ਗਿਆ । ਮੈਂ ਕਹਿਣਾ ਚਾਹੁੰਦੀ ਹਾਂ ਕਿ ਜੇ ਕਿਸੇ ਦੀ ਕੋਈ ਚੰਗੀ ਚੀਜ਼ ਲੈ ਲਈ ਜਾਵੇ, ਸਿੱਖ ਲਈ ਜਾਵੇ ਤਾਂ ਇਸ ਵਿੱਚ ਕੋਈ ਮਾੜੀ ਗੱਲ ਨਹੀਂ । ਚੰਗੀ ਗੱਲ ਹਮੇਸ਼ਾ ਸਿੱਖ ਲੈਣੀ ਚਾਹੀਦੀ ਹੈ । ਜੇ ਇਹ ਸਾਰਾ ਮੁੱਦਾ ਤੁਹਾਡਾ ਹੀ ਹੈ ਤਾਂ ਤੁਸੀਂ ਇਸ ਵਿੱਚ ਫਿਰ ਵਿਤਕਰਾ ਕਿਉਂ ਕਰਦੇ ਹੋ । ਤੁਸੀਂ ਇਕ ਕਮਿਊਨਿਟੀ ਵਾਲੀ ਚੀਜ਼ ਤਾਂ ਲਾਗੂ ਕੀਤੀ, ਦੂਜੀ ਕਮਿਊਨਿਟੀ ਵਾਲੇ ਪਾਸੇ ਦੀ ਗੱਲ ਵੀ ਨਹੀਂ ਕੀਤੀ । ਚਾਹੇ ਇੰਸਪੈਕਟਰੀ ਰਾਜ ਹੈ, ਚਾਹੇ ਕੋਈ ਹੋਰ ਰਾਜ ਹੈ, ਤੁਸੀਂ ਕੋਈ ਚੀਜ਼ ਅੱਜ ਅਨਾਊਂਸ ਹੀ ਨਹੀਂ ਕੀਤੀ । ਮਿੱਤਲ ਸਾਹਿਬ, ਬਾਰ ਬਾਰ ਕਿਹਾ ਗਿਆ ਹੈ ਕਿ 92 ਆ ਗਏ, 62 ਆ ਗਏ । ਠੀਕ ਹੈ, ਤੁਸੀਂ ਜਿੱਤ ਕੇ ਆ ਗਏ ਹੋ, ਕਈ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਪਰਕਾਰ ਦੇ ਨਾਹਰੇ ਲਾ ਕੇ ਆ ਗਏ ਹੋ। ਤੁਸੀਂ ਦੋ ਜਣੇ ਇਕੱਠੇ ਹੋ ਕੇ ਆ ਗਏ ਹੋ। ਅਸੀਂ ਇਕੱਲੇ ਲੜੇ ਹਾਂ। ਅਸੀਂ ਕਿਸੇ ਨਾਲ ਕੰਪਰੋਮਾਈਜ਼ ਨਹੀਂ ਕੀਤਾ। (ਵਿਘਨ) ਸਪੀਕਰ ਸਾਹਿਬ, ਇਹ ਇਨ੍ਹਾਂ ਨੂੰ ਭੁਲੇਖਾ ਹੈ। ਮੈਂ ਇਹ ਗੱਲ ਸਪਸ਼ਟ ਕਹਿਣਾ ਚਾਹੁੰਦੀ ਹਾਂ ਕਿ ਅਸੀਂ ਐਡਜਸਟਮੈਂਟ ਕਰਕੇ ਆਏ ਹਾਂ, ਅਸੀਂ ਇਕੱਠੇ ਹੋ ਕੇ ਚੋਣ ਨਹੀਂ ਲੜੀ। ਤੁਸੀਂ ਅੱਜ ਆ ਗਏ ਹੋ, ਤੁਹਾਡਾ ਆਉਣਾ ਮੁਬਾਰਿਕ। ਤੁਸੀਂ ਏਥੇ ਆਏ ਹੋ, ਸਾਨੂੰ ਖੁਸ਼ੀ ਹੈ ਤਾਂ ਕਿ ਤੁਸੀਂ ਜੋ ਲੋਕਾਂ ਦੇ ਨਾਲ ਵਾਅਦੇ ਕੀਤੇ ਹਨ, ਉਹ ਪੂਰੇ ਕਰ ਸਕੋ। ਲੇਕਿਨ ਤੁਸੀਂ ਆਪਣੇ ਫ਼ਰਜ਼ਾਂ ਨੂੰ ਭੁੱਲ ਗਏ ਹੋ। ਕੀ ਤੁਹਾਨੂੰ ਅੱਜ ਪੰਜਾਬ ਦੇ ਲੋਕ ਦਿਖਦੇ ਨਹੀਂ? ਤੁਸੀਂ ਲੋਕਾਂ ਨੂੰ ਕਿਹਾ ਸੀ ਕਿ ਅਸੀਂ ਓਕਟਰਾਏ ਮੁਆਫ਼ ਕਰ ਦਿਆਂਗੇ ਪਰ ਦੂਜੇ ਪਾਸੇ ਕਮੇਟੀ ਬਣਾ ਦਿੱਤੀ ਗਈ। ਜੇ ਕਮੇਟੀ ਹੀ ਬਣਾਉਣੀ ਸੀ ਤਾਂ ਕੋਈ ਜਲਦੀ ਵੀ ਨਹੀਂ ਸੀ, ਸਾਰੀਆਂ ਗੱਲਾਂ ਕਮੇਟੀ ਦੇ ਵਿੱਚ ਹੀ ਆ ਜਾਂਦੀਆਂ।

ਅਸੀਂ ਸਰਬੱਤ ਦੀ ਗੱਲ ਕੀਤੀ ਹੈ। ਮੈਂ 51 ਨੁਕਾਤੀ ਪ੍ਰੋਗਰਾਮ ਲਿਆਂਦਾ। ਸਪੀਕਰ ਸਾਹਿਬ, ਜੇ ਮੈਂ ਇਹਨਾਂ ਦਾ ਮੁੱਦਾ ਚੋਰੀ ਕੀਤਾ ਹੁੰਦਾ ਤਾਂ ਮੈਂ ਵੀ ਸਾਰੇ ਕਿਸਾਨਾਂ ਦੀ ਗੱਲ ਕਰਦੀ। ਮੇਰੇ ਕੋਲ ਬੜੀਆਂ ਕਿਸਾਨ ਯੂਨੀਅਨਾਂ ਆਈਆਂ। ਮੈਨੂੰ ਵੀ ਵੱਡੇ ਵੱਡੇ ਕਿਸਾਨ ਭਰਾ ਮਿਲੇ। 500 ਏਕੜ ਜ਼ਮੀਨਾਂ ਵਾਲੇ ਵੀ ਮਿਲੇ। ਉਹਨਾਂ ਨੇ ਕਿਹਾ ਕਿ ਸਾਨੂੰ ਬਿਜਲੀ ਦੇ ਬਿੱਲ ਦੀ ਮੁਆਫ਼ੀ ਦੀ ਲੋੜ ਨਹੀਂ, ਸਾਨੂੰ ਬਿਜਲੀ ਦੀ ਲੋੜ ਹੈ, ਔਰ ਕਮਜ਼ੋਰ ਕਿਸਾਨ ਮਿਲੇ ਤਾਂ ਉਹਨਾਂ ਨੇ ਕਿਹਾ ਕਿ ਜਿੱਥੇ ਸਾਨੂੰ ਬਿਜਲੀ ਦੀ ਲੋੜ ਹੈ, ਉਥੇ ਸਾਨੂੰ ਰਾਹਤ ਦੀ ਵੀ ਲੋੜ ਹੈ। ਮੈਂ ਸਾਰਿਆਂ ਨੂੰ ਸੁਣਨ ਤੋਂ ਬਾਅਦ ਦੇਖਿਆ ਕਿ 80% ਕਿਸਾਨ 7 ਏਕੜ ਤੱਕ ਆਉਂਦੇ ਹਨ। ਅੱਜ ਜ਼ਰੂਰਤ ਹੈ ਸਾਨੂੰ ਪੰਜਾਬ ਨੂੰ ਤਕੜਾ ਕਰਕੇ ਜ਼ਖਮਾਂ ਤੇ ਮਲ੍ਹਮ ਲਗਾਉਣ ਦੀ ਤਾਂ ਕਿ ਪੰਜਾਬ ਆਪਣੇ ਪੈਰਾਂ ਤੇ ਖੜ੍ਹਾ ਹੋ ਸਕੇ। ਅਸੀਂ ਸਭ ਕੁਝ ਕਰ ਸਕਦੇ ਹਾਂ। ਮੈਂ ਉਨ੍ਹਾਂ ਦਾ ਵਿਰੋਧ ਨਹੀਂ ਕਰਦੀ। ਜਿਹੜੇ ਛੋਟੇ ਕਿਸਾਨ ਹਨ, ਦਰਮਿਆਨੇ ਕਿਸਾਨ ਹਨ, ਦਰਮਿਆਨੇ ਵਪਾਰੀ ਹਨ, ਦਰਮਿਆਨੇ ਮੁਲਾਜ਼ਮ ਵਰਗ ਦੇ ਲੋਕ ਹਨ, ਦਰਮਿਆਨੇ ਬੈਕਵਰਡ ਕਲਾਸਾਂ ਦੇ ਲੋਕ ਹਨ ਜਾਂ ਦਰਮਿਆਨੇ ਸ਼ਡਿਊਲਡ ਕਾਸਟ ਲੋਕ ਹਨ, ਅੱਜ ਸਾਨੂੰ ਪੰਜਾਬ ਨੂੰ ਤਕੜਾ ਕਰਨ ਵਾਸਤੇ ਕਮਜ਼ੋਰ ਅਤੇ ਦਰਮਿਆਨੀਆਂ ਦੋ ਕੈਟਾਗਰੀਆਂ ਦੀ ਮਦਦ ਕਰਨ ਦੀ ਲੋੜ ਹੈ। ਤਕੜੇ ਜ਼ਿਮੀਂਦਾਰਾਂ ਨੇ ਮੈਨੂੰ ਖੁਦ ਆਫਰ ਕੀਤਾ ਹੈ ਔਰ ਅੱਜ ਵੀ ਕਰ ਰਹੇ ਹਨ ਕਿ ਅਸੀਂ ਤੁਹਾਨੂੰ ਪੈਸਾ ਦੇ ਸਕਦੇ ਹਾਂ, ਬਿੱਲ ਦੇ ਸਕਦੇ ਹਾਂ ਪਰ ਤੁਸੀਂ ਸਾਨੂੰ ਪੂਰੀ ਬਿਜਲੀ ਦਿਓ। ਸਾਡੇ ਪੈਸਾ ਦੇਣ ਨਾਲ ਤੁਸੀਂ ਜ਼ਿਆਦਾ ਬਿਜਲੀ ਪੈਦਾ ਕਰ ਸਕਦੇ ਹੋ, ਸਾਨੂੰ ਤਾਂ ਪੂਰੀ ਬਿਜਲੀ ਦਿੱਤੀ ਜਾਵੇ। ਅੱਜ ਪਿੰਡਾਂ ਵਿਚ ਲੋਕ ਗੱਲਾਂ ਕਰਦੇ ਹਨ ਕਿ ਜਦੋਂ ਦੇ ਬਿਜਲੀ ਦੇ ਬਿੱਲ ਮੁਆਫ਼ ਹੋਏ ਹਨ, ਅਜੇ ਇਕ ਮਹੀਨਾ ਹੀ ਹੋਇਆ ਹੈ, ਉਸੇ ਦਿਨ ਦੀ ਹੀ ਬਿਜਲੀ ਨਹੀਂ ਆਉਂਦੀ। ਲੋਕ ਇਸ ਦਾ ਅਰਥ ਇਹ ਕੱਢਦੇ ਹਨ ਕਿ ਸਰਕਾਰ ਕਹਿੰਦੀ ਹੈ ਕਿ ਅਸੀਂ ਤੁਹਾਨੂੰ ਬਿੱਲ ਮੁਆਫ਼ ਕੀਤੇ ਹਨ, ਹੁਣ ਤੁਸੀਂ ਸਾਥੋਂ ਬਿਜਲੀ ਨਾ ਮੰਗੋ। ਇਹ ਬੜੀ ਚੰਗੀ ਗੱਲ ਨਹੀਂ ਕੀਤੀ ਹੈ, ਇਹ ਤਾਂ ਜਲਦਬਾਜ਼ੀ ਕੀਤੀ ਗਈ ਹੈ। ਜਿਹੜੇ ਵੀ ਫੈਸਲੇ ਕਰਨੇ ਹਨ, ਉਹ ਪੂਰੀ ਤਰ੍ਹਾਂ ਸੋਚ ਸਮਝ ਕੇ, ਵਿਚਾਰ ਕੇ ਹੀ ਕਰਨੇ ਚਾਹੀਦੇ ਹਨ।

**ਸਰਦਾਰ ਬਲਦੇਵ ਸਿੰਘ ਖਿਆਲਾ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ-

Original with;
Punjab Vidhan Sabha
Digitized by;
Panjab Digital Library

ਹੈ ਕਿ ਮਾਨਯੋਗ ਮੈਂਬਰ ਸਾਹਿਬਾ ਬੜੀਆਂ ਗੱਲਾਂ ਕਰਦੇ ਹਨ। ਪੰਜ ਸਾਲ ਦਾ ਸਮਾਂ ਕਾਂਗਰਸ ਸਰਕਾਰ ਦਾ ਰਾਜ ਰਿਹਾ ਹੈ..(ਵਿਘਨ)

**ਸ੍ਰੀ ਸਪੀਕਰ**: ਖਿਆਲਾ ਜੀ, ਬੈਠ ਜਾਓ। ਤੁਹਾਨੂੰ ਬੋਲਣ ਲਈ ਸਮਾਂ ਮਿਲਣਾ ਹੈ। ਤੁਸੀਂ ਉਦੋਂ ਸਭ ਗੱਲਾਂ ਕਹਿ ਲੈਣਾ।

**ਸ੍ਰੀਮਤੀ ਰਾਜਿੰਦਰ ਕੌਰ ਭੱਠਲ**: ਸਪੀਕਰ ਸਾਹਿਬ, ਮੈਂ ਐਵੇਂ ਗੱਲਾਂ ਨਹੀਂ ਕਰਦੀ। ਮੈਂ ਤੱਥਾਂ ਦੇ ਆਧਾਰ ਤੇ ਗੱਲ ਕਰਦੀ ਹਾਂ। ਮੇਰੇ ਕੋਲ ਪਾਣੀ ਦਾ ਐਗਰੀਮੈਂਟ ਪਿਆ ਹੈ, ਇਹ ਇਸ ਨੂੰ ਝੁਠਲਾ ਦੇਣ। ਮੇਰੇ ਕੋਲ 51 ਨੁਕਾਤੀ ਪ੍ਰੋਗਰਾਮ ਪਿਆ ਹੈ, ਇਹ ਉਸ ਨੂੰ ਦੇਖ ਲੈਣ। ਸਪੀਕਰ ਸਾਹਿਬ, ਅਸੀਂ ਪਿੰਡਾਂ ਨੂੰ ਪਿਆਰ ਕਰਦੇ ਹਾਂ। ਅਸੀਂ ਬਹੁਤ ਕੁਝ ਕੀਤਾ ਹੈ। ਮੈਂ ਪੁੱਛਣਾ ਚਾਹੁੰਦੀ ਹਾਂ ਕਿ 2-3 ਇਨ੍ਹਾਂ ਦੀਆਂ ਸਰਕਾਰਾਂ ਵੀ ਬਣੀਆਂ ਹਨ। ਇਹ ਗੱਲ ਵੱਖਰੀ ਹੈ ਕਿ ਇਹ ਕਦੇ ਵੀ ਪੂਰੇ ਪੰਜ ਸਾਲ ਨਹੀਂ ਚੱਲੀਆਂ। ਮੈਨੂੰ ਇਸ ਵਾਰ ਵੀ ਉਮੀਦ ਨਹੀਂ ਕਿ ਇਹ ਪੂਰੇ ਪੰਜ ਸਾਲ ਚੱਲੇਗੀ ਕਿਉਂਕਿ ਇਤਿਹਾਸ ਕਦੀ ਝੂਠਾ ਨਹੀਂ ਹੋ ਸਕਦਾ। ਜੇਕਰ ਇਹ ਇਸ ਵਾਰ 6 ਮਹੀਨੇ ਜਾਂ ਸਾਲ ਚੱਲ ਗਈ ਤਾਂ ਅਸੀਂ ਆਪਣੇ ਮਾਨਯੋਗ ਭਰਾਵਾਂ ਨੂੰ ਇਕ ਟਰਾਫੀ ਦੇਵਾਂਗੇ। ਇਨ੍ਹਾਂ ਨੇ ਜਦੋਂ ਵੀ ਗੱਲ ਕੀਤੀ, ਜਾਂ ਤਾਂ ਪੇਂਡੂਆਂ ਦੀ ਗੱਲ ਕੀਤੀ ਔਰ ਜਾਂ ਫਿਰ ਧਰਮ ਦੀ ਗੱਲ ਕੀਤੀ ਕਿ ਪੰਥ ਖਤਰੇ ਵਿਚ ਹੈ। ਅਕਾਲੀ ਸਰਕਾਰ ਹਮੇਸ਼ਾ ਆਪਣੇ ਆਪ ਨੂੰ ਪਿੰਡਾਂ ਦੀ ਸਰਕਾਰ ਦੱਸਦੀ ਹੈ। ਇਨ੍ਹਾਂ ਦੇ ਸਮੇਂ ਇਹ ਪਿੰਡਾਂ ਵਾਸਤੇ 15 ਕਰੋੜ ਰੁਪਏ, 18 ਕਰੋੜ ਰੁਪਏ ਤੇ ਵੱਧ ਤੋਂ ਵੱਧ 30 ਕਰੋੜ ਰੁਪਏ ਤੋਂ ਅਗਾਂਹ ਨਹੀਂ ਜਾ ਸਕੇ। ਤੁਸੀਂ ਰਿਕਾਰਡ ਕਢਵਾ ਕੇ ਦੇਖ ਸਕਦੇ ਹੋ ਕਿ ਆਪਣੇ ਸਮੇਂ ਵਿੱਚ ਅਸੀਂ ਪਿੰਡਾਂ ਵਾਸਤੇ 200 ਕਰੋੜ ਰੁਪਏ, 300 ਕਰੋੜ ਰੁਪਏ, 400 ਕਰੋੜ ਰੁਪਏ ਅਤੇ 650 ਕਰੋੜ ਰੁਪਏ ਤੱਕ ਲੈ ਕੇ ਗਏ ਹਾਂ। ਇਸ ਤੋਂ ਸਾਬਤ ਹੁੰਦਾ ਹੈ ਕਿ ਪਿੰਡਾਂ ਦੀ ਹਮਦਰਦ ਕਿਹੜੀ ਸਰਕਾਰ ਰਹੀ ਹੈ। ਸਪੀਕਰ ਸਾਹਿਬ, ਪਿੰਡਾਂ ਵਾਲਿਆਂ ਦੀ ਮਦਦ ਕੌਣ ਕਰਦਾ ਹੈ, ਇਹ ਸਭ ਵੇਖਦੇ ਹਨ। ਮੇਰੇ ਭਰਾਵਾਂ ਨੇ ਕਿਹਾ ਹੈ ਕਿ ਅਸੀਂ ਸਾਰਿਆਂ ਨਾਲ ਈਕੁਅਲ ਵਰਤਾਓ ਕਰਾਂਗੇ ਔਰ ਪੂਰਨ ਤੌਰ ਤੇ ਕਰਾਂਗੇ। ਉਦਯੋਗ ਲਈ, ਵਪਾਰੀਆਂ ਲਈ ਔਰ ਸਾਰੀਆਂ ਚੀਜ਼ਾਂ ਲਈ ਕਰਾਂਗੇ। ਸਪੀਕਰ ਸਾਹਿਬ, ਆਮ ਕਹਿੰਦੇ ਹਨ ਕਿ ਸੀਸ ਜਾਏ ਪਰ ਵਚਨ ਨਾ ਜਾਏ। ਪਰ ਮੇਰੇ ਭਰਾ ਕਹਿੰਦੇ ਹਨ ਕਿ ਸੀਸ ਨਾ ਜਾਏ, ਵਚਨ ਚਾਹੇ ਚਲਿਆ ਜਾਏ। ਇਨ੍ਹਾਂ ਨੇ ਮੁਲਾਜ਼ਮਾਂ ਲਈ ਅੱਜ ਕੀ ਰੱਖਿਆ ਹੈ ਜਿਨ੍ਹਾਂ ਤੋਂ ਇਨ੍ਹਾਂ ਨੇ ਮਦਦ ਮੰਗੀ ਹੈ। ਅਸੀਂ 51 ਨੁਕਾਤੀ ਪ੍ਰੋਗਰਾਮ ਸ਼ੁਰੂ ਕੀਤਾ ਸੀ। ਅਸੀਂ ਔਰਤਾਂ ਨੂੰ ਬੱਸ ਫੇਅਰ ਮੁਆਫ ਕੀਤਾ ਜਿਹੜਾ ਕਿ ਔਰਤਾਂ ਲਈ ਪਹਿਲੀ ਵਾਰ ਹੋਇਆ ਹੈ, ਅਸੀਂ ਟੈਰੋਰਿਸਟ ਵਿਕਟਿਮਜ਼ ਵਾਸਤੇ ਬੜਾ ਕੁਝ ਕੀਤਾ, ਆਂਗਨਵਾੜੀਆਂ ਲਈ ਕੀਤਾ, ਫਰੀਡਮ ਫਾਈਟਰਾਂ ਲਈ ਕੀਤਾ। ਅਗਰ ਮੈਂ ਸਾਰੀਆਂ ਗੱਲਾਂ ਸੁਣਾਉਣ ਲੱਗ ਜਾਵਾਂ ਤਾਂ ਬੜਾ ਸਮਾਂ ਲੱਗ ਜਾਵੇਗਾ। ਇਹ ਅੱਜ ਉਨ੍ਹਾਂ ਨੁਕਤਿਆਂ ਨੂੰ ਲਾਗੂ ਕਿਉਂ ਨਹੀਂ ਕਰਦੇ। ਇਹ ਕਹਿੰਦੇ ਹਨ ਕਿ ਸਾਡਾ ਮੁੱਦਾ ਚੋਰੀ ਕੀਤਾ ਗਿਆ ਹੈ, ਤਾਂ ਫਿਰ ਇਹ ਉਸ ਨੂੰ ਲਾਗੂ ਕਿਉਂ ਨਹੀਂ ਕਰਦੇ। ਜਾਂ ਤਾਂ ਉਸ 51 ਨੁਕਾਤੀ ਪ੍ਰੋਗਰਾਮ ਨੂੰ ਰਿਜੈਕਟ ਕਰ ਦੇਣ ਅਤੇ ਜਾਂ ਫਿਰ ਉਸ ਨੂੰ ਲਾਗੂ ਕਰਨ।

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਸਪੀਕਰ ਸਾਹਿਬ, ਧਰਮ ਦੀ ਗੱਲ ਹੋਈ ਹੈ। ਧਰਮ ਇਕ ਬਹੁਤ ਵੱਡੀ ਗੱਲ ਹੈ। ਧਰਮ ਸਚਮੁੱਚ ਹੀ ਸਾਰਿਆਂ ਨੂੰ ਰੋਸ਼ਨੀ ਵਿਖਾਉਂਦਾ ਹੈ। ਲੇਕਿਨ ਧਰਮ ਦੀ ਸਾਰ ਕਿਸ ਨੇ ਲਈ। ਜਦੋਂ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਮਾਰਗ ਬਣਵਾਇਆ। ਪਿਛਲੇ ਸਮੇਂ ਵਿਚ ਜਦੋਂ ਮੈਨੂੰ ਮੌਕਾ ਮਿਲਿਆ ਤਾਂ ਅਸੀਂ ਗੁਰੂ ਤੇਗ ਬਹਾਦਰ ਮਾਰਗ ਬਣਾਇਆ। ਸਪੀਕਰ ਸਾਹਿਬ, ਇਹ ਗੱਲਾਂ ਕਰਦੇ ਹਨ ਕਿ ਅਸੀਂ ਸੜਕਾਂ ਬਣਾਵਾਂਗੇ ਪਰ ਉਸ ਵਿਚ ਗੁਰੂ ਤੇਗ਼ ਬਹਾਦਰ ਮਾਰਗ ਦਾ ਤਾਂ ਕੋਈ ਜ਼ਿਕਰ ਨਹੀਂ ਹੈ। ਅਸੀਂ ਕਿਹਾ ਸੀ ਕਿ ਅਸੀਂ ਧਾਰਮਿਕ ਸਥਾਨਾਂ, ਸ਼ਮਸ਼ਾਨ ਘਾਟਾਂ ਆਦਿ ਲਈ ਸੜਕਾਂ ਦਿਆਂਗੇ ਪਰ ਇਨ੍ਹਾਂ ਵੱਲੋਂ ਇਨ੍ਹਾਂ ਦਾ ਕੋਈ ਜ਼ਿਕਰ ਨਹੀਂ ਹੈ।

**ਸਰਦਾਰ ਤੋਤਾ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸਾਬਕਾ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਗੁਰੂ ਤੇਗ ਬਹਾਦਰ ਮਾਰਗ ਬਣਾਇਆ, ਇਹ ਕਿੰਨੇ ਸੌ ਕਿਲੋਮੀਟਰ ਲੰਮੀ ਸੜਕ ਬਣਾਈ ਹੈ ਇਨ੍ਹਾਂ ਨੇ? ਕਿਵੇਂ ਉਹ ਗੁਰੂ ਤੇਗ ਬਹਾਦਰ ਮਾਰਗ ਬਣ ਗਿਆ?

**ਸ੍ਰੀ ਸਪੀਕਰ:** ਸਰਦਾਰ ਤੋਤਾ ਸਿੰਘ ਜੀ, ਤੁਸੀਂ ਬੈਠੋ। ਤੁਹਾਨੂੰ ਵੀ ਬੋਲਣ ਦਾ ਸਮਾਂ ਮਿਲੇਗਾ।

**ਸ੍ਰੀਮਤੀ ਰਾਜਿੰਦਰ ਕੌਰ ਭੱਠਲ:** ਇਨ੍ਹਾਂ ਮੇਰੇ ਭਰਾਵਾਂ ਨੂੰ ਇਹ ਪਤਾ ਨਹੀਂ ਹੈ ਕਿ ਸੜਕ ਬਣਾਉਣ ਦਾ ਭਾਵ ਇਹ ਨਹੀਂ ਕਿ ਲੁੱਕ ਬੱਜਰੀ ਪਾ ਦਿੱਤੀ। ਇਕ ਪਲੇਨ ਬਣਾ ਕੇ, ਨਕਸ਼ਾ ਬਣਾ ਕੇ, ਏਰੀਆ ਰੱਖ ਕੇ ਔਰ ਕਿੰਨਾ ਪੈਸਾ ਹੈ, ਕਿੰਨਾ ਬਜਟ ਹੈ, ਇਹ ਸਭ ਕੁਝ ਦੇਖ ਕੇ ਸੜਕ ਬਣਦੀ ਹੈ। ਅੱਜ ਹੀ ਮੇਰੇ ਇਕ ਵੀਰ ਅਜਨਾਲੇ ਵਾਲੇ ਨੇ ਕਿਹਾ ਕਿ** ** **

**ਸ੍ਰੀ ਮਦਨ ਮੋਹਨ ਮਿੱਤਲ:** ਸਪੀਕਰ ਸਾਹਿਬ, ਚੋਣ ਕਮਿਸ਼ਨ ਦਾ ਜੋ ਵੀ ਫੈਸਲਾ ਹੋਵੇ, ਉਸ ਨੂੰ ਡਿਸਕਸ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਕਮਿਸ਼ਨ ਪੰਜਾਬ ਦਾ ਨਹੀਂ ਹੈ। ਇਸ ਨੂੰ ਭਾਰਤ ਸਰਕਾਰ ਨੇ ਨਿਯੁਕਤ ਕੀਤਾ ਹੁੰਦਾ ਹੈ ਅਤੇ ਇਹ ਇੰਡੀਪੈਂਡੈਂਟ ਇੰਸਟੀਚਿਊਸ਼ਨ ਹੈ। Any comments on the functioning of the Election Commission should be expunged.

**ਸ੍ਰੀ ਸਪੀਕਰ:** ਚੋਣ ਕਮਿਸ਼ਨ ਬਾਰੇ ਜੋ ਕਿਹਾ ਗਿਆ ਹੈ, ਉਸ ਨੂੰ ਐਕਸਪੰਜ ਕਰ ਦਿੱਤਾ ਜਾਵੇ।

**ਸ੍ਰੀਮਤੀ ਰਾਜਿੰਦਰ ਕੌਰ ਭੱਠਲ.** ਸਪੀਕਰ ਸਾਹਿਬ, ਹੁਣੇ ਇਕ ਮੈਂਬਰ ਨੇ ਕਿਹਾ ਕਿ ਅਸੀਂ 51 ਨੁਕਾਤੀ ਪ੍ਰੋਗਰਾਮ ਬੰਦ ਕਰਵਾ ਦਿੱਤਾ। ਸਾਡਾ ਪ੍ਰੋਗਰਾਮ ਕਿਸ ਨੇ ਬੰਦ ਕੀਤਾ, ਮੈਂ ਤਾਂ ਇਸ ਦਾ ਰੈਫਰੈਂਸ ਵਜੋਂ ਜ਼ਿਕਰ ਕੀਤਾ ਹੈ। ਸਪੀਕਰ ਸਾਹਿਬ, ਇਕ ਮੈਂਬਰ ਸਾਹਿਬ

---

***Expunged as ordered by the Chair.*

Original with;
Punjab Vidhan Sabha
Digitized by;
Panjab Digital Library

ਨੇ ਤਾਂ ਇਹ ਗੱਲ ਐਡਮਿਟ ਕਰ ਲਈ ਹੈ ਕਿ ਇਨ੍ਹਾਂ ਨੇ ਸਾਡੇ 51 ਨੁਕਾਤੀ ਪ੍ਰੋਗਰਾਮ ਨੂੰ ਬੰਦ ਕਰਵਾਇਆ ਹੈ ਜਿਸ ਵਿਚ ਕਮਜ਼ੋਰ ਵਰਗ, ਮੁਲਾਜ਼ਮ ਵਰਗ ਔਰ ਗਰੀਬ ਵਰਗ ਦੇ ਲੋਕਾਂ ਨੂੰ ਰਿਆਇਤਾਂ ਮਿਲਣੀਆਂ ਸਨ । ਸ਼ਹਿਰਾਂ ਅਤੇ ਪਿੰਡਾਂ ਦੇ ਲੋਕਾਂ ਨੂੰ ਸਹੂਲਤਾਂ ਮਿਲਣੀਆਂ ਸਨ । ਇਹ ਲੋਕਾਂ ਦੇ ਕਿੰਨੇ ਹਮਦਰਦ ਹਨ, ਇਨ੍ਹਾਂ ਨੇ ਤਾਂ ਪੱਕੇ ਖਾਲਿਆਂ ਤੱਕ ਹੀ ਸੀਮਤ ਰਹਿਣਾ ਹੈ । ਸੋ ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਜੋ ਕੁਝ ਇਹ ਲੈ ਕੇ ਆਏ ਹਨ, ਇਹ ਸਾਰਾ ਕੁਝ ਸਾਡਾ ਹੀ ਹੈ, ਜਿਸ ਵਿਚੋਂ ਜਾਂ ਤਾਂ ਕੁਝ ਲਾਗੂ ਕਰ ਦਿੱਤਾ ਗਿਆ ਹੈ ਜਾਂ ਕਰਨ ਜਾ ਰਹੇ ਹਨ ਕਿਉਂਕਿ ਇਕ ਮਹੀਨੇ ਵਿੱਚ ਇਨ੍ਹਾਂ ਕੋਲ ਕੋਈ ਜਾਦੂ ਦੀ ਛੜੀ ਤਾਂ ਹੈ ਨਹੀਂ ਜੋ ਘੁੰਮਾ ਕੇ ਇਨ੍ਹਾਂ ਨੇ ਇਹ ਸਭ ਕੁਝ ਕਰ ਦਿੱਤਾ । ਇਸ ਲਈ ਮੈਨੂੰ ਅੱਜ ਖੁਸ਼ੀ ਇਸ ਗੱਲ ਦੀ ਹੈ ਕਿ ਤੁਹਾਨੂੰ ਸਾਡੀ ਗੱਲ ਮੰਨਣੀ ਪੈ ਗਈ ਅਤੇ ਜੋ ਜੋ ਸਾਡਾ ਪ੍ਰੋਗਰਾਮ ਸੀ, ਤੁਹਾਡਾ ਵੀ ਉਹੀ ਪ੍ਰੋਗਰਾਮ ਹੈ, ਕਿਉਂਕਿ ਅਸੀਂ ਜੋ 51 ਨੁਕਾਤੀ ਪ੍ਰੋਗਰਾਮ ਲੈ ਕੇ ਆਏ ਸੀ. . . .

**ਸਰਦਾਰ ਇੰਦਰਜੀਤ ਸਿੰਘ ਜ਼ੀਰਾ**: ਸਪੀਕਰ ਸਾਹਿਬ, ਸਾਬਕਾ ਮੁੱਖ ਮੰਤਰੀ ਸਾਹਿਬਾ ਨੇ ਬੜਾ ਕੁਝ ਕਿਹਾ ਹੈ ਕਿ ਅਸੀਂ ਇਹ ਕੀਤਾ, ਉਹ ਕੀਤਾ ਪਰ ਇਹ ਇਕ ਗੱਲ ਮੈਨੂੰ ਦੱਸਣ ਕਿ ਜੇ ਇਨ੍ਹਾਂ ਨੇ ਲੋਕਾਂ ਲਈ ਇੰਨੇ ਕੰਮ ਕੀਤੇ ਹਨ ਤਾਂ ਲੋਕਾਂ ਨੇ ਉਨ੍ਹਾਂ ਨੂੰ ਰੀਜੈਕਟ ਕਿਉਂ ਕੀਤਾ ਹੈ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ**: ਸਪੀਕਰ ਸਾਹਿਬ, 17 ਸਾਲ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ ; ਲੋਕਾਂ ਨੇ ਤੁਹਾਡੇ ਨਾਲ ਹਮਦਰਦੀ ਕੀਤੀ, ਤਰਸ ਕੀਤਾ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਤੁਸੀਂ 4–5 ਮਹੀਨੇ ਹੀ ਰਹਿਣਾ ਹੈ । ਚਲੋ ਇਕ ਮੌਕਾ ਦੇ ਦੇਈਏ, 17 ਸਾਲ ਹੋ ਗਏ ਹਨ । ਇਸ ਦੇ ਬਾਅਦ, ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦੀ ਹਾਂ ਕਿ ਅਸੀਂ ਇਕ ਬੜਾ ਅੱਛਾ ਪ੍ਰੋਗਰਾਮ ਲੈ ਕੇ ਆਏ ਸੀ ਔਰ ਇਨ੍ਹਾਂ ਨੇ ਉਸ ਦੀ ਸ਼ਲਾਘਾ ਕੀਤੀ ਹੈ । ਇਨ੍ਹਾਂ ਨੇ ਇਕ ਨਵੀਂ ਚੀਜ ਸ਼ੁਰੂ ਕੀਤੀ ਹੈ 'ਸੰਗਤ ਦਰਸ਼ਨ', ਬੜੀ ਅੱਛੀ ਗੱਲ ਹੈ । ਅਸੀਂ ਵੀ ਕਰਦੇ ਰਹੇ ਹਾਂ, ਇਨ੍ਹਾਂ ਨੇ 'ਸੰਗਤ ਦਰਸ਼ਨ' ਦਾ ਨਾਮ ਦਿੱਤਾ ਹੈ, ਅਸੀਂ ਇਸ ਨੂੰ ਮਾਸ-ਕਾਂਟੈਕਟ ਪ੍ਰੋਗਰਾਮ ਕਹਿੰਦੇ ਸੀ । ਬੜੀ ਅੱਛੀ ਗੱਲ ਹੈ, ਲੋਕਾਂ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ । ਲੇਕਿਨ ਸਪੀਕਰ ਸਾਹਿਬ, ਲੋਕਾਂ ਨੂੰ ਦਰਸ਼ਨਾਂ ਦੀ ਲੋੜ ਨਹੀਂ, ਕਿਉਂਕਿ 17 ਸਾਲ ਸੰਗਤ ਇਨ੍ਹਾਂ ਦੇ ਦਰਸ਼ਨ ਹੀ ਕਰਦੀ ਰਹੀ ਹੈ । ਸੰਗਤ ਇਨ੍ਹਾਂ ਦੇ ਹੁਣ ਦਰਸ਼ਨ ਨਹੀਂ ਚਾਹੁੰਦੀ, ਕੰਮ ਚਾਹੁੰਦੀ ਹੈ ਔਰ ਤਿੰਨ ਚਾਰ ਥਾਵਾਂ ਤੇ ਜਾ ਕੇ ਇਹ ਲੋਕਾਂ ਨੂੰ ਮਿਲੇ ਤਾਂ ਇਨ੍ਹਾਂ ਨੇ ਕਿਹਾ ਕਿ "ਭਰਾਓ ਖਜ਼ਾਨਾ ਸਰਕਾਰ ਖਾਲੀ ਕਰ ਗਈ ਹੈ ਅਤੇ ਖਜ਼ਾਨੇ ਵਿੱਚ ਪੈਸਾ ਕੋਈ ਨਹੀਂ ਹੈ, 2 ਸਾਲ ਕੰਮ ਸ਼ੁਰੂ ਕਰਨ ਨੂੰ ਲੱਗਣਗੇ ।" ਸਪੀਕਰ ਸਾਹਿਬ, ਇਹ ਤਾਂ ਉਹ ਗੱਲ ਹੈ ਕਿ:

'ਕੋਹ ਨਾ ਚੱਲੀ ਬਾਬਾ ਤਿਹਾਈ'

ਅਜੇ ਤਾਂ ਤੁਹਾਨੂੰ ਬਣਿਆਂ ਨੂੰ ਮਹੀਨਾ ਹੀ ਹੋਇਆ ਹੈ, ਤੁਸੀਂ ਦੋ ਸਾਲਾਂ ਦੀ ਗੱਲ ਕਰਦੇ ਹੋ । ਦੋ ਸਾਲ ਦੀ ਮਿਆਦ ਹੈ ਜਾਂ ਨਹੀਂ ਤੁਹਾਡੀ ਸਰਕਾਰ ਦੀ, ਪਤਾ ਨਹੀਂ । ਅਜੇ ਤਾਂ ਗੋਹੜੇ ਵਿੱਚੋਂ ਪੂਣੀ ਵੀ ਨਹੀਂ ਕੱਤੀ, ਖਜ਼ਾਨਾ ਕਾਹਦੇ ਨਾਲ ਖਾਲੀ ਹੋ ਗਿਆ । ਅਜੇ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਪ੍ਰੋਗਰਾਮ ਨਹੀਂ ਚਲਾਇਆ । ਤੁਹਾਡੇ ਸਾਰੇ ਪ੍ਰੋਗਰਾਮਾਂ ਵਿਚੋਂ ਅਜੇ ਤਾਂ ਇਕ ਹੀ ਤੁਸੀਂ ਚਾਲੂ ਕੀਤਾ ਹੈ । ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਹੈ ਕਿ ਜੋ ਪ੍ਰੋਗਰਾਮ ਇਹ ਲੈ ਕੇ ਆਏ ਹਨ, ਉਹ ਸਾਡੇ ਸਮੇਂ ਦੇ ਹੀ ਹਨ । ਮੈਂ ਅੱਗੇ ਵੀ ਇਹ ਗੱਲ ਕਹੀ ਹੈ ਕਿ ਸੜਕਾਂ ਦੇ ਵਾਸਤੇ ਜਿਹੜਾ 100-150 ਕਰੋੜ ਰੁਪਿਆ ਰੱਖਿਆ ਗਿਆ ਹੈ ਅੌਰ ਜਿਸ ਤਰ੍ਹਾਂ ਮੈਂ ਕਿਹਾ ਸੀ ਕਿ ਅਸੀਂ ਗੁਰੂ ਤੇਗ ਬਹਾਦਰ ਮਾਰਗ ਬਣਾਇਆ ਹੈ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਉਹ ਇਸ ਦੇ ਵਿੱਚ ਇਨਕਲਯੂਡ ਕੀਤਾ ਗਿਆ ਹੈ ਜਾਂ ਨਹੀਂ, ਜਾਂ ਛੱਡਿਆ ਗਿਆ ਹੈ । ਜਦੋਂ ਸਾਨੂੰ ਮੌਕਾ ਮਿਲਿਆ ਸੀ, ਅਸੀਂ ਫਤਹਿਗੜ੍ਹ ਸਾਹਿਬ ਜ਼ਿਲ੍ਹਾ ਬਣਾਇਆ ਅੌਰ ਮੁਕਤਸਰ ਨੂੰ ਅਸੀਂ ਜ਼ਿਲ੍ਹਾ ਬਣਾਇਆ । ਸਾਡੇ ਗੁਰੂ ਸਾਹਿਬਾਨ ਨੇ ਵੱਡੀਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਸਨ । ਅਸੀਂ ਤਾਂ ਬਹੁਤ ਛੋਟੇ ਇਨਸਾਨ ਹਾਂ, ਅਸੀਂ ਥੋੜ੍ਹਾ ਬਹੁਤ ਉਨ੍ਹਾਂ ਨੂੰ ਯਾਦ ਕਰ ਸਕੀਏ, ਇਹ ਬੜੀ ਚੰਗੀ ਗੱਲ ਹੈ, ਲੇਕਿਨ ਸਪੀਕਰ ਸਾਹਿਬ, ਇਸ ਮਾਰਗ ਦੇ ਬਾਰੇ ਕੁਝ ਨਹੀਂ ਦੱਸਿਆ ਗਿਆ । ਧਰਮ ਅਸਥਾਨਾਂ ਬਾਰੇ, ਸਕੂਲਾਂ ਬਾਰੇ ਸਾਡੀ ਪਾਲਿਸੀ ਸੀ, ਸਾਡੀ ਨੀਤੀ ਸੀ ਕਿ ਇਨ੍ਹਾਂ ਸਥਾਨਾਂ ਤੱਕ ਅਸੀਂ ਸੜਕਾਂ ਬਣਾਵਾਂਗੇ ਪਰ ਇਨ੍ਹਾਂ ਨੇ ਕੋਈ ਗੱਲ ਕਲੀਅਰ ਨਹੀਂ ਕੀਤੀ । ਇਸ ਲਈ ਇਨ੍ਹਾਂ ਗੱਲਾਂ ਨੂੰ ਕਲੀਅਰ ਕੀਤਾ ਜਾਵੇ । ਬਾਕੀ, ਸਪੀਕਰ ਸਾਹਿਬ, ਉਹੀ ਗੱਲਾਂ ਹਨ, ਉਹੀ ਪੁਆਇੰਟਸ ਹਨ, ਉਹੀ ਪ੍ਰੋਗਰਾਮ ਹੈ ਕਿ ਇੱਥੇ ਫਲਾਣੀ ਚੀਜ਼ ਬਣਾਉਣੀ ਹੈ ਅੌਰ ਇਥੇ ਫਲਾਣੀ ਬਣਾਉਣੀ ਹੈ । ਇਸ ਵਿੱਚ ਕੋਈ ਵੀ ਨਵੀਂ ਗੱਲ ਨਹੀਂ ਕਹੀ ਗਈ । ਇਸ ਤੋਂ ਇਲਾਵਾ ਬਾਕੀ ਮੇਰੇ ਭਰਾਵਾਂ ਨੇ ਜਿਹੜੀਆਂ ਗੱਲਾਂ ਕਹੀਆਂ, ਉਹ ਕੜਵਾਹਟ ਵਾਲੀਆਂ ਹੀ ਗੱਲਾਂ ਕਹੀਆਂ ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, 44 ਨੰਬਰ ਤੇ ਇੱਕ ਗੱਲ ਕਹੀ ਗਈ ਹੈ । ਸਪੀਕਰ ਸਾਹਿਬ, ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਕਿਸ ਤਰ੍ਹਾਂ ਵੋਟਾਂ ਲੈਣ ਲਈ ਗੁਮਰਾਹ ਕੀਤਾ ਗਿਆ ਕਿ ਅਸੀਂ ਬੈਠਦੇ ਸਾਰ ਹੀ ਹੈਲਥ ਸਿਸਟਮ ਕਾਰਪੋਰੇਸ਼ਨ ਹਟਾਵਾਂਗੇ । ਮੇਰੇ ਕੋਲ ਅਖ਼ਬਾਰਾਂ ਦੀਆਂ ਕਟਿੰਗਜ਼ ਵੀ ਪਈਆਂ ਹਨ ਪਰ ਇਹ ਚੋਣਾਂ ਤੋਂ ਬਾਅਦ ਕੀਤੇ ਵਾਅਦੇ ਭੁੱਲ ਗਏ ਸਗੋਂ ਜਿਸ ਤਰ੍ਹਾਂ 44 ਨੰਬਰ ਤੇ ਕਿਹਾ ਗਿਆ ਹੈ, 150 ਹੋਰ ਮੈਡੀਕਲ ਸੰਸਥਾਵਾਂ ਦਾ ਪ੍ਰਬੰਧ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੂੰ ਸੌਂਪਿਆ ਗਿਆ ਹੈ । ਇਸ ਤਰ੍ਹਾਂ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ ਗਿਆ ਹੈ । ਲੋਕਾਂ ਨੇ ਸਰਕਾਰ ਨੂੰ ਚੁਣ ਕੇ ਭੇਜਿਆ ਹੈ ਅੌਰ ਤੁਸੀਂ 92 ਮੈਂਬਰ ਆਏ ਹੋ । ਪਰ ਤੁਸੀਂ ਗਲਤ ਵਾਅਦਿਆਂ ਨਾਲ ਚੁਣ ਕੇ ਆਏ ਹੋ । ਪੇਜ 6 ਪੈਰਾ 14 ਤੇ ਜ਼ਿਕਰ ਕੀਤਾ ਗਿਆ ਹੈ ਕਿ ਜਲੰਧਰ ਵਿਚ ਟੈਕਨੀਕਲ ਯੂਨੀਵਰਸਿਟੀ ਸਥਾਪਿਤ ਕੀਤੀ ਗਈ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ । ਅਸੀਂ 21ਵੀਂ ਸਦੀ ਵੱਲ ਜਾ ਰਹੇ ਹਾਂ ਅੌਰ ਸਾਨੂੰ ਟੈਕਨੀਕਲ ਐਜੂਕੇਸ਼ਨ ਦੀ ਲੋੜ ਹੈ । ਲੇਕਿਨ ਅਸੀ ਤਾਂ ਸਾਰਾ ਕੁਝ ਕੀਤਾ ਅੌਰ ਕਦੇ ਵੀ ਨਹੀਂ ਕਿਹਾ ਕਿ ਸਾਡੇ ਕੋਲ ਪੈਸਾ ਨਹੀਂ । ਅਸੀਂ ਕਦੀ ਵੀ ਨਹੀਂ ਕਿਹਾ ਕਿ ਸਾਡਾ ਖਜ਼ਾਨਾ ਖਾਲੀ ਹੈ । ਸਾਡੇ ਸਮੇਂ ਪਿੰਡਾਂ ਵਿੱਚ, ਸ਼ਹਿਰਾਂ ਵਿੱਚ ਤਰੱਕੀ ਹੋਈ । ਤਕਨਾਲੋਜੀ ਵਾਸਤੇ ਤਰੱਕੀ ਹੋਈ । ਜਲੰਧਰ ਯੂਨੀਵਰਸਿਟੀ ਦਾ ਨੀਂਹ ਪੱਥਰ ਸਰਦਾਰ ਬੇਅੰਤ ਸਿੰਘ ਜੀ ਰੱਖ ਕੇ ਆਏ । ਮੈਂ ਵੀ ਉਸ ਸਮੇਂ ਗਈ ਸੀ । ਇਸ ਤੋਂ ਇਲਾਵਾ ਅਸੀਂ ਪੰਜ ਕਾਲਜ ਹੋਰ ਖੋਲ੍ਹੇ ਕਿਉਂਕਿ ਉਸ ਸਮੇਂ ਬਿਹਰ ਕਾਂਡ ਹੋਏ ਅੌਰ ਡੋਨੇਸ਼ਨਾਂ ਤੋਂ ਬਿਨਾਂ ਐਡਮਿਸ਼ਨ ਨਹੀਂ ਮਿਲਦੀ ਸੀ । ਇਸ ਲਈ ਅਸੀਂ ਪੂਰੀ ਕੋਸ਼ਿਸ਼ ਕਰਕੇ ਪੂਰੀ ਮਿਹਨਤ ਨਾਲ ਇੱਕ ਨਹੀਂ, ਪੰਜ ਕਾਲਜ ਖੋਲ੍ਹੇ । ਇੱਕ ਕਾਲਜ ਸ੍ਰੋਮਣੀ ਗੁਰਦੁਆਰਾ

Original with;
Punjab Vidhan Sabha
Digitized by;
Panjab Digital Library

ਪ੍ਰਬੰਧਕ ਕਮੇਟੀ ਨੇ ਵੀ ਖੋਲ੍ਹਿਆ । ਅਸੀਂ ਕੋਈ ਪੱਖ-ਪਾਤ ਨਹੀਂ ਕੀਤਾ । ਸ਼੍ਰੋਮਣੀ ਕਮੇਟੀ ਵਾਲੇ ਕਾਲਜ ਬਣਾਉਂਦੇ ਰਹੇ ਔਰ ਅਸੀਂ ਹਫਤੇ ਨਹੀਂ, ਮਹੀਨੇ ਨਹੀਂ ਬਲਕਿ ਆਪਣੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨਾਲ ਮਿਲ ਕੇ ਇੱਕ ਦਿਨ ਵਿੱਚ ਹੀ ਸਾਰੇ ਕਾਲਿਜਾਂ ਦੀ ਅਪਰੂਵਲ ਲਈ ਔਰ ਪੰਜ ਕਾਲਜ ਖੋਲ੍ਹੇ । ਸ਼੍ਰੋਮਣੀ ਕਮੇਟੀ ਵੱਲੋਂ ਵੀ ਇੱਕ ਕਾਲਜ ਚਲਦਾ ਹੈ। ਸਪੀਕਰ ਸਾਹਿਬ, ਜੇ ਸਾਰਾ ਕੁਝ ਦੇਖਿਆ ਜਾਵੇ . .ਮੇਰੇ ਭਰਾ ਸਾਹਮਣੇ ਬੈਠੇ ਹਨ, ਇਹ ਦੇਖਣ ਕਿ ਅਸਾਂ ਚੰਗੇ ਹਾਲਾਤ ਪੈਦਾ ਕੀਤੇ ਔਰ ਲੋਕਾਂ ਨੇ ਖੁੱਲ੍ਹ ਕੇ ਵੋਟਾਂ ਪਾਈਆਂ ।

ਸਪੀਕਰ ਸਾਹਿਬ, ਇਨ੍ਹਾਂ ਨੇ ਖੁਦ-ਮੁਖਤਿਆਰੀ ਦੀ ਗੱਲ ਕੀਤੀ ਹੈ । ਹੁਣ ਵੀ ਇੱਥੇ ਕਿਹਾ ਗਿਆ ਹੈ । ਸਪੀਕਰ ਸਾਹਿਬ, ਮੇਰਾ ਜ਼ਾਤੀ ਵਿਊ ਹੈ ਔਹ ਮੈਂ ਆਪਣੇ ਤੌਰ ਤੇ ਕੋਸ਼ਿਸ਼ ਕਰਦੀ ਰਹੀ ਹਾਂ ਕਿ ਇਹ ਹੋਣਾ ਚਾਹੀਦਾ ਹੈ । ਜਿੰਨੀ ਦੇਰ ਤੱਕ ਪ੍ਰੀਲਿਮਨਰੀ ਲੇਵਲ ਤੇ, ਪੇਂਡੂ ਲੇਵਲ ਤੇ ਲੋਕਾਂ ਨੂੰ ਆਰਥਿਕ ਤੌਰ ਤੇ ਮਜ਼ਬੂਤ ਨਹੀਂ ਕੀਤਾ ਜਾਂਦਾ, ਉਦੋਂ ਤੱਕ ਕੋਈ ਗੱਲ ਨਹੀਂ ਚੱਲ ਸਕਦੀ। ਇਹ ਸੂਬਿਆਂ ਨੂੰ ਵੱਧ ਅਖਤਿਆਰ ਦੇਣ ਦੀ ਗੱਲ ਕਰਦੇ ਹਨ । ਮੈਂ ਕਹਿਣਾ ਚਾਹੁੰਦੀ ਹਾਂ ਕਿ ਪੰਚਾਇਤਾਂ ਨੂੰ, ਮਿਉਂਸਿਪਲ ਕਮੇਟੀਆਂ ਨੂੰ ਵੱਧ ਅਧਿਕਾਰ ਦਿੱਤੇ ਜਾਣ । ਪਹਿਲਾਂ ਇਹ ਰੌਲਾ ਪਾਇਆ ਗਿਆ ਸੀ ਕਿ 31 ਮਾਰਚ ਤੱਕ ਜ਼ਿਲ੍ਹਾ ਪ੍ਰੀਸ਼ਦਾਂ ਔਰ ਬਲਾਕ ਸੰਮਤੀਆਂ ਨੂੰ ਅਧਿਕਾਰ ਦਿੱਤੇ ਜਾਣਗੇ ਪਰ ਇਸ ਭਾਸ਼ਣ ਵਿਚ ਇਸ ਦਾ ਕੋਈ ਮੈਨਸ਼ਨ ਨਹੀਂ ਕੀਤਾ ਗਿਆ । ਇਸ ਨੂੰ ਕਿਸ ਤਰ੍ਹਾਂ ਪੂਰਾ ਕਰਨਾ ਚਾਹੀਦਾ ਹੈ । ਅਸੀਂ 24 ਘੰਟੇ ਪਿੰਡਾਂ ਨੂੰ ਬਿਜਲੀ ਦੇਣ ਦਾ ਵਾਅਦਾ ਕੀਤਾ ਸੀ । ਮੈਨੂੰ ਮਾਣ ਹੈ ਔਰ ਖੁਸ਼ੀ ਹੈ ਕਿ ਅਸੀਂ 12,500 ਪਿੰਡਾਂ ਵਿਚੋਂ 9,000 ਪਿੰਡਾਂ ਵਿਚ 24 ਘੰਟੇ ਬਿਜਲੀ ਦੇ ਦਿੱਤੀ ਹੈ । ਬਾਕੀ ਪਿੰਡਾਂ ਵਿੱਚ ਅਸੀਂ ਬਿਜਲੀ ਦੇਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ । ਪੰਜਾਬ ਵਿੱਚ ਪਹਿਲਾਂ ਕਾਲੀਆਂ ਰਾਤਾਂ ਸਨ ਪਰ ਅਸੀਂ ਪੰਜਾਬ ਨੂੰ ਚੰਗੇ ਪਾਸੇ ਲੈ ਕੇ ਆਏ ਹਾਂ । ਅਸੀਂ ਪੰਜਾਬ ਦੇ ਲੋਕਾਂ ਨੂੰ ਬਿਜਲੀ ਦਿੱਤੀ ।

ਸਪੀਕਰ ਸਾਹਿਬ, ਸਾਰੇ ਪਾਸੇ ਮੈਂ ਨਜ਼ਰ ਮਾਰਦੀ ਰਹੀ ਹਾਂ ਪਰ ਮੈਂ ਕੋਈ ਵੀ ਨਵੀਂ ਚੀਜ਼ ਇਸ ਭਾਸ਼ਣ ਵਿਚ ਨਹੀਂ ਪਾਈ । ਮਾਸਟਰਾਂ ਦੀ ਗੱਲ ਕੀਤੀ ਗਈ । ਖਿਆਲਾ ਜੀ ਬੈਠੇ ਹਨ । ਇਹ ਕਾਫੀ ਮੈਚਿਓਰਡ ਹਨ ਪਰ ਪਤਾ ਨਹੀਂ ਇਨ੍ਹਾਂ ਨੂੰ ਕੀ ਹੋ ਗਿਆ ਹੈ । ਇਨ੍ਹਾਂ ਨੇ ਕਿਹਾ ਕਿ ਐਸ. ਐਸ. ਐਸ. ਬੋਰਡ ਬਣਾ ਦਿੱਤਾ । 20 ਮੈਂਬਰ ਬਣਾ ਦਿੱਤੇ । ਪੰਜਾਹ ਹਜ਼ਾਰ ਮਾਸਟਰ ਰੱਖ ਲਏ । ਕੁਝ ਅਖ਼ਬਾਰਾਂ ਵਿਚ ਵੀ ਕਿਹਾ ਗਿਆ ਕਿ ਪੰਜਾਹ ਹਜ਼ਾਰ ਮਾਸਟਰ ਰੱਖ ਲਏ । ਲੇਕਿਨ ਟੀਚਰਾਂ ਵਾਸਤੇ ਤਾਂ ਸਿਲੈਕਸ਼ਨ ਕਮੇਟੀਆਂ ਬਣਾਈਆਂ ਗਈਆਂ ਹਨ । ਮੈਨੂੰ ਮਾਣ ਹੈ ਕਿ ਸਾਡੇ ਐਮ.ਐਲ. ਏ. ਬੈਠੇ ਹਨ । ਇਹ ਮੰਤਰੀ ਰਹੇ । ਇਨ੍ਹਾਂ ਨੇ ਪਲਾਨਿੰਗ ਕੀਤੀ ਔਰ 23,000 ਨਿਯੁਕਤੀ ਪੱਤਰ ਜਾਰੀ ਕੀਤੇ । 23 ਹਜ਼ਾਰ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਪਰ ਸਾਡੇ ਦੂਜੇ ਪਾਸੇ ਦੇ ਕੁਝ ਭਰਾਵਾਂ ਨੇ ਕੋਈ ਨਾ ਕੋਈ ਕੋਰਟ ਵਿੱਚ ਕੇਸ ਕਰਕੇ, ਕਿਸੇ ਨਾ ਕਿਸੇ ਤਰ੍ਹਾਂ ਕੰਮ ਰੁਕਵਾ ਲਿਆ। ਲੇਕਿਨ ਅਸੀਂ ਆਪਣੇ ਸਮੇਂ ਵਿੱਚ ਸਾਰਾ ਕੁਝ ਕੀਤਾ ਔਰ ਬੜੇ ਚੰਗੇ ਤਰੀਕੇ ਨਾਲ ਕੀਤਾ ।

92 ਨੰਬਰ ਤੇ ਗੁਰੂ ਰਵੀਦਾਸ ਜੀ ਤੇ ਮਹਾਂਰਿਸ਼ੀ ਬਾਲਮੀਕ ਜੀ ਦੇ ਸੰਬੰਧ ਵਿੱਚ ਕਮੇਟੀ ਬਣਾਉਣ ਦਾ ਜ਼ਿਕਰ ਕੀਤਾ ਗਿਆ ਹੈ ਔਰ ਗੁਰੂ ਰਵਿਦਾਸ ਜੀ ਸੰਬੰਧੀ ਰਾਜ ਪੱਧਰ ਦਾ ਪ੍ਰੋਗਰਾਮ ਮਨਾਇਆ ਗਿਆ ਦੱਸਿਆ ਗਿਆ ਹੈ । ਇਹ ਪ੍ਰੋਗਰਾਮ ਸਾਡਾ ਸੀ, ਬੜੀ ਚੰਗੀ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਗੱਲ ਹੈ ਕਿ ਇਨ੍ਹਾਂ ਨੇ ਮੰਨ ਲਿਆ ਔਰ ਇਸ ਨੂੰ ਕੱਟਿਆ ਨਹੀਂ । ਮੈਂ ਇਸ ਲਈ ਮੁਬਾਰਕਬਾਦ ਦਿੰਦੀ ਹਾਂ । ਇਸ ਦੇ ਨਾਲ ਹੀ ਲਾਲਾ ਲਾਜਪਤ ਰਾਏ ਦੀ ਗੱਲ ਹੈ ਔਰ ਬੇਅੰਤ ਸਿੰਘ ਮੈਮੋਰੀਅਲ ਦੀ ਗੱਲ ਹੈ । ਬੇਅੰਤ ਸਿੰਘ ਜੀ ਕੋਈ ਛੋਟੀ ਸ਼ਖਸੀਅਤ ਨਹੀਂ ਸਨ । ਠੀਕ ਹੈ, ਸਾਡੇ ਪੁਲੀਟੀਕਲ ਡਿਫਰੈਂਸਜ਼ ਹੋ ਸਕਦੇ ਹਨ ਲੇਕਿਨ ਪੰਜਾਬ ਜਾਂ ਪੰਜਾਬ ਦੇ ਲੋਕ ਸਰਦਾਰ ਬੇਅੰਤ ਸਿੰਘ ਜੀ ਨੂੰ ਭੁਲਾ ਨਹੀਂ ਸਕਦੇ । ਸਰਦਾਰ ਬੇਅੰਤ ਸਿੰਘ ਨੇ ਪੂਰੀ ਨਿਡਰਤਾ ਦੇ ਨਾਲ, ਪੂਰੀ ਕੋਸ਼ਿਸ਼ ਦੇ ਨਾਲ ਸਾਰਾ ਕੁਝ ਕੀਤਾ ਹੈ ਔਰ ਉਨ੍ਹਾਂ ਦੇ ਬਾਰੇ ਜਿਸ ਤਰ੍ਹਾਂ ਕਿਹਾ ਗਿਆ ਹੈ, ਉਸ ਦਾ ਮੈਨੂੰ ਬੜਾ ਅਫਸੋਸ ਹੈ । ਜੋ ਇਨਸਾਨ ਸਾਡੇ ਵਿੱਚ ਰਿਹਾ ਨਹੀਂ ਔਰ ਆਪਣੀ ਸ਼ਹਾਦਤ ਲੋਕਾਂ ਲਈ ਦੇ ਗਿਆ, ਉਸ ਨੂੰ ਇਸ ਤਰ੍ਹਾਂ ਦੇ ਲਫਜ਼ਾਂ ਨਾਲ ਯਾਦ ਕੀਤਾ ਜਾਵੇ, ਠੀਕ ਨਹੀਂ । ਅਸੀਂ ਸਾਰੇ ਸਮਝਦਾਰ ਹਾਂ, ਅਸੀਂ ਸਾਰਿਆਂ ਨੇ ਚਲੇ ਜਾਣਾ ਹੈ । ਸਾਡੇ ਸਾਰਿਆਂ ਲਈ ਮੌਕੇ ਆਉਂਦੇ ਤੇ ਜਾਂਦੇ ਰਹਿੰਦੇ ਹਨ । ਇਸ ਲਈ ਸਾਨੂੰ ਤਹਿਜ਼ੀਬ ਤੇ ਮਾਨ-ਸਨਮਾਨ ਭੁੱਲਣਾ ਨਹੀਂ ਚਾਹੀਦਾ । ਮੈਂ ਫਿਰ ਕਹਿੰਦੀ ਹਾਂ ਕਿ ਸਰਦਾਰ ਬੇਅੰਤ ਸਿੰਘ ਸ਼ੇਰਾਂ ਵਾਂਗ ਜੀਏ ਔਰ ਸ਼ੇਰਾਂ ਦੀ ਤਰ੍ਹਾਂ ਹੀ ਮਰੇ । (ਥੰਪਿੰਗ) ਉਨ੍ਹਾਂ ਦੀ ਸ਼ਹਾਦਤ ਦੇ ਕਾਰਨ ਹੀ ਅੱਜ ਆਪਾਂ ਇਨ੍ਹਾਂ ਕੁਰਸੀਆਂ ਤੇ ਬਿਰਾਜਮਾਨ ਹੋਏ ਹਾਂ । ਚੰਡੀਗੜ੍ਹ ਵਿਖੇ ਬੇਅੰਤ ਸਿੰਘ ਮੈਮੋਰੀਅਲ ਬਣਾਉਣ ਦੇ ਵਾਸਤੇ ਮੇਰੇ ਸਮੇਂ ਦੇ ਵਿੱਚ ਹੀ 2 ਕਰੋੜ ਰੁਪਏ ਮਨਜ਼ੂਰ ਹੋਏ ਸਨ, ਉਹ ਵੀ ਇਨ੍ਹਾਂ ਨੇ ਕੱਟੇ ਨਹੀਂ, ਇਸ ਲਈ ਮੈਂ ਧੰਨਵਾਦੀ ਹਾਂ ।

ਸਪੀਕਰ ਸਾਹਿਬ, ਸਾਡੇ ਜਿਹੜੇ ਦੇਸ਼ ਭਗਤ ਹਨ, ਉਨ੍ਹਾਂ ਤੇ ਸਾਨੂੰ ਬੜਾ ਮਾਣ ਹੈ ਕਿਉਂਕਿ ਉਨ੍ਹਾਂ ਦੀ ਬਦੌਲਤ ਹੀ ਅਸੀਂ ਆਪਣਾ ਸਿਰ ਉੱਚਾ ਕਰਕੇ ਅੰਗਰੇਜ਼ ਦੇ ਰਾਜ ਤੋਂ ਪਾਸੇ ਆਏ ਹਾਂ । ਸਪੀਕਰ ਸਾਹਿਬ, ਸਾਰੇ ਹਿੰਦੁਸਤਾਨ ਦੇ ਵਿੱਚ ਪੰਜਾਬ ਹੀ ਇੱਕ ਪਹਿਲਾ ਪ੍ਰਾਂਤ ਹੈ ਜਿਥੇ ਆਜ਼ਾਦੀ ਘੁਲਾਟੀਆਂ ਨੂੰ ਸਾਰੇ ਸੂਬਿਆਂ ਤੋਂ ਜ਼ਿਆਦਾ ਪੈਨਸ਼ਨ ਮਿਲਦੀ ਹੈ । ਇਹ ਕਾਂਗਰਸ ਪਾਰਟੀ ਨੇ ਹੀ ਕੀਤਾ ਹੈ । ਇਸ ਦੇ ਨਾਲ ਹੀ ਇੱਕ ਪੁਆਇੰਟ ਰਹਿ ਗਿਆ ਹੈ, ਜੇਕਰ ਇਹ ਉਸ ਨੂੰ ਸ਼ਾਮਲ ਕਰ ਸਕਣ ਤਾਂ ਚੰਗਾ ਹੋਵੇਗਾ । ਮੇਰੇ ਮਨ ਵਿੱਚ ਇਹ ਪੁਆਇੰਟ ਸੀ ਲੇਕਿਨ ਮੇਰੀ ਸਰਕਾਰ ਨੂੰ ਸਮਾਂ ਘੱਟ ਮਿਲਿਆ ਸੀ, ਇਸ ਕਰਕੇ ਮੈਂ ਇਸ ਨੂੰ ਲਾਗੂ ਕਰ ਨਹੀਂ ਸਕੀ । ਮੈਂ ਚਾਹੁੰਦੀ ਸੀ ਕਿ ਹਰ ਡਿਸਟ੍ਰਿਕਟ ਵਿਚ ਜਿਥੇ ਜਿਥੇ ਵੀ ਸਾਡੇ ਦੇਸ਼ ਭਗਤਾਂ ਨੇ ਕੰਮ ਕੀਤੇ ਹਨ, ਡਿਸਟ੍ਰਿਕਟ ਹੈਡਕਵਾਟਰ ਤੇ ਦੇਸ਼ ਭਗਤਾਂ ਵਾਸਤੇ ਇੱਕ ਭਵਨ ਬਣਾਇਆ ਜਾਵੇ । ਦੇਸ਼ ਭਗਤ ਭਵਨ ਹਰੇਕ ਡਿਸਟ੍ਰਿਕਟ ਹੈਡ ਕਵਾਰਟਰ ਤੇ ਹੋਵੇ । ਇਹ ਕੋਈ ਆਮ ਆਸ਼ਰਮ ਨਾ ਹੋਵੇ, ਬਲਕਿ ਮਾਨ-ਸਨਮਾਨ ਵਾਲਾ ਹੋਵੇ ਜਿਸ ਵਿੱਚ ਲਾਇਬ੍ਰੇਰੀ ਹੋਵੇ, ਛੋਟੀ ਜਿਹੀ ਡਿਸਪੈਂਸਰੀ ਹੋਵੇ ਤਾਂ ਕਿ ਉਹ ਬਜ਼ੁਰਗ, ਉਹ ਦੇਸ਼ ਭਗਤ ਇਨ੍ਹਾਂ ਭਵਨਾਂ ਵਿੱਚ ਆਰਾਮ ਮਾਣ ਸਕਣ ਔਰ ਉਹ ਘਰੇਲੂ ਮਾਹੌਲ ਵਿੱਚ ਰਹਿ ਸਕਣ । ਕਿਉਂਕਿ ਉਸ ਸਮੇਂ ਬਹੁਤ ਸਾਰੇ ਦੇਸ਼ ਭਗਤ ਐਸੇ ਸਨ ਜੋ ਸ਼ਾਦੀ ਨਹੀਂ ਕਰਦੇ ਸੀ, ਇਸ ਕਰਕੇ ਹੁਣ ਉਨ੍ਹਾਂ ਦੇ ਬਾਲ ਬੱਚੇ ਵੀ ਨਹੀਂ ਹਨ ਔਰ ਅੱਜ ਉਹ ਬਿਰਧ ਹੋ ਚੁੱਕੇ ਹਨ । ਇਹ ਭਵਨ ਸਾਰੇ ਡਿਸਟ੍ਰਿਕਟਾਂ ਵਿੱਚ ਹੋਣ, ਜਿਥੇ ਉਨ੍ਹਾਂ ਨੂੰ ਲੱਗੇ ਕਿ ਇਹ ਉਨ੍ਹਾਂ ਦਾ ਆਪਣਾ ਘਰ ਹੈ । ਨਾਲ ਇੱਕ ਛੋਟੀ ਜਿਹੀ ਲਾਇਬ੍ਰੇਰੀ ਹੋਵੇ ਔਰ ਨਾਲ ਹੀ ਡਾਕਟਰੀ ਸਹਾਇਤਾ ਦਾ ਪ੍ਰਬੰਧ ਹੋਵੇ । ਡਿਸਟ੍ਰਿਕਟ ਪੱਧਰ ਤੇ ਇਹ ਭਵਨ ਬਣਾਏ ਜਾਣ, ਇਹ ਮੇਰੀ ਤਜਵੀਜ਼ ਹੈ । ਇਹ ਪਹਿਲਾਂ ਇਸ ਦੇ ਵਿੱਚ ਨਹੀਂ ਆਈ, ਇਸ ਦੇ ਵਾਸਤੇ ਕੁਝ ਕੀਤਾ

Original with;
Punjab Vidhan Sabha
Digitized by;
Panjab Digital Library

ਜਾਵੇ।

ਸਪੀਕਰ ਸਾਹਿਬ, ਪਿਛਲੇ ਸਮੇਂ ਵਿੱਚ 25-26 ਹਜ਼ਾਰ ਤੋਂ ਵੱਧ ਲੋਕ ਇਸ ਅੱਤਵਾਦ ਦੇ ਦੌਰਾਨ ਮਾਰੇ ਗਏ, ਅੱਤਵਾਦ ਦੇ ਜਬਾੜੇ ਵਿੱਚ ਆਏ। ਇਸ ਦਾ ਸਾਨੂੰ ਦੁੱਖ ਹੈ ਕਿ ਪੰਜਾਬ ਨੂੰ ਅੱਜ ਦੀ ਸਿਚੂਏਸ਼ਨ ਵਿੱਚ ਲਿਆਉਣ ਲਈ ਉਨ੍ਹਾਂ ਬੜੀ ਕੁਰਬਾਨੀ ਕੀਤੀ। ਸਪੀਕਰ ਸਾਹਿਬ, ਕੁਝ ਰਿਆਇਤਾਂ ਟੈਰੋਰਿਸਟ ਵਿਕਟਿਮਜ਼ ਨੂੰ ਸਾਡੀ ਸਰਕਾਰ ਦੇ ਸਮੇਂ ਦਿੱਤੀਆਂ ਗਈਆਂ ਸਨ, ਇਹ ਫਾਈਨੈਂਸ਼ੀਅਲ ਵੀ ਦਿੱਤੀਆਂ ਗਈਆਂ ਸਨ। ਇਹ ਚੰਗੀ ਗੱਲ ਹੈ, ਸਾਨੂੰ ਇਹ ਦੇਣੀਆਂ ਚਾਹੀਦੀਆਂ ਹਨ। ਲੇਕਿਨ ਪਿਛਲੇ ਸਮੇਂ ਦੇ ਵਿੱਚ ਮੈਂ ਇਨਕੁਆਇਰੀ ਕਰਵਾਈ ਤਾਂ ਪਤਾ ਲੱਗਿਆ ਕਿ ਜਿਹੜੇ ਪੜ੍ਹੇ ਲਿਖੇ ਹਨ, ਉਨ੍ਹਾਂ ਨੂੰ ਤਾਂ ਅਸੀਂ ਨੌਕਰੀ ਦੇ ਦਿੰਦੇ ਹਾਂ ਪਰ ਜੋ ਪੜ੍ਹੇ ਲਿਖੇ ਨਹੀਂ ਹਨ, ਉਹ ਨੌਕਰੀ ਦੇ ਕਾਬਲ ਨਹੀਂ ਹਨ। ਇਹੋ ਜਿਹੇ ਕਈ ਕੇਸ ਹਨ ਜੋ ਮੇਰੇ ਧਿਆਨ ਵਿੱਚ ਆਏ ਸੀ ਔਰ ਮੇਰੀ ਪੂਰੀ ਕੋਸ਼ਿਸ਼ ਸੀ ਕਿ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ ਪਰ ਇਸ ਭਾਸ਼ਣ ਵਿੱਚ ਇਸ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਇਹ ਕਰਨਾ ਚਾਹੀਦਾ ਹੈ।

ਅੱਗੇ ਮਿਨੀ ਬੱਸਾਂ ਦੇ ਪਰਮਿਟਾਂ ਦੀ ਗੱਲ ਹੈ। ਮੈਂ ਇਸ ਬਾਰ ਸਟੇਟ ਦੇ ਅਫਸਰਾਂ, ਡਿਪਟੀ ਕਮਿਸ਼ਨਰਾਂ ਦੀ ਮੀਟਿੰਗ ਬੁਲਾਈ ਸੀ ਔਰ ਕਿਹਾ ਸੀ ਕਿ ਇਹ ਪਰਮਿਟ ਡਿਸਟ੍ਰਿਕਟ ਲੈਵਲ ਤੇ ਮਿਲਣੇ ਚਾਹੀਦੇ ਹਨ ਤਾਂ ਕਿ ਟੈਰੋਰਿਸਟ ਵਿਕਟਿਮਜ਼ ਨੂੰ ਵਾਰ ਵਾਰ ਚੰਡੀਗੜ੍ਹ ਨਾ ਆਉਣਾ ਪਵੇ। ਸਪੀਕਰ ਸਾਹਿਬ, ਇਹ ਮਿਨੀ ਬੱਸਾਂ ਦੇ 'ਪਰਮਿਟਾਂ ਵਾਸਤੇ ਫਸਟ ਪ੍ਰਾਇਰਟੀ ਟੈਰੋਰਿਸਟ ਵਿਕਟਿਮਜ਼ ਦੀ ਹੋਵੇ ਤੇ ਫਿਰ ਫਰੀਡਮ ਫਾਈਟਰਾਂ ਨੂੰ ਔਰ ਸਾਬਕਾ ਫੌਜੀਆਂ ਨੂੰ ਦਿੱਤੀ ਜਾਵੇ। ਇਸ ਲਈ ਉਨ੍ਹਾਂ ਪਰਿਵਾਰਾਂ ਨਾਲ ਹਮਦਰਦੀ ਕਰਨ ਲਈ, ਕੋਈ ਫਰਦਰ ਡਿਲੇਅ ਤੋਂ ਬਿਨਾਂ, ਇਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਪਿਛਲੇ ਸਮੇਂ ਵਿੱਚ ਘਾਟੇ ਦਾ ਰੌਲਾ ਨਹੀਂ ਪਾਇਆ ਗਿਆ। ਸਾਡੇ ਸਮੇਂ ਵਿੱਚ ਮੈਨੂੰ ਖੁਸ਼ੀ ਹੈ ਕਿ 1994-95 ਵਿੱਚ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੇ 91.85 ਕਰੋੜ ਰੁਪਿਆ ਕਮਾਇਆ ਔਰ ਇਸ ਦੇ ਮੁਕਾਬਲੇ 1995-96 ਵਿੱਚ 97.38 ਕਰੋੜ ਰੁਪਿਆ ਕਮਾਇਆ, ਜਿਸ ਨਾਲ 5.53 ਕਰੋੜ ਰੁਪਏ ਦੀ ਆਮਦਨ ਇਸ ਪਾਸਿਉਂ ਵਧ ਹੋਈ। ਇਸ ਦੇ ਲਈ ਅਸੀਂ ਸੁਚੱਜਤਾ ਦੇ ਨਾਲ ਤੇ ਬੜੀ ਜ਼ਿੰਮੇਂਵਾਰੀ ਦੇ ਨਾਲ ਸਾਰਾ ਕੰਮ ਕੀਤਾ ਸੀ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਸਤੇ ਭਾਅ ਦੀਆਂ ਦੁਕਾਨਾਂ ਹਨ। ਅਸੀਂ ਸਸਤੇ ਭਾਅ ਦੀਆਂ ਦੁਕਾਨਾਂ ਔਰ ਮਿੱਟੀ ਦੇ ਤੇਲ ਤੇ ਬਹੁਤ ਜ਼ੋਰ ਦਿੰਦੇ ਹਾਂ। ਇਹ ਠੀਕ ਹੈ ਕਿ ਪੰਜਾਬ ਇੱਕ ਐਗਰੀਕਲਚਰਲ ਸਟੇਟ ਹੈ ਪਰ ਇਥੇ ਕਿਸਾਨਾਂ ਨੂੰ ਪੂਰਾ ਇਨਸਾਫ ਨਹੀਂ ਮਿਲਿਆ। ਮੈਂ ਕਦੇ ਇਨ੍ਹਾਂ ਗੱਲਾਂ ਵੱਲ ਨਹੀਂ ਗਈ ਕਿ ਉਪਰ ਕਿਸ ਦੀ ਸਰਕਾਰ ਹੈ ਲੇਕਿਨ ਅਸੀਂ ਪੰਜਾਬੀ ਹਾਂ, ਇਸ ਲਈ ਪੰਜਾਬ ਦੀ ਗੱਲ ਕਰਦੇ ਹਾਂ। ਸਪੀਕਰ ਸਾਹਿਬ, ਸਾਡੀ ਸਰਕਾਰ ਦੇ ਸਮੇਂ ਜਿਸ ਵੇਲੇ ਮੇਰੇ ਕੋਲ ਫੂਡ ਐਂਡ ਸਪਲਾਈ ਡਿਪਾਰਟਮੈਂਟ ਸੀ, ਤਾਂ ਮੈਂ ਭਾਰਤੀ ਕਿਸਾਨ ਯੂਨੀਅਨ ਨੂੰ ਮਿਲੀ ਸੀ ਔਰ ਉਨ੍ਹਾਂ ਨਾਲ ਸਹਿਮਤ ਹੋਈ ਸੀ। ਸਾਡੇ ਉਸ ਵਕਤ ਦੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਨੇ ਪ੍ਰਾਈਮ ਮਨਿਸਟਰ ਕੋਲ ਪੰਜਾਬ ਦਾ ਕੇਸ ਪਲੀਡ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਕੀਤਾ ਸੀ। ਸਪੀਕਰ ਸਾਹਿਬ, ਸਾਡਾ ਪੰਜਾਬ ਜੋ ਅਨਾਜ ਪੈਦਾ ਕਰਦਾ ਹੈ, ਪੂਰੇ ਦੇਸ਼ ਨੂੰ ਉਹ ਅਨਾਜ ਦਿੰਦਾ ਹੈ। ਅਸੀਂ ਸਾਰੇ ਚਾਹੁੰਦੇ ਹਾਂ ਕਿ ਸੈਂਟਰ ਇਸ ਪੰਜਾਬ ਦੀ ਖੇਤੀਬਾੜੀ ਨੂੰ ਇੰਡਸਟਰੀ ਡਿਕਲੇਅਰ ਨਹੀਂ ਕਰਦੇ ਤਾਂ ਘੱਟੋ ਘੱਟ ਸਾਨੂੰ ਇਸ ਤਰ੍ਹਾਂ ਦੀ ਮਦੱਦ ਜ਼ਰੂਰ ਹੋਣੀ ਚਾਹੀਦੀ ਹੈ ਚਾਹੇ ਉਹ ਐਫ. ਸੀ. ਆਈ. ਹੋਵੇ ਜਾਂ ਕੋਈ ਹੋਰ ਹੋਵੇ, ਜਿਸ ਦੇ ਵਿੱਚ ਪੰਜਾਬ ਦੇ ਕਿਸਾਨ ਨੂੰ ਜੋ ਉਸ ਦਾ ਮੁਆਵਜ਼ਾ ਹੈ, ਜੋ ਉਸ ਦਾ ਹੱਕ ਹੈ, ਉਹ ਮਿਲ ਸਕੇ ਤਾਂ ਕਿ ਪੰਜਾਬ ਪੂਰੇ ਦੇਸ਼ ਦਾ ਪੇਟ ਪੂਰਾ ਕਰ ਸਕੇ। ਸਾਡੀ ਪਾਰਟੀ ਪੂਰੀ ਤਰ੍ਹਾਂ ਸਹਿਮਤ ਹੈ ਕਿ ਅਸੀਂ ਜਿੰਨਾਂ ਵੀ ਇਸ ਪਾਸੇ ਵੱਲ ਜ਼ੋਰ ਪਾ ਸਕਦੇ ਹਾਂ, ਸਾਨੂੰ ਪਾਉਣਾਂ ਚਾਹੀਦਾ ਹੈ। ਅਸੀਂ ਕੁਰੱਪਸ਼ਨ ਦੀ ਗੱਲ ਕਰਦੇ ਹਾਂ। ਸਪੀਕਰ ਸਾਹਿਬ, ਮੈਂ ਇਹ ਵੀ ਦੇਖਿਆ ਹੈ ਕਿ ਕੁਰੱਪਸ਼ਨ ਦੂਰ ਕਰਨ ਤੋਂ ਪਹਿਲਾਂ ਸਾਨੂੰ ਕੁਝ ਇੰਤਜ਼ਾਮ ਜ਼ਰੂਰ ਕਰਨੇ ਪੈਂਦੇ ਹਨ। ਉਹ ਇੰਤਜ਼ਾਮ ਕਿਸ ਤਰ੍ਹਾਂ ? ਜੇ ਅਸੀਂ ਰੂਲ ਉਹੀ ਰੱਖਾਂਗੇ, ਅਸੂਲ ਉਹੀ ਰੱਖਾਂਗੇ ਤਾਂ ਕੁਰੱਪਸ਼ਨ ਬੰਦ ਨਹੀਂ ਹੁੰਦੀ, ਕੁਰੱਪਸ਼ਨ ਛੁਪ ਜਾਂਦੀ ਹੈ, ਕੁਰੱਪਸ਼ਨ ਜਿਉਂਦੀ ਰਹਿੰਦੀ ਹੈ। ਸਪੀਕਰ ਸਾਹਿਬ, ਮੇਰੇ ਵੇਲੇ ਇਹ ਹੋਇਆ ਕਿ ਦਿੱਲੀ ਵਾਲੇ ਐਫ. ਸੀ. ਆਈ. ਵਾਲਿਆਂ ਨੇ ਕਿਹਾ ਕਿ ਸਾਨੂੰ ਚੌਲਾਂ ਦਾ ਟੋਟਾ 12% ਦਿਉ ਲੇਕਿਨ ਮੈਂ ਜਦੋਂ ਆਪਣੇ ਵਿਉਪਾਰੀਆਂ ਨੂੰ ਬੁਲਾਇਆ, ਸਰਕਾਰੀ ਮੀਟਿੰਗ ਰੱਖੀ ਔਰ ਪੁੱਛਿਆ ਕਿ ਦੱਸੋ ਕੀ ਹੈ ਤਾਂ ਉਨ੍ਹਾਂ ਨੇ ਕਿਹਾ ਕਿ 21% ਟੋਟਾ ਹੈ, ਉਨ੍ਹਾਂ ਦਾ। ਅੱਜ ਮਿੱਤਲ ਸਾਹਿਬ ਬੈਠੇ ਹਨ, ਉਨ੍ਹਾਂ ਦੇ ਧਿਆਨ ਵਿੱਚ ਇਹ ਲਿਆਉਂਦੀ ਹਾਂ ਕਿ ਸਾਡੀ ਜ਼ਮੀਨ ਵਿਚ ਬਾਰ ਬਾਰ ਅਸੀਂ ਚੌਲ ਬੀਜਦੇ ਹਾਂ। ਪਹਿਲਾਂ ਖੇਤੀ ਮੈਨੂਅਲੀ ਹੁੰਦੀ ਸੀ ਔਰ ਹੁਣ ਮਕੈਨੀਕਲੀ ਹੁੰਦੀ ਹੈ। ਬਾਰ ਬਾਰ ਪਾਣੀ ਨਾਲ ਔਰ ਮਸ਼ੀਨ ਨਾਲ ਥੱਕੀ ਹੋਈ ਧਰਤੀ ਵਿਚੋਂ ਸਾਡੇ ਚੌਲ ਦਾ ਸਾਈਜ਼ ਛੋਟਾ ਹੁੰਦਾ ਜਾਂਦਾ ਹੈ। ਫਿਰ ਹੁੰਦਾ ਕੀ ਹੈ? ਸਪੀਕਰ ਸਾਹਿਬ, ਉਸ ਦੇ ਵਿੱਚ ਹੁੰਦਾ ਇਹ ਹੈ ਕਿ ਜੋ ਐਫ. ਸੀ. ਆਈ. ਵਾਲੇ ਆਦਮੀ ਹਨ, ਏਥੇ ਕੱਲ੍ਹ ਵੀ ਮੈਂਬਰਾਂ ਨੇ ਬੋਲਦਿਆਂ ਹੋਇਆਂ ਕਿਹਾ ਸੀ, ਉਹ ਮੁਲਾਜ਼ਮ ਚਾਹੇ ਕੁਝ ਵੀ ਹੋਣ, ਉਹ ਅੰਡਰ ਦਾ ਟੇਬਲ ਲੈਣ ਦੇਣ ਕਰਦੇ ਹਨ। ਸਾਰੀ ਕੁਰੱਪਸ਼ਨ ਦਾ ਮੁੱਢ ਉਥੋਂ ਬੰਨਿਆ ਜਾਂਦਾ ਹੈ ਔਰ ਉਹ ਅੰਡਰ ਦਾ ਟੇਬਲ ਸਾਰਾ ਕੁਝ ਲੈਣ ਦੇਣ ਕਰਕੇ ਉਸੇ 21% ਵਾਲੇ ਚੌਲ ਦੇ ਟੋਟੇ ਨੂੰ 12% ਦੀ ਮੋਹਰ ਲਾ ਦਿੰਦੇ ਹਨ। ਉਸ ਵੇਲੇ ਇਹ ਮੇਰੇ ਧਿਆਨ ਵਿਚ ਆਇਆ ਸੀ ਔਰ ਮੈਂ ਸਰਦਾਰ ਬੇਅੰਤ ਸਿੰਘ ਦੇ ਕਹਿਣ ਉਤੇ ਦਿੱਲੀ ਗਈ ਸੀ। ਜਾ ਕੇ ਮੰਤਰੀ ਸਾਹਿਬ ਨੂੰ ਮਿਲੀ ਸੀ। ਮੈਂ ਮਿੱਤਲ ਸਾਹਿਬ ਨੂੰ ਦਸਣਾ ਚਾਹੁੰਦੀ ਹਾਂ ਕਿ ਉਹ ਇਸ ਨੂੰ ਪਰਸਿਊ ਕਰਨਗੇ। ਦੋ ਤਿੰਨ ਐਮ. ਪੀ. ਵੀ ਨਾਲ ਗਏ ਸੀ ਔਰ ਮੈਂ ਅਫਸਰ ਵੀ ਨਾਲ ਲੈ ਕੇ ਗਈ ਸੀ। ਉਥੇ ਜਾ ਕੇ ਮੈਂ ਇਹੀ ਕੇਸ ਫੂਡ ਐਂਡ ਸਪਲਾਈ ਦੇ ਮੰਤਰੀ ਕੋਲ ਰੱਖਿਆ ਸੀ ਔਰ ਉਨ੍ਹਾਂ ਨੂੰ ਮੈਂ ਕਿਹਾ ਸੀ ਕਿ ਤੁਸੀਂ ਸਾਡੀ ਗੱਲ ਛੱਡ ਦਿਉ। ਤੁਹਾਡੀ ਆਪਣੀ ਮਿੱਲ ਹੈ, ਗੌਰਮਿੰਟ ਆਫ ਇੰਡੀਆ ਦੀ ਸਰਕਾਰੀ ਮਿੱਲ ਦੇ ਉਪਰ ਸਾਰੇ ਲੋਕਾਂ ਨੂੰ ਬੁਲਾ ਲਵੋ ਔਰ ਉਥੇ ਮਿਲਿੰਗ ਕਰੱਵਾ ਕੇ ਦੇਖੋ। ਜਿੰਨਾ ਟੋਟਾ ਤੁਹਾਡੀ ਮਿੱਲ ਤੇ ਆਉਂਦਾ ਹੈ, ਉਨਾ ਟੋਟਾ ਸਾਥੋਂ ਲੈ ਲਵੋ ਔਰ ਸਾਡਾ ਚੌਲ ਲੈ ਲਵੋ। ਜੇ ਸਾਡਾ ਪੰਜਾਬ ਦਾ ਚੌਲ ਮਾੜਾ ਹੋਇਆ ਤਾਂ ਅਸੀਂ ਜ਼ੁੰਮੇਂਵਾਰ ਹੋਵਾਂਗੇ। ਜੇ ਚੌਲ ਦਾ ਟੋਟਾ ਤੁਹਾਡੇ ਮੁਤਾਬਕ ਵੀ 12% ਆਉਂਦਾ ਹੈ ਤਾਂ ਫਿਰ ਸਾਥੋਂ 21% ਦੀ ਆਸ ਕਿਉਂ ਕਰਦੇ ਹੋ। ਅਸੀਂ ਕਿਸ ਤਰੀਕੇ ਨਾਲ

Original with;
Punjab Vidhan Sabha
Digitized by;
Panjab Digital Library

12% ਨੂੰ 21% ਜਾਂ 29% ਵਾਲੇ ਪਾਸੇ ਬਦਲਾਂਗੇ । ਸੋ ਮੇਰੀ ਇਹ ਰਿਕੁਐਸਟ ਹੈ ਕਿ ਅੱਜ ਵੀ ਪੂਰੇ ਯਤਨ ਕਰੋ, ਕੋਸ਼ਿਸ਼ ਕਰੋ । ਇਸੇ ਤਰ੍ਹਾਂ ਮਿੱਟੀ ਦਾ ਤੇਲ ਹੈ । ਉਸ ਵੇਲੇ ਵੀ, ਸਪੀਕਰ ਸਾਹਿਬ, ਅਸੀਂ ਕਈ ਲੱਖ ਲੀਟਰ ਤੇਲ ਤੇ ਕੰਟਰੋਲ ਕੀਤਾ ਜਿਹੜਾ ਕਈ ਪਾਸੇ ਗਲਤ ਯੂਜ਼ ਹੁੰਦਾ ਸੀ । ਇਸ ਨੂੰ ਰੋਕਣ ਵਾਸਤੇ, ਅੱਜ ਵੀ ਇਹ ਰਿਕਾਰਡ ਦੇ ਵਿੱਚ ਹੈ ਔਰ ਡਿਪਾਰਟਮੈਂਟ ਦੇ ਰਿਕਾਰਡ ਵਿਚ ਪਿਆ ਹੈ, ਅਸੀਂ ਇਸ ਤਰ੍ਹਾਂ ਦਾ ਸਿਸਟਮ ਬਣਾਇਆ ਔਰ ਕਈ ਲੱਖ ਲਿਟਰ ਮਿੱਟੀ ਦਾ ਤੇਲ ਸਰਪਲੱਸ ਕੀਤਾ । ਅਸੀਂ ਜਿੰਨੀ ਦੁਨੀਆਂ ਬਾਹਰੋਂ ਆਈ, ਉਸ ਨੂੰ ਤੇਲ ਦਿੱਤਾ । ਬਿਹਾਰੀ ਸਾਡੇ ਪੰਜਾਬ ਵਿਚ ਕੰਮ ਕਰਨ ਆਉਂਦਾ ਹੈ, ਕੋਈ ਯੂ. ਪੀ. ਦਾ ਆਉਂਦਾ ਹੈ, ਅਸੀਂ ਸਾਰੇ ਲੋਕਾਂ ਨੂੰ ਬਿਨਾਂ ਰਾਸ਼ਨ ਕਾਰਡ ਪੰਜ ਬੋਤਲਾ ਮਿੱਟੀ ਦੇ ਤੇਲ ਦੀਆਂ ਦਿੱਤੀਆਂ । ਉਹ ਜਿਥੋਂ ਮਰਜ਼ੀ ਲੈ ਸਕਦੇ ਸੀ । ਸੋ, ਸਪੀਕਰ ਸਾਹਿਬ, ਇਹ ਕੁਝ ਗੱਲਾਂ ਹਨ ਜਿਹੜੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ । ਮੇਰੀ ਇਹ ਰਿਕੁਐਸਟ ਹੈ ਕਿ ਪੁਆਇੰਟ ਨੋਟ ਕਰਕੇ ਇਨ੍ਹਾਂ ਨੂੰ ਵੀ ਇਹ ਲਾਗੂ ਕਰਵਾਉਣਗੇ ।

ਸਪੀਕਰ ਸਾਹਿਬ, 112 ਨੰਬਰ ਤੇ ਕਿਹਾ ਗਿਆ ਹੈ ਕਿ ਬਾਜ਼ੀਗਰ, ਅਨੁਸੂਚਿਤ ਜਾਤੀਆਂ ਅਤੇ ਹੋਰ ਕਮਜ਼ੋਰ ਵਰਗ ਜਿਹੜੇ 10 ਸਾਲਾਂ ਤੋਂ ਝੁੱਗੀਆਂ ਝੋਂਪੜੀਆਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਔਰ ਗੰਦੀਆਂ ਬਸਤੀਆਂ ਵਿਚ ਰਹਿਣ ਵਾਲਿਆਂ ਨੂੰ ਜਦ ਤੱਕ ਹੋਰ ਥਾਂ ਨਹੀਂ ਦਿੱਤੀ ਜਾਂਦੀ, ਉਥੋਂ ਉਠਾਇਆ ਨਹੀਂ ਜਾਵੇਗਾ । ਇਹ ਗੱਲ ਠੀਕ ਹੈ, ਮੈਂ ਇਸ ਨਾਲ ਸਹਿਮਤ ਹਾਂ ਲੇਕਿਨ ਇਸ ਤੋਂ ਪਹਿਲਾਂ ਅਸੀਂ ਫੈਸਲਾ ਕੁਝ ਹੋਰ ਕੀਤਾ ਸੀ । ਅਸੀਂ ਸਾਰੇ ਪਿੰਡਾਂ ਵਾਲੇ ਹਾਂ ਔਰ ਅਸੀਂ ਜਾਣਦੇ ਹਾਂ ਕਿ ਬਾਜ਼ੀਗਰ ਬਰਾਦਰੀ ਤੀਹ-ਤੀਹ, ਚਾਲੀ-ਚਾਲੀ ਸਾਲਾਂ ਤੋਂ ਪਿੰਡਾਂ ਵਿੱਚ ਬੈਠੀ ਹੈ, ਉਨ੍ਹਾਂ ਦੇ ਆਪਣੇ ਪੱਕੇ ਘਰ ਵੀ ਬਣੇ ਹੋਏ ਹਨ ਲੇਕਿਨ ਉਹ ਲੀਗਲ ਨਾ ਹੋਣ ਕਰਕੇ ਉਨ੍ਹਾਂ ਨੂੰ ਬਾਕੀ ਬੈਨੀਫਿਟ ਨਹੀਂ ਮਿਲ ਰਹੇ । ਅਸੀਂ ਇਕ ਮੀਟਿੰਗ ਕਰਕੇ ਸਾਰੇ ਅਫਸਰ ਬੁਲਾ ਕੇ ਇਕ ਸਰਵੇ ਕਰਕੇ ਵੇਖਿਆ, ਸਰਦਾਰ ਬੇਅੰਤ ਸਿੰਘ ਨੇ ਇਸ ਤੇ ਬੜਾ ਕੰਮ ਕੀਤਾ ਔਰ ਇਸ ਤੇ ਕਾਫੀ ਟਾਈਮ ਲੱਗਿਆ ਲੇਕਿਨ ਟਾਈਮ ਲੱਗਣ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪਹੁੰਚ ਗਏ ਸੀ ਕਿ ਜਿਸ ਨੂੰ ਘੱਟ ਤੋਂ ਘੱਟ ਉਥੇ ਰਹਿੰਦਿਆਂ 10 ਸਾਲ ਦਾ ਸਮਾਂ ਹੋ ਗਿਆ ਹੈ, ਉਸ ਬਾਰੇ ਕੋਈ ਇਤਰਾਜ਼ ਨਹੀਂ, ਕੋਈ ਰੌਲਾ ਨਹੀਂ । ਉਹ ਜ਼ਮੀਨ ਵਰਤ ਰਹੇ ਹਨ ਅਸੀਂ ਉਨ੍ਹਾਂ ਨੂੰ ਮਲਕੀਅਤ ਦੇਣ ਦੀ ਗੱਲ ਕੀਤੀ ਸੀ ਲੇਕਿਨ ਅੱਜ ਜੋ ਇਥੇ ਕਿਹਾ ਗਿਆ ਹੈ, ਉਸ ਨੂੰ ਕਲੀਅਰ ਨਹੀਂ ਕੀਤਾ ਗਿਆ । ਸ਼ਹਿਰਾਂ ਵਾਲੇ ਜਿਹੜੇ ਹਨ, ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਤੁਹਾਨੂੰ ਲਾਇਸੰਸੀ ਬਣਾਇਆ ਜਾਵੇਗਾ ਔਰ ਜਦ ਤੱਕ ਨਾਵਾਂ ਨਹੀਂ ਦਿੱਤਾ ਜਾਂਦਾ ਜਾਂ ਕੁਝ ਵੀ ਹੈ, ਉਨੀ ਦੇਰ ਤੱਕ ਤੁਸੀਂ ਲਾਇਸੰਸੀ ਰਹੋਗੇ । ਨਾ ਇਸ ਵਿਚ ਲਾਇਸੰਸੀ ਵਾਲੀ ਗੱਲ ਹੈ ਔਰ ਨਾ ਹੀ ਉਸ ਬਾਜ਼ੀਗਰ ਬਰਾਦਰੀ ਲਈ ਪੱਕੇ ਤੌਰ ਤੇ ਮਲਕੀਅਤ ਬਣਾਈ ਗਈ ਹੈ । ਉਸ ਬਾਰੇ ਕੁਝ ਕਲੀਅਰ ਨਹੀਂ ਕੀਤਾ ਗਿਆ ਹੈ । ਮੈਂ ਚਾਹੁੰਦੀ ਹਾਂ ਕਿ ਕਮਜ਼ੋਰ ਵਰਗ ਦੇ ਜੋ ਲੋਕ ਹਨ, ਉਹ ਸਾਡਾ ਹਿੱਸਾ ਹਨ ਬੇਸ਼ੱਕ ਉਹ ਗਰੀਬ ਵਰਗ ਦੇ ਲੋਕ ਹਨ, ਉਨ੍ਹਾਂ ਭਰਾਵਾਂ ਦੀ ਮਦਦ ਕਰਨ ਵਾਸਤੇ ਅਸੀਂ ਜੋ ਫੈਸਲਾ ਕੀਤਾ ਹੈ, ਉਹ ਲਾਗੂ ਕਰਨਾ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]

ਚਾਹੀਦਾ ਹੈ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਪਹਿਲਾਂ ਵੀ ਕਿਹਾ ਗਿਆ ਹੈ, ਇਥੇ ਲੇਡੀਜ਼ ਵਾਸਤੇ ਕੋਈ ਖਾਸ ਚੀਜ਼ ਨਹੀਂ । ਸਾਡੀਆਂ ਤਿੰਨ ਚਾਰ ਭੈਣਾਂ ਜਿੱਤ ਕੇ ਆਈਆਂ ਹਨ, ਮੈਂ ਉਨ੍ਹਾਂ ਨੂੰ ਮੁਬਾਰਕਬਾਦ ਦਿੰਦੀ ਹਾਂ, ਮੈਨੂੰ ਖੁਸ਼ੀ ਹੋਈ ਹੈ ਔਰ ਮੈਂ ਚਾਹੁੰਦੀ ਹਾਂ ਕਿ ਇੱਕ ਨੂੰ ਕਿਉਂ, ਚਾਰਾਂ ਨੂੰ ਮੰਤਰੀ ਬਣਾਇਆ ਜਾਣਾ ਚਾਹੀਦਾ ਹੈ । ਇਹ ਉਨ੍ਹਾਂ ਦਾ ਮਾਨ ਸਨਮਾਨ ਹੈ ਔਰ ਬਹੁਤ ਵੱਡੀ ਗੱਲ ਹੈ । ਲੇਡੀਜ਼ ਨੂੰ ਮੌਕਾ ਮਿਲਿਆ ਹੈ ਔਰ ਮੇਰੀਆਂ ਭੈਣਾਂ ਨੂੰ ਇਸ ਸਥਾਨ ਤੇ ਸਨਮਾਨ ਦੇਣ ਵਾਸਤੇ ਜੋ ਫੈਸਲੇ ਲਏ ਗਏ ਸਨ, ਉਨ੍ਹਾਂ ਨੂੰ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ । ਮੈਂ ਇਸ ਪਾਸੇ ਵੱਲ ਜਾਣਾ ਚਾਹੁੰਦੀ ਹਾਂ ਕਿ ਸਾਨੂੰ ਚਾਹੀਦਾ ਹੈ ਕਿ ਅਸੀਂ ਜਿੰਨੇ ਵੀ ਐਲਾਨ ਕਰਦੇ ਹਾਂ, ਉਨ੍ਹਾਂ ਨੂੰ ਅਸੀਂ ਪੂਰਾ ਕਰੀਏ । ਉਹੀ ਐਲਾਨ ਕਰਨੇ ਚਾਹੀਦੇ ਹਨ ਜਿਨ੍ਹਾਂ ਨੂੰ ਅਸੀਂ ਪੂਰਾ ਕਰ ਸਕੀਏ । ਸਾਡੇ ਜੋ ਇੱਥੇ ਭਰਾ ਬੈਠੇ ਹਨ, ਇਹ ਜੋ ਬਿਆਨ ਦੇ ਰਹੇ ਹਨ, ਮੈਂ ਨਹੀਂ ਸੀ ਚਾਹੁੰਦੀ ਕਿ ਕਿਸੇ ਦੇ ਬਿਆਨ ਤੇ ਬੋਲਾਂ । ਮੈਂ ਪਹਿਲਾਂ ਹੀ ਕਿਹਾ ਸੀ ਕਿ ਜਿਹੜੀ ਢੁਕਵੀਂ ਗੱਲ ਹੋਵੇਗੀ ਉਸ ਤੇ ਹੀ ਬੋਲਾਂਗੀ । ਅਸੀਂ ਵੀ ਮੁੱਦੇ ਉਠਾ ਸਕਦੇ ਹਾਂ ਪਰ ਡਿਸਿਪਲਨ ਕਾਇਮ ਰੱਖਦੇ ਹੋਏ ਸਿਰਫ ਢੁਕਵੀਂ ਗੱਲ ਹੀ ਕਰਾਂਗੇ । ਮੈਨੂੰ ਇਸ ਗੱਲ ਦਾ ਮਾਣ ਹੈ ਕਿ ਅਸੀਂ ਉਨ੍ਹਾਂ ਪਰਿਵਾਰਾਂ ਵਿੱਚ ਜਨਮ ਲਿਆ ਹੈ ਜਿਨ੍ਹਾਂ ਨੇ ਬੁਰੀਆਂ ਤਾਕਤਾਂ ਨਾਲ ਕੰਪਰੋਮਾਈਜ਼ ਕਰਨਾ ਨਹੀਂ ਸਿੱਖਿਆ । ਅਸੀਂ ਆਪਣੇ ਘਰਾਂ ਤੋਂ ਬਾਹਰ ਰਹੇ, ਜੇਲ੍ਹਾਂ ਤੇ ਰੇਲਾਂ ਵਿੱਚ ਰਹੇ, ਮਾੜੀਆਂ ਤਾਕਤਾਂ ਵਾਸਤੇ ਨਹੀਂ ਬਲਕਿ ਦੇਸ਼ ਵਾਸੀਆਂ ਲਈ । ਅਸੀਂ ਪਹਿਲ ਕਦਮੀ ਦੇ ਆਧਾਰ ਤੇ ਮੋਰਚਾ ਲਾਇਆ । ਕਾਂਗਰਸ ਪਾਰਟੀ ਵਿੱਚ ਰਹਿੰਦਿਆਂ ਹੋਇਆਂ ਅਸੀਂ ਕਿਸਾਨ ਟੈਕਸ ਦਾ ਮੋਰਚਾ ਲਾਇਆ । ਹਮਦਰਦੀ ਹੀ ਨਹੀਂ ਕੀਤੀ ਸਗੋਂ ਸ਼ਮੂਲੀਅਤ ਵੀ ਕੀਤੀ । ਪੰਜਾਬੀ ਸੂਬੇ ਦਾ ਮੋਰਚਾ ਲਗਿਆ, ਉਸ ਵਿੱਚ ਵੀ ਸ਼ਮੂਲੀਅਤ ਕੀਤੀ । ਗੁਰਦੁਆਰਾ ਐਕਟ ਬਣਿਆ । ਉਸ ਵਿੱਚ ਵੀ ਮੇਰੇ ਪਰਿਵਾਰ ਦੇ ਵੱਡੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ । ਇਹ ਜੋ ਪੰਜਾਬ ਅੰਦਰ ਅੱਤਵਾਦ ਹੋਇਆ, ਉਹ ਇੱਕ ਬੜਾ ਭੈੜਾ ਮੌਕਾ ਸੀ, ਬੜਾ ਕਾਲਾ ਮੌਕਾ ਸੀ । ਅਖਬਾਰਾਂ ਅੰਦਰ ਅਸੀਂ ਵਾਰ-ਵਾਰ ਪੜ੍ਹਦੇ ਹਾਂ । ਮੈਂ ਖੁੱਲ੍ਹ ਕੇ ਕਹਿਣਾ ਚਾਹੁੰਦੀ ਹਾਂ ਕਿ ਇਸ ਦੇ ਲਈ ਕੌਣ-ਕੌਣ ਜ਼ਿੰਮੇਂਵਾਰ ਹੈ ਔਰ ਕਿਸ ਨੇ ਇਹ ਕੀਤਾ । ਅਰਸ਼ੀ ਜੀ ਨੇ ਠੀਕ ਹੀ ਕਿਹਾ ਹੈ ਕਿ ਜੁਡੀਸ਼ਿਅਲ ਕਮਿਸ਼ਨ ਬਣਾਇਆ ਜਾਣਾ ਚਾਹੀਦਾ ਹੈ । ਅੱਜ ਸਰਕਾਰ ਇਨ੍ਹਾਂ ਕੋਲ ਹੈ । ਅਸੀਂ ਇਨ੍ਹਾਂ ਕੋਲ ਹਾਂ । ਸਰਕਾਰੀ ਤਾਕਤ ਇਨ੍ਹਾਂ ਕੋਲ ਹੈ । ਜੋ ਜ਼ਾਇਜ਼ ਨਜ਼ਾਇਜ਼ ਕਰਨਾ ਚਾਹੁੰਦੇ ਹਨ, ਉਸ ਵਾਸਤੇ ਮੈਂ ਇਨ੍ਹਾਂ ਨੂੰ ਖੁੱਲ੍ਹੀ ਛੁੱਟੀ ਦਿੰਦੀ ਹਾਂ । ਜੁਡੀਸ਼ੀਅਲ ਕਮਿਸ਼ਨ ਬਣਾਇਆ ਜਾਵੇ ਔਰ ਦੇਖਿਆ ਜਾਵੇ ਕਿ ਕੌਣ ਅੱਤਵਾਦੀ ਹੈ । ਅਸੀਂ ਵੀ ਸਬੂਤ ਦੇਵਾਂਗੇ, ਇਹ ਵੀ ਸਬੂਤ ਦੇਣ । ਇਸ ਦਾ ਨਿਰਣਾ ਕਰਨਾ ਚਾਹੀਦਾ ਹੈ । (ਥੰਪਿੰਗ) ਲੋਕ ਭੁੱਲੇ ਨਹੀਂ ਹੋਏ । ਸਾਰਿਆਂ ਨੂੰ ਪਤਾ ਹੈ । ਮੈਂ ਆਪਣੇ ਭਰਾਵਾਂ ਨੂੰ ਕੋਆਪਰੇਸ਼ਨ ਦੇਣ ਦੀ ਗੱਲ ਕੀਤੀ ਹੈ । ਇਸ ਕਰਕੇ ਕੀਤੀ ਹੈ ਕਿਉਂਕਿ ਪਹਿਲੀ ਦਫਾ ਅੱਜ ਬਾਦਲ ਸਾਹਿਬ....

**ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ** : ਮੈਂ ਬੇਨਤੀ ਕਰਨੀ ਚਾਹੁੰਦਾ ਹਾਂ

Original with;
Punjab Vidhan Sabha
Digitized by;
Panjab Digital Library

ਕਿ ਉਸ ਵੇਲੇ ਦੀ ਕਾਂਗਰਸ ਪ੍ਰਧਾਨ ਬੀਬੀ ਸਰਲਾ ਪਰਾਸ਼ਰ ਨੇ ਇਹ ਲਫ਼ਜ਼ ਕਹੇ ਸਨ ਕਿ ਕਿਸ ਨੂੰ ਅੱਤਵਾਦੀ ਕਹੀਏ, ਇਹ ਠਾਣਿਆਂ ਵਿਚੋਂ ਨਿਕਲ ਕੇ ਆਉਂਦੇ ਹਨ ਅਤੇ ਗੋਲੀਆਂ ਮਾਰਕੇ ਫਿਰ ਠਾਣਿਆਂ ਵਿੱਚ ਹੀ ਜਾਂਦੇ ਹਨ । ਬੀਬੀ ਭੱਠਲ ਜੀ ਨੂੰ ਇਹ ਗੱਲ ਨਹੀਂ ਕਰਨੀ ਚਾਹੀਦੀ ਕਿ ਕਿਸ ਨੂੰ ਅੱਤਵਾਦੀ ਕਿਹਾ ਜਾਂਦਾ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੇਰੇ ਮਾਨਯੋਗ ਬਜ਼ੁਰਗ ਉਸ ਵਕਤ ਕਾਂਗਰਸ ਵਿੱਚ ਸਨ । ਮੇਰੇ ਨਾਲੋਂ ਜ਼ਿਆਦਾ ਇਨ੍ਹਾਂ ਨੂੰ ਯਾਦ ਹੈ । ਇਸ ਕਰਕੇ ਮੈਨੂੰ ਕੋਈ ਇਤਰਾਜ਼ ਨਹੀਂ, ਇਹ ਇਨ੍ਹਾਂ ਦਾ ਹੱਕ ਹੈ । ਇਹ ਇਸ ਤਰ੍ਹਾਂ ਕਹਿ ਸਕਦੇ ਹਨ । ਮੈਂ ਕਹਿਣਾ ਚਾਹੁੰਦੀ ਹਾਂ ਕਿ ਅਸੀਂ ਨਿਰਪੱਖ ਹੋਈਏ ਔਰ ਜੋ ਅੱਜ ਅਸੀਂ ਕਹਿੰਦੇ ਹਾਂ, ਉਸ ਤੇ ਚੱਲੀਏ ਔਰ ਉਸ ਤੇ ਚੱਲ ਕੇ ਦਿਖਾਈਏ, ਤਾਂ ਹੀ ਇਸ ਦਾ ਫਾਇਦਾ ਹੈ । ਮੈਂ ਤਾਂ ਹੀ ਕਿਹਾ ਸੀ ਕਿ ਮੇਰੀ ਗਵਰਨਰ ਐਡਰੈੱਸ ਨਾਲ ਸਹਿਮਤੀ ਹੈ ਲੇਕਿਨ ਜਿਸ ਤਰੀਕੇ ਨਾਲ ਅਸੀਂ ਇਲਜ਼ਾਮਾਂ ਵਾਲੇ ਪਾਸੇ ਜਾਂਦੇ ਹਾਂ, ਉਸ ਨਾਲ ਮੇਰੀ ਸਹਿਮਤੀ ਨਹੀਂ । ਉਸ ਤਰੀਕੇ ਨਾਲ ਮੇਰੀ ਸਹਿਮਤੀ ਨਹੀਂ । ਇਸ ਕਰਕੇ ਅਸੀਂ ਮਦਦ ਦੀ, ਕੋਆਪਰੇਸ਼ਨ ਦੀ ਗੱਲ ਕੀਤੀ ਸੀ ਕਿ ਪਹਿਲੀ ਦਫ਼ਾ ਅਕਾਲੀ ਪਾਰਟੀ ਦੀ ਸਰਕਾਰ ਸਾਂਝੀ ਦੁਣ ਕੇ ਆਈ ਹੈ । ਸ਼ਾਇਦ ਇਸ ਦਾ ਹੀ ਥੋੜ੍ਹਾ-ਮੋਟਾ ਅਸਰ ਹੋਇਆ ਹੈ, ਮਿੱਤਲ ਸਾਹਿਬ ਦਾ ਅਸਰ ਹੋਇਆ ਹੈ ਕਿ ਪਹਿਲੀ ਦਫ਼ਾ ਇਨ੍ਹਾਂ ਨੇ ਅਮਨ ਦੀ ਗੱਲ ਕੀਤੀ ਹੈ, ਸ਼ਾਂਤੀ ਦੀ ਗੱਲ ਕੀਤੀ ਹੈ । ਇਹ ਚੰਗੀ ਗੱਲ ਹੈ । ਜੇ ਕੋਈ ਸੁਬ੍ਹਾ ਦਾ ਭੁੱਲਿਆ ਸ਼ਾਮ ਨੂੰ ਘਰ ਵਾਪਸ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਹਿੰਦੇ । ਪਿਛਲੇ ਸਮੇਂ ਵਿੱਚ ਦੇਖ ਲਓ । ਅੱਜ ਵੀ ਕਿਸੇ ਇਕ ਅਖਬਾਰ ਵਿੱਚ ਦੇਖ ਲਓ ਜੇ ਇਨ੍ਹਾਂ ਨੇ ਕਿਸੇ ਇੱਕ ਦੀ ਵੀ ਨਿੰਦਿਆ ਕੀਤੀ ਹੋਵੇ । ਇਥੇ ਸਿੱਖ ਸੰਮੇਲਨ ਬੁਲਾਏ ਗਏ । 200 ਨੂੰ ਮਾਰਨ ਵਾਲਿਆਂ ਨੂੰ ਸਾਪੇ ਦਿੱਤੇ ਜਾਂਦੇ ਰਹੇ । ਫੁੱਲ ਚੜ੍ਹਾਏ ਜਾਂਦੇ ਰਹੇ । ਮਰਜੀਵੜੇ ਬਣਾਏ ਜਾਂਦੇ ਰਹੇ । ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਸਾਡੇ ਆਪਣੇ ਇੰਨੇ ਭਰਾ ਜਿਹੜੇ ਮਾਰੇ ਗਏ, ਅੱਜ ਤੱਕ ਕਿਉਂ ਨਹੀਂ ਉਨ੍ਹਾਂ ਪ੍ਰਤੀ ਜ਼ਿੰਮੇਵਾਰੀ ਨਿਭਾਈ ਗਈ । ਮਾਸਟਰ ਤਾਰਾ ਸਿੰਘ ਜੋ ਅਕਾਲੀ ਦਲ ਦੇ ਪ੍ਰਧਾਨ ਰਹੇ, ਉਨ੍ਹਾਂ ਦੀ ਸਪੁੱਤਰੀ, ਫੇਰ ਹਰਚੰਦ ਸਿੰਘ ਲੌਂਗੋਵਾਲ ਔਰ ਬੀ.ਜੇ.ਪੀ ਦੇ ਹੋਰ ਵੱਡੇ-ਵੱਡੇ ਲੀਡਰ, ਕਿੰਨੇ ਹੀ ਦੇਸ਼ ਭਗਤ ਮਾਰੇ ਗਏ । ਕਿਸੇ ਨੇ ਉਨ੍ਹਾਂ ਬਾਰ ਨਿੰਦਿਆਂ ਕੀਤੀ ? ਮੈਂ ਇਸ ਸਰਕਾਰ ਨੂੰ ਪੂਰੀ ਕੋਆਪਰੇਸ਼ਨ ਦੇਵਾਂਗੀ ਔਰ ਅਸੀਂ ਚਾਹੁੰਦੇ ਹਾਂ ਕਿ ਇਹ ਸਰਕਾਰ ਕੁਝ ਚਿਰ, ਮੈਂ 'ਕੁਝ ਦਿਨ' ਨਹੀਂ ਕਹਾਂਗੀ ਕੁਝ ਚਿਰ ਚੱਲੇ (ਥੰਪਿੰਗ) ਕਿਉਂਕਿ ਇਨ੍ਹਾਂ ਨੇ ਇਹ ਚੰਗੀ ਗੱਲ ਕਹੀ ਹੈ । ਲੇਕਿਨ ਹੁਣ ਇਹ ਕਹਿਣ ਲੱਗੇ ਹਨ ਕਿ ਸਾਡੇ ਕੋਲ ਪੈਸੇ ਨਹੀਂ ਹਨ ਔਰ ਸਾਡਾ 'ਖਜ਼ਾਨਾ ਖਾਲੀ ਪਿਆ ਹੋਇਆ ਹੈ । ਜਦੋਂ ਸਾਡੀ ਪਾਰਟੀ ਦੀ ਸਰਕਾਰ ਆਈ ਸੀ, ਉਸ ਵਕਤ ਵੀ ਇਹੀ ਹਾਲ ਸੀ ਲੇਕਿਨ ਅਸੀਂ ਸਾਰਾ ਕੁਝ ਕੀਤਾ ਪਰ ਇਥੇ ਕਿਹਾ ਗਿਆ ਕਿ ਕਾਂਗਰਸ ਪਾਰਟੀ ਦੀ ਸਰਕਾਰ ਨੇ ਕੁਝ ਨਹੀਂ ਕੀਤਾ । ਮੈਨੂੰ ਮਾਣ ਹੈ ਕਿ ਜਿਹੜੀ ਪੰਜਾਬ ਦੀ ਇੰਡਸਟਰੀ ਉਸ ਵਕਤ 13ਵੇਂ-14ਵੇਂ ਨੰਬਰ ਤੇ ਸੀ, ਉਸ ਨੂੰ ਅਸੀਂ ਮੁੜ ਰੀਵਾਈਵ ਕੀਤਾ ਔਰ ਉਸ ਦਾ ਨੰਬਰ 2-3 ਤੇ ਲਿਆਂਦਾ । ਇਤਨੀ ਅਸੀਂ ਪੰਜਾਬ ਵਿਚ ਤਰੱਕੀ ਕੀਤੀ ਸੀ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਔਰ ਤੁਸੀਂ ਦੇਖੋ ਤੁਹਾਡੀ ਇੰਡਸਟਰੀ ਹੁਣ ਕਿਥੇ ਜਾ ਰਹੀ ਹੈ। ਇਥੇ ਬੀ.ਜੇ.ਪੀ. ਦੇ ਭਰਾਵਾਂ ਨੇ ਚੰਗੀ ਗੱਲ ਕਹੀ ਹੈ ਕਿ ਅਸੀਂ ਪੰਜਾਬ ਦੇ ਵਿਚ ਪੀਸ ਰੱਖਾਂਗੇ, ਪੰਜਾਬ ਦੇ ਹਾਲਾਤ ਨੂੰ ਖਰਾਬ ਨਹੀਂ ਹੋਣ ਦੇਵਾਂਗੇ ਔਰ ਮਿਲ ਕੇ ਕੰਮ ਕਰਾਂਗੇ। ਅਸੀਂ ਵੀ ਚਾਹੁੰਦੇ ਹਾਂ ਕਿ ਅਸੀਂ ਤੁਹਾਨੂੰ ਸਹਿਯੋਗ ਦੇਈਏ। ਤੁਸੀਂ ਵੀ ਪੰਜਾਬ ਦੀ ਤਰੱਕੀ ਕਰਨ ਵਿਚ ਸਾਡਾ ਸਹਿਯੋਗ ਲਓ ਔਰ ਸਾਨੂੰ ਵੀ ਹਰ ਪੱਖ ਤੋਂ ਸਹਿਯੋਗ ਦਿਓ। ਆਪਾਂ ਇਕ ਦੂਜੇ ਉਤੇ ਇਲਜ਼ਾਮਬਾਜ਼ੀ ਵਾਲਾ ਕੰਮ ਨਾ ਕਰੀਏ ਔਰ ਮਿਲਵਰਤਨ ਨਾਲ ਇਥੇ ਕੰਮ ਕਰੀਏ। ਗਲੀ ਕੂਚੇ ਵਾਲੀਆਂ ਗੱਲਾਂ ਇਥੇ ਨਾ ਕਰੀਏ ਅਤੇ ਨਾ ਹੀ ਪਿੰਡਾਂ ਦੀਆਂ ਲੜਾਈ ਵਾਲੀਆਂ ਗੱਲਾਂ ਇਥੇ ਕਰੀਏ। ਅਸੀਂ ਇਥੇ ਚੁਣ ਕੇ ਆਏ ਹਾਂ ਔਰ ਕੋਈ ਅੱਛੀਆਂ ਰਵਾਇਤਾਂ ਕਾਇਮ ਕਰੀਏ। ਅਸੀਂ ਲੋਕਾਂ ਨੂੰ ਜਵਾਬਦੇਹ ਹਾਂ, ਇਸ ਕਰਕੇ ਇਕ ਦੂਜੇ ਨੂੰ ਨੀਚਾ ਵਿਖਾਉਣ ਵਾਲੀ ਗੱਲ ਨਾ ਕਰੀਏ। ਸਪੀਕਰ ਸਾਹਿਬ, ਤੁਹਾਡੀ ਇਲੈਕਸ਼ਨ ਦੇ ਵਕਤ ਬਹੁਤ ਅੱਛਾ ਮਾਹੌਲ ਕਾਇਮ ਹੋਇਆ ਸੀ, ਸਹਿਯੋਗ ਵਾਲੀ ਗੱਲ ਕੀਤੀ ਗਈ ਸੀ ਔਰ ਤੁਹਾਡੀ ਇਲੈਕਸ਼ਨ ਮਿਲਵਰਤਨ ਨਾਲ ਕੀਤੀ ਗਈ ਸੀ। ਇਹ ਇਕ ਅੱਛੀ ਰਵਾਇਤ ਕਾਇਮ ਕੀਤੀ ਗਈ ਹੈ। ਸਪੀਕਰ ਸਾਹਿਬ, ਤੁਸੀਂ ਲੋਕ ਸਭਾ ਦੇ ਮੈਂਬਰ ਰਹੇ ਹੋ। ਜਿਸ ਤਰ੍ਹਾਂ ਉਥੇ ਲੋਕ ਸਭਾ ਦੇ ਵਿਚ ਡਿਪਟੀ ਸਪੀਕਰ ਦੀ ਇਲੈਕਸ਼ਨ ਦੇ ਵਿਚ ਆਪੋਜ਼ੀਸ਼ਨ ਦੇ ਮੈਂਬਰ ਨੂੰ ਡਿਪਟੀ ਸਪੀਕਰ ਬਣਾਇਆ ਗਿਆ ਹੈ, ਉਸੇ ਤਰ੍ਹਾਂ ਪੰਜਾਬ ਦੇ ਵਿਚ ਵੀ ਸਰਕਾਰ ਨੂੰ ਆਪੋਜ਼ੀਸ਼ਨ ਦੇ ਵਿਚੋਂ ਡਿਪਟੀ ਸਪੀਕਰ ਦੀ ਪੋਸਟ ਲਈ ਲਿਆ ਜਾਣਾ ਚਾਹੀਦਾ ਹੈ। ਮੈਨੂੰ ਉਮੀਦ ਹੈ ਕਿ ਸਰਕਾਰ ਇਸ ਗੱਲ ਦਾ ਸਮਰਥਨ ਕਰੇਗੀ ਔਰ ਇਕ ਅੱਛੀ ਰਵਾਇਤ ਕਾਇਮ ਕਰੇਗੀ। ਜਿਸ ਤਰ੍ਹਾਂ ਲੋਕਾਂ ਨੇ ਤੁਹਾਨੂੰ ਕੰਮ ਕਰਨ ਲਈ ਭੇਜਿਆ ਹੈ, ਉਸੇ ਤਰ੍ਹਾਂ ਸਾਨੂੰ ਵੀ ਲੋਕਾਂ ਦੇ ਕੰਮਾਂ ਲਈ ਠੋਸ ਗੱਲ ਕਰਨ ਚਾਹੀਦੀ ਹੈ। ਇਸ ਲਈ ਸਰਕਾਰ ਨੂੰ ਆਪੋਜ਼ੀਸ਼ਨ ਦੇ ਵਿਚੋਂ ਡਿਪਟੀ ਸਪੀਕਰ ਲੈਣਾ ਚਾਹੀਦਾ ਹੈ। ਮੈਂ ਇਸ ਐਡਰੈੱਸ ਦਾ ਪੂਰਾ ਸਮਰਥਨ ਕਰਦੀ ਹਾਂ ਔਰ ਬੇਨਤੀ ਕਰਦੀ ਹਾਂ ਕਿ ਸਰਕਾਰ ਆਪਣੀ ਪਾਰਟੀ ਦੇ ਮੈਂਬਰਾਂ ਉਪਰ ਪੂਰਾ ਕੰਟਰੋਲ ਰੱਖੇ।

**ਸ਼੍ਰੀਮਤੀ ਸਤਵੰਤ ਕੌਰ ਸੰਧੂ** (ਚਮਕੌਰ ਸਾਹਿਬ, ਐਸ. ਸੀ.) : ਸਪੀਕਰ ਸਾਹਿਬ, ਮੈਂ ਤੁਹਾਡੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਉਤੇ ਬੋਲਣ ਲਈ ਮੌਕਾ ਦਿੱਤਾ ਹੈ। ਮੇਰੇ ਤੋਂ ਪਹਿਲਾਂ ਬਹੁਤ ਸਾਰੇ ਵੀਰਾਂ ਨੇ ਆਪਣੇ ਆਪਣੇ ਵਿਚਾਰ ਇਸ ਉਤੇ ਰੱਖੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਰਾਜਪਾਲ ਦੇ ਇਸ ਭਾਸ਼ਣ ਉਤੇ ਬਹਿਸ ਕਰਦੇ ਹੋਏ ਜਿਹੜੀਆਂ ਗੱਲਾਂ ਦਾ ਇਥੇ ਜ਼ਿਕਰ ਆਉਣਾ ਚਾਹੀਦਾ ਸੀ, ਉਹ ਨਹੀਂ ਆਇਆ ਅਤੇ ਨਾ ਹੀ ਕਿਸੇ ਨੇ ਕੋਈ ਚੰਗੀਆਂ ਸੁਜੈਸ਼ਨਾਂ ਦਿੱਤੀਆਂ ਹਨ, ਬਲਕਿ ਇਧਰ ਉਧਰ ਦੀਆਂ ਗੱਲਾਂ ਹੀ ਕੀਤੀਆਂ ਗਈਆਂ ਹਨ ਅਤੇ ਇਕ ਦੂਜੇ ਉਤੇ ਨੁਕਤਾਚੀਨੀ ਹੀ ਕੀਤੀ ਗਈ ਹੈ। ਹੁਣ ਮੈਂ ਵੀ ਰਾਜਪਾਲ ਦੇ ਇਸ ਭਾਸ਼ਣ ਦੇ ਵਿਚ ਬਹਿਸ ਕਰਨ ਲਈ ਸ਼ਾਮਲ ਹੋ ਰਹੀ ਹਾਂ। ਮੈਂ ਰਾਜਪਾਲ ਦੇ ਇਸ ਭਾਸ਼ਣ ਉਤੇ ਜਿਹੜਾ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ ਹੈ, ਉਸ ਦਾ ਸਮਰਥਨ ਕਰਨ ਲਈ ਖੜ੍ਹੀ ਹੋਈ ਹਾਂ। ਇਥੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਅੱਤਵਾਦ ਦਾ ਜ਼ਿਕਰ ਕੀਤਾ ਅਤੇ ਕਿਹਾ ਗਿਆ ਕਿ ਇਸ ਅੱਤਵਾਦ ਦੇ ਪੈਦਾ ਕਰਨ ਦੇ ਵਿਚ ਕਿਸ ਦਾ ਹੱਥ

Original with;
Punjab Vidhan Sabha
Digitized by;
Panjab Digital Library

ਸੀ ਅਤੇ ਇਹ ਕਿਸ ਦੀ ਦੇਣ ਸੀ । ਇਸ ਬਾਰ ਕਾਫੀ ਕੁਝ ਕਿਹਾ ਗਿਆ ਹੈ ਪਰ ਮੈਂ ਦੱਸਣਾ ਚਾਹੁੰਦੀ ਹਾਂ ਕਿ ਜਦੋਂ 1991 ਦੀਆਂ ਇਲੈਕਸ਼ਨਾਂ ਪੰਜਾਬ ਦੇ ਵਿਚ ਹੋਣ ਲੱਗੀਆਂ ਤਾਂ ਕਾਂਗਰਸ ਪਾਰਟੀ ਨੇ ਇਸ ਦਾ ਬਾਈਕਾਟ ਕਰ ਦਿੱਤਾ । 3 ਮਹੀਨੇ ਇਲੈਕਸ਼ਨ ਦਾ ਦੌਰ ਚਲਦਾ ਰਿਹਾ । 26-27 ਕੈਂਡੀਡੇਟਸ ਇਸ ਇਲੈਕਸ਼ਨ ਦੇ ਦੌਰਾਨ ਮਾਰੇ ਗਏ ਅਤੇ ਗੋਲੀਆਂ ਦੇ ਨਿਸ਼ਾਨਾ ਬਣਾਏ ਗਏ । ਇਨ੍ਹਾਂ ਇਲੈਕਸ਼ਨਾਂ ਦੇ ਵਿਚ ਬਾਕੀ ਹੋਰ ਪੁਲੀਟੀਕਲ ਪਾਰਟੀਆਂ ਹਿੱਸਾ ਲੈ ਰਹੀਆਂ ਸਨ ਅਤੇ ਕਾਫੀ ਇੰਤਜ਼ਾਮ ਕੀਤਾ ਜਾ ਰਿਹਾ ਸੀ । ਲੋਕ ਇਲੈਕਸ਼ਨਾਂ ਵਿਚ ਹਿੱਸਾ ਲੈਣ ਲਈ ਅੱਗੇ ਆ ਰਹੇ ਸਨ । ਉਹ ਗੋਲੀਆਂ ਦਾ ਸ਼ਿਕਾਰ ਵੀ ਹੋਏ ਪਰ ਕੇਂਦਰ ਵਿਚ ਉਸ ਵਕਤ ਦੀ ਹੁਕਮਰਾਨ ਪਾਰਟੀ ਨੇ ਸਰਕਾਰ ਸੰਭਾਲਦੇ ਹੀ 24 ਘੰਟੇ ਪਹਿਲਾਂ ਪੰਜਾਬ ਦੇ ਵਿਚ ਇਲੈਕਸ਼ਨਾਂ ਨੂੰ ਕੈਂਸਲ ਕਰ ਦਿੱਤਾ । ਲੋਕਾਂ ਦੇ ਨੁਮਾਇੰਦਿਆਂ ਨੂੰ ਗੋਲੀਆਂ ਦਾ ਸ਼ਿਕਾਰ ਬਣਾਇਆ ਗਿਆ । ਪਰ 1991 ਦੀਆਂ ਇਲੈਕਸ਼ਨਾਂ ਨੂੰ ਸੈਂਟਰ ਦੀ ਸਰਕਾਰ ਨੇ ਪੰਜਾਬ ਦੇ ਕਾਂਗਰਸੀਆਂ ਦੇ ਕਹਿਣ ਤੇ ਕੈਂਸਲ ਕਰਵਾ ਦਿੱਤਾ । ਇਸ ਦੇ ਲਈ ਕਾਂਗਰਸ ਪਾਰਟੀ ਜ਼ਿੰਮੇਂਵਾਰ ਸੀ ਕਿਉਂਕਿ ਉਸ ਇਲੈਕਸ਼ਨ ਦੇ ਵਿਚ ਕਾਂਗਰਸ ਪਾਰਟੀ ਨੇ ਬਾਈਕਾਟ ਕੀਤਾ ਹੋਇਆ ਸੀ । ਹਾਲਾਂ ਕਿ ਪੁਲਿਸ ਦੀ ਸਿਕਿਉਰਿਟੀ ਦੇ ਵਿਚ ਇਲੈਕਸ਼ਨਾਂ ਹੋ ਰਹੀਆਂ ਸਨ ਲੇਕਿਨ ਐਨ ਮੌਕੇ ਤੇ ਕਾਂਗਰਸ ਪਾਰਟੀ ਦੀ ਸਰਕਾਰ ਨੇ ਇਲੈਕਸ਼ਨਾਂ ਕੈਂਸਲ ਕਰ ਦਿੱਤੀਆਂ । ਇਕ ਰਾਤ ਦੇ ਵਿਚ ਵਿਚ ਇਲੈਕਸ਼ਨਾਂ ਕੈਂਸਲ ਹੋ ਗਈਆਂ । ਕਾਂਗਰਸ ਪਾਰਟੀ ਜਿਹੜੀ ਇਲੈਕਸ਼ਨਾਂ ਦੇ ਵਿਚ ਹਿੱਸਾ ਨਹੀਂ ਲੈ ਰਹੀ ਸੀ, ਨੇ ਆਪਣੀ ਇਜ਼ਤ ਬਚਾਉਣ ਲਈ ਇਲੈਕਸ਼ਨਾਂ ਨੂੰ ਕੈਂਸਲ ਕਰ ਦਿੱਤਾ ।

**ਸ਼੍ਰੀ ਸਪੀਕਰ** : ਹੁਣ ਸਦਨ ਕਲ੍ਹ ਬੁੱਧਵਾਰ, ਮਿਤੀ 12-3-97, ਦੇ ਸਵੇਰੇ 9-00 ਵਜੇ ਤੱਕ ਸਥਗਿਤ ਕੀਤਾ ਜਾਂਦਾ ਹੈ ।

*1-30 ਬਾਅਦ ਦੁਪਹਿਰ

(ਇਸ ਉਪਰੰਤ ਸਦਨ ਬੁੱਧਵਾਰ, 12-3-97, 9-00 ਵਜੇ ਸਵੇਰ ਤੱਕ * ਸਥਗਿਤ ਹੋ ਗਿਆ ।)

124 - 19-6-97 — 305 — ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
51X66/10.1 kg. ਆਫਸੈਟ ਪੇਪਰ

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

© 1997

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*12th March, 1997*

Vol. I—No. 7

OFFICIAL REPORT

CONTENTS

*Wednesday, the 12th March, 1997*


| | | PAGE |
|---|---|---|
| Obituary Reference | .. | (7)1 |
| Starred Questions and Answers | .. | (7)3 |
| Unstarred Questions and Answers | .. | (7)23 |
| Presentation of Second Report of the Business Advisory Committee | .. | (7)34 |
| Call Attention Notices Under Rule 66 | .. | (7)36 |
| Resumption of Discussion on Governor's Address | .. | (7)40 |
| Walk-out | .. | (7)95 |
| Discussion on Governor's Address (Resumption) | .. | (7)96 |
| Extension of Time of the Sitting | .. | (7)102 |
| Discussion on Governor 's Address (Resumption) | .. | (7)103 |


**Punjab Vidhan Sabha Secretariat, Chandigarh.**

**Price: Rs.......**

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Wednesday, the 12th March, 1997*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9.00 A. M. Mr. Speaker (Sardar Charnjit Singh Atwal) in the Chair.*

## OBITUARY REFERENCE

**ਸ੍ਰੀ ਸਪੀਕਰ:** ਸਭ ਤੋਂ ਪਹਿਲਾਂ ਓਬਿਚਰੀ ਰੈਫਰੈਂਸ। ਸਰਦਾਰ ਜਗਜੀਤ ਸਿੰਘ ਉੱਘੇ ਸਿੱਖ ਇਤਿਹਾਸਕਾਰ ਅਤੇ ਸਵਤੰਤਰਤਾ ਸੰਗਰਾਮੀ ਦੇ ਅਕਾਲ ਚਲਾਣੇ ਦਾ ਵਰਣਨ ਕੀਤਾ ਜਾਏਗਾ।

**ਮੁੱਖ ਮੰਤਰੀ:** ਸ਼੍ਰੀਮਾਨ ਸਪੀਕਰ ਸਾਹਿਬ, ਮੈਂ ਸਰਦਾਰ ਜਗਜੀਤ ਸਿੰਘ, ਪ੍ਰਸਿਧ ਸਿੱਖ ਇਤਿਹਾਸਕਾਰ ਅਤੇ ਸਵਤੰਤਰਤਾ ਸੰਗਰਾਮੀਏ ਨੂੰ ਬੜੇ ਦੁਖ ਨਾਲ ਸ਼ਰਧਾਂਜਲੀ ਪੇਸ਼ ਕਰਦਾ ਹਾਂ। ਉਹ 10 ਮਾਰਚ, 1997 ਨੂੰ ਸਵਰਗਵਾਸ ਹੋ ਗਏ ਸਨ। ਸਰਦਾਰ ਜਗਜੀਤ ਸਿੰਘ ਦਾ ਜਨਮ ਸੰਨ 1904 ਵਿੱਚ ਪਿੰਡ ਪੰਡੋਰੀ ਸਿਧਵਾਂ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ ਸੀ। ਉਨ੍ਹਾਂ ਦਾ ਗਦਰ ਲਹਿਰ ਦੇ ਨਾਲ ਬੜਾ ਨੇੜੇ ਦਾ ਸਬੰਧ ਸੀ। ਉਹ ਸਿੱਖ ਸਟੱਡੀ ਨਾਲ ਵੀ ਸਬੰਧਤ ਸਨ। ਉਨ੍ਹਾਂ ਨੇ ਸਿੱਖ ਰੈਵੋਲਿਊਸ਼ਨ ਅਤੇ ਗਦਰ ਲਹਿਰ ਦੀ ਇਕ ਕਿਤਾਬ ਸਮੇਤ ਕੁਲ ਤਿੰਨ ਕਿਤਾਬਾਂ ਲਿਖੀਆਂ ਸਨ। ਅਜ ਪੰਜਾਬ ਇਕ ਪ੍ਰਸਿੱਧ ਇਤਿਹਾਸਕਾਰ ਅਤੇ ਸਵਤੰਤਰਤਾ ਸੰਗਰਾਮੀਏ ਤੋਂ ਵਾਂਝਾ ਹੋ ਗਿਆ ਹੈ। ਸਾਨੂੰ ਉਨ੍ਹਾਂ ਦੇ ਸਵਰਗਵਾਸ ਹੋ ਜਾਣ ਕਾਰਨ ਬੜਾ ਦੁਖ ਹੈ। ਮੈਂ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ।

**ਕਾਮਰੇਡ ਹਰਦੇਵ ਅਰਸ਼ੀ** (ਬੁਢਲਾਡਾ): ਸਪੀਕਰ ਸਾਹਿਬ, ਬੜਾ ਦੁਖ ਹੈ ਕਿ ਇਕ ਉਘਾ ਇਤਿਹਾਸਕਾਰ ਸਰਦਾਰ ਜਗਜੀਤ ਸਿੰਘ 10 ਮਾਰਚ, 1997 ਨੂੰ ਸਾਡੇ ਕੋਲੋਂ ਵਿਛੜ ਗਿਆ ਹੈ ਜਿਸ ਦਾ ਸਿੱਖ ਇਤਿਹਾਸ ਵਿਚ ਬੜਾ ਉਘਾ ਯੋਗਦਾਨ ਸੀ। ਉਨ੍ਹਾਂ ਦਾ ਗਦਰ ਲਹਿਰ ਨਾਲ ਬੜਾ ਜ਼ਿਆਦਾ ਸਬੰਧ ਸੀ ਅਤੇ ਉਹ ਬੜੇ ਹੀ ਵਡੇ ਦੇਸ਼ ਭਗਤ ਸਨ। ਉਹ ਗਦਰ ਲਹਿਰ ਦੇ ਮੋਢੀ ਸਰਦਾਰ ਸੋਹਣ ਸਿੰਘ ਭਕਨਾ ਦੇ ਨਜ਼ਦੀਕੀ ਰਿਸ਼ਤੇਦਾਰਾਂ ਵਿਚੋਂ ਸਨ। ਉਹ ਉਘੇ ਇਤਿਹਾਸਕਾਰ ਅਤੇ ਦੇਸ਼ ਭਗਤ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬਹੁਤ ਵਡਾ ਸਦਮਾ ਪਹੁੰਚਿਆ ਹੈ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਦੁਖੀ ਪਰਿਵਾਰ ਨਾਲ ਦੁਖ ਅਤੇ ਹਮਦਰਦੀ ਦਾ ਪ੍ਰਗਟਾਵਾ ਕਰਦਾ ਹਾਂ।

**ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ** (ਸ੍ਰੀ ਬਲਰਾਮਜੀ ਦਾਸ ਟੰਡਨ): ਸਪੀਕਰ ਸਾਹਿਬ, ਸਰਦਾਰ ਜਗਜੀਤ ਸਿੰਘ ਦੋ ਤਿੰਨ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਹਨ। ਇਹ ਘਾਟਾ ਸਾਡੇ ਵਾਸਤੇ ਹੀ ਨਹੀਂ ਬਲਕਿ ਮੈਂ

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿਖਿਆ ਮੰਤਰੀ]

ਸਮਝਦਾ ਹਾਂ ਕਿ ਸਾਰੇ ਦੇਸ਼ ਵਾਸਤੇ ਹੈ । ਉਹ ਉਨ੍ਹਾਂ ਲੋਕਾਂ ਵਿਚੋਂ ਸਨ ਜਿਨ੍ਹਾਂ ਨੇ ਗਦਰ ਲਹਿਰ ਵਿਚ ਬਹੁਤ ਵੱਡਾ ਹਿੱਸਾ ਪਾਇਆ । ਉਨ੍ਹਾਂ ਨੇ ਆਜ਼ਾਦੀ ਦੀ ਲਹਿਰ ਵਿਚ ਬਹੁਤ ਭਾਰੀ ਯੋਗਦਾਨ ਪਾਇਆ ਸੀ । ਸਵਤੰਤਰਤਾ ਸੰਗਰਾਮ ਵਿਚ ਅਤੇ ਅੱਜ ਦੇ ਸ਼ਾਂਤੀਪੂਰਨ ਹਾਲਾਤ ਪੈਦਾ ਕਰਨ ਵਿਚ ਉਨ੍ਹਾਂ ਨੇ ਬਹੁਤ ਬਹੁਤ ਯਤਨ ਕੀਤੇ । ਦੇਸ਼ ਦੀ ਖਾਤਰ ਉਨ੍ਹਾਂ ਨੇ ਬਹੁਤ ਕੁਰਬਾਨੀ ਕੀਤੀ। ਇਤਿਹਾਸ ਵਿਚ ਉਨ੍ਹਾਂ ਦੀ ਯਾਦ ਸਦਾ ਰਹੇਗੀ। ਉਨ੍ਹਾਂ ਨੇ ਸਿੱਖ ਕ੍ਰਾਂਤੀ ਵਿਚ ਵੀ ਬੜਾ ਵਡਾ ਯੋਗਦਾਨ ਪਾਇਆ ਸੀ। ਉਨ੍ਹਾਂ ਦਾ ਇਹ ਯੋਗਦਾਨ ਪੰਜਾਬ ਦੇ ਲੋਕ ਕਦੇ ਭੁੱਲ ਨਹੀਂ ਸਕਦੇ । ਮੈਂ ਆਪਣੀ ਪਾਰਟੀ ਵਲੋਂ ਅਤੇ ਸਦਨ ਵੱਲੋਂ ਜੋ ਪ੍ਰਸਤਾਵ ਮੁੱਖ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ, ਉਸ ਨੂੰ ਸੈਕਿੰਡ ਕਰਦਾ ਹਾਂ । ਮੈਂ ਇਸ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਨਾਲ ਹੀ ਸਮਝਦਾ ਹਾਂ ਕਿ ਇਸ ਪ੍ਰਸਤਾਵ ਦੀ ਕਾਪੀ ਉਨ੍ਹਾਂ ਦੇ ਪਰਿਵਾਰ ਨੂੰ ਭੇਜ ਦਿੱਤੀ ਜਾਣੀ ਚਾਹੀਦੀ ਹੈ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਵੀ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ ਅਤੇ ਸਾਰੇ ਸਦਨ ਦੀ ਤਰਫੋਂ ਵੀ ਦੁਖ ਦਾ ਪ੍ਰਗਟਾਵਾ ਕਰਦਾ ਹਾਂ ।

**ਸਰਦਾਰ ਅਜੀਤ ਇੰਦਰ ਸਿੰਘ** (ਸਰਦੂਲਗੜ੍ਹ). ਸਪੀਕਰ ਸਾਹਿਬ, ਸਰਦਾਰ ਜਗਜੀਤ ਸਿੰਘ ਉੱਘੇ ਸਿੱਖ ਇਤਿਹਾਸਕਾਰ ਅਕਾਲ ਚਲਾਣਾ ਕਰ ਗਏ ਹਨ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਉਨ੍ਹਾਂ ਦੇ ਪਰਿਵਾਰ ਨਾਲ ਦੁਖ ਦਾ ਪ੍ਰਗਟਾਵਾ ਕਰਦਾ ਹਾਂ । ਉਹ ਬੜੇ ਹੀ ਉੱਘੇ ਇਤਿਹਾਸਕਾਰ ਸਨ ਅਤੇ ਸਿੱਖ ਹਿਸਟਰੀ ਨਾਲ ਪਿਆਰ ਕਰਦੇ ਸਨ। ਗ਼ਦਰ ਲਹਿਰ ਵਿਚ ਵੀ ਉਨ੍ਹਾਂ ਨੇ ਬੜਾ ਵਡਾ ਯੋਗਦਾਨ ਪਾਇਆ । ਉਨ੍ਹਾਂ ਨੇ ਹਮੇਸ਼ਾ ਪੰਜਾਬ ਦਾ ਸਿਰ ਉਚਾ ਕੀਤਾ ਅਤੇ ਸਾਰੇ ਮੁਲਕ ਵਿਚ ਵੱਖ ਵੱਖ ਖੇਤਰਾਂ ਵਿਚ ਬਹੁਤ ਵੱਡਾ ਯੋਗਦਾਨ ਪਾਇਆ । ਉਨ੍ਹਾਂ ਦੇ ਇਸ ਸਮੇਂ ਚਲੇ ਜਾਣ ਨਾਲ ਸਾਨੂੰ ਬੜਾ ਦੁਖ ਹੋਇਆ ਹੈ । ਮੈਂ ਆਪਣੀ ਪਾਰਟੀ ਵੱਲੋਂ ਉਨ੍ਹਾਂ ਦੇ ਪਰਿਵਾਰ ਦੇ ਦੁਖ ਵਿਚ ਸ਼ਰੀਕ ਹੁੰਦਾ ਹੋਇਆ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹਾਂ । ਧੰਨਵਾਦ ।

**ਸ੍ਰੀ ਰਮੇਸ਼ ਚੰਦਰ ਡੋਗਰਾ** (ਦਸੂਹਾ). ਸਪੀਕਰ ਸਾਹਿਬ, ਸਰਦਾਰ ਜਗਜੀਤ ਸਿੰਘ ਜੀ, ਜਿਹੜੇ ਕਿ ਪੰਜਾਬ ਯੂਨੀਵਰਸਿਟੀ ਦੇ ਕੈਮਿਸਟਰੀ ਦੇ ਪੋਸਟ ਗਰੈਜੂਏਟ ਸਨ, ਗਦਰ ਲਹਿਰ ਦੇ ਨਾਲ ਜੁੜੇ ਹੋਏ ਸਨ ਅਤੇ ਗਦਰ ਲਹਿਰ ਦੇ ਮੋਢੀ ਸਰਦਾਰ ਸੋਹਨ ਸਿੰਘ ਭਕਨਾ ਦੇ ਬਹੁਤ ਨਜ਼ਦੀਕੀ ਸਾਥੀ ਸਨ । ਉਨ੍ਹਾਂ ਦਾ ਸਾਡੇ ਕੋਲੋਂ ਚਲੇ ਜਾਣਾ ਬਹੁਤ ਹੀ ਦੁੱਖ ਦੀ ਗੱਲ ਹੈ ਅਤੇ ਬਹੁਤ ਵੱਡਾ ਨੁਕਸਾਨ ਸਾਡੇ ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਦੇ ਚਲੇ ਜਾਣ ਨਾਲ ਹੋਇਆ ਹੈ । ਮੈਂ ਉਨ੍ਹਾਂ ਨੂੰ ਆਪਣੇ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ।

**ਸ੍ਰੀ ਸਪੀਕਰ**: ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਵੱਲੋਂ ਉਘੇ ਇਤਿਹਾਸਕਾਰ ਅਤੇ ਫਰੀਡਮ ਫਾਇਟਰ ਸਰਦਾਰ ਜਗਜੀਤ ਸਿੰਘ ਜੀ ਜੋ ਸਾਡੇ ਦਰਮਿਆਨ ਨਹੀਂ ਰਹੇ, ਪ੍ਰਤੀ ਜੋ ਸ਼ਰਧਾ ਦੇ ਫੁਲ ਭੇਟ ਕੀਤੇ ਗਏ ਹਨ, ਮੈਂ ਵੀ ਜ਼ਾਤੀ ਤੌਰ ਤੇ ਉਸ ਵਿਚ ਸ਼ਰੀਕ ਹੁੰਦਾ ਹਾਂ । ਸਰਦਾਰ ਜਗਜੀਤ ਸਿੰਘ ਜੀ ਜੋ ਪੰਜਾਬ ਯੂਨੀਵਰਸਿਟੀ ਤੋਂ ਕੈਮਿਸਟਰੀ ਵਿਚ ਪੋਸਟ ਗਰੈਜੂਏਟ ਸਨ, ਗਦਰ ਲਹਿਰ ਨਾਲ ਵੀ ਨੇੜਿਉਂ ਜੁੜੇ ਹੋਏ ਸਨ ਅਤੇ ਗਦਰ ਲਹਿਰ ਦੇ ਮੋਢੀ ਸਰਦਾਰ ਸੋਹਨ ਸਿੰਘ ਭਕਨਾ ਦੇ ਨਜ਼ਦੀਕੀ ਸਾਥੀ ਸਨ । ਉਨ੍ਹਾਂ ਦਾ ਸਿੱਖ ਅਧਿਐਨ ਸੰਸਥਾ ਨਾਲ ਵੀ ਡੂੰਘਾ ਸਬੰਧ ਰਿਹਾ ਹੈ । ਉਨ੍ਹਾਂ ਨੇ ਸਿੱਖਾਂ ਅਤੇ ਗਦਰ ਲਹਿਰ

Original with;
Punjab Vidhan Sabha
Digitized by;
Panjab Digital Library

ਨਾਲ ਸਬੰਧਤ ਕਈ ਕਿਤਾਬਾਂ ਲਿਖੀਆਂ । ਉਹ ਮਿਤੀ 10-3-97 ਨੂੰ ਅਕਾਲ ਚਲਾਣਾ ਕਰ ਗਏ । ਉਹ 97 ਸਾਲ ਦੇ ਸਨ । ਮੈਂ ਸਾਰੇ ਮੈਂਬਰ ਸਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਵਿਛੜੀ ਰੂਹ ਦੀ ਸ਼ਾਂਤੀ ਲਈ 2 ਮਿੰਟ ਖੜ੍ਹੇ ਹੋ ਕੇ ਮੌਨ ਧਾਰਨ ਦੀ ਕ੍ਰਿਪਾਲਤਾ ਕਰਨ ।

(ਇਸ ਵਕਤ ਸਦਨ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਦੋ ਮਿੰਟ ਦਾ ਮੌਨ ਧਾਰਨ ਲਈ ਖੜ੍ਹੇ ਹੋਏ ।)

Thank you. Now, Questions please.

---

## STARRED QUESTIONS AND ANSWERS

### ਦੂਜੇ ਦੇਸ਼ਾਂ ਨੂੰ ਕਣਕ, ਚਾਵਲ ਅਤੇ ਸਬਜ਼ੀਆਂ ਦਾ ਨਿਰਯਾਤ

* 18. **ਕਾਮਰੇਡ ਹਰਦੇਵ ਅਰਸ਼ੀ** : ਕੀ ਖੇਤੀ ਬਾੜੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰਾਜ ਵਿਚ ਕਣਕ, ਚਾਵਲ ਅਏ ਸਬਜ਼ੀਆਂ ਦੀ ਕੁੱਲ ਪੈਦਾਵਾਰ ਦਾ 50 ਪ੍ਰਤੀਸ਼ਤ ਦੂਜੇ ਦੇਸ਼ਾਂ ਨੂੰ ਨਿਰਯਾਤ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਗੁਰਦੇਵ ਸਿੰਘ ਬਾਦਲ** : ਨਹੀਂ ਜੀ । ਪਰ ਸਰਕਾਰ ਖੇਤੀ ਬਾੜੀ ਵਸਤਾਂ ਦੇ ਨਿਰਯਾਤ ਨੂੰ ਉਤਸ਼ਾਹਿਤ ਕਰਨ ਬਾਰੇ ਕਾਫੀ ਇੱਛੁਕ ਹੈ । ਪੰਜਾਬ ਵਿਚੋਂ ਖੇਤੀਬਾੜੀ ਵਸਤਾਂ ਦੇ ਨਿਰਯਾਤ ਦਾ ਵਿਕਾਸ ਕਰਨ ਲਈ ਇਕ ਕੰਪਨੀ ਦੀ ਸਥਾਪਨਾ ਕੀਤੀ ਜਾਵੇਗੀ ਅਤੇ ਇਹ ਕੰਪਨੀ ਜਲਦੀ ਹੀ ਅਮਲ ਵਿਚ ਆ ਜਾਵੇਗੀ । ਇਹ ਕਾਰਪੋਰੇਸ਼ਨ ਵੱਖ-ਵੱਖ ਵਸਤਾਂ ਦੀ ਮਾਰਕੀਟ ਵਿਚ ਲਾਗਤ ਆਦਿ ਬਾਰੇ ਅਸੈੱਸ ਕਰੇਗੀ ਅਤੇ ਫਿਰ ਜੇਕਰ ਜ਼ਰੂਰੀ ਹੋਇਆ ਤਾਂ ਨਿਰਯਾਤ ਸਬੰਧੀ ਅਸਲ ਟੀਚੇ ਮਿਥੇ ਜਾਣਗੇ ।

**ਕਾਮਰੇਡ ਹਰਦੇਵ ਅਰਸ਼ੀ** . ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਵਿਚ ਨੈਸ਼ਨਲ ਇੰਟਰੈਸਟ ਵੀ ਧਿਆਨ ਵਿਚ ਰਖਿਆ ਜਾਵੇ ਅਤੇ ਪੀਜ਼ੈਂਟਰੀ ਦਾ ਇੰਟਰੈਸਟ ਵੀ ਧਿਆਨ ਵਿਚ ਰੱਖਿਆ ਜਾਣਾ ਹੋਵੇਗਾ । ਮੈਨੂੰ ਇਹੋ ਭਾਵਨਾ ਲਗਦੀ ਵੀ ਹੈ । ਮੈਂ ਜਾਨਣਾ ਇਹ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦਾ ਮੇਨ ਸਟਰੈੱਸ, ਜ਼ੋਰ ਕਿਸ ਤੇ ਹੋਵੇਗਾ । ਕੀ ਜਿਹੜੀਆਂ ਕਮਰਸ਼ੀਅਲ ਕਰਾਪਸ ਹਨ ਜਿਵੇਂ ਗੰਨਾ, ਫਲ, ਸਬਜ਼ੀਆਂ, ਫਲਾਵਰਜ਼ ਵਗੈਰਾ, ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦਾ ਮੰਤਵ ਹੋਵੇਗਾ ਜਾਂ ਜਿਹੜੀਆਂ ਸਾਡੀਆਂ ਰਵਾਇਤੀ ਫ਼ਸਲਾਂ ਹਨ ਜਿਵੇਂ ਵੀਟ, ਵਗੈਰਾ, ਉਨ੍ਹਾਂ ਨੂੰ ਤਰਜੀਹ ਦਿਉਗੇ ? ਇਸ ਦਾ ਪੂਰਾ ਮੰਤਵ ਕੀ ਹੈ ?

**ਮੰਤਰੀ** : ਸਪੀਕਰ ਸਾਹਿਬ, ਬਾਦਲ ਸਰਕਾਰ ਦੀ ਇੱਛਾ ਦੇ ਮੁਤਾਬਿਕ ਅਸੀਂ ਖੇਤੀਬਾੜੀ ਵਾਲੇ ਲੋਕਾਂ ਨੂੰ ਬਹੁਤ ਹੀ ਉਤਸ਼ਾਹਿਤ ਕਰਨ ਲਈ ਇਹ ਯਤਨ ਕੀਤੇ ਹਨ, ਪਿਛੇ ਅਣ-ਗਹਿਲੀ ਹੋਈ ਹੈ ਪਰ ਅਸੀਂ ਉਸ ਤਰ੍ਹਾਂ ਦੀ ਅਣਗਹਿਲੀ ਨਹੀਂ ਕਰਾਂਗੇ । ਅਸੀਂ ਬਹੁਤ ਯਤਨ ਕਰ ਰਹੇ ਹਾਂ ਕਿ ਜਿਹੜੇ ਫਲ, ਸਬਜ਼ੀਆਂ ਅਤੇ ਹੋਰ ਚੀਜ਼ਾਂ ਹਨ, ਉਨ੍ਹਾਂ ਨੂੰ ਬਾਹਰ ਭੇਜ ਕੇ ਕਿਸਾਨਾਂ ਨੂੰ ਪੂਰੀ ਰਾਹਤ ਦਿੱਤੀ ਜਾ ਸਕੇ ਅਤੇ ਉਨ੍ਹਾਂ ਨੂੰ ਖੁਸ਼ਹਾਲ ਕੀਤਾ ਜਾ ਸਕੇ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਦੂਸਰੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਹਾਂ ਅਤੇ ਇਹ ਮੇਰੇ ਨਾਲ ਸਹਿਮਤ ਹੋਣਗੇ ਕਿ ਪੰਜਾਬ ਦੀਆਂ ਜਿਉਗਰਾਫੀਕਲ ਕੰਡੀਸ਼ਨਜ਼ ਅੱਛੀਆਂ ਨਹੀਂ ਹਨ। ਪੰਜਾਬ ਦੇ ਨਾਲ ਕੋਈ ਸਮੁੰਦਰ ਵਗੈਰਾ ਵੀ ਨਹੀਂ ਲੱਗਦਾ। ਇਸ ਕਰਕੇ ਕੁਦਰਤੀ ਤੌਰ ਤੇ ਇਹ ਚੀਜ਼ਾਂ ਬਾਈ ਏਅਰ ਬਾਹਰ ਭੇਜਣੀਆ ਪੈਣੀਆਂ ਹਨ ਅਤੇ ਇਸ ਦੀ ਕਾਸਟ ਬਹੁਤ ਜ਼ਿਆਦਾ ਆਵੇਗੀ। ਕੋਈ ਲੈਂਡ ਰੂਟ ਵੀ ਪਾਸੀਬਲ ਨਹੀਂ। ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਇਹ ਸਾਰਾ ਖਰਚਾ ਧਿਆਨ ਵਿਚ ਰਖਿਆ ਹੈ ? ਬਾਈ ਏਅਰ ਚੀਜ਼ਾਂ ਭੇਜਣ ਦਾ ਖਰਚਾ ਜ਼ਿਆਦਾ ਆਵੇਗਾ ਅਤੇ ਉਸ ਦਾ ਮੁੱਲ ਘੱਟ ਮਿਲੇਗਾ। ਕੀ ਇਹ ਸਾਰੀਆਂ ਗੱਲਾਂ ਜਾਂ ਖਰਚੇ ਇਨ੍ਹਾਂ ਨੇ ਕੈਲਕੂਲੇਟ ਕੀਤੇ ਹਨ ਜਾਂ ਅਜੇ ਪ੍ਰਾਸੈੱਸ ਅਧੀਨ ਹਨ ?

**ਮੰਤਰੀ**: ਇਹ ਅਜੇ ਵਿਚਾਰ ਅਧੀਨ ਹੈ ਜੀ।

---

### ਪੰਜਾਬ ਹੋਮ ਗਾਰਡਜ਼ ਦੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨਾ

*38. 1. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** (ਡਾਕਟਰ ਰਤਨ ਸਿੰਘ ਵਲੋਂ ਪੇਸ਼ ਕੀਤਾ ਗਿਆ)
2. **ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ** : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦਸਣਗੇ ਕਿ—

(ੳ) ਇਸ ਸਮੇਂ ਹੋਮ ਗਾਰਡਜ਼ ਵਿਭਾਗ ਵਿਚ ਦਿਹਾੜੀ ਤੇ ਕੰਮ ਕਰ ਰਹੇ ਕਰਮਚਾਰੀਆਂ ਦੇ ਸ਼੍ਰੇਣੀਵਾਰ ਵੇਰਵੇ ਕੀ ਹਨ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: (ੳ) ਕੋਈ ਨਹੀਂ ਜੀ।
(ਅ) ਨਹੀਂ ਜੀ।

**ਡਾਕਟਰ ਰਤਨ ਸਿੰਘ** : ਸਪੀਕਰ ਸਾਹਿਬ, ਹੋਮ ਗਾਰਡਜ਼ ਵਾਲੇ ਪੁਲਿਸ ਨਾਲ ਮਿਲ ਕੇ, ਡੱਟ ਕੇ ਡਿਊਟੀ ਦਿੰਦੇ ਹਨ। ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੀਆਂ ਤਨਖਾਹਾਂ ਵਧਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਹੋਮ ਗਾਰਡਜ਼ ਜਿਹੜੇ ਹਨ, ਇਹ ਬੇਸੀਕਲੀ ਵਾਲੰਟੀਅਰਜ਼ ਹਨ ਅਤੇ ਕਾਨੂੰਨ ਦੇ ਮੁਤਾਬਿਕ ਇਨ੍ਹਾਂ ਨੂੰ ਡੇਅਲੀ 50 ਰੁਪਏ ਗੁਜ਼ਾਰਾ ਭੱਤਾ ਦਿੱਤਾ ਜਾਂਦਾ ਹੈ ਅਤੇ ਵਾਸ਼ਿੰਗ ਅਲਾਊਂਸ 5 ਰੁਪਏ ਪ੍ਰਤੀ ਹਫਤਾ ਦਿੱਤਾ ਜਾਂਦਾ ਹੈ।

**ਸ੍ਰੀ ਸਪੀਕਰ** : ਉਹ ਪੁੱਛਦੇ ਹਨ ਕਿ ਉਨ੍ਹਾਂ ਦੀਆਂ ਤਨਖਾਹਾਂ ਵਧਾਉਣ ਦਾ ਕੋਈ ਵਿਚਾਰ ਹੈ ?

**ਮੁੱਖ ਮੰਤਰੀ** : ਅਜੇ ਤਾਂ ਕੋਈ ਵਿਚਾਰ ਨਹੀਂ ਪਰ ਹਮਦਰਦੀ ਨਾਲ ਜ਼ਰੂਰ ਗੌਰ ਕਰਾਂਗੇ।

Original with;
Punjab Vidhan Sabha
Digitized by;
Punjab Digital Library

**ਸ੍ਰੀ ਰਮੇਸ਼ ਚੰਦਰ ਡੋਗਰਾ**: ਸਪੀਕਰ ਸਾਹਿਬ, ਹੁਸ਼ਿਆਰਪੁਰ ਦੇ ਕਾਫੀ ਹੋਮ ਗਾਰਡਜ਼ ਮੈਨੂੰ ਮਿਲੇ ਸਨ ਅਤੇ ਉਨ੍ਹਾਂ ਨੇ ਦਸਿਆ ਸੀ ਕਿ ਉਨ੍ਹਾਂ ਨੂੰ 3 ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਮੈਂ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਸਬੰਧੀ ਕੋਈ ਉਪਰਾਲਾ ਕਰ ਰਹੀ ਹੈ ਜਿਸ ਨਾਲ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਤਨਖਾਹ ਦਿੱਤੀ ਜਾ ਸਕੇ ?

**ਮੁੱਖ ਮੰਤਰੀ**: ਜਿਹੜੀਆਂ ਪੈਂਡਿੰਗ ਤਨਖਾਹਾਂ ਹਨ ਜਾਂ ਗੁਜ਼ਾਰਾ ਭੱਤਾ ਹੈ, ਉਹ ਜ਼ਰੂਰ ਦਿੱਤਾ ਜਾਵੇਗਾ।

**ਸ੍ਰੀ ਰਮੇਸ਼ ਚੰਦਰ ਡੋਗਰਾ**: ਸਪੀਕਰ ਸਾਹਿਬ, ਮੈਂ ਟਾਇਮ ਨਿਸ਼ਚਿਤ ਕਰਨ ਬਾਰੇ ਪੁੱਛਣਾ ਚਾਹੁੰਦਾ ਹਾਂ ਕਿ ਕਿਤਨੇ ਟਾਇਮ ਦੇ ਅੰਦਰ ਉਨ੍ਹਾਂ ਨੂੰ ਤਨਖਾਹ ਦਿੱਤੀ ਜਾਵੇਗੀ ਕਿਉਂਕਿ ਤਨਖਾਹਾਂ ਨਾ ਮਿਲਣ ਕਰਕੇ ਉਹ ਲੋਕ ਬਹੁਤ ਸਫਰ ਕਰ ਰਹੇ ਹਨ। ਉਨ੍ਹਾਂ ਨੂੰ 3-3 ਮਹੀਨੇ ਤੋਂ ਤਨਖਾਹ ਨਹੀਂ ਮਿਲੀ। ਕੀ ਇਸ ਦੇ ਵਾਸਤੇ ਮੁੱਖ ਮੰਤਰੀ ਜੀ ਕੋਈ ਸਮਾਂ ਨਿਸ਼ਚਿਤ ਕਰ ਦੇਣਗੇ ?

**ਮੁੱਖ ਮੰਤਰੀ**: ਛੇਤੀ ਤੋਂ ਛੇਤੀ ਤਨਖਾਹ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਹੋਮ ਗਾਰਡਜ਼ ਦੇ ਜਵਾਨ ਹਨ, ਕੀ ਇਹ ਉਨ੍ਹਾਂ ਲਈ ਇਕ ਸਭ ਤੋਂ ਆਸਾਨ ਮੱਦ ਮਨਜ਼ੂਰ ਕਰਨ ਨੂੰ ਤਿਆਰ ਹਨ ਭਾਵ ਜਿਸ ਤਰ੍ਹਾਂ ਪੰਜਾਬ ਰੋਡਵੇਜ਼ ਦੀਆਂ ਬੱਸਾਂ ਵਿਚ ਪੰਜਾਬ ਪੁਲਿਸ ਦੇ ਸਿਪਾਹੀ ਫਰੀ ਸਫਰ ਕਰਦੇ ਹਨ, ਕੀ ਉਸੇ ਤਰ੍ਹਾਂ ਇਨ੍ਹਾਂ ਨੂੰ ਵੀ ਇਜਾਜ਼ਤ ਦਿਤੀ ਜਾਵੇਗੀ ?

**ਮੁੱਖ ਮੰਤਰੀ**: ਉਨ੍ਹਾਂ ਵੱਲੋਂ ਤਾਂ ਇਹ ਮੰਗ ਆਈ ਨਹੀਂ। ਜੇ ਉਨ੍ਹਾਂ ਵੱਲੋਂ ਇਹ ਮੰਗ ਆਵੇਗੀ ਤਾਂ ਵਿਚਾਰ ਕਰ ਲਿਆ ਜਾਵੇਗਾ।

**ਕਾਮਰੇਡ ਅਜੈਬ ਸਿੰਘ ਰੌਂਤਾ** : ਸਪੀਕਰ ਸਾਹਬ, ਪੰਜਾਬ ਹੋਮ ਗਾਰਡਜ਼ ਦੇ ਜਵਾਨ ਐਸ.ਪੀ.ਓਜ਼ ਸਮੇਤ ਪੰਜਾਬ ਦੇ ਮਾੜੇ ਹਾਲਾਤ ਵਿਚ ਭਰਤੀ ਕੀਤੇ ਗਏ ਸਨ। ਹੁਣ ਜਦ ਕਿ ਪੰਜਾਬ ਦੇ ਹਾਲਾਤ ਚੰਗੇ ਹੋ ਗਏ ਹਨ, ਕੀ ਸਰਕਾਰ ਉਨ੍ਹਾਂ ਦੀ ਛਾਂਟੀ ਕਰਨ ਦਾ ਕੋਈ ਵਿਚਾਰ ਤਾਂ ਨਹੀ ਰੱਖਦੀ? ਦੂਸਰੀ ਗੱਲ ਮੈਂ ਇਹ ਪੁੱਛਣੀ ਚਾਹੁੰਦਾ ਹਾਂ ਕੀ ਉਨ੍ਹਾ ਵਿਚੋਂ ਜਿਹੜੇ ਜਵਾਨ ਵਿਦਿਅਕ ਯੋਗਤਾ ਅਤੇ ਕੱਦ/ਛਾਤੀ ਵਗੈਰਾ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ, ਕੀ ਉਨ੍ਹਾਂ ਨੂੰ ਸਰਕਾਰ ਪੰਜਾਬ ਪੁਲਿਸ ਵਿਚ ਭਰਤੀ ਕਰਨ ਵਾਸਤੇ ਵਿਚਾਰ ਕਰੇਗੀ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਸਲ ਵਿਚ ਜਿਹੜੇ ਹੋਮ ਗਾਰਡਜ਼ ਹਨ, ਇਹ ਵਾਲੰਟੀਅਰਜ਼ ਹਨ। ਜਦੋਂ ਸਰਕਾਰ ਨੂੰ ਲੋੜ ਪੈਂਦੀ ਹੈ, ਉਦੋਂ ਉਨ੍ਹਾਂ ਨੂੰ ਡਿਊਟੀ ਤੇ ਬੁਲਾਇਆ ਜਾਂਦਾ ਹੈ ਅਤੇ ਉਸੇ ਹਿਸਾਬ ਦੇ ਨਾਲ ਉਨ੍ਹਾਂ ਨੂੰ ਅਲਾਊਂਸ ਦਿਤੇ ਜਾਂਦੇ ਹਨ ਜਿਨ੍ਹਾਂ ਨੂੰ ਗੁਜ਼ਾਰਾ ਭੱਤਾ ਕਿਹਾ ਜਾਂਦਾ ਹੈ। ਵੈਸੇ ਮੈਂ ਮੰਨਦਾ ਹਾਂ ਕਿ ਇਨ੍ਹਾਂ ਨੇ ਰਾਜ ਦੀ ਬਹੁਤ ਸੇਵਾ ਕੀਤੀ ਹੈ। ਇਨ੍ਹਾਂ ਦਾ ਕੇਸ ਹਮਦਰਦੀ ਨਾਲ ਵਿਚਾਰਿਆ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜੀਤ ਇੰਦਰ ਸਿੰਘ :** ਸਪੀਕਰ ਸਾਹਿਬ, ਜਿਹੜੇ ਐਸ.ਪੀ.ਓਜ਼.ਹਨ, ਇਨ੍ਹਾਂ ਤੋਂ 24 ਘੰਟੇ ਡਿਊਟੀ ਲਈ ਜਾਂਦੀ ਹੈ ਚਾਹੇ ਇਹ ਵਾਲੰਟੀਅਰਜ਼ ਹੀ ਹਨ। ਇਨ੍ਹਾਂ ਨੂੰ ਰੈਗੂਲਰ ਸਿਪਾਹੀਆਂ ਵਾਂਗ ਕੰਮ ਕਰਨਾ ਪੈਂਦਾ ਹੈ। ਮੈਂ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਬਤੌਰ ਸਿਪਾਹੀ ਰੈਗੂਲਰ ਕਰਨ ਦੀ ਤਜਵੀਜ਼ ਹੈ ਤਾਂ ਜੋ ਇਹ ਹੋਰ ਜ਼ਿਆਦਾ ਤਨਦੇਹੀ ਨਾਲ ਕੰਮ ਕਰ ਸਕਣ ?

**ਸ੍ਰੀ ਸਪੀਕਰ:** ਇਸ ਦਾ ਜਵਾਬ ਪਹਿਲਾਂ ਹੀ ਆ ਗਿਆ ਹੈ। ਅਗਲਾ ਸਵਾਲ।

---

**ਪੰਜਾਬ ਰਾਜ ਬਿਜਲੀ ਬੋਰਡ ਵਿਚ ਲਾਈਨਮੈਨ ਦੀਆਂ ਆਸਾਮੀਆਂ ਭਰਨਾ**

*73, **ਕਾਮਰੇਡ ਅਜੈਬ ਸਿੰਘ ਰੌਂਤਾ:** ਕੀ ਮੁੱਖ ਮੰਤਰੀ ਜੀ ਕਿਰਪਾ ਕਰਕੇ ਦਸਣਗੇ ਕਿ:—

(ੳ) ਕੀ ਫ਼ਰਵਰੀ, 1996 ਵਿਚ ਜਾਂ ਉਸ ਦੇ ਲੱਗ ਭੱਗ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਲਾਈਨਮੈਨ ਦੀਆਂ ਕੋਈ ਆਸਾਮੀਆਂ ਲਈ ਇਸ਼ਤਿਹਾਰ ਦਿਤੇ ਗਏ ਸਨ ਅਤੇ ਰੋਜ਼ਗਾਰ ਕੇਂਦਰ ਰਾਹੀਂ ਦਰਖਾਸਤਾਂ ਮੰਗੀਆਂ ਸਨ; ਜੇਕਰ ਅਜਿਹਾ ਹੋਵੇ ਤਾਂ ਕਿੰਨੀਆਂ ਆਸਾਮੀਆਂ ਲਈ ਇਸ਼ਤਿਹਾਰ ਦਿਤੇ ਗਏ ਸਨ ਅਤੇ ਕਿੰਨੀਆਂ ਦਰਖਾਸਤਾਂ ਪ੍ਰਾਪਤ ਹੋਈਆਂ ਸਨ ?

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਲਈ ਕਿਸ ਮਿਤੀ ਨੂੰ ਅਤੇ ਕਿਹੜੀ ਥਾਂ ਤੇ ਇੰਟਰਵਿਊ ਲਈ ਗਈ ਸੀ ;

(ੲ) ਕੀ ਪੰਜਾਬ ਰਾਜ ਬਿਜਲੀ ਬੋਰਡ ਪਟਿਆਲਾ ਦੇ ਨੋਟਿਸ ਬੋਰਡ ਤੇ ਚੁਣੇ ਗਏ ਉਮੀਦਵਾਰਾਂ ਦੀ ਕੋਈ ਸੂਚੀ ਲਗਾਈ ਗਈ ਸੀ ;

(ਸ) ਕੀ ਉਪਰੋਕਤ ਭਾਗ (ੲ) ਵਿੱਚ ਵਰਣਿਤ ਚੁਣੇ ਗਏ ਉਮੀਦਵਾਰਾਂ ਦੀਆ ਨਿਯੁਕਤੀਆਂ ਰੋਕ ਦਿੱਤੀਆਂ ਗਈਆਂ ਸਨ, ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕਾਰਨ ਕੀ ਸਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) ਹਾਂ ਜੀ। ਲਾਈਨਮੈਨ ਦੀਆਂ 1,000 ਆਸਾਮੀਆਂ ਤੇ ਭਰਤੀ ਲਈ ਵਿਗਿਆਪਨ ਦਿਤਾ ਗਿਆ ਸੀ ਅਤੇ 2,742 ਬਿਨੈ-ਪੱਤਰ ਪ੍ਰਾਪਤ ਹੋਏ ਸਨ।

(ਅ) ਕੋਈ ਇੰਟਰਵਿਊ ਨਹੀਂ ਲਈ ਗਈ। ਪ੍ਰੰਤੂ ਪਟਿਆਲਾ ਵਿਖੇ ਸਾਰੇ ਉਮੀਦਵਾਰਾਂ ਦੇ ਕੇਵਲ ਦਸਤਾਵੇਜ਼ ਹੀ ਚੈਕ ਕੀਤੇ ਗਏ ਸਨ।

(ੲ) ਹਾਂ ਜੀ

Original with;
Punjab Vidhan Sabha
Digitized by;
Panjab Digital Library

(ਸ) ਹਾਂ ਜੀ। ਚੋਣ ਕਮਿਸ਼ਨ ਦੇ ਆਦੇਸ਼ ਅਨੁਸਾਰ ਪੰਜਾਬ ਵਿਧਾਨ ਸਭਾ 1997 ਦੀਆਂ ਆਮ ਚੋਣਾਂ ਮੁਕੰਮਲ ਹੋਣ ਤੱਕ ਨਵੀਂ ਭਰਤੀ ਤੇ ਰੋਕ ਲੱਗ ਜਾਣ ਕਾਰਨ ਇਹ ਨਿਯੁਕਤੀਆਂ ਰੋਕ ਦਿਤੀਆਂ ਗਈਆਂ ਸਨ।

**ਕਾਮਰੇਡ ਅਜੈਬ ਸਿੰਘ ਰੌਂਤਾ** : ਸਤਿਕਾਰਯੋਗ ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਜਵਾਬ ਦਿਤਾ ਹੈ ਕਿ ਲਾਈਨਮੈਨਾਂ ਦੀਆਂ 1,000 ਆਸਾਮੀਆਂ ਦੀ ਭਰਤੀ ਲਈ ਵਿਗਿਆਪਨ ਦਿੱਤਾ ਗਿਆ ਸੀ ਜਿਸ ਵਾਸਤੇ 2,742 ਬਿਨੈ-ਪੱਤਰ ਪ੍ਰਾਪਤ ਹੋਏ ਸਨ। ਇਹਨਾਂ ਨੇ ਇਹ ਵੀ ਕਿਹਾ ਹੈ ਕਿ ਕੋਈ ਇੰਟਰਵਿਊ ਨਹੀਂ ਲਈ ਗਈ ਪਰੰਤੂ ਪਟਿਆਲਾ ਵਿਖੇ ਸਾਰੇ ਉਮੀਦਵਾਰਾਂ ਦੇ ਦਸਤਾਵੇਜ਼ ਹੀ ਚੈੱਕ ਕੀਤੇ ਗਏ ਸਨ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਦਸਤਾਵੇਜ਼ ਚੈੱਕ ਕਰਨ ਤੋਂ ਕੀ ਭਾਵ ਹੈ ਔਰ ਇੰਟਰਵਿਊ ਵਿੱਚ ਕੀ ਫਰਕ ਹੈ ? ਇਹਨਾਂ ਨੇ (ਅ) ਭਾਗ ਦੇ ਉੱਤਰ ਵਿਚ ਕਿਹਾ ਹੈ ਕਿ ਕੋਈ ਇੰਟਰਵਿਊ ਨਹੀਂ ਲਈ ਗਈ। ਪਰੰਤੂ ਪਟਿਆਲਾ ਵਿਖੇ ਸਾਰੇ ਉਮੀਦਵਾਰਾਂ ਦੇ ਕੇਵਲ ਦਸਤਾਵੇਜ਼ ਹੀ ਚੈੱਕ ਕੀਤੇ ਗਏ ਸਨ। (ੲ) ਭਾਗ ਦਾ ਜਵਾਬ ਦਿੱਤਾ ਹੈ ਕਿ ਨੋਟਿਸ ਬੋਰਡ ਤੇ ਸੂਚੀ ਵੀ ਲਗਾਈ ਗਈ ਸੀ। ਸਪੀਕਰ ਸਾਹਿਬ, ਇਹ ਸੂਚੀ ਲਾਉਣ ਦੀ ਮਿਤੀ ਕੀ ਸੀ ?

**ਸ੍ਰੀ ਸਪੀਕਰ** : ਤੁਸੀਂ ਇਕ ਸਵਾਲ ਪੁੱਛੋ। Please ask one question at a time.

**ਕਾਮਰੇਡ ਅਜੈਬ ਸਿੰਘ ਰੌਂਤਾ** : ਸਪੀਕਰ ਸਾਹਿਬ, ਇਹ ਦੱਸ ਦੇਣ ਕਿ ਸੂਚੀ ਕਦੋਂ ਲਗਾਈ ਗਈ ਸੀ ?

**ਸ੍ਰੀ ਸਪੀਕਰ**. ਤੁਸੀਂ ਪਹਿਲੀ ਵਾਰ ਹੋਰ ਤਰ੍ਹਾਂ ਪ੍ਰਸ਼ਨ ਕਰਦੇ ਹੋ, ਫਿਰ ਹੋਰ ਤਰ੍ਹਾਂ ਕਰ ਦਿੰਦੇ ਹੋ।

**ਕਾਮਰੇਡ ਅਜੈਬ ਸਿੰਘ ਰੌਂਤਾ** : ਸਪੀਕਰ ਸਾਹਿਬ, ਇਹਨਾਂ ਨੇ ਕਿਹਾ ਹੈ ਕਿ ਆਸਾਮੀਆਂ ਲਈ ਵਿਗਿਆਪਨ ਦਿਤਾ ਗਿਆ ਸੀ ਔਰ 2,742 ਬਿਨੈ-ਪੱਤਰ ਪ੍ਰਾਪਤ ਹੋਏ ਸਨ ਅਤੇ ਉਮੀਦਵਾਰਾਂ ਦੇ ਦਸਤਾਵੇਜ਼ ਚੈੱਕ ਕੀਤੇ ਗਏ ਸਨ, ਇੰਟਰਵਿਊ ਨਹੀਂ ਲਈ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਸੀ ਕਿ ਇੰਟਰਵਿਊ ਔਰ ਦਸਤਾਵੇਜ਼ ਚੈੱਕ ਕਰਨ ਵਿਚ ਕੀ ਫਰਕ ਹੈ ਔਰ ਸੂਚੀ ਕਿਸ ਤਾਰੀਖ ਨੂੰ ਨੋਟਿਸ ਬੋਰਡ ਤੇ ਲਗਾਈ ਗਈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਭਾਵੇਂ ਇਹਨਾਂ ਨੇ ਸਪਲੀਮੈਂਟਰੀ ਸਵਾਲ ਹੋਰ ਤਰ੍ਹਾਂ ਕੀਤਾ ਹੈ ਲੇਕਿਨ ਅਸਲ ਸਵਾਲ ਦਾ ਜਵਾਬ ਹੈ ਕਿ ਉਮੀਦਵਾਰਾਂ ਦੇ ਦਸਤਾਵੇਜ਼ ਚੈੱਕ ਕੀਤੇ ਗਏ ਸਨ, ਇੰਟਰਵਿਊ ਲਈ ਗਈ ਸੀ ਜਾਂ ਪੁੱਛ ਗਿੱਛ ਕੀਤੀ ਗਈ ਸੀ। ਉਮੀਦਵਾਰਾਂ ਦੀ ਸਿਲੈਕਸ਼ਨ ਹੋ ਗਈ ਹੈ ਔਰ ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹਨਾਂ ਨੂੰ ਨਿਯੁਕਤੀ ਦੇ ਆਰਡਰ ਜਲਦੀ ਹੀ ਪਹੁੰਚ ਜਾਣਗੇ।

**ਕਾਮਰੇਡ ਅਜੈਬ ਸਿੰਘ ਰੌਂਤਾ** : ਠੀਕ ਹੈ, ਬਹੁਤ ਮਿਹਰਬਾਨੀ ਜੀ।

---

Original with;
Punjab Vidhan Sabha
Digitized by;
Panjab Digital Library

## ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਨੂੰ ਤੋੜਨਾ

*19. **ਕਾਮਰੇਡ ਹਰਦੇਵ ਅਰਸ਼ੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਨੂੰ ਤੋੜਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤੱਕ ਤੋੜੇ ਜਾਣ ਦੀ ਸੰਭਾਵਨਾ ਹੈ ?

**Shri Balramji Dass Tandon :** The matter is under consideration of the State Government. The issue will be decided after considering the facts and relevant material.

**ਕਾਮਰੇਡ ਹਰਦੇਵ ਅਰਸ਼ੀ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਇਹ ਮਾਮਲਾ ਰਾਜ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਤੱਥਾਂ ਅਤੇ ਸਬੰਧਤ ਮੈਟੀਰੀਅਲ ਤੇ ਵਿਚਾਰ ਕਰਨ ਉਪਰੰਤ ਇਸ ਮਾਮਲੇ ਤੇ ਫੈਸਲਾ ਕੀਤਾ ਜਾਵੇਗਾ । ਸਪੀਕਰ ਸਾਹਿਬ, ਇਹਨਾਂ ਦੋਨਾਂ ਪਾਰਟੀਆਂ ਵੱਲੋਂ ਤਾਂ ਪਹਿਲਾਂ ਹੀ ਦਸਿਆ ਜਾ ਚੁੱਕਿਆ ਹੈ ਕਿ ਜਿਸ ਵੇਲੇ ਸਾਡੀ ਸਰਕਾਰ ਬਣੇਗੀ, ਉਸ ਵੇਲੇ ਇਸ ਨੂੰ ਭੰਗ ਕਰ ਦਿਤਾ ਜਾਵੇਗਾ । ਤਾਂ ਹੁਣ ਫਿਰ ਵਿਚਾਰ ਕਰਨ ਦੀ ਕੀ ਜ਼ਰੂਰਤ ਹੈ ? ਜਦੋਂ ਇਸ ਨੂੰ ਇੰਪਲੀਮੈਂਟ ਨਹੀਂ ਕੀਤਾ ਜਾਣਾ ਸੀ ਤਾਂ ਫਿਰ ਲੋਕਾਂ ਨਾਲ ਇਹ ਵਾਅਦਾ ਕਿਉਂ ਕੀਤਾ ਗਿਆ ?

**ਸ੍ਰੀ ਸਪੀਕਰ** : ਦੂਸਰਾ ਪ੍ਰਸ਼ਨ ਪੁੱਛੋ, ਤੁਹਾਡਾ ਇਹ ਕੋਈ ਪ੍ਰਸ਼ਨ ਨਹੀਂ ਹੈ । This is not a supplementary question.

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਤੁਹਾਡੀ ਰੂਲਿੰਗ ਜਿਸ ਤਰ੍ਹਾਂ ਤੁਸੀਂ ਦਿੱਤੀ ਹੈ, ਠੀਕ ਹੈ ।

**ਸ੍ਰੀ ਸਪੀਕਰ** : ਮੇਰਾ ਮਤਲਬ ਹੈ ਕਿ ਤੁਸੀਂ ਠੀਕ ਕੁਐਸਚਨ ਕਰੋ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਤੁਹਾਡਾ (ਟਰੈਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਪਰਾਮਿਸ ਹੈ, ਅਸੈਂਬਲੀ ਵਿਚ ਤੁਸੀਂ ਪਹਿਲਾਂ ਇਸ ਦਾ ਵਿਰੋਧ ਕੀਤਾ ਸੀ । ਹੁਣ ਇਹ ਵਿਚਾਰ ਕਰਨ ਦਾ ਮਾਮਲਾ ਹੀ ਨਹੀਂ ਹੈ ।

**ਸ੍ਰੀ ਸਪੀਕਰ** : ਤੁਸੀਂ ਕੁਐਸਚਨ ਪੁੱਛੋ । ਤੁਸੀਂ ਸੁਜੈਸ਼ਨ ਨਾ ਦਿਓ ।

**ਕਾਮਰੇਡ ਹਰਦੇਵ ਅਰਸ਼ੀ** : ਮੈਂ, ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਇਹ ਵਰਲਡ ਬੈਂਕ ਦੇ ਨਾਲ ਐਗਰੀਮੈਂਟ ਹੋਇਆ ਹੈ । ਉਸ ਐਗਰੀਮੈਂਟ ਦੇ ਵਿਚ ਬਹੁਤ ਖਦਸ਼ਾ ਹੈ, ਮੈਂ ਚਿੱਠੀ ਪੱਤਰ ਵੀ ਕੀਤਾ ਹੈ ਔਰ ਕਨਸਰਨਡ ਡਿਪਾਰਟਮੈਂਟ ਨੂੰ ਵੀ ਪੁੱਛਿਆ ਹੈ । ਹੋਰ ਐਮ. ਐਲ.ਏਜ਼ ਨੇ ਵੀ ਪਤਾ ਕੀਤਾ ਹੈ, ਉਸਦੇ ਵਿਚ ਕੁਝ ਆਊਟ ਡੇਟਿਡ, ਵੇਸਟ ਕਿਸਮ ਦੀ ਤਕਨਾਲੋਜੀ ਲੈਣ ਦੀਆਂ ਵੀ ਕੁਝ ਸ਼ਰਤਾਂ ਹਨ । ਇਹ ਤਕਨਾਲੋਜੀ ਕੁਝ ਇਸ ਤਰ੍ਹਾਂ ਦੀ ਹੈ ਜਿਸ ਤੋਂ ਕਿ ਕੈਂਸਰ ਵਰਗੀਆ ਭਿਆਨਕ

Original with;
Punjab Vidhan Sabha
Digitized by;
Panjab Digital Library

ਬੀਮਾਰੀਆਂ ਦਾ ਵੀ ਖਤਰਾ ਹੈ । ਕੀ ਇਸ ਸਾਰੇ ਖਤਰੇ ਨੂੰ ਐਗਜ਼ਾਮਿਨ ਕੀਤਾ ਹੈ ਜਾਂ ਕਰੋਗੇ ?

**ਮੰਤਰੀ** : ਸਪੀਕਰ ਸਾਹਿਬ, ਜਿਸ ਕਿਸਮ ਦਾ ਖਤਰਾ ਇਹਨਾਂ ਨੇ ਜ਼ਾਹਿਰ ਕੀਤਾ ਹੈ, ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ ।

**ਸ਼੍ਰੀ ਮਨੋਰੰਜਨ ਕਾਲੀਆ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਵਰਲਡ ਬੈਂਕ ਤੋਂ ਇਸ ਹੈਲਥ ਕਾਰਪੋਰੇਸ਼ਨ ਨੂੰ ਲੋਨ ਮਿਲੇਗਾ, ਉਹ ਕਿੰਨਾ ਹੈ ਔਰ ਇਸ ਲੋਨ ਨੂੰ ਵਾਪਸ ਕਰਨ ਦੀਆਂ ਕੀ ਕੀ ਸ਼ਰਤਾਂ ਹਨ ? ਕੀ ਇਸ ਕਾਰਪੋਰੇਸ਼ਨ ਦੇ ਚਲਣ ਨਾਲ ਕਿਤੇ ਇਲਾਜ ਹੋਰ ਮਹਿੰਗਾ ਤਾਂ ਨਹੀਂ ਹੋ ਜਾਏਗਾ ?

**ਮੰਤਰੀ** : ਸਪੀਕਰ ਸਾਹਿਬ, ਵਰਲਡ ਬੈਂਕ ਤੋਂ ਜਿਹੜਾ ਲੋਨ ਸੈਂਕਸ਼ਨ ਹੋਇਆ ਹੈ, ਉਹ 421.88 ਕਰੋੜ ਰੁਪਏ ਹੈ ਜਿਹੜਾ ਕਿ ਇਕ ਤਰ੍ਹਾਂ ਨਾਲ ਮੈਡੀਕਲ ਏਡ ਵਾਸਤੇ ਮਿਲੇਗਾ । ਇਸ ਦੇ ਵਿਚੋਂ ਲਗਭਗ 127 ਕਰੋੜ ਰੁਪਏ ਗ੍ਰਾਂਟ ਦੀ ਸ਼ਕਲ ਵਿਚ ਮਿਲਣਗੇ ਅਤੇ ਬਾਕੀ ਦਾ ਸੌਫਟ ਲੋਨ ਹੋਵੇਗਾ । ਜਿਥੋਂ ਤੱਕ ਦਵਾਈਆਂ ਮਹਿੰਗੀਆਂ ਹੋਣ ਦਾ ਤਾਅਲੁੱਕ ਹੈ, ਇਸ ਬਾਰੇ ਮੈਂ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਗੱਲ ਦਾ ਕੋਈ ਖਦਸ਼ਾ ਨਹੀਂ ਹੋਣਾ ਚਾਹੀਦਾ ਕਿਉਂਕਿ ਜਿਹੜਾ ਡਿਸੀਜ਼ਨ ਲਿਆ ਗਿਆ ਹੈ, ਉਸ ਅਨੁਸਾਰ ਦਵਾਈਆਂ ਦੀਆਂ ਕੀਮਤਾਂ 1991 ਦੀ ਪ੍ਰਾਈਸਿਜ਼ ਦੇ ਮੁਤਾਬਿਕ ਜਿਵੇਂ ਬਾਕੀ ਦੇ ਹਸਪਤਾਲਾਂ ਵਿਚ ਹੋਣਗੀਆਂ, ਉਸੇ ਤਰ੍ਹਾਂ ਹੀ ਇਨ੍ਹਾਂ ਵਿਚ ਦਿਤੀਆਂ ਜਾਣਗੀਆਂ ।

**ਸ਼੍ਰੀ ਮਨੋਰੰਜਨ ਕਾਲੀਆ** : ਸਪੀਕਰ ਸਾਹਿਬ, ਜਿਹੜੀ ਕਾਰਪੋਰੇਸ਼ਨ ਬਣੀ ਹੈ, ਇਸ ਦੇ ਅਧੀਨ ਕੁਝ ਹਸਪਤਾਲ ਅਤੇ ਡਾਕਟਰ ਆ ਗਏ ਹਨ । ਬਾਕੀ ਦੇ ਡਾਕਟਰ ਹੈਲਥ ਡਿਪਾਰਟਮੈਂਟ ਦੇ ਥੱਲੇ ਰਹਿਣਗੇ । ਇਨ੍ਹਾਂ ਦੀ ਟਰਾਂਸਫਰ ਪਾਲਿਸੀ ਕੀ ਹੋਵੇਗੀ ? ਕੀ ਕਾਰਪੋਰੇਸ਼ਨ ਅਤੇ ਡਿਪਾਰਟਮੈਂਟ ਵਿਚ ਇੰਟਰ ਟਰਾਂਸਫਰਜ਼ ਹੋ ਸਕਣਗੀਆਂ ?

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਵੀ ਡਾਕਟਰ ਹੋਣਗੇ ਜਾਂ ਪੈਰਾ ਮੈਡੀਕਲ ਸਟਾਫ ਹੋਵੇਗਾ, ਉਨ੍ਹਾਂ ਦੀ ਆਪਸ ਦੇ ਵਿਚ ਟਰਾਂਸਫਰ ਦੀ ਕੋਈ ਪਾਬੰਦੀ ਨਹੀਂ ਹੋਵੇਗੀ । ਜਿਹੜੇ ਹਸਪਤਾਲ ਇਸ ਦੇ ਅਧੀਨ ਆ ਜਾਣਗੇ ਅਤੇ ਜਿਹੜੇ ਬਾਕੀ ਰਹਿ ਜਾਣਗੇ, ਉਨ੍ਹਾਂ ਵਿਚ ਇੰਟਰ-ਸੇ-ਟਰਾਂਸਫਰ ਬਿਲਕੁਲ ਉਸ ਤਰੀਕੇ ਨਾਲ ਹੋ ਸਕੇਗੀ ਜਿਸ ਤਰ੍ਹਾਂ ਕਿ ਆਮ ਤੌਰ ਤੇ ਆਪਸ ਵਿਚ ਹੁੰਦੀ ਹੈ । ਪਾਬੰਦੀ ਕੋਈ ਨਹੀਂ ਹੈ । ਆਪਸ ਵਿਚ ਟਰਾਂਸਫਰਾਂ ਹੁੰਦੀਆਂ ਰਹਿਣਗੀਆਂ ।

**श्रीमती लक्ष्मी कांता चावला** : अध्यक्ष महोदय, पंजाब सरकार जो विशव बैंक की सहायता से स्वास्थ्य निगम शुरू कर रही है, उसमें से कुछ रुपया बिल्डिंगें बनाने के लिये खर्च किया जाना है । मेरा प्रशन है कि जो पैसा इस निगम को मिलेगा, क्या उस से नई बिल्डिंगें खड़ी की जायेंगी या जो पुरानी बिल्डिंगें हैं और जिनकी हालत बहुत खसता है, उन पर भी पैसा खर्च किया जायेगा ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਅਗਰ ਇਹ ਸਾਰੀ ਡਿਟੇਲ ਲੈਣਾ ਚਾਹੁੰਣ ਤਾਂ ਵਖਰਾ ਸਵਾਲ ਕਰਕੇ ਲੈ ਸਕਦੇ ਹਨ ਲੇਕਿਨ ਫਿਰ ਵੀ ਮੈਂ ਦਸ ਦਿੰਦਾ ਹਾਂ ਕਿ ਕੁਝ ਕਮਰੇ ਨਵੇਂ ਐਡ ਕੀਤੇ ਜਾਣਗੇ ਅੱਗਜ਼ਿਸਟਿੰਗ ਹਸਪਤਾਲਾਂ ਵਿਚ ਅਤੇ ਬਾਕੀ ਜੇਕਰ ਕਿਤੇ ਕਮਰਿਆਂ ਆਦਿ ਦੀ ਰਿਪੇਅਰ ਕਰਨ ਦੀ ਵੀ ਜ਼ਰੂਰਤ ਹੋਵੇਗੀ ਤਾਂ ਉਸ ਪੈਸੇ ਵਿਚੋਂ ਉਨ੍ਹਾਂ ਦੀ ਰਿਪੇਅਰ ਵੀ ਕੀਤੀ ਜਾਵੇਗੀ ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਸਟਾਫ ਦੀ ਗੱਲ ਕਹੀ ਗਈ ਹੈ ਕਿ ਆਪਸ ਵਿਚ ਟਰਾਂਸਫਰਾਂ ਵਗੈਰਾ ਤੇ ਕੋਈ ਪਾਬੰਦੀ ਨਹੀਂ ਹੋਵੇਗੀ । ਪਰ ਜਿਹੜੀ ਕਾਰਪੋਰੇਸ਼ਨ ਬਣੀ ਹੈ, ਉਸ ਦਾ ਆਪਣਾ ਵੱਖਰਾ ਸਿਸਟਮ ਹੋਵੇਗਾ । ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਹੈਲਥ ਡਿਪਾਰਟਮੈਂਟ ਵਿਚੋਂ ਡਾਕਟਰ ਸਾਹਿਬਾਨ ਡੈਪੂਟੇਸ਼ਨ ਤੇ ਲਏ ਜਾਣਗੇ ? ਪਿਛੇ ਪਤਾ ਲਗਾ ਸੀ ਕਿ ਡਾਕਟਰਾਂ ਕੋਲੋਂ ਖੁਆਇਸ਼ ਮੰਗੀ ਗਈ ਸੀ ਕਿ ਜਿਹੜੇ ਡਾਕਟਰ ਡੈਪੂਟੇਸ਼ਨ ਦੇ ਆਧਾਰ ਤੇ ਆਉਣਾ ਚਾਹੁੰਦੇ ਹਨ, ਉਹ ਆ ਸਕਦੇ ਹਨ । ਕਾਰਪੋਰੇਸ਼ਨ ਦਾ ਇਕ ਆਪਣਾ ਵੱਖਰਾ ਪ੍ਰਬੰਧਕੀ ਢਾਂਚਾ ਹੋਵੇਗਾ, ਤਾਂ ਕੀ ਉਹ ਡੈਪੂਟੇਸ਼ਨ ਤੇ ਆਏ ਡਾਕਟਰਾਂ ਦੀਆਂ ਵੀ ਆਪਸ ਵਿਚ ਬਦਲੀਆਂ ਹੋ ਸਕਣਗੀਆਂ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਹ ਪਹਿਲਾਂ ਹੀ ਦਸ ਚੁੱਕਾ ਹਾਂ ਕਿ ਕਾਰਪੋਰੇਸ਼ਨ ਵਿੱਚ ਅਤੇ ਬਾਕੀ ਹੈਲਥ ਡਿਪਾਰਟਮੈਂਟ ਵਿਚ ਇੰਟਰ-ਸੇ-ਟਰਾਂਸਫਰਾਂ ਹੋ ਸਕਣਗੀਆਂ । ਕਾਰਪੋਰੇਸ਼ਨ ਦਾ ਸਟਾਫ ਅਤੇ ਬਾਕੀ ਹਸਪਤਾਲਾਂ ਦਾ ਸਟਾਫ ਗੌਰਮਿੰਟ ਸਟਾਫ ਹੀ ਸਮਝਿਆ ਜਾਵੇਗਾ । ਇਸ ਕਰਕੇ ਇੰਟਰ-ਸੇ-ਟਰਾਂਸਫਰਾਂ ਤੇ ਕੋਈ ਪਾਬੰਦੀ ਨਹੀਂ ਹੋਵੇਗੀ ।

## ਸਹਿਕਾਰੀ ਖੰਡ ਮਿੱਲਾਂ ਦੇ ਕਰਮਚਾਰੀਆਂ ਨੂੰ ਬੋਨਸ ਦੇਣਾ

*37. 1. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** :
(ਡਾਕਟਰ ਰਤਨ ਸਿੰਘ ਵੱਲੋਂ ਪੇਸ਼ ਕੀਤਾ ਗਿਆ) } : ਕੀ ਸਹਿਕਾਰਤਾ ਮੰਤਰੀ
2. **ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ**

ਕਿਰਪਾ ਕਰਕੇ ਦੱਸਣਗੇ ਕਿ –

(ੳ) ਅਜਿਹੀਆਂ ਸਹਿਕਾਰੀ ਖੰਡ ਮਿਲਾਂ ਦੇ ਜ਼ਿਲ੍ਹਾਵਾਰ ਨਾਂ ਕੀ-ਕੀ ਹਨ ਜਿਨ੍ਹਾਂ ਨੇ ਸਾਲ 1992 ਤੋਂ ਹੁਣ ਤਕ ਦੇ ਸਮੇਂ ਦੌਰਾਨ ਮੁਨਾਫਾ ਕਮਾਇਆ ਹੈ ਅਤੇ ਇਸ ਦਾ ਸਾਲਵਾਰ ਵੇਰਵਾ ਕੀ ਹੈ,

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਖੰਡ ਮਿੱਲਾਂ ਦੁਆਰਾ ਕਮਾਏ ਗਏ ਮੁਨਾਫੇ ਵਿਚੋਂ ਕਰਮਚਾਰੀਆਂ ਨੂੰ ਬੋਨਸ ਦੇ ਰੂਪ ਵਿਚ ਮਿਲ-ਵਾਰ ਕਿੰਨੀ ਰਕਮ ਅਦਾ ਕੀਤੀ ਗਈ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : (ੳ) ਅਨੁੱਲਗ 'ੳ' ਅਨੁਸਾਰ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਅਨੁੱਲਗ 'ਅ' ਅਨੁਸਾਰ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ੳ'

ਜ਼ਿਲ੍ਹੇਵਾਰ, ਮਿੱਲਵਾਰ 1992-93 ਤੋਂ ਲੈ ਕੇ 1995-96 ਤੱਕ ਲਾਭ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

(ਰੁਪਏ ਲੱਖਾਂ ਵਿੱਚ)

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਮਿੱਲ ਦਾ ਨਾਂ | 92-93 | 93-94 | 94-95 | 95-96 |
|---|---|---|---|---|---|---|
| 1. | ਅੰਮ੍ਰਿਤਸਰ | ਤਰਨਤਾਰਨ | ਲਾਗੂ ਨਹੀਂ | 193.31 | 228.38 | 155.32 |
| 2. | ਫਿਰੋਜ਼ਪੁਰ | ਫਾਜ਼ਿਲਕਾ | -ਉਹੀ- | 113.12 | 116.61 | 57.51 |
| 3. | ਗੁਰਦਾਸਪੁਰ | ਬਟਾਲਾ | -ਉਹੀ- | 79.96 | ਲਾਗੂ ਨਹੀਂ | ਲਾਗੂ ਨਹੀਂ |
| 4. | ਜਲੰਧਰ | ਭੋਗਪੁਰ | -ਉਹੀ- | ਲਾਗੂ ਨਹੀਂ | ਲਾਗੂ ਨਹੀਂ | 173.12 |
| 5. | ਜਲੰਧਰ | ਨਕੋਦਰ | 67.11 | 478.06 | 43.07 | 186.48 |
| 6. | ਲੁਧਿਆਣਾ | ਬੁਢੇਵਾਲ | 80.10 | 429.89 | 438.60 | 274.33 |
| 7. | ਨਵਾਂ ਸ਼ਹਿਰ | ਨਵਾਂ ਸ਼ਹਿਰ | 266.35 | 319.01 | 234.13 | 456.16 |
| 8. | ਪਟਿਆਲਾ | ਪਟਿਆਲਾ | 22.83 | 342.66 | 74.37 | ਲਾਗੂ ਨਹੀਂ |
| 9. | ਰੋਪੜ | ਮੋਰਿੰਡਾ | ਲਾਗੂ ਨਹੀਂ | 608.34 | 89.32 | ਲਾਗੂ ਨਹੀਂ |
| | | ਕੁੱਲ | 436.39 | 2,564.35 | 1,224.48 | 1,302.92 |

ਸਾਲ 1996-97 ਅਜੇ ਚਾਲੂ ਹੈ ਅਤੇ ਆਡੀਟਿਡ ਲਾਭ-ਹਾਨੀ ਦਾ ਵੇਰਵਾ 31-10-1997 ਤੱਕ ਬਣ ਸਕੇਗਾ ।

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਮੰਤਰੀ]

ਅਨੁਲੱਗ 'ਅ'

ਜਿਨ੍ਹਾਂ ਮਿੱਲਾਂ ਨੇ ਲਾਭ ਕਮਾਇਆ ਹੈ, ਉਨ੍ਹਾਂ ਦੁਆਰਾ ਆਪਣੇ ਕਰਮਚਾਰੀਆਂ ਨੂੰ ਦਿਤੇ ਗਏ ਬੋਨਸ ਦੀ ਰਕਮ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਮਿੱਲ ਦਾ ਨਾਂ | 92-93 ਰਕਮ | 93-94 ਰਕਮ | 94-95 ਰਕਮ | 95-96 ਰਕਮ |
|---|---|---|---|---|---|---|
| 1. | ਅੰਮ੍ਰਿਤਸਰ | ਤਰਨ ਤਾਰਨ | — | 8.28 | 20.99 | 21.00 |
| 2. | ਫਿਰੋਜ਼ਪੁਰ | ਫਾਜ਼ਿਲਕਾ | 6.67 | 5.98 | 13.76 | 17.49 |
| 3. | ਗੁਰਦਾਸਪੁਰ | ਬਟਾਲਾ | 9.54 | 8.14 | 11.64 | 13.01 |
| 4. | ਜਲੰਧਰ | ਨਕੋਦਰ | 10.50 | 17.90 | 25.33 | 30.00 |
| 5. | ਜਲੰਧਰ | ਭੋਗਪੁਰ | 8.65 | 8.49 | 7.69 | 6.57 |
| 6. | ਲੁਧਿਆਣਾ | ਬੁੱਢੇਵਾਲ | 17.94 | 16.51 | 23.25 | 26.51 |
| 7. | ਨਵਾਂ ਸ਼ਹਿਰ | ਨਵਾਂ ਸ਼ਹਿਰ | 27.45 | 27.77 | 38.42 | 38.13 |
| 8. | ਪਟਿਆਲਾ | ਪਟਿਆਲਾ | 6.67 | 5.85 | 9.24 | 10.21 |
| 9. | ਰੋਪੜ | ਮੋਰਿੰਡਾ | 12.45 | 37.12 | 39.31 | 43.26 |
| | | ਕੁੱਲ | 99.87 | 136.04 | 189.63 | 206.18 |

ਸਾਲ 1996-97 ਅਜੇ ਚਾਲੂ ਹੈ ਤੇ ਇਸ ਸਾਲ ਦੇ ਬੋਨਸ ਦਾ ਪਤਾ 31-10-1997 ਤੱਕ ਲਾਭ-ਹਾਨੀ ਦੇ ਵੇਰਵੇ ਬਣਨ ਦੇ ਬਾਅਦ ਲੱਗੇਗਾ ।

**ਡਾਕਟਰ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਪਾਸੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮਿੱਲਾਂ ਪਰਾਫਿਟ ਵਿਚ ਹਨ, ਉਨ੍ਹਾਂ ਦਾ ਕਰੈਡਿਟ ਮੈਨੇਜਮੈਂਟ ਨੂੰ ਜਾਂਦਾ ਹੈ ਜਾਂ ਕਿ ਉਥੇ ਕੰਮ ਕਰਨ ਵਾਲੇ ਵਰਕਰਾਂ ਨੂੰ ਜਾਂਦਾ ਹੈ ?

**ਸ਼੍ਰੀ ਸਪੀਕਰ** : ਇਹ ਤਾਂ ਕੋਈ ਸਵਾਲ ਨਹੀਂ ਬਣਿਆ ।

**ਡਾਕਟਰ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛ ਲੈਂਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਜਿਹੜੀਆਂ ਮਿਲਾਂ ਘਾਟੇ ਵਿਚ ਗਈਆਂ ਹਨ, ਕੀ ਉਨ੍ਹਾਂ ਦੀ ਇਨਕੁਆਰੀ ਕਰਵਾਈ ਜਾਵੇਗੀ ਕਿ ਉਹ ਕਿਉਂ ਘਾਟੇ ਵਿਚ ਗਈਆਂ ਹਨ ਅਤੇ ਬਾਕੀ ਦੀਆਂ ਪਰਾਫਿਟ ਵਿਚ ਕਿਉਂ ਹਨ ?

**ਮੰਤਰੀ** : ਸਪੀਕਰ ਸਾਹਿਬ, ਇਸ ਗੱਲ ਦਾ ਵੀ ਕਲ੍ਹ ਜਵਾਬ ਦੱਸ ਚੁੱਕਾ ਹਾਂ ਕਿ ਅਸੀਂ ਇਕ ਐਕਸਪਰਟ ਕਮੇਟੀ ਬਣਾਈ ਹੈ ਜਿਹੜੀ ਇਹ ਇਨਕੁਆਰੀ ਕਰ ਰਹੀ ਹੈ ਕਿ ਇਹ ਮਿੱਲਾਂ ਘਾਟੇ ਵਿਚ ਕਿਉਂ ਗਈਆਂ ਹਨ ਅਤੇ ਇਹ ਘਾਟਾ ਕਿਵੇਂ ਦੂਰ ਕੀਤਾ ਜਾ ਸਕਦਾ ਹੈ । ਜਦੋਂ ਉਸ ਦੀ ਰਿਪੋਰਟ ਆ ਜਾਵੇਗੀ ਤਾਂ ਉਸ ਉਤੇ ਅਮਲ ਕੀਤਾ ਜਾਵੇਗਾ ।

**ਸਰਦਾਰ ਹੀਰਾ ਸਿੰਘ ਗਾਬੜੀਆ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿ ੜਾ ਇਨਕੁਆਰੀ ਕਮਿਸ਼ਨ ਬਣੇ, ਉਸ ਨੂੰ ਉਨ੍ਹਾਂ ਮਿੱਲਾਂ ਦੇ ਕੇਸ ਵੀ ਸੌਂਪੇ ਜਾਣ ਜਿਹੜੀਆਂ ਪਿਛਲੀ ਸਰਕਾਰ ਨੇ ਪ੍ਰਾਈਵੇਟ ਸੈਕਟਰ ਨੂੰ ਦੇ ਦਿਤੀਆਂ । ਉਨ੍ਹਾਂ ਦੀ ਵੀ ਪੜਤਾਲ ਹੋਣੀ ਚਾਹੀਦੀ ਹੈ ਕਿ ਉਹ ਕਿਸ ਤਰ੍ਹਾਂ ਉਨ੍ਹਾਂ ਨੂੰ ਦੇ ਦਿੱਤੀਆਂ ਤਾਂ ਕਿ ਇਹ ਵੀ ਪਤਾ ਲੱਗ ਸਕੇ ਕਿ ਪਿਛਲੀ ਸਰਕਾਰ ਦਾ ਉਸ ਵਿਚ ਕਿੰਨਾ ਯੋਗਦਾਨ ਰਿਹਾ ਹੈ ਅਤੇ ਕਿਹੜੇ ਕਿਹੜੇ ਬੰਦੇ ਨੇ ਕਿੰਨਾ ਕਿੰਨਾ ਹਿੱਸਾ ਲਿਆ ।

**ਮੰਤਰੀ** : ਸਪੀਕਰ ਸਾਹਿਬ, ਉਹ ਤਾਂ ਪਹਿਲਾਂ ਹੀ ਬਾਦਲ ਸਾਹਿਬ ਨੇ ਇੱਥੇ ਦਸਿਆ ਹੈ ਕਿ ਅਸੀਂ ਇਸ ਦੀ ਪੜਤਾਲ ਕਰਾਂਗੇ ਕਿ ਬਿਨਾਂ ਪੈਸੇ ਦਿੱਤਿਆਂ ਹੀ ਉਹ ਮਿੱਲਾਂ ਪ੍ਰਾਈਵੇਟ ਸੈਕਟਰ ਨੂੰ ਕਿਸ ਤਰ੍ਹਾਂ ਦੇ ਦਿਤੀਆ ਗਈਆਂ ਹਨ, ਇਸਦੇ ਬਾਰੇ ਤਾਂ ਬਾਦਲ ਸਾਹਿਬ ਨੇ ਪਹਿਲਾਂ ਹੀ ਦਸ ਦਿੱਤਾ ਹੈ ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਪ੍ਰਾਈਵੇਟ ਸ਼ੂਗਰ ਮਿੱਲਾਂ ਹਨ, ਉਨ੍ਹਾਂ ਦੀ ਮੈਨੇਜਮੈਂਟ ਪੰਜਾਬ ਸ਼ੂਗਰਫੈੱਡ ਕਰਦੀ ਹੈ । ਬਹੁਤ ਸਾਰੀਆਂ ਮਿੱਲਾਂ ਘਾਟੇ ਵਿਚ ਹਨ ਅਤੇ ਬਹੁਤ ਸਾਰੀਆਂ ਮਿੱਲਾ ਵਾਧੇ ਵਿਚ ਹਨ । ਕੀ ਇਸ ਤਰ੍ਹਾਂ ਦੀ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਸਾਰੀਆਂ ਮਿੱਲਾਂ ਨੂੰ ਹੀ ਸ਼ੂਗਰਫੈੱਡ ਦੇ ਥੱਲੇ ਕਰ ਦਿੱਤਾ ਜਾਵੇ ? ਇਸ ਤਰ੍ਹਾਂ ਕਰਨ ਨਾਲ ਇਕ ਤਾਂ ਉਨ੍ਹਾਂ ਦਾ ਘਾਟਾ ਖਤਮ ਹੋਵੇਗਾ, ਦੂਜਾ ਉਨ੍ਹਾਂ ਦਾ ਪ੍ਰੋਫਿਟ ਅਤੇ ਲਾਸ ਵੀ ਬਰਾਬਰ ਹੋ ਜਾਵੇਗਾ । ਇਸ ਬਾਰੇ ਮੰਤਰੀ ਜੀ ਜਵਾਬ ਦੇਣ ।

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦਸਿਆ ਹੈ ਕਿ ਕੁਝ ਮਿੱਲਾਂ ਪਰਾਫਿਟ ਵਿਚ ਅਤੇ ਕੁਝ ਮਿਲਾਂ ਘਾਟੇ ਵਿਚ ਹਨ । ਜਿਹੜੀ ਅਸੀਂ ਐਕਸਪਰਟਸ ਦੀ ਕਮੇਟੀ ਬਣਾ ਰਹੇ ਹਾਂ, ਉਹ ਪੜਤਾਲ ਕਰੇਗੀ ਅਤੇ ਜੋ ਉਹ ਸੁਝਾਓ ਦੇਵੇਗੀ, ਉਨ੍ਹਾਂ ਤੇ ਅਮਲ ਕਰਾਂਗੇ ।

---

## ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਨੂੰ ਭਰਨਾ

*69. **ਸਰਦਾਰ ਗੁਰਦੀਪ ਸਿੰਘ ਭੁੱਲਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੀਪ ਸਿੰਘ ਭੁੱਲਰ]

ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਭਾਰੀ ਕਮੀ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਸਰਕਾਰ ਵਿਦਿਆਰਥੀ ਵਰਗ ਦੀ ਉਚਿੱਤ ਸਿਖਿਆ ਦੇ ਹਿੱਤ ਨੂੰ ਧਿਆਨ ਵਿਚ ਰਖਦਿਆਂ ਹੋਇਆ ਉਕਤ ਕਮੀ ਨੂੰ ਪੂਰਾ ਕਰਨ ਦਾ ਵਿਚਾਰ ਰਖਦੀ ਹੈ; ਜੇਕਰ ਅਜਿਹਾ ਹੈ ਤਾਂ ਇਸ ਕਮੀ ਨੂੰ ਕਦੋਂ ਤਕ ਪੂਰਾ ਕੀਤੇ ਜਾਣ ਦੀ ਆਸ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਹਾਂ ਜੀ।

(ਅ) ਸਰਕਾਰ ਵੱਲੋਂ ਖਾਲੀ ਆਸਾਮੀਆਂ ਨੂੰ ਭਰਨ ਅਤੇ ਬੈਕਲਾਗ ਨੂੰ ਘੱਟ ਕਰਨ ਦੇ ਭਰਪੂਰ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਆਉਣ ਵਾਲੇ ਵਿਦਿਅਕ ਸਾਲ ਤੋਂ ਪਹਿਲਾਂ ਹਰ ਸ਼੍ਰੇਣੀ ਦੇ ਅਧਿਆਪਕ ਕਾਫੀ ਮਾਤਰਾ ਵਿਚ ਮੁਹੱਈਆ ਕੀਤੇ ਜਾ ਸਕਣ।

**ਸਰਦਾਰ ਗੁਰਦੀਪ ਸਿੰਘ ਭੁੱਲਰ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਜੋ ਵਿਭਾਗੀ ਕਮੇਟੀਆਂ ਬਣਾ ਦਿਤੀਆਂ ਗਈਆਂ ਹਨ, ਕੀ ਇਸ ਸਮੇਂ ਜੋ ਆਸਾਮੀਆਂ ਖਾਲੀ ਪਈਆਂ ਹਨ, ਉਹ ਤੁਰੰਤ ਭਰ ਸਕਣਗੀਆਂ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਕਈ ਵੇਰ ਜਵਾਬ ਦੇ ਚੁੱਕਿਆ ਹਾਂ ਇਸ ਸਦਨ ਦੇ ਵਿਚ, ਕਿ ਸਾਡੀ ਕੋਸ਼ਿਸ਼ ਹੈ ਕਿ ਕੋਈ ਵੀ ਆਸਾਮੀ ਖਾਲੀ ਨਾ ਰਹੇ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ,....।

**ਸ੍ਰੀ ਸਪੀਕਰ** : ਚੌਧਰੀ ਜਗਜੀਤ ਸਿੰਘ ਜੀ, ਮੁੱਖ ਮੰਤਰੀ ਜੀ ਜਵਾਬ ਦੇ ਚੁਕੇ ਹਨ ਕਿ ਸਾਰੀਆਂ ਆਸਾਮੀਆਂ ਭਰੀਆਂ ਜਾਣਗੀਆਂ, ਇਸ ਤੋਂ ਬਗੈਰ ਜੇ ਹੋਰ ਕੁਝ ਤੁਸੀਂ ਪੁੱਛਣਾ ਚਾਹੁੰਦੇ ਹੋ ਤਾਂ ਪੁੱਛੋ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਟੀਚਰਾਂ ਦੀਆਂ ਆਸਾਮੀਆਂ ਵਿਚ ਇਸ ਸਮੇਂ ਅਨੁਸਚਿਤ ਜਾਤੀਆਂ ਦਾ ਕਾਫੀ ਬੈਕਲਾਗ ਹੈ। ਕੀ ਮੁੱਖ ਮੰਤਰੀ ਜੀ ਇਹ ਦਸਣਗੇ ਕਿ ਜਦੋਂ ਟੀਚਰਾਂ ਦੀ ਭਰਤੀ ਹੋਵੇਗੀ, ਜਿਹੜੀ ਕਿ ਇਨ੍ਹਾਂ ਦੀ ਸਰਕਾਰ ਕਰੇਗੀ, ਕੀ ਉਸਦੇ ਵਿਚ ਬੈਕਲਾਗ ਨੂੰ ਪੂਰਾ ਕਰ ਦਿਤਾ ਜਾਵੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਸਿਲੈਕਸ਼ਨ ਤਾਂ ਪਹਿਲਾ ਦੀ ਹੀ ਹੋਈ ਹੋਈ ਹੈ। ਫਿਰ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਕੰਟੀਨਿਊਸ ਗੌਰਮਿੰਟ ਹੈ, ਇਨ੍ਹਾਂ ਨੂੰ ਪਹਿਲਾਂ ਆਪ ਹੀ ਧਿਆਨ ਰੱਖਣਾ ਚਾਹੀਦਾ ਸੀ ਕਿ ਬੈਕ ਲਾਗ ਪੂਰਾ ਹੋ ਚੁੱਕਾ ਹੈ ਕਿ ਨਹੀਂ।

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਪਿਛਲੀ ਗੱਲ ਨਹੀਂ ਕਰਦਾ, ਮੈਂ ਆਉਣ ਵਾਲੇ ਸਮੇਂ ਦੀ ਗੱਲ ਕਰਦਾ ਹਾਂ, ਗੌਰਮਿੰਟ ਇਨ੍ਹਾਂ ਨੇ ਰਨ ਕਰਨੀ ਹੈ । ਕੀ ਇਹ ਬੈਕਲਾਗ ਪੂਰਾ ਕਰ ਦੇਣਗੇ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਇਹ ਸੱਚ ਹੈ ਕਿ ਪਿਛਲੇ ਸਮੇਂ ਵਿੱਚ ਕਾਫੀ ਸਕੂਲ ਅਧਿਆਪਕਾਂ ਤੋਂ ਖਾਲੀ ਰਹੇ ਹਨ ਅਤੇ ਇਹ ਵੀ ਸੱਚ ਹੈ ਕਿ ਮੁੱਖ ਮੰਤਰੀ ਜੀ ਨੇ ਭਰੋਸਾ ਦਿਵਾਇਆ ਹੈ ਕਿ ਅਗਲੇ ਸਮੇਂ ਵਿੱਚ ਇਹ ਸਾਰੀਆਂ ਆਸਾਮੀਆਂ ਭਰ ਲਈਆਂ ਜਾਣਗੀਆਂ । ਪਰ ਮੈਂ ਮੁੱਖ ਮੰਤਰੀ ਜੀ ਤੋਂ ਇਕ ਵਿਸ਼ਵਾਸ ਲੈਣਾ ਚਾਹੁੰਦੀ ਹਾਂ । ਪਹਿਲਾਂ ਜਦੋਂ ਕੋਈ ਮੰਤਰੀ ਜਾਂ ਹੋਰ ਵੀ. ਆਈ. ਪੀ. ਜਾਂਦੇ ਸਨ ਤਾਂ ਉਥੇ ਇਕੱਠ ਕਰਨ ਲਈ ਅਧਿਆਪਕਾਂ ਨੂੰ ਸਕੂਲ ਦੇ ਬੱਚੇ ਲੈ ਕੇ ਉਥੇ ਪੁੱਜਣ ਦੀ ਹਦਾਇਤ ਕੀਤੀ ਜਾਂਦੀ ਸੀ । ਕੀ ਮੁੱਖ ਮੰਤਰੀ ਜੀ ਇਹ ਵਿਸ਼ਵਾਸ਼ ਦਿਵਾਉਣਗੇ ਕਿ ਭਵਿਖ ਵਿਚ ਅਧਿਆਪਕਾਂ ਨੂੰ ਅਧਿਆਪਕ ਹੀ ਰਹਿਣ ਦਿਤਾ ਜਾਵੇਗਾ ਅਤੇ ਇਸ ਤਰ੍ਹਾਂ ਦੀਆਂ ਉਨ੍ਹਾਂ ਨੂੰ ਕੋਈ ਹਦਾਇਤਾਂ ਜਾਰੀ ਨਹੀਂ ਕੀਤੀਆਂ ਜਾਣਗੀਆਂ ?

**ਸ੍ਰੀ ਸਪੀਕਰ** : ਚਾਵਲਾਜੀ ਇਸ ਦਾ ਇਸ ਸਵਾਲ ਦੇ ਨਾਲ ਕੋਈ ਸਬੰਧ ਨਹੀਂ ਹੈ । ਤੁਸੀਂ ਬੈਠ ਜਾਓ ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਇਸ ਦਾ ਮਤਲਬ ਹੈ ਕਿ ਤੁਸੀਂ ਪੁਰਾਣੀਆਂ ਰਵਾਇਤਾਂ ਜਾਰੀ ਰੱਖਣਾ ਚਾਹੁੰਦੇ ਹੋ ਅਤੇ ਅਧਿਆਪਕਾਂ ਨੂੰ ਉਥੇ ਭੀੜ ਲਈ ਭੇਜਣਾ ਚਾਹੁੰਦੇ ਹੋ ।

**ਸ੍ਰੀ ਸਪੀਕਰ** : ਅਗਲਾ ਸਵਾਲ ।

---

**ਅੱਤਵਾਦ ਦਾ ਸ਼ਿਕਾਰ ਹੋਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਪਹਿਲਤਾ ਦੇ ਆਧਾਰ ਤੇ ਨੌਕਰੀਆਂ ਦੇਣਾ**

*74. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਅੱਤਵਾਦ ਦਾ ਸ਼ਿਕਾਰ ਹੋਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਪਹਿਲਤਾ ਨੰ: 1 ਦੇ ਆਧਾਰ ਤੇ ਨੌਕਰੀਆਂ ਦੇਣ ਲਈ ਕੋਈ ਦਰਖਾਸਤਾਂ ਸਿਖਿਆ ਵਿਭਾਗ (ਸਕੂਲਜ਼) ਪਾਸ ਇਸ ਸਮੇਂ ਪੈਂਡਿੰਗ ਪਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਜਿਲ੍ਹਾਵਾਰ ਨਾਂ ਅਤੇ ਪਤੇ ਕੀ ਕੀ ਹਨ ਅਤੇ ਹਰ ਇਕ ਕੇਸ ਵਿਚ ਇਨ੍ਹਾਂ ਵਿਅਕਤੀਆਂ ਦੀ ਮੌਤ ਕਿਸ-ਕਿਸ ਮਿਤੀ ਨੂੰ ਹੋਈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਦਰਖਾਸਤ ਕਿਸ ਸਮੇਂ ਤੋਂ ਪੈਂਡਿੰਗ ਪਈ ਹੈ ਅਤੇ ਇਨ੍ਹਾਂ ਬਿਨੈਕਾਰਾਂ ਨੂੰ ਕਦੋਂ ਤਕ ਨੌਕਰੀਆਂ ਦਿੱਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਅਤੇ (ਅ) ਹਾਂ ਜੀ। ਸਿਖਿਆ ਵਿਭਾਗ ਵਿਚ ਅੱਤਵਾਦ ਦੇ ਸ਼ਿਕਾਰ ਹੋਏ ਵਿਅਕਤੀਆਂ ਦੇ ਆਸ਼ਰਤਾਂ ਨੂੰ ਪਹਿਲ ਦੇ ਅਧਾਰ ਤੇ ਨੰ: 1 ਨਾਲ ਸਬੰਧਤ ਨੌਕਰੀ ਪ੍ਰਾਪਤ ਕਰਨ ਦੇ 33 ਕੇਸ ਲੰਬਿਤ ਹਨ। ਜ਼ਿਲ੍ਹਾਵਾਰ ਨਾਂ, ਪਤੇ, ਅੱਤਵਾਦ ਦਾ ਸ਼ਿਕਾਰ ਹੋਏ ਵਿਅਕਤੀਆਂ ਦੀ ਮੌਤ ਦੀ ਮਿਤੀ ਅਤੇ ਅਰਜ਼ੀ ਪ੍ਰਾਪਤ ਹੋਣ ਦੀ ਮਿਤੀ ਅਨੁਲੱਗ ਵਿੱਚ ਦਿੱਤੀ ਜਾਂਦੀ ਹੈ। ਇਹ ਕੇਸ ਦਾ ਪਿਛੋਕੜ, ਆਮਦਨ ਅਤੇ ਵਿਦਿਅਕ ਯੋਗਤਾ ਦੀ ਤਸਦੀਕ ਪੂਰੀ ਨਾ ਹੋਣ ਕਰਕੇ ਲੰਬਿਤ ਹਨ। ਇਹ ਰਸਮਾਂ ਤਤਕਾਲ ਪੂਰੀਆਂ ਕਰ ਲਈਆਂ ਜਾਣਗੀਆਂ ਅਤੇ ਯੋਗ ਵਿਅੱਕਤੀਆਂ ਨੂੰ ਦੋ ਮਹੀਨੇ ਦੇ ਵਿਚ ਵਿਚ ਨੌਕਰੀਆਂ ਦੇ ਦਿੱਤੀਆਂ ਜਾਣਗੀਆਂ।

## ANNEXURE

| Sr. No. | Name and Address | Date of Case | Date of Death |
|---|---|---|---|
| 1 | 2 | 3 | 4 |
| | DISTRICT AMRITSAR | | |
| 1. | Iqbal Singh S/o. Sh. Santa Singh Village Denowali. | .. 8.5.92 | 25.8.87 |
| 2. | Kewal Singh S/o Sh. Sucha Singh, VPO Kot Khera, Teh. Baba Bakala, Distt. Amritsar. | .. 8.5.92 | 31.7.89 |
| 3. | Sukhdev Raj S/o Kishor Chand, Marbhat Surinder Nath, Gali No. 4, Kartar Nagar, Chhertha. | .. 8.5.92 | 31.7.89 |
| 4. | Kiran Bala D/o Bej Nath, Jawahar Nagar, Amritsar. | .. 12.5.92 | 17.10.90 |
| 5. | Balwinder Singh S/o Balwant Singh, Village Badala, Distt. Amritsar, | .. 29.9.92 | 9.9.88 |
| 6. | Swinder Singh S/o Gurbax Singh, Village Hari, P.O. Gumanpur, Distt. Amritsar. | .. 12.7.95 | 19.9.90 |
| 7. | Rajinder Singh S/o Sh. Mukhtiar Singh, Village Umarpur, Teh. Ajnala, Distt. Amritsar. | .. 12.7.95 | 9.7.90 |
| 8. | Surjit Singh S/o Amar Singh, Village Nanakpura, Teh. Patti, Distt. Amritsar. | .. 12.7.95 | 23.1.90 |
| 9. | Ravinder Kaur D/o Sh. Harbhan Singh, V.P.O. Bherlala, Distt. Amritsar. | .. 12.7.95 | 9.1.90 |

Original with;
Punjab Vidhan Sabha
Digitized by;
Panjab Digital Library

| Sr. No. | Name and Address | Date of Case | Date of Death |
|---|---|---|---|
| 1 | 2 | 3 | 4 |
| 10. | Bikramjit Singh S/o Sh. Kashmir Singh, Village Dalerwala Pai., Teh. Baba Bakala (Amritsar) | .. 12.7.95 | 2.4.92 |
| 11. | Smt. Jyoti Rani D/o Late Kartar Chand, Resident of Kartar Rice General Mill Chaunk Mehta, (ASR). | .. 24.2.97 | 5.7.92 |
| | DISTRICT BATHINDA | | |
| 1. | Charanjit Kaur W/o Late Sh. Darshan Singh, Village Naruana, Distt. Bathinda. | .. 12.9.95 | Not told. |
| | DISTRICT JALANDHAR | | |
| 1. | Tejinder Singh S/o Sh. Gurdeep Singh Sikh National College, Banga (Jalandhar). | .. 24.2.93 | 23.6.92 |
| | DISTRICT MOGA | | |
| 1. | Paramjit Kaur D/o Sh. Bikar Singh, Village Bode, Teh. Moga. | .. 21.1.97 | 5.11.90 |
| 2. | Sukhmander Singh S/o Gurdev Singh, Village Raunta (Moga) | .. 25.4.95 | 26.10.90 |
| | DISTRICT SANGRUR | | |
| 1. | Rajesh Kumar S/o Jai Kishan Lal, H. No. B-10 - 122, Ahata Narain Singh, Barnala (SGR), | .. 10.1.96 | 22.1.88 |
| 2. | Pardeep Kumar S/o Kishan Lal, Bharat Nagar, Barnala. | .. 20 2.97 | 14.2.84 |
| | DISTRICT MANSA | | |
| 1. | Harpal Kaur W/o Baldev Singh, Village Udatsandewala, Teh. Budhlada, (Mansa). | .. 8.1.96 | 9.10.92 |
| | DISTRICT GURDASPUR | | |
| 1. | Bulla S/o Sh. Pritam Singh, Village Purian Khurad, Teh. Batala, (Gurdaspur). | .. 19.8.96 | 2.4.91 |

Original with;
Punjab Vidhan Sabha
Digitized by;
Panjab Digital Library

[Chief Minister]

| Sr. No. | Name and Address | Date of Case | Date of Death |
|---|---|---|---|
| 2. | Sukhwinder Kaur W/o Ajit Singh, Village Bhunberi, (Gurdaspur). | ..22.10.92 | 27.6.88 |
| 3. | Harinder Kaur D/o Sh. Ajit Singh, V.P.O. Cheema Khudi, Teh. Batala, (Gurdaspur). | .. 22.4.94 | 7.11.88 |
| 4. | Sawinder Singh S/o Harwant Singh, V.P.O. Khana Bilabaju (GDR). | .. 20.9.95 | June, 1984 |
| | **DISTRICT LUDHIANA** | | |
| 1. | Baljit Singh S/o Harbhan Singh, Budalwal, Teh. Jagraon (Ludhiana). | .. 15.3.95 | 31.8.91 |
| 2. | Kiran Bala W/o Late Narinderjit Singh V..PO. Khugrali Sikhan, (Ludhiana). | .. March, 1995 | 11.3.92 |
| | **DISTRICT ROPAR** | | |
| 1. | Paramjit Singh S/o Piara Singh, V.P.O. Padiala, (Ropar). | .. 12/96 | 22.8.91 |
| | **DISTRICT HOSHIARPUR** | | |
| 1. | Palwinder Kaur W/o Datar Singh, Village Sujowal, P.O. Balachaur (HSP). | .. 23.3.92 | 17.7.90 |
| 2. | Sandeep Kumar S/o Sh. Balbir Chand, Village Tilewal, Teh. Dasuya (HSP.) | ..27.12.96 | 26.12.80 |
| 3. | Amarjit Kaur W/o Meham Ram, H.No. 238, Ward No. 9, V.P.O. Tanda (HSP). | .. 3.1.97 | 17.10.91 |
| 4. | Satya Devi W/o Mohinder Singh, Village Gera (HSP). | .. 27.2.97 | 2.3.90 |
| 5. | Surjit Kaur W/o Raghbir Singh, Village Khokhar, Teh. Dasuya. | .. -do- | 3.11.90 |
| 6. | Sandya Devi W/o Bishan Dass, Village Ayapur, Teh. Dasuya. | .. -do- | 25.8.89 |
| 7. | Satnam Singh S/o Jagir Singh, Village Chak Kasam (HSP). | .. -do- | 12.11.90 |
| 8. | Shamsun Masih, Village Atalgarh, Teh. Mukerian (HSP). | .. -do- | 26.2.91 |

**ਕਾਮਰੇਡ ਅਜੈਬ ਸਿੰਘ ਹੰਤਾ** : ਸਤਿਕਾਰਯੋਗ ਸਪੀਕਰ ਸਾਹਿਬ, ਪੰਜਾਬ ਵਿੱਚ ਬੜਾ ਵੱਡਾ ਅਤੇ ਮਾੜਾ ਦੁਖਾਂਤ ਵਾਪਰਿਆ ਹੈ । ਬਹੁਤ ਸਾਰੇ ਲੋਕ ਮਾਰੇ ਗਏ ਔਰ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ ਪਹਿਲ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇਗੀ । ਸਪੀਕਰ ਸਾਹਿਬ, ਵਿਦਿਅਕ ਯੋਗਤਾ ਦੀ ਤਸਦੀਕ ਕਰ ਲੈਣੀ ਚਾਹੀਦੀ ਹੈ ਪਰੰਤੂ ਆਮਦਨ ਦੀ ਹੱਦ ਰੱਖਣ ਦਾ ਕੋਈ ਸਵਾਲ ਪੈਦਾ

Original with;
Punjab Vidhan Sabha
Digitized by;
Panjab Digital Library

ਨਹੀਂ ਹੁੰਦਾ । ਬਹੁਤ ਸਾਰੇ ਲੋਕ ਗਰੀਬ ਹਨ ਜਿਹੜੇ ਕਿ ਇਸ ਦੁਖਾਂਤ ਵਿੱਚ ਮਾਰੇ ਗਏ । ਇਸ ਲਈ ਕੀ ਮੁੱਖ ਮੰਤਰੀ ਜੀ ਇਹ ਦਸਣਗੇ ਕਿ ਆਮਦਨ ਦੀ ਹੱਦ ਉਠਾ ਦਿਤੀ ਜਾਵੇਗੀ ਔਰ ਇਨ੍ਹਾਂ 33 ਕੇਸਾਂ ਨੂੰ ਜਲਦੀ ਕੰਸਿਡਰ ਕੀਤਾ ਜਾਵੇਗਾ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀਆਂ ਕੰਡੀਸ਼ਨਾਂ ਬਣੀਆ ਹਨ, ਇਹ ਛੇ ਕੰਡੀਸ਼ਨਾਂ ਹਨ । ਮੈਂ ਹਾਉਸ ਦਾ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ ਔਰ ਇਹ ਕੰਡੀਸ਼ਨਾਂ ਪਹਿਲੀ ਸਰਕਾਰ ਨੇ ਬਣਾਈਆਂ ਸਨ । ਅਸੀਂ ਇਹ ਸਾਰੀਆਂ ਕੰਡੀਸ਼ਨਾਂ ਰਿਵੀਊ ਕਰ ਲਵਾਂਗੇ । ਸਾਡੀ ਕੋਈ ਐਸੀ ਮਨਸ਼ਾ ਨਹੀਂ ਹੈ ਕਿ ਕਿਸੀ ਦਾ ਬਣਦਾ ਹੱਕ ਨਾ ਦਿੱਤਾ ਜਾਵੇ ਔਰ ਦੋ ਮਹੀਨੇ ਵਿਚ ਸਾਰਾ ਕੁਝ ਕਰਕੇ ਐਕਸ਼ਨ ਲਿਆ ਜਾਵੇਗਾ । (ਥੰਪਿੰਗ)

**ਕਾਮਰੇਡ ਅਜੈਬ ਸਿੰਘ ਰੌਂਤਾ :** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ । ਸਪੀਕਰ ਸਾਹਿਬ, ਮੈਂ ਖੁਦ ਡਿਫੈਂਸ ਕਮੇਟੀ ਦਾ ਮੈਂਬਰ ਸੀ । ਮੁਕਾਬਲਾ ਹੋਇਆ ਅਤੇ ਉਸ ਵਿੱਚ ਕਾਮਰੇਡ ਸੱਘੜ ਸਿੰਘ ਔਰ ਮੇਰੇ ਪੱਟਾਂ ਅਤੇ ਬਾਹਾਂ ਤੇ ਗੋਲੀਆਂ ਲੱਗੀਆਂ । ਉਸ ਵੇਲੇ ਕਰਨੈਲ ਸਿੰਘ, ਗੁਰਦੀਪ ਸਿੰਘ ਗੁਰਦੇਵ ਸਿੰਘ ਔਰ ਉਸ ਦੀ ਪਤਨੀ ਚਾਰੇ ਮਾਰੇ ਗਏ । ਇਹ ਗੱਲ 1990 ਵਿਚ ਹੋਈ ਅਤੇ ਉਸ ਤੋਂ ਬਾਅਦ ਕਿੰਨੇ ਸਾਲ ਬੀਤ ਚੁਕੇ ਹਨ । ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਦੇ ਬੱਚਿਆਂ ਨੂੰ ਵੀ ਨੌਕਰੀ ਦੇਣ ਵਾਸਤੇ ਕੰਸਿਡਰ ਕੀਤਾ ਜਾਵੇਗਾ ਔਰ ਦੋ ਮਹੀਨੇ ਵਿਚ ਸਰਵਿਸ ਦੇ ਦਿੱਤੀ ਜਾਵੇਗੀ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਕਹਿ ਚੁੱਕਾ ਹਾਂ ਕਿ 33 ਪੈਂਡਿੰਗ ਕੇਸ ਹਨ । ਇਨ੍ਹਾਂ ਸਾਰਿਆਂ ਦੀ ਛਾਣ-ਬੀਣ ਕੀਤੀ ਜਾ ਰਹੀ ਹੈ ਔਰ ਦੋ ਮਹੀਨੇ ਦੇ ਅੰਦਰ ਅੰਦਰ ਫੈਸਲਾ ਲੈ ਲਿਆ ਜਾਵੇਗਾ । ਜੇਕਰ ਇਨ੍ਹਾਂ ਦੇ ਨੋਟਿਸ ਵਿੱਚ ਕੋਈ ਕੇਸ ਹੈ ਤਾਂ ਉਸ ਵਾਸਤੇ ਇਹ ਅਰਜ਼ੀ ਦੇ ਦੇਣ ।

**ਸਰਦਾਰ ਹੀਰਾ ਸਿੰਘ ਗਾਬੜੀਆ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਕਰਾਈਟੇਰੀਆ ਬਣਾਇਆ ਗਿਆ ਹੈ, ਉਸ ਅਨੁਸਾਰ ਕੀ 1984 ਵਿੱਚ ਹਿੰਦੁਸਤਾਨ ਵਿਚ ਹੋਏ ਦੰਗਿਆਂ ਦੇ ਸ਼ਿਕਾਰ ਵਿਅਕਤੀਆਂ ਦੇ ਬੱਚਿਆਂ ਨੂੰ ਵੀ ਨੌਕਰੀਆਂ ਅਤੇ ਸਹੂਲਤਾਂ ਦਿਤੀਆਂ ਜਾਣਗੀਆਂ ? ਇਸ ਤੋਂ ਇਲਾਵਾ ਜਿਹੜੇ ਲੋਕ ਲਾਪਤਾ ਹੋ ਗਏ, ਉਨ੍ਹਾਂ ਦੀ ਲਿਸਟ ਮੇਰੇ ਕੋਲ ਹੈ, ਕੀ ਉਨ੍ਹਾਂ ਨੂੰ ਵੀ ਇਹ ਸਹੂਲਤਾਂ ਦਿਤੀਆਂ ਜਾਣਗੀਆਂ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਜੇ ਇਹ ਸੈਪਰੇਟ ਨੋਟਿਸ ਦੇ ਦੇਣ ਤਾਂ ਮੈਂ ਹੋਰ ਤਸੱਲੀ ਨਾਲ ਜਵਾਬ ਦੇ ਸਕਦਾ ਹਾਂ । ਇਹ ਸਵਾਲ ਤਾਂ ਸਿਰਫ ਅੱਤਵਾਦ ਦਾ ਸ਼ਿਕਾਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਲੋਕਾਂ ਤੱਕ ਹੀ ਕਨਫਾਈਨਡ ਸੀ । ਇਸ ਕਰਕੇ ਇਹ ਸੈਪਰੇਟ ਨੋਟਿਸ ਦੇ ਦੇਣ ।

**ਸ੍ਰੀ ਸਪੀਕਰ :** ਤੁਸੀਂ ਸੈਪਰੇਟ ਨੋਟਿਸ ਦੇ ਦਿਓ ।

**ਬੱਸ-ਰੂਟ ਪਰਮਿਟ ਜਾਰੀ ਕਰਨੇ**

*68. **ਸਰਦਾਰ ਗੁਰਦੀਪ ਸਿੰਘ ਭੁੱਲਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਪ੍ਰਾਈਵੇਟ ਬਸ ਮਾਲਕ, ਜਿਨ੍ਹਾਂ ਨੂੰ ਨਿਸ਼ਚਿਤ ਰੂਟਾਂ ਲਈ ਬੱਸ ਰੂਟ ਪਰਮਿਟ ਜਾਰੀ ਕੀਤੇ ਗਏ ਹਨ, ਇਨ੍ਹਾਂ ਰੂਟਾਂ ਤੇ ਬੱਸਾਂ ਨਹੀਂ ਚਲਾ ਰਹੇ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ, ਤਾਂ ਕੀ ਸਰਕਾਰ ਦੀ ਉਨ੍ਹਾਂ ਦੇ ਰੂਟ ਪਰਮਿਟ ਰੱਦ ਕਰਨ ਦੀ ਤਜਵੀਜ਼ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) ਨਹੀਂ ਜੀ ।

ਸਾਰੇ ਉਪਰੇਟਰਾਂ ਦੇ ਕੋਲ ਮਨਜ਼ੂਰਸ਼ੁਦਾ ਪਰਮਿਟ ਹਨ ਅਤੇ ਉਹ ਮਿਲੇ ਹੋਏ ਰੂਟਾਂ ਤੇ ਆਪਣੀਆਂ ਗੱਡੀਆਂ ਚਲਾ ਰਹੇ ਹਨ । ਫਿਰ ਵੀ ਲਗਾਤਾਰ ਟਰੈਫਿਕ ਚੈਕਿੰਗ ਦੌਰਾਨ ਇਹ ਮਹਿਸੂਸ ਕੀਤਾ ਗਿਆ ਹੈ ਕਿ ਕਦੀ ਕਦੀ ਆਪਰੇਟਰਜ਼ ਪੂਰੇ ਤੌਰ ਤੇ ਮਨਜ਼ੂਰ ਸ਼ੁਦਾ ਰੂਟਾਂ ਤੇ ਨਹੀਂ ਚਲਦੇ ।

(ਅ) ਮੋਟਰ ਗੱਡੀ ਐਕਟ, 1988 ਦੀ ਧਾਰਾ 86 ਵਿਚ ਜਿਹੜੇ ਉਪਰੇਟਰ ਅਣ-ਅਧਿਕਾਰਤ ਰੂਟ ਤੇ ਚਲਦੇ ਹਨ, ਉਨ੍ਹਾਂ ਦੇ ਪਰਮਿਟ ਰੱਦ ਅਤੇ ਮੁਅੱਤਲ ਕਰਨ ਦਾ ਉਪਬੰਧ ਪਹਿਲਾਂ ਹੀ ਮੌਜੂਦ ਹੈ ।

**ਸਰਦਾਰ ਗੁਰਦੀਪ ਸਿੰਘ ਭੁੱਲਰ :** ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਪ੍ਰਾਈਵੇਟ ਉਪਰੇਟਰਜ਼ ਮਨਜ਼ੂਰ ਸ਼ੁਦਾ ਰੂਟਾਂ ਤੇ ਬੱਸਾਂ ਨਹੀਂ ਚਲਾ ਰਹੇ, ਕੀ ਉਨ੍ਹਾਂ ਦੇ ਖਿਲਾਫ਼ ਕੋਈ ਕਾਰਵਾਈ ਕੀਤੀ ਗਈ ਹੈ, ਉਨ੍ਹਾਂ ਦੇ ਖਿਲਾਫ਼ ਕੋਈ ਮਾਮਲਾ ਦਰਜ ਕੀਤਾ ਗਿਆ ਹੈ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਲਿਸਟ ਦਿਤੀ ਹੈ ਔਰ ਬਹੁਤ ਸਾਰਿਆਂ ਦੇ ਖਿਲਾਫ਼ ਕੇਸ ਦਰਜ ਕੀਤੇ ਹਨ ਔਰ ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਜੁਰਮਾਨਾ ਹੋ ਜਾਂਦਾ ਹੈ । ਸੈਕ੍ਰੇਟਰੀ, ਆਰ. ਟੀ. ਏ./ਡੀ. ਟੀ. ਓ. ਦੋ ਤਿੰਨ ਵਾਰ ਵਾਰਨਿੰਗ ਦਿੰਦਾ ਹੈ, ਅਗਰ ਫਿਰ ਵੀ ਉਹ ਗਲਤੀ ਕਰਦੇ ਹਨ ਤਾਂ 5 ਹਜ਼ਾਰ ਰੁਪਏ ਜੁਰਮਾਨਾ ਹੁੰਦਾ ਹੈ ।

Original with;
Punjab Vidhan Sabha
Digitized by;
Panjab Digital Library

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪ੍ਰਾਈਵੇਟ ਬੱਸਾ ਦੇ ਜਿਹੜੇ ਮਾਲਕ ਹਨ ਉਹ ਸਰਕਾਰੀ ਬੱਸਾਂ ਦੇ ਡਰਾਈਵਰਾਂ ਨਾਲ ਮਿਲ ਕੇ ਆਪਣੀ ਮਰਜ਼ੀ ਦੇ ਸਮੇਂ ਬੱਸਾਂ ਚਲਾਉਂਦੇ ਹਨ । ਜੋ ਬਗੈਰ ਸਮੇਂ ਤੋਂ ਲਗਾਤਾਰ ਬੱਸਾਂ ਚਲਾਉਂਦੇ ਹਨ, ਕੀ ਮੁੱਖ ਮੰਤਰੀ ਸਾਹਿਬ ਉਨ੍ਹਾਂ ਤੇ ਕੋਈ ਚੈੱਕ ਲਾਉਣਗੇ ਕਿ ਉਹ ਆਪਣੀਆਂ ਬੱਸਾਂ ਆਪਣੇ ਸਮੇਂ ਅਨੁਸਾਰ ਹੀ ਚਲਾਉਣ ?

**ਮੁੱਖ ਮੰਤਰੀ** : ਇਸ ਦਾ ਪਤਾ ਕਰ ਲਿਆ ਜਾਵੇਗਾ ਜੀ ।

**ਸਰਦਾਰ ਸੋਹਨ ਸਿੰਘ ਮਾਹਿਲਪੁਰ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਦੇ ਦੌਰਾਨ ਜਦੋਂ ਵੀ ਸਰਕਾਰੀ ਰੈਲੀ ਹੁੰਦੀ ਸੀ, ਤਾਂ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਦੋ ਦਿਨ ਪਹਿਲਾਂ ਹੀ ਬੁੱਕ ਕਰ ਲਿਆ ਜਾਂਦਾ ਸੀ ਔਰ ਉਨ੍ਹਾਂ ਨੂੰ ਕਿਹਾ ਜਾਂਦਾ ਸੀ ਕਿ ਤੁਸੀਂ ਬੰਦੇ ਭਰ ਕੇ ਲਿਆਇਓ । ਜੋ ਆਰਡਰ ਪਹਿਲਾਂ ਦਿਤੇ ਜਾਂਦੇ ਸਨ ਕਿ ਤੁਸੀਂ ਬੰਦੇ ਭਰ ਕੇ ਲਿਆਉਣੇ ਹਨ .......

**ਸ੍ਰੀ ਸਪੀਕਰ** : ਇਹ ਇਸ ਦੇ ਨਾਲ ਸਬੰਧਤ ਨਹੀਂ ਹੈ । ਅਗਲਾ ਸਵਾਲ ।

---

**ਬੂਥਗੜ੍ਹ—ਚੁਹੇੜਪੁਰ ਸੜਕ ਦਾ ਨਿਰਮਾਣ**

*61. **ਸ੍ਰੀ ਨੰਦ ਲਾਲ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਬਲਾਕ ਸੜੋਆ, ਜ਼ਿਲ੍ਹਾ ਨਵਾਂ ਸ਼ਹਿਰ ਦੇ ਪਿੰਡ ਬੂਥਗੜ੍ਹ ਤੋਂ ਪਿੰਡ ਚੁਹੇੜਪੁਰ ਤੱਕ ਕੋਈ ਸੜਕ ਉਸਾਰੀ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਦੇਵ ਸਿੰਘ ਬਾਦਲ** : ਸੜਕ ਉਸਾਰੀ ਅਧੀਨ ਹੈ । 2.16 ਕਿਲੋਮੀਟਰ ਸੜਕ ਪਹਿਲਾਂ ਹੀ ਬਣ ਚੁਕੀ ਹੈ । ਬਾਕੀ ਰਹਿੰਦਾ 1.23 ਕਿਲੋਮੀਟਰ ਸੜਕ ਦਾ ਹਿੱਸਾ ਪਿੰਡ ਵਾਲਿਆਂ ਵੱਲੋਂ ਮਿੱਟੀ ਦਾ ਕੰਮ ਕਰਾਉਣ ਤੇ ਜਲਦ ਹੀ ਪੂਰਾ ਕਰ ਦਿਤਾ ਜਾਵੇਗਾ ।

**ਸ੍ਰੀ ਨੰਦ ਲਾਲ** : ਸਪੀਕਰ ਸਾਹਿਬ, ਸਾਡੇ ਕੰਡੀ ਦ ਇਲਾਕੇ ਦੇ ਵਿਚ ਕਿਸੇ ਦੇ ਪਾਸ ਕੋਈ ਟਰਾਲੀ ਜਾਂ ਟਰੈਕਟਰ ਨਹੀਂ ਹੈ, ਇਸ ਲਈ ਪਿੰਡ ਵਾਲਿਆਂ ਵੱਲੋਂ ਮਿਟੀ ਪਾਉਣੀ ਬਿਲਕੁਲ ਮੁਸ਼ਕਲ ਹੈ । ਉਹ ਮਿਟੀ ਸਰਕਾਰ ਵੱਲੋਂ ਪਾਈ ਜਾਵੇ, ਤਾਂ ਜੋ ਸੜਕ ਦਾ ਕੰਮ ਪੂਰਾ ਹੋ ਸਕੇ ।

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਅਤੇ ਉਦੋਂ ਦੇ ਐਕਸੀਅਨ ਨੇ ਜਿਹੜੀ 1.23 ਕਿਲੋਮੀਟਰ ਸੜਕ ਬਣਨ ਵਾਲੀ ਰਹਿੰਦੀ ਹੈ, ਪੰਚਾਇਤ ਨੂੰ ਨਾਲ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਲੈ ਕੇ, ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ, ਮੌਕੇ ਤੇ ਵੇਖੀ ਸੀ। ਇਹ ਆਪ ਮੰਨ ਕੇ ਆਏ ਹਨ ਕਿ ਅਸੀਂ ਉਥੇ ਮਿਟੀ ਪਾਵਾਂਗੇ। ਜਦੋਂ ਇਹ ਮਿਟੀ ਪਾ ਦੇਣਗੇ, ਉਦੋਂ ਇਹ ਸੜਕ ਚਾਲੂ ਕੀਤੀ ਜਾਵੇਗੀ।

**ਸ੍ਰੀ ਨੰਦ ਲਾਲ** : ਸਪੀਕਰ ਸਾਹਿਬ, ਇਹ ਠੀਕ ਹੈ ਕਿ ਮੈਂ ਪੰਚਾਇਤ ਨੂੰ ਨਾਲ ਲੈ ਕੇ ਮਿਲਿਆ ਸੀ ਲੇਕਿਨ ਮਿੱਟੀ ਜ਼ਿਆਦਾ ਪੈਣੀ ਹੈ ਔਰ ਪਿੰਡ ਇਸ ਦੇ ਯੋਗ ਨਹੀਂ ਹੈ। ਇਸ ਕਰਕੇ ਸਰਕਾਰ ਵੱਲੋਂ ਵੀ ਕੁਝ ਹੋਣਾ ਚਾਹੀਦਾ ਹੈ।

**ਮੰਤਰੀ** : ਸਪੀਕਰ ਸਾਹਿਬ, ਜੇਕਰ ਸਰਕਾਰ ਮਿੱਟੀ ਪਾਉਣ ਲੱਗ ਪਈ, ਤਾਂ ਸਾਰੇ ਪੈਸੇ ਇਕੱਲੀ ਮਿੱਟੀ ਤੇ ਹੀ ਲੱਗ ਜਾਣੇ ਹਨ ਔਰ ਸੜਕ ਬਿਲਕੁੱਲ ਨਹੀਂ ਬਣਨੀ।

**ਸ੍ਰੀ ਰਮੇਸ਼ ਚੰਦਰ ਡੋਗਰਾ** : ਸਪੀਕਰ ਸਾਹਿਬ, ਇਹ ਫੈਸਲਾ ਬਹੁਤ ਚਿਰ ਪਹਿਲਾਂ ਦਾ ਹੋਇਆ ਹੋਇਆ ਹੈ ਕਿ ਕੰਡੀ ਏਰੀਏ ਅਤੇ ਪਹਾੜੀ ਏਰੀਏ ਵਿਚ ਮਿੱਟੀ ਪਾਉਣ ਦਾ ਕੰਮ ਸਰਕਾਰ ਕਰੇਗੀ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਫੈਸਲੇ ਨੂੰ ਕਿਉਂ ਬਦਲਿਆ ਜਾ ਰਿਹਾ ਹੈ? ਕਿਉਂਕਿ ਕੰਡੀ ਏਰੀਏ ਦੇ ਪਿੰਡ ਦੂਰ-ਦੂਰ ਹਨ ਅਤੇ ਪਿੰਡਾਂ ਦੀ ਆਬਾਦੀ ਵੀ ਘੱਟ ਹੈ, ਇਸ ਕਰਕੇ ਲੋਕ ਇਸਨੂੰ ਅਫੋਰਡ ਨਹੀਂ ਕਰ ਸਕਦੇ। ਉਨ੍ਹਾਂ ਕੋਲ ਤਾਂ ਖਾਣ-ਪੀਣ ਦੇ ਵਸੀਲੇ ਵੀ ਨਹੀਂ ਹਨ। ਇਸ ਤਰ੍ਹਾਂ ਦੇ ਕੋਈ ਤਰੀਕੇ ਨਹੀਂ ਹਨ ਕਿ ਉਹ ਰੋਟੀ ਕਮਾ ਸਕਣ। ਮੈਂ ਮੁੱਖ ਮੰਤਰੀ ਸਾਹਿਬ ਕੋਲੋਂ ਔਰ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਿੱਟੀ ਪਾਉਣ ਦਾ ਜੋ ਪਹਿਲਾਂ ਪ੍ਰੋਸੀਜਰ ਸੀ, ਉਹੀ ਪ੍ਰੋਸੀਜਰ ਉਹ ਅਡਾਪਟ ਕਰਦੇ ਰਹਿਣਗੇ?

**ਮੰਤਰੀ** : ਸਪੀਕਰ ਸਾਹਿਬ, ਜੋ ਐਮ. ਐਲ. ਏ. ਸਾਹਿਬ ਦੱਸ ਰਹੇ ਹਨ, ਇਹ ਮਾਮਲਾ ਵਿਚਾਰ ਲਿਆ ਜਾਵੇਗਾ। ਇਸ ਬਾਰੇ ਜੋ ਪਹਿਲੀ ਸ਼ਰਤ ਹੈ, ਉਹ ਤਾਂ ਇਹੀ ਹੈ ਕਿ ਮਿੱਟੀ ਪਿੰਡ ਵਾਲੇ ਪਾਉਣ ਅਤੇ ਜਿਹੜਾ ਮੈਟੀਰੀਅਲ ਹੈ, ਉਹ ਸਰਕਾਰ ਲਾਵੇ। ਇਸ ਤਰ੍ਹਾਂ ਜੇਕਰ ਮਿੱਟੀ ਪਿੰਡ ਵਾਲੇ ਪਾਉਣ, ਤਾਂ ਹੋ ਸਕਦਾ ਹੈ।

**ਸ੍ਰੀ ਰਮੇਸ਼ ਚੰਦਰ ਡੋਗਰਾ** : ਕੰਡੀ ਤੇ ਪਹਾੜੀ ਏਰੀਏ ਵਿੱਚ ਇਹ ਸ਼ਰਤ ਨਹੀਂ ਹੈ........

**ਸ੍ਰੀ ਸਪੀਕਰ** : ਉਨ੍ਹਾਂ ਨੇ ਦਸ ਦਿਤਾ ਹੈ ਕਿ ਇਸ ਤੇ ਵਿਚਾਰ ਕਰਾਂਗੇ।

---

## ਬਲਾਚੌਰ ਵਿੱਚ ਖੇਡ ਸਟੇਡੀਅਮ ਦਾ ਨਿਰਮਾਣ

*60. **ਸ੍ਰੀ ਨੰਦ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ

Original with;
Punjab Vidhan Sabha
Digitized by;
Panjab Digital Library

ਬਲਾਚੌਰ ਵਿਚ ਖੇਡ ਸਟੇਡੀਅਮ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤੱਕ ਬਣਾਏ ਜਾਣ ਦੀ ਸਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ ।

**ਸ੍ਰੀ ਨੰਦ ਲਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਪੂਰੀ ਦੀ ਪੂਰੀ ਸਬ-ਡਵੀਜ਼ਨ ਦੇ ਵਿਚ ਕੋਈ ਸਟੇਡੀਅਮ ਨਹੀਂ ਹੈ ਜਿਸ ਨਾਲ ਸਾਡੇ ਬੱਚੇ ਵੀ ਖੇਡਾਂ ਵਿੱਚ ਸ਼ਾਮਲ ਹੋ ਸਕਣ । ਇਸ ਲਈ ਸਾਡੇ ਇਲਾਕੇ ਦੇ ਵਿਚ ਵੀ ਸਟੇਡੀਅਮ ਜ਼ਰੂਰ ਬਣਨਾ ਚਾਹੀਦਾ ਹੈ ।

**ਸ੍ਰੀ ਸਪੀਕਰ** : ਚਲੋ, ਇਹ ਤਾਂ ਬਣਨਾ ਚਾਹੀਦਾ ਹੈ, ਤੁਸੀਂ ਕੋਈ ਸਵਾਲ ਪੁੱਛੋ, ਇਹ ਤਾਂ ਪ੍ਰੋਪੋਜ਼ਲ ਹੈ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦੇ ਮਨ ਦੀ ਗੱਲ ਸਮਝ ਕੇ ਦਸ ਦਿੰਦਾ ਹਾਂ ਕਿ ਇਸ ਦੇ ਵਾਸਤੇ 5 ਏਕੜ ਜ਼ਮੀਨ ਚਾਹੀਦੀ ਹੈ । ਜੇਕਰ ਆਨਰੇਬਲ ਮੈਂਬਰ ਸਾਹਿਬ ਇਸ ਦਾ ਪ੍ਰਬੰਧ ਕਰ ਦੇਣਗੇ ਤਾਂ ਅਗਲੇ ਸਾਲ ਸਟੇਡੀਅਮ ਜ਼ਰੂਰ ਬਣਾ ਦਿਆਂਗੇ । (ਥੰਪਿੰਗ)

**ਸ੍ਰੀ ਨੰਦ ਲਾਲ** : ਸਪੀਕਰ ਸਾਹਿਬ, ਮੈਂ ਇਸ ਸਬੰਧੀ ਮੁੱਖ ਮੰਤਰੀ ਸਾਹਿਬ ਦਾ ਬਹੁਤ ਧੰਨਵਾਦੀ ਹਾਂ ।

**Mr. Speaker.** : Questions are over.

## UNSTARRED QUESTIONS AND ANSWERS

### ਉਦਯੋਗਿਕ ਕਾਮਿਆਂ ਨੂੰ ਕਿਰਾਇਆ-ਖਰੀਦ ਅਧਾਰ ਤੇ ਮਕਾਨਾਂ ਦੀ ਅਲਾਟਮੈਂਟ

5. **ਕਾਮਰੇਡ ਹਰਦੇਵ ਅਰਸ਼ੀ** : ਕੀ ਕਿਰਤ ਅਤੇ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਰਾਜ ਵਿਚ ਕੋਈ ਅਜਿਹੇ ਮਕਾਨ ਹਨ ਜਿਹੜੇ ਕਿਰਤ ਵਿਭਾਗ ਦੁਆਰਾ ਉਦਯੋਗਿਕ ਕਾਮਿਆਂ ਲਈ ਬਣਵਾਏ ਗਏ ਸਨ, ਪਰੰਤੂ ਅਜੇ ਤਕ ਉਹ ਮਕਾਨ ਕਿਰਾਇਆ-ਖਰੀਦ ਅਧਾਰ ਤੇ ਅਲਾਟੀ ਕਬਜ਼ੇਦਾਰਾਂ ਨੂੰ ਹੱਥ-ਬਦਲ ਨਹੀਂ ਕੀਤੇ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਕੇਂਦਰ-ਵਾਰ/ਕਸਬੇ-ਵਾਰ ਉਨ੍ਹਾਂ ਦੀ ਗਿਣਤੀ ਕਿੰਨੀ-ਕਿੰਨੀ ਹੈ ਅਤੇ ਇਸ ਦੇ ਕਾਰਣ ਕੀ ਹਨ ?

**ਸਰਦਾਰ ਸਰੂਪ ਸਿੰਘ** : ਰਾਜ ਸਰਕਾਰ ਵਲੋਂ ਸਬਸੀਡਾਈਜ਼ਡ ਇੰਡਸਟਰੀਅਲ ਹਾਊਸਿੰਗ ਸਕੀਮ ਦੇ ਤਹਿਤ ਉਦਯੋਗਿਕ ਕਿਰਤੀਆਂ ਵਾਸਤੇ ਕੁੱਲ 3,166 ਮਕਾਨ ਦੇ ਵਾਰੀ ਬਣਾਏ ਗਏ ਸਨ, ਇਨ੍ਹਾਂ ਵਿਚੋਂ 1,216 ਮਕਾਨ ਸਾਲ 1969 ਤੋਂ ਪਹਿਲਾਂ ਬਣਾਏ ਗਏ ਸਨ । ਸਾਲ 1969 ਤੋਂ ਬਾਅਦ ਬਣੇ ਇਹ 1,950 ਮਕਾਨ ਯੋਗ ਕਿਰਤੀਆਂ ਨੂੰ ਅਲਾਟ

Original with;
Punjab Vidhan Sabha
Digitized by;
Panjab Digital Library

[ਕਿਰਤ ਅਤੇ ਰੋਜ਼ਗਾਰ ਮੰਤਰੀ,]

ਕਰ ਦਿੱਤੇ ਗਏ ਸਨ । ਰਾਜ ਸਰਕਾਰ ਨੇ 1,216 ਮਕਾਨ ਕਿਰਾਇਆ-ਖਰੀਦ ਆਧਾਰ ਤੇ ਵੇਚਣ ਦਾ ਫੈਸਲਾ ਕੀਤਾ ਸੀ, ਜਿਨ੍ਹਾਂ ਵਿਚੋਂ 733 ਮਕਾਨ 31-7-76 ਜੋ ਸਰਕਾਰ ਵਲੋਂ ਆਖਰੀ ਮਿਤੀ ਨੀਯਤ ਕੀਤੀ ਸੀ, ਤੀਕ ਵੇਚ ਦਿੱਤੇ ਗਏ ਸਨ । ਬਾਕੀ ਰਹਿੰਦੇ 483 ਮਕਾਨਾਂ ਵਿਚੋਂ 200 ਮਕਾਨ ਭੋਗਪੁਰ ਵਿਖੇ ਜਨਤਾ ਕੋਆਪ੍ਰੇਟਿਵ ਸ਼ੂਗਰ ਮਿੱਲ, ਭੋਗਪੁਰ ਦੀ ਜ਼ਮੀਨ ਉਤੇ ਬਣਾਏ ਗਏ ਸਨ ਅਤੇ ਪ੍ਰਬੰਧਕ ਚਾਹੁੰਦੇ ਹਨ ਕਿ ਇਹ ਮਕਾਨ ਮੈਨੇਜਮੈਂਟ ਨੂੰ ਹੀ ਵੇਚ ਦਿੱਤੇ ਜਾਣ । ਇਹ ਮਾਮਲਾ ਕੇਂਦਰੀ ਸਰਕਾਰ ਦੇ ਵਿਚਾਰ ਅਧੀਨ ਹੈ ।

ਬਾਕੀ ਰਹਿੰਦੇ 283 ਮਕਾਨ ਉਦਯੋਗਿਕ ਕਿਰਤੀਆਂ ਨੂੰ ਇਸ ਲਈ ਨਹੀਂ ਵੇਚੇ ਜਾ ਸਕੇ ਕਿਉਂਕਿ ਉਹ ਲੋੜੀਂਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਸਨ ਜਾਂ ਕਿਰਾਇਆ-ਖਰੀਦ ਪੱਧਰ ਤੇ ਇਕਰਾਰਨਾਮਾ ਦੇਣ ਦੇ ਸਮੇਂ ਜ਼ਰੂਰੀ ਸ਼ਰਤਾਂ ਮੁਕੰਮਲ ਕਰਨ ਵਿਚ ਅਸਫਲ ਰਹੇ ਸਨ । ਇਨ੍ਹਾਂ 283 ਮਕਾਨਾਂ ਵਿਚੋਂ 36 ਹੋਰ ਮਕਾਨ ਸਰਕਾਰ ਵਲੋਂ ਮਿਤੀ 28-6-96 ਨੂੰ ਲਏ ਫੈਸਲੇ ਅਨੁਸਾਰ ਯੋਗ ਉਦਯੋਗਿਕ ਕਿਰਤੀਆਂ ਨੂੰ ਕਿਰਾਇਆ-ਖਰੀਦ ਆਧਾਰ ਤੇ ਵੇਚ ਦਿੱਤੇ ਗਏ ਹਨ ।

ਸੈਂਟਰ/ਟਾਊਨਵਾਰ ਬਾਕੀ ਰਹਿੰਦੇ 247 ਮਕਾਨਾਂ ਦਾ ਵੇਰਵਾ ਇਸ ਪ੍ਰਕਾਰ ਹੈ :—

| ਲੜੀ ਨੰ: | ਕਿਰਤ ਕਾਲੋਨੀ ਦੇ ਨਾਮ | | ਬਾਕੀ ਰਹਿੰਦੇ ਮਕਾਨਾਂ ਦੀ ਗਿਣਤੀ |
|---|---|---|---|
| 1. | ਰਾਜਪੁਰਾ | .. | 4 |
| 2. | ਗੋਬਿੰਦਗੜ੍ਹ | .. | 23 |
| 3. | ਗਿੱਲ ਰੋਡ, ਲੁਧਿਆਣਾ | .. | 93 |
| 4. | ਇਸਲਾਮਾਬਾਦ, ਅੰਮ੍ਰਿਤਸਰ | .. | 32 |
| 5. | ਛੇਹਰਟਾ, ਅੰਮ੍ਰਿਤਸਰ | .. | 8 |
| 6. | ਅਲੀਵਾਲ ਰੋਡ, ਬਟਾਲਾ | .. | 29 |
| 7. | ਧਾਰੀਵਾਲ | .. | 58 |
| | ਕੁੱਲ | .. | 247 |

ਇਨ੍ਹਾਂ 247 ਮਕਾਨਾਂ ਨੂੰ ਮੌਜੂਦਾ ਕਾਬਜ਼ਕਾਰਾਂ ਨੂੰ ਕਿਰਾਇਆ-ਖਰੀਦ ਆਧਾਰ ਤੇ ਨਾ ਦਿਤੇ ਜਾਣ ਦੇ ਕਾਰਨ ਇਹ ਹਨ ਕਿ ਇਨ੍ਹਾਂ ਉਤੇ ਅਣ-ਅਧਿਕਾਰਤ ਵਿਅਕਤੀਆਂ ਦਾ ਕਬਜ਼ਾ ਹੈ; ਇਹ ਮਕਾਨ ਉਨ੍ਹਾਂ ਨੂੰ ਕਿਰਤ ਵਿਭਾਗ ਦੇ ਸਮਰੱਥ ਅਧਿਕਾਰੀਆਂ ਦੁਆਰਾ

Original with;
Punjab Vidhan Sabha
Digitized by;
Punjab Digital Library

ਅਲਾਟ ਨਹੀਂ ਕੀਤੇ ਗਏ ਸਨ; ਉਨ੍ਹਾਂ ਨੇ ਪਿਛਲੇ ਅਲਾਟੀਆਂ ਦੀ ਰਿਟਾਇਰਮੈਂਟ ਜਾਂ ਉਨ੍ਹਾਂ ਦੇ ਨੌਕਰੀ ਛੱਡਣ ਉਪਰੰਤ ਇਨ੍ਹਾਂ ਮਕਾਨਾਂ ਦਾ ਕਬਜ਼ਾ ਸੰਭਾਲ ਲਿਆ ਸੀ । ਇਨ੍ਹਾਂ ਮਕਾਨਾਂ ਦੇ ਕਾਬਜ਼ਕਾਰ/ਅਣ-ਅਧਿਕਾਰਤ ਵਿਅਕਤੀ ਸਰਕਾਰ ਤੇ ਜ਼ੋਰ ਪਾ ਰਹੇ ਹਨ ਕਿ ਇਹ ਮਕਾਨ ਉਨ੍ਹਾਂ ਨੂੰ ਹੀ ਕਿਰਾਇਆ-ਖਰੀਦ ਆਧਾਰ ਤੇ ਵੇਚ ਦਿੱਤੇ ਜਾਣ । ਇਨ੍ਹਾਂ ਮੌਜੂਦਾ ਕਾਬਜ਼ਕਾਰਾਂ ਨੂੰ ਇਹ ਮਕਾਨ ਦੇਣ ਦਾ ਮਾਮਲਾ ਸਰਗਰਮੀ ਨਾਲ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਬਾਅਦ ਵਿਚ ਆਉਣ ਵਾਲੀਆਂ ਕਾਨੂੰਨੀ ਅੜਚਣਾਂ ਤੋਂ ਬਚਣ ਲਈ ਰਾਜ ਦੇ ਕਾਨੂੰਨੀ ਵਿਭਾਗ ਤੋਂ ਸਲਾਹ ਮੰਗੀ ਗਈ ਹੈ ।

---

## ਜ਼ਿਲ੍ਹਾ ਅੰਮ੍ਰਿਤਸਰ ਵਿਚ ਈ.ਐਸ.ਆਈ. ਡਿਸਪੈਂਸਰੀਆਂ ਦੀ ਗਿਣਤੀ

6. **ਕਾਮਰੇਡ ਹਰਦੇਵ ਅਰਸ਼ੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਜ਼ਿਲ੍ਹਾ ਅੰਮ੍ਰਿਤਸਰ ਵਿਚ ਇਸ ਸਮੇਂ ਕਿੰਨੀਆਂ ਈ.ਐਸ.ਆਈ. ਡਿਸਪੈਂਸਰੀਆਂ ਹਨ ਅਤੇ ਇਹ ਕਿਥੇ ਕਿਥੇ ਹਨ;

(ਅ) ਉਪਰੋਕਤ ਭਾਗ(ੳ) ਵਿਚ ਵਰਣਿਤ ਹਰ ਇਕ ਡਿਸਪੈਂਸਰੀ ਵਿਚ ਦਰਜ਼ ਕੀਤੇ ਗਏ ਬੀਮਾ ਸ਼ੁਦਾ ਕਰਮਚਾਰੀਆ ਦੀ 1 ਜਨਵਰੀ, 1997 ਨੂੰ ਗਿਣਤੀ ਕਿੰਨੀ-ਕਿੰਨੀ ਸੀ ਅਤੇ 1 ਜਨਵਰੀ, 1997 ਨੂੰ ਹਰ ਇਕ ਡਿਸਪੈਂਸਰੀ ਵਿਚ ਨਿਯੁਕਤ ਅਮਲੇ ਦੇ ਵੇਰਵੇ ਕੀ ਹਨ ?

**ਸ਼੍ਰੀ ਬਲਰਾਮ ਜੀ ਦਾਸ ਟੰਡਨ** : (ੳ) ਜ਼ਿਲ੍ਹਾ ਅੰਮ੍ਰਿਤਸਰ ਵਿਚ ਇਸ ਸਮੇਂ 5 ਈ. ਐਸ. ਆਈ. ਡਿਸਪੈਂਸਰੀਆਂ ਚੱਲ ਰਹੀਆਂ ਹਨ । ਇਹ ਡਿਸਪੈਂਸਰੀਆਂ ਹੇਠ ਲਿਖੇ ਸਥਾਨਾਂ ਤੇ ਚੱਲ ਰਹੀਆਂ ਹਨ :—

(1) ਅੰਮ੍ਰਿਤਸਰ,

(2) ਵੇਰਕਾ,

(3) ਛੇਹਰਟਾ,

(4) ਤਰਨਤਾਰਨ,

(5) ਸ਼੍ਰੀ ਗੋਇੰਦਵਾਲ ਸਾਹਿਬ ।

(ਅ) ਜ਼ਿਲ੍ਹਾ ਅੰਮ੍ਰਿਤਸਰ ਵਿਚ ਹਰ ਇਕ ਡਿਸਪੈਂਸਰੀ ਵਿਚ ਮਿਤੀ 1.1.97 ਨੂੰ

Original with;
Punjab Vidhan Sabha
Digitized by;
Panjab Digital Library

[ਸਿਹਤ ਤੇ ਪਰਿਵਾਰ ਭਲਾਈ ਮੰਤਰੀ]

ਬੀਮਾ ਵਰਕਰਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

| | | |
|---|---|---|
| (1) | ਈ. ਐਸ. ਆਈ. ਡਿਸਪੈਂਸਰੀ, ਅੰਮ੍ਰਿਤਸਰ .. | 7008 |
| (2) | ਈ. ਐਸ. ਆਈ. ਡਿਸਪੈਂਸਰੀ, ਵੇਰਕਾ .. | 6137 |
| (3) | ਈ. ਐਸ. ਆਈ. ਡਿਸਪੈਂਸਰੀ, ਛੇਹਰਟਾ .. | 9089 |
| (4) | ਈ. ਐਸ. ਆਈ. ਡਿਸਪੈਂਸਰੀ, ਤਰਨ ਤਾਰਨ .. | 200 |
| (5) | ਈ. ਐਸ. ਆਈ. ਡਿਸਪੈਂਸਰੀ, ਗੋਇੰਦਵਾਲ ਸਾਹਿਬ .. | 1890 |

ਮਿਤੀ 1.1.97 ਨੂੰ ਹਰ ਇਕ ਡਿਸਪੈਂਸਰੀ ਵਿਚ ਅਮਲੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

1. ਈ. ਐਸ. ਆਈ. ਡਿਸਪੈਂਸਰੀ, ਅੰਮ੍ਰਿਤਸਰ

| ਲੜੀ ਨੰ: | ਅਸਾਮੀ ਦਾ ਨਾਂ | ਮਨਜ਼ੂਰ ਸ਼ੁਦਾ ਅਸਾਮੀਆਂ ਦੀ ਗਿਣਤੀ |
|---|---|---|
| 1 | 2 | 3 |
| 1. | ਮੈਡੀਕਲ ਅਫਸਰ .. | 4 |
| 2. | ਸੀਨੀਅਰ ਸਹਾਇਕ .. | 1 |
| 3. | ਜੂਨੀਅਰ ਸਹਾਇਕ .. | 1 |
| 4. | ਕਲਰਕ .. | 2 |
| 5. | ਫਾਰਮਾਸਿਸਟ .. | 6 |
| 6. | ਐਲ. ਐਚ. ਵੀ. .. | 1 |
| 7 | ਏ. ਐਨ. ਐਮ. .. | 2 |
| 8. | ਲੈਬਾਰਟਰੀ ਸਹਾਇਕ .. | 1 |
| 9. | ਦਰਜਾ-4 .. | 8 |

Original with;
Punjab Vidhan Sabha
Digitized by;
Panjab Digital Library

2. ਈ.ਐਸ.ਆਈ. ਡਿਸਪੈਂਸਰੀ, ਵੇਰਕਾ

| 1 | 2 | | 3 |
|---|---|---|---|
| 1. | ਮੈਡੀਕਲ ਅਫ਼ਸਰ | .. | 2 |
| 2. | ਕਲਰਕ | .. | 1 |
| 3. | ਫਾਰਮਾਸਿਸਟ | .. | 2 |
| 4. | ਏ. ਐਨ. ਐਮ. | .. | 1 |
| 5. | ਲੈਬਾਰਟਰੀ ਸਹਾਇਕ | .. | 1 |
| 6. | ਦਰਜਾ-4 | .. | 4 |
| | 3. ਈ. ਐਸ. ਆਈ. ਡਿਸਪੈਂਸਰੀ, ਛੇਹਰਟਾ | | |
| 1. | ਮੈਡੀਕਲ ਅਫ਼ਸਰ | .. | 2 |
| 2. | ਕਲਰਕ | .. | 2 |
| 3. | ਫਾਰਮਾਸਿਸਟ | .. | 3 |
| 4. | ਐਲ. ਐਚ. ਵੀ. | .. | 1 |
| 5. | ਏ. ਐਨ. ਐਮ. | .. | 2 |
| 6. | ਲੈਬਾਰਟਰੀ ਸਹਾਇਕ | .. | 1 |
| 7. | ਡਰਾਈਵਰ | .. | 1 |
| 8. | ਦਰਜਾ-4 | .. | 6 |
| | 4. ਈ. ਐਸ. ਆਈ. ਡਿਸਪੈਂਸਰੀ, ਤਰਨ ਤਾਰਨ | | |
| 1. | ਮੈਡੀਕਲ ਅਫ਼ਸਰ | .. | 1 |
| 2. | ਕਲਰਕ | .. | 1 |
| 3. | ਫਾਰਮਾਸਿਸਟ | .. | 1 |
| 4. | ਏ. ਐਨ. ਐਮ. | .. | 1 |
| 5. | ਦਰਜਾ-4 | .. | 2 |
| | 5. ਈ. ਐਸ. ਆਈ. ਡਿਸਪੈਂਸਰੀ, ਸ੍ਰੀ ਗੋਇੰਦਵਾਲ ਸਾਹਿਬ | | |
| 1. | ਮੈਡੀਕਲ ਅਫ਼ਸਰ | . | 1 |
| 2. | ਕਲਰਕ | .. | 1 |
| 3. | ਫਾਰਮਾਸਿਸਟ | .. | 1 |
| 4. | ਏ. ਐਨ. ਐਮ. | .. | 2 |
| 5. | ਦਰਜਾ-4 | .. | 1 |

Original with;
Punjab Vidhan Sabha
Digitized by;
Panjab Digital Library

ਨੌਕਰੀ ਦੇ ਦੌਰਾਨ ਮਰੇ ਪੁਲਿਸ ਦੇ ਸਹਾਇਕ ਸਬ-ਇੰਸਪੈਕਟਰਾਂ ਦੇ ਆਸ਼ਰਿਤਾਂ ਨੂੰ ਨੌਕਰੀਆਂ

7. **ਕਾਮਰੇਡ ਹਰਦੇਵ ਅਰਸ਼ੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਇਹ ਠੀਕ ਹੈ ਕਿ ਸਾਲ 1993, 1994, 1995 ਅਤੇ 1996 ਦੇ ਦੌਰਾਨ ਪੁਲਿਸ ਅਤੇ ਸੀ.ਆਈ.ਡੀ. ਸੈਕਸ਼ਨ ਦੇ ਕੋਈ ਸਹਾਇਕ ਸਬ-ਇਨਸਪੈਕਟਰਾਂ ਦੀ ਨੌਕਰੀ ਦੇ ਦੌਰਾਨ ਮੌਤ ਹੋ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਨਾਂ ਅਤੇ ਪਤੇ ਕੀ ਹਨ ਅਤੇ ਹਰ ਇਕ ਕੇਸ ਵਿਚ ਮੌਤ ਦੀ ਤਰੀਕ ਕੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਮ੍ਰਿਤਕ ਵਿਅਕਤੀ ਦੇ ਇਕ ਆਸ਼ਰਿਤ ਨੂੰ ਵਿਭਾਗ ਦੁਆਰਾ ਨੌਕਰੀ ਦੇ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਹਰ ਇਕ ਕੇਸ ਵਿਚ ਨੌਕਰੀ ਲੈਣ ਵਾਲੇ ਦਾ ਨਾਂ ਅਤੇ ਮ੍ਰਿਤਕ ਨਾਲ ਉਨ੍ਹਾਂ ਦਾ ਰਿਸ਼ਤਾ ਕੀ ਹੈ; ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ?

**Sardar Parkash Singh Badal :** (a) & (b) Yes sir. The statement is laid on the Table of the House as per Annexure 'A'.

ANNEXURE 'A'

| Sr. No. | Name of the deceased and address | Date of death | Name of the dependent | Relationship with deceased | Whether job provided | If not the reasons thereof |
|---|---|---|---|---|---|---|
| 1 | 2 | 3 | 4 | 5 | 6 | 7 |
| | S./Shri/Smt. | | | | | |
| 1. | Raj Kumar 1780/Jull. Distt. Kapurthala. | 21-1-1993 | — | — | Not yet | Dependents are minor. |
| 2. | Gian Singh 324/HPR Distt. Kapurthala. | 24-3-1993 | — | — | -do- | -do- |
| 3. | Jaswant Singh 1404/PTL Distt. Patiala. | 12-7-1993 | | — | -do- | Not applied for job. |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 | 7 |
|---|---|---|---|---|---|---|
| | S./Shri/Smt. | | | | | |
| 4. | Inderjit Singh 3107/TT Distt. Tarn Taran. | 23-3-1993 | Satwant Kaur | Widow | Yes | — |
| 5. | Nirmal Singh 1805/ASR. Distt. Amritsar | 14-9-1993 | — | — | Not yet | Not applied for job. |
| 6. | Naresh Kumar 2296/BTL. Distt. Batala. | 19-1-1993 | Rajesh Kumar | Brother | Yes | — |
| 7. | Mohan Lal 1803/BTL. Distt. Batala. | 28-1-1993 | Nisha | Daughter | Yes | — |
| 8. | Baldev Singh 2903/ASR Distt. Jalandhar | 4-4-1993 | — | — | Not Yet | Not applied for job. |
| 9. | Jaswant Singh 861/RPR Distt. Barnala. | 2-3-1993 | Kuljit Singh | Son | Yes | — |
| 10. | Amolak Singh 1004/BTI Distt. Faridkot. | 4-1-1993 | Avtar Singh | Son | Not Yet | Case is under action. |
| 11. | Gurdit Singh 235/KPT Distt. Faridkot. | 2-9-1993 | Jaskaran Singh | Son | Yes | — |
| 12. | Nachhattar Singh 901/FDK. Distt. Faridkot | 4-6-1993 | Jasminder Kaur | Widow | Not yet | Not applied for job. |
| 13. | Ramesh Chander 484/W, Intelligence Wing. | 27-8-1993 | Usha Dutta | Widow | -do- | Case is under action |
| 14. | Jagdish Rai 42/SGR, Distt. Sangrur. | 1-5-1993 | Sarabjit | Son | Yes | — |
| 15. | Harbhajan Singh Distt. Sangrur. | 21-10-1993 | Dalbir Singh | Son | Not Yet | Case is under action. |
| 16. | Raghbir Singh 674/HPR Distt. Hoshiarpur | 12-11-1994 | Nirmala | Widow | Yes | — |

Original with;
Punjab Vidhan Sabha
Digitized by;
Panjab Digital Library

[Chief Minister]

| 1 | 2 | 3 | 4 | 5 | 6 | 7 |
|---|---|---|---|---|---|---|
| 17. | Prem Kumar 3193/TT Distt., Gurdaspur | 26-3-1994 | Gurmit Raj | Brother | Yes | — |
| 18. | Basant Singh 274/GSP, Distt., Gurdaspur | 13-3-1994 | Joginder Kaur | Widow | Not yet | Not applied for job. |
| 19. | Anokh Singh 2310/ASR Distt. Amritsar. | 27-6-1994 | Sukhbir Singh | Son | Yes | — |
| 20. | Assa Singh 740/GSP Distt. Batala | 6-6-1994 | Harbhajau Sing h | Son | Yes | — |
| 21. | Parminder Singh 105/BRT Distt. Batala. | 7-8-1994 | Gurmit Kaur | Widow | Not Yet | Not applied for job. |
| 22. | Gopal Singh 1696/BTL Distt. Batala | 23-11-1994 | Kirandip Kaur | -do- | Yes | — |
| 23. | Jarnail Singh 448/KPT Distt. Jalandhar | 18-1-1994 | — | — | Not Yet | Not applied for job. |
| 24. | Jaswant Rai 324/LDH Distt., Barnala. | 4-3-1994 | Rita Dutta | Daughter | Not Yet | -do- |
| 25. | Tek Singh 137/BTI Distt. Faridkot. | 4-7-1994 | Charanjit Singh | Son | Not Yet | Case is under action |
| 26. | Attar Singh 248/BTA Distt. Faridkot | 10-3-1994 | Rajinder Kaur | Widow | Yes | — |
| 27. | Jagraj Singh 47/BTA Distt. Faridkot. | 11-4-1994 | Kuldeep Kaur | Widow | Not yet | Not applied for job. |
| 28. | Bhagat Ram 292/ASR Intelligence Wing. | 14-2-1994 | — | — | Not yet | -do- |
| 29. | Piara Singh 36/96 Intelligence Wing. | 13-8-1994 | — | — | -do- | -do- |
| 30. | Surinder Singh 27/161 Intelligence Wing. | 6-10-1994 | Gurpinder Kaur | Daughter | Not yet | Case is under action |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 | 7 |
|---|---|---|---|---|---|---|
| | S./Shri/Smt. | | | | | |
| 31. | Kuldeep Singh 69/P.A.P. Intelligance Wing. | 14-9-1994 | — | — | Not yet | Not applied for job. |
| 32. | Parjodh Singh 671/W Wireless Wing. | 22-4-1994 | Santokh Bains | Widow | Yes | — |
| 33. | Balbir Parbhakar 786/W Wireless Wing, Pb. | 3-9-1994 | Amolk Parbhkar | Son | Not yet | The dependent is under age as yet. |
| 34. | Darshan Singh, Distt. Sangrur. | 26-10-1994 | — | — | —do— | Dependent not yet applied for job. |
| 35. | Jagdev Singh, 1784/ Jull. Distt. Majitha. | 27-9-1995 | Rajvinder Singh | Son | Not yet | Case is under process. |
| 36. | Rai Singh 982/SGR Distt. Patiala. | 13-2-1995 | — | — | —do— | Not applied for job. |
| 37. | Jagdish Singh 144/ KHN. Distt. Khanna. | 31-8-1995 | — | — | —do— | Dependents are minor. |
| 38. | Gurcharn Singh, 2161/ASR. Distt. Tsran Taran. | 27-4-1995 | Balraj Singh | Son | Yes | — |
| 39. | Amarpal Singh, JR/20 Distt. Jalandhar. | 15-5-1995 | Ranjit Kaur | Widow | Not yet | Case is under action. |
| 40. | Partap Singh, 454/ FZR. Distt. Faridkot. | 29-3-1995 | Tajinder Singh | Son | —do— | —do— |
| 41. | Sukhdev Singh, 2379/Distt. Faridkot. | 1-3-1995 | Mehtab Pal Kaur | Widow | Not yet | Not applied for job. |
| 42. | Mangat Ram, 121/ FZR. Distt. Faridkot. | 24-8-1995 | — | — | —do— | —do— |
| 43. | Shamsher Singh, 1150/FDK, | 26-9-1995 | Jaspreet Kaur | Widow | —do— | —do— |
| 44. | Swinder Singh, 8/INT, Intelligence Wing. | 19-6-1995 | — | Brother | —do— | Job not provided because case was not covered under priority list instructions. |

Original with;
Punjab Vidhan Sabha
Digitized by;
Panjab Digital Library

[Chief Minister]

| 1 | 2 | 3 | 4 | 5 | 6 | 7 |
|---|---|---|---|---|---|---|
| | S./Shri/Smt. | | | | | |
| 45. | Chamkaur Singh, 1699/PAP. 82nd BN PAP, Chg. | 31-8-1995 | Sukhpal Singh | Son | Yes | -- |
| 46. | Manjit Singh, 1757/ PAP 4th Commando BN, Jull. | 24-7-1995 | Rajandeep | Son | Not yet | Dependent son is minor as yet |
| 47. | Jaspal Singh, 1403/ PAP, 3rd I.R.B., Jull. | 25-11-1995 | Kuldeep Kaur | Widow | Yes | — |
| 48. | Surat Singh, 739/W Wireless Wing, Pb. | 1-3-1995 | Sukhraj Singh | Son | Yes | — |
| 49. | Bhupinder Singh, 819/W Wireless Wing, Pb. | 20-7-1995 | Prabhjot Kaur | Daughter | Not yet | Case is under Action. |
| 50. | Lakhwinder Singh, Distt. Sangrur. | 6-1-1995 | — | — | Not yet | Not applied for job. |
| 51. | Swaran Singh, 1865/ SGR. Distt. Sangrur. | 3-4-1995 | — | — | Not yet | Not applied for job. |
| 52. | Lalit Mohan 1482/ SGR Distt. Sangrur. | 13-8-1995 | — | — | —do— | —do— |
| 53. | Charanjit Singh, Distt. Sangrur. | 13-4-1995 | Jasvir Kaur | Widow | Yes | — |
| 54. | Mukhtiar Singh, 337/SGR Distt. Sangrur. | 31-8-1995 | Sukhwinder Singh | Son | Yes | — |
| 55. | Surinder Kaur, 556/HPR Distt, Hoshiarpur. | 16-4-1996 | Manjinder Singh | Son | Not yet | Case is under Action. |
| 56. | Udham Singh, 566/HPR Distt. Hoshiarpur. | 6-8-1996 | Tajinder Kaur | Daughter | Not yet | —do— |
| 57. | Jagmohan Singh, 3256/TT Distt. Gurdaspur. | 23-7-1997 | Palwinder Singh | Son | Not yet | Children are minor |
| 58. | Balwant Singh, 350/KHN, Distt. Patiala. | 8-3-1996 | -- | — | Not yet | Not applied for job. |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 | 7 |
|---|---|---|---|---|---|---|
| | S./Shri/Smt. | | | | | |
| 59. | Karam Singh, 1716/PTI, Distt. Patiala. | 29-8-1996 | Rajwant Singh | Son | Not yet | Case is under process. |
| 60. | Vash Dev 9/PR Distt. Fatehgarh Sahib. | 2-3-1996 | Rajinder Kumar | Son | Not yet. | Case is under action. |
| 61. | Mohinder Singh, 1875/PTL. Distt. Fatehgarh Sahib. | 13-12-1996 | — | — | Not yet. | Not applied for job. |
| 62. | Narinder Pal Singh, 15/TT Distt. Taran-Taran. | 23-10-1996 | — | — | Not Yet. | —do— |
| 63. | Sarabjit Singh, 2607/ASR Distt. Amritsar. | 14-12-1996 | — | — | Not Yet. | —do— |
| 64. | Gurbhaj Singh, Distt. Batala. | 14-5-1996 | Manjit Kaur | Widow | Not Yet. | Case referred to Education Deptt. for job of S. S. Teacher. |
| 65. | Ashok Kumar, 797/R.P.R. Distt. Barnala. | 30-5-1996 | Ravinder Kumar | Son | Not yet. | Not willing for appointment. |
| 66. | Nasib Singh, 1859/PTL Int. Wing. | 13-3-1996 | Kulwinder Singh | Son | Not yet | Case is under action. |
| 67. | Sukhdev Singh, 381/BTI Intelligence Wing. | 28-8-1996 | — | — | Not yet. | Not applied for job. |
| 68. | Tarlok Singh, 70/INT Intelligence Wing. | 10-9-1996 | — | Brother | Not yet. | Case is under action. |
| 69. | Ram Piara, 1606/Jull Intelligence Wing. | 24-10-1996 | Jaswinder Kumar | Son | Not yet. | —do— |
| 70. | Jit Singh, 234/ Wireless Wing, Pb., Chg. | 15-11-1996 | Mandeep Singh | Son | Not yet. | —do— |

Original with;
Punjab Vidhan Sabha
Digitized by;
Panjab Digital Library

## PRESENTATION OF SECOND REPORT OF THE BUSINESS ADVISORY COMMITTEE

**Mr. Speaker** : I have to present to the House the Second Report of the Bussiness Advisory Committee. The Report reads—

After some discussion, the Committee recommended that the following business be transacted at the sittings of the Punjab Vidhan Sabha from 12th March, 1997 to 20th March, 1997 :—

| | |
|---|---|
| Wednesday, the 12th March, 1997 (9.00 A.M.) | Resumption of discussion on Governor's Address (To be concluded). |
| Thursday, the 13th March, 1997 | Off day. |
| Friday, the 14th March, 1997. | Off day. |
| Saturday, the 15th March, 1997. | Holiday. |
| Sunday, the 16th March, 1997. | Holiday. |
| Monday, the 17th March, 1997. | Off day. |
| Tuesday, the 18th March, 1997. (2.00 P.M.) | (i) Presentation of the Supplementary Estimates for the year 1996-97. |
| | (ii) Discussion and voting on Demands for Grants in respect of Supplementary Estimates. |
| | (iii) Appropriation Bill in respect of Supplementary Estimates for the year 1996-97. |
| Wednesday, the 19th March, 1997 (9.00 A.M.) | (i) Presentation of Vote-on-Account for 3 months from 1st April to 30th June, 1997. |
| | (ii) The Punjab Appropriation (Vote-on-Account) Bill, 1997. |
| Thursday, the 20th March, 1997. (9.00 A.M.) | (i) Non-Official Business. |
| | (ii) Motion regarding constitution of Elected Committees for the year 1997-98. |

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that/those rule/rules shall stand suspended to that extent.

Now, I request the Hon'ble Minister to move that this House agrees with the recommendations contained in the Second Report of the Businees Advisory Committee, Shri Madan Mohan Mittal.

Original with;
Punjab Vidhan Sabha
Digitized by;
Panjab Digital Library

**Minister for Parliamentary Affairs (Shri Madan Mohan Mittal)**. Sir, I beg to move—

> That this House agrees with the recommendations contained in the Second Report of the Business Advisory Committee.

**Mr. Speaker**: Motion moved.

> That this House agrees with the recommendations contained in the Second Report of the Business Advisory Committee.

**Mr. Speaker**: Anybody wants to speak ?

(Nobody rose to speak)

**Mr. Speaker**: Question is—

> That this House agrees with the recommendations contained in the Second Report of the Business Advisory Committee.

*The motion was carried.*

---

**श्रीमती लक्ष्मी कांता चावला**: प्वांईट आफ आर्डर, सर। स्पीकर साहिब, यह शून्य काल है और मैं सरकार के ध्यान में एक अहम मसला लाना चाहती हूं। स्पीकर साहिब, पहले दिन ही मैंने आप से प्रार्थना की थी कि इस हाऊस को 'आईज़' और 'नोज' के चक्कर से निकालें। अब यह आप की इच्छा है। हम तो सिर्फ प्रार्थना ही कर सकते हैं। मैं आप के द्वारा मुख्य मंत्री जी का ध्यान उन लोगों की तरफ दिलाना चाहती हूं जो भारत के 18 प्रांतों में बैठे हैं। आप को याद होगा भवानीगढ़ के पास अमरीका के सहयोग से बनी कंपनी में 16 लोग आंतकवादियों द्वारा मारे गये थे। उन में कोई केरला का था, कोई बंगाल का था, कोई तामिलनाडु का और कोई महाराष्ट्र का था। पिछले 4 साल से बार-बार प्रार्थना करने के बाद भी उन लोगों को अभी तक न पैंशन पहुंची है और न ही कोई सहायता राशि पहुंचाई गई है। पंजाब गवर्नमैंट को यह सहायता राशि उन को देनी चाहिये थी। मेरा मुख्य मंत्री जी से निवेदन है कि जो परिवार पीछे केरला, तामिलनाडु, कर्नाटक आदि में बैठे हैं, उन के लिए बार-बार यहां आना संभव नहीं है, उन की तरफ विशेष ध्यान दिया जाना चाहिए। उन को पैंशन और सहायता राशि उनके घर पर पहुंचाई जाए।

**ਕਾਮਰੇਡ ਅਜੈਬ ਸਿੰਘ ਰੌਂਤਾ**. ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਇੱਕ ਅਹਿਮ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ। ਮੇਰੇ ਇਲਾਕੇ ਵਿੱਚ ਇੱਕ ਪੱਤੋਂ ਨਿਹਾਲ ਸਿੰਘ ਵਾਲਾ ਪਿੰਡ ਵਿਚੋਂ ਚੰਦ ਭਾਨ ਨਾਂ ਦੀ ਡਰੇਨ ਜਾਂਦੀ ਹੈ। ਇਹ ਪਿੰਡ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੈ। ਅੱਜ ਤੋਂ 23-24 ਸਾਲ ਪਹਿਲਾਂ ਉਥੇ ਇੱਕ ਹਾਇਰ ਸੈਕੰਡਰੀ ਸਕੂਲ ਦੇ ਸਾਮ੍ਹਣੇ ਕੈਂਚੀਆਂ ਵਾਲਾ ਪੁੱਲ ਪਾਇਆ ਗਿਆ। ਉਸ ਦਾ ਅੱਜ ਤੱਕ ਪਤਾ ਨਹੀਂ ਲੱਗਿਆ ਕਿ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਜੈਬ ਸਿੰਘ ਰੌਂਤਾ]

ਉਹ ਕਿਸ ਦੇ ਅਧੀਨ ਹੈ । ਸਪੀਕਰ ਸਾਹਿਬ, ਜੇਕਰ ਉਸ ਪੁਲ ਨੂੰ ਚੁੱਕ ਕੇ ਲਿਆਂਦਾ ਜਾ ਸਕੇ ਤਾਂ ਬਰਸਾਤਾਂ ਵਿੱਚ ਲੋਕਾਂ ਨੂੰ ਪਰੇਸ਼ਾਨੀ ਨਹੀਂ ਹੋਵੇਗੀ । ਇਸ ਨਾਲ ਲੋਕਾਂ ਦੀ ਸਮੱਸਿਆ ਹੱਲ ਹੋ ਸਕੇਗੀ ।

**Mr. Speaker**: Please sit down.

---

## CALL ATTENTION NOTICES UNDER RULE 66

(ਕ੍ਰਮ ਨੰ: 21)

**ਕਾਮਰੇਡ ਦਰਸ਼ਨ ਅਰਸ਼ੀ**
**ਕਾਮਰੇਡ ਅਜੈਬ ਸਿੰਘ ਰੌਂਤਾ** : ਸ੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ ਕਿ ਓਮਵਾਲ ਖੰਡ ਮਿੱਲ ਮੁਕੇਰੀਆਂ (ਹੁਸ਼ਿਆਰਪੁਰ) ਦੇ ਪ੍ਰਬੰਧਕਾਂ ਵੱਲੋਂ ਮਿੱਲ ਨਾਲ ਸਬੰਧਤ 68 ਪਿੰਡਾਂ ਦੇ ਕਿਸਾਨਾਂ ਦਾ ਗੰਨਾ ਚੁੱਕਣ ਲਈ ਨਾ ਹੀ ਕੰਡਿਆਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਅਤੇ ਨਾ ਹੀ ਉਤਪਾਦਕਾਂ ਨੂੰ ਕਿਰਾਇਆ ਦਿੱਤਾ ਜਾ ਰਿਹਾ ਹੈ । ਗੰਨਾ ਉਤਪਾਦਕਾਂ ਨੂੰ ਮਿਥੀ ਕੀਮਤ ਤੋਂ ਵੀ ਘੱਟ ਕੀਮਤ ਦਿੱਤੀ ਜਾ ਰਹੀ ਹੈ ਜਿਸ ਕਾਰਨ ਕਿਸਾਨਾਂ ਵਿੱਚ ਸਖ਼ਤ ਰੋਸ ਪਾਇਆ ਜਾ ਰਿਹਾ ਹੈ । ਸਥਿਤੀ ਨੂੰ ਸਪਸ਼ਟ ਕਰਨ ਹਿੱਤ ਸਬੰਧਤ ਮੰਤਰੀ ਜੀ ਹਾਊਸ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

**ਖੇਤੀਬਾੜੀ ਮੰਤਰੀ** (ਸਰਦਾਰ ਗੁਰਦੇਵ ਸਿੰਘ ਬਾਦਲ): ਜੀ ਹਾਂ, ਇਹ ਠੀਕ ਹੈ ਕਿ ਇਸ ਸਾਲ ਪਿੜਾਈ ਰੁੱਤ ਦੌਰਾਨ 68 ਪਿੰਡਾਂ ਦਾ ਗੰਨਾ ਚੁੱਕਣ ਲਈ ਜ਼ਿਲ੍ਹਾ ਗੁਰਦਾਸਪੁਰ ਦੇ ਰਕਬੇ ਵਿੱਚ, ਖੰਡ ਮਿੱਲ ਮੁਕੇਰੀਆਂ ਵੱਲੋਂ ਕੋਈ ਕੰਡਾ ਨਹੀਂ ਲਗਾਇਆ ਗਿਆ ਅਤੇ ਨਾ ਹੀ ਗੰਨਾ ਉਤਪਾਦਕਾਂ ਨੂੰ ਕੋਈ ਕਿਰਾਇਆ ਦਿੱਤਾ ਗਿਆ ਹੈ । ਸਾਲ 1996-97 ਦੌਰਾਨ ਰਾਜ ਸਰਕਾਰ ਵੱਲੋਂ ਗੰਨੇ ਦਾ ਭਾਅ ਅਗੇਤੀਆਂ ਕਿਸਮਾਂ ਲਈ 80/-ਰੁਪਏ ਪ੍ਰਤੀ ਕੁਇੰਟਲ, ਦਰਮਿਆਨੀਆਂ ਅਤੇ ਪਛੇਤੀਆਂ ਕਿਸਮਾਂ ਲਈ 78/- ਰੁਪਏ ਅਤੇ 76/-ਰੁਪਏ ਪ੍ਰਤੀ ਕੁਇੰਟਲ ਨਿਯਤ ਕੀਤਾ ਗਿਆ ਸੀ, ਪਰੰਤੂ ਕੁਝ ਖੰਡ ਮਿੱਲਾਂ ਵੱਲੋਂ ਇਸ ਭਾਅ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟਾਂ ਦਾਇਰ ਕੀਤੀਆਂ ਗਈਆਂ । ਹਾਈ ਕੋਰਟ ਨੇ ਸੁਣਵਾਈ ਸਮੇਂ ਗੰਨੇ ਦੇ ਭਾਅ ਵਿੱਚ ਪਿਛਲੇ ਸਾਲ ਨਾਲੋਂ ਕੀਤੇ ਵਾਧੇ ਪ੍ਰਤੀ ਰੋਕ ਲਾ ਦਿੱਤੀ । ਇਸ ਉਪਰੰਤ ਹਾਈ ਕੋਰਟ ਵੱਲੋਂ ਮਿਤੀ 5 ਫਰਵਰੀ, 1997 ਨੂੰ ਹੁਕਮ ਜਾਰੀ ਕੀਤੇ ਗਏ ਕਿ ਖੰਡ ਮਿੱਲਾਂ ਭਾਰਤ ਸਰਕਾਰ ਵੱਲੋਂ 1996-97 ਲਈ ਗੰਨੇ ਦੀ ਕਾਨੂੰਨੀ ਤੌਰ ਤੇ ਘੱਟ ਤੋਂ ਘੱਟ ਮਿਥੀ ਕੀਮਤ, ਗੰਨਾ ਖਰੀਦ ਦੇ 14 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਅਤੇ ਖੰਡ ਦੀ ਮਾਤਰਾ ਦੇ ਅਧਾਰ ਤੇ ਵਾਧੂ ਬਣਦੀ ਗੰਨੇ ਦੀ ਕੀਮਤ ਬਾਅਦ ਵਿੱਚ ਅਦਾ ਕਰਨ । ਇਸ ਤੋਂ ਇਲਾਵਾ ਜਿਨ੍ਹਾਂ ਖੰਡ ਮਿੱਲਾਂ ਵੱਲੋਂ ਗੰਨਾ ਖਰੀਦ ਅਤੇ ਭਾਅ ਸਬੰਧੀ ਇਕਰਾਰਨਾਮੇ ਕੀਤੇ ਹੋਣ, ਉਹ ਮਿੱਲਾਂ ਇਨ੍ਹਾਂ ਇਕਰਾਰ-ਨਾਮਿਆਂ ਅਨੁਸਾਰ ਗੰਨੇ ਦੀ ਕੀਮਤ ਦੀ ਅਦਾਇਗੀ ਕਰਨ । ਇਸ ਭਾਅ ਸਬੰਧੀ ਮਾਮਲਾ ਅਜੇ ਮਾਨਯੋਗ ਹਾਈ ਕੋਰਟ ਦੇ ਵਿਚਾਰ ਅਧੀਨ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਸਰਕਾਰ ਨੇ ਖੁਦ ਆਪਣੇ ਜਵਾਬ ਵਿਚ ਇਹ ਸਵੀਕਾਰ ਕੀਤਾ ਹੈ ਕਿ ਓਸਵਾਲ ਖੰਡ ਮਿੱਲ ਮੁਕੇਰੀਆਂ (ਹੁਸ਼ਿਆਰਪੁਰ) ਦੇ ਪ੍ਰਬੰਧਕਾਂ ਵੱਲੋਂ ਮਿੱਲ ਨਾਲ ਸਬੰਧਤ 68 ਪਿੰਡਾਂ ਦੇ ਕਿਸਾਨਾਂ ਦਾ ਗੰਨਾ ਚੁੱਕਣ ਲਈ ਨਾ ਹੀ ਕੰਡਿਆਂ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਨਾ ਹੀ ਉਤਪਾਦਕਾਂ ਨੂੰ ਕਿਰਾਇਆ ਦਿੱਤਾ ਜਾਂਦਾ ਹੈ। ਕੀ ਇਸ ਤਰ੍ਹਾਂ ਕਰਨ ਨਾਲ ਸ਼ੂਗਰ ਕੰਟਰੋਲ ਐਕਟ ਦੀ ਉਲੰਘਣਾ ਨਹੀਂ ਹੋ ਰਹੀ ? ਇਸ ਦਾ ਪ੍ਰਬੰਧ ਕਰਨ ਲਈ ਸਰਕਾਰ ਵੱਲੋਂ ਕੀ ਐਕਸ਼ਨ ਲਿਆ ਜਾ ਰਿਹਾ ਹੈ ?

**ਮੰਤਰੀ**: ਸਪੀਕਰ ਸਾਹਿਬ, ਹਾਈ ਕੋਰਟ ਦੇ ਹੁਕਮਾਂ ਦੇ ਮੁਤਾਬਿਕ ਕੰਮ ਕੀਤਾ ਜਾ ਰਿਹਾ ਹੈ, ਕਿਉਂਕਿ ਹਾਈ ਕੋਰਟ ਨੇ ਬੈਨ ਲਗਾਇਆ ਹੋਇਆ ਹੈ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਹਾਈ ਕੋਰਟ ਨੇ ਗੰਨੇ ਦੇ ਭਾਅ ਵਿਚ ਪਿਛਲੇ ਸਾਲ ਨਾਲੋਂ ਕੀਤੇ ਵਾਧੇ ਪ੍ਰਤੀ ਰੋਕ ਲਗਾਈ ਹੋਈ ਹੈ। ਹਾਈ ਕੋਰਟ ਵੱਲੋਂ ਹੁਕਮ ਜਾਰੀ ਕੀਤੇ ਗਏ ਸਨ ਕਿ ਖੰਡ ਮਿੱਲਾਂ ਭਾਰਤ ਸਰਕਾਰ ਵੱਲੋਂ 1996-97 ਲਈ ਗੰਨੇ ਦੀ ਕਾਨੂੰਨੀ ਤੌਰ ਤੇ ਘੱਟ ਤੋਂ ਘੱਟ ਮਿੱਥੀ ਕੀਮਤ ਗੰਨਾ ਖਰੀਦ ਦੇ 14 ਦਿਨਾਂ ਦੇ ਅੰਦਰ ਅੰਦਰ ਅਦਾ ਕਰਨ ਪਰ ਮਿੱਲ ਦੇ ਪ੍ਰਬੰਧਕਾਂ ਵੱਲੋਂ ਕੰਡਾ ਨਹੀਂ ਲਗਾਇਆ ਹੋਇਆ ਅਤੇ ਨਾ ਹੀ ਕਿਰਾਇਆ ਦਿੱਤਾ ਜਾ ਰਿਹਾ ਹੈ। ਕੀ ਸਰਕਾਰ ਇਨ੍ਹਾਂ ਦੋਨਾਂ ਚੀਜ਼ਾਂ ਦਾ ਪ੍ਰਬੰਧ ਕਰ ਦੇਵੇਗੀ ?

**ਮੰਤਰੀ**: ਸਪੀਕਰ ਸਾਹਿਬ, ਅਸੀਂ ਇਸ ਤੇ ਵਿਚਾਰ ਕਰ ਲਵਾਂਗੇ।

**ਕਾਮਰੇਡ ਅਜੈਬ ਸਿੰਘ ਰੌਂਤਾ**: ਸਪੀਕਰ ਸਾਹਿਬ, ਹਰ ਰੋਜ਼ 30 ਪਰਚੀਆਂ ਹਿਮਾਚਲ ਪ੍ਰਦੇਸ਼ ਦੇ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਕੀ ਇਸ ਤਰ੍ਹਾਂ ਕਰਨ ਨਾਲ ਸਰਕਾਰ ਸ਼ੂਗਰ ਕੰਟਰੋਲ ਐਕਟ ਦੀ ਉਲੰਘਣਾ ਨਹੀਂ ਕਰ ਰਹੀ ? ਕੀ ਸਰਕਾਰ ਇਸ ਬਾਰੇ ਆਪਣੇ ਵਿਚਾਰ ਦੱਸੇਗੀ ?

**ਮੰਤਰੀ**: ਸਪੀਕਰ ਸਾਹਿਬ, ਕਾਲ ਅਟੈਨਸ਼ਨ ਨੋਟਿਸ ਨੰ: 21 ਖਤਮ ਹੋ ਗਿਆ ਹੈ ਅਤੇ ਹੁਣ 23 ਸ਼ੁਰੂ ਹੋ ਗਿਆ ਹੈ।

**ਸ਼੍ਰੀ ਸਪੀਕਰ**: ਸਰਦਾਰ ਅਜੈਬ ਸਿੰਘ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਨੋਟਿਸ 23 ਬੋਲੋ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਕਾਲ ਅਟੈਨਸ਼ਨ ਨੋਟਿਸ ਉਤੇ ਰੌਂਤਾ ਸਾਹਿਬ ਨੇ ਸਾਈਨ ਕੀਤੇ ਹੋਏ ਹਨ ਅਤੇ ਉਹ ਸਪਲੀਮੈਂਟਰੀ ਕਰ ਸਕਦੇ ਹਨ। ਇਹ ਰੂਲਜ਼ ਦੇ ਵਿਚ ਹੈ।

**ਸ਼੍ਰੀ ਸਪੀਕਰ**: ਤੁਸੀਂ 2 ਸਵਾਲ ਪੁੱਛ ਲਏ ਹਨ। ਇਸ ਕਰਕੇ ਮੈਂ ਨੈਕਸਟ ਕਾਲ ਅਟੈਨਸ਼ਨ ਕਾਲ-ਅਪਾਨ ਕੀਤੀ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਰੂਲਜ਼ ਦੇ ਮੁਤਾਬਿਕ ਰੌਂਤਾ ਸਾਹਿਬ ਨੂੰ ਇਕ ਸਪਲੀਮੈਂਟਰੀ ਕਰਨ ਦਾ ਹੱਕ ਹੈ ਅਤੇ ਰੂਲਜ਼ ਦੇ ਵਿਚ ਪ੍ਰੋਵੀਜ਼ਨ ਹੈ। ਉਹ ਵੱਖਰੀ ਗੱਲ ਹੈ ਕਿ ਅਸੀਂ ਇਨ੍ਹਾਂ ਦੇ ਨਾਲ ਸਮਝੌਤਾ ਕਰ ਲੈਂਦੇ ਹਾਂ ਅਤੇ ਸਵਾਲ ਨਹੀਂ ਕਰਦੇ।

**ਸੰਸਦੀ ਮਾਮਲਿਆਂ ਦੇ ਮੰਤਰੀ**: ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਹ ਸਪਲੀਮੈਂਟਰੀ ਪੁੱਛ ਸਕਦੇ ਹਨ ਪਰ ਮਨਿਸਟਰ ਸਾਹਿਬ ਨੇ ਬੜਾ ਕਲੀਅਰ ਜਵਾਬ ਦੇ ਦਿੱਤਾ ਹੈ। ਕਿਉਂਕਿ ਰੌਂਤਾ ਸਾਹਿਬ ਦਾ ਨਾਂ ਰਿਕਾਰਡ ਦੇ ਵਿਚ ਦਰਜ ਹੈ, ਇਸ ਲਈ ਇਹ ਵੀ ਇਕ ਸਪਲੀਮੈਂਟਰੀ ਕਰ ਸਕਦੇ ਹਨ।

**ਕਾਮਰੇਡ ਅਜੈਬ ਸਿੰਘ ਰੌਂਤਾ**: ਸਪੀਕਰ ਸਾਹਿਬ ਕੋਈ ਗੱਲ ਨਹੀਂ। ਅਸੀਂ ਇਨ੍ਹਾਂ ਦੇ ਨਾਲ ਸਮਝੌਤਾ ਕਰ ਲੈਂਦੇ ਹਾਂ।

(ਕ੍ਰਮ ਨੰ: 23)

**ਕਾਮਰੇਡ ਹਰਦੇਵ ਅਰਸ਼ੀ**
**ਕਾਮਰੇਡ ਅਜੈਬ ਸਿੰਘ ਰੌਂਤਾ** } ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ

ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਕਿ ਸਬ ਡਵੀਜ਼ਨ ਬੁਢਲਾਡਾ (ਮਾਨਸਾ) ਦੇ ਨਾਲ ਲਗਦੇ ਕੁਝ ਇਲਾਕਿਆਂ ਦਾ ਘੱਟੋ-ਘੱਟ 4,000 ਏਕੜ ਗੰਨਾ ਲਾਵਾਰਿਸ ਖੜਾ ਹੈ ਕਿਉਂਕਿ ਇਸ ਖੇਤਰ ਦਾ ਗੰਨਾ ਖੰਡ ਮਿਲ ਪਾਤੜਾਂ ਤੇ ਖੰਡ ਮਿੱਲ ਫਰੀਦਕੋਟ ਨੂੰ ਸੌਂਪਿਆ ਗਿਆ ਸੀ ਪ੍ਰੰਤੂ ਉਕਤ ਖੰਡ ਮਿੱਲਾਂ ਵੱਲੋਂ ਹਾਲੇ ਤੱਕ ਬੁਢਲਾਡਾ ਖੇਤਰ ਦੇ ਕਿਸਾਨਾਂ ਨੂੰ ਨਾ ਹੀ ਪਰਚੀਆਂ ਜਾਰੀ ਕੀਤੀਆਂ ਹਨ ਅਤੇ ਨਾ ਹੀ ਕੰਡੇ ਦੀ ਸਥਾਪਨਾ ਕੀਤੀ ਹੈ। ਜਿਸ ਕਰਕੇ ਗੰਨਾ ਉਤਪਾਦਕਾਂ ਵਿਚ ਸਖ਼ਤ ਪ੍ਰੇਸ਼ਾਨੀ ਪਾਈ ਜਾ ਰਹੀ ਹੈ। ਕਿਰਪਾ ਕਰਕੇ ਸਬੰਧਤ ਮੰਤਰੀ ਜੀ ਹਾਊਸ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਖੇਤੀਬਾੜੀ ਮੰਤਰੀ** (ਸਰਦਾਰ ਗੁਰਦੇਵ ਸਿੰਘ ਬਾਦਲ): ਸਪੀਕਰ ਸਾਹਿਬ, ਇਹ ਠੀਕ ਨਹੀਂ ਹੈ ਕਿ ਸਹਿਕਾਰੀ ਖੰਡ ਮਿੱਲ ਬੁਢਲਾਡਾ ਦੇ ਇਲਾਕੇ ਦਾ ਘੱਟ-ਘੱਟ 400 ਏਕੜ ਗੰਨਾ ਲਾਵਾਰਿਸ ਖੜ੍ਹਾ ਹੈ। ਬੁਢਲਾਡਾ ਖੰਡ ਮਿੱਲ ਦੇ ਰਕਬੇ ਵਿੱਚ ਕੁੱਲ 4500 ਏਕੜ ਗੰਨੇ ਦੀ ਫਸਲ ਦਾ ਜੁਲਾਈ ਅਤੇ ਅਗਸਤ ਦੇ ਮਹੀਨੇ ਵਿੱਚ ਸਰਵੇ ਕੀਤਾ ਗਿਆ ਅਤੇ ਉਸ ਸਰਵੇ ਮੁਤਾਬਿਕ 8 ਲੱਖ ਕੁਇੰਟਲ ਗੰਨਾ ਉਪਲਬਧ ਹੋਣ ਦੀ ਸੰਭਾਵਨਾ ਸੀ। ਇਹ ਠੀਕ ਹੈ ਕਿ ਪੰਜਾਬ ਸ਼ੂਗਰਕੇਨ ਕੰਟਰੋਲ ਬੋਰਡ ਵੱਲੋਂ ਖੰਡ ਮਿੱਲ ਪਾਤੜਾਂ ਨੂੰ 4 ਲੱਖ ਕੁਇੰਟਲ ਗੰਨਾ ਅਤੇ ਸਹਿਕਾਰੀ ਖੰਡ ਮਿੱਲ, ਫਰੀਦਕੋਟ ਨੂੰ 4 ਲੱਖ ਕੁਇੰਟਲ ਗੰਨਾ ਅਲਾਟ ਕੀਤਾ ਗਿਆ ਸੀ। ਖੰਡ ਮਿੱਲ ਪਾਤੜਾਂ ਵੱਲੋਂ 3.27 ਲੱਖ ਕੁਇੰਟਲ ਗੰਨਾ ਖੰਡ ਮਿੱਲ ਬੁਢਲਾਡਾ ਦੇ ਰਕਬੇ ਵਿੱਚੋਂ ਖਰੀਦਿਆ ਗਿਆ ਹੈ, ਪ੍ਰੰਤੂ ਸਹਿਕਾਰੀ ਖੰਡ ਮਿਲ

Original with;
Punjab Vidhan Sabha
Digitized by;
Panjab Digital Library

ਫਰੀਦਕੋਟ ਵੱਲੋਂ ਲਗਭਗ 700 ਕੁਇੰਟਲ ਗੰਨਾ ਹੀ ਖਰੀਦਿਆ ਗਿਆ ਹੈ। ਬਾਕੀ ਦਾ ਗੰਨਾ ਪਛੇਤੀ ਕਿਸਮ ਦਾ ਫਰੀਦਕੋਟ ਮਿੱਲ ਵੱਲੋਂ ਕਲੰਡਰ ਬਣਾ ਕੇ ਉਨ੍ਹਾਂ ਦੇ ਪਛੇਤੇ ਗਰੁੱਪ ਨਾਲ ਖਰੀਦਿਆ ਜਾ ਸਕਿਆ।

**ਕਾਮਰੇਡ ਹਰਦੇਵ ਅਰਸ਼ੀ:** ਸਪੀਕਰ ਸਾਹਿਬ, ਮੈਂ ਰਕਬਿਆਂ ਦੇ ਅੰਕੜਿਆਂ ਵਿਚ ਨਹੀਂ ਪੈਣਾ ਚਾਹੁੰਦਾ। ਮੈਂ ਇਨ੍ਹਾਂ ਤੋਂ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿ ਜਿਹੜੀ ਉੱਥੇ ਸੂਗਰ ਮਿਲ ਕੋਆਪਰੇਟਿਵ ਸੈਕਟਰ ਦੀ, ਪਿਛਲੇ ਤਿੰਨ ਸਾਲਾਂ ਤੋਂ ਬੰਦ ਹੈ ਉਹ ਜੋ ਖੰਡ ਮਿੱਲਾਂ ਦਾ ਏਰੀਆਂ ਹੈ ਇਸ ਖੰਡ ਮਿੱਲ ਦੇ ਏਰੀਏ ਵਿੱਚ ਇਕੱਲਾ ਇਹ ਸਭ ਡਵੀਜਨ ਬੁਢਲਾਡਾ ਦਾ ਇਲਾਕਾ ਹੀ ਨਹੀਂ ਹੈ ਬਲਕਿ ਉਸ ਵਿਚ ਸੰਗਰੂਰ ਦਾ ਕੁਝ ਪਾਰਟ ਵੀ ਆ ਜਾਂਦਾ ਹੈ। ਮਾਨਸਾ ਦਾ ਸਾਰਾ ਡਿਸਟ੍ਰਿਕਟ ਆ ਜਾਂਦਾ ਹੈ। ਜੇ ਸਾਰਾ ਏਰੀਆ ਕੈਲਕੁਲੇਟ ਕਰ ਲਿਆ ਜਾਵੇ ਤਾਂ ਇਹ ਘੱਟੋ ਘੱਟ 4000 ਏਕੜ ਤੋਂ ਵੀ ਉੱਪਰ ਬਣਦਾ ਹੈ। ਮੇਰਾ ਸਿਰਫ ਕੁਐਸਚਨ ਹੈ ਜੋ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਗੰਨਾਂ ਦੋ ਮਿਲਾਂ ਨੂੰ ਅਲਾਟ ਕਰ ਦਿੱਤਾ ਹੈ, ਜਦੋਂ ਮੈਂ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ਤਾਂ ਉਸ ਵੇਲੇ ਤੱਕ ਮਿੱਲ ਵੱਲੋਂ ਕਿਸਾਨਾਂ ਨੂੰ ਕੋਈ ਪਰਚੀ ਨਹੀਂ ਸੀ ਦਿੱਤੀ ਗਈ, ਉਸ ਤੋਂ ਬਾਅਦ ਹੋ ਸਕਦਾ ਹੈ ਕਿ ਪਰਚੀਆਂ ਦਿੱਤੀਆਂ ਗਈਆਂ ਹੋਣ ਜੇਕਰ ਦਿੱਤੀਆਂ ਹੋਣ ਤਾਂ ਠੀਕ ਹੈ। ਮਿੱਲ ਵਾਲਿਆਂ ਨੇ ਉਥੇ ਕੰਡਾ ਨਹੀਂ ਲਾਇਆ। ਸੂਗਰਕੇਨ ਐਕਟ ਦੀ ਇਹ ਵੀ ਇਕ ਪ੍ਰੋਵੀਜ਼ਨ ਹੈ ਜਿਹੜੀ ਮਿੱਲ ਨੂੰ ਗੰਨਾ ਅਲਾਟ ਕੀਤਾ ਜਾਂਦਾ ਹੈ ਉਹ ਉਥੇ ਕੰਡੇ ਦੀ ਵਿਵਸਥਾ ਵੀ ਕਰੇ ਔਰ ਨਾਲ ਕਿਸਾਨਾਂ ਨੂੰ ਕਿਰਾਇਆ ਵੀ ਦੇਵੇ। ਇਹ ਦੋਨੋਂ ਚੀਜ਼ਾਂ ਵੀ ਨਹੀਂ ਕੀਤੀਆਂ ਜਾ ਰਹੀਆਂ। ਇਸ ਬਾਰੇ ਮੰਤਰੀ ਜੀ ਕੀ ਕਹਿਣਗੇ?

**ਮੰਤਰੀ** ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਮੀਟਿੰਗ ਬੁਲਾਈ ਅਤੇ ਉਸ ਉਪਰੰਤ ਇਹ ਜਿਹੜੀਆਂ ਮਿੱਲਾਂ ਬੰਦ ਪਈਆਂ ਹਨ, ਉਨ੍ਹਾਂ ਦਾ ਗੰਨਾ ਸਾਰੀਆਂ ਮਿੱਲਾਂ ਵਿਚ ਵੰਡਿਆ ਗਿਆ ਜਿਵੇਂ ਫਰੀਦਕੋਟ ਨੂੰ 4 ਲੱਖ ਕੁਇੰਟਲ ਦਿੱਤਾ ਗਿਆ ਅਤੇ ਇਸੇ ਤਰ੍ਹਾਂ ਦੂਸਰੀਆਂ ਹੋਰ ਮਿੱਲਾਂ ਨੂੰ ਵੀ ਦਿੱਤਾ ਗਿਆ। ਪਛੇਤੀ ਕਿਸਮ ਹੋਣ ਕਾਰਨ ਇਹ 700 ਕੁਇੰਟਲ ਗੰਨਾ ਫਰੀਦਕੋਟ ਮਿਲ ਨੇ ਖਰੀਦਿਆ। ਜਿੰਨ੍ਹਾਂ ਚਿਰ ਕਿਸਾਨਾਂ ਦਾ ਸਾਰਾ ਗੰਨਾ ਪੀੜਿਆ ਨਹੀਂ ਜਾਂਦਾ, ਉਨ੍ਹਾਂ ਚਿਰ ਤੱਕ ਮਿੱਲਾਂ ਲਗਾਤਾਰ ਚੱਲਣਗੀਆਂ (ਥੰਪਿੰਗ) ਕਿਉਂਕਿ ਅਸੀਂ ਕਿਸਾਨਾਂ ਦੇ ਹਿਤੈਸ਼ੀ ਹਾਂ। ਇਹ ਕਿਸਾਨਾਂ ਦੀ ਸਰਕਾਰ ਹੈ ਅਤੇ ਬਾਦਲ ਸਾਹਿਬ ਵੀ ਕਿਸਾਨਾਂ ਦੇ ਹਮਦਰਦ ਹਨ।

**ਕਾਮਰੇਡ ਹਰਦੇਵ ਅਰਸ਼ੀ**. ਮੈਂ ਜੋ ਪੁੱਛਿਆ ਸੀ, ਉਸ ਦਾ ਜਵਾਬ ਨਹੀਂ ਆਇਆ। ਮੈਂ ਮੰਤਰੀ ਜੀ ਤੋਂ ਕੰਡੇ ਅਤੇ ਕਿਰਾਏ ਬਾਰੇ ਸਵਾਲ ਪੁੱਛਿਆ ਸੀ ਪਰ ਉਸ ਦਾ ਕੋਈ ਜਵਾਬ ਨਹੀਂ ਆਇਆ। (ਵਿਘਨ)

**ਸਹਿਕਾਰਤਾ ਮੰਤਰੀ**. ਮਿੱਲਾਂ ਬੰਦ ਸਨ ਇਸ ਕਰਕੇ ਪ੍ਰੈਸ਼ਰ ਤਾਂ ਪੈਣਾ ਹੀ ਸੀ। ਇਤਨਾ ਛੇਤੀ ਗੰਨਾ ਕਿਵੇਂ ਪੀੜਿਆ ਜਾ ਸਕਦਾ ਸੀ। ਇਕ ਮਹੀਨਾ ਮਿੱ[illegible] ਚੱਲੀਆਂ। ਇਸ ਵਿਚ ਸਾਡਾ ਕੀ ਕਸੂਰ ਹੈ। ਕਸੂਰ ਤੁਹਾਡਾ (ਕਾਂਗਰ[illegible] ਇਸ਼ਾਰਾ) ਜਿਨ੍ਹਾਂ ਨੇ ਮਿਲਾਂ ਬੰਦ ਕਰਵਾਈਆਂ।

Original with;
Punjab Vidhan Sabha
Digitized by;
Panjab Digital Library

## RESUMPTION OF DISCUSSION ON GOVERNOR'S ADDRESS

**ਸ਼੍ਰੀ ਸਪੀਕਰ:** ਬ੍ਰਹਮਪੁਰਾ ਜੀ, ਜ਼ਰਾ ਮੇਰੀ ਬੇਨਤੀ ਸੁਣ ਲਓ। 10 ਮਾਰਚ, 1997 ਨੂੰ ਸਰਦਾਰ ਬਲਦੇਵ ਸਿੰਘ ਜੀ ਖਿਆਲਾ, ਐਮ. ਐਲ. ਏ. ਦੁਆਰਾ ਪੇਸ਼ ਕੀਤੇ ਗਏ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਦੇ ਮਤੇ ਤੇ ਹੁਣ ਬਹਿਸ ਜਾਰੀ ਹੋਣੀ ਹੈ। ਜਦੋਂ ਸਦਨ ਸਥਗਿਤ ਹੋਇਆ, ਸ਼੍ਰੀਮਤੀ ਸਤਵੰਤ ਕੌਰ ਸੰਧੂ ਕਲ੍ਹ ਬੋਲ ਰਹੇ ਸਨ, ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਹ ਬੋਲਣ ਦੀ ਖੇਚਲ ਕਰਨ ਪਰ ਪੰਜ ਮਿੰਟ ਤੋਂ ਜ਼ਿਆਦਾ ਨਹੀਂ।

**ਸ਼੍ਰੀਮਤੀ ਸਤਵੰਤ ਕੌਰ ਸੰਧੂ** (ਚਮਕੌਰ ਸਾਹਿਬ ਐਸ. ਸੀ.) : ਸਪੀਕਰ ਸਾਹਿਬ, ਮੈਂ ਤੁਹਾਡੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਕਲ੍ਹ ਮੈਂ ਗੱਲ ਕਰ ਰਹੀ ਸੀ ਕਿ ਅਤਿਵਾਦ ਕਰਕੇ ਸਾਡੀ ਸਟੇਟ ਉਪਰ ਬਹੁਤ ਅਸਰ ਪਿਆ। ਇਸਦੇ ਲਈ ਕੌਣ ਜ਼ਿੰਮੇਵਾਰ ਹੈ? ਇਸ ਦੇ ਬਾਰੇ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ ਕਿ ਪਹਿਲਾਂ 1991 ਵਿਚ ਇਲੈਕਸ਼ਨ ਫਿਕਸ ਹੋਏ ਅਤੇ ਉਸ ਤੋਂ ਬਾਅਦ ਫੇਰ 1992 ਵਿਚ ਇਲੈਕਸ਼ਨ ਹੋਏ। ਉਸ ਇਲੈਕਸ਼ਨ ਨੇ ਅੱਤਵਾਦ ਦੀ ਜਿਹੜੀ ਪਿਕਚਰ ਹੈ, ਉਹ ਬਿਲਕੁਲ ਕਲੀਅਰ ਕਰ ਦਿੱਤੀ। 1991 ਵਿਚ 26-27 ਬੰਦੇ ਮਾਰੇ ਜਾਣ ਅਤੇ 1992 ਵਿਚ ਕਿਸੇ ਵੀ ਕੈਂਡੀਡੇਟ ਦੇ ਸਰੀਰ ਤੇ ਝਰੀਟ ਤੱਕ ਨਾ ਆਵੇ, ਇਹ ਸਾਫ ਜ਼ਾਹਿਰ ਕਰ ਦੇਂਦਾ ਹੈ ਕਿ ਇਸ ਦੇ ਪਿੱਛੇ ਕੌਣ ਹਨ ਅਤੇ ਕੌਣ ਨਹੀਂ ਹਨ। ਸਪੀਕਰ ਸਾਹਿਬ, ਫਿਰ ਮੈਂ ਇਸ ਦੇ ਨਾਲ ਇਹ ਕਹਾਂਗੀ ਕਿ ਕਾਂਗਰਸ ਨੇ 1991 ਵਿਚ ਇਲੈਕਸ਼ਨਾਂ ਦਾ ਬਾਈਕਾਟ ਕੀਤਾ। 1991 ਵਿਚ ਬਾਈਕਾਟ ਕਰਨ ਤੋਂ ਪਹਿਲਾਂ ਹੀ ਸੈਂਟਰ ਵਿਚ ਫੈਸਲਾ ਹੋਇਆ ਸੀ ਕਿ ਅਸੀ ਐਨ ਆਖਿਰ ਤੇ ਇਲੈਕਸ਼ਨਾਂ ਕੈਂਸਲ ਕਰ ਦੇਣੀਆਂ ਹਨ ਅਤੇ ਉਸ ਫੈਸਲੇ ਦੇ ਮੁਤਾਬਿਕ ਹੀ ਇਲੈਕਸ਼ਨ ਨਹੀਂ ਲੜੇ ਗਏ। ਪਰ ਉਸ ਫੈਸਲੇ ਨੇ ਪੰਜਾਬ ਦੇ ਲੋਕਾਂ ਦੀ ਰਾਏ ਦਾ, ਸੰਵਿਧਾਨ ਦਾ, ਜੋ ਨਿਰਾਦਰ ਕੀਤਾ ਹੈ, ਉਸ ਦੇ ਵਾਸਤੇ ਇਹ ਖੁਦ ਜਵਾਬਦੇਹ ਹੋਣਗੇ। ਇਸ ਦੇ ਨਾਲ ਹੀ ਮੈਂ ਇਹ ਕਹਾਂਗੀ, ਮੇਰਾ ਖਿਆਲ ਹੈ ਕਿ 1984 ਦੇ ਵਿਚ ਚੰਡੀਗੜ੍ਹ ਵਿਚ ਇਕ ਗਜਿੰਦਰ ਸਿੰਘ ਨਾਂ ਦਾ ਮੁੰਡਾ 37-38 ਸੈਕਟਰ ਦੇ ਵਿਚ ਪੁਲਿਸ ਨੇ ਫੜਿਆ ਸੀ। ਉਸ ਨੂੰ ਫੜਨ ਤੋਂ ਬਾਅਦ ਜਦੋਂ ਉਸ ਦੀ ਇੰਟਰੋਗੇਸ਼ਨ ਹੋਈ, ਤਾਂ ਉਸ ਨੇ ਮੇਰੇ ਕੁਝ ਵੀਰਾਂ ਦੇ ਨਾ ਲਏ। ਉਸ ਗੱਲ ਤੋਂ ਬਾਅਦ ਜੋ ਉਸ ਦੇ ਰਿਜ਼ਲਟ ਸਾਹਮਣੇ ਆਏ, ਉਹ ਸਾਰੇ ਮਾਨਯੋਗ ਮੈਂਬਰ ਨੂੰ ਪਤਾ ਹਨ ਅਤੇ ਉਸ ਕਹਾਣੀ ਨੂੰ ਬਿਲਕੁਲ ਹੀ ਛੁਪਾ ਲਿਆ ਗਿਆ। ਛੁਪਾਉਣ ਦਾ ਕਾਰਣ ਇਹ ਸੀ ਕਿ ਸਹੀ ਪਿਕਚਰ ਸਾਹਮਣੇ

ਸੀ। ... ਸੀ। ਪਰ ਸਚਾਈ ਤਾਂ ਆਹਿਸਤਾ-ਆਹਿਸਤਾ ਲੋਕਾਂ ਦੇ ਸਾਹਮਣੇ ਆਪਣੇ ਆਪ

ਲੱਖ ਕੁਇੰਟਲ ... ਹੈ। ਮੈਂ ਹੁਣ ਇਹੀ ਬੇਨਤੀ ਕਰਾਂਗੀ ਕਿ ਜੋ ਪੰਜਾਬ ਨੇ ਪਿਛਲੇ

ਅਲਾਟ ਕੀਤਾ ਗਿ... ਵਿਚ ਆਪਣੇ ਸਰੀਰ ਦੇ ਉਤੇ ਕਸ਼ਟ ਝੱਲਿਆ, ਉਹ ਅੱਗੇ ਤੋਂ ਨਾ ਝੱਲਣ

ਮਿੱਲ ਬੁਢਲਾਡਾ ਦੇ

Original with;
Punjab Vidhan Sabha
Digitized by;
Panjab Digital Library

ਵਾਸਤੇ ਹਾਊਸ ਦੇ ਜਿਹੜੇ ਅਸੀਂ ਸਾਰੇ ਮੈਂਬਰ ਹਾਂ, ਸਾਡੀ ਵੱਧ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਇਸ ਸ਼ਾਂਤੀ ਨੂੰ ਕਾਇਮ ਰੱਖੀਏ। ਅਕਾਲੀ ਦਲ ਦਾ ਜੋ ਸਿਧਾਂਤ ਰਿਹਾ ਹੈ, ਉਹ ਬਿਲਕੁਲ ਸਾਹਮਣੇ ਹੈ ਕਿ ਹਰ ਵੇਲੇ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣਾ ਹੈ ਅਤੇ ਹਿੰਮਤ ਰੱਖਣੀ ਹੈ। ਕੁਝ ਮੇਰੇ ਵੀਰ ਜਿਹੜੇ ਹਨ, ਉਹ ਕੁਰਸੀਆਂ ਦੀ ਖਾਤਰ ਦੇਸ਼ ਨੂੰ ਤਬਾਹ ਕਰਨ ਵਾਸਤੇ ਤੁਲੇ ਹੋਏ ਹਨ। ਲੋੜ ਹੈ ਬੈਠ ਕੇ ਸੋਚਣ ਦੀ ਕਿ ਅਸੀਂ ਕੀ ਕਰਨਾ ਹੈ। ਦੇਸ਼ ਆਜ਼ਾਦ ਕਰਾਉਣ ਵਾਸਤੇ ਹਰੇਕ ਪੰਜਾਬੀ ਨੇ, ਹਰੇਕ ਦੇਸ਼ ਵਾਸੀ ਨੇ ਕੁਰਬਾਨੀ ਦਿੱਤੀ ਹੈ। ਉਸ ਕੁਰਬਾਨੀ ਨੂੰ ਕਾਇਮ ਰੱਖਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਬਣ ਜਾਂਦੀ ਹੈ। ਕਿਤੇ ਇਹ ਨਾ ਹੋਵੇ ਕਿ ਦੇਸ਼ ਵਿਚ ਫਿਰ ਭਾਂਬੜ ਮਚ ਜਾਣ ਅਤੇ ਦੇਸ਼ ਨੂੰ ਦੋਬਾਰਾ ਗੁਲਾਮੀ ਵੱਲ ਧੱਕ ਦਿੱਤਾ ਜਾਵੇ। ਸਪੀਕਰ ਸਾਹਿਬ, ਐਸੇ ਹਾਲਾਤ ਨਾਲ ਦੇਸ਼ ਅੱਜ ਵੀ ਗੁਲਾਮੀ ਦੀ ਜਕੜ ਵੱਲ ਤੁਰਿਆ ਹੋਇਆ ਹੈ। ਉਸ ਨੂੰ ਸਾਂਭਣ ਵਾਸਤੇ ਲੋੜ ਹੈ ਕਿ ਤਕੜੇ ਹੋ ਕੇ, ਜ਼ੁਲਮ ਕੌਣ ਕਰ ਰਿਹਾ ਹੈ, ਉਸ ਨੂੰ ਕਹੀਏ। ਅੱਜ ਮਨ ਨੂੰ ਤਕੜਾ ਕਰਨ ਦੀ ਲੋੜ ਹੈ, ਕੁਰਸੀਆਂ ਨੂੰ ਥੋੜ੍ਹਾ ਦੂਰ ਰੱਖਣ ਦੀ ਲੋੜ ਹੈ।

ਅੱਗੇ, ਸਪੀਕਰ ਸਾਹਿਬ, ਹਾਊਸ ਵਿਚ ਦਲਿਤ ਵਰਗ ਦੀ ਗੱਲ ਹੋਈ। ਮੈਂ ਆਪ ਇਸ ਵਰਗ ਨਾਲ ਸਬੰਧ ਰੱਖਦੀ ਹਾਂ। ਮੈਂ ਈਮਾਨਦਾਰੀ ਨਾਲ ਕਹਿ ਸਕਦੀ ਹਾਂ ਕਿ ਜਿਹੜੇ ਮੇਰੇ ਵੀਰ ਕਿਸੇ ਟਾਇਮ ਤੇ ਦਲਿਤਾਂ ਦੇ ਠੇਕੇਦਾਰ ਬਣਦੇ ਸਨ, ਉਨ੍ਹਾਂ ਨੂੰ ਇਸ ਗੱਲ ਦੀ ਬਿਲਕੁਲ ਸੋਚ ਨਹੀਂ ਸੀ ਕਿ ਇਨ੍ਹਾਂ ਦਲਿਤ ਲੋਕਾਂ ਦੀਆਂ ਦੁੱਖ ਤਕਲੀਫਾਂ ਨੂੰ ਕਿਸ ਤਰ੍ਹਾਂ ਹੱਲ ਕਰਨਾ ਹੈ। ਅਕਾਲੀ ਦਲ ਦੀ ਸਰਕਾਰ ਜਿਸ ਵੇਲੇ ਪੰਜਾਬ ਵਿਚ ਪਹਿਲੀ ਵਾਰੀ ਬਣੀ ਸੀ ਤਾਂ ਉਸ ਵੇਲੇ ਇਸ ਵਰਗ ਲਈ ਧਰਮਸ਼ਾਲਾਵਾਂ ਬਨਾਉਣ ਦਾ ਪ੍ਰੋਗਰਾਮ ਬਣਿਆ ਸੀ। ਉਸ ਟਾਇਮ ਇਸ ਵਰਗ ਦੀ ਭਲਾਈ ਲਈ ਇਕ ਕਾਰਪੋਰੇਸ਼ਨ ਵੀ ਬਣੀ ਸੀ ਜਿਸ ਤੋਂ ਕਰਜ਼ੇ ਲੈ ਕੇ ਇਹ ਲੋਕ ਆਪਣਾ ਕਾਰੋਬਾਰ ਕਰ ਸਕਦੇ ਹਨ। ਸਪੀਕਰ ਸਾਹਿਬ, ਉਸ ਵੇਲੇ ਪਹਿਲਾਂ 5 ਕਰੋੜ ਰੁਪਏ ਦੀ ਕੈਪੀਟਲ ਨਾਲ ਇਹ ਕਾਰਪੋਰੇਸ਼ਨ ਸ਼ੁਰੂ ਹੋਈ ਅਤੇ ਫਿਰ ਜਦੋਂ ਇਸ ਕੈਪੀਟਲ ਨੂੰ ਵਧਾਇਆ ਗਿਆ ਤਾਂ ਉਸ ਵੇਲੇ ਵੀ ਅਕਾਲੀ ਦਲ ਦੀ ਸਰਕਾਰ ਸੀ। ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਨ੍ਹਾਂ ਮੇਰੇ ਵੀਰਾਂ ਨੂੰ ਜਿੰਨੀ ਵੀ ਰਾਹਤ ਦਿੱਤੀ ਜਾਵੇ, ਥੋੜ੍ਹੀ ਹੈ। ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਮੈਂ ਇਹ ਕਹਿਣੀ ਚਾਹਵਾਂਗੀ ਕਿ ਜੇ ਅਸੀਂ ਤਕੜੇ ਹੋ ਕੇ ਐਜੂਕੇਸ਼ਨ ਦਾ ਪੱਧਰ ਠੀਕ ਕਰ ਲਈਏ ਤਾਂ ਇਨ੍ਹਾਂ ਮੇਰੇ ਵੀਰਾਂ ਨੂੰ ਵੀ ਉਨ੍ਹਾਂ ਦੀ ਯੋਗਤਾ ਮੁਤਾਬਿਕ ਰੀਜ਼ਨੇਬਲ ਨੌਕਰੀਆਂ ਮਿਲ ਜਾਣਗੀਆਂ। ਮੈਂ ਕੋਈ ਰਾਹਤ ਜਾਂ ਭੀਖ ਨੌਕਰੀਆਂ ਵਿਚ ਨਹੀਂ ਚਾਹੁੰਦੀ। ਜਿੰਨਾ ਇਨ੍ਹਾਂ ਦਾ ਸਟੈਂਡਰਡ ਬਣਦਾ ਹੈ, ਜਿੰਨੀ ਕਿਸੇ ਦੀ ਐਜੂਕੇਸ਼ਨ ਹੈ, ਉਸ ਮੁਤਾਬਿਕ ਅਗਰ ਨੌਕਰੀਆਂ ਦੇਣ ਵਿਚ ਗੌਰਮਿੰਟ ਵੱਲੋਂ ਉਨ੍ਹਾਂ ਨੂੰ ਕੁਝ ਰਾਹਤ ਦਿੱਤੀ ਜਾਵੇ ਤਾਂ ਉਹ ਆਪਣੇ ਆਪ ਤਕੜੇ ਹੋ ਕੇ ਆਪਣੇ ਵਰਗ ਲਈ, ਆਪਣੀ ਰਹਿਣੀ ਬਹਿਣੀ ਵਾਸਤੇ ਕੰਮ ਕਰ ਸਕਦੇ ਹਨ।

ਐਜੂਕੇਸ਼ਨ ਦਾ ਮਿਆਰ ਵਧਾਉਣ ਵਾਸਤੇ ਮੇਰੀ ਬੇਨਤੀ ਹੈ ਕਿ ਇਸ ਬਜਟ ਵਿਚ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਸਤਵੰਤ ਕੌਰ ਸੰਧੂ]

ਇਸ ਵਾਸਤੇ ਕਾਫੀ ਜ਼ਿਕਰ ਕੀਤਾ ਗਿਆ ਹੈ ਇਸ ਦੇ ਨਾਲ ਮੈਂ ਇਹ ਕਹਾਂਗੀ ਕਿ ਐਜੂਕੇਸ਼ਨ ਦਾ ਪੱਧਰ ਜਿਹੜਾ ਹੈ, ਉਹ ਦਿਨ-ਬ-ਦਿਨ ਨਿਘਰਦਾ ਜਾ ਰਿਹਾ ਹੈ। ਅੱਜ ਸਾਡੇ ਦੇਸ਼ ਵਿਚ ਜਿਹੜੀ ਨਕਲ ਦੀ ਪ੍ਰਥਾ ਹੈ, ਇਸ ਨੂੰ ਖਤਮ ਕਰਨ ਵਾਸਤੇ ਵੀ ਉਪਰਾਲਾ ਕਰਨ ਦੀ ਲੋੜ ਹੈ। ਜਿਹੜੇ ਪ੍ਰਾਇਮਰੀ ਸਕੂਲ ਹਨ, ਅਗਰ ਉਨ੍ਹਾਂ ਸਾਰਿਆਂ ਦਾ ਦਰਜਾ ਵਧਾ ਕੇ ਮਿਡਲ ਸਕੂਲ ਕਰ ਦਿੱਤਾ ਜਾਵੇ ਤਾਂ ਬਹੁਤ ਸਾਰੀਆਂ ਮੁਸ਼ਕਲਾਂ ਦੂਰ ਹੋ ਸਕਦੀਆਂ ਹਨ ਅਤੇ ਖਾਸ ਕਰਕੇ ਸਾਡੀਆਂ ਬੱਚੀਆਂ ਵੀ ਅੱਛੀ ਐਜੂਕੇਸ਼ਨ ਹਾਸਲ ਕਰ ਸਕਦੀਆਂ ਹਨ।

ਕੱਲ੍ਹ ਮੇਰੀ ਭੈਣ. ਬੀਬੀ ਭੱਠਲ ਜੀ ਨੇ ਇਸਤਰੀ ਜਾਤੀ ਦੀ ਵਕਾਲਤ ਕੀਤੀ ਸੀ। ਉਨ੍ਹਾਂ ਨੇ ਸਾਡਾ ਧੰਨਵਾਦ ਵੀ ਕੀਤਾ ਸੀ। ਮੈਂ ਬਾਦਲ ਸਹਿਬ ਨੂੰ ਬੇਨਤੀ ਕਰਾਂਗੀ ਕਿ ਪਿਛਲੀ ਸਰਕਾਰ ਵੇਲੇ ਇਕ ਫੈਸਲਾ ਹੋਇਆ ਸੀ ਜਿਹੜਾ ਕਿ ਔਰਤਾਂ ਨਾਲ ਸਬੰਧਤ ਸੀ। ਸੰਨ 1977 ਤੋਂ 1980 ਤੱਕ, ਜਿਸ ਵੇਲੇ ਬਾਦਲ ਸਾਹਿਬ ਮੁੱਖ ਮੰਤਰੀ ਸਨ ਤਾਂ ਉਸ ਵੇਲੇ ਬੱਚਿਆਂ ਅਤੇ ਔਰਤਾਂ ਦੀ ਭਲਾਈ ਵਾਸਤੇ ਇਕ ਵੂਮੈਨ ਕਾਰਪੋਰੇਸ਼ਨ ਬਣਾਈ ਗਈ ਸੀ। ਉਸ ਕਾਰਪੋਰੇਸ਼ਨ ਨੇ ਸਾਡੀ ਸਟੇਟ ਦੇ ਵਿੱਚ ਅੱਛਾ ਕੰਮ ਕੀਤਾ। ਕਾਫੀ ਸਾਰੀਆਂ ਬੀਬੀਆਂ ਨੂੰ ਉਸ ਵਿਚ ਨੌਕਰੀ ਵੀ ਮਿਲੀ ਪਰ ਪਿਛਲੀ ਸਰਕਾਰ ਨੇ ਉਸ ਨੂੰ ਬੰਦ ਕਰ ਦਿੱਤਾ। ਜਿਹੜੇ ਛੋਟੇ ਕਰਮਚਾਰੀ ਸਨ ਅਤੇ ਜਿਹੜੇ ਡੇਅਲੀ ਵੇਜ ਤੇ ਜਾਂ ਪੀਸ ਬੇਸਿਸ ਤੇ ਕੰਮ ਕਰਦੇ ਸਨ, ਉਨ੍ਹਾਂ ਦੀ ਛਾਂਟੀ ਕਰਕੇ ਉਨ੍ਹਾਂ ਨੂੰ ਘਰ ਬਿਠਾ ਦਿੱਤਾ ਗਿਆ। ਅਜੇ ਵੀ ਉਨ੍ਹਾਂ ਦੀ ਐਜੀਟੇਸ਼ਨ ਜਾਰੀ ਹੈ। ਮੈਂ ਸਰਕਾਰ ਕੋਲੋਂ ਮੰਗ ਕਰਦੀ ਹਾਂ ਕਿ ਉਸ ਕਾਰਪੋਰੇਸ਼ਨ ਨੂੰ ਮੁੜ ਸੁਰਜੀਤ ਕਰਕੇ ਉਸ ਵਿਚ ਕੰਮ ਕਰਦੀਆਂ ਮੇਰੀਆਂ ਭੈਣਾਂ ਅਤੇ ਗਰੀਬ ਬੱਚਿਆਂ ਨੂੰ ਰਾਹਤ ਦਿੱਤੀ ਜਾਵੇ। ਜੇ ਪਿਛਲੀ ਸਰਕਾਰ ਨੂੰ ਔਰਤਾਂ ਨਾਲ ਕੋਈ ਹਮਦਰਦੀ ਹੁੰਦੀ ਤਾਂ ਉਹ ਇਸ ਕਾਰਪੋਰੇਸ਼ਨ ਨੂੰ ਬੰਦ ਨਾ ਕਰਦੀ ਬਲਕਿ ਇਸ ਦੀ ਵਧ ਚੜ੍ਹ ਕੇ ਸਹਾਇਤਾ ਕਰਦੀ। (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗੀ ਕਿ ਅਗਰ ਮੈਂ ਕਿਤੇ ਗਲਤ ਹੋਵਾਂ ਤਾਂ ਉਹ ਜ਼ਰੂਰ ਮੈਨੂੰ ਟੋਕ ਸਕਦੇ ਹਨ ਲੇਕਿਨ ਇਹ ਸਚਾਈ ਹੈ ਅਤੇ ਇਸ ਦੇ ਵਿਚ ਟੋਕਾ-ਟਾਕੀ ਕਰਨੀ ਉਨ੍ਹਾਂ ਨੂੰ ਸੋਭਦੀ ਨਹੀਂ ਹੈ। ਮੇਰੇ ਭੈਣ ਜੀ ਕਲ੍ਹ ਬੋਲੇ ਸੀ ਤੁਸੀਂ ਵੀ ਬੋਲੇ ਸੀ ਲੇਕਿਨ ਅਸੀਂ ਟੋਕਾ ਟਾਕੀ ਨਹੀਂ ਕੀਤੀ। ਅਗਰ ਕੋਈ ਗੱਲ ਝੂਠ ਹੋਵੇ ਤਾਂ ਤੁਸੀਂ ਬੋਲ ਸਕਦੇ ਹੋ। ਜਿਹੜੀ ਕਾਰਪੋਰੇਸ਼ਨ ਦਾ ਮੈਂ ਜ਼ਿਕਰ ਕੀਤਾ ਹੈ, ਉਹ ਸਾਡੇ ਦੇਸ਼ ਵਿਚ ਪਹਿਲੀ ਕਾਰਪੋਰੇਸ਼ਨ ਸੀ। ਇਸ ਨੂੰ ਵੇਖ ਕੇ, ਇਸ ਦੀ ਨਕਲ ਕਰਕੇ ਬਾਅਦ ਵਿੱਚ ਦੇਸ਼ ਦੇ ਬਾਕੀ ਸੂਬਿਆਂ ਨੇ ਵੀ ਇਸ ਤਰ੍ਹਾਂ ਦੀਆਂ ਕਾਰਪੋਰੇਸ਼ਨਾਂ ਬਣਾਈਆਂ ਸਨ। ਚਾਹੀਦਾ ਤਾਂ ਇਹ ਸੀ ਕਿ ਇਸ ਕਾਰਪੋਰੇਸ਼ਨ ਨੂੰ ਮਾਣ ਦਿੱਤਾ ਜਾਂਦਾ ਪਰ ਇਸ ਨੂੰ ਬੰਦ ਕਰਕੇ ਬਹੁਤ ਹੀ ਮਾੜੀ ਗੱਲ ਕੀਤੀ ਗਈ ਹੈ। ਅੱਜ ਲੋੜ ਹੈ ਕਿ ਇਸ ਨੂੰ ਦੁਬਾਰਾ ਸੁਰਜੀਤ ਕੀਤਾ ਜਾਏ, ਬਹਾਲ ਕੀਤਾ ਜਾਵੇ।

ਸਪੀਕਰ ਸਾਹਿਬ, ਅੱਜ ਸੜਕਾਂ ਦੀ ਜੋ ਹਾਲਤ ਹੈ, ਉਹ ਸਾਰਿਆਂ ਦੇ ਸਾਹਮਣੇ

Original with;
Punjab Vidhan Sabha
Digitized by;
Panjab Digital Library

ਹੈ । ਤੁਹਾਡਾ ਹਲਕਾ ਅਤੇ ਮੇਰਾ ਹਲਕਾ ਦੋਵੇਂ ਬਿਲਕੁਲ ਨਾਲ ਨਾਲ ਚਲਦੇ ਹਨ । ਇਨ੍ਹਾਂ ਸੜਕਾਂ ਦੀ ਹਾਲਤ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ । ਇਨ੍ਹਾਂ ਵੱਲ ਵੀ ਤਵੱਜੋ ਦੇਣ ਦੀ ਲੋੜ ਹੈ । ਪਿਛਲੀ ਵਾਰ ਜਿਸ ਵੇਲੇ ਮੇਰੀ ਭੈਣ ਭੱਠਲ ਜੀ ਮੁੱਖ ਮੰਤਰੀ ਬਣੇ ਸਨ, ਉਹ ਬੜੀ ਕਾਹਲੀ ਕਾਹਲੀ ਵਿਚ ਬਣੇ ਸਨ ਅਤੇ ਪਾਰਟੀ ਨੇ ਜਿਹੜਾ ਫੈਸਲਾ ਕੀਤਾ ਸੀ, ਉਹ ਬੜਾ ਬੇਵਕਤ ਕੀਤਾ ਸੀ । ਜੇ ਟਾਇਮ ਸਿਰ ਇਹ ਫੈਸਲਾ ਕਰਦੇ ਤਾਂ ਹੋ ਸਕਦਾ ਸੀ ਕਿ ਗੱਲ ਕੁਝ ਹੋਰ ਹੁੰਦੀ । ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਜਿਹੜੀ ਕਾਂਗਰਸ ਪਾਰਟੀ ਹੈ, ਉਹ ਔਰਤਾਂ ਨਾਲ ਕਿੰਨੀ ਕੁ ਹਮਦਰਦੀ ਰੱਖਦੀ ਹੈ ।

ਇਥੇ 1984 ਦੇ ਦੰਗਿਆਂ ਦਾ ਜ਼ਿਕਰ ਕੀਤਾ ਗਿਆ । 1984 ਦੇ ਜਿਹੜੇ ਦੰਗੇ ਹੋਏ, ਓਪਰੇਸ਼ਨ ਬਲਿਊ ਸਟਾਰ ਹੋਇਆ, ਉਹ ਸਾਡੇ ਦੇਸ਼ ਦੀ ਧਰਮ-ਨਿਰਪੱਖਤਾ ਅਤੇ ਸਾਡੇ ਸਿੱਖ ਧਰਮ ਦੇ ਉੱਤੇ ਬਹੁਤ ਵੱਡਾ ਅਟੈਕ ਸੀ । ਉਸ ਨਾਲ ਦੇਸ਼ ਵਾਸੀਆਂ ਅਤੇ ਗੁਰੂ ਨਾਨਕ ਨਾਮ ਲੇਵਾ ਲੋਕਾਂ ਦੇ ਹਿਰਦੇ ਬਹੁਤ ਜ਼ਿਆਦਾ ਜ਼ਖਮੀ ਹੋਏ ਲੇਕਿਨ ਕਿਸੇ ਨੇ ਵੀ ਉਨ੍ਹਾਂ ਤੇ ਮਲ੍ਹਮ-ਪੱਟੀ ਲਾਉਣ ਦੀ ਕੋਸ਼ਿਸ਼ ਨਹੀਂ ਕੀਤੀ । ਸਾਡੀ ਪਾਰਟੀ ਵੱਲੋਂ ਬਾਰ ਬਾਰ ਕਿਹਾ ਗਿਆ ਕਿ ਇਹ ਬਹੁਤ ਮਾੜੀ ਗੱਲ ਹੋਈ ਹੈ ਅਤੇ ਸਾਡੀ ਪਾਰਟੀ ਨੇ ਬਾਰ ਬਾਰ ਇਸ ਦੀ ਨਿੰਦਿਆ ਕੀਤੀ ਲੇਕਿਨ ਹੁਕਮਰਾਨ ਪਾਰਟੀ ਨੇ ਕਦੇ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਕਿ ਇਹ ਮਾੜੀ ਗੱਲ ਹੋਈ ਹੈ । ਜੇ ਵੇਲੇ ਦੇ ਹੁਕਮਰਾਨ ਅੰਮ੍ਰਿਤਸਰ ਆਪ ਆ ਕੇ ਕਹਿ ਦਿੰਦੇ ਕਿ ਮਾੜੀ ਗੱਲ ਹੋਈ ਹੈ ਅਤੇ ਇਹ ਸਾਡੀ ਬਹੁਤ ਵੱਡੀ ਗਲਤੀ ਹੈ ਤਾਂ ਇਸ ਸੂਬੇ ਦੇ ਹਾਲਾਤ ਕੁਝ ਹੋਰ ਹੋਣੇ ਸੀ ।

**ਸ੍ਰੀ ਸਪੀਕਰ:** ਬੀਬੀ ਜੀ, ਹੁਣ ਕਲੋਜ਼ ਕਰੋ ਜੀ ।

**ਸ਼੍ਰੀਮਤੀ ਸਤਵੰਤ ਕੌਰ ਸੰਧੂ**: ਸਪੀਕਰ ਸਾਹਿਬ, ਇਕ ਦੋ ਬੇਨਤੀਆਂ ਹੋਰ ਕਰਨੀਆਂ ਹਨ । ਸਪੀਕਰ ਸਾਹਿਬ, ਫਲੱਡ ਦੀ ਸਮੱਸਿਆ ਬੜੀ ਭਾਰੀ ਸਮੱਸਿਆ ਹੁੰਦੀ ਹੈ । ਇਹ ਠੀਕ ਹੈ ਕਿ ਪਿਛਲੇ ਸਾਲ ਪੰਜਾਬ ਦੇ ਵਿਚ ਫਲੱਡ ਨਹੀਂ ਆਏ । ਜੇ ਇਹ ਫਲੱਡ ਇਸ ਵਾਰ ਫਿਰ ਆਏ ਤਾਂ ਇਸ ਨਾਲ ਕਾਫੀ ਨੁਕਸਾਨ ਹੋਣ ਦੀ ਸੰਭਾਵਨਾ ਹੈ । ਇਸ ਬਾਰੇ ਬੇਨਤੀ ਹੈ ਕਿ ਸਮੇਂ ਸਿਰ ਫੰਡਜ਼ ਦੇ ਦਿੱਤੇ ਜਾਣ ਤਾਂ ਕਿ ਫਲੱਡ ਨੂੰ ਰੋਕਣ ਸਬੰਧੀ ਛੇਤੀ ਤੋਂ ਛੇਤੀ ਕੰਮ ਕਰਨਾ ਸ਼ੁਰੂ ਹੋ ਜਾਵੇ ਔਰ ਕਰਮਚਾਰੀ ਠੀਕ ਤਰ੍ਹਾਂ ਨਾਲ ਕੰਮ ਕਰ ਸਕਣ ।

ਆਖਿਰ ਦੇ ਵਿਚ, ਮੈਂ ਪੁਲਿਸ ਦੇ ਬਾਰੇ ਵੀ ਬੇਨਤੀ ਕਰਾਂਗੀ, ਏਥੇ ਪੁਲਿਸ ਦੇ ਬਾਰੇ ਪਹਿਲਾਂ ਵੀ ਗੱਲ ਹੁੰਦੀ ਰਹੀ ਹੈ । ਕਾਂਗਰਸ ਪਾਰਟੀ ਨੇ ਪੁਲਿਸ ਨੂੰ ਕੁਝ ਜ਼ਿਆਦਾ ਅਧਿਕਾਰ ਦਿੱਤੇ ਹੋਏ ਸੀ, ਉਨ੍ਹਾਂ ਅਧਿਕਾਰਾਂ ਦੇ ਵਰਤਣ ਨਾਲ ਕੁਝ ਗਲਤੀਆਂ ਅਜਿਹੀਆਂ ਵੀ ਹੋਈਆਂ ਜਿਨ੍ਹਾਂ ਨਾਲ ਕਿ ਆਪਣੇ ਸੂਬੇ ਦੇ ਵਿੱਚ ਇਕ ਭਾਂਬੜ ਮੱਚ ਗਿਆ । ਉਸ ਭਾਂਬੜ ਨੂੰ ਬੁਝਾਉਣ ਵਾਸਤੇ ਅੱਜ ਲੋੜ ਹੈ ਕਿ ਆਪਾਂ ਦੋਨੋਂ ਪਾਸੇ ਵਾਲੇ ਬੈਠ ਕੇ ਸੋਚੀਏ ਔਰ ਕੋਈ ਠੀਕ ਫੈਸਲਾ ਕਰੀਏ ਜਿਸ ਦੇ ਨਾਲ ਪੰਜਾਬ ਦੇ ਲੋਕਾਂ ਨੂੰ ਰਾਹਤ ਮਿਲੇ ਔਰ ਸਟੇਟ ਦੀ ਹਾਲਾਤ ਦਾ ਸੁਧਾਰ ਕੀਤਾ ਜਾ ਸਕੇ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਆਪ ਜੀ ਦਾ ਧੰਨਵਾਦ ਕਰਦੀ ਹਾਂ ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਰਾਜਾ ਨਰਿੰਦਰ ਸਿੰਘ ਜੀ' ਤੁਸੀਂ 5-7 ਮਿੰਟਾਂ ਲਈ ਬੋਲੋ ਜੀ ।

**Raja Narinder Singh (Nabha):** Speaker Sahib, thank you very much for giving me time to speak on the Governor's Address. ਸਪੀਕਰ ਸਾਹਿਬ, ਜਿਹ ਮੌਕਾ ਤਾਂ ਮੈਂਬਰਾਨ ਬੈਠਾ ਹੋਇਆ ਤੇ ਪੁੱਛਦਾ ਹੈ ਕਿ ਏਥੇ ਕੋਈ ਵੀ ਪਾਰਟੀ ਕਿਸੇ ਵੀ ਸੇਵਾ ਕਰ ਲਵੇ, ਉਸ ਨੂੰ ਆਜ਼ਾਦੀ ਹੈ ਲੇਕਿਨ ਮੇਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਵਿਚ ਇਹ ਸੇਵਾ ਜਦੋਂ ਵੀ ਕਦੇ ਆਈ, ਤਾਂ ਅਸੀਂ ਕਾਂਗਰਸ ਪਾਰਟੀ ਨਾਲੋਂ ਵੱਧ ਚੜ੍ਹ ਕੇ ਸੇਵਾ ਕੀਤੀ । 1967 ਤੋਂ ਬਾਅਦ ਜਦੋਂ ਤੁਸੀਂ ਪਹਿਲੀ ਵਾਰ ਪਾਵਰ ਵਿਚ ਆਏ, ਉਸ ਵੇਲੇ ਹੋਰ ਮਹਿਕਮਿਆਂ ਤੋਂ ਇਲਾਵਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਐਨੀਮਲ ਹਸਬੈਂਡਰੀ ਦਾ ਮਹਿਕਮਾ, ਜਿਸ ਨੂੰ ਬਾਕੀ ਮਹਿਕਮਿਆਂ ਦੇ ਮੁਕਾਬਲੇ ਨਿਕੰਮਾ ਮਹਿਕਮਾ ਕਿਹਾ ਜਾਂਦਾ ਸੀ, ਦਿੱਤਾ ਗਿਆ । ਸਪੀਕਰ ਸਾਹਿਬ, ਇਸ ਮਹਿਕਮੇ ਦੇ ਵਿੱਚ ਇਹਨਾਂ ਨੇ ਇਤਨੀ ਤਨਦੇਹੀ ਦੇ ਨਾਲ ਕੰਮ ਕੀਤਾ ਕਿ ਇਹਨਾਂ ਨੇ ਹੋਲਸਟਿਨ ਅਤੇ ਫ੍ਰਾਈਜ਼ਰਸਟਨ ਗਊਆਂ ਬਾਹਰੋਂ ਲਿਆ ਕੇ ਪੰਜਾਬ ਦੇ ਅੰਦਰ ਵਾਈਟ ਰੈਵੋਲਿਊਸ਼ਨ ਦੀ ਨੀਂਹ ਰੱਖੀ ਔਰ ਇਕ ਬਹੁਤ ਵੱਡਾ ਮਾਈਲ-ਸਟੋਨ ਲਾਇਆ । ਅੱਜ ਉਸ ਨੀਂਹ ਦਾ ਫ਼ਾਇਦਾ ਹਰ ਮਿਡਲ ਕਲਾਸ ਮੈਨ, ਗਰੀਬ ਆਦਮੀ ਲੈ ਰਿਹਾ ਹੈ ਔਰ ਉਹ ਇੱਕ ਇੱਕ ਗਊ ਜਿਹੜੀ ਹੈ, ਉਹ 25 ਔਰ 30 ਲਿਟਰ ਦੇ ਦਰਮਿਆਨ ਦੁੱਧ ਦੇ ਰਹੀ ਹੈ । ਇਸ ਤੋਂ ਬਾਅਦ ਜਦੋਂ ਫਿਰ ਦੂਜੀ ਵਾਰ ਪਾਵਰ ਵਿੱਚ ਆਏ ਤਾਂ ਇਹਨਾਂ ਨੇ ਕਿਹਾ ਕਿ ਅਸੀਂ ਹਰ ਪਿੰਡ ਨੂੰ ਸੜਕਾਂ ਦੇ ਨਾਲ ਜੋੜ ਦਿਆਂਗੇ, ਅਸੀਂ ਪਿੰਡਾਂ ਦੇ ਵਿਚ ਪਰਚੇਜ਼ ਸੈਂਟਰ ਬਣਾ ਦਿਆਂਗੇ, ਪਿੰਡਾਂ ਦੇ ਵਿੱਚ ਆਦਰਸ਼ ਸਕੂਲ ਬਣਾ ਦਿਆਂਗੇ ਔਰ ਪਿੰਡਾਂ ਨੂੰ ਮਾਡਰਨ ਵਿਲੇਜ ਬਣਾ ਦਿਆਂਗੇ । ਜਦੋਂ ਸਰਦਾਰ ਪ੍ਰਕਾਸ਼ ਸਿੰਘ ਨੇ ਦੂਜਾ ਨਾਹਰਾ ਦਿੱਤਾ ਤਾਂ ਕਾਂਗਰਸ ਸਰਕਾਰ ਨੇ ਸਾਡੇ ਤੇ ਸੰਵਿਧਾਨ ਦੇ ਆਰਟੀਕਲ 356 ਦੀ ਵਰਤੋਂ ਕਰਕੇ ਸਾਡੀ ਸਰਕਾਰ ਦੀ ਛੁੱਟੀ ਕਰਾ ਦਿੱਤੀ । ਇਸ ਤਰ੍ਹਾਂ ਇਹਨਾਂ ਨੇ (ਬਾਦਲ ਸਾਹਿਬ ਵੱਲ ਇਸ਼ਾਰਾ) ਅਣਾਏ ਹੋ ਕੇ ਇਹ ਮਨ ਬਣਾ ਲਿਆ ਕਿ ਹੁਣ ਵੱਖਰਾ ਨਾਹਰਾ ਦਿੱਤਾ ਜਾਵੇਗਾ ਤੇ ਹੁਣ ਨਾਹਰਾ ਦਿੱਤਾ ਗਿਆ '**ਕਾਂਗਰਸ ਭਜਾਉ**, ਦੇਸ਼ ਔਰ ਡੈਮੋਕਰੇਸੀ ਬਚਾਓ' । ਸਪੀਕਰ ਸਾਹਿਬ ਇਹ ਨਜ਼ਾਰਾ ਅੱਜ ਤੁਹਾਡੇ ਸਾਹਮਣੇ ਨਜ਼ਰ ਆ ਰਿਹਾ ਹੈ । ਇਹ ਕਾਂਗਰਸ ਅੱਜ ਹਕੂਮਤ ਵਿਚੋਂ ਹੀ ਨਹੀਂ ਭਜਾਈ ਬਲਕਿ ਦੇਸ਼ ਵਿੱਚੋਂ ਭਜਾ ਦਿੱਤੀ । (ਥੰਪਿੰਗ) ਅੱਜ ਕਾਂਗਰਸ ਭਜਾਉਣ ਦੇ ਨਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਜਿਹੜੀ ਗੱਲ ਲੁਧਿਆਣੇ ਵਿੱਚ ਕਹੀ ਸੀ ਕਿ ਮੈਂ ਇਹ ਰਾਹਤਾਂ ਦੇਣੀਆਂ ਹਨ, ਉਹ ਮੈਂ ਰਪੀਟ ਨਹੀਂ ਕਰਾਂਗਾ ਪਰ ਫਿਰ ਵੀ ਇਹ ਜ਼ਰੂਰ ਕਹਾਂਗਾ ਜੋ ਇਹਨਾਂ ਨੇ ਕਿਹਾ ਹੈ ਕਿ ਅਸੀਂ ਜ਼ਿਮੀਂਦਾਰਾਂ ਨੂੰ ਪਾਣੀ ਮੁਫਤ ਦੇਵਾਂਗੇ ਭਾਵੇਂ ਉਹ ਬਿਜਲੀ ਨਾਲ ਨਿਕਲੇ ਔਰ ਭਾਵੇਂ ਨਹਿਰਾਂ ਰਾਹੀਂ ਨਿਕਲੇ । ਇਸ ਤੋਂ ਇਲਾਵਾ ਇਨ੍ਹਾਂ ਇਹ ਵੀ ਕਿਹਾ ਕਿ ਅਨੁਸੂਚਿਤ ਜਾਤੀਆਂ ਦੀਆਂ ਬੱਚੀਆਂ ਨੂੰ ਉਹਨਾਂ ਦੇ ਵਿਆਹ ਸਮੇਂ 5100 ਰੁਪਏ ਸ਼ਗਨ ਦੇ ਤੌਰ ਤੇ ਦਿਆਂਗੇ, ਫਿਰ ਇਹ ਵੀ ਕਿਹਾ ਕਿ ਗਰੀਬਾਂ ਨੂੰ ਬਾਹਰ ਅੰਦਰ ਜਾਣ ਵਾਸਤੇ (ਜੰਗਲ ਪਾਣੀ ਜਾਣ ਵਾਸਤੇ) ਪ੍ਰਬੰਧ ਕਰਨ ਦੀ ਲੋੜ ਹੈ । ਇਹ ਰਾਹਤਾਂ ਦੇਣ ਤੋਂ ਬਾਅਦ ਇਹ ਏਥੇ ਹੀ ਬੰਦ ਨਹੀਂ ਕਰ ਦਿੱਤਾ ਸਗੋਂ ਅਨਾਉਂਸ ਕੀਤਾ ਕਿ ਇਸ ਸਾਲ ਦੇ ਰਹਿੰਦੇ ਮਹੀਨਿਆਂ ਵਾਸਤੇ ਦਿੱਤੀਆਂ ਗਈਆਂ ਹਨ । ਇਸ ਤੋਂ ਮਗਰੋਂ ਆਉਂਦੇ ਸਾਲ ਵਿੱਚ ਇਨ੍ਹਾਂ ਰਾਹਤਾਂ ਦੇ ਵਿਚ ਹੋਰ ਵਧ ਚੜ੍ਹ ਕੇ ਹਿੱਸਾ ਪਾਇਆ

Original with;
Punjab Vidhan Sabha
Digitized by;
Panjab Digital Library

ਮੁਹਾਵੇਗਾ ।

ਸਪੀਕਰ ਸਾਹਿਬ, ਫੂਡ ਪਰੋਡਕਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਦੀ ਅਕਾਲੀ ਗੌਰਮਿੰਟ ਆਈ, ਅਸੀਂ ਵੱਧ ਤੋਂ ਵੱਧ ਫੂਡ ਪਰੋਡਕਸ਼ਨ ਦੇ ਖੇਤਰ ਵਿਚ ਹਿੱਸਾ ਪਾਇਆ ਅਤੇ ਫੂਡ ਪਰੋਡਕਸ਼ਨ ਏਨਾ ਵਧਾਇਆ ਕਿ ਸਾਡਾ ਦੇਸ਼ ਜਿਹੜਾ ਬਾਕੀ ਦੇਸ਼ਾਂ ਦੇ ਮੁਹਿਮਲੇ ਠੂਠਾ ਲੈ ਕੇ, ਬਾਹਰਲੇ ਮੁਲਕਾਂ ਦੇ ਵਿਚ ਜਾ ਕੇ ਅਨਾਜ ਮੰਗਦਾ ਹੁੰਦਾ ਸੀ, ਅਸੀਂ ਉਹ ਬਾਊਲ ਪੰਜਾਬ ਦੇ ਵਿਚੋਂ ਹੀ ਭਰ ਦਿੱਤਾ ਦੇਸ਼, ਦੇ ਦੂਜੇ ਸੂਬਿਆਂ ਦੇ ਵਿੱਚ ਵੀ ਜਾਣ ਨਹੀਂ ਦਿੱਤਾ । ਅਸੀਂ ਦੇਸ਼ ਨੂੰ ਭਿਖਾਰੀ ਹੋਣ ਤੋਂ ਬਚਾਇਆ । ਅਮਰੀਕਾ ਆਪਣੀ ਪੀ. ਐਲ. 480 ਵੀਟ ਹਿੰਦੁਸਤਾਨ ਨੂੰ ਵੇਚ ਦਿੰਦਾ ਸੀ । ਇਹ ਮੈਕਸੀਕਨ ਵੀਟ ਸੀ ਜੋ ਕਿ ਖਾਣ ਨੂੰ ਬਿਲਕੁਲ ਠੀਕ ਨਹੀਂ ਸੀ ਹੁੰਦੀ ।

ਇਸ ਕਣਕ ਨੂੰ ਕੋਈ ਨਹੀਂ ਸੀ ਖਾਂਦਾ ਹੁੰਦਾ ਪਰ ਫਿਰ ਵੀ ਉਹ ਗਰੀਬਾਂ ਨੂੰ ਖਾਣ ਲਈ ਦਿੱਤੀ ਜਾਂਦੀ ਸੀ । ਪੰਜਾਬ ਨੇ ਆਪਣੀ ਕਣਕ ਉਗਾ ਕੇ ਇਹ ਸਾਬਤ ਕਰਕੇ ਵਿਖਾ ਦਿੱਤਾ ਕਿ ਉਹ ਇਕੱਲਾ ਹੀ ਸਾਰੇ ਦੇਸ਼ ਨੂੰ ਫੀਡ ਕਰ ਸਕਦਾ ਹੈ । ਪਰ ਅਸੀਂ ਕਿਸਾਨ ਨੂੰ ਰਿਊਮਨਰੇਟਿਵ ਪਰਾਈਸ ਨਹੀਂ ਦੇ ਸਕੇ । ਸਰਕਾਰ ਨੇ ਜ਼ਿਮੀਂਦਾਰਾਂ ਪਾਸੋਂ ਤਾਂ ਕਣਕ 380 ਰੁਪਏ ਖਰੀਦ ਲਈ, ਉਸ ਨੂੰ ਤਾਂ 382 ਰੁਪਏ ਰੇਟ ਨਹੀਂ ਦਿੱਤਾ ਲੇਕਿਨ ਆਰਟੀਫੀਸ਼ੀਅਲ ਸਕੇਰਸਿਟੀ ਪੈਦਾ ਕਰਕੇ ਬਾਅਦ ਵਿੱਚ ਇਹ ਆਟਾ ਪੰਜਾਬ ਵਿਚ 10 ਰੁਪਏ ਕਿਲੋ ਵਿਕਿਆ, ਦਿੱਲੀ ਵਿੱਚ ਆਟਾ 17 ਰੁਪਏ ਕਿਲੋ ਵਿਕਿਆ । ਮੇਰੇ ਕਮਿਊਨਿਸਟ ਭਰਾ ਗੁੱਸਾ ਕਰ ਗਏ ਜਦੋਂ ਅਸੀਂ ਇਨ੍ਹਾਂ ਨੂੰ ਕਿਹਾ ਕਿ ਤੁਸੀਂ ਐਤਕੀਂ ਪੀਪਾ ਨਹੀਂ ਖੜਕਾਇਆ । ਸ਼ਾਇਦ ਇਹ ਉਨ੍ਹਾਂ ਦੀ ਮਜਬੂਰੀ ਸੀ ਕਿਉਂਕਿ ਉਨ੍ਹਾਂ ਦੀ ਦਿੱਲੀ ਵਿਚ ਸਰਕਾਰ ਸੀ । ਨਹੀਂ ਤਾਂ ਉਹ ਜ਼ਰੂਰ ਪੀਪਾ ਖੜਕਾਉਂਦੇ । ਮੈਂ ਇਹ ਸਮਝਦਾ ਹਾਂ ਕਿ ਕੇਂਦਰ ਵੱਲੋਂ ਕਿਸਾਨਾਂ ਨੂੰ ਰਿਊਮਨਰੇਟਿਵ ਪ੍ਰਾਇਸ ਦਿੱਤੀ ਜਾਣੀ ਚਾਹੀਦੀ ਹੈ । ਕੁਝ ਸਮਾਂ ਪਹਿਲਾਂ ਬਾਦਲ ਸਾਹਿਬ ਨੇ ਇਕ ਐਕਸਪਰਟ ਕਮੇਟੀ ਬਣਾ ਕੇ ਸੈਂਟਰ ਨੂੰ ਇਹ ਦੱਸਿਆ ਸੀ ਕਿ ਕਣਕ ਅਤੇ ਝੋਨੇ ਦੀ ਪ੍ਰਾਈਸ ਇਤਨੀ ਫਿਕਸ ਕੀਤੀ ਜਾਣੀ ਚਾਹੀਦੀ ਹੈ ।

* 10.16 ਪੂਰਵ ਦੁਪਹਿਰ

*(ਇਸ ਸਮੇਂ ਸਰਦਾਰ ਨੱਥਾ ਸਿੰਘ ਦਾਲਮ, ਮੈਂਬਰ, ਪੈਨਲ ਆਫ਼ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਪਰ ਸੈਂਟਰ ਦੀ ਸਰਕਾਰ ਨੇ ਉਸ ਤੇ ਬਿਲਕੁਲ ਕਾਟਾ ਮਾਰ ਦਿੱਤਾ ਅਤੇ ਕਿਹਾ ਕਿ ਸਾਨੂੰ ਨਹੀਂ ਮਨਜ਼ੂਰ । ਇਹ ਸੈਂਟਰ ਦੀ ਸਰਕਾਰ ਦਾ ਫਰਜ਼ ਹੈ ਕਿ ਅਨਾਜ ਦਾ ਭਾਅ ਸਸਤਾ ਰੱਖੇ । ਇਹ ਕਣਕ ਕਿਸਾਨਾਂ ਕੋਲੋਂ ਖਰੀਦੇ ਤਾਂ ਸਸਤੀ ਹਨ ਪਰ ਫਿਰ ਕਹਿ ਦਿੰਦੇ ਹਨ ਕਿ ਬਾਹਰੋਂ ਕਣਕ ਮੰਗਵਾਈ ਗਈ ਹੈ । ਮੈਂ ਦੱਸਦਾ ਹਾਂ ਕਿ ਕਣਕ ਕੋਈ ਬਾਹਰੋਂ ਨਹੀਂ ਮੰਗਵਾਈ ਗਈ । ਇਹ ਕਾਂਡਲਾ ਪੋਰਟ ਵਿਖੇ ਪਹਿਲਾਂ ਰੱਖ ਲਈ ਗਈ ਅਤੇ ਫਿਰ ਕਾਂਡਲਾ ਪੋਰਟ ਤੋਂ ਵਾਪਸ ਚੁਕਵਾ ਕੇ ਕਹਿ ਦਿੱਤਾ ਕਿ ਅਸੀਂ ਕਣਕ ਬਾਹਰਲੇ ਦੇਸ਼ਾਂ ਤੋਂ ਮੰਗਵਾਈ ਹੈ । ਡਬਲ ਰੇਟ ਤੇ ਮੰਗਵਾਈ ਹੈ । ਚੇਅਰਮੈਨ ਸਾਹਿਬ, ਦੁੱਗਣੀ ਕੀਮਤ ਦੇ ਕੇ ਉਹੀ ਕਣਕ ਉਥੋਂ ਵਾਪਸ ਮੰਗਵਾਈ ਗਈ ਹੈ ।

ਚੇਅਰਮੈਨ ਸਾਹਿਬ, ਅੱਗੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਕਿਸੇ ਦੇਸ਼ ਦੀ ਪ੍ਰੋਗਰੈਸ ਨਾਪਣੀ ਹੋਵੇ ਤਾਂ ਬਿਜਲੀ ਦੀ ਖਪਤ ਤੋਂ ਨਾਪੀ ਜਾਂਦੀ ਹੈ । ਬਿਜਲੀ ਦੀ ਘਾਟ

Original with;
Punjab Vidhan Sabha
Digitized by;
Panjab Digital Library

[ਰਾਜਾ ਨਰਿੰਦਰ ਸਿੰਘ]

ਸਾਡੇ ਰਾਜ ਵਿਚ ਬੜੀ ਦੇਰ ਤੋਂ ਚਲ ਰਹੀ ਹੈ । ਕੁਝ ਪ੍ਰੋਜੈਕਟ ਪੰਜਾਬ ਸਰਕਾਰ ਵਰਲਡ ਬੈਂਕ ਦੀ ਏਡ ਨਾਲ ਸਟਾਰਟ ਕਰਨਾ ਚਾਹੁੰਦੀ ਹੈ । ਇਸ ਵਾਸਤੇ 145 ਮਿਲੀਅਨ ਯੂ. ਐਸ. ਏ. ਡਾਲਰ ਇਰੀਗੇਸ਼ਨ ਪ੍ਰੋਜੈਕਟ ਵਾਸਤੇ ਲਿਆਂਦੇ ਜਾ ਰਹੇ ਹਨ ਜਿਸ ਦੇ ਨਾਲ ਛੋਟੇ ਛੋਟੇ ਡੈਮ ਬਣਾਏ ਜਾਣਗੇ, ਡੀਪ ਟਿਊਬਵੈਲ ਬੋਰ ਕੀਤੇ ਜਾਣਗੇ। ਪਹਿਲਾਂ ਅਸੀ ਸ਼ੈਲੋ ਟਿਊਬਵੈਲ ਲਗਾ ਕੇ ਇਤਨਾ ਜ਼ਿਆਦਾ ਪਾਣੀ ਖਿੱਚ ਲਿਆ ਕਿ ਜ਼ਮੀਨ ਹੇਠਲੇ ਪਾਣੀ ਸਬੰਧੀ ਪੈਨਿਕ ਆ ਗਈ ਹੈ । ਪਹਿਲਾਂ 35-40 ਫੁੱਟ ਡੂੰਘੀਆਂ ਖੂਹੀਆਂ ਪੁੱਟ ਕੇ ਪਾਣੀ ਮਿਲ ਜਾਂਦਾ ਹੁੰਦਾ ਸੀ ਪਰ ਹੁਣ ਸਰਕਾਰ ਇਨ੍ਹਾਂ ਸਾਰੀਆਂ ਗੱਲਾਂ ਤੋਂ ਅਵੇਅਰ ਹੈ । ਮੇਰੀ ਅਕਾਲੀ ਸਰਕਾਰ ਡੀਪ ਟਿਊਬਵੈਲ ਲਗਾਵੇਗੀ । ਇਹ ਗੁਰਦਾਸਪੁਰ ਵਿਚ, ਹੁਸ਼ਿਆਰਪੁਰ ਵਿਚ ਅਤੇ ਰੋਪੜ ਜ਼ਿਲਿਆਂ ਵਿਚ ਲਗਾਏ ਜਾ ਸਕਦੇ ਹਨ ਅਤੇ ਪਹਿਲਾਂ ਦੀ ਤਰ੍ਹਾਂ ਸ਼ੈਲੋ ਟਿਊਬਵੈਲ ਨਹੀਂ ਲਗਾਏ ਜਾਣਗੇ। ਜਿਹੜੀ ਯੂ. ਬੀ. ਡੀ. ਸੀ. ਕੈਨਾਲ ਹੈ, ਉਸ ਦਾ ਸਾਰਾ ਪਾਣੀ ਅਸੀਂ ਪਰਾਪਰਲੀ ਯੂਜ਼ ਨਹੀਂ ਕਰ ਰਹੇ । ਇਹ ਨਹਿਰ ਉਤਨਾ ਪਾਣੀ ਨਹੀਂ ਝੱਲਦੀ ਜਿਤਨਾ ਪਾਣੀ ਉਸ ਨੂੰ ਲੈਣਾ ਚਾਹੀਦਾ ਹੈ । ਉਸ ਦੀ ਡੀ-ਸਿਲਟਿੰਗ ਵੀ ਹੋ ਗਈ ਹੈ ਪਰ ਸਟਰੈਂਥਨਿੰਗ ਨਹੀਂ ਹੋਈ । ਜਿਹੜਾ ਪਾਣੀ ਹੁਣ ਉਸ ਨਹਿਰ ਵਿਚ ਪੈਂਦਾ ਹੈ, ਉਸ ਵਿਚੋਂ ਕੁਝ ਨੂੰ ਹੀ ਅਸੀਂ ਵਰਤੋਂ ਵਿਚ ਲਿਆ ਰਹੇ ਹਾਂ । ਬਾਕੀ ਦਾ ਸਾਰਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ । ਮੇਰੀ ਸਰਕਾਰ ਕੋਸ਼ਿਸ਼ ਕਰੇਗੀ ਕਿ ਅਸੀਂ ਉਸ ਨਹਿਰ ਨੂੰ ਸਟਰੈਂਥਨ ਕਰੀਏ, ਉਸ ਦੀ ਸਿਲਟਿੰਗ ਰਿਮੂਵ ਕਰੀਏ । ਸਾਡੀ ਕੋਸ਼ਿਸ਼ ਹੈ ਕਿ ਪੂਰਾ ਪਾਣੀ ਜ਼ਿਮੀਦਾਰਾਂ ਦੀ ਵਰਤੋਂ ਵਾਸਤੇ ਲਿਆਂਦਾ ਜਾਵੇ ਅਤੇ ਪਾਕਿਸਤਾਨ ਨੂੰ ਪਾਣੀ ਨਾ ਜਾਵੇ । ਜਿਹੜੀ ਸਰਹਿੰਦ ਕੈਨਾਲ ਹੈ ਚੇਅਰਮੈਨ ਸਾਹਿਬ ਉਸ ਦਾ ਪਾਣੀ ਹਰੀਕੇ ਪੱਤਣ ਤੋਂ ਰਾਜਸਥਾਨ ਨੂੰ ਚਲਿਆ ਜਾਂਦਾ ਹੈ ਅਤੇ ਉਥੇ ਟੋਭਿਆਂ ਵਿਚ ਪੈ ਜਾਂਦਾ ਹੈ, ਡਰੇਨਾਂ ਵਿਚ ਪੈ ਜਾਦਾ ਹੈ । ਪਰ ਅਸੀਂ ਉਸ ਪਾਣੀ ਦੀ ਵੀ ਪਰਾਪਰ ਯੂਟੇਲਾਈਜ਼ੇਸ਼ਨ ਨਹੀਂ ਕਰ ਰਹੇ । ਮੇਰੀ ਸਰਕਾਰ ਦੀ ਕੋਸ਼ਿਸ਼ ਹੈ ਕਿ ਅਸੀਂ ਉਸ ਪਾਣੀ ਨੂੰ ਪਰਾਪਰਲੀ ਯੂਜ਼ ਕਰੀਏ । ਦੂਸਰੀ ਗੱਲ ਕਿ ਜਿਸ ਏਰੀਏ ਵਿੱਚ ਅਸੀਂ ਇਨ੍ਹਾਂ ਦੋਨਾਂ ਕੈਨਾਲਾਂ ਦਾ ਪਾਣੀ ਯੂਜ਼ ਕਰੀਏ, ਉਥੇ ਸਾਨੂੰ ਚਾਹੀਦਾ ਹੈ ਕਿ ਟਿਊਬਵੈਲ ਘੱਟ ਯੂਜ਼ ਕਰੀਏ, ਟਿਊਬਵੈਲਾਂ ਦਾ ਪਾਣੀ ਜ਼ਿਆਦਾ ਪ੍ਰੋਡਕਟਿਵ ਨਹੀਂ । ਸਰਕਾਰ ਲੋਕਾਂ ਵਿਚ ਜਾਗ੍ਰਿਤੀ ਲਿਆਏ ਕਿ ਇਹ ਜਿਹੜਾ ਨਹਿਰਾਂ ਦਾ ਪਾਣੀ ਹੈ, ਇਹ ਟਿਊਬਵੈਲਾਂ ਦੇ ਪਾਣੀ ਨਾਲੋਂ ਜ਼ਿਆਦਾ ਪ੍ਰੋਡੱਕਟਿਵ ਹੈ ਕਿਉਂਕਿ ਇਹ ਪਹਾੜਾਂ ਵਿਚੋਂ ਆਉਂਦਾ ਹੈ । ਇਸ ਦੇ ਨਾਲ ਸਿਲਟ ਅਤੇ ਸਾਲਟ ਵੀ ਆਉਂਦੇ ਹਨ, ਜਿਸ ਕਾਰਨ ਇਹ ਜ਼ਿਆਦਾ ਲਾਭਕਾਰੀ ਹੈ । ਟਿਊਬਵੈਲਾਂ ਦਾ ਪਾਣੀ ਖਰਾ ਤਾਂ ਨਜ਼ਰ ਜ਼ਰੂਰ ਆਉਂਦਾ ਹੈ ਲੇਕਿਨ ਇਹ ਪਾਣੀ ਪ੍ਰੋਡਕਟਿਵ ਨਹੀਂ । ਮੇਰੀ ਸਰਕਾਰ ਲੋਕਾਂ ਨੂੰ ਐਜੂਕੇਟ ਕਰੇਗੀ ਕਿ ਨਹਿਰਾਂ ਦਾ ਪਾਣੀ ਲਗਾਓ ਜਿਹੜਾ ਕਿ ਮੁਫਤ ਵੀ ਹੈ ਅਤੇ ਟਿਊਬਵੈਲਾਂ ਦਾ ਪਾਣੀ ਘੱਟ ਲਗਾਓ ।

ਚੇਅਰਮੈਨ ਸਾਹਿਬ, ਅਸੀਂ ਪੰਜਾਬ ਵਾਲੇ ਬੜੇ ਮਸ਼ਹੂਰ ਹਾਂ ਕਿ ਸਾਡੇ ਗਰੀਨਰੀ ਬੜੀ ਹੈ ਅਤੇ ਅਸੀਂ ਪਾਲਿਊਸ਼ਨ ਤੋਂ ਬਹੁਤ ਦੂਰ ਹਾਂ, ਲੇਕਿਨ ਅੱਜ ਕਲ ਪਾਲਿਊਸ਼ਨ ਸਾਡੇ ਸੂਬੇ ਵਿੱਚ ਬਹੁਤ ਜ਼ਿਆਦਾ ਆ ਰਿਹਾ ਹੈ । ਕੁਝ ਤਾਂ ਫੈਕਟਰੀਆਂ ਦੀ ਸਮੋਕ ਕਾਰਨ ਪਾਲਿਊਸ਼ਨ ਆ ਰਿਹਾ ਹੈ ਅਤੇ ਕੁਝ ਵੀਹੀਕਲਜ਼ ਵੀ ਇਸ ਲਈ ਜ਼ਿੰਮੇਵਾਰ ਹਨ ।

Original with;
Punjab Vidhan Sabha
Digitized by;
Panjab Digital Library

ਜਿਹੜਾ ਵੀਹੀਕਲ ਇਕ ਵਾਰ ਸੜਕ ਤੇ ਆ ਗਿਆ ਭਾਵੇਂ ਉਸ ਨੂੰ 30 ਸਾਲ ਹੋ ਗਏ, ਅਤੇ ਭਾਵੇਂ 40 ਸਾਲ ਹੋ ਗਏ ਉਸ ਨੂੰ ਆਫ-ਰੋਡ ਨਹੀਂ ਕੀਤਾ ਜਾਂਦਾ। ਮੇਰੀ ਸਰਕਾਰ ਪਾਲਿਊਸ਼ਨ ਤੇ ਛੇਤੀ ਤੋਂ ਛੇਤੀ ਕੰਟਰੋਲ ਕਰਨ ਲਈ ਫੁੱਲੀ ਅਲਾਇਵ (ਸੁਚੇਤ) ਹੈ।

**Mr. Chairman** Raja Narinder Singh ji, please wind up. ਹੋਰ ਵੀ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਬੋਲਣਾ ਹੈ।

**ਰਾਜਾ ਨਰਿੰਦਰ ਸਿੰਘ:** ਬੱਸ ਜੀ ਦੋ ਤਿੰਨ ਮਿੰਟ ਹੋਰ ਲੈਣੇ ਹਨ। ਚੇਅਰਮੈਨ ਸਾਹਿਬ ਅਸੀਂ ਆਪਣੀ ਲੇਬਰ ਨੂੰ ਸਭ ਤੋਂ ਵੱਧ ਪੈਸੇ ਦਿੰਦੇ ਰਹੇ ਹਾਂ। ਚੇਅਰਮੈਨ ਸਾਹਿਬ ਜੋ ਸਾਡੀ ਲੇਬਰ ਫੈਕਟਰੀਆਂ ਵਿਚ ਕੰਮ ਕਰਦੀ ਹੈ, ਉਸਨੂੰ 1650/- ਰੁਪਏ ਦਿੱਤੇ ਜਾਂਦੇ ਹਨ ਪਰ ਕਈ ਫੈਕਟਰੀਆਂ ਵਾਲੇ ਤਾਂ 1650/- ਪ੍ਰਤੀ ਮਹੀਨਾ ਵੀ ਨਹੀਂ ਦਿੰਦੇ। ਉਹ ਦਸਤਖਤ ਕਰਵਾ ਲੈਂਦੇ ਹਨ ਪਰ ਪੈਸੇ ਘੱਟ ਦਿੰਦੇ ਹਨ। ਮੇਰੀ ਫੀਲਿੰਗ ਹੈ ਕਿ ਅੱਜ ਪੰਜਾਬ ਦੇ ਹਾਰਡ-ਵਰਕਰ ਦਾ ਜੋ ਵੇਤਨ ਹੈ, ਉਸ ਨੂੰ ਡਬਲ ਕੀਤਾ ਜਾਵੇ। ਪੰਜਾਬ ਸਰਕਾਰ ਦੇ ਕਰਮ-ਚਾਰੀਆਂ ਨੂੰ ਜਦੋਂ ਵੀ ਅਕਾਲੀ ਸਰਕਾਰ ਆਈ ਹੈ, ਦੁੱਗਣਾ ਵੇਤਨ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਅੱਜ ਦਿੱਲੀ ਦੀ ਸਰਕਾਰ ਆਪਣੇ ਕਰਮਚਾਰੀਆਂ ਨੂੰ ਪੰਜਾਬ ਦੇ ਕਰਮਚਾਰੀਆਂ ਦੇ ਮੁਕਾਬਲੇ ਵੱਧ ਤਨਖਾਹ ਦੇ ਰਹੀ ਹੈ ਜਦਕਿ ਸਾਡੀ ਸਟੇਟ ਦਾ ਲਿਵਿੰਗ ਸਟੈਂਡਰਡ ਵਧੀਆ ਹੈ ਔਰ ਉਸ ਦੇ ਖਾਣ ਪੀਣ ਦਾ ਸੁਭਾਅ ਵੱਖਰਾ ਹੈ, ਇਸ ਲਈ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਸਰਕਾਰ ਦੇ ਜੋ ਕਰਮਚਾਰੀ ਹਨ, ਉਨ੍ਹਾਂ ਨੂੰ ਵੀ ਅੱਗੇ ਵਾਂਗ ਵੱਧ ਵੇਤਨ ਮਿਲਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਸਾਡੇ ਜਿਹੜੇ ਇੰਜੀਨੀਅਰ ਹਨ, ਉਨ੍ਹਾਂ ਨੂੰ ਵੀ ਸਾਡੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਮਨਾ ਲੈਣਗੇ ਕਿਉਂਕਿ ਇਹ ਮਹਿਕਮਾ ਉਨ੍ਹਾਂ ਦੇ ਕੋਲ ਹੀ ਹੈ। ਅਸੀਂ ਫੀਲ ਕਰਦੇ ਹਾਂ ਕਿ ਜਿਹੜਾ ਕੋਇਲਾ ਅਸੀਂ ਏਡੀ ਦੂਰੋਂ ਕੋਇਲਰੀ ਤੋਂ ਚੁੱਕ ਕੇ ਲਿਆਂਦੇ ਹਾਂ ਅਸੀਂ ਪਿੱਟ ਹੈੱਡ ਤੇ ਜਾ ਕੇ ਕਿਉਂ ਨਹੀਂ ਆਪਣੀ ਜੈਨਰੇਸ਼ਨ ਕਰਦੇ। ਜਿਹੜੀ ਹਾਈ ਟਰਾਂਸਮਿਸ਼ਨ ਵੋਲਟੇਜ ਤੇ ਅਸੀਂ ਟਰਾਂਸਮਿਸ਼ਨ ਕਰਾਂਗੇ, ਉਸ ਦੇ ਉੱਤੇ ਲਾਸਿਜ਼ ਵੀ ਘਟ ਹੋਣਗੇ। Instead of carrying coal to Punjab, why don't we reach colliery? ਔਰ ਇਸ ਦੇ ਵਿੱਚ ਰੇਲਵੇ ਵੈਗਨਜ਼ ਦੀ ਸ਼ਾਰਟੇਜ਼ ਹੋਣ ਕਰਕੇ ਸਾਡੇ ਕੋਲ ਸਟਾਕ ਪੂਰਾ ਨਹੀਂ ਹੁੰਦਾ ਕੋਲੇ ਦੀ ਸ਼ਾਰਟੇਜ਼ ਕਾਰਨ ਹੀ ਪਿਛੇ ਜਿਹੇ ਸਾਨੂੰ ਥਰਮਲ ਪਲਾਂਟ ਦੇ ਯੂਨਿਟ ਵੀ ਬੰਦ ਕਰਨੇ ਪਏ ਸਨ। ਮੇਰੀ ਸਰਕਾਰ ਕੋਸ਼ਿਸ਼ ਕਰੇਗੀ ਕਿ ਹਿਮਾਚਲ ਦੇ ਨਾਲ ਵੀ ਟਾਈ-ਅੱਪ ਕਰ ਲਈਏ ਫਾਰ ਜੈਨਰੇਸ਼ਨ ਔਰ ਉਥੇ ਜਿਹੜੇ ਹਾਈਡਰੋ ਪ੍ਰੋਜੈਕਟ ਹਨ, ਉਸਦੇ ਵਾਸਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹਿਮਾਚਲ ਸਰਕਾਰ ਨਾਲ ਗੱਲ ਕਰਨ। ਪ੍ਰੀਵੀਅਸ ਗੌਰਮਿੰਟ ਨੇ ਸਾਡੇ ਲਈ ਬੈਂਕਕਰੱਪਟਸੀ ਛੱਡੀ ਸੀ। ਮਾਇਆ ਨਾ ਹੋਣ ਕਰਕੇ ਅਸੀਂ ਪੂਰੀ ਸਹੂਲਤ ਇਸ ਸਾਲ ਤਾਂ ਅਗਲੇ ਸਾਲ ਵਿੱਚ ਪੂਰੀ ਦੇ ਸਕਾਂਗੇ। ਮੇਰੇ ਆਪੋਜ਼ੀਸ਼ਨ ਦੇ ਮੈਂਬਰ ਜੋ ਹਨ, ਜੇ ਕੋਈ ਮਾੜੀ ਮੋਟੀ ਗੱਲ ਰੋਕ-ਟੋਕ ਦੀ ਇਨ੍ਹਾਂ ਨੂੰ ਕਹਿ ਦਿੱਤੀ ਜਾਵੇ ਤਾਂ ਇਹ ਗੁੱਸਾ ਕਰ ਲੈਂਦੇ ਹਨ। ਮੈਂ ਇਨ੍ਹਾਂ ਨੂੰ ਇਕ ਗੱਲ ਪੁੱਛਣੀ ਚਾਹੁੰਦਾ ਹਾਂ ਬਕੌਲ ਸ਼ਾਇਰ—

ਯੇਹ ਕਿਆ ਦਸਤੂਰੇ-ਜ਼ੁਬਾ-ਬੰਦੀ ਹੈ ਤੇਰੀ ਮਹਿਫਲ ਮੇਂ
ਕਿ ਯਹਾਂ ਤੋਂ ਜ਼ਮੀਨ ਆਸਮਾਨ ਭੀ ਤਰਸਤੇ ਹੈਂ ਸੱਚ ਬੋਲਨੇ ਕੇ ਲਿਏ।

Original with;
Punjab Vidhan Sabha
Digitized by;
Panjab Digital Library

[ਰਾਜਾ ਨਰਿੰਦਰ ਸਿੰਘ]

ਇਹ ਸਾਨੂੰ ਸੱਚ ਵੀ ਨਹੀ ਬੋਲਣ ਦਿੰਦੇ, ਗੁੱਸੇ ਹੋ ਜਾਂਦੇ ਹਨ । ਫੈਕਟਸ ਇਹ ਹਨ ਕਿ ਬੀਬਾਂ ਜਿਹੜੀ ਆਪੋਜ਼ੀਸ਼ਨ ਬੈਂਚ ਤੇ ਬੈਠੀ ਹੈ, ਇਹ ਇਕ ਬਹੁਤ ਕੁਰਬਾਨੀ ਵਾਲੇ ਬਜ਼ੁਰਗ ਦੀ ਧੀ ਹੈ, ਬਾਬਾ ਹੀਰਾ ਸਿੰਘ ਭੱਠਲ ਦੀ । ਬਾਬਾ ਹੀਰਾ ਸਿੰਘ ਭੱਠਲ ਨੂੰ ਗੁਜ਼ਰਿਆਂ ਥੋੜ੍ਹੇ ਸਾਲ ਹੋਏ ਹਨ । ਉਹ ਸਾਡੇ ਨਾਲ ਵਿਚ ਜੱਥੇਦਾਰਾਂ, ਜੱਥੇਦਾਰ ਗੁਰਬਖਸ਼ ਸਿੰਘ ਬੂਹੀ, ਸਰਦਾਰ ਹਰਦਿਆਲ ਸਿੰਘ ਬੂਹੀ ਅਤੇ ਜੱਥੇਦਾਰ ਢੱਗੂਵਾਲੀਆਂ ਦੇ ਨਾਲ ਰਹਿੰਦੇ ਰਹੇ ਹਨ । ਸਾਡੇ ਏਰੀਏ ਵਿੱਚ ਹੀ ਰਹਿੰਦੇ ਰਹੇ ਹਨ ਅਤੇ ਸਾਡੇ ਜੰਗਲਾਂ ਵਿੱਚ ਸਮਾਂ ਕੱਟਦੇ ਰਹੇ ਹਨ । ਇਹ ਉਸ ਫਰੀਡਮ ਫਾਈਟਰ ਦੀ ਬੱਚੀ ਹੈ, ਇਨ੍ਹਾਂ ਨੂੰ ਕਮ-ਅਜ਼-ਕਮ ਇਹ ਗੱਲ ਕਹਿਣੀ ਚਾਹੀਦੀ ਹੈ । ਸੱਚ ਨੂੰ ਸੱਚ, ਝੂਠ ਨੂੰ ਝੂਠ, ਦੁੱਧ ਨੂੰ ਦੁੱਧ ਅਤੇ ਪਾਣੀ ਨੂੰ ਪਾਣੀ ਕਹਿਣਾ ਚਾਹੀਦਾ ਹੈ ਪਰ ਇਹ ਵੀ ਸ਼ਰਮਾ ਜਾਂਦੇ ਹਨ । ਕਲ੍ਹ ਕਿਸੇ ਨੇ ਸਾਡੇ ਬੈਂਚ ਤੋਂ ਬੋਲਦੇ ਕਹਿ ਦਿੱਤਾ ਕਿ ਬਰਾੜ ਸਾਹਿਬ ਕੋਲੋਂ ਉਸ ਸਮੇਂ ਦੇ ਮੁੱਖ ਮੰਤਰੀ ਨੇ ਇਰੀਗੇਸ਼ਨ ਦਾ ਮਹਿਕਮਾ ਖੋਹ ਲਿਆ ਕਿਉਂਕਿ ਉਸ ਨੇ ਕਹਿ ਦਿੱਤਾ ਸੀ ਕਿ ਹਰਿਆਣੇ ਵਿੱਚ ਇੱਕ ਬੂੰਦ ਵੀ ਪਾਣੀ ਨਹੀਂ ਜਾਣ ਦਿਆਂਗੇ ਜੇਕਰ ਉਹ ਸੱਚ ਬੋਲਿਆ ਤਾਂ ਉਸ ਨੂੰ ਸਜ਼ਾ ਦੇ ਦਿੱਤੀ । ਜੇ ਕੋਈ ਇਮਾਨਦਾਰ ਆਦਮੀ ਇਨ੍ਹਾਂ ਵਿੱਚ ਵੜ ਗਿਆ ਤਾਂ ਇਨ੍ਹਾਂ ਨੇ ਉਸ ਦੇ ਸਾਰੇ ਖੰਭ ਖੋਲ੍ਹ ਦਿੱਤੇ ਅਤੇ ਉਸ ਨੂੰ ਕੁਰੱਪਟ ਬਣਾ ਦਿੱਤਾ । (ਥੰਪਿੰਗ) ਇਨ੍ਹਾਂ ਨੇ ਉਸ ਨੂੰ ਕੁਰੱਪਸ਼ਨ ਨਾਲ ਲਬੇੜ ਦਿੱਤਾ ।

ਚੇਅਰਮੈਨ ਸਾਹਿਬ, ਮੈਨੂੰ 1968 ਵਿਚ ਗੌਰਮਿੰਟ ਵਿਚ ਆਉਣ ਦਾ ਮੌਕਾ ਮਿਲਿਆ । ਉਸ ਸਮੇਂ ਮੈਂ ਸੁਖਦੇਵ, ਰਾਜਗੁਰੂ ਅਤੇ ਭਗਤ ਸਿੰਘ ਦੀ ਸਮਾਧੀ ਤੇ ਮੱਥਾ ਟੇਕਣ ਵਾਸਤੇ ਫਿਰੋਜ਼ਪੁਰ ਗਿਆ । ਉਥੇ ਜਾ ਕੇ ਮੈਂ ਦੇਖਿਆ ਕਿ ਉਨ੍ਹਾਂ ਦੀ ਕੋਈ ਸਮਾਧੀ ਨਹੀਂ ਸੀ । ਚੇਅਰਮੈਨ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਅਸੀਂ ਉਥੇ ਇਕੱਠੇ ਸੀ । ਫਿਰ 1968 ਵਿਚ ਅਕਾਲੀ ਸਰਕਾਰ ਨੇ ਪੀ. ਡਬਲਿਊ.ਡੀ. ਦੀ ਮਦਦ ਨਾਲ ਸਾਰੀਆਂ ਖੱਡਾਂ ਪੱਧਰ ਕਰਕੇ ਉਨ੍ਹਾਂ ਦੀ ਸਮਾਧੀ ਬਣਾਈ ਅਤੇ ਬੁੱਤ ਲਗਾਏ । ਅਸੀਂ ਉਨ੍ਹਾਂ ਮਹਾਨ ਆਤਮਾਵਾਂ ਦੀ ਪ੍ਰਸ਼ੰਸਾ ਲਈ, ਜਿਨ੍ਹਾਂ ਦਾ ਨਾਂ ਲੈ ਕੇ ਅਸੀਂ ਜਿਉਂਦੇ ਹਾਂ ਉਨ੍ਹਾਂ ਵਾਸਤੇ ਇਹ ਕਰਦੇ ਕੁਝ ਨਹੀਂ ਪਰ ਜ਼ੁਬਾਨ ਨਾਲ ਹੀ ਬਹੁਤ ਕੁਝ ਕਹਿੰਦੇ ਹਨ ।

ਚੇਅਰਮੈਨ ਸਾਹਿਬ, ਮੈਂ ਇੱਕ ਗੱਲ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਅਗਰ ਜੁਡੀਸ਼ਰੀ ਡੈਮੋਕਰੇਸੀ ਦੀ ਮਦਦ ਵਾਸਤੇ ਨਾ ਆਉਂਦੀ ਤਾਂ ਡੈਮੋਕਰੇਸੀ ਤਬਾਹ ਹੋ ਜਾਣੀ ਸੀ । ਚੇਅਰਮੈਨ ਸਾਹਿਬ, ਸਭ ਤੋਂ ਉਤੇ ਜਸਟਿਸ ਕੁਲਦੀਪ ਸਿੰਘ ਜੀ ਦਾ ਨਾਂ ਆਉਂਦਾ ਹੈ । (ਥੰਪਿੰਗ) ਅਗਰ ਓਹ ਡੈਮੋਕਰੇਟਿਕ ਸਿਸਟਮ ਠੀਕ ਕਰਨ ਲਈ ਅੱਗੇ ਨਾ ਆਉਂਦੇ ਤਾਂ ਸੈਂਟਰ ਦੀ ਲੀਡਰਸ਼ਿਪ ਨੇ ਇਸ ਦੇਸ਼ ਦੀ ਡੈਮੋਕਰੇਸੀ ਨੂੰ ਬਰਬਾਦ ਕਰ ਦੇਣਾ ਸੀ । ਅਲਟੀਮੇਟਲੀ ਇਹ ਸੱਜਣ ਅੱਗੇ ਆਏ ਔਰ ਐਕਸ਼ਨ ਲਿਆ । ਕਿਸੀ ਫਾਰਸੀ ਦੇ ਸ਼ਾਇਰ ਨੇ ਠੀਕ ਕਿਹਾ ਹੈ :

"ਮੁਸ਼ਤਾਕੀਓ ਸਬੂਰੀ, ਅਜ਼ ਹਦ ਗੁਜ਼ਸਤ ਯਾਰਾ,
ਗਰਤੂ ਸੁਕੇਰਦਾਰੀ, ਤਾਕਤ ਨਮਾਦ ਮਾਰਾ ।"

ਇਸ ਕਰਕੇ ਇਨ੍ਹਾਂ ਬੇਨਿਯਮੀਆਂ ਨੂੰ ਬਰਦਾਸ਼ਤ ਕਰਨ ਦਾ ਮਾਦਾ ਡੈਮੋਕਰਸੀ ਵਿੱਚ

Original with;
Punjab Vidhan Sabha
Digitized by;
Panjab Digital Library

ਖਤਮ ਹੋ ਗਿਆ ਸੀ । ਇਹ ਹਰ ਫਰੰਟ ਤੇ ਫੇਲ੍ਹ ਹੋ ਗਏ । ਇਨ੍ਹਾਂ ਦੀ ਪਾਰਟੀ ਦਾ ਲੀਡਰ ਕਈ ਘਪਲਿਆਂ ਵਿਚ ਇਨਵਾਲਵਡ ਸੀ । ਅਗਰ ਜੁਡੀਸ਼ਰੀ ਅੱਗੇ ਨਾ ਆਉਂਦੀ ਤਾਂ ਡੈਮੋਕਰੇਸੀ ਬਚ ਨਹੀਂ ਸਕਦੀ ਸੀ । ਇਸ ਕਰਕੇ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਇਹ ਨਾਅਰਾ ਦਿੱਤਾ :

"ਕਾਂਗਰਸ ਭਜਾਓ, ਡੈਮੋਕਰੇਸੀ ਅਤੇ ਦੇਸ਼ ਬਚਾਓ ।"

ਚੇਅਰਮੈਨ ਸਾਹਿਬ, ਮੈਂ ਬੱਸ ਥੋੜ੍ਹਾ ਜਿਹਾ ਹੋਰ ਬੋਲ ਕੇ ਬੰਦ ਕਰਦਾ ਹਾਂ ਕਿਉਂਕਿ ਚੀਫ ਮਨਿਸਟਰ ਸਾਹਿਬ ਨੇ ਵੀ ਬੋਲਣਾ ਹੈ । ਚੇਅਰਮੈਨ ਸਾਹਿਬ, ਬਾਦਲ ਸਾਹਿਬ ਨੇ ਆਦਰਸ਼ ਸਕੂਲਾਂ ਨੂੰ ਬਨਾਉਣ ਦਾ ਉਪਰਾਲਾ ਕੀਤਾ ਹੈ । ਇਸ ਵਾਸਤੇ ਕੋਈ 10-20 ਏਕੜ ਜ਼ਮੀਨ ਲੈਣੀ ਪੈਂਦੀ ਹੈ । ਚੇਅਰਮੈਨ ਸਾਹਿਬ, ਮੇਰੇ ਏਰੀਏ ਵਿਚ ਜਿਹੜੇ ਪਿੰਡ ਹਨ, ਉਥੇ ਜ਼ਮੀਨ ਕਾਫੀ ਜ਼ਿਆਦਾ ਹੈ ਅਤੇ ਉਥੇ ਜ਼ਮੀਨ ਦਾ ਭਾਅ 7 ਲੱਖ ਰੁਪਏ, ਅੱਠ ਲੱਖ ਰੁਪਏ ਔਰ 11 ਲੱਖ ਰੁਪਏ ਦੇ ਕਰੀਬ ਹੈ ਜਿਥੋਂ ਪਿੰਡ ਦੀ ਪੰਚਾਇਤ ਨੂੰ ਆਮਦਨ ਹੁੰਦੀ ਹੈ । ਇਨ੍ਹਾਂ ਵਿੱਚ ਇੱਕ ਪਿੰਡ ਰੈਸਲ ਹੈ । ਉਥੋਂ ਦਾ ਸਰਪੰਚ ਸਥਾਨਕ ਕਾਂਗਰਸੀ ਐਮ. ਐਲ. ਏ. ਨੇ ਪ੍ਰੋਟੈਕਟ ਕਰਕੇ ਬਣਵਾ ਦਿੱਤਾ । ਉਹ 28 ਸਾਲ ਦਾ ਮੁੰਡਾ ਹੈ ਉਸ ਕੋਲ ਕੋਈ ਜ਼ਮੀਨ ਨਹੀਂ ਸੀ । ਕਿਸੀ ਤਰ੍ਹਾਂ ਉਸ ਐਮ. ਐਲ. ਏ. ਨੇ ਲੋਕਾਂ ਦੀਆਂ ਮਿਨਤਾਂ ਕਰਕੇ ਬਿਨਾਂ ਵੋਟਾਂ ਤੋਂ ਉਸ ਨੂੰ ਸਰਪੰਚ ਬਣਵਾ ਦਿੱਤਾ । ਹੁਣ 4-5 ਸਾਲ ਹੋ ਗਏ ਹਨ । ਉਸ ਨੇ 18 ਲੱਖ ਰੁਪਿਆ ਕਮਾਇਆ । ਇਸ ਬਾਰੇ ਕਿਸੇ ਨੇ ਡਾਇਰੈਕਟਰ ਸਾਹਿਬ ਨੂੰ ਟੈਲੀਫੂਨ ਕੀਤਾ ਔਰ ਉਸ ਨੂੰ ਸਸਪੈਂਡ ਕਰ ਦਿੱਤਾ ਗਿਆ । ਉਸ ਨੇ ਪਾਸਪੋਰਟ ਬਣਵਾ ਲਿਆ, ਉਹ ਬਾਹਰਲੇ ਮੁਲਕ ਜਾਣਾ ਚਾਹੁੰਦਾ ਸੀ । ਸਸਪੈਂਡ ਹੋਏ ਹਾਲੀ ਹਫਤਾ ਵੀ ਨਹੀਂ ਹੋਇਆ ਸੀ ਉਸ ਨੂੰ ਦੁਬਾਰਾ ਰੀ-ਇਨਸਟੇਟ ਕਰਵਾ ਦਿੱਤਾ । ਰੀ-ਇਨਸਟੇਟ ਹੋਣ ਉਪਰੰਤ ਉਸ ਨੇ ਆਪਣੇ ਆਪ ਹੀ ਝੂਠੇ ਮਤੇ ਪਾ ਦਿੱਤੇ । ਪੰਚਾਇਤ ਦੇ ਛੇ ਮੈਂਬਰ ਹੋਣ ਕਰਕੇ ਦੋ ਤੋਂ ਹੀ ਮਤੇ ਪਵਾ ਦਿੱਤੇ । ਇੱਕ ਹੋਰ ਕੇਸ ਮੈਂ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ । ਡਾਇਰੈਕਟਰ ਸਾਹਿਬ ਨੇ ਮੁਰੱਬਾਬੰਦੀ ਵਾਲੀ ਜ਼ਮੀਨ ਪੰਚਾਇਤ ਦੀ ਥਾਂ ਜ਼ਿਮੀਂਦਾਰਾਂ ਦੇ ਨਾਂ ਕਰ ਦਿੱਤੀ । ਡਾਇਰੈਕਟਰ ਸਾਹਿਬ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ ਕਿ ਜੇ ਸਾਰੀ ਜ਼ਮੀਨ ਜ਼ਿਮੀਦਾਰਾਂ ਦੇ ਨਾਂ ਕਰ ਦਿੱਤੀ ਤਾਂ ਫਿਰ ਜਿਹੜੀ ਪਿੰਡਾਂ ਦੀ ਢਾਲ ਹੈ ਜਾਂ ਖਜ਼ਾਨਾ ਹੈ, ਉਹ ਨਹੀਂ ਰਹੇਗਾ ਜਿਸ ਕਾਰਨ ਡਿਵੈਲਪਮੈਂਟ ਦਾ ਕੰਮ ਰੁੱਕ ਜਾਵੇਗਾ । ਇਸ ਕਰਕੇ ਮੈਂ ਆਸ ਕਰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਇਸ ਗੱਲ ਦਾ ਭਰੋਸਾ ਦੇਣਗੇ ਅਤੇ ਪੂਰਾ ਯਤਨ ਕਰਨਗੇ ਕਿ ਲੋਕਾਂ ਨੂੰ ਇਸ ਵਿੱਚ ਰਾਹਤ ਮਿਲ ਸਕੇ ਅਤੇ ਅਸੀਂ ਪੰਜਾਬ ਦਾ ਸਿਰ ਉਚਾ ਕਰ ਸਕੀਏ ।

**ਸ੍ਰੀ ਸਭਾਪਤੀ** : ਹੁਣ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ । You will speak only for five minutes ਕਿਉਂਕਿ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਬੋਲਣਾ ਹੈ ਔਰ ਸਮਾਂ ਬਹੁਤ ਥੋੜ੍ਹਾ ਹੈ ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਭਾਪਤੀ ਜੀ, ਤੁਸੀਂ ਮਿਨਾਰਟੀ ਨਾਲ ਮਾੜਾ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

ਨਾ ਕਰੋ ਕਿਉਂਕਿ ਮਹਿਲਾਏਂ ਮਿਨਾਰਟੀ ਵਿੱਚ ਹਨ । ਪਹਿਲੇ ਦਿਨ ਤੁਸੀਂ 30-30 ਅਤੇ 40-40 ਮਿੰਟ ਬੋਲਣ ਵਾਸਤੇ ਦਿੰਦੇ ਰਹੇ ਹੋ । ਅਸੀਂ ਤਾਂ ਵੈਸੇ ਹੀ ਘੱਟ ਹਾਂ । ਤੁਸੀਂ ਸਾਡੇ ਨਾਲ ਇੰਜ ਨਾ ਕਰੋ ।

**ਸ੍ਰੀ ਸਭਾਪਤੀ** : ਸਮਾਂ ਬਹੁਤ ਥੋੜਾ ਹੈ ।

**श्रीमती लक्ष्मी कांता चावला (अमृतसर केंद्रीय)** : सभापती जी, राज्यपाल के अभिभाषण में जो सबसे अच्छी बात हैं, वह है भ्रष्टाचार मुक्त शासन और प्रशासन देने की । मेरा इस पर केवल इतना निवेदन है कि जब तक हर काम की प्रक्रिया लम्बी होगी, लालफीता शाही होगी, तब तक हम भ्रष्टाचार से मुक्त नहीं हो सकेंगे । एक पानी के कुनेकशन के लिए 17 अधिकारियों और कर्मचारियों के पास जाना पड़ता है । विधवा को पैन्शन लेने के लिए 8 जगह जाना पड़ता है । आज हालत यह हो गई है कि बुढ़ापा पैन्शन 200/- रुपये पता नहीं कब मिलेगी लेकिन फार्म जमा कराने के लिए 500/- रुपया तो खर्च करना पड़ता है, रिश्वत का भी और फीस का भी । लेकिन मेरा यह निवेदन है कि यह सारी कारवाई एक ही खिड़की पर और एक ही हस्ताक्षरों में पूरी हो जाए । मेरी यह राये है । उदाहरण के लिए अमृतसर में शिव नगर में 1973-74 में हायर परचेज पालिसी के तहत मकान बने थे । वे मकान जब बने, उस समय तक उन में से आधे इन्सान भगवान को प्यारे हो गए लेकिन कारवाई अभी तक भी पूरी नहीं हुई । बड़ी मुश्किल से बराड़ साहिब ने कुछ पूरी करवाई । बेशक आज वे मुख्य मंत्री नहीं हैं, फिर भी इस के लिये मैं उनका धन्यावाद करती हूँ । उसके बाद जब इस विभाग के नये मंत्री बने तो उन्होंने इस पर फुल स्टाप लगा दिया और गाड़ी आगे नहीं चली । जब 25-25 साल लोगों को और उन के प्रतिनिधियों को फाईलें उठा कर चलना पड़ता है तो लोग कहते हैं कि किसी प्रकार से मिले, सवच्छ प्रकार से नहीं तो भ्रष्ट से ही मिले लेकिन हमे हमारे मकान तो मिल जाएं । मेरी मुख्य मन्त्री जी से प्रार्थना है कि भ्रष्टाचार तब खत्म होगा जब हम डिले नहीं करेंगे । प्रसिद्ध कहावत है कि

'Justice delayed is justice denied.'

आगे बात शिक्षा की है । गवर्नर के भाषण में लिखा है, माडल स्कूल बनाये जाएंगे आदि आदि । जो हमारे स्कूल पंजाब में चल रहे हैं, उन में से ज्यादा स्कूलों की हालत अना था आशमों जैसी है । पिछले समय में भी मैं कहती रहती हूँ कि जो पैसे कंटेसा कारों को खरीदने लिए लग रहें है और बड़ी-बड़ी कोठियों में 40 करोड़ से ज्यादा खर्च करने में लगते हैं ये सभी स्कूलों में लगे तां कि हमारी नई पीढ़ी शिक्षक और पर परशिक्षक ले सके । कानवैंट स्कूलों में जिस तरह की

Original with;
Punjab Vidhan Sabha
Digitized by;
Panjab Digital Library

शिक्षा की बात आ रही है, जब 3 साल के बच्चे को स्कूल में दाखिल करवाते हैं तो रिश्वत देकर करवाते हैं । तो हम किस तरह सोच सकते हैं वह बच्चा इस समाज में भ्रष्टाचार के बगैर रह सकेगा और समाज में सहयोग देगा । यह तो वैसा है जैसे कांटे बीज कर कोई अंगूर या आम की प्रतीक्षा करे ।

चेयरमैन साहिब, यह जो प्राइवेट स्कूल हैं, सरकारी या अर्ध-सरकारी या सहायता प्राप्त स्कूल हैं, इन में जो बिल्डिंग फंड के नाम पर लिया जाने वाला पैसा है, यह भी एक तरह से घपला है जो कि हवाला से भी बड़ा है । अगर यह राशि गिनी जाए तो 100 हवाले इस में से निकल आते हैं । शिक्षा जगत को शुद्ध कर दीजिए, पढ़ाई सस्ती कर दीजिए, तब हमें ईमानदार नागरिक मैक्सीमम 10 वर्ष में तो प्राप्त हो ही जाएंगे । यह जो मैडीकल कालिज इंजीनियरिंग कालिज है, इन में जो घपलेबाजी चलती है, उस को खत्म करें और अमृतसर शहर में लड़कों का कालिज इसी रूप में ही खोलें ताकि बच्चे पढ़ सकें ।

चेयरमैन साहिब, बिजली की जो स्थिति है, मुझे लगता है कि सन् 2000 तक बिजली की आवश्यकताएं पूरी करने के लिए सरकार के पास साधन भी नहीं हैं । स्वर्गीय सरदार बेअंत सिंह जी जब मुख्य मन्त्री थे, उन्होंने एक प्रश्न के उत्तर में कहा था कि सन् 2000 तक बिजली की आवश्यकताएं पूरी करने के लिये हमारे पास साधन नहीं हैं । मेरी अपनी जानकारी है कि ट्यूब्वैलों के कुनैक्शनों के लिए लाखों किसानों ने अप्लाई किया हुआ है, लेकिन उनको कुनैक्शन नहीं मिल रहे हैं । यह बिजली पूरी करने के लिए साधन जुटाए जायें चाहे किसी भी तरह से जुटाएं और पंजाब को पूरे समय के लिये बिजली मिले, नहीं तो पता नहीं पंजाब में चावल की बिजाई के वक्त किसानों का और गर्मियों में हम लोगों का शहर में क्या हाल होगा । जो लोग बिहार से पंजाब में काम करने आते हैं, उनका पता नहीं क्या हाल होगा । हमारे घरों में जब बिजली और पानी बंद हो जाता है तो फिर कुछ लोग जैनरेटर चला कर प्रदूषण फैलाते हैं, इन पर कंट्रोल किया जाये । पंजाब सरकार के अधिकारी जो चण्डीगढ़ झील के किनारे पर रहते हैं, उनको इस का क्या पता है । क्योंकि जिस को दर्द होता है । वही इस को जान सकता है । घायल की गति घायल ही जानता है, और कोई नहीं जानता । बाकी जो बात भाषण में भी कही गई है और न्यूनतम सांझे कार्यक्रम में भी कही गई है, उसको जल्दी से जल्दी लागू करवा दें । पंजाबी हमारी मातृ भाषा है, लेकिन हिन्दी हमारी राष्ट्र भाषा है, और मुझे समझ नहीं आता कि हम स्वतंत्रता की 50 वीं वर्ष गांठ मनाने जा रहे हैं, देश में खूब भाषण भी हो रहे हैं, स्वतंत्रता के नाम पर राशन भी खाया जा रहा है, आम आदमी सूखी रोटी खाता है जब कि फंक्शनों में काजू की बर्फी, ड्राई फ्रूट और सूखे मेवे चलते हैं । परन्तु

Original with;
Punjab Vidhan Sabha
Digitized by;
Panjab Digital Library

[श्रीमती लक्ष्मी कांता चावला]

हिन्दी विचारी नौकरानी से भी बुरी हालत में रखी हुई है मुझे समझ नहीं कि पंजाब विधान सभा में पंजाबी के साथ सारा कुछ अंग्रेजी में क्यों आता है। आखिर क्यों हम कागज वेस्ट करते हैं, छपाई वेसट करते हैं। हमें सिर्फ पंजाबी में दे दीजिए। हमें स्वीकार है। मैंने ज्ञानी तक शिक्षा प्राप्त की है। लेकिन गुलामी की मार हमारे देश में इतनी है कि मेरा उम्मीदवार का कागज इस लिए रद्द कर दिया गया कि मैंने कागज हिन्दी में भरा था। अंग्रेजी में नहीं भरा था। स्वतन्त्रता की 50वीं वर्ष गांठ मनाने के साथ साथ राष्ट्र भाषा को भी सनमान दीजिए, पंजाब में भी और देश में भी अंग्रेजी बन्द कर दीजिए। हमें पंजाबी अच्छी तरह आती है हम पढ़ भी सकते हैं और लिख भी सकते हैं। एक बात और एस.पी.ओंज और होम गार्डज पंजाब में काफी हैं। एक दिन बादल साहिब का ब्यान आया था कि उनकी सर्विसज पक्की की जा रही हैं। यह सराहनीय ब्यान है जिसकी लोग प्रतीक्षा कर रहे हैं, लेकिन मैं प्रार्थना करूंगी कि इसी सत्र में होम गार्डज और एस. पी. ओज़ का वेतन 50 रुपये के स्थान पर कम से कम 75 रुपये कर दें और जब इनको पक्का कर देंगे तो सरकार का अपने कर्मचारियों के लिये यह एक वरदान होगा।

**ਸ਼੍ਰੀ ਸਭਾਪਤੀ** . ਕਿਰਪਾ ਕਰਕੇ ਵਾਈਂਡ ਅੱਪ ਕਰੋ।

**श्रीमती लक्ष्मी कांता चावला** : मैं वाईंड अप कर रही हूं। मैं केवल मुद्दे ही ले रही हूँ। विस्तार नहीं। डेराबसी का बुचरखाना है। अकाली पार्टी और बी. जे. पी. ने मिल कर इस के विरूद्ध अंदोलन किया था कि डेराबसी का बुचड़खाना बन्द किया जाए क्योंकि जिस प्रांत मे हम रहते हैं, वहां कबीर साहब ने कहा था।

"बक्री पाती खात है ताकि काढ़ी खाल,

जो नर बक्री खात है ताके कोन हवाल।"

गुरुबानी में भी कहा गया है।

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥

ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ ॥

यह जो बुचड़खाने की संस्कृति है, यह पंजाब में से बन्द करवा दी जाए। चक्की वालों को जो सस्ते रेट पर गेहूं मिलती थी वह गौरमिंट ने बन्द करवा दी है। वह चक्की वालों को सीधी जानी चाहिए ताकि बाजार में से जिस को 5 किलो आटा चाहिए, वह ले ले।

Original with;
Punjab Vidhan Sabha
Digitized by;
Panjab Digital Library

एक प्रार्थना में मुख्य मन्त्री जी से जरूर करूंगी। 5100/- रुपये दलित लड़कियों की शादी के लिये रखा गया है, अच्छी चीज है, बुरी नहीं है। यह गरीब लड़कियों के लिये रखना चाहिए। मैं तो समझती हूँ कि जो उस बारात में खाने आते हैं और दहेज लेने आते हैं, उन पर ऐक्शन होना चाहिए। यह लड़की को जो हम देते हैं, वास्तव में उन लड़कों को देते हैं, जो न अपने घर पर रोटी खा सकते हैं और न ही आने वाली पत्नी के लिये चारपाई का प्रबंध कर सकते हैं।

चेयरमैन साहिब, इन दिनों ठेकों की निलामी होनी है। शराब के ठेके जिस दिन बन्द हो जाएंगे, वह दिन सुनहिरी दिन होगा। पर मेरे अमृतसर शहर में शराब के ठेके स्कूलों, कालिजों के सामने हैं। गली मुहल्लों के बीच हैं। उनको बन्द करवाया जाये और साथ में जो परीक्षाओं में नकल रोकने के लिए मुख्य मंत्री जी ने गुरदासपुर ज़िले में रेड करवाए हैं, उनको मैं बहुत प्रशंसा करती हूँ। मैं बिनती करती हूं कि बहुत से स्कूलों में आने वाली परीक्षा में, जो यह सब पीछे चलता रहा है, अब ना चले। इस के लिए ये प्रयास करें।

चेयरमैन साहिब, अमृतसर से जालंधर तक की सड़क पर पुल बनाया जाना चाहिए। पिछले 5 साल के गवर्नर ऐड्रैस में कहा जा रहा है कि हम कुराली में पुल बना देंगें, मोरिन्डा में पुल बना देंगें लेकिन वे अभी तक नहीं बने। अगर ये पुल बन जाएं तो इससे न तो लोगों का पैसा वेस्ट होगा, न ही पैट्रोल वेस्ट होगा और न समय। अमृतसर-जालंधर सड़क पर दर्जनों एक्सीडेंट होते हैं, आप आंकड़े मंगवा कर देख सकते हैं।

पंजाब में आतंकवाद के दिनों में कई लोग मारे गए। 25 हजार के लगभग लोग आतंकवाद का शिकार हुए हैं। दिल्ली में दंगों के शिकार हुए हैं। उन के परिवार वालों की समस्याएं हल की जानी चाहिए और उन्हें पूरी सहायता मिलनी चाहिए।

अंत में, चेयरमैन साहिब, मैं कहना चाहती हूँ कि पंजाब महिला कमिशन के पास 1995 में 43 एप्लीकेशनें गई लेकिन उन का निपटारा नहीं हुआ। सरकार को अपना प्रभाव बनाना चाहिए और अपने कामों को निपटाना चाहिए। मेरी प्रार्थना है कि पंजाब के लोगों को सस्ता आटा मिलना चाहिए, और गैस की ब्लैक नहीं होनी चाहिए ता कि आम आदमी शांति से जी सके। धन्यवाद।

**ਸ਼੍ਰੀ ਚਰੰਜੀ ਲਾਲ ਗਰਗ** (ਬਠਿੰਡਾ) : ਸਤਿਕਾਰ ਯੋਗ ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਆਪ ਜੀ ਵੱਲੋਂ ਰਾਜਪਾਲ ਦੇ ਭਾਸ਼ਣ ਤੇ ਮੈਨੂੰ ਬੋਲਣ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਚਰੰਜੀ ਲਾਲ ਗਰਗ]

ਦਾ ਹੁਕਮ ਹੋਇਆ ਹੈ । ਰਾਜਪਾਲ ਜੀ ਦੇ ਭਾਸ਼ਣ ਵਿੱਚ ਸਰਕਾਰ ਨੇ ਸੰਕਲਪ ਕੀਤਾ ਕਿ ਸਰਕਾਰ ਪੰਜਾਬ ਦੇ ਰਹਿਣ ਵਾਲਿਆਂ ਨੂੰ ਸੱਚੀ ਤੇ ਸੁੱਚੀ ਸਰਕਾਰ ਦੇਵੇਗੀ ਅਤੇ ਜੋ ਭ੍ਰਿਸ਼ਟਾਚਾਰ ਦਾ ਦੌਰ ਧਰਤੀ ਤੇ ਚੱਲਿਆ ਹੈ, ਉਸ ਨੂੰ ਖ਼ਤਮ ਕਰੇਗੀ । ਪੰਜਾਬ ਦੇ ਲੋਕ ਜੋ ਪਿਛਲੇ ਸਾਲਾਂ ਵਿੱਚ ਭ੍ਰਿਸ਼ਟਾਚਾਰ ਦਾ ਸੰਤਾਪ ਝੱਲ ਰਹੇ ਸੀ. ਉਸ ਨਾਲ ਕੁਚਲੇ ਜਾ ਰਹੇ ਸੀ, ਸਰਕਾਰ ਭਰੋਸਾ ਦਿਵਾਉਂਦੀ ਹੈ ਕਿ ਇਹ ਸੰਤਾਪ ਪੰਜਾਬ ਵਾਸੀਆਂ ਨੂੰ ਅੱਗੇ ਤੋਂ ਨਹੀਂ ਝੱਲਣਾ ਪਵੇਗਾ । ਮੇਰੀ ਭੈਣ ਬੀਬੀ ਰਾਜਿੰਦਰ ਕੌਰ ਭੱਠਲ ਨੇ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਦੇ ਹੋਏ ਸਰਕਾਰ ਉਤੇ ਕੁਝ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਹਨ ਜਿਨ੍ਹਾਂ ਵਿੱਚ ਕੁਝ ਅਫ਼ਸਰਾਂ ਦਾ ਵੀ ਵੇਰਵਾ ਦਿੱਤਾ ਗਿਆ ਹੈ । ਖ਼ਾਸ ਤੌਰ ਤੇ ਪੰਜਾਬ ਦੇ ਮੁੱਖ ਸਕੱਤਰ ਸ੍ਰੀ ਆਰ. ਐਸ. ਮਾਨ, ਸ੍ਰੀ ਆਈ. ਐਸ. ਬਿੰਦਰਾ ਅਤੇ ਸਰਦਾਰ ਬਿਕਰਮਜੀਤ ਸਿੰਘ ਆਈ. ਏ. ਐਸ. ਦਾ ਨਾਮ ਲਿਆਂਦਾ ਗਿਆ ਹੈ ਅਤੇ ਵਰਨਣ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਰਾਹੀਂ ਇਨ੍ਹਾਂ ਅਫ਼ਸਰਾਂ ਦਾ ਕੇਸ ਸੀ. ਬੀ. ਆਈ. ਤੋਂ ਵਾਪਸ ਲੈਣ ਦਾ ਹੁਕਮ ਜਾਰੀ ਕੀਤਾ ਹੈ, ਇਸ ਤਰ੍ਹਾਂ ਇਹ ਭ੍ਰਿਸ਼ਟਾਚਾਰ ਹੈ । ਮੈਂ ਇਥੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰੀ ਭੈਣ ਦੇ ਸਾਮ੍ਹਣੇ ਅਸਲੀ ਤੱਥ ਨਹੀਂ ਲਿਆਂਦੇ ਗਏ । ਅਗਰ ਉਹ ਤੱਥ ਲਿਆਂਦੇ ਗਏ ਹਨ ਤਾਂ ਮੈਂ ਇਹ ਸਮਝਦਾ ਹਾਂ ਕਿ ਉਨ੍ਹਾਂ ਦੀ ਕੰਨਸੀਲਮੈਂਟ ਕੀਤੀ ਗਈ ਹੈ । ਜਿਹੜਾ ਇਹ ਕੇਸ ਸੀ. ਬੀ. ਆਈ. ਨੂੰ ਰੈਫਰ ਕੀਤਾ ਗਿਆ, ਇਸ ਦੇ ਵਿਚ ਉਸ ਵੇਲੇ ਦੀ ਸਰਕਾਰ ਦੀ ਬਦਨੀਤੀ ਸੀ ਅਤੇ ਇਸ ਦੇ ਪਿਛੇ ਇਨ੍ਹਾਂ ਦਾ ਆਪਣਾ ਮੋਟਿਵ ਸੀ । ਕੁਝ ਚੰਗੇ ਅਫਸਰ ਜਿਹੜੇ ਪੰਜਾਬ ਸਰਕਾਰ ਦੇ ਵਿਚ ਕੰਮ ਕਰ ਰਹੇ ਸਨ, ਉਨ੍ਹਾਂ ਨੂੰ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦੇ ਵੇਲੇ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ । ਖ਼ਾਸ ਕਰਕੇ ਸਰਦਾਰ ਬਿਕਰਮਜੀਤ ਸਿੰਘ ਜਿਨ੍ਹਾਂ ਦੇ ਉਤੇ ਸਰਦਾਰਨੀ ਰਾਜਿੰਦਰ ਕੌਰ ਭੱਠਲ ਨੇ ਆਪਣੇ ਭਾਸ਼ਣ ਦੇ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਹਨ....

**ਸ਼੍ਰੀ ਭਗਵਾਨ ਦਾਸ ਅਰੋੜਾ** : ** ** **

**ਸ਼੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਪਲੀਜ਼ ਬੈਠ ਜਾਓ ।

**ਸ਼੍ਰੀ ਚਰੰਜੀ ਲਾਲ ਗਰਗ** : ਚੇਅਰਮੈਨ ਸਾਹਿਬ, ਇਹ ਰਿਕਾਰਡ ਤੇ ਹੈ ਕਿ ਕਿਸ ਤਰ੍ਹਾਂ ਪਿਛਲੀ ਸਰਕਾਰ ਨੇ ਸਰਦਾਰ ਬਿਕਰਮਜੀਤ ਸਿੰਘ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ। ਉਹ ਉਸ ਨੂੰ ਖਰਾਬ ਕਰਨ ਤੇ ਤੁਲੀ ਹੋਈ ਸੀ । ਇਸ ਦੇ ਵਿਚ ਕਿਸ ਤਰ੍ਹਾਂ ਪਿਛਲੀ ਸਰਕਾਰ ਵੱਲੋਂ ਬਦਨੀਤੀ ਅਤੇ ਅਲਟੀਰੀਅਰ ਮੋਟਿਵ ਦੇ ਨਾਲ ਕੰਮ ਕੀਤਾ ਗਿਆ ਅਤੇ ਇਹ ਕੇਸ ਸੀ. ਬੀ. ਆਈ ਨੂੰ ਰੈਫਰ ਕੀਤਾ ਗਿਆ । ਇਹ ਸਾਰਾ ਕੁਝ ਰਿਕਾਰਡ ਦੇ ਵਿਚ ਹੈ ਅਤੇ ਇਹ ਰਿਕਾਰਡ ਮੈਂ ਹਾਊਸ ਦੇ ਵਿਚ ਰੱਖਣਾ ਚਾਹੁੰਦਾ ਹਾਂ । ਜਦੋਂ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਪੰਜਾਬ ਵਿਚ ਬਣੀ ਤਾਂ ਉਸ ਵੇਲੇ ਦੀ ਸਰਕਾਰ ਨੇ ਸਰਦਾਰ ਬਿਕਰਮਜੀਤ ਸਿੰਘ ਦੇ ਖਿਲਾਫ਼ ਕੇਸ ਵਿਜੀਲੈਂਸ ਡਿਪਾਰਟਮੈਂਟ ਨੂੰ ਇਨਕੁਆਇਰੀ ਕਰਨ ਲਈ ਰੈਫਰ ਕਰ ਦਿੱਤਾ । ਵਿਜੀਲੈਂਸ ਡਿਪਾਰਟਮੈਂਟ ਦੇ ਵਿਚ ਇਹ ਕੇਸ ਲਗਾਤਾਰ ਚਲਦਾ ਰਿਹਾ ਪਰ ਸਰਕਾਰ ਨੂੰ ਇਸ ਇਨਕੁਆਇਰੀ ਦੇ ਵਿਚੋਂ ਕੋਈ ਸਬੂਤ ਹਾਸਲ ਨਹੀ ਹੋਏ ਅਤੇ

*Expunged as ordered by the chair.

Original with;
Punjab Vidhan Sabha
Digitized by;
Panjab Digital Library

ਨਾ ਹੀ ਉਹ ਕੋਈ ਸਬੂਤ ਇਕੱਠੇ ਕਰ ਸਕੀ ਜਿਸ ਤੋਂ ਇਹ ਸਾਬਿਤ ਹੋ ਸਕੇ ਕਿ ਸਰਦਾਰ ਬਿਕਰਮਜੀਤ ਸਿੰਘ ਨੇ ਕੋਈ ਕੁਰੱਪਸ਼ਨ ਕੀਤੀ ਸੀ। ਜਿਹੜੇ ਕੁਰੱਪਸ਼ਨ ਚਾਰਜਿਜ਼ ਵਿਜੀਲੈਂਸ ਡਿਪਾਰਟਮੈਂਟ ਨੂੰ ਭੇਜੇ ਗਏ ਸਨ, ਉਹ ਸਾਬਿਤ ਨਹੀਂ ਹੋ ਸਕੇ। ਇਹ ਇਨਕੁਆਇਰੀ ਵਿਜੀਲੈਂਸ ਡਿਪਾਰਟਮੈਂਟ ਦੇ ਵਿਚ ਲਗਾਤਾਰ 4 ਸਾਲ ਤੱਕ ਚਲਦੀ ਰਹੀ ਅਤੇ ਹਾਲੇ ਵੀ ਕੇਸਿਜ਼ ਪੈਂਡਿੰਗ ਪਏ ਸਨ ਕਿ ਸਰਕਾਰ ਨੇ ਆਖਿਰੀ ਦਿਨਾਂ ਦੇ ਵਿਚ ਜਦੋਂ ਉਹ ਸਰਕਾਰ ਆਖਿਰੀ ਸਾਹ ਗਿਣ ਰਹੀ ਸੀ, ਇਨ੍ਹਾਂ ਦੇ ਕੇਸ ਨੂੰ ਸੀ.ਬੀ.ਆਈ. ਦੇ ਕੋਲ ਰੈਫਰ ਕਰਨ ਦਾ ਫੈਸਲਾ ਕਰ ਦਿੱਤਾ ਤਾਂਕਿ ਆਉਣ ਵਾਲੀ ਸਰਕਾਰ ਨੂੰ ਬਦਨਾਮ ਕੀਤਾ ਜਾ ਸਕੇ। 7 ਫਰਵਰੀ ਨੂੰ ਜਦੋਂ ਪੰਜਾਬ ਵਿਚ ਇਲੈਕਸ਼ਨਾਂ ਹੋ ਰਹੀਆਂ ਸਨ, ਇਨ੍ਹਾਂ ਨੂੰ ਉਦੋਂ ਪਤਾ ਲੱਗ ਗਿਆ ਸੀ ਕਿ ਪੰਜਾਬ ਵਿੱਚ ਹੁਣ ਕਾਂਗਰਸ ਪਾਰਟੀ ਦੀ ਸਰਕਾਰ ਬਣ ਨਹੀਂ ਸਕਦੀ ਅਤੇ ਇਨ੍ਹਾਂ ਦੀ ਰਾਹ ਲੋਕਾਂ ਨੇ ਚੋਣ ਬਕਸਿਆਂ ਵਿਚ ਬੰਦ ਕਰ ਦਿੱਤੀ ਹੈ ਤਾਂ ਇਨ੍ਹਾਂ ਨੇ ਇਹ ਕੇਸ ਦਰਜ ਕਰਨ ਲਈ ਇਕ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ, ਸੀ. ਬੀ. ਆਈ. ਨੂੰ ਰੈਫਰ ਕਰ ਦਿੱਤਾ ਔਰ ਵਿਜੀਲੈਂਸ ਡਿਪਾਰਟਮੈਂਟ ਦੇ ਵਿਚ ਇਨਕੁਆਇਰੀ ਨੂੰ ਪੈਂਡਿੰਗ ਕਰਵਾ ਦਿੱਤਾ ਜਿਹੜੀ ਕਿ ਪਿਛਲੇ 4 ਸਾਲਾਂ ਤੋਂ ਚਲ ਰਹੀ ਸੀ, ਜਿਸਦਾ ਕੋਈ ਸਬੂਤ ਨਹੀਂ ਮਿਲਿਆ ਸੀ ਅਤੇ ਇਨਕੁਆਇਰੀ ਦੇ ਵਿਚ ਕੁਝ ਸਾਬਿਤ ਨਹੀਂ ਹੋ ਸਕਿਆ ਸੀ ਪਰ ਫੇਰ ਵੀ ਕੇਸ ਨੂੰ ਸੀ. ਬੀ. ਆਈ. ਨੂੰ ਰੈਫਰ ਕਰ ਦਿੱਤਾ।

**ਸ੍ਰੀ ਸਭਾਪਤੀ** : ਗਰਗ ਸਾਹਿਬ, ਹੁਣ ਤੁਸੀਂ ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ।

**ਸ੍ਰੀ ਚਰੰਜੀ ਲਾਲ ਗਰਗ** : ਚੇਅਰਮੈਨ ਸਾਹਿਬ, ਬੱਸ ਮੈਂ 1-2 ਮਿੰਟਾਂ ਦੇ ਵਿਚ ਹੀ ਖਤਮ ਕਰਨ ਵਾਲਾ ਹਾਂ! ਚੇਅਰਮੈਨ ਸਾਹਿਬ, ਮੈਂ ਦੱਸ ਰਿਹਾ ਸੀ ਕਿ ਕਿਸ ਤਰ੍ਹਾਂ ਦਾ ਮੋਟਿਵ ਸੀ ਪਿਛਲੀ ਸਰਕਾਰ ਦਾ ਆਉਣ ਵਾਲੀ ਸਰਕਾਰ ਦੇ ਬਾਰੇ ਵਿਚ, ਤਾਂਕਿ ਬਾਦਲ ਸਾਹਿਬ ਦੀ ਸਰਕਾਰ ਨੂੰ ਬਦਨਾਮ ਕੀਤਾ ਜਾ ਸਕੇ। ਇਹ ਸਾਰਾ ਕੁਝ ਪਿਛਲੀ ਸਰਕਾਰ ਵੱਲੋਂ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਮਾਨ ਸਾਹਿਬ ਅਤੇ ਆਈ. ਐਸ. ਬਿੰਦਰਾ ਦੇ ਖਿਲਾਫ ਵੀ ਇਥੇ ਗੱਲ ਕੀਤੀ ਗਈ। ਬੀਬੀ ਭੱਠਲ ਨੇ ਗਵਰਨਰ ਸਾਹਿਬ ਦੇ ਭਾਸ਼ਣ ਦੇ ਜਵਾਬ ਵਿਚ ਖਾਸ ਕਰਕੇ ਇਸ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਇਨ੍ਹਾਂ ਅਫਸਰਾਂ ਦੇ ਖਿਲਾਫ ਕੁਰੱਪਸ਼ਨ ਦੇ ਚਾਰਜਿਜ਼ ਲੱਗੇ ਹੋਏ ਸਨ ਜਿਨ੍ਹਾਂ ਨੂੰ ਬਾਦਲ ਸਾਹਿਬ ਨੇ ਆਪਣੀ ਸਰਕਾਰ ਦੇ ਵਿਚ ਲਿਆ ਅਤੇ ਨੋਟੀਫਿਕੇਸ਼ਨ ਵਾਪਸ ਲੈ ਕੇ ਕੁਰੱਪਸ਼ਨ ਨੂੰ ਖਤਮ ਕਰਨ ਦੀ ਗੱਲ ਨਹੀਂ ਕੀਤੀ। ਇਨ੍ਹਾਂ ਦੋਨਾਂ ਅਫ਼ਸਰਾਂ ਨੇ ਪੰਜਾਬ ਨੂੰ ਇਕ ਬਹੁਤ ਵੱਡੀ ਦੇਣ ਮੁਹਾਲੀ ਵਿਖੇ ਸਟੇਡੀਅਮ ਬਣਾ ਕੇ ਦਿੱਤੀ ਹੈ, ਜਿਹੜੀ ਪਹਿਲਾਂ ਕਿਸੇ ਨੇ ਨਹੀਂ ਦਿੱਤੀ ਸੀ। ਮੋਹਾਲੀ ਵਿਚ ਸਟੇਡੀਅਮ ਬਣਾ ਦੇਣਾ ਪੰਜਾਬ ਨੂੰ ਇਕ ਬਹੁਤ ਵੱਡੀ ਦੇਣ ਹੈ। ਚੇਅਰਮੈਨ ਸਾਹਿਬ, ਉਥੇ ਦੁਨੀਆਂ ਭਰ ਦੇ ਪਲੇਅਰ ਆ ਕੇ ਪੰਜਾਬ ਦੀ ਪਵਿੱਤਰ ਧਰਤੀ ਤੇ ਖੇਲਦੇ ਹਨ। ਪੰਜਾਬ ਇਕ ਅਜਿਹਾ ਸੂਬਾ ਹੈ ਜਿਸ ਨੇ ਅਜਿਹੇ ਸਪੂਤ ਪੈਦਾ ਕੀਤੇ ਹਨ। ਮੈਂ ਸਮਝਦਾ ਹਾਂ ਕਿ ਇਸ ਨਾਲ ਪੰਜਾਬ ਦਾ ਨਹੀਂ ਬਲਕਿ ਇਸ ਨਾਲ ਸਾਰੇ ਦੇਸ਼ ਦਾ ਸਿਰ ਉੱਚਾ ਹੋਇਆ

Original with;
Punjab Vidhan Sabha
Digitized by;
Panjab Digital Library

[ਸ੍ਰੀ ਚਰੰਜੀ ਲਾਲ ਗਰਗ]

ਹੈ। ਸਰਦਾਰ ਮਿਲਖਾ ਸਿੰਘ, ਸਰਦਾਰ ਬਲਵੀਰ ਸਿੰਘ, ਸਰਦਾਰ ਪ੍ਰਗਟ ਸਿੰਘ ਅਤੇ ਸਰਦਾਰ ਪ੍ਰਿਤਪਾਲ ਸਿੰਘ ਹੋਰਾਂ ਨੇ ਸਾਡੇ ਦੇਸ਼ ਦਾ ਸਿਰ ਦੁਨੀਆਂ ਦੇ ਵਿੱਚ ਉੱਚਾ ਕੀਤਾ ਹੈ। ਮੈਂ ਸਮਝਦਾ ਹਾਂ ਕਿ ਆਪੋਜ਼ੀਸ਼ਨ ਵੱਲੋਂ ਹਾਊਸ ਵਿਚ ਇਸ ਤਰ੍ਹਾਂ ਦੇ ਇਲਜ਼ਾਮ ਲਗਾਉਣਾ ਬਹੁਤ ਮਾੜੀ ਗੱਲ ਹੈ। ਇਸ ਤਰ੍ਹਾਂ ਦੇ ਇਲਜ਼ਾਮ ਨਹੀਂ ਲਗਾਉਣੇ ਚਾਹੀਦੇ। ਜੇ, ਚੇਅਰਮੈਨ ਸਾਹਿਬ, ਇਜਾਜ਼ਤ ਹੋਵੇ ਤਾਂ ਮੈਂ ਸਿਰਫ ਸੀ. ਬੀ. ਆਈ. ਬਾਰੇ ਇਕ ਮਿੰਟ ਵਿਚ ਗੱਲ ਕਰਨਾ ਚਾਹੁੰਦਾ ਹਾਂ ਅਤੇ ਫਿਰ ਬੈਠਦਾ ਹਾਂ। ਮੈਂ ਸਮਝਦਾ ਹਾਂ ਕਿ ਜੋ ਚਾਰਜਿਜ਼ ਲਗਾਏ ਗਏ ਹਨ, ਉਹ ਬਿਲਕੁਲ ਝੂਠੇ ਹਨ। ਇਹ ਪੁਲਿਟੀਕਲ ਤੌਰ ਤੇ ਲਗਾਏ ਗਏ ਹਨ। ਇਹ ਠੀਕ ਨਹੀਂ ਹੈ। ਮੈਂ, ਚੇਅਰਮੈਨ ਸਾਹਿਬ, ਰਾਜਪਾਲ ਦੇ ਭਾਸ਼ਣ ਤੇ ਜੋ ਧੰਨਵਾਦ ਦਾ ਪ੍ਰਸਤਾਵ ਆਇਆ ਹੈ, ਮੈਂ ਉਸ ਦੀ ਪੁਰਜ਼ੋਰ ਪ੍ਰੋੜਤਾ ਕਰਦਾ ਹਾਂ ਅਤੇ ਪੰਜਾਬ ਸਰਕਾਰ ਦੀ ਸ਼ਲਾਘਾ ਕਰਦਾ ਹਾਂ ਕਿ ਇਤਨੇ ਵੱਡੇ ਵੱਡੇ ਫੈਸਲੇ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਲਏ ਗਏ ਹਨ।

**ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ** (ਗੜ੍ਹਸ਼ੰਕਰ) : ਸਤਿਕਾਰ ਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸਾਂ ਮੈਨੂੰ ਇਸ ਪਵਿੱਤਰ ਸਦਨ ਵਿਚ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਦੇ ਅੰਦਰ 15-16 ਸਾਲਾਂ ਦੇ ਕਰੀਬ ਘੱਲੂਘਾਰੇ ਤੋਂ ਬਾਅਦ ਫਰਵਰੀ, 1992 ਦੇ ਅੰਦਰ ਚੋਣਾਂ ਹੋਈਆਂ। ਫਰਵਰੀ, 1992 ਦੇ ਅੰਦਰ ਪੰਜਾਬ ਦੀ ਵੱਡੀ ਧਿਰ ਸ਼੍ਰੋਮਣੀ ਅਕਾਲੀ ਦਲ ਨੇ ਇਲੈਕਸ਼ਨਾਂ ਦਾ ਬਾਈਕਾਟ ਕੀਤਾ। ਪੰਜਾਬ ਦੀ ਵੱਡੀ ਧਿਰ ਅਕਾਲੀ ਪਾਰਟੀ ਦੀ ਗੈਰ-ਹਾਜ਼ਰੀ ਵਿਚ ਪੰਜਾਬ ਦੀ ਅਸੈਂਬਲੀ ਦੇ ਇਲੈਕਸ਼ਨਾਂ ਦੇ ਵਿਚ ਜਦੋਂ ਦੋਨੋਂ ਤਰਫ ਬੰਦੂਕਾਂ ਸਨ, ਅਸੀਂ ਹਿੱਸਾ ਲਿਆ। ਜਿਸ ਪਾਰਟੀ ਨੇ ਪਿਛਲੇ ਪੰਜ ਸਾਲ ਰਾਜ ਕੀਤਾ, ਉਹ ਕਹਿੰਦੀ ਸੀ ਕਿ ਅਸੀਂ ਬੜੇ ਹੇਠਲੇ ਪੱਧਰ ਤੱਕ, ਪਿੰਡ ਪੱਧਰ ਤੱਕ ਲੋਕ ਰਾਜ ਨੂੰ ਬਹਾਲ ਕੀਤਾ ਪਰ ਉਸ ਵਿੱਚ ਸਾਡੀ ਪਾਰਟੀ ਦਾ ਵੀ ਕੋਈ ਘੱਟ ਯੋਗਦਾਨ ਨਹੀਂ ਸੀ। ਅਸੀਂ ਉਦੋਂ ਚੋਣਾਂ ਵਿੱਚ ਹਿੱਸਾ ਲਿਆ। ਸਾਡੀ ਪਾਰਟੀ ਦੇ 25 ਨੌਜਵਾਨ, ਸਾਡੇ ਵਰਕਰ ਉਸ ਲੜਾਈ ਵਿਚ ਸ਼ਹੀਦ ਹੋਏ ਔਰ ਪੰਜਾਬ ਦੇ ਲੋਕ ਰਾਜ ਨੂੰ ਬਹਾਲ ਕਰਨ ਵਿਚ ਸਾਨੂੰ ਬਹੁਤ ਵੱਡੀ ਕੀਮਤ ਤਾਰਨੀ ਪਈ। ਪੰਜਾਬ ਦੀ ਅਸੈਂਬਲੀ ਦੇ ਅੰਦਰ ਜਦੋਂ ਅਕਾਲੀਆਂ ਦੀ ਗੈਰ ਹਾਜ਼ਰੀ ਵਿਚ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਬਣੀ, ਉਦੋਂ ਪੰਜਾਬ ਦੇ ਅੰਦਰ ਜੋ ਵੀ ਸਰਕਾਰ ਦੇ ਫੈਸਲੇ ਸਨ, ਚਾਹੇ ਉਹ ਕਿਸਾਨ ਵਿਰੋਧੀ ਸਨ, ਚਾਹੇ ਉਹ ਪੰਜਾਬ ਦੇ ਮਜ਼ਦੂਰਾਂ ਵਿਰੋਧੀ ਸਨ ਅਤੇ ਚਾਹੇ ਉਹ ਦਲਿਤ ਵਿਰੋਧੀ ਸਨ, ਉਨ੍ਹਾਂ ਦਾ ਬੜੇ ਤਕੜੇ ਤਰੀਕੇ ਦੇ ਨਾਲ, ਅਸੀਂ ਪੰਜਾਬ ਦੀ ਅਸੈਂਬਲੀ ਵਿਚ ਵਿਰੋਧ ਕੀਤਾ। ਅੱਜ ਰੂਲਿੰਗ ਪਾਰਟੀ ਅਤੇ ਆਪੋਜ਼ੀਸ਼ਨ ਪਾਰਟੀ ਵੱਲੋਂ ਗੱਲਾਂ ਹੋ ਰਹੀਆਂ ਹਨ ਕਿ ਟਕਰਾਓ ਦੀ ਰਜਨੀਤੀ ਨੂੰ ਛੱਡ ਕੇ

| *10.55 ਪੂਰਵ ਦੁਪਹਿਰ | (ਇਸ ਸਮੇਂ* ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |
|---|---|

ਸਹਿਯੋਗ ਦੀ ਰਾਜਨੀਤੀ ਅਪਨਾਉਣੀ ਚਾਹੀਦੀ ਹੈ, ਤਾਂ ਫਿਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 15 ਸਾਲ, 17 ਸਾਲ ਪੰਜਾਬ ਦੇ ਅੰਦਰ ਘੱਲੂਘਾਰਾ ਹੋਇਆ, ਉਸ ਦਾ

Original with;
Punjab Vidhan Sabha
Digitized by;
Panjab Digital Library

ਕੀ ਕਾਰਣ ਸੀ । ਸਹਿਯੋਗ ਦੀ ਰਾਜਨੀਤੀ ਕੋਈ ਮਾੜੀ ਰਾਜਨੀਤੀ ਨਹੀਂ ਅਤੇ ਜੇ ਅਸੀਂ ਦੇਸ਼, ਦੇਸ਼ ਦੇ ਸੂਬਿਆਂ ਨੂੰ, ਲੋਕਾਂ ਨੂੰ, ਲੋਕਾਂ ਦੀ ਡਿਵੈਲਪਮੈਂਟ ਨੂੰ ਅੱਗੇ ਲੈ ਕੇ ਜਾਣਾ ਹੈ ਤਾਂ ਮੈਂ ਸਮਝਦਾ ਹਾਂ ਕਿ ਸਹਿਯੋਗ ਜ਼ਰੂਰੀ ਹੈ ਲੇਕਿਨ ਸਿਧਾਂਤ ਦੀ ਕੀਮਤ ਦੇ ਉਤੇ, ਨੈਤਿਕਤਾ ਦੀ ਕੀਮਤ ਦੇ ਉਤੇ ਅਗਰ ਕੋਈ ਸਮਝੌਤਾ ਹੁੰਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਉਸ ਦੇ ਪਿੱਛੇ ਜ਼ਰੂਰ ਕੁਝ ਨਾ ਕੁਝ ਲੁਕਾਇਆ ਜਾ ਰਿਹਾ ਹੈ । ਜੇ ਅਸੀਂ ਕਹੀਏ ਕਿ ਅੱਗ ਢੱਕਣ ਲਈ ਸੁੱਕੇ ਘਾਹ ਨੂੰ ਇਕੱਠਾ ਕਰਕੇ ਰੱਖ ਦਈਏ ਤਾਂ ਮੈਂ ਸਮਝਦਾ ਹਾਂ ਕਿ ਉਸ ਦਾ ਇਕ ਦਿਨ ਭਾਂਬੜ ਜ਼ਰੂਰ ਬਣੇਗਾ । ਮਹਾਤਮਾ ਬੁੱਧ ਨੇ ਕਿਹਾ ਹੈ ਕਿ ਜਦੋਂ ਤੱਕ ਦੁੱਖ ਦੇ ਕਾਰਣ ਨੂੰ ਖਤਮ ਨਹੀਂ ਕੀਤਾ ਜਾਂਦਾ, ਦੁੱਖ ਖਤਮ ਨਹੀਂ ਹੋ ਸਕਦਾ । ਇਸੇ ਤਰ੍ਹਾਂ ਪੰਜਾਬ ਵਿਚ ਜਿਨ੍ਹਾਂ ਕਾਰਣਾਂ ਕਰਕੇ ਅੱਗ ਭੜਕੀ, ਹਜ਼ਾਰਾਂ ਲੱਖਾਂ ਲੋਕਾਂ ਦਾ ਘਾਣ ਹੋਇਆ, ਹਜ਼ਾਰਾਂ ਜਿੰਦੜੀਆਂ ਅਨਿਆਈਂ ਮੌਤ ਦੇ ਮੂੰਹ ਵਿਚ ਚਲੀਆਂ ਗਈਆਂ, ਜੇ ਉਨ੍ਹਾਂ ਦੇ ਕਾਰਣਾਂ ਨੂੰ ਖਤਮ ਨਾ ਕੀਤਾ ਗਿਆ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਸ਼ਾਂਤੀ ਅਤੇ ਅਮਨ ਦਾ ਜਿਹੜਾ ਰੌਲਾ ਪਾਇਆ ਜਾ ਰਿਹਾ ਹੈ, ਉਸ ਤੇ ਪ੍ਰਸ਼ਨ ਚਿੰਨ੍ਹ ਆਉਣ ਵਾਲੇ ਸਮੇਂ ਵਿਚ ਜ਼ਰੂਰ ਲੱਗ ਜਾਵੇਗਾ । ਇਸ ਕਰਕੇ ਮੈਂ ਸਤਿਕਾਰਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੌਕੇ ਦੀ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ । ਜਿਸ ਤਰ੍ਹਾਂ ਕਿ ਸਾਡੇ ਕਾਂਗਰਸ ਵਾਲਿਆਂ ਨੇ ਵੀ ਇਹ ਗੱਲਾਂ ਵਾਰ ਵਾਰ ਕਹੀਆਂ ਹਨ ਕਿ ਜਿਹੜਾ ਗਵਰਨਰ ਸਾਹਿਬ ਨੇ ਐਡਰੈੱਸ ਦਿੱਤਾ ਹੈ । ਉਸਦੇ ਵਿਚ ਸਾਰੀਆਂ ਜਿਹੜੀਆਂ ਪਾਲਿਸੀਆਂ ਹਨ । ਉਹ ਉਨ੍ਹਾਂ ਦੁਆਰਾ ਹੀ ਚਲਾਈਆਂ ਜਾ ਰਹੀਆਂ ਨੀਤੀਆਂ ਜਾਂ ਪਾਲਿਸੀਆਂ ਹਨ । ਇਸ ਕਰਕੇ ਇਹੀ ਕਾਰਣ ਹੈ ਕਿ ਜਿਹੜੀ ਰੂਲਿੰਗ ਪਾਰਟੀ ਹੈ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਪਾਰਟੀ ਹੈ. . ਮੈਨੂੰ ਇਹ ਖੇਦ ਹੈ ਕਿ ਜਿਨ੍ਹਾਂ ਲੋਕਾਂ ਦੇ ਸਿਰ ਦੇ ਉਤੇ, ਜਿਨ੍ਹਾਂ ਲੋਕਾਂ ਦੀਆਂ ਵੋਟਾਂ ਦੇ ਨਾਲ ਇਸ ਦੇਸ਼ ਦੀਆਂ ਸਰਕਾਰਾਂ ਬਣਦੀਆਂ ਰਹੀਆਂ, ਚਲਦੀਆਂ ਰਹੀਆਂ, ਉਨ੍ਹਾਂ ਲੋਕਾਂ ਲਈ ਕਿਸੇ ਸਰਕਾਰ ਨੇ ਅੱਜ ਤੱਕ ਨਿੱਕੀਆਂ ਮੋਟੀਆਂ ਸਹੂਲਤਾਂ ਅਤੇ ਕੋਸ਼ਿਸ਼ਾਂ ਤੋਂ ਸਿਵਾਏ ਇਸ ਦੇਸ਼ ਦੇ ਅੰਦਰ ਹੋਰ ਕੁਝ ਨਹੀਂ ਦਿੱਤਾ । ਜਿਸ ਤਰ੍ਹਾਂ ਕਿ ਇਸ ਸਰਕਾਰ ਨੇ 12,000 ਨਵੇਂ ਘਰ ਬਣਾ ਕੇ ਬੇਘਰੇ ਲੋਕਾਂ ਨੂੰ ਦੇਣ ਦਾ ਉਪਬੰਧ ਕੀਤਾ ਹੈ ਅਤੇ ਜਿਸ ਤਰ੍ਹਾਂ ਕਿਹਾ ਗਿਆ ਹੈ ਕਿ ਗਰੀਬ ਲੜਕੀਆਂ ਦੀਆਂ ਸ਼ਾਦੀਆਂ ਤੇ 5100/- ਰੁਪਿਆ ਦੇਵਾਂਗੇ । ਮੈਂ ਮਾਨਯੋਗ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਇਨਸਾਨਾਂ ਲਈ ਸਹੂਲਤਾਂ ਨਹੀਂ ਹੁੰਦੀਆਂ, ਇਨਸਾਨਾਂ ਲਈ ਹੱਕ ਹੁੰਦੇ ਹਨ । ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕਿਹਾ ਹੈ ਕਿ "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ ।" ਮਾਨਵ ਬਰਾਬਰ ਹੋਣੇ ਚਾਹੀਦੇ ਹਨ । ਆਰਥਿਕ ਤੌਰ ਤੇ, ਰਾਜਨੀਤਿਕ ਤੌਰ ਤੇ ਅਤੇ ਸਮਾਜਿਕ ਤੌਰ ਤੇ, ਹਾਲਾਤ ਚਾਹੇ ਕੁਝ ਵੀ ਹੋਣ ਲੇਕਿਨ ਮਾਨਵ ਬਰਾਬਰ ਹੋਣੇ ਚਾਹੀਦੇ ਹਨ । ਇਸ ਦੇਸ਼ ਦੇ ਗਰੀਬ ਲੋਕਾਂ ਲਈ ਦਲਿਤ ਲੋਕਾਂ ਲਈ ਇਸ ਦੇਸ਼ ਅੰਦਰ ਸਾਡੇ ਬਜ਼ੁਰਗਾਂ ਨੇ, ਗੁਰੂਆਂ ਨੇ 14ਵੀਂ ਸਦੀ ਤੋਂ ਲੈ ਕੇ ਮਾਨਵਵਾਦ ਦੀਆਂ ਕਦਰਾਂ ਕੀਮਤਾਂ ਨੂੰ ਉਪਰ ਚੁੱਕਣ ਲਈ ਸੰਘਰਸ਼ ਕੀਤਾ । ਦਲਿਤ ਲੋਕਾਂ ਦਾ ਉੱਥਾਨ ਰਾਤੋ ਰਾਤ ਨਹੀਂ ਹੋਇਆ, ਕਿਸੇ ਵੀ ਸਰਕਾਰ ਨੇ ਜਾਦੂ ਦੀ ਛੜੀ ਨਾਲ ਇਨ੍ਹਾਂ ਨੂੰ ਉਪਰ ਨਹੀਂ ਉਠਾਇਆ, ਇਸ ਦੇ ਲਈ 600 ਸਾਲ ਸੰਘਰਸ਼ ਹੋਇਆ ਹੈ । ਇਸ ਦੇਸ਼ ਦੇ ਵਿਚ 18 ਅਗਸਤ, 1932 ਨੂੰ

Original with;
Punjab Vidhan Sabha
Digitized by;
Punjab Digital Library

[ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ]

ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਨੇ ਅੰਗਰੇਜ਼ਾਂ ਦੀ ਮਿਹਰਬਾਨੀ ਨਾਲ ਇਸ ਦੇਸ਼ ਦੇ ਮਜ਼ਲੂਮ ਲੋਕਾਂ ਲਈ ਅਧਿਕਾਰ ਲੈ ਕੇ ਦਿੱਤੇ । 1932 ਤੋਂ ਪਹਿਲਾਂ ਸਪੀਕਰ ਸਾਹਿਬ, ਇਹ ਲੋਕ ਨਾ ਕਿਸੇ ਜਨਤਕ ਥਾਵਾਂ ਤੇ ਜਾ ਸਕਦੇ ਸੀ ਅਤੇ ਨਾ ਹੀ ਕਿਸੇ ਖੂਹਾਂ, ਪੂਜਾ ਘਰਾਂ ਵਿਚ ਜਾ ਸਕਦੇ ਸੀ । ਉਹ ਫੌਜ ਵਿਚ ਭਰਤੀ ਨਹੀਂ ਸੀ ਹੋ ਸਕਦੇ, ਪੁਲਿਸ ਵਿਚ ਭਰਤੀ ਨਹੀਂ ਸੀ ਹੋ ਸਕਦੇ ਮਗਰ ਇਹ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੀ ਹੀ ਮਿਹਰਬਾਨੀ ਹੈ ਜਿਨ੍ਹਾਂ ਨੇ 40 ਸਾਲ ਲੜਾਈ ਲੜੀ ਅਤੇ 3 ਗੋਲਮੇਜ਼ ਕਾਨਫਰੰਸਾਂ ਲੰਡਨ ਵਿਚ ਕੀਤੀਆਂ । ਫਿਰ ਅੰਗਰੇਜ਼ ਮਜ਼ਬੂਰ ਹੋਏ । ਪਰ ਉਸ ਵਕਤ ਸਪੀਕਰ ਸਾਹਿਬ, ਇਸੇ ਕਾਂਗਰਸ ਪਾਰਟੀ ਨੇ ਵਿਰੋਧਤਾ ਕੀਤੀ ਕਿ ਇਸ ਦੇਸ਼ ਦੇ ਦੱਬੇ ਕੁਚਲੇ ਲੋਕਾਂ ਨੂੰ ਅਧਿਕਾਰ ਨਹੀਂ ਮਿਲਣੇ ਚਾਹੀਦੇ । 19 ਸਤੰਬਰ, 1932 ਨੂੰ ਪੂਨਾ ਵਿਚ ਮਹਾਤਮਾ ਗਾਂਧੀ ਨੇ ਮਰਨ ਵਰਤ ਰੱਖਿਆ ਕਿ ਇਨ੍ਹਾਂ ਨੂੰ ਅਧਿਕਾਰ ਨਹੀਂ ਦੇਣੇ ਮਗਰ ਬਾਬਾ ਅੰਬੇਦਕਰ ਜੀ ਦੀ ਮਿਹਰਬਾਨੀ ਨਾਲ, ਹਾਜ਼ਰ ਜ਼ਵਾਬੀ ਨਾਲ, ਚੇਤਨਾ ਅਤੇ ਲਿਆਕਤ ਸਦਕਾ ਇਸ ਦੇਸ਼ ਦੇ ਲਤਾੜੇ ਹੋਏ, ਲੋਕਾਂ ਨੂੰ, ਇਸ ਦੇਸ਼ ਦੇ ਦਬੇ ਹੋਏ ਲੋਕਾਂ ਨੂੰ ਹਜ਼ਾਰਾਂ ਸਾਲਾਂ ਬਾਅਦ ਇਨਸਾਨਾਂ ਵਾਲੇ ਅਧਿਕਾਰ ਮਿਲੇ । ਇਸ ਕਰਕੇ, ਸਪੀਕਰ ਸਾਹਿਬ, ਮੈਂ ਇਸ ਮੌਕੇ ਤੇ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਸਰਕਾਰਾਂ ਦੀਆਂ ਨੀਤੀਆਂ ਰਹੀਆਂ ਹਨ ਇਸ ਦੇਸ਼ ਦੇ ਅੰਦਰ, ਇਹ ਦਲਿਤ ਲੋਕਾਂ ਨੂੰ ਉਪਰ ਉਠਾਉਣ ਵਾਲੀਆਂ ਨਹੀਂ ਹਨ ਬਲਕਿ ਉਨ੍ਹਾਂ ਨੂੰ ਭੁੱਖਿਆਂ ਰੱਖਣ ਅਤੇ ਭਿਖਾਰੀ ਬਣਾਉਣ ਵਾਲੀਆਂ ਹਨ ਤਾਂ ਕਿ ਉਹ ਲੋਕ ਮੰਗਤੇ ਬਣੇ ਰਹਿਣ ਅਤੇ ਮੰਗਦੇ ਰਹਿਣ ਉਨ੍ਹਾਂ ਦਾ ਹੱਥ ਹਮੇਸ਼ਾ ਉਠਿਆ ਰਹੇ । ਇਹ ਜਿਹੜੀਆਂ ਨੀਤੀਆਂ ਹਨ, ਅਗਰ 500 ਸਾਲ ਵੀ ਇਸ ਦੇਸ਼ ਦੇ ਅੰਦਰ ਅਸੀਂ ਇਨ੍ਹਾਂ ਤੇ ਹੀ ਚੱਲਦੇ ਰਹੀਏ ਤਾਂ ਫਿਰ ਵੀ ਗਰੀਬ ਲੋਕਾਂ ਦਾ, ਦਲਿਤ ਲੋਕਾਂ ਦਾ ਉੱਥਾਨ ਨਹੀਂ ਹੋ ਸਕਦਾ । ਚੌਧਰੀ ਸੂਬੇ ਸਿੰਘ ਜੋ ਡੀ. ਜੀ. ਪੀ. ਸਨ, ਡੀ. ਸੀ. ਲੁਧਿਆਣਾ ਸਾਰੰਗਲ ਸੀ ਜਾਂ ਭਗਤ ਐਸ. ਐਸ. ਪੀ. ਨਵਾਂ ਸ਼ਹਿਰ ਸੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਆਉਣ ਸਾਰ ਹੀ ਉਨ੍ਹਾਂ ਨੂੰ ਤਬਦੀਲ ਕਰ ਦਿੱਤਾ ਗਿਆ । ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਇਹ ਜਿਹੜੀ ਮੌਜੂਦਾ ਸਰਕਾਰ ਹੈ, ਇਹ ਕਿੰਨੀ ਕੁ ਦਲਿਤ ਪੱਖੀ ਹੈ । ਜਿਨ੍ਹਾਂ ਅਫਸਰਾਂ ਨੇ ਪੰਜਾਬ ਦੇ ਅੰਦਰ ਅੱਤਵਾਦ ਦੇ ਦੌਰਾਨ ਨੌਜਵਾਨ ਮੁੰਡਿਆਂ ਦੀਆਂ ਲੱਤਾਂ ਇਕ ਪਾਸੇ ਦਰਖਤ ਨਾਲ ਅਤੇ ਦੂਜੇ ਪਾਸੇ ਜੀਪ ਨਾਲ ਬੰਨ੍ਹ ਕੇ ਪਾੜੀਆਂ, ਅੱਜ ਉਹੀ ਅਫਸਰ ਸਰਕਾਰ ਦੀ ਕੁੱਛੜ ਚੜ੍ਹੀ ਬੈਠੇ ਹਨ । ਜਿਨ੍ਹਾਂ ਨੇ ਪੂਰੀ ਸੰਜੀਦਗੀ ਨਾਲ ਇਸ ਘੱਲੂਘਾਰੇ ਵਿਚ ਆਪਣੀ ਜ਼ਿੰਮੇਵਾਰੀ ਨਿਭਾਈ, ਅਗਰ ਉਨ੍ਹਾਂ ਨੂੰ ਇਸੇ ਤਰੀਕੇ ਦੇ ਨਾਲ ਨੁੱਕਰੇ ਲਾਇਆ ਜਾਂਦਾ ਰਿਹਾ, ਗੁੱਠੇ ਲਾਇਆ ਜਾਂਦਾ ਰਿਹਾ ਤਾਂ ਇਸ ਨਾਲ ਪੰਜਾਬ ਦੇ ਅੰਦਰ ਸਦੀਵੀ ਅਮਨ ਨਹੀਂ ਰਹਿ ਸਕਦਾ ।

ਸਪੀਕਰ ਸਾਹਿਬ, ਮੈਂ ਵਿਸ਼ੇਸ਼ ਤੌਰ ਤੇ ਇਹ ਗੱਲ ਸਰਕਾਰ ਦੀ ਜਾਣਕਾਰੀ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਆਨੰਦਪੁਰ ਸਾਹਿਬ ਦੇ ਮਤੇ ਨੂੰ ਲੈ ਕੇ ਮੋਰਚੇ ਲੱਗੇ, ਪੰਜਾਬ ਦੇ ਅੰਦਰ ਜੇਲ੍ਹਾਂ ਭਰੀਆਂ ਗਈਆਂ ਅਤੇ ਹਜ਼ਾਰਾਂ ਜਾਨਾਂ ਗਈਆਂ, ਉਨ੍ਹਾਂ ਮੋਰਚਿਆਂ ਅਤੇ ਪੰਜਾਬ ਦੇ ਮਸਲਿਆਂ ਦਾ ਚਾਹੇ ਉਹ ਚੰਡੀਗੜ੍ਹ ਦਾ ਮਸਲਾ ਹੈ, ਜਿਸ ਪਾਰਟੀ ਨੇ ਡਟ ਕੇ ਵਿਰੋਧ ਕੀਤਾ, ਅੱਜ ਉਹੀ ਬੀ. ਜੇ. ਪੀ. ਸਰਕਾਰ

Original with;
Punjab Vidhan Sabha
Digitized by;
Panjab Digital Library

ਦੇ ਵਿਚ ਸ਼ਮੂਲੀਅਤ ਕਰੀ ਬੈਠੀ ਹੈ। ਇਸ ਕਰਕੇ ਮੈਂ ਇਸ ਪਵਿੱਤਰ ਸਦਨ ਦੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਤੱਕ ਪਾਰਟੀਆਂ ਦੇ ਅੰਦਰ ਸੰਜੀਦਗੀ ਨਹੀਂ ਆਏਗੀ, ਜਦੋਂ ਤੱਕ ਪਾਰਟੀਆਂ ਦੇ ਅੰਦਰ ਗੰਭੀਰਤਾ ਨਹੀਂ ਆਏਗੀ,ਉਦੋਂ ਤੱਕ ਇਹ ਮਸਲੇ ਹੱਲ ਨਹੀਂ ਹੋ ਸਕਦੇ। ਅੱਜ ਇਨ੍ਹਾਂ ਪਾਰਟੀਆਂ ਵਿਚ ਸੰਜੀਦਗੀ ਨਹੀਂ ਹੈ ਕਿਉਂਕਿ ਅਗਰ ਚੰਡੀਗੜ੍ਹ ਪੰਜਾਬ ਨੂੰ ਮਿਲ ਗਿਆ, ਪਾਣੀਆਂ ਦਾ ਮਸਲਾ ਹੱਲ ਹੋ ਗਿਆ ਅਤੇ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਹੱਲ ਹੋ ਗਿਆ ਤਾਂ ਫਿਰ ਇਹ ਪਾਰਟੀਆਂ ਰਾਜ ਕਿਸ ਤਰ੍ਹਾਂ ਕਰਨਗੀਆਂ। ਫਿਰ ਇਹ ਪਾਰਟੀਆਂ ਕਿਹੜੇ ਮੁੱਦਿਆਂ ਤੇ ਲੜਾਈਆਂ ਲੜਨਗੀਆਂ। ਜੇ ਇਹ ਮਸਲੇ ਹੱਲ ਨਹੀਂ ਹੋ ਰਹੇ ਤਾਂ ਇਹ ਇਨ੍ਹਾਂ ਪਾਰਟੀਆਂ ਦੇ ਆਪਣੇ ਸਵਾਰਥ ਕਰਕੇ ਹੀ ਹੈ। ਅੱਜ ਜੇ ਚੰਡੀਗੜ੍ਹ ਪੰਜਾਬ ਨੂੰ ਨਹੀਂ ਮਿਲ ਰਿਹਾ ਤਾਂ ਇਸ ਦਾ ਕਾਰਣ ਕੋਈ ਪਾਕਿਸਤਾਨ ਜਾਂ ਚਾਈਨਾ ਤਾਂ ਨਹੀਂ ਹੈ। ਪਾਕਿਸਤਾਨ ਜਾਂ ਚਾਈਨਾ ਤਾਂ ਇਸ ਦਾ ਵਿਰੋਧ ਨਹੀਂ ਕਰ ਰਿਹਾ। ਇਹ ਜਿਹੜੇ ਮਸਲੇ ਹਨ, ਇਹ ਸਿਰਫ ਆਪਣੇ ਹੱਕ ਵਿਚ ਰਾਜਨੀਤਕ ਮਾਹੌਲ ਬਣਾਉਣ ਲਈ ਅਤੇ ਇਲੈਕਸ਼ਨ ਦੇ ਮੁੱਦੇ ਬਣਾਉਣ ਲਈ ਹੀ ਉਠਾਏ ਜਾਂਦੇ ਹਨ। 50 ਸਾਲ ਸਾਨੂੰ ਆਜ਼ਾਦ ਹੋਇਆਂ ਨੂੰ ਹੋ ਗਏ ਹਨ ਪਰ ਹਾਲੇ ਤੱਕ ਇਹ ਮਸਲੇ ਹੱਲ ਨਹੀਂ ਹੋ ਸਕੇ। ਜੇ ਇਹ ਪਾਰਟੀਆਂ ਆਪਣੇ ਇਰਾਦਿਆਂ ਵਿਚ ਸੰਜੀਦਗੀ ਅਤੇ ਗੰਭੀਰਤਾ ਰੱਖਦੀਆਂ ਤਾਂ ਇਹ ਮਸਲੇ ਕਦੋਂ ਦੇ ਹੱਲ ਹੋ ਜਾਣੇ ਸਨ। ਇਸ ਕਰਕੇ ਇਨ੍ਹਾਂ ਪਾਰਟੀਆਂ ਨੂੰ ਸੰਜੀਦਗੀ ਅਤੇ ਗੰਭੀਰਤਾ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਇਸ ਦੇ ਵਾਸਤੇ ਇਕ ਸਰਬ-ਪਾਰਟੀ ਮੀਟਿੰਗ ਹੋਣੀ ਚਾਹੀਦੀ ਹੈ। ਕਿਸੇ ਗਿਵ-ਐਂਡ-ਟੇਕ ਆਧਾਰ ਤੇ ਜਾਂ ਸੁਪਰੀਮ ਕੋਰਟ ਨੂੰ ਕੇਸ ਭੇਜ ਕੇ ਜਾਂ ਫਿਰ ਕੋਈ ਟ੍ਰਿਬਿਊਨਲ ਬਿਠਾ ਕੇ ਇਹ ਮਸਲੇ ਹੱਲ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਲੋਕ ਇਨ੍ਹਾਂ ਮਸਲਿਆਂ ਵਿਚੋਂ ਨਿਕਲ ਕੇ ਕੋਈ ਡਿਵੈਲਪਮੈਂਟ ਵਾਲੇ ਪਾਸੇ ਚੱਲ ਸਕਣ।

**ਸ੍ਰੀ ਸਪੀਕਰ** : ਤੁਸੀਂ ਜਲਦੀ ਕਲੋਜ਼ ਕਰੋ।

**ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ** : ਸਪੀਕਰ ਸਾਹਿਬ, ਮੈਂ ਇਸ ਮੌਕੇ ਤੇ ਇਹ ਗੱਲ ਵਿਸ਼ੇਸ਼ ਤੌਰ ਤੇ ਕਹਿਣੀ ਚਾਹੁੰਦਾ ਹਾਂ ਕਿ ਇਸ ਭਾਸ਼ਣ ਵਿਚ ਦਲਿਤ ਵਰਗ ਦੇ ਲੋਕਾਂ ਲਈ ਜਿਹੜੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ, ਇਹ ਬਹੁਤ ਸ਼ਲਾਘਾਯੋਗ ਹੈ ਮੈਂ ਇਸ ਨੂੰ ਵੈਲਕਮ ਕਰਦਾ ਹਾਂ। (ਥੰਪਿੰਗ) ਲੇਕਿਨ ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਹੂਲਤਾਂ ਦੀ ਬਜਾਏ ਉਨ੍ਹਾਂ ਨੂੰ ਪ੍ਰਚੇਜਿੰਗ ਪਾਵਰ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਰੋਜ਼ਗਾਰ ਦੇ ਮੌਕੇ ਦਿੱਤੇ ਜਾਣੇ ਚਾਹੀਦੇ ਹਨ। ਅਗਰ ਉਨ੍ਹਾਂ ਨੂੰ ਰੋਜ਼ਗਾਰ ਦੇ ਮੌਕੇ ਦਿੱਤੇ ਜਾਣ ਤਾਂ ਉਹ ਆਪਣੀਆਂ ਲੜਕੀਆਂ ਦੀ ਸ਼ਾਦੀ ਆਪ ਕਰ ਸਕਣਗੇ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰਾਂ ਨੇ ਇਹ ਗੱਲ ਕਹੀ ਸੀ ਕਿ 5100/- ਰੁਪਿਆ ਜਿਹੜਾ ਅਸੀਂ ਗਰੀਬ ਲੜਕੀਆਂ ਦੀ ਸ਼ਾਦੀ ਵਾਸਤੇ ਦੇਣਾ ਹੈ, ਇਤਨਾ ਪੈਸਾ ਤਾਂ ਉਨ੍ਹਾਂ ਦੇ ਬਿਜਲੀ ਦੇ ਬਿੱਲ ਦਾ ਨਹੀਂ ਬਣਦਾ, ਯਾਨੀ ਇਹ ਸਹੂਲਤ ਬਿਜਲੀ ਦਾ ਬਿੱਲ ਮੁਆਫ ਕਰਨ ਨਾਲੋਂ ਵੀ ਵਧ ਹੈ ਲੇਕਿਨ ਮੇਰੀ ਅਰਜ਼ ਹੈ ਕਿ ਜੇ ਗਰੀਬ ਲੋਕਾਂ ਨੂੰ ਸਹੂਲਤ ਦੇਣੀ ਹੈ ਤਾਂ ਬਿਜਲੀ ਦੇ ਨਾਂ ਤੇ ਦਿਓ। ਗਰੀਬਾਂ ਨੂੰ ਜ਼ਰੂਰ ਇਸ ਗੱਲ ਦਾ ਅਹਿਸਾਸ ਕਰਵਾਉਣਾ ਹੈ ਕਿ ਉਨ੍ਹਾਂ ਦੀਆਂ ਲੜਕੀਆਂ ਦੀ ਸ਼ਾਦੀ ਵਾਸਤੇ ਇਹ ਪੈਸੇ ਦਿੱਤੇ ਜਾ ਰਹੇ ਹਨ? ਜੇ ਕਿਸਾਨ ਭਰਾਵਾਂ ਦਾ ਬਿਜਲੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਸ਼ਿੰਗਾਰਾ ਰਾਮਸਹੂੰਗੜਾ]

ਦਾ ਬਿੱਲ ਮੁਆਫ ਕੀਤਾ ਹੈ ਤਾਂ ਇਨ੍ਹਾਂ ਦਲਿਤ ਲੋਕਾਂ ਦਾ ਬਿੱਲ ਵੀ ਮੁਆਫ ਕਰੋ ਮੈਂ ਵਿਸ਼ੇਸ਼ ਤੌਰ ਤੇ ਗੁਜ਼ਾਰਿਸ਼ ਕਰਾਂਗਾ ਕਿ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਦੇ ਘਰਾਂ ਦਾ ਵੀ ਬਿੱਲ ਮੁਆਫ ਹੋਣਾ ਚਾਹੀਦਾ ਹੈ ।

ਜਿਸ ਤਰ੍ਹਾਂ ਦੂਸਰੇ ਵਰਗਾਂ ਦੇ ਬਿੱਲ ਮੁਆਫ ਕੀਤੇ ਗਏ ਹਨ, ਇਸੇ ਤਰ੍ਹਾਂ ਮੈਂ ਵਿਸ਼ੇਸ਼ ਤੌਰ ਤੇ ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹਨਾਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੇ ਬਿੱਲ ਵੀ ਮੁਆਫ ਕੀਤੇ ਜਾਣੇ ਚਾਹੀਦੇ ਹਨ । ਸਰਕਾਰ ਇਸ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦੇਵੇ ।

**ਸ੍ਰੀ ਸਪੀਕਰ** : ਸਹੂੰਗੜਾ ਜੀ, ਇਕ ਦੋ ਮਿੰਟਾਂ ਵਿੱਚ ਹੀ ਕਨਕਲੂਡ ਕਰੋ, ਜ਼ਿਆਦਾ ਨਹੀਂ । ਹੋਰ ਮੈਂਬਰਾਂ ਨੇ ਵੀ ਬੋਲਣਾ ਹੈ

**ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ** : ਠੀਕ ਹੈ ਜੀ ਅੰਤ ਵਿੱਚ ਮੈਂ, ਆਪਣੇ ਹਲਕੇ ਦੇ ਵਿੱਚ, ਜੋ ਸਾਡੇ ਸੈਲਾ ਪੇਪਰ ਮਿੱਲ ਹੈ ਉਸ ਦੇ ਬਾਰੇ ਕਹਿ ਕੇ ਬੰਦ ਕਰਾਂਗਾ ਕਿ ਇਸ ਪੇਪਰ ਮਿੱਲ ਦੇ ਵਿਚ ਪਿਛਲੇ ਲਗਾਤਾਰ ਦੋ ਸਾਲਾਂ ਤੋਂ ਮਜ਼ਦੂਰ ਹੜਤਾਲ ਤੇ ਗਏ ਹੋਏ ਹਨ । ਇਸ ਮਿੱਲ ਦੇ ਵਿੱਚ ਸੈਂਕੜੇ ਮਜ਼ਦੂਰ ਹਨ, ਉਹਨਾਂ ਤੇ ਝੂਠੇ ਕੇਸ ਬਣਾ ਕੇ, ਉਹਨਾਂ ਨੂੰ ਜੇਲ੍ਹਾਂ ਦੇ ਵਿੱਚ ਸੁੱਟ ਕੇ 326 ਦੇ ਝੂਠੇ ਕੇਸਾਂ ਬਣਾਏ ਗਏ ਹਨ । ਉਸ ਮਿੱਲ ਦੀ ਜਿਹੜੀ ਮੈਨੇਜਮੈਂਟ ਹੈ, ਉਹ ਵੀ ਉਹਨਾਂ ਦੇ ਨਾਲ ਗੁੰਡਾਗਰਦੀ ਕਰਦੀ ਹੈ । ਇਸ ਬਾਰੇ ਸਰਕਾਰੀ ਪੱਧਰ ਤੇ ਵੀ ਮਸਲਾ ਉਠਾਇਆ ਗਿਆ ਸੀ । ਬਰਾੜ ਸਾਹਿਬ ਦੇ ਲੈਵਲ ਤੇ ਗੱਲ ਹੋਈ ਸੀ । ਇਸ ਮਸਲੇ ਵਿੱਚ ਉਸ ਵੇਲੇ ਦੇ ਡੀ.ਜੀ.ਪੀ. ਔਰ ਆਈ.ਜੀ.ਪੀ. ਨੇ ਵੀ ਦਖਲ ਅੰਦਾਜ਼ੀ ਕੀਤੀ ਸੀ ਲੇਕਿਨ ਫਿਰ ਵੀ ਮੈਨੇਜਮੈਂਟ ਕੁਝ ਵੀ ਮੰਨਣ ਲਈ ਤਿਆਰ ਨਹੀਂ ਹੋਈ । 3-4 ਸੌ ਦੇ ਕਰੀਬ ਮਜ਼ਦੂਰ ਅੱਜ ਬਾਹਰ ਹੜਤਾਲ ਤੇ ਬੈਠੇ ਹੋਏ ਹਨ ਔਰ ਮਿੱਲ ਦੀ ਮੈਨੇਜਮੈਂਟ ਕਿਸੇ ਕਿਸਮ ਦਾ ਕੁਝ ਮੰਨਣ ਵਾਸਤੇ ਤਿਆਰ ਨਹੀਂ ਹੈ । ਮੈਂ ਸਰਕਾਰ ਦਾ ਧਿਆਨ ਇਸ ਮਸਲੇ ਵੱਲ ਦਿਵਾ ਕੇ ਬੇਨਤੀ ਕਰਾਂਗਾ ਕਿ ਇਸ ਨੂੰ ਗੰਭੀਰਤਾ ਨਾਲ ਲੈ ਕੇ ਸੁਲਝਾਇਆ ਜਾਵੇ ।

ਇਸ ਤੋਂ ਇਲਾਵਾ ਮੈਂ ਆਪਣੇ ਇਲਾਕੇ ਬਾਰੇ ਇਕ ਹੋਰ ਬੇਨਤੀ ਕਰਨੀ ਹੈ ਕਿ ਸਪੀਕਰ ਸਾਹਿਬ, ਮੇਰੇ ਹਲਕੇ ਦੇ ਵਿੱਚ ਇਕ ਬੇਟ ਦਾ ਏਰੀਆ ਹੈ ਜੋ ਕਿ ਇਕ ਟਾਪੂ ਦੇ ਸਮਾਨ ਹੈ ਔਰ ਇਹ ਇਲਾਕਾ ਪਹਾੜੀਆਂ ਦੇ ਨਾਲ ਘਿਰਿਆ ਹੈ । ਇਸ ਇਲਾਕੇ ਦੇ ਵਿੱਚ 25 ਪਿੰਡ ਪੈਂਦੇ ਹਨ । ਇਸ ਇਲਾਕੇ ਦੇ ਲੋਕਾਂ ਵਾਸਤੇ ਪੀਣ ਵਾਲੇ ਪਾਣੀ ਦੀ ਬੜੀ ਸਮੱਸਿਆ ਹੈ । ਡਿਵੈਲਪਮੈਂਟ ਦੀ ਬੜੀ ਸਮੱਸਿਆ ਹੈ । ਇਹਨਾਂ ਪਿੰਡਾਂ ਵਾਸਤੇ ਨਾ ਕੋਈ ਲੜਕੀਆਂ ਦਾ ਕਾਲਜ ਹੈ ਔਰ ਨਾ ਹੀ ਕੋਈ ਤਕਨੀਕੀ ਕਾਲਜ ਹੈ । ਬਿਜਲੀ ਦੀ ਸਪਲਾਈ ਦਾ ਹਾਲ ਵੀ ਬਹੁਤ ਮਾੜਾ ਹੈ । ਬਿਜਲੀ ਲੰਗੇ ਡੰਗ ਹੀ ਆਉਂਦੀ ਹੈ, ਜਿਸ ਕਾਰਨ ਲੋਕਾਂ ਨੂੰ ਬੜੀ ਭਾਰੀ ਪਰੇਸ਼ਾਨੀ ਹੁੰਦੀ ਹੈ । ਦੋ ਦੋ ਸੌ ਦੇ ਕਰੀਬ ਪਾਣੀ ਵਾਲੇ ਖਾਲੀ ਘੜੇ ਵਾਟਰ ਟੈਪ ਦੇ ਆਲੇ ਦੁਆਲੇ ਪਏ ਰਹਿੰਦੇ ਹਨ ਤਾਂ ਕਿ ਟੈਪ ਦੇ ਵਿੱਚ ਪਾਣੀ ਆਵੇ ਔਰ ਲੋਕੀਂ ਉਹ ਪਾਣੀ ਸਿਰਾਂ ਤੇ ਚੁੱਕ ਕੇ ਘਰ ਲਿਜਾ ਕੇ ਵਰਤ ਸਕਣ । ਮੈਂ ਸਤਿਕਾਰ ਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਸਰਕਾਰ

Original with;
Punjab Vidhan Sabha
Digitized by;
Panjab Digital Library

ਦੇ ਧਿਆਨ ਵਿੱਚ ਲਿਆ ਕੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹਨਾਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇ । ਸਮੇਂ ਦਾ ਧਿਆਨ ਰੱਖਦੇ ਹੋਇਆਂ ਅਤੇ ਹੋਰ ਅੱਗੇ ਕੁਝ ਨਾ ਕਹਿੰਦਾ ਹੋਇਆ ਮੈਂ ਇਸ ਗਵਰਨਰਜ ਐਡਰੈੱਸ ਦੇ ਪ੍ਰਤੀ ਆਪਣਾ ਰਲਿਆ ਮਿਲਿਆ ਪ੍ਰਤੀਕ੍ਰਮ ਪੇਸ਼ ਕਰਦਾ ਹਾਂ । ਜਿਹੜੀਆਂ ਇਸ ਵਿੱਚ ਚੰਗੀਆਂ ਗੱਲਾਂ ਹਨ, ਉਹ ਪ੍ਰਵਾਨ ਹਨ ਅਤੇ ਜਿਹੜੀਆਂ ਦੂਸਰੀਆਂ ਗੱਲਾਂ ਹਨ, ਮੈਂ ਉਹਨਾਂ ਦੇ ਹੱਕ ਵਿੱਚ ਨਹੀਂ ਹਾਂ । ਹੁਣ ਮੈਂ ਰਜ਼ਾ ਲੈਂਦਾ ਹਾਂ । ਜੈ ਭੀਮ, ਜੈ ਭਾਰਤ ।

**ਸ੍ਰੀ ਸਪੀਕਰ** : ਕਾਮਰੇਡ ਹਰਦੇਵ ਅਰਸ਼ੀ ਜੀ, ਤੁਸੀਂ ਛੇ ਸੱਤ ਮਿੰਟ ਬੋਲ ਲਓ । ਅੱਜ ਸਮਾਂ ਥੋੜ੍ਹਾ ਹੈ ।

**ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ)** : ਸਪੀਕਰ ਸਾਹਿਬ, ਤੁਸੀਂ ਜਸਟਿਸ ਕਰੋ ਜੀ । ਮੈਂ ਦੋ ਪਾਰਟੀਆਂ ਵੱਲੋਂ ਇਕੱਲੇ ਨੇ ਹੀ ਬੋਲਣਾ ਹੈ । ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈੱਸ ਤੇ ਬੋਲਣ ਦਾ ਮੌਕਾ ਦਿੱਤਾ ਹੈ । ਸਪੀਕਰ ਸਾਹਿਬ, ਰਾਜਪਾਲ ਜੀ ਦਾ ਜਿਹੜਾ ਭਾਸ਼ਣ ਹੁੰਦਾ ਹੈ, ਜਿਹੜੀ ਪਾਰਟੀ ਰਾਜ ਚਲਾਉਂਦੀ ਹੈ, ਉਹ ਇਕ ਤਰ੍ਹਾਂ ਦੇ ਨਾਲ ਉਸ ਪਾਰਟੀ ਦੀ ਪੁਲੀਟੀਕਲ ਡਾਇਰੈਕਸ਼ਨ ਹੁੰਦੀ ਹੈ ਉਸ ਦੀ ਦਿਸ਼ਾ ਨਿਰਦੇਸ਼ ਦਰਸਾਉਂਦੀ ਹੈ ਔਰ ਇਸ ਭਾਸ਼ਣ ਦੇ ਵਿੱਚ ਵੀ ਕੁਝ ਦਿਸ਼ਾ ਨਿਰਦੇਸ਼ ਹੀ ਦਰਸਾਏ ਗਏ ਹਨ । ਖੁਸ਼ੀ ਦੀ ਗੱਲ ਹੈ ਕਿ ਇਸ ਵਿੱਚ ਕੁਝ ਗੱਲਾਂ ਵੈਲਕਮ ਕਰਨ ਵਾਲੀਆਂ ਵੀ ਹਨ । ਗਵਰਨਰ ਐਡਰੈੱਸ ਦੇ ਪਹਿਲੇ ਤਿੰਨ ਚਾਰ ਚੈਪਟਰਜ਼ ਦੇ ਵਿੱਚ ਸਰਕਾਰ ਦੀ ਸਾਰੀ ਰਾਜਨੀਤਿਕ ਸੇਧ ਨਜ਼ਰ ਆਉਂਦੀ ਹੈ ਪਰ ਅੱਗੇ ਜਾ ਕੇ ਕੁਝ ਡਿਫਰੈਂਟ ਜਿਹੀ ਚੀਜ਼ ਹੈ । ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦਾ ਲੇਖਾ-ਜੋਖਾ ਦਿੱਤਾ ਗਿਆ ਹੈ । ਇਹ ਇਕ ਰੁਟੀਨ ਮੈਟਰ ਹੈ ਔਰ ਹਰ ਭਾਸ਼ਣ ਦੇ ਵਿੱਚ ਇਹ ਅਕਸਰ ਅੰਕਿਤ ਹੁੰਦਾ ਹੈ ।

ਸਪੀਕਰ ਸਾਹਿਬ, ਸਾਰਿਆਂ ਤੋਂ ਪਹਿਲਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਬੜੀ ਅਨਫਾਰਚੂਨੇਟ ਗੱਲ ਹੈ ਔਰ ਬੜਾ ਦੁੱਖ ਵੀ ਹੋਇਆ ਇਹ ਦੇਖ ਕੇ ਕਿ ਜਿਸ ਤਰ੍ਹਾਂ ਰਾਜਪਾਲ ਜੀ ਦੇ ਭਾਸ਼ਣ ਤੇ ਬਹਿਸ ਹੋਣੀ ਚਾਹੀਦੀ ਸੀ, ਇਹ ਮੈਂ ਨਿੱਜੀ ਤੌਰ ਤੇ ਮਹਿਸੂਸ ਕਰਦਾ ਹਾਂ ਕਿ ਉਸ ਤਰ੍ਹਾਂ ਨਹੀਂ ਹੋਈ । ਮੈਂ ਸਮਝਦਾ ਹਾਂ ਕਿ ਸਾਰਿਆਂ ਨਾਲੋਂ ਸਿਆਣੀ ਰਾਜਨੀਤਕ ਪਾਰਟੀ ਉਹ ਹੁੰਦੀ ਹੈ ਜਿਹੜੀ ਪਿਛਲੇ ਸਮੇਂ ਦੇ ਵਿੱਚ ਜੋ ਮਾੜੀਆਂ ਘਟਨਾਵਾਂ ਵਾਪਰੀਆਂ ਹੋਣ, ਉਨ੍ਹਾਂ ਨੂੰ ਦੁਹਰਾਉਣ ਦੀ ਬਜਾਏ ਉਹਨਾਂ ਘਟਨਾਵਾਂ ਤੋਂ ਸਬਕ ਸਿੱਖੇ ਤਾਂ ਕਿ ਉਹ ਦੁਬਾਰਾ ਨਾ ਵਾਪਰਨ ਔਰ ਉਹ ਅੱਗੇ ਵਾਸਤੇ ਆਪਣੇ ਆਪ ਨੂੰ ਸੰਭਾਲ ਕੇ ਚੱਲੇ । ਜੋ ਨੈਗੇਟਿਵ ਗੱਲਾਂ ਹੋਈਆਂ ਹੋਣ ਚਾਹੇ ਕਿਸੇ ਸਟੇਜ ਤੇ ਵੀ ਹੋਈਆਂ ਹੋਣ, ਮੈਂ ਸਮਝਦਾ ਹਾਂ ਕਿ ਸਿਆਣੀ ਪਾਰਟੀ ਉਹੀ ਹੈ ਜੋ ਉਹਨਾਂ ਵਿਚੋਂ ਲੈਸਨ ਡਰਾਅ ਕਰੇ, ਔਰ ਭਵਿੱਖ ਦੇ ਅੰਦਰ ਉਹ ਗਲਤੀ ਨਾ ਕਰੇ । ਸਪੀਕਰ ਸਾਹਿਬ, ਮੈਂ ਅੱਜ ਇਹ ਗੱਲ ਕਹਿਣ ਨੂੰ ਤਿਆਰ ਹਾਂ ਕਿ ਅੱਜ ਵੀ ਸਾਡੀਆਂ ਰਾਜਸੀ ਪਾਰਟੀਆਂ ਪੁਲੀਟੀਕਲ ਪਾਰਟੀਆਂ, ਆਪਣੇ ਸਕੋਰ ਸੈਟਲ ਕਰਨ ਵਿੱਚ ਲੱਗੀਆਂ ਹੋਈਆਂ ਹਨ ਜਦ ਕਿ ਸਾਨੂੰ ਚਾਹੀਦਾ ਇਹ ਹੈ ਕਿ ਪਿਛਲੇ ਸਮੇਂ ਦੌਰਾਨ ਜੋ ਸਾਡੇ ਸੂਬੇ ਦੇ ਵਿੱਚ ਦਸ ਸਾਲ ਦੁਖਾਂਤ ਵਾਪਰਿਆ, ਜੋ ਸੰਤਾਪ ਪੰਜਾਬ ਨੇ ਭੋਗਿਆ, ਜਿਸ ਦਾ ਸੇਕ ਹਰੇਕ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਨੇ ਹੰਢਾਇਆ, ਉਸ ਤੋਂ ਸਬਕ ਸਿੱਖੇ । ਲੇਕਿਨ ਅੱਜ ਉਹ ਜ਼ਿੰਮੇਵਾਰੀ ਨਹੀਂ ਨਿਭਾਈ ਜਾ ਰਹੀ । ਸਪੀਕਰ ਸਾਹਿਬ, ਏਥੇ ਅੱਤਵਾਦ ਦੀ ਬਾਰ ਬਾਰ ਗੱਲ ਹੁੰਦੀ ਰਹੀ ਹੈ, ਮੈਂ ਇਸ ਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ ਸੀ ਲੇਕਿਨ ਮੈਂ ਏਥੇ ਹਾਊਸ ਦੇ ਵਿੱਚ ਦੇਖਿਆ ਹੈ ਕਿ ਹਰ ਇਕ ਮੈਂਬਰ ਨੇ ਦੂਸਰੀ ਪਾਰਟੀ ਤੇ ਅੈਲੀਗੇਸ਼ਨ ਔਰ ਕਾਊਂਟਰ ਅੈਲੀਗੇਸ਼ਨ ਲਗਾਉਣ ਦੀ ਕੋਸ਼ਿਸ਼ ਕੀਤੀ ਹੈ । ਇਸ ਸਾਰੇ ਦੁਖਾਂਤ ਦੇ ਪਿੱਛੇ ਜੋ ਬੜੀ ਸੀਕਰੇਟ ਔਰ ਸੀਰੀਅੱਸ ਕਿਸਮ ਦੀ ਇੰਟਰ-ਨੈਸ਼ਨੇਲ ਕਾਂਸੀਪੀਰੇਸੀ ਹੈ, ਉਸ ਨੂੰ ਨਜ਼ਰ ਅੰਦਾਜ਼ ਹੀ ਕੀਤਾ ਹੈ ਉਸ ਨੂੰ ਦੂਰ ਕਰਨ ਵਾਸਤੇ ਸਾਡਾ ਮੁਲਕ ਕੀ ਕਰ ਰਿਹਾ ਹੈ । ਦੋਵੇਂ ਪਾਰਟੀਆਂ ਨੂੰ ਅਤੇ ਸਮੁੱਚੇ ਲੋਕਾਂ ਨੂੰ ਮੈਂ ਇਸ ਹਾਊਸ ਤੋਂ ਸੁਚੇਤ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਪਿਛਲੇ ਸਮੇਂ ਵਿਚ ਜਿਹੜਾ ਦੁਖਾਂਤ ਵਾਪਰਿਆ ਹੈ, ਉਹ ਸਾਰੀਆਂ ਸਾਜਿਸ਼ਾਂ ਅਜੇ ਭਾਰਤ ਦੇ ਖਿਲਾਫ ਹਟੀਆਂ ਨਹੀਂ ਹਨ । ਲੇਕਿਨ ਹਾਲੇ ਵੀ ਉਨ੍ਹਾਂ ਸਾਰੀਆਂ ਸਾਜਿਸ਼ਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ । ਜਿਹੜੀ ਅਸੀਂ ਪਾਕਿਸਤਾਨ ਵੱਲੋਂ ਆਰੰਭੀ ਪ੍ਰੌਕਸੀ ਵਾਰ ਲੜੀ ਹੈ, ਉਹ ਲੜਾਈ ਮੁੜ ਕੇ ਲੱਗਣ ਨੂੰ ਤਿਆਰ ਹੈ ਹੈ ਅਤੇ ਅਸੀਂ ਇਸ ਨੂੰ ਟੋਟਲੀ ਤੌਰ ਤੇ ਇਗਨੋਰ ਕਰ ਰਹੇ ਹਾਂ । ਜੇਕਰ ਆਪਾਂ ਸਾਰੇ ਆਪਣੇ ਆਪ ਨੂੰ ਭੁੱਲ ਕੇ, ਰਲ ਕੇ ਉਸ ਵਾਰ ਦਾ ਮੁਕਾਬਲਾ ਕਰਾਂਗੇ ਤਾਂ ਫਿਰ ਤਾਂ ਮੈਂ ਸਮਝਦਾ ਹਾਂ ਕਿ ਗੱਲ ਠੀਕ ਹੋ ਸਕਦੀ ਹੈ । ਮੁਆਫ ਕਰਨਾ ਮੈਂ ਬੜੇ ਠੀਕ ਸ਼ਬਦਾਂ ਵਿਚ ਅਕਾਲੀ ਪਾਰਟੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤੁਹਾਨੂੰ ਵੀ ਧਰਮ ਯੁੱਧ ਦੀ ਕਾਰਵਾਈ ਨੂੰ ਰਿਵਿਊ ਕਰਨਾ ਚਾਹੀਦਾ ਹੈ ਔਰ ਆਨੰਦਪੁਰ ਸਾਹਿਬ ਦੇ ਮਤੇ ਨੂੰ ਵੀ ਕਿਸੇ ਨਾ ਕਿਸੇ ਸਮੇਂ ਦੁਬਾਰਾ ਵਿਚਾਰੋ । ਇਹ ਜਿਹੜਾ ਸਾਰਾ ਕੁਝ ਵਾਪਰਿਆ ਹੈ, ਮੈਂ ਉਸ ਦੀ ਡਿਟੇਲ ਵਿੱਚ ਨਹੀਂ ਜਾਣਾ ਚਾਹੁੰਦਾ । ਸਪੀਕਰ ਸਾਹਿਬ, ਟਾਈਮ ਲਿਮਟਿਡ ਹੈ । ਇਥੇ ਗੱਲ ਆਈ ਹੈ ਕਿ ਅਕਾਲੀ ਪਾਰਟੀ ਦੀ ਸਰਕਾਰ ਅੱਜ 17 ਸਾਲ ਬਾਅਦ ਆਈ ਹੈ । ਮੇਰੀ ਸਮਝ ਵਿਚ ਇਹ ਗੱਲ ਨਹੀਂ ਆਈ ਕਿ ਇਹ ਇਸ ਤਰ੍ਹਾਂ ਕਿਉਂ ਕਹਿੰਦੇ ਹਨ । ਪਿੱਛੇ ਬਰਨਾਲਾ ਸਾਹਿਬ ਦੀ ਸਰਕਾਰ ਵੀ ਅਕਾਲੀ ਸਰਕਾਰ ਸੀ ਪਰ ਇਹ ਗੱਲ ਵੱਖਰੀ ਹੈ ਕਿ ਲੀਡਰ ਦਾ ਫਰਕ ਸੀ । ਜਦੋਂ ਬਰਨਾਲਾ ਸਾਹਿਬ ਦੀ ਸਰਕਾਰ ਸੀ ਤਾਂ ਉਸ ਵੇਲੇ ਜੇਲ੍ਹਾਂ ਵਿਚੋਂ 2,500 ਬੰਦੇ ਜਿਹੜੇ ਛੱਡੇ ਗਏ ਸੀ, ਉਨ੍ਹਾਂ ਨੇ ਬਾਹਰ ਆ ਕੇ ਕੀ ਰੋਲ ਅਦਾ ਕੀਤਾ, ਉਸ ਦੀ ਵੀ ਕੋਈ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ । ਫਿਰ ਮੇਰੇ ਬੀ.ਜੇ.ਪੀ. ਦੇ ਭਰਾ ਜਿਹੜੇ ਕਿ ਸਰਕਾਰ ਦੇ ਗਰੰਟਰ ਬਣੇ ਫਿਰਦੇ ਹਨ ਅਤੇ ਕਹਿੰਦੇ ਹਨ ਕਿ ਸਭ ਚੀਜ਼ਾਂ ਠੀਕ ਹਨ ਅਤੇ ਕਿਸੇ ਤਰ੍ਹਾਂ ਦਾ ਕੋਈ ਖਤਰਾ ਨਹੀਂ, ਉਨ੍ਹਾਂ ਨੂੰ ਵੀ ਆਪੇ ਦੀ ਪੜਚੋਲ ਕਰਨੀ ਚਾਹੀਦੀ ਹੈ । ਆਖਰਕਾਰ ਉਹ ਵੀ ਲੋਕਾਂ ਪ੍ਰਤੀ ਜਵਾਬਦੇਹ ਹਨ । ਕਿਤੇ ਪਿਛਲੇ ਸਮੇਂ ਵਿਚ ਪੰਜਾਬ ਦੇ ਵਾਪਰੇ ਦੁਖਾਂਤ ਵਿਚ ਉਨ੍ਹਾਂ ਦਾ ਕੋਈ ਰੋਲ ਤਾਂ ਨਹੀਂ ਰਿਹਾ । ਉਨ੍ਹਾਂ ਨੇ ਹਿੰਦੀ ਵਰਸਿਜ਼ ਪੰਜਾਬੀ ਦੀ ਗੱਲ ਕੀਤੀ ਸੀ । ਉਨ੍ਹਾਂ ਨੇ ਕਿਹਾ ਸੀ ਕਿ ਪੰਜਾਬੀ ਦੀ ਬਜਾਏ ਹਿੰਦੀ ਮਾਤਭਾਸ਼ਾ ਲਿਖਵਾਈ ਜਾਵੇ ਅਤੇ ਇਸ ਤਰ੍ਹਾਂ ਕਿਤੇ ਉਨ੍ਹਾਂ ਦੀ ਫਿਰਕੂ ਸੋਚ ਨੇ ਪੰਜਾਬ ਦੇ ਵਿੱਚ ਇਸ ਦੁਖਾਂਤ ਦਾ ਮੁੱਢ ਤਾਂ ਨਹੀਂ ਬੰਨਿਆ । ਇਹ ਠੀਕ ਹੈ ਕਿ ਪੰਜਾਬ ਨੇ ਪੰਜਾਬੀ ਸੂਬੇ ਦੀ ਲੜਾਈ ਲੜੀ । ਇਹ ਵੀ ਅਸੀਂ ਮੰਨਦੇ ਹਾਂ ਕਿ ਭਾਸ਼ਾ ਦੇ ਆਧਾਰ ਤੇ ਆਜ਼ਾਦੀ ਤੋਂ ਬਾਅਦ ਜਿਵੇਂ ਹੋਰ ਸੂਬੇ ਬਣਾਏ ਗਏ, ਉਸੇ ਤਰ੍ਹਾਂ ਪੰਜਾਬ ਨੂੰ ਵੀ ਬਣਾਇਆ ਜਾਂਦਾ ।

Original with;
Punjab Vidhan Sabha
Digitized by;
Panjab Digital Library

ਇਸ ਕਾਰਨ ਕੇਂਦਰ ਸਰਕਾਰ ਅਤੇ ਉਸ ਵੇਲੇ ਦੀ ਪੰਜਾਬ ਸਰਕਾਰ ਵੀ ਨੁਕਤਾਚੀਨੀ ਦੀ ਪਾਤਰ ਹੈ, ਉਨ੍ਹਾਂ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਜਿਸ ਵੇਲੇ ਪੰਜਾਬੀ ਸੂਬੇ ਬਾਰੇ ਮਰਨ ਵਰਤ ਰੱਖੇ ਜਾ ਰਹੇ ਸਨ, ਉਸੇ ਵੇਲੇ ਇਹ ਮੰਗ ਪੂਰੀ ਕੀਤੀ ਜਾਂਦੀ ਪਰ ਅਜਿਹਾ ਨਹੀਂ ਹੋਇਆ । ਸਪੀਕਰ ਸਾਹਿਬ, ਉਨ੍ਹਾਂ ਨੂੰ ਵੀ ਆਪਣੇ ਆਪ ਨੂੰ ਪਛਾਣਨਾ ਚਾਹੀਦਾ ਹੈ । ਇਸ ਗੱਲ ਨਾਲ ਸਹਿਮਤੀ ਕਰਦਾ ਹੋਇਆ ਮੈਂ ਅੱਗੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦਾ ਜਿਹੜਾ ਇਨਾ ਵੱਡਾ ਨੁਕਸਾਨ ਹੋਇਆ, ਜਿਸ ਦੇ ਲਈ ਉਹ ਪਾਰਟੀਆਂ ਵੀ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਪੰਜਾਬ ਦੇ ਵੱਲੋਂ ਬਾਰ ਬਾਰ ਉਠਦੇ ਸਵਾਲਾਂ ਅਤੇ ਮਸਲਿਆਂ ਨੂੰ ਹੱਲ ਨਾ ਕੀਤਾ ਅਤੇ ਲਮਕਾਈ ਰੱਖਿਆ, ਜਿਸ ਕਾਰਨ ਪੰਜਾਬ ਦੀਆਂ ਮੰਗਾਂ ਪੂਰੀਆਂ ਨਾ ਹੋ ਸਕੀਆਂ । ਮੈਂ ਕਹਿੰਦਾ ਹਾਂ ਕਿ ਮੀਨੀਮੱਮ ਪ੍ਰੋਗਰਾਮ ਵਿਚ ਵੀ ਅਤੇ ਤੁਹਾਡੇ ਮੈਨੀਫੈਸਟੋ ਵਿਚ ਵੀ ਇਹ ਕਮਿੱਟਮੈਂਟ ਸੀ ਅਤੇ ਲੋਕ ਵੀ ਇਹ ਗੱਲਾਂ ਕਹਿੰਦੇ ਹਨ ਕਿ ਜੇਕਰ ਮੁਆਫੀ ਵਾਲੀਆਂ ਗੱਲਾਂ ਹੋ ਸਕਦੀਆਂ ਹਨ ਤਾਂ ਇਸ ਸਰਕਾਰ ਨੂੰ ਹਾਈਕੋਰਟ ਦੇ 2-3 ਸਿਟਿੰਗ ਜੱਜਾਂ ਦਾ ਇਕ ਪੈਨਲ ਬਣਾ ਦੇਣਾ ਚਾਹੀਦਾ ਹੈ ਜਿਹੜਾ ਕਿ ਇਨ੍ਹਾਂ ਸਾਰੀਆਂ ਗੱਲਾਂ ਦੀ ਘੋਖ ਕਰੇ, ਪੜਤਾਲ ਕਰੇ ਔਰ ਇਹ ਸਾਰੀ ਤ੍ਰਾਸਦੀ ਉਸ ਨੂੰ ਸੌਂਪੀ ਜਾਵੇ । ਇਸ ਦੇ ਨਾਲ ਸਾਰੀ ਪਿਕਚਰ ਆਪੇ ਹੀ ਕਲੀਅਰ ਹੋ ਜਾਵੇਗੀ ਕਿ ਪਿਛਲੇ ਸਮੇਂ ਵਿਚ ਕਿਨ੍ਹਾਂ ਕਿਨ੍ਹਾਂ ਪਾਰਟੀਆਂ ਦਾ ਕੀ ਕੀ ਰੋਲ ਰਿਹਾ ਹੈ ਅਤੇ ਕਿਹੜੇ ਫੌਰਨ ਹੈਂਡ ਸਨ । ਫਿਰ ਸਾਨੂੰ ਇਕ ਦੂਜੇ ਤੇ ਜ਼ਿੰਮੇਵਾਰੀ ਸੁੱਟਣ ਦੀ ਲੋੜ ਹੀ ਨਹੀਂ ਰਹੇਗੀ । ਇਸ ਨਾਲ ਸਗੋਂ ਆਪਸ ਵਿਚ ਕੁੜੱਤਣ ਪੈਦਾ ਹੁੰਦੀ ਹੈ । ਸਪੀਕਰ ਸਾਹਿਬ, ਸਾਨੂੰ ਸੁਚੇਤ ਹੋਣਾ ਚਾਹੀਦਾ ਹੈ ਕਿ ਸਾਜ਼ਿਸ਼ਾਂ ਅਜੇ ਵੀ ਕਾਇਮ ਹਨ । ਆਰ.ਡੀ.ਐਕਸ. ਦੀ ਅਜੇ ਵੀ ਸਮਗਲਿੰਗ ਹੋ ਰਹੀ ਹੈ, ਗਲਤ ਵਿਚਾਰਧਾਰਾ ਅਜੇ ਵੀ ਕਾਇਮ ਹੈ, ਬੇ-ਰੁਜ਼ਗਾਰੀ ਦੀ ਜਿਹੜੀ ਗੰਭੀਰ ਸਮੱਸਿਆ ਹੈ, ਉਹ ਅਜੇ ਵੀ ਕਾਇਮ ਹੈ । ਸਾਡਾ ਪਾਣੀ ਥੱਲੇ ਜਾ ਰਿਹਾ ਹੈ, ਖੇਤੀ ਪ੍ਰੋਡਕਟਸ ਸੀਰੀਅਸ ਕਰਾਈਸਿਜ਼ ਵਿਚ ਜਾ ਰਿਹਾ ਹੈ ਅਤੇ ਲੋਕਾਂ ਵਿਚ ਇਸ ਗੱਲ ਦੀ ਰਿਜ਼ੈਂਟਮੈਂਟ ਹੈ । ਜੇਕਰ ਇਨ੍ਹਾਂ ਸਾਰੀਆਂ ਗੱਲਾਂ ਵਲ ਧਿਆਨ ਨਾ ਦਿੱਤਾ ਗਿਆ ਤਾਂ ਇਹ ਦੁਖਾਂਤ ਮੁੜ ਕੇ ਵੀ ਵਾਪਰ ਸਕਦਾ ਹੈ । ਇਹ ਦੂਜੀਆਂ ਪਾਰਟੀਆਂ ਤੇ ਐਲੀਗੇਸ਼ਨ ਲਾਉਣ ਦਾ ਸਮਾਂ ਨਹੀਂ ਸਗੋਂ ਜਿਹੜਾ ਦੁਖਾਂਤ ਵਾਪਰਿਆ ਹੈ, ਉਸਤੋਂ ਸਬਕ ਲੈਣ ਦੀ ਲੋੜ ਹੈ । ਸਾਰਿਆਂ ਨੂੰ ਆਪੋ ਆਪਣੀ ਜ਼ਿੰਮੇਵਾਰੀ ਪਛਾਣਨੀ ਚਾਹੀਦੀ ਹੈ ।

ਅਗਲੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਦੀ ਮੰਗ ਰਹੀ ਹੈ ਕਿ ਆਰਟੀਕਲ 356 ਨੂੰ ਰੱਦ ਕਰ ਦਿੱਤਾ ਜਾਵੇ । ਪਰ ਹੁਣ ਇਹ ਪਹਿਲੀਵਾਰ ਹੈ ਕਿ ਇਨ੍ਹਾਂ ਨੇ ਇਸ ਮੰਗ ਵਿਚ ਸੋਧ ਕੀਤੀ ਅਤੇ ਕਿਹਾ ਹੈ ਕਿ ਇਸ ਨੂੰ ਇਸ ਤਰੀਕੇ ਨਾਲ ਸੋਧਿਆ ਜਾਵੇ ਕਿ ਅੱਗੇ ਵਾਸਤੇ ਇਸ ਦੀ ਦੁਰਵਰਤੋਂ ਰੋਕੀ ਜਾ ਸਕੇ । ਮੈਂ ਇਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਦਾ ਦੁਰਉਪਯੋਗ ਕਿਸੇ ਇਕ ਪਾਰਟੀ ਵੱਲੋਂ ਨਹੀਂ ਕੀਤਾ ਜਾਂਦਾ ਰਿਹਾ । ਕਾਂਗਰਸ ਵਾਲੇ ਜਦੋਂ ਪਾਵਰ ਵਿਚ ਸਨ, ਉਹ ਵੀ ਇਸ ਦਾ ਦੁਰਉਪਯੋਗ ਕਰਦੇ ਰਹੇ ਹਨ ਅਤੇ ਜਦੋਂ ਸ਼੍ਰੀ ਮੁਰਾਰ ਜੀ ਡਿਸਾਈ ਸੈਂਟਰ ਵਿਚ ਸਨ ਅਤੇ ਅਕਾਲੀ ਭਾਈਵਾਲ ਸਨ ਤਾਂ ਉਨ੍ਹਾਂ ਨੇ ਵੀ ਦੂਸਰੀਆਂ ਪਾਰਟੀਆਂ ਵਿਰੁੱਧ ਇਸ ਦਾ ਦੁਰਉਪਯੋਗ ਕੀਤਾ । ਹੁਣ ਇਕ ਸਵਾਲ ਸਾਰੀਆਂ ਨੈਸ਼ਨਲ ਪਾਰਟੀਆਂ ਵਲੋਂ ਏਜੰਡੇ ਤੇ ਆਇਆ ਹੈ ਅਤੇ ਰੀਜਨਲ ਪਾਰਟੀਆਂ ਵੱਲੋਂ ਵੀ ਕਿ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਇਸ ਸਪਿਰਟ ਨੂੰ ਕਾਇਮ ਰੱਖਣ ਵਾਸਤੇ ਸੰਵਿਧਾਨ ਦੀ ਕਿਸੇ ਵੀ ਧਾਰਾ ਦੀ ਦੁਰਵਰਤੋਂ ਨਹੀਂ ਹੋਣੀ ਚਾਹੀਦੀ । ਸਦਨ ਦੇ ਕਿਸੇ ਵੀ ਵੀਰ ਵੱਲੋਂ ਇਸ ਦਾ ਵਿਰੋਧ ਨਹੀਂ ਹੋਣਾ ਚਾਹੀਦਾ । ਇਸ ਲਈ ਇਸ ਦੀ ਸਪੋਰਟ ਕਰਨੀ ਚਾਹੀਦੀ ਹੈ । ਸੋ ਜਿੱਥੋਂ ਤੱਕ ਪੰਜਾਬ ਦੀਆ ਮੰਗਾਂ ਦਾ ਸਵਾਲ ਹੈ, ਉਸ ਬਾਰੇ ਇਥੇ ਮੇਰੇ ਸਾਥੀਆਂ ਨੇ ਬਹੁਤ ਕੁਝ ਕਿਹਾ ਹੈ । ਮੈਂ ਜ਼ਿਆਦਾ ਤਫਸੀਲ ਵਿੱਚ ਨਹੀਂ ਜਾਣਾ ਚਾਹੁੰਦਾ ਪਰ ਇਕ ਗੱਲ ਮੈਂ ਜ਼ੋਰਦਾਰ ਤਰੀਕੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਹਰਿਆਣੇ ਨਾਲ ਕੋਈ ਲੜਾਈ ਨਹੀਂ । ਉਹ ਸਾਡੇ ਭਰਾ ਹਨ, ਸਾਡੇ ਮੁਲਕ ਦਾ ਹਿੱਸਾ ਹਨ ਅਤੇ ਰਾਜਸਥਾਨ ਨਾਲ ਵੀ ਸਾਡੀ ਕੋਈ ਲੜਾਈ ਨਹੀਂ । ਇਹ ਠੀਕ ਹੈ ਕਿ ਜਿੱਥੇ ਅਸੀਂ ਨੈਸ਼ਨਲ ਇੰਟਰੈਸਟ ਰੱਖਣੇ ਹੋਣਗੇ, ਉਥੇ ਇਹ ਵੀ ਸਾਡੀ ਡਿਊਟੀ ਬਣਦੀ ਹੈ ਕਿ ਅਸੀਂ ਆਪੋ ਆਪਣੀ ਸਟੇਟ ਦੇ ਲੋਕਾਂ ਦੇ ਜਿਹੜੇ ਹੱਕ ਹਨ, ਉਨ੍ਹਾਂ ਨੂੰ ਵੀ ਡੀਫੈਂਡ ਕਰੀਏ । ਉਨ੍ਹਾਂ ਦੀ ਵੀ ਤੁਸੀਂ ਰਾਖੀ ਕਰਨੀ ਹੈ ਔਰ ਇਹ ਤਾਂ ਹੀ ਹੋਵੇਗਾ ਜੇਕਰ ਤੁਹਾਡੀ ਨੈਸ਼ਨਲ ਅਪਰੋਚ ਹੋਵੇਗੀ । ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ, ਅਸੀਂ ਪਹਿਲਾਂ ਵੀ ਮੰਗ ਕੀਤੀ ਸੀ ਕਿ ਆਲ ਪਾਰਟੀ ਮੀਟਿੰਗ ਕਾਲ ਕੀਤੀ ਜਾਣੀ ਚਾਹੀਦੀ ਹੈ । ਉਸ ਦੇ ਵਿੱਚ ਕੁਲੈਕਟਿਵਲੀ ਜੋ ਠੀਕ ਸਮਝੋ, ਉਹ ਰਾਏ ਬਣੇ ਔਰ ਸੈਂਟਰ ਗੌਰਮਿੰਟ ਨੂੰ ਵੀ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਪੰਜਾਬ ਦੇ ਮਸਲੇ ਲਟਕਣ ਕਰਕੇ ਪੰਜਾਬ ਦਾ ਬੜਾ ਨੁਕਸਾਨ ਹੋ ਗਿਆ ਹੈ । ਇਸ ਲਈ ਹੁਣ ਸੈਂਟਰ ਗੌਰਮਿੰਟ ਨੂੰ ਵੀ ਇਨੀਸ਼ੀਏਟ ਕਰਨਾ ਚਾਹੀਦਾ ਹੈ ਔਰ ਜ਼ਿਹੜੀਆਂ ਸਾਰੀਆਂ ਕਨਸਰਨਡ ਸਟੇਟਸ ਹਨ, ਇਨ੍ਹਾਂ ਨੂੰ ਤੁਸੀਂ ਬਿਠਾਓ । ਇਹ ਤਦ ਹੀ ਬੈਠ ਸਕਦੀਆਂ ਹਨ ਜੇ ਸਾਡੀਆਂ ਸਾਰੀਆਂ ਪਾਰਟੀਆਂ, ਖਾਸ ਕਰਕੇ ਨੈਸ਼ਨਲ ਪਾਰਟੀਆਂ ਠੀਕ ਰੋਲ ਪਲੇਅ ਕਰਨਗੀਆਂ । ਸਪੀਕਰ ਸਾਹਿਬ, ਇਨ੍ਹਾਂ ਨੂੰ ਗੁੱਸਾ ਕਰਨ ਦੀ ਕੋਈ ਜ਼ਰੂਰਤ ਨਹੀਂ । ਜਿਸ ਵੇਲੇ ਤਾਂ ਤੁਸੀਂ ਵੋਟਾਂ ਲੈਣੀਆਂ ਸਨ, ਤੁਸੀਂ ਮੀਨੀਮਮ ਪ੍ਰੋਗਰਾਮ ਅਨਾਊਂਸ ਕਰ ਰਹੇ ਸੀ, ਉਸ ਵੇਲੇ ਬੀ.ਜੇ.ਪੀ. ਦੇ ਟਾਪ ਦੇ ਲੀਡਰ ਵੀ ਆ ਗਏ ਅਤੇ ਪ੍ਰੈਸ ਕਾਨਫਰੰਸਾਂ ਵਿੱਚ ਵੀ ਉਹ ਬੈਠੇ, ਤੁਹਾਡੇ ਐਮ.ਪੀ. ਵੀ । ਉਸ ਵੇਲੇ ਤਾਂ ਤੁਹਾਡੇ ਹਰਿਆਣੇ ਵਾਲਿਆਂ ਨੂੰ, ਬੀ.ਜੇ.ਪੀ. ਵਾਲਿਆਂ ਨੂੰ ਚੇਤਾ ਨਹੀਂ ਆਇਆ ਹਰਿਆਣੇ ਦਾ । ਚੋਣਾਂ ਤੋਂ ਬਾਅਦ ਤੁਹਾਡੀ ਸਰਕਾਰ ਬਣ ਗਈ । ਇਸ ਦਾ ਮਤਲਬ ਹੈ ਕਿ ਤੁਹਾਡਾ ਜਿਹੜਾ ਵੰਨ-ਪੁਆਇੰਟ ਪ੍ਰੋਗਰਾਮ ਸੀ, ਉਹ ਪੂਰਾ ਹੋ ਗਿਆ ਅਤੇ ਤੁਹਾਡਾ ਮਸਲਾ ਹੱਲ ਹੋ ਗਿਆ ਅਤੇ ਹੁਣ ਜਦੋਂ ਗਵਰਨਰ ਸਾਹਿਬ ਨੇ ਇਥੋਂ ਚੰਡੀਗੜ੍ਹ ਪੰਜਾਬ ਨੂੰ ਦੇਣ ਬਾਰੇ ਜ਼ਿਕਰ ਕਰ ਦਿੱਤਾ, ਬਹੁਤ ਜ਼ਿਆਦਾ ਹੱਲਾ ਗੁੱਲਾ ਹਰਿਆਣੇ ਵਿੱਚ ਹੋਇਆ । ਮੈਂ ਇਸ ਨੂੰ ਮੌਕਾ ਪ੍ਰਸਤੀ ਨਹੀਂ ਕਹਿੰਦਾ ਪਰ ਰਾਜਨੀਤਿਕ ਡਿਕਸ਼ਨਰੀ ਵਿੱਚ ਇਸ ਚੀਜ਼ ਨੂੰ ਕੀ ਕਹਾਂਗੇ, ਇਹ ਫੈਸਲਾ ਹਾਊਸ ਆਪਣੇ ਆਪ ਕਰ ਲਵੇ । ਫਿਰ ਸੈਂਟਰ ਕੀ ਕਰੇਗਾ ਜਿਸ ਵੇਲੇ ਆਪਣੀਆਂ ਪਾਰਟੀਆਂ ਇਕ ਦੂਜੀ ਨੂੰ ਕੋਆਪਰੇਟ ਨਹੀਂ ਕਰਨਗੀਆਂ ਔਰ ਇਸ ਤਰ੍ਹਾਂ ਦੀਆਂ ਪਾਲਿਸੀਆਂ ਚਲਾਉਣਗੀਆਂ । ਇਸ ਲਈ ਮੈਂ ਇਨ੍ਹਾਂ ਪਾਰਟੀਆ ਨੂੰ ਖਾਸ ਕਰਕੇ ਬੀ.ਜੇ.ਪੀ. ਨੂੰ ਬੇਨਤੀ ਕਰਾਂਗਾ ਕਿ ਤੁਹਾਡੀ ਜ਼ਿੰਮੇਵਾਰੀ ਸੱਭ ਤੋਂ ਜ਼ਿਆਦਾ ਬਣਦੀ ਹੈ ਕਿ ਤੁਸੀਂ ਆਪਣੀ ਨੈਸ਼ਨਲ ਅਪਰੋਚ ਰੱਖੋ ਅਤੇ ਜੋ ਕਮਿੱਟਮੈਂਟਸ ਇਥੇ ਕੀਤੀਆਂ ਗਈਆਂ, ਤੁਸੀਂ ਹਰਿਆਣੇ ਨੂੰ ਸਮਝਾਓ । ਇਹ ਨਹੀਂ ਕਿ ਚੋਣਾਂ ਵੇਲੇ ਤੁਸੀਂ ਕੁਝ ਹੋਰ ਕਹੋ ਅਤੇ ਅੱਜ ਕੁਝ ਹੋਰ ਕਹੋ । ਵਾਕਈ ਕਈ ਮੇਰੇ ਸਾਥੀ ਨੇ ਕਿਹਾ ਕਿ

Original with;
Punjab Vidhan Sabha
Digitized by;
Panjab Digital Library

ਇਲੈਕਸ਼ਨਾਂ ਚ ਤੁਹਾਡੇ ਮੁੱਦੇ ਜਾਰੀ ਰਹਿਣਗੇ ਅਤੇ ਸਾਰੀਅੱਸਲੀ ਤੁਸੀਂ ਇਨ੍ਹਾਂ ਨੂੰ ਮੁਕਾਉਣਾ ਨਹੀਂ ਚਾਹੁੰਦੇ ।

ਸਪੀਕਰ ਸਾਹਿਬ, ਅੱਗੇ ਜਿਹੜਾ ਸਵਾਲ ਹੈ, ਮੈਂ ਉਸ ਦਾ ਵੈਲਕਮ ਕਰਦਾ ਹਾਂ ਸਾਡੀ ਸਰਕਾਰ ਨੇ, ਵਿਸ਼ੇਸ਼ ਕਰਕੇ ਸਾਡੇ ਮੁੱਖ ਮੰਤਰੀ ਜੀ ਨੇ ਵਾਅਦਾ ਕੀਤਾ ਸੀ ਕਿ ਅਸੀਂ ਪੰਜਾਬ ਦੇ ਲੋਕਾਂ ਨੂੰ ਸਾਫ-ਸੁਥਰਾ ਪ੍ਰਸ਼ਾਸਨ ਦੇਵਾਂਗੇ, ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਦੇਵਾਂਗੇ । ਇਸ ਚੀਜ਼ ਨੂੰ ਅਸੀਂ ਸਾਰੇ ਵੈਲਕਮ ਕਰਦੇ ਹਾਂ । ਇਕੱਲਾ ਵੈਲਕਮ ਹੀ ਨਹੀਂ ਕਰਦੇ, ਅਸੀਂ ਪੂਰਾ ਤੁਹਾਨੂੰ ਸਹਿਯੋਗ ਵੀ ਦੇਵਾਂਗੇ । ਪਰ ਇਕ ਦੁਖਾਂਤ ਹੈ ਕਿ ਭਾਰਤ ਵਿੱਚ, ਤੁਸੀਂ ਥੋੜ੍ਹਾ ਅਗੇ ਵਧੋ, ਜਦੋਂ ਵੀ ਕੁਰੱਪਸ਼ਨ ਦੇ ਖਿਲਾਫ ਨਾਅਰਾ ਲਗਾਇਆ ਗਿਆ ਹੈ, ਮੁਹਿੰਮ ਛੇੜੀ ਗਈ ਤਾਂ ਇਹ ਕੌੜਾ ਸੱਚ ਹੈ ਕਿ ਇਹ ਘੱਟਣ ਦੀ ਬਜਾਏ ਵਧੀ ਹੈ । ਇਹ ਠੀਕ ਹੈ ਕਿ ਪੰਜਾਬ ਸਰਕਾਰ ਕੁਰੱਪਸ਼ਨ ਵਾਲੇ ਕੇਸ ਲੱਭ ਰਹੀ ਹੈ । ਮੈਂ ਕਹਿੰਦਾ ਹਾਂ ਕਿ ਇਹ ਪੁਰਾਣੇ ਸਮੇਂ ਤੋਂ ਲੈ ਕੇ ਹੁਣ ਤੱਕ ਪੜਤਾਲ ਕਰੋ । ਤੁਸੀਂ ਦੋ ਅਫਸਰਾਂ ਦੀ ਗੱਲ ਕਿਉਂ ਕਰਦੇ ਹੋ, ਜਿਹੜੇ 20 ਅਫਸਰ ਹਨ ਉਨ੍ਹਾਂ ਸਾਰਿਆਂ ਦੀ ਪੜਤਾਲ ਕਰੋ ਕਿ ਉਨ੍ਹਾਂ ਨੇ ਜਾਇਦਾਦ ਕਿਥੋਂ ਬਣਾਈ । ਚਾਹੇ ਕੋਈ ਪੁਲਿਸ ਅਫਸਰ ਹੈ, ਚਾਹੇ ਕੋਈ ਸਿਵਲ ਅਧਿਕਾਰੀ ਹੈ, ਉਨ੍ਹਾਂ ਸਾਰਿਆਂ ਦੀ ਪੜਤਾਲ ਕਰੋ ਕਿ ਉਨ੍ਹਾਂ ਨੇ ਕਿੰਨਾ ਕਿੰਨਾ ਪੈਸਾ ਇਕੱਠਾ ਕੀਤਾ ਹੈ । ਤੁਹਾਡੇ ਅੰਦਰ ਇਸ ਸਬੰਧੀ ਸਪਿਰਟ ਚਾਹੀਦੀ ਹੈ । ਇਸੇ ਤਰ੍ਹਾਂ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਕਿਹਾ ਹੈ ਕਿ ਰਾਜਨੀਤਿਕ ਭ੍ਰਿਸ਼ਟਾਚਾਰ ਖਤਮ ਕਰਨਾ ਹੈ । ਇਸ ਲਈ ਸਾਰੇ ਵਿਧਾਇਕ ਆਪਣੀ ਆਪਣੀ ਜਾਇਦਾਦ ਦੇ ਵੇਰਵੇ ਦੇਣ । ਸਪੀਕਰ ਸਾਹਿਬ, ਇਹ ਪਹਿਲੀ ਵਾਰ ਨਹੀਂ ਹੋਇਆ, ਇਹ ਤਾਂ ਇਕ ਫਾਰਮੈਲਿਟੀ ਹੈ, ਇਹ ਤਾਂ ਹਰ ਵਾਰ ਹੁੰਦਾ ਹੈ । ਸਪੀਕਰ ਸਾਹਿਬ, ਟੈਕਨੀਕਲੀ ਸ਼ਾਇਦ ਇਸ ਵਿੱਚ ਘਾਟ ਰਹਿ ਜਾਵੇ । ਸਾਰੇ ਮਨਿਸਟਰ, ਸਾਰੇ ਐਮ.ਐਲ.ਏ. ਔਰ ਐਮ.ਪੀ. ਸਾਹਿਬ, ਸਾਰੇ ਆਪਣੀ ਆਪਣੀ ਜਾਇਦਾਦ ਸਬੰਧੀ ਵੇਰਵੇ ਦੇਣ ਸਮੇਤ ਆਪਣੇ ਪਰਿਵਾਰ ਦੇ ਅਤੇ ਇਹ ਨਾ ਹੋਵੇ ਕਿ ਮੈਂ ਇਕੱਲਾ ਆਪਣੀ ਜਾਇਦਾਦ ਦਾ ਵੇਰਵਾ ਦੇ ਦੇਵਾਂ ਅਤੇ ਜੋ ਬੇਨਾਮੀ ਜਾਇਦਾਦ ਪਰਿਵਾਰ ਦੇ ਨਾਂ ਤੇ ਜਾਂ ਐਰੇ-ਗੈਰੇ ਦੇ ਨਾਂ ਤੇ ਬਣਾਈ ਹੋਈ ਹੈ, ਉਹ ਨਾ ਆਵੇ । ਉਹ ਸਾਰੀ ਦੀ ਸਾਰੀ ਸਟੇਟਮੈਂਟ ਡਿਊਟੀ ਸਰਟੀਫਾਈਡ ਇਸ ਹਾਊਸ ਦੀ ਟੇਬਲ ਤੇ ਆਉਣੀ ਚਾਹੀਦੀ ਹੈ ਅਤੇ ਪ੍ਰੈਸ ਨੂੰ ਜਾਣੀ ਚਾਹੀਦੀ ਹੈ ਤਾਂ ਕਿ ਫਰਜ਼ ਕਰ ਲਓ ਜੇ ਕੋਈ ਤੱਥ ਛੁਪਾਏਗਾ ਤਾਂ ਉਸ ਦਾ ਆਂਢੀ-ਗੁਆਂਢੀ ਤਾਂ ਦੱਸ ਸਕਦਾ ਹੈ ਕਿ ਉਸ ਦੀ ਹੋਰ ਵੀ ਜਾਇਦਾਦ ਹੈ । ਸਪੀਕਰ ਸਾਹਿਬ, ਜੇ ਤਾਂ ਸਾਡੀ ਅਪਰੋਚ ਠੀਕ ਹੈ, ਫਿਰ ਤਾਂ ਇਸਦੇ ਖਿਲਾਫ ਜਹਾਦ ਛਿੜ ਸਕਦਾ ਹੈ । ਅਨਫਾਰਚੂਨੇਟਲੀ ਜੋ ਅਫਸਰਾਂ ਦਾ ਜ਼ਿਕਰ ਆਇਆ ਹੈ, ਜੋ ਉਨ੍ਹਾਂ ਨੇ ਕੁਰੱਪਸ਼ਨ ਕੀਤੀ ਹੈ, ਉਨ੍ਹਾਂ ਦੀ ਭਾਵਨਾ ਤੇ ਸ਼ੱਕ ਕੀਤਾ ਹੈ, ਮੈਂ ਤੁਹਾਡੀ ਭਾਵਨਾ ਦੀ ਗੱਲ ਨਹੀਂ ਕਰਦਾ, ਤੁਸੀਂ ਉਨ੍ਹਾਂ ਦੀ ਇਨਕੁਆਰੀ ਹੋਣ ਦਿਓ । ਜੇ ਉਨ੍ਹਾਂ ਨੂੰ ਮੌਜੂਦਾ ਸਰਕਾਰ ਵਾਲੇ ਡੀਫੈਂਡ ਕਰਦੇ ਹਨ ਕਿ ਉਹ ਅਫਸਰ ਠੀਕ ਹਨ ਤਾਂ ਸਪੀਕਰ ਸਾਹਿਬ ਜੇ ਠੀਕ ਹਨ ਤਾਂ ਕੋਈ ਠੀਕ ਨੂੰ ਤਾਂ ਸਜ਼ਾ ਨਹੀਂ ਦੇ ਸਕਦਾ । ਫਿਰ ਆਪੇ ਸਥਿਤੀ ਠੀਕ ਹੋ ਜਾਣੀ ਹੈ । ਪਰ ਜਿਸ ਤਰ੍ਹਾਂ ਸਰਕਾਰ ਅੱਗੇ ਚੜ੍ਹ ਕੇ ਡੀਫੈਂਡ ਕਰਨ ਤੇ ਤੁਰੀ ਹੋਈ ਹੈ, ਇਹ ਠੀਕ ਨਹੀਂ । ਸਪੀਕਰ ਸਾਹਿਬ, ਮੈਂ ਪਾਰਟੀ ਬਾਜ਼ੀ ਤੋਂ ਉਤੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਉਠ ਕੇ ਕਹਿ ਰਿਹਾ ਹਾਂ ਕਿ ਜੇਕਰ ਕਿਸੇ ਵੀ ਸਾਧਾਰਨ ਵਿਅਕਤੀ ਨਾਲ ਤੁਸੀਂ ਪਹੁੰਚ ਕਰੋਗੇ ਤਾਂ ਉਸਦਾ ਚੰਗਾ ਪ੍ਰਭਾਵ ਪਵੇਗਾ। ਹੁਣ ਪ੍ਰੈਸ ਨੇ ਲਿਖਣਾ ਸ਼ੁਰੂ ਕਰ ਦਿੱਤਾ ਹੈ, ਇਸ ਤਰ੍ਹਾਂ ਦੀ ਅਪਰੋਚ ਅਪਣਾਉਣੀ ਠੀਕ ਨਹੀਂ। ਮੈਂ ਬੇਨਤੀ ਕਰਦਾ ਹਾਂ ਕਿ ਅਗਰ ਸਰਕਾਰ ਨੇ ਸੱਚਮੁੱਚ ਕੁਰੱਪਸ਼ਨ ਦੇ ਖਿਲਾਫ ਲੜਨਾ ਹੈ ਤਾਂ ਜਿਹੜਾ ਲੋਕ ਪਾਲ ਐਕਟ ਬਣਾਇਆ ਗਿਆ ਹੈ, ਉਸ ਨੂੰ ਠੀਕ ਕਰਨਾ ਪਵੇਗਾ। ਅਸੀਂ ਵੈਲਕਮ ਕਰਦੇ ਹਾਂ ਕਿ ਲੋਕ ਪਾਲ ਬਣਾਇਆ ਗਿਆ ਹੈ ਪਰ ਇਹ ਡੀਫੈਕਟਿਵ ਹੈ। ਇਸ ਨੂੰ ਸਟਰੈਂਥਨ ਕਰਨਾ ਚਾਹੀਦਾ ਹੈ। ਇਸ ਵਿਚੋਂ ਇੱਕ ਕਲਾਜ਼ ਉਡਾਉਣੀ ਚਾਹੀਦੀ ਹੈ ਤਾਂ ਕਿ ਸਾਧਾਰਣ ਵਿਅਕਤੀ ਵੀ ਸ਼ਿਕਾਇਤ ਕਰ ਸਕਣ। ਇਸ ਤਰ੍ਹਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਹ ਵੀ ਚੀਜ਼ ਨਹੀਂ ਹੋਣੀ ਚਾਹੀਦੀ ਕਿ 5000/- ਰੁਪਏ ਪਹਿਲਾਂ ਦਿਓ ਜਾਂ ਫਿਰ ਜੇ ਗੱਲ ਝੂਠੀ ਸਾਬਤ ਹੋ ਜਾਵੇ ਤਾਂ ਸ਼ਿਕਾਇਤ ਕਰਤਾ ਨੂੰ ਸਜ਼ਾ ਦਿਓ। ਇਸ ਤੋਂ ਇਲਾਵਾ ਇਸ ਵਿਚ ਕੋਈ ਹੋਰ ਚੀਜ਼ ਪਾਉਣੀ ਚਾਹੀਦੀ ਹੈ ਤਾਂ ਕਿ ਕਿਸੇ ਦਾ ਇਮੇਜ ਵੀ ਖਰਾਬ ਨਾ ਹੋਵੇ। ਇਸ ਨੂੰ ਤਕੜਾ ਕਰਨਾ ਚਾਹੀਦਾ ਹੈ। ਇਸ ਵਿਚੋਂ ਕੁਝ ਸ਼ਰਤਾਂ ਹਟਾਉਣੀਆਂ ਚਾਹੀਦੀਆਂ ਹਨ ਜਿਸ ਤਰ੍ਹਾਂ ਕਿ ਲੋਕ ਪਾਲ ਨੂੰ ਕੋਈ ਅਧਿਕਾਰ ਨਹੀ ਕਿ ਉਹ ਕਿਸੇ ਨੂੰ ਸਜ਼ਾ ਦੇ ਸਕੇ। ਸਗੋਂ ਉਸ ਨੂੰ ਕੇਸ ਪੰਜਾਬ ਸਰਕਾਰ ਨੂੰ ਰੈਫਰ ਕਰਨਾ ਪੈਂਦਾ ਹੈ। ਫਿਰ ਜਦੋਂ ਕੇਸ ਪੰਜਾਬ ਸਰਕਾਰ ਕੋਲ ਜਾਂਦਾ ਹੈ ਤਾਂ ਇਹ ਪੁਲੀਟੀਕਲ ਹੋ ਜਾਂਦਾ ਹੈ। ਫਿਰ ਕਿਸੇ ਦਾ ਲਿਹਾਜ਼ ਕਰਨਾ ਪੈਂਦਾ ਹੈ। ਇਸ ਕਰਕੇ ਇਸ ਵਿੱਚ ਅਮੈਂਡਮੈਂਟ ਕਰਨੀ ਚਾਹੀਦੀ ਹੈ ਕਿ ਲੋਕ ਪਾਲ ਪੜਤਾਲ ਕਰੇ ਔਰ ਜੇਕਰ ਕੋਈ ਗਿਲਟੀ ਸਾਬਤ ਹੁੰਦਾ ਹੈ ਤਾਂ ਉਸ ਨੂੰ ਉਹ ਸਜ਼ਾ ਵੀ ਦੇਵੇ।

ਸਪੀਕਰ ਸਾਹਿਬ, ਇਸੇ ਤਰ੍ਹਾਂ ਗਰੀਵੈਂਸਿਜ਼ ਕਮੇਟੀਆਂ ਹਨ ਜਿਹੜੀਆਂ ਪਿਛਲੇ ਕੁਝ ਸਮੇਂ ਤੋਂ ਫੰਕਸ਼ਨ ਨਹੀਂ ਕਰ ਰਹੀਆਂ, ਕੰਮ ਨਹੀਂ ਕਰ ਰਹੀਆਂ। ਇਸ ਕਰਕੇ ਡਿਸਟ੍ਰਿਕਟ ਲੈਵਲ ਤੇ ਔਰ ਸਬ-ਡਵੀਜ਼ਨ ਲੈਵਲ ਤੇ ਇਹ ਗਰੀਵੈਂਸਿਜ਼ ਕਮੇਟੀਆਂ ਬਣਨੀਆਂ ਚਾਹੀਦੀਆਂ ਹਨ, ਭਾਵੇਂ ਕੋਈ ਮੰਤਰੀ ਹੀ ਇਨ੍ਹਾਂ ਦਾ ਚੇਅਰਮੈਨ ਹੋਵੇ। ਉਥੇ ਆਈਟਮਾਂ ਡਿਸਕਸ ਹੋਣੀਆਂ ਚਾਹੀਦੀਆਂ ਹਨ ਔਰ ਉਨ੍ਹਾਂ ਦਾ ਹੱਲ ਨਿਕਲਣਾ ਚਾਹੀਦਾ ਹੈ। ਉਥੇ ਮਨਿਸਟਰ ਵੀ ਜਾਣ ਲੇਕਿਨ ਇਸ ਦੀ ਹਰ ਹਾਲਤ ਵਿਚ ਇਕ ਮਹੀਨੇ ਵਿੱਚ ਇੱਕ ਮੀਟਿੰਗ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਲੋਕਾਂ ਦੀਆਂ ਸ਼ਿਕਾਇਤਾਂ ਦਾ ਹੱਲ ਹੋ ਸਕੇਗਾ। ਸਪੀਕਰ ਸਾਹਿਬ, ਮੈਂ ਬਹੁਤਾ ਫਾਸਟ ਚੱਲ ਰਿਹਾ ਹਾਂ। ਔਰ ਬਹੁਤ ਸਾਰੀਆਂ ਗੱਲਾਂ ਛੱਡ ਵੀ ਰਿਹਾ ਹਾਂ।

**ਸ੍ਰੀ ਸਪੀਕਰ :** ਮੇਰੀ ਵੀ ਮਜਬੂਰੀ ਹੈ।

**ਕਾਮਰੇਡ ਹਰਦੇਵ ਅਰਸ਼ੀ :** ਤੁਸੀਂ ਬੋਲ ਨਹੀਂ ਰਹੇ। ਪਰ ਸਪੀਕਰ ਸਾਹਿਬ, ਮੈਂ ਤੁਹਾਡਾ ਇਸ਼ਾਰਾ ਸਮਝ ਰਿਹਾ ਹਾਂ। ਮੈਂ ਟਾਈਮ ਨੂੰ ਧਿਆਨ ਵਿੱਚ ਰੱਖਾਂਗਾ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇੱਥੇ ਸ਼ਬਦ 'ਰਾਜਨੀਤਿਕ ਕੁੜਿੱਤਣ' ਵਰਤਿਆ ਗਿਆ ਹੈ। ਸਪੀਕਰ ਸਾਹਿਬ, ਇਹ ਕੁੜਿੱਤਣ ਨਹੀਂ ਹੋਣੀ ਚਾਹੀਦੀ। ਅਸੀਂ ਸਾਰਿਆਂ ਨੇ ਕਾਂਸਟੀਚਿਊਸ਼ਨ ਜਾਂ ਡੈਮੋਕਰੇਸੀ ਵਿੱਚ ਹੀ ਰਹਿਣਾ ਹੈ। ਇਸ ਕੁੜਿੱਤਣ ਦਾ ਕਿਸੇ ਨੂੰ ਫਾਇਦਾ ਨਹੀਂ ਹੋ ਸਕਦਾ, ਸਗੋਂ ਨੁਕਸਾਨ ਜ਼ਰੂਰ ਹੋਵੇਗਾ। ਪਿਛਲੇ ਸਮੇਂ

Original with;
Punjab Vidhan Sabha
Digitized by;
Panjab Digital Library

ਵਿੱਚ ਜੋ ਕੁਝ ਹੋਇਆ ਹੈ, ਉਸ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਪਹਿਲਾਂ ਪੁਲੀਟੀਕਲ ਪ੍ਰਸੈਪਸ਼ਨਜ਼ ਕੁਝ ਹੋਰ ਤਰ੍ਹਾਂ ਦੀਆਂ ਸਨ। ਇਸ ਕਰਕੇ ਸਾਡੀ ਆਪਸ ਵਿੱਚ ਸਹਿਮਤੀ ਨਹੀਂ ਸੀ। ਇਸ ਗੱਲ ਨੂੰ ਅਸੀਂ ਵੈਲਕਮ ਕਰਦੇ ਹਾਂ ਜੋ ਤੁਸੀਂ ਕਿਹਾ ਹੈ ਕਿ ਅਸੀਂ ਕੁੜੱਤਣ ਨਹੀਂ ਰਹਿਣ ਦੇਵਾਂਗੇ। ਅਸੀਂ ਇਹ ਵੀ ਆਸ ਕਰਦੇ ਹਾਂ ਕਿ ਤੁਸੀਂ ਅਸੈਂਬਲੀ ਵਿੱਚ ਵੀ ਡੈਮੋਕਰੇਟਿਕ ਤਰੀਕੇ ਨਾਲ ਮੈਕਸੀਮਮ ਟਾਈਮ ਸਾਨੂੰ ਦਿਓਗੇ ਔਰ ਨੈਸ਼ਨਲ ਇੰਟਰੈਸਟ ਦੇ ਕੇਸਾਂ ਵਿਚ ਤੁਹਾਡੀ ਅਤੇ ਸਾਡੀ ਸਾਰਿਆਂ ਦੀ ਦਿਲਚਸਪੀ ਹੋਵੇਗੀ, ਭਾਵੇਂ ਸਾਡਾ ਕਿਤੇ ਪੂਰਨ ਐਗਰੀਮੈਂਟ ਨਾ ਹੋਵੇ ਪਰ ਤੁਸੀਂ ਵੀ ਟਰਾਈ ਕਰੋ, ਅਸੀਂ ਵੀ ਹੱਥ ਵਧਾਵਾਂਗੇ ਤਾਂ ਕਿ ਉਨ੍ਹਾਂ ਵਿਚ ਸਾਡੀ ਕੰਸੈਂਸਿਸ ਬਣੇ। ਇਹ ਗੱਲ ਜ਼ਰੂਰ ਹੈ ਕਿ ਜਿੱਥੇ ਵੈਸਟਿਡ ਇੰਟਰੈਸਟ ਹਨ ਜਾਂ ਕੈਪੀਟਲ ਇੰਟਰੈਸਟ ਹਨ, ਉਥੇ ਹਰ ਪਾਰਟੀ ਦੀ ਆਪਣੀ ਆਪਣੀ ਅਪਰੋਚ ਹੋ ਸਕਦੀ ਹੈ। ਉਥੇ ਫਰਕ ਹੋ ਸਕਦਾ ਹੈ।

ਅਖੀਰ ਵਿੱਚ ਸਪੀਕਰ ਸਾਹਿਬ, ਮੈਂ ਦੋ-ਤਿੰਨ ਨੁਕਤਿਆਂ ਤੇ ਬੋਲ ਕੇ ਖਤਮ ਕਰਾਂਗਾ। ਸਪੀਕਰ ਸਾਹਿਬ ਹੁਣ ਸੰਗਤ ਦਰਸ਼ਨ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਪਹਿਲਾਂ ਇਸ ਨੂੰ ਖੁੱਲ੍ਹਾ ਦਰਬਾਰ ਕਹਿੰਦੇ ਸਨ। ਇਸ ਵਿਚ ਕੋਈ ਨੁਕਤਾਚੀਨੀ ਨਹੀਂ ਬਲਕਿ ਅਸੀਂ ਇਸ ਨੂੰ ਵੈਲਕਮ ਕਰਦੇ ਹਾਂ ਕਿ ਸਰਕਾਰ ਦੇ ਮੁੱਖ ਮੰਤਰੀ ਔਰ ਮੰਤਰੀ ਲੋਕਾਂ ਵਿੱਚ ਜਾਣ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ। ਅਸੀਂ ਜੀ ਆਇਆਂ ਕਹਿੰਦੇ ਹਾਂ ਔਰ ਹਰ ਕੋਈ ਇਸ ਗੱਲ ਨੂੰ ਜੀ ਆਇਆਂ ਕਹੇਗਾ। ਪਰ ਸਪੀਕਰ ਸਾਹਿਬ, ਇਸ ਦੇ ਦੂਸਰੇ ਪੱਖ ਤੇ ਪ੍ਰਸ਼ਨ-ਚਿੰਨ੍ਹ ਲੱਗ ਸਕਦਾ ਹੈ। ਜੇ ਮੁੱਖ ਮੰਤਰੀ ਜਾਂ ਮੰਤਰੀਆਂ ਨੇ ਹੀ ਲੋਕਾਂ ਦੀਆਂ ਦੋ-ਦੋ ਹਜ਼ਾਰ ਸ਼ਿਕਾਇਤਾਂ ਸੁਣਨੀਆਂ ਹਨ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਆਪਣੇ ਡਿਪਾਰਟਮੈਂਟਸ ਨੂੰ ਡਾਇਰੈਕਸ਼ਨਜ਼ ਦੇਣੀਆਂ ਚਾਹੀਦੀਆਂ ਹਨ। ਉਹ ਖੁਦ ਪਾਲਿਸੀ ਮੇਕਰ ਹਨ। ਜੇ ਉਨ੍ਹਾਂ ਨੇ ਹੀ ਸ਼ਿਕਾਇਤਾਂ ਸੁਣਨੀਆਂ ਹਨ ਤਾਂ ਘੱਟੋ-ਘੱਟ ਇਸ ਗੱਲ ਨੂੰ ਜ਼ਰੂਰ ਰਿਵਿਊ ਕਰੋ ਕਿ ਜਿਹੜੀ ਇੰਟਾਇਰ ਮਸ਼ੀਨਰੀ ਹੈ, ਉਹ ਪੈਰਾਲਾਈਜ਼ਡ ਕਿਉਂ ਹੈ। ਤੁਹਾਨੂੰ ਇਸ ਚੀਜ਼ ਦਾ ਕਰੈਡਿਟ ਨਹੀਂ ਜਾਏਗਾ ਕਿ ਤੁਸੀਂ ਕਿੰਨੀਆਂ ਸ਼ਿਕਾਇਤਾਂ ਸੁਣ ਕੇ ਉਨਾਂ ਦਾ ਹੱਲ ਕਰਦੇ ਹੋ। ਤੁਹਾਨੂੰ ਇਸ ਚੀਜ਼ ਦਾ ਕਰੈਡਿਟ ਜਾਏਗਾ ਕਿ ਤੁਹਾਡੇ ਕੋਲ ਕਿੰਨੀਆਂ ਘੱਟ ਸ਼ਿਕਾਇਤਾਂ ਆਉਂਦੀਆਂ ਹਨ। ਮੈਂ ਇਹ ਗੱਲ ਕਿਉਂ ਕਹਿਣੀ ਚਾਹੁੰਦਾ ਹਾਂ, ਕਿਉਂਕਿ ਲੋਕਾਂ ਦੀਆਂ 80% ਸ਼ਿਕਾਇਤਾਂ ਸਾਧਾਰਣ ਨੇਚਰ ਦੀਆਂ ਹੁੰਦੀਆਂ ਹਨ ਜਿਵੇਂ ਕਿਸੀ ਤਹਿਸੀਲਦਾਰ ਜਾਂ ਪਟਵਾਰੀ ਪੱਧਰ ਤੱਕ। ਇਹ ਸ਼ਿਕਾਇਤਾਂ ਹੇਠਲੇ ਲੈਵਲ ਤੇ ਸੈਟਲ ਹੋਣੀਆਂ ਚਾਹੀਦੀਆਂ ਹਨ। ਤੁਸੀਂ ਸਾਰੀ ਮਸ਼ੀਨਰੀ ਨੂੰ ਗੇਅਰ ਅੱਪ ਕਰੋ ਤਾਂ ਕਿ ਉਹ ਸਾਰੀਆਂ ਸ਼ਿਕਾਇਤਾਂ ਹੇਠਲੇ ਲੈਵਲ ਤੇ ਹੀ ਨਿਬੇੜਨ। ਜਿਹੜੀਆਂ ਸੀਰੀਅਸ ਨੇਚਰ ਜਾਂ ਡਿਵੈਲਪਮੈਂਟ ਸਬੰਧੀ ਸ਼ਿਕਾਇਤਾਂ ਹਨ, ਉਹੀ ਤੁਹਾਡੇ ਕੋਲ ਆਉਣ। ਇਹ ਠੀਕ ਹੈ ਕਿ ਤੁਸੀਂ ਰਿਆਇਤਾਂ ਦਿੱਤੀਆਂ ਹਨ। ਇਸ ਦਾ ਮੈਂ ਜ਼ਿਕਰ ਨਹੀਂ ਕਰਦਾ ਕਿਉਂਕਿ ਇਨ੍ਹਾਂ ਗੱਲਾਂ ਦਾ ਕਾਫੀ ਜ਼ਿਕਰ ਹੋ ਚੁੱਕਾ ਹੈ। ਗਰੀਬ ਵਰਗ ਨੂੰ ਰਾਹਤ ਮਿਲਣੀ ਚਾਹੀਦੀ ਹੈ। ਮੇਰੀ ਬੇਨਤੀ ਹੈ ਕਿ ਪਾਪੁਲਿਸਟ ਸਲੋਗਨ ਨਹੀਂ ਦੇਣੇ ਚਾਹੀਦੇ। ਉਹ ਸਿਰੇ ਨਹੀਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਚੜ੍ਹਦੇ । ਅੱਜ ਅਖਬਾਰ ਵਿਚ ਆਇਆ ਹੈ ਕਿ ਇੱਕ ਨੋਟੀਫਿਕੇਸ਼ਨ ਹੋਇਆ ਹੈ ਕਿ ਅਸੀਂ ਬਿਜਲੀ 120 ਘੰਟੇ ਪਰ ਮੰਥ ਮਾਫ ਕਰ ਦਿੱਤੀ ਹੈ । ਇਸ ਦਾ ਭਾਵ ਹੈ ਕਿ ਰੋਜ਼ਾਨਾ ਚਾਰ ਘੰਟੇ ਹੀ ਬਿਜਲੀ ਮਿਲੇਗੀ । ਨੋਟੀਫਿਕੇਸ਼ਨ ਅੱਜ ਅਖਬਾਰ ਵਿਚ ਆਇਆ ਹੈ । ਸਪੱਸ਼ਟੀਕਰਨ ਮੁੱਖ ਮੰਤਰੀ ਜੀ ਦੇ ਦੇਣਗੇ । ਜੇ ਬਿਜਲੀ ਚਾਰ ਘੰਟੇ ਹੀ ਦੇਣੀ ਹੈ ਤਾਂ ਮੁਫਤ ਵਾਲੀ ਤਾਂ ਕੋਈ ਗੱਲ ਲੱਗਦੀ ਨਹੀਂ । ਬਿਜਲੀ 20 ਕਿਲੋਵਾਟ ਤੱਕ ਮੁਫਤ ਹੈ । ਇਸ ਦਾ ਭਾਵ ਹੈ ਕਿ ਬਾਅਦ ਵਿਚ ਚਾਰਜਿਜ਼ ਦੇਣੇ ਪੈਣਗੇ । ਸਾਡੀਆਂ ਕੁਝ ਫਾਈਨੈਂਸ਼ੀਅਲ ਮਜਬੂਰੀਆਂ ਹਨ । ਇਸ ਕਰਕੇ ਕੋਈ ਵੀ ਨਾਅਰਾ ਜਿਹੜਾ ਦੇਣਾ ਹੋਵੇ ਇਸ ਢੰਗ ਨਾਲ ਦੇਣਾ ਚਾਹੀਦਾ ਹੈ, ਜਿਹੜਾ ਅਸੀਂ ਇੰਪਲੀਮੈਂਟ ਕਰ ਸਕਦੇ ਹੋਈਏ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਐਕਸਾਈਜ਼ ਦੀ ਪਾਲਿਸੀ ਬਣਾਈ ਹੈ, ਠੀਕ ਹੈ । ਮੈਂ ਇਸ ਬਾਰੇ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਸਾਡੇ ਪੰਜਾਬ ਦੀ ਬਦਕਿਸਮਤੀ ਹੈ ਕਿ ਜਿਸ ਤਰ੍ਹਾਂ ਅਸੀਂ ਪਰ-ਕੈਪਿਟਾ ਇਨਕਮ ਵਿੱਚ ਅੱਗੇ ਹਾਂ, ਉਸੇ ਤਰ੍ਹਾਂ ਅਸੀਂ ਸ਼ਰਾਬ ਦੇ ਵਿੱਚ ਵੀ ਸਾਰੇ ਹਿੰਦੁਸਤਾਨ ਵਿੱਚ ਅੱਗੇ ਹਾਂ ਔਰ ਸ਼ਾਇਦ ਕਿਸੇ ਵੇਲੇ ਏਸ਼ੀਆ ਵਿੱਚ ਵੀ ਅੱਗੇ ਹੁੰਦੇ ਸੀ । ਲੇਕਿਨ ਇੱਕ ਟਰੈਜਡੀ ਹੈ ਕਿ ਪੰਜਾਬ ਦੀ ਐਜੂਕੇਸ਼ਨ ਬੜੀ ਪਿੱਛੇ ਖੜ੍ਹੀ ਹੈ ਜੋ ਕਿ ਹੁਣ ਲਿਬਰਾਲਾਈਜ਼ ਕਰ ਦਿੱਤੀ ਗਈ ਹੈ । ਇਸ ਵਾਸਤੇ ਇਸ ਲਈ ਹੋਰ ਪੈਸੇ ਚਾਹੀਦੇ ਹਨ ਔਰ ਜੋ ਪੈਸਿਆਂ ਦਾ ਸੋਰਸ ਹੈ, ਇਸ ਦਾ ਮਤਲਬ ਹੈ ਕਿ ਠੇਕੇ ਹੋਰ ਜ਼ਿਆਦਾ ਵਧਣਗੇ । ਬਹੁਤ ਸਾਰੀਆਂ ਸਟੂਡੈਂਟ ਆਰਗੇਨਾਈਜ਼ੇਸ਼ਨਜ਼ ਦੀ ਮੰਗ ਸੀ ਕਿ 50% ਸ਼ਰਾਬ ਦੇ ਠੇਕੇ ਘਟਾ ਦਿੱਤੇ ਜਾਣ ਔਰ ਇਸੇ ਤਰ੍ਹਾਂ ਸਾਡੀਆਂ ਭੈਣਾਂ ਦੀ ਵੀ ਇਹ ਮੰਗ ਸੀ ਕਿ ਠੇਕੇ ਘਟਾਉਣੇ ਚਾਹੀਦੇ ਹਨ ।

ਜਿਥੋਂ ਤੱਕ ਆਦਰਸ਼ ਸਕੂਲਾਂ ਦੀ ਗੱਲ ਆਈ ਹੈ, ਮੈਂ ਇਸ ਦਾ ਵਿਰੋਧ ਨਹੀਂ ਕਰਦਾ । ਪਰ ਇਕ ਚੀਜ਼ ਹੈ ਕਿ ਇਕੋ ਗੌਰਮਿੰਟ ਦਾ ਇਸ ਤੇ ਡਬਲ ਸਟੈਂਡਰਡ ਹੈ । ਇਨ੍ਹਾਂ ਆਦਰਸ਼ ਸਕੂਲਾਂ ਦੀ ਬਜਾਏ ਸਰਕਾਰੀ ਸਕੂਲਾਂ ਵਿੱਚ ਹੀ ਐਜੂਕੇਸ਼ਨ ਨੂੰ ਸਟਰੈਂਥਨ ਕੀਤਾ ਜਾਵੇ । ਉਥੇ ਬਿਲਡਿੰਗਾਂ ਬਣਾਉ, ਹੋਰ ਮੈਟੀਰੀਅਲ ਦਿਉ । ਇਸ ਗੱਲ ਦਾ ਕਰੈਡਿਟ ਸਰਕਾਰ ਨੂੰ ਜ਼ਿਆਦਾ ਮਿਲੇਗਾ ।

ਸਪੀਕਰ ਸਾਹਿਬ, ਆਖਰੀ ਗੱਲ ਕਹਿਣ ਲੱਗਾ ਹਾਂ । ਮੈਂ ਬਾਕੀ ਸਾਰੇ ਪੁਆਇੰਟ ਛੱਡ ਦਿੱਤੇ ਹਨ ਕਿਉਂਕਿ ਸਮੇਂ ਦੀ ਮਜਬੂਰੀ ਹੈ ਔਰ ਸੀ.ਐਮ. ਸਾਹਿਬ ਨੇ ਵੀ ਬੋਲਣਾ ਹੈ । ਮੈਂ ਆਪਣੇ ਹਲਕੇ ਬਾਰੇ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ । ਸਾਡਾ ਏਰੀਆ ਫਲੱਡ ਇਫੈਕਟਿਡ ਏਰੀਆ ਹੈ ਔਰ ਉਥੇ ਇਕ ਚਾਂਦ ਬੰਨ੍ਹ ਹੈ । ਬਰਸਾਤ ਦੇ ਦਿਨਾਂ ਵਿੱਚ ਬਹੁਤ ਸਾਰੇ ਪਿੰਡਾਂ ਵਿੱਚ ਪਾਣੀ ਭਰ ਜਾਂਦਾ ਹੈ । ਅੱਗੇ ਰੇਨੀ ਸੀਜ਼ਨ ਵੀ ਆਉਣ ਵਾਲਾ ਹੈ, ਇਸ ਲਈ ਇਸ ਵੱਲ ਧਿਆਨ ਦਿੱਤਾ ਜਾਵੇ । ਸਾਡਾ ਇਲਾਕਾ ਇੰਡਸਟਰੀ ਪੱਖੋਂ ਵੀ ਬਹੁਤ ਬੈਕਵਰਡ ਹੈ । ਸਾਡੇ ਇਲਾਕੇ ਵਿੱਚ ਉਥੇ ਸ਼ੂਗਰ ਮਿੱਲ ਹੈ, ਜਿਸ ਨੂੰ ਕਿ ਵੇਚਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ । ਫਾਰਮਰਜ਼ ਅਤੇ ਲੋਕਾਂ ਦੀ ਮੰਗ ਹੈ ਕਿ ਇਹ

Original with;
Punjab Vidhan Sabha
Digitized by;
Panjab Digital Library

ਨਾ ਵੇਚੀ ਜਾਵੇ ਬਲਕਿ ਕੋਆਪ੍ਰੇਟਿਵ ਸੈਕਟਰ ਨੂੰ ਦੇ ਦਿੱਤੀ ਜਾਵੇ । ਸੀ.ਐਮ. ਸਾਹਿਬ ਨੇ ਪ੍ਰਾਮਿਸ ਵੀ ਕੀਤਾ ਸੀ ਕਿ ਗੌਰਮਿੰਟ ਦੀ ਫਾਰਮੇਸ਼ਨ ਤੋਂ ਬਾਅਦ 3-4 ਦਿਨਾਂ ਵਿੱਚ ਹੀ ਇਸ ਤੇ ਡਿਸੀਜ਼ਨ ਦੇ ਦੇਵਾਂਗੇ । ਮੈਂ ਸਮਝਦਾ ਹਾਂ ਕਿ ਇਸ ਮੰਗ ਨੂੰ ਵੀ ਪ੍ਰਵਾਨ ਕਰਨਾ ਚਾਹੀਦਾ ਹੈ ।

ਨਹਿਰੀ ਪਾਣੀ ਕੁਝ ਥਾਵਾਂ ਤੇ 20 % ਵਧਾ ਕੇ ਮਿਲਦਾ ਹੈ ਲੇਕਿਨ ਮੇਰਾ ਹਲਕਾ ਟੇਲਾਂ ਤੇ ਆ ਜਾਂਦਾ ਹੈ ਜਿਥੇ ਕਿ ਪੂਰਾ ਨਹਿਰੀ ਪਾਣੀ ਨਹੀਂ ਜਾਂਦਾ । ਬਾਕੀ ਥਾਵਾਂ ਤੇ ਤਾਂ ਇਹ ਇਨਕਰੀਜ਼ ਕੀਤਾ ਹੈ ਲੇਕਿਨ ਜਿਹੜਾ ਸਾਡਾ ਏਰੀਆ ਹੈ, ਉਥੇ 10-15 ਜਾਂ 20 % ਵਾਧਾ ਕਰਨਾ ਚਾਹੀਦਾ ਹੈ ।

ਐਜੂਕੇਸ਼ਨ ਪੱਖੋਂ ਵੀ ਇਹ ਹਲਕਾ ਬਹੁਤ ਬੈਕਵਰਡ ਹੈ । ਉਥੇ ਪ੍ਰਾਈਵੇਟ ਅਦਾਰੇ ਵੀ ਹਨ, ਪ੍ਰਾਈਵੇਟ ਕਾਲਜ ਵੀ ਹਨ । ਮੈਂ ਇਹ ਨਹੀਂ ਕਹਿੰਦਾ ਕਿ ਇਹ ਠੀਕ ਨਹੀਂ ਹੈ ਲੇਕਿਨ ਉਹ ਆਪਣੀ ਥਾਂ ਤੇ ਠੀਕ ਹਨ ਔਰ ਇਸ ਨੂੰ ਐਪ੍ਰੀਸ਼ੀਏਟ ਕਰਨਾ ਚਾਹੀਦਾ ਹੈ । ਲੇਕਿਨ ਘੱਟ ਤੋਂ ਘੱਟ ਲੜਕੀਆਂ ਵਾਸਤੇ ਉਥੇ ਟੈਕਨੀਕਲ ਐਜੂਕੇਸ਼ਨ ਦਾ ਔਰ ਹਾਇਰ ਐਜੂਕੇਸ਼ਨ ਦਾ ਜ਼ਰੂਰ ਪ੍ਰਬੰਧ ਹੋਣਾ ਚਾਹੀਦਾ ਹੈ ।

ਬਰੇਟਾ ਵਿਖੇ ਇੱਕ ਮੰਡੀ ਦੀ ਮੰਗ ਹੈ ਕਿਉਂਕਿ ਕਿਸਾਨਾਂ ਨੂੰ ਫਸਲ ਵੇਚਣ ਸਮੇਂ ਮੁਸ਼ਕਲ ਆਉਂਦੀ ਹੈ । ਉਥੇ ਨਵੇਂ ਜੀਰੀ ਯਾਰਡ ਦੀ ਸਥਾਪਨਾ ਕੀਤੀ ਜਾਵੇ ।

ਬੋਹਾ ਮਾਰਕੀਟ ਕਮੇਟੀ ਬਣਨ ਦੇ ਯੋਗ ਹੈ ਔਰ ਇਹ ਸਾਰੀਆਂ ਫਾਰਮੈਲਟੀਜ਼ ਪੂਰੀਆਂ ਕਰਦਾ ਹੈ । ਪਬਲਿਕ ਔਰ ਕਿਸਾਨਾਂ ਦੀ ਮੰਗ ਹੈ ਕਿ ਉਥੇ ਮਾਰਕੀਟ ਕਮੇਟੀ ਸਥਾਪਿਤ ਕੀਤੀ ਜਾਵੇ । ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਵਾਸਤੇ ਸਮਾਂ ਦਿੱਤਾ ਹੈ, ਇਸ ਲਈ ਜਿੰਨਾ ਇਸ ਸਮੇਂ ਵਿੱਚ ਬੋਲਿਆ ਜਾ ਸਕਦਾ ਸੀ, ਬੋਲਿਆ ਹਾਂ ਪ੍ਰੰਤੂ ਲੋੜ ਅਨੁਸਾਰ ਮੇਰੀ ਪਾਰਟੀ ਨੂੰ ਸਮਾਂ ਨਹੀਂ ਦਿੱਤਾ ਗਿਆ । ਆਸ ਹੈ ਕਿ ਭਵਿੱਖ ਵਿਚ ਖਿਆਲ ਰੱਖਿਆ ਜਾਵੇਗਾ । ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸ੍ਰੀ ਸਪੀਕਰ** : ਧੰਨਵਾਦ ਜੀ । ਹੁਣ ਸਰਦਾਰ ਰਣਜੀਤ ਸਿੰਘ ਛੱਜਲਵੱਡੀ । ਤੁਸੀਂ 4-5 ਮਿੰਟ ਤੋਂ ਵੱਧ ਨਹੀਂ ਬੋਲਣਾ ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** (ਖਡੂਰ ਸਾਹਿਬ, ਐਸ. ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਸਮਾਂ ਦਿੱਤਾ ਹੈ । ਪ੍ਰਮਾਤਮਾ ਦਾ ਸ਼ੁਕਰ ਹੈ ਕਿ ਜੋ ਜਨਤਾ ਪਿਛਲੇ 10 ਸਾਲ ਤੋਂ ਬੜੇ ਭਿਆਨਕ ਸਮੇਂ ਵਿੱਚੋਂ ਗੁਜ਼ਰ ਰਹੀ ਸੀ, ਦੋਹਾਂ ਚੱਕੀਆਂ ਵਿੱਚ ਪਿਸ ਰਹੀ ਸੀ ਔਰ ਸ਼੍ਰੋਮਣੀ ਅਕਾਲੀ ਦਲ ਤੇ ਆਸ ਲਾਈ ਬੈਠੀ ਸੀ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਆਸ ਲਾਈ ਬੈਠੀ ਸੀ ਕਿ ਸਾਡੀ ਆਪਣੀ ਸਰਕਾਰ ਆਵੇ ਤਾਂ ਕਿ ਅਸੀਂ ਇਨ੍ਹਾਂ ਦੋਹਾਂ ਚੱਕੀ ਦੇ ਪੁੜਾਂ ਵਿੱਚੋਂ ਨਿਕਲ ਸਕੀਏ, ਉਨ੍ਹਾਂ ਦੀ ਸੁਣੀ ਗਈ ਹੈ । ਹੁਣ ਵਾਹਿਗੁਰੂ ਨੇ ਉਸ ਤੇ ਕਿਰਪਾ ਕੀਤੀ ਹੈ । ਅਸੀਂ ਧੰਨਵਾਦੀ ਹਾਂ ਉਸ ਵਾਹਿਗੁਰੂ ਦੇ, ਪਰਮਾਤਮਾ ਦੇ, ਜਿਸ ਨੇ ਲੋਕਾਂ ਦੀਆਂ ਦਿਲੀ ਖਾਹਿਸ਼ਾਂ ਪੂਰੀਆਂ ਕੀਤੀਆਂ ਹਨ । ਸਰਦਾਰ ਪ੍ਰਕਾਸ਼

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਸਿੰਘ ਬਾਦਲ ਨੂੰ ਪੰਜਾਬ ਦੀ ਜਨਤਾ ਸਹੀ ਕਸਟੋਡੀਅਨ ਸਮਝਦੀ ਹੈ ਔਰ ਇਹ ਹੈ ਵੀ ਸਹੀ। ਇਨ੍ਹਾਂ ਦੇ ਹੱਥਾਂ ਵਿੱਚ ਪੰਜਾਬ ਦਾ ਰਾਜ ਭਾਗ ਸੁਰੱਖਿਅਤ ਹੈ ਔਰ ਇਹ ਬਹੁਤ ਦੂਰ ਅੰਦੇਸ਼ ਹਨ। ਸਾਰੇ ਦੇਸ਼ ਦੇ ਲੀਡਰਾਂ ਨਾਲੋਂ ਇਨ੍ਹਾਂ ਦੀ ਸੋਚ 30-35 ਸਾਲ ਅੱਗੇ ਹੈ। 1973 ਦੇ ਵਿੱਚ ਇਨ੍ਹਾਂ ਨੇ ਆਨੰਦਪੁਰ ਸਾਹਿਬ ਦਾ ਮਤਾ ਲਿਆਂਦਾ ਔਰ ਅੱਜ ਸਾਰਾ ਹਿੰਦੁਸਤਾਨ ਇਸ ਪਾਸੇ ਵੱਲ ਜਾ ਰਿਹਾ ਹੈ। ਅੱਜ ਦਾ ਸਮਾਂ 1996-97 ਦਾ ਸਮਾਂ ਇਹ ਸਾਬਤ ਕਰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਸੋਚ ਬਾਕੀ ਪਾਰਟੀਆਂ ਨਾਲੋਂ 30 ਸਾਲ ਅੱਗੇ ਹੈ। ਇਥੇ ਹੀ ਬੱਸ ਨਹੀਂ ਇਨ੍ਹਾਂ ਨੂੰ ਭਵਿੱਖ ਦੇ ਬਾਰੇ ਵਿੱਚ ਪਹਿਲਾਂ ਹੀ ਬਹੁਤ ਕੁਝ ਪਤਾ ਸੀ। ਪਿਛਲੇ ਸਮੇਂ ਵਿੱਚ ਸੜਕਾਂ ਦੇ ਲਾਗੇ ਬਹੁਤ ਜਗ੍ਹਾ ਛੱਡ ਦਿੱਤੀ ਗਈ ਸੀ, ਕਿਉਂਕਿ ਇਨ੍ਹਾਂ ਨੂੰ ਪਤਾ ਸੀ ਕਿ ਟਰੈਫਿਕ ਵੱਧਣੀ ਹੈ। ਉਸ ਦੇ ਉਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੰਮ ਸ਼ੁਰੂ ਕਰਵਾਇਆ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ 1969 ਵਿੱਚ ਬਣੀ ਸੀ। 1970 ਦੇ ਵਿੱਚ ਹਿੰਦੁਸਤਾਨ ਅਤੇ ਪਾਕਿਸਤਾਨ ਦਾ ਰਾਵੀ ਦੇ ਪਾਣੀ ਬਾਰੇ ਐਗਰੀਮੈਂਟ ਖਤਮ ਹੋਣਾ ਸੀ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲਾਂ ਹੀ ਸੈਂਟਰ ਦੀ ਸਰਕਾਰ ਨੂੰ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਤੁਸੀਂ ਇੱਥੇ ਥੀਨ ਡੈਮ ਬਣਾਉਣਾ ਸ਼ੁਰੂ ਕਰ ਦਿਉ। ਇਨ੍ਹਾਂ ਨੂੰ ਪਤਾ ਸੀ ਕਿ ਆਉਣ ਵਾਲੇ ਸਮੇਂ ਵਿੱਚ ਬਿਜਲੀ ਦੀ ਪੰਜਾਬ ਦੇ ਵਿਚ ਬਹੁਤ ਲੋੜ ਪਵੇਗੀ। ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਲਗਾਤਾਰ ਦੋ ਸਾਲ ਬੜੇ ਜ਼ੋਰ ਦੇ ਨਾਲ ਸੈਂਟਰ ਤੋਂ ਮੰਗ ਕਰਦੇ ਰਹੇ ਕਿ ਸਾਨੂੰ ਡੈਮ ਬਣਾਉਣ ਲਈ ਮਨਜ਼ੂਰੀ ਦੇ ਦਿੱਤੀ ਜਾਵੇ ਪਰ ਸੈਂਟਰ ਦੀ ਸਰਕਾਰ ਨੇ ਮਨਜ਼ੂਰੀ ਨਹੀਂ ਦਿੱਤੀ। ਇਨ੍ਹਾਂ ਨੂੰ ਜਦੋਂ ਸੈਂਟਰ ਦੀ ਸਰਕਾਰ ਨੇ ਸ਼ਰੇਆਮ ਜਵਾਬ ਦੇ ਦਿੱਤਾ ਕਿ ਸਾਡੇ ਕੋਲ ਫੰਡ ਨਹੀਂ ਹਨ। ਇਸ ਕਰਕੇ ਅਸੀਂ ਮਨਜ਼ੂਰੀ ਨਹੀਂ ਦੇ ਸਕਦੇ, ਤਾਂ ਬਾਦਲ ਸਾਹਿਬ ਨੇ ਸੈਂਟਰ ਦੀ ਸਰਕਾਰ ਨੂੰ ਕਿਹਾ ਸੀ ਕਿ ਅਸੀਂ ਕਿਸਾਨਾਂ ਦਾ ਭਵਿੱਖ ਉੱਜਲ ਕਰਨ ਵਾਸਤੇ, ਸਟੇਟ ਦੀ ਡਿਵੈਲਪਮੈਂਟ ਕਰਨ ਵਾਸਤੇ ਆਪਣੇ ਪੰਜਾਬੀਆਂ ਤੋਂ ਝੋਲੀ ਅੱਡ ਕੇ ਪੈਸੇ ਮੰਗ ਲਵਾਂਗੇ, ਪਰ ਇੱਥੇ ਥੀਨ ਡੈਮ ਜ਼ਰੂਰ ਬਣਾਵਾਂਗੇ। ਇਸ ਤਰ੍ਹਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਉਸ ਵੇਲੇ ਥੀਨ ਡੈਮ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ। ਉਸ ਤੋਂ ਬਾਅਦ ਸਰਕਾਰਾਂ ਆਉਂਦੀਆਂ ਰਹੀਆਂ ਪਰ ਕਿਸੇ ਨੇ ਨਾ ਪੁੱਛਿਆ ਅਤੇ ਥੀਨ ਡੈਮ ਵੱਲ ਕਿਸੇ ਨੇ ਧਿਆਨ ਨਹੀਂ ਕੀਤਾ। ਬਦਕਿਸਮਤੀ ਨਾਲ ਪੰਜਾਬ ਵਿੱਚ ਕਾਂਗਰਸ ਸਰਕਾਰ ਰਹੀ। ਉਨ੍ਹਾਂ ਨੇ ਵੀ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। 1985 ਵਿੱਚ ਅਕਾਲੀ ਦਲ ਦੀ ਸਰਕਾਰ ਫਿਰ ਆ ਗਈ ਅਤੇ ਇਨ੍ਹਾਂ ਨੇ ਥੀਨ ਡੈਮ ਦੀ ਉਸਾਰੀ ਫਿਰ ਸ਼ੁਰੂ ਕਰਵਾ ਦਿੱਤੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਸਾਹਿਬ ਪੰਜਾਬੀਆਂ ਦਾ ਜੀਵਨ ਪੱਧਰ ਉਪਰ ਚੁੱਕਣਾ ਚਾਹੁੰਦੇ ਹਨ। ਇਨ੍ਹਾਂ ਵਲੋਂ ਹੁਣ ਫਿਰ ਫੋਕਲ ਪੁਆਇੰਟ ਬਣਾਉਣ ਦੀ ਸਕੀਮ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਹਿਲਾਂ ਇਹ ਕਾਂਗਰਸ ਵਾਲਿਆਂ ਨੂੰ ਨਾ ਭਾਇਆ। ਇਸ ਲਈ ਕਾਂਗਰਸ ਸਰਕਾਰ ਨੇ ਫੋਕਲ ਪੁਆਇੰਟ ਬੰਦ ਕਰਵਾ ਦਿੱਤੇ। ਇਸ ਦੇ ਨਾਲ ਪਿੰਡਾਂ ਵਿੱਚ ਰਹਿੰਦੇ ਲੋਕਾਂ ਨੂੰ ਬਹੁਤ ਨੁਕਸਾਨ ਹੋਇਆ। ਇਨ੍ਹਾਂ ਨੇ ਅਕਾਲੀ ਸਰਕਾਰ ਟੁੱਟਣ ਤੋਂ ਬਾਅਦ ਇਹ ਫੋਕਲ ਪੁਆਇੰਟ ਵੀ ਬੰਦ ਕਰ

Original with;
Punjab Vidhan Sabha
Digitized by;
Panjab Digital Library

ਦਿੱਤੇ। ਇਸੇ ਤਰ੍ਹਾਂ ਹੀ ਬਾਦਲ ਸਾਹਿਬ ਦੇ ਸਮੇਂ ਵਿੱਚ ਹੀ ਲਿੰਕ ਸੜਕਾਂ ਪਿੰਡਾਂ ਵਿੱਚ ਸਭ ਤੋਂ ਪਹਿਲਾਂ ਸ਼ੁਰੂ ਕੀਤੀਆਂ ਗਈਆਂ ਸਨ ਅਤੇ ਨਾਲ ਨਾਲ ਸਮੁੱਚੇ ਪੰਜਾਬ ਵਿਚ ਸ਼ਾਂਤੀ ਬਣਾਈ ਰੱਖਣ ਲਈ ਵੀ ਉਨ੍ਹਾਂ ਪ੍ਰਣ ਕੀਤਾ। ਕਾਂਗਰਸ ਦੇ ਸਮੇਂ ਦੇ ਵਿੱਚ ਜਦੋਂ ਅੱਤਵਾਦ ਜ਼ੋਰਾਂ ਤੇ ਸੀ ਅਤੇ ਜਦੋਂ ਪ੍ਰਕਾਸ਼ ਸਿੰਘ ਬਾਦਲ ਜੀ ਇੱਥੇ ਹਾਜ਼ਰ ਨਹੀਂ ਸਨ ਹੁੰਦੇ ਤਾਂ ਕਾਂਗਰਸ ਵਾਲੇ ਕਹਿੰਦੇ ਹੁੰਦੇ ਸਨ ਕਿ ਅੱਤਵਾਦ ਅਕਾਲੀ ਦਲ ਨੇ ਲਿਆਂਦਾ ਹੈ ਪਰ ਸਮੇਂ ਸਮੇਂ ਤੇ ਅਸੀਂ ਕਹਿੰਦੇ ਹੁੰਦੇ ਸੀ ਕਿ ਇਹ ਅਕਾਲੀ ਦਲ ਨੇ ਨਹੀਂ ਸਗੋਂ ਕਾਂਗਰਸ ਦੇ ਵੇਲੇ ਆਇਆ ਹੈ। ਇਸ ਦੀ ਪੈਦਾਵਾਰ ਕਾਂਗਰਸ ਹੀ ਹੈ ਜਿਸ ਦਾ ਸਬੂਤ ** ** ਦੇ ਘਰੋਂ ਬੰਟੀ ਨਾਮ ਦਾ ਅੱਤਵਾਦੀ ਫੜਿਆ ਗਿਆ।

**ਸ੍ਰੀ ਸਪੀਕਰ :** ਜੋ ਵੀ ਮੈਂਬਰ ਇਸ ਹਾਊਸ ਦੇ ਵਿੱਚ ਹਾਜ਼ਰ ਨਹੀਂ ਹੈ, ਉਸ ਦਾ ਨਾਮ ਨਹੀਂ ਲੈਣਾ ਚਾਹੀਦਾ। ਇਹ ਐਕਸਪੰਜ ਕੀਤਾ ਜਾਂਦਾ ਹੈ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਉਨ੍ਹਾਂ ਨੂੰ ਪ੍ਰਧਾਨਗੀ ਦੇ ਪਦ ਤੋਂ ਇਸੇ ਕਰਕੇ ਹਟਾਇਆ ਗਿਆ ਸੀ। ਸੈਂਟਰ ਦੀ ਸਰਕਾਰ ਸਮਝ ਗਈ ਸੀ ਕਿ ਅੱਤਵਾਦ ਇਨ੍ਹਾਂ ਦੇ ਘਰੋਂ ਹੀ ਪੈਦਾ ਹੋਇਆ ਹੈ, ਤਾਂ ਹੀ ਉਨ੍ਹਾਂ ਨੂੰ ਪ੍ਰਧਾਨਗੀ ਦੇ ਪਦ ਤੋਂ ਹਟਾਇਆ ਗਿਆ ਸੀ। ਇਸੇ ਤਰ੍ਹਾਂ ਯੂਥ ਕਾਂਗਰਸ ਦੇ ਪ੍ਰਧਾਨ ਜਿਸ ਦਾ ਮੈਂ ਨਾਂ ਨਹੀਂ ਲੈਂਦਾ ਅਤੇ ਜਿਸ ਬਾਰੇ ਚੌਧਰੀ ਜਗਜੀਤ ਸਿੰਘ ਜਾਣਦੇ ਹਨ, ਦੇ ਘਰੋਂ ਵੀ ਅੱਤਵਾਦੀ ਪਕੜੇ ਗਏ ਅਤੇ ਉਨ੍ਹਾਂ ਨੂੰ ਸੈਂਟਰ ਦੀ ਸਰਕਾਰ ਨੇ ਅਹੁਦੇ ਤੋਂ ਹਟਾਇਆ। ਸੈਂਟਰ ਨੇ ਮਹਿਸੂਸ ਕੀਤਾ ਕਿ ਪੰਜਾਬ ਵਿੱਚ ਇਹੀ ਲੋਕ ਅੱਤਵਾਦ ਫੈਲਾਅ ਰਹੇ ਹਨ। ਸਪੀਕਰ ਸਾਹਿਬ, ਤੁਸੀਂ ਨਾਮ ਨਹੀਂ ਲੈਣ ਦਿੰਦੇ, ਪਿਛਲੇ ਸਮੇਂ ਦੇ ਵਿੱਚ ਮਾਸਟਰ ਜਾਗੀਰ ਸਿੰਘ ਅਤੇ ਬਿੱਟਾ ਇਕ ਦੂਸਰੇ ਨੂੰ ਕਹਿੰਦੇ ਰਹਿੰਦੇ ਸਨ ਕਿ ਅੱਤਵਾਦ ਤੁਸੀਂ ਫੈਲਾਇਆ।

**ਸ੍ਰੀ ਸਪੀਕਰ :** ਛੱਜਲਵੱਡੀ ਜੀ, ਤੁਸੀਂ ਜਿਹੜੇ ਮੈਂਬਰ ਇਥੇ ਹਾਜ਼ਰ ਨਹੀਂ ਹਨ ਉਨ੍ਹਾਂ ਦਾ ਨਾਮ ਨਾ ਲਵੋ। ਤੁਸੀਂ ਇਥੇ ਪਹਿਲਾਂ ਮੈਂਬਰ ਰਹਿ ਚੁੱਕੇ ਹੋ, ਤੁਸੀਂ ਕ੍ਰਿਪਾ ਕਰੋ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਬਾਦਲ ਸਾਹਿਬ ਨੇ ਪੰਜਾਬ ਦੇ ਹਿੱਤਾਂ ਲਈ, ਪੰਜਾਬ ਨੂੰ ਉਪਰ ਚੁੱਕਣ ਲਈ 16 ਸਾਲ ਕੈਦ ਕੱਟੀ। ਅੱਜ ਇਹ ਕਾਂਗਰਸ ਵਾਲੇ ਚੀਚੀ ਨੂੰ ਲਹੂ ਲਾ ਕੇ ਹਿੰਦੁਸਤਾਨ ਦੇ ਲਈ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤ ਅਖਵਾਉਂਦੇ ਹਨ। ਮਹਾਤਮਾ ਗਾਂਧੀ ਨੇ ਹਿੰਦੁਸਤਾਨ ਨੂੰ ਰਲ ਕੇ ਆਜ਼ਾਦ ਕਰਵਾਇਆ। ਇਸ ਆਜ਼ਾਦੀ ਦੀ ਜੰਗ ਵਿੱਚ ਸਾਰੀਆਂ ਪਾਰਟੀਆਂ ਦਾ ਸਮੁੱਚਾ ਹਿੱਸਾ ਸੀ, ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਨੇ ਬਹੁਤ ਵੱਡਾ ਹਿੱਸਾ ਪਾਇਆ ਸੀ। ਉਸ ਤੋਂ ਬਾਅਦ ਜੈਤੋ ਦਾ ਮੋਰਚਾ ਲੱਗਿਆ ਜਿਸ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਵੀ ਸ਼ਾਮਲ ਹੋਏ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਆਜ਼ਾਦੀ ਦੀ ਲੜਾਈ ਦਾ ਪਹਿਲਾ ਸਟੈੱਪ ਜਿੱਤ ਲਿਆ ਹੈ।

**ਸ੍ਰੀ ਸਪੀਕਰ** : ਕ੍ਰਿਪਾ ਕਰਕੇ ਖਤਮ ਕਰਨ ਦੀ ਕੋਸ਼ਿਸ਼ ਕਰੋ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਕਾਂਗਰਸ ਪਾਰਟੀ ਸਹੀ ਅਰਥਾਂ ਵਿੱਚ ਦੇਸ਼ ਦੀ ਅਗਵਾਈ ਨਹੀਂ ਕਰ ਸਕਦੀ। ਇਸ ਨੂੰ ਤੋੜ ਦੇਣਾ ਚਾਹੀਦਾ ਹੈ ਅਤੇ ਦੇਸ਼ ਦੇ ਸਾਰੇ ਲੋਕਾਂ ਨੂੰ ਮਿਲਾ ਕੇ ਇਕ ਨਵੀਂ ਪਾਰਟੀ ਬਣਾਉਣੀ ਚਾਹੀਦੀ ਹੈ ਪਰ ਉਸ ਦੀ ਕਿਸੇ ਨੇ ਨਾ ਸੁਣੀ ਅਤੇ ਬਾਅਦ ਵਿੱਚ ਉਸੇ ਨੂੰ ਹੀ ਖਤਮ ਕਰ ਦਿੱਤਾ ਗਿਆ।

**ਸ੍ਰੀ ਸਪੀਕਰ** : ਕਲੋਜ਼ ਕਰੋ, ਛੱਜਲਵੱਡੀ ਜੀ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ਸਪੀਕਰ ਸਾਹਿਬ, ਅੰਤ ਵਿੱਚ ਮੈਂ ਬਾਦਲ ਸਾਹਿਬ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਟਿਊਬਵੈਲਾਂ ਦੀ ਬਿਜਲੀ ਮਾਫ਼ ਕੀਤੀ ਹੈ। ਅੰਮ੍ਰਿਤਸਰ, ਮਾਝੇ ਦੇ ਕਿਸਾਨਾਂ ਕੋਲ 2-3 ਏਕੜ ਜ਼ਮੀਨ ਹੈ। ਉਹ ਬਿਜਲੀ ਦੇ ਬਿੱਲ ਉਤਾਰ ਨਹੀਂ ਸਕਦੇ ਸਨ ਜਿਸ ਕਰਕੇ ਉਨ੍ਹਾਂ ਦੀ ਕੇਬਲ ਕੱਟੀ ਜਾਂਦੀ ਸੀ। ਇਸ ਨਾਲ ਉਨ੍ਹਾਂ ਨੂੰ ਬੜੀ ਮੁਸ਼ਕਿਲ ਹੁੰਦੀ ਸੀ। ਉਹ ਕਰਜ਼ੇ ਲੈ ਕੇ ਆਪਣੇ ਬਿਲ ਉਤਾਰਦੇ ਸਨ। ਉਹ ਕਿਸਾਨ ਸਾਡੇ ਕੋਲ ਆਉਂਦੇ ਸਨ ਕਿ ਸਾਡੀ ਕੇਬਲ ਲਾਹ ਲਈ ਗਈ ਹੈ। ਅਸੀਂ ਬਿਜਲੀ ਵਾਲਿਆਂ ਨੂੰ ਪੁੱਛਦੇ ਸੀ ਕਿ ਤੁਸੀਂ ਇਨ੍ਹਾਂ ਦੀ ਕੇਬਲ ਕਿਉਂ ਲਾਹੀ ਹੈ, ਤਾਂ ਅੱਗੋਂ ਉਹ ਕਹਿੰਦੇ ਸਨ ਕਿ ਇਨ੍ਹਾਂ ਨੇ ਬਿਜਲੀ ਦਾ ਬਿੱਲ ਨਹੀਂ ਉਤਾਰਿਆ। ਇਹ ਕਿਸਾਨਾਂ ਦੀ ਮਜਬੂਰੀ ਸੀ। ਬਾਦਲ ਸਾਹਿਬ ਸਾਰੇ ਕਿਸਾਨਾਂ ਦੀ ਨੁਮਾਇੰਦਗੀ ਕਰਦੇ ਹਨ; ਇਹ ਉਨ੍ਹਾਂ ਦੇ ਦੁੱਖ ਨੂੰ ਸਮਝਦੇ ਸਨ।

**ਸ੍ਰੀ ਸਪੀਕਰ** : ਸਿਰਫ਼ ਇੱਕ ਮਿੰਟ ਹੋਰ ਲੈ ਲਓ। ਵਾਈਂਡ ਅੱਪ ਕਰੋ ਪਲੀਜ਼।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ਸਪੀਕਰ ਸਾਹਿਬ, ਚੌਧਰੀ ਜਗਜੀਤ ਸਿੰਘ ਸਮਾਜ ਭਲਾਈ ਦੇ ਮੰਤਰੀ ਰਹੇ ਹਨ। ਉਹ ਅਨੁਸੂਚਿਤ ਜਾਤੀਆਂ ਦੀ ਬਰਾਦਰੀ ਨਾਲ ਸਬੰਧਤ ਹਨ ਪਰ ਇਨ੍ਹਾਂ ਨੇ ਵੀ 5 ਸਾਲ ਕੁਝ ਨਹੀਂ ਕੀਤਾ। ਸਾਡੀ ਸ੍ਰੋਮਣੀ ਅਕਾਲੀ ਦਲ ਦੀ ਜਦੋਂ ਸਰਕਾਰ ਬਣੀ, ਸਾਨੂੰ ਮਾਣ ਹੈ ਕਿ ਸਭ ਤੋਂ ਪਹਿਲਾਂ ਸਾਡੀ ਅਕਾਲੀ ਸਰਕਾਰ ਨੇ, ਬਾਦਲ ਸਾਹਿਬ ਨੇ ਪੰਜਾਬ ਵਿੱਚ ਪਛੜੀਆਂ ਸ਼੍ਰੇਣੀਆਂ ਲਈ ਧਰਮਸ਼ਾਲਾਵਾਂ ਬਣਾਈਆਂ। ਇਸ ਦੇ ਨਾਲ ਨਾਲ ਪਛੱੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਵਜ਼ੀਫ਼ੇ ਡਬਲ ਕੀਤੇ। ਗਰੀਬ ਲੜਕੀਆਂ ਦੀ ਸ਼ਾਦੀ ਲਈ 5 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ। ਦੇਸ਼ ਵਿੱਚ, ਦੁਨੀਆਂ ਵਿੱਚ ਕੋਈ ਵੀ ਇਹੋ ਜਿਹੀ ਪਾਰਟੀ ਨਹੀਂ ਜਿਸ ਨੇ ਕਿ ਇਹੋ ਜਿਹਾ ਲੋਕਾਂ ਦੀ ਭਲਾਈ ਦਾ ਕੰਮ ਕੀਤਾ ਹੋਵੇ। ਪੰਜ ਹਜ਼ਾਰ ਰੁਪਿਆ ਗਰੀਬਾਂ ਵਾਸਤੇ ਬਹੁਤ ਵੱਡੀ ਗੱਲ ਹੈ। ਪਿੰਡਾਂ ਵਿੱਚ ਜਦੋਂ ਗਰੀਬ ਲੜਕੀਆਂ ਦੀ ਸ਼ਾਦੀ ਕਰਨੀ ਹੁੰਦੀ ਹੈ ਤਾਂ ਮਾਪਿਆਂ ਲਈ ਬੜੀ ਮੁਸ਼ਕਲ ਪੇਸ਼ ਆਉਂਦੀ ਹੈ।

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੂੰ ਸ਼ਾਦੀ ਕਰਨ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ । 12-12 ਪ੍ਰਤੀਸ਼ਤ ਵਿਆਜ ਤੇ ਉਹ ਕਰਜ਼ਾ ਲੈਂਦੇ ਹਨ ਜੋ ਕਿ 2-2 ਪੀੜੀਆਂ ਤੱਕ ਚਲਦਾ ਰਹਿੰਦਾ ਸੀ । ਇਸ ਐਲਾਨ ਨਾਲ ਅਸੀਂ ਬਾਦਲ ਸਾਹਿਬ ਦੇ ਬਹੁਤ ਧੰਨਵਾਦੀ ਹਾਂ ।

**ਸਰਦਾਰ ਮਹੇਸ਼ਇੰਦਰ ਸਿੰਘ** (ਲੁਧਿਆਣਾ ਪੱਛਮੀ) : ਸਪੀਕਰ ਸਾਹਿਬ, ਇਸ ਗਵਰਨਰਜ ਐਡਰੈੱਸ ਦੇ ਧੰਨਵਾਦ ਲਈ ਜੋ ਮਤਾ ਸਰਦਾਰ ਬਲਦੇਵ ਸਿੰਘ ਖਿਆਲਾ ਨੇ ਰੱਖਿਆ ਸੀ ਜਿਸ ਦੀ ਪ੍ਰੋੜ੍ਹਤਾ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਕੀਤੀ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ । ਜੋ ਅਮੈਂਡਮੈਂਟ ਸਾਨੂੰ ਸਰਕੂਲੇਟ ਕੀਤੀ ਗਈ ਅਤੇ ਅਰਜ਼ੀ ਜੀ ਵੱਲੋਂ ਜੋ ਪ੍ਰੋਪੋਜ਼ਲਾਂ ਸਨ, ਮੈਂ ਸਮਝਦਾ ਹਾਂ ਕਿ ਉਹ ਬਹੁਤ ਹੀ ਅਨ-ਨਸੈਸਰੀ ਹਨ । ਸਪੀਕਰ ਸਾਹਿਬ, ਗਵਰਨਰਜ਼ ਐਡਰੈੱਸ ਉਜੜੇ ਹੋਏ ਪੰਜਾਬ ਲਈ ਇੱਕ ਕਿਰਨ ਹੈ, ਇੱਕ ਆਸ ਹੈ । ਪਰ ਫਿਰ ਵੀ ਇਸ ਦੀ ਵਿਰੋਧਤਾ ਵਿਰੋਧੀ ਬੈਂਚਾਂ ਨੇ ਇਸ ਖਿਆਲ ਨਾਲ ਕੀਤੀ, ਕਿਉਂਕਿ ਹਨੇਰੀਆਂ ਰਾਤਾਂ ਵਿੱਚ ਰਹਿਣ ਵਾਲਿਆਂ ਨੂੰ ਦਿਨ ਦਾ ਚਾਨਣ ਅੱਛਾ ਨਹੀਂ ਲੱਗਿਆ । ਹਨੇਰੀ ਰਾਤ ਤੋਂ ਬਾਅਦ ਪ੍ਰਕਾਸ਼, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਰੂਪ ਵਿੱਚ ਹੋਇਆ ਹੈ । ਇਹ ਇਨ੍ਹਾਂ ਨੂੰ ਨਹੀਂ ਭਾਇਆ । ਇਹ ਸਰਕਾਰ ਪਿਛਲੇ 10 ਸਾਲਾਂ ਦੇ ਹਨੇਰੇ ਧੂੰਏਂ ਤੋਂ ਬਾਅਦ ਆਈ ਹੈ । ਗਵਰਨਰ ਸਾਹਿਬ ਦੇ ਐਡਰੈੱਸ ਅੰਦਰ ਜੋ ਪ੍ਰੋਗਰਾਮ ਰੱਖੇ ਗਏ ਹਨ, ਉਹ ਪੰਜਾਬ ਲਈ ਚਾਨਣ ਮੁਨਾਰਾ ਹਨ, ਇੱਕ ਆਸ ਹਨ । ਪੰਜਾਬ ਦੀ ਡੋਲਦੀ ਕਿਸ਼ਤੀ ਲਈ ਕਿਨਾਰਾ ਹਨ । ਇਸ ਦੇ ਮਲਾਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹਨ । ਕੱਲ੍ਹ ਮਿਸਿਜ਼ ਭੱਠਲ, ਲੀਡਰ ਆਫ ਦੀ ਆਪੋਜ਼ੀਸ਼ਨ ਨੇ ਆਪਣੇ ਭਾਸ਼ਣ ਵਿੱਚ ਜੋ ਗੱਲਾਂ ਕਹੀਆਂ ਹਨ, ਉਸ ਨਾਲ ਸਿਰਫ ਪ੍ਰੈਸ ਗੈਲਰੀ ਨੂੰ ਪਲੇਅ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਬੀਬੀ ਭੱਠਲ ਨੇ ਇਥੇ ਗੱਲਾਂ ਕਰਕੇ ਆਪਣੇ ਆਪ ਨੂੰ ਹਾਈਲਾਈਟ ਕਰਨ ਅਤੇ ਵਿਜ਼ਿਟਰਜ਼ ਗੈਲਰੀਜ਼ ਵਿਚ ਬੈਠੇ ਲੋਕਾਂ ਨੂੰ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ । ਪਰ ਉਨ੍ਹਾਂ ਦੀਆਂ ਗੱਲਾਂ ਦੇ ਵਿਚ ਕੋਈ ਸਚਾਈ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਨੇ ਪੰਜਾਬੀਆਂ ਦੇ ਭਲੇ ਲਈ ਕੋਈ ਗੱਲ ਕੀਤੀ । ਇਥੇ ਕਿਹਾ ਗਿਆ ਕਿ ਜਿੰਨੇ ਵੀ ਭਲਾਈ ਦੇ ਕੰਮ ਹੋਏ ਹਨ, ਉਹ ਕਾਂਗਰਸ ਪਾਰਟੀ ਦੇ ਰਾਜ ਵੇਲੇ ਹੋਏ ਸਨ ਅਤੇ ਅਕਾਲੀ ਪਾਰਟੀ ਦੀ ਸਰਕਾਰ ਨੇ ਕੁਝ ਨਹੀਂ ਕੀਤਾ । ਪਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪੰਜਾਬ ਦੇ ਹੱਕਾਂ ਲਈ ਜਦੋਂ ਵੀ ਲੜਾਈ ਲੜੀ, ਉਹ ਅਕਾਲੀ ਪਾਰਟੀ ਦੇ ਵਰਕਰਜ਼ ਨੇ ਲੜੀ । ਫੇਰ ਇਥੇ ਅੱਤਵਾਦ ਦੀ ਗੱਲ ਕੀਤੀ ਗਈ । ਇਸ ਬਾਰੇ ਮਾਰਕ ਤੁੱਲੀ ਜਿਹੜਾ ਬੀ.ਬੀ.ਸੀ. ਦਾ ਨੁਮਾਇੰਦਾ ਹੈ, ਨੇ "ਅੰਮ੍ਰਿਤਸਰ ਦੀ ਲਾਸਟ ਬੈਟਲ ਆਫ ਦਿ ਇੰਦਰਾ ਗਾਂਧੀ" ਬੁੱਕ ਦੇ ਵਿੱਚ ਅੱਤਵਾਦ ਬਾਰੇ ਇਸ਼ਾਰਾ ਦਿੱਤਾ ਸੀ ।

ਇਥੇ ਚੀਫ ਸੈਕਟਰੀ ਦੀ ਐਪੁਆਇੰਟਮੈਂਟ ਨੂੰ ਮੈਡਮ ਭੱਠਲ ਨੇ ਕ੍ਰਿਟੀਸਾਈਜ਼ ਕੀਤਾ ਜਦ ਕਿ ਇਨ੍ਹਾਂ ਨੂੰ ਪਤਾ ਹੈ ਕਿ ਇਹ ਚੀਫ ਮਨਿਸਟਰ ਸਾਹਿਬ ਦਾ ਪ੍ਰੈਰੋਗੇਟਿਵ ਹੁੰਦਾ ਹੈ ਕਿ ਉਹ ਜਿਸ ਨੂੰ ਚਾਹੇ ਚੀਫ ਸੈਕਟਰੀ ਲਗਾ ਸਕਦੇ ਹਨ ਅਤੇ ਸੀਨੀਅਰਜ਼ ਨੂੰ ਸੁਪਰਸੀਡ ਕਰਕੇ ਆਪਣੀ ਗੌਰਮਿੰਟ ਦੀ ਪਾਲਿਸੀਜ਼ ਨੂੰ ਲਾਗੂ ਕਰਵਾ ਸਕਦੇ ਹਨ । ਇਨ੍ਹਾਂ ਦੀ ਸਰਕਾਰ ਨੇ ਖੁਦ ਆਪਣੀ ਮਰਜ਼ੀ ਦਾ ਚੀਫ ਸੈਕਟਰੀ ਲਗਾਇਆ ਸੀ ਅਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਹੇਸ਼ਇੰਦਰ ਸਿੰਘ]

ਸੁਪਰਸੈਸ਼ਨ ਕੀਤੀ ਸੀ। ਫੇਰ ਇਥੇ ਡੀ.ਜੀ.ਪੀ. ਬਾਰੇ ਜ਼ਿਕਰ ਕੀਤਾ ਗਿਆ ਅਤੇ ਇਸ ਨੂੰ ਕਮਿਊਨਲ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਗਈ। ਮੈਂ ਇਥੇ ਅਪੀਲ ਕਰਦਾ ਹਾਂ ਕਿ ਸਰਵਿਸਿਜ਼ ਨੂੰ ਪਾਲੇਟਿਕਸ ਵਿਚ ਨਾ ਲਿਆਉ ਅਤੇ ਪੁਲੀਟੀਕਲ ਰੰਗਤ ਦੇਣ ਦੀ ਕੋਸ਼ਿਸ਼ ਨਾ ਕਰੋ। ਇਨ੍ਹਾਂ ਨੇ ਆਪਣੇ ਮਨੋਰਥ ਪੂਰੇ ਕਰਨ ਲਈ ਆਈ.ਪੀ. ਐਸ. ਕਾਡਰ ਦੇ ਵਿਚ ਵੀ ਸੁਪਰਸੈਸ਼ਨ ਕੀਤੀ ਸੀ। ਇਹ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਸਰਦਾਰ ਬੇਅੰਤ ਸਿੰਘ ਸਰਕਾਰ ਦੇ ਵਕਤ ਜਿੰਨੇ ਵੀ ਕੇਸਿਜ਼ ਦਾ ਫੈਸਲਾ ਹੁੰਦਾ ਸੀ, ਉਨ੍ਹਾਂ ਨੂੰ ਰੂਲਜ਼ ਦੀ ਉਲੰਘਣਾ ਦੇ ਕਾਰਣ ਹਾਈ ਕੋਰਟ ਦੇ ਵਿਚ ਚੈਲੰਜ ਕੀਤਾ ਜਾਂਦਾ ਸੀ ਅਤੇ ਹਾਈ ਕੋਰਟ ਵੱਲੋਂ ਇਨ੍ਹਾਂ ਫੈਸਲਿਆਂ ਨੂੰ ਸੇਟ-ਐਸਾਈਡ ਕੀਤਾ ਗਿਆ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿੰਨੇ ਵੀ ਫੈਸਲੇ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਵੇਲੇ ਕੀਤੇ ਗਏ, ਉਹ ਹਾਈ ਕੋਰਟ ਨੇ ਰੱਦ ਕਰ ਦਿੱਤੇ।

ਇਸੇ ਤਰ੍ਹਾਂ ਮੈਨੂੰ ਪਤਾ ਹੈ ਕਿ ਲੁਧਿਆਣੇ ਦੇ ਵਿਚ ਮੇਰੇ ਹਲਕੇ ਦੇ 6-7 ਬਿਜ਼ਨੈਸ-ਮੈਨ ਕੰਮ ਕਰਨ ਤੋਂ ਬਾਅਦ ਘਰ ਪਰਤ ਰਹੇ ਸਨ ਤਾਂ ਉਨ੍ਹਾਂ ਨੂੰ ਪੰਜਾਬ ਦੀ ਪੁਲਿਸ ਨੇ ਗੋਲੀਆਂ ਦਾ ਸ਼ਿਕਾਰ ਬਣਾਇਆ ਪਰ ਕਿਸੇ ਪੁਲਿਸ ਵਾਲੇ ਦੇ ਵਿਰੁੱਧ ਕੋਈ ਕੇਸ ਦਰਜ ਨਹੀਂ ਕੀਤਾ ਗਿਆ। ਉਸ ਸਰਕਾਰ ਨੇ ਲੋਕਾਂ ਦੇ ਦਰਦ ਨੂੰ ਨਹੀਂ ਵੇਖਿਆ ਅਤੇ ਨਾ ਹੀ ਲੋਕਾਂ ਦੇ ਨਾਲ ਜਿਹੜਾ ਪੁਲਿਸ ਨੇ ਧੱਕਾ ਕੀਤਾ, ਉਸ ਬਾਰੇ ਕੋਈ ਫੈਸਲਾ ਕੀਤਾ। ਕਿਸ ਤਰੀਕੇ ਨਾਲ ਸਰਦਾਰਨੀ ਰਾਜਿੰਦਰ ਕੌਰ ਭੱਠਲ, ਮੁੱਖ ਮੰਤਰੀ ਦੀ ਕੁਰਸੀ ਹਾਸਲ ਕਰਨ ਲਈ ਦਿੱਲੀ, ਪੰਜਾਬ ਭਵਨ ਦੇ ਵਿਚ ਏਅਰ ਕੰਡੀਸ਼ਨਡ ਕਮਰਿਆਂ ਦੇ ਵਿਚ ਕਈ-ਕਈ ਦਿਨ ਬੈਠੇ ਰਹੇ। ਉਸ ਸਮੇਂ ਪੰਜਾਬ ਦਾ ਕੋਈ ਕੰਮ ਨਹੀਂ ਹੋ ਰਿਹਾ ਸੀ ਅਤੇ ਨਾ ਹੀ ਪੰਜਾਬੀਆਂ ਦੇ ਦੁੱਖ-ਦਰਦ ਵੱਲ ਕੋਈ ਧਿਆਨ ਦਿੱਤਾ ਜਾ ਰਿਹਾ ਸੀ। ਇਨ੍ਹਾਂ ਨੇ ਸਿਰਫ ਆਪਣੇ ਮੁੱਖ ਮੰਤਰੀ ਨੂੰ ਕੁਰਸੀ ਤੋਂ ਲਾਹੁਣ ਦੀ ਖਾਤਿਰ ਦਿੱਲੀ, ਪੰਜਾਬ ਭਵਨ ਵਿਚ 53 ਦਿਨ ਲਗਾ ਦਿੱਤੇ ਅਤੇ ਡਿਪਟੀ ਚੀਫ ਮਨਿਸ਼ਟਰ ਦਾ ਅਹੁੱਦਾ ਹਾਸਲ ਕੀਤਾ। 2 ਮਹੀਨੇ ਬਾਅਦ ਇਨ੍ਹਾਂ ਨੇ ਸਾਰੇ ਡੈਮੋਕਰੇ-ਟਿਕ ਨਾਰਮਜ਼ ਨੂੰ ਤੋੜ ਕੇ ਮੁੱਖ ਮੰਤਰੀ ਦੀ ਕੁਰਸੀ ਲਈ ਫੇਰ ਲੜਾਈ ਛੇੜ ਦਿੱਤੀ। ਅੱਜ ਇਹ ਡੈਮੋਕਰੇਸੀ ਦੀ ਗੱਲ ਕਰਦੇ ਹਨ ਔਰ ਖੁਦ ਡੈਮੋਕਰੇਸੀ ਦੀਆਂ ਧੱਜੀਆਂ ਉਡਾਉਂਦੇ ਰਹੇ ਹਨ। ਪੰਜਾਬ ਦੇ ਵਿਚ ਸਾਡੀ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਵੀਰਾਂ ਨੂੰ ਪੰਜਾਬ ਦੇ ਹੱਕਾਂ ਦੀ ਖਾਤਿਰ ਲੜਾਈ ਲੜਨੀ ਪੈਂਦੀ ਸੀ ਅਤੇ ਅਕਾਲੀ ਪਾਰਟੀ ਦੇ ਵਰਕਰਜ਼ ਨੂੰ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਕੇਵਲ ਕਾਨਫਰੰਸ ਵੀ ਨਹੀਂ ਸੀ ਕਰਨ ਦਿੰਦੀ। ਮੈਨੂੰ ਯਾਦ ਹੈ ਕਿ ਲੁਧਿਆਣੇ ਵਿਚ ਆਲਮਗੀਰ ਵਿਖੇ ਸਰਦਾਰ ਗੁਰਚਰਨ ਸਿੰਘ ਟੌਹੜਾ ਸਾਹਿਬ ਨੇ ਅਕਾਲੀ ਕਾਨਫਰੰਸ ਕਰਨੀ ਸੀ ਪਰ ਉਸ ਦੀ ਇਜਾਜ਼ਤ ਇਸ ਕਾਂਗਰਸ ਪਾਰਟੀ ਦੀ ਸਰਕਾਰ ਨੇ ਨਹੀਂ ਸੀ ਦਿੱਤੀ ਅਤੇ ਕਿਸ ਤਰ੍ਹਾਂ ਸਾਡੇ ਨਾਲ ਬਦਸਲੂਕੀ ਕੀਤੀ ਜਾਂਦੀ ਸੀ। ਹੁਣ ਇਹ ਡੈਮੋਕਰੇਸੀ ਦੇ ਰਖਵਾਲੇ ਬਣੀ ਫਿਰਦੇ ਹਨ। ਇਥੇ ਗਵਰਨਰ ਸਾਹਿਬ ਦੇ ਐਡਰੈਸ ਦਾ ਜ਼ਿਕਰ ਕਰਦੇ ਹੋਏ ਲੀਡਰ ਆਫ ਆਪੋਜ਼ੀਸ਼ਨ ਨੇ ਕਿਹਾ ਹੈ ਕਿ ਅਕਾਲੀ ਪਾਰਟੀ ਨੇ ਵੱਧ ਅਧਿਕਾਰਾਂ ਦਾ ਜ਼ਿਕਰ ਕੀਤਾ ਹੈ ਕਿ ਇਹ ਵੱਧ ਅਧਿਕਾਰ ਸਟੇਟਾਂ ਨੂੰ ਸੈਂਟਰ ਦੀ ਸਰਕਾਰ ਤੋਂ ਮਿਲਣੇ ਚਾਹੀਦੇ ਹਨ ਪਰ ਨਾਲ ਹੀ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਕਹਿ ਦਿੱਤਾ ਕਿ ਇਹ ਵੱਧ ਅਧਿਕਾਰ ਲੋਕਾਂ ਨੂੰ ਥੱਲਿਉਂ ਮਿਲਣੇ ਚਾਹੀਦੇ ਹਨ, ਨਾ ਕਿ ਸੈਂਟਰ ਤੋਂ ਮਿਲਣੇ ਚਾਹੀਦੇ ਹਨ ਅਤੇ ਫਾਈਨੈਂਸ਼ੀਅਲ ਪਾਵਰਜ਼ ਵੱਧ ਮਿਲਣੀਆਂ ਚਾਹੀਦੀਆਂ ਹਨ ਜਦ ਕਿ ਪਿਛਲੀ ਸਰਕਾਰ ਦੇ ਵਿਚ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾ ਨੂੰ ਕੋਈ ਅਧਿਕਾਰ ਨਹੀਂ ਦਿੱਤੇ ਗਏ ਸਨ ਜਿਸ ਕਰਕੇ ਉਹ ਰਾਜ ਦੇ ਲਈ ਕੁਝ ਵੀ ਨਹੀਂ ਕਰ ਸਕੀਆਂ। ਕਾਂਗਰਸ ਦੇ ਰਾਜ ਸਮੇਂ ਸੈਂਟਰ ਵੱਲੋਂ ਪੰਜਾਬੀ ਸੂਬਾ ਨਹੀਂ ਬਣਨ ਦਿੱਤਾ ਜਾਂਦਾ ਸੀ ਅਤੇ ਕਿਹਾ ਜਾਂਦਾ ਸੀ ਕਿ ਪੰਜਾਬੀ ਬੋਲੀ ਦੇ ਆਧਾਰ ਤੇ ਸੂਬਾ ਨਹੀਂ ਬਣਾਇਆ ਜਾ ਸਕਦਾ ਜਦ ਕਿ ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ ਅਤੇ ਗੁਜਰਾਤ ਸੂਬੇ ਭਾਸ਼ਾ ਦੇ ਆਧਾਰ ਤੇ ਕਾਇਮ ਕੀਤੇ ਗਏ ਸਨ ਪਰ ਸਾਨੂੰ ਇਸ ਦੇ ਲਈ ਵੀ ਕੇਂਦਰ ਸਰਕਾਰ ਨਾਲ ਜਦੋਜਹਿਦ ਕਰਨੀ ਪਈ ਅਤੇ ਬੋਲੀ ਦੇ ਆਧਾਰ ਤੇ ਪੰਜਾਬੀ ਸੂਬਾ ਕਾਇਮ ਕੀਤਾ ਗਿਆ। ਹਾਲੇ ਵੀ ਸਾਡੇ ਕਈ ਪੰਜਾਬੀ ਬੋਲਦੇ ਇਲਾਕੇ ਬਾਹਰ ਰਹਿ ਗਏ ਹਨ ਜਿਨ੍ਹਾਂ ਉਤੇ ਪੰਜਾਬ ਦਾ ਹੱਕ ਹੈ। ਸਾਨੂੰ ਆਪਣੀਆਂ ਮੰਗਾਂ ਦੀ ਖਾਤਿਰ ਕੇਂਦਰ ਨਾਲ ਲੜਾਈ ਲੜਨੀ ਪੈਂਦੀ ਰਹੀ ਜਦ ਕਿ ਸੈਂਟਰ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਜਿਸ ਦਾ ਹੱਕ ਬਣਦਾ ਹੈ, ਉਸ ਨੂੰ ਦਿੱਤਾ ਜਾਵੇ ਅਤੇ ਇਨਸਾਫ਼ ਕੀਤਾ ਜਾਵੇ ਪਰ ਪੰਜਾਬ ਦੇ ਨਾਲ ਸੈਂਟਰਲ ਗੌਰਮਿੰਟ ਨੇ ਹਮੇਸ਼ਾਂ ਧੱਕਾ ਕੀਤਾ ਹੈ ਅਤੇ ਬੇਇਨਸਾਫ਼ੀ ਕਰਦੀ ਰਹੀ ਹੈ। ਮਿਸਿਜ਼ ਭੱਠਲ ਨੇ ਇਥੇ ਕਮਿਸ਼ਨ ਬਾਰੇ ਜ਼ਿਕਰ ਕੀਤਾ ਹੈ ਜਿਸ ਕੋਲ ਸਾਨੂੰ ਮੰਗ ਕਰਨੀ ਚਾਹੀਦੀ ਹੈ। ਸਪੀਕਰ ਸਾਹਿਬ, ਆਪਣੇ ਹੱਕ ਲੈਣ ਵਾਸਤੇ ਸਾਨੂੰ ਲੜਨਾ ਪਿਆ ਜਦੋਂ ਕਿ ਸਾਡੇ ਹੱਕ ਸਾਨੂੰ ਆਪਣੇ ਆਪ ਮਿਲਣੇ ਚਾਹੀਦੇ ਸਨ। ਡਾਕਟਰ ਹਰਬੰਸ ਲਾਲ ਜੀ ਨੇ ਬੋਲਦੇ ਹੋਏ ਕਿਹਾ ਸੀ ਕਿ ਚੰਡੀਗੜ੍ਹ, ਪੰਜਾਬ ਨੂੰ ਦੇਣ ਤੋਂ ਪਹਿਲਾਂ ਰਿਫਰੈਂਡਮ ਕਰਾਉਣਾ ਚਾਹੀਦਾ ਹੈ। ਸਪੀਕਰ ਸਾਹਿਬ, ਕੀ ਇਹ ਜੰਮੂ ਕਸ਼ਮੀਰ ਅਤੇ ਨਾਰਥ ਈਸਟ ਸਟੇਟਾਂ ਬਾਰੇ ਕੁਝ ਕਹਿਣਗੇ ? ਇਹ ਨਹੀਂ ਕਹਿਣਗੇ। ਇਨ੍ਹਾਂ ਦਾ ਉਹ ਕੰਮ ਹੈ ਕਿ ਕਹਿਣਾ ਕੁਝ ਅਤੇ ਕਰਨਾ ਕੁਝ। ਇਨ੍ਹਾਂ ਦੀਆਂ ਡਿਸਔਨੈਸਟ ਇਨਟੈਨਸ਼ਨਜ਼ ਹਨ। ਇਹ ਪੰਜਾਬ ਦੇ ਭਲੇ ਦੀਆਂ ਗੱਲਾਂ ਨਹੀਂ ਕਰਦੇ। ਅੱਜ ਪੰਜਾਬ ਵਿਚ ਟਰਾਂਸਪੇਰੈਂਟ ਸਰਕਾਰ ਆਈ ਹੈ ਅਤੇ ਸਾਨੂੰ ਟਰਾਂਸਪੇਰੈਂਟ ਲੀਡਰ ਮਿਲਿਆ ਹੈ। ਅੱਜ ਇਸੇ ਕਰਕੇ ਸਾਹਮਣੇ ਬੈਠੇ ਭਰਾਵਾਂ ਨੂੰ ਘਬਰਾਹਟ ਹੋ ਗਈ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਪਿਛਲੀ ਸਰਕਾਰ ਦੇ ਮੰਤਰੀਆਂ ਅਤੇ ਐਮ. ਐਲ. ਏਜ਼. ਦੀਆਂ ਜਾਇਦਾਦਾਂ ਦੀ ਘੋਖ ਕਰਾਈ ਜਾਵੇ। ਕਿਉਂਕਿ ਸਾਈਕਲਾਂ ਤੇ ਜਾਣ ਵਾਲੇ ਐਮ. ਐਲ. ਏ., ਮੰਤਰੀ ਅੱਜ ਫਲੀਟ ਆਫ ਕਾਰਜ਼ ਵਿਚ ਘੁੰਮਦੇ ਹਨ। (ਥੰਪਿੰਗ) ਇਸ ਗੱਲ ਦੀ ਇਨਕੁਆਰੀ ਕਰਾਉਣੀ ਚਾਹੀਦੀ ਹੈ ਤਾਂ ਕਿ ਲੋਕਾਂ ਦੇ ਸਾਹਮਣੇ ਅਸਲੀਅਤ ਆ ਜਾਵੇ। ਸਪੀਕਰ ਸਾਹਿਬ ਮੈਂ ਤਾਂ ਇਹ ਸੋਚਦਾ ਹਾਂ ਕਿ ਲੋਕਾਂ ਦੀ ਸੇਵਾ ਲਈ ਕੁਝ ਗਵਾਉਣਾ ਪੈਂਦਾ ਹੈ ਪਰ ਕਾਂਗਰਸੀਆਂ ਨੇ ਤਾਂ ਪੰਜਾਬ ਦੇ ਲੋਕਾਂ ਦੀ ਸੇਵਾ ਕਰਕੇ ਕਮਾਇਆ ਹੈ।

ਮੈਂ ਵਕੀਲ ਹੋਣ ਦੇ ਨਾਤੇ ਲੀਡਰ ਆਫ ਦੀ ਹਾਊਸ ਨੂੰ ਇਕ ਦੋ ਗੱਲਾਂ ਬਾਰੇ ਬੇਨਤੀ ਕਰਨਾ ਚਾਹੁੰਦਾ ਹਾਂ। ਮੇਰਾ ਇਲਾਕਾ ਲੁਧਿਆਣਾ ਵੈਸਟ ਹੈ। ਮੇਰੇ ਇਲਾਕੇ ਵਿਚ ਗਰੀਬੀ ਬਹੁਤ ਹੈ। ਅੱਜ ਤੋਂ 20 ਸਾਲ ਪਹਿਲਾਂ ਉਥੇ ਕੁੱਲ 17 ਝੁੱਗੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਹੇਸ਼ਇੰਦਰ ਸਿੰਘ]

ਹੁੰਦੀਆਂ ਸਨ ਪਰ ਅੱਜ ਉਥੇ ਗਰੀਬਾਂ ਦੀਆਂ 2000 ਝੁੱਗੀਆਂ ਹੋ ਗਈਆਂ ਹਨ । ਉਨ੍ਹਾਂ ਗਰੀਬ ਝੁੱਗੀਆਂ ਵਾਲਿਆਂ ਨੂੰ ਰਹਿਣ ਲਈ ਅਸਥਾਨ ਦਿੱਤਾ ਜਾਵੇ । ਇਸ ਤਰ੍ਹਾਂ ਕਰਨ ਨਾਲ ਸ਼ਹਿਰ ਦੀ ਸੁੰਦਰਤਾ ਵੀ ਵਧੇਗੀ ਅਤੇ ਗਰੀਬਾਂ ਨੂੰ ਰਹਿਣ ਲਈ ਅਸਥਾਨ ਵੀ ਮਿਲ ਜਾਵੇਗਾ । ਸਪੀਕਰ ਸਾਹਿਬ, ਵਕੀਲ ਸੁਸਾਇਟੀ ਦੀ ਕਰੀਮ ਹੁੰਦੇ ਹਨ ਅਤੇ ਜਸਟਿਸ ਲਈ ਲੜਦੇ ਹਨ । ਉਨ੍ਹਾਂ ਲਈ ਬਾਰ ਕੰਪਲੈਕਸ ਬਣਾਉਣ ਲਈ ਪਿਛਲੀ ਸਰਕਾਰ ਨੇ ਤਿੰਨ ਸਾਲ ਪਹਿਲਾਂ ਨੀਂਹ ਪੱਥਰ ਰੱਖੇ ਸਨ ਪਰ ਬਿਲਡਿੰਗਾਂ ਨਹੀਂ ਬਣੀਆਂ । ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਉਨ੍ਹਾਂ ਬਿਲਡਿੰਗਾਂ ਨੂੰ ਬਣਾ ਕੇ ਦੇਣ । ਮੈਂ ਸਪੀਕਰ ਸਾਹਿਬ, ਤੁਹਾਡੀ ਅੱਖ ਨੂੰ ਸਮਝਦਾ ਹਾਂ ਅਤੇ ਇਤਨਾ ਕੁਝ ਕਹਿੰਦਾ ਹੋਇਆ ਹੋਰ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਬੈਠਦਾ ਹਾਂ । ਧੰਨਵਾਦ ।

**ਸਰਦਾਰ ਬਲਵੰਤ ਸਿੰਘ** (ਅਮਲੋਹ, ਐਸ. ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਸਮਾਂ ਦਿੱਤਾ ਹੈ । ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਨੇ ਪੰਜਾਬ ਦੇ ਅੰਦਰ ਅਕਾਲੀ, ਬੀ. ਜੇ. ਪੀ. ਸਰਕਾਰ ਦੇ ਆਉਣ ਨਾਲ ਬੜੇ ਲੰਮੇ ਸਮੇਂ ਤੋਂ ਪੀੜ ਅਤੇ ਦਰਦ ਤੋਂ ਛੁਟਕਾਰਾ ਪਾਇਆ ਹੈ । ਕੱਲ੍ਹ ਇਥੇ ਸਦਨ ਵਿਚ ਮੇਰੀ ਭੈਣ ਬੀਬੀ ਭੱਠਲ ਬੋਲੇ ਸਨ । ਉਨ੍ਹਾਂ ਨੇ ਕਿਹਾ ਸੀ ਕਿ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕੋਈ ਵੀ ਨਵੀਂ ਗੱਲ ਨਹੀਂ ਹੈ । ਜੇਕਰ ਆਪਾਂ ਗਹੁ ਨਾਲ ਗਵਰਨਰ ਸਾਹਿਬ ਦਾ ਭਾਸ਼ਣ ਪੜ੍ਹੀਏ ਤਾਂ ਇਹ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ ਕਿ ਪੰਜਾਬ ਦੇ ਲੋਕਾਂ ਵਾਸਤੇ ਪਹਿਲੀ ਵਾਰ ਗਰਾਸ ਰੂਟਸ ਤੱਕ ਲੋਕਾਂ ਨੂੰ ਫਾਇਦਾ ਪਹੁੰਚਾਉਣ ਦੀਆਂ ਗੱਲਾਂ ਇਸ ਵਿਚ ਦਰਜ ਹਨ । ਪੰਜਾਬ ਦੇ ਲੋਕਾਂ ਦੇ ਦੁੱਖ ਦਰਦ ਜੋ ਸਨ, ਉਨ੍ਹਾਂ ਦਾ ਜ਼ਿਕਰ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕੀਤਾ ਗਿਆ ਹੈ । ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਗਵਰਨਰ ਸਾਹਿਬ ਦਾ ਭਾਸ਼ਣ ਇਕ ਅੰਮ੍ਰਿਤਧਾਰਾ ਵਜੋਂ ਕੰਮ ਕਰੇਗਾ । ਪੰਜਾਬ ਸਰਕਾਰ ਅੱਜ ਪੰਜਾਬ ਦੇ ਗਰੀਬ, ਦਲਿਤ ਲੋਕਾਂ ਵਾਸਤੇ ਕੰਮ ਕਰ ਰਹੀ ਹੈ । ਪਿਛਲੇ 50 ਸਾਲਾਂ ਤੋਂ ਕਾਂਗਰਸ ਸਰਕਾਰ ਨੇ ਗਰੀਬ ਲੋਕਾਂ ਵਾਸਤੇ ਕੁਝ ਨਹੀਂ ਕੀਤਾ । ਅੱਜ ਪੰਜਾਬ ਦਾ ਕਿਸਾਨ ਖੁਸ਼ ਹੈ ਕਿਉਂਕਿ ਸਾਡੀ ਸਰਕਾਰ ਨੇ ਹਰ ਪੱਖ ਤੋਂ ਉਨ੍ਹਾਂ ਦੀ ਮਦਦ ਕੀਤੀ ਹੈ । ਪੰਜਾਬ ਦਾ ਮਜ਼ਦੂਰ ਜੋ ਦਸਾਂ ਨੌਹਾਂ ਦੀ ਕਿਰਤ ਕਰਦਾ ਹੈ ਅਤੇ ਹੋਰ ਗਰੀਬ ਲੋਕ ਜੋ ਸਖਤ ਮਿਹਨਤ ਕਰਦੇ ਹਨ, ਉਹ ਸਰਦਾਰ ਬਾਦਲ ਦੀ ਸਰਕਾਰ ਤੋਂ ਇਹ ਮਹਿਸੂਸ ਕਰਦੇ ਹਨ ਕਿ ਸਾਨੂੰ ਬੜੇ ਲੰਬੇ ਸਮੇਂ ਤੋਂ ਬਾਅਦ ਜੋ ਜ਼ੁਲਮ ਅਤੇ ਜਬਰ ਦਾ ਰਾਜ ਸੀ, ਜੋ ਭ੍ਰਿਸ਼ਟ ਸਿਆਸਤਦਾਨਾਂ ਔਰ ਭ੍ਰਿਸ਼ਟ ਅਫਸਰਸ਼ਾਹੀ ਦਾ ਤਾਂਡਵ ਨਾਚ ਸੀ, ਉਸ ਤੋਂ ਛੁਟਕਾਰਾ ਮਿਲਿਆ ਹੈ ਕਿਉਂਕਿ ਅੱਜ ਪੰਜਾਬ ਅੰਦਰ ਜਿਸ ਤਰ੍ਹਾਂ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਦਰਸਾਇਆ ਹੈ, ਸਰਕਾਰ ਨੇ ਸਰਵਪੱਖੀ ਵਿਕਾਸ ਦੀ ਗੱਲ ਕੀਤੀ ਹੈ । ਉਹ ਸਰਵਪੱਖੀ ਵਿਕਾਸ ਜਿਸ ਵਿਚ ਬੜੇ ਲੰਮੇ ਸਮੇਂ ਤੋਂ ਖੜੋਤ ਆਈ ਹੋਈ ਸੀ । ਉਹ ਭ੍ਰਿਸ਼ਟ ਲੋਕ ਜੋ ਹਨ, ਭਾਵੇਂ ਉਹ ਅਫਸਰ ਹਨ, ਅੱਜ ਉਨ੍ਹਾਂ ਦੇ ਚਿਹਰੇ ਤੇ ਪਸੀਨਾ ਹੈ । ਜੋ ਉਨ੍ਹਾਂ ਦੇ ਮਨਾਂ ਵਿਚ ਕਪਟ ਹੈ, ਮਨਾਂ

Original with;
Punjab Vidhan Sabha
Digitized by;
Panjab Digital Library

ਵਿਚ ਭਰਮ ਹਨ, ਹੇਰਾਫੇਰੀਆਂ ਹਨ, ਉਹ ਪਬਲਿਕ ਨੂੰ ਅੱਜ ਆਪਣੇ ਆਪ ਪ੍ਰਤੱਖ ਦਿਖਾਈ ਦੇ ਰਹੀਆਂ ਹਨ । ਸੋ, ਸਪੀਕਰ ਸਾਹਿਬ, ਸਰਦਾਰ ਬਾਦਲ ਨੇ ਪੰਜਾਬ ਦੇ ਲੋਕਾਂ ਦੀ ਅਗਵਾਈ ਜੋ ਬੀਤੇ ਸਮੇਂ ਵਿਚ 2 ਵਾਰੀ ਕੀਤੀ ਹੈ, ਉਸ ਨੂੰ ਸਮੁੱਚੇ ਪੰਜਾਬੀ ਜਾਣਦੇ ਹਨ । ਅੱਜ ਫਿਰ ਪੰਜਾਬ ਵਿਚ ਆਪਣੀ ਭਾਈਚਾਰਕ ਸਾਂਝ, ਸਭਿਆਚਾਰਕ ਸਾਝ ਪੈਦਾ ਹੋਈ ਹੈ । ਸਾਡੇ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸਰਦਾਰ ਬਾਦਲ, ਸਿੱਖ ਜਗਤ ਦੀ ਅਜ਼ੀਮ ਸ਼ਖਸੀਅਤ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ, ਬੀ.ਜੇ.ਪੀ. ਦੇ ਅਟਲ ਬਿਹਾਰੀ ਵਾਜਪਾਈ ਅਤੇ ਐਲ. ਕੇ. ਅਡਵਾਨੀ ਜੀ ਨੇ ਅੱਜ ਹਿੰਦੁਸਤਾਨ ਦੇ ਅੰਦਰ ਹੀ ਨਹੀਂ ਸਗੋਂ ਸੰਸਾਰ ਦੇ ਲੋਕਾਂ ਨੂੰ ਦੱਸ ਦਿੱਤਾ ਹੈ ਕਿ ਹਿੰਦੁਸਤਾਨ ਦੇ ਅੰਦਰ ਔਰ ਪੰਜਾਬ ਦੇ ਅੰਦਰ ਜੋ ਕਲੀਨ ਰਾਜ ਦਾ ਸੁਪਨਾ ਗਵਰਨਰ ਸਾਹਿਬ ਨੇ ਭਾਸ਼ਣ ਵਿਚ ਦਿੱਤਾ ਹੈ, ਉਸ ਦੀ ਇੰਨ ਬਿੰਨ ਹਰ ਤਰ੍ਹਾਂ ਨਾਲ ਪਾਲਣਾ ਹੋਵੇਗੀ ।

ਸਪੀਕਰ ਸਾਹਿਬ, ਸਾਡੇ ਪੰਜਾਬ ਵਿਚ ਕੁਝ ਅਜਿਹੇ ਡਿਪਾਰਟਮੈਂਟ ਹਨ ਜਿਨ੍ਹਾਂ ਦਾ ਗਰੀਬ ਲੋਕਾਂ ਨਾਲ ਸਬੰਧ ਹੈ । ਉਸ ਵਿਚ ਸਮਾਜ ਭਲਾਈ ਵਿਭਾਗ, ਭਲਾਈ ਵਿਭਾਗ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਨਾਲ ਸਬੰਧਤ ਜੋ ਫਾਈਨਾਂਸ ਕਾਰਪੋਰੇਸ਼ਨ ਬੈਂਕਫਿਨਕੋ ਹੈ, ਸ਼ਾਮਲ ਹਨ । ਅਸੀਂ ਪੈਨਸ਼ਨਾਂ ਜੋ 60 ਸਾਲ ਦੀ ਬਜ਼ੁਰਗ ਮਾਤਾ ਅਤੇ 65 ਸਾਲ ਦੇ ਬਜ਼ੁਰਗ ਪਿਤਾ ਨੂੰ ਦੇਣੀਆਂ ਹਨ, ਵੱਡੀ ਮਾਤਰਾ ਵਿਚ ਉਨ੍ਹਾਂ ਦੇ ਫ਼ਾਰਮ ਜ਼ਿਲ੍ਹਾ ਪੱਧਰ ਤੇ ਜਮ੍ਹਾਂ ਹੋਏ ਪਏ ਹਨ ਲੇਕਿਨ ਵਿਭਾਗ ਵਿਚ ਸਟਾਫ ਦੀ ਘਾਟ ਹੈ ਔਰ ਜੋ ਜ਼ਿੰਮੇਂਵਾਰ ਅਫ਼ਸਰ ਹਨ ਜ਼ਿਲ੍ਹਿਆਂ ਦੇ, ਉਨ੍ਹਾਂ ਕੋਲ ਕੋਈ ਸਾਧਨ ਨਹੀਂ ਹੈ, ਨਾ ਕੋਈ ਵਹੀਕਲ ਹੈ ਅਤੇ ਇਹ ਬਹੁਤ ਹੀ ਔਖਾ ਕੰਮ ਹੈ । ਮੈਂ, ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮਹਿਕਮੇ ਨੂੰ ਪੂਰੀ ਤਰ੍ਹਾਂ ਨਾਲ ਲੈੱਸ ਕਰਕੇ ਲੋਕਾਂ ਵਿਚ ਭੇਜਿਆ ਜਾਵੇ । ਉਸੇ ਤਰ੍ਹਾਂ ਡਿਵੈਲਪਮੈਂਟ ਨਾਲ ਸਬੰਧਤ ਜੋ ਦੂਜੇ ਡਿਪਾਰਟਮੈਂਟ ਹਨ, ਉਨ੍ਹਾਂ ਦੇ ਅਫਸਰਾਂ ਨੂੰ ਇਕ ਗੱਲ ਤੇ ਜ਼ੋਰ ਦੇਣ ਲਈ ਕਿਹਾ ਜਾਵੇ ਕਿ ਸਮੁੱਚੇ ਪੰਜਾਬ ਅੰਦਰ ਸਾਰੇ ਹੀ ਵਿਭਾਗਾਂ ਦੇ ਮੁਖੀ ਆਪਣੇ ਹੇਠਲੇ ਪੱਧਰ ਦੇ ਸਾਰੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਜੋ ਪੁਰਾਣੇ ਪ੍ਰੋਗਰਾਮ ਰੱਦ ਹੋਏ ਹੋਏ ਹਨ ਔਰ ਜਿਹੜੇ ਪ੍ਰੋਗਰਾਮ ਲੋਕਾਂ ਨੇ ਮੁਕੰਮਲ ਤੌਰ ਤੇ ਰੱਦ ਕੀਤੇ ਹਨ, ਉਨ੍ਹਾਂ ਦੀ ਬਜਾਏ ਨਵੇਂ ਸਿਰੇ ਤੋਂ ਆਰਥਿਕ ਮਾਹਿਰਾਂ ਨਾਲ ਸਲਾਹ ਕਰਕੇ ਪੰਜਾਬ ਨੂੰ ਤਰੱਕੀ ਵੱਲ ਲਿਜਾਇਆ ਜਾਵੇ ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੇਰੇ ਆਪਣੇ ਹਲਕੇ ਵਿਚ ਇਕ ਬਹੁਤ ਵੱਡਾ ਜੋ ਸਫੈਦ ਹਾਥੀ ਹੈ, ਜਲਖੇੜੀ ਤਾਪ ਬਿਜਲੀ ਘਰ, ਜਿਸ ਤੇ ਕਿ ਲਗਭਗ 50 ਕਰੋੜ ਰੁਪਿਆ ਖਰਚ ਹੋਇਆ ਹੈ, ਉਹ ਪਿਛਲੇ 4 ਸਾਲਾਂ ਤੋਂ ਬੰਦ ਪਿਆ ਹੈ । ਸੋ, ਪੰਜਾਬ ਬਿਜਲੀ ਬੋਰਡ ਨੂੰ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਕੋਈ ਅਜਿਹੀ ਡਾਇਰੈਕਸ਼ਨ ਦੇਣ ਕਿ ਉਹ ਮੁੜ ਕੇ ਚਾਲੂ ਕੀਤਾ ਜਾਵੇ ਤਾਂ ਕਿ ਇਲਾਕੇ ਦੇ ਲੋਕਾਂ ਨੂੰ, ਬੇਰੁਜ਼ਗਾਰ ਨੌਜਵਾਨਾਂ ਨੂੰ ਉਥੇ ਰੁਜ਼ਗਾਰ ਮਿਲ ਸਕੇ ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸਰਹੰਦ ਵਿਚ ਜੋ ਰੇਲਵੇ ਦਾ ਪੁਲ ਹੈ, ਉਥੇ ਬਹੁਤ ਜ਼ਿਆਦਾ ਟ੍ਰੈਫਿਕ ਜਾਮ੍ਹ ਰਹਿੰਦੀ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਉਥੇ ਵੱਡਾ ਪੁਲ ਬਣਾਉਣ ਲਈ ਬਹੁਤ ਵੱਡਾ ਸਰਮਾਇਆ ਖਰਚ ਹੋਣਾ ਹੈ। ਉਸ ਜਗ੍ਹਾ ਤੇ ਚਾਰ ਬਾਈ ਪਾਸ ਪੈਂਦੇ ਹਨ। ਮੇਰੀ ਬੇਨਤੀ ਹੈ ਕਿ ਇਨ੍ਹਾਂ ਵਿਚੋਂ ਕਿਸੇ ਦੋਹਾਂ ਤੇ ਦੋਮੰਜ਼ੀਆ ਪੁਲ ਬਣਾਇਆ ਜਾਵੇ ਜਿਸ ਤਰ੍ਹਾਂ ਕਿ ਲੁਧਿਆਣੇ ਬਣਾਇਆ ਹੈ ਜਿਸ ਦੀ ਲਾਗਤ ਵੀ 35-40 ਲੱਖ ਆਉਣੀ ਹੈ। ਇਸ ਤਰ੍ਹਾਂ ਦਾ ਦਮੰਜ਼ੀਆ ਪੁਲ ਡਿਪਾਰਟਮੈਂਟ ਦੀ ਮਨਜ਼ੂਰੀ ਲੈ ਕੇ ਜ਼ਰੂਰ ਬਣਾਇਆ ਜਾਵੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਗਵਰਨਰ ਸਾਹਿਬ ਦੇ ਭਾਸ਼ਣ ਦੀ ਪੁਰਜ਼ੋਰ ਸ਼ਬਦਾਂ ਦੇ ਨਾਲ ਪ੍ਰੋੜ੍ਹਤਾ ਕਰਦਾ ਹਾਂ।

**ਚੌਧਰੀ ਸਵਰਨਾ ਰਾਮ** (ਫਗਵਾੜਾ, ਐਸ.ਸੀ.) : ਸਤਿਕਾਰਯੋਗ ਸਪੀਕਰ ਸਾਹਿਬ, ਅੱਜ ਮੈਂ ਗਵਰਨਰ ਸਾਹਿਬ ਦੇ ਐਡਰੈਸ ਤੇ ਪੇਸ਼ ਕੀਤੇ ਧੰਨਵਾਦ ਦੇ ਮਤੇ ਦੇ ਹੱਕ ਵਿਚ ਬੋਲਣ ਲਈ ਖੜ੍ਹਾ ਹੋਇਆ ਹਾਂ। ਅੱਜ ਦੇ ਹਾਲਾਤ ਨੂੰ ਸਮਝਣ ਲਈ ਬੜਾ ਜ਼ਰੂਰੀ ਹੈ ਕਿ ਪਿਛਲੇ 3 ਦਹਾਕਿਆਂ ਦੀ ਸਾਰੀ ਸਥਿਤੀ ਨੂੰ ਜਾਣਿਆ ਜਾਵੇ ਪਰ ਕਿਉਂਕਿ ਟਾਈਮ ਦੀ ਬੜੀ ਪਾਬੰਦੀ ਹੈ, ਇਸ ਲਈ ਮੈਂ ਕੁਝ ਕੁ ਗੱਲਾਂ ਹੀ ਸਦਨ ਦੇ ਧਿਆਨ ਵਿਚ ਲਿਆਵਾਂਗਾ। ਇਥੇ ਆਤੰਕਵਾਦ ਦੀ ਗੱਲ ਹੋਈ ਹੈ। ਆਤੰਕਵਾਦੀ ਕੌਣ ਸਨ ਅਤੇ ਇਸ ਆਤੰਕਵਾਦ ਨੂੰ ਲਿਆਉਣ ਵਾਲੇ ਕੌਣ ਸਨ, ਇਹ ਸਾਰੀ ਸਥਿਤੀ ਅੱਜ ਲੋਕਾਂ ਦੇ ਸਾਹਮਣੇ ਹੈ। ਇਸ ਸਬੰਧ ਵਿਚ ਮੈਂ ਇਕੋ ਹੀ ਗੱਲ ਤੁਹਾਡੇ ਸਾਹਮਣੇ ਰੱਖਣੀ ਚਾਹੁੰਦਾ ਹਾਂ। ਇਕ ਫਿਰੋਜ਼ਪੁਰ ਹਲਕਾ ਹੈ। ਉਸ ਹਲਕੇ ਦਾ ਜਿਹੜਾ ਵਿਧਾਇਕ ਸੀ, ਉਹ ਉਸ ਬੰਦੇ ਨਾਲ ਮਿਲਿਆ ਹੋਇਆ ਸੀ ਜਿਹੜਾ ਕਿ ਸੱਮਗਲਰ ਸੀ ਅਤੇ ਫਾਜ਼ਿਲਕਾ ਦਾ ਰਹਿਣ ਵਾਲਾ ਸੀ। ਉਸ ਨੇ ਇਕ ਚਿੱਟੀ ਘੋੜੀ ਰੱਖੀ ਹੋਈ ਸੀ। ਜੋ ਸਮਗਲਰਾਂ ਨੂੰ ਚਾਹੀਦਾ ਹੁੰਦਾ ਸੀ, ਉਹ ਉਸ ਘੋੜੀ ਤੇ ਬੰਨ ਦਿੰਦੇ ਹੁੰਦੇ ਸੀ ਅਤੇ ਉਹ ਘੋੜੀ ਬਾਰਡਰ ਪਾਰ ਕਰ ਜਾਂਦੀ ਸੀ। ਉਸ ਦੇ ਨਾਲ ਕਿਸੇ ਬੰਦੇ ਨੂੰ ਨਹੀਂ ਜਾਣਾ ਪੈਂਦਾ ਸੀ। ਜਿਸ ਫਾਰਮ ਵਿਚ ਉਹ ਘੋੜੀ ਟਰੇਂਡ ਕੀਤੀ ਹੋਈ ਸੀ, ਉਹ ਫਾਰਮ ਵੀ ਫਰੀਦਕੋਟ ਹਲਕੇ ਵਿਚ ਪੈਂਦਾ ਹੈ। ਉਧਰੋਂ ਹਥਿਆਰ ਆ ਜਾਂਦੇ ਸਨ। ਹਥਿਆਰਾਂ ਨੂੰ ਲਾਹੁਣ ਵਾਲਾ ਉਹ ਵਿਧਾਇਕ ਅਤੇ ਉਸ ਦਾ ਮੁੰਡਾ ਸੀ। ਇਕ ਆਈ.ਪੀ.ਐਸ. ਅਫਸਰ ਜੋ ਬੜਾ ਸੀਨੀਅਰ ਅਫਸਰ ਸੀ, ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਰਦੇ ਹੋਏ ਫੜ ਲਿਆ ਸੀ। ਉਸ ਵਿਧਾਇਕ ਅਤੇ ਉਸ ਦੇ ਮੁੰਡੇ ਦੇ ਖਿਲਾਫ ਇਸੇ ਕਰਕੇ ਥਾਣਾ ਸਦਰ, ਫਿਰੋਜ਼ਪੁਰ, ਵਿਚ ਪਰਚਾ ਵੀ ਦਰਜ ਹੋਇਆ ਸੀ। ਉਹ ਵਿਧਾਇਕ ਸਵਰਗਵਾਸੀ ਬੇਅੰਤ ਸਿੰਘ ਜਦੋਂ ਮੁੱਖ ਮੰਤਰੀ ਸਨ, ਉਨ੍ਹਾਂ ਦੀ ਵਜਾਰਤ ਵਿਚ ਵੀ ਵਜ਼ੀਰ ਰਹੇ। ਬਰਾੜ ਸਾਹਿਬ ਦੇ ਵੇਲੇ ਵੀ ਵਜ਼ੀਰ ਰਹੇ ਅਤੇ ਉਸ ਤੋਂ ਬਾਅਦ ਭੱਠਲ ਸਾਹਿਬਾ ਦੀ ਵਜ਼ਾਰਤ ਵਿਚ ਵੀ ਵਜ਼ੀਰ ਰਹੇ ਅੱਜ ਇਹ ਵੇਖਣ ਦੀ ਲੋੜ ਹੈ ਕਿ ਕੀ ਉਨ੍ਹਾਂ ਦੇ ਖਿਲਾਫ ਜਿਹੜਾ ਪਰਚਾ ਦਰਜ ਹੋਇਆ ਸੀ, ਉਹ ਵਾਪਸ ਲੈ ਲਿਆ ਗਿਆ ਹੈ ਜਾਂ ਉਸੇ ਤਰ੍ਹਾਂ ਕਾਇਮ ਹੈ ? ਇਸ ਦੀ ਅਸਲ ਸਥਿਤੀ ਕੀ ਹੈ। ਇਸ ਤੋਂ ਸਾਫ ਪਤਾ ਲਗਦਾ ਹੈ ਕਿ ਆਤੰਕਵਾਦ ਲਿਆਉਣ ਵਾਲੇ ਕੌਣ ਸਨ। ਜੋ ਹਥਿਆਰ ਸਪਲਾਈ ਕਰਦੇ ਸਨ, ਉਹ ਕਾਂਗਰਸ ਦੇ ਲੋਕ ਸਨ, ਜਿਨ੍ਹਾਂ ਨੇ ਹਰੇ ਭਰੇ ਪੰਜਾਬ ਨੂੰ ਅੱਗ ਲਾਈ ਸੀ। ਮੈਂ ਫਗਵਾੜੇ ਦੇ ਹਲਕੇ ਦਾ ਹਾਂ। ਫਗਵਾੜੇ ਵਿਚ 7 ਬੰਦੇ ਮਾਰੇ ਗਏ। ਉਹ ਸਾਰੇ ਇਕੋ ਕਮਿਊਨਿਟੀ ਦੇ ਮਾਰੇ ਗਏ ਜਿਸ ਨੂੰ ਬਿਲਾਂਗ ਕਰਦਾ ਹਾਂ। ਉਸ ਵੇਲੇ ਬੜਾ ਵਾਂ-ਵੇਲਾ

Original with;
Punjab Vidhan Sabha
Digitized by;
Panjab Digital Library

ਉਠਿਆ ਕਿ ਉਨ੍ਹਾਂ ਨੂੰ ਆਤੰਕਵਾਦੀ ਮਾਰ ਗਏ । ਮੈਂ ਇਹ ਗੱਲ ਸਦਨ ਦੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਉਹ ਕੌਣ ਕੌਣ ਲੋਕ ਸਨ ਜਿਹੜੇ ਆਤੰਕਵਾਦੀ ਜਥੇਬੰਦੀਆਂ ਨਾਲ ਕੰਮ ਕਰਦੇ ਸਨ । ਉਨ੍ਹਾਂ ਮਰਨ ਵਾਲਿਆਂ ਵਿਚ ਕਈ ਵਜ਼ੀਰ ਵੀ ਸਨ ਅਤੇ ਐਮ. ਐਲ. ਏ. ਤੋਂ ਘੱਟ ਕੋਈ ਨਹੀਂ ਸੀ ਮਾਰਿਆ ਗਿਆ । ਆਤੰਕਵਾਦ ਲਿਆਉਣ ਵਾਸਤੇ ਇਹ ਕਾਂਗਰਸ ਹੀ ਜਿੰਮੇਵਾਰ ਸੀ । ਅੱਜ ਇਹ ਗੱਲ ਕਹਿਣੀ ਬਿਲਕੁਲ ਬੇਬੁਨਿਆਦ ਹੈ ਕਿ ਪੰਜਾਬ ਵਿਚ ਆਤੰਕਵਾਦ ਮੁੜ ਕੇ ਆ ਜਾਵੇਗਾ ਜੇਕਰ ਅਕਾਲੀ ਦਲ ਬੀ. ਜੇ. ਪੀ. ਗਠਜੋੜ ਜਿੱਤ ਗਿਆ । ਹੁਣ ਇਹ ਗਠਜੋੜ ਜਿੱਤ ਵੀ ਗਿਆ ਹੈ ਅਤੇ ਆਤੰਕਵਾਦ ਵੀ ਹੁਣ ਨਹੀਂ ਆਉਣ ਦਿੱਤਾ ਜਾਵੇਗਾ । ਮੈਂ ਇਹ ਗੱਲ ਗਾਰੰਟੀ ਨਾਲ ਕਹਿਣੀ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਦੀ ਸਰਕਾਰ ਆਤੰਕਵਾਦ ਨੂੰ ਪੰਜਾਬ ਵਿਚ ਪਨਪਣ ਨਹੀਂ ਦੇਵੇਗੀ । ਜਿਹੜੇ ਲੋਕ ਇਸ ਤਾਕ ਵਿਚ ਹਨ ਅਤੇ ਜਿਨ੍ਹਾਂ ਨੇ ਹਰੇ ਭਰੇ ਪੰਜਾਬ ਨੂੰ ਅੱਗ ਲਾਈ ਸੀ, ਜਿਸ ਦਾ ਪ੍ਰਣਾਮ ਦਿੱਲੀ ਦੇ ਲੋਕਾਂ ਨੂੰ ਵੀ ਭੁਗਤਣਾ ਪਿਆ ਸੀ, ਉਨ੍ਹਾਂ ਨੂੰ ਮੈਂ ਇਹ ਗੱਲ ਸਾਫ ਕਰ ਦੇਣੀ ਚਾਹੁੰਦਾ ਹਾਂ । ਇਨ੍ਹਾਂ ਲੋਕਾਂ ਦੀ ਵਜ੍ਹਾ ਕਰਕੇ ਦਿੱਲੀ ਆਦਿ ਥਾਵਾਂ ਤੇ ਲੋਕਾਂ ਦੇ ਗਲਾਂ ਦੇ ਵਿਚ ਟਾਇਰ ਪਾਕੇ ਨਿਰਦੋਸ਼ ਲੋਕਾਂ ਨੂੰ ਸਾੜਿਆ ਗਿਆ । ਪੈਟ੍ਰੋਲ ਛਿੜਕ ਕੇ ਉਨ੍ਹਾਂ ਨੂੰ ਅੱਗ ਲਾਈ ਗਈ । ਇਹ ਸਾਰਾ ਕੁਝ ਇਨ੍ਹਾਂ ਲੋਕਾਂ ਵੱਲੋਂ ਪੈਦਾ ਕੀਤੀ ਕੁੜੱਤਣ ਕਰਕੇ ਹੋਇਆ । ਇਹ ਹਿੰਦੁਸਤਾਨ ਦੇ ਵਿਚ ਪਹਿਲੀ ਸਰਕਾਰ ਹੈ ਜਿਸ ਨੇ ਕੁੜੱਤਣ ਪੈਦਾ ਕਰਨ ਵਾਲਿਆਂ ਨੂੰ ਦਿੱਲੀ ਦੇ ਵਿਚ ਮੁਕੱਦਮੇ ਚਲਾ ਕੇ ਸਜ਼ਾਵਾਂ ਦਿਲਵਾਈਆਂ । ਸ੍ਰੀ ਮਦਨ ਲਾਲ ਜੀ ਖੁਰਾਨਾ ਨੇ ਇਸ ਗੱਲ ਦਾ ਬੀੜਾ ਚੁੱਕਿਆ ਔਰ ਉਹਨਾਂ ਲੋਕਾਂ ਨੂੰ ਕਟਹਿਰੇ ਦੇ ਵਿਚ ਖੜ੍ਹਾ ਕਰਕੇ ਸਜ਼ਾਵਾਂ ਦਿਵਾਈਆਂ । ਮੈਨੂੰ ਇਸ ਗੱਲ ਦਾ ਮਾਣ ਹੈ ਕਿ ਪੰਜਾਬ ਦੇ ਲੋਕਾਂ ਨੇ ਇਸ ਭ੍ਰਿਸ਼ਟ ਸਰਕਾਰ ਨੂੰ ਜਿਸ ਵਿਚ ਕੇਵਲ ਭ੍ਰਿਸ਼ਟਾਚਾਰ ਹੀ ਭ੍ਰਿਸ਼ਟਾਚਾਰ ਸੀ ਅੱਜ ਬਦਲ ਕੇ ਰੱਖ ਦਿੱਤਾ ਹੈ ।

ਸਪੀਕਰ ਸਾਹਿਬ, ਮੈਂ ਕਾਂਗਰਸ ਸਰਕਾਰ ਦੇ ਭ੍ਰਿਸ਼ਟਾਚਾਰ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਮਿਲਾਪ ਚੌਕ (ਜਲੰਧਰ) ਦੇ ਨਜ਼ਦੀਕ ਇਕ ਦਸਵੀਂ ਤੱਕ ਦਾ ਮਿਉਂਸਿਪਲ ਕਾਰਪੋਰੇਸ਼ਨ ਦਾ ਸਕੂਲ ਸੀ ਲੇਕਿਨ ਜਿਹੜੀ ਕੰਪਨੀ ਜਲੰਧਰ ਤੋਂ ਲੈ ਕੇ ਦਿੱਲੀ ਤੱਕ ਫੋਰ ਲੇਨਿੰਗ ਸੜਕ ਬਣਾ ਰਹੀ ਹੈ , ਉਸ ਕੰਪਨੀ ਦੀ ਮਸ਼ੀਨਰੀ ਵਰਤ ਕੇ ਉਸ ਸਕੂਲ ਨੂੰ ਢਾਅ ਦਿੱਤਾ ਗਿਆ । ਇਹ ਸਕੂਲ ਰਾਤੋ ਰਾਤ ਢਾਅ ਦਿੱਤਾ ਗਿਆ । ਜਦੋਂ ਸਵੇਰੇ ਬੱਚਿਆਂ ਦੇ ਪੇਰੈਂਟਸ ਪਤਾ ਕਰਨ ਗਏ ਤਾਂ ਅਗਲੇ ਦਿਨ ਉਸ ਜਗ੍ਹਾ ਤੇ ਸਕੂਲ ਦੀ ਕੋਈ ਇਮਾਰਤ ਨਹੀਂ ਸੀ ਮੈਂ ਇਸਦੇ ਬਾਰੇ ਲਿਖਤੀ ਵੀ ਦਿੱਤਾ ਸੀ ਔਰ ਸਾਡੇ ਉਸ ਵੇਲੇ ਦੇ ਫਾਇਨੈਂਸ ਮਨਿਸਟਰ ਸਾਹਿਬ ਸਾਡੇ ਜਲੰਧਰ ਪਲਾਨਿੰਗ ਬੋਰਡ ਦੇ ਚੇਅਰਮੈਨ ਵੀ ਸਨ । ਮੈਂ ਉਹਨਾਂ ਕੋਲੋਂ, ਮੈਨੇਜਮੈਂਟ ਕੋਲੋਂ, ਗਰੀਵੈਂਸਿਜ਼ ਕਮੇਟੀ ਦੀ ਮੀਟਿੰਗ ਦੇ ਵਿਚ ਪੁੱਛਿਆ ਕਿ ਮਿਉਂਸਿਪਲ ਕਾਰਪੋਰੇਸ਼ਨ ਦਾ ਸਕੂਲ ਜਿਹੜਾ ਸੀ, ਉਸ ਦੀ ਜਾਇਦਾਦ ਵੇਚਣ ਦਾ ਰੇਜ਼ੋਲਿਊਸ਼ਨ ਕਦੋਂ ਪਾਸ ਹੋਇਆ ਤਾਂ ਕੋਈ ਵੀ ਨਹੀਂ ਬੋਲਿਆ ਔਰ ਅੱਜ ਤੱਕ ਉਸ ਗੱਲ ਦਾ ਸਰਕਾਰ ਵਲੋਂ ਕੋਈ ਜਵਾਬ ਨਹੀਂ ਆਇਆ, ਬਲਕਿ ਉਹ ਕਮੇਟੀ ਹੀ ਭੰਗ ਕਰ ਦਿੱਤੀ ਜਿਸ ਦਾ ਮੈਂ ਮੈਂਬਰ ਸੀ ।

ਇਸ ਤੋਂ ਅੱਗੇ ਮੈਂ ਹੋਰ ਦਸਦਾ ਹਾਂ ਕਿ ਸੁਭਾਨਪੁਰ ਤੋਂ ਲੈ ਕੇ ਲਾਅ ਕਾਲਿਜ

Original with;
Punjab Vidhan Sabha
Digitized by;
Panjab Digital Library

[ਚੌਧਰੀ ਸ੍ਵਰਨਾ ਰਾਮ]

ਜਲੰਧਰ ਤੱਕ ਸੜਕ ਦੇ ਨਾਲ ਜਿੰਨੀ ਵੀ ਜ਼ਮੀਨ ਪਈ ਹੈ, ਉਹ ਸਾਰੀ ਦੀ ਸਾਰੀ ਜ਼ਮੀਨ, ਸੜਕ ਦੇ ਦੋਨੋਂ ਪਾਸੇ ਇਸ ਕਾਂਗਰਸ ਪਾਰਟੀ ਦੇ ਵਜ਼ੀਰਾਂ ਔਰ ਵਿਧਾਇਕਾਂ ਨੇ ਦੱਬੀ ਹੋਈ ਹੈ ਜਿਸ ਦੀ ਕੀਮਤ ਇੱਕ ਕਰੋੜ 84 ਲੱਖ ਰੁਪਏ ਤੋਂ ਵੀ ਵੱਧ ਹੈ ਔਰ ਇਨ੍ਹਾਂ ਲੋਕਾਂ ਨੇ ਉਸ ਜ਼ਮੀਨ ਦੀ ਕੀਮਤ ਇਕ ਰੁਪਿਆ ਆਂਕੀ। ਅੱਜ ਇਸ ਜ਼ਮੀਨ ਤੇ ਇਹੀ ਸਾਬਕਾ ਕਾਂਗਰਸੀ ਮੰਤਰੀ ਔਰ ਇਹਨਾਂ ਦੇ ਐਮ.ਐਲ.ਏ. ਲੋਕ ਕਾਬਜ਼ ਹਨ। ਸਪੀਕਰ ਸਾਹਿਬ, ਇਹਨਾਂ ਦੇ ਵਲੇ ਭ੍ਰਿਸ਼ਟਾਚਾਰ ਹੱਦਾਂ ਬੰਨੇ ਟੱਪ ਚੁੱਕਿਆ ਸੀ।

ਸਪੀਕਰ ਸਾਹਿਬ, ਮੈਂ ਹੋਰ ਦਸਦਾ ਹਾਂ ਕਿ ਇਹਨਾਂ ਨੇ ਡੀ.ਟੀ.ਓ. ਔਰ ਬੀ.ਡੀ.ਓ. ਤੋਂ ਇਲਾਵਾ ਐਕਸੀਅਨ ਔਰ ਇੰਸਪੈਕਟਰ ਵੀ ਭਰਤੀ ਕੀਤੇ। ਲੋਕਾਂ ਨੇ ਬੜਾ ਕਿਹਾ ਕਿ ਇਹਨਾਂ ਨੇ ਆਪਣੇ ਰਿਸ਼ਤੇਦਾਰ ਭਰਤੀ ਕੀਤੇ ਹਨ, ਲੜਕੇ ਅਤੇ ਲੜਕੀਆਂ ਭਰਤੀ ਕੀਤੀਆਂ ਹਨ ਔਰ ਇਸ ਭਰਤੀ ਵੇਲੇ ਕਿਸੇ ਪਰਕਾਰ ਦੀ ਮੈਰਿਟ ਦਾ ਕੋਈ ਖਿਆਲ ਹੀ ਨਹੀਂ ਰੱਖਿਆ। ਲੋਕੀਂ ਇਹਨਾਂ ਦੇ ਖਿਲਾਫ ਹਾਈ ਕੋਰਟ ਦੇ ਵਿਚ ਚਲੇ ਗਏ ਔਰ ਉਹਨਾਂ ਦੀ ਗੱਲ ਨੂੰ ਮੁੱਖ ਰਖਦੇ ਹੋਏ ਹਾਈ ਕੋਰਟ ਨੇ ਇਹਨਾਂ ਵੱਲੋਂ ਕੀਤੀਆਂ ਭਰਤੀਆਂ ਸਟੇਅ ਕਰ ਦਿੱਤੀਆਂ। ਪਰ, ਸਪੀਕਰ ਸਾਹਿਬ, ਇਹਨਾਂ ਨੇ ਉਹ ਨਜਾਇਜ਼ ਢੰਗ ਦੇ ਨਾਲ ਭਰਤੀ ਕੀਤੇ ਹੋਏ ਆਦਮੀ ਸਰਵਿਸ ਵਿਚੋਂ ਹਟਾਏ ਨਹੀਂ ਸਗੋਂ ਬੀ.ਡੀ.ਓਜ਼ ਨੂੰ ਹੁਕਮ ਕੀਤਾ ਕਿ ਉਹ ਕੰਮ ਨਾ ਕਰਨ। ਮੈਂ ਇਨ੍ਹਾਂ ਦੇ ਭ੍ਰਿਸ਼ਟਾਚਾਰ ਬਾਰੇ ਇਸ ਸਦਨ ਵਿਚ ਦੱਸਣਾ ਚਾਹੁੰਦਾ ਹਾਂ, ਸਾਰੇ ਪੰਜਾਬ ਨੂੰ ਪਤਾ ਹੈ ਕਿ ਇਹਨਾਂ ਨੇ ਹਾਈਕੋਰਟ ਦੀ, ਕਾਨੂੰਨ ਦੀ, ਅਦਾਲਤ ਦੇ ਫੈਸਲੇ ਦੀ ਵੀ ਕੋਈ ਪਰਵਾਹ ਨਹੀਂ ਕੀਤੀ। ਹਾਈ ਕੋਰਟ ਦੇ ਆਦੇਸ਼ਾਂ ਦੀ ਪਰਵਾਹ ਨਾ ਕਰਦੇ ਹੋਏ ਸਰਕਾਰ ਨੇ ਕਿਹਾ ਕਿ ਇਨ੍ਹਾਂ ਨੂੰ ਟੈਂਪਰੇਰੀ ਬੇਸ ਤੇ ਕੰਟੀਨਿਊ ਕਰਦੇ ਰਹਿਣ ਦਿਓ। ਲੇਕਿਨ ਜਿੰਨ੍ਹਾਂ ਲੋਕਾਂ ਨੇ ਪਹਿਲਾਂ ਦਾਅਵਾ ਕੀਤਾ ਸੀ, ਫਿਰ ਕੋਰਟ ਦੇ ਵਿਚ ਚਲੇ ਗਏ ਔਰ ਹਾਈਕੋਰਟ ਨੂੰ ਬੇਨਤੀ ਕੀਤੀ ਕਿ ਸਰਕਾਰ ਨੇ ਹਾਈਕੋਰਟ ਦੀ ਗੱਲ ਨਹੀਂ ਮੰਨੀ ਔਰ ਸਰਕਾਰ ਦੇ ਖਿਲਾਫ ਕੰਟੈਂਪਟ ਹੋਣੀ ਚਾਹੀਦੀ ਹੈ। ਜਿਸ ਤੇ ਫਿਰ ਇਹਨਾਂ ਨੇ ਜਾਕੇ ਉਹ ਬੰਦੇ 24 ਘੰਟੇ ਦੇ ਅੰਦਰ ਅੰਦਰ ਕੱਢੇ।

ਸਪੀਕਰ ਸਾਹਿਬ, ਮੈਂ ਅੱਜ ਲੀਡਰ ਆਫ ਦੀ ਹਾਊਸ ਨੂੰ ਬੇਨਤੀ ਕਰਾਂਗਾ ਕਿ ਜਿਨ੍ਹਾਂ ਲੋਕਾਂ ਨੇ ਤਿੰਨ ਮਹੀਨੇ ਇਸ ਸਮੇਂ ਦੌਰਾਨ ਕੰਮ ਕੀਤਾ ਹੈ, ਉਹਨਾਂ ਨੇ ਸਰਕਾਰੀ ਖਜਾਨੇ ਦੇ ਵਿਚੋਂ ਤਨਖਾਹ ਲਈ ਹੈ, ਉਹ ਤਨਖਾਹ ਕਿਸ ਨੇ ਬਣਾਈ, ਇਸ ਲਈ ਕੌਣ ਅਫਸਰ ਜਿੰਮੇਵਾਰ ਸੀ, ਕੌਣ ਅਧਿਕਾਰੀ ਜਿੰਮੇਵਾਰ ਸੀ, ਉਸ ਦੀ ਜ਼ਿੰਮੇਵਾਰੀ ਫਿਕਸ ਹੋਣੀ ਚਾਹੀਦੀ ਹੈ। ਹਾਈ ਕੋਰਟ ਦੇ ਆਦੇਸ਼ਾਂ ਦੇ ਖਿਲਾਫ ਇਹ ਪੈਸਾ ਖਜ਼ਾਨੇ ਦੇ ਵਿਚੋਂ ਕਿਸ ਤਰ੍ਹਾਂ ਨਿਕਾਲਿਆ ਗਿਆ।

ਸਪੀਕਰ ਸਾਹਿਬ, ਭ੍ਰਿਸ਼ਟਾਚਾਰ ਦੇ ਨਾਲ ਸਬੰਧਤ ਮੈਂ ਇਕ ਗੱਲ ਹੋਰ ਹਾਊਸ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਬੀਬੀ ਭੱਠਲ ਨੇ ਦੋ ਵਾਰੀ ਸਾਰਾ ਲਾਮ-ਲਸ਼ਕਰ ਦਿੱਲੀ ਲਿਜਾ ਕੇ ਬਿਠਾ ਦਿੱਤਾ ਇਸ ਕਰਕੇ ਕਿ ਕਾਂਗਰਸ ਦਾ ਪ੍ਰਧਾਨ ਬਦਲੋ। ਪੰਜਾਬ ਦੇ ਸਾਰੇ ਮੰਤਰੀ, ਸਾਰੇ ਵਿਧਾਇਕ ਦਿੱਲੀ ਜਾ ਕੇ ਬੈਠੇ ਰਹੇ। ਇਹਨਾਂ ਨੂੰ ਪੰਜਾਬ ਦੇ ਕੰਮਾਂ ਦੀ ਕੋਈ ਚਿੰਤਾ ਨਹੀਂ ਸੀ। ਉਥੇ ਸਰਕਾਰ ਦਾ ਕਿੰਨਾ ਖਰਚਾ ਹੋਇਆ। ਹਰ ਕਰਮਚਾਰੀ, ਹਰ ਅਧਿਕਾਰੀ ਉਥੇ ਗਿਆ। ਇਸ ਲਈ ਇਹ ਜ਼ਿੰਮੇਵਾਰ ਹਨ। ਏਥੇ ਹੀ ਬੱਸ ਨਹੀਂ,

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ ਨੂੰ ਬਦਲਣ ਵਾਸਤੇ ਦੂਜੀ ਵਾਰ ਫਿਰ ਦਿੱਲੀ ਜਾ ਕੇ ਮੋਰਚਾ ਲਾ ਲਿਆ ਕਿ ਕਦੋਂ ਲੱਡੂ ਮੇਰੇ ਮੂੰਹ ਵਿਚ ਪੈਂਦਾ ਐ। ਜਦੋਂ ਮੂੰਹ ਦੇ ਵਿਚ ਲੱਡੂ ਪੈ ਗਿਆ ਤਾਂ ਉਸੇ ਦਿਨ ਸਾਰਾ ਕੁਝ ਠੀਕ ਹੋ ਗਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰੀ ਖਜ਼ਾਨੇ ਦਾ ਦੁਰ-ਉਪਯੋਗ ਕਰਕੇ, ਆਪਣੀ ਪਾਰਟੀ ਨੂੰ ਅੱਗੇ ਲਿਆਉਣ ਵਾਸਤੇ ਕਿੰਨਾ ਖਰਚਾ ਆਇਆ, ਕੀ ਇਹ ਕਾਂਗਰਸੀ ਇਸ ਲਈ ਜ਼ਿੰਮੇਵਾਰ ਨਹੀਂ ਹਨ। ਇਹਨਾਂ ਦੀ ਸਿਆਸਤ ਕਿੰਨੀ ਭ੍ਰਿਸ਼ਟ ਹੈ ਇਸ ਦਾ ਅੰਦਾਜ਼ਾ ਤੁਸੀਂ ਆਪ ਲਗਾ ਸਕਦੇ ਹੋ। ਸਪੀਕਰ ਸਾਹਿਬ, ਸਰਕਾਰ ਦੇ ਖਜ਼ਾਨੇ ਨੂੰ ਲੁੱਟਿਆ ਗਿਆ। ਮੈਂ ਇਸ ਵੱਲ ਵੀ ਇਸ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਕਿਵੇਂ ਇਹਨਾਂ ਨੇ ਪੰਚਾਇਤਾਂ ਦੀਆਂ, ਜ਼ਿਲਾ ਪ੍ਰੀਸ਼ਦਾਂ ਦੀਆਂ, ਬਲਾਕ ਸੰਮਤੀਆਂ ਦੀਆਂ ਚੋਣਾਂ ਕਰਵਾਈਆਂ। ਜਿਹੜੀ ਸੀਟ ਅਨੁਸੂਚਿਤ ਜਾਤੀ ਦੇ ਉਮੀਦਵਾਰ ਵਾਸਤੇ ਰੀਜ਼ਰਵ ਹੁੰਦੀ ਸੀ, ਉਹ ਰਾਤੋ ਰਾਤ ਬਦਲ ਜਾਂਦੀ ਸੀ। ਔਰ ਸਵੇਰੇ ਦਿਨ ਚੜ੍ਹੇ ਜਨਰਲ ਕਰ ਦਿੱਤੀ ਜਾਂਦੀ ਸੀ। ਜਿਹੜੀ ਸੀਟ ਲੇਡੀ ਵਾਸਤੇ ਰੀਜ਼ਰਵ ਹੁੰਦੀ ਸੀ, ਜਿਸ ਕਾਰਪੋਰੇਸ਼ਨ ਦੇ ਵਿਚ ਇਹਨਾਂ ਦਾ ਬਹੁ-ਮੱਤ ਸੀ, ਉਥੇ ਇਹਨਾਂ ਨੇ ਉਸ ਦਾ ਬਹੁਤ ਬੁਰੀ ਤਰ੍ਹਾਂ ਦੁਰਉਪਯੋਗ ਕੀਤਾ ਔਰ ਆਪਣੇ ਮੁਤਾਬਿਕ ਜਿਵੇਂ ਇਹਨਾਂ ਨੂੰ ਸੂਟ ਕਰਦਾ ਸੀ, ਉਸ ਪ੍ਰਕਾਰ ਐਡਜਸਟਮੈਂਟ ਕਰ ਲਿਤੀ ਜਾਂਦੀ ਸੀ। ਇਹਨਾਂ ਨੇ ਆਪਣੇ ਤੰਤਰ ਦਾ ਬੜਾ ਦੁਰਉਪਯੋਗ ਕੀਤਾ। ਇਹ ਦੁਰਉਪਯੋਗ ਨਾ ਕੇਵਲ ਪੰਚਾਇਤਾਂ ਦੀਆਂ ਚੋਣਾਂ ਦੇ ਵਿਚ ਹੀ ਕੀਤਾ ਬਲਕਿ ਇਹਨਾਂ ਨੇ ਇਹ ਦੁਰਉਪਯੋਗ ਬਲਾਕ ਸੰਮਤੀਆਂ ਅਤੇ ਜ਼ਿਲਾ ਪਰੀਸ਼ਦਾਂ ਦੀਆਂ ਚੋਣਾਂ ਵਿਚ ਵੀ ਕੀਤਾ। ਪਿੱਛੇ ਨਕੋਦਰ ਦੀ ਇਲੈਕਸ਼ਨ ਹੋਈ। ਤੁਸੀਂ ਇਲੈਕਸ਼ਨ ਡਿਪਾਰਟਮੈਂਟ ਦੀ ਰਿਪੋਰਟ ਦੇਖ ਸਕਦੇ ਹੋ। ਮੇਰੇ ਕੋਲ ਅਖਬਾਰ ਹੈ ਜਿਸ ਵਿਚ ਸਰਕਾਰ ਦੇ ਇਕ ਐਸ.ਡੀ.ਓ. ਦੀ ਫੋਟੋ ਹੈ ਜਿਹੜਾ ਕਿ ਇੱਕ ਖੰਭੇ ਦੇ ਉਪਰ ਚੜ੍ਹਿਆ ਹੋਇਆ ਹੈ ਔਰ ਉਹ ਕਾਂਗਰਸ ਪਾਰਟੀ ਦਾ ਝੰਡਾ ਉਸ ਬਿਜਲੀ ਦੇ ਖੰਭੇ ਉਪਰ ਲਗਾ ਰਿਹਾ ਦਿਖਾਈ ਦਿੰਦਾ ਹੈ। ਨਾਲ ਲਿਫਟਿੰਗ ਮਸ਼ੀਨ ਖੜੀ ਹੈ। ਇਨ੍ਹਾਂ ਨੇ ਸਾਰੇ ਵਿਭਾਗਾਂ ਨੂੰ ਕਿਹਾ ਸੀ ਕਿ ਨਕੋਦਰ ਵਿਧਾਨ ਸਭਾ ਸੀਟ ਜਿੱਤਣ ਲਈ ਕੰਮ ਕੀਤਾ ਜਾਵੇ। ਇਨ੍ਹਾਂ ਨੇ ਸਾਰੇ ਵਜ਼ੀਰਾਂ ਨੂੰ ਕਿਹਾ ਸੀ ਕਿ ਤੁਸੀਂ ਇਕੱਲੇ ਇਕੱਲੇ ਨਕੋਦਰ ਸ਼ਹਿਰ 'ਚ ਜਾਓ। ਇਕਲੇ ਇਕੱਲੇ ਪਿੰਡ ਜਾਓ ਜਦੋਂ ਸਰਕਟ ਹਾਉਸ ਵਿਚ ਇਲੈਕਸ਼ਨ ਕਮਿਸ਼ਨ ਵੱਲੋਂ ਛਾਪਾ ਮਾਰਿਆ ਗਿਆ ਤਾਂ ਇਨ੍ਹਾਂ ਦੇ ਵਜ਼ੀਰ ਭੱਜੇ ਜਾਂਦੇ ਵੇਖੇ ਗਏ, ਉਨ੍ਹਾਂ ਦੀਆਂ ਤਸਵੀਰਾਂ ਵੀ ਛਪੀਆਂ ਸਨ। ਸਪੀਕਰ ਸਾਹਿਬ, ਮੈਂ ਇਸ ਸਦਨ ਵਿਚ ਬੜੀ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਅੱਤਵਾਦ ਜੋ ਵੀ ਇਥੇ ਪਨਪਿਆ ਹੈ ਉਹ ਕਾਂਗਰਸ ਦੀ ਵਜ੍ਹਾ ਕਰਕੇ ਪਨਪਿਆ ਹੈ। ਜਿਹੜਾ ਇਥੇ ਭ੍ਰਿਸ਼ਟਾਚਾਰ ਫੈਲਿਆ ਹੈ, ਉਹ ਵੀ ਕਾਂਗਰਸ ਦੀ ਵਜ੍ਹਾ ਕਰਕੇ ਫੈਲਿਆ ਹੈ। ਜਿੰਨੇ ਵੀ ਅਸੂਲ ਤੋੜੇ ਗਏ ਹਨ ਉਹ ਸਾਰੇ ਕਾਂਗਰਸ ਨੇ ਤੋੜੇ ਹਨ। ਕੱਲ੍ਹ ਬੀਬੀ ਜੀ ਗੱਲਾਂ (ਸਰਦਾਰਨੀ ਰਾਜਿੰਦਰ ਕੌਰ ਭੱਠਲ) ਕਰਦੇ ਸਨ, ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਕੋਈ ਚੰਗੇ ਕੰਮ ਕੀਤੇ ਹੁੰਦੇ ਤਾਂ ਤੁਹਾਡੀ ਇਹ ਪੁਜ਼ੀਸ਼ਨ ਨਾ ਹੁੰਦੀ ਤੇ ਤੁਸੀਂ ਸਿਰਫ 14 ਦੀ ਹੀ ਗਿਣਤੀ ਵਿਚ ਜਿੱਤ ਕੇ ਨਾ ਆਉਂਦੇ। ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕੀਤਾ ਹੈ ਤਾਂ ਹੀ ਲੋਕਾਂ ਨੇ ਇਸ ਸਰਕਾਰ ਨੂੰ ਠੁਕਰਾ ਦਿੱਤਾ ਹੈ ਕਿ ਸਾਨੂੰ ਇਸ ਤਰ੍ਹਾਂ ਦੀ ਸਰਕਾਰ ਬਿਲਕੁੱਲ ਨਹੀਂ ਚਾਹੀਦੀ। (ਥੰਪਿੰਗ) ਇਨ੍ਹਾਂ ਦੀ ਟਕਰਾਓ ਵਾਲੀ ਰਾਜਨੀਤੀ ਨੇ ਪੰਜਾਬ ਦਾ ਬੇੜਾ ਗਰਕ ਕਰਕੇ ਰੱਖ ਦਿੱਤਾ ਹੈ ਜਿਸ ਦੀ ਇਨ੍ਹਾਂ ਨੂੰ ਅੱਜ ਸਜ਼ਾ ਮਿਲੀ ਹੈ। ਇਹ

Original with;
Punjab Vidhan Sabha
Digitized by;
Panjab Digital Library

[ਚੌਧਰੀ ਮਵਰਨਾ ਰਾਮ]

ਸਜ਼ਾ ਅਜੇ ਬੜੀ ਥੋੜ੍ਹੀ ਮਿਲੀ ਹੈ । ਅੱਜ ਸਾਨੂੰ ਪੁਰਾਣੀਆਂ ਗੱਲਾਂ ਨੂੰ ਛੱਡਕੇ ਭੁੱਲ ਕੇ ਆਉਣ ਵਾਲੇ ਭਵਿੱਖ ਦੀ ਨਵੀਂ ਗੱਲ ਕਰਨੀ ਚਾਹੀਦੀ ਹੈ ਬਾਦਲ ਸਰਕਾਰ ਨੂੰ ਮਜ਼ਬੂਤ ਕਰਨ ਵਾਸਤੇ, ਪੰਜਾਬ ਵਿਚ ਅਮਨ ਅਤੇ ਸ਼ਾਂਤੀ ਰੱਖਣ ਵਾਸਤੇ, ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ । ਅਜੇ ਤਾਂ ਕੇਵਲ ਇਕ ਮਹੀਨੇ ਦਾ ਸਮਾਂ ਹੀ ਹੋਇਆ ਹੈ । ਇਹ ਹਿੰਦੂਆਂ ਦੀਆਂ ਗੱਲਾਂ ਕਰਦੇ ਹਨ ਕਿ ਹਿੰਦੂਆਂ ਨਾਲ ਬੜਾ ਅਨਿਆ ਹੋਇਆ ਹੈ, ਧੋਖਾ ਹੋਇਆ ਹੈ । ਪਰ ਮੈਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਸਾਰੀਆਂ ਗੱਲਾਂ ਵਾਸਤੇ ਬਾਦਲ ਸਰਕਾਰ ਵਚਨਬੱਧ ਹੈ । ਅਸੀਂ ਇਕੱਲੀ ਇਕੱਲੀ ਗੱਲ ਨੂੰ ਪੂਰਾ ਕਰਾਂਗੇ ਜਿਹੜੀ ਵੀ ਮੈਨੀਫੈਸਟੋ ਵਿਚ ਕਹੀ ਗਈ ਹੈ। (ਥੰਪਿੰਗ)

ਅਨੁਸੂਚਿਤ ਜਾਤੀਆਂ ਦੀ ਭਲਾਈ ਵਾਸਤੇ ਇਕ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਬਣਾਈ ਗਈ ਸੀ । ਇਸ ਕਾਰਪੋਰੇਸ਼ਨ ਦੇ ਵਿਚ ਅੱਜ ਨਿਰਾ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ । ਇਹ ਨਿਗਮ ਕਿਸ ਨੇ ਬਣਵਾਇਆ, ਇਹ ਵੀ ਕਾਂਗ-ਰਸੀਆਂ ਨੇ ਬਣਾਇਆ ਸੀ ਅਤੇ ਇਸ ਦਾ ਸਰਮਾਇਆ ਵੀ ਇਨ੍ਹਾਂ ਨੇ ਹੀ ਤਹਿ ਕੀਤਾ ਸੀ ਇਸ ਦਾ ਜਿਹੜਾ ਐਗਜ਼ੈਕਟਿਵ ਡਾਇਰੈਕਟਰ ਹੈ, ਉਹ25-25ਹਜ਼ਾਰ ਰੁਪਏ ਦੇ ਚੈਕ ਕਾਂਗਰਸ ਦੇ ਕੈਂਡੀਡੇਟਾਂ ਨੂੰ ਦਿੰਦਾ ਰਿਹਾ ਅਤੇ ਉਸ ਪੈਸੇ ਦਾ ਸਾਰਾ ਖਰਚਾ ਐਂਟਰਟੇਨਮੈਂਟ ਦੇ ਵਿਚ ਪਾਇਆ ਜਾਂਦਾ ਰਿਹਾ । ਇਸ ਦਾ ਚੇਅਰਮੈਨ ਵੀ ਹਾਰ ਗਿਆ ਪਰ ਹਾਰਨ ਤੋਂ ਬਾਅਦ ਵੀ ਉਹ ਚੇਅਰਮੈਨੀ ਦੀ ਕੁਰਸੀ ਤੇ ਬੈਠਾ ਹੈ। ਉਥੇ ਭ੍ਰਿਸ਼ਟਾਚਾਰ ਇੰਨਾ ਜ਼ਿਆਦਾ ਹੈ ਕਿ ਉਹ ਗਰੀਬ ਲੋਕਾਂ ਦੇ ਕਰਜ਼ਿਆਂ ਵਿਚੋਂ 20% ਲੈਂਦੇ ਹਨ, ਅਨੁਸੂਚਿਤ ਜਾਤੀਆਂ ਦੇ ਲੋਕਾਂ ਦੇ ਕਰਜ਼ਿਆਂ ਵਿਚੋਂ ਪੈਸੇ ਲੈਂਦੇ ਹਨ । ਮੈਂ ਬਾਦਲ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਦੇ ਵਿਆਹਾਂ ਤੇ 5100/- ਰੁਪਏ ਸ਼ਗਨ ਦੇ ਤੌਰ ਤੇ ਦੇਣ ਦਾ ਫੈਸਲਾ ਕੀਤਾ ਹੈ। ਇਹ ਪਹਿਲਾ ਮੌਕਾ ਹੈ ਕਿ ਹਿੰਦੁਸਤਾਨ ਵਿਚ ਕਿਸੇ ਸੂਬੇ ਨੇ ਅਜਿਹਾ ਫੈਸਲਾ ਕੀਤਾ ਹੈ । ਨਹੀਂ ਤਾਂ ਹਰ ਇਕ ਤਕੜੇ ਦੇ ਘਰ ਖੁਸ਼ੀ ਤੇ ਚਲਾ ਜਾਂਦਾ ਹੈ ਪਰ ਮਾੜੇ ਦੀ ਖੁਸ਼ੀ ਵਿਚ ਕੋਈ ਨਹੀਂ ਜਾਂਦਾ। ਬਾਦਲ ਸਰਕਾਰ ਇਸ ਲਈ ਵਧਾਈ ਦੀ ਪਾਤਰ ਹੈ । ਇਥੇ ਹੀ ਬੱਸ ਨਹੀਂ, ਅਨੁਸੂਚਿਤ ਜਾਤੀਆਂ ਦੇ ਲੋਕਾਂ ਵਾਸਤੇ 12000 ਮਕਾਨ ਬਣਾ ਕੇ ਦਿੱਤੇ ਜਾਣ ਦੀ ਗੱਲ ਬਾਦਲ ਸਰਕਾਰ ਨੇ ਕਹੀ ਹੈ । ਇਹ ਪਹਿਲਾਂ ਜਿਹੜੇ 15000 ਰੁਪਏ ਮਕਾਨ ਵਾਸਤੇ ਦਿੱਤੇ ਜਾਂਦੇ ਸਨ, ਉਸ ਨਾਲ ਮਕਾਨ ਕੋਈ ਨਹੀਂ ਸੀ ਬਣ ਸਕਦਾ, ਨਾ ਮਕਾਨ ਲੱਭਦੇ ਸਨ ਅਤੇ ਨਾ ਮਕਾਨ ਵਾਲਾ ਲੱਭਦਾ ਸੀ । ਜੇਕਰ ਇਨ੍ਹਾਂ ਵੰਡੇ ਗਏ ਕਰਜ਼ਿਆਂ ਦੀ ਵੱਡੇ ਪੱਧਰ ਤੇ ਇਨਕੁਆਰੀ ਕਰਵਾਈ ਜਾਵੇ ਤਾਂ ਪਤਾ ਲੱਗ ਜਾਵੇਗਾ ਕਿ ਇਸ 15000 ਹਜ਼ਾਰ ਰੁਪਏ ਦੀ ਸਕੀਮ ਵਿਚ ਕਿੰਨਾ ਭ੍ਰਿਸ਼ਟਾਚਾਰ ਹੋਇਆ ਹੈ । ਬਾਦਲ ਸਰਕਾਰ ਨੇ ਕਿਹਾ ਹੈ ਕਿ 15000 ਰੁਪਏ ਦੀ ਥਾਂ ਤੇ 50,000/- ਰੁਪਏ ਨਾਲ ਹੁੱਡਾ ਕੋਲੋਂ ਮਕਾਨ ਬਣਵਾ ਕੇ ਦਿੱਤੇ ਜਾਣਗੇ ਜਿਸ ਨਾਲ ਉਹ ਗਰੀਬ ਲੋਕ ਵੀ ਸੁਖ ਨਾਲ ਰਹਿ ਸਕਣਗੇ ।

ਅੱਜ ਵਿਦਿਆ ਪੜ੍ਹਾਉਣ ਵਾਸਤੇ ਵੀ ਸਰਕਾਰ ਨੇ ਫੈਸਲੇ ਕੀਤੇ ਹਨ ਕਿ ਗਰੀਬ ਲੋਕਾਂ ਵਾਸਤੇ ਵਿਦਿਆ ਦਾ ਪਸਾਰ ਕਰਕੇ ਉਨ੍ਹਾਂ ਦਾ ਜੀਵਨ ਮਿਆਰ ਉਚਾ ਕੀਤਾ ਰੁਜ਼ਗਾਰ ਸਾਧਨ ਮੁਹੱਈਆ ਕਰਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ । ਇਹ ਸਾਡੀ

Original with;
Punjab Vidhan Sabha
Digitized by;
Panjab Digital Library

ਸਰਕਾਰ ਦੀਆਂ ਉਪਲਬਧੀਆਂ ਹਨ । ਜੇਕਰ ਮੈਂ ਸਾਰੀਆ ਗੱਲਾਂ ਬੋਲਾ ਤਾਂ ਸ਼ਾਇਦ ਟਾਈਮ ਬਹੁਤ ਲੱਗ ਜਾਵੇਗਾ । ਸਪੀਕਰ ਸਾਹਿਬ, ਮੈਂ ਟਾਈਮ ਦੀ ਬੰਧਸ਼ ਦੇ ਵਿਚ ਰਹਿੰਦਾ ਹੋਇਆ ਕੇਵਲ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਗੱਲਾਂ ਨੇ ਪੰਜਾਬ ਵਿਚ ਵਿਗਾੜ ਪਾਇਆ ਹੈ, ਪੰਜਾਬ ਵਿਚ ਤਬਾਹੀ ਲਿਆਂਦੀ ਹੈ, ਉਨ੍ਹਾਂ ਨੂੰ ਮੁੱਖ ਰੱਖਦੇ ਹੋਏ ਬਾਦਲ ਸਾਹਿਬ ਦੀ ਸਰਕਾਰ ਦੇ ਨਾਲ ਕਦਮ ਨਾਲ ਕਦਮ ਮਿਲਾ ਕੇ, ਦਿਲ ਨਾਲ ਦਿਲ ਮਿਲਾ ਕੇ, ਸਹਿਯੋਗ ਦਿਤਾ ਜਾਵੇ ਅਤੇ ਜਿਹੜੀਆਂ ਗੱਲਾਂ ਗਲਤ ਹੋਈਆਂ ਹਨ, ਉਨ੍ਹਾਂ ਦਾ ਵੀ ਨਿਰਣਾ ਕੀਤਾ ਜਾਵੇ । ਬਾਦਲ ਸਾਹਿਬ ਨੇ ਕਿਹਾ ਹੈ ਕਿ ਉਹ ਦੋਵੇਂ ਚੀਜ਼ਾਂ ਵੇਖਣਗੇ, ਕਾਲਖ ਵੀ ਵੇਖਣਗੇ ਅਤੇ ਚਿਟਿਆਈ ਵੀ ਵੇਖਣਗੇ । ਮੈਂ ਸਾਰੇ ਸਦਨ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਵਿਚਾਰਾਂ ਨੂੰ ਸੁਣਿਆ ਅਤੇ, ਸਪੀਕਰ ਸਾਹਿਬ, ਮੈਂ ਸਾਰੇ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਧੰਨਵਾਦ ਦੇ ਮਤੇ ਨੂੰ ਪਾਸ ਕੀਤਾ ਜਾਵੇ ।

**ਸ਼੍ਰੀ ਭਗਵਾਨ ਦਾਸ ਅਰੋੜਾ** (ਸੁਨਾਮ) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ । ਸਪੀਕਰ ਸਾਹਿਬ, ਜੋ ਗਵਰਨਰ ਸਾਹਿਬ ਦਾ ਭਾਸ਼ਣ ਹੈ ਉਸ ਦੇ ਵਿਚ ਕਈ ਚੀਜ਼ਾਂ ਬਹੁਤ ਸ਼ਲਾਘਾਯੋਗ ਹਨ ਜਿਸ ਤਰ੍ਹਾਂ ਖਾਸ ਤੌਰ ਤੇ ਕਿਹਾ ਗਿਆ ਹੈ ਕਿ ਬਾਦਲ ਸਾਹਿਬ ਦੀ ਸਰਕਾਰ ਅਮਨ ਅਤੇ ਸ਼ਾਂਤੀ ਕਾਇਮ ਰੱਖੇਗੀ ਅਤੇ ਜੋ ਭ੍ਰਿਸ਼ਟਾਚਾਰ ਹੈ, ਉਸਨੂੰ ਖਤਮ ਕਰੇਗੀ । ਇਹ ਬਹੁਤ ਹੀ ਸ਼ਲਾਘਾਯੋਗ ਗੱਲਾਂ ਹਨ ਕਿਉਂਕਿ ਪਿਛਲੇ 10-12 ਸਾਲ ਸਾਰੇ ਪੰਜਾਬੀਆਂ ਨੇ ਅੱਤਵਾਦ ਦਾ ਦੁੱਖ ਭੋਗਿਆ ਹੈ । ਦੂਜਾ ਸਰਕਾਰ ਨੇ ਬਿਜਲੀ ਮੁਆਫ ਕਰਨ ਦੀ ਗੱਲ ਕੀਤੀ ਹੈ । ਵੈਸੇ ਤਾਂ ਸਾਰੇ ਹੀ ਪੰਜਾਬੀ ਕਿਸਾਨ ਹਨ ਕਿਉਂਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਜੋ ਵੀ ਪੰਜਾਬ ਦਾ ਵਪਾਰੀ ਹੈ ਭਾਵੇਂ ਕੋਈ ਕਪੜੇ ਦਾ ਵਪਾਰੀ ਹੈ, ਰੇਹੜੀ ਲਗਾਉਂਦਾ ਹੈ, ਕੋਈ ਸ਼ੈਲਰ ਦਾ ਮਾਲਕ ਹੈ, ਭਾਵੇਂ ਕਾਰਖਾਨੇ ਦਾ ਮਾਲਕ ਹੈ, ਭਾਵੇਂ ਕੋਈ ਟਰਾਂਸਪੋਰਟਰ ਹੈ, ਕਿਸੇ ਦਾ ਬੱਸਾਂ ਦਾ ਕੰਮ ਹੈ ਜਾਂ ਟਰੱਕਾਂ ਦਾ ਕੰਮ ਹੈ, ਇਹ ਸਾਰੇ ਹੀ ਖੇਤੀ ਤੇ ਨਿਰਭਰ ਕਰਦੇ ਹਨ । ਸੋ ਕਿਸਾਨਾਂ ਨੂੰ ਬਿਜਲੀ ਮੁਫਤ ਦੇਣਾ ਇਕ ਬਹੁਤ ਹੀ ਵਧੀਆ ਅਤੇ ਸ਼ਲਾਘਾਯੋਗ ਕਦਮ ਹੈ ਕਿਉਂਕਿ ਬਾਦਲ ਸਾਹਿਬ ਨੇ ਮੈਨੀਫੈਸਟੋ ਵਿਚ ਰੱਖਿਆ ਸੀ ਕਿ ਬਿਜਲੀ ਮੁਫਤ ਦੇਵਾਂਗੇ, ਪਾਣੀ ਮੁਫਤ ਦੇਵਾਂਗੇ । ਪਰ ਮੇਰੇ ਇਸ ਦੇ ਨਾਲ ਕੁਝ ਵਿਚਾਰ ਵੱਖਰੇ ਹਨ, ਪਾਣੀ ਵਾਲੀ ਗੱਲ ਤਾਂ ਮੈਂ ਸਮਝਦਾ ਹਾਂ ਕਿ ਇਹ ਠੀਕ ਹੈ ਕਿਉਂਕਿ ਜਿੰਨੇ ਪਾਣੀ ਦੇ ਬਿੱਲ ਆਉਂਦੇ ਹਨ, ਉਨ੍ਹਾਂ ਨੂੰ ਉਗਰਾਹੁਣ ਵਾਸਤੇ ਖਰਚਾ ਵੀ ਉਨਾ ਹੀ ਆ ਜਾਂਦਾ ਹੈ, ਉਹ ਮੁਆਫ ਕਰਨਾ ਜਾਇਜ਼ ਹੈ ਪਰ ਜਿਥੋਂ ਤੱਕ ਬਿਜਲੀ ਦੇ ਬਿਲ ਮੁਆਫ ਕਰਨ ਦਾ ਸਵਾਲ ਹੈ, ਬਾਦਲ ਸਾਹਿਬ ਨੂੰ ਵੀ ਪਤਾ ਹੈ, ਸਾਰੀ ਸਰਕਾਰ ਨੂੰ ਪਤਾ ਹੈ ਅਤੇ ਸਾਰੇ ਪੰਜਾਬ ਨੂੰ ਪਤਾ ਹੈ ਕਿ ਬਿਜਲੀ ਬੋਰਡ ਪਹਿਲਾਂ ਹੀ ਘਾਟੇ ਵਿਚ ਜਾ ਰਿਹਾ ਹੈ ਔਰ ਉਸ ਤੇ ਹੋਰ ਘਾਟਾ ਪਾਉਣਾ, ਮੈਂ ਸਮਝਦਾ ਹਾਂ ਕਿ ਠੀਕ ਨਹੀਂ ਹੈ, ਕਿਉਂਕਿ ਇਹ ਘਾਟਾ ਪਾਉਣ ਨਾਲ ਬਿਜਲੀ ਘੱਟ ਪੈਦਾ ਹੋਵੇਗੀ ।

ਜਿਸ ਦਿਨ ਦਾ ਇਹ ਬਿਜਲੀ ਮੁਫਤ ਕਰਨ ਦਾ ਵਾਇਦਾ ਕੀਤਾ ਗਿਆ ਹੈ, ਉਸੇ ਦਿਨ ਤੋਂ ਹੀ ਬਿਜਲੀ 9-10 ਘੰਟੇ ਦੀ ਬਜਾਏ 4 ਘੰਟੇ ਹੀ ਆਉਂਦੀ ਹੈ । ਅਜੇ ਤਾਂ ਕੋਈ ਅਜਿਹਾ ਸੀਜ਼ਨ ਵੀ ਨਹੀਂ ਹੈ, ਝੋਨੇ ਦਾ ਸੀਜ਼ਨ ਨਹੀਂ ਕਿ ਬਿਜਲੀ ਇੰਨੀ ਘੱਟ ਆਵੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਭਗਵਾਨ ਦਾਸ ਅਰੋੜਾ]

ਅਤੇ ਗਰਮੀਆਂ ਵਿਚ ਜਦੋਂ ਬਿਜਲੀ ਦੀ ਲੋੜ ਪਵੇਗੀ ਤਾਂ ਬਿਜਲੀ ਹੋਰ ਵੀ ਘੱਟ ਮਿਲੇਗੀ। ਇਸ ਗੱਲ ਦਾ ਲੋਕਾਂ ਵਿਚ ਬੜਾ ਰੋਸ ਹੈ ਅਤੇ ਲੋਕ ਚਾਹੁੰਦੇ ਹਨ ਕਿ ਸਾਨੂੰ ਬਿਜਲੀ ਮਿਲਣੀ ਚਾਹੀਦੀ ਹੈ ਭਾਵੇਂ ਇਸੇ ਰੇਟ ਤੇ ਜਾਂ ਇਸ ਤੋਂ ਵੀ ਵੱਧ ਰੇਟ ਤੇ ਮਿਲ ਜਾਵੇ। ਜਦੋਂ ਬਿਜਲੀ ਟਿਊਬਵੈਲਾਂ ਤੇ ਆਉਂਦੀ ਹੈ ਤਾਂ ਇਕ ਰੁਪਿਆ ਪ੍ਰਤੀ ਘੰਟਾ ਖ਼ਰਚਾ ਆਉਂਦਾ ਹੈ ਪਰੰਤੂ ਇਸ ਤੋਂ ਬਿਨਾਂ ਜਦੋਂ ਇੰਜਨ ਚਲਦੇ ਹਨ ਜਾਂ ਟਰੈਕਟਰ ਚਲਦੇ ਹਨ ਤਾਂ ਹਰ ਇਕ ਕਿਸਾਨ ਨੂੰ 25-30 ਰੁਪਏ ਪ੍ਰਤੀ ਘੰਟਾ ਦੇ ਹਿਸਾਬ ਨਾਲ ਖ਼ਰਚਾ ਪੈਂਦਾ ਹੈ। ਇਸ ਲਈ ਬਿਜਲੀ 8 ਘੰਟੇ ਦੀ ਬਜਾਏ 12 ਘੰਟੇ ਦਿੱਤੀ ਜਾਵੇ। ਜੋ ਸਾਡੇ ਇੰਜਣ ਚਲਦੇ ਹਨ, ਟਰੈਕਟਰ ਚਲਦੇ ਹਨ, ਇਕ ਤਾਂ ਉਨ੍ਹਾਂ ਤੇ ਖਰਚਾ ਜ਼ਿਆਦਾ ਆਉਂਦਾ ਹੈ, ਦੂਜੇ ਮਸ਼ੀਨਰੀ ਦੀ ਘਿਸਾਈ ਵੀ ਹੁੰਦੀ ਹੈ। ਸੋ, ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਵਿਸ਼ੇ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਜੇਕਰ ਸਰਕਾਰ ਨੇ ਕਿਸਾਨਾਂ ਨੂੰ ਫਾਇਦਾ ਦੇਣਾ ਹੀ ਹੈ ਤਾਂ ਮੈਂ ਸਮਝਦਾ ਹਾਂ ਕਿ ਕਿਸੇ ਹੋਰ ਤਰੀਕੇ ਨਾਲ ਦਿੱਤਾ ਜਾਵੇ। ਜਿਸ ਤਰ੍ਹਾਂ ਜਿਪਸਮ ਹੈ, ਪੰਜਾਬ ਵਿਚ ਜ਼ਿਆਦਾ ਰਕਬਾ ਸ਼ੋਰੇ ਦੇ ਥੱਲੇ ਆਉਂਦਾ ਹੈ, ਸ਼ੋਰੇ ਵਿਚ ਪਾਣੀ ਖੇਤਾਂ ਵਿਚ ਛੱਡਣਾ ਪੈਂਦਾ ਹੈ ਅਤੇ ਫਿਰ ਕੱਢ ਕਰਨਾ ਪੈਂਦਾ ਹੈ ਜਿਸ ਨਾਲ ਜ਼ਮੀਨ ਦੀ ਪਲੇਅ ਖਤਮ ਹੋ ਜਾਂਦੀ ਹੈ। ਜਿਪਸਮ ਅਜਿਹੀ ਚੀਜ਼ ਹੈ ਜੋ ਜ਼ਮੀਨ ਵਿਚ ਪਲੇਅ ਦਿੰਦੀ ਹੈ ਅਤੇ ਫਸਲ ਜ਼ਿਆਦਾ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਜ਼ਿਮੀਂਦਾਰ ਨੂੰ ਜਿਪਸਮ ਦੀ ਬਹੁਤ ਜ਼ਿਆਦਾ ਲੋੜ ਹੈ। ਜਦੋਂ ਸਾਡੀ ਸਰਕਾਰ ਸੀ। ਉਦੋਂ 17 ਰੁਪਏ ਥੈਲਾ ਜਿਪਸਮ ਦੀ ਕੀਮਤ ਸੀ ਪਰੰਤੂ ਸਾਬਕਾ ਖੇਤੀਬਾੜੀ ਮੰਤਰੀ ਸਰਦਾਰ ਦਿਲਬਾਗ ਸਿੰਘ ਜੀ ਜਿਹੜੇ ਕਿ ਇਸ ਸਦਨ ਵਿਚ ਨਹੀਂ ਰਹੇ, ਉਨ੍ਹਾਂ ਨੇ ਬੜੀ ਘੋਖ ਕਰਕੇ 17 ਰੁਪਏ ਤੋਂ ਥੱਲੇ ਲਿਆਕੇ ਪਹਿਲਾਂ ਪੰਜ ਰੁਪਏ ਅਤੇ ਫਿਰ ਛੇ ਰੁਪਏ ਕੀਤੀ ਜਿਸ ਨਾਲ ਮੈਂ ਸਮਝਦਾ ਹਾਂ ਪਿਛਲੇ 20 ਸਾਲਾਂ ਦਾ ਰਿਕਾਰਡ ਟੁੱਟਿਆ। ਸਸਤੀ ਜਿਪਸਮ ਕਿਸਾਨਾਂ ਨੂੰ ਮਿਲੀ। ਪੈਦਾਵਾਰ ਵਿਚ ਵਾਧਾ ਹੋਇਆ। ਛੇ ਰੁਪਏ ਕਰਨ ਨਾਲ ਕਾਰਪੋਰੇਸ਼ਨ ਨੇ ਰੌਲਾ-ਰੱਪਾ ਪਾਇਆ। ਜਿਸ ਕਾਰਨ ਫਿਰ ਦੁਬਾਰਾ 17-18 ਰੁਪਏ ਕੀਮਤ ਇਸ ਦੀ ਬਣ ਗਈ। ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਪਸਮ ਤੇ ਸੈਂਟਰ ਸਰਕਾਰ 450 ਰੁਪਏ ਪ੍ਰਤੀ ਟਨ ਸਬਸਿਡੀ ਦਿੰਦੀ ਹੈ। ਜਿਪਸਮ ਰਾਜਸਥਾਨ ਵਿਚੋਂ ਆਉਂਦੀ ਹੈ। ਉਥੇ ਉਸਦੀ ਕੀਮਤ 215 ਪ੍ਰਤੀ ਟਨ ਦੇ ਕਰੀਬ ਹੁੰਦੀ ਹੈ ਔਰ ਟਰੱਕਾਂ ਦਾ ਭਾੜਾ ਪਾ ਕੇ 400 ਰੁਪਏ ਤੱਕ ਪੈਂਦੀ ਹੈ ਪਰ ਸੈਂਟਰ ਸਰਕਾਰ 450/- ਰੁਪਏ ਸਬਸਿਡੀ ਦਿੰਦੀ ਹੈ। ਮੈਂ ਸਮਝਦਾ ਹਾਂ ਕਿ ਬਾਦਲ ਸਾਹਿਬ ਇਸ ਤੇ ਗੌਰ ਕਰਨਗੇ ਤਾਂ ਕਿ ਪੰਜਾਬ ਵਿਚ ਜਿਪਸਮ ਕਿਸਾਨਾਂ ਨੂੰ ਮੁਫ਼ਤ ਦਿੱਤੀ ਜਾ ਸਕੇ। ਇਸ ਨਾਲ ਕਿਸਾਨਾਂ ਨੂੰ ਕਾਫੀ ਫਾਇਦਾ ਹੋ ਸਕਦਾ ਹੈ।

ਦੂਸਰੀ ਗੱਲ ਬਿਜਲੀ ਦੀ 24 ਘੰਟੇ ਸਪਲਾਈ ਦੀ ਹੈ। ਕਈ ਮੈਂਬਰਾਂ ਨੇ ਦੱਸਿਆ ਕਿ ਬਿਜਲੀ ਦੀ 24 ਘੰਟੇ ਸਪਲਾਈ ਨੌਂ ਦਸ ਹਜ਼ਾਰ ਪਿੰਡਾਂ ਵਿਚ ਹੈ। ਜਦੋਂ ਬਰਾੜ ਸਾਹਿਬ ਮੁੱਖ ਮੰਤਰੀ ਸਨ ਤਾਂ ਮੈਂ ਬਿਜਲੀ ਦੇ ਮਹਿਕਮੇ ਦਾ ਸਟੇਟ ਮਨਿਸਟਰ ਸੀ। ਅਸਲੀ ਗੱਲ ਇਹ ਹੈ ਕਿ ਸਿਰਫ 700-800 ਪਿੰਡਾਂ ਵਿਚ ਹੀ 24 ਘੰਟੇ ਬਿਜਲੀ ਦੀ ਸਪਲਾਈ ਹੈ ਸ਼ਹਿਰਾਂ ਦੇ ਨਾਲ ਨਾਲ ਪਿੰਡਾਂ ਨੂੰ ਵੀ ਬਰਾਬਰ ਦੀਆਂ ਸਹੂਲਤਾਂ ਚਾਹੀਦੀਆਂ ਹਨ।

Original with;
Punjab Vidhan Sabha
Digitized by;
Panjab Digital Library

ਕਿਉਂਕਿ ਪਿੰਡਾਂ ਵਿਚ ਵੀ ਛੋਟੇ ਬੱਚੇ ਹਨ, ਬਜ਼ੁਰਗ ਹਨ, ਮਾਤਾਵਾਂ ਹਨ ਅਤੇ ਉਨ੍ਹਾਂ ਨੂੰ ਵੀ ਪੱਖਾ ਚਲਾਉਣ ਲਈ ਚੌਵੀ ਘੰਟੇ ਬਿਜਲੀ ਦੀ ਲੋੜ ਹੈ। ਇਸ ਦੇ ਨਾਲ ਹੀ ਚੋਰੀ ਵੀ ਘਟਾਉਣੀ ਚਾਹੀਦੀ ਹੈ। ਹਰ ਸਾਲ 300 ਕਰੋੜ ਰੁਪਏ ਦੇ ਟਰਾਂਸਫਾਰਮਰ ਸੜ ਜਾਂਦੇ ਹਨ। ਜੇ ਚੌਵੀ ਘੰਟੇ ਬਿਜਲੀ ਹੋਵੇਗੀ ਤਾਂ 400-500 ਕਰੋੜ ਰੁਪਏ ਖਰਚ ਹੋਣਗੇ। ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕਿਹਾ ਗਿਆ ਹੈ ਕਿ ਤਿੰਨ ਸਾਲਾਂ ਵਿਚ 24 ਘੰਟੇ ਦੀ ਸਪਲਾਈ ਦਿੱਤੀ ਜਾਵੇਗੀ। ਜੇ ਸਾਰਿਆਂ ਪਿੰਡਾਂ ਨੂੰ ਬਿਜਲੀ ਮਿਲ ਗਈ ਤਾਂ ਬਹੁਤ ਵਧੀਆ ਹੋਵੇਗਾ।

ਇਸੇ ਤਰ੍ਹਾਂ ਕਈ ਮੈਂਬਰਾਂ ਨੇ ਵੀ ਕਿਹਾ ਹੈ ਔਰ ਬਾਦਲ ਸਾਹਿਬ ਨੇ ਵੀ ਕਿਹਾ ਸੀ ਕਿ ਅਸੀਂ ਟਕਰਾਓ ਦੀ ਨੀਤੀ ਨਹੀਂ ਚਲਾਉਣੀ ਪਰੰਤੂ ਕਈ ਮੈਂਬਰਾਂ ਨੇ ਜਦੋਂ ਭਾਸ਼ਣ ਦਿੱਤਾ ਤਾਂ ਉਹ ਗਵਰਨਰ ਐਡਰੈਸ ਤੇ ਘੱਟ ਬੋਲੇ ਪਰ ਉਹ ਟਕਰਾਓ ਦੀ ਗੱਲ ਜ਼ਿਆਦਾ ਕਰਦੇ ਰਹੇ। ਮੈਂ ਸੁਨਾਮ ਤੋਂ ਜਿੱਤ ਕੇ ਆਇਆ ਹਾਂ ਔਰ ਦੂਸਰੀ ਵਾਰ ਆਇਆ ਹਾਂ ਖਿਆਲਾ ਸਾਹਿਬ ਮੇਰੇ ਨਾਲ ਲੱਗਦੇ ਹਲਕੇ ਤੋਂ ਚੁਣ ਕੇ ਆਏ ਹਨ। ਇਹ ਪਹਿਲਾਂ ਭੀ 2-3 ਵਾਰ ਵਿਧਾਇਕ ਰਹੇ ਹਨ। ਇਨ੍ਹਾ ਨੇ ਕਾਂਗਰਸ ਸਰਕਾਰ ਦੀ ਕਿਸੇ ਚੰਗੀ ਗੱਲ ਦਾ ਜ਼ਿਕਰ ਨਹੀਂ ਕੀਤਾ। ਸਿਰਫ ਇਹੀ ਕਿਹਾ ਕਿ ਅੱਤਵਾਦ ਕਾਂਗਰਸ ਨੇ ਪੈਦਾ ਕੀਤਾ। ਹੋਰ ਇਨ੍ਹਾਂ ਨੇ ਕਿਸੇ ਚੰਗੀ ਗੱਲ ਦਾ ਕੋਈ ਜ਼ਿਕਰ ਵੀ ਨਹੀਂ ਕੀਤਾ। ਇਨ੍ਹਾਂ ਕਿਹਾ ਕਿ ਮਨਿਸਟਰਾਂ ਜਾਂ ਐਮ.ਐਲ.ਏਜ਼ ਦੀਆਂ ਜੇਬਾਂ ਵਿਚ ਚੈਕ ਹੁੰਦੇ ਸਨ ਔਰ ਇਹ ਕਮਿਸ਼ਨ ਲੈਕੇ ਪੈਸੇ ਦਿੰਦੇ ਸਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਇਸਦੀ ਪੜਤਾਲ ਕਰਵਾ ਲਓ ਮੇਰਾ ਹਲਕਾ ਸੁਨਾਮ ਹੈ। ਇਨ੍ਹਾਂ ਦਾ ਹਲਕਾ ਜੇਗਾ ਹੈ। ਸੰਗਰੂਰ ਜ਼ਿਲ੍ਹੇ ਵਿਚੋਂ 2-3 ਹੋਰ ਵੀ ਐਮ.ਐਲ.ਏ. ਬੈਠੇ ਹਨ। ਅਸੀਂ ਵੀ ਚੈਕ ਵੰਡੇ ਹਨ। ਇਹ ਦੱਸਣ ਕਿ ਅਸੀਂ ਕਿਥੇ ਕਮਿਸ਼ਨ ਲਈ ਹੈ। ਅਸੀਂ ਜਵਾਬ ਦੇਹ ਹਾਂ। ਇਹ ਠੀਕ ਹੈ ਕਿ ਅਮਨ ਤੇ ਸ਼ਾਂਤੀ ਹੋਈ ਹੈ, ਖੇਤੀਬਾੜੀ ਦਾ ਉਤਪਾਦਨ ਵਧਿਆ, ਸੜਕਾਂ ਮਾੜੇ ਸਮੇਂ ਬਣੀਆਂ, ਸਕੂਲ ਅਪਗਰੇਡ ਹੋਏ, ਡਿਸਪੈਂਸਰੀਆਂ ਵੀ ਬਣੀਆਂ, ਬਿਜਲੀ ਦਾ ਉਤਪਾਦਨ ਵਧਿਆ, ਨਵੇਂ ਸਬ ਸਟੇਸ਼ਨ ਲੱਗੇ, ਇੰਡਸਟਰੀ 13ਵੇਂ ਨੰਬਰ ਤੋਂ ਤੀਜੇ ਨੰਬਰ ਤੇ ਆ ਗਈ ਅਤੇ ਲੋਕਾਂ ਦੀਆਂ ਪੈਨਸ਼ਨਾਂ ਲੱਗੀਆਂ, ਇਹ ਸਭ ਕਾਂਗਰਸ ਸਰਕਾਰ ਦੇ ਸਮੇਂ ਹੋਇਆ। ਸਾਬਕਾ ਸਰਕਾਰ ਨੇ ਕਈ ਮੁੱਦੇ ਚੁੱਕੇ ਜਿਸ ਨਾਲ ਕੁਰੱਪਸ਼ਨ ਖਤਮ ਹੋਈ ਹੈ। ਕਾਂਗਰਸ ਸਰਕਾਰ ਤੋਂ ਪਹਿਲਾਂ ਜੋ ਬੱਸਾਂ ਤੇ ਲੰਪ-ਸਮ ਟੈਕਸ ਲੈਣ ਦੀ ਪਾਲਿਸੀ ਸੀ, ਉਹ ਕੀ ਸੀ ? ਬਾਦਲ ਸਾਹਿਬ ਆਪ ਟਰਾਂਸਪੋਰਟਰ ਹਨ। ਸਾਰੇ ਪੰਜਾਬ ਵਿਚੋਂ 18 ਕਰੋੜ ਰੁਪਿਆ ਟੈਕਸ ਵਜੋਂ ਆਉਂਦਾ ਸੀ ਪਰੰਤੂ ਅੱਜ ਦੋ ਸੌ ਕਰੋੜ ਰੁਪਿਆ ਆਉਂਦਾ ਹੈ। ਸਰਦਾਰ ਦਿਲਬਾਗ ਸਿੰਘ, ਸਾਬਕਾ ਖੇਤੀਬਾੜੀ ਮੰਤਰੀ, ਖੁਦ ਟਰਾਂਸਪੋਰਟਰ ਸੀ, ਮੈਂ ਵੀ ਟਰਾਂਸਪੋਰਟਰ ਹਾਂ, ਬਾਦਲ ਸਾਹਿਬ ਵੀ ਟਰਾਂਸਪੋਰਟਰ ਹਨ, ਹੈਨਰੀ ਸਾਹਿਬ ਹਨ, ਸਾਹਨੀ ਸਾਹਿਬ ਹਨ, ਸਭ ਤੋਂ ਪਹਿਲਾਂ ਜਦੋਂ ਲੰਪਸੰਮ ਟੈਕਸ ਲਾਉਣ ਦੀ ਗੱਲ ਆਈ ਤਾਂ ਸਭ ਤੋਂ ਪਹਿਲਾਂ ਦਿਲਬਾਗ ਸਿੰਘ ਨੇ ਹੱਥ ਖੜ੍ਹਾ ਕੀਤਾ ਸੀ ਕਿ ਲੰਪਸੰਮ ਟੈਕਸ ਹੋਣਾ ਚਾਹੀਦਾ ਹੈ ਔਰ ਚੋਰੀ ਖਤਮ ਹੋਣੀ ਚਾਹੀਦੀ ਹੈ। ਇਸੇ ਤਰੀਕੇ ਨਾਲ ਪੰਜਾਬ ਸਰਕਾਰ ਨੇ ਇਸ ਨੂੰ 18 ਕਰੋੜ ਰੁਪਏ ਤੋਂ ਵਧਾ ਕੇ 2 ਸੌ ਕਰੋੜ ਰੁਪਏ ਤੱਕ ਲਿਆਂਦਾ ਹੈ...

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਸ਼੍ਰੀ ਭਗਵਾਨ ਦਾਸ ਅਰੋੜਾ ਸਾਹਿਬ, ਜਲਦੀ ਦੋ ਤਿੰਨ ਮਿੰਟਾਂ ਵਿਚ ਖ਼ਤਮ ਕਰੋ ।

**ਸ਼੍ਰੀ ਭਗਵਾਨ ਦਾਸ ਅਰੋੜਾ**: ਮੈਂ ਵੀ ਟਰਾਂਸਪੋਰਟਰ ਹਾਂ ਔਰ ਬਾਦਲ ਸਾਹਿਬ ਵੀ ਟਰਾਂਸਪੋਰਟਰ ਹਨ । ਮੈਂ ਬਾਦਲ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਕਸੀਮੱਮ ਲੋਕ ਡਰਾਈਵਿੰਗ ਲਾਈਸੰਸ ਬਣਵਾਉਂਦੇ ਹਨ । ਅੱਜ ਕੱਲ੍ਹ ਜਦੋਂ ਕੋਈ ਨਵਾਂ ਟਰੈਕਟਰ ਲੈਣ ਜਾਂਦਾ ਹੈ, ਤਾਂ ਜਦੋਂ ਉਹ ਸਟੇਰਿੰਗ ਤੇ ਬੈਠਦਾ ਹੈ, ਤਾਂ ਉਹ ਟਰੈਕਟਰ ਚਲਾਉਣਾ ਸਿੱਖ ਜਾਂਦਾ ਹੈ । ਟਰੱਕਾਂ ਤੇ ਬੱਸਾਂ ਦਾ ਡਰਾਈਵਿੰਗ ਲਾਈਸੰਸ ਬਣਾਉਣ ਦਾ ਤਰੀਕਾ ਬੜਾ ਲੰਬਾ ਚੌੜਾ ਹੈ । ਅਗਰ ਇਹ ਲਾਈਸੰਸ ਜਲਦੀ ਬਣਾਏ ਜਾਣ ਤਾਂ ਪੰਜਾਬ ਦੀ ਬੇਰੁਜ਼ਗਾਰੀ ਘਟ ਸਕਦੀ ਹੈ । ਲੇਕਿਨ ਇਹ ਜੋ ਪ੍ਰੋਸੀਜਰ ਹੈ, ਇਹ ਤਿੰਨ ਜਾਂ ਚਾਰ ਸਾਲ ਦਾ ਲੰਬਾ ਹੋ ਗਿਆ ਹੈ । ਅੱਜ ਕੋਈ ਵੀ ਨੌਜਵਾਨ ਜੋ ਅੱਠ ਜਾਂ ਦਸ ਜਮਾਤਾਂ ਪੜ੍ਹਿਆ ਹੁੰਦਾ ਹੈ, ਉਸ ਨੂੰ ਮਹੀਨੇ ਜਾਂ ਦੋ ਮਹੀਨੇ ਵਿਚ ਲਾਈਸੰਸ ਮਿਲ ਜਾਣਾ ਚਾਹੀਦਾ ਹੈ । ਸਾਡੀ ਸਰਕਾਰ ਨੇ ਇਸ ਬਾਰੇ ਸੋਚਿਆ ਸੀ ਕਿ ਇਕ ਮਹੀਨੇ ਵਿੱਚ ਲਰਨਿੰਗ ਲਾਈਸੰਸ ਬਣੇ ਔਰ ਉਸ ਤੋਂ ਬਾਅਦ ਪੱਕਾ ਬਣੇ ।

ਹੁਣ ਮੈਂ ਟਰੱਕਾਂ ਤੇ ਬੱਸਾਂ ਦੀ ਪਾਸਿੰਗ ਦੀ ਗੱਲ ਕਰਨੀ ਚਾਹੁੰਦਾ ਹਾਂ । ਇਹ ਠੀਕ ਹੈ ਕਿ ਬਾਦਲ ਸਾਹਿਬ ਨੇ ਵਾਅਦਾ ਕੀਤਾ ਹੈ ਕਿ ਕੁਰੱਪਸ਼ਨ ਖਤਮ ਕਰਾਂਗੇ । ਮੈਂ ਸਮਝਦਾ ਹਾਂ ਕਿ ਜੇ ਬਾਦਲ ਸਾਹਿਬ ਕੁਰੱਪਸ਼ਨ ਖਤਮ ਕਰ ਦੇਣਗੇ, ਤਾਂ ਅਗਲੀ ਸਰਕਾਰ ਵੀ ਇਨ੍ਹਾਂ ਦੀ ਹੀ ਬਣੇਗੀ । ਅੱਤਵਾਦ ਵੀ ਖਤਮ ਹੋ ਜਾਵੇਗਾ, ਵਿਕਾਸ ਵੀ ਹੋਵੇਗਾ ਔਰ ਨਾਲ ਹੀ ਕੁਰੱਪਸ਼ਨ ਵੀ ਖਤਮ ਹੋਵੇਗੀ । ਟਰੱਕਾਂ ਅਤੇ ਬੱਸਾਂ ਦੀ ਪਾਸਿੰਗ ਦੀ ਸਰਕਾਰੀ ਫੀਸ 150 ਰੁਪਏ ਹੈ । ਪਹਿਲਾਂ ਇਸ ਦੀ ਕੋਈ ਫੀਸ ਨਹੀਂ ਸੀ, ਪਹਿਲਾਂ ਸਿਰਫ 250 ਰੁਪਏ ਰਿਸ਼ਵਤ ਦਿੱਤੀ ਜਾਂਦੀ ਸੀ ਔਰ ਹੁਣ 750 ਰੁਪਏ ਰਿਸ਼ਵਤ ਹੈ । ਜਿਹੜੇ ਹਲਕੇ ਵਿਚ ਜਿਥੇ ਕਹੋ ਫੜਾ ਸਕਦੇ ਹਾਂ ।

ਸੜਕਾਂ ਦੀ ਗੱਲ ਵੀ ਬਹੁਤ ਜ਼ਰੂਰੀ ਹੈ । ਪਹਿਲਾਂ ਜਦੋਂ ਦਿੱਲੀ ਤੋਂ ਆਉਂਦੇ ਸੀ, ਤਾਂ ਹਰਿਆਣੇ ਤੱਕ ਸੁਤੇ ਆਉਂਦੇ ਸੀ ਔਰ ਜਦੋਂ ਪੰਜਾਬ ਵਿੱਚ ਐਂਟਰ ਹੁੰਦੇ ਸੀ ਤਾਂ ਪਤਾ ਲੱਗਦਾ ਸੀ ਕਿ ਪੰਜਾਬ ਸ਼ੁਰੂ ਹੋ ਗਿਆ ਹੈ । ਪਰ ਹੁਣ ਉਲਟ ਹੈ, ਹੁਣ ਪੰਜਾਬ ਵਿੱਚ ਤਾਂ ਸੁੱਤੇ ਜਾਂਦੇ ਹਾਂ ਪਰ ਜਦੋਂ ਹਰਿਆਣੇ ਵਿਚ ਜਾਂਦੇ ਹਾਂ, ਤਾਂ ਜਾਗ ਖੁਲ੍ਹ ਜਾਂਦੀ ਹੈ । ਇਹ ਤੁਹਾਡੇ ਸਾਰਿਆਂ ਦੇ ਸਾਹਮਣੇ ਹੈ । ਇਹ ਸਾਬਕਾ ਸਰਕਾਰ ਨੇ, ਕਾਂਗਰਸ ਸਰਕਾਰ ਨੇ ਕੀਤਾ ਹੈ, ਠੀਕ ਹੈ, ਪਾਰਟੀ ਵਿੱਚ ਕਈ ਤਰ੍ਹਾਂ ਦੀਆਂ ਲੜਾਈਆਂ ਹੁੰਦੀਆਂ ਹਨ ਪਰ ਇਹ ਸਾਰਾ ਕੁਝ ਕਾਂਗਰਸ ਸਰਕਾਰ ਨੇ ਕੀਤਾ ਹੈ ।

**ਸ਼੍ਰੀ ਸਪੀਕਰ**: ਅਰੋੜਾ ਜੀ, ਤੁਹਾਡਾ ਧੰਨਵਾਦ ।

**ਸ਼੍ਰੀ ਭਗਵਾਨ ਦਾਸ ਅਰੋੜਾ**: ਇੱਕ ਮਿੰਟ ਜੀ, । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ । ਡਸਕੇ-ਬਹਾਦਰਪੁਰ ਸੜਕ ਵਾਸਤੇ ਆਰ. ਡੀ. ਐਫ. ਤੋਂ ਮਹਿਕਮੇ ਨੇ ਪੈਸੇ ਲੈ ਲਏ ਪਰ ਇਸਦੇ ਦੌਰਾਨ ਇਹ ਸੜਕ ਬਣਾਉਣ ਤੇ ਰੋਕ ਲਾ ਦਿਤੀ ਹੈ ਔਰ ਪੈਸੇ ਜਮ੍ਹਾਂ ਹੋ ਗਏ ਹਨ । ਮੈਂ ਪੁੱਛਦਾ ਹਾਂ ਕਿ ਇਹ ਜੋ ਬਾਦਲ ਸਾਹਿਬ ਨੇ ਰੋਕੀ ਹੈ, ਤਾਂ ਕਿਉਂ ਰੋਕੀ ਹੈ ? ਉਥੇ ਇੰਸਟ੍ਰਕਸ਼ਨਾਂ ਪਹੁੰਚ ਗਈਆਂ ਕਿ ਪਹਿਲਾਂ

Original with;
Punjab Vidhan Sabha
Digitized by;
Panjab Digital Library

ਜੋ ਪਹਿਲੇ ਪੈਸੇ ਹਨ, ਉਨ੍ਹਾਂ ਨਾਲ ਸੜਕ ਬਣਾਉ। ਇਸ ਉਪਰ ਇਕੱਲੇ ਕਾਂਗਰਸ ਵਾਲਿਆਂ ਨੇ ਤਾਂ ਲੰਘਣਾ ਨਹੀਂ ਬਲਕਿ ਸਾਰਿਆਂ ਨੇ ਲੰਘਣਾ ਹੈ, ਇਹ ਸਾਰਿਆਂ ਵਾਸਤੇ ਹੈ। ਡਸਕੇ-ਬਹਾਦਰਪੁਰ ਹੁਣ 14 ਕਿਲੋਮੀਟਰ ਹੈ ਔਰ ਇਹ ਸਿੱਧੀ ਸੜਕ ਬਣਨ ਨਾਲ 8 ਕਿਲੋਮੀਟਰ ਰਹਿ ਜਾਂਦਾ ਹੈ। ਇਹੋ ਜਿਹੇ ਕੰਮ ਨਹੀਂ ਰੋਕਣੇ ਚਾਹੀਦੇ।

ਅਗਲੀ ਗੱਲ, ਅਨੁਸੂਚਿਤ ਜਾਤੀਆਂ ਨੂੰ 5100/- ਰੁਪਏ ਸ਼ਗਨ ਵਜੋਂ ਦੇਣ ਦੀ ਹੈ। ਮੈਂ ਸਮਝਦਾ ਹਾਂ ਕਿ ਗੁਰਦੁਆਰੇ ਤੇ ਮੰਦਰ ਬਨਾਉਣ ਨਾਲੋਂ ਇਹ ਗੱਲ ਬਹੁਤ ਚੰਗੀ ਹੈ। ਇਸ ਵਾਸਤੇ ਮੇਰਾ ਤਜਰਬਾ ਵੀ ਹੈ। ਜਦੋਂ ਮੈਂ ਪਿਛਲੀ ਵਾਰ ਐਮ. ਐਲ. ਏ. ਬਣਿਆ ਸੀ. ਮੈਂ ਮਨਿਸਟਰ ਵੀ ਰਿਹਾ ਹਾਂ ਔਰ ਮੈਂ ਆਪਣੀ ਸਾਰੀ ਦੀ ਸਾਰੀ ਤਨਖਾਹ ਐਸੋਸੀਏਸ਼ਨ ਵਿਚ ਦਿੰਦਾ ਰਿਹਾ ਹਾਂ। ਇੱਕ ਐਸੀ ਐਸੋਸੀਏਸ਼ਨ ਬਣਾਈ ਸੀ, ਜਿਸ ਦਾ ਮੈਂ ਚੇਅਰਮੈਨ ਸੀ। ਇਹ ਐਸੋਸੀਏਸ਼ਨ ਗਰੀਬ ਲੜਕੀਆਂ ਦੀ ਸ਼ਾਦੀ ਕਰਦੀ ਸੀ। ਮੈਂ ਸਮਝਦਾ ਹਾਂ ਕਿ ਇਸ ਵਿਚ ਅਮੈਂਡਮੈਂਟ ਕਰ ਦੇਣੀ ਚਾਹੀਦੀ ਹੈ ਕਿਉਂਕਿ ਕਈ ਥਾਵਾਂ ਤੇ ਗਰੀਬ ਲੋਕਾਂ ਨੂੰ ਪੈਸੇ ਮਿਲਣੋਂ ਰਹਿ ਜਾਂਦੇ ਹਨ ਅਤੇ ਉਨ੍ਹਾਂ ਤੋਂ ਬਾਹਰ ਦੀ ਬਾਹਰ ਹੀ ਕਰਜਾ ਲੈਣ ਵਾਲੇ ਦੁਕਾਨਦਾਰ ਲੈ ਜਾਂਦੇ ਹਨ। ਇਸ ਕਰਕੇ ਅਸੀਂ ਨਕਦ ਪੈਸੇ ਨਾ ਦੇਈਏ ਬਲਕਿ ਸਾਈਕਲ ਜਾਂ ਮਸ਼ੀਨ ਵਗੈਰਾ, ਇਸ ਤਰ੍ਹਾਂ ਦਾ ਸਮਾਨ ਦਿੱਤਾ ਜਾਵੇ। ਅਸੀਂ 5,100 ਰੁਪਿਆ ਤਾਂ ਨਹੀਂ ਦਿੰਦੇ ਸੀ ਸਗੋਂ 2,500/- ਰੁਪਿਆ ਦਿੰਦੇ ਸੀ ਔਰ ਉਹ ਨਕਦ ਨਹੀਂ ਦਿੰਦੇ ਸੀ ਬਲਕਿ ਇਕ ਸਾਇਕਲ, ਇਕ ਮਸ਼ੀਨ ਔਰ 18 ਜਾਂ 20 ਭਾਂਡੇ ਦਿੰਦੇ ਸੀ ਤੇ ਬਾਕੀ ਪੰਜ ਸੌ ਨਕਦ ਦਿੰਦੇ ਸੀ। ਜਿਨ੍ਹਾਂ ਸਮਾਂ ਵੀ ਮੈਂ ਰਿਹਾ ਹਾਂ, ਇਹ ਦਿੰਦਾ ਰਿਹਾ ਹਾਂ ਔਰ ਇਹ ਇਕ ਬਹੁਤ ਵਧੀਆ ਸਕੀਮ ਹੈ। ਨਕਦੀ ਦੀ ਬਜਾਏ ਮੈਂ ਸਮਝਦਾ ਹਾਂ ਕਿ ਬਾਦਲ ਸਾਹਿਬ ਵੀ ਲੋਕਾਂ ਨੂੰ ਸਾਮਾਨ ਦੇਣ ਕਿਉਂਕਿ ਕੋਈ ਵੀ ਵਿਅਕਤੀ ਸਾਮਾਨ ਨੂੰ ਨਹੀਂ ਵੇਚੇਗਾ ਤੇ ਉਹ ਇਹ ਸਾਮਾਨ ਆਪਣੀ ਲੜਕੀ ਨੂੰ ਦੇਵੇਗਾ। ਇੰਨਾਂ ਕੁਝ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿਉਂਕਿ ਸਮੇਂ ਦੀ ਬੜੀ ਘਾਟ ਹੈ।

**ਸ਼੍ਰੀ ਸਪੀਕਰ:** ਇਸ ਤੋਂ ਪਹਿਲਾਂ ਕਿ ਮੈਂ ਅਗਲੇ ਸਪੀਕਰ (ਮਾਨਯੋਗ ਮੈਂਬਰ) ਦਾ ਨਾਮ ਲਵਾਂ, ਮੈਂ ਇੱਕ ਅਨਾਊਂਸਮੈਂਟ ਕਰਨੀ ਚਾਹੁੰਦਾ ਹਾਂ। ਅੱਜ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਦਾ ਮਤਾ ਪਾਸ ਹੋਣ ਉਪਰੰਤ 4.00 ਵਜੇ ਰਾਜ ਭਵਨ ਵਿਚ ਸਾਰੇ ਮਾਨਯੋਗ ਮੈਂਬਰਾਂ ਲਈ ਗਵਰਨਰ ਸਾਹਿਬ ਨੇ ਚਾਹ ਦਾ ਪ੍ਰਬੰਧ ਕੀਤਾ ਹੈ। ਚਾਹ ਤੋਂ ਬਾਅਦ ਸਾਰੇ ਮਾਨਯੋਗ ਮੈਂਬਰਾਂ ਦੀ ਗਵਰਨਰ ਸਾਹਿਬ ਦੇ ਨਾਲ ਫੋਟੋ ਹੋਵੇਗੀ। ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰ ਰਿਹਾ ਹਾਂ ਕਿ ਠੀਕ 4.00 ਵਜੇ ਸ਼ਾਮ ਨੂੰ ਪੰਜਾਬ ਰਾਜ ਭਵਨ ਪਹੁੰਚਣ ਦੀ ਖੇਚਲ ਕੀਤੀ ਜਾਵੇ। ਹੁਣ ਇਸ ਤੋਂ ਬਾਅਦ ਸ਼੍ਰੀ ਨੁਸਰਤ ਅਲੀ ਖਾਂ ਜੀ ਬੋਲਣ।

**श्री नुसरत अली खाँ** (मालेर कोटला): मोहतरम स्पीकर साहिब, आप ने जो मुझे वक्त दिया है, उस के लिए बहुत बहुत शुक्रिया। गर्वनर साहिब के भाषण पर हमें बहुत कुछ सुनने को मिला है। एक शेयर है :

वक्त आने पर तुझे बता देंगे ऐ आस्मां,
हम अभी से क्या बताए क्या हमारे दिल में है।

Original with;
Punjab Vidhan Sabha
Digitized by;
Panjab Digital Library

[श्री नुसरत अली खां]

इन्शा अल्ला, अभी तो वक्त शुरु हुआ है । सरदार प्रकाश सिंह बादल के इन्शा अल्ला खजाने भी भरे जाएंगे और काम भी होंगे । साथ ही साथ पंजाब में हिन्दु-मुस्लिम-सिक्ख एकता पर भी पूरा जोर दिया जाएगा । बहुत सी साजिशें हमारे खिलाफ चल रही हैं, खास तौर पर मालेर कोटला मे अभी से कुछ ऐसे मुद्दे सामने आए हैं ।शिवरात्री पर भी हमें नुक्सान पहुँचाने की कोशिश की गई लेकिन खुदा-उल-करीम ने उन के मुंह पर तमाचा मारा और अमन के साथ हमारा वह जलूस हुआ । क्योंकि हम अमन चाहते हैं, हमें उमीद है कि खुदा हमे अमन देंगे और देकर रहेंगे । इन लोगों की सभी साजिशें खुदा फेल करेगा । पंजाब के मसाइल पर हमारे जो मोहतरम विद्यायक हैं, एम. एल. ए. हैं, उन्होंने रौशनी डाली है । उनका बहुत शुक्रिया । मैं और वक्त नहीं लूँगा क्योंकि बार बार वक्त पर टोका जा रहा है । इस लिए मैं मुआफी मांग लेता हूँ । शुक्रिया ।

**ਸ੍ਰੀਮਤੀ ਜਗੀਰ ਕੌਰ (ਭੁਲੱਥ):** ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਆਪਣਾ ਫਰਜ਼ ਸਮਝਾਂਗੀ ਕਿ ਤੁਹਾਡਾ ਧੰਨਵਾਦ ਕਰਾਂ ਕਿ ਤੁਸੀਂ ਗਵਰਨਰ ਸਾਹਿਬ ਜੀ ਦੇ ਭਾਸ਼ਣ ਉਤੇ ਧੰਨਵਾਦ ਦੇ ਮਤੇ ਤੇ ਬੋਲਣ ਲਈ ਮੈਨੂੰ ਸਮਾਂ ਬਖਸ਼ਿਸ਼ ਕੀਤਾ ਹੈ । ਸਰਦਾਰ ਬਲਦੇਵ ਸਿੰਘ ਜੀ ਖਿਆਲਾ ਨੇ ਇਹ ਮਤਾ ਇਥੇ ਰਖਿਆ ਹੈ ਔਰ ਸਰਦਾਰ ਮਨਪ੍ਰੀਤ ਸਿੰਘ ਬਾਦਲ ਵਲੋਂ ਇਸ ਦੀ ਤਾਈਦ ਕੀਤੀ ਗਈ ਹੈ । ਮੈਂ ਆਪਣੇ ਵਿਚਾਰਾਂ ਦੇ ਰਾਹੀਂ, ਉਨ੍ਹਾਂ ਦੀ ਪ੍ਰੋੜਤਾ ਕਰਨ ਲਈ ਖੜ੍ਹੀ ਹੋਈ ਹਾਂ । ਕਿਸੇ ਪਾਰਟੀ ਦਾ ਲੇਖਾ ਜੋਖਾ ਉਸ ਦੇ ਗੁਣਾਂ ਤੋਂ. ਉਸਦੇ ਕੀਤੇ ਹੋਏ ਕੰਮਾਂ ਤੋਂ ਪਤਾ ਲਗਦਾ ਹੈ । ਪਿਛਲੇ ਸਮੇਂ ਦੇ ਵਿੱਚ ਕੀ ਹੋਇਆ, ਆਣ ਵਾਲੇ ਸਮੇਂ ਦੇ ਵਿਚ ਸਾਡੀ ਸਰਕਾਰ ਕੀ ਕਰਨ ਜਾ ਰਹੀ ਹੈ, ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਅੰਦਰ ਇਸ ਬਾਰੇ ਬਹੁਤ ਸੋਹਣੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ । ਸਪੀਕਰ ਸਾਹਿਬ, ਪਿਛਲੇ ਸਮੇਂ ਵਿੱਚ ਜੋ ਸੰਤਾਪ 10 ਸਾਲਾਂ ਵਿੱਚ ਪੰਜਾਬ ਦੀ ਧਰਤੀ ਉਤੇ ਲੋਕਾਂ ਨੇ ਹੰਢਾਇਆ ਹੈ, ਉਸ ਦਾ ਪ੍ਰਗਟਾਵਾ 7 ਫਰਵਰੀ, 1997 ਨੂੰ ਲੋਕਾਂ ਨੇ ਆਪਣੀਆਂ ਭਾਵਨਾਵਾਂ ਦੁਆਰਾ ਕੀਤਾ ਹੈ । ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਆਪਣੀਆਂ ਭਾਵਨਾਵਾਂ ਤੇ ਉਤਰ ਕੇ ਸ਼ਰਧਾ ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਉਨ੍ਹਾਂ ਨੇ ਜੋ ਮਾਣ ਦਿੱਤਾ ਹੈ, ਉਹ ਜ਼ਾਹਰ ਹੈ । ਉਨ੍ਹਾਂ ਲੋਕਾਂ ਨੇ ਨਵੀਂ ਸਰਕਾਰ ਚੁਣ ਕੇ ਆਪਣੀਆਂ ਭਾਵਨਾਵਾਂ ਜ਼ਾਹਰ ਕੀਤੀਆਂ ਹਨ ਜੋ ਕਿ ਉਹ ਪਿਛਲੇ ਸਮੇਂ ਵਿਚ ਦਬਾਈ ਬੈਠੇ ਸਨ । ਬੀਬੀ ਰਾਜਿੰਦਰ ਕੌਰ ਭੱਠਲ ਜੀ ਨੇ ਕਲ੍ਹ ਬਹੁਤ ਜ਼ੋਰ ਨਾਲ ਅਮਨ ਦੀ ਗਲ ਕਹੀ, ਸ਼ਾਂਤੀ ਦੀ ਗੱਲ ਕਹੀ । ਉਨ੍ਹਾਂ ਨੇ ਇਹ ਵੀ ਕਿਹਾ ਕਿ ਕਾਂਗਰਸ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਸ਼ਾਂਤੀ ਅਤੇ ਅਮਨ ਦਿੱਤਾ । ਮੈਂ ਇਨ੍ਹਾਂ ਆਏ ਹੋਏ ਵਿਰੋਧੀ ਧਿਰ ਦੇ ਵੀਰਾਂ ਨੂੰ ਕਹਾਂਗੀ ਕਿ ਤੁਹਾਨੂੰ ਸ਼ੱਕ ਨਹੀਂ ਰਹਿ ਜਾਣਾ ਚਾਹੀਦਾ ਕਿ ਪੰਜਾਬ ਦੇ ਲੋਕਾਂ ਨੇ ਆਪਣੀ ਸ਼ਕਤੀ ਵੋਟਾਂ ਰਾਹੀਂ ਤੁਹਾਨੂੰ ਪਛਾੜਿਆ ਹੈ । ਪੰਜਾਬ ਦੇ ਲੋਕ ਜਾਨਣਾ ਚਾਹੁੰਦੇ ਹਨ ਕਿ ਤੁਸੀਂ ਉਨ੍ਹਾਂ ਨੂੰ ਜਿਸ ਅਮਨ ਅਤੇ ਸ਼ਾਂਤੀ ਦਾ ਫਤਵਾ ਦਿਤਾ ਸੀ. ਉਹ ਅਮਨ ਕਿੱਥੇ ਸੀ । ਅੱਜ ਵੀ ਭੈਣਾਂ

Original with;
Punjab Vidhan Sabha
Digitized by;
Panjab Digital Library

ਆਪਣੇ ਭਰਾਵਾਂ ਦੀ ਉਡੀਕ ਆਪਣੇ ਹੱਥਾਂ ਵਿਚ ਰੱਖੜੀਆਂ ਫੜ ਕੇ ਕਰ ਰਹੀਆਂ ਹਨ, ਤਾਂ ਕਿ ਉਹ ਉਨ੍ਹਾਂ ਦੀ ਕਲਾਈ ਤੇ ਰੱਖੜੀ ਬੰਨ੍ਹ ਸਕਣ । ਉਹ ਉਨ੍ਹਾਂ ਨੂੰ ਬਾਰ ਵਿੱਚ ਖੜ੍ਹੀਆਂ ਉਡੀਕ ਰਹੀਆਂ ਹਨ । ਇਹ ਜਿਹੜੀ ਕਾਂਗਰਸ ਪਾਰਟੀ ਅੱਜ ਅਮਨ ਅਤੇ ਸ਼ਾਂਤੀ ਦੀ ਗੱਲ ਕਰਦੀ ਹੈ, 1984 ਵਿੱਚ ਦਿੱਲੀ ਅੰਦਰ ਜੋ ਕਤਲੋ-ਗਾਰਤ ਹੋਈ, ਉਸ ਨੂੰ ਇਸ ਨੇ ਦੰਗਿਆਂ ਦਾ ਰੂਪ ਦਿੱਤਾ । ਸ਼ਾਇਦ ਇਨ੍ਹਾਂ ਨੂੰ ਇਹ ਭੁਲੇਖਾ ਹੈ ਕਿ ਦੰਗੇ ਕਿਸ ਨੂੰ ਕਹਿੰਦੇ ਹਨ ਅਤੇ ਕਤਲ ਕਿਸ ਨੂੰ ਕਹਿੰਦੇ ਹਨ । ਦੰਗੇ ਦੋਹਾਂ ਧਿਰਾਂ ਦੇ ਆਪਸੀ ਮੁਕਾਬਲੇ ਨੂੰ ਕਹਿੰਦੇ ਹਨ ਅਤੇ ਜੇਕਰ ਕੋਈ ਇੱਕ ਧਿਰ ਦੂਜੀ ਸ਼ਾਂਤਮਈ ਅਤੇ ਨਿਹੱਥੀ ਧਿਰ ਨੂੰ ਮਾਰੇ, ਤਬਾਹ ਕਰੇ ਤਾਂ ਉਸ ਨੂੰ ਕਤਲ ਕਹਿੰਦੇ ਹਨ । ਮੈਂ ਆਪ ਜੀ ਰਾਹੀਂ ਬੇਨਤੀ ਕਰਾਂਗੀ ਕਿ ਉਨ੍ਹਾਂ 1984 ਦੇ ਕਾਤਲਾਂ ਨੂੰ ਸਜ਼ਾਵਾਂ ਦੇਣ ਸਬੰਧੀ ਜੋ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਦੁਹਰਾਇਆ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਾਂਗੀ । (ਥੰਪਿੰਗ) ਸਪੀਕਰ ਸਾਹਿਬ, ਇਕ ਇਤਿਹਾਸਕ ਫੈਸਲੇ ਅਨੁਸਾਰ ਚੰਡੀਗੜ੍ਹ ਪੰਜਾਬ ਨੂੰ ਦੇਣ ਵਾਸਤੇ ਗਵਰਨਰ ਸਾਹਿਬ ਨੇ ਆਪਣੇ ਐਡਰੈੱਸ ਵਿੱਚ ਕਿਹਾ ਹੈ, ਇਹ ਬੜੇ ਲੰਮੇ ਚਿਰ ਤੋਂ ਲਟਕਦੀ ਆ ਰਹੀ ਮੰਗ ਹੈ । ਮੈਂ ਇਸ ਦੇ ਸਬੰਧ ਵਿੱਚ ਬੇਨਤੀ ਕਰਾਂਗੀ ਕਿ ਚੰਡੀਗੜ੍ਹ ਤੇ ਪੰਜਾਬ ਦਾ ਹੱਕ ਹੈ । ਚੰਡੀਗੜ੍ਹ ਪੰਜਾਬ ਨੂੰ ਮੋੜਣ ਵਾਸਤੇ ਖਿਆਲਾ ਸਾਹਿਬ ਨੇ ਜੋ ਅਪੀਲ ਕੀਤੀ ਹੈ, ਮੈਂ ਉਸ ਦੇ ਲਈ ਉਨ੍ਹਾਂ ਦਾ ਵੀ ਧੰਨਵਾਦ ਕਰਾਂਗੀ । ਜੇ ਅਮਨ ਕਾਨੂੰਨ ਦੀ ਗੱਲ ਕਰੀਏ ਤਾਂ ਉਸ ਵੇਲੇ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਸਨ । ਉਨ੍ਹਾਂ ਦੇ ਪੋਤਰੇ, ਵੱਲੋਂ ਕੀ ਕੀਤਾ ਗਿਆ, ਉਹ ਤੁਹਾਨੂੰ ਪਤਾ ਹੀ ਹੋਵੇਗਾ । ਫਰਾਂਸ ਦੀ ਇੱਕ ਲੜਕੀ ਜਿਸ ਦਾ ਨਾਂ ਕੇਤੀਆਂ ਸੀ, (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਪੰਜਾਬ ਦੀ ਧਰਤੀ ਤੇ ਆਈ ਉਹ ਲੜਕੀ ਪੰਜਾਬ ਦੇ ਲੋਕਾਂ ਦਾ ਪਿਆਰ ਤੇ ਨਿੱਘ ਮਾਨਣ ਲਈ ਆਈ । ਕਹਾਵਤ ਹੈ ਅਤੇ ਇਤਿਹਾਸ ਵੀ ਗਵਾਹ ਹੈ ਕਿ ਹਰ ਜਾਤੀ ਦੀਆਂ ਭੈਣਾਂ ਦੀ ਰਾਖੀ ਚਾਹੇ ਉਹ ਮੁਸਲਮਾਨ ਹੋਣ, ਹਿੰਦੂ ਹੋਣ ਜਾਂ ਕੋਈ ਦਲਿਤ ਵਰਗ ਦੀ ਭੈਣ ਹੋਵੇ ਇਨ੍ਹਾਂ ਪੰਜਾਬੀਆਂ ਨੇ ਅਤੇ ਸਿੱਖ ਕੌਮ ਨੇ ਕੀਤੀ । ਉਸੇ ਔਰਤ ਜਾਤੀ ਨਾਲ ਇਸੇ ਪੰਜਾਬ ਦੀ ਧਰਤੀ ਤੇ ਇੰਨਾ ਵੱਡਾ ਧੱਕਾ ਹੋਇਆ । ਕੀ ਉਹੀ ਅਮਨ ਸੀ ? ਕੀ ਉਹੀ ਕਾਨੂੰਨ ਸੀ ? ਅੱਜ ਜੋ ਕਾਂਗਰਸੀ ਇਸ ਸਦਨ ਵਿੱਚ ਬੈਠੇ ਹਨ, ਇਨ੍ਹਾਂ ਨੇ ਆਪਣੀ ਸਰਕਾਰ ਵੇਲੇ ਇਸੇ ਸਦਨ ਵਿੱਚ ਵਿਰੋਧੀ ਧਿਰਾਂ ਦੇ ਮੈਂਬਰਾਂ ਨੂੰ ਮਾਰਿਆ ਸੀ, ਉਨ੍ਹਾਂ ਦੀਆਂ ਪੱਗਾਂ ਲਾਹੀਆਂ ਸਨ । ਕਿਸਾਨ ਭਵਨ ਵਿੱਚ ਇਸੇ ਸਰਕਾਰ ਦੇ ਐਮ. ਐਲ. ਏਜ਼. ਨੇ ਲੋਕਾਂ ਨੂੰ ਕੁੱਟਿਆ ਸੀ, ਕੀ ਉਹ ਕਾਨੂੰਨ ਸੀ ? ਲੁਧਿਆਣਾ ਦੇ ਰੈਸਟ ਹਾਉਸ ਵਿੱਚ ਸਵਰਗਵਾਸੀ ਸਰਦਾਰ ਬੇਅੰਤ ਸਿੰਘ ਦੇ ਪੀ. ਏ. ਸਰਦਾਰ ਗੁਰਮੀਤ ਸਿੰਘ ਨੇ ਕਾਮਰੇਡ ਦੇ ਚਪੇੜਾਂ ਮਾਰੀਆਂ ਸਨ, ਕੀ ਉਹ ਕਾਨੂੰਨ ਸੀ ? (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਕਾਂਗਰਸ ਸਰਕਾਰ ਦੇ ਵੇਲੇ ਪੰਜਾਬ ਅੰਦਰ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਗਈਆਂ ਸਨ । ਅੱਜ ਇਹ ਕਾਨੂੰਨ ਅਤੇ ਅਮਨ ਵਾਸਤੇ ਇਸ ਸਦਨ ਵਿੱਚ ਕਹਿ ਰਹੇ ਹਨ । ਬੀਬੀ ਭੱਠਲ ਜੀ, ਤੁਸੀਂ ਕਿਹਾ ਕਿ ਬੀਬੀਆਂ ਨੂੰ ਨੁਮਾਇੰਦਗੀ ਦਿਓ, ਉਨ੍ਹਾਂ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕਰੋ । ਮੈਂ ਤੁਹਾਡੀ ਧੰਨਵਾਦੀ ਹਾਂ । ਤੁਸੀਂ ਸੱਚਮੁੱਚ ਹੀ ਉਨ੍ਹਾਂ ਬੀਬੀਆਂ ਨੂੰ ਨੁਮਾਇੰਦਗੀ ਦੇਣ ਦੀ ਗੱਲ ਕਹੀ ਹੈ ਜਿਨ੍ਹਾਂ ਬਾਰੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ :

ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਜਗੀਰ ਕੌਰ]

ਇਕ ਗੱਲ ਮੈਂ ਤੁਹਾਨੂੰ ਕਹਾਂ ਕਿ ਤੁਹਾਨੂੰ ਫ਼ਿਕਰ ਕਰਨ ਦੀ ਲੋੜ ਨਹੀਂ । ਪਰ ਕਈ ਵਾਰੀ ਬਾਹਰੋਂ ਆਕੇ ਜਿਵੇਂ ਪੰਜਾਬੀ ਵਿੱਚ ਕਹਾਵਤ ਹੈ:

"ਮਾਂ ਨਾਲੋਂ ਹੇਜਲੀ ਧੀ ਫੱਫੇ ਕੁੱਟਣੀ"

ਤੁਹਾਨੂੰ ਇਵੇਂ ਦੀ ਗੱਲ ਨਹੀਂ ਕਰਨੀ ਚਾਹੀਦੀ । ਸਾਡੇ ਇੱਥੇ ਮੁੱਖ ਮੰਤਰੀ ਜੀ ਬੈਠੇ ਹਨ ਉਹ ਹੀ ਸਾਨੂੰ ਸਾਡਾ ਹੱਕ ਦੇਣਗੇ । ਸਾਨੂੰ ਉਨ੍ਹਾਂ ਤੇ ਫਖ਼ਰ ਹੈ । ਜਿਵੇਂ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਕਿਹਾ ਹੈ ਕਿ ਇਸਤਰੀ ਜਾਤੀ ਨੂੰ ਹੱਕ ਦੇਵਾਂਗੇ, ਔਰਤਾਂ ਨੂੰ ਫਖ਼ਰ ਹੋਣਾ ਚਾਹੀਦਾ ਹੈ ਕਿ ਅਸੀਂ ਰਿਜ਼ਰਵ ਕੋਟੇ ਵਿਚੋਂ ਜਿੱਤ ਕੇ ਨਹੀਂ ਆਈਆਂ । (ਥੰਪਿੰਗ) ਅਸੀਂ ਓਪਨ ਲੈਵਲ ਤੇ ਜਿੱਤ ਕੇ ਆਈਆਂ ਹਾਂ । ਅਸੀਂ ਜਨਤਾ ਦੀਆਂ ਸੇਵਾਦਾਰ ਹਾਂ ਸਾਡੇ ਮੁੱਖ ਮੰਤਰੀ ਸਾਹਿਬ ਬੜੇ ਸਾਧੂ ਸੁਭਾਅ ਵਾਲੇ ਵਿਅਕਤੀ ਹਨ । ਇਥੇ ਗਵਰਨਰ ਸਹਿਬ ਦਾ ਭਾਸ਼ਣ ਹੋਇਆ, ਉਸ ਉਤੇ ਬਹਿਸਕਰਨ ਲਈ ਹਰ ਵਰਗ ਨੂੰ ਪੂਰਾ ਪੂਰਾ ਮੌਕਾ ਦਿੱਤਾ ਗਿਆ ਹੈ ਅਤੇ ਸਾਨੂੰ ਮਾਣ ਪ੍ਰਾਪਤ ਹੋਇਆ ਕਿ ਇਥੇ ਅਸੀਂ ਵੀ ਆਪਣੇ ਵਿਚਾਰ ਪ੍ਰਗਟ ਕਰ ਸਕੇ ਹਾਂ ।

**ਸ਼੍ਰੀ ਸਪੀਕਰ** : ਬੀਬੀ ਜੀ, ਤੁਹਾਡਾ ਟਾਈਮ ਹੋ ਗਿਆ ਹੈ । ਹੁਣ ਤੁਸੀਂ ਵਾਈਂਡ ਅੱਪ ਕਰ ਦਿਓ ।

**ਸ਼੍ਰੀਮਤੀ ਜਗੀਰ ਕੌਰ** : ਸਪੀਕਰ ਸਾਹਿਬ, ਬੱਸ ਮੈਂ ਹੁਣ ਖ਼ਤਮ ਕਰਨ ਵਾਲੀ ਹਾਂ । ਇਸ ਸਦਨ ਦੇ ਵਿਚ ਮੈਂ ਆਪਣੇ ਵਿਚਾਰ ਪ੍ਰਗਟ ਕਰ ਦਿੱਤੇ ਹਨ ਅਤੇ ਜਿਹੜਾ ਸਾਨੂੰ ਹੁਕਮ ਆਪਣੇ ਮੁੱਖ ਮੰਤਰੀ ਸਾਹਿਬ ਵੱਲੋਂ ਆਇਆ ਸੀ, ਉਸ ਅਨੁਸਾਰ ਅਨੁਸ਼ਾਸਨ ਦੇ ਵਿਚ ਰਹਿ ਕੇ ਮੈਂ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਇਸ ਦੇ ਨਾਲ ਹੀ ਮੈਂ, ਸਪੀਕਰ ਸਾਹਿਬ, ਤੁਹਾਨੂੰ ਅਤੇ ਆਪਣੇ ਮੁੱਖ ਮੰਤਰੀ ਸਾਹਿਬ ਨੂੰ ਵਿਸ਼ਵਾਸ ਦਿਵਾਉਂਦੀ ਹਾਂ ਕਿ ਉਨ੍ਹਾਂ ਵੱਲੋਂ ਦੱਸੇ ਹੋਏ ਵਿਚਾਰਾਂ ਨਾਲ ਅਸੀਂ ਹਰ ਵੇਲੇ ਸਹਿਮਤ ਹੋਵਾਂਗੇ, ਉਨ੍ਹਾਂ ਨੂੰ ਪੂਰਾ ਸਹਿਯੋਗ ਦੇਵਾਂਗੇ । ਜਿਹੜਾ ਮਾਣ ਅਤੇ ਇਜ਼ਤ ਸਾਨੂੰ ਇਨ੍ਹਾਂ ਨੇ ਬਖਸ਼ੀ ਹੈ ਇਥੇ ਇਸ ਪਵਿੱਤਰ ਸਦਨ ਦੇ ਵਿਚ ਆਉਣ ਲਈ, ਉਸ ਦੇ ਵਾਸਤੇ ਅਸੀਂ ਇਨ੍ਹਾਂ ਦਾ ਪੂਰਾ ਪੂਰਾ ਸਾਥ ਦੇਵਾਂਗੇ ਅਤੇ ਲੋਕਾਂ ਦੇ ਵਿਚ ਇਨ੍ਹਾਂ ਦੇ ਦੱਸੇ ਹੋਏ ਸੁਨੇਹੇ ਨੂੰ ਪਹੁੰਚਾਉਣ ਦੀ ਕੋਸ਼ਿਸ਼ ਕਰਾਂਗੇ । ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਮੈਂ ਹਰ ਇਕ ਨੂੰ ਇਨਸਾਫ਼ ਦੇਵਾਂਗਾ, ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਪਾਰਟੀ ਦੀਆਂ ਹਦਾਇਤਾਂ ਦੇ ਮੁਤਾਬਿਕ ਕੰਮ ਕਰਾਂਗਾ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਪੂਰਾ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗਾ । ਬਾਦਲ ਸਾਹਿਬ ਨੇ ਸਾਨੂੰ ਇਸ ਪਵਿੱਤਰ ਹਾਊਸ ਦੇ ਵਿਚ ਪਹੁੰਚਾਇਆ ਹੈ, ਸਾਡਾ ਵੀ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਇਨ੍ਹਾਂ ਦੀ ਸੇਵਾ ਕਰੀਏ । ਇਥੇ ਕਿਹਾ ਗਿਆ ਕਿ ਬਾਦਲ ਸਾਹਿਬ ਨੇ ਕਿਸਾਨਾਂ ਨੂੰ ਬਿਜਲੀ ਅਤੇ ਪਾਣੀ ਫਰੀ ਦੇ ਦਿੱਤਾ ਹੈ । ਇਹ ਇਸ ਗੱਲ ਨੂੰ ਭੁੱਲ ਗਏ ਹਨ ਕਿ ਪੰਜਾਬ ਦੇ ਕਿਸਾਨ ਨੇ ਦੇਸ਼ ਦੀ ਖਾਤਰ ਰਾਤ ਨੂੰ ਸੱਪਾਂ ਦੀਆਂ ਸਿਰੀਆਂ ਨੂੰ ਮਿੱਧਦੇ ਹੋਏ ਕਿੰਨੀ ਵਾਧੂ ਪੈਦਾਵਾਰ ਕੀਤੀ ਹੈ, ਦੇਸ਼ ਦੇ ਲੋਕਾਂ ਦਾ ਢਿੱਡ ਭਰਿਆ ਹੈ ਅਤੇ ਦੇਸ਼ ਨੂੰ ਭੁੱਖ ਮਰੀ ਤੋਂ ਬਚਾਇਆ ਹੈ । ਬਾਦਲ ਸਾਹਿਬ ਵੱਲੋਂ ਉਨ੍ਹਾਂ ਕਿਸਾਨ ਭਰਾਵਾਂ ਲਈ ਇਹ ਤੁੱਛ ਭੇਂਟ ਹੈ । ਇਨ੍ਹਾਂ ਸ਼ਬਦਾਂ ਦੇ ਨਾਲ ਗਵਰਨਰ ਸਾਹਿਬ ਦੇ ਭਾਸ਼ਨ ਉਤੇ ਜੋ ਧੰਨਵਾਦ ਦਾ

Original with;
Punjab Vidhan Sabha
Digitized by;
Panjab Digital Library

ਮਤਾ ਪੇਸ਼ ਕੀਤਾ ਗਿਆ ਹੈ ਮੈਂ ਉਸ ਦਾ ਸਮਰਥਨ ਅਤੇ ਪ੍ਰੋੜਤਾ ਕਰਦੀ ਹਾਂ । ਏਨਾ ਕਹਿੰਦੀ ਹੋਈ ਮੈਂ ਆਪਣਾ ਸਥਾਨ ਲੈਂਦੀ ਹਾਂ ਅਤੇ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦੀ ਹਾਂ ।

**ਡਾਕਟਰ ਹਰਬੰਸ ਲਾਲ :** ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ ਇਹ ਇਥੇ ਇਹ ਤਾਂ ਦੱਸ ਦੇਣ ਕਿ ਸਪੀਕਰ ਦੀ ਪੱਗ ਕਿਹੜੇ ਕਿਹੜੇ ਮੈਂਬਰਾਂ ਨੇ ਲਾਹੀ ਸੀ ? ਉਹ ਮੈਂਬਰ ਇੱਥੇ ਬੈਠੇ ਹੋਏ ਹਨ ?

**ਸ੍ਰੀ ਸਪੀਕਰ :** ਪਲੀਜ਼ ਬੈਠ ਜਾਓ । ਸਰਦਾਰ ਗੁਰਦੇਵ ਸਿੰਘ ਬਾਦਲ,5-7 ਮਿੰਟਾਂ ਦੇ ਵਿਚ ਖਤਮ ਕਰ ਦੇਣਾ ਤੁਹਾਡੇ ਤੋਂ ਬਾਅਦ ਬਾਦਲ ਸਾਹਿਬ ਨੇ ਬੋਲਣਾ ਹੈ ।

**ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ** (ਸਰਦਾਰ ਗੁਰਦੇਵ ਸਿੰਘ ਬਾਦਲ): ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਧੰਨਵਾਦ ਦੇ ਮਤੇ ਉਤੇ ਬੋਲਣ ਲਈ ਸਮਾਂ ਦਿੱਤਾ ਹੈ । ਮੇਰੇ ਤੋਂ ਪਹਿਲਾਂ ਇਥੇ ਹਰ ਪਾਸਿਆਂ ਤੋਂ ਮੈਂਬਰਾਂ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ । ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਇਥੇ ਪਹਿਲੀ ਅਕਾਲੀ ਪਾਰਟੀ ਦੀ ਸਰਕਾਰ 1967 ਦੇ ਵਿਚ ਸਰਦਾਰ ਗੁਰਨਾਮ ਸਿੰਘ ਦੀ ਅਗਵਾਈ ਵਿਚ ਬਣੀ ਸੀ ਅਤੇ ਆਪੋਜ਼ੀਸ਼ਨ ਦੇ ਵਿਚ ਪੰਡਿਤ ਮੋਹਣ ਲਾਲ ਵਰਗੇ ਸੀਨੀਅਰ ਕਾਂਗਰਸੀ ਲੀਡਰ ਹੁੰਦੇ ਸਨ । ਆਪੋਜ਼ੀਸ਼ਨ ਦੇ ਵਿਚ ਹੋਣ ਕਰਕੇ ਬੜੀਆਂ ਦਲੀਲਾਂ ਦਿਤੀਆਂ ਜਾਂਦੀਆਂ ਸਨ ਅਤੇ ਦਲੀਲਾਂ ਦੇ ਕੇ ਅਕਾਲੀ ਪਾਰਟੀ ਦੀ ਸਰਕਾਰ ਨੂੰ ਕੰਡੈਮ ਵੀ ਕੀਤਾ ਜਾਂਦਾ ਸੀ । ਫੇਰ ਉਸ ਤੋਂ ਬਅਦ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਬਣੀ ਅਤੇ ਸਾਡੇ ਬਾਦਲ ਸਾਹਿਬ ਆਪੋਜ਼ੀਸ਼ਨ ਦੇ ਵਿਚ ਸਨ ਉਸ ਵੇਲੇ ਬਾਦਲ ਸਾਹਿਬ ਵੀ ਬੜੀਆਂ ਦਲੀਲਾਂ ਦੇ ਕੇ ਗੱਲਾਂ ਕਰਦੇ ਸਨ ਅਤੇ ਸਰਕਾਰ ਦੀ ਨਿੰਦਾ ਵੀ ਕਰਦੇ ਸਨ । ਸਪੀਕਰ ਸਾਹਿਬ, ਸਰਕਾਰ ਬੜੀ ਰੀਝ ਨਾਲ ਬਾਦਲ ਸਾਹਿਬ ਨੂੰ ਸੁਣਦੀ ਹੁੰਦੀ ਸੀ । ਪਰ ਜਦੋਂ ਆਪੋਜ਼ੀਸ਼ਨ ਕਮਜ਼ੋਰ ਹੋਵੇ, ਸਰਕਾਰ ਦਾ ਭਾਰੀ ਬਹੁਮਤ ਹੋਵੇ ਅਤੇ ਆਪੋਜ਼ੀਸ਼ਨ ਵੱਲੋਂ ਕੋਈ ਦਲੀਲਾਂ ਵਾਲੀ ਗੱਲ ਨਾ ਕੀਤੀ ਜਾਵੇ ਤਾਂ ਬੜੀ ਫਿਕੀ ਜਿਹੀ ਗੱਲ ਹੁੰਦੀ ਹੈ । ਜੇ ਆਪੋਜ਼ੀਸ਼ਨ ਨੇ ਕੋਈ ਚੰਗੀਆਂ ਦਲੀਲਾਂ ਨਹੀਂ ਦੇਣੀਆਂ ਅਤੇ ਕੋਈ ਚੰਗੀਆਂ ਸੁਜੈਸ਼ਨਾਂ ਨਹੀਂ ਦੇਣੀਆਂ ਤਾਂ ਕੋਈ ਸਵਾਦ ਵਾਲੀ ਗੱਲ ਨਹੀਂ ਰਹਿ ਜਾਂਦੀ । ਇਨ੍ਹਾਂ ਨੂੰ ਦਲੀਲਾਂ ਦੇ ਕੇ ਗੱਲ ਕਰਨੀ ਚਾਹੀਦੀ ਹੈ । ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਮੈਨੂੰ ਖੁਸ਼ੀ ਹੈ ਕਿ ਮੇਜਰ ਹਰਇੰਦਰ ਸਿੰਘ ਆਪੋਜ਼ੀਸ਼ਨ ਦੇ ਮੈਂਬਰ ਹੁੰਦੇ ਸਨ ਅਤੇ ਆਪੋਜ਼ੀਸ਼ਨ ਦੇ ਲੀਡਰ ਦੇ ਤੌਰ ਤੇ ਉਨ੍ਹਾਂ ਨੇ ਪੰਜਾਬ ਦੀ ਬੜੀ ਸੇਵਾ ਕੀਤੀ ਸੀ । ਉਹ ਹਾਊਸ ਨੂੰ ਨਿੱਘਾ ਰਖਦੇ ਸਨ । ਕੱਲ੍ਹ ਬੀਬੀ ਭੱਠਲ ਜੋ ਕਿ ਮੇਰੀ ਛੋਟੀ ਭੈਣ ਹੈ, ਮੈਨੂੰ ਖੁਸ਼ੀ ਹੋਈ ਕਿ ਇਨ੍ਹਾਂ ਨੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਪ੍ਰਤੀ ਬੜੇ ਸੋਹਣੇ ਸ਼ਬਦ ਵਰਤੇ ਅਤੇ ਚੰਗੇ ਸ਼ਬਦਾਂ ਦੇ ਨਾਲ ਗੱਲਾਂ ਕੀਤੀਆਂ । ਸੋਹਣੀ ਆਪੋਜ਼ੀਸ਼ਨ ਕੀਤੀ । ਮੈਂ ਸਮਝਦਾ ਹਾਂ ਕਿ ਬੀਬੀ ਭੱਠਲ ਨੇ ਅੱਛੀਆਂ ਗੱਲਾਂ ਕੀਤੀਆਂ ਅਤੇ ਜੋ ਆਪੋਜ਼ੀਸ਼ਨ ਕਰਨੀ ਚਾਹੀਦੀ ਸੀ, ਉਹ ਕੀਤੀ ਉਨ੍ਹਾਂ ਨੇ ਖਿਚੜੀ ਨਹੀਂ ਕੀਤੀ । ਮੈਂ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਉਹ ਗੱਲਾਂ ਕੀਤੀਆਂ ਜੋ ਪਹਿਲਾਂ ਕਿਸੇ ਨੇ ਨਹੀਂ ਕੀਤੀਆਂ । ਮੈਂ 1967 ਤੋਂ ਲੈ ਕੇ ਹਾਊਸ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਵਿਚ ਰਿਹਾ ਹਾਂ ਅਤੇ ਬਹੁਤ ਗੱਲਾਂ ਸੁਣੀਆਂ ਹਨ। ਸਪੀਕਰ ਸਾਹਿਬ, ਪੰਜਾਬ ਵਿਚ ਨਹੀਂ ਹਿੰਦੋਸਤਾਨ ਵਿਚ ਨਹੀਂ, ਬਲਕਿ ਦੁਨੀਆਂ ਦੀ ਕਿਸੀ ਵੀ ਸਰਕਾਰ ਨੇ ਅੱਜ ਤਕ ਉਹ ਨਹੀਂ ਕੀਤਾ ਜੋ ਬਾਦਲ ਸਾਹਿਬ ਨੇ ਸਭ ਤੋਂ ਪਹਿਲੀ ਮੀਟਿੰਗ ਵਿਚ ਹੀ ਕੀਤਾ ਕਿ ਮੈਂ ਅਤੇ ਮੇਰਾ ਕੋਈ ਵੀ ਕੈਬਨਿਟ ਮੰਤਰੀ ਖਜ਼ਾਨੇ ਵਿਚੋਂ ਤਨਖਾਹ ਨਹੀਂ ਲਵੇਗਾ। (ਥੰਪਿੰਗ) ਸਾਰੇ ਹਿੰਦੋਸਤਾਨ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਦੇ ਵਿਚ ਇਹ ਪਹਿਲੀ ਸਰਕਾਰ ਹੈ ਜਿਸ ਨੇ ਇਹ ਕਿਹਾ ਕਿ ਸਾਡਾ ਕੋਈ ਵੀ ਕੈਬਨਿਟ ਮੰਤਰੀ ਤਨਖਾਹ ਨਹੀਂ ਲਵੇਗਾ। (ਵਿਘਨ) (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਮੈਂ ਤੁਹਾਡੀ ਸ਼ਲਾਘਾ ਕਰ ਚੁਕਾ ਹਾਂ ਤਾਂਕਿ ਤੁਸੀਂ ਚੁਪ ਕਰਕੇ ਬੈਠੋ। ਮੇਰੇ ਕਹਿਣ ਤੋਂ ਭਾਵ ਇਹ ਸੀ ਕਿ ਬਾਦਲ ਸਾਹਿਬ ਦੀ ਇਹ ਬਹੁਤ ਵੱਡੀ ਦੇਣ ਹੈ। ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਜੋ ਪਿਛੇ ਪੰਜਾਬ ਨੂੰ ਕਲੰਕ ਲੱਗਾ ਹੈ, ਸਾਰੇ ਦੇਸ਼ ਨੂੰ ਕਲੰਕ ਲੱਗਾ ਅਤੇ ਜਿਸ ਬਾਰੇ ਸਾਰੀ ਦੁਨੀਆਂ ਦੇ ਵਿਚ ਗੱਲ ਗਈ, ਉਸਨੂੰ ਲਾਹੁਣ ਵਾਸਤੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਕਈ ਉਪਰਾਲੇ ਕੀਤੇ ਹਨ। ਬਾਦਲ ਸਾਹਿਬ ਨੇ ਕਿਹਾ ਕਿ ਜੇਕਰ ਮੈਂ ਦੇਸ਼ ਦੇ ਮੱਥੇ ਤੋਂ ਕਲੰਕ ਨਹੀਂ ਲਾਹ ਸਕਦਾ ਤਾਂ ਆਪਣੀ ਸਟੇਟ ਦੇ ਮੱਥੇ ਤੋਂ ਤਾਂ ਲਾਹ ਸਕਦਾ ਹਾਂ। ਸਪੀਕਰ ਸਾਹਿਬ, ਇਹ ਬਹੁਤ ਵਡੀ ਦੇਣ ਹੈ ਕਿ ਬਾਦਲ ਸਾਹਿਬ ਦੀ ਸਰਕਾਰ ਕੁਰੱਪਸ਼ਨ ਨੂੰ ਖਤਮ ਕਰਨਾ ਚਾਹੁੰਦੀ ਹੈ। (ਥੰਪਿੰਗ) ਉਹ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਹਰਿਮੰਦਰ ਸਾਹਿਬ ਗਏ ਅਤੇ ਵਾਹਿਗੁਰੂ ਜੀ ਅੱਗੇ ਪ੍ਰਤਿਗਿਆ ਕੀਤੀ, ਅਰਦਾਸ ਕੀਤੀ ਅਤੇ ਸ਼ਕਤੀ ਮੰਗੀ। ਉਨ੍ਹਾਂ ਨੇ ਕੁਰੱਪਸ਼ਨ ਨੂੰ ਖਤਮ ਕਰਨ ਲਈ ਬਹੁਤ ਵੱਡੇ ਉਪਰਾਲੇ ਕੀਤੇ ਹਨ। ਅੱਜ ਹਿੰਦੋਸਤਾਨ ਤੋਂ ਬਾਹਰ ਕਿਸੇ ਵੀ ਮੁਲਕ ਵਿਚ ਕੋਈ ਬੰਦਾ ਜਾਂਦਾ ਹੈ, ਚਾਹੇ ਉਹ ਅਮਰੀਕਾ ਵਿਚ ਜਾਵੇ ਜਾਂ ਕੈਨੇਡਾ ਵਿਚ ਜਾਵੇ ਜਾਂ ਕਿਤੇ ਹੋਰ ਕਿਸੇ ਮੁਲਕ ਵਿਚ ਜਾਵੇ, ਤਾਂ ਮੈਂ ਸਮਝਦਾ ਹਾਂ ਕਿ ਜੇਕਰ ਉਸ ਬੰਦੇ ਦੇ ਮੂੰਹ ਤੇ ਨਾ ਵੀ ਥੁੱਕੇ ਫਿਰ ਵੀ ਆਪਣਾ ਮੂੰਹ ਦੂਜੇ ਪਾਸੇ ਜ਼ਰੂਰ ਕਰ ਲੈਂਦਾ ਹੈ ਕਿਉਂਕਿ ਹਿੰਦੋਸਤਾਨ ਦੇ 27 ਮਨਿਸਟਰ, ਪ੍ਰਧਾਨ ਮੰਤਰੀ ਸਮੇਤ ਕੁਰੱਪਸ਼ਨ ਦੇ ਕੇਸਾਂ ਵਿਚ ਫਸੇ ਹੋਏ ਹਨ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਬਹੁਤ ਵਡਾ ਉਦਮ ਕੀਤਾ ਹੈ, ਗੁਰੂ ਸਾਹਿਬ ਕੋਲ ਜਾਕੇ ਮੱਥਾ ਟੇਕਿਆ ਹੈ ਅਤੇ ਗੁਰੂ ਸਾਹਿਬ ਕੋਲੋਂ ਇਹ ਕੰਮ ਕਰਨ ਵਾਸਤੇ ਸ਼ਕਤੀ ਮੰਗੀ ਹੈ।

ਸਪੀਕਰ ਸਾਹਿਬ, ਬਾਦਲ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਜਲ੍ਹਿਆਂ ਵਾਲਾ ਬਾਗ ਵਿਚ ਵੀ ਗਏ। ਉਥੇ ਹਰ ਫਿਰਕੇ ਦੇ ਲੋਕਾਂ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ ਉਥੇ, ਸਪੀਕਰ ਸਾਹਿਬ, ਵਿਸਾਖੀ ਵਾਲੇ ਦਿਨ 1650 ਗੋਲੀਆਂ ਅੰਗਰੇਜ਼ਾਂ ਨੇ ਚਲਾਈਆਂ ਅਤੇ 1300 ਹਿੰਦੁਸਤਾਨੀ ਸ਼ਹੀਦ ਹੋਏ, ਦੇਸ਼ ਲਈ ਉਨ੍ਹਾਂ ਨੇ ਆਪਣਾ ਖਨ ਡੋਲ੍ਹਿਆ। ਉਹ ਲੋਕ ਚਾਹੁੰਦੇ ਸਨ ਕਿ ਸਾਡਾ ਦੇਸ਼ ਆਜ਼ਾਦ ਹੋ ਜਾਵੇ। ਉਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਪਣੀਆਂ ਸ਼ਹੀਦੀਆਂ ਦਿਤੀਆਂ। ਬਾਦਲ ਸਾਹਿਬ, ਆਪਣੇ ਸਾਥੀਆਂ ਸਮੇਤ ਉਥੇ ਗਏ, ਉਨ੍ਹਾਂ ਦੇਸ਼ ਭਗਤਾਂ ਦੇ ਚਰਨਾਂ ਵਿਚ ਆਪਣਾ ਸਿਰ ਝੁਕਾਇਆ ਔਰ ਪ੍ਰਤਿਗਿਆ ਕੀਤੀ ਕਿ ਮੈਨੂੰ ਸ਼ਕਤੀ ਦਿਉ ਤਾਂ ਜੋ ਮੈਂ ਤੁਹਾਡੇ ਪਾਏ ਪੂਰਣਿਆਂ ਤੇ ਚਲ ਸਕਾਂ। ਫਿਰ ਦੁਰਗਿਆਨਾ ਮੰਦਰ ਗਏ। ਉਥੇ ਵੀ ਪ੍ਰਣ ਕੀਤਾ। ਸਪੀਕਰ ਸਾਹਿਬ, ਇਹ ਸਾਡੇ ਧਾਰਮਿਕ ਸਥਾਨ ਹਨ। ਧਾਰਮਿਕ ਸਥਾਨਾਂ ਤੋਂ ਸਾਨੂੰ ਸ਼ਕਤੀ ਮਿਲਦੀ ਹੈ, ਬਲ ਮਿਲਦਾ ਹੈ, ਉਦਮ ਮਿਲਦਾ ਹੈ। ਇਸ ਕਰਕੇ ਸਰਦਾਰ ਬਾਦਲ ਨੇ ਆਪਣੀ ਸਰਕਾਰ

Original with;
Punjab Vidhan Sabha
Digitized by;
Panjab Digital Library

ਨੂੰ ਸੇਧ ਦੇਣ ਵਾਸਤੇ ਉਨ੍ਹਾਂ ਸਥਾਨਾਂ ਤੇ ਪ੍ਰਤਿੱਗਿਆ ਕਰਕੇ ਫਿਰ ਕੰਮ ਕਰਨਾ ਸ਼ੁਰੂ ਕੀਤਾ। ਸਪੀਕਰ ਸਾਹਿਬ, ਸਾਡੀ ਸਰਕਾਰ ਦੀ ਪਹਿਲੀ ਮੀਟਿੰਗ ਦੇ ਜਿਹੜੇ ਫੈਸਲੇ ਸੀ, ਉਨ੍ਹਾਂ ਬਾਰੇ ਪਹਿਲਾਂ ਲੋਕ ਇਤਬਾਰ ਨਹੀਂ ਸੀ ਕਰਦੇ ਜਦੋਂ ਅਸੀਂ ਕਹਿੰਦੇ ਸੀ ਕਿ ਬਿਜਲੀ ਦੇ ਬਿੱਲ ਮੁਆਫ ਕਰਾਂਗੇ। ਲੋਕ ਸਮਝਦੇ ਸੀ ਕਿ ਇਹ ਸਭ ਵੋਟਾਂ ਮੰਗਣ ਵਾਸਤੇ ਕਹਿ ਰਹੇ ਹਨ। ਜਦੋਂ ਅਸੀਂ ਕਹਿੰਦੇ ਸੀ ਕਿ ਮੁਆਮਲਾ ਮੁਆਫ ਕਰਾਂਗੇ ਤਾਂ ਲੋਕ ਕਹਿੰਦੇ ਸੀ ਕਿ ਜਦੋਂ ਵੋਟਾਂ ਦੇ ਦਿਨ ਆਉਂਦੇ ਹਨ ਤਾਂ ਹਰੇਕ ਹੀ ਕਹਿ ਦੇਂਦਾ ਹੈ। ਜਦੋਂ ਅਸੀਂ ਕਹਿੰਦੇ ਸੀ ਕਿ ਪਾਣੀ ਫਰੀ ਕਰ ਦੇਵਾਂਗੇ ਤਾਂ ਲੋਕ ਹੱਸ ਪੈਂਦੇ ਸਨ ਕਿ ਜਦੋਂ ਇਲੈਕਸ਼ਨਾਂ ਦੇ ਦਿਨ ਹੁੰਦੇ ਹਨ ਤਾਂ ਪੁਲੀਟੀਕਲ ਆਦਮੀ ਇਹ ਗੱਲਾਂ ਕਰਦੇ ਹੀ ਹੁੰਦੇ ਹਨ। ਅਸੀਂ ਗਰੀਬਾਂ ਨੂੰ ਕਹਿੰਦੇ ਸੀ ਕਿ ਅਸੀਂ ਤੁਹਾਡੇ ਵਾਸਤੇ ਘਰ ਬਣਾਕੇ ਦੇਣੇ ਹਨ ਤਾਂ ਉਹ ਕਹਿੰਦੇ ਕਿ 50 ਸਾਲ ਤੋਂ ਇਹੀ ਗੱਲ ਸੁਣੀ ਜਾਂਦੇ ਹਾਂ, ਹੁਣ ਵੀ ਇਸੇ ਤਰ੍ਹਾਂ ਸੁਣੀਂ ਜਾਂਦੇ ਹਾਂ। ਜਦੋਂ ਅਸੀਂ ਕਹਿੰਦੇ ਹਾਂ ਕਿ ਤੁਹਾਡੀਆਂ ਬੱਚੀਆਂ ਦੀਆਂ ਸ਼ਾਦੀਆਂ ਤੇ 5100/- ਰੁਪਿਆ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਖਜ਼ਾਨੇ ਵਿਚੋਂ ਦੇਵਾਂਗੇ ਜਿਵੇਂ ਆਪਣੀ ਬੇਟੀ ਨੂੰ ਸ਼ਗਨ ਦੇਂਦੇ ਹਾਂ ਤਾਂ ਉਹ ਇਤਬਾਰ ਨਹੀਂ ਸਨ ਕਰਦੇ। ਸਪੀਕਰ ਸਾਹਿਬ, ਤੁਹਾਨੂੰ ਖੁਸ਼ੀ ਹੋਵੇਗੀ ਕਿ ਸਰਦਾਰ ਬਾਦਲ ਦਾ ਫੈਸਲਾ ਇਹ ਹੈ ਕਿ ਇਹ 5100/- ਰੁਪਿਆ ਇਕੱਲੇ ਅਕਾਲੀ ਦਲ ਨਾਲ ਸਬੰਧਤ ਦਲਿਤਾਂ ਦੀਆਂ ਕੁੜੀਆਂ ਨੂੰ ਨਹੀਂ ਮਿਲਣਾ ਜਾਂ ਇਕੱਲੇ ਬੀ.ਜੇ.ਪੀ. ਵਾਲਿਆਂ ਨੂੰ ਨਹੀਂ ਮਿਲਣਾ। ਚਾਹੇ ਕੋਈ ਕਾਂਗਰਸ ਵਾਲੇ ਗਰੀਬ ਦੀ ਬੇਟੀ ਹੋਵੇ, ਸੀ.ਪੀ.ਆਈ. ਵਾਲੇ ਦੀ, ਸੀ.ਪੀ.ਐਮ. ਵਾਲੇ ਦੀ ਜਾਂ ਬਹੁਜਨ ਸਮਾਜ ਪਾਰਟੀ ਨਾਲ ਸਬੰਧ ਰੱਖਣ ਵਾਲੇ ਕਿਸੇ ਭਰਾ ਦੀ ਬੇਟੀ ਹੋਵੇ, ਇਹ 5100/- ਰੁਪਏ ਦਾ ਸ਼ਗਨ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਦੇ ਖਜ਼ਾਨੇ ਵਿਚੋਂ ਸਾਰੇ ਦਲਿਤਾਂ ਦੀਆਂ ਲੜਕੀਆਂ ਨੂੰ ਦਿੱਤਾ ਜਾਵੇਗਾ। (ਥੰਪਿੰਗ)

ਇਸ ਲਈ, ਸਪੀਕਰ ਸਾਹਿਬ, ਸਰਦਾਰ ਬਾਦਲ ਨੇ ਇਸ ਤਰ੍ਹਾਂ ਦੇ ਫੈਸਲੇ ਲਏ ਅਤੇ ਜੋ ਅਸੀਂ ਲੋਕਾਂ ਨੂੰ ਵੋਟਾਂ ਤੋਂ ਪਹਿਲਾਂ ਕਹਿੰਦੇ ਸੀ, ਉਹ ਕਰਕੇ ਦਿਖਾਇਆ। ਪਹਿਲੀ ਮੀਟਿੰਗ ਵਿਚ ਹੀ ਫੈਸਲਾ ਕਰ ਦਿਤਾ ਤਾਂ ਕਿ ਲੋਕਾਂ ਦੇ ਦਿਮਾਗ ਵਿਚੋਂ ਨਿਕਲ ਜਾਵੇ ਕਿ ਸਰਦਾਰ ਬਾਦਲ ਨੇ ਜੋ ਅਨਾਊਂਸ ਕੀਤਾ ਸੀ, ਉਨ੍ਹਾਂ ਦੇ ਸਾਥੀ ਜੋ ਸੱਥਾਂ ਵਿਚ ਬੋਲਦੇ ਸੀ, ਉਹ ਜਾਅਲੀ ਨਹੀਂ ਸੀ। ਝੂਠ ਨਹੀਂ ਸੀ ਬਲਕਿ ਸਾਡੀ ਸਰਕਾਰ ਨੇ ਉਸ ਤੇ ਵੀ ਅਮਲ ਕੀਤਾ ਹੈ। ਸਪੀਕਰ ਸਾਹਿਬ, ਮੈਨੂੰ ਸਮੇਂ ਦੀ ਬੜੀ ਕਦਰ ਹੈ, ਇਸ ਕਰਕੇ ਅਖੀਰ ਵਿਚ ਮੈਂ ਤੁਹਾਡੇ ਸਾਹਮਣੇ ਇਕ ਜ਼ਰੂਰੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹੁਣ ਸਰਦਾਰ ਬਾਦਲ ਦੀ ਸਰਕਾਰ ਚਾਹੁੰਦੀ ਹੈ ਕਿ ਜਿਹੜੇ ਕਿਸਾਨ ਵੀਰ ਹਨ, ਉਨ੍ਹਾਂ ਨੂੰ ਮੰਡੀਆਂ ਵਿਚ ਅੱਗੇ ਲੁਟਿਆ ਜਾਂਦਾ ਸੀ, ਮੰਡੀਆਂ ਵਿਚ ਅੱਗੇ ਕਿਸਾਨ ਦਾ ਬੁਰਾ ਹਾਲ ਹੁੰਦਾ ਸੀ। ਜਿਵੇਂ ਮੈਨੂੰ ਦੱਸਿਆ ਗਿਆ ਹੈ, ਜਿਹੜੀ ਕਣਕ ਦੀ ਭਰਤੀ ਬੋਰੀ ਵਿਚ ਹੁੰਦੀ ਹੈ, ਉਹ 95 ਕਿਲੋ ਹੁੰਦੀ ਹੈ। ਕਹਿੰਦੇ ਹਨ ਕਿ 95 ਕਿਲੋ ਹੈ ਲੇਕਿਨ ਉਹ ਨਾਂ ਹੀ ਹੁੰਦਾ ਹੈ, ਜਦਕਿ 5 ਕਿਲੋ ਵਾਧੂ ਤੋਲਿਆ ਜਾਂਦਾ ਸੀ। ਸਰਦਾਰ ਬਾਦਲ ਦੀ ਸਰਕਾਰ ਫੈਸਲਾ ਕਰਦੀ ਹੈ ਕਿ ਅੱਤਕੀਂ ਕਿਸਾਨ ਮੰਡੀਆਂ ਵਿਚ ਲੁੱਟਿਆ ਨਹੀਂ ਜਾਵੇਗਾ। ਜਿਵੇਂ ਪੈਟਰੋਲ ਪੰਪ ਤੇ ਅਸੀਂ ਤੇਲ ਪੁਆਉਂਦੇ ਹਾਂ, ਉਥੇ ਜਿਵੇਂ ਨਵੀਆਂ ਮਸ਼ੀਨਾਂ ਆ ਗਈਆਂ ਹਨ ਜਿਹੜੀਆਂ ਦੱਸ ਦੇਂਦੀਆਂ ਹਨ ਕਿ 2.2 ਲਿਟਰ ਤੇਲ ਪੈ ਗਿਆ ਹੈ ਤੇ ਸਪੀਕਰ ਸਾਹਿਬ, ਨਾਲ ਹੀ ਤੇਲ ਦੇ ਪੈਸਿਆਂ

Original with;
Punjab Vidhan Sabha
Digitized by;
Panjab Digital Library

ਦੀ ਪੂਰੀ ਰਕਮ ਵੀ ਆ ਜਾਂਦੀ ਹੈ ਤੇ ਉਸ ਨੂੰ ਦੇਖ ਕੇ ਪੈਟਰੋਲ ਲੈਣ ਵਾਲਾ ਜੇਬ ਵਿਚੋਂ ਉਨੇ ਹੀ ਪੈਸੇ ਕੱਢ ਕੇ ਦੇ ਦੇਂਦਾ ਹੈ, ਉਸੇ ਤਰ੍ਹਾਂ ਜਿਹੜੀ ਕਣਕ ਦੀ ਤੁਲਾਈ ਹੋਵੇਗੀ, ਐਸੇ ਕੰਡੇ ਆ ਗਏ ਹਨ ਕਿ ਜੇ ਬੋਰੀ ਵਿਚ 5 ਦਾਣੇ ਵੀ ਵੱਧ ਪੈ ਗਏ ਤਾਂ ਨਾਲ ਦੀ ਨਾਲ ਨੰਬਰ ਦੱਸ ਦੇਣਗੇ ਕਿ 5 ਦਾਣੇ ਇਸ ਬੋਰੀ ਵਿਚ ਫਾਲਤੂ ਹਨ, 5 ਦਾਣੇ ਭਾਰ ਤੋਂ ਵੱਧ ਹਨ । ਇਸ ਤਰ੍ਹਾਂ ਨਾਲ ਕਿਸਾਨ ਨੂੰ ਉਸੇ ਵਕਤ ਪਤਾ ਲਗ ਜਾਵੇਗਾ ਕਿ ਉਹ 5 ਦਾਣੇ ਵੱਧ ਨਾਲ ਲੁੱਟਿਆ ਜਾ ਰਿਹਾ ਹੈ । ਉਹ ਲੁੱਟ ਹੁਣ ਨਹੀਂ ਚਲੇਗੀ ।

ਸਪੀਕਰ ਸਾਹਿਬ, ਅੱਗੇ ਕਿਸਾਨ ਮੰਡੀਆਂ ਵਿਚ ਤੌੜੀਆਂ ਦਾ ਪਾਣੀ ਪੀਂਦਾ ਰਿਹਾ ਹੈ । ਐਤਕੀਂ ਸ਼੍ਰੋਮਣੀ ਅਕਾਲੀ ਦਲ ਤੇ ਬੀ.ਜੇ.ਪੀ. ਦੀ ਸਰਕਾਰ ਬਣੀ ਹੈ । ਐਤਕੀਂ ਉਨ੍ਹਾਂ ਕਿਸਾਨਾਂ ਵਾਸਤੇ ਜਿਵੇਂ ਵੱਡੇ ਘਰਾਂ ਵਿਚ ਜਾਂ ਅਸੀਂ ਸਾਰੇ ਘਰਾਂ ਵਿਚ ਫਰਿਜ ਦਾ ਠੰਢਾ ਪਾਣੀ ਪੀਂਦੇ ਹਾਂ, ਉਸੇ ਤਰ੍ਹਾਂ ਦੇ ਠੰਢਾ ਪਾਣੀ ਲਈ ਮੰਡੀਆਂ ਵਿਚ ਵਾਟਰ ਕੂਲਰ ਲਾ ਕੇ ਦੇਣੇ ਹਨ । ਵੱਡੀ ਮੰਡੀ ਵਿਚ 5 ਤੋਂ 6 ਤੱਕ ਅਤੇ ਛੋਟੀਆਂ ਮੰਡੀਆਂ ਵਿਚ ਜਿਥੇ ਜਿਹੋ ਜਿਹੀ ਮੰਡੀ ਹੈ, ਉਸ ਅਨੁਸਾਰ ਕੂਲਰ ਲਾ ਕੇ ਦੇਣੇ ਹਨ ਅਤੇ ਕਿਸਾਨਾਂ ਨੂੰ ਠੰਢਾ ਪਾਣੀ ਪੀਣ ਵਾਸਤੇ ਦਿਤਾ ਜਾਵੇਗਾ ।

ਸਪੀਕਰ ਸਾਹਿਬ, ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਥੇ ਬੋਲਣ ਦਾ ਮੌਕਾ ਦਿੱਤਾ ਹੈ । ਬਾਕੀ ਅਗਲੇ ਸਮੇਂ ਸਹੀ । ਬਾਕੀ ਦੀ ਕਸਰ ਫੇਰ ਕਦੀ ਕੱਢ ਲਵਾਂਗੇ । ਇੰਨੀ ਬੇਨਤੀ ਕਰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ । ਇਕ ਗੱਲ, ਸਪੀਕਰ ਸਾਹਿਬ, ਮੈਂ ਭੁੱਲ ਗਿਆ ਸੀ । ਜੇ ਤੁਹਾਡੀ ਇਜਾਜ਼ਤ ਹੋਵੇ ਤਾਂ ਦਸ ਦਿਆਂ । ਮੈਂ ਆਂਧਰਾ ਪ੍ਰਦੇਸ਼ ਵਿਚ ਜਾ ਕੇ ਆਇਆ ਹਾਂ, ਸਿਰਫ ਦੋ ਦਿਨ ਵਾਸਤੇ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੇਰਾ 40 ਸਾਲਾਂ ਦਾ ਸਾਥੀ ਹੈ ਅਤੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜਿੰਨੀ ਗਰੀਬਾਂ ਨਾਲ ਹਮਦਰਦੀ ਇਨ੍ਹਾਂ ਨੂੰ ਹੈ, ਇੰਨੀ ਹੋਰ ਕਿਸੇ ਨੂੰ ਨਹੀਂ ਹੈ । ਗਰੀਬਾਂ ਵਾਸਤੇ ਜਿੰਨੀ ਤੜਪ, ਜਿੰਨੀ ਹਮਦਰਦੀ ਇਨ੍ਹਾਂ ਨੂੰ ਹੈ, ਇਹੋ ਜਿਹਾ ਹੋਰ ਕੋਈ ਆਦਮੀ ਮੈਂ ਵੇਖ ਨਹੀਂ ਸਕਿਆ । ਮੈਂ ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਮੈਂ ਆਂਧਰਾ ਜਾ ਕੇ ਆਇਆ ਹਾਂ । ਉਥੇ 2,200 ਸਕੂਲ ਇਕੱਲੇ ਗਰੀਬਾਂ ਵਾਸਤੇ ਬਣੇ ਹੋਏ ਹਨ । ਪਤਾ ਹੈ ਇਕ ਸਕੂਲ ਉਤੇ ਪੈਸਾ ਕਿੰਨਾ ਖਰਚ ਕੀਤਾ ਹੈ । 2 ਕਰੋੜ ਰੁਪਿਆ । 2-2 ਕਰੋੜ ਰੁਪਏ ਦਾ 1-1 ਸਕੂਲ ਦਲਿਤਾਂ ਦੇ ਬੱਚਿਆਂ ਵਾਸਤੇ ਬਣਿਆ ਹੋਇਆ ਹੈ । 1100 ਸਕੂਲ ਮੁੰਡਿਆਂ ਵਾਸਤੇ ਹਨ ਅਤੇ 1100 ਸਕੂਲ ਕੁੜੀਆਂ ਵਾਸਤੇ ਹਨ । ਕੁੜੀਆਂ ਅਤੇ ਮੁੰਡੇ ਅੱਡੋ-ਅੱਡ ਪੜ੍ਹਾਈ ਕਰਦੇ ਹਨ । ਸਾਫ-ਸੁਥਰਾ ਹੋਸਟਲ ਹੈ । ਸਾਰਾ ਖਰਚਾ ਸਰਕਾਰ ਆਪ ਕਰਦੀ ਹੈ । ਤੁਸੀਂ ਜਾਣ ਕੇ ਹੈਰਾਨ ਹੋਵੋਗੇ ਕਿ ਮੈਂ ਆਪਣੇ ਆਉਣ ਬਾਰੇ ਪਹਿਲਾਂ ਉਨ੍ਹਾਂ ਨੂੰ ਬਿਲਕੁਲ ਨਹੀਂ ਦਸਿਆ ਸੀ, ਮੈਂ ਚੁੱਪ ਚੁਪੀਤੇ ਗਿਆ ਸੀ । ਉਨ੍ਹਾਂ ਕੁੜੀਆਂ ਅਤੇ ਮੁੰਡਿਆਂ ਨੇ ਐਨੀਆਂ ਅੱਛੀਆਂ ਵਦਦੀਆਂ ਪਾਈਆਂ ਸਨ ਜਿਵੇਂ ਕਿ ਉਹ ਨਵਾਬਾਂ ਦੇ ਬੱਚੇ ਹੋਣ । ਮੈਂ ਉਨ੍ਹਾਂ ਦੇ ਵਿਚ ਬੈਠ ਕੇ ਖਾਣਾ ਖਾਧਾ ਸੀ । ਉਨ੍ਹਾਂ ਨੂੰ ਇੰਨਾ ਅੱਛਾ ਖਾਣਾ ਦਿੱਤਾ ਜਾਂਦਾ ਹੈ ਜਿੰਨਾ ਕਿ ਸਾਡੇ ਆਪਣੇ ਘਰਾਂ ਵਿਚ ਵੀ ਨਹੀਂ ਹੋਣਾ । ਉਥੋਂ ਦੀ ਸਰਕਾਰ ਨੇ ਦਲਿਤਾਂ ਵਾਸਤੇ ਵੱਖਰਾ ਬਜਟ ਰੱਖਿਆ ਹੈ । ਉਨ੍ਹਾਂ ਨੇ 352 ਕਰੋੜ ਰੁਪਿਆ ਇਕੱਲਾ ਉਨ੍ਹਾਂ ਦੀ ਪੜ੍ਹਾਈ ਤੇ ਹੀ ਖਰਚਣਾ ਹੈ, ਇਕੱਲੇ

Original with;
Punjab Vidhan Sabha
Digitized by;
Panjab Digital Library

ਦਲਿਤਾਂ ਦੀ ਪੜ੍ਹਾਈ ਤੇ । ਮੈਂ ਉਨਾਂ ਦੇ ਮਕਾਨ ਵੀ ਵੇਖ ਕੇ ਆਇਆ ਹਾਂ । ਬਾਦਲ ਸਾਹਿਬ ਨੇ ਕਿਹਾ ਸੀ ਕਿ ਅਸੀਂ ਦਲਿਤਾਂ ਨੂੰ ਮਕਾਨ ਬਣਾ ਕੇ ਦੇਣੇ ਹਨ । ਉਥੇ ਤਿੰਨ ਕਿਸਮ ਦੇ ਮਕਾਨ ਹਨ । ਇਕ ਮਕਾਨ ਇਸ ਤਰ੍ਹਾਂ ਦਾ ਹੈ ਕਿ 7 ਦਿਨਾਂ ਦੇ ਅੰਦਰ-ਅੰਦਰ ਉਸਨੂੰ ਮੁਕੰਮਲ ਕਰਕੇ ਦਲਿਤਾਂ ਨੂੰ, ਗਰੀਬਾਂ ਨੂੰ ਉਸ ਦੇ ਵਿਚ ਵਾੜ ਦਿੰਦੇ ਹਨ । ਉਹ ਐਸੀ ਸਕੀਮ ਨਾਲ ਮਕਾਨ ਬਣਾ ਰਹੇ ਹਨ । ਮੈਂ ਹੈਰਾਨ ਹੋ ਗਿਆ ਉਨ੍ਹਾਂ ਦੀਆਂ ਸਕੀਮਾਂ ਵੇਖ ਕੇ । ਸਮਾਂ ਇਜ਼ਾਜ਼ਤ ਨਹੀਂ ਦਿੰਦਾ ਕਿ ਮੈਂ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਤੁਹਾਨੂੰ ਦੱਸ ਸਕਾਂ । ਤੁਸੀਂ ਵੇਖੋ ਕਿਸ ਤਰ੍ਹਾਂ ਉਥੋਂ ਦੀ ਸਰਕਾਰ ਗਰੀਬ ਲੋਕਾਂ ਨਾਲ ਹਮਦਰਦੀ ਕਰਦੀ ਹੈ । ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਹਜ਼ਾਰ ਗੁਣਾ ਜ਼ਿਆਦਾ ਗਰੀਬ ਲੋਕਾਂ ਨਾਲ ਪਿਆਰ ਹੈ । ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਕੁਝ ਸਮਾਂ ਕੱਢ ਕੇ ਉਥੇ ਇਕ ਚੱਕਰ ਲਗਾ ਕੇ ਆਉਣ ਤਾਂ ਕਿ ਇਹ ਗਰੀਬਾਂ ਦੀ ਹੋਰ ਜ਼ਿਆਦਾ ਸੇਵਾ ਕਰ ਸਕਣ ।

ਇੰਨਾ ਕਹਿੰਦਾ ਹੋਇਆ ਮੈਂ ਗਵਰਨਰ ਸਾਹਿਬ ਦੇ ਭਾਸ਼ਣ ਦੀ ਤਾਈਦ ਕਰਦਾ ਹਾਂ । ਜੋ ਭਾਸ਼ਣ ਇਥੇ ਦਿੱਤਾ ਗਿਆ ਹੈ, ਉਸ ਦੇ ਵਿਚ ਐਨੀਆਂ ਸੋਹਣੀਆਂ ਗੱਲਾਂ ਹਨ ਕਿ ਧੰਨਵਾਦ ਕੀਤੇ ਬਿਨਾ ਰਿਹਾ ਹੀ ਨਹੀਂ ਜਾਂਦਾ । ਮੈਂ ਤੁਹਾਡਾ ਲੱਖ ਲੱਖ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ ।

---

## WALK OUT

(ਇਸ ਵਕਤ ਮਾਨਯੋਗ ਮੈਂਬਰ ਸਰਦਾਰ ਅਜੀਤ ਇੰਦਰ ਸਿੰਘ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ।)

**ਸ੍ਰੀ ਸਪੀਕਰ** : ਹੁਣ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ । (ਥੰਪਿੰਗ)

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਤਿਕਾਰ ਯੋਗ ਸਪੀਕਰ ਸਾਹਿਬ, ਪੰਜ ਤਾਰੀਖ ਨੂੰ......

**ਸਰਦਾਰ ਅਜੀਤ ਇੰਦਰ ਸਿੰਘ** : ਸਪੀਕਰ ਸਾਹਿਬ, ਇਹ ਡਿਸਕ੍ਰਿਮੀਨੇਸ਼ਨ ਹੈ । ਇਹ ਬਹੁਤ ਮਾੜੀ ਗੱਲ ਹੈ । ਮੈਂ ਇਕ ਪਾਰਟੀ ਨੂੰ ਰਿਪ੍ਰੇਜ਼ੈਂਟ ਕਰਦਾ ਹਾਂ ਅਤੇ ਮੈਨੂੰ ਟਾਈਮ ਦਿੱਤਾ ਜਾਣਾ ਚਾਹੀਦਾ ਸੀ । ਮੈਨੂੰ ਟਾਈਮ ਦਿਤਾ ਨਹੀਂ ਗਿਆ, ਇਸ ਕਰਕੇ ਮੈਂ ਰੋਸ ਵਜੋਂ ਵਾਕ-ਆਊਟ ਕਰਦਾ ਹਾਂ । (ਇਕ ਆਵਾਜ਼ : ਤੁਸੀਂ ਤਾਂ ਇੰਡੀਪੈਂਡੈਂਟ ਹੋ ।) I am not independant. I am walking out.

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਅਜੀਤ ਇੰਦਰ ਸਿੰਘ (ਸ਼੍ਰੋਮਣੀ ਅਕਾਲੀ ਦਲ (ਮਾਨ) (ਸਦਨ ਵਿਚੋਂ ਵਾਕ-ਆਊਟ ਕਰ ਗਏ।)

---

Original with;
Punjab Vidhan Sabha
Digitized by;
Panjab Digital Library

DISCUSSION ON GOVERNOR'S ADDRESS (*Resumption*)

**ਸਰਦਾਰਨੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਬੜੇ ਅੱਛੇ ਤਰੀਕੇ ਦੇ ਨਾਲ ਹਾਊਸ ਚਲ ਰਿਹਾ ਹੈ । ਆਪਾਂ ਟਾਈਮ ਐਕਸਟੈਂਡ ਕਰ ਲਵਾਂਗੇ, ਤੁਸੀਂ ਉਨ੍ਹਾਂ ਨੂੰ ਟਾਈਮ ਜ਼ਰੂਰ ਦਿਓ । ਤੁਸੀਂ ਆਪ ਉਨ੍ਹਾਂ ਨੂੰ ਬੁਲਾ ਲਵੋ । (ਵਿਘਨ......ਸ਼ੋਰ)

**ਇਕ ਆਵਾਜ਼** : ਉਹ ਤਾਂ ਹੁਣ ਚਲੇ ਗਏ ਹਨ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਪੰਜ ਤਾਰੀਖ਼ ਨੂੰ ਸਤਿਕਾਰਯੋਗ ਗਵਰਨਰ ਸਾਹਿਬ ਨੇ ਇਸ ਪਵਿੱਤਰ ਹਾਊਸ ਦੇ ਵਿਚ ਆ ਕੇ ਆਪਣਾ ਐਡਰੈਸ ਪੜ੍ਹਿਆ ਮੈਂ ਸਮੁੱਚੇ ਹਾਊਸ ਵਲੋਂ ਉਹਨਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ । (ਥੰਪਿੰਗ) ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਗਵਰਨਰਜ਼ ਐਡਰੈਸ ਤੇ ਆਪਣੇ ਵਿਚਾਰ ਰੱਖਾਂ, ਮੈਂ ਪੰਜਾਬ ਦੇ ਪੰਜਾਬੀਆਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਬੇਮਿਸਾਲ ਉਤਸ਼ਾਹ ਦਿਖਾ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਇਲੈਕਸ਼ਨਾਂ ਵਿਚ ਬੜੀ ਭਾਰੀ ਜਿੱਤ ਦਿੱਤੀ ਹੈ । (ਥੰਪਿੰਗ) ਸਪੀਕਰ ਸਾਹਿਬ, ਇਹ ਜੋ ਫਤਵਾ ਹੈ ਇਹ ਇਕ ਇਤਿਹਾਸਕ ਫਤਵਾ ਹੈ ਔਰ ਇਹ ਫਤਵਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਪਾਲਿਸੀ ਤੇ ਪ੍ਰੋਗਰਾਮ ਜੋ ਉਹਨਾਂ ਨੇ ਦਿਤਾ, ਉਸ ਦੇ ਹੱਕ ਵਿਚ ਹੈ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਵੀ ਪੰਜ ਸਾਲ ਪਹਿਲਾਂ ਪੰਜਾਬ ਵਿਚ ਇਲੈਕਸ਼ਨ ਹੋਏ ਸਨ ਪਰ ਉਹ ਇਲੈਕਸ਼ਨ ਬਰਾਏ ਨਾਮ ਇਲੈਕਸ਼ਨ ਸਨ । ਪੰਜਾਬ ਦੀ ਜਨਤਾ ਨੇ ਉਸ ਵਿਚ ਕੋਈ ਫਤਵਾ ਨਹੀਂ ਸੀ ਦਿਤਾ । ਉਹ ਤਾਂ ਜੋ ਕਾਂਗਰਸ ਪਾਰਟੀ ਸੀ, ਉਹਨੇ ਜ਼ਬਰਦਸਤੀ ਇਸ ਸਰਕਾਰ ਤੇ ਕਬਜ਼ਾ ਕਰ ਲਿਆ । ਪਰ ਲੋਕਾਂ ਦੇ ਦਿਲਾਂ ਵਿਚ ਹਮੇਸ਼ਾ ਖਦਸ਼ਾ ਰਿਹਾ, ਉਹ ਨਹੀਂ ਚਾਹੁੰਦੇ ਸਨ ਕਿ ਪੰਜਾਬ ਦੀ ਪਵਿੱਤਰ ਧਰਤੀ ਤੇ ਇਹਨਾਂ ਦਾ ਰਾਜ ਰਹੇ । ਇਸ ਲਈ ਜਦੋਂ ਵੀ ਉਹਨਾਂ ਨੂੰ ਮੌਕਾ ਮਿਲਦਾ ਗਿਆ, ਇਸ ਪਾਰਟੀ ਦੇ ਖਿਲਾਫ ਉਹ ਆਪਣਾ ਫਤਵਾ ਦਿੰਦੇ ਰਹੇ । ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਪੰਜਾਬ ਦੇ ਵਿਚ ਇਕ ਬਾਈ-ਇਲੈਕਸ਼ਨ ਹੋਇਆ ਸੀ ਅਜਨਾਲਾ ਦੀ ਸੀਟ ਤੇ । ਬਾਈ-ਇਲੈਕਸ਼ਨ ਵਿਚ ਸਰਕਾਰ ਦਾ ਮੁਕਾਬਲਾ ਕਰਨਾ ਕਿਸੇ ਵੀ ਆਪੋਜ਼ੀਸ਼ਨ ਪਾਰਟੀ ਵਾਸਤੇ ਬਹੁਤ ਔਖਾ ਹੁੰਦਾ ਹੈ ਕਿਉਂਕਿ ਸਰਕਾਰ ਕੋਲ ਸਾਧਨ ਹੁੰਦੇ ਹਨ, ਸਰਕਾਰੀ ਮਸ਼ੀਨਰੀ ਹੁੰਦੀ ਹੈ ਅਤੇ ਉਹ ਕਈ ਤਰ੍ਹਾਂ ਦੇ ਲੋਕਾਂ ਨੂੰ ਲਾਲਚ ਦਿੰਦੇ ਹਨ । ਲੇਕਿਨ ਬਹਾਦਰ ਹਨ ਉਹ ਮਾਝੇ ਦੇ ਵੀਰ ਜਿਨ੍ਹਾਂ ਨੇ ਉਸ ਇਲੈਕਸ਼ਨ ਵਿਚ ਫਤਵਾ ਦੇ ਕੇ ਇਹ ਸਾਬਤ ਕਰ ਦਿਤਾ ਕਿ ਜਿਹੜੀ ਸਰਕਾਰ ਹੈ, ਉਹ ਸਾਡੀ ਨੁਮਾਇੰਦਾ ਜਮਾਤ ਨਹੀਂ ਹੈ । ਲੇਕਿਨ ਇਸ ਤੋਂ ਬਾਅਦ ਫਿਰ ਵੀ ਇਲੈਕਸ਼ਨ ਹੋਏ । ਗਿੱਦੜਬਾਹੇ ਵਿਚ ਇਲੈਕਸ਼ਨ ਹੋਈ । ਉਥੇ ਇਸ ਪਾਰਟੀ ਦੇ ਜਿੰਨੇ ਵਿਧਾਇਕ ਸਨ, ਜਿੰਨੇ ਮਨਿਸਟਰ ਸਨ, ਉਹ ਸਾਰੇ ਦੇ ਸਾਰੇ ਡੇਰੇ ਲਾ ਕੇ ਬੈਠ ਗਏ ਔਰ ਉਹਨਾਂ ਦਾ ਨਿਸ਼ਾਨਾ ਇਹ ਸੀ ਕਿ ਅਸੀਂ ਅਜਨਾਲੇ ਦੀ ਸੀਟ ਦਾ ਬਦਲਾ ਜ਼ਰੂਰ ਲੈਣਾ ਹੈ । ਪਰ ਪੰਜਾਬ ਦੀ ਜਨਤਾ ਚਾਹੁੰਦੀ ਸੀ ਕਿ ਉਸ ਦਾ ਫਤਵਾ ਦੁਹਰਾਇਆ ਜਾਵੇ ਔਰ

Original with;
Punjab Vidhan Sabha
Digitized by;
Panjab Digital Library

ਗਿੱਦੜਬਾਹੇ ਦੀ ਸੀਟ ਤੇ ਵੀ ਅਸੀਂ ਕਾਂਗਰਸ ਨੂੰ ਹਾਰ ਦਿੱਤੀ। ਏਥੇ ਹੀ ਬਸ ਨਹੀਂ, ਕਿੰਨੇ ਹੋਰ ਇਲੈਕਸ਼ਨ ਹੋਏ ਇਨ੍ਹਾਂ ਪੰਜਾਂ ਸਾਲਾਂ ਦੇ ਵਿਚ। ਪਾਰਲੀਮੈਂਟ ਦੀ ਇਲੈਕਸ਼ਨ ਹੋਈ, ਪਾਰਲੀਮੈਂਟ ਦੀ ਇਲੈਕਸ਼ਨ ਦੇ ਵਿਚ ਸਿਰਫ ਦੋ ਸੀਟਾਂ ਹੀ ਇਹ ਪਾਰਟੀ ਜਿੱਤ ਸਕੀ ਔਰ ਬਾਕੀ ਦੀਆਂ ਸਾਰੀਆਂ ਸੀਟਾਂ ਇਹ ਹਾਰ ਗਏ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਲੈਕਸ਼ਨ ਹੋਈ। ਉਦੋਂ ਇਨ੍ਹਾਂ ਦਾ ਬਹੁਤ ਵੱਡਾ ਗਠਜੋੜ ਹੋ ਗਿਆ ਸੀ। ਸਭ ਥਾਵਾਂ ਤੇ ਤਕਰੀਬਨ ਸਾਰੀਆਂ ਪਾਰਟੀਆਂ ਹੀ ਇਕੱਠੀਆਂ ਹੋ ਗਈਆਂ ਸਨ। ਸਰਦਾਰ ਅਜੀਤ ਇੰਦਰ ਸਿੰਘ, ਹੁਣ ਸਾਡੇ ਨੌਜਵਾਨ ਐਮ.ਐਲ.ਏ. ਹਨ, ਮੈਂ ਇਹਨਾਂ ਨੂੰ ਬਹੁਤ ਪਿਆਰ ਕਰਦਾ ਹਾਂ ਇਹ ਮੇਰੇ ਬੱਚਿਆਂ ਵਾਂਗ ਹੈ। ਜਿਸ ਪਾਰਟੀ ਨਾਲ ਇਹ ਤਾਲੁੱਕ ਰਖਦਾ ਹੈ, ਕਾਂਗਰਸ ਨੇ ਉਸ ਪਾਰਟੀ ਦੀ ਮਦਦ ਕੀਤੀ ਸੀ। ਬਹੁਜਨ ਸਮਾਜ ਪਾਰਟੀ ਨੇ ਉਨ੍ਹਾਂ ਦੀ ਮਦਦ ਕੀਤੀ ਸੀ। ਸਾਡੇ ਸੀ.ਪੀ.ਆਈ. ਦੇ ਵੀਰ, ਸੀ.ਪੀ.ਐਮ. ਦੇ ਵੀਰ ਜਿਹੜੇ ਕਦੀ ਕਹਿੰਦੇ ਹੁੰਦੇ ਸਨ ਕਿ ਮਾਨ ਦਾ ਪ੍ਰਛਾਵਾਂ ਨਹੀਂ ਲੈਣਾ, ਕਾਂਗਰਸ ਦਾ ਪ੍ਰਛਾਵਾਂ ਨਹੀਂ ਲੈਣਾ, ਉਨ੍ਹਾਂ ਵੀ ਉਨ੍ਹਾਂ ਦੀ ਮਦਦ ਕੀਤੀ ਲੇਕਿਨ ਉਹ ਇਲੈਕਸ਼ਨ ਵਿਚ ਵੀ ਲੋਕਾਂ ਵਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਏਡਾ ਵੱਡਾ ਫਤਵਾ ਦਿਤਾ ਗਿਆ। ਏਸੇ ਤਰ੍ਹਾਂ ਦਾ ਫਤਵਾ ਦਿੱਲੀ ਵਿਚ ਵੀ ਮਿਲਿਆ ਅਤੇ ਚੰਡੀਗੜ੍ਹ ਵਿਚ ਵੀ ਮਿਲਿਆ। (ਥੰਪਿੰਗ) ਚੰਡੀਗੜ੍ਹ ਵਿਚ ਸਾਰੇ ਹਿੰਦੁਸਤਾਨ ਦੇ ਲੋਕ ਵਸਦੇ ਹਨ, ਇਕ ਸੂਬੇ ਦੇ ਨਹੀਂ, ਇਕੱਲੇ ਪੰਜਾਬ ਦੇ ਨਹੀਂ ਜਾਂ ਹਰਿਆਣੇ ਦੇ ਨਹੀਂ ਪਰ ਉਥੇ ਵੀ ਕਾਰਪੋਰੇਸ਼ਨ ਦੀਆਂ ਇਲੈਕਸ਼ਨਾਂ ਹੋਈਆਂ ਤਾਂ ਲੋਕਾਂ ਨੇ ਕਾਂਗਰਸ ਦੇ ਖਿਲਾਫ ਬੁਰੀ ਤਰ੍ਹਾਂ ਆਪਣਾ ਫਤਵਾ ਦਿੱਤਾ। (ਥੰਪਿੰਗ) ਇਹ ਜਿਹੜੀ ਸਾਡੀ ਇਲੈਕਸ਼ਨ ਦੀ ਜਿੱਤ ਅਸੈਂਬਲੀ ਵਿਚ ਹੋਈ ਹੈ, ਇਹ ਇਕ ਕੜੀ ਹੈ ਅਤੇ ਪੰਜਾਬ ਦੇ ਲੋਕਾਂ ਨੇ ਸਹੀ ਫੈਸਲਾ ਕੀਤਾ ਹੈ। ਸਪੀਕਰ ਸਾਹਿਬ, ਜਿਥੇ ਇਹ ਸਹੀ ਫੈਸਲਾ ਦਿਤਾ ਹੈ, ਉਥੇ ਸਾਡੀਆ ਜ਼ਿੰਮੇਵਾਰੀਆਂ ਵੀ ਬਹੁਤ ਵਧ ਗਈਆਂ ਹਨ ਅਤੇ ਸਾਨੂੰ ਸਾਰਿਆਂ ਨੂੰ ਇਸ ਗੱਲ ਦਾ ਬੜਾ ਅਹਿਸਾਸ ਹੈ। ਮੈਂ ਇਸ ਹਾਊਸ ਵਿਚ ਪੰਜਾਬ ਦੇ ਲੋਕਾਂ ਨੂੰ ਇਹ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਜਿਹੜੀਆਂ ਜ਼ਿੰਮੇਵਾਰੀਆਂ ਸਾਡੇ ਉਤੇ ਪਈਆਂ ਹਨ, ਅਸੀਂ ਉਨ੍ਹਾਂ ਨੂੰ ਬੜੀ ਇਮਾਨਦਾਰੀ ਨਾਲ, ਦ੍ਰਿੜ੍ਹਤਾ ਨਾਲ ਅਤੇ ਪੂਰੀ ਵਚਨਬੱਧਤਾ ਨਾਲ ਨਿਭਾਵਾਂਗੇ। (ਥੰਪਿੰਗ)

ਸਪੀਕਰ ਸਾਹਿਬ, ਮੈਂ ਸਾਰੇ ਮੈਂਬਰ ਸਾਹਿਬਾਨ ਦਾ ਬੜਾ ਧੰਨਵਾਦੀ ਹਾਂ ਕਿ ਇਥੇ ਤਿੰਨ ਦਿਨਾਂ ਤੋਂ ਬਹਿਸ ਹੋ ਰਹੀ ਹੈ, ਬੜੀ ਮਿਆਰੀ ਬਹਿਸ ਹੋਈ ਹੈ ਅਤੇ ਬੜੀਆਂ ਚੰਗੀਆਂ ਰਾਵਾਂ ਆਈਆਂ ਹਨ। ਕਿਤੇ ਫਰਕ ਵੀ ਹੁੰਦਾ ਹੈ ਕਿਉਂਜੋ ਡੈਮੋਕਰੇਸੀ ਇਕ ਇਹੋ ਜਿਹੀ ਚੀਜ਼ ਹੁੰਦੀ ਹੈ ਜਿਥੇ ਸਾਰਿਆਂ ਦੀਆਂ ਦਲੀਲਾਂ ਅਤੇ ਸਾਰਿਆਂ ਦੀਆ ਰਾਵਾਂ ਇਕ ਮੁਤਾਬਿਕ ਨਹੀਂ ਹੁੰਦੀਆਂ। ਲੇਕਿਨ, ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਜਿਹੜੀ ਸਰਕਾਰ ਹੈ, ਇਹ ਆਪੋਜ਼ੀਸ਼ਨ ਦੀ ਰਾਏ ਦੀ ਬਹੁਤ ਕਦਰ ਕਰੇਗੀ। ਜੋ ਉਹ ਸੁਝਾਓ ਦੇਣਗੇ, ਜੇਕਰ ਉਹ ਚੰਗੇ ਹੋਣਗੇ, ਠੀਕ ਹੋਣਗੇ ਤਾਂ ਅਸੀਂ ਉਨ੍ਹਾਂ ਤੇ ਪੂਰਾ ਅਮਲ ਕਰਾਂਗੇ। ਮੈਂ ਪਹਿਲਾਂ ਵੀ ਕਿਹਾ ਸੀ ਅਤੇ ਅੱਜ ਫਿਰ ਕਹਿੰਦਾ ਹਾਂ, ਸਪੀਕਰ ਸਾਹਿਬ, ਕਿ ਸਾਡੀ ਕੋਈ ਟਕਰਾਓ ਦੀ ਨੀਤੀ ਨਹੀਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹੈ । ਅਸੀਂ ਪਿਛਲੀਆਂ ਗੱਲਾਂ ਭੁੱਲਣਾ ਚਾਹੁੰਦੇ ਹਾਂ । Let us forget and forgive. ਸਾਡਾ ਨਿਸ਼ਾਨਾ ਕੀ ਹੋਣਾ ਚਾਹੀਦਾ ਹੈ, ਇਹ ਕਿ ਪੰਜਾਬ ਜਿਹੜਾ ਬੜੇ ਵੱਡੇ ਸੰਕਟ ਵਿਚ ਫਸਿਆ ਹੈ ਤੇ ਜਿਸ ਦਾ ਜ਼ਿਕਰ ਮੈਂ ਅੱਗੇ ਚਲ ਕੇ ਕਰਾਂਗਾਂ, ਇਸ ਨੂੰ ਇਸ ਸੰਕਟ ਵਿਚੋਂ ਕੱਢੀਏ ਅਤੇ ਖੁਸ਼ਹਾਲੀ ਅਤੇ ਤਰੱਕੀ ਵੱਲ ਤੋਰੀਏ । ਇਸ ਤੋਂ ਪਹਿਲਾਂ ਕਿ ਮੈਂ ਉਨ੍ਹਾਂ ਗੱਲਾਂ ਵਿਚ ਜਾਵਾਂ, ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ, ਜਿਸ ਦੀ ਮੈਂ ਲੰਮੇ ਅਰਸੇ ਤੋਂ ਸੇਵਾ ਕਰ ਰਿਹਾ ਹਾਂ, ਦੇ ਮੁਤੱਲਕ ਮੈਂ ਕੁਝ ਕਹਿਣਾ ਚਾਹਾਂਗਾ ਕਿਉਂਕਿ ਆਪੋਜ਼ੀਸ਼ਨ ਪਾਰਟੀ ਵਲੋਂ ਸਾਡੇ ਤੇ ਕੁਝ ਨੁਕਤਾਚੀਨੀ ਇਸ ਹਾਊਸ ਵਿਚ ਵੀ ਹੋਈ ਹੈ ਅਤੇ ਬਾਹਰ ਵੀ ਹੁੰਦੀ ਰਹਿੰਦੀ ਹੈ । ਸ਼੍ਰੋਮਣੀ ਅਕਾਲੀ ਦਲ ਸਾਰੇ ਪੰਜਾਬੀਆਂ ਦੀ ਇਕ ਪਾਰਟੀ ਹੈ । ਸਪੀਕਰ ਸਾਹਿਬ, ਪਹਿਲਾਂ ਠੀਕ ਹੈ ਕਿ ਇਹ ਸਿਰਫ ਸਿੱਖਾਂ ਦੀ ਪਾਰਟੀ ਸੀ । ਲੇਕਿਨ ਜਦੋਂ ਤੋਂ ਮੈਨੂੰ ਸੇਵਾ ਬਖਸ਼ੀ ਗਈ ਹੈ, ਮੈਂ ਇਸ ਵਿਚ ਮੈਂਬਰਸ਼ਿਪ ਖੋਲ੍ਹ ਦਿੱਤੀ ਹੈ ਅਤੇ ਸਾਰੇ ਧਰਮਾਂ ਦੇ ਲੋਕ ਇਸ ਦੇ ਮੈਂਬਰ ਬਣ ਸਕਦੇ ਹਨ, ਉਨ੍ਹਾਂ ਦੀ ਜਾਤ ਬਰਾਦਰੀ ਭਾਵੇਂ ਕੋਈ ਵੀ ਹੋਵੇ ਹਾਲਾਂਕਿ ਅਸੀਂ ਜਾਤ-ਬਰਾਦਰੀ ਦੀਆਂ ਗੱਲਾਂ ਵਿਚ ਵਿਸ਼ਵਾਸ਼ ਨਹੀਂ ਰੱਖਦੇ । ਅੱਜ ਮੈਂ ਇਹ ਗੱਲ ਕਹਿ ਸਕਦਾ ਹਾਂ ਕਿ ਸ਼੍ਰੋਮਣੀ ਅਕਾਲੀ ਅਕਾਲੀ ਦਲ ਪੰਜਾਬ ਅਤੇ ਦੇਸ਼ ਦੀ ਰੱਖਿਆ ਕਰਨ ਵਾਲੀ ਪਾਰਟੀ ਹੈ ਅਤੇ ਇਸ ਦੇ ਵਿਚ ਕੋਈ ਵੀ ਮੈਂਬਰ ਬਣ ਸਕਦੇ ਹਨ । ਸਪੀਕਰ ਸਾਹਿਬ, ਇਹ ਗੱਲਾਂ ਕਈ ਵੇਰ, ਕਹਿਣ ਵਾਸਤੇ ਕਹੀਆਂ ਜਾਂਦੀਆਂ ਹਨ ਪਰ ਮੈਂ ਕੇਵਲ ਕਹਿਣ ਵਾਸਤੇ ਨਹੀਂ ਕਹਿੰਦਾ ਹਾਂ । ਸ਼੍ਰੋਮਣੀ ਅਕਾਲੀ ਪਾਰਟੀ ਇਕ ਮਾਲਾ ਹੈ ਜਿਸ ਵਿਚ ਸਾਰੇ ਮਣਕੇ ਪਰੋਏ ਹੋਏ ਹਨ । ਤੁਸੀਂ ਵੇਖ ਲਓ, ਤੁਹਾਡੇ ਹਾਊਸ ਵਿਚ ਬੈਠੇ ਹਨ ਚਰੰਜੀ ਲਾਲ ਜੀ, ਜਿਹੜੇ ਬਠਿੰਡੇ ਤੋਂ ਅਕਾਲੀ ਦਲ ਦੀ ਟਿਕਟ ਤੇ, ਤੱਕੜੀ ਦੇ ਨਿਸ਼ਾਨ ਤੇ ਜਿੱਤ ਕੇ ਆਏ ਹਨ । ਮੈਂ ਸ਼ਾਇਦ ਭੁੱਲ ਗਿਆ ਇਹ ਤਕਰੀਬਨ 25,700 ਵੋਟਾਂ ਤੇ ਕਾਂਗਰਸ ਪਾਰਟੀ ਦੇ ਇਕ ਮਨਿਸਟਰ ਨੂੰ ਹਰਾ ਕੇ ਆਏ ਹਨ । ਸਪੀਕਰ ਸਾਹਿਬ, ਮੈਂ ਇਨ੍ਹਾਂ ਗੱਲਾਂ ਵਿਚ ਨਹੀਂ ਜਾਣਾ ਚਾਹੁੰਦਾ ਕਿ ਉਹ ਸੀਟ ਜਿਹੜੀ ਹੈ, ਉਹ ਕਦੇ ਵੀ ਸ਼੍ਰੋਮਣੀ ਅਕਾਲੀ ਦਲ ਨੇ ਨਹੀਂ ਜਿੱਤੀ । ਜਿਥੇ ਚਰੰਜੀ ਲਾਲ ਜੀ, ਸ਼੍ਰੋਮਣੀ ਅਕਾਲੀ ਦਲ ਦੇ ਨਿਸ਼ਾਨ ਤੇ ਜਿੱਤ ਕੇ ਆਏ ਹਨ, ਉਥੇ ਸ੍ਰੀ ਨੰਦ ਲਾਲ ਅਤੇ ਸ੍ਰੀ ਮੋਹਨ ਲਾਲ ਜੀ ਵੀ ਤੁਹਾਡੇ ਹਾਊਸ ਵਿਚ ਬੈਠੇ ਹਨ, ਇਹ ਵੀ ਤੱਕੜੀ ਦੇ ਨਿਸ਼ਾਨ ਤੇ ਜਿੱਤ ਕੇ ਆਏ ਹਨ । ਹੁਣੇ ਹੀ ਥੋੜ੍ਹਾ ਚਿਰ ਪਹਿਲਾਂ ਮਲੇਰਕੋਟਲਾ ਦਾ ਇਕ ਨੌਜਵਾਨ ਖੜ੍ਹਾ ਹੋਇਆ ਸੀ ਜਿਸ ਦਾ ਨਾਂ ਨੁਸਰਤ ਅਲੀ ਖਾਂ ਹੈ, ਉਹ ਵੀ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੇ ਜਿੱਤ ਕੇ ਆਇਆ ਹੈ । ਇਸ ਸਦਨ ਵਿਚ ਭਾਵੇਂ ਮੈਂ ਪਹਿਲਾ ਕਹਿ ਚੁੱਕਾ ਹਾਂ ਕਿ ਅਸੀਂ ਜਾਤ ਬਰਾਦਰੀ ਦੀਆਂ ਗੱਲਾਂ ਵਿਚ ਨਹੀਂ ਜਾਣਾ ਚਾਹੁੰਦੇ ਪਰ ਅਸੀਂ ਫ਼ਖਰ ਨਾਲ ਕਹਿ ਸਕਦੇ ਹਾਂ ਕਿ ਅੱਜ ਇਸ ਹਾਊਸ ਵਿਚ ਬੀ.ਏ. ਪੜ੍ਹਿਆ ਰਾਏ-ਸਿੱਖ ਬਰਾਦਰੀ ਦਾ ਵੀ ਇਕ ਨੌਜਵਾਨ ਬੈਠਾ ਹੈ ਔਰ ਉਹ ਜਲਾਲਾਬਾਦ ਦੀ ਸੀਟ ਤੋਂ ਜਿੱਤ ਕੇ ਆਇਆ ਹੈ ਜੋ ਕਦੇ ਵੀ ਅਕਾਲੀ ਦਲ ਨੇ ਆਪਣੇ ਇਤਿਹਾਸ ਵਿਚ ਲੜੀ ਨਹੀਂ, ਜਿੱਤਣੀ ਤਾਂ ਇਕ ਪਾਸੇ । ਪਰ ਲੋਕਾਂ ਦਾ ਏਨਾ ਵਿਸ਼ਵਾਸ ਹੋਇਆ ਹੈ ਕਿ ਉਸ ਨੌਜਵਾਨ ਨੂੰ ਉਨ੍ਹਾਂ ਨੇ ਜਿਤਾਇਆ ਹੈ । ਜਿਹੜੀ ਬੀ.ਐਸ.ਪੀ. ਇਸ ਸੀਟ ਨੂੰ ਆਪਣਾ ਗੜ੍ਹ ਸਮਝਦੀ ਸੀ, ਉਸੇ ਬੀ.ਐਸ.ਪੀ. ਦੇ ਉਮੀਦਵਾਰ ਨੂੰ ਹਰਾ ਕੇ ਉਹ ਨੌਜਵਾਨ ਇਸ ਸਦਨ ਵਿਚ ਜਿੱਤ ਕੇ ਆਇਆ ਹੈ । ਸਪੀਕਰ ਸਾਹਿਬ, ਅੱਜ ਤੋਂ 76 ਸਾਲ ਪਹਿਲਾਂ ਇਕ ਸੰਘਰਸ਼ ਵਿਚੋਂ ਇਸ ਪਾਰਟੀ

Original with;
Punjab Vidhan Sabha
Digitized by;
Panjab Digital Library

ਨੇ ਜਨਮ ਲਿਆ ਸੀ ਔਰ ਇਹ ਪਾਰਟੀ ਉਦੋਂ ਬਣੀ ਜਦੋਂ ਹਿੰਦੁਸਤਾਨ ਦੇ ਅੰਦਰ ਅੰਗਰੇਜ਼ਾਂ ਦਾ ਰਾਜ ਸੀ । ਅੰਗਰੇਜ਼ ਸਾਡੇ ਤੇ ਜ਼ੁਲਮ ਕਰ ਰਿਹਾ ਸੀ, ਜਬਰ ਕਰ ਰਿਹਾ ਸੀ ਔਰ ਉਸ ਦੇ ਜ਼ੁਲਮ ਅਤੇ ਜਬਰ ਨੂੰ ਖਤਮ ਕਰਨ ਅਤੇ ਉਸਨੂੰ ਬਾਹਰ ਕੱਢਣ ਵਾਸਤੇ ਸ਼੍ਰੋਮਣੀ ਅਕਾਲੀ ਪਾਰਟੀ ਦਾ ਜੋ ਰੋਲ ਹੈ, ਉਹ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣ ਵਾਲਾ ਰੋਲ ਹੈ । ਇਸ ਤੋਂ ਇਲਾਵਾ ਆਜ਼ਾਦੀ ਦੀ ਜੰਗ ਵਿਚ ਜੋ ਸ਼੍ਰੋਮਣੀ ਅਕਾਲੀ ਦਲ ਨੇ ਰੋਲ ਅਦਾ ਕੀਤਾ, ਉਹ ਵੀ ਬਹੁਤ ਵੱਡਾ ਹੈ ਪਰ ਬਦਕਿਸਮਤੀ ਸਾਡੇ ਦੇਸ਼ ਦੀ ਹੈ ਕਿ ਦੇਸ਼ ਦੇ ਸਿਆਸਤਦਾਨਾਂ ਨੇ ਜਿਹੜੇ ਦਿੱਲੀ ਬੈਠੇ ਹਨ, ਉਨ੍ਹਾਂ ਨੇ ਇਸ ਪਾਰਟੀ ਦੀ ਬਦਨਾਮੀ ਕਰਨ ਵਾਸਤੇ ਕੋਈ ਕਸਰ ਨਹੀਂ ਛੱਡੀ ਔਰ ਇਸ ਤੇ ਤੁਹਮਤਾਂ ਵੀ ਲਾਈਆਂ । ਸਪੀਕਰ ਸਾਹਿਬ, ਮੈਂ ਅੱਜ ਇਥੇ ਖੜ੍ਹੇ ਹੋ ਕੇ ਤੁਹਾਡੇ ਸਾਹਮਣੇ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਦੇਸ਼ ਭਗਤ ਹਾਂ, ਦੇਸ਼ ਪ੍ਰਤੀ ਸਾਡਾ ਸਤਿਕਾਰ ਹੈ, ਅਸੀਂ ਦੇਸ਼ ਨੂੰ ਤਕੜਾ ਅਤੇ ਮਜ਼ਬੂਤ ਦੇਖਣਾ ਚਾਹੁੰਦੇ ਹਾਂ, ਲੇਕਿਨ ਸਾਨੂੰ ਇਨ੍ਹਾਂ ਨੇ ਹੋਰ ਤਰ੍ਹਾਂ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਹੈ । ਖੈਰ, ਅੱਜ ਪੰਜਾਬ ਦੇ ਲੋਕਾਂ ਨੇ ਬਿਲਕੁਲ ਨਿਰਣਾ ਕਰ ਦਿੱਤਾ ਹੈ, ਦੁੱਧ ਇਕ ਪਾਸੇ ਅਤੇ ਪਾਣੀ ਇਕ ਪਾਸੇ ਕਰ ਦਿੱਤਾ ਹੈ । ਇਸ ਲਈ ਜਿਹੜੇ ਨਾਅਰੇ ਲਾਉਂਦੇ ਸਨ, ਅੱਜ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਕਹਿ ਦਿੱਤਾ ਹੈ ਕਿ ਤੁਸੀਂ ਵੀਰੋ ਗਲਤ ਕਹਿੰਦੇ ਹੋ । ਸਾਨੂੰ ਜੇ ਵਿਸ਼ਵਾਸ ਹੈ ਤਾਂ ਸਿਰਫ ਸ਼੍ਰੋਮਣੀ ਅਕਾਲੀ ਦਲ ਤੇ ਵਿਸ਼ਵਾਸ ਹੈ ਔਰ ਮੈਂ ਸਦਨ ਵਿਚ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਕਦੇ ਦੇਸ਼ ਦੇ ਖਿਲਾਫ ਲੜਾਈ ਨਹੀਂ ਲੜੀ, ਲੇਕਿਨ ਸਾਡੀ ਲੜਾਈ ਨੂੰ ਹਮੇਸ਼ਾ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਰਿਹਾ ਕਿ ਅਸੀਂ ਦੇਸ਼ ਦੇ ਖਿਲਾਫ ਲੜਾਈ ਲੜ ਰਹੇ ਹਾਂ । ਅਸੀਂ ਕਦੇ ਦੇਸ਼ ਦੇ ਖਿਲਾਫ ਨਹੀਂ ਲੜੇ । ਅਸੀਂ ਸਦਾ ਦੇਸ਼ ਦੇ ਹੁਕਮਰਾਨਾਂ ਦੀਆਂ ਜੋ ਦੇਸ਼ ਪ੍ਰਤੀ ਗਲਤ ਪਾਲਿਸੀਆਂ ਸਨ, ਪੰਜਾਬ ਪ੍ਰਤੀ ਗਲਤ ਪਾਲਿਸੀਆਂ ਸਨ, ਉਸ ਦੇ ਖਿਲਾਫ ਲੜਾਈ ਲੜਦੇ ਸੀ । ਐਮਰਜੰਸੀ ਦੀ ਲੜਾਈ ਕਾਹਦੀ ਲੜਾਈ ਸੀ, ਕੀ ਉਹ ਪੰਜਾਬ ਦੀ ਲੜਾਈ ਸੀ, ਸਿੱਖਾਂ ਦੀ ਲੜਾਈ ਸੀ ? ਉਦੋਂ ਦੇਸ਼ ਦੀ ਆਜ਼ਾਦੀ ਖੁੱਸ ਗਈ ਸੀ । ਸਾਡੇ ਸਾਹਮਣੇ ਮੇਰੇ ਭਰਾ ਬੈਠੇ ਹਨ । ਇਨ੍ਹਾਂ ਦੀ ਪਾਰਟੀ ਨੇ ਉਸ ਸਮੇਂ ਦੇਸ਼ ਨੂੰ ਇੱਕ ਜੇਲ੍ਹ-ਖਾਨਾ ਬਣਾ ਦਿੱਤਾ ਸੀ । ਸ਼ਹਿਰੀ ਆਜ਼ਾਦੀ ਜਿਸ ਦੀਆਂ ਇਹ ਅੱਜ ਗੱਲਾਂ ਕਰਦੇ ਹਨ, ਇਨ੍ਹਾਂ ਨੇ ਕੁਚਲ ਦਿੱਤੀ ਸੀ । ਮੈਨੂੰ ਹੈਰਾਨੀ ਹੁੰਦੀ ਹੈ ਕਿਸੇ ਦੀ ਵੀ ਜੁਰਅੱਤ ਨਹੀਂ ਪਈ ਕਿ ਕੋਈ ਵੀ ਦੇਸ਼ ਦੀ ਵੱਡੀ ਪਾਰਟੀ ਇਹੋ ਜਿਹੇ ਜ਼ੁਲਮ, ਜਬਰ ਔਰ ਸ਼ਹਿਰੀ ਆਜ਼ਾਦੀ ਦੇ ਖਿਲਾਫ ਲੜਾਈ ਲੜ ਸਕੇ । ਮੈਨੂੰ ਮਾਣ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਬੰਦੇ ਦੋ ਦੋ ਸਾਲ ਜੇਲ੍ਹਾਂ ਵਿੱਚ ਰਹੇ । ਜਿਸ ਦਿਨ ਐਮਰਜੰਸੀ ਲੱਗੀ, ਉਸ ਦਿਨ ਅਸੀਂ ਜੇਲ੍ਹਾਂ ਵਿੱਚ ਗਏ ਸਾਂ ਔਰ ਜਿਸ ਦਿਨ ਮੁੱਕੀ, ਉਸ ਦਿਨ ਬਾਹਰ ਆਏ ਸਾਂ । ਇਸ ਤਰ੍ਹਾਂ ਐਮਰਜੰਸੀ ਜਿਹੜੀ ਕਿ ਕਾਂਗਰਸ ਦੀ ਲਾਹਨਤ ਸੀ, ਉਸ ਤੋਂ ਸਪੀਕਰ ਸਾਹਿਬ, ਅਸੀਂ ਲੋਕਾਂ ਦਾ ਛੁਟਕਾਰਾ ਕਰਵਾਇਆ ਸੀ । (ਥੰਪਿੰਗ)

ਸਪੀਕਰ ਸਾਹਿਬ, ਸਾਡੀ ਸਰਕਾਰ ਬਣ ਗਈ ਹੈ । ਅਸੀਂ ਲੋਕਾਂ ਨਾਲ ਵਚਨ ਕੀਤਾ ਹੈ । ਅਸੀਂ ਇਹੋ ਜਿਹੀ ਗੱਲ ਨਹੀਂ ਕਰਦੇ ਕਿ ਜੋ ਕਹੀਏ, ਉਸ ਤੇ ਪੂਰਾ ਨਾ ਉਤਰੀਏ । ਮੈਂ ਫਿਰ ਦੁਹਰਾਉਂਦਾ ਹਾਂ ਕਿ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦਲ ਦੀ ਸਰਕਾਰ ਕਮਿੱਟਿਡ ਹੈ ਕਿ ਪੰਜਾਬ ਨੂੰ ਅਮਨ ਦਿੱਤਾ ਜਾਵੇਗਾ, ਸ਼ਾਂਤੀ ਦਿੱਤੀ ਜਾਵੇਗੀ । (ਥੰਪਿੰਗ) ਪੰਜਾਬੀ ਭਾਈਚਾਰੇ ਨੂੰ ਜਿਸ ਦਾ ਪੰਜਾਬ ਇੱਕ ਨਮੂਨਾ ਹੈ, ਪੱਕਾ ਰੱਖਿਆ ਜਾਵੇਗਾ । (ਥੰਪਿੰਗ) ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਇੱਕ ਵਾਰ ਫਿਰ ਸਮੂਹ ਪੰਜਾਬੀਆਂ ਅਤੇ ਦੇਸ਼-ਵਾਸੀਆਂ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਾਡੀ ਸਰਕਾਰ ਪੰਜਾਬ ਵਿੱਚ ਸਥਿਰਤਾ ਅਤੇ ਸਥਾਈ ਅਮਨ ਹਰ ਹੀਲੇ ਬਰਕਰਾਰ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ । (ਥੰਪਿੰਗ) ਅਸੀਂ ਹਰ ਕੀਮਤ ਤੇ ਅਮਨ ਕਾਇਮ ਰੱਖਾਂਗੇ ਔਰ ਕਾਨੂੰਨ ਦਾ ਰਾਜ ਪੂਰੀ ਤਰ੍ਹਾਂ ਸਥਾਪਿਤ ਕਰਾਂਗੇ । (ਥੰਪਿੰਗ) ਸਪੀਕਰ ਸਾਹਿਬ, ਅਸੀਂ ਚੋਣ ਮਨੋਰਥ ਵਿੱਚ ਜੋ ਸ਼ਾਂਤੀ, ਏਕਤਾ ਅਤੇ ਖੁਸ਼ਹਾਲੀ ਮੁੱਖ ਮੁੱਦੇ ਬਣਾਏ ਸਨ, ਉਨ੍ਹਾਂ ਪ੍ਰਤੀ ਅਸੀਂ ਪੂਰੀ ਤਰ੍ਹਾਂ ਵਚਨਬੱਧ ਹਾਂ ਔਰ ਉਨ੍ਹਾਂ ਤੇ ਪੂਰਾ ਪਹਿਰਾ ਦਿਆਂਗੇ । ਪੰਜਾਬੀਆਂ ਦੀ ਜਾਨ ਮਾਲ ਦੀ ਹਿਫ਼ਾਜ਼ਤ ਕਰਨੀ ਵੀ ਸਾਡੀ ਜ਼ਿੰਮੇਵਾਰੀ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅਮਨ ਉਹ ਨਹੀਂ ਹੁੰਦਾ ਜਿਹੜਾ ਗੋਲੀ ਨਾਲ ਆਵੇ ਜਾਂ ਤਸ਼ੱਦਦ ਨਾਲ ਆਵੇ । ਅਸਲ ਅਮਨ ਉਹ ਹੁੰਦਾ ਹੈ ਜਿਹੜਾ ਮਨ ਦੀ ਸ਼ਾਂਤੀ ਲਿਆਵੇ । ਇਸ ਨੂੰ ਅਸੀਂ ਸ਼ਾਂਤੀ ਕਹਿੰਦੇ ਹਾਂ । ਇਸ ਵਕਤ ਪੰਜਾਬ ਵਿੱਚ ਜਿਹੜਾ ਅਮਨ ਹੈ, ਉਹ ਮਨ ਦੀ ਸ਼ਾਂਤੀ ਦਾ ਅਮਨ ਹੈ । (ਥੰਪਿੰਗ) ਔਰ ਮਨ ਦੀ ਸ਼ਾਂਤੀ ਦਾ ਅਮਨ ਅਸੀਂ ਰੱਖਾਂਗੇ ਔਰ ਕਾਨੂੰਨ ਦਾ ਰਾਜ ਦਿਆਂਗੇ ।

ਇਸ ਦੇ ਨਾਲ ਨਾਲ ਅਸੀਂ ਇਹ ਵੀ ਵਚਨ ਕੀਤਾ ਹੈ ਕਿ ਅਸੀਂ ਸੂਬੇ ਵਿਚੋਂ ਕੁਰੱਪਸ਼ਨ ਖਤਮ ਕਰਨੀ ਹੈ । ਸਪੀਕਰ ਸਾਹਿਬ, ਕੁਰੱਪਸ਼ਨ ਜਿਹੜੀ ਹੈ, ਰਿਸ਼ਵਤ ਜਿਹੜੀ ਹੈ, ਇਹ ਸਾਡੇ ਦੇਸ਼ ਵਿੱਚ ਇੱਕ ਕੈਂਸਰ ਦਾ ਰੂਪ ਅਖਤਿਆਰ ਕਰ ਗਈ ਹੈ ਔਰ ਹਿੰਦੁਸਤਾਨ ਜਿਸ ਨੂੰ ਕਦੇ ਸੋਨੇ ਦੀ ਚਿੜੀਆ ਕਿਹਾ ਜਾਂਦਾ ਸੀ, ਅੱਜ ਉਹ ਬਰਬਾਦ ਹੋ ਗਿਆ ਹੈ, ਤਬਾਹ ਹੋ ਗਿਆ ਹੈ ਇਸ ਦਾ ਕਾਰਨ ਇਹ ਹੈ ਕਿ ਜਿਹੜੇ ਸਿਆਸਤਦਾਨ, ਮੈਂ ਨਾਂ ਨਹੀਂ ਲੈਣਾ ਚਾਹੁੰਦਾ, ਹਰ ਇੱਕ ਨੂੰ ਪਤਾ ਹੈ, ਜਿਹੜੇ ਵੱਡੀਆਂ ਥਾਵਾਂ ਤੇ ਬਿਰਾਜਮਾਨ ਸਨ, ਜਦੋਂ ਬਾਹਰਲੇ ਮੁਲਕਾਂ ਵਿੱਚ ਜਾਂਦੇ ਸਨ ਤਾਂ ਉਨ੍ਹਾਂ ਨੂੰ ਤੋਪਾਂ ਦੀ ਸਲਾਮੀ ਮਿਲਦੀ ਸੀ, ਰੈੱਡ ਕਾਰਪੈਟ ਵਿਛਦੇ ਸਨ, ਅੱਜ ਉਹ ਦਿੱਲੀ ਵਿੱਚ ਮੈਜਿਸਟਰੇਟ ਦੀਆਂ ਕਚਿਹਰੀਆਂ ਵਿਚ ਰਿਸ਼ਵਤਾਂ ਲੈਣ ਦੇ ਜੁਰਮ ਵਿੱਚ ਮੁਲਜ਼ਮ ਦੀ ਹੈਸੀਅਤ ਵਿੱਚ ਖੜ੍ਹੇ ਹਨ । (ਸ਼ੇਮ . .ਸ਼ੇਮ ਦੀਆਂ ਅਵਾਜ਼ਾਂ )

ਸਪੀਕਰ ਸਾਹਿਬ, ਮੇਰੇ ਹੱਥ ਵਿੱਚ ਨਹੀਂ ਕਿ ਮੈਂ ਕੈਂਸਰ ਵਰਗੀ ਇਸ ਬਿਮਾਰੀ ਨੂੰ ਦੇਸ਼ ਵਿੱਚੋਂ ਖਤਮ ਕਰ ਸਕਾਂ ਲੇਕਿਨ ਮੈਂ ਪ੍ਰਤਿਗਿਆ ਕਰਦਾ ਹਾਂ ਔਰ ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਹਾਊਸ ਦੇ ਮੈਂਬਰਾਂ ਨੂੰ ਵਿਸ਼ਵਾਸ ਵਿੱਚ ਲੈਣਾ ਚਾਹੁੰਦਾ ਹਾਂ ਕਿ ਆਓ ਵੀਰੋ, ਪਾਰਟੀਆਂ ਦੀਆਂ ਲਾਈਨਾਂ, ਪਾਰਟੀਆਂ ਦੀਆਂ ਲਕੀਰਾਂ ਛੱਡ ਕੇ

Original with;
Punjab Vidhan Sabha
Digitized by;
Panjab Digital Library

ਔਰ ਇਕੱਠੇ ਹੋ ਕੇ ਪੰਜ ਸਾਲਾਂ ਵਿਚ ਪੰਜਾਬ ਨੂੰ ਐਸਾ ਸੂਬਾ ਬਣਾ ਦੇਈਏ ਜਿਸ ਵਿੱਚ ਰਿਸ਼ਵਤ ਨਾ ਹੋਵੇ ਔਰ ਇਸ ਤਰ੍ਹਾਂ ਲੱਗੇ ਕਿ ਪੰਜਾਬ ਵਿਚ ਰਿਸ਼ਵਤ ਨਾਂ ਦੀ ਕੋਈ ਚੀਜ਼ ਨਹੀਂ ਹੈ, ਕੋਈ ਸਿਫ਼ਾਰਸ਼ ਨਹੀਂ ਹੈ। ਜਿਸ ਤਰ੍ਹਾਂ ਪੰਜਾਬ ਦਾ ਨਾਮ ਹੋਰ ਕਈ ਖੇਤਰਾਂ ਵਿਚ ਅੱਗੇ ਹੈ, ਇਹਦੇ ਵਿੱਚ ਵੀ ਅਸੀਂ ਪੰਜਾਬ ਦਾ ਨਾਮ ਪੈਦਾ ਕਰ ਦੇਵਾਂਗੇ। ਸਪੀਕਰ ਸਾਹਿਬ, ਮੈਂ ਸਾਹਮਣੇ ਬੈਠੇ ਵੀਰਾਂ ਨੂੰ ਕੁਝ ਕਹਿਣਾ ਚਾਹੁੰਦਾ ਹਾਂ, ਇਸ ਦੇ ਵਿੱਚ ਇਹ ਨਾ ਕਹਿਣਾ ਕਿ ਮੈਂ ਕੰਨਫਰੰਟੇਸ਼ਨ ਦੀ ਨੀਤੀ ਵਰਤ ਰਿਹਾ ਹਾਂ, ਲੇਕਿਨ ਕੁਝ ਗੱਲਾਂ ਕਹਿਣੀਆਂ ਪੈਂਦੀਆਂ ਹਨ। ਮੈਂ ਇਨ੍ਹਾਂ ਤੋਂ ਜਵਾਬ ਨਹੀਂ ਮੰਗਾਂਗਾ, ਇਹ ਆਪਣੇ ਅੰਦਰ ਆਪ ਹੀ ਝਾਤੀ ਮਾਰ ਕੇ ਵੇਖ ਲੈਣ ਕਿ ਜੋ ਮੈਂ ਕਹਿੰਦਾ ਹਾਂ, ਉਹ ਠੀਕ ਹੈ ਕਿ ਨਹੀਂ। ਐਕਸਾਈਜ਼ ਮਹਿਕਮੇ ਵਿੱਚ ਕੁਰੱਪਸ਼ਨ ਦਾ ਨਾਮ ਹੁੰਦਾ ਸੀ ਔਰ ਅਖ਼ਬਾਰਾਂ ਵਾਲਿਆਂ ਨੇ ਵੀ ਲਿਖਿਆ ਹੁੰਦਾ ਸੀ ਕਿ ਫਲਾਣੇ ਹੋਟਲ ਵਿੱਚ ਸੌਦਾ ਹੋਇਆ, ਏਨੇ ਕਰੋੜ ਲੈ ਗਏ। ਅੱਜ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਹੋ ਰਹੀ ਹੈ, ਕੋਈ ਭਰਾ ਸਾਰੇ ਪੰਜਾਬ ਵਿੱਚੋਂ ਜਾਂ ਇਸ ਹਾਊਸ ਵਿੱਚੋਂ ਕਹਿ ਦੇਵੇ ਕਿ ਕੋਈ ਪੈਸਾ ਖਾਧਾ ਗਿਆ। ਮੈਂ ਘੱਟੋ ਘੱਟ ਇਸ ਸਦਨ ਵਿਚ ਕਹਿ ਸਕਦਾ ਹਾਂ ਕਿ ਮੈਂ ਮਹਿਕਮੇ ਦੇ ਅਫ਼ਸਰਾਂ ਨੂੰ ਕਿਹਾ ਹੈ ਕਿ ਜੇ ਇਸ ਦੇ ਵਿੱਚ ਰੱਤੀ ਭਰ ਵੀ ਗਲਤ ਗੱਲ ਕੀਤੀ ਤਾਂ ਜਿਹੜੇ ਵੀ ਅਫ਼ਸਰ ਨੇ ਕੀਤੀ, ਉਸ ਨੂੰ ਫਾਹੇ ਟੰਗ ਦੇਵਾਂਗਾ। (ਥੰਪਿੰਗ) ਫਾਹੇ ਟੰਗਣ ਦਾ ਕੋਈ ਮੇਰੇਕੋਲ ਅਧਿਕਾਰ ਨਹੀਂ, ਇਸ ਦਾ ਮਤਲਬ ਹੈ ਕਿ ਸਖਤ ਸਜ਼ਾ ਦੇਵਾਂਗਾ। ਮੈਂ ਇਹ ਗਲਤ ਲਫਜ਼ ਵਰਤ ਗਿਆ ਹਾਂ। ਇਹ ਪਹਿਲੀ ਦਫ਼ਾ ਹੋ ਰਿਹਾ ਹੈ ਕਿ ਠੇਕਿਆਂ ਦੀ ਨਿਲਾਮੀ ਵੇਲੇ ਇਸ ਵਾਰ ਇਥੇ ਵੀਡੀਓ ਕੈਮਰੇ ਲੱਗੇ ਹੋਣਗੇ ਔਰ ਡੀ.ਸੀ. ਬਤੌਰ ਆਬਜ਼ਰਵਰ ਬੈਠੇ ਹੋਣਗੇ। ਮੈਂ ਪ੍ਰੈਸ ਅਤੇ ਆਪੋਜ਼ੀਸ਼ਨ ਵਾਲਿਆਂ ਨੂੰ ਵੀ ਬੇਨਤੀ ਕਰਦਾ ਹਾਂ, ਇਨ੍ਹਾਂ ਵਿਚੋਂ ਬਾਹਲੇ ਠੇਕੇਦਾਰ ਹੀ ਹਨ ਔਰ ਦੋ ਕੁ ਇਥੇ ਬੈਠੇ ਵੀ ਨਹੀਂ ਹਨ, ਲਗਦਾ ਹੈ ਕਿ ਉਹ ਵੀ ਬੋਲੀ ਦੇਣ ਗਏ ਹੋਣਗੇ, ਜੇ ਇਹ ਦੱਸ ਦੇਣ ਕਿ ਬਾਦਲ ਨੇ ਇਹੋ ਜਿਹੀ ਮਾੜੀ ਗੱਲ ਕੀਤੀ ਹੈ, ਤਾਂ ਜੋ ਮਰਜ਼ੀ ਸਜ਼ਾ ਦੇ ਦੇਣ। ਸਪੀਕਰ ਸਾਹਿਬ, ਮੈਂ ਕਿਸੇ ਕੀਮਤ ਤੇ ਵੀ ਜਿਹੜੀ ਕੋਈ ਗਲਤ ਗੱਲ ਹੈ, ਭਾਵੇਂ ਕੋਈ ਵੀ ਹੋਵੇ, ਮੇਰਾ ਲੜਕਾ ਹੋਵੇ, ਭਰਾ ਹੋਵੇ, ਮੈਂ ਉਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਾਂਗਾ। (ਥੰਪਿੰਗ)

ਸਪੀਕਰ ਸਾਹਿਬ, ਮੈਂ ਇਹ ਗੱਲ ਛੇੜਨੀ ਨਹੀਂ ਚਾਹੁੰਦਾ ਪਰ ਮੇਰੀ ਭੈਣ ਬੀਬੀ ਭੱਠਲ ਨੇ ਛੇੜੀ ਸੀ। ਭਾਵੇਂ ਉਸ ਦੀ ਚਰਚਾ ਅਖਬਾਰਾਂ ਵਿੱਚ ਹੋ ਗਈ ਹੈ ਪਰ ਜੇਕਰ ਉਸ ਵਿੱਚ ਫੈਕਟਸ ਨਾ ਦੱਸੇ ਜਾਣ, ਤਾਂ ਮੈਂ ਆਪਣੇ ਫਰਜ਼ ਤੋਂ ਕੋਤਾਹੀ ਕਰਾਂਗਾ। ਭੈਣ ਜੀ ਨੇ ਇਕ ਕਲੰਕ ਲਿਆ, 6 ਤਰੀਕ ਨੂੰ ਪੰਜਾਬ ਦੇ ਦੋ ਕੇਸਿਜ਼ ਸੀ.ਬੀ.ਆਈ. ਨੂੰ ਫੜਾ ਦਿੱਤੇ ਗਏ। ਤੁਸੀਂ ਆਪ ਅੰਦਾਜ਼ਾ ਲਗਾ ਲਉ, ਤੁਸੀਂ ਵੀ ਇਲੈਕਸ਼ਨ ਲੜੇ ਹਨ, 7 ਤਰੀਕ ਨੂੰ ਵੋਟਾਂ ਪੈਣੀਆਂ ਸਨ ਔਰ ਜਿਹੜੇ ਕੈਂਡੀਡੇਟ ਦੀਆਂ 7 ਤਰੀਕ ਨੂੰ ਵੋਟਾਂ ਪੈਣੀਆਂ ਹੋਣ, 6 ਤਰੀਕ ਨੂੰ ਤਾਂ ਉਸ ਨੂੰ ਸੁਰਤ ਹੀ ਨਹੀਂ ਹੁੰਦੀ। ਉਹ ਤਾਂ ਬਹੁਤ ਬਿਜ਼ੀ ਹੁੰਦਾ ਹੈ, ਭਾਵੇਂ ਕਿਸੇ ਦੀ ਹਾਲਤ ਕਿੰਨੀ ਵੀ ਵਧੀਆ ਕਿਉਂ ਨਾ ਹੋਵੇ। ਬਹੁਤ ਸਾਰੇ ਇੰਤਜ਼ਾਮ ਕਰਨੇ ਹੁੰਦੇ ਹਨ, ਪੋਲਿੰਗਜ਼ ਦਾ ਇੰਤਜ਼ਾਮ ਕਰਨਾ ਹੁੰਦਾ ਹੈ, ਵਰਕਰਾਂ ਦਾ ਇੰਤਜ਼ਾਮ ਕਰਨਾ ਹੁੰਦਾ ਹੈ ਲੇਕਿਨ ਪਤਾ ਨਹੀਂ ਕਿਵੇਂ 6 ਤਰੀਕ ਨੂੰ ਬੀਬੀ ਜੀ ਨੇ ਵਕਤ ਕਢਿਆ। ਬੀਬੀ ਜੀ ਨੇ ਲਹਿਰਾਗਾਗਾ, ਜਿਹੜਾ ਇਥੋਂ 150 ਕਿਲੋਮੀਟਰ ਦੂਰ ਹੈ, ਉਥੋਂ ਤੋਂ ਆਰਡਰ ਭੇਜ ਦਿੱਤੇ ਕਿ ਇਹ ਕੇਸ ਸੀ.ਬੀ. ਆਈ. ਨੂੰ ਭੇਜ ਦਿਉ। ਪਤਾ ਨਹੀਂ ਕਿਵੇਂ ਇਹ ਕੇਸ ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦੇ ਮਨ ਵਿੱਚ ਸਨ, ਮੈਂ ਇਹ ਨਹੀਂ ਕਹਿਣਾ। ਇਨ੍ਹਾਂ ਨੇ ਆਰਡਰ ਕੀਤੇ ਕਿ ਦੋ ਫਾਈਲਾਂ ਫਟਾ-ਫਟ ਮੇਰੇ ਕੋਲ ਲੈ ਆਉ। ਪੰਜਾਬ ਦੇ ਹੋਰ ਬੜੇ ਮਸਲੇ ਸਨ, ਹੋਰ ਬੜੀਆਂ ਚੀਜ਼ਾਂ ਸਨ, ਬੜੇ ਹੋਰ ਅਫ਼ਸਰ ਸਨ, ਬੜੀਆਂ ਹੋਰ ਗੱਲਾਂ ਸਨ ਤੇ ਉਸ ਤੇ ਫੁਰਤੀ ਵੇਖੋ, ਮੈਂ ਉਸ ਅਫ਼ਸਰ ਦਾ ਨਾਮ ਨਹੀਂ ਲੈਣਾ ਚਾਹੁੰਦਾ। ਮੈਂ ਸਾਰਿਆਂ ਦਾ ਸਤਿਕਾਰ ਕਰਦਾ ਹਾਂ। ਅੱਜ ਵੀ ਸਤਿਕਾਰ ਕਰਦਾ ਹਾਂ ਉਹ ਅਫ਼ਸਰ 6 ਤਰੀਕ ਨੂੰ ਹੀ ਭੱਜ ਗਿਆ। ਬਟੀ ਪਤਾ ਨਹੀਂ ਜੇ ਇੱਕ ਦਿਨ ਲੇਟ ਹੋ ਗਿਆ ਤਾਂ ਕੀ ਹੋਣਾ ਹੈ। 6 ਤਰੀਕ ਨੂੰ ਉਥੇ ਜਾ ਕੇ ਦੋ ਸਫਿਆਂ ਦਾ ਨੋਟ ਲਿਖ ਦਿਤਾ ਔਰ 6 ਤਰੀਕ ਨੂੰ ਹੀ ਬੀਬੀ ਜੀ ਦੇ ਆਰਡਰ ਹੋ ਗਏ। ਇਕ ਦਿਨ ਵਿੱਚ ਹੀ ਉਸ ਅਫ਼ਸਰ ਦਾ ਜਵਾਬ ਆ ਗਿਆ ਤੇ ਉਸੇ ਦਿਨ ਹੀ ਬੀਬੀ ਜੀ ਨੇ ਆਰਡਰ ਕਰ ਦਿੱਤੇ ਕਿ ਇਹ ਕੇਸ ਸੀ.ਬੀ.ਆਈ. ਦੇ ਸਪੁਰਦ ਕੀਤੇ ਜਾਣ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਈ ਕੁਰੱਪਟ ਅਫ਼ਸਰ ਹੋਵੇ, ਮੈਂ ਉਸ ਦੇ ਹੱਕ ਵਿੱਚ ਨਹੀਂ ਹਾਂ ਪਰ ਇਨ੍ਹਾਂ ਨੇ 6 ਤਰੀਕ ਨੂੰ ਹੀ ਸਾਰਾ ਕੁਝ ਕਰਕੇ 7 ਤਰੀਕ ਨੂੰ ਉਨ੍ਹਾਂ ਦੀ ਨੋਟੀਫਿਕੇਸ਼ਨ ਕਰ ਦਿੱਤੀ ਕਿ ਇਹ ਕੇਸ ਸੀ.ਬੀ.ਆਈ ਨੂੰ ਦਿਤੇ ਜਾਣ। ਮੈਂ ਇੱਕ ਗੱਲ ਸਾਰੇ ਸਦਨ ਦੇ ਸਾਹਮਣੇ ਕਹਿਣੀ ਚਾਹੁੰਦਾ ਹਾਂ ਕਿ ਕੀ ਏਡਾ ਵਡਾ ਫ਼ੈਸਲਾ ਕਦੇ ਐਡਵੋਕੇਟ ਜਨਰਲ ਦੀ ਰਾਏ ਤੋਂ ਬਿਨਾਂ ਜਾਂ ਕਿਸੇ ਹੋਰ ਵਕੀਲ ਦੀ ਰਾਏ ਤੋਂ ਬਿਨਾਂ ਅੱਗੇ ਹੁੰਦਾ ਸੀ ਐਡਵੋਕੇਟ ਜਨਰਲ ਜਿਹੜਾ ਕਿ ਇਨ੍ਹਾਂ ਦਾ ਹੀ ਲਾਇਆ ਹੈ, ਉਸ ਨੇ ਅਖਬਾਰ ਵਿਚ ਬਿਆਨ ਦਿਤਾ ਹੈ ਕਿ ਮੈਥੋਂ ਕੋਈ ਰਾਏ ਨਹੀਂ ਲਈ ਗਈ, ਮੈਥੋਂ ਕੁਝ ਨਹੀਂ ਪੁੱਛਿਆ ਗਿਆ। ਇਹ ਸਾਰਾ ਆਪਣੇ ਆਪ ਇਨ੍ਹਾਂ ਨੇ ਆਖਿਆ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਾਰਾ ਕੁਝ 7 ਤਰੀਕ ਨੂੰ ਹੋਇਆ ਹੈ, ਉਸ ਦੀ ਕੀ ਲੋੜ ਪਈ ਸੀ ਜਦ ਕਿ ਸਭ ਨੂੰ ਪਤਾ ਸੀ ਕਿ ਨਵੀਂ ਸਰਕਾਰ ਆ ਰਹੀ ਹੈ? ਸਾਡਾ ਵਿਜੀਲੈਂਸ ਡਿਪਾਰਟਮੈਂਟ ਹੈ, ਉਹ ਇਨਕੁਆਇਰੀਆਂ ਕਰਦਾ ਹੈ, ਬੜੇ ਬੜੇ ਅਫ਼ਸਰਾਂ ਦੇ ਖਿਲਾਫ਼ ਇਨਕੁਆਇਰੀਆਂ ਪੈਂਡਿੰਗ ਪਈਆਂ ਹਨ, ਉਨ੍ਹਾਂ ਵਿੱਚ ਵੀ ਇਨ੍ਹਾਂ ਨੇ ਹੀ ਕਰਨਾ ਹੈ। ਸਪੀਕਰ ਸਾਹਿਬ, ਇਸ ਕੇਸ ਨੂੰ ਸੀ.ਬੀ.ਆਈ. ਨੂੰ ਦੇਣ ਦੀ ਕੀ ਲੋੜ ਪਈ ਸੀ? ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਹਿਸਟਰੀ ਦੇ ਵਿਚ ਇਹ ਕੇਸ ਸੀ.ਬੀ.ਆਈ. ਨੂੰ ਦੇਣ ਦਾ ਮਾਮਲਾ ਪਹਿਲੀ ਵਾਰ ਹੋਇਆ ਹੈ। ਤੁਸੀਂ ਹੈਰਾਨ ਹੋਵੋਗੇ ਕਿ ਸਾਰੇ ਪੰਜਾਬ ਦੀ ਹਿਸਟਰੀ ਵਿਚ ਇਹ ਪਹਿਲਾ ਕੇਸ ਹੈ ਜਿਹੜਾ ਚਾਹੇ ਕੁਰੱਪਸ਼ਨ ਦਾ ਕਹਿ ਲਵੋ ਜਾਂ ਇਸ ਨੂੰ ਕੋਈ ਹੋਰ ਨਾਮ ਦੇ ਲਵੋ, ਸੀ.ਬੀ.ਆਈ. ਨੂੰ ਦਿੱਤਾ ਗਿਆ ਹੈ। ਇਸ ਲਈ ਮੇਰਾ ਕਹਿਣ ਦਾ ਭਾਵ ਇਹ ਹੈ ਕਿ ਇਹ ਜਿਹੜਾ ਫੈਸਲਾ ਲਿਆ ਗਿਆ ਹੈ, ਪੁਲੀਟੀਕਲੀ ਮੋਟੀਵੇਟਿਡ ਹੈ। ਇਹ ਕਾਰਵਾਈ ਜਿਹੜੇ ਹਾਲਾਤ ਵਿੱਚ ਕੀਤੀ ਗਈ, ਤੁਹਾਨੂੰ ਇਸ ਬਾਰੇ ਚੰਗੀ ਤਰ੍ਹਾਂ ਪਤਾ ਹੋਵੇਗਾ।

## EXTENSION OF TIME OF THE SITTING

**ਸੰਸਦੀ ਮਾਮਲਿਆਂ ਦੇ ਮੰਤਰੀ**. ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਤੱਕ ਸੀ.ਐਮ. ਸਾਹਿਬ ਬੋਲ ਰਹੇ ਹਨ, ਉਦੋਂ ਤੱਕ ਹਾਊਸ ਦਾ ਸਮਾਂ ਐਕਸਟੈਂਡ ਕਰ ਦਿੱਤਾ ਜਾਵੇ।

**ਸ੍ਰੀ ਸਪੀਕਰ** : ਜੇ ਹਾਊਸ ਦੀ ਸਹਿਮਤੀ ਹੋਵੇ ਤਾਂ ਜਿਨ੍ਹਾ ਚਿਰ ਤੱਕ ਸੀ. ਐਮ.

Original with;
Punjab Vidhan Sabha
Digitized by;
Panjab Digital Library

ਸਾਹਿਬ ਬੋਲ ਰਹੇ ਹਨ ਅਤੇ ਜਦੋਂ ਤੱਕ ਅੱਜ ਦਾ ਬਿਜ਼ਨਸ ਖਤਮ ਨਹੀਂ ਹੋ ਜਾਂਦਾ, ਉਤਨਾ ਚਿਰ ਤੱਕ ਹਾਊਸ ਦਾ ਸਮਾਂ ਵਧਾ ਦਿਤਾ ਜਾਵੇ ।

---

**ਆਵਾਜ਼ਾਂ** : ਹਾਂ ਜੀ, ਹਾਂ ਜੀ ।

**ਸ੍ਰੀ ਸਪੀਕਰ**: ਹਾਊਸ ਦਾ ਸਮਾਂ ਅੱਜ ਦਾ ਬਿਜ਼ਨਸ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ ।

## DISCUSSION ON GOVERNOR'S ADDRESS (*Resumption*)

**ਮੁੱਖ ਮੰਤਰੀ** : ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਨੇ ਬਹੁਤ ਲੰਮੇ ਅਰਸੇ ਤੋਂ ਬੜਾ ਸੰਤਾਪ ਭੋਗਿਆ ਹੈ, ਬੜਾ ਦੁੱਖ ਕੱਟਿਆ ਹੈ । ਸਾਡੇ ਨਾਲ ਬੜੀ ਬੇਇਨਸਾਫੀ ਹੋਈ ਹੈ, ਅਸੀਂ ਬੜੇ ਧੱਕੇ ਖਾਧੇ ਹਨ । ਇਹ ਪੈਦਾ ਕਿਸ ਨੇ ਕੀਤੇ, ਕਾਂਗਰਸ ਪਾਰਟੀ ਨੇ । ਇਨ੍ਹਾਂ ਬੇਇਨਸਾਫੀਆਂ, ਧੱਕੇ, ਸੰਤਾਪ ਦੇ ਉਤੇ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ, ਹਿਸਟਰੀ ਬਣ ਸਕਦੀ ਹੈ । ਮੈਨੂੰ ਹੈਰਾਨੀ ਹੁੰਦੀ ਹੈ ਅਤੇ ਮੈਂ ਕਈ ਵਾਰ ਇਹ ਸੋਚਿਆ ਹੈ ਕਿ ਪੰਜਾਬੀਆਂ ਨੇ ਕੀ ਗੁਨਾਹ ਕੀਤਾ ਹੈ ਅਸੀਂ ਤਾਂ ਬੜੀਆਂ ਕੁਰਬਾਨੀਆ ਕੀਤੀਆਂ ਹਨ । ਜੇਕਰ ਅਸੀਂ ਆਪਣੇ ਸੂਬੇ ਦੀਆਂ ਕੁਰਬਾਨੀਆਂ ਬਾਰੇ ਕਿਸੇ ਨੂੰ ਦੱਸੀਏ ਤਾਂ ਉਹ ਸੋਚੇਗਾ ਕਿ ਤੁਸੀਂ ਆਪਣੇ ਸੂਬੇ ਦੇ ਲੋਕਾਂ ਦੀ ਤਾਰੀਫ ਕਰਦੇ ਹੋ । ਸਪੀਕਰ ਸਾਹਿਬ, ਮੌਲਾਨਾ ਆਬੁਲ ਕਲਾਮ ਆਜ਼ਾਦ ਨੇ ਇਕ ਕਿਤਾਬ ਲਿਖੀ ਸੀ "ਇੰਡੀਆ ਵਿਨਜ਼ ਫਰੀਡੱਮ" ਉਸ ਦੇ ਵਿਚ ਉਨ੍ਹਾਂ ਨੇ ਕੁਝ ਫੈਕਟਸ ਦਿਤੇ ਹਨ । ਮੈਂ ਉਹ ਫੈਕਟਸ ਹਾਊਸ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ, ਹਾਊਸ ਦਾ ਰਿਕਾਰਡ ਬਨਾਉਣਾ ਚਾਹੁੰਦਾ ਹਾਂ ਕਿ ਜੋ ਮੌਲਾਨਾ ਆਜ਼ਾਦ ਜੀ ਨੇ ਵੇਰਵੇ ਦਿੱਤੇ ਹਨ । ਉਸ ਅਨੁਸਾਰ ਜਿਨ੍ਹਾਂ ਕੁੱਲ 100 ਆਜ਼ਾਦੀ ਘੁਲਾਟੀਆਂ ਨੂੰ ਫਾਂਸੀ ਦਿੱਤੀ ਗਈ ਉਨ੍ਹਾਂ ਵਿਚੋਂ 93 ਪੰਜਾਬੀ ਸਨ । ਇਸੇ ਤਰ੍ਹਾਂ 2646 ਵਿਅਕਤੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਜਿਨ੍ਹਾਂ ਵਿੱਚੋਂ 147 ਪੰਜਾਬੀ ਸਨ । ਜਲ੍ਹਿਆਂ ਵਾਲੇ ਬਾਗ ਵਿੱਚ 1300 ਬਹਾਦਰ ਦੇਸ਼ ਭਗਤ ਸ਼ਹੀਦ ਹੋਏ, ਉਹ ਪੰਜਾਬੀ ਸਨ । ਬਜਬਜ ਘਾਟ ਦੇ ਸਾਕੇ ਵਿਚ 113 ਲੋਕ ਸ਼ਹੀਦ ਹੋਏ ਜਿਨ੍ਹਾਂ ਵਿੱਚ 67 ਦੀ ਗਿਣਤੀ ਪੰਜਾਬੀਆਂ ਦੀ ਹੈ । ਇਸੇ ਤਰ੍ਹਾਂ ਕੂਕਾ ਲਹਿਰ ਅਤੇ ਹੋਰ ਤਰ੍ਹਾਂ ਤਰ੍ਹਾਂ ਦੀਆਂ ਲਹਿਰਾਂ ਚੱਲੀਆਂ ਜਿਨ੍ਹਾਂ ਬਾਰੇ ਸਪੀਕਰ ਸਾਹਿਬ, ਤੁਸੀਂ ਜਾਣਦੇ ਹੀ ਹੋਵੋਗੇ ਤੁਸੀਂ ਤਾਂ ਬੜੇ ਵਿਦਵਾਨ ਹੋ । ਇਹ ਕੁਰਬਾਨੀ ਕਰਨ ਵਾਲੇ ਦੇਸ਼ ਭਗਤਾਂ ਦੀ ਕੁੱਲ ਗਿਣਤੀ 4771 ਸੀ, ਜਿਨ੍ਹਾਂ ਦੇ ਵਿਚੋਂ ਤਕਰੀਬਨ 3697 ਦਾ ਤਾਅਲੁੱਕ ਪੰਜਾਬ ਦੇ ਨਾਲ ਸੀ । (ਥੰਪਿੰਗ) ਜਿਹੜਾ ਅਨਿਆਂ ਪੰਜਾਬ ਦੇ ਨਾਲ ਹੋਇਆ, ਉਹ ਪੰਜਾਬੀਆਂ ਦੇ ਮਨਾਂ ਤੇ ਸੱਟ ਹੈ । ਮੈਂ ਸੋਚਦਾ ਹਾਂ ਕਿ ਅਸੀਂ ਕੀ ਗੁਨਾਹ ਕੀਤਾ, ਕੀ ਪਾਪ ਕੀਤਾ ਹੈ ? ਕਿਸ ਗੁਨਾਹ ਦਾ ਫਲ ਸਾਨੂੰ ਮਿਲ ਰਿਹਾ ਹੈ । ਸਪੀਕਰ ਸਾਹਿਬ, ਤੁਸੀਂ ਵੀ ਇਹ ਸੁਣਦੇ ਹੋਵੋਗੇ, ਇਕ ਫਿਲਮ ਦਾ ਸ਼ੇਅਰ ਹੈ ਜਾਂ ਹੋਰ ਕੁਝ ਹੈ, ਮੈਨੂੰ ਇਸ ਬਾਰੇ ਜ਼ਿਆਦਾ ਪਤਾ ਨਹੀਂ ਹੈ-

ਐ ਕਾਤਬੇ-ਤਕਦੀਰ ਜ਼ਰਾ ਇਤਨਾ ਬਤਾ ਦੇ,
ਕਿਆ ਮੈਨੇ ਕੀਆ ਹੈ, ਕਿਉਂ ਮੁਝ ਸੇ ਖਫ਼ਾ ਹੈ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹੇ ਦੇਸ਼ ਵਾਸੀਓ, ਕਿਉਂ ਸਾਨੂੰ ਤੁਸੀਂ ਇਨਸਾਫ ਨਹੀਂ ਦਿੰਦੇ ? ਇਥੇ ਗੱਲ ਆਈ ਹੈ ਪੰਜਾਬ ਦੇ ਰਾਜਸੀ ਮਸਲਿਆਂ ਬਾਰੇ, ਚੰਡੀਗੜ੍ਹ ਦੇ ਮਸਲੇ ਬਾਰੇ, ਪਾਣੀਆਂ ਦੇ ਮਸਲੇ ਬਾਰੇ, ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲੇ ਬਾਰੇ ਅਤੇ 1984 ਦੇ ਕਤਲੇਆਮ ਦੇ ਮਸਲੇ ਬਾਰੇ । ਸਪੀਕਰ ਸਾਹਿਬ, ਚੰਡੀਗੜ੍ਹ ਪੰਜਾਬ ਨੂੰ ਕਿਉਂ ਨਹੀਂ ਦਿਤਾ ਗਿਆ ? ਸਾਨੂੰ ਇਸ ਵਾਸਤੇ ਬੜਾ ਸੰਘਰਸ਼ ਕਰਨਾ ਪੈ ਰਿਹਾ ਹੈ । ਇਹ ਜੋ ਸਾਹਮਣੇ ਬੈਠੇ ਹਨ, ਇਹ ਕਹਿ ਦਿੰਦੇ ਹਨ ਕਿ ਅਸੀਂ ਸੰਘਰਸ਼ ਕੀਤਾ । ਸਪੀਕਰ ਸਾਹਿਬ, ਜੇ ਅਸੀਂ ਬੋਲੀ ਦੇ ਆਧਾਰ ਤੇ ਸੂਬੇ ਬਨਾਉਣ ਵਾਸਤੇ ਸੰਘਰਸ਼ ਕੀਤੇ ਹਨ ਤਾਂ ਉਹ ਕੋਈ ਮਾੜਾ ਕੰਮ ਨਹੀਂ ਕੀਤਾ । ਸੂਬਿਆਂ ਨੂੰ ਬੋਲੀ ਦੇ ਆਧਾਰ ਤੇ ਬਨਾਉਣ ਦਾ ਜੋ ਫੈਸਲਾ ਕੀਤਾ ਸੀ, ਉਹ ਅਕਾਲੀ ਦਲ ਨੇ ਕੀਤਾ ਸੀ ਜਾਂ ਕਿ ਕਾਂਗਰਸ ਨੇ ਕੀਤਾ ਸੀ ? ਰਾਵੀ ਦਰਿਆ ਦੇ ਕੰਢੇ ਤੇ ਇੱਕ ਸੈਸ਼ਨ ਹੋਇਆ ਸੀ ਜਿਸ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਵਰਗੇ ਲੀਡਰ ਹਾਜ਼ਰ ਸਨ । ਅਜੇ ਦੇਸ਼ ਆਜ਼ਾਦ ਨਹੀਂ ਹੋਇਆ ਸੀ । ਉਨ੍ਹਾਂ ਨੇ ਕਿਹਾ ਸੀ ਕਿ ਜਦੋਂ ਦੇਸ ਆਜ਼ਾਦ ਹੋਵੇਗਾ ਤਾਂ ਬੋਲੀ ਦੇ ਆਧਾਰ ਤੇ ਸੂਬੇ ਬਣਾਵਾਂਗੇ । ਸਾਡਾ ਮੁਲਕ ਬਹੁ-ਰੰਗਾਂ, ਬਹੁ-ਭਾਸ਼ਾਵਾਂ ਦਾ ਮਾਲਕ ਹੈ । ਜੇ ਇੱਕ ਬੋਲੀ ਵਾਲੇ, ਇੱਕ ਕਲਚਰ ਵਾਲੇ ਲੋਕ ਇੱਕ ਸੂਬੇ ਵਿੱਚ ਹੋਣ ਤਾਂ ਉਨ੍ਹਾਂ ਦਾ ਕਲਚਰ ਵੀ ਤਰੱਕੀ ਕਰੇਗਾ, ਬੋਲੀ ਵੀ ਤਰੱਕੀ ਕਰੇਗੀ ਅਤੇ ਸਭਿਆਚਾਰ ਵੀ ਤਰੱਕੀ ਕਰੇਗਾ । ਉਹ ਇਕੱਠੇ ਹੋ ਕੇ ਆਪਣੇ ਲੋਕਾਂ ਦੀ ਖੁਸ਼ਹਾਲੀ ਅਤੇ ਤਰੱਕੀ ਬਾਰੇ ਸੋਚ ਸਕਣਗੇ । ਸਾਰੇ ਮੁਲਕ ਦੇ ਸੂਬੇ ਆਰਗੇਨਾਈਜ਼ ਹੋ ਸਕਣਗੇ । ਸਪੀਕਰ ਸਾਹਿਬ, ਸਭ ਤੋਂ ਮਜ਼ਬੂਤ ਕੇਸ ਪੰਜਾਬ ਦਾ ਸੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸਾਰੇ ਸੂਬਿਆਂ ਨੂੰ ਕਲਮ ਦੀ ਨੋਕ ਤੇ ਬੋਲੀ ਤੇ ਆਧਾਰ ਤੇ ਬਣਾਇਆ ਗਿਆ ਤਾਂ ਫਿਰ ਪੰਜਾਬ ਨੂੰ ਕਿਉਂ ਸੰਘਰਸ਼ ਕਰਨਾ ਪਿਆ, ਕਿਉਂ ਸੈਂਕੜੇ ਜਾਨਾਂ ਕੁਰਬਾਨ ਕਰਨੀਆਂ ਪਈਆਂ ਅਤੇ ਜੇਲ੍ਹਾਂ ਵਿੱਚ ਜਾਣਾ ਪਿਆ ? ਜਾਣਾ ਇਸ ਲਈ ਪਿਆ ਕਿਉਂਕਿ ਉਨ੍ਹਾਂ ਨੇ ਪੰਜਾਬੀ ਸੂਬਾ ਬਨਾਉਣ ਤੋਂ ਇਨਕਾਰ ਕਰ ਦਿੱਤਾ ਸੀ । ਇਥੋਂ ਤੱਕ ਕਿ ਇਨ੍ਹਾਂ ਛੋਟੇ ਦਿਲ ਵਾਲਿਆਂ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦਾ ਨਾਅਰਾ ਲਾਉਣਾ ਵੀ ਮਨ੍ਹਾ ਕਰ ਦਿੱਤਾ ਸੀ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਥੇ ਕਿਸੇ ਆਨਰੇਬਲ ਮੈਂਬਰ ਨੇ ਕਿਹਾ ਸੀ ਕਿ ਛੋਟਾ ਜਿਹਾ ਪੰਜਾਬ ਬਣਾ ਦੱਤਾ ? ਅਸੀਂ ਸਪੀਕਰ ਸਾਹਿਬ, ਕਦੋਂ ਕਿਹਾ ਸੀ ਕਿ ਛੋਟਾ ਜਿਹਾ ਪੰਜਾਬ ਬਣਾ ਦਿਓ । ਸੰਤ ਫਤਿਹ ਸਿਘ ਨੇ ਕਿਹਾ ਸੀ, ਮੈਨੂੰ ਇਹ ਸਵਾਲ ਨਹੀਂ ਹੈ ਕਿ ਕਿਸ ਧਰਮ ਨਾਲ ਕੌਣ ਤਾਲੁੱਕ ਰੱਖਣ ਵਾਲਾ ਹੈ ਲੇਕਿਨ ਜਿਹੜੇ ਪੰਜਾਬੀ ਬੋਲਦੇ ਇਲਾਕੇ ਹਨ, ਉਹ ਸਾਨੂੰ ਦੇ ਦਿਓ । ਅਸੀਂ ਹਰਿਆਣੇ ਦਾ ਬਹੁਤ ਸਾਰਾ ਹਿੱਸਾ ਮੰਗਿਆ ਸੀ । ਉਹ ਕਿਉਂ ਨਹੀਂ ਦਿੱਤਾ, ਉਹ ਇਸ ਕਰਕੇ ਨਹੀਂ ਦਿੱਤਾ ਗਿਆ ਕਿਉਂਕਿ ਉਹ ਅਸੀਂ ਮੰਗਿਆ ਸੀ । ਇਨ੍ਹਾਂ ਦੇ ਦਿਲ ਵਿੱਚ ਸਾਡੇ ਪ੍ਰਤੀ ਸਤਿਕਾਰ ਨਹੀਂ । ਇਹ ਪੰਜਾਬ ਨੂੰ ਆਪਣੇ ਨਕਸ਼ੇ ਤੋਂ ਕੱਢੀ ਬੈਠੇ ਹਨ । ਅੱਜ ਅਸੀਂ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਤੋਂ ਵਾਂਝੇ ਹਾਂ । ਮੈਂ ਧੰਨਵਾਦੀ ਹਾਂ ਗਵਰਨਰ ਸਾਹਿਬ ਦਾ ਕਿ ਉਨ੍ਹਾਂ ਨੇ ਇਸ ਐਡਰੈਸ ਵਿੱਚ ਜ਼ੋਰਦਾਰ ਲਫਜ਼ਾਂ ਵਿਚ ਕਿਹਾ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਮੋੜਣਾ ਚਾਹੀਦਾ ਹੈ ਅਤੇ ਪੰਜਾਬੀ ਸਪੀਕਿੰਗ ਏਰੀਏ ਪੰਜਾਬ ਨੂੰ ਮੋੜਨੇ ਚਾਹੀਦੇ ਹਨ । (ਥੰਪਿੰਗ) ਸਪੀਕਰ ਸਾਹਿਬ, ਮੈਂ

Original with;
Punjab Vidhan Sabha
Digitized by;
Panjab Digital Library

ਆਪੋਜ਼ੀਸ਼ਨ ਦੇ ਸਾਰੇ ਹੀ ਵੀਰ੍ਹਾਂ ਨੂੰ ਬੇਨ੍ਹਤੀ ਕ੍ਰਰਾਂਗਾ ਕਿ ਇਸ ਵਿੱਚ ਤੁਸੀਂ ਇਕ੍ਰ ਵ੍ਹਾਰ੍ਹੀ ਵੀ ਮਦਦ ਨਹੀਂ ਕੀਤੀ । ਚਲ ਹੁਣ ਹੀ ਹਾਅ ਦਾ ਨਾਅ੍ਹਰਾ ਮਾਰ ਦਿਓ । (ਹਾਸਾ) ਕਈ੍ਹ ਵਾਰੀ ਲੋਕ ਉਂਗਲੀ ਨੂੰ ਲਹੂ ਲਗਾ ਕੇ ਸ਼ਹੀਦ ਬਣ ਜਾਂਦੇ ਹਨ । ਇਹ ਕਹਿੰਦੇ ਹਨ੍ਹ ਕਿ ਮਤਾ ਪਾਸ ਕਰ ਦਿਤਾ । ਅਸੀਂ ਇੱਥੇ ਹਾਊਸ ਵਿੱਚ ਵੀ ਕਰ ਦਿਤਾ ਹੈ ਅਤੇ ਬਾਹਰ ਵੀ ਕਰ ਦਿੱਤਾ ਹੈ । ਇਹ ਮਤਿਆਂ ਵਾਲੇ ਨਹੀਂ, ਜੇਲ੍ਹਾਂ ਵਿਚ ਜਾਣ ਵਾਲੇ ਬੈਠੇ ਹਨ । ਇਹ ਜੇਲ੍ਹਾਂ ਵਿੱਚ ਕਿਉਂ ਗਏ ? ਜੇਲ੍ਹਾਂ ਵਿਚ ਜਾਣਾ ਬੜਾ ਔਖਾ ਹੈ । 15 ਕੁ ਦਿਨਾਂ ਲਈ ਇਨ੍ਹਾਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਨੇ ਵੀ ਜੇਲ੍ਹਾਂ ਕੱਟੀਆਂ ਹਨ । ਸੁਪਰਡੰਟ ਜੇਲ੍ਹ ਆਖਣ ਲੱਗਿਆ ਕਿ ਉਥੋਂ ਖਾਲੀ ਬੋਤਲਾਂ ਬਹੁਤ ਨਿਕਲੀਆਂ ਹਨ । (ਹਾਸਾ) ਇਸ ਲਈ ਮੇਰਾ ਕਹਿਣ ਤੋਂ ਭਾਵ ਹੈ ਕਿ ਅਸੀਂ ਕਿਸੇ ਗੱਲ ਵਾਸਤੇ, ਪੰਜਾਬ ਦੇ ਹੱਕਾਂ ਵਾਸਤੇ ਸੰਘਰਸ਼ ਕੀਤਾ ਹੈ, ਲਫਜ਼ੀ ਜਮ੍ਹਾਂ ਖਰਚ ਨਹੀਂ ਕੀਤਾ । ਇਸ ਲਈ ਸਪੀਕਰ ਸਾਹਿਬ, ਮੇਰੀ ਜ਼ੋਰਦਾਰ ਮੰਗ ਹੈ ਕਿ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਮੋੜੇ ਜਾਣ । (ਥੰਪਿੰਗ) ਇਸੇ ਤਰ੍ਹਾਂ ਦਰਿਆਵਾਂ ਦੇ ਪਾਣੀ ਦੀ ਗੱਲ ਹੈ । ਸਾਡੇ ਕੋਲ ਕੁਦਰਤ ਨੇ ਇਕੋ ਇਕ ਚੀਜ਼ ਦਿਤੀ ਹੈ, ਉਹ ਹੈ ਦਰਿਆਵਾਂ ਦਾ ਪਾਣੀ । ਕਿਸੇ ਨੂੰ ਕੋਲਾ ਦੇ ਦਿਤਾ, ਕਿਸੇ ਨੂੰ ਲੋਹਾ ਦੇ ਦ੍ਹਿਤਾ, ਕੋ੍ਹਈ ਬੰਦ੍ਰਰਗਾਹ ਦੇ ਨੇੜੇ ਬੈਠੇ ਹਨ, ਦੂਜੇ ਰਾਜਧਾਨੀ ਦੇ ਨੇੜੇ ਬੈਠੇ ਹਨ, ਉਨ੍ਹਾਂ ਨੂੰ ਛੁ੍ਹਹਿੰਦਾ ਹੈ । ਸ੍ਹਾਨੂੰ ਕੁਦਰਤ ਨੇ ਸਿਰਫ ਪਾਣੀ ਦਿੱਤਾ ਹੈ । ਜਿੰਨੀ ਬੇਰਹਿਮੀ ਨਾਲ ਕਾਂਗ੍ਰਰਸ ਦੀਆਂ ਸਰਕਾਰਾਂ ਨੇ ਸਾਡਾ ਪਾਣੀ ਖੋਹਿਆ ਹੈ, ਉਸ ਨਾਲ ਦਿਲ ਦੁਖਦਾ ਹੈ । ਸਾਡੇ ਗਵਾਂਢੀ ਸੂਬੇ ਸਾਡੇ ਭਰਾ ਹਨ, ਸਾਡੇ ਵੀਰ ਹਨ । ਸਾਡੀ ਕਿਸੇ ਗਵਾਂਢੀ ਸੂਬੇ ਨਾਲ ਟਕਰਾਅ ਦੀ ਨੀਤੀ ਨਹੀਂ ਹੈ । ਅਸੀਂ ਆਪਸ ਵਿਚ ਭਾਈਚਾਰੇ ਨਾਲ ਰਹਿਣਾ ਚਾਹੁੰਦੇ ਹਾਂ ਔਰ ਮੈਂ ਕਹਿੰਦਾ ਹਾਂ ਕਿ ਚੰਡੀਗੜ੍ਹ ਦੇ ਬਦਲੇ ਹਰਿਆਣੇ ਨੂੰ ਵਧੀਆ ਰਾਜਧਾਨੀ ਬਣਾ ਦਿਉ ਅਤੇ ਇਸ ਦੇ ਵਿਚ ਅਗਰ ਸਾਨੂੰ ਹਿੱਸਾ ਪਾਉਣਾ ਪੈਂਦਾ ਹੈ, ਉਹ ਵੀ ਅਸੀਂ ਪਾ ਦਿਆਂਗੇ । ਜੇ ਲੋੜ ਪਈ ਤਾਂ ਅਸੀਂ ਆਪਣੇ ਸਿਰਾਂ ਤੇ ਬਜਰੀ ਦੀਆਂ ਟੋਕਰੀਆਂ ਉਠਾ ਕੇ ਪਾ ਦੇਵਾਂਗੇ । ਸੈਂਟਰ ਦੀ ਸਰਕਾਰ ਨੇ ਉਨ੍ਹਾਂ ਨੂੰ ਸਾਡੇ ਤੋਂ ਬੇਸ਼ਕ ਵਧੀਆ ਸੂਬਾ ਬਣਾ ਕੇ ਦੇ ਦਿੱਤਾ ਹੈ ਅਤੇ ਬੇਸ਼ੱਕ ਵਧੀਆ ਰਾਜਧਾਨੀ ਵੀ ਬਣਾ ਦੇਵੇ ਪਰ ਸਾਡੇ ਨਾਲ ਵਿਤਕਰਾ ਕੀਤਾ ਗਿਆ ਅਤੇ ਬੇਇਨਸਾਫੀ ਕੀਤੀ ਗਈ । ਮੈਨੂੰ ਸਮਝ ਨਹੀਂ ਲਗਦੀ, ਦੇਸ਼ ਦੇ ਵਿਚ ਕਾਨੂੰਨ ਇਕ ਹੈ ਪਰ ਸਾਡੇ ਉਤੇ ਕਾਨੂੰਨ ਹੋਰ ਲਾਗੂ ਕੀਤਾ ਜਾਂਦਾ ਹੈ । ਹਿੰਦੁਸਤਾਨ ਦੇ ਵਿਚ ਕਈ ਸੂਬਿਆਂ ਵਿਚ ਰੀਆਰਗੇਨਾਈਜ਼ੇਸ਼ਨ ਹੋਈ ਪਰ ਇਕੱਲੇ ਪੰਜਾਬੀਆਂ ਦੇ ਨਾਲ ਧੱਕਾ ਕਿਉਂ ਕੀਤਾ ਗਿਆ ? ਸਾਨੂੰ ਕਿਉਂ ਆਪਣੇ ਹੱਕਾਂ ਦੀ ਖਾਤਿਰ ਲੜਾਈ ਲੜਨੀ ਪਈ ? ਸਾਨੂੰ ਹਰ ਪਾਸੇ ਤੋਂ ਵਾਂਝਾ ਰੱਖਿਆ ਗਿਆ । 1912 ਦੇ ਵਿਚ ਜਦੋਂ ਪਹਿਲੇ ਬੰਗਾਲ ਦੇ ਵਿਚ ਪੁਨਰਗਠਨ ਹੋਇਆ ਤਾਂ ਬਿਹਾਰ ਰਾਜ ਕਾਇਮ ਕੀਤਾ ਗਿਆ ਅਤੇ ਇਸ ਬਿਹਾਰ ਰਾਜ ਦੀ ਰਾਜਧਾਨੀ ਪਟਨਾ ਬਣਾਈ ਗਈ । ਇਸ ਤੋਂ ਬਾਅਦ 1961 ਵਿਚ ਬੰਗਾਲ ਦਾ ਫਿਰ ਪੁਨਰਗਠਨ ਹੋਇਆ ਤਾਂ ਦੁਬਾਰਾ ਬੰਗਾਲ ਦੇ ਵਿਚੋਂ ਆਸਾਮ ਰਾਜ ਕਾਇਮ ਕੀਤਾ ਗਿਆ ਅਤੇ ਇਸ ਦੀ ਰਾਜਧਾਨੀ ਸ਼ਿਲਾਂਗ ਬਣਾਈ ਗਈ । ਫੇਰ 1936 ਵਿਚ ਬਿਹਾਰ ਰਾਜ ਦਾ ਪੁਨਰਗਠਨ ਹੋਇਆ ਤਾਂ ਇਸ ਵਿਚੋਂ ਉੜੀਸਾ ਸਟੇਟ ਕਾਇਮ ਕੀਤੀ ਗਈ ਔਰ ਇਸ ਦੀ ਰਾਜਧਾਨੀ ਪਟਨਾ ਨਹੀਂ ਬਣਾਈ ਗਈ ਬਲਕਿ ਕਟਕ ਬਣਾਈ ਗਈ । 1936 ਦੇ ਵਿਚ ਬੰਬਈ ਦੀ ਰੀਆਰਗੇ-

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨਾਈਜ਼ੇਸ਼ਨ ਹੋਈ ਤਾਂ ਸਿੰਧ ਰਾਜ ਕਾਇਮ ਕੀਤਾ ਗਿਆ ਜਿਸ ਦੀ ਰਾਜਧਾਨੀ ਕਰਾਚੀ ਬਣਾਈ ਗਈ । 1952 ਵਿਚ ਮਦਰਾਸ ਦੇ ਪੁਨਰਗਠਨ ਸਮੇਂ ਫੇਰ ਆਂਧਰਾ ਪ੍ਰਦੇਸ਼ ਦਾ ਰਾਜ ਕਾਇਮ ਕੀਤਾ ਗਿਆ ਔਰ ਇਸ ਦੀ ਰਾਜਧਾਨੀ ਮਦਰਾਸ ਨਹੀਂ ਬਣਾਈ ਗਈ ਬਲਕਿ ਇਸ ਦੀ ਰਾਜਧਾਨੀ ਹੈਦਰਾਬਾਦ ਬਣਾਈ ਗਈ । 1962 ਵਿਚ ਬੰਬਈ ਦੀ ਫੇਰ ਰੀਆਰਗੇਨਾਈਜ਼ੇਸ਼ਨ ਹੋਈ ਤਾਂ ਗੁਜਰਾਤ ਰਾਜ ਕਾਇਮ ਕੀਤਾ ਗਿਆ ਜਿਸ ਦੀ ਰਾਜਧਾਨੀ ਬੰਬਈ ਨਹੀਂ ਬਣਾਈ ਗਈ ਬਲਕਿ ਇਸ ਦੀ ਰਾਜਧਾਨੀ ਗਾਂਧੀ ਨਗਰ ਬਣਾਈ ਗਈ । ਬੰਬਈ ਆਪਣੀ ਪੇਰੈਂਟ ਸਟੇਟ ਮਹਾਂਰਾਸ਼ਟਰ ਕੋਲ ਰਿਹਾ । ਇਸ ਤੋਂ ਬਾਅਦ 1970 ਵਿਚ ਅਸਾਮ ਦੀ ਰੀਆਰਗੇਨਾਈਜ਼ੇਸ਼ਨ ਹੋਈ ਤਾਂ ਅਰੁਨਾਚਲ ਪ੍ਰਦੇਸ਼ ਕਾਇਮ ਕੀਤਾ ਗਿਆ ਅਤੇ ਇਸ ਦੀ ਰਾਜਧਾਨੀ ਈਟਾ ਨਗਰ ਬਣਾਈ ਗਈ । ਇਸ ਤਰ੍ਹਾਂ ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਜਦੋਂ 1966 ਵਿਚ ਪੰਜਾਬ ਦੀ ਰੀਆਰਗੇਨਾਈਜ਼ੇਸ਼ਨ ਹੋਈ ਤਾਂ ਪੰਜਾਬ ਦੀ ਕਿੰਨੀ ਬਦਕਿਸਮਤੀ ਸੀ ਕਿ ਪੰਜਾਬ ਦੀ ਜਿਹੜੀ ਰਾਜਧਾਨੀ ਸੀ ਉਸ ਨੂੰ ਸੈਂਟਰ ਨੇ ਪੰਜਾਬ ਤੋਂ ਖੋਹ ਲਿਆ ਅਤੇ ਆਪਣੇ ਕੋਲ ਰੱਖ ਲਿਆ ।

ਇਸੇ ਤਰ੍ਹਾਂ ਪਾਣੀ ਦਾ ਮਸਲਾ ਹੈ । ਸਪੀਕਰ ਸਾਹਿਬ, ਤੁਸੀਂ ਬੜੇ ਵੱਡੇ ਵਿਦਵਾਨ ਹੋ ਅਤੇ ਪਾਰਲੀਮੈਂਟ ਦੇ ਮੈਂਬਰ ਵੀ ਰਹੇ ਹੋ । ਪਾਰਲੀਮੈਂਟ ਵਿਚ ਵੀ ਤੁਸੀਂ ਪੰਜਾਬ ਦੇ ਨਹਿਰੀ ਪਾਣੀ ਬਾਰੇ ਬਹੁਤ ਵੱਡਾ ਲੈਕਚਰ ਦਿਤਾ ਸੀ । ਤੁਸੀਂ ਇਕ ਉਘੇ ਵਕੀਲ ਵੀ ਹੋ । ਇਥੇ ਰੀਪੇਰੀਅਨ ਰਾਈਟ ਦਾ ਸਵਾਲ ਹੈ । ਜਿਸ ਸਟੇਟ ਦੇ ਵਿਚ ਦਰਿਆਈ ਪਾਣੀ ਵਗਦਾ ਹੋਵੇ ਪਾਣੀ ਉਸੇ ਸਟੇਟ ਦਾ ਹੁੰਦਾ ਹੈ । ਉਸ ਪਾਣੀ ਉਤੇ ਉਸ ਦਾ ਹੀ ਰਾਈਟ ਹੁੰਦਾ ਹੈ । ਇਹ ਦੁਨੀਆਂ ਦਾ ਅਸੂਲ ਹੈ ਅਤੇ ਅਸੀਂ ਰੀਪੇਰੀਅਨ ਰਾਈਟ ਦੀ ਮੰਗ ਕਰਦੇ ਹਾਂ । ਫੇਰ ਰਾਜਸਥਾਨ ਦੇ ਵਿਚ ਬਹੁਤ ਵਡੀ ਨਹਿਰ ਬਣਾ ਦਿੱਤੀ । ਉਸ ਨਹਿਰ ਦੇ ਪਾਣੀ ਨੂੰ ਸਾਡਾ ਜਾਨਵਰ ਵੀ ਨਹੀਂ ਪੀ ਸਕਦਾ । ਉਹ ਰਾਜਸਥਾਨ ਦੀ ਨਹਿਰ ਸਾਡੇ ਪੰਜਾਬ ਦੇ ਲੋਕਾਂ ਨੂੰ ਉਜਾੜ ਰਹੀ ਹੈ । ਉਸ ਨਹਿਰ ਦੇ ਨਾਲ ਸਾਡੇ ਇਲਾਕੇ ਵਿਚ ਫਰੀਦਕੋਟ ਅਤੇ ਮੁਕਤਸਰ ਦੇ ਇਲਾਕੇ ਵਿਚ ਸੇਮ ਆ ਗਈ ਹੈ ਜਿਸ ਕਾਰਨ ਸਾਡੇ ਕਿਸਾਨਾਂ ਦਾ ਨੁਕਸਾਨ ਹੋ ਰਿਹਾ ਹੈ । ਉਸ ਨਹਿਰ ਦੀ ਲਪੇਟ ਵਿਚ ਸਾਡਾ ਇਲਾਕਾ ਆ ਗਿਆ ਹੈ ਅਤੇ ਸੇਮ ਨਾਲ ਸਾਡਾ ਨੁਕਸਾਨ ਹੋ ਰਿਹਾ ਹੈ । ਸੈਂਟਰ ਦੇ ਵਿਚ ਗੁਲਜ਼ਾਰੀ ਲਾਲ ਨੰਦਾ ਮਨਿਸਟਰ ਹੁੰਦੇ ਸਨ । ਇਹ ਮੈਨੂੰ ਇਸ ਕਰਕੇ ਪਤਾ ਹੈ ਕਿ ਮੈਂ ਵੀ ਸੈਂਟਰ ਦੇ ਵਿਚ ਇਰੀਗੇਸ਼ਨ ਐਂਡ ਪਾਵਰ ਮਨਿਸਟਰ ਰਿਹਾ ਹਾਂ, ਅਤੇ ਮੈਂ ਵੀ ਰਿਕਾਰਡ ਵੇਖਿਆ ਸੀ । ਉਸ ਵਕਤ ਗੁਲਜ਼ਾਰੀ ਲਾਲ ਨੰਦਾ ਨੇ 2 ਚੀਫ ਮਨਿਸਟਰਾਂ ਦੀ ਮੀਟਿੰਗ ਬੁਲਾ ਕੇ ਫੈਸਲਾ ਕਰ ਦਿਤਾ ਕਿ ਰਾਜਸਥਾਨ ਨਹਿਰ ਨੂੰ ਪਾਣੀ ਦਿਤਾ ਜਾਵੇ । ਉਸ ਵੇਲੇ ਸਾਡੀ ਬਦਕਿਸਮਤੀ ਸੀ ਕਿ ਕਾਂਗਰਸ ਦੇ ਜਿਹੜੇ ਚੀਫ ਮਨਿਸਟਰ ਸਨ, ਉਹ ਸੈਂਟਰ ਦੇ ਅਗੇ ਚੂੰ ਵੀ ਨਹੀਂ ਕਰ ਸਕਦੇ ਸਨ ਕਿਉਂ ਕਿ ਉਨ੍ਹਾਂ ਦੀ ਕੁਰਸੀ ਸੈਂਟਰ ਦੇ ਹੱਥ ਵਿੱਚ ਹੁੰਦੀ ਹੈ ਜਿਸ ਕਰਕੇ ਉਹ ਸੈਂਟਰ ਦੇ ਇਸ਼ਾਰੇ ਤੇ ਕੰਮ ਕਰਦੇ ਹਨ । ਸਪੀਕਰ ਸਾਹਿਬ, ਸੈਂਟਰ ਨੇ ਇੰਦਰਾ ਅਵਾਰਡ ਦੇ ਮੁਤਾਬਿਕ ਹੀ ਫੈਸਲਾ ਕੀਤਾ ਕਿ ਜਿਤਨਾ ਪਾਣੀ ਰਾਜਸਥਾਨ ਅਤੇ ਹਰਿਆਣਾ ਨੂੰ ਦੇ ਦਿੱਤਾ ਜਾਵੇ । ਉਹ ਸਾਡੇ ਗੁਆਂਢੀ ਭਰਾ ਹਨ ਅਤੇ ਅਸੀਂ ਭਰਾਵਾਂ ਵਾਂਗ

Original with;
Punjab Vidhan Sabha
Digitized by;
Panjab Digital Library

ਰਹਿੰਦੇ ਹਾਂ ਪਰ ਪਾਣੀ ਤੇ ਉਨ੍ਹਾਂ ਦਾ ਹੱਕ ਨਹੀਂ ਬਣਦਾ । ਮੈਂ ਇਸ ਬਾਰੇ ਹਿੰਦੁਸਤਾਨ ਦੇ ਮਾਹਿਰ ਕਾਨੂੰਨਦਾਨਾਂ ਅਤੇ ਵਕੀਲਾਂ ਦੀ ਰਾਏ ਲਈ ਸੀ । ਉਨ੍ਹਾਂ ਨੇ ਕਿਹਾ ਕਿ ਪਾਣੀ ਤੇ ਤੁਹਾਡਾ ਹੱਕ ਬਣਦਾ ਹੈ । ਇਸ ਲਈ ਮੈਂ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਸਾਡੇ ਤੇ ਤੁਹਮਤਾਂ ਨਾ ਲਗਾਓ ਕਿ ਅਤਿਵਾਦ ਫਲਾਣੇ ਨੇ ਪੈਦਾ ਕੀਤਾ ਅਤੇ ਫਲਾਣੇ ਨੇ ਪੈਦਾ ਕੀਤਾ ਜਾਂ ਬਾਦਲ ਨੇ 2 ਕਰੋੜ ਰੁਪਿਆ ਲੈ ਕੇ ਐਸ. ਵਾਈ. ਐਲ. ਨਹਿਰ ਦੀ ਖੁਦਾਈ ਕਰਵਾਈ । ਇਹੋ ਜਿਹੀਆਂ ਗੱਲਾਂ ਵਾਰ ਵਾਰ ਤੁਸੀਂ ਨਾ ਕਰੋ, ਇਹ ਗੱਲਾਂ ਚੰਗੀਆਂ ਨਹੀਂ ਲਗਦੀਆਂ । ਤੁਹਾਨੂੰ ਪਤਾ ਹੈ, ਤੁਹਾਡੀ ਹਕੂਮਤ ਵੀ ਰਹੀ ਹੈ ਸਪੀਕਰ ਸਾਹਿਬ, ਮੇਰੇ ਕੋਲ ਕਾਰੈਸਪੌਂਡੈਂਸ ਦੀਆਂ ਚਿੱਠੀਆਂ ਵੀ ਹਨ । ਮੈਂ ਉਨ੍ਹਾਂ ਚਿੱਠੀਆਂ ਦੀ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ । ਇਕ ਗਿਆਨੀ ਜ਼ੈਲ ਸਿੰਘ ਜੀ ਵੱਲੋਂ ਡੀ. ਓ. ਲੈਟਰ ਵੀ ਹੈ ਜੋ ਉਨ੍ਹਾਂ ਨੇ ਹਰਿਆਣੇ ਦੇ ਮੁੱਖ ਮੰਤਰੀ ਸ੍ਰੀ ਗੁਪਤਾ ਜੀ ਨੂੰ ਲਿਖੀ ਹੈ । ਉਸ ਦਾ ਮੈਂ ਆਖਰੀ ਪੈਰਾ ਪੜ੍ਹ ਦਿੰਦਾ ਹਾਂ:—

> You will kindly appreciate that some work of investigation is necessary before actual construction at site. If you agree, we can put up staff in position to take up this work in hand immediately and meet the expenditure out of the amount of rupees one crore you have offered to me.

ਸਪੀਕਰ ਸਾਹਿਬ, ਇਥੋਂ ਕਹਾਣੀ ਸ਼ੁਰੂ ਹੁੰਦੀ ਹੈ । ਬਾਦਲ ਨੇ ਕਿਹੜਾ ਢਾਈ ਕਰੋੜ ਲੈ ਲਿਆ ? ਮੈਂ ਇਨ੍ਹਾਂ ਕੋਲੋਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇੰਦਰਾ ਗਾਂਧੀ ਜੀ ਨੇ ਨਹਿਰ ਪੁੱਟਣ ਦਾ ਟੱਕ ਲਾਇਆ ਸੀ, ਕੀ ਪੰਜਾਬ ਦੀ ਕਾਂਗਰਸ ਉਸ ਵੇਲੇ ਹਾਜ਼ਰ ਨਹੀਂ ਸੀ, ਕਾਂਗਰਸ ਪਾਰਟੀ ਦਾ ਪ੍ਰਧਾਨ ਉਸ ਵੇਲੇ ਹਾਜ਼ਰ ਨਹੀਂ ਸੀ ? ਇਕ ਪਾਸੇ ਮੇਰੇ ਭਰਾ ਅਕਾਲੀ ਵੀਰ ਅਤੇ ਭਾਰਤੀ ਜਨਤਾ ਪਾਰਟੀ ਦੇ ਬੈਠੇ ਹਨ । ਅਸੀਂ ਉਸ ਦਿਨ ਜੇਲ੍ਹ ਵਿਚ ਸੀ । ਇਕ ਪਾਸੇ ਪੰਜਾਬ ਦੀ ਕਿਸਮਤ ਦਾ ਖੂਨ ਵਗ ਰਿਹਾ ਸੀ ਜਦੋਂ ਟੱਕ ਲੱਗ ਰਿਹਾ ਸੀ ਔਰ ਦੂਜੇ ਪਾਸੇ ਇਹ ਤਾੜੀਆਂ ਮਾਰ ਰਹੇ ਸਨ ਕਿ ਬੀਬੀ ਜੀ ਛੇਤੀ ਟੱਕ ਮਾਰੋ ਕਿਤੇ ਐਸ. ਵਾਈ. ਐਲ, ਨਹਿਰ ਲੇਟ ਨਾ ਹੋ ਜਾਵੇ । ਮੈਂ ਫੇਰ ਕਹਿਣਾ ਚਾਹੁੰਦਾ ਹਾਂ ਕਿ ਇਹ ਹਿਸਟੋਰੀਕਲ ਫੈਕਟ ਹੈ । ਬਾਅਦ ਵਿਚ ਜਦੋਂ ਮੈਂ ਸੀ. ਐਮ. ਬਣਿਆ ਤਾਂ ਉਸ ਵੇਲੇ ਸ੍ਰੀ ਮੁਰਾਰ ਜੀ ਡਿਸਾਈ ਪ੍ਰਧਾਨ ਮੰਤਰੀ ਸਨ । ਬਤੌਰ ਮੁੱਖ ਮੰਤਰੀ ਉਸ ਵੇਲੇ ਕੇਵਲ ਮੈਨੂੰ ਹੀ ਅਧਿਕਾਰ ਸੀ ਸੁਪਰੀਮ ਕੋਰਟ ਵਿਚ ਕੇਸ ਲਿਜਾਣ ਦਾ ਅਤੇ ਹੋਰ ਕਿਸੇ ਨੂੰ ਨਹੀਂ ਸੀ । ਸੁਪਰੀਮ ਕੋਰਟ ਵਿਚ ਕੇਸ ਲਿਜਾਣ ਦਾ ਅਧਿਕਾਰ ਜੇ ਕਿਸੇ ਕੋਲ ਹੁੰਦਾ ਹੈ ਤਾਂ ਸਿਰਫ ਸਟੇਟ ਗੌਰਮਿੰਟ ਕੋਲ ਹੁੰਦਾ ਹੈ । ਇੰਡੀਵੀਜੂਅਲੀ ਹੋਰ ਕਿਸੇ ਕੋਲ ਇਹ ਅਧਿਕਾਰ ਨਹੀਂ ਹੁੰਦਾ । ਪਰਮਾਤਮਾ ਨੇ, ਵਾਹਿਗੁਰੂ ਜੀ ਨੇ ਕ੍ਰਿਪਾ ਕੀਤੀ ਅਤੇ ਮੈਂ ਸੁਪਰੀਮ ਕੋਰਟ ਵਿਚ ਕੇਸ ਲੈ ਗਿਆ । ਮੈਂ ਹਿੰਦੁਸਤਾਨ ਦੇ ਮਾਹਿਰਾਂ, ਐਡਵੋਕੇਟਾਂ ਦੀ ਰਾਏ ਲਈ ਸੀ ਉਨ੍ਹਾਂ ਨੇ ਕਿਹਾ ਸੀ ਕਿ ਤੁਹਾਡਾ ਫੂਲ ਪਰੂਫ ਕੇਸ ਹੈ । ਤੁਹਾਡਾ ਪਾਣੀ ਨਾ ਰਾਜਿਸਥਾਨ ਲਿਜਾ ਸਕਦਾ ਹੈ ਅਤੇ ਨਾ ਹਰਿਆਣਾ ਲਿਜਾ ਸਕਦਾ ਹੈ । ਸੋ ਮੈਂ ਕੇਸ ਕਰ ਦਿਤਾ । ਮੈਨੂੰ ਉਸ ਵੇਲੇ ਮੁਰਾਰਜੀ ਡਿਸਾਈ ਜੀ ਨੇ ਬੁਲਾਇਆ ਕਿ ਬਾਦਲ ਸਾਹਿਬ, ਤੁਹਾਨੂੰ ਮੇਰੇ ਤੇ ਇਤਬਾਰ ਨਹੀਂ । ਉਸ ਵੇਲੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਕ ਕਮਿਸ਼ਨ ਬਣਿਆ ਸੀ ਜਿਸ ਨੇ ਐਮਰਜੈਂਸੀ ਦੌਰਾਨ ਹੋਏ ਐਕਸੈਸਿਜ਼ ਨੂੰ ਸੁਣ ਕੇ ਜਾਂਚ ਕਰਨੀ ਸੀ। ਸਪੀਕਰ ਸਾਹਿਬ, ਇਹ ਫੈਸਲਾ ਕਿਉਂਕਿ ਐਮਰਜੈਂਸੀ ਦੌਰਾਨ ਹੋਇਆ ਸੀ ਜਦੋਂ ਅਸੀਂ ਜੇਲ੍ਹਾਂ ਵਿਚ ਬੰਦ ਸੀ ਅਤੇ ਪੰਜਾਬ ਦੇ ਵਾਰਿਸ, ਕਾਲ ਕੋਠੜੀਆਂ ਵਿਚ ਬੰਦ ਸਨ, ਇਸ ਕਰਕੇ ਮੁਰਾਰਜੀ ਡਿਸਾਈ ਨੂੰ ਮੌਕਾ ਮਿਲ ਗਿਆ ਅਤੇ ਕਹਿਣ ਲੱਗੇ ਕਿ ਤੂੰ ਐਮਰਜੈਂਸੀ ਦੌਰਾਨ ਹੋਈਆਂ ਐਕਸੈਸਿਜ਼ ਦੀ ਗੱਲ ਮੇਰੇ ਤੇ ਛੱਡ ਦੇ, ਮੈਂ ਆਪੇ ਠੀਕ ਕਰ ਲਵਾਂਗਾ। ਮੈਂ ਆਖਿਆ ਪ੍ਰਧਾਨ ਮੰਤਰੀ ਜੀ, ਮੇਰੀ ਵਫਾਦਾਰੀ ਪੰਜਾਬ ਦੇ ਨਾਲ ਹੈ, ਮੈਂ ਕੇਸ ਕਰਨਾ ਹੈ ਅਤੇ ਵਾਪਿਸ ਨਹੀਂ ਲੈਣਾ। ਜੇ ਤੁਸੀਂ ਇਨਸਾਫ ਕਰ ਦਿਉਗੇ, ਮੇਰੀ ਤਸੱਲੀ ਕਰਾ ਦਿਉਗੇ, ਪੰਜਾਬ ਦੇ ਲੋਕਾਂ ਦੀ ਤਸੱਲੀ ਕਰਾ ਦਿਉਗੇ ਤਾਂ ਮੈਂ ਕੇਸ ਵਾਪਸ ਲੈ ਲਵਾਂਗਾ। (ਥੰਪਿੰਗ) ਲੇਕਿਨ ਮੈਂ ਕੇਸ ਵਾਪਿਸ ਨਹੀਂ ਲਿਆ ਕਿਉਂਕਿ ਮੇਰੀ ਰਗ-ਰਗ ਵਿਚ ਪੰਜਾਬ ਦਾ ਖੂਨ ਹੈ ਔਰ ਅਸੀਂ ਪੰਜਾਬ ਵਾਸਤੇ ਜਿਉਂਦੇ ਹਾਂ। ਇਸ ਲਈ ਮੈਂ ਉਹ ਕੇਸ ਵਾਪਸ ਨਹੀਂ ਲਿਆ। ਫਿਰ ਮੇਰੇ ਬਾਅਦ ਉਹ ਆ ਗਏ ਜਿਨ੍ਹਾਂ ਨੇ ਹਮੇਸ਼ਾਂ ਪੰਜਾਬ ਨਾਲ ਗਦਾਰੀ ਕੀਤੀ ਹੈ। ਲਫਜ ਕੋਈ ਥੋੜ੍ਹਾ ਜਿਹਾ ਕਰੜਾ ਹੈ। ਮਾਡੀਫਾਈਡ ਕਰਨ ਦਾ ਸੁਝਿਆ ਨਹੀਂ ਛੇਤੀ ਛੇਤੀ ਵਿਚ ਕੀ ਕਰਦਾ। ਮੇਰੇ ਬਾਅਦ ਸਰਦਾਰ ਦਰਬਾਰਾ ਸਿੰਘ ਜੀ ਮੁੱਖ ਮੰਤਰੀ ਬਣ ਗਏ ਤੇ ਇਹ ਬਦਕਿਸਮਤੀ ਸੀ ਪੰਜਾਬ ਦੀ। ਉਨ੍ਹਾਂ ਨੂੰ ਇਕ ਘੁਰਕੀ ਬੀਬੀ ਜੀ ਨੇ ਮਾਰੀ ਤੇ ਕਿਹਾ ਸਰਦਾਰ ਦਰਬਾਰਾ ਸਿੰਘ ਅਸਤੀਫਾ ਦੇ ਦਿਉ। ਇਹ ਗੱਲਾਂ/ ਰਿਪੋਰਟਾਂ ਅਖਬਾਰਾਂ ਵਿਚ ਵੀ ਹੋਈਆਂ। ਸਰਦਾਰ ਦਰਬਾਰਾ ਸਿੰਘ ਬੜੇ ਹੈਰਾਨ ਹੋਏ ਤੇ ਸੋਚਿਆ ਕਿ ਪਤਾ ਨਹੀਂ ਕਿਸ ਅਹੁਦੇ ਤੋਂ ਅਸਤੀਫਾ ਮੰਗਦੇ ਹਨ। ਸ਼ਾਇਦ ਕਾਂਗਰਸ ਦੀ ਪ੍ਰਧਾਨਗੀ ਤੋਂ ਮੰਗਦੇ ਹੋਣੇ ਹਨ। ਉਨ੍ਹਾਂ ਨੇ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ। ਬੀਬੀ ਜੀ ਕਹਿਣ ਲੱਗੇ ਕਿ ਮੈਂ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਮੰਗਿਆ ਹੈ, ਕਾਂਗਰਸ ਦੀ ਪ੍ਰਧਾਨਗੀ ਦੀ ਕੋਈ ਗੱਲ ਨਹੀਂ ਕੀਤੀ। ਉਹ ਕਹਿਣ ਲੱਗੇ ਮੇਰਾ ਗੁਨਾਹ ਕੀ ਹੈ, ਮੇਰੇ ਤੋਂ ਅਸਤੀਫਾ ਕਿਉਂ ਮੰਗਦੇ ਹੋ। ਉਨ੍ਹਾਂ ਨੇ ਕਿਹਾ ਜਾਂ ਤਾਂ ਮੁਕੱਦਮਾ ਵਾਪਸ ਲੈ ਲਉ ਸੁਪਰੀਮ ਕੋਰਟ ਤੋਂ, ਨਹੀਂ ਤਾਂ ਮੁੱਖ ਮੰਤਰੀ ਪਦ ਤੋਂ ਅਸਤੀਫਾ ਦੇ ਦਿਉ। ਸਪੀਕਰ ਸਾਹਿਬ, ਇਹ **ਸਟਾਰਕ ਫੈਕਟਸ** ਹਨ ਅਤੇ ਉਨ੍ਹਾਂ ਨੇ ਕੇਸ ਵਾਪਸ ਲੈ ਲਿਆ। ਜੇ ਕੇਸ ਵਾਪਸ ਨਾ ਲੈਂਦੇ ਤਾਂ ਅੱਜ ਤੱਕ ਫੈਸਲਾ ਹੋ ਜਾਣਾ ਸੀ ਸੁਪਰੀਮ ਕੋਰਟ ਵਿਚ। ਬੇਸ਼ੱਕ ਸਾਡੇ ਖਿਲਾਫ ਵੀ ਹੋ ਜਾਂਦਾ ਪਰ ਸਾਡੇ ਦਿਲਾਂ ਅੰਦਰ ਸ਼ਾਂਤੀ ਤਾਂ ਹੋਣੀ ਸੀ ਕਿ ਇਹ ਸਾਰਾ ਫੈਸਲਾ ਜਿਹੜਾ ਹੋਇਆ ਹੈ, ਇਹ ਹਿੰਦੁਸਤਾਨ ਦੀ ਸਭ ਤੋਂ ਵੱਡੀ ਕਚਹਿਰੀ ਵਿਚ ਹੋਇਆ ਹੈ। ਸਪੀਕਰ ਸਾਹਿਬ, ਕੀ ਕੀ ਗੱਲਾਂ ਦੱਸਾਂ, ਦਿਲ ਬਹੁਤ ਔਖਾ ਹੈ।

ਇਸੇ ਤਰ੍ਹਾਂ 1984 ਦੇ ਕਤਲੇਆਮ ਦੀ ਗੱਲ ਹੈ। ਏਡਾ ਵੱਡਾ ਕਤਲੇਆਮ ਸਾਰੀ ਦੁਨੀਆਂ ਦੇ ਵਿਚ ਨਹੀਂ ਹੋਇਆ। ਕੋਈ ਰਿਕਾਰਡ ਮੈਨੂੰ ਦੱਸ ਦਿਉ ਅੱਜ ਤੱਕ ਜਿੱਥੇ ਆਪਣੀ ਸਰਕਾਰ ਹੋਵੇ ਤੇ ਉਸ ਨੇ ਆਪਣੇ ਹੀ ਲੋਕਾਂ ਦਾ ਬੇਗੁਨਾਹ ਲੋਕਾਂ ਦਾ ਕਤਲ ਕੀਤਾ ਹੋਵੇ। ਛੋਟੇ ਛੋਟੇ ਬੱਚੇ, ਭੈਣਾਂ, ਬਜ਼ੁਰਗ ਮਾਰੇ ਗਏ ਜਿਨ੍ਹਾਂ ਨੂੰ ਗਲਾਂ ਵਿਚ ਟਾਇਰ ਪਾ ਪਾ ਕੇ ਸਾੜਿਆ ਗਿਆ। ਪੰਜਾਬੀਆਂ ਨੇ ਕੀ ਗੁਨਾਹ ਕੀਤਾ ਸੀ। ਠੀਕ ਹੈ, ਜਿਸ ਨੇ ਕੋਈ ਗੁਨਾਹ ਕੀਤਾ ਹੈ ਉਹ ਸਜ਼ਾ ਵੀ ਜ਼ਰੂਰ ਭੁਗਤੇ ਲੇਕਿਨ ਸਮੁੱਚੇ ਲੋਕਾਂ ਨੂੰ ਇਹ ਸਜ਼ਾ

Original with;
Punjab Vidhan Sabha
Digitized by;
Panjab Digital Library

ਦੇਣੀ, ਸਪੀਕਰ ਸਾਹਿਬ ਬਹੁਤ ਮਾੜੀ ਗੱਲ ਹੈ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਬੀ. ਜੇ.ਪੀ. ਦਾ ਧੰਨਵਾਦ ਕਰਦਾ ਹਾਂ (ਥੰਪਿੰਗ) ਕਿ ਉਨ੍ਹਾਂ ਨੇ ਉਸ ਕੇਸ ਨੂੰ ਚੁੱਕਿਆ ਹੀ ਨਹੀਂ, ਸਗੋਂ ਜ਼ਾਲਮ ਲੋਕਾਂ ਨੂੰ ਸਜ਼ਾਵਾਂ ਦਿਵਾਉਣ ਵਾਸਤੇ ਬੜਾ ਭਾਰੀ ਯਤਨ ਵੀ ਕੀਤਾ ਹੈ । ਉਹ ਵੱਡੇ ਵੱਡੇ ਲੋਕ, ਉਨ੍ਹਾਂ ਦੇ ਨਾਂ ਮੈਂ ਨਹੀਂ ਲੈਣਾ ਚਾਹੁੰਦਾ ਜਿਹੜੇ ਬਹੁਤ ਵੱਡੀਆਂ ਕੁਰਸੀਆਂ ਤੇ ਬੈਠੇ ਹਨ ਔਰ ਹੋਰ ਵੀ, ਉਨ੍ਹਾਂ ਸਾਰਿਆਂ ਨੂੰ ਤਿਹਾੜ ਜੇਲ੍ਹ ਦੇ ਦਰਸ਼ਨ ਕਰਾਏ । ਉਂਜ ਸ਼ਾਇਦ ਉਹ ਦਰਸ਼ਨ ਨਾ ਕਰਦੇ । (ਥੰਪਿੰਗ) ਸਪੀਕਰ ਸਾਹਿਬ, ਮੈਂ ਫਿਰ ਤੁਹਾਡੇ ਦੁਆਰਾ ਬੀ. ਜੇ. ਪੀ. ਦਾ ਸਮੁੱਚੇ ਪੰਜਾਬੀਆਂ ਵੱਲੋਂ ਧੰਨਵਾਦ ਕਰਦਾ ਹੈ ।

ਸਪੀਕਰ ਸਾਹਿਬ, ਫਿਰ ਇੱਕ ਹੋਰ ਵੀ ਸਾਡਾ ਮਸਲਾ ਸੀ । ਇਹ ਮਸਲੇ ਨਹੀਂ ਡਿਮਾਂਡਾਂ ਨਹੀਂ, ਸਾਡੇ ਹੱਕ ਹਨ । ਸਾਡੇ ਪੰਜਾਬ ਤੋਂ ਬਾਹਰ ਬੈਠੇ ਵੀਰਾਂ ਭਾਵੇਂ ਉਹ ਹਰਿਆਣਾ ਵਿਚ ਅਤੇ ਭਾਵੇਂ ਦਿੱਲੀ ਵਿਚ ਬੈਠੇ ਹਨ, ਨੂੰ ਚਾਹੀਦਾ ਸੀ ਕਿ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਜਾਵੇ, ਕਿਉਂਕਿ ਕੌਣ ਨਹੀਂ ਜਾਣਦਾ ਕਿ ਹਰਿਆਣਾ ਤਾਂ ਪੰਜਾਬ ਦਾ ਹਿੱਸਾ ਹੀ ਸੀ, ਲੇਕਿਨ ਉਥੇ ਦੂਜੀ ਭਾਸ਼ਾ ਜਿਹੜੀ ਸੀ, ਉਹ ਤੇਲਗੂ ਸੀ । ਮੇਰਾ ਖਿਆਲ ਹੈ ਕਿ ਉਥੇ 100 ਬੰਦੇ ਵੀ ਆਂਧਰਾ ਪ੍ਰਦੇਸ਼ ਸਟੇਟ ਦੇ ਨਹੀਂ ਰਹਿੰਦੇ ਹੋਣੇ । ਲੇਕਿਨ ਕਿਉਂਕਿ ਸਾਡੇ ਨਾਲ ਰੜਕ ਕੱਢਣੀ ਸੀ, ਇਸ ਲਈ ਪੰਜਾਬੀ ਭਾਸ਼ਾ ਉਥੇ ਲਾਗੂ ਨਹੀਂ ਕੀਤੀ । ਸਪੀਕਰ ਸਾਹਿਬ, ਦਿੱਲੀ ਇਕ ਇਹੋ ਜਿਹਾ ਸ਼ਹਿਰ ਹੈ ਜਿੱਥੇ ਸਾਰੀ ਦੁਨੀਆਂ ਦੇ ਸ਼ਹਿਰਾਂ ਨਾਲੋਂ ਵੱਧ ਪੰਜਾਬੀ ਵਸਦੇ ਹਨ । ਉਥੇ ਵੀ ਪੰਜਾਬੀ ਭਾਸ਼ਾ ਲਾਗੂ ਨਹੀਂ ਕੀਤੀ ਗਈ । ਕਾਂਗਰਸ ਦੀਆਂ ਕਈ ਸਰਕਾਰਾਂ ਆਈਆਂ, ਲੇਕਿਨ ਮੈਂ ਬੀ. ਜੇ. ਪੀ. ਦਾ ਧੰਨਵਾਦੀ ਹਾਂ, ਪਹਿਲੀ ਦਫਾ ਉਨ੍ਹਾਂ ਨੇ ਬਾਈ ਐਕਟ ਕਾਨੂੰਨ ਬਣਾ ਕੇ ਪੰਜਾਬੀ ਭਾਸ਼ਾ ਨੂੰ ਦਿੱਲੀ ਵਿਚੋਂ ਲਾਗੂ ਕੀਤਾ ਹੈ । ਜੋ ਦਿੱਲੀ ਵਿਚ ਪੰਜਾਬੀ ਭਾਸ਼ਾ ਲਾਗੂ ਕੀਤੀ ਹੈ ਤਾਂ ਇਹ ਬੀ. ਜੇ. ਪੀ. ਦੀ ਸਰਕਾਰ ਨੇ ਕੀਤੀ ਹੈ । ਹਰਿਆਣੇ ਵਿਚ ਵੀ ਉਨ੍ਹਾਂ ਨੇ ਪੰਜਾਬੀ ਨੂੰ ਲਾਗੂ ਕਰ ਦਿੱਤਾ ਹੈ । ਸਪੀਕਰ ਸਾਹਿਬ, ਇਕ ਗੱਲ ਦਾ ਹੋਰ ਦੁੱਖ ਮੈਂ ਪ੍ਰਗਟ ਕਰਦਾ ਹਾਂ; ਤੁਸੀਂ ਕਹੋਗੇ ਕਿ ਦੁੱਖ ਹੀ ਦੁੱਖ ਦੱਸੀ ਜਾ ਰਿਹਾ ਹੈ, ਚੰਗੀ ਗੱਲ ਕੋਈ ਨਹੀਂ ਕਰਦਾ । ਉਹ ਮੈਂ ਅੱਗੇ ਜਾ ਕੇ ਕਰਨੀ ਹੈ ।

ਪਿਛਲੇ ਸਮੇਂ ਵਿਚ ਸਾਨੂੰ ਬਦਨਾਮ ਕਰਨ ਵਾਸਤੇ ਅਤੇ ਆਪਣੇ ਸਿਆਸੀ ਮੁਫਾਦ ਕੱਢਣ ਵਾਸਤੇ ਇਥੇ ਭਰਾ ਅਤੇ ਭਰਾ ਵਿਚ ਫਰਕ ਪਾਉਣ ਦਾ ਇਕ ਪਾਰਟੀ ਵੱਲੋਂ ਯਤਨ ਹੋਇਆ । ਨਫਰਤ ਦੇ ਬੀਜ ਬੀਜੇ ਗਏ, ਮੰਦਰਾਂ ਵਿਚ ਗਊਆਂ ਦੀਆਂ ਪੂਛਾਂ ਸੁਟਵਾਈਆਂ ਗਈਆਂ, ਗੁਰਦੁਆਰਿਆਂ ਵਿਚ ਸਿਗਰਟਾਂ ਸੁੱਟੀਆਂ ਗਈਆਂ ਤਾਂ ਕਿ ਇਹ ਜਿਹੜੀ ਗੁਰੂਆਂ, ਰਿਸ਼ੀਆਂ ਅਤੇ ਮੁਨੀਆ ਦੀ ਧਰਤੀ ਹੈ, ਇਥੇ ਸ਼ਾਂਤੀ ਨਾ ਰਹੇ ਅਤੇ ਸਿਆਸੀ ਫਾਇਦੇ ਵਾਸਤੇ ਇਥੇ ਤਨਾਅ ਵਧੇ । ਇਥੇ ਤਨਾਅ ਵਧਾਉਣ ਦਾ ਯਤਨ ਕੀਤਾ ਗਿਆ । ਇਨ੍ਹਾਂ ਗੱਲਾਂ ਨੇ ਪੰਜਾਬ ਵਿਚ ਬੜਾ ਖੂਨ ਡੋਲ੍ਹਿਆ ਅਤੇ ਇਥੇ ਬੜਾ ਨੁਕਸਾਨ ਹੋਇਆ । ਜੇ ਅਸੀਂ ਉਸ ਦੌਰ ਵਿਚੋਂ ਨਾ ਟੱਪਦੇ ਤਾਂ ਅੱਜ ਪੰਜਾਬ ਅਮਰੀਕਾ ਦਾ ਕੈਲੀਫੋਰਨੀਆ ਬਣ ਜਾਣਾ ਸੀ । ਉਨ੍ਹਾਂ ਦੇ ਸਿਆਸੀ ਫਾਇਦੇ ਵਾਸਤੇ

*Original with;*
Punjab Vidhan Sabha
*Digitized by;*
Panjab Digital Library

[ਮੁੱਖ ਮੰਤਰੀ]

ਜਿਹੜੀਆਂ ਸਾਡੀਆਂ ਹੱਕੀ ਮੰਗਾਂ ਸਨ, ਉਨ੍ਹਾਂ ਤੋਂ ਪਾਸਾ ਟਾਲਣ ਵਾਸਤੇ ਇਹ ਬੜੀ ਵੱਡੀ ਸਾਜ਼ਿਸ ਸੀ । ਮੈਂ ਤਾਂ 40 ਸਾਲਾਂ ਤੋਂ ਸਿਆਸਤ ਵਿਚ ਹਾਂ ਅਤੇ ਦਿੱਲੀ ਦੀਆਂ ਸਾਜ਼ਿਸ਼ਾਂ ਦਾ ਮੈਨੂੰ ਚੰਗੀ ਤਰ੍ਹਾਂ ਪਤਾ ਹੈ । ਸਾਨੂੰ ਬਦਨਾਮ ਕਰਨ ਵਾਸਤੇ ਸਾਡੀਆਂ ਹੱਕੀ ਮੰਗਾਂ ਨੂੰ ਅੱਖੋਂ ਪਰੋਖੇ ਕਰਨ ਵਾਸਤੇ ਅਤੇ ਪੰਜਾਬ ਵਿਚੋਂ ਸਿਆਸੀ ਲਾਭ ਲੈਣ ਵਾਸਤੇ ਇਹ ਸਾਰਾ ਕੁਝ ਕੀਤਾ ਗਿਆ । ਇਹ ਸਾਰਾ ਕੁਝ ਬਹੁਤ ਮਾੜਾ ਹੋਇਆ ਅਤੇ ਅਸੀਂ ਇਕ ਬੜੇ ਮਾੜੇ ਦੌਰ ਵਿਚੋਂ ਟੱਪੇ ਹਾਂ । ਮੈਂ ਇਹ ਕਹਿੰਦਾ ਹਾਂ ਕਿ ਪਿਛਲੇ ਸਮੇਂ ਵਿਚ ਲੋਕਾਂ ਦੇ ਹਿਊਮਨ ਰਾਈਟਸ ਦੀ ਪੂਰੀ ਤਰ੍ਹਾਂ ਉਲੰਘਣਾ ਹੋਈ । ਦੁਨੀਆ ਵਿਚ ਸਭ ਤੋਂ ਵੱਡਾ ਰਾਈਟ ਜੋ ਹੈ, ਉਹ ਹਿਊਮਨ ਰਾਈਟ ਹੈ । ਇਹ ਇਨਸਾਨ ਦਾ ਬੁਨਿਆਦੀ ਹੱਕ ਹੈ ਕਿ ਉਹ ਆਨ, ਮਾਣ ਅਤੇ ਸ਼ਾਨ ਦੇ ਨਾਲ ਰਹਿ ਸਕੇ । ਇਹ ਹਿਊਮਨ ਰਾਈਟਸ ਇਥੇ ਲੋਕਾਂ ਕੋਲੋਂ ਖੋਹ ਲਏ ਗਏ । ਮੈਂ ਜ਼ਿਆਦਾ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਹੋਰ ਵੀ ਬਹੁਤ ਸਾਰੀਆਂ ਗੱਲਾਂ ਕਰਨ ਵਾਲੀਆਂ ਹਨ । ਪੰਜਾਬ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੀ ਸਰਕਾਰ ਨੇ ਇਹ ਫੈਸਲਾ ਕਰ ਲਿਆ ਹੈ, ਜਿਸ ਦਾ ਜ਼ਿਕਰ ਗਵਰਨਰ ਸਾਹਿਬ ਦੇ ਐਡਰੈੱਸ ਵਿਚ ਵੀ ਹੈ ਕਿ ਅਸੀਂ ਜਲਦੀ ਹੀ ਇਕ ਹਿਊਮਨ ਰਾਈਟਸ ਕਮਿਸ਼ਨ ਇਥੇ ਕਾਇਮ ਕਰਾਂਗੇ । ਜਿਥੇ ਇਹ ਬੇਇਨਸਾਫੀਆਂ ਹੋਈਆਂ ਹਨ, ਉਥੇ ਇਕ ਲੰਮੇ ਅਰਸੇ ਵਿਚ ਇਨ੍ਹਾਂ ਵੀਰਾਂ (ਕਾਂਗਰਸੀ ਮੈਂਬਰਾਂ ਵੱਲ ਇਸ਼ਾਰਾ) ਦੇ ਰਾਜ ਨੇ ਸਾਡੇ ਪੰਜਾਬ ਦੀ ਇਕਾਨਮੀ ਨੂੰ ਵੀ ਤਹਿਸ-ਨਹਿਸ ਕਰ ਦਿੱਤਾ ਹੈ ।

ਐਨੀਆਂ ਮੁਸ਼ਕਲਾਂ ਦੇ ਵਿਚ ਤਾਂ ਘਿਰਿਆ ਹੋਇਆ ਹੈ ਪੰਜਾਬ । ਕੋਈ ਵੀ ਤਸੱਲੀਬਖਸ਼ ਸਹੂਲਤਾਂ ਇਥੇ ਨਹੀਂ ਹਨ । ਜੇ ਕੋਈ ਸਕੂਲ ਹੈ ਤਾਂ ਉਥੇ ਟੀਚਰ ਨਹੀਂ ਹੈ । ਜੇ ਕੋਈ ਹਸਪਤਾਲ ਹੈ ਤਾਂ ਉਥੇ ਡਾਕਟਰ ਨਹੀਂ ਹੈ । ਸੜਕਾਂ ਟੁੱਟੀਆਂ ਪਈਆਂ ਹਨ । ਬੇਰੋਜ਼ਗਾਰੀ, ਮਹਿੰਗਾਈ, ਕਿਸਾਨੀ ਦੇ ਮਸਲੇ ਹੀ ਮਸਲੇ ਹਨ । ਮਸਲੇ ਐਨੇ ਜ਼ਿਆਦਾ ਹਨ ਕਿ ਸਾਰੇ ਪੰਜਾਬੀਆਂ ਦੀ ਕੋਆਪ੍ਰੇਸ਼ਨ ਦੇ ਨਾਲ ਹੀ ਅਸੀਂ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਵਾਲੇ ਪਾਸੇ ਤੁਰ ਸਕਦੇ ਹਾਂ । ਇਥੇ ਇਹ ਵੀ ਇਤਰਾਜ਼ ਹੋਇਆ ਕਿ ਇਹ ਸੰਗਤ ਦਰਸ਼ਨ ਕਿਉਂ ਕਰਦੇ ਹਨ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸੰਗਤ ਦਰਸ਼ਨ ਕਰਨਾ ਕੋਈ ਮਾੜਾ ਕੰਮ ਹੈ । ਬਲਕਿ ਇਹ ਕੰਮ ਤਾਂ ਹਰੇਕ ਨੂੰ ਕਰਨਾ ਚਾਹੀਦਾ ਹੈ । ਮੈਂ ਸਮਝਦਾ ਹਾਂ ਅਤੇ ਮੇਰਾ ਤਜਰਬਾ ਹੈ ਕਿ ਇਸ ਤੋਂ ਲੋਕਾਂ ਦੀਆਂ ਅਸਲੀ ਤਕਲੀਫਾਂ ਦਾ ਪਤਾ ਲੱਗਦਾ ਹੈ ਏਅਰ ਕੰਡੀਸ਼ਨਡ ਕਮਰਿਆਂ ਵਿਚ ਬੈਠ ਕੇ, ਦਫਤਰਾਂ ਵਿਚ ਬੈਠ ਕੇ ਅਤੇ "ਸਰ, ਸਰ" ਅਖਵਾ ਕੇ ਲੋਕਾਂ ਦੀਆਂ ਤਕਲੀਫਾਂ ਦਾ ਪਤਾ ਨਹੀਂ ਲੱਗਦਾ । ਭਾਵੇਂ ਸਾਨੂੰ ਪਹਿਲਾਂ ਹੀ ਲੋਕਾਂ ਦੀਆਂ ਤਕਲੀਫਾਂ ਦਾ ਪਤਾ ਹੈ ਕਿਉਂ ਕਿ ਮੈਂ ਤਾਂ ਪੰਜਾਬ ਦੇ ਕੋਨੇ ਕੋਨੇ ਵਿਚ ਫਿਰਦਾ ਰਹਿੰਦਾ ਹਾਂ । ਕੋਈ ਪਿੰਡ ਨਹੀਂ ਅਤੇ ਸ਼ਹਿਰ ਦੀ ਕੋਈ ਗਲੀ ਨਹੀਂ ਜਿਥੇ ਮੈਂ ਨਾ ਗਿਆ ਹੋਵਾਂ, ਫਿਰ ਵੀ ਲੋਕਾਂ ਵਿਚ ਬੈਠ ਕੇ ਨਵੀਆਂ ਨਵੀਆਂ ਗੱਲਾਂ ਦਾ ਪਤਾ ਲੱਗਦਾ ਹੈ । ਇਸ ਸਰਕਾਰ ਨੇ ਪੁਰਾਣੇ ਤੌਰ ਤਰੀਕੇ ਬਦਲਣੇ ਹਨ । ਅੱਗੇ ਲੋਕ ਸਰਕਾਰ ਕੋਲ ਆਉਂਦੇ ਸਨ , ਹੁਣ ਅਸੀਂ ਸਰਕਾਰ ਨੂੰ ਲੋਕਾਂ ਕੋਲ ਭੇਜਣਾ ਹੈ । ਅਫਸਰ ਨੂੰ ਜਵਾਬਦੇਹ ਬਣਾਉਣਾ ਹੈ । ਇਥੇ ਕਿਹਾ ਗਿਆ ਹੈ ਕਿ ਮਿਲਣ ਵਾਲੇ ਖਹਿੜਾ ਨਹੀਂ ਛੱਡਦੇ । ਇਹ ਸ਼ੈਸ਼ਨ ਮੁੱਕ ਲੈਣ ਦਿਓ, ਅਸੀਂ ਪੰਜਾਬ ਨੂੰ ਸਹੀ ਰਸਤੇ ਤੇ ਪਾਵਾਂਗੇ । ਅਫਸਰਾਂ

Original with;
Punjab Vidhan Sabha
Digitized by;
Panjab Digital Library

ਦੀ ਜਿਹੜੀ ਮਸ਼ੀਨਰੀ ਹੈ, ਇਸ ਨੂੰ ਜੰਗਾਲ ਲੱਗਿਆ ਹੋਇਆ ਹੈ। ਇਹ ਜੰਗਾਲ ਵੀ ਅਸੀਂ ਲਾਹੁਣਾ ਹੈ।

ਇਹਨਾਂ ਨੇ, ਕਾਮਰੇਡ ਸਾਹਿਬ, ਨੇ ਠੀਕ ਕਿਹਾ ਹੈ ਕਿ ਤੁਹਾਡੇ ਕੋਲ ਏਥੇ ਬੰਦੇ ਨਹੀਂ ਆਉਂਣੇ ਚਾਹੀਦੇ। ਸਪੀਕਰ ਸਾਹਿਬ, ਮੈਂ ਵਿਦੇਸ਼ਾਂ ਵਿਚ ਗਿਆ ਹਾਂ। ਉਥੇ ਸਾਡੇ ਜਿਹੜੇ ਕਾਉਂਟਰ-ਪਾਰਟ ਹਨ, ਮੈਂ ਉਨ੍ਹਾਂ ਕੋਲ ਵੀ ਗਿਆ ਹਾਂ। ਉਥੇ ਉਹਨਾਂ ਦੇ ਦਫਤਰ ਵਿੱਚ ਵੀ ਗਿਆ ਹਾਂ। ਉਸ ਨੂੰ ਮੁੱਖ ਮੰਤਰੀ ਕਹਿ ਲਓ ਜਾਂ ਕੋਈ ਹੋਰ ਨਾਂ ਦੇ ਲਓ। ਉਹ ਛੋਟੇ ਜਿਹੇ ਕਮਰੇ ਵਿੱਚ ਆਪਣੇ ਸਟੈਨੋ ਦੇ ਨਾਲ ਬੈਠਦਾ ਹੈ। ਲੇਕਿਨ ਉਸ ਕੋਲ ਕੋਈ ਵਿਜ਼ਟਰ ਨਹੀਂ ਸੀ। ਮੈਂ ਉਹਨਾਂ ਨੂੰ ਪੁੱਛਿਆ ਕਿ ਤੁਹਾਡੇ ਕੋਲ ਕੋਈ ਵਿਜ਼ਿਟਰ ਨਹੀਂ ਆਉਂਦਾ? ਉਹ ਕਹਿੰਦੇ ਕਿ ਸਾਡਾ ਇਹ ਕੰਮ ਹੀ ਨਹੀਂ। ਛੇਤੀ ਕੀਤੇ ਸਾਡੇ ਏਥੇ ਕਿਸੇ ਦੇ ਨਾਲ ਬੇਇਨਸਾਫੀ ਹੁੰਦੀ ਹੀ ਨਹੀਂ, ਹਰ ਇਕ ਨੂੰ ਇਨਸਾਫ ਮਿਲਦਾ ਹੈ। ਅਸੀਂ ਤਾਂ ਇਕ ਪਲਾਨਿੰਗ ਕਰਦੇ ਹਾਂ ਅਤੇ ਫਿਰ ਉਹਦੇ ਅਨੁਸਾਰ ਚਲਦੇ ਰਹਿੰਦੇ ਹਾਂ। ਇਸ ਲਈ ਵੀਰੋ ਇਕ ਨਵਾਂ ਤਰੀਕਾ ਜਿਹੜਾ ਹੈ, ਆਪਾਂ ਉਹ ਕੱਢਿਆ ਹੈ।

ਹੁਣ ਮੈਂ, ਸਪੀਕਰ ਸਾਹਿਬ, ਕੁਝ ਅਹਿਮ ਗੱਲਾਂ ਵੱਲ ਜਿਸ ਦਾ ਇਕਾਨਮੀ ਦੇ ਨਾਲ ਤਾਅਲੁੱਕ ਹੈ, ਆਉਂਦਾ ਹੈ। ਇਹ ਸਭ ਵੱਡੇ ਮਸਲੇ ਸਨ : ਬੇਇਨਸਾਫੀ, ਜਬਰ ਤੇ ਜ਼ੁਲਮ। ਸਪੀਕਰ ਸਾਹਿਬ, ਸਾਡੇ ਕਿਸਾਨ ਨੇ ਹਰਾ ਇਨਕਲਾਬ ਲਿਆਂਦਾ। ਦੁਨੀਆਂ ਦੇ ਵਿੱਚ ਨਾਂ ਪੈਦਾ ਕਰ ਦਿੱਤਾ। ਦੇਸ਼ ਦਾ ਅਨਾਜ ਭੰਡਾਰ ਭਰ ਦਿੱਤਾ। ਮੈਂ ਸਮਝਦਾ ਹਾਂ ਕਿ ਸਹੀ ਮਾਅਨਿਆਂ ਦੇ ਵਿੱਚ ਉਹ ਦੇਸ਼ ਭਗਤ ਹੈ। ਦੇਸ਼ ਭਗਤ ਕੌਣ ਹੁੰਦਾ ਹੈ? ਦੇਸ਼ ਭਗਤ ਉਹ ਹੁੰਦਾ ਹੈ ਜੋ ਆਪਣਾ ਖੂਨ ਪਸੀਨਾ ਦੂਜਿਆਂ ਵਾਸਤੇ ਬਹਾਵੇ, ਕੁਰਬਾਨੀ ਕਰੇ। ਅੱਜ ਪੰਜਾਬ ਦੇ ਕਿਸਾਨ ਨੇ ਹਿੰਦੁਸਤਾਨ ਵਾਸਤੇ ਕੁਰਬਾਨੀ ਕੀਤੀ ਹੈ। ਤੁਹਾਨੂੰ ਪਤਾ ਹੀ ਹੈ, ਤੁਸੀਂ ਹੈਰਾਨ ਹੋਵੋਗੇ ਕਿ ਸਾਡਾ ਪੰਜਾਬ ਦਾ ਜਿਹੜਾ ਰਕਬਾ ਹੈ, ਉਹ, 1.5% ਹੈ ਸਾਰੇ ਹਿੰਦੁਸਤਾਨ ਦੇ ਰਕਬੇ ਦਾ। ਪਰ ਸਾਡਾ ਜਿਹੜਾ ਵੀਟ੍ਹ ਦਾ ਹਿੱਸਾ ਕਾਮਨ ਪੂਲ ਵਿਚ ਪੈਂਦਾ ਹੈ, ਉਹ ਹੈ 50 ਤੋਂ 65% ਇਕ ਪਰਸੈਂਟ ਰਕਬੇ ਵਾਲੇ ਮਿਹਨਤੀ ਲੋਕ ਅਨਾਜ ਭੰਡਾਰ ਦੇ ਵਿੱਚ ਏਨਾ ਵੱਡਾ ਹਿੱਸਾ ਪਾਉਂਦੇ ਹਨ। ਚੌਲਾਂ ਵਿੱਚ ਵੀ ਅਸੀਂ 40 ਤੋਂ 45% ਹਿੱਸਾ ਪਾਉਂਦੇ ਹਾਂ ਲੇਕਿਨ ਸਾਡੀ ਬਦਕਿਸਮਤੀ ਹੈ ਕਿ ਪੰਜਾਬ ਦਾ ਕਿਸਾਨ ਸੈਂਟਰ ਦੀ ਸਰਕਾਰ ਵਲੋਂ ਬਾਕੀ ਮਸਲਿਆਂ ਦੇ ਵਾਂਗੂ ਹੀ ਉਹਨਾਂ ਦੇ ਜ਼ੁਲਮ ਦਾ ਸ਼ਿਕਾਰ ਹੁੰਦਾ ਰਿਹਾ ਹੈ। ਸਪੀਕਰ ਸਾਹਿਬ, ਮੈਂ ਐਗਰੀ-ਕਲਚਰਲ ਦੇ ਬਾਰੇ ਗੱਲ ਕਰ ਰਿਹਾ ਹਾਂ ਔਰ ਹਾਲੇ ਮੈਂ ਇਕਾਨਮੀ ਵਾਲੇ ਪਾਸੇ ਵੀ ਗੱਲ ਕਰਨੀ ਹੈ। ਲੇਕਿਨ ਮੈਨੂੰ ਇਹ ਵੀ ਦੁੱਖ ਹੈ ਕਿ ਐਗਰੀਕਲਚਰ ਇਕ ਸਟੇਟ ਸਬਜੈਕਟ ਹੈ ਜਿਸ ਦੇ ਵਿੱਚ ਸਟੇਟ ਦਾ ਸਾਰਾ ਹੱਕ ਹੁੰਦਾ ਹੈ ਲੇਕਿਨ ਸਾਰਾ ਕੰਟਰੋਲ ਜੋ ਐਗਰੀਕਲਚਰ ਤੇ ਹੈ, ਉਹ ਸੈਂਟਰ ਨੇ ਆਪਣੇ ਕੋਲ ਕਰ ਲਿਆ ਹੈ। ਭਾਅ ਉਹ ਆਪ ਬੰਨ੍ਹਦੇ ਹਨ। ਚੌਲਾਂ ਦਾ ਭਾਅ, ਕਣਕ ਦਾ ਭਾਅ, ਨਰਮੇ ਦਾ ਭਾਅ ਹੋਵੇ, ਉਹ ਸੈਂਟਰ ਦੀ ਪਾਲਿਸੀ ਤੇ ਨਿਰਭਰ ਰਹਿੰਦਾ ਹੈ। ਇਸ ਵੇਲੇ ਉਹਨਾਂ ਨੇ ਆਪਣੀ ਇਹੋ ਜਿਹੀ ਪਾਲਿਸੀ ਬਣਾਈ ਹੈ ਸੈਂਟਰ ਦੀਆਂ ਸਰਕਾਰਾਂ ਨੇ, ਕਿ ਪੰਜਾਬ ਦਾ ਜਿਹੜਾ ਕਿਸਾਨ ਹੈ, ਉਹ ਖੁਸ਼ਹਾਲ ਨਾ ਹੋ ਸਕੇ। ਇਹ ਕਿੰਨੀ ਦੁੱਖ ਦੀ ਗੱਲ ਹੈ। ਪਿਛਲੇ ਸਾਲ ਕਿਸਾਨ ਨੂੰ ਭਾਅ ਦਿੱਤਾ 385/- ਪ੍ਰਤੀ ਕੁਇੰਟਲ ਕਣਕ ਦਾ ਔਰ ਕਣਕ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਜਿਹੜੀ ਮਾਰਕੀਟ ਵਿੱਚ ਹੈ, ਉਹ ਅੱਜ 650/- ਰੁਪਏ ਪ੍ਰਤੀ ਕੁਇੰਟਲ ਹੈ। ਸਪੀਕਰ ਸਾਹਿਬ, ਫਸਲ ਹਾਲੇ ਆਉਣੀ ਹੈ ਔਰ ਕਣਕ ਦਾ ਭਾਅ ਨਵੇਂ ਸਾਲ ਵਿੱਚ 415/- ਰੁਪਏ ਪ੍ਰਤੀ ਕੁਇੰਟਲ ਮੁਕੱਰਰ ਕੀਤਾ ਗਿਆ ਹੈ। ਅੱਜ ਵੀ ਕਾਂਡਲੇ ਦੀ ਪੋਰਟ ਤੇ ਵਿਦੇਸ਼ਾਂ ਵਿਚੋਂ ਕਣਕ ਉਤਰ ਰਹੀ ਹੈ, ਉਸ ਦਾ ਸਰਕਾਰ ਭਾਅ ਦੇ ਰਹੀ ਹੈ 642/-ਰੁਪਏ ਪ੍ਰਤੀ ਕੁਇੰਟਲ (ਇੱਕ ਆਵਾਜ਼ : 640/- ਰੁਪਏ) ਚਲੋ 640/- ਹੋਏਗਾ, ਕੀ ਫਰਕ ਪੈਂਦਾ ਹੈ। ਸਪੀਕਰ ਸਾਹਿਬ, ਪੰਜਾਬ ਦੇ ਕਿਸਾਨ ਨੇ ਕੀ ਪਾਪ ਕੀਤਾ ਹੈ ਕਿ ਵਿਦੇਸ਼ੀ ਕਿਸਾਨ ਨੂੰ ਭਾਅ 642/- ਰੁਪਏ ਮਿਲੇ ਪਰ ਸਾਨੂੰ 415/- ਰੁਪਏ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੈਂਟਰਲ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਘੱਟੋ ਘੱਟ 100/- ਰੁਪਏ ਪ੍ਰਤੀ ਕੁਇੰਟਲ ਕਣਕ ਦਾ ਭਾਅ ਤੁਰੰਤ ਵਧਾਏ। ਨਹੀਂ ਤਾਂ ਪਰੋਕਿਓਰਮੈਂਟ ਨਹੀਂ ਹੋਏਗੀ। ਅੱਜ ਦੇਸ਼ ਦਾ ਜਿਹੜਾ ਭੰਡਾਰ ਹੈ, ਸਟੋਰੇਜ ਹੈ, ਉਸ ਦੇ ਵਿਚ ਕਮੀ ਪੈ ਜਾਏਗੀ ਔਰ ਇਹ ਪਰੋਕਿਓਰਮੈਂਟ ਹੋਣੀ ਔਖੀ ਹੋ ਜਾਵੇਗੀ ਕਿਉਂਕਿ ਪੰਜਾਬੀ ਕਿਸਾਨ ਨੇ ਕਹਿ ਦਿੱਤਾ ਹੈ ਕਿ ਇਸ ਭਾਅ ਤੇ ਕਣਕ ਨਹੀਂ ਸੁੱਟਣੀ। ਇਸ ਲਈ ਮੈਂ ਆਪਣੇ ਸਾਹਮਣੇ ਬੈਠੇ ਵੀਰਾਂ ਨੂੰ ਵੀ ਬੇਨਤੀ ਕਰਾਂਗਾ ਕਿ ਜੇ ਮੌਕਾ ਮਿਲੇ ਤਾਂ ਕੇਂਦਰੀ ਸਰਕਾਰ ਕੋਲ ਜਾਓ ਅਤੇ ਗੱਲ ਕਰੋ, ਮੈਂ ਵੀ ਜਾਵਾਂਗਾ। ਮੈਂ ਦੇਵਗੌੜਾ ਜੀ ਨੂੰ ਮਿਲ ਕੇ ਆਇਆ ਹਾਂ, ਉਹਨਾਂ ਦੇ ਨਾਲ ਮਿਲ ਕੇ ਬੜੇ ਪ੍ਰੇਮ ਤੇ ਸਤਿਕਾਰ ਦੇ ਨਾਲ ਜਿਹੜਾ ਪੰਜਾਬ ਦਾ ਕਰਜ਼ਾ ਸੀ, ਉਹਦੇ ਬਾਰੇ ਵੀ ਗੱਲ ਕੀਤੀ ਹੈ ਔਰ ਇਸ ਗੱਲ ਦਾ ਵੀ ਜ਼ਿਕਰ ਕੀਤਾ ਹੈ, ਜਿਵੇਂ ਪੈਡੀ ਵਿਚ ਬਹੁਤ ਨੁਕਸਾਨ ਹੋਇਆ ਹੈ। 1994 ਵਿਚ 106 ਕਿਸਮ ਸੁਪਰਫਾਈਨ ਪੈਡੀ ਗਿਣੀ ਜਾਂਦੀ ਸੀ। ਭਲਾ ਦੋ ਸਾਲਾਂ ਵਿਚ ਕੀ ਹੋ ਗਿਆ, ਇਹ ਸੁਪਰਫਾਈਨ ਨਹੀਂ ਰਹੀ, ਫਾਈਨ ਹੋ ਗਈ ਜਿਸ ਕਾਰਨ ਸਾਨੂੰ ਪ੍ਰਤੀ ਕੁਇੰਟਲ 20/- ਰੁਪਏ ਘੱਟ ਭਾਅ ਮਿਲਿਆ। ਪਿਛਲੇ ਸਾਲ 100 ਕਰੋੜ ਰੁਪਏ ਦਾ ਨੁਕਸਾਨ ਪੰਜਾਬ ਦੇ ਕਿਸਾਨਾਂ ਨੂੰ ਇਸ ਪੈਡੀ ਦੀ ਕੀਮਤ ਵਿਚ ਹੋਇਆ ਹੈ। ਇਸੇ ਤਰ੍ਹਾਂ ਨਰਮਾ ਅਸੀਂ 15% ਉਗਾਉਂਦੇ ਹਾਂ। ਜੇ ਅਸੀਂ ਬਾਹਰ ਭੇਜ ਦੇਈਏ ਤਾਂ ਭਾਅ ਵੱਧ ਮਿਲ ਜਾਂਦਾ ਹੈ ਪਰ ਇਹ ਕਹਿੰਦੇ ਹਨ ਕਿ ਬਾਹਰ ਨਹੀਂ ਭੇਜ ਸਕਦੇ ਅਤੇ ਜੇ ਅਸੀਂ ਕੋਟਾ ਮੰਗਦੇ ਹਾਂ ਤਾਂ ਕੇਵਲ 2% ਦਿੱਤਾ ਜਾਂਦਾ ਹੈ। ਜੇਕਰ ਇੰਡਸਟਰੀ ਦੇ ਵਿਚ ਰੁਕਾਵਟ ਨਹੀਂ ਤਾਂ ਫਿਰ ਪੰਜਾਬ ਨੂੰ ਫਸਲਾਂ ਬਾਹਰ ਲਿਜਾਣ ਤੇ ਵੀ ਰੁਕਾਵਟ ਨਹੀਂ ਹੋਣੀ ਚਾਹੀਦੀ। ਸਪੀਕਰ ਸਾਹਿਬ, ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਅਸੀਂ ਐਗਰੀਕਲਚਰ ਐਕਸਪੋਰਟ ਕਾਰਪੋਰੇਸ਼ਨ ਬਣਾ ਰਹੇ ਹਾਂ। ਇਸ ਦੇ ਦੋ ਮੁੱਖ ਕੰਮ ਰੱਖੇ ਹਨ। ਇਹ ਹਿੰਦੁਸਤਾਨ ਵਿਚ ਇੰਟਰਨਲ ਐਕਸਪੋਰਟ ਕਰੇਗੀ ਜਿਵੇਂ ਬੰਬਈ, ਕਲਕੱਤਾ, ਮਦਰਾਸ ਅਤੇ ਹੋਰਨਾਂ ਸ਼ਹਿਰਾਂ ਨੂੰ ਵੀ ਫਸਲ ਭੇਜੇਗੀ। ਨਾਲ ਹੀ ਸਬਜ਼ੀਆਂ ਅਤੇ ਫਲ ਜਿਥੇ ਇਨ੍ਹਾਂ ਸ਼ਹਿਰਾਂ ਨੂੰ ਭੇਜਣ ਦਾ ਯਤਨ ਕਰਾਂਗੇ ਉਥੇ, ਸਪੀਕਰ ਸਾਹਿਬ, ਵਿਦੇਸ਼ਾਂ ਵਿਚ ਵੀ ਭੇਜਾਂਗੇ।

ਹੁਣ ਮੈਂ ਇਕ ਇਹੋ ਜਿਹੀ ਗੱਲ ਤੇ ਆਉਂਦਾ ਹਾਂ ਜਿਸ ਨਾਲ ਮੇਰਾ ਖਿਆਲ ਹੈ ਕਿ ਹੋਰ ਤਾਂ ਭਾਵੇਂ ਸਾਰੇ ਖੁਸ਼ ਹੋਣਗੇ ਹੀ ਪਰ ਚੌਧਰੀ ਸਾਹਿਬ (ਚੌਧਰੀ ਜਗਜੀਤ ਸਿੰਘ ਵੱਲ ਇਸ਼ਾਰਾ) ਜ਼ਰੂਰ ਖੁਸ਼ ਹੋਣਗੇ ਕਿ ਅਸੀਂ ਤਾਂ ਕਦੇ ਸੋਚਿਆ ਵੀ ਨਹੀਂ ਸੀ। ਚੌਧਰੀ ਸਾਹਿਬ, ਭੁੱਖ ਤਾਂ ਨਹੀਂ ਲੱਗੀ।

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਜੀਤ ਸਿੰਘ** : (ਬੈਠੋ, ਬੈਠੋ) । ਜ਼ਰਾ ਛੇਤੀ ਕਰੋ ।

**ਮੁੱਖ ਮੰਤਰੀ** : ਚੌਧਰੀ ਸਾਹਿਬ ਕਹਿ ਰਹੇ ਹਨ ਕਿ ਜਿਹੜੀ ਗੱਲ ਦੱਸਣੀ ਹੈ, ਛੇਤੀ ਦੱਸੋ । ਸਪੀਕਰ ਸਾਹਿਬ, ਸਾਡੀ ਬੜੀ ਵੱਡੀ ਆਬਾਦੀ ਦਲਿਤ ਵੀਰਾਂ ਦੀ ਹੈ, ਸ਼ਡਿਊਲਡ ਕਾਸਟ ਨਾਂ ਰੱਖ ਲਓ । ਉਨ੍ਹਾਂ ਨੂੰ ਬਹੁਤ ਐਕਸਪਲਾਇਟ ਕੀਤਾ ਗਿਆ ਪਰ ਉਨ੍ਹਾਂ ਵਾਸਤੇ ਕੀਤਾ ਕੁਝ ਨਹੀਂ ਗਿਆ । ਸਪੀਕਰ ਸਾਹਿਬ, ਮੈਂ ਫੈਕਟਸ ਦੱਸਾਂਗਾ ਤਾਂ ਤੁਸੀਂ ਹੈਰਾਨ ਰਹਿ ਜਾਓਗੇ । ਸਪੀਕਰ ਸਾਹਿਬ, ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ । ਪਹਿਲੀ ਵਾਰੀ ਜਦੋਂ ਸਾਡੀ ਸਰਕਾਰ ਬਣੀ ਤਾਂ ਦਾਸ ਨੂੰ ਸੇਵਾ ਕਰਨ ਦਾ ਮੌਕਾ ਮਿਲਿਆ ਸੀ । ਕਿਉਂਕਿ ਇਹ ਸਰਕਾਰ ਹਮਦਰਦੀ ਵਾਲੀ ਸਰਕਾਰ ਹੈ, ਗਰੀਬ ਲੋਕਾਂ ਨੂੰ ਪਿਆਰ ਕਰਨ ਵਾਲੀ ਹੈ, ਇਸ ਲਈ ਮੈਂ ਕਹਿਣਾ ਚਾਹਾਂਗਾ ਕਿ ਇਹ ਗੁਰੂ ਸਾਹਿਬਾਨ ਦੇ ਦੱਸੇ ਹੋਏ ਰਸਤਿਆਂ ਤੇ ਚਲ ਰਹੀ ਹੈ । ਗੁਰੂ ਸਾਹਿਬ ਨੇ ਕਿਹਾ ਸੀ, **ਰੰਗਰੇਟੇ ਗੁਰੂ ਕੇ ਬੇਟੇ, ਅਤੇ ਨੀਚਾਂ ਅੰਦਰ ਨੀਚਿ ਜਾਤਿ ਨੀਚੀ ਹੂ ਅਤਿ ਨੀਚ, ਨਾਨਕ ਤਿਨ ਕੇ ਸੰਗ ਸਾਥਿ ਵਡਿਆ ਸਿਉ ਕਿਆ ਰੀਸ** । ਪਰ ਇਨ੍ਹਾਂ ਦਾ ਦਿਲ ਉਧਰ ਹੈ । ਇਕ ਪਾਸੇ ਐਕਸਪਲਾਇਟ ਕਰਨ ਵਾਲੇ ਲੋਕ ਹਨ ਅਤੇ ਦੂਸਰੇ ਪਾਸੇ ਦਿਲੋਂ ਪਿਆਰ ਕਰਨ ਵਾਲੇ ਲੋਕ ਹਨ । ਸਾਡੇ ਦਿਲਾਂ ਵਿਚ ਦਲਿਤ ਵਰਗ ਦੇ ਵੀਰਾਂ ਲਈ ਪਿਆਰ ਹੈ । ਇਸ ਪਿਆਰ ਦਾ ਪ੍ਰਗਟਾਵਾ ਅਸੀਂ ਇਕੱਲੇ ਲਫ਼ਜ਼ਾਂ ਵਿਚ ਹੀ ਨਹੀਂ ਕਰਦੇ ਸਗੋਂ ਅਸੀਂ ਐਕਸ਼ਨ ਰਾਹੀਂ ਕਰਦੇ ਹਾਂ । ਮੇਰੇ ਸਾਹਮਣੇ ਬੈਠੇ ਚੌਧਰੀ ਸਾਹਿਬ ਸ਼ਾਇਦ ਇਨਕਾਰ ਨਹੀਂ ਕਰਨਗੇ ਕਿ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਮੇਰਾ ਖਿਆਲ ਹੈ ਅਕਾਲੀ ਪਾਰਟੀ ਨੇ ਬਣਾਈ ਸੀ । ਉਸ ਵੇਲੇ ਸਰਕਾਰ ਨੇ ਇਕ ਕਰੋੜ ਰੁਪਿਆ ਫੰਡ ਵੀ ਦਿੱਤਾ ਸੀ ਅਤੇ 5 ਕਰੋੜ ਰੁਪਏ ਉਸ ਦੀ ਆਥੋਰਾਈਜ਼ਡ ਕੈਪੀਟਲ ਬਣਾਈ ਸੀ । ਇਸ ਗੱਲ ਨੂੰ 25 ਸਾਲ ਹੋ ਗਏ ਹਨ । ਇਸ ਸਮੇਂ ਦੌਰਾਨ ਤਕਰੀਬਨ ਇਨ੍ਹਾਂ ਦੀ ਪਾਰਟੀ ਦਾ ਹੀ ਰਾਜ ਰਿਹਾ ਹੈ । ਕੱਲ੍ਹ ਮੈਂ ਡਿਸਕਸ਼ਨ ਵਿਚ ਹਿੱਸਾ ਲੈਣ ਵਾਸਤੇ ਮਹਿਕਮੇ ਦੇ ਅਫ਼ਸਰਾਂ ਨਾਲ ਗੱਲ ਕੀਤੀ ਤੇ ਕਿਹਾ, ਚੌਧਰੀ ਸਾਹਿਬ ਨੇ ਵੀ ਕੱਲ੍ਹ ਬੋਲਦਿਆਂ ਕਿਹਾ ਸੀ ਕਿ ਇਸ ਦੀ ਆਥੋਰਾਈਜ਼ਡ ਸ਼ੇਅਰ ਕੈਪੀਟਲ ਵਧਾ ਦਿਉ । ਮੈਂ ਫਾਈਨਾਂਸ ਸੈਕਟਰੀ ਨੂੰ ਸੱਦਿਆ ਅਤੇ ਪੁੱਛਿਆ ਕਿ ਕਿੰਨਾ ਕਿੰਨਾ ਰੁਪਿਆ ਇਸ ਦੀ ਸ਼ੇਅਰ ਕੈਪੀਟਲ ਵਾਸਤੇ ਸੈਂਟਰ ਦੀ ਸਰਕਾਰ ਨੇ ਪਿਛਲੇ 25 ਸਾਲਾਂ ਵਿਚ ਪਾਇਆ ਹੈ । ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਪਿਛਲੇ 25 ਸਾਲਾਂ ਵਿਚ ਪੰਜਾਬ ਦੇ ਖਜ਼ਾਨੇ ਵਿਚੋਂ ਇਸ ਕਾਰਪੋਰੇਸ਼ਨ ਨੂੰ ਸਿਰਫ 15 ਕਰੋੜ ਰੁਪਿਆ ਮਿਲਿਆ ਹੈ ਅਤੇ 9 ਕਰੋੜ ਰੁਪਿਆ ਸੈਂਟਰ ਦੀ ਸਰਕਾਰ ਨੇ ਦਿੱਤਾ ਹੈ । ਇਹ ਜਿਹੜੇ ਬੜੇ ਹਮਦਰਦ ਬਣਦੇ ਸੀ ਦਲਿਤ ਵੀਰਾਂ ਦੇ ਅਤੇ ਕਹਿੰਦੇ ਸਨ ਕਿ ਉਨ੍ਹਾਂ ਦੀ ਤਰੱਕੀ ਹੋਈ ਹੈ, ਉਨ੍ਹਾਂ ਦੀ ਸੈਂਟਰ ਦੀ ਸਰਕਾਰ ਅਤੇ ਪੰਜਾਬ ਸਰਕਾਰ ਨੇ ਪਿਛਲੇ 25 ਸਾਲਾਂ ਵਿਚ ਕੁੱਲ ਮਿਲਾ ਕੇ 24-25 ਕਰੋੜ ਰੁਪਿਆ ਪਾਇਆ ਹੈ ਯਾਨੀ ਵੱਧ ਤੋਂ ਵੱਧ ਇਕ ਕਰੋੜ ਰੁਪਿਆ ਪ੍ਰਤੀ ਸਾਲ । ਸਪੀਕਰ ਸਾਹਿਬ, ਬਹੁਜਨ ਸਮਾਜ ਪਾਰਟੀ ਦੇ ਐਮ. ਐਲ. ਏ. ਸਾਹਿਬਾਨ ਨੇ ਰਾਏ ਦਿੱਤੀ ਸੀ ਅਤੇ ਮੈਂ ਵੀ ਉਸ ਰਾਏ ਦਾ ਹੀ ਹਾਂ ਕਿ ਸ਼ਡਿਊਲਡ ਕਾਸਟਸ ਦਾ ਬਹੁਤ ਵੱਡਾ ਮਸਲਾ ਹੈ । ਥੋੜ੍ਹੀਆਂ ਥੋੜ੍ਹੀਆਂ ਗਰਾਂਟਾਂ ਦੇਣ ਨਾਲ ਇਹ ਮਸਲੇ ਹੱਲ ਨਹੀਂ ਹੋਣੇ । ਸਾਰੇ ਮਸਲੇ ਹੱਲ ਤਾਂ ਹੀ ਹੋਣੇ ਹਨ ਜੇ ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨੂੰ ਬਰਾਬਰ ਲਿਆਵਾਂਗੇ, ਬਰਾਬਰ ਨਹੀਂ ਬਲਕਿ ਉਚੇ ਲਿਆਵਾਂਗੇ। ਅਸੀਂ ਇਨ੍ਹਾਂ ਦਲਿਤਾਂ ਨੂੰ ਉਚਾ ਲਿਆਉਣ ਦੇ ਯਤਨ ਕੀਤੇ ਹਨ। ਚੌਧਰੀ ਸਾਹਿਬ, ਤੁਸੀਂ ਕਹਿੰਦੇ ਹੋ ਛੇਤੀ ਕਰੋ। ਲਓ, ਮੈਂ ਦੱਸਣ ਲੱਗਾ ਹਾਂ ਕਿ ਜਿਹੜਾ ਅੱਗੇ ਆਥੋਰਾਈਜ਼ਡ ਸ਼ੇਅਰ ਕੈਪੀਟਲ, ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦਾ ਸੀ, ਤੁਸੀਂ ਉਸ ਨੂੰ 30 ਕਰੋੜ ਰੁਪਿਆ ਕਰਨ ਲਈ ਕਿਹਾ ਸੀ, ਜੇ ਹੋਰ ਕਹਿ ਦਿੰਦੇ ਤਾਂ ਸ਼ਾਇਦ ਹੋਰ ਵੱਧ ਜਾਂਦਾ ਪਰ ਅਸੀਂ ਇਹ 30 ਕਰੋੜ ਰੁਪਏ ਦੀ ਬਜਾਏ ਆਥੋਰਾਈਜ਼ਡ ਸ਼ੇਅਰ ਕੈਪੀਟਲ 60 ਕਰੋੜ ਰੁਪਏ ਕਰ ਦਿੱਤਾ ਹੈ ਅਤੇ ਸ਼ੇਅਰ ਕੈਪੀਟਲ 30 ਕਰੋੜ ਰੁਪਏ ਕਰ ਦਿੱਤਾ ਹੈ। ਤੁਸੀਂ ਕਹਿੰਦੇ ਹੋ ਕਿ ਇਹ ਪਹਿਲਾਂ ਹੀ 30 ਕਰੋੜ ਰੁਪਏ ਸੀ, ਨਹੀਂ, ਇਹ ਪਹਿਲਾਂ 30 ਕਰੋੜ ਰੁਪਏ ਨਹੀਂ ਸੀ। ਹੁਣ ਅਸੀਂ ਆਥੋਰਾਈਜ਼ਡ ਸ਼ੇਅਰ ਕੈਪੀਟਲ 60 ਕਰੋੜ ਰੁਪਏ ਅਤੇ ਸ਼ੇਅਰ ਕੈਪੀਟਲ 30 ਕਰੋੜ ਰੁਪਏ ਕਰ ਦਿੱਤਾ ਹੈ।

ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ, ਮੈਂ ਕਹਿੰਦਾ ਹਾਂ ਕਿ ਗਰੀਬ ਦਲਿਤ ਵਿਚਾਰਾ ਲੜਕੀ ਦਾ ਵਿਆਹ ਤਾਂ ਪੈਸੇ ਇਧਰੋਂ-ਉਧਰੋਂ ਲੈ ਕੇ ਕਰ ਲੈਂਦਾ ਹੈ, ਲੇਕਿਨ ਸ਼ਗਨ ਇਕ ਸਤਿਕਾਰ ਹੁੰਦਾ ਹੈ ਔਰ ਪਿੰਡਾਂ ਵਿੱਚ, ਸਪੀਕਰ ਸਾਹਿਬ, ਜ਼ਿਮੀਂਦਾਰ ਦੇ ਘਰ ਤਾਂ ਸਭ ਚਲੇ ਜਾਂਦੇ ਹਨ ਪਰ ਉਸ ਗਰੀਬ ਦਲਿਤ ਦੀ ਲੜਕੀ ਦੇ ਵਿਆਹ ਤੇ ਕੋਈ ਨਹੀਂ ਜਾਂਦਾ ਕਿ ਕੁਝ ਦੇਣਾ ਪਵੇਗਾ। ਲੇਕਿਨ, ਸਪੀਕਰ ਸਾਹਿਬ, ਇਹ ਪਹਿਲੀ ਦਫਾ ਹਿੰਦੁਸਤਾਨ ਦੇ ਇਤਿਹਾਸ ਵਿੱਚ ਅਸੀਂ ਕੀਤਾ ਹੈ ਕਿ ਦਲਿਤ ਵਰਗ ਦੀ ਲੜਕੀ ਦੀ ਸ਼ਾਦੀ ਤੇ ਜਾ ਕੇ ਪੰਜਾਬ ਸਰਕਾਰ ਦੇ ਖਿਤਾਬੇ ਦੇ ਵਿੱਚ ਡਰਾਫਟ ਦੀ ਸ਼ਕਲ ਵਿੱਚ ਲੜਕੀ ਨੂੰ ਸ਼ਗਨ ਦਿਤਾ ਜਾਵੇਗਾ। (ਥੰਪਿੰਗ) ਸਰਕਾਰ ਦਾ ਕੋਈ ਵੱਡਾ ਅਫਸਰ ਜਾਵੇਗਾ ਜਾਂ ਕੌਣ ਜਾਵੇਗਾ, ਇਸ ਦੀ ਅਜੇ ਸਕੀਮ ਨਹੀਂ ਬਣੀ ਕਿ ਕੌਣ ਜਾਵੇਗਾ ਐਮ. ਐਲ. ਏ. ਜਾਵੇਗਾ, ਐਮ. ਪੀ. ਜਾਵੇਗਾ ਜਾਂ ਕੋਈ ਹੋਰ ਅਫਸਰ ਜਾਵੇਗਾ, ਉਹ ਬੀਬੀ ਦੀ ਸ਼ਾਦੀ ਤੇ ਜਾਵੇਗਾ ਅਤੇ ਸ਼ਗਨ ਦੇਵੇਗਾ। ਸਪੀਕਰ ਸਾਹਿਬ, ਜਦੋਂ ਉਹ ਚੰਡੀਗੜ੍ਹ ਤੋਂ ਸ਼ਗਨ ਦੇਣ ਜਾਵੇਗਾ ਤਾਂ ਉਸ ਪਰਿਵਾਰ ਦਾ ਕਿੰਨਾ ਮਾਣ ਵਧੇਗਾ ਕਿ ਮੇਰੀ ਲੜਕੀ ਦੀ ਸ਼ਾਦੀ ਤੇ ਪੰਜਾਬ ਸਰਕਾਰ ਵੱਲੋਂ ਇਹ ਸ਼ਗਨ ਆਇਆ ਹੈ, ਮਾਣ ਆਇਆ ਹੈ। ਇਹ ਕਾਗਜ਼ਾਂ ਵਿੱਚ ਹੀ ਮਨਜ਼ੂਰ ਨਹੀਂ ਹੋਵੇਗੀ, ਇਸ ਦੀ ਮੋਡੈਲਟੀ ਬਣਾਈ ਜਾ ਰਹੀ ਹੈ। ਸਪੀਕਰ ਸਾਹਿਬ, ਇਸੇ ਮਹੀਨੇ ਅਸੀਂ 51 ਲੱਖ ਰੁਪਏ ਦੇ ਚੈੱਕ ਭੇਜ ਚੁੱਕੇ ਹਾਂ, ਮੋਡੈਲਟੀ ਅਸੀਂ ਬਣਾ ਰਹੇ ਹਾਂ ਪਰ ਇਨ੍ਹਾਂ ਦਿਨਾਂ ਵਿੱਚ ਜੋ ਬੀਬੀਆਂ ਦੀਆਂ ਸ਼ਾਦੀਆਂ ਹੋਈਆਂ, ਅਸੀਂ ਉਨ੍ਹਾਂ ਨੂੰ ਸ਼ਗਨ ਭੇਜਿਆ ਹੈ। ਇਸ ਮੰਤਵ ਲਈ ਅਸੀਂ 20 ਕਰੋੜ ਰੁਪਿਆ ਰੱਖਿਆ ਹੈ।

ਸਪੀਕਰ ਸਾਹਿਬ, ਅਸੀਂ ਪਿੰਡਾਂ ਵਿੱਚ ਰਹਿੰਦੇ ਹਾਂ। ਸਾਹਮਣੇ ਬੈਠੇ ਮੇਰੇ ਵੀਰ ਤਾਂ ਸ਼ਹਿਰਾਂ ਵਿੱਚ ਵੱਡੀਆਂ ਵੱਡੀਆਂ ਕੋਠੀਆਂ ਵਿੱਚ ਰਹਿੰਦੇ ਹਨ ਪਰ ਅਸੀਂ ਪਿੰਡਾਂ ਵਿੱਚ ਰਹਿੰਦੇ ਹਾਂ। ਅਸੀਂ ਦੇਖਦੇ ਹਾਂ ਕਿ 15 ਹਜ਼ਾਰ ਰੁਪਏ ਨਾਲ ਘਰ ਨਹੀਂ ਬਣ ਸਕਦਾ, 15 ਹਜ਼ਾਰ ਵਿਚੋਂ ਦੋ ਚਾਰ ਹਜ਼ਾਰ ਰੁਪਏ ਦਾ ਟਾਂਕਾ ਤਾਂ ਹੇਠਲੇ ਅਫਸਰ ਹੀ ਲਾ ਲੈਂਦੇ ਸਨ ਅਤੇ ਹੁਣ ਬੈਂਕ ਵਾਲਿਆਂ ਨੇ ਵੀ ਦੇਖਾ-ਦੇਖੀ ਟਾਂਕਾ ਲਾਉਣਾ ਸ਼ੁਰੂ

Original with;
Punjab Vidhan Sabha
Digitized by;
Panjab Digital Library

ਕਰ ਦਿੱਤਾ ਹੈ । ਗੱਲ ਕੀ ਕੇਵਲ 10 ਹਜ਼ਾਰ ਰੁਪਏ ਹੀ ਮੇਰੇ ਦਲਿਤ ਭਰਾਵਾਂ ਨੂੰ ਮਕਾਨ ਬਣਾਉਣ ਦੀ ਸਕੀਮ ਅਧੀਨ ਮਿਲਦੇ ਸੀ ਅਤੇ ਉਸ 10 ਹਜ਼ਾਰ ਰੁਪਏ ਨਾਲ ਉਹ ਸੋਚਦਾ ਸੀ ਮਕਾਨ ਤਾਂ ਬਣਨਾ ਨਹੀਂ, ਕਾਹਨੂੰ ਇਹ ਕੰਮ ਛੇੜਨਾ ਹੈ, ਚਲੋ ਹੋਰ ਕੰਮਾਂ ਵਿੱਚ ਹੀ ਵਰਤ ਲਓ । ਸਪੀਕਰ ਸਾਹਿਬ, ਮੈਨੂੰ ਬਾਦਲ ਸਾਹਿਬ ਨੇ ਦੱਸਿਆ ਹੈ ਕਿ ਉਹ ਆਂਧਰਾ ਪ੍ਰਦੇਸ਼ ਵਿੱਚ ਜਾ ਕੇ ਆਏ ਹਨ । ਉਨ੍ਹਾਂ ਤੋਂ ਅਜੇ ਹੋਰ ਗੱਲਾਂ ਮੈਂ ਸਮਝਣੀਆਂ ਹਨ, ਲੇਕਿਨ ਅਸੀਂ ਉਹ ਰਾਸ਼ੀ 15 ਹਜ਼ਾਰ ਰੁਪਏ ਤੋਂ ਵਧਾ ਕੇ 50 ਹਜ਼ਾਰ ਰੁਪਏ ਕਰ ਦਿੱਤੀ ਹੈ । ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਕਿੰਨੀ ਲਿਫਾਫੇਬਾਜ਼ੀ ਹੁੰਦੀ ਰਹੀ ਹੈ ਕੰਮ ਦੀ, ਦੱਸਣਾ ਕੁਝ ਹੋਰ ਅਤੇ ਕਰਨਾ ਕੁਝ ਹੋਰ । ਹੁਣ ਤਾਂ ਮੇਰੇ ਪਾਸ ਫਾਈਲਾਂ ਹਨ, ਪਿਛਲੇ ਸਾਲ ਇਨ੍ਹਾਂ ਦੇ ਘਰਾਂ ਵਾਸਤੇ ਕੇਵਲ ਇਕ ਕਰੋੜ ਰੁਪਿਆ ਭੇਜਿਆ ਹੈ । ਜੇ ਮੈਂ ਗਲਤ ਹੋਵਾਂ ਤਾਂ ਇਹ ਮੈਨੂੰ ਟੋਕ ਸਕਦੇ ਹਨ, ਮੇਰੀ ਗਲਤੀ ਹੋਵੇ ਤਾਂ ਮੇਰੀ ਬਾਂਹ ਫੜ੍ਹ ਲੈਣ । ਸਪੀਕਰ ਸਾਹਿਬ, ਮੈਂ ਇਸ ਵਾਸਤੇ ਇਸ ਵਾਰ ਇਕ ਕਰੋੜ ਦੀ ਥਾਂ 60 ਕਰੋੜ ਰੁਪਿਆ ਰੱਖਿਆ ਹੈ । (ਥੰਪਿੰਗ) ਅਜੇ ਵੀ ਇਹ ਕਹਿੰਦੇ ਹਨ ਕਿ ਸ਼ਡਿਊਲਡ ਕਾਸਟਸ ਨੂੰ ਕੁਝ ਨਹੀਂ ਦਿੱਤਾ ।

ਮੈਂ ਇਕ ਹੋਰ ਐਲਾਨ ਕਰਨ ਲੱਗਾ ਹਾਂ ਜੋ ਇਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ । ਸਪੀਕਰ ਸਾਹਿਬ, 1947 ਤੋਂ ਲੈ ਕੇ ਦਰਿਆ ਦੇ ਕੰਢਿਆਂ ਤੇ ਗਰੀਬ ਰਾਏ ਸਿੱਖਾਂ, ਗਰੀਬ ਦਲਿਤਾਂ ਨੇ ਜੰਗਲ ਪੁੱਟੇ, ਸੱਪਾਂ ਦੀਆਂ ਸਿਰੀਆਂ ਮਿੱਧੀਆਂ ਅਤੇ 5-5, 4-4 ਕਿੱਲੇ ਆਬਾਦ ਕਰਕੇ ਆਪਣੀਆਂ ਝੌਂਪੜੀਆਂ ਪਾ ਲਈਆਂ, ਪਰ ਉਨ੍ਹਾਂ ਕੋਲ ਜ਼ਮੀਨ ਦੇ ਅਧਿਕਾਰ ਕੋਈ ਨਹੀਂ ਸਨ । ਸਪੀਕਰ ਸਾਹਿਬ, ਇਹ ਜ਼ਮੀਨ 77,000 ਏਕੜ ਹੈ । ਮੈਂ ਇਸ ਦਾ ਨਿਰਣਾ ਕਰ ਲਿਆ ਹੈ ਔਰ ਫੈਸਲਾ ਕਰ ਲਿਆ ਹੈ ਕਿ ਇਹ 77,000 ਏਕੜ ਜ਼ਮੀਨ ਜਿਸ ਉਤੇ ਗਰੀਬ ਵਰਗ ਦੇ ਲੋਕ, ਰਾਏ ਸਿੱਖ ਜਾਂ ਹੋਰ ਦਲਿਤ ਵਰਗ ਦੇ ਲੋਕ ਬੈਠੇ ਹਨ, ਉਨ੍ਹਾਂ ਨੂੰ ਹੀ ਇਸ ਦਾ ਮਾਲਕ ਬਣਾ ਦਿੱਤਾ ਜਾਵੇਗਾ । (ਥੰਪਿੰਗ) ਮਾਲਕ ਵੀ ਉਨ੍ਹਾਂ ਨੂੰ ਦਸ ਸਾਲ ਵਿੱਚ ਨਹੀਂ ਬਣਾਉਣਾ, ਪੰਜ ਸਾਲਾਂ ਵਿੱਚ ਹੀ ਬਣਾ ਦੇਵਾਂਗੇ । ਅਸੀਂ ਲੰਬੇ ਪੁਆੜੇ ਵਿੱਚ ਨਹੀਂ ਪੈਣਾ ਚਾਹੁੰਦੇ । ਸਾਡਾ ਮਤਲਬ ਹੈ ਕਿ ਜਲਦੀ ਕੰਮ ਮੁੱਕੇ, ਸਾਲ 1994 ਤੋਂ ਜਿਸ ਦੀ ਕਾਸ਼ਤ ਹੈ, ਜਿਸ ਦੀ ਵੀ ਜ਼ਮੀਨ ਸੀ ਜਾਂ ਹੈ, ਉਸ ਨੂੰ ਉਸ ਦਾ ਓਨਰਸ਼ਿਪ ਰਾਈਟ ਅਸੀਂ ਦੇਣਾ ਚਾਹੁੰਦੇ ਹਾਂ । 1947 ਤੋਂ ਬਾਅਦ ਉਹ ਰਾਈਟ ਪਹਿਲਾਂ ਕਦੇ ਵੀ ਨਹੀਂ ਸੀ ਮਿਲਿਆ । ਇਸ ਕਰਕੇ ਲੋਕ ਨਾ ਤਾਂ ਉਥੇ ਟਿਊਬਵੈੱਲ ਲਗਾ ਸਕਦੇ ਸਨ ਔਰ ਨਾ ਹੀ ਕਰਜ਼ਾ ਲੈ ਸਕਦੇ ਸਨ । ਮੈਂ ਉਨ੍ਹਾਂ ਲੋਕਾਂ ਕੋਲ ਗਿਆ, ਇਹ ਉਨ੍ਹਾਂ ਦੀ ਖਾਹਿਸ਼ ਸੀ । ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਆਪਣੀਆਂ ਅਰਜ਼ੀਆਂ 31 ਮਈ ਤੱਕ ਦੇ ਦਿਓ ਔਰ ਉਸ ਤੋਂ ਤਿੰਨ ਮਹੀਨੇ ਬਾਅਦ ਤੁਹਾਨੂੰ ਮਾਲਕ ਬਣਾ ਦਿੱਤਾ ਜਾਵੇਗਾ । ਸਪੀਕਰ ਸਾਹਿਬ, ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਜਿਹੜੀ ਕੀਮਤ 30,000 ਰੁਪਏ ਸੀ, ਅਸੀਂ ਉਹ ਪ੍ਰਾਈਸ ਨਾਮੀਨਲ 6,000 ਰੁਪਏ ਕਰ ਦਿੱਤੀ ਹੈ । (ਥੰਪਿੰਗ) ਇਹ ਕੀਮਤ ਪਰ ਏਕੜ ਹੈ । ਜਿਹੜੀ ਜ਼ਮੀਨ ਦੋ ਲੱਖ ਰੁਪਏ ਦੀ ਹੈ, ਉਨ੍ਹਾਂ ਨੂੰ ਮਾਲਕ ਬਣਾ ਕੇ ਇਹ ਦੇ ਦਿੱਤੀ ਜਾਵੇਗੀ । ਇਹ ਅਸੀਂ ਇਨਕਲਾਬੀ ਫੈਸਲਾ ਕੀਤਾ ਹੈ । ਇਹੋ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਜਿਹੇ ਫੈਸਲੇ ਉਹੀ ਲੋਕ ਕਰ ਸਕਦੇ ਹਨ ਜਿਨ੍ਹਾਂ ਦੇ ਮਨ ਵਿੱਚ ਗਰੀਬਾਂ ਦਾ ਦਰਦ ਹੈ, ਜਿਹੜੇ ਪੰਜਾਬ ਦੀ ਸੇਵਾ ਕਰਨੀ ਚਾਹੁੰਦੇ ਹਨ । (ਥੰਪਿੰਗ)

ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਨੇ ਹਰ ਪੱਖੋਂ ਪੰਜਾਬ ਨੂੰ ਤਬਾਹ ਔਰ ਬਰਬਾਦ ਕਰ ਦਿੱਤਾ ਹੈ । ਡਰੇਨੇਜ ਸਿਸਟਮ ਦੀ ਚਰਚਾ ਹੋਈ ਹੈ, ਫਲੱਡ ਆ ਜਾਂਦੇ ਹਨ, ਕਦੀ ਰਾਵੀ ਤੇ ਆ ਗਿਆ, ਕਦੀ ਸਤਲੁਜ ਤੇ ਆ ਗਿਆ । ਕਦੀ ਨਾਲੀਆਂ ਦਾ ਮਸਲਾ ਹੈ । 205 ਕਰੋੜ ਰੁਪਏ 1995 ਵਿੱਚ ਫਲੱਡ ਰਿਲੀਫ ਫੰਡ ਵਾਸਤੇ ਮਿਲੇ ਔਰ ਇਕ ਸਾਲ ਵਾਸਤੇ ਇਨ੍ਹਾਂ ਨੂੰ ਦਿੱਤੇ ਗਏ ਪਰ ਕਿਸੇ ਧੁੱਸੀ ਬੰਨ੍ਹ ਦੀ ਮੁਰੰਮਤ ਨਹੀਂ ਹੋਈ, ਕਿਤੇ ਮਿੱਟੀ ਨਹੀਂ ਪਾਈ ਗਈ । ਗੁਰਦਾਸਪੁਰ ਜਦੋਂ ਫਲੱਡ ਆਏ ਤਾਂ ਮੈਂ ਉਥੇ ਗਿਆ ਸੀ । ਇਨ੍ਹਾਂ ਨੂੰ ਹਰ ਸਾਲ ਕੰਮ ਕਰਨਾ ਪੈਂਦਾ ਸੀ ਪਰ ਫਿਰ ਵੀ ਇਨ੍ਹਾਂ ਨੇ ਇੱਕ ਟੋਕਰੀ ਮਿੱਟੀ ਦੀ ਉਥੇ ਨਹੀਂ ਸੁੱਟੀ । ਇਸ ਕਰਕੇ ਫਲੱਡ ਤਾਂ ਆਉਣੇ ਹੀ ਸਨ । ਲੋਕਾਂ ਨੇ ਦੱਸਿਆ ਕਿ ਜਿੰਨੇ ਪੈਸੇ ਫਲੱਡ ਰਿਲੀਫ ਦੇ ਖਰਚ ਹੋਏ ਹਨ ਜਾਂ ਜਿੰਨਾ ਸਾਡੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ, ਉਸ ਨਾਲ ਤਾਂ ਭਾਵੇਂ ਸੋਨੇ ਦਾ ਬੰਨ੍ਹ ਬਣਾ ਲਓ । ਅਸੀਂ ਫੈਸਲਾ ਕੀਤਾ ਹੈ ਕਿ ਫਲੱਡਾਂ ਦੀ ਪ੍ਰੋਟੈਕਸ਼ਨ ਵਾਸਤੇ ਦਰਿਆਵਾਂ, ਚੋਆਂ, ਡਰੇਨਾਂ ਤੇ ਇਸ ਸਾਲ ਵਿੱਚ 69.50 ਕਰੋੜ ਰੁਪਏ ਖਰਚ ਕੇ ਇਨ੍ਹਾਂ ਨੂੰ ਮੁਕੰਮਲ ਕੀਤਾ ਜਾਵੇਗਾ । (ਥੰਪਿੰਗ) ਇਹੀ ਨਹੀਂ ਬਲਕਿ ਅਫ਼ਸਰਾਂ ਨੂੰ ਬਾਰਸ਼ਾਂ ਤੋਂ ਪਹਿਲਾਂ ਇਹ ਕੰਮ ਮੁਕੰਮਲ ਕਰਨ ਲਈ ਕਿਹਾ ਹੈ ਔਰ ਨਾਲ ਹੀ ਕਿਹਾ ਹੈ ਕਿ ਜੇ ਫਲੱਡ ਆ ਗਏ ਤਾਂ ਪਹਿਲਾਂ ਤੁਹਾਨੂੰ ਫਲੱਡ ਵਿੱਚ ਰੋੜ੍ਹ ਦਿਆਂਗੇ । ਹੋਰਨਾਂ ਨੂੰ ਫੇਰ ਵੇਖਾਂਗੇ । (ਥੰਪਿੰਗ) ਇਸ ਤਰ੍ਹਾਂ ਰਾਵੀ ਤੋਂ ਲੋਕ ਡਰਦੇ ਹਨ । ਅਜਨਾਲਾ ਔਰ ਗੁਰਦਾਸਪੁਰ ਦੇ ਐਮ. ਐਲ. ਏ. ਬੈਠੇ ਹਨ । ਉਥੇ ਲੋਕਾਂ ਨੂੰ ਨੀਂਦ ਨਹੀਂ ਸੀ ਆਉਂਦੀ । ਪਰ ਹੁਣ ਉਹ ਬਾਂਹ ਸਿਰਹਾਣੇ ਰੱਖ ਕੇ ਸੌਣ । ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਰਾਵੀ ਤੇ ਸਪੈਸ਼ਲ ਵਰਕਸ ਨਾਲ 21.19 ਕਰੋੜ ਰੁਪਿਆ ਲਾ ਕੇ ਫਲੱਡ ਪ੍ਰੋਟੈਕਸ਼ਨ ਦਾ ਕੰਮ ਕਰ ਦਿੱਤਾ ਜਾਵੇਗਾ । (ਥੰਪਿੰਗ) ਸਪੀਕਰ ਸਾਹਿਬ, ਪਟਿਆਲੇ ਵਿੱਚ ਪਟਿਆਲਾ ਨਦੀ ਔਰ ਤਾਂਗੜੀ ਨਦੀ ਹੈ । ਇੱਕ ਵਾਰ ਮੈਂ ਫਲੱਡਾਂ ਦੇ ਦਿਨਾਂ ਵਿਚ ਉਥੇ ਗਿਆ ਸੀ। ਕੋਹਲੀ ਸਾਹਿਬ ਇੱਥੇ ਬੈਠੇ ਹਨ । ਇਹ ਉਦੋਂ ਟੋਕਰੇ ਸਿਰਾਂ ਤੇ ਚੁੱਕ ਕੇ ਪਹੁੰਚਾਉਂਦੇ ਸਨ । 56 ਇਨਸਾਨ ਉਸ ਸਮੇਂ ਮਰ ਗਏ । ਚਾਰ ਹਜ਼ਾਰ ਕੈਟਲਜ਼ ਦਾ ਨੁਕਸਾਨ ਹੋ ਗਿਆ । ਪਰ. ਸਪੀਕਰ ਸਾਹਿਬ, ਉਥੇ ਕਿਸੇ ਦੀ ਸਾਰ ਨਹੀਂ ਲਈ ਗਈ । ਹੁਣ ਉਥੇ ਪੰਜ ਡਰੇਗ ਲਾਈਨਾਂ ਚੱਲ ਰਹੀਆਂ ਹਨ । ਇਸ ਤਰ੍ਹਾਂ ਪਟਿਆਲਾ ਔਰ ਤਾਂਗੜੀ ਨਦੀ ਦਾ ਮਸਲਾ ਹੱਲ ਹੋ ਜਾਂਦਾ ਹੈ । ਕਾਮਰੇਡ ਸਾਹਿਬ, ਤੁਹਾਨੂੰ ਵੀ ਮੈਂ ਖੁਸ਼ਖਬਰੀ ਦਿੰਦਾ ਹਾਂ । ਮਤੇ ਤੁਸੀਂ ਬੈਠੇ ਬੈਠੇ ਸੁਸਤ ਹੀ ਹੋ ਜਾਉ । ਚਾਂਦਪੁਰ ਬੰਨ੍ਹ ਤੇ ਮੈਂ ਗਿਆ ਸੀ, ਕਿਹੜੀ ਥਾਂ ਹੈ ਜਿਥੇ ਮੈਂ ਨਹੀਂ ਗਿਆ । ਚਾਂਦਪੁਰ ਬੰਨ੍ਹ ਬਾਰੇ ਅਸੀਂ ਹਰਿਆਣਾ ਸਰਕਾਰ ਨਾਲ ਫ਼ੈਸਲਾ ਲਿਆ ਹੈ । ਕੱਲ੍ਹ ਹੀ ਇਨ੍ਹਾਂ ਨੇ ਮੈਨੂੰ ਇਹ ਖੁਸ਼ਖਬਰੀ ਦੱਸੀ ਸੀ ਕਿ ਚਾਂਦਪੁਰ ਬੰਨ੍ਹ ਨੂੰ ਮਜ਼ਬੂਤ ਕਰਨ ਵਾਸਤੇ ਦੋਵੇਂ ਸਰਕਾਰਾਂ ਐਗਰੀ ਕਰ ਗਈਆਂ ਹਨ । ਹੁਣ ਇਸ ਤਰ੍ਹਾਂ ਅੱਗੇ ਤੋਂ ਇਸ ਪਾਸਿਉਂ ਵੀ ਖਤਰਾ ਟਲ ਜਾਵੇਗਾ । ਡਰੇਨਾਂ ਨੂੰ ਕਿਸੇ ਨੇ

Original with;
Punjab Vidhan Sabha
Digitized by;
Panjab Digital Library

ਨਹੀਂ ਪੁੱਟਿਆ, ਕਦੇ ਸਾਫ ਨਹੀਂ ਕੀਤੀਆਂ। ਸਪੀਕਰ ਸਾਹਿਬ, ਦੁੱਖ ਹੁੰਦਾ ਸੀ ਪਰ ਕਰ ਕੁਝ ਨਹੀਂ ਸਕਦੇ ਸੀ। ਇਸ ਵਾਰੀ ਬਾਰਸ਼ਾਂ ਤੋਂ ਪਹਿਲਾਂ ਸਾਰੀਆਂ ਡਰੇਨਾਂ ਦੀ ਸਫਾਈ ਕਰਾ ਦੇਣੀ ਹੈ ਔਰ ਆਪਾਂ ਜਦੋਂ ਇਥੋਂ ਵਿਹਲੇ ਹੋ ਜਾਵਾਂਗੇ, ਤਾਂ ਮੈਂ ਆਪ ਡਰੇਨਾਂ ਵੇਖਣ ਜਾਵਾਂਗਾ, ਬੰਨ੍ਹਾਂ ਤੇ ਜਾਵਾਂਗਾ, ਦਰਿਆਵਾਂ ਤੇ ਜਾਵਾਂਗਾ ਔਰ ਮੈਂ ਕੋਸ਼ਿਸ਼ ਕਰਾਂਗਾ ਕਿ ਫਲੱਡ ਦੇ ਨਾਲ ਪੰਜਾਬ ਦਾ ਨੁਕਸਾਨ ਨਾ ਹੋਵੇ। (ਥੰਪਿੰਗ) ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਮੁਕਤਸਰ ਦਾ ਇਲਾਕਾ ਤੇ ਫਰੀਦਕੋਟ ਦਾ ਇਲਾਕਾ ਸੇਮ ਨਾਲ ਤਬਾਹ ਹੋ ਗਿਆ ਹੈ। ਤਿੰਨ ਲੱਖ ਏਕੜ ਜ਼ਮੀਨ ਦੀ ਹਾਲਤ ਕਰਿਟੀਕਲ ਹੋ ਗਈ ਹੈ ਔਰ ਉਥੇ ਪਾਣੀ ਖੜ੍ਹਾ ਹੋਣ ਕਰਕੇ ਫ਼ਸਲ ਨਹੀਂ ਹੁੰਦੀ। ਇਸ ਦੇ ਵਾਸਤੇ ਤਿੰਨ ਸੌ ਕਿਲੋਮੀਟਰ ਨਿਊ ਸਰਫਸ ਡਰੇਨਜ਼ ਬਣਵਾਉਣੀਆਂ ਹਨ ਤੇ ਪੰਜ ਸੌ ਸ਼ੈਲੋ ਟਿਊਬਵੈੱਲ ਉਨ੍ਹਾਂ ਨੂੰ ਰਾਹਤ ਦੇਣ ਵਾਸਤੇ ਲਾਏ ਜਾਣਗੇ। ਇਸ ਵਾਸਤੇ ਮਹਿਕਮੇ ਨੂੰ ਹਦਾਇਤਾਂ ਕਰ ਦਿਤੀਆਂ ਹਨ ਕਿ ਭਾਵੇਂ ਫਾਰੇਨ ਐਕਸਪਰਟਸ ਨੂੰ ਸੱਦਣਾ ਪਵੇ, ਭਾਵੇਂ ਕੁਝ ਕਰੋ, ਮੈਂ ਨਹੀਂ ਜਾਣਦਾ, ਪੈਸੇ ਅਸੀਂ ਸਰਕਾਰ ਵੱਲੋਂ ਦੇਵਾਂਗੇ ਲੇਕਿਨ ਇਹ ਸੇਮ ਦਾ ਮਸਲਾ ਹੱਲ ਹੋਣਾ ਚਾਹੀਦਾ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਇਰੀਗੇਸ਼ਨ ਨੂੰ ਵਧਾਉਣ ਵਾਸਤੇ ਵੀ ਬੜੇ ਯਤਨ ਕੀਤੇ ਜਾ ਰਹੇ ਹਨ, ਜਿਸ ਦੇ ਵਿੱਚ ਕੈਨਾਲ ਲਾਈਨਿੰਗ ਵੀ ਹੈ। 160 ਕਰੋੜ ਰੁਪਏ ਇਸ ਕੈਨਾਲ ਲਾਈਨਿੰਗ ਤੇ ਖਰਚ ਕਰ ਰਹੇ ਹਾਂ ਤਾਂ ਕਿ ਜਿਹੜਾ ਨਹਿਰੀ ਪਾਣੀ ਸੀਪੇਜ ਨਾਲ ਜਾਇਆ ਹੁੰਦਾ ਹੈ, ਉਹ ਵੀ ਨਾ ਹੋਵੇ। ਨਹਿਰੀ ਪਾਣੀ ਦਾ ਚਾਰਜਿਜ਼ ਕਰਨਾ ਵੀ ਬੰਦ ਕਰ ਦਿੱਤਾ ਹੈ ਔਰ ਇਸ ਤੋਂ 21.1 ਕਰੋੜ ਰੁਪਏ ਦਾ ਘਾਟਾ ਪਿਆ ਹੈ।

ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਕਿਸੇ ਪਾਸੇ ਵੀ ਇਨ੍ਹਾਂ ਨੇ ਧਿਆਨ ਨਹੀਂ ਦਿੱਤਾ। ਇੱਕ ਗੱਲ ਤਾਂ ਚੱਸ ਦੇਣ ਜਿਸ ਤੇ ਧਿਆਨ ਦਿੱਤਾ ਹੋਵੇ। ਐਜੂਕੇਸ਼ਨ ਲੈ ਲਉ। ਕੋਈ ਮੁਲਕ ਅੱਗੇ ਨਹੀਂ ਜਾ ਸਕਦਾ, ਕੋਈ ਸਟੇਟ ਅੱਗੇ ਨਹੀਂ ਜਾ ਸਕਦੀ ਜਦੋਂ ਤੱਕ ਐਜੂਕੇਸ਼ਨ ਨਹੀਂ ਹੁੰਦੀ। ਜਦੋਂ ਮੈਂ ਐਜੂਕੇਸ਼ਨ ਦਾ ਢਾਂਚਾ ਵੇਖਿਆ ਤਾਂ, ਸਪੀਕਰ ਸਾਹਿਬ, ਮੈਂ ਹੈਰਾਨ ਹੀ ਹੋ ਗਿਆ। ਇਥੇ ਟੀਚਰਜ਼ ਦੀ ਸੈਂਕਸ਼ਨਿੰਗ ਸਟਰੈਂਥ 75 ਹਜ਼ਾਰ ਹੈ। ਇਸ ਦੇ ਵਿੱਚੋਂ ਜੇਕਰ ਟੋਟਲ ਲਈਏ ਤਾਂ 20% ਸੀਟਾਂ ਤੇ ਟੀਚਰ ਨਹੀਂ ਹਨ। ਇਹ ਤਾਂ ਟੋਟਲ ਹੈ ਕਿਉਂਕਿ ਸ਼ਹਿਰਾਂ ਦੇ ਵਿਚ ਬਹੁਤ ਜ਼ਿਆਦਾ ਕੰਜੈਸ਼ਨ ਹੈ ਲੇਕਿਨ ਪਿੰਡ ਜਿਹੜੇ ਹਨ, ਉਥੇ 50% ਸਕੂਲਾਂ ਵਿੱਚ ਟੀਚਰ ਨਹੀਂ ਹਨ। ਜਿਥੇ ਸਕੂਲ ਦੇ ਵਿਚ ਏਨੇ ਘੱਟ ਟੀਚਰ ਹੋਣ, ਉਥੇ ਕਿਵੇਂ ਪੜ੍ਹਾਈ ਹੋ ਸਕਦੀ ਹੈ। ਫਿਰ ਕਿਸ ਤਰ੍ਹਾਂ ਇਕ ਦਲਿਤ ਦਾ ਬੱਚਾ, ਕਿਸਾਨ ਦਾ ਬੱਚਾ ਇੰਜੀਨੀਅਰ ਬਣ ਸਕਦਾ ਹੈ, ਡਾਕਟਰ ਬਣ ਸਕਦਾ ਹੈ। ਇਸ ਲਈ ਅਸੀਂ ਹੁਣ ਹੁਕਮ ਦੇ ਦਿਤਾ ਹੈ ਕਿ ਇਹ ਜਿਹੜੀਆਂ ਸਾਰੀਆਂ ਵੇਕੈਂਸੀਜ਼ ਹਨ, ਇਹ ਛੇਤੀ ਤੋਂ ਛੇਤੀ ਨਵੇਂ ਸੈਸ਼ਨ ਤੱਕ ਪੂਰੀਆਂ ਕਰ ਦਿਉ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਕੋਈ ਕਾਨੂੰਨ ਨਹੀਂ, ਕੋਈ ਗੱਲ ਨਹੀਂ, ਇਹੋ ਜਿਹੇ ਵੀ ਸਕੂਲ ਹਨ ਜਿਥੇ ਕਿ ਤਿੰਨ ਸਟੂਡੈਂਟ ਹਨ ਤੇ ਤਿੰਨ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹੀ ਟੀਚਰ ਹਨ । ਇਹੋ ਜਿਹੀਆਂ ਕਲਾਸਾਂ ਹਨ, ਜਿਥੇ ਪੰਜ ਸਟੂਡੈਂਟ ਤੇ ਤਿੰਨ ਟੀਚਰ ਹੋ। ਸਣੇ ਪੋਸਟ ਚੱਕ ਕੇ ਲੈ ਜਾਂਦੇ ਸਨ, ਪਤਾ ਨਹੀਂ ਇਹ ਕਿਸ ਤਰ੍ਹਾਂ ਹੋ ਜਾਂਦਾ ਸੀ । ਜਿਸ ਕਿਸੇ ਦੀ ਸਿਫਾਰਸ਼ ਆ ਗਈ ਕਿ ਮੈਨੂੰ ਫਲਾਣੀ ਜਗ੍ਹਾ ਤੇ ਲਾ ਦਿਉ, ਜੇਕਰ ਉਥੇ ਪੋਸ਼ਟ ਨਹੀਂ, ਤਾਂ ਵਿਦ ਪੋਸਟ ਚਲੇ ਜਾਣ ਦਿੰਦੇ ਸਨ । ਅਸੀਂ ਟੀਚਰਾਂ ਦਾ ਕਰ ਰਹੇ ਹਾਂ ਕਿ ਟੀਚਰ ਦੀ ਪੋਸਟ ਨੂੰ ਨਾਨ-ਟਰਾਂਸਫਰੇਏਬਲ ਬਣਾਇਆ ਜਾਵੇ । ਅਸੀਂ ਉਨ੍ਹਾਂ ਦੀ ਯੂਨੀਅਨ ਨਾਲ ਗੱਲ ਕਰਾਂਗੇ । ਅਸੀਂ ਨਹੀਂ ਕਹਿੰਦੇ ਕਿ ਉਹ ਬਦਲੀਆਂ ਦੇ ਚੱਕਰ ਵਿੱਚ ਫਿਰਦੇ ਰਹਿਣ । ਜਿਥੇ ਕਿਤੇ ਕਿਸੇ ਦੀ ਚਾਇਸ ਹੋਵੇ, ਆਪਣੇ ਪਿੰਡ ਹੋਵੇ ਜਾਂ ਨਾਲ ਦੇ ਪਿੰਡ ਹੋਵੇ, ਉਥੇ ਉਹ ਪੜ੍ਹਾ ਲਵੇ । ਉਨ੍ਹਾਂ ਦੀ ਚਾਇਸ ਲੈ ਕੇ ਫਿਰ ਟੀਚਰਾਂ ਦੀਆਂ ਤਕਲੀਫਾਂ ਦੂਰ ਕੀਤੀਆਂ ਜਾਣਗੀਆਂ ।

ਸਪੀਕਰ ਸਾਹਿਬ, ਅੱਗੇ ਕੁਆਲਿਟੀ ਐਜੂਕੇਸ਼ਨ ਦੀ ਗੱਲ ਹੈ । ਹੁਣ ਦੁਨੀਆਂ ਇੱਕ ਹੋ ਗਈ ਹੈ ਔਰ ਦੁਨੀਆਂ ਇੱਕ ਹੋਣ ਨਾਲ ਜੇਕਰ ਸਾਡਾ ਨੌਜਵਾਨ ਪੜ੍ਹਿਆ ਲਿਖਿਆ ਨਹੀਂ ਹੋਵੇਗਾ ਤਾਂ ਉਹ ਪਿੱਛੇ ਰਹਿ ਜਾਵੇਗਾ । ਇਸ ਲਈ, ਕੁਆਲਿਟੀ ਐਜੂਕੇਸ਼ਨ ਲਾਜ਼ਮੀ ਤੇ ਬਹੁਤ ਵੱਡੀ ਲੋੜ ਹੈ । ਮੈਂ ਇਹ ਨਹੀਂ ਕਹਿੰਦਾ ਕਿ ਇਹ ਮਸਲਾ ਕੁਝ ਸਮੇਂ ਵਿੱਚ ਟੈਕਲ ਹੋ ਜਾਵੇਗਾ ਪਰ ਸ਼ੁਰੂਆਤ ਤਾਂ ਹੋਣੀ ਚਾਹੀਦੀ ਹੈ। ਇਸ ਲਈ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਇੱਕ ਬਲਾਕ ਵਿੱਚ ਇੱਕ ਕੁਆਲਿਟੀ ਐਜੂਕੇਸ਼ਨ ਵਾਲਾ ਸਕੂਲ ਜ਼ਰਰ ਹੋਵੇ । (ਥੰਪਿੰਗ)। ਸਪੀਕਰ ਸਾਹਿਬ, ਮੈਂ ਕਾਮਰੇਡ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਕਿ ਉਨ੍ਹਾਂ ਨੇ ਸਵਾਲ ਉਠਾਇਆ ਸੀ ਕਿ ਕੁਆਲਿਟੀ ਸਕੂਲ ਦਾ ਮਤਲਬ ਇਹ ਨਹੀਂ ਕਿ ਉਥੇ ਫੀਸਾਂ ਜ਼ਿਆਦਾ ਲਈਆਂ ਜਾਣਗੀਆਂ ਜਾਂ ਉਸ ਬਲਾਕ ਦੇ ਜਿਹੜੇ ਬੱਚੇ ਹਨ, ਉਨ੍ਹਾਂ ਦੇ ਵਿਚ ਅਮੀਰਾਂ ਦੇ ਬੱਚੇ ਜਾਣਗੇ । ਉਸ ਕੁਆਲਿਟੀ ਸਕੂਲ ਦਾ ਖਰਚਾ ਉਥੋਂ ਦੇ ਦੂਜੇ ਸਕੂਲਾਂ ਵਾਂਗ ਹੀ ਹੋਵੇਗਾ ਔਰ ਉਹ ਸਕੂਲ ਐਸਾ ਹੋਵੇਗਾ ਕਿ ਉਥੇ ਕਿਸੇ ਪਿੰਡ ਦਾ ਵੀ ਬੱਚਾ ਪੜ੍ਹ ਸਕੇਗਾ ਇਹ ਨਹੀਂ ਕਿ ਇੱਕ ਪਿੰਡ ਸਕੂਲ ਖੁਲ੍ਹ ਗਿਆ ਤਾਂ ਸਿਰਫ ਉਸੇ ਪਿੰਡ ਦੇ ਬੱਚੇ ਹੀ ਪੜ੍ਹਨਗੇ । ਇਹ ਠੀਕ ਹੈ ਕਿ ਜਿਹੜੇ ਪਿੰਡ ਦੀ ਜ਼ਮੀਨ 20 ਕਿੱਲੇ ਹੋਵੇਗੀ, ਉਸਦੇ ਤਿਗੁਣੇ ਬੱਚੇ ਹੋਣਗੇ ਪਰ ਦੂਜੇ ਪਿੰਡਾਂ ਦੇ ਬੱਚਿਆਂ ਨੂੰ ਵੀ ਲਿਆ ਜਾਵੇਗਾ ਅਤੇ ਮੈਰਿਟ ਤੇ ਬੱਚੇ ਸਿਲੈਕਟ ਕੀਤੇ ਜਾਣਗੇ । ਸਾਡੀ ਸਕੀਮ ਹੈ ਕਿ ਇੱਕ ਬਲਾਕ ਦੇ ਵਿੱਚ 1000-1500 ਬੱਚਿਆਂ ਦਾ ਇਕ ਕੁਆਲਿਟੀ ਸਕੂਲ ਖੋਲ੍ਹੀਏ ਅਤੇ ਉਨ੍ਹਾਂ ਨੂੰ ਇਕ ਚੰਗੇ ਸ਼ਹਿਰੀ ਬਣਾ ਸਕੀਏ । ਇਸ ਦੇ ਨਾਲ ਬੜਾ ਭਾਰੀ ਲਾਭ ਹੋ ਸਕਦਾ ਹੈ । ਮੈਂ ਤਜਰਬਾ ਕੀਤਾ ਹੈ ਪਰ ਸਾਡੀ ਬਦ-ਕਿਸਮਤੀ ਹੈ ਜਿਹੜੀਆਂ ਗੱਲਾਂ ਅਸੀਂ ਪਹਿਲਾਂ ਕੀਤੀਆਂ ਸਨ, ਇਨ੍ਹਾਂ ਨੇ ਉਨ੍ਹਾਂ ਨੂੰ ਖਤਮ ਕਰ ਦਿੱਤਾ ਹੈ । ਅਸੀਂ ਪਹਿਲਾਂ ਆਦਰਸ਼ ਸਕੂਲ ਖੋਲ੍ਹੇ ਸਨ ਜਿਨ੍ਹਾਂ ਦਾ ਰਿਕਾਰਡ ਮੇਰੇ ਪਾਸ ਹੈ । ਇੱਕ ਆਦਰਸ਼ ਸਕੂਲ ਦੀ ਮੈਂ ਉਦਾਹਰਣ ਪਿੰਡ ਨੰਦਗੜ੍ਹ ਜ਼ਿਲ੍ਹਾ ਬਠਿੰਡਾ ਦੀ ਦਿੰਦਾ ਹਾਂ । ਉਸ ਸਕੂਲ ਦੇ ਵਿੱਚ ਪਹਿਲਾਂ ਕਦੇ 5 % ਤੋਂ ਵੱਧ ਬੱਚੇ ਫਸਟ ਡਵੀਜ਼ਨ ਨਹੀਂ ਸਨ ਲੈਂਦੇ । ਇਸ ਦੇ ਪਹਿਲੇ ਸਾਲ ਹੀ ਉਥੇ 95% ਬੱਚਿਆਂ ਨੇ ਫਸਟ ਡਵੀਜ਼ਨ ਲਈ ਅਤੇ 5% ਨੇ ਸੈਕੰਡ ਡਵੀਜ਼ਨ ਲਈ, ਫੇਲ੍ਹ ਕੋਈ ਨਹੀਂ ਹੋਇਆ । ਇਸੇ ਤਰ੍ਹਾਂ ਮੁਲਾਜ਼ਮਾਂ ਦੀਆਂ ਗੱਲਾਂ ਹਨ, ਤਰੱਕੀ ਦੀਆਂ ਜਾਂ ਹੋਰ, ਇਸ ਦਾ ਅਸੀਂ ਕੰਪਿਊਟਰਰਾਈਜ਼

Original with;
Punjab Vidhan Sabha
Digitized by;
Panjab Digital Library

ਕਰ ਰਹੇ ਹਾਂ । ਕਾਲਜ਼ ਐਜੂਕੇਸ਼ਨ ਬਾਰੇ ਫਿਰ ਕਦੇ ਮੌਕਾ ਮਿਲਿਆ ਤਾਂ ਫਿਰ ਦੱਸਾਂਗੇ ।

ਸਪੀਕਰ ਸਾਹਿਬ, ਹੁਣ ਮੈਂ ਇੰਡਸਟਰੀ ਦੀ ਗੱਲ ਕਰਦਾ ਹਾਂ । ਸਾਡੀ ਐਗਰੀ-ਕਲਚਰ ਹੁਣ ਸਟੈਗਨੇਸ਼ਨ ਸਟੇਜ ਤੇ ਆ ਗਈ ਹੈ । ਕੋਈ ਮੁਲਕ ਉਦੋਂ ਤੱਕ ਤਰੱਕੀ ਨਹੀਂ ਕਰ ਸਕਦਾ ਜਦੋਂ ਤੱਕ ਇੰਡਸਟਰੀ ਨਹੀਂ ਹੁੰਦੀ । ਚੱਪੇ ਚੱਪੇ ਤੇ ਇੰਡਸਟਰੀ ਹੋਣੀ ਚਾਹੀਦੀ ਹੈ, ਪਿੰਡ ਪਿੰਡ ਵਿਚ ਇੰਡਸਟਰੀ ਹੋਣੀ ਚਾਹੀਦੀ ਹੈ, ਘਰ ਘਰ ਵਿੱਚ ਇੰਡਸਟਰੀ ਹੋਣੀ ਚਾਹੀਦੀ ਹੈ । (ਥੰਪਿੰਗ) ਮੈਂ ਜਾਪਾਨ ਗਿਆ ਸੀ ਮੁੱਖ ਮੰਤਰੀ ਹੋਣ ਦੇ ਨਾਤੇ । ਉਥੇ ਮੈਂ ਇਹ ਵੇਖਣ ਗਿਆ ਸੀ ਕਿ ਕਿਸ ਤਰ੍ਹਾਂ ਇਹ ਲੋਕ ਤਰੱਕੀ ਕਰਦੇ ਹਨ । ਮੈਂ ਹੈਰਾਨ ਹੋ ਗਿਆ ਜਦੋਂ ਉਥੇ ਜਾ ਕੇ ਪਤਾ ਲੱਗਾ ਕਿ ਉਥੇ ਐਗਰੀਕਲਚਰ ਪਾਰਟ ਟਾਈਮ ਕੰਮ ਹੈ, ਇੰਡਸਟਰੀ ਮੇਨ ਕੰਮ ਹੈ । ਇਸ ਲਈ ਇੰਡਸਟਰੀ ਨੂੰ ਅਸੀਂ ਹੋਰ ਉਪਰ ਚੁਕਣਾ ਚਾਹੁੰਦੇ ਹਾਂ ਅਤੇ ਇਸ ਦੇ ਵਾਸਤੇ ਜੋ ਤਕਲੀਫਾਂ ਹਨ, ਉਨ੍ਹਾਂ ਨੂੰ ਦੂਰ ਕਰਨਾ ਚਾਹੁੰਦੇ ਹਾਂ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੰਡਸਟਰੀ ਵਾਲਿਆਂ ਨੂੰ ਕਹਿੰਦਾ ਹਾਂ ਕਿ ਤੁਹਾਨੂੰ ਹੁਣ ਪਹਿਲਾਂ ਦੀ ਤਰ੍ਹਾਂ ਖੁਲ੍ਹੇ ਗੱਫੇ ਨਹੀਂ ਵੰਡਣੇ ਪੈਣਗੇ । ਇਸ ਸਮੇਂ ਕੋਈ ਇੰਡਸਟਰੀ ਵਾਲਾ ਇਹ ਕਹਿ ਦੇਵੇ ਕਿ ਮੈਂਥੋਂ ਕਿਸੇ ਕੰਮ ਲਈ ਕਿਸੇ ਮੰਤਰੀ ਨੇ ਇਤਨੇ ਪੈਸੇ ਲਏ ਹਨ ਤਾਂ ਮੈਂ ਇਸ ਹਾਊਸ ਦਾ ਦੇਣਦਾਰ ਹੋਵਾਂਗਾ । ਸੇਲਜ਼ ਟੈਕਸ ਸਿੰਪਲੀਫਿਕੇਸ਼ਨ, ਇੰਸਪੈਕਟਰੀ ਰਾਜ ਔਰ ਇਸ ਤਰ੍ਹਾਂ ਦੀਆਂ ਦੂਸਰੀਆਂ ਜਿਹੜੀਆਂ ਸਮੱਸਿਆਵਾਂ ਹਨ, ਉਨ੍ਹਾਂ ਬਾਰੇ ਅਸੀਂ ਕਮੇਟੀਆਂ ਬਣਾ ਦਿੱਤੀਆਂ ਹਨ, ਇਹ ਕਮੇਟੀਆਂ ਛੇਤੀ ਫੈਸਲੇ ਦੇਣਗੀਆਂ । ਇਨ੍ਹਾਂ ਦੇ ਨਾਲ ਮੈਂ ਆਪ ਮੀਟਿੰਗਾਂ ਕੀਤੀਆਂ ਹਨ । 21 ਮੈਂਬਰੀ ਕਮੇਟੀ ਅਸੀਂ ਉਨ੍ਹਾਂ ਦੀ ਬਣਾ ਦਿੱਤੀ ਹੈ। ਜਿਸ ਤਰ੍ਹਾਂ ਇੰਡਸਟਰੀ ਵਾਲਿਆਂ ਨੇ ਸੁਜੈਸਟ ਕੀਤੀ ਸੀ । ਇਸ ਸੈਸ਼ਨ ਤੋਂ ਫਾਰਗ ਹੋ ਕੇ ਅਸੀਂ ਟੰਡਨ ਸਾਹਿਬ ਹੁਰਾਂ ਨੂੰ ਕਹਾਂਗੇ ਕਿ ਉਹ ਇਨ੍ਹਾਂ ਨਾਲ ਮੀਟਿੰਗ ਕਰਕੇ ਜੋ ਵੀ ਨਿਰਣੇ ਲੈਣੇ ਹਨ, ਉਹ ਲੈ ਲੈਣ । ਇਕ ਬਹੁਤ ਵੱਡਾ ਪ੍ਰਾਜੈਕਟ ਆਇਲ ਰਿਫਾਇਨਰੀ ਦਾ ਬਾਰ੍ਹਾਂ ਹਜ਼ਾਰ ਕਰੋੜ ਰੁਪਏ ਦਾ ਅਤੇ 9 ਮਿਲੀਅਨ ਟਨ ਕਪੈਸਿਟੀ ਦਾ ਇਥੇ ਆ ਰਿਹਾ ਹੈ । ਉਸ ਤੋਂ ਵੀ 800 ਮੈਗਾਵਾਟ ਪਾਵਰ ਜੈਨਰੇਟ ਕਰਨ ਦਾ ਪ੍ਰਬੰਧ ਅਸੀਂ ਕਰਨਾ ਹੈ । ਸਪੀਕਰ ਸਾਹਿਬ, ਬੜਾ ਦੁੱਖ ਹੁੰਦਾ ਹੈ ਸਾਰੇ ਹਾਲਾਤ ਤੇ ਨਜ਼ਰ ਮਾਰੀਏ ਤਾਂ । ਸਾਡੀ ਜਿਹੜੀ ਡਿਵੈਲਪਮੈਂਟ ਹੈ, ਇਹ ਪਲਾਨ ਡਿਵੈਲਪਮੈਂਟ ਹੈ ਜਾਂ ਹੈਫਹੈਜ਼ਰਡ ਹੈ । ਇਹ ਕੀ ਪਲਾਨ ਹੋਈ, ਕਿ ਇਥੋਂ ਪੈਸੇ ਵੰਡ ਲਵੋ ਜੀ, ਪਲੈਨਿੰਗ ਬੋਰਡ ਵਿਚ ਚਲੇ ਗਏ ਜੀ । ਐਮ. ਐਲ. ਏ. ਨੂੰ ਕਿੰਨੇ-ਕਿੰਨੇ ਆਏ, ਲੈ ਲਓ ਜੀ । ਬਣਾ ਲਵੋ ਚਾਰ ਸੜਕਾਂ, ਬਣਾ ਲਵੋ ਦੋ ਸੜਕਾਂ, ਸਕੂਲ ਅਪਗਰੇਡ ਕਰਵਾ ਲਵੋ । ਇਸ ਤਰ੍ਹਾਂ ਇਹ ਦੇਸ਼ ਕਿਸ ਤਰ੍ਹਾਂ ਤਰੱਕੀ ਕਰ ਸਕਦਾ ਹੈ । ਕੋਈ ਹੈ ਵਾਲੀਵਾਰਸ ਇਸ ਦੇਸ਼ ਦਾ, ਇਸ ਸੂਬੇ ਦਾ ? ਸਪੀਕਰ ਸਾਹਿਬ, ਅਸੀਂ ਇਹ ਤਰੀਕਾ ਬੰਦ ਕਰਨਾ ਹੈ । ਅਸੀਂ ਪਲਾਨਡ ਡਿਵੈਲਪਮੈਂਟ ਕਰਨੀ ਹੈ । ਅੱਗੇ ਪਲਾਨ ਬਣਦੀ ਸੀ ਦਿੱਲੀ, ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਅਤੇ ਏਅਰ ਕੰਡੀਸ਼ਨਡ ਕਮਰਿਆਂ ਵਿੱਚ, ਲੇਕਿਨ ਹੁਣ ਪੰਜਾਬ ਦੀ ਪਲਾਨ ਪਿੰਡਾਂ ਦੀਆਂ ਸੱਥਾਂ ਵਿਚ ਬਣੇਗੀ । (ਥੰਪਿੰਗ) ਉਸ ਦਾ ਨਾਂ ਰੱਖਿਆ ਹੈ ਅਸੀਂ ਬਲਾਕ ਡਿਵੈਲਪਮੈਂਟ ਪਲਾਨ । ਇੱਕ ਬਲਾਕ ਲੈ ਲਿਆ, ਵੇਰਵੇ ਨਾਲ ਉਸ ਬਲਾਕ ਦੀਆਂ ਕੀ ਕੀ ਲੋੜਾਂ ਹਨ, ਕਿੰਨੀਆਂ ਸੜਕਾਂ ਚਾਹੀਦੀਆਂ ਹਨ, ਕਿੰਨੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ ]

ਹਸਪਤਾਲ ਚਾਹੀਦੇ ਹਨ, ਕਿੰਨੇ ਸਕੂਲ ਚਾਹੀਦੇ ਹਨ, ਐਗਰੀਕਲਚਰਲ ਮਾਰਕੀਟ ਵਾਸਤੇ ਕੀ ਕੀ ਚੀਜ਼ਾਂ ਚਾਹੀਦੀਆਂ ਹਨ, ਇਰੀਗੇਸ਼ਨ ਇੰਪਾਰਟੈਂਸ ਵਾਸਤੇ ਕੀ ਚਾਹੀਦਾ ਹੈ, ਇੰਪਲਾਇਮੈਂਟ ਵਾਸਤੇ ਕੀ ਲੋੜਾਂ ਹਨ, ਮਤਲਬ ਕਿ ਜੋ ਉਸ ਬਲਾਕ ਦੀਆਂ ਜ਼ਰੂਰਤਾਂ ਹੋਣਗੀਆਂ, ਉਸ ਮੁਤਾਬਿਕ 5 ਸਾਲ ਜਾਂ 10 ਸਾਲ ਦਾ ਉਸ ਦਾ ਇੱਕ ਕੰਪਲੀਟ ਪਲਾਨ ਬਣ ਜਾਵੇਗਾ । ਮੈਂ ਇਸ ਪਾਸੇ ਵੱਲ ਇਸ ਕਰਕੇ ਤੁਰਿਆਂ ਹਾਂ ਕਿਉਂਕਿ ਮੈਂ ਜਦੋਂ ਜਪਾਨ ਗਿਆ ਸੀ ਤਾਂ ਮੈਨੂੰ ਉਥੇ ਮਾਹਿਰਾਂ ਨੇ ਦੱਸਿਆ ਕਿ ਅਸੀਂ 100 ਸਾਲਾਂ ਦੇ ਆਪਣੇ ਪਲਾਨ ਬਣਾਏ ਹੋਏ ਹਨ ਕਿ 100 ਸਾਲ ਬਾਅਦ ਜਪਾਨ ਨੂੰ ਕੀ ਜ਼ਰੂਰਤ ਹੋਵੇਗੀ । ਉਸ ਦੇ ਅੱਜ ਹੀ ਬਲਿਊ ਪ੍ਰਿੰਟ ਤਿਆਰ ਹਨ । ਮੈਂ ਯੂਨੀਵਰਸਿਟੀਆਂ ਦੀ ਡਿਊਟੀ ਲਗਾ ਦਿੱਤੀ ਹੈ । ਸਾਡੇ ਚਾਰ ਯੂਨੀਵਰਸਿਟੀਆਂ ਹਨ । ਮੈਂ ਉਨ੍ਹਾਂ ਨੂੰ ਕਿਹਾ ਹੈ ਕਿ ਕੰਮ ਤਾਂ ਸ਼ੁਰੂ ਕਰੋ । ਦੇਸ਼ ਵਿਚੋਂ ਮਾਹਿਰਾਂ ਨੂੰ ਮੰਗਾ ਲਓ, ਤੁਸੀਂ ਪਲੈਨਿੰਗ ਤਾਂ ਸ਼ੁਰੂ ਕਰੋ । ਇਸ ਨਾਲ ਕਿਸੇ ਨੂੰ ਈਰਖਾ ਨਾ ਹੋਵੇ । ਪਹਿਲਾਂ ਇੱਕ-ਇੱਕ ਬਲਾਕ ਲਿਆ ਜਾਵੇਗਾ, ਫੇਰ 2-2 ਬਲਾਕ ਲਏ ਜਾਣਗੇ । ਲਾਟਰੀ ਪਾ ਕੇ ਬਲਾਕ ਨਿਕਾਲਾਂਗੇ । ਜਿਹੜਾ ਬਲਾਕ ਨਿਕਲ ਆਇਆ, ਉਸ ਦੇ ਡੀ.ਸੀ. ਦੀਆਂ ਪਲਾਨਿੰਗ ਬੋਰਡ ਨਾਲ ਮੀਟਿੰਗਾਂ ਹੋਣਗੀਆਂ । ਇੱਥੇ ਹੀ ਬੱਸ ਨਹੀਂ, ਬਾਹਰਲੀਆਂ ਏਜੰਸੀਆਂ (ਮਾਹਿਰਾਂ) ਨੂੰ ਵੀ ਥਾਂ ਦੇਣੀ ਹੈ । ਫਿਰ ਪੰਜਾਬ ਦੇ ਸਾਰੇ ਸ਼ਹਿਰਾਂ ਅਤੇ ਪਿੰਡਾਂ ਦੀ ਕੀ ਪਲਾਨ ਹੈ, ਉਥੇ ਕੀ ਕੁਝ ਕਰਨਾ ਹੈ, ਉਸ ਦਾ ਬਲਿਊ ਪ੍ਰਿੰਟ ਬਣਾਵਾਂਗੇ ।

ਪਾਵਰ ਇੱਕ ਬਹੁਤ ਵੱਡਾ ਤਰੱਕੀ ਦਾ ਅੰਗ ਹੈ । ਜਦੋਂ ਤੱਕ ਪਾਵਰ ਘੱਟ ਹੋਵੇਗੀ, ਅਸੀਂ ਤਰੱਕੀ ਨਹੀਂ ਕਰ ਸਕਾਂਗੇ । ਇਸ ਲਈ ਅਸੀਂ ਹੁਣ ਪਾਵਰ ਵੱਲ ਧਿਆਨ ਦੇਣਾ ਹੈ । ਇੱਕ ਤਾਂ 24 ਘੰਟੇ ਬਿਜਲੀ ਸਪਲਾਈ ਦਾ ਪ੍ਰਬੰਧ ਕੀਤਾ ਅਤੇ ਦੂਜਾ ਅਸੀਂ ਜ਼ੋਰ ਦੇਣਾ ਹੈ ਦੋ ਪਾਵਰ ਯੂਨਿਟਸ ਤੇ । ਇੱਕ ਲਹਿਰਾ ਮੁਹੱਬਤ ਥਰਮਲ ਪਲਾਂਟ ਹੈ ਜਿਸ ਦੇ ਇਕ ਯੂਨਿਟ ਨੇ 210 ਮੈਗਾਵਾਟ ਬਿਜਲੀ ਪੈਦਾ ਕਰਨੀ ਹੈ ਅਤੇ ਉਹ ਮਾਰਚ 1998 ਵਿੱਚ ਤਿਆਰ ਹੋ ਜਾਣਾ ਹੈ । ਇਸਦਾ ਦੂਸਰਾ ਯੂਨਿਟ ਵੀ ਅਗਲੇ ਸਾਲ ਤਿਆਰ ਹੋ ਜਾਣਾ ਹੈ । ਉਸ ਨੇ ਵੀ 210 ਮੈਗਾਵਾਟ ਬਿਜਲੀ ਦੇਣੀ ਹੈ । ਥੀਨ ਡੈਮ ਦਾ ਕੰਮ ਦੇਖ ਕੇ ਤੁਸੀਂ ਖੁਸ਼ ਹੋਵੋਗੇ ਅਤੇ ਹੈਰਾਨ ਵੀ ਹੋਵੋਗੇ । ਖੁਸ਼ ਤੁਸੀਂ ਤਾਂ ਹੋਵੋਗੇ ਕਿ ਉਸ ਦੀ ਮਨਜ਼ੂਰੀ ਵੀ ਇਨ੍ਹਾਂ ਦੀਆਂ ਫਾਈਲਾਂ ਝਾੜ-ਝੂੜ ਕੇ, ਜਦੋਂ ਮੈਂ ਮੁੱਖ ਮੰਤਰੀ ਸੀ ਤਾਂ ਦਿੱਲੀ ਤੋਂ ਲੈ ਕੇ ਆਂਦੀ ਸੀ । ਲੇਕਿਨ ਦੁੱਖ ਤਾਂ ਹੋਵੇਗਾ ਕਿ ਹਾਲੇ ਤੱਕ ਉਹ ਪੂਰਾ ਨਹੀਂ ਹੋਇਆ, ਕਿੰਨਾ ਅਰਸਾ ਹੋ ਗਿਆ ਮੈਨੂੰ ਯਾਦ ਨਹੀਂ । 50 ਕਰੋੜ ਰੁਪਏ ਦੀ ਉਹ ਸਾਰੀ ਸਕੀਮ ਸੀ ਪਰ ਸੈਂਟਰ ਨੇ ਇੱਕ ਦਮੜੀ ਤੱਕ ਨਹੀਂ ਦਿੱਤੀ । ਇੰਨਾ ਵੱਡਾ ਪ੍ਰਾਜੈਕਟ ਜਿਸ ਦਾ ਕਿ ਦੇਸ਼ ਨੂੰ ਫਾਇਦਾ ਹੋਣਾ ਸੀ, ਉਸ ਵਾਸਤੇ ਇੱਕ ਪੈਸਾ ਤੱਕ ਨਹੀਂ ਦਿੱਤਾ । ਪੰਜਾਬ ਦੇ ਆਪਣੇ ਸਾਧਨ ਨਹੀਂ ਕਿ ਉਹ ਪੈਸਾ ਖਰਚ ਕਰ ਸਕੇ । ਇਸ ਲਈ ਹੁਣ ਥੀਨ ਡੈਮ ਦੇ ਮੁਕੰਮਲ ਹੋਣ ਵਾਸਤੇ ਜ਼ੋਰ ਦਿੱਤਾ ਜਾਵੇਗਾ ਕਿ 450 ਮੈਗਾਵਾਟ ਹੋਰ ਬਿਜਲੀ ਉਥੇ ਪੰਜਾਬ ਦੇ ਕੇਸ ਵਿੱਚ ਲਿਆਂਦੀ ਜਾਵੇ । ਸਪੀਕਰ ਸਾਹਿਬ, ਇਸ ਤੋਂ ਇਲਾਵਾ ਅਸੀਂ ਇੱਕ ਲਿਕਵਿਡ ਫਿਊਲ ਬੇਸਡ ਪਾਵਰ ਜੈਨਰੇਸ਼ਨ ਦਾ ਤੁਰੰਤ ਇੰਤਜ਼ਾਮ ਕਰ ਰਹੇ ਹਾਂ, ਉਸ ਤੋਂ 575 ਮੈਗਾਵਾਟ ਬਿਜਲੀ ਆਵੇਗੀ । ਸ਼ੂਗਰ ਮਿੱਲਾਂ ਤੋਂ ਜਿਹੜਾ ਵੇਸਟ ਨਿਕਲਦਾ ਹੈ, ਉਸ ਤੋਂ ਵੀ ਬਿਜਲੀ ਪੈਦਾ ਕਰਨੀ ਹੈ । ਇਸ ਤੋਂ ਵੀ ਬਿਜਲੀ ਦਾ ਪ੍ਰਬੰਧ ਕੀਤਾ ਜਾਵੇਗਾ । ਇੱਕ ਗੱਲ ਦੀ ਬੜੀ ਨੁਕਤਾਚੀਨੀ ਕੀਤੀ ਜਾ ਰਹੀ ਹੈ ਕਿ ਜਿਹੜਾ ਬਿਜਲੀ

Original with;
Punjab Vidhan Sabha
Digitized by;
Panjab Digital Library

ਬੋਰਡ ਹੈ, ਜੇ ਕਿਸਾਨਾਂ ਨੂੰ ਬਿਜਲੀ ਫਰੀ ਹੋਵੇਗੀ ਤਾਂ ਫਿਰ ਇੰਨਾ ਲਾਸ ਉਹ ਕਿਵੇਂ ਭੁਗਤੇਗਾ ? ਸਪੀਕਰ ਸਾਹਿਬ, ਬਿਜਲੀ ਬੋਰਡ ਤੇ ਭਾਰ ਨਹੀਂ ਪਵੇਗਾ। ਜਿੰਨਾ ਬਿੱਲ ਬਿਜਲੀ ਬੋਰਡ ਦਾ ਹੋਵੇਗਾ ਇਸ ਮੱਦ ਤੇ, ਇਹ ਪੰਜਾਬ ਸਰਕਾਰ ਆਪਣੇ ਬਜਟ ਵਿੱਚ ਰੱਖ ਕੇ ਬਿਜਲੀ ਬੋਰਡ ਨੂੰ ਦੇਵੇਗੀ (ਬੰਪਿੰਗ) ਤਾਂ ਕਿ ਬਿਜਲੀ ਬੋਰਡ ਕਿਸੇ ਤਰੀਕੇ ਨਾਲ ਘਾਟੇ ਵਿੱਚ ਨਾ ਜਾਵੇ।

ਸਪੀਕਰ ਸਾਹਿਬ, ਫੋਕਲ ਪੁਆਇੰਟਸ ਦੀਆਂ ਸਕੀਮਾਂ ਨੂੰ ਇਨ੍ਹਾਂ ਨੇ ਇਥੇ ਆ ਕੇ ਬੰਦ ਕਰ ਦਿੱਤਾ ਸੀ ਕਿਉਂਕਿ ਇਨ੍ਹਾਂ ਦੀ ਇਨ੍ਹਾਂ ਕੰਮਾਂ ਦੇ ਵਿਚ ਦਿਲਚਸਪੀ ਨਹੀਂ ਸੀ ਕਿ ਪਿੰਡਾਂ ਦੀ ਜ਼ਿੰਦਗੀ ਨੂੰ ਬਦਲਿਆ ਜਾਵੇ। ਅਗਰ ਇਹ ਸਕੀਮਾਂ ਚਲਦੀਆਂ ਰਹਿੰਦੀਆਂ ਤਾਂ ਪੰਜਾਬ ਦੀ ਬਹੁਤ ਤਰੱਕੀ ਹੋਣੀ ਸੀ ਅਤੇ ਅੱਜ ਪੰਜਾਬ ਦਾ ਕੋਈ ਹੋਰ ਨਕਸ਼ਾ ਹੋਣਾ ਸੀ। ਜਦੋਂ ਇਹ ਫੋਕਲ ਪੁਆਇੰਟਸ ਦੀ ਸਕੀਮ ਅਸੀਂ ਸ਼ੁਰੂ ਕੀਤੀ ਸੀ ਤਾਂ ਮੈਨੂੰ ਵਿਦੇਸ਼ਾਂ ਤੋਂ ਲੋਕ ਆ ਕੇ ਮਿਲੇ ਸਨ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਇਸ ਦੇ ਨਾਲ ਪਲਾਨ ਡਿਵੈਲਪਮੈਂਟ ਹੋਵੇਗੀ। ਇਸ ਲਈ ਅਸੀਂ ਹੁਣ ਫੇਰ ਇਹ ਫੋਕਲ ਪੁਆਇੰਟਸ ਦੀ ਸਕੀਮ ਨੂੰ ਚਾਲੂ ਕਰ ਦਿੱਤਾ ਹੈ ਅਤੇ ਨਵੇਂ ਫੋਕਲ ਪੁਆਇੰਟਸ ਬਣਨੇ ਸ਼ੁਰੂ ਹੋ ਜਾਣਗੇ। ਇਹ ਫੋਕਲ ਪੁਆਇੰਟਸ ਹੁਣ ਦੀ ਲੋੜ ਦੇ ਮੁਤਾਬਿਕ ਬਣਾਏ ਜਾਣਗੇ ਅਤੇ ਪੁਰਾਣੇ ਫੋਕਲ ਪੁਆਇੰਟਸ ਦੀ ਸਕੀਮ ਨਾਲੋਂ ਇਹ ਵੱਖਰੀ ਸਕੀਮ ਹੋਵੇਗੀ, ਹੁਣ ਦੀ ਲੋੜ ਦੇ ਮੁਤਾਬਿਕ ਹੋਵੇਗੀ ਅਤੇ ਇਸ ਦੇ ਵਿਚ ਪਹਿਲਾਂ ਨਾਲੋਂ ਬਹੁਤ ਵੱਡਾ ਫਰਕ ਹੋਵੇਗਾ। ਹੁਣ ਦੇ ਫੋਕਲ ਪੁਆਇੰਟ ਵਿਚ ਹਰ ਚੀਜ਼ ਹੋਵੇਗੀ, ਇੰਡਸਟਰੀ ਵੀ ਹੋਵੇਗੀ ਤਾਂਕਿ ਉਸ ਫੋਕਲ ਪੁਆਇੰਟ ਦੇ ਵਿਚ ਰਹਿਣ ਵਾਲੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਘਰ ਦੇ ਨੇੜੇ ਮਿਲ ਸਕੇ ਜਾਂ ਫੇਰ ਉਹ ਆਪਣਾ ਕੋਈ ਛੋਟਾ ਮੋਟਾ ਧੰਦਾ ਕਰਕੇ ਰੋਟੀ ਰੋਜ਼ੀ ਕਮਾ ਸਕਣ।

ਸਪੀਕਰ ਸਾਹਿਬ, ਇੰਪਲਾਇਮੈਂਟ ਦਾ ਮਸਲਾ ਬਹੁਤ ਵੱਡਾ ਮਸਲਾ ਹੈ। ਪੰਜਾਬ ਵਿਚ ਬੇਰੁਜ਼ਗਾਰੀ ਹੈ ਅਤੇ ਇਸ ਦੇ ਲਈ ਜੇ ਸਾਨੂੰ ਇਕ ਵੱਖਰਾ ਮਹਿਕਮਾ ਵੀ ਖੋਲ੍ਹਣਾ ਪਵੇ ਤਾਂ ਅਸੀਂ ਉਹ ਵੀ ਖੋਲ੍ਹਾਂਗੇ ਤਾਂਕਿ ਇਨ੍ਹਾਂ ਬੱਚਿਆਂ ਨੂੰ ਰੁਜ਼ਗਾਰ ਬਾਰੇ ਗਾਈਡੈਂਸ ਮਿਲ ਸਕੇ ਅਤੇ ਸਾਧਨਾਂ ਬਾਰੇ ਪਤਾ ਚਲ ਸਕੇ। ਬੱਚਿਆਂ ਨੂੰ ਇੰਪਲਾਇਮੈਂਟ ਬਾਰੇ ਪੂਰੀ ਜਾਣਕਾਰੀ ਕੋਈ ਨਹੀਂ ਦਿੰਦਾ। ਉਨ੍ਹਾਂ ਨੂੰ ਗਾਈਡੈਂਸ ਦੇਣ ਦੀ ਲੋੜ ਹੈ। ਇਹ ਠੀਕ ਹੈ ਕਿ ਅਸੀਂ ਹਰ ਇਕ ਨੂੰ ਨੌਕਰੀ ਨਹੀਂ ਦੇ ਸਕਦੇ ਪਰ ਉਨ੍ਹਾਂ ਨੂੰ ਅਸੀਂ ਸਹੀ ਗਾਈਡੈਂਸ ਤਾਂ ਦੇ ਸਕਦੇ ਹਾਂ ਅਤੇ ਰੁਜ਼ਗਾਰ ਵਾਸਤੇ ਸਾਧਨ ਦੇ ਸਕਦੇ ਹਾਂ।

ਸਪੀਕਰ ਸਾਹਿਬ, ਇਕ ਬਹੁਤ ਇੰਪਾਰਟੈਂਟ ਮਸਲਾ ਮੈਂ ਗੱਲ ਕਰਦੇ ਹੋਏ ਭੁੱਲ ਗਿਆ ਸੀ ਜਿਸ ਦਾ ਮੈਂ ਹੁਣ ਜ਼ਿਕਰ ਕਰ ਦਿੰਦਾ ਹਾਂ। ਇਹ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਬਾਰੇ ਮਸਲਾ ਸੀ ਅਤੇ ਅਸੀਂ ਸੂਬਿਆਂ ਦੇ ਵਿਚ ਟਰੂ ਫੈਡਰਲ ਸਟਰੱਕਚਰ ਬਣਾਉਣਾ ਚਾਹੁੰਦੇ ਹਾਂ। ਜਦੋਂ ਸਾਡੇ ਹਿੰਦੁਸਤਾਨ ਦਾ ਸੰਵਿਧਾਨ ਬਣਿਆ ਤਾਂ ਸਾਡੇ ਸੰਵਿਧਾਨ ਬਣਾਉਣ ਵਾਲਿਆਂ ਦੀ ਇਹ ਹੀ ਮਨਸ਼ਾ ਸੀ ਕਿ ਫੈਡਰਲ ਸਿਸਟਮ ਹੋਵੇਗਾ ਜਿਸ ਦੇ ਨਾਲ ਸੂਬੇ ਤਰੱਕੀ ਕਰਨਗੇ ਅਤੇ ਖੁਸ਼ਹਾਲ ਹੋਣਗੇ। ਸੂਬਿਆਂ ਦੇ ਕੋਲ ਆਪਣੇ ਸਾਧਨ ਹੋਣਗੇ ਅਤੇ ਉਨ੍ਹਾਂ ਵਿਚ ਤਰੱਕੀ ਕਰਨ ਦੀ ਸ਼ਕਤੀ ਹੋਵੇਗੀ। ਦੇਸ਼ ਦੇ ਵਿਚ ਹਰ ਇਕ ਨੂੰ ਤਰੱਕੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕਰਨ ਦਾ ਮੌਕਾ ਮਿਲੇਗਾ ਅਤੇ ਸੂਬਿਆਂ ਦੇ ਕੋਲ ਤਰੱਕੀ ਕਰਨ ਦੇ ਸਾਰੇ ਅਧਿਕਾਰ ਹੋਣਗੇ ਅਤੇ ਆਪਣੇ ਆਪਣੇ ਸਾਧਨਾਂ ਦੇ ਨਾਲ ਸਾਰੇ ਸੂਬੇ ਤਰੱਕੀ ਕਰਨਗੇ ਪਰ ਹੋਇਆ ਕੀ ਕਿ ਇਨ੍ਹਾਂ ਨੇ ਫੈਡਰਲ ਸਿਸਟਮ ਨੂੰ ਬਦਲ ਕੇ ਯੂਨੀਟਰੀ ਸਿਸਟਮ ਲਾਗੂ ਕਰ ਦਿੱਤਾ। ਜਦੋਂ ਅਸੀਂ ਪੰਜਾਬ ਦੇ ਲਈ ਵੱਧ ਅਧਿਕਾਰਾਂ ਦੀ ਗੱਲ ਕੀਤੀ ਤਾਂ ਕਹਿੰਦੇ ਕਿ ਇਹ ਖਾਲਿਸਤਾਨ ਮੰਗਦੇ ਹਨ ਅਤੇ ਅਲੱਗ ਰਾਜ ਮੰਗਦੇ ਹਨ ਪਰ ਹੁਣ ਜਦ ਹਿੰਦੁਸਤਾਨ ਦੀਆਂ ਦੂਜੀਆਂ ਸਟੇਟਾਂ ਨੇ ਵੀ ਵੱਧ ਅਧਿਕਾਰਾਂ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਮੰਗ ਕਰ ਰਹੇ ਹਨ, ਫੇਰ ਉਨ੍ਹਾਂ ਨੂੰ ਕੀ ਕਹਿਣਗੇ ? ਅੱਜ ਇਹ ਆਵਾਜ਼ ਬੁਲੰਦ ਹੋ ਰਹੀ ਹੈ ਅਤੇ ਅਸੀਂ ਸਾਰੇ ਇਕੱਠੇ ਹੋ ਕੇ ਇਸ ਦੀ ਮੰਗ ਕਰ ਰਹੇ ਹਾਂ। ਸਪੀਕਰ ਸਾਹਿਬ, ਜਿਹੜੀ ਸਾਡੀ ਗਰੀਬੀ ਹੈ, ਇਸ ਦਾ ਕਾਰਨ ਇਹ ਹੈ ਕਿ ਸਾਡੇ ਕੋਲ ਸਾਧਨ ਘੱਟ ਹਨ ਅਤੇ ਸੂਬਿਆਂ ਦੀਆਂ ਸਰਕਾਰਾਂ ਕੋਲ ਵਾਧੂ ਅਧਿਕਾਰ ਨਹੀਂ ਹਨ। ਹਰ ਗੱਲ ਲਈ ਸਾਨੂੰ ਸੈਂਟਰ ਉਤੇ ਡੀਪੈਂਡ ਕਰਨਾ ਪੈਂਦਾ ਹੈ। ਸੂਬਿਆਂ ਦੇ ਕੋਲ ਫੰਡਜ਼ ਨਹੀਂ ਹਨ। ਫੰਡਜ਼ ਵੰਡਣ ਵੇਲੇ ਖਾਸ ਤੌਰ ਤੇ ਪੰਜਾਬ ਦੇ ਸੂਬੇ ਨਾਲ ਵਿਤਕਰਾ ਕੀਤਾ ਜਾਂਦਾ ਹੈ ਅਤੇ ਸਾਨੂੰ ਇਨ੍ਹਾਂ ਫੰਡਜ਼ ਦੇ ਵਿਚੋਂ ਕੁਝ ਲੱਭਦਾ ਨਹੀਂ ਹੈ। ਇਸ ਲਈ ਮੈਂ ਕੋਸ਼ਿਸ਼ ਕਰਕੇ ਬਾਹਰਲੇ ਸੂਬਿਆਂ ਦੇ ਚੀਫ ਮਨਿਸਟਰ ਸਾਹਿਬਾਨ ਨੂੰ ਮਿਲਾਂਗਾ ਤਾਂਕਿ ਵਾਧੂ ਅਧਿਕਾਰਾਂ ਦਾ ਕੇਸ ਮਜ਼ਬੂਤ ਕੀਤਾ ਜਾ ਸਕੇ ਅਤੇ ਜਿਹੜੇ ਇਸ ਦੇ ਹਾਮੀ ਹਨ, ਉਨ੍ਹਾਂ ਨੂੰ ਨਾਲ ਲੈ ਕੇ ਕੇਸ ਪੁੱਟ ਕੀਤਾ ਜਾਵੇਗਾ। ਅਸੀਂ ਚਾਹੁੰਦੇ ਹਾਂ ਕਿ ਅਸੀਂ ਆਪਣੇ ਦੇਸ਼ ਨੂੰ ਮਜ਼ਬੂਤ ਕਰੀਏ, ਖੁਸ਼ਹਾਲ ਬਣਾਈਏ ਅਤੇ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਲਈ ਕੰਮ ਕਰੀਏ ਅਗਰ ਸੂਬੇ ਖੁਸ਼ਹਾਲ ਹੋਣਗੇ ਤਾਂ ਦੇਸ਼ ਮਜ਼ਬੂਤ ਹੋਵੇਗਾ। ਅਸੀਂ ਭਾਰਤ ਦੇਸ਼ ਨੂੰ ਇਕ ਵਧੀਆ ਦੇਸ਼ ਬਣਾਉਣਾ ਚਾਹੁੰਦੇ ਹਾਂ ਔਰ ਸੂਬਿਆਂ ਲਈ ਵਾਧੂ ਅਧਿਕਾਰ ਵੀ ਚਾਹੁੰਦੇ ਹਾਂ।

ਆਖਿਰ ਵਿਚ, ਮੈਂ ਬੇਨਤੀ ਕਰਦਾ ਹਾਂ ਅਤੇ ਵਿਰੋਧੀ ਧਿਰ ਦੇ ਵੀਰਾਂ ਨੂੰ ਅਪੀਲ ਕਰਦਾ ਹਾਂ ਕਿ ਅਸੀਂ ਸਾਰੇ ਇਕੱਠੇ ਹੋ ਕੇ ਪੰਜਾਬੀਅਤ ਨੂੰ ਮਜ਼ਬੂਤ ਕਰੀਏ ਅਤੇ ਪੰਜਾਬ ਦੀ ਸ਼ਾਨ ਅਤੇ ਮਾਣ ਲਈ ਕੰਮ ਕਰੀਏ। ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਸਨਮਾਨ ਨੂੰ ਹੋਰ ਵਧਾਉਣ ਵਿਚ ਯੋਗਦਾਨ ਪਾਇਆ ਜਾਵੇ ਅਤੇ ਅਸੀਂ ਪੰਜਾਬ ਦੇ ਲੋਕਾਂ ਦੀ ਸੇਵਾ ਕਰੀਏ, ਲੋਕਾਂ ਦੀਆਂ ਦੁੱਖ ਤਕਲੀਫਾਂ ਨੂੰ ਦੂਰ ਕਰੀਏ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਪੰਜਾਬ ਦੇ ਸਾਰੇ ਵਰਗਾਂ ਦੀ ਖੁਸ਼ਹਾਲੀ ਲਈ, ਵਿਕਾਸ ਲਈ ਕੰਮ ਕਰਾਂਗੇ। ਇਸ ਦੇ ਵਾਸਤੇ ਅਸੀਂ ਤੁਹਾਡੇ ਸਾਰਿਆਂ ਤੋਂ ਸਹਿਯੋਗ ਲੈਣਾ ਚਾਹੁੰਦੇ ਹਾਂ। ਇਹ ਮੇਰੀ ਮਿੰਨਤ ਵੀ ਹੈ ਅਤੇ ਤਰਲਾ ਵੀ ਹੈ। ਤੁਹਾਡੇ ਕੋਲ ਕਿ ਛੋਟੀਆਂ ਗੱਲਾਂ ਵਿੱਚ ਨਾ ਪਵੋ। ਤੁਸੀਂ ਸਾਡਾ ਕੰਮ ਵੇਖੋ, ਨੁਕਤਾਚੀਨੀ ਵਿੱਚ ਨਾ ਪਵੋ. ਸਾਨੂੰ ਸਹਿਯੋਗ ਦਿਉ। ਸਪੀਕਰ ਸਾਹਿਬ, ਮੈਂ ਆਪ ਜੀ ਦਾ, ਸਮੂਹ ਮੈਂਬਰ ਸਾਹਿਬਾਨ ਦਾ ਅਤੇ ਸਮੁੱਚੇ ਪੰਜਾਬੀਆਂ ਦਾ ਬਹੁਤ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਸਭਨਾਂ ਨੇ ਮੈਨੂੰ ਇਸ ਪਵਿੱਤਰ ਸਦਨ ਦੇ ਲੀਡਰ ਵਜੋਂ ਸੰਬੋਧਨ ਕਰਨ ਦਾ ਮਾਣ ਬਖਸ਼ਿਆ ਹੈ। ਮੈਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਮੈਨੂੰ ਇਸ ਮਾਣ ਦੇ ਕਾਬਲ ਹੋ ਨਿਬੜਣ ਦਾ ਬਲ ਬਖਸ਼ੇ। ਅਖੀਰ ਦੇ ਵਿੱਚ, ਮੈਂ ਆਪ ਜੀ ਦੇ ਰਾਹੀਂ ਸਮੁੱਚੇ ਹਾਊਸ ਨੂੰ ਅਪੀਲ ਕਰਦਾ ਹਾਂ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਮੁਕੰਮਲ ਤਰਜਮਾਨੀ ਕਰਦੇ ਮਾਨਯੋਗ ਰਾਜਪਾਲ ਜੀ ਦੇ ਭਾਸ਼ਣ ਲਈ ਉਨ੍ਹਾਂ ਦਾ ਧੰਨਵਾਦ ਕਰਨ ਵਾਸਤੇ ਪੇਸ਼ ਕੀਤਾ ਗਿਆ ਮਤਾ

Original with;
Punjab Vidhan Sabha
Digitized by;
Panjab Digital Library

ਸਰਬਸੰਮਤੀ ਨਾਲ ਪਾਸ ਕਰ ਦਿੱਤਾ ਜਾਏ । ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ ; (ਥੰਪਿੰਗ)

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ ਮੈਂ ਜਿਸ ਤਰ੍ਹਾਂ ਸ਼ੁਰੂ ਵਿੱਚ ਹੀ ਕਿਹਾ ਹੈ ਕਿ ਅਸੀਂ ਆਪਣੀ ਪਾਰਟੀ ਵੱਲੋਂ ਪੂਰੀ ਕੋਆਪ੍ਰੇਸ਼ਨ ਨਾਲ ਚੱਲ ਰਹੇ ਹਾਂ । ਲੀਡਰ ਆਫ ਦੀ ਹਾਊਸ ਬਹੁਤ ਅੱਛੀਆਂ ਗੱਲਾਂ ਕਰ ਰਹੇ ਹਨ ਅਤੇ ਉਨ੍ਹਾਂ ਨੇ ਕਈ ਡਿਵੈਲਪਮੈਂਟ ਦੀਆਂ ਗੱਲਾਂ ਕੀਤੀਆਂ ਹਨ । ਇਸ ਕਰਕੇ ਮੈਂ ਵਾਜ਼ਬ ਨਹੀਂ ਸਮਝਿਆ ਕਿ ਉਨ੍ਹਾਂ ਦੀ ਟੋਕਾ-ਟਾਕੀ ਕੀਤੀ ਜਾਵੇ । ਜੋ ਉਨ੍ਹਾਂ ਨੇ ਡਿਵੈਲਪਮੈਂਟ ਦੀਆਂ ਗੱਲਾਂ ਕੀਤੀਆਂ ਹਨ, ਮੈਂ ਉਨ੍ਹਾਂ ਦੀ ਸ਼ਲਾਘਾ ਵੀ ਕਰਦੀ ਹਾਂ ਲੇਕਿਨ ਮੈਂ ਕੇਵਲ ਦੋ ਤਿੰਨ ਕਲੈਰੀਫੀ-ਕੇਸ਼ਨਜ਼ ਵੀ ਚਾਹੁੰਦੀ ਸੀ । ਮੈਂ ਦੋ ਤਿੰਨ ਇਕੱਠੀਆਂ ਹੀ ਗੱਲਾਂ ਕਰ ਲੈਂਦੀ ਹਾਂ । ਇਹ ਉਨ੍ਹਾਂ ਬਾਰੇ ਇਕੱਠਾ ਹੀ ਦੱਸ ਦੇਣਗੇ । ਇਕ ਤਾਂ ਇਹ ਕਿ ਆਲ ਪਾਰਟੀ ਮੀਟਿੰਗ ਬੁਲਾਉਣ ਦਾ ਇਨ੍ਹਾਂ ਦਾ ਕੀ ਇਰਾਦਾ ਹੈ ? ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਕਿਹਾ ਹੈ ਕਿ ਪੈਸੇ ਤਾਂ ਇਹ ਲੈ ਗਏ, ਕਿਤੇ ਰੈਫਰੈਂਸ ਸੀ ਪਿਛਲਾ । ਗਿਆਨੀ ਜ਼ੈਲ ਸਿੰਘ ਜੀ ਦੀ ਉਸ ਸਮੇਂ ਸਰਕਾਰ ਸੀ ਜੋ ਸਾਡੀ ਆਪਣੀ ਪਾਰਟੀ ਦੀ ਸਰਕਾਰ ਸੀ, ਹੋ ਸਕਦਾ ਹੈ ਕਿ ਗਿਆਨੀ ਜ਼ੈਲ ਸਿੰਘ ਹੋਰਾਂ ਤੇ ਕੋਈ ਛੋਟਾ ਮੋਟਾ ਪ੍ਰੈਸ਼ਰ ਵੀ ਹੋਵੇ, ਲੇਕਿਨ ਮੈਂ ਇਹ ਵੀ ਪੁੱਛਣਾ ਚਾਹੁੰਦੀ ਹਾਂ, ਬਾਦਲ ਸਾਹਿਬ ਉਪਰ ਕਿਨ੍ਹਾਂ ਦਾ ਪ੍ਰੈਸ਼ਰ ਸੀ, ਉਨ੍ਹਾਂ ਨੇ ਕਿਉਂ ਪ੍ਰੋਲੌਂਗ ਕੀਤਾ ? ਨੰਬਰ ਤਿੰਨ ਤੇ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਮੇਰੀ ਕੋਈ ਮਾੜੀ ਭਾਵਨਾ ਨਹੀਂ ਸੀ, ਇਹ ਮੇਰੀ ਡਿਊਟੀ ਸੀ ਅਤੇ ਮੈਂ ਆਪਣੀ ਉਹ ਡਿਊਟੀ ਨਿਭਾਈ । ਜੋ ਇਨ੍ਹਾ ਨੇ ਕਿਹਾ ਕਿ ਮੈਂ ਦੋ ਕੇਸ ਸੀ. ਬੀ. ਆਈ. ਨੂੰ ਭੇਜੇ । ਮੈਂ ਜਿਵੇਂ ਕੱਲ੍ਹ ਵੀ ਕਿਹਾ ਸੀ ਕਿ ਇਸ ਤੋਂ ਪਹਿਲਾਂ ਜਿਹੜਾ ਇੱਕ ਕੇਸ ਚਲਾ ਗਿਆ, ਉਹ ਬਲਕਿ ਸਾਡੀ ਕਾਂਗਰਸ ਪਾਰਟੀ ਨਾਲ ਤਾਅਲੁੱਕ ਰੱਖਦਾ ਸੀ ਅਤੇ ਜੇ ਉਹ ਮੇਰਾ ਛੇਤੀ ਭੇਜਣਾ ਗੁਨਾਹ ਸੀ ਤਾਂ ਫਿਰ ਦੁਬਾਰਾ ਛੇਤੀ ਵਿੱਚ ਵਾਪਸ ਲੈਣ ਵਾਲੀ ਕੀਤੀ ਹੋਈ ਨੋਟੀਫਿਕੇਸ਼ਨ ਬਾਰੇ ਆਪਾਂ ਕੀ ਕਹਾਂਗੇ । ਕੀ ਉਹ ਵੀ ਗੁਨਾਹ ਹੋਵੇਗਾ ? ਔਰ ਚੌਥਾ ਮੈਂ ਪੁੱਛਦੀ ਹਾਂ ਕਿ ਪਹਿਲਾਂ ਭੇਜਿਆ ਗਿਆ ਕੇਸ ਵੀ ਵਾਪਿਸ ਕੀਤਾ ਗਿਆ ਹੈ ਜਾਂ ਨਹੀਂ ਜਿਹੜਾ ਐਡੀਸ਼ਨਲ ਡੀ. ਜੀ.ਪੀ. ਵਾਲਾ ਸੀ ? ਇਸ ਕਰਕੇ ਮੈਂ ਇਨ੍ਹਾਂ ਗੱਲਾਂ ਬਾਰੇ ਜਾਣਨਾ ਚਾਹੁੰਦੀ ਹਾਂ । ਮੈਂ ਕੋਈ ਪੱਖਪਾਤ ਦੀ ਗੱਲ ਨਹੀਂ ਕਰਦੀ ਲੇਕਿਨ ਜੇਕਰ ਠੀਕ ਭਾਵਨਾ ਨਾਲ ਮੇਰਾ ਛੇਤੀ ਕੇਸ ਭੇਜਣਾ ਗੁਨਾਹ ਹੈ, ਤਾਂ ਦੂਜੇ ਬਾਰੇ ਆਪਾਂ ਕੀ ਕਹੀਏ ? ਦੂਜੀ ਗੱਲ ਹੈ ਕਿ ਉਸ ਦਾ ਨਾਮ ਵਾਪਸ ਲਿਆ ਗਿਆ ਹੈ ਜਾਂ ਨਹੀਂ ? ਤੀਜੀ ਇਹ ਹੈ ਕਿ ਕਿਸ ਦਾ ਪ੍ਰੈਸ਼ਰ ਸੀ, ਜੇ ਆਪਾਂ ਟੱਕ ਨਾ ਲਾਉਣ ਦੀ ਗੱਲ ਕਰਦੇ ਹਾਂ, ਤਾਂ ਐਗਰੀਮੈਂਟ ਕਿਉਂ ਕੀਤਾ । ਇਹ ਦੋ ਤਿੰਨ ਗੱਲਾਂ ਬਾਰੇ ਮੈਂ ਬੇਨਤੀ ਕਰਦੀ ਹਾਂ । ਭਾਵੇਂ ਹੋਰ ਵੀ ਕਈ ਗੱਲਾਂ ਤੇ ਮੱਤ ਭੇਦ ਹਨ ਲੇਕਿਨ ਕਿਉਂਕਿ ਵਾਜਬ ਸਮਾਂ ਨਹੀਂ ਹੈ, ਇਸ ਲਈ ਮੈਂ ਉਨ੍ਹਾਂ ਬਾਰੇ ਗੱਲ ਨਹੀਂ ਕਰਦੀ । ਮੈਂ ਡਿਵੈਲਪਮੈਂਟ ਦੇ ਪ੍ਰੋਗਰਾਮਾਂ ਦੀ ਸ਼ਲਾਘਾ ਕਰਦੀ ਹਾਂ ਅਤੇ ਜਿਹੜੀਆਂ ਬਾਕੀ ਗੱਲਾਂ ਹਨ, ਉਨ੍ਹਾਂ ਤੇ ਕਿਸੇ ਹੋਰ ਵਕਤ ਮੈਂ ਆਪਣੇ ਵਿਚਾਰ ਰੱਖਾਂਗੀ । ਅੱਜ ਮੈਂ ਕੇਵਲ ਇਨ੍ਹਾਂ ਤਿੰਨਾਂ ਗੱਲਾਂ ਬਾਰੇ ਕਲੈਰੀਫਿਕੇਸ਼ਨ ਚਾਹੁੰਦੀ ਹਾਂ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਲੀਡਰ ਆਫ਼ ਦੀ ਆਪੋਜ਼ੀਸ਼ਨ ਦਾ ਧੰਨਵਾਦੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹਾਂ । ਇੱਕ ਮੈਂ ਗਲਤੀ ਕਰ ਗਿਆ ਹਾਂ, ਜਿਸ ਦੇ ਲਈ ਮੈਂ ਬਹੁਤ ਪਛਤਾਉਂਦਾ ਹਾਂ । ਮੇਰੇ ਦਿਲ ਵਿੱਚ, ਲੀਡਰ ਆਫ ਦੀ ਆਪੋਜੀਸ਼ਨ ਕੋਈ ਵੀ ਹੋਣ, ਉਨ੍ਹਾਂ ਦੇ ਲਈ ਸਤਿਕਾਰ ਹੈ ਔਰ ਸਤਿਕਾਰ ਕਰਨਾ ਵੀ ਚਾਹੀਦਾ ਹੈ । ਮੈਂ ਇਸ ਗੱਲ ਲਈ ਇਨ੍ਹਾਂ ਤੋਂ ਖ਼ਿਮਾ ਮੰਗਦਾ ਹਾਂ ਕਿ ਜਿਸ ਦਿਨ ਇਨ੍ਹਾਂ ਨੇ ਬੋਲਣਾ ਸੀ, ਮੈਨੂੰ ਇਸ ਚੀਜ਼ ਦਾ ਪਹਿਲਾਂ ਪਤਾ ਨਹੀਂ ਲੱਗਿਆ । ਮੇਰਾ ਖਿਆਲ ਸੀ ਕਿ ਇਨ੍ਹਾਂ ਨੇ ਅੱਜ ਬੋਲਣਾ ਹੈ । ਮੈਂ ਸਮਝਿਆ ਸੀ ਕਿ ਅੱਜ ਦੋ ਕੁ ਸਪੀਕਰ ਹੋਣਗੇ, ਪਹਿਲਾਂ ਬੀਬੀ ਜੀ ਬੋਲ ਲੈਣਗੇ, ਫਿਰ ਮੈਂ ਬੋਲ ਲਵਾਂਗਾ । ਲੇਕਿਨ ਮੈਨੂੰ ਬਿਲਕੁਲ ਪਤਾ ਨਹੀਂ ਸੀ ਕਿ ਇਨ੍ਹਾਂ ਨੇ ਬੋਲਣਾ ਹੈ । ਇੰਟਰਨੈਸ਼ਨਲ ਡੈਲੀਗੇਸ਼ਨ ਆਇਆ ਸੀ, ਇਸ ਕਰਕੇ ਮੈਂ ਮਨਿਸਟਰਾਂ ਦੀ ਡਿਊਟੀ ਲਾ ਗਿਆ । ਮੈਂ ਆਪਣੇ ਮਨਿਸਟਰ ਦੀ ਡਿਊਟੀ ਲਗਾ ਗਿਆ ਸੀ ਕਿ ਤੁਸੀਂ ਨੋਟ ਕਰ ਲੈਣਾ, ਮੈਂ ਉੱਤਰ ਦੇ ਦਿਆਂਗਾ, ਲੇਕਿਨ ਮੇਰੇ ਮਨ ਤੇ ਬਹੁਤ ਬੋਝ ਸੀ ਕਿ ਲੀਡਰ ਆਫ ਦੀ ਆਪੋਜੀਸ਼ਨ ਨੇ ਬੋਲਣਾ ਸੀ ਅਤੇ ਮੈਂ ਇਥੇ ਹਾਜ਼ਰ ਨਹੀਂ ਸੀ । ਇਹ ਇਕ ਪੁਲੀਟੀਕਲੀ ਬਹੁਤ ਵੱਡੀ ਗਲਤ ਗੱਲ ਸੀ । ਸਪੀਕਰ ਸਾਹਿਬ, ਜਿਹੜੀ ਮੇਰੀ ਗਲਤੀ ਹੋਵੇ, ਉਸ ਲਈ ਮੈਂ ਕਦੇ ਨਹੀਂ ਅੜਿਆ । ਸੌਰੀ ਬੀਬੀ ਜੀ, ਮੈਂ ਭੁੱਲ ਗਿਆ । ਦੂਜਾ ਆਲ ਪਾਰਟੀ ਮੀਟਿੰਗ ਬਾਰੇ ਇਨ੍ਹਾਂ ਨੇ ਕਿਹਾ ਹੈ । ਬੀਬੀ ਜੀ,ਜਦੋਂ ਵੀ ਤੁਹਾਨੂੰ ਫੁਰਸਤ ਹੋਵੇ, ਮੇਰੀ ਫੁਰਸਤ ਛੱਡੋ, ਮੈਨੂੰ ਸੱਦ ਲਓ, ਆਲ ਪਾਰਟੀ ਮੀਟਿੰਗ ਵਿਚ ਮੈਂ ਆਵਾਂਗਾ । (ਥੰਪਿੰਗ) ਪਹਿਲਾਂ ਤੁਸੀਂ ਇਹ ਗੱਲ ਕਦੇ ਨਹੀਂ ਕੀਤੀ ਅਤੇ ਤੁਸੀਂ ਸਾਨੂੰ ਕਦੇ ਸੱਦਿਆ ਨਹੀਂ, ਪਰ ਕੋਈ ਗੱਲ ਨਹੀਂ. ਮੈਂ ਆਵਾਂਗਾ ਤੁਹਾਡੀ ਕੋਠੀ, ਤੁਸੀਂ ਮੀਟਿੰਗ ਸੱਦ ਲਓ, ਮੈਂ ਆਵਾਂਗਾ ਆਲ ਪਾਰਟੀ ਮੀਟਿੰਗ ਅਟੈਂਡ ਕਰਨ ਵਾਸਤੇ । ਮੇਰੇ ਦਿਲ ਵਿਚ ਐਸੀ ਕੋਈ ਗੱਲ ਨਹੀਂ ਹੈ । ਮੈਂ ਐਮ.ਐਲ.ਏ. ਸਾਹਿਬਾਨ ਨੂੰ ਵੀ ਦਸਦਾ ਹਾਂ, ਇਹ ਬਹੁਤ ਛੋਟੀਆਂ ਗੱਲਾਂ ਹਨ । ਮੈਨੂੰ ਸੱਦੋਗੇ, ਮੈਂ ਆਵਾਂਗਾ । ਤੁਸੀਂ ਬੁਲਾਉਗੇ, ਮੈਂ ਹਾਜ਼ਰ ਹੋਵਾਂਗਾ ।

ਸਪੀਕਰ ਸਾਹਿਬ, ਦੂਸਰੀ ਬੀਬੀ ਜੀ ਨੇ 2 ਕਰੋੜ ਰੁਪਏ ਬਾਰੇ ਗੱਲ ਕਲ੍ਹ ਕਹੀ ਸੀ । ਸਪੀਕਰ ਸਾਹਿਬ, ਜੋ ਸਚਾਈ ਹੈ, ਉਹ ਮੈਂ ਦੱਸ ਦਿੱਤੀ ਹੈ । ਬਾਕੀ ਮੈਨੂੰ ਕੋਈ ਨਹੀਂ ਪਤਾ। ਮੇਰੇ ਕੋਲ ਜੋ ਸੀ, ਮੈਂ ਪੇਸ਼ ਕੀਤਾ ਹੈ । ਤੁਹਾਡੇ ਕੋਲ ਜੇ ਕੁਝ ਹੈ ਤਾਂ ਤੁਸੀਂ ਵੀ ਦੱਸ ਦਿਉ । ਬਾਕੀ ਇਹ ਸਿਆਸੀ ਗੱਲਾਂ ਬਣੀ ਹੀ ਜਾਣੀਆਂ ਹਨ । ਬਾਕੀ ਜਿਵੇਂ ਇਹ ਕਹਿੰਦੇ ਹਨ, ਮੈਂ 2 ਕਰੋੜ ਰੁਪਿਆ ਲਿਆ ਤਾਂ ਮੈਂ ਕੋਈ ਜੇਬ ਵਿਚ ਤਾਂ ਪਾ ਨਹੀਂ ਲਿਆ । ਮੈਂ ਚਿੱਠੀ ਦਿਖਾ ਦਿੱਤੀ ਹੈ । ਤੁਹਾਡੇ ਕੋਲ ਤਾਂ ਮੇਰੇ ਨਾਲੋਂ ਵੱਧ ਸਮਾਂ ਸਰਕਾਰ ਰਹੀ ਹੈ । ਅੱਜ ਮੈਂ ਇਸ ਹਾਊਸ ਵਿਚ ਕਹਿਣਾ ਚਾਹੁੰਦਾ ਹਾਂ ਕਿ ਪੁਰਾਣੀਆਂ ਗੱਲਾਂ ਨਾ ਹੀ ਛੇੜੀਆਂ ਜਾਣ । ਕੀ ਫਾਇਦਾ ਹੈ ? ਜੇ ਐਸ.ਵਾਈ.ਐਲ. ਅਸੀਂ ਹੀ ਬਣਾਉਣੀ ਹੁੰਦੀ ਤਾਂ ਅਸੀਂ ਸੁਪਰੀਮ ਕੋਰਟ ਵਿਚ ਕਿਉਂ ਜਾਂਦੇ, ਜੇਲ੍ਹਾਂ ਵਿਚ ਕਿਉਂ ਜਾਂਦੇ। ਤੁਸੀਂ ਤਾਂ ਆਪਣੇ ਪਰਿਵਾਰ ਬਾਰੇ ਕਹਿੰਦੇ ਹੋ ਕਿ ਜੇਲ੍ਹਾਂ ਕੱਟੀਆਂ ਹਨ । ਮੈਂ ਆਪ 15-15 ਸਾਲ, ਮੈਂ ਖੁਦ 17 ਸਾਲ ਜੇਲ੍ਹਾਂ ਵਿਚ ਰਿਹਾ ਹਾਂ । ਤੁਸੀਂ ਸਾਰਿਆਂ ਨੇ ਭੇਜਿਆ ਹੈ । (ਥੰਪਿੰਗ) ਪਰ ਮੈਨੂੰ ਕੋਈ ਇਸ ਗੱਲ ਦਾ ਗਿਲਾ ਨਹੀਂ । ਮੈਂ ਜੇਲ੍ਹਾਂ ਵਿਚ ਦੇਸ਼ ਵਾਸਤੇ ਗਿਆ ਹਾਂ, ਪੰਜਾਬ ਵਾਸਤੇ ਗਿਆ ਹਾਂ ।

ਸਪੀਕਰ ਸਾਹਿਬ, ਅੱਗੇ ਇਨ੍ਹਾਂ ਨੇ ਕਿਹਾ ਹੈ ਕਿ ਤੁਸੀਂ ਸੀ.ਬੀ.ਆਈ. ਤੋਂ ਕੇਸ ਵਾਪਿਸ ਲੈ ਕੇ

Original with;
Punjab Vidhan Sabha
Digitized by;
Panjab Digital Library

ਕਾਹਲੀ ਕੀਤੀ ਹੈ । ਪਰ ਬੀਬੀ ਜੋ ਗਲਤ ਕੰਮ ਨੂੰ ਠੀਕ ਕਰਨ ਵਾਸਤੇ ਤਾਂ ਕਾਹਲੀ ਹੀ ਕਰਨੀ ਪੈਂਦੀ ਹੈ। ਤੁਸੀਂ ਗਲਤ ਕੰਮ ਕਰ ਗਏ । ਤੁਸੀਂ ਆਪ ਕਿਸੇ ਥਾਂ ਤੇ ਮੰਨਿਆ ਹੈ ਕਿ ਮੇਰੇ ਤੋਂ ਅਫਸਰਾਂ ਨੇ ਗਲਤੀ ਕਰਾ ਲਈ । ਹੁਣ ਤੁਸੀਂ ਇਹ ਗੱਲ ਇਥੇ ਨਹੀਂ ਮੰਨਣੀ ਕਿ ਇਹ ਤੁਹਾਡੇ ਕੋਲੋਂ ਗਲਤ ਗੱਲ ਹੋ ਗਈ ਹੈ ਜਿਹੜੀ ਕਿ ਤੁਹਾਨੂੰ ਕਰਨੀ ਨਹੀਂ ਸੀ ਚਾਹੀਦੀ । ਤੁਸੀਂ ਮਹਾਨ ਰੁਤਬੇ ਤੇ ਸੀ । ਤੁਹਾਡੀ ਬੜੀ ਉਚੀ ਪੁਜ਼ੀਸ਼ਨ ਸੀ । ਤੁਸੀਂ ਚੀਫ ਮਨਿਸਟਰ ਦੇ ਅਹੁਦੇ ਤੇ ਸੀ ਅਤੇ ਹੁਣ ਵੀ ਲੀਡਰ ਆਫ ਦੀ ਆਪੋਜ਼ੀਸ਼ਨ ਹੋ । ਪਰ ਮੈਂ ਇਹੀ ਕਹਾਂਗਾ ਕਿ ਅਫਸਰਾਂ ਦੇ ਆਖੇ ਇਹੋ ਜਿਹੀ ਗਲਤੀ ਕਦੇ ਨਾ ਕਰਨਾ । ਇਹ ਦੂਜੇ ਨੂੰ ਫਸਾ ਦਿੰਦੇ ਹਨ । ਇਨ੍ਹਾਂ ਦਾ ਕੁਝ ਨਹੀਂ ਜਾਂਦਾ ਪਰ ਟਕਰਾਉ ਸਾਡੇ ਵਿਚ ਕਰਾ ਦੇਂਦੇ ਹਨ । ਸਪੀਕਰ ਸਾਹਿਬ, ਜਿਹੜੀਆਂ ਤਿੰਨ ਗੱਲਾਂ ਬੀਬੀ ਜੀ ਨੇ ਪੁੱਛੀਆਂ ਹਨ, ਉਹ ਮੈਂ ਦੱਸ ਦਿੱਤੀਆਂ ਹਨ । ਬਾਕੀ ਮੈਨੂੰ ਹੁਕਮ ਕਰੋ, ਮੈਂ ਤੁਹਾਡੇ ਦਰਾਂ ਤੇ, ਦਰਵਾਜ਼ੇ ਤੇ ਖੜ੍ਹਣ ਨੂੰ ਤਿਆਰ ਹਾਂ । ਮੈਂ ਇਹੀ ਕਹਾਂਗਾ ਕਿ ਤੁਸੀਂ ਸਾਨੂੰ ਸਹਿਯੋਗ ਦਿਉ, ਮਦਦ ਦਿਉ, ਛੱਡੋ ਪੁਰਾਣੀਆਂ ਗੱਲਾਂ ਨੂੰ ।

**ਸ੍ਰੀ ਸਪੀਕਰ:** ਅਰਸ਼ੀ ਜੀ, ਤੁਹਾਡੇ ਵੱਲੋਂ 6 ਅਮੈਂਡਮੈਂਟਾਂ ਆਈਆਂ ਹਨ । ਕੀ ਉਹ ਟੇਕ-ਅੱਪ ਕਰਨੀਆਂ ਹਨ ਜਾਂ ਤੁਸੀਂ ਵਿਦਡਰਾਅ ਕਰਨੀਆਂ ਹਨ ?

**ਕਾਮਰੇਡ ਹਰਦੇਵ ਅਰਸ਼ੀ:** ਮੈਂ ਸਟਰੈੱਸ ਤਾਂ ਜ਼ਰੂਰ ਕਰਾਂਗਾ ਜੀ । ਬਾਕੀ ਭਾਸ਼ਣ ਕੋਈ ਨਹੀਂ ਹੋਵੇਗਾ ਤੇ ਇਕੱਲੀ ਇਕੱਲੀ ਵੀ ਪੇਸ਼ ਕਰਨ ਦੀ ਕੋਈ ਜ਼ਰੂਰਤ ਨਹੀਂ । ਸਾਰੀਆਂ ਇਕੱਠੀਆਂ ਹੀ ਇਕੋ ਵਾਰੀ ਪੇਸ਼ ਹੋ ਜਾਣ, ਇਕੱਲੀ ਇਕੱਲੀ ਦੀ ਜ਼ਰੂਰਤ ਨਹੀਂ ।

**ਸ੍ਰੀ ਸਪੀਕਰ:** ਜਾਂ ਤਾਂ ਤੁਸੀਂ ਵਿਦਡਰਾਅ ਕਰੋ, ਨਹੀਂ ਤਾਂ ਮੈਨੂੰ ਵਨ-ਬਾਈ-ਵਨ ਪੇਸ਼ ਕਰਨੀਆਂ ਪੈਣੀਆਂ ਹਨ ।

**ਕਾਮਰੇਡ ਹਰਦੇਵ ਅਰਸ਼ੀ:** ਪਿਛੇ ਇਕੱਠੀਆਂ ਪੇਸ਼ ਕਰਦੇ ਰਹੇ ਹਨ ਜੀ । ਪਿਛਲਾ ਪ੍ਰੋਸੀਜ਼ਰ ਇਹੀ ਰਿਹਾ ਹੈ ਜੀ । ਹਾਊਸ ਵਿਚ ਸਰਕੂਲੇਟ ਹੋ ਗਈਆਂ ਹਨ, ਤੁਸੀਂ ਹੁਣ ਸਿਰਫ ਨੰਬਰ ਦੱਸ ਦਿਉ।

**ਸੰਸਦੀ ਮਾਮਲਿਆਂ ਦੇ ਮੰਤਰੀ:** ਸਪੀਕਰ ਸਾਹਿਬ, ਇਕੱਠੀਆਂ ਹੀ ਪੁੱਟ ਕਰ ਦਿਉ ।

**ਸ੍ਰੀ ਸਪੀਕਰ:** ਇਸ ਤੋਂ ਪਹਿਲਾਂ ਕਿ ਗਵਰਨਰ ਸਾਹਿਬ ਦੇ ਭਾਸ਼ਣ ਤੇ ਧੰਨਵਾਦ ਦਾ ਮਤਾ ਪੇਸ਼ ਕੀਤਾ ਜਾਵੇ, ਮੈਂ ਸੀ. ਪੀ. ਆਈ. ਦੇ ਦੋ ਮਾਨਯੋਗ ਮੈਂਬਰਾਂ ਵੱਲੋਂ ਜੋ 6 ਅਮੈਂਡਮੈਂਟਾਂ ਆਈਆਂ ਹਨ, ਉਨ੍ਹਾਂ ਨੂੰ ਡਿਸੀਜ਼ਨ ਅਨੁਸਾਰ ਇਕੋ ਵਾਰੀ ਪੇਸ਼ ਕਰਦਾ ਹਾਂ । 6 ਅਮੈਂਡਮੈਂਟਾਂ ਜਿਹੜੀਆਂ ਹਨ . . . .

Original with;
Punjab Vidhan Sabha
Digitized by;
Panjab Digital Library

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਸਪੀਕਰ ਸਾਹਿਬ, ਤੁਹਾਡੀ ਆਵਾਜ਼ ਇਥੇ ਨਹੀਂ ਆਉਂਦੀ ।

**ਸ੍ਰੀ ਸਪੀਕਰ**: ਸੀ. ਪੀ. ਆਈ. ਦੇ ਮੈਂਬਰਜ਼ ਸ੍ਰੀ ਅਰਸ਼ੀ ਜੀ ਅਤੇ ਉਨ੍ਹਾਂ ਦੇ ਦੂਸਰੇ ਸਾਥੀ ਵੱਲੋਂ 6 ਅਮੈਂਡਮੈਂਟਾਂ ਆਈਆਂ ਹਨ । ਬਜਾਏ ਅਸੀਂ ਉਹ ਵਨ-ਬਾਈ-ਵਨ ਪੇਸ਼ ਕਰਦੇ, ਬਹਿਸ ਕਰਦੇ ਜਾਂ ਹੋਰ, ਉਨ੍ਹਾਂ ਕਿਹਾ ਹੈ ਕਿ ਅਸੀਂ 6 ਇਕੱਠੀਆਂ ਹੀ ਟੇਕ-ਅੱਪ ਕਰ ਲਈਏ । ਕੀ ਤੁਸੀਂ ਸਾਰੇ ਇਸ ਨਾਲ ਸਹਿਮਤ ਹੋ ?

**ਆਵਾਜ਼ਾਂ**: ਹਾਂ ਜੀ, ਹਾਂ ਜੀ ।

**ਸੰਸਦੀ ਮਾਮਲਿਆਂ ਦੇ ਮੰਤਰੀ**: ਹਾਊਸ ਇਸ ਗੱਲ ਤੇ ਐਗਰੀ ਕਰਦਾ ਹੈ ਜੀ ।

**Mr. Speaker** : Question is—

(1) ਕਿ ਪ੍ਰਸਤਾਵ ਵਿਚ ਅੰਤ ਤੇ ਨਿਮਨਲਿਖਤ ਜੋੜ ਦਿੱਤਾ ਜਾਵੇ, ਅਰਥਾਤ: —

"ਕਿ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਭਾਸ਼ਣ ਵਿਚ ਔਰਤਾਂ ਦੀ ਭਲਾਈ ਅਤੇ ਸਰਕਾਰੀ ਫੈਕਟਰੀਆਂ ਵਿਚ ਇਸਤ੍ਰੀਆਂ ਲਈ 33% ਵਿਸ਼ੇਸ਼ ਰਾਖਵੇਂ ਕੋਟੇ ਦੇ ਉਪਬੰਧ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ ।"

(2) ਕਿ ਪ੍ਰਸਤਾਵ ਵਿਚ ਅੰਤ ਤੇ ਨਿਮਨਲਿਖਤ ਜੋੜ ਦਿੱਤਾ ਜਾਵੇ, ਅਰਥਾਤ:—

"ਕਿ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਭਾਸ਼ਣ ਵਿਚ ਖੇਤ ਮਜ਼ਦੂਰਾਂ ਦੀ ਭਲਾਈ ਸਬੰਧੀ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ ।"

(3) ਕਿ ਪ੍ਰਸਤਾਵ ਵਿਚ ਅੰਤ ਤੇ ਨਿਮਨਲਿਖਤ ਜੋੜ ਦਿੱਤਾ ਜਾਵੇ, ਅਰਥਾਤ :—

"ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜਪਾਲ ਦੇ ਭਾਸ਼ਣ ਵਿਚ ਅੱਤਵਾਦ ਦੇ ਕਾਰਨਾ ਦੀ ਜਾਂਚ ਲਈ ਨਿਆਂਇਕ ਅਧਿਕਾਰਾਂ ਵਾਲਾ ਕਮਿਸ਼ਨ ਸਥਾਪਿਤ ਕਰਨ ਸਬੰਧੀ ਕੋਈ ਜ਼ਿਕਰ ਨਹੀਂ ਹੈ ।"

(4) ਕਿ ਪ੍ਰਸਤਾਵ ਵਿਚ, ਅੰਤ ਤੇ ਹੇਠ ਲਿਖਿਆ ਜੋੜ ਦਿੱਤਾ ਜਾਵੇ, ਅਰਥਾਤ: —

"ਸਦਨ ਖੇਦ ਪ੍ਰਗਟ ਕਰਦਾ ਹੈ ਕਿ ਭਾਸ਼ਣ ਵਿਚ ਸਰਕਾਰੀ ਕਰਮਚਾਰੀਆਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ ।"

Original with;
Punjab Vidhan Sabha
Digitized by;
Panjab Digital Library

(5) ਕਿ ਪ੍ਰਸਤਾਵ ਵਿਚ ਅੰਤ ਤੇ ਨਿਮਨਲਿਖਤ ਜੋੜ ਦਿੱਤਾ ਜਾਵੇ, ਅਰਥਾਤ :—

"ਸਦਨ ਖੇਦ ਪ੍ਰਗਟ ਕਰਦਾ ਹੈ ਕਿ ਭਾਸ਼ਣ ਵਿਚ ਗ਼ੈਰ-ਤਸੱਲੀਬਖ਼ਸ਼ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ।"

(6) ਕਿ ਪ੍ਰਸਤਾਵ ਵਿਚ ਅੰਤ ਤੇ ਹੇਠ ਲਿਖਿਆ ਜੋੜ ਦਿੱਤਾ ਜਾਵੇ, ਅਰਥਾਤ :—

"ਸਦਨ ਖੇਦ ਪ੍ਰਗਟ ਕਰਦਾ ਹੈ ਕਿ ਭਾਸ਼ਣ ਵਿਚ ਅੱਤਵਾਦੀਆਂ ਦੁਆਰਾ ਸ਼ਿਕਾਰ ਹੋਏ ਪਰਿਵਾਰਾਂ ਦੀਆਂ ਨਾ ਨਿਪਟਾਈਆਂ ਗਈਆਂ ਸਮੱਸਿਆਵਾਂ ਸਬੰਧੀ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ।"

*The motion was lost.*

**Mr. Speaker**: Question is—

"ਕਿ ਰਾਜਪਾਲ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ: —

"ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਉਸ ਭਾਸ਼ਣ ਲਈ ਰਾਜਪਾਲ ਦੇ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 5 ਮਾਰਚ, 1997, ਨੂੰ ਸਦਨ ਵਿਚ ਦੇਣ ਦੀ ਕਿਰਪਾਲਤਾ ਕੀਤੀ।"

*The motion was carried unanimously.*

**ਸ਼੍ਰੀ ਸਪੀਕਰ**: ਹੁਣ ਸਦਨ ਮੰਗਲਵਾਰ, 18 ਮਾਰਚ, 1997 ਨੂੰ ਬਾਅਦ ਦੁਪਹਿਰ 2-00 ਵਜੇ ਤੱਕ ਸਥੱਗਿਤ ਕੀਤਾ ਜਾਂਦਾ ਹੈ।

| | |
|---|---|
| *2.42 ਬਾਅਦ ਦੁਪਹਿਰ | (ਇਸ ਉਪਰੰਤ ਸਦਨ ਮੰਗਲਵਾਰ, 18 ਮਾਰਚ, 1997 ਦੇ 2-00 ਵਜੇ ਬਾਅਦ ਦੁਪਹਿਰ ਤੱਕ *ਸਥੱਗਿਤ ਹੋ ਗਿਆ।) |

— 0 —

123—26-6-97—305—ਪੰਜਾਬ ਸਰਕਾਰੀ ਪ੍ਰੈਸ, ਪਟਿਆਲਾ।
51X66/10.1 kg. Offset Paper

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

© 1997

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*18th March, 1997*

Vol. I—No. 8

OFFICIAL REPORT

CONTENTS

*Tuesday, the 18th March, 1997*


| | | PAGE |
|---|---|---|
| Obituary References | .. | (8) 1 |
| Postponed Starred Question and Answer | .. | (8) 8 |
| Starred Questions and Answers | .. | (8) 11 |
| Written Answers to Starred Questions laid on the Table of the House Under Rule 38 | .. | (8) 44 |
| Unstarred Questions and Answers | .. | (8) 47 |
| Point of Order Re. Enquiry Relating to the death of Kashmir Singh and Clarification thereon by the Chief Minister. | .. | (8) 51 |



**Punjab Vidhan Sabha Secretariat, Chandigarh.**

Price : Rs...........



Original with;
Punjab Vidhan Sabha
Digitized by;
Panjab Digital Library

| | | PAGE |
|---|---|---|
| Announcement by the Speaker | .. | (8) 55 |
| Papers laid on the Table | .. | (8) 55 |
| FINANCIAL BUSINESS | | |
| Presentation of Supplementary Demands for Grants for Expenditure of the Government of Punjab for the year 1996-97. | .. | (8) 56 |
| Supplementary Demands for Grants for Expenditure of the Government of Punjab for the year 1996-97 | .. | (8) 56 |
| (i) Discussion on the Estimates of the Expenditure Charged on Revenue of the State | .. | (8) 56 |
| (ii) Discussion and Voting on Demands for Supplementary Grants | .. | (8) 56 |
| LEGISLATIVE BUSINESS | | |
| **Bill** | | |
| The Punjab Appropriation (No. 1)—,1997 | .. | (8) 66 |

—0—

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Tuesday, the 18th March, 1997*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.00 P.M. Mr. Speaker (Sardar Charnjit Singh Atwal) in the Chair.*

---

## OBITUARY REFERENCES

**ਸ਼੍ਰੀ ਸਪੀਕਰ** : ਸਭ ਤੋਂ ਪਹਿਲਾਂ ਓਬਿਚਰੀ ਰੈਫਰੈਂਸਿਜ਼ । ਬਾਦਲ ਸਾਹਿਬ ।

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਕੁਝ ਦਿਨ ਪਹਿਲਾਂ ਜਲੰਧਰ ਵਿਚ ਹੋਏ ਬੰਬ ਧਮਾਕੇ ਉਤੇ ਆਪਣੇ ਅਤੇ ਸਮੂਹ ਪੰਜਾਬੀਆਂ ਵੱਲੋਂ ਗਹਿਰੇ ਸਦਮੇ ਅਤੇ ਭਰਪੂਰ ਹਮਦਰਦੀ ਦਾ ਪ੍ਰਗਟਾਵਾ ਕਰਨ ਲਈ ਖੜ੍ਹਾ ਹੋਇਆ ਹਾਂ । ਇਸ ਬੇਹੱਦ ਦਰਦਨਾਕ ਅਤੇ ਅਣ-ਮਨੁੱਖੀ ਘਟਨਾ ਵਿਚ ਜੋ ਮਾਸੂਮ ਜਿੰਦਾਂ ਸ਼ਹੀਦ ਹੋ ਗਈਆਂ ਹਨ, ਮੇਰਾ ਮਨ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਅਕਹਿ ਦਰਦ ਨਾਲ ਭਰਿਆ ਪਿਆ ਹੈ । ਇਹ ਘਟਨਾ ਮਨੁੱਖਤਾ ਵਿਰੁੱਧ ਘੋਰ ਅਪਰਾਧ ਵੀ ਹੈ ਅਤੇ ਪੰਜਾਬੀਆਂ ਦੇ ਆਪਸੀ ਪਿਆਰ, ਭਾਈਚਾਰਕ ਸਾਂਝ, ਏਕਤਾ ਅਤੇ ਅਮਨ ਵਿਰੁੱਧ ਗਹਿਰੀ ਸਾਜਿਸ਼ ਵੀ ਹੈ। ਮੈਂ ਸਮੁੱਚੇ ਹਾਊਸ ਅਤੇ ਸਮੂਹ ਪੰਜਾਬੀਆਂ ਵੱਲੋਂ ਵਿਛੜੀਆਂ ਰੂਹਾਂ ਨੂੰ ਭਰਪੂਰ ਸ਼ਰਧਾਂਜਲੀ ਭੇਂਟ ਕਰਦਾ ਹਾਂ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਦੁਖੀ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ । ਇਸ ਅਕਹਿ ਦੁੱਖ ਦੇ ਸਮੇਂ ਸਾਰਾ ਪੰਜਾਬ ਉਨ੍ਹਾਂ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ। ਇਹ ਮਾਸੂਮ ਜਿੰਦਾਂ ਦੀ ਕੁਰਬਾਨੀ ਅਜਾਈਂ ਨਾ ਜਾਏ, ਇਸ ਵਾਸਤੇ ਅਸੀਂ ਸਭ ਜਿੱਥੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਨ ਕਰਦੇ ਹਾਂ, ਉਥੇ ਹਰ ਕੀਮਤ ਉਤੇ ਪੰਜਾਬੀ ਏਕਤਾ ਅਤੇ ਅਮਨ ਬਣਾਈ ਰੱਖਣ ਲਈ ਆਪਣੀ ਵਚਨ-ਬੱਧਤਾ ਨੂੰ ਮੁੜ ਦੁਹਰਾਉਂਦੇ ਹਾਂ । ਜੋ ਵਿਅਕਤੀ ਇਸ ਘਟਨਾ ਵਿੱਚ ਜ਼ਖਮੀ ਹੋਏ ਹਨ, ਮੈਂ ਉਨ੍ਹਾਂ ਨਾਲ ਵੀ ਤਹਿ-ਦਿਲੋਂ ਹਮਦਰਦੀ ਪ੍ਰਗਟ ਕਰਦਾ ਹਾਂ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਮਦਦ ਦਾ ਯਕੀਨ ਵੀ ਦਿਵਾਉਂਦਾ ਹਾਂ । ਇਸ ਘਟਨਾ ਬਾਰੇ ਮੈਂ ਸੰਖੇਪ ਜਾਣਕਾਰੀ ਇਸ ਹਾਊਸ ਨੂੰ ਦੇਣੀ ਚਾਹੁੰਦਾ ਹਾਂ । ਇਹ ਧਮਾਕਾ 14 ਮਾਰਚ, 1997 ਨੂੰ ਦੁਪਹਿਰ ਦੇ 1-00 ਵਜੇ ਦੇ ਕਰੀਬ ਜਲੰਧਰ ਰੇਲਵੇ ਸਟੇਸ਼ਨ ਦੇ ਬਾਹਰ ਕਾਰਾਂ, ਰਿਕਸ਼ੇ ਖੜ੍ਹੇ ਕਰਨ ਵਾਲੀ ਜਗ੍ਹਾ ਤੇ ਹੋਇਆ ਜਦੋਂ ਕਿ ਅੰਮ੍ਰਿਤਸਰ ਜਾਣ ਵਾਲੀ ਸ਼ਾਨੇ-ਪੰਜਾਬ ਰੇਲ ਗੱਡੀ ਅਜੇ ਚੱਲੀ ਹੀ ਸੀ ਅਤੇ ਫਲਾਇੰਗ-ਮੇਲ ਪਹੁੰਚਣ ਵਾਲੀ ਸੀ । ਧਮਾਕੇ ਵਾਲੀ ਥਾਂ ਤੇ ਉਸ ਸਮੇਂ ਸੁਰੱਖਿਆ ਬਲ ਦੀ ਇਕ ਜਿਪਸੀ ਅਤੇ 7-8 ਰਿਕਸ਼ੇ ਖੜ੍ਹੇ ਸਨ । ਉਸ ਧਮਾਕੇ ਵਿਚ 7 ਮਾਸੂਮ ਸ਼ਹੀਦ ਹੋਏ ਅਤੇ 12 ਹੋਰ ਜ਼ਖਮੀ ਹੋਏ । ਮੁੱਢਲੀ ਪੜਤਾਲ ਅਨੁਸਾਰ ਇਹ ਧਮਾਕਾ ਦੇਸੀ ਬੰਬ ਨਾਲ ਕੀਤਾ ਗਿਆ ਜਿਸ ਨੂੰ ਕਿ ਕਮਲੇਸ਼ ਚੌਧਰੀ ਨਾਂ ਦੇ ਵਿਅਕਤੀ ਨੇ ਇੱਕ ਥੈਲੇ ਵਿਚ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਚੁੱਕਿਆ ਹੋਇਆ ਸੀ । ਇਸ ਬਾਰੇ ਹੋਰ ਤਫਤੀਸ਼ ਜਾਰੀ ਹੈ । ਇਸ ਘਟਨਾ ਉਤੇ ਪ੍ਰਸ਼ਾਸਨ ਨੇ ਫੌਰੀ ਕਾਰਵਾਈ ਕੀਤੀ । ਡੀ.ਜੀ.ਪੀ., ਪੰਜਾਬ ਫੌਰਨ ਮੌਕੇ ਤੇ ਪਹੁੰਚੇ ਤੇ ਬਾਅਦ ਵਿੱਚ ਮੈਂ ਖੁਦ ਉਸ ਥਾਂ ਤੇ ਜਾ ਕੇ ਮੌਕੇ ਦਾ ਜਾਇਜ਼ਾ ਲਿਆ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਜ਼ਖ਼ਮੀ ਵਿਅਕਤੀਆਂ ਨੂੰ ਮਿਲ ਕੇ ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਹਰ ਸੰਭਵ ਮਦਦ ਦਾ ਵਿਸ਼ਵਾਸ ਦਿਵਾਇਆ । ਫੌਰੀ ਰਾਹਤ ਦੇ ਤੌਰ ਤੇ ਮ੍ਰਿਤਕਾਂ ਦੇ ਪਰਵਾਰਾਂ ਨੂੰ ਇਕ-ਇਕ ਲੱਖ ਰੁਪਏ ਅਤੇ ਜ਼ਖ਼ਮੀ ਵਿਅਕਤੀਆਂ ਨੂੰ ਪੱਚੀ-ਪੱਚੀ ਹਜ਼ਾਰ ਰੁਪਏ ਦਿੱਤੇ ਗਏ । ਸਪੀਕਰ ਸਾਹਿਬ, ਅਜਿਹੇ ਦੇਸੀ ਬੰਬ ਧਮਾਕੇ ਦਸੰਬਰ, ਜਨਵਰੀ ਅਤੇ ਫ਼ਰਵਰੀ ਵਿੱਚ ਦਿੱਲੀ ਅਤੇ ਹਰਿਆਣੇ ਦੀਆਂ ਕੁਝ ਥਾਵਾਂ ਤੇ ਵੀ ਹੋਏ । ਉਨ੍ਹਾਂ ਧਮਾਕਿਆਂ ਅਤੇ ਜਲੰਧਰ ਬੰਬ ਧਮਾਕੇ ਵਿੱਚ ਲਗਭਗ ਸਾਰੀਆਂ ਗੱਲਾਂ ਮਿਲਦੀਆਂ ਜੁਲਦੀਆਂ ਹਨ । ਅਜਿਹੇ ਦੇਸੀ ਬੰਬ ਦਸੰਬਰ, 1996 ਵਿੱਚ ਲੁਧਿਆਣਾ ਸਟੇਸ਼ਨ ਤੇ ਦੋ ਵਾਰ ਰੱਖੇ ਗਏ ਅਤੇ ਇਕ ਵਾਰ ਜਨਵਰੀ, 1997 ਵਿੱਚ ਵੀ ਰੱਖਿਆ ਗਿਆ ਪਰ ਖੁਸ਼ਕਿਸਮਤੀ ਨਾਲ ਇਨ੍ਹਾਂ ਦੀ ਪਹਿਲਾਂ ਸੂਹ ਮਿਲ ਜਾਣ ਕਾਰਨ ਧਮਾਕੇ ਹੋਣ ਤੋਂ ਪਹਿਲਾਂ ਹੀ ਬਚਾਓ ਕਰਨਾ ਸੰਭਵ ਹੋ ਗਿਆ । 18 ਦਸੰਬਰ, 1996 ਨੂੰ ਸੋਨੀਪਤ ਵਿਖੇ ਵੀ ਅਜਿਹੀ ਹੀ ਕਾਰਜ ਵਿਧੀ ਨਾਲ ਬੰਬ ਧਮਾਕਾ ਹੋਇਆ ਅਤੇ ਇਹੋ ਜਿਹੇ ਬੰਬ ਧਮਾਕੇ ਜਨਵਰੀ ਵਿੱਚ ਦਿੱਲੀ ਅਤੇ ਰੋਹਤਕ ਵਿੱਚ ਵੀ ਹੋਏ । ਇਨ੍ਹਾਂ ਦੇਸੀ ਬੰਬਾਂ ਵਿੱਚ ਵਰਤੀ ਗਈ ਧਮਾਕਾਖੇਜ਼ ਅਤੇ ਹੋਰ ਸਮੱਗਰੀ ਉਨ੍ਹਾਂ ਦੇ ਢੰਗ ਤਰੀਕੇ ਅਤੇ ਧਮਾਕਿਆਂ ਦੀਆਂ ਥਾਵਾਂ ਦੀ ਚੋਣ ਕਰਨ ਤੋਂ ਇਸ ਸੰਭਾਵਨਾ ਦਾ ਪਤਾ ਲਗਦਾ ਹੈ ਕਿ ਜਲੰਧਰ ਬੰਬ ਧਮਾਕੇ ਵਿਚ ਉਨ੍ਹਾਂ ਲੋਕਾਂ ਦਾ ਹੱਥ ਹੈ ਜਿਨ੍ਹਾਂ ਨੇ ਪਹਿਲਾਂ ਹਰਿਆਣਾ, ਦਿੱਲੀ ਅਤੇ ਪੰਜਾਬ ਵਿਚ ਵੱਖ ਵੱਖ ਥਾਵਾਂ ਤੇ ਅਜਿਹੇ ਬੰਬ ਧਮਾਕੇ ਕਰਵਾਏ । ਜਲੰਧਰ ਬੰਬ ਧਮਾਕਾ ਸਮੁੱਚੇ ਦੇਸ਼ ਅੰਦਰ ਗੜਬੜੀ ਪੈਦਾ ਕਰਨ ਦੀ ਇਕ ਵੱਡੀ ਸਾਜਿਸ਼ ਦਾ ਹਿੱਸਾ ਹੋ ਸਕਦਾ ਹੈ । ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਇਸ ਹਾਊਸ ਨੂੰ ਅਤੇ ਸਮੁੱਚੇ ਪੰਜਾਬੀਆਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰਕਾਰ ਪੰਜਾਬ ਵਿਚ ਮੁਕੰਮਲ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਹਰ ਕੀਮਤ ਤੇ ਬਣਾਈ ਰੱਖਣ ਲਈ ਦ੍ਰਿੜ ਸੰਕਲਪ ਹੈ । ਸੂਬੇ ਭਰ ਵਿੱਚ ਸੁਰੱਖਿਆ ਹੋਰ ਵਧਾ ਦਿੱਤੀ ਗਈ ਹੈ । ਮੈਂ ਇਸ ਹਾਊਸ ਵਿਚ ਅਤੇ ਸਮੁੱਚੇ ਪੰਜਾਬੀਆਂ ਨੂੰ ਉਨ੍ਹਾਂ ਤਾਕਤਾਂ ਵਿਰੁੱਧ ਸੁਚੇਤ ਵੀ ਕਰਦਾ ਹਾਂ ਜੋ ਕਿ ਪੰਜਾਬ ਵਿਚ ਪੈਦਾ ਹੋਏ ਅਮਨ, ਸਦਭਾਵਨਾ ਅਤੇ ਪੰਜਾਬੀ ਏਕਤਾ ਦੇ ਮਾਹੌਲ ਤੋਂ ਈਰਖਾ ਖਾਂਦੇ ਹਨ । ਅਸੀਂ ਸਾਰਿਆਂ ਨਾਲ ਸਖਤੀ ਨਾਲ ਨਿਪਟਣ ਅਤੇ ਉਨ੍ਹਾਂ ਦਾ ਪਰਦਾ ਫਾਸ਼ ਕਰਨ ਦਾ ਪੱਕਾ ਮਨ ਬਣਾਇਆ ਹੋਇਆ ਹੈ । ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਅਸੀਂ ਪੰਜਾਬੀਆਂ ਦੇ ਸਭ ਵਰਗਾਂ ਤੋਂ ਸਹਿਯੋਗ ਦੀ ਅਪੀਲ ਕਰਦੇ ਹਾਂ ਅਤੇ ਇਸ ਸਾਜਿਸ਼ ਵਿੱਚ ਪੇਸ਼ ਕੀਤੇ ਗਏ ਸਹਿਯੋਗ ਲਈ ਮੈਂ ਸਭਨਾਂ ਦਾ ਧੰਨਵਾਦ ਵੀ ਕਰਦਾ ਹਾਂ । ਪੂਰੇ ਸੂਬੇ ਵਿੱਚ ਏਕਤਾ ਅਤੇ ਅਮਨ ਬਣਾਈ ਰੱਖਣ ਦੀ ਆਪਣੀ ਜ਼ਿੰਮੇਵਾਰੀ ਪ੍ਰਤੀ ਅਸੀਂ ਹਰ ਵਕਤ ਸੁਚੇਤ ਹਾਂ ਅਤੇ ਇਸ ਉਤੇ ਪੂਰੀ ਵਚਨਬੱਧਤਾ ਨਾਲ ਪਹਿਰਾ ਦਿਆਂਗੇ । ਪੰਜਾਬੀ ਏਕਤਾ ਅਤੇ ਸੂਬੇ ਦੇ ਅਮਨ ਨੂੰ ਭੰਗ ਕਰਨ ਦੀਆਂ ਸਾਜ਼ਿਸ਼ਾਂ ਨਾਲ ਅਸੀਂ ਸਖਤੀ ਨਾਲ ਪੇਸ਼ ਆਵਾਂਗੇ ।

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਰਾਜਿੰਦਰ ਕੌਰ ਭੱਟਲ (ਲਹਿਰਾ) : ਸਪੀਕਰ ਸਾਹਿਬ, ਅੱਜ ਜਦੋਂ ਅਸੀਂ ਛੁੱਟੀਆਂ ਤੋਂ ਬਾਅਦ ਇਸ ਹਾਊਸ ਵਿਚ ਦੁਬਾਰਾ ਆਏ ਹਾਂ, ਇਕ ਬੜੀ ਮਾੜੀ ਘਟਨਾ ਜਲੰਧਰ ਵਿਚ ਵਾਪਰੀ ਹੈ ਅਤੇ ਇਸ ਘਟਨਾ ਦੇ ਨਾਲ ਇਕ ਵਾਰ ਫਿਰ ਸਾਰਾ ਪੰਜਾਬ ਹਿੱਲ ਗਿਆ ਹੈ । ਸਪੀਕਰ ਸਾਹਿਬ, ਮੈਂ ਔਰ ਮੇਰੀ ਪਾਰਟੀ ਦੇ ਸਾਥੀ ਜਿਹੜੇ ਜ਼ਖ਼ਮੀ ਹੋਏ ਸਨ ਅਤੇ ਜਿਹੜੇ ਮਾਰੇ ਗਏ ਸਨ, ਉਨ੍ਹਾਂ ਦੇ ਪਰਿਵਾਰਾਂ ਕੋਲ ਚੱਲ ਕੇ ਗਏ । ਉਹ ਵਿਚਾਰੇ ਜਿਹੜੇ ਆਪਣੀਆਂ ਖੁਸ਼ੀਆਂ ਮਨਾਉਣ ਤੇ ਖੁਸ਼ੀਆਂ ਮਾਨਣ ਲਈ ਆਪਣੇ ਪਰਿਵਾਰਾਂ ਵਿਚ ਜਾ ਰਹੇ ਸਨ, ਅਚਨਚੇਤ ਹੀ ਉਨ੍ਹਾਂ ਦੀਆਂ ਝੋਲੀਆਂ ਵਿਚ ਗਮ ਪੈ ਗਏ । ਉਸ ਧਮਾਕੇ ਵਿਚ ਕਈ ਮਾਸੂਮ ਬੱਚੇ ਸਨ ਅਤੇ ਕਈ ਐਸੇ ਲੋਕ ਸਨ ਜਿਨ੍ਹਾਂ ਦਾ ਇਸ ਸੋਚ ਦੇ ਨਾਲ ਕੋਈ ਵਾਸਤਾ ਵੀ ਨਹੀਂ ਸੀ । ਜਿਸ ਤਰ੍ਹਾਂ ਹੁਣ ਪੰਜਾਬ ਦੇ ਹਾਲਾਤ ਅੱਛੇ ਸਨ ਅਤੇ ਸਾਰੇ ਹੀ ਪੰਜਾਬੀ ਖੁਸ਼ੀ ਮਹਿਸੂਸ ਕਰਦੇ ਸਨ, ਸਾਨੂੰ ਇਹੋ ਜਿਹੀਆਂ ਤਾਕਤਾਂ ਜਿਹੜੀਆਂ ਮੁੜ ਮੁੜ ਕੇ ਅੱਤਵਾਦ ਦੇ ਬੱਦਲ ਪੰਜਾਬ ਵਿਚ ਲੈ ਕੇ ਆਉਂਦੀਆਂ ਹਨ ਅਤੇ ਪੰਜਾਬ ਨੂੰ ਖਰਾਬ ਕਰਨਾ ਚਾਹੁੰਦੀਆਂ ਹਨ ਤਾਂ ਸਾਨੂੰ ਸਾਰਿਆਂ ਨੂੰ ਡੱਟ ਕੇ ਇਸ ਨੂੰ ਕੰਡੈਮਨ ਕਰਨਾ ਚਾਹੀਦਾ ਹੈ । ਸਾਡੀ ਆਪਣੀ ਪਾਰਟੀ ਵੱਲੋਂ ਪੂਰਨ ਤੌਰ ਤੇ ਜਿਥੇ ਅਸੀਂ ਉਨ੍ਹਾਂ ਦੇ ਦੁਖ ਵਿਚ ਸ਼ਰੀਕ ਹੁੰਦੇ ਹਾਂ ਉਥੇ ਸਰਕਾਰ ਵਾਲੇ ਪਾਸੇ ਵੀ ਅਸੀਂ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨ ਵਾਸਤੇ ਪੂਰਨ ਤੌਰ ਤੇ ਟਾਪ ਪਰੀਓਰਟੀ ਦੇਣ ਬਾਰੇ ਬੇਨਤੀ ਵੀ ਇਥੇ ਕਰਦੇ ਹਾਂ । ਇਸ ਦੇ ਨਾਲ ਅਸੀਂ ਇਹ ਵੀ ਚਾਹੁੰਦੇ ਹਾਂ ਕਿ ਜੋ ਨੁਕਸਾਨ ਅਤੇ ਸੰਤਾਪ ਪੰਜਾਬ ਨੇ ਹੰਢਾਇਆ ਹੈ ਉਸ ਤੋਂ ਸਬਕ ਸਿਖਦੇ ਹੋਏ ਚੌਕਸ ਰਹਿਣ ਦੀ ਲੋੜ ਹੈ । ਸਪੀਕਰ ਸਾਹਿਬ, ਉਥੇ ਰੇਲਵੇ ਸਟੇਸ਼ਨ ਤੇ 7 ਬੰਦੇ ਮਾਰੇ ਗਏ । ਇਹ ਕਿਸ ਤਰ੍ਹਾਂ ਦੀ ਘਟਨਾ ਹੈ, ਕੌਣ ਇਸ ਘਟਨਾ ਦੇ ਪਿੱਛੇ ਹਨ ਅਤੇ ਉਨ੍ਹਾਂ ਲੋਕਾਂ ਦੇ ਕਿਹੋ ਜਿਹੇ ਦਿਲ ਹਨ ਜਿਹੜੇ ਮਾਸੂਮੀਅਤ ਨੂੰ ਕਤਲ ਕਰਕੇ ਪੰਜਾਬ ਨੂੰ ਬਰਬਾਦ ਕਰ ਰਹੇ ਹਨ । ਮੈਂ ਆਪਣੇ ਵੱਲੋਂ, ਆਪਣੀ ਪਾਰਟੀ ਵੱਲੋਂ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਕਿ ਜ਼ਖ਼ਮੀ ਹੋਏ ਇਨਸਾਨ ਜਲਦੀ ਤੋਂ ਜਲਦੀ ਰਾਜ਼ੀ ਹੋਣ । ਜਿਹੜੇ ਮ੍ਰਿਤਕ ਹਨ, ਉਨ੍ਹਾਂ ਦੇ ਪਰਿਵਾਰਾਂ ਨਾਲ ਅਸੀਂ ਉਥੇ ਜਾ ਕੇ ਵੀ ਹਮਦਰਦੀ ਪ੍ਰਗਟ ਕੀਤੀ ਹੈ ਅਤੇ ਹੁਣ ਅਸੀਂ ਹਾਊਸ ਵਿੱਚ ਵੀ ਉਨ੍ਹਾਂ ਨੂੰ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ । ਸਪੀਕਰ ਸਾਹਿਬ, ਇਕ ਰੈਜ਼ੋਲਿਊਸ਼ਨ ਇਸ ਦੇ ਬਾਰੇ ਵਿੱਚ ਅਸੀਂ ਭੇਜਿਆ ਸੀ । ਅਸੀਂ ਚਾਹੁੰਦੇ ਸੀ ਕਿ ਇਸ ਬਾਰੇ ਹੋਰ ਸਮਾਂ ਡਿਸਕਸ਼ਨ ਲਈ ਦਿੱਤਾ ਜਾਂਦਾ ਕਿਉਂਕਿ ਇਸ ਬਾਰੇ ਸਾਰੀਆਂ ਹੀ ਪਾਰਟੀਆਂ ਦੀ ਸਾਂਝੀ ਭਾਵਨਾ ਹੈ ਅਤੇ ਪੰਜਾਬ ਦਾ ਸਾਂਝਾ ਦੁੱਖ ਹੈ । ਮੈਨੂੰ ਪੂਰਾ ਯਕੀਨ ਸੀ ਕਿ ਇਸ ਤੇ ਵੱਖਰੀ ਡਿਸਕਸ਼ਨ ਲਈ ਸਮਾਂ ਰੱਖਿਆ ਜਾਵੇਗਾ । ਪਰ ਹੁਣ ਕਿਉਂਕਿ ਲੀਡਰ ਆਫ ਦੀ ਹਾਊਸ ਨੇ ਇਸ ਸਬੰਧ ਵਿੱਚ ਆਪਣੇ ਖੁਲ੍ਹ ਕੇ ਵਿਚਾਰ ਰੱਖੇ ਹਨ, ਇਸ ਲਈ ਅਗਰ ਤਾਂ ਵੱਖਰੀ ਡਿਸਕਸ਼ਨ ਰੱਖੀ ਜਾਣੀ ਹੈ ਤਾਂ ਮੈਂ ਉਸ ਸਮੇਂ ਗੱਲ ਕਰਾਂਗੀ, ਨਹੀਂ ਤਾਂ ਮੈਂ ਵੀ ਹੁਣੇ ਹੀ ਆਪਣੇ ਵਿਚਾਰ ਰੱਖਣਾ ਚਾਹੁੰਦੀ ਹਾਂ । ਸਪੀਕਰ ਸਾਹਿਬ, ਇਹ ਘਟਨਾ ਨਵੀਂ ਸਰਕਾਰ ਬਣਨ ਦੇ ਸ਼ੁਰੂ ਵਿੱਚ ਹੀ ਹੋਈ ਹੈ । ਇਸ ਵਿੱਚ ਕੋਈ ਸ਼ੰਕਾ ਨਹੀਂ ਕਿ ਸਰਕਾਰ ਇਸ ਨੂੰ ਕਰੜੇ ਹੱਥਾਂ ਨਾਲ ਡੀਲ ਕਰੇਗੀ, ਲੇਕਿਨ ਫਿਰ ਵੀ ਕਈ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਗਈਆਂ ਹਨ, ਸਟੇਟਮੈਂਟਸ ਵੀ ਡਿਫਰ ਕਰਦੀਆਂ ਹਨ । ਇਸੇ ਕੇਸ ਦੇ ਨਾਲ ਹੀ ਮੈਂ ਜੋ ਇਨਕਾਊਂਟਰ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਰਾਜਿੰਦਰ ਕੌਰ ਭੱਠਲ]
ਪੁਲਿਸ ਨਾਲ ਹੋਇਆ ਹੈ ਅਤੇ ਜਿਸ ਨੇ ਪਬਲਿਕ ਵਿੱਚ ਵਿਵਾਦ ਖੜ੍ਹਾ ਕਰ ਦਿੱਤਾ ਹੈ, ਉਸਦੇ ਬਾਰੇ ਵਿਚ ਲੀਡਰ ਆਫ ਦੀ ਹਾਊਸ ਨੇ ਕਾਨੂੰਨ ਦੇ ਮੁਤਾਬਿਕ, ਨਿਰਪੱਖਤਾ ਦੇ ਨਾਲ ਮਾਮਲੇ ਨੂੰ ਨਜਿੱਠਣ ਦੀ ਗੱਲ ਕੀਤੀ ਹੈ, ਮੈਂ ਉਨ੍ਹਾਂ ਦੀ ਧੰਨਵਾਦੀ ਹਾਂ। ਲੇਕਿਨ ਇਕ ਚੀਜ਼ ਜ਼ਰੂਰ ਚਾਹੀਦੀ ਹੈ ਕਿ ਇਸ ਮਾਮਲੇ ਵਿੱਚ ਦੋ ਤਿੰਨ ਤਰ੍ਹਾਂ ਦੇ ਬਿਆਨ ਆਏ ਹਨ, ਡੀ.ਜੀ.ਪੀ. ਵੱਲੋਂ ਵੱਖਰਾ, ਐਸ.ਐਸ.ਪੀ. ਵਲੋਂ ਵੱਖਰਾ ਅਤੇ ਸਾਡੇ ਇਕ ਮਾਨਯੋਗ ਮੰਤਰੀ ਜੀ ਵਲੋਂ ਵੱਖਰਾ। ਇਸ ਦੇ ਨਾਲ ਕਈ ਤਰ੍ਹਾਂ ਦੇ ਸ਼ੰਕੇ ਲੋਕਾਂ ਵਿੱਚ ਆਏ ਹਨ। ਇਸ ਲਈ ਮੇਰੀ ਮੰਗ ਹੈ ਕਿ ਅਸੀਂ ਸਾਰੀ ਚੀਜ਼ ਨੂੰ ਸ਼ੰਕਿਆਂ ਤੋਂ ਬਾਹਰ ਕੱਢਦੇ ਹੋਏ, ਜੋ ਨਿਰਪੱਖਤਾ ਨਾਲ ਇਸ ਦੇ ਬਾਰੇ ਕਦਮ ਲੈਣਾ ਬਣਦਾ ਹੈ, ਲਈਏ। ਸ਼ੰਕਿਆਂ ਨੂੰ ਦੂਰ ਕਰਨਾ ਜ਼ਰੂਰੀ ਹੈ। ਇਸ ਸਾਰੀ ਚੀਜ਼ ਵਿੱਚ ਰੀਅਲਟੀ ਕੀ ਹੈ ? ਜਿਹੜੀਆਂ ਤਿੰਨ ਚਾਰ ਸਟੇਟਮੈਂਟਾਂ ਆਈਆਂ ਹਨ ਉਨ੍ਹਾਂ ਬਾਰੇ ਵੀ ਕਿਸੇ ਵਕਤ ਮੁੱਖ ਮੰਤਰੀ ਜੀ ਕਲੀਅਰ ਕਰ ਦੇਣ ਜੋ ਲੋਕਾਂ ਦੇ ਦਿਲਾਂ ਵਿਚ ਜੋ ਗੱਲਾਂ ਆਈਆਂ ਹਨ ਉਨ੍ਹਾਂ ਨੂੰ ਕਲੀਅਰ ਕੀਤਾ ਜਾ ਸਕੇ। ਅੰਤ ਵਿੱਚ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਜੋ ਦੁੱਖ ਦੇਸ਼ ਨੂੰ ਲੱਗਾ ਹੈ, ਪੰਜਾਬ ਦੇ ਲੋਕਾਂ ਨੂੰ ਲੱਗਾ ਹੈ, ਉਸ ਵਿੱਚ ਸ਼ਰੀਕ ਹੁੰਦੇ ਹੋਏ, ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

**ਕਾਮਰੇਡ ਹਰਦੇਵ ਅਰਸ਼ੀ** (ਬੁਢਲਾਡਾ) : ਸਪੀਕਰ ਸਾਹਿਬ, ਸਾਡੇ ਸਾਰਿਆਂ ਵਾਸਤੇ ਬੜੀ ਦੁੱਖਦਾਈ ਗੱਲ ਹੈ ਕਿ ਸ਼ਾਇਦ ਬੜੇ ਲੰਮੇ ਸਮੇਂ ਤੋਂ ਬਾਅਦ ਪੰਜਾਬ ਦੀ ਇਸ ਅਸੈਂਬਲੀ ਦੇ ਵਿੱਚ ਅਸੀਂ ਇਹ ਮਹਿਸੂਸ ਕਰਕੇ ਬੈਠੇ ਸੀ ਕਿ ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਪੱਕੇ ਤੌਰ ਤੇ ਆ ਗਈ ਹੈ ਅਤੇ ਸ਼ਾਇਦ ਇਸ ਤਰ੍ਹਾਂ ਦਾ ਦੁੱਖਦਾਈ ਦਿਨ ਫਿਰ ਕਦੇ ਨਹੀਂ ਆਵੇਗਾ। ਸਪੀਕਰ ਸਾਹਿਬ, 14 ਮਾਰਚ 1997 ਨੂੰ ਜਲੰਧਰ ਵਿਖੇ ਬੰਬ ਬਲਾਸਟ ਹੋਇਆ ਅਤੇ ਉਸ ਵਿੱਚ 7 ਬੰਦੇ ਸਾਡੇ ਤੋਂ ਵਿਛੜ ਗਏ, ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦੇ ਹਾਂ। ਸਪੀਕਰ ਸਾਹਿਬ, ਸਮੇਂ ਸਮੇਂ ਤੇ ਲਗਾਤਾਰ ਸਾਡੀ ਪਾਰਟੀ ਇਸ ਗੱਲ ਦਾ ਸੰਕੇਤ ਦਿੰਦੀ ਰਹੀ ਹੈ ਕਿ ਭਾਵੇਂ ਪੰਜਾਬ ਵਿਚ ਅਮਨ ਹੋ ਗਿਆ ਹੈ ਪਰ ਫਿਰ ਵੀ ਅਵੇਸਲੇ ਹੋਣ ਦਾ ਸਮਾਂ ਨਹੀਂ ਹੈ ਕਿਉਂਕਿ ਸਾਡੀਆਂ ਏਜੰਸੀਆਂ ਦੱਸਦੀਆਂ ਰਹੀਆਂ ਹਨ ਕਿ ਦੇਸ਼ ਦੇ ਅੰਦਰੋਂ ਵੀ ਅਤੇ ਬਾਹਰੋਂ ਵੀ ਜੋ ਅੱਤਵਾਦੀ ਅਤੇ ਵੱਖਵਾਦੀ ਤਾਕਤਾਂ ਹਨ, ਇਸ ਅਮਨ, ਸ਼ਾਂਤੀ ਤੇ ਦੇਸ਼ ਨੂੰ ਅਸਥਿਰ ਕਰਨਾ ਚਾਹੁੰਦੀਆਂ ਹਨ ਅਤੇ ਇਸ ਨੂੰ ਬਲੈਕਮੇਲ ਕਰਨਾ ਚਾਹੁੰਦੀਆਂ ਹਨ। ਜੋ ਤਾਕਤਾਂ ਸਾਡੇ ਗੁਆਂਢ ਵਿਚ ਬੈਠੀਆਂ ਹਨ ਅਤੇ ਜੋ ਯੂਰਪੀਨ ਕੰਟਰੀਜ਼ ਦੇ ਵਿਚ ਬੈਠੀਆਂ ਹਨ, ਉਹ ਇਥੋਂ ਦੇ ਲੋਕਾਂ ਦੇ ਜਜ਼ਬਾਤਾਂ ਨੂੰ ਭੜਕਾਉਂਦੀਆਂ ਹਨ ਅਤੇ ਇਥੇ ਅੱਤਵਾਦ ਅਤੇ ਵੱਖਵਾਦ ਪੈਦਾ ਕਰਦੀਆਂ ਹਨ। ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਇੰਡੀਕੇਸ਼ਨਜ਼ ਸੀ, ਜਿਸ ਕਰਕੇ ਅਸੀਂ ਕਿਹਾ ਕਰਦੇ ਸੀ ਕਿ ਅਵੇਸਲੇ ਰਹਿਣ ਦਾ ਸਮਾਂ ਨਹੀਂ ਅਤੇ ਸਾਨੂੰ ਸੁਚੇਤ ਰਹਿਣਾ ਚਾਹੀਦਾ ਹੈ ਤਾਂ ਜੋ ਦੇਸ਼ ਵਿਰੋਧੀ ਤਾਕਤਾਂ ਫਿਰ ਇਸ ਪੰਜਾਬ ਦੇ ਵਿਚ ਜਾਂ ਹਿੰਦੁਸਤਾਨ ਦੇ ਵਿਚ ਸਿਰ ਨਾ ਚੁੱਕਣ ਅਤੇ ਜਿਸ ਤਰ੍ਹਾਂ ਪੰਜਾਬ ਨੇ ਪਹਿਲਾਂ 10 ਸਾਲ ਸੰਤਾਪ ਹੰਢਾਇਆ ਹੈ, ਇਸ ਤਰ੍ਹਾਂ ਦੇ ਹਾਲਾਤ ਫਿਰ ਪੈਦਾ ਨਾ ਹੋ ਸਕਣ। ਸਪੀਕਰ

Original with;
Punjab Vidhan Sabha
Digitized by;
Panjab Digital Library

ਸਾਹਿਬ, 14 ਮਾਰਚ, 1997 ਨੂੰ ਜੋ ਬੰਬ ਧਮਾਕਾ ਜਾਲੰਧਰ ਵਿਖੇ ਹੋਇਆ ਅਤੇ ਜਿਸ ਦੇ ਬਾਰੇ ਮੁੱਖ ਮੰਤਰੀ ਜੀ ਨੇ ਵੀ ਬਿਆਨ ਦਿੱਤਾ ਹੈ, ਬੰਬ ਬਲਾਸਟ ਨੇ ਸਪੀਕਰ ਸਾਹਿਬ, ਉਥੇ ਤਬਾਹੀ ਮਚਾ ਦਿਤੀ। ਜਿਥੇ ਲੋਕ ਖੁਸ਼ੀਆਂ ਸਾਂਝੀਆਂ ਕਰਨ ਲਈ ਆ ਰਹੇ ਸਨ। ਵਿਸ਼ੇਸ਼ ਕਰਕੇ ਕੁਝ ਵਿਅਕਤੀ ਜਿਹੜੇ ਦਿੱਲੀ ਨਾਲ ਸਬੰਧਤ ਸਨ, ਆਪਣੀ ਰਿਸ਼ਤੇਦਾਰੀ ਵਿਚ ਸ਼ਾਦੀ ਦੀਆਂ ਰਸਮਾਂ ਅਟੈਂਡ ਕਰਨ ਵਾਸਤੇ ਘਰੋਂ ਬੜੀ ਖੁਸ਼ੀ ਨਾਲ ਤੁਰੇ ਹੋਣਗੇ ਔਰ ਸੋਚਿਆ ਹੋਵੇਗਾ ਕਿ ਰਿਸ਼ਤੇਦਾਰੀਆਂ ਵਿਚ ਆਪਣੀਆਂ ਖੁਸ਼ੀਆਂ ਸਾਂਝੀਆਂ ਕਰਨੀਆਂ ਸਨ। ਪਰ ਉਨ੍ਹਾਂ ਨੂੰ ਕੀ ਪਤਾ ਹੋਵੇਗਾ ਕਿ ਜਲੰਧਰ ਦੀ ਧਰਤੀ ਤੇ ਹੀ ਉਨ੍ਹਾਂ ਨੂੰ ਇਸ ਭਿਆਨਕ ਦੁਖਾਂਤ ਦਾ ਸਾਹਮਣਾ ਕਰਨਾ ਪਵੇਗਾ। ਉਥੇ ਜਿਸ ਤਰ੍ਹਾਂ ਮਨੁੱਖੀ ਸਰੀਰਾਂ ਦੇ ਚੀਥੜੇ ਉਡੇ, ਉਨ੍ਹਾਂ ਨੂੰ ਦੇਖ ਕੇ ਮਨ ਬੜਾ ਦੁੱਖਦਾਈ ਹੁੰਦਾ ਸੀ ਔਰ ਉਸ ਘਟਨਾ ਨੂੰ ਸ਼ਬਦਾਂ ਨਾਲ ਕਹਿਣਾ ਸ਼ਾਇਦ ਕਠਨ ਹੋ ਰਿਹਾ ਹੈ। ਇਹ ਸਾਡੇ ਸਾਰਿਆਂ ਲਈ ਇੱਕ ਚੈਲਿੰਜ ਹੈ ਔਰ ਪੰਜਾਬ ਦੇ ਲੋਕ ਜਿਹੜੇ ਆਸਵੰਦ ਸਨ ਕਿ ਪੰਜਾਬ ਵਿਚ ਅਮਨ ਹੋ ਚੁੱਕਾ ਹੈ, ਉਨ੍ਹਾਂ ਤੇ ਕੀ ਬੀਤ ਰਹੀ ਹੋਵੇਗੀ ? ਮੈਂ ਪਾਰਟੀ ਤੋਂ ਉਪਰ ਉਠ ਕੇ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਅੰਦਰ ਖਤਰੇ ਦੀ ਭਾਵਨਾ ਜ਼ਰੂਰ ਸ਼ੁਰੂ ਹੋ ਗਈ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੇਵਲ ਸਰਕਾਰ ਦਾ ਕੰਮ ਨਹੀਂ ਬਲਕਿ ਉਨ੍ਹਾਂ ਸਾਰੀਆਂ ਪਾਰਟੀਆਂ ਨੂੰ ਪੱਕੇ ਤੌਰ ਤੇ ਕਹਿਣਾ ਚਾਹੁੰਦਾ ਹਾਂ ਔਰ ਉਨ੍ਹਾਂ ਲੋਕਾਂ ਨੂੰ, ਜੋ ਪੰਜਾਬੀਅਤ ਦੀ ਸੋਚ ਰੱਖਦੇ ਹਨ ਔਰ ਦੇਸ਼ ਭਗਤੀ ਦੀ ਸੋਚ ਰੱਖਦੇ ਹਨ, ਉਨ੍ਹਾਂ ਸਾਰਿਆਂ ਨੂੰ ਇੱਕ ਪਲੇਟਫਾਰਮ ਤੇ ਇਕੱਠਾ ਹੋਣਾ ਚਾਹੀਦਾ ਹੈ। ਪਾਰਟੀ ਹਿੱਤਾਂ ਤੋਂ ਉਪਰ ਉਠ ਕੇ ਗੱਲ ਕਰਨੀ ਚਾਹੀਦੀ ਹੈ ਕਿਉਂਕਿ ਇਸ ਸਮੇਂ ਦੇਸ਼ ਦੀ ਏਕਤਾ ਦਾ ਸਵਾਲ ਹੈ। ਦੇਸ਼ ਧਰੋਹੀ ਤਾਕਤਾਂ ਵਿਰੁੱਧ ਸਾਰਿਆਂ ਨੂੰ ਇੱਕ ਪਲੇਟਫਾਰਮ ਤੇ ਆਉਣਾ ਚਾਹੀਦਾ ਹੈ। ਇਸ ਵਾਸਤੇ ਮੈਂ ਸਾਰਿਆਂ ਨੂੰ ਅਪੀਲ ਕਰਦਾ ਹਾਂ। ਮੈਂ ਉਨ੍ਹਾਂ ਕੀਮਤੀ ਜਾਨਾਂ ਜਿਹੜੀਆਂ ਆਪਣੇ ਪਰਿਵਾਰਾਂ ਪਾਸੋਂ ਔਰ ਸਾਥੋਂ ਵਿਛੜ ਗਈਆਂ ਹਨ, ਉਨ੍ਹਾਂ ਦੀ ਯਾਦ ਵਿਚ ਸਿਰ ਝੁਕਾਉਂਦਾ ਹਾਂ ਔਰ ਉਨ੍ਹਾਂ ਦੇ ਪਰਿਵਾਰਾਂ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕਰਦਾ ਹਾਂ। ਇਸੇ ਤਰ੍ਹਾਂ ਉਥੇ ਦਰਜਨਾਂ ਵਿਅਕਤੀ ਜ਼ਖਮੀ ਹੋ ਗਏ, ਉਨ੍ਹਾਂ ਲਈ ਮੈਂ ਹਾਊਸ ਵੱਲੋਂ ਦਿਲੀ ਕਾਮਨਾ ਕਰਦਾ ਹਾਂ ਕਿ ਉਹ ਤੰਦਰੁਸਤ ਹੋਣ, ਸਿਹਤਯਾਬ ਹੋਣ ਤਾਂ ਕਿ ਉਹ ਆਪਣੇ ਪਰਿਵਾਰਾਂ ਵਿਚ ਜਾਣ। ਇੱਕ ਰੈਜ਼ੋਲਿਊਸ਼ਨ ਦਾ ਨੋਟਿਸ ਸਾਡੇ ਦੋਨਾਂ ਵੱਲੋਂ ਮੇਰ ਤੇ ਲੀਡਰ ਆਫ ਆਪੋਜ਼ੀਸ਼ਨ ਵਲੋਂ ਦਿੱਤਾ ਗਿਆ ਸੀ। ਅਸੀਂ ਚਾਹੁੰਦੇ ਸੀ ਕਿ ਥੋੜ੍ਹੇ ਸਮੇਂ ਲਈ ਇਹ ਪੇਸ਼ ਹੋ ਜਾਵੇ ਤਾਂ ਕਿ ਕੁਝ ਗੱਲਾਂ ਕਾਮਨ ਅੰਡਰ-ਸਟੈਂਡਿੰਗ ਦੀਆਂ ਬਣ ਜਾਣ ਅਤੇ ਅਸੀਂ ਪਾਰਟੀ ਤੋਂ ਉਪਰ ਉਠ ਕੇ ਗੱਲ ਕਰ ਸਕੀਏ। ਸਾਰਿਆਂ ਦੀ ਨਰੋਈ ਸੋਚ ਹੋਵੇ ਔਰ ਉਸ ਤੇ ਅਸੀਂ ਪਹਿਰਾ ਦੇਈਏ। ਇਸੇ ਤਰ੍ਹਾਂ ਜ਼ਿਕਰ ਕੀਤਾ ਗਿਆ ਹੈ ਕਿ ਸੀ.ਐਮ. ਸਾਹਿਬ ਨੇ ਓਬਿਚਰੀ ਰੈਫਰੈਂਸਿਜ਼ ਤੇ ਜੋ ਸਟੇਟਮੈਂਟ ਦੇਣੀ ਹੈ, ਉਸ ਵਿਚ ਛੋਹਿਆ ਜਾਵੇ ਪਰ ਉਸ ਦਾ ਘੇਰਾ ਥੋੜ੍ਹਾ ਹੁੰਦਾ ਹੈ। ਉਸ ਦੇ ਵਿਚ ਤਾਂ ਸਿਰਫ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ ਔਰ ਜੇ ਉਸ ਦਾ ਰਾਜਨੀਤੀਕਰਨ ਕੀਤਾ ਜਾਵੇ ਤਾਂ ਸ਼ਰਧਾਂਜਲੀ ਦਾ ਕੰਮ ਔਰ ਉਹ ਭਾਵਨਾ ਮੱਧਮ ਪੈ ਸਕਦੀ ਹੈ। ਇਸ ਵਾਸਤੇ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਜ਼ਿਕਰ ਕੀਤਾ ਹੈ। ਇਸੇ ਤਰ੍ਹਾਂ ਇੱਕ ਹੋਰ ਕਾਂਡ ਵਾਪਰਿਆ ਹੈ। ਅਨ-

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਫਾਰਚੂਨੇਟਿਲੀ ਜਲੰਧਰ ਵਿਚ ਇੰਨਾ ਵੱਡਾ ਕਾਂਡ ਵਾਪਰਿਆ ਔਰ ਜੋ ਹੋਰ ਕਾਂਡ ਵਾਪਰਿਆ, ਉਸ ਤੇ ਹਿਊਮਨ ਰਾਈਟਸ ਨੂੰ ਵੀ ਚਿੰਤਾ ਹੈ। ਮੈਨੂੰ ਦੁੱਖ ਹੈ ਕਿ ਅਖਾਉਤੀ ਮਨੁੱਖੀ ਅਧਿਕਾਰ ਸੰਗਠਨ ਕਥਿਤ ਅੱਤਵਾਦੀ ਦੇ ਮਾਰੇ ਜਾਣ ਤੇ ਤਾਂ ਦੁਖੀ ਹਨ, ਪਰ ਜਲੰਧਰ ਕਾਂਡ ਵਿਚ 7 ਲੋਕਾਂ ਦੀ ਮੌਤ ਤੇ ਚੁੱਪ ਹਨ। ਔਰ ਉਸ ਵਿਚ ਤੱਥ ਕੀ ਹਨ ? ਉਸ ਸਬੰਧੀ ਤਾਂ ਜਥੇਬੰਦੀਆਂ ਸੀ.ਐਮ. ਸਾਹਿਬ ਤੋਂ ਅਸਤੀਫੇ ਦੀ ਵੀ ਮੰਗ ਕਰ ਰਹੀਆਂ ਹਨ। ਐਡਮਨਿਸਟਰੇਸ਼ਨ ਔਰ ਪੁਲਿਸ ਵੱਲੋਂ ਉਸ ਸਬੰਧੀ ਵੱਖਰੇ ਵੱਖਰੇ ਬਿਆਨ ਆ ਰਹੇ ਹਨ ਇੱਕ ਕੈਬਨਿਟ ਮਨਿਸਟਰ ਦਾ ਉਸ ਵਿਚ ਵੱਖਰਾ ਰੋਲ ਹੈ ਜੋ ਠੀਕ ਨਹੀਂ ਹੈ, ਸਮੂਹਿਕ ਜ਼ਿਮੇਂਵਾਰੀ ਦੀ ਉਲੰਘਣਾ ਹੈ। ਇਸ ਤਰ੍ਹਾਂ ਲੋਕਾਂ ਵਿਚ ਕਨਫਿਊਜ਼ਨ ਪੈਦਾ ਹੋ ਰਹੀ ਹੈ। ਇਸ ਲਈ ਜੋ ਦੇਸ਼ ਧਰੋਹੀ ਤਾਕਤਾਂ ਦੇ ਖਿਲਾਫ ਲੜਨ ਵਾਲੇ ਪੁਲਿਸ ਕਰਮਚਾਰੀ ਹਨ, ਫਾਈਟ ਕਰਨ ਵਾਲੇ ਹਨ, ਉਨ੍ਹਾਂ ਦਾ ਮਨੋਬਲ ਡਿੱਗਣ ਨਹੀਂ ਦੇਣਾ ਚਾਹੀਦਾ। ਉਨ੍ਹਾਂ ਦਾ ਹੌਸਲਾ ਕਾਇਮ ਰਹਿਣਾ ਚਾਹੀਦਾ ਹੈ। ਜੋ ਜ਼ਿਆਦਤੀਆਂ ਜਾਂ ਐਕਸੈਸਿਜ਼ ਕਰਨ ਵਾਲੇ ਲੋਕ ਹਨ, ਉਨ੍ਹਾਂ ਨੂੰ ਇਜ਼ਾਜਤ ਨਹੀਂ ਦਿੱਤੀ ਜਾ ਸਕਦੀ। ਇਸ ਕਰਕੇ ਪਾਰਟੀ ਹਿੱਤਾਂ ਤੋਂ ਉਪਰ ਉਠ ਕੇ ਸਰਕਾਰ ਦਾ ਸਹਿਯੋਗ ਦੇਣਾ ਚਾਹੀਦਾ ਹੈ। ਪੰਜਾਬ ਵਿਚ ਅਮਨ ਕਾਇਮ ਰੱਖਣਾ ਇਕੱਲੀ ਸਰਕਾਰ ਦਾ ਕੰਮ ਨਹੀਂ। ਇਹ ਠੀਕ ਹੈ ਕਿ ਸਰਕਾਰ ਕੋਲ ਐਡਮਨਿਸਟ-ਰੇਸ਼ਨ ਹੈ, ਉਸ ਦੀ ਜ਼ਿਮੇਂਵਾਰੀ ਵੱਧ ਹੈ,ਪਰ ਸਾਡੀ ਵੀ ਪੂਰੀ ਜ਼ਿਮੇਂਵਾਰੀ ਹੈ ਔਰ ਅਸੀਂ ਹਰ ਤਰ੍ਹਾਂ ਸਰਕਾਰ ਦਾ ਸਹਿਯੋਗ ਦੇਵਾਂਗੇ ਤਾਂ ਕਿ ਅਮਨ ਕਾਇਮ ਰੱਖਿਆ ਜਾ ਸਕੇ ਕਿਉਂਕਿ ਪੰਜਾਬ ਸਾਡਾ ਸਭ ਦਾ ਹੈ, ਹਿੰਦੁਸਤਾਨ ਸਭ ਦਾ ਹੈ। ਇਸ ਲਈ ਆਓ, ਅਸੀਂ ਦੇਸ਼ ਵਿਰੋਧੀ ਤਾਕਤਾਂ ਖਿਲਾਫ ਲੜੀਏ। ਮੈਂ ਇੱਕ ਵਾਰ ਫਿਰ ਉਨ੍ਹਾਂ ਦੀ ਯਾਦ ਵਿਚ ਸਿਰ ਝੁਕਾਉਂਦਾ ਹਾਂ ਔਰ ਉਨ੍ਹਾਂ ਦੇ ਪਰਿਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਾ ਹਾਂ ਔਰ ਜ਼ਖਮੀਆਂ ਵਾਸਤੇ ਤਹਿ ਦਿਲੋਂ ਕਾਮਨਾ ਕਰਦਾ ਹਾਂ ਕਿ ਉਹ ਤੰਦਰੁਸਤ ਹੋਣ ਔਰ ਵਿਸ਼ਵਾਸ ਦਿਵਾਉਂਦਾ ਹਾਂ ਕਿ ਤੁਹਾਡੀ ਇਸ ਭਾਵਨਾ ਦੇ ਨਾਲ, ਅਮਨ ਕਾਇਮ ਰੱਖਣ ਦੀ ਭਾਵਨਾ ਨਾਲ, ਦੇਸ਼ ਵਿਰੋਧੀ ਤਾਕਤਾਂ ਦੇ ਖਿਲਾਫ ਲੜਨ ਦੀ ਭਾਵਨਾ ਨਾਲ ਅਸੀਂ ਡਟ ਕੇ ਕੋਆਪ੍ਰੇਸ਼ਨ ਔਰ ਆਪਣਾ ਸਹਿਯੋਗ ਤੁਹਾਨੂੰ ਇਥੇ ਹਾਊਸ ਦੇ ਵਿਚ ਹੀ ਅਰਪਨ ਕਰਦੇ ਹਾਂ। ਧੰਨਵਾਦ।

**ਸਰਦਾਰ ਅਜੀਤ ਇੰਦਰ ਸਿੰਘ** (ਸਰਦੂਲਗੜ੍ਹ) : ਮਾਨਯੋਗ ਸਪੀਕਰ ਸਾਹਿਬ, ਇਹ ਇੱਕ ਬਹੁਤ ਵੱਡਾ ਦੁਖਾਂਤ ਵਾਪਰਿਆ ਹੈ। ਮੈਂ ਆਪਣੀ ਪਾਰਟੀ ਵੱਲੋਂ ਅਤੇ ਆਪਣੇ ਵੱਲੋਂ ਇਸ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕਰਦਾ ਹਾਂ। ਬੜਾ ਲੰਬਾ ਸਮਾਂ ਹਿੰਦੁਸਤਾਨ ਦੇ ਲੋਕਾਂ ਨੇ ਦੁੱਖ ਉਠਾਇਆ ਹੈ ਔਰ ਖਾਸ ਕਰਕੇ ਪੰਜਾਬ ਦੇ ਘਰ-ਘਰ ਦੇ ਵਿਚ ਬਹੁਤ ਵੱਡੀਆਂ ਘਟਨਾਵਾਂ ਵਾਪਰੀਆਂ ਹਨ। ਉਸ ਤੋਂ ਬਾਅਦ ਲੋਕਾਂ ਨੇ ਸੋਚਿਆ ਕਿ ਹੁਣ ਇਲੈਕਸ਼ਨਾਂ ਹੋਈਆਂ ਹਨ ਔਰ ਅਮਨ ਸ਼ਾਂਤੀ ਆਈ ਹੈ। ਇਸ ਘਟਨਾ ਦੇ ਵਿਚ ਜਲੰਧਰ ਰੇਲਵੇ ਸਟੇਸ਼ਨ ਤੇ 7 ਬੰਦੇ ਮਾਰੇ ਗਏ ਹਨ। ਸਾਨੂੰ ਉਨ੍ਹਾਂ ਦੇ ਪਰਿਵਾਰਾਂ ਦਾ ਹਾਲ ਦੇਖਣਾ ਚਾਹੀਦਾ ਹੈ। ਮਾਨਯੋਗ ਮੁੱਖ ਮੰਤਰੀ ਜੀ ਗਏ ਹਨ ਔਰ ਲੀਡਰ ਆਫ ਦੀ ਆਪੋਜੀਸ਼ਨ ਵੀ ਗਏ ਹਨ। ਹੋਰ ਵੀ ਬਹੁਤ ਸਾਰੇ ਐਮ.ਐਲ.ਏ. ਸਾਹਿਬਾਨ ਗਏ

Original with;
Punjab Vidhan Sabha
Digitized by;
Panjab Digital Library

ਹਨ । ਸਾਡੀ ਪਾਰਟੀ ਦੇ ਲੀਡਰ ਸਾਹਿਬਾਨ ਵੀ ਉਥੇ ਜਾ ਕੇ ਆਏ ਹਨ । ਇਸ ਘਟਨਾ ਦੇ ਪਿੱਛੇ ਬੇਸ਼ੱਕ ਆਪਾਂ ਕੋਈ ਵੀ ਕਿਆਸ ਅਰਾਈਆਂ ਲਾਈਏ ਜਾਂ ਬਾਹਰਲੀਆਂ ਤਾਕਤਾਂ ਦੀ ਸ਼ਮੂਲੀਅਤ ਬਾਰ ਕਹੀਏ ਪਰ ਮੇਰੇ ਖਿਆਲ ਦੇ ਵਿਚ ਤਾਂ ਸਾਨੂੰ ਤੋੜਨ ਵਾਸਤੇ ਸਾਡੇ ਆਪਣੇ ਮੁਲਕ ਵਿਚ ਇਹ ਤਾਕਤਾਂ ਕੰਮ ਕਰ ਰਹੀਆਂ ਹਨ । ਮੈਂ ਆਪਣੇ ਵੱਲੋਂ ਤੇ ਆਪਣੀ ਪਾਰਟੀ ਵੱਲੋਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਪੂਰਾ ਸਹਿਯੋਗ ਦੇਣ ਨੂੰ ਤਿਆਰ ਹਾਂ ਪਰ ਸਾਨੂੰ ਪਹਿਲਾਂ ਆਪਣੇ ਘਰ ਨੂੰ ਠੀਕ ਕਰਨਾ ਚਾਹੀਦਾ ਹੈ । ਸਾਨੂੰ ਆਪਣੇ ਘਰ ਵਿਚ ਦੇਖਣਾ ਚਾਹੀਦਾ ਹੈ, ਚਾਹੇ ਉਹ ਆਦਮੀ ਕਿਸੇ ਵੀ ਲੈਵਲ ਤੇ ਹੋਵੇ, ਚਾਹੇ ਉਸ ਦੇ ਕਿਹੋ ਜਿਹੇ ਵੀ ਇਰਾਦੇ ਹੋਣ ਜੇਕਰ ਉਹ ਆਮ ਲੋਕਾਂ ਦੀ ਜ਼ਿੰਦਗੀ ਲੈਣਾ ਚਾਹੁੰਦਾ ਹੈ, ਤਾਂ ਉਸ ਨੂੰ ਹਰ ਤਰ੍ਹਾਂ ਨਾਲ ਰੋਕਿਆ ਜਾਵੇ ਔਰ ਇਸ ਲਈ ਵੱਡੇ ਤੋਂ ਵੱਡਾ ਕੋਈ ਵੀ ਸਟੈਪ ਚੁੱਕਣਾ ਪਵੇ, ਚੁੱਕਣਾ ਚਾਹੀਦਾ ਹੈ । ਇਸ ਲਈ ਅੱਜ ਜੋ ਵੀ ਘਟਨਾ ਵਾਪਰੀ ਹੈ ਉਹ ਬਹੁਤ ਮੰਦਭਾਗੀ ਹੈ, ਉਨ੍ਹਾਂ ਪਰਿਵਾਰਾਂ ਨਾਲ ਬਹੁਤ ਜ਼ਿਆਦਤੀ ਹੈ, ਜਿਹੜੇ ਖੁਸ਼ੀ ਦੇ ਮੌਕੇ ਤੇ ਜਾ ਰਹੇ ਸਨ । ਮੈਂ ਆਪਣੇ ਵੱਲੋਂ, ਅਤੇ ਆਪਣੀ ਪਾਰਟੀ ਵੱਲੋਂ ਉਨ੍ਹਾਂ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ । ਵਾਹਿਗੁਰੂ ਅੱਗੇ ਕਾਮਨਾ ਕਰਦਾ ਹਾਂ ਕਿ ਜ਼ਖਮੀ ਹੋਏ ਦੂਸਰੇ ਪਰਿਵਾਰਾਂ ਦੇ ਮੈਂਬਰ ਜਲਦੀ ਠੀਕ ਹੋਣ। ਇੱਕ ਹੋਰ ਵੱਡੀ ਗੱਲ ਇਹ ਹੈ ਕਿ ਇਹ ਸਮਝ ਨਹੀਂ ਆ ਰਿਹਾ ਕਿ ਇਹ ਗੱਲਾਂ ਕਿਉਂ ਵਾਪਰ ਰਹੀਆਂ ਹਨ । ਜਿਹੜੇ ਕੋਈ ਇਹੋ ਜਿਹੇ ਅਨਸਰ ਹਨ, ਜਿਹੜੇ ਕਹਿੰਦੇ ਹਨ ਕਿ ਸਾਨੂੰ ਕੁਝ ਵੀ ਨਹੀਂ ਮਿਲਦਾ, ਇਹ ਪੰਜਾਬ ਸਰਕਾਰ ਨਾਲ ਗੱਲ ਕਰ ਸਕਦੇ ਹਨ, ਉਹ ਹਿੰਦੁਸਤਾਨ ਦੀ ਸਰਕਾਰ ਨਾਲ ਗੱਲ ਕਰ ਸਕਦੇ ਹਨ ਕਿਉਂਕਿ ਅਸੀਂ ਸਾਰੇ ਹੀ ਚਾਹੁੰਦੇ ਹਾਂ ਕਿ ਡੈਮੋਕ੍ਰੇਟਿਕ ਸੈਟ-ਅੱਪ ਕਾਇਮ ਹੋਵੇ । ਅਖੀਰ ਵਿਚ ਮੈਂ ਇੱਕ ਸ਼ੇਅਰ ਕਹਿਣਾ ਚਾਹੁੰਦਾ ਹਾਂ :

"ਦੁਸ਼ਮਨੋਂ ਨੇ ਤੋ ਦੁਸ਼ਮਨੀ ਕੀ ਹੈ, ਦੋਸਤੋਂ ਨੇ ਭੀ ਕਿਆ ਕਮੀ ਕੀ ਹੈ,

ਕੀ ਨਹੀਂ ਉਮਰ ਭਰ ਜਿਸ ਨੇ ਖਤਾ, ਉਸ ਨੇ ਤੌਹੀਨ-ਏ-ਜ਼ਿੰਦਗੀ ਕੀ ਹੈ।"

ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਔਰ ਸਾਰੇ ਹਾਊਸ ਨੂੰ ਐਸ਼ਿਓਰ ਕਰਦਾ ਹਾਂ ਕਿ ਅਸੀਂ ਪੂਰਨ ਸਹਿਯੋਗ ਦੇਣ ਲਈ ਤਿਆਰ ਹਾਂ । ਧੰਨਵਾਦ ।

**ਸ਼੍ਰੀ ਸਪੀਕਰ** : ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਵੱਲੋਂ, ਮਿਤੀ 14 ਮਾਰਚ, 1997 ਨੂੰ ਜਲੰਧਰ ਰੇਲਵੇ ਸਟੇਸ਼ਨ ਤੇ ਹੋਏ ਸ਼ਕਤੀਸ਼ਾਲੀ ਬੰਬ ਧਮਾਕੇ ਵਿਚ 7 ਕੀਮਤੀ ਜਾਨਾਂ ਦੇ ਨੁਕਸਾਨ ਦਾ ਅਤੇ 13 ਵਿਅਕਤੀਆਂ ਦੇ ਜ਼ਖਮੀ ਹੋਣ ਬਾਰੇ ਜੋ ਜ਼ਿਕਰ ਕੀਤਾ ਗਿਆ ਹੈ, ਮੈਂ ਵੀ ਆਪਣੇ ਆਪ ਨੂੰ ਉਨ੍ਹਾਂ ਨਾਲ ਸ਼ਾਮਲ ਕਰਦਾ ਹਾਂ । ਜਿਹੜੀਆਂ 7 ਜਾਨਾਂ ਅਜਾਈਂ ਚਲੀਆਂ ਗਈਆਂ ਹਨ, ਉਨ੍ਹਾਂ ਦੇ ਪ੍ਰਤੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੋਇਆ ਅਤੇ ਜਿਹੜੇ 13 ਵਿਅਕਤੀ ਜ਼ਖਮੀ ਹੋਏ ਹਨ, ਉਨ੍ਹਾਂ ਪ੍ਰਤੀ ਜਲਦੀ ਤੰਦਰੁਸਤੀ ਲਈ ਕਾਮਨਾ ਕਰਦਾ ਹੋਇਆ ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ 7

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]
ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ 2 ਮਿੰਟ ਖੜ੍ਹੇ ਹੋ ਕੇ ਮੌਨ ਧਾਰਨ ਦੀ ਕ੍ਰਿਪਾਲਤਾ ਕਰਨ, ਤਾਂ ਜੋ ਅਸੀਂ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰ ਸਕੀਏ ।

(ਇਸ ਸਮੇਂ ਸਦਨ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰਾਂ ਨੇ ਖੜ੍ਹੇ ਹੋ ਕੇ ਦੋ ਮਿੰਟਾਂ ਲਈ ਮੌਨ ਧਾਰਨ ਕੀਤਾ ।)

ਪਲੀਜ਼ ਬੈਠ ਜਾਓ । ਜਿਵੇਂ ਕਿ ਪੰਜਾਬ ਵਿਧਾਨ ਸਭਾ ਦੀ ਕਾਰਜ-ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 28 ਕਲਾਜ਼ (1) ਅਧੀਨ ਉਪਬੰਧਿਤ ਹੈ, ਅੱਜ ਪ੍ਰਸ਼ਨ ਕਾਲ 10 ਮਾਰਚ, 1997 ਨੂੰ ਪ੍ਰਸ਼ਨ ਸੂਚੀ ਵਿਚ ਦਰਜ ਮੁਲਤਵੀ ਕੀਤੇ ਗਏ ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 31 ਤੋਂ ਸ਼ੁਰੂ ਹੋਵੇਗਾ ਅਤੇ ਫਿਰ ਅੱਜ ਮਿਤੀ 18 ਮਾਰਚ, 1997 ਲਈ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਨਿਯਮਿਤ ਸੂਚੀ ਲਈ ਜਾਵੇਗੀ ।

---

## POSTPONED STARRED QUESTION AND ANSWER

### ਮੁੱਖ ਮੰਤਰੀ ਹੜ੍ਹ ਰਾਹਤ-ਫੰਡ

*31. 1. **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
2. **ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ** } ਕੀ ਮਾਲ ਅਤੇ ਪੁਨਰਵਾਸ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲਾਂ 1993-94 ਅਤੇ 1994-95 ਦੇ ਦੌਰਾਨ ਮੁੱਖ ਮੰਤਰੀ ਹੜ੍ਹ ਰਾਹਤ ਫੰਡ ਲਈ ਲੋਕਾਂ ਪਾਸੋਂ ਕੁੱਲ ਕਿੰਨਾ ਅੰਸ਼ਦਾਨ ਪ੍ਰਾਪਤ ਹੋਇਆ ?

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਵਿਅਕਤੀਆਂ ਨੂੰ ਮੁਆਵਜ਼ੇ ਵਜੋਂ ਵੰਡੀ ਗਈ ਰਕਮ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ ?

**Shri Madan Mohan Mittal** (Minister for Food and Supplies, Public Health and Parliamentary Affairs) : Statement containing the information is placed on the Table of the House.

Original with;
Punjab Vidhan Sabha
Digitized by;
Panjab Digital Library

## STATEMENT

(a) An amount of Rs. 10.01 crores was received as contributions from the general public towards Chief Minister's Flood Relief Fund during the year 1993-94. No contribution was received from the public during the year 1994-95.

(b) During this period mentioned at (a) above the district-wise details of the relief granted to the persons affected by floods, is as under :—

| Sr. No. | Name of the District | | Amount Disbursed in rupees during | |
|---|---|---|---|---|
| | | | 1993-94 | 1994-95 |
| 1. | Jalandhar | .. | 1,63,32,523 | 1,00,00,017 |
| 2. | Amritsar | .. | 6,32,11,893 | -Nil- |
| 3. | Hoshiarpur | .. | 1,78,11,791 | 14,67,345 |
| 4. | Gurdaspur | .. | 8,14,04,414 | 82,24,741 |
| 5. | Kapurthala | .. | 3,10,10,599 | 1,23,28,918 |
| 6. | Patiala | .. | 7.94,09,720 | 1,05,15,000 |
| 7. | Ludhiana | .. | 1,11,44,365 | 9,99,014 |
| 8. | Ropar | .. | 1,96,49,030 | 11,43,754 |
| 9. | Fatehgarh Sahib | . | 91,15,431 | 1,61,714 |
| 10. | Sangrur | .. | 1,45,94,606 | 52,33,962 |
| 11. | Ferozepur | .. | 1,90,88,121 | 69,41,812 |
| 12. | Bathinda | .. | -Nil- | 2,89,002 |
| 13. | Mansa | .. | 3,07,76,411 | 4,33,771 |
| 14. | Faridkot | .. | -Nil- | 10,42,736 |
| | G. Total | .. | 39,35,48,904 | 5,87,81,786 |

Original with;
Punjab Vidhan Sabha
Digitized by;
Panjab Digital Library

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਮੁੱਖ ਮੰਤਰੀ ਰਾਹਤ ਫੰਡ ਦੇ ਵਿੱਚ ਲੋਕਾਂ ਪਾਸੋਂ 10 ਕਰੋੜ 1 ਲੱਖ ਰੁਪਿਆ 1993-94 ਦੇ ਵਿੱਚ ਇਕੱਠਾ ਹੋਇਆ ਹੈ । ਜਿਹੜੀ ਰਕਮ ਵੰਡੀ ਗਈ ਹੈ ਉਹ 39 ਕਰੋੜ 35 ਲੱਖ 48 ਹਜ਼ਾਰ 904/- ਰੁਪਏ 1993-94 ਵਿੱਚ ਅਤੇ 1994-95 ਵਿੱਚ 5 ਕਰੋੜ 87 ਲੱਖ 81 ਹਜ਼ਾਰ 786/- ਰੁਪਏ ਹੈ । ਸਪੀਕਰ ਸਾਹਿਬ, ਜਿਹੜਾ ਮੈਨੂੰ ਪਤਾ ਲੱਗਾ ਹੈ ਕਿ ਹੜ੍ਹ ਰਾਹਤ ਫੰਡ ਦੇ ਵਿੱਚ 1994-95 ਦੇ ਵਿੱਚ ਸਾਰੇ ਪੰਜਾਬ ਦੇ ਮੁਲਾਜ਼ਮਾਂ ਵਲੋਂ ਇੱਕ ਦਿਨ ਦੀ ਤਨਖਾਹ ਕਟਾ ਕੇ ਉਸ ਫੰਡ ਵਿਚ ਪਾਈ ਗਈ ਸੀ ਅਤੇ ਲੋਕਾਂ ਨੇ ਬੜਾ ਸਹਿਯੋਗ ਦਿੱਤਾ ਸੀ । ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਵੇਰਵੇ ਦੱਸਣਗੇ ਕਿ 10 ਕਰੋੜ 1 ਲੱਖ ਰੁਪਿਆ ਕਿਹੜੇ ਕਿਹੜੇ ਸੋਰਸਾਂ ਤੋਂ ਇਕੱਠਾ ਕੀਤਾ ਗਿਆ ?

**ਮੰਤਰੀ** : ਸਪੀਕਰ ਸਾਹਿਬ, 10 ਕਰੋੜ 1 ਲੱਖ ਰੁਪਿਆ ਸਾਲ 1993-94 ਦੇ ਵਿਚ ਇਕੱਠਾ ਹੋਇਆ । ਇਨ੍ਹਾਂ ਨੇ ਟੋਟਲ ਵੇਰਵਾ ਪੁੱਛਿਆ ਸੀ ਕਿ ਟੋਟਲ ਕੁਲੈਕਸ਼ਨ ਕਿੰਨੀ ਹੋਈ ਹੈ, ਉਹ ਦੱਸ ਦਿੱਤੀ ਹੈ ।

**ਸ੍ਰੀ ਸਪੀਕਰ** : ਇਹ ਵੱਖਰਾ ਵੱਖਰਾ ਨਹੀਂ ਆਇਆ ।

**ਮੰਤਰੀ** : ਮੈਂਬਰ ਸਾਹਿਬ ਨੇ ਪੁੱਛਿਆ ਹੈ ਕਿ ਇਸ ਵਿੱਚ ਮੁਲਾਜ਼ਮਾਂ ਵਲੋਂ ਕਿੰਨੀ ਕਾਂਟਰੀਬਿਊਸ਼ਨ ਪਾਈ ਗਈ । ਅਗਰ ਇਹ ਪੁੱਛਣਾ ਚਾਹੁੰਦੇ ਹਨ ਤਾਂ ਇਹ ਸੈਪਰੇਟ ਸਵਾਲ ਕਰ ਦੇਣ ਤਾਂ ਅਸੀਂ ਦੱਸ ਦਿਆਂਗੇ । ਜਿਹੜਾ ਪੈਸਾ ਵੰਡਿਆ ਗਿਆ ਹੈ ਉਸ ਵਿੱਚ ਸੈਂਟਰ ਤੋਂ ਮਿਲਿਆ ਪੈਸਾ ਅਤੇ ਸਟੇਟ ਵਲੋਂ ਇਕੱਠਾ ਕੀਤਾ ਗਿਆ ਪੈਸਾ ਸ਼ਾਮਲ ਹੈ । ਇਹ 39 ਕਰੋੜ 35 ਲੱਖ ਰੁਪਏ ਅਤੇ 5 ਕਰੋੜ 87 ਲੱਖ ਰੁਪਏ ਦ ਲਗਭਗ ਬਣਦਾ ਹੈ । ਜਿਸ ਦਾ ਵਿਤਰਣ ਕੀਤਾ ਗਿਆ ਹੈ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਇਸਦੀ ਸਪਲੀਮੈਂਟਰੀ ਬਣਦੀ ਹੈ । ਮੈਂ ਪੁੱਛਿਆ ਹੈ ਕਿ ਇਹ ਪੈਸਾ ਕਿਥੋਂ ਇਕੱਠਾ ਕੀਤਾ ਗਿਆ ?

**ਸ੍ਰੀ ਸਪੀਕਰ** : ਇਸਦੀ ਸਪਲੀਮੈਂਟਰੀ ਨਹੀਂ ਬਣਦੀ । ਤੁਸੀਂ ਹੋਰ ਸਵਾਲ ਪੁੱਛ ਲਵੋ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਚ ਬਹੁਤ ਘਪਲੇਬਾਜ਼ੀ ਹੋਈ ਹੈ । ਬਹੁਤ ਸਾਰਾ ਰੁਪਿਆ ਇਕੱਠਾ ਹੋਇਆ ਹੈ । ਕੀ ਇਹ ਇਸ ਬਾਰੇ ਇਨਕੁਆਇਰੀ ਕਰਵਾਉਣਗੇ ਕਿ ਇਹ ਕਿਸ ਤਰ੍ਹਾਂ ਗਲਤ ਯੂਜ਼ ਕੀਤਾ ਗਿਆ ਜਾਂ ਗਲਤ ਤਰੀਕੇ ਦੇ ਨਾਲ ਇਕੱਠਾ ਹੋਇਆ ? ਕੀ ਇਸ ਬਾਰੇ ਮੰਤਰੀ ਜੀ ਭਰੋਸਾ ਦੇਣਗੇ ਕਿ ਇਸ ਦੀ ਇਨਕੁਆਇਰੀ ਕਰਵਾਈ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ 10 ਕਰੋੜ 1 ਲੱਖ 49 ਹਜ਼ਾਰ 492 ਰੁਪਏ ਦੀ ਕੁੱਲ ਰਾਸ਼ੀ ਹੈ । ਉਹ ਮੁੱਖ ਮੰਤਰੀ ਫੰਡ

Original with;
Punjab Vidhan Sabha
Digitized by;
Panjab Digital Library

ਵਿੱਚ ਆਈ ਸੀ । ਉਸ ਦੇ ਵਿਚੋਂ ਪੈਸੇ ਜ਼ਿਲ੍ਹਿਆਂ ਨੂੰ ਦਿੱਤੇ ਗਏ ਹਨ । ਉਸ ਫੰਡ ਦੇ ਵਿਚੋਂ ਸਾਲ 1993-94 ਦੇ ਵਿੱਚ ਜ਼ਿਲ੍ਹਾ ਰੋਪੜ ਨੂੰ ਵੀ ਦਿੱਤੇ ਹਨ । ਪਟਿਆਲੇ ਵਿਚ ਡਾਇਰੈਕਟਰ, ਥਾਪਰ ਇੰਸਟੀਚਿਊਟ ਨੂੰ ਵੀ ਦਿੱਤੇ ਗਏ ਹਨ ਅਤੇ ਡਿਪਟੀ ਕਮਿਸ਼ਨਰ ਜਲੰਧਰ ਨੂੰ ਵੀ ਦਿੱਤੇ ਗਏ ਹਨ । ਇਹ ਜਿਹੜੀ ਘਪਲੇਬਾਜ਼ੀ ਬਾਰੇ ਕਹਿੰਦੇ ਹਨ, ਇਹ ਇਸ ਦੇ ਬਾਰੇ ਡਿਟੇਲ ਦੱਸ ਦੇਣ ਤਾਂ ਅਸੀਂ ਉਸਦੀ ਪੜਤਾਲ ਕਰਵਾ ਲਵਾਂਗੇ । ਬਾਦਲ ਸਾਹਿਬ ਦੀ ਸਰਕਾਰ ਇਸ ਗੱਲ ਦੇ ਉਤੇ ਕਦੇ ਨਰਮੀ ਨਹੀਂ ਰੱਖੇਗੀ । ਸਭ ਨੂੰ ਪੂਰਾ ਨਿਆਂ ਮਿਲੇਗਾ ਅਤੇ ਜਿਸ ਨੇ ਘਪਲੇਬਾਜ਼ੀ ਕੀਤੀ ਹੋਵੇਗੀ, ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਮੇਰੇ ਨਾਲ ਮਿੱਤਲ ਸਾਹਿਬ ਉਧਰ ਆਪੋਜੀਸ਼ਨ ਦੇ ਬੈਂਚਾਂ ਤੇ ਬੈਠੇ ਹੁੰਦੇ ਸਨ ਤਾਂ ਉਸ ਵਕਤ ਮੈਂ ਚੈਕ ਦਿਖਾਏ ਸਨ ਕਿ ਲੋਕਾਂ ਨੂੰ 9-9 ਰੁਪਏ ਦੇ ਚੈਕ ਦਿੱਤੇ ਗਏ । ਕਿਸੇ ਨੂੰ 6-6 ਰੁਪਏ ਦੇ ਚੈਕ ਦਿੱਤੇ ਗਏ । ਜਦੋਂ ਬੈਂਕ ਵਿੱਚ ਖਾਤਾ ਖੁਲਵਾਉਣਾ ਹੁੰਦਾ ਹੈ ਤਾਂ ਕਹਿੰਦੇ ਹਨ ਕਿ 200/- ਰੁਪਏ ਨਾਲ ਖਾਤਾ ਖੁੱਲ੍ਹੇਗਾ । ਇਹ ਜਿਹੜਾ ਲੋਕਾਂ ਨੂੰ ਰਾਹਤ ਫੰਡ ਦਿੱਤਾ ਗਿਆ ਹੈ, ਸਾਨੂੰ ਇਹ ਪਤਾ ਨਹੀਂ ਲੱਗਾ ਕਿ ਲੋਕਾਂ ਨੂੰ ਇਹ ਕਿਹੜਾ ਪੈਸਾ ਦਿੱਤਾ ਗਿਆ ਹੈ ? ਸਰਕਾਰ ਇਸ ਦੀ ਇਨਕੁਆਇਰੀ ਕਰਵਾਏ ਕਿ ਉਹ ਪੈਸਾ ਲੋਕਾਂ ਨੂੰ ਮਿਲਿਆ ਹੈ ਜਾਂ ਨਹੀਂ । ਜਿਹੜੇ ਲੋਕਾਂ ਨੂੰ 9-9/- ਰੁਪਏ ਦੇ, 6-6/- ਰੁਪਏ ਦੇ ਚੈਕ ਦਿੱਤੇ ਗਏ ਸਨ ਉਹ ਮੈਂ ਇਸ ਹਾਊਸ ਵਿੱਚ ਵੀ ਦਿਖਾਏ ਸਨ । ਕੀ ਉਸ ਦੀ ਪੜਤਾਲ ਕਰਾਉਣ ਨੂੰ ਇਹ ਤਿਆਰ ਹਨ ?

**ਸ੍ਰੀ ਸਪੀਕਰ** : ਮੰਤਰੀ ਜੀ ਇਸ ਬਾਰੇ ਕਹਿ ਚੁੱਕੇ ਹਨ ।

**ਮੰਤਰੀ** : ਮੈਂ ਕਹਿ ਚੁੱਕਾ ਹਾਂ ਕਿ ਜਿਥੇ-ਜਿਥੇ ਸ਼ਿਕਾਇਤ ਹੈ, ਉਸ ਦੀ ਪੜਤਾਲ ਕਰਵਾਈ ਜਾਏਗੀ ।

---

## STARRED QUESTIONS AND ANSWERS

### ਰਾਜ ਵਿਚ ਪੀਲ਼ੇ ਕਾਰਡ ਵਾਲੇ ਵਿਅਕਤੀਆਂ ਨੂੰ ਨਕਦ ਸਬਸਿਡੀ

*94 **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਖੁਰਾਕ ਅਤੇ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪਿਛਲੀ ਸਰਕਾਰ ਦੁਆਰਾ ਪੀਲੇ ਕਾਰਡ ਵਾਲੇ ਵਿਅਕਤੀਆਂ ਨੂੰ ਅਨਾਜ ਅਤੇ ਦਾਲ ਖਰੀਦਣ ਵਿਚ ਉਨ੍ਹਾਂ ਦੀ ਸਹਾਇਤਾ ਕਰਨ ਦੇ ਖਿਆਲ ਨਾਲ ਨਕਦ ਸਬਸਿਡੀ ਦੇਣ ਸਬੰਧੀ ਕੋਈ ਸਕੀਮ ਚਾਲੂ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ;

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਜੈਬ ਸਿੰਘ ਰੌਂਤਾ]

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੀਮ ਅਜੇ ਵੀ ਚਲਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਸਕੀਮ ਅਧੀਨ ਹੁਣ ਤੱਕ ਕਿੰਨੀ ਰਕਮ ਦੀ ਸਬਸਿਡੀ ਦਿੱਤੀ ਗਈ ਹੈ; ਜੇਕਰ ਨਹੀਂ, ਤਾਂ ਕੀ ਮੌਜੂਦਾ ਸਰਕਾਰ ਉਕਤ ਸਕੀਮ ਨੂੰ ਜਾਰੀ ਰੱਖਣ ਦਾ ਇਰਾਦਾ ਰੱਖਦੀ ਹੈ ?

**Shri Madan Mohan Mittal** (a) Yes. A scheme captioned "Wheat and Dal Scheme" for distribution of subsidized wheat and Dal to those families whose income is below Rs. 11,000/- per year was introduced by the previous Government in January, 1996. Under this scheme, subsidy for the purchase of 10 Kg. wheat per head upto a maximum of 50 kgs and one kg. Dal per head subject to a maximum of 5 kgs was to be disbursed. Roughly, an amount of Rs. 29.95 per member per month each to Yellow Card Holders was sought to be disbursed. The maximum number of members eligible per Yellow Card was five. The subsidy amount was sought to be disbursed through the Local Government Department in urban areas and through the Department of Rural Development and Panchayats in the rural areas.

(b) The matter regarding continuation of this scheme is under consideration.

**ਕਾਮਰੇਡ ਅਜੈਬ ਸਿੰਘ ਰੌਂਤਾ** : ਸਪੀਕਰ ਸਾਹਿਬ, ਮੈਂ ਆਪ ਜੀ ਦੁਆਰਾ ਮਾਨਯੋਗ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 29 ਰੁਪਏ 95 ਪੈਸੇ ਪ੍ਰਤੀ ਜੀਅ ਪ੍ਰਤੀ ਮਹੀਨਾ ਆਟਾ, ਦਾਲ ਸਕੀਮ ਵਾਸਤੇ ਰੱਖੇ ਗਏ ਹਨ ਅਤੇ 12,428 ਪਿੰਡ ਹਨ । ਕੀ ਇਹ ਦੱਸਣਗੇ ਕਿ ਟੋਟਲ ਕਿੰਨਾ ਪੈਸਾ ਸੀ ਤੇ ਕਿੰਨਾ ਪੈਸਾ ਕਿੰਨੀਆਂ ਕਿਸ਼ਤਾਂ ਵਿੱਚ ਵੰਡਿਆ ਗਿਆ ਅਤੇ ਬਕਾਇਆ ਕਿੰਨਾ ਹੈ ?

**ਮੰਤਰੀ** : ਸਪੀਕਰ ਸਾਹਿਬ, 1995-96 ਵਿੱਚ ਇਹ ਸਕੀਮ ਲਾਗੂ ਹੋਈ ਸੀ । ਟੋਟਲ ਕਾਰਡ ਹੋਲਡਰ 13.50 ਲੱਖ ਹਨ । ਉਸ ਵਿਚ ਲਾਭ-ਪਾਤਰ 67.76 ਲੱਖ ਯੂਨਿਟਸ ਬਣਦੇ ਹਨ । ਜਦੋਂ ਕਿ 1995-96 ਵਿੱਚ 139 ਲੱਖ ਰੁਪਿਆ ਰੱਖਿਆ ਗਿਆ ਸੀ । ਉਸ ਵਿਚੋਂ 97.24 ਲੱਖ ਰੁਪਿਆ ਵੰਡਿਆ ਗਿਆ ਹੈ । ਅਕਤੂਬਰ, ਨਵੰਬਰ ਅਤੇ ਦਸੰਬਰ ਵਿੱਚ ਤਾਂ ਕੋਈ ਪੈਸਾ ਨਹੀਂ ਵੰਡਿਆ ਗਿਆ । ਕੇਵਲ ਜਨਵਰੀ, ਫਰਵਰੀ ਅਤੇ ਮਾਰਚ, 1996 ਵਿੱਚ ਇਹ ਡਿਸਟ੍ਰੀਬਿਊਟ ਹੋਇਆ ਹੈ । 1996-97 ਵਿੱਚ 210 ਲੱਖ ਰੁਪਿਆ ਰੱਖਿਆ ਗਿਆ ਸੀ । ਪਰ ਜਿਹੜਾ ਰਿਲੀਜ਼ ਕੀਤਾ ਗਿਆ ਹੈ ਉਹ 13.48 ਲੱਖ ਰੁਪਿਆ ਹੀ ਹੈ । ਇਹ ਪੈਸਾ ਫਾਇਨਾਂਸ ਡਿਪਾਰਟਮੈਂਟ ਨੇ ਫੂਡ ਐਂਡ ਸਪਲਾਈਜ਼ ਡਿਪਾਰਟਮੈਂਟ ਨੂੰ ਰਿਲੀਜ਼ ਕੀਤਾ ਸੀ ।

**ਕਾਮਰੇਡ ਅਜੈਬ ਸਿੰਘ ਰੌਂਤਾ** : ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿ ਕੀ ਸਰਕਾਰ ਇਸ ਨੂੰ ਚਾਲੂ ਰੱਖਣ ਦਾ ਮਾਮਲਾ ਆਪਣੇ ਵਿਚਾਰ ਅਧੀਨ ਰੱਖਦੀ ਹੈ । ਜੇ ਫਰਜ਼

Original with;
Punjab Vidhan Sabha
Digitized by;
Panjab Digital Library

ਕਰੋ ਤੁਸੀਂ ਇਸ ਨੂੰ ਬਦਲਣਾ ਚਾਹੁੰਦੇ ਹੋ ਤਾਂ ਕੋਈ ਨਵੀਂ ਬਿਹਤਰ ਸਕੀਮ ਲਿਆਉਣਾ ਚਾਹੁੰਦੇ ਹੋ ? ਜੇਕਰ ਹੈ ਤਾਂ ਉਸ ਦੀ ਰੂਪ-ਰੇਖਾ ਕੀ ਹੋਵੇਗੀ ਜੋ ਸਰਕਾਰ ਦੇ ਵਿਚਾਰ ਅਧੀਨ ਹੈ ।

**ਮੰਤਰੀ** : ਮੈਂ ਪਹਿਲਾਂ ਵੀ ਦੱਸਿਆ ਸੀ ਕਿ ਇਹ ਜੋ ਪੈਸਾ ਹੈ ਇਹ ਪੂਰਾ ਰਿਲੀਜ਼ ਨਹੀਂ ਹੋਇਆ । ਪਹਿਲੀ ਸਰਕਾਰ ਨੇ ਜਨਵਰੀ, ਫਰਵਰੀ ਅਤੇ ਮਾਰਚ ਵਿੱਚ ਰਿਲੀਜ਼ ਕੀਤਾ ਜੀ । ਜੋ ਪੈਸਾ 1996-97 ਵਾਸਤੇ ਰੱਖਿਆ ਗਿਆ ਸੀ ਉਹ ਅਜੇ ਤੱਕ ਵੰਡਿਆ ਨਹੀਂ ਗਿਆ । ਕਿਉਂਕਿ ਅਪ੍ਰੈਲ ਵਿੱਚ ਲੋਕ ਸਭਾ ਦੀਆਂ ਚੋਣਾਂ ਸਨ ਅਤੇ ਉਸ ਤੋਂ ਬਾਅਦ ਹੀ ਪੈਸਾ ਰਿਲੀਜ਼ ਕਰਨ ਦੀ ਐਡਵਾਈਸ ਹੋਈ ਸੀ । ਪਰ ਉਹ ਪਰਪਜ਼ ਹੱਲ ਨਹੀਂ ਹੋਇਆ । ਪਰ ਮੌਜੂਦਾ ਸਰਕਾਰ ਦੀ ਇਹ ਸਕੀਮ ਹਾਲੇ ਅੰਡਰ-ਕੰਸੀਡਰੇਸ਼ਨ ਹੈ । ਪਹਿਲੇ ਫੈਸਲੇ ਅਨੁਸਾਰ ਇਹ ਡਿਸ-ਕੰਟੀਨਿਊ ਕਰ ਦਿੱਤੀ ਗਈ ਸੀ ।

**ਕਾਮਰੇਡ ਹਰਦੇਵ ਅਰਸ਼ੀ** : ਸਪਲੀਮੈਂਟਰੀ, ਸਰ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਪ੍ਰਸ਼ਨ ਦੇ 2 ਪੈਰ੍ਹੇ ਹਨ । ਇੱਕ ਇਸ ਸਕੀਮ ਨੂੰ ਕੰਟੀਨਿਊ ਕਰਨਾ ਜਾਂ ਰੀਵਾਈਜ਼ ਕਰਨਾ, ਦੂਜਾ ਪੈਸਾ ਵੰਡਣ ਦਾ । ਇੱਕ ਹੋਰ ਵੱਡਾ ਸਵਾਲ ਹੈ ਕਿ ਆਲਰੇਡੀ ਪਿਛਲੀ ਗੌਰਮਿੰਟ ਨੇ ਫੈਸਲਾ ਕੀਤਾ ਸੀ ਕਿ ਦੂਜੇ ਫਾਇਨਾਂਸ਼ੀਅਲ ਯੀਅਰ ਵਿੱਚ ਅਮਾਊਂਟ ਰਾਖਵੀਂ ਰੱਖੀ ਜਾਵੇਗੀ । ਪਿਛਲੀ ਸਰਕਾਰ ਦਾ ਫੈਸਲਾ ਹਾਲੇ ਤੱਕ ਵੀ ਕੰਟੀਨਿਊ ਹੈ । ਜਿੰਨੇ ਨਵੀਂ ਰਵੀਜ਼ਨ ਕਰਨ ਤੱਕ, ਡਿਸੀਜ਼ਨ ਲੈਣ ਤੱਕ ਜਦੋਂ ਤੱਕ ਨਵੀਂ ਗੌਰਮਿੰਟ ਕੋਈ ਨਵਾਂ ਫੈਸਲਾ ਨਹੀਂ ਕਰਦੀ, ਕੀ ਉਤਨਾ ਅਰਸਾ ਪੁਰਾਣੀ ਪਾਲਿਸੀ ਹੀ ਚਲਦੀ ਰਹੇਗੀ ? ਇਸ ਲਈ ਜਿਹੜਾ ਬਕਾਇਆ ਰਹਿੰਦਾ ਹੈ ਉਸ ਦਾ ਭੁਗਤਾਨ ਕੀ ਇਹ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਸ ਸਕੀਮ ਨੂੰ ਤਾਂ ਪਿਛਲੀ ਸਰਕਾਰ ਨੇ ਹੀ ਡਿਸਕੰਟੀਨਿਊ ਕਰ ਦਿੱਤਾ ਸੀ ਔਰ ਅਸੀਂ ਉਸੇ ਫੈਸਲੇ ਤੇ ਖੜ੍ਹੇ ਹਾਂ । ਜਿਹੜੇ ਪੀਲੇ ਕਾਰਡ ਬਣਾਉਣ ਬਾਰੇ ਕੇਂਦਰ ਦੀ ਸਰਕਾਰ ਨੇ ਇਕ ਨਵੀਂ ਸਕੀਮ ਭੇਜੀ ਹੈ. 10 ਕਿਲੋ ਕਣਕ ਅਤੇ ਦਾਲ ਸਪਲਾਈ ਕਰਨ ਦੀ ਉਸੇ ਸਕੀਮ ਅਨੁਸਾਰ 29.95 ਰੁਪਏ ਪਰ ਹੈਡ ਪ੍ਰਤੀ ਮਹੀਨਾ ਖਰਚ ਕਰਨਾ ਹੈ । ਪਿਛਲੀ ਸਰਕਾਰ ਨੇ ਹੀ ਆਪਣੀ ਸਕੀਮ ਨੂੰ ਬੰਦ ਕਰ ਦਿੱਤਾ ਸੀ ਅਤੇ ਹਾਲੇ ਸਾਨੂੰ ਇਹ ਹੀ ਐਡਵਾਈਸ ਕੀਤਾ ਹੈ ਕਿ ਸਕੀਮ ਨੂੰ ਬੰਦ ਕਰ ਦਿੱਤਾ ਜਾਵੇ ਅਤੇ ਅਸੀਂ ਪਿਛਲੇ ਫੈਸਲੇ ਤੇ ਖੜ੍ਹੇ ਹਾਂ । ਨਵੀਂ ਸਕੀਮ ਬਣਾਉਣ ਬਾਰੇ ਮੈਂ ਹਾਲੇ ਨਹੀਂ ਦੱਸ ਸਕਦਾ । Status quo is continuing because the previous Government stopped it. The present Government will definitely consider to strengthen the Public Distribution System ਤਾਂਕਿ ਲਾਭ ਪਾਤਰ ਲੋਕਾਂ ਨੂੰ ਠੀਕ ਰੇਟ ਤੇ ਚੀਜ਼ਾਂ ਮਿਲ ਸਕਣ, ਉਸ ਉਤੇ ਸਰਕਾਰ ਵਚਨਬੱਧ ਹੈ ।

———

Original with;
Punjab Vidhan Sabha
Digitized by;
Panjab Digital Library

## ਪੰਚਾਇਤ ਸਕੱਤਰਾਂ ਦੀਆਂ ਨਿਯੁਕਤੀਆਂ

*40 1. **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
2. ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ } : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1992 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਦੇ ਦੌਰਾਨ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਵਿਭਾਗ ਦੁਆਰਾ ਨਿਯੁਕਤ ਕੀਤੇ ਗਏ ਪੰਚਾਇਤ ਸਕੱਤਰਾਂ ਦੀ ਜ਼ਿਲ੍ਹਾਵਾਰ ਅਤੇ ਸਾਲ ਵਾਰ ਗਿਣਤੀ ਕਿੰਨੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਪੰਚਾਇਤ ਸਕੱਤਰਾਂ ਦੀ ਚੋਣ ਕਰਨ ਲਈ ਸਰਕਾਰ ਦੁਆਰਾ ਕੀ ਕਸੌਟੀ ਅਪਣਾਈ ਗਈ ?

**ਸਰਦਾਰ ਨਿਰਮਲ ਸਿੰਘ ਕਾਹਲੋਂ** : (ੳ) ਸਾਲ 1992 ਤੋਂ ਹੁਣ ਤੱਕ ਨਿਯੁਕਤ ਕੀਤੇ ਪੰਚਾਇਤ ਸਕੱਤਰਾਂ ਦੀ ਜ਼ਿਲ੍ਹਾਵਾਰ ਅਤੇ ਸਾਲ ਵਾਰ ਸਾਰਨੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) 42 ਪੰਚਾਇਤ ਸਕੱਤਰਾਂ ਦੀਆਂ ਨਿਯੁਕਤੀਆਂ ਤਰਸ ਦੇ ਆਧਾਰ ਤੇ, 6 ਬਦਲੀ ਰਾਹੀਂ ਅਤੇ 556 ਦੀਆਂ 89 ਦਿਨਾਂ ਦੇ ਆਧਾਰ ਤੇ ਕੀਤੀਆਂ ਗਈਆਂ ।

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ੳ'

ਤਰਸ ਦੇ ਆਧਾਰ ਤੇ ਨਿਯੁਕਤ ਕੀਤੇ ਪੰਚਾਇਤ ਸਕੱਤਰਾਂ ਦੀ ਜ਼ਿਲ੍ਹਾਵਾਰ ਗਿਣਤੀ

| | ਲੜੀ ਨੰ: | ਜ਼ਿਲ੍ਹੇ ਦਾ ਨਾਂ | | ਨਿਯੁਕਤ ਕੀਤੇ ਪੰਚਾਇਤ ਸਕੱਤਰਾਂ ਦੀ ਗਿਣਤੀ । |
|---|---|---|---|---|
| | 1 | 2 | | 3 |
| ਸਾਲ 1992 | 1. | ਫਿਰੋਜ਼ਪੁਰ | | 1 |
| | 2. | ਗੁਰਦਾਸਪੁਰ | .. | 1 |
| | 3. | ਹੁਸ਼ਿਆਰਪੁਰ | .. | 1 |
| | | ਜੋੜ | .. | 3 |
| ਸਾਲ 1993 | 1. | ਰੋਪੜ | .. | 1 |
| | 2. | ਲੁਧਿਆਣਾ | .. | 2 |
| | 3. | ਜਲੰਧਰ | .. | 1 |
| | 4. | ਅੰਮ੍ਰਿਤਸਰ | .. | 1 |
| | | ਜੋੜ | .. | 5 |
| ਸਾਲ 1994 | 1. | ਪਟਿਆਲਾ | .. | 1 |
| | 2. | ਫਤਿਹਗੜ੍ਹ ਸਾਹਿਬ | .. | 2 |
| | 3. | ਮੋਗਾ | .. | 1 |
| | 4. | ਹੁਸ਼ਿਆਰਪੁਰ | .. | 2 |
| | 5. | ਅੰਮ੍ਰਿਤਸਰ | .. | 1 |
| | | ਜੋੜ | .. | 7 |

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

| | 1 | 2 | | 3 |
|---|---|---|---|---|
| ਸਾਲ 1995 | 1. | ਪਟਿਆਲਾ | .. | 1 |
| | 2. | ਲੁਧਿਆਣਾ | .. | 1 |
| | 3. | ਫਤਿਹਗੜ੍ਹ ਸਾਹਿਬ | .. | 1 |
| | 4. | ਸੰਗਰੂਰ | .. | 1 |
| | 5. | ਫਿਰੋਜ਼ਪੁਰ | .. | 2 |
| | 6. | ਜਲੰਧਰ | .. | 1 |
| | 7. | ਗੁਰਦਾਸਪੁਰ | .. | 1 |
| | 8. | ਅੰਮ੍ਰਿਤਸਰ | .. | 3 |
| | | ਜੋੜ | .. | 11 |
| ਸਾਲ 1996 | 1. | ਰੋਪੜ | .. | 1 |
| | 2. | ਲੁਧਿਆਣਾ | .. | 2 |
| | 3. | ਫਤਿਹਗੜ੍ਹ ਸਾਹਿਬ | .. | 3 |
| | 4. | ਸਗਰੂਰ | .. | 1 |
| | 5. | ਫਿਰੋਜ਼ਪੁਰ | .. | 1 |
| | 6. | ਮੁਕਤਸਰ | .. | 1 |
| | 7. | ਕਪੂਰਥਲਾ | .. | 1 |
| | 8. | ਨਵਾਂ-ਸ਼ਹਿਰ | .. | 1 |
| | 9. | ਹੁਸ਼ਿਆਰਪੁਰ | .. | 2 |
| | 10. | ਅੰਮ੍ਰਿਤਸਰ | .. | 3 |
| | | ਜੋੜ | .. | 16 |
| ਸਾਲ 1997 | | | | ਨਿਲ |
| | | ਕੁੱਲ ਜੋੜ | .. | 42 |

Original with;
Punjab Vidhan Sabha
Digitized by;
Panjab Digital Library

ਅਨੁਲੱਗ 'ਅ'

ਬਦਲੀ ਰਾਹੀਂ ਨਿਯੁਕਤ ਕੀਤੇ ਪੰਚਾਇਤ ਸਕੱਤਰਾਂ ਦੀ ਸਾਲਵਾਰ ਸੂਚੀ

| | ਲੜੀ ਨੰ: | ਜ਼ਿਲ੍ਹੇ ਦਾ ਨਾਂ | | ਸੰਖਿਆ |
|---|---|---|---|---|
| | 1 | 2 | | 3 |
| ਸਾਲ 1992 | | — | | — |
| ਸਾਲ 1993 | 1. | ਮੋਗਾ | .. | 1 |
| | 2. | ਮੁਕਤਸਰ | .. | 3 |
| | 3. | ਜਲੰਧਰ | .. | 1 |
| | | ਜੋੜ | .. | 5 |
| ਸਾਲ 1994 | | — | .. | — |
| ਸਾਲ 1995 | | ਮਾਨਸਾ | .. | 1 |
| | | ਜੋੜ | .. | 1 |
| ਸਾਲ 1996 | | — | .. | — |
| ਸਾਲ 1997 | | — | .. | — |
| | | ਕੁੱਲ ਜੋੜ | .. | 6 |

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

**ਅਨੁਲੱਗ 'ੲ'**

89 ਦਿਨਾਂ ਦੇ ਆਧਾਰ ਤੇ ਰੱਖੇ ਪੰਚਾਇਤ ਸਕੱਤਰਾਂ ਦੀ ਜ਼ਿਲ੍ਹਾਵਾਰ ਅਤੇ ਸਾਲਵਾਰ ਗਿਣਤੀ ।

| | ਲੜੀ ਨੰ: | ਜ਼ਿਲ੍ਹੇ ਦਾ ਨਾਂ | | ਪੰਚਾਇਤ ਸਕੱਤਰਾਂ ਦੀ ਗਿਣਤੀ |
|---|---|---|---|---|
| | 1 | 2 | | 3 |
| ਸਾਲ 1995 | 1. | ਅੰਮ੍ਰਿਤਸਰ | .. | 5 |
| | 2. | ਗੁਰਦਾਸਪੁਰ | .. | 1 |
| | 3. | ਪਟਿਆਲਾ | .. | 2 |
| | 4. | ਸੰਗਰੂਰ | .. | 1 |
| | 5. | ਜਲੰਧਰ | .. | 1 |
| | 6. | ਨਵਾਂ ਸ਼ਹਿਰ | .. | 1 |
| | | ਜੋੜ | .. | 11 |
| ਸਾਲ 1996 | 1. | ਰੋਪੜ | .. | 59 |
| | 2. | ਸੰਗਰੂਰ | .. | 52 |
| | 3. | ਲੁਧਿਆਣਾ | .. | 35 |
| | 4. | ਫਤਿਹਗੜ੍ਹ ਸਾਹਿਬ | .. | 26 |
| | 5. | ਬਠਿੰਡਾ | .. | 19 |
| | 6. | ਫਿਰੋਜ਼ਪੁਰ | .. | 53 |
| | 7. | ਮਾਨਸਾ | .. | 27 |
| | 8. | ਮੁਕਤਸਰ | .. | 11 |
| | 9. | ਮੋਗਾ | .. | 9 |
| | 10. | ਫਰੀਦਕੋਟ | .. | 6 |
| | 11. | ਹੁਸ਼ਿਆਰਪੁਰ | .. | 25 |
| | 12. | ਜਲੰਧਰ | .. | 64 |
| | 13. | ਕਪੂਰਥਲਾ | .. | 25 |
| | 14. | ਗੁਰਦਾਸਪੁਰ | .. | 11 |
| | 15. | ਨਵਾਂ ਸ਼ਹਿਰ | .. | 33 |
| | 16. | ਅੰਮ੍ਰਿਤਸਰ | .. | 35 |
| | 17. | ਪਟਿਆਲਾ | .. | 53 |
| | | ਜੋੜ | .. | 545 |
| | | ਕੁਲ ਜੋੜ | .. | 556 |

Original with;
Punjab Vidhan Sabha
Digitized by;
Panjab Digital Library

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਇਹ ਸਰਕਾਰ ਨੇ ਮੰਨ ਲਿਆ ਹੈ ਕਿ ਪਿਛਲੀ ਸਰਕਾਰ ਨੇ ਡਾਇਰੈਕਟ ਨਿਯੁਕਤੀਆਂ ਕੀਤੀਆਂ ਹਨ ਅਤੇ ਦੂਸਰੇ ਪਾਰਟ ਵਿਚ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪਿਛਲੀ ਸਰਕਾਰ ਨੇ ਇਹ ਨਿਯੁਕਤੀਆਂ ਦੇਣ ਦੇ ਵਕਤ ਕੋਈ ਸਿਲੈਕਸ਼ਨ ਕਮੇਟੀ ਦਾ ਗਠਨ ਕੀਤਾ ਸੀ ਜਾਂ ਨਹੀਂ ਜਾਂ ਫੇਰ ਇਨ੍ਹਾਂ ਦੀਆਂ ਐਪਲੀਕੇਸ਼ਨਾਂ ਅਤੇ ਨਾਂ ਇੰਪਲਾਇਮੈਂਟ ਐਕਸਚੇਂਜ ਤੋਂ ਲਏ ਗਏ ਸਨ ? ਇਸ ਬਾਰੇ ਪੂਰਾ ਵੇਰਵਾ ਹਾਊਸ ਦੇ ਵਿਚ ਦਿੱਤਾ ਜਾਵੇ । ਕੀ ਕੋਈ ਨਾਰਮਜ਼ ਅਡਾਪਟ ਕੀਤੇ ਗਏ ਸਨ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, 1995-96 ਦੇ ਵਿਚ 556 ਦੀਆਂ ਨਿਯੁਕਤੀਆਂ 89 ਡੇਜ਼ ਦੇ ਆਧਾਰ ਤੇ ਕੀਤੀਆਂ ਗਈਆਂ ਸਨ ਔਰ ਉਸ ਵੇਲੇ ਕੋਈ ਸਿਲੈਕਸ਼ਨ ਕਮੇਟੀ ਨਹੀਂ ਬਣਾਈ ਗਈ ਸੀ ਅਤੇ ਨਾ ਹੀ ਪਿਛਲੀ ਸਰਕਾਰ ਵਲੋਂ ਕੋਈ ਨਾਰਮਜ਼ ਨੂੰ ਅਡਾਪਟ ਕੀਤਾ ਗਿਆ ਸੀ । ਇਨ੍ਹਾਂ ਦੀਆਂ ਸਿਲੈਕਸ਼ਨਾਂ ਜਿਵੇਂ ਜਿਵੇਂ ਐਪਲੀਕੇਸ਼ਨਾਂ ਮਹਿਕਮੇ ਕੋਲ ਆਉਂਦੀਆਂ ਰਹੀਆਂ, ਉਨ੍ਹਾਂ ਉਤੇ ਹੀ ਐਪੁਆਇੰਟਮੈਂਟਾਂ ਹੁੰਦੀਆਂ ਰਹੀਆਂ ਅਤੇ ਕਿਸੇ ਸਿਲੈਕਸ਼ਨ ਕਮੇਟੀ ਨੇ ਐਪੁਆਇੰਟਮੈਂਟ ਨਹੀਂ ਕੀਤੀ ਅਤੇ ਨਾ ਹੀ ਇਨ੍ਹਾਂ ਦੇ ਨਾਂ ਇੰਪਲਾਇਮੈਂਟ ਐਕਸਚੇਂਜ ਰਾਹੀਂ ਲਏ ਗਏ ਸਨ ਅਤੇ ਨਾ ਹੀ ਕੋਈ ਢੰਗ ਤਰੀਕਾ ਅਡਾਪਟ ਕੀਤਾ ਗਿਆ ਸੀ । ਇਨ੍ਹਾਂ ਦੀਆਂ ਨਿਯੁਕਤੀਆਂ ਕਰਨ ਵੇਲੇ ਨਾ ਕੋਈ ਸਿਲੈਕਸ਼ਨ ਕਮੇਟੀ ਬਣਾਈ ਗਈ ਸੀ ਅਤੇ ਨਾ ਹੀ ਐਪਲੀਕੇਸ਼ਨ ਲੈਣ ਲਈ ਪੋਸਟਾਂ ਦੀ ਐਡਵਰਟਾਈਜ਼ਮੈਂਟ ਕੀਤੀ ਗਈ ਸੀ, ਨਾ ਹੀ ਕੋਈ ਤੌਰ-ਤਰੀਕਾ ਵਰਤਿਆ ਗਿਆ ਸੀ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਬੜਾ ਕਲੀਅਰ ਜਵਾਬ ਹਾਊਸ ਦੇ ਵਿਚ ਦਿੱਤਾ ਹੈ ਅਤੇ ਦਸਿਆ ਹੈ ਕਿ ਇਨ੍ਹਾਂ ਨਿਯੁਕਤੀਆਂ ਦੇ ਵਿਚ ਕਿਸ ਤਰ੍ਹਾਂ ਪਿਛਲੀ ਸਰਕਾਰ ਨੇ ਗਲਤ ਤਰੀਕੇ ਅਡਾਪਟ ਕੀਤੇ ਸਨ ਅਤੇ ਗਲਤ ਕੰਮ ਕੀਤੇ ਸਨ । ਨਾ ਤਾਂ ਕੋਈ ਸਿਲੈਕਸ਼ਨ ਕਮੇਟੀ ਬਣਾਈ ਗਈ ਸੀ ਅਤੇ ਨਾ ਹੀ ਕੋਈ ਪ੍ਰੋਸੀਜਰ ਅਡਾਪਟ ਕੀਤਾ ਗਿਆ ਸੀ ਔਰ 89 ਡੇਜ਼ ਦੇ ਆਧਾਰ ਤੇ 556 ਨਿਯੁਕਤੀਆਂ ਕੀਤੀਆਂ ਸਨ, 42 ਹੋਰ ਕੀਤੀਆਂ ਸਨ ਅਤੇ ਇਸ ਤੋਂ ਇਲਾਵਾ 6 ਹੋਰ ਨਿਯੁਕਤੀਆਂ ਕੀਤੀਆਂ ਸਨ । ਕੀ ਇਹ ਭਰੋਸਾ ਦੇਣਗੇ ਕਿ ਇਹ ਜਿਹੜੀਆਂ ਗਲਤ ਨਿਯੁਕਤੀਆਂ ਹੋਈਆਂ ਹਨ ਅਤੇ ਜਿਸ ਨੇ ਵੀ ਕੀਤੀਆਂ ਸਨ, ਉਨ੍ਹਾਂ ਦੋਸ਼ੀਆਂ ਦੇ ਖਿਲਾਫ ਕਾਰਵਾਈ ਕਰਨਗੇ ਜਿਹੜੇ ਵੀ ਅਫਸਰ ਜ਼ਿੰਮੇਵਾਰ ਹਨ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲੇ ਹੀ ਕਹਿ ਦਿੱਤਾ ਹੈ ਕਿ ਪਿਛਲੀ ਸਰਕਾਰ ਨੇ ਇਨ੍ਹਾਂ ਦੀਆਂ ਨਿਯੁਕਤੀਆਂ ਕਰਨ ਦੇ ਵਿਚ ਕੋਈ ਤੌਰ-ਤਰੀਕਾ ਅਡਾਪਟ ਨਹੀਂ ਕੀਤਾ ਅਤੇ ਨਾ ਹੀ ਕੋਈ ਨਾਰਮਜ਼ ਨੂੰ ਅਡਾਪਟ ਕੀਤਾ ਹੈ ਅਤੇ ਆਪਹੁਦਰਾਪਨ ਵਾਲੀਆਂ ਗੱਲਾਂ ਕੀਤੀਆਂ ਹਨ ਅਤੇ ਅਣਗਹਿਲੀ ਤੋਂ ਕੰਮ ਲਿਆ ਗਿਆ । ਅਸੀਂ ਇਸ ਦੀ ਘੋਖ ਕਰਾਂਗੇ ਅਤੇ ਕਾਰਵਾਈ ਵੀ ਕਰਾਂਗੇ ।

**ਸ਼੍ਰੀ ਜਗਦੀਸ਼ ਸਾਹਨੀ** : ਸਪੀਕਰ ਸਾਹਿਬ, ਜਿਸ ਮਨਿਸਟਰ ਨੇ ਉਸ ਵੇਲੇ ਡਾਇਰੈਕਟ ਨਿਯੁਕਤੀਆਂ ਕੀਤੀਆਂ ਸਨ ਅਤੇ 25 ਹਜ਼ਾਰ ਤੋਂ 70 ਹਜ਼ਾਰ ਰੁਪਏ ਇਕ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜਗਦੀਸ਼ ਸਾਹਨੀ]
ਆਸਾਮੀ ਦੇ ਪਿਛੇ ਲਏ ਸਨ, ਇਸ ਗੱਲ ਦਾ ਰੌਲਾ ਪਿਛਲੀ ਵਿਧਾਨ ਸਭਾ ਦੇ ਵਿੱਚ ਵੀ ਪਿਆ ਸੀ । ** ** ** ** ਕੀ ਮਨਿਸਟਰ ਸਾਹਿਬ, ਉਸ ਵੇਲੇ ਡਾਇਰੈਕਟ ਕੀਤੀਆਂ ਗਈਆਂ ਨਿਯੁਕਤੀਆਂ ਦੀ ਦੁਬਾਰਾ ਘੋਖ ਕਰਨਗੇ ?

**ਸ੍ਰੀ ਸਪੀਕਰ** : ਸਾਹਨੀ ਸਾਹਿਬ, ਜਿਹੜਾ ਮੈਂਬਰ ਇਸ ਹਾਊਸ ਦੇ ਵਿਚ ਹਾਜ਼ਰ ਨਹੀਂ ਹੈ, ਉਸ ਦਾ ਨਾਂ ਲੈਣ ਦੀ ਕੀ ਲੋੜ ਹੈ ਅਤੇ ਇਸ ਲਈ ਨਾਂ ਐਕਸਪੰਜ ਕੀਤਾ ਜਾਂਦਾ ਹੈ ।

**ਸ੍ਰੀ ਜਗਦੀਸ਼ ਸਾਹਨੀ** : ਸਪੀਕਰ ਸਾਹਿਬ, ਠੀਕ ਹੈ ਜੀ । ਮੈਂ ਨਾਂ ਵਾਪਸ ਲੈਂਦਾ ਹਾਂ । ਕੀ ਸਰਕਾਰ ਪਿਛਲੀਆਂ ਨਿਯੁਕਤੀਆਂ ਨੂੰ ਰੱਦ ਕਰਕੇ ਨਵੀਆਂ ਨਿਯੁਕਤੀਆਂ ਕਰਨ ਦਾ ਭਰੋਸਾ ਦਿੰਦੀ ਹੈ ? ਸਪੀਕਰ ਸਾਹਿਬ, ਜੋ 89 ਦਿਨਾਂ ਦੇ ਆਧਾਰ ਤੇ ਨਿਯੁਕਤੀਆਂ ਕੀਤੀਆਂ ਗਈਆਂ ਹਨ, ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਉਹ ਪਿਛਲੀਆਂ ਨਿਯੁਕਤੀਆਂ ਰੱਦ ਕਰਕੇ ਨਵੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ ?

(ਇਸ ਵੇਲੇ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਸਪੀਕਰ ਸਾਹਿਬ ਦੀ ਇਜਾਜ਼ਤ ਤੋਂ ਬਗੈਰ ਜਵਾਬ ਦੇਣ ਲਈ ਖੜ੍ਹੇ ਹੋਏ ।)

**Mr. Speaker** : Kalhon Sahib, please sit down. Next question.

---

**ਫੋਕਲ ਪੁਆਇੰਟ ਸਕੀਮ ਨੂੰ ਮੁੜ ਚਾਲੂ ਕਰਨਾ**

*81. **ਸਰਦਾਰ ਗੁਲਜ਼ਾਰ ਸਿੰਘ ਰਾਨੀਕੇ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਪਿੰਡਾਂ ਲਈ ਫੋਕਲ ਪੁਆਇੰਟ ਸਕੀਮ ਨੂੰ ਮੁੜ ਚਾਲੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ਅਤੇ ਉਸ ਦੇ ਵੇਰਵੇ ਕੀ ਹਨ ?

**ਸਰਦਾਰ ਨਿਰਮਲ ਸਿੰਘ ਕਾਹਲੋਂ** : ਫੋਕਲ ਪੁਆਇੰਟ ਸਕੀਮ ਨੂੰ ਸੁਰਜੀਤ ਕਰਨ ਲਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਵਿਵਰਨ ਤਿਆਰ ਕੀਤਾ ਜਾ ਰਿਹਾ ਹੈ ਅਤੇ ਛੇਤੀ ਹੀ ਇਸ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ ।

**ਸਰਦਾਰ ਗੁਲਜ਼ਾਰ ਸਿੰਘ ਰਾਨੀਕੇ** : ਸਪੀਕਰ ਸਾਹਿਬ, ਜਿਹੜੀਆਂ ਫੋਕਲ ਪੁਆਇੰਟਾਂ ਦੀਆਂ ਪਹਿਲੀਆਂ ਸਕੀਮਾਂ ਸਨ ਕੀ ਉਸ ਬਾਰੇ ਵਜ਼ੀਰ ਸਾਹਿਬ ਦੱਸਣਗੇ ਕਿ ਉਨ੍ਹਾਂ ਸਕੀਮਾਂ ਵਿਚ ਕਿਹੜੀਆਂ ਕਿਹੜੀਆਂ ਨਵੀਆਂ ਚੀਜ਼ਾਂ ਐਡ ਕਰਕੇ ਸਕੀਮਾਂ ਬਣਾਈਆਂ ਜਾਣਗੀਆਂ ਅਤੇ ਨਾਲ ਹੀ ਫੋਕਲ ਪੁਆਇੰਟਾਂ ਦੀਆਂ ਸਕੀਮਾਂ ਬਾਰੇ ਟਾਇਮ ਦੱਸਣ ਦੀ ਖੇਚਲ ਕਰਨਗੇ ?

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਤੁਸੀਂ ਇਕ ਸਪਲੀਮੈਂਟਰੀ ਇਕੋ ਟਾਈਮ ਪੁੱਛੋ ।

**ਮੰਤਰੀ** : ਸਪੀਕਰ ਸਾਹਿਬ, ਫੋਕਲ ਪੁਆਇੰਟ ਸਕੀਮ ਨੂੰ ਸੁਰਜੀਤ ਕਰਨ ਲਈ ਤਜਵੀਜ਼ ਵਾਲੀ ਗੱਲ ਮਾਨਯੋਗ ਗਵਰਨਰ ਸਾਹਿਬ ਦੇ ਐਡਰੇਸ ਵਿਚ ਪਹਿਲਾਂ ਹੀ ਆ ਚੁੱਕੀ ਹੈ । ਜੋ ਵੀ ਤਜਵੀਜ਼ਾਂ ਹੋਰ ਮੈਂਬਰ ਸਾਹਿਬਾਨ ਚੰਗੇ ਢੰਗ ਨਾਲ ਦੱਸਣਗੇ, ਉਨ੍ਹਾਂ ਦੇ ਵਿਚਾਰ ਫਿਰ ਹੋ ਜਾਏਗਾ ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਜਿਹੜੇ ਫੋਕਲ ਪੁਆਇੰਟ ਪਹਿਲਾਂ ਬਣੇ ਸਨ, ਉਨ੍ਹਾਂ ਫੋਕਲ ਪੁਆਇੰਟਾਂ ਤੇ ਕੁਝ ਕੰਮ ਹੋ ਚੁੱਕਾ ਹੈ ਅਤੇ ਕੁਝ ਕੰਮ ਬਾਕੀ ਰਹਿ ਗਿਆ ਹੈ । ਕੀ ਮੰਤਰੀ ਜੀ ਅਜਿਹੇ ਫੋਕਲ ਪੁਆਇੰਟਾਂ ਤੇ ਵਿਚਾਰ ਕਰਕੇ ਪਹਿਲਾਂ ਕੰਮ ਕਰਾਉਣ ਦਾ ਅਮਲ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਪਹਿਲਾਂ ਫੋਕਲ ਪੁਆਇੰਟ ਸ਼ੁਰੂ ਹੋ ਚੁੱਕੇ ਹਨ ਅਤੇ ਜਿਥੇ ਕਾਫੀ ਹੱਦ ਤੱਕ ਕੰਮ ਹੋ ਚੁੱਕਾ ਹੈ, ਉਹ ਫੋਕਲ ਪੁਆਇੰਟ ਪੂਰਾ ਕਰਨ ਦਾ ਸਾਡਾ ਇਰਾਦਾ ਹੈ । ਜਿਹੜੇ ਬਾਕੀ ਫੋਕਲ ਪੁਆਇੰਟ ਹਨ, ਉਹ ਸਰਕਾਰ ਦੇ ਵਿਚਾਰ ਅਧੀਨ ਹਨ ।

**ਸ੍ਰੀ ਸਪੀਕਰ** : ਮੈਂਬਰ ਸਾਹਿਬਾਨ ਜਿਨ੍ਹਾਂ ਫੋਕਲ ਪੁਆਇੰਟਾਂ ਤੇ ਕੰਮ ਰਹਿ ਗਿਆ ਹੈ, ਉਨ੍ਹਾਂ ਬਾਰੇ ਪੁੱਛਦੇ ਹਨ ।

**ਮੰਤਰੀ** : ਸਪੀਕਰ ਸਾਹਿਬ, ਉਨ੍ਹਾਂ ਦਾ ਫੈਸਲਾ ਸਾਡੇ ਕੋਲ ਹੈ ਅਤੇ ਬਾਕੀ ਵਿਚਾਰ ਅਧੀਨ ਹਨ ।

---

**ਐਸ. ਪੀ. ਓਜ਼. ਅਤੇ ਏ. ਸੀਜ਼ ਦੀਆਂ ਸੇਵਾਵਾਂ ਨਿਯਮਿਤ ਕਰਨਾ**

*39. 1. **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
2. **ਸਰਦਾਰ ਬਲਵੀਰ ਸਿੰਘ ਚੌਧਰੀ ਟਾਂਡਾ** } ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿਚ ਇਸ ਸਮੇਂ ਐਸ. ਪੀ. ਓਜ਼. ਅਤੇ ਐਗਜ਼ਿਲਰੀ ਕਾਂਸਟੇਬਲਜ਼ ਦੀ ਵੱਖ ਵੱਖ ਕੁੱਲ ਗਿਣਤੀ ਕਿੰਨੀ ਕਿੰਨੀ ਹੈ ;

(ਅ) ਕੀ ਸਰਕਾਰ ਉਪਰੋਕਤ ਭਾਗ (ੳ) ਵਿਚ ਵਰਣਿਤ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਦਾ ਵਿਚਾਰ ਰੱਖਦੀ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਇਸ ਸਮੇਂ 17,301 ਸੁਪੈਸ਼ਲ ਪੁਲਿਸ ਅਫਸਰ ਹਨ ਅਤੇ ਕੋਈ ਵੀ ਸਹਾਇਕ ਕਾਂਸਟੇਬਲ ਨਹੀਂ ।

(ਅ) ਹਾਂ ਸ੍ਰੀਮਾਨ ਜੀ, ਬਸ਼ਰਤੇ ਕਿ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਆਸਾਮੀਆਂ ਉਪਲਬਧ ਹੋਣ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਇੰਦਰਜੀਤ ਸਿੰਘ ਜ਼ੀਰਾ:** ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 17301 ਸਪੈਸ਼ਲ ਪੁਲਿਸ ਅਫ਼ਸਰ ਹਨ ਅਤੇ ਇਹ ਬੜੇ ਔਖੇ ਸਮੇਂ ਵੇਲੇ ਭਰਤੀ ਕੀਤੇ ਗਏ ਸਨ। ਕੀ ਮੁੱਖ ਮੰਤਰੀ ਸਾਹਿਬ ਭਰੋਸਾ ਦੇਣਗੇ ਕਿ ਜਿਹੜੇ ਸ਼ਰਤਾਂ ਪੂਰੀਆਂ ਕਰਦੇ ਹਨ ਅਤੇ ਖਾਲੀ ਅਸਾਮੀਆਂ ਪਈਆਂ ਹਨ ਤਾਂ ਉਨ੍ਹਾਂ ਨੂੰ ਬਕਾਇਦਾ ਤੌਰ ਤੇ ਭਰਤੀ ਕਰ ਲਿਆ ਜਾਵੇਗਾ ?

**ਸ਼੍ਰੀ ਸਪੀਕਰ:** ਇਸ ਦਾ ਜਵਾਬ ਆਲਰੇਡੀ ਆ ਗਿਆ ਹੈ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਇਸ ਵੇਲੇ 1800 ਵੈਕੈਂਸੀਜ਼ ਹਨ ਅਤੇ ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸਾਮੀਆਂ ਨੂੰ ਭਰਨ ਵਾਸਤੇ ਬੋਰਡ ਬਣਾ ਦਿਤਾ ਗਿਆ ਹੈ ਅਤੇ 1,800 ਵੈਕੈਂਸੀਆਂ ਤੁਰੰਤ ਭਰ ਲਈਆਂ ਜਾਣਗੀਆਂ। (ਥੰਪਿੰਗ)

**ਸਰਦਾਰ ਇੰਦਰਜੀਤ ਸਿੰਘ ਜ਼ੀਰਾ:** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਜਿਹੜੇ ਸ਼ਰਤਾਂ ਪੂਰੀਆਂ ਕਰਦੇ ਹਨ ਅਤੇ ਅਸਾਮੀਆਂ ਵੀ ਹਨ, ਉਨ੍ਹਾਂ ਨੂੰ ਭਰਤੀ ਕਰ ਲਿਆ ਜਾਵੇਗਾ ਪਰ ਜਿਹੜੇ ਸ਼ਰਤਾਂ ਪੂਰੀਆਂ ਨਹੀਂ ਕਰਦੇ ਅਤੇ ਉਨ੍ਹਾਂ ਵੀ ਦਲੇਰੀ ਨਾਲ ਔਖੇ ਸਮੇਂ ਵਿਚ ਕੰਮ ਕੀਤਾ ਹੈ, ਕੀ ਉਨ੍ਹਾਂ ਕਰਮਚਾਰੀਆਂ ਬਾਰੇ ਵੀ ਸਰਕਾਰ ਵਿਚਾਰ ਕਰੇਗੀ ਜਾਂ ਕਿਸੇ ਹੋਰ ਮਹਿਕਮੇ ਵਿਚ ਕਲਾਸ-4 ਜਾਂ ਹੋਰ ਪੋਸਟਾਂ ਤੇ ਉਨ੍ਹਾਂ ਨੂੰ ਅਡਜਸਟ ਕੀਤਾ ਜਾਵੇਗਾ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਨ੍ਹਾਂ ਨੂੰ ਹਟਾਇਆ ਨਹੀਂ ਜਾਵੇਗਾ। (ਥੰਪਿੰਗ) ਜਿਥੇ ਕਿਤੇ ਵੀ ਖਾਲੀ ਜਗ੍ਹਾ ਹੋ ਜਾਣਗੀਆਂ, ਪ੍ਰਾਇਰਟੀ ਉਨ੍ਹਾਂ ਨੂੰ ਹੀ ਦਿੱਤੀ ਜਾਵੇਗੀ। ਉਨ੍ਹਾਂ ਤੋਂ ਹੀ ਸੀਟਾਂ ਭਰੀਆਂ ਜਾਣਗੀਆਂ।

**श्रीमती लक्ष्मी कांता चावला:** स्पीकर साहिब, मैं मुख्य मंत्री जी को आपके माध्यम से धन्यवाद देती हूं कि उन्होंने दो आश्वासन दिए हैं कि उनको हटाया नहीं जाएगा और स्थान खाली होते ही उनको वहां लगाया जायेगा। मेरा प्रश्न भी है और निवेदन भी है......

**ਸ਼੍ਰੀ ਸਪੀਕਰ:** ਤੁਸੀਂ ਪ੍ਰਸ਼ਨ ਕਰੋ।

**श्रीमती लक्ष्मी कांता चावला:** मेरा प्रश्न है कि जब तक कोई खाली आसामी नहीं निकलती या जब तक आप उनको पुलिस या किसी दूसरे विभाग में पक्के तौर पर नहीं ल लेते, क्या हर महीने समय पर उनको तनख्वाह मिल जाएगी। उनको 3-3 महीने तनख्वाह नहीं मिलती। क्या सरकार उनको रैगुलर तनख्वाह दिलाने का विचार रखती है ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ**: ਸਪੀਕਰ ਸਾਹਿਬ, ਜਿਥੋਂ ਤੱਕ ਇਨ੍ਹਾਂ ਨੂੰ ਰੇਗੂਲਰ ਤਨਖਾਹ ਮਿਲਣ ਦਾ ਸੁਵਾਲ ਹੈ, ਇਹ ਸੈਪਰੇਟ ਕੁਐਸਚਨ ਕਰ ਦਿੰਦੇ। ਤਨਖਾਹ ਤਾਂ ਰੇਗੂਲਰ ਮਿਲਣੀ ਚਾਹੀਦੀ ਹੈ। ਜੇ ਕਿਤੇ ਕੋਈ ਘਾਟ ਹੈ ਤਾਂ ਪੂਰੀ ਕਰ ਦਿੱਤੀ ਜਾਵੇਗੀ।

**ਸਰਦਾਰ ਬਲਦੇਵ ਸਿੰਘ ਖਿਆਲਾ**: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਹੋਮ ਗਾਰਡ ਦੇ ਜਵਾਨ ਹਨ, ਜਿਨ੍ਹਾਂ ਨੇ ਬੜੇ ਔਖੇ ਸਮੇਂ ਵਿਚ ਕੰਮ ਕੀਤਾ ਸੀ, ਉਨ੍ਹਾਂ ਨੂੰ ਮਹਿਕਮੇ ਵਾਲੇ ਇਕ ਇਕ ਦਿਨ ਦੀ ਗੈਰਹਾਜ਼ਰੀ ਤੇ ਕੱਢ ਦਿੰਦੇ ਹਨ। ਕੀ ਸਰਕਾਰ ਉਨ੍ਹਾਂ ਪ੍ਰਤੀ ਨਰਮ ਵਿਚਾਰ ਰੱਖ ਕੇ ਇਕ-ਦੋ ਦਿਨ ਦੀ ਜਿਹੜੀ ਗੈਰਹਾਜ਼ਰੀ ਕਿਸੇ ਦੀ ਹੈ, ਉਸਨੂੰ ਮੁਆਫ ਕਰਕੇ ਨੌਕਰੀ ਤੇ ਮੁੜ ਲਾਉਣ ਦਾ ਵਿਚਾਰ ਰੱਖਦੀ ਹੈ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

**ਸ੍ਰੀ ਸਪੀਕਰ**: ਇਹ ਤਾਂ ਹੋਮ ਗਾਰਡਜ਼ ਬਾਰੇ ਪੁੱਛ ਰਹੇ ਹਨ। ਅਗਲਾ ਸਵਾਲ, ਅਰਸ਼ੀ ਸਾਹਿਬ।

---

## ਰਾਜ ਵਿੱਚ ਟੁੱਟੇ-ਭੱਜੇ ਖਾਲਿਆਂ ਦੀ ਮੁਰੰਮਤ

*53. **ਕਾਮਰੇਡ ਹਰਦੇਵ ਅਰਸ਼ੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਰਾਜ ਵਿਚ ਪਾਣੀ ਦੇ ਟੁੱਟੇ-ਭੱਜੇ ਸਾਰੇ ਖਾਲਿਆਂ ਦੀ ਮੁਰੰਮਤ ਕਰਨ ਲਈ ਕੋਈ ਵਿਸ਼ੇਸ਼ ਸਕੀਮ ਚਾਲੂ ਕਰਨ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਹਾਂ ਜੀ। ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਇਸ ਗੱਲ ਵਾਸਤੇ ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਹਾਊਸ ਦੇ ਵਿੱਚ ਐਸ਼ਿਓਰੈਂਸ ਲੈਣੀ ਚਾਹੁੰਦਾ ਹਾਂ ਕਿਉਂਕਿ ਪਿਛਲੀ ਸਰਕਾਰ ਨੇ ਵੀ 3 ਸਾਲ ਪਹਿਲਾਂ ਕਿਹਾ ਸੀ, ਕਮਿਟਮੈਂਟ ਕੀਤੀ ਸੀ ਕਿ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ, ਡੈਮੇਜਡ ਖਾਲਿਆਂ ਦੀ ਰਿਪੇਅਰ ਕਰਾਂਗੇ ਪਰ ਕੁਝ ਨਹੀਂ ਬਣਿਆ ਅਤੇ ਜਿਸ ਮਕਸਦ ਵਾਸਤੇ ਪੱਕੇ ਖਾਲੇ ਬਣਾਏ ਗਏ, ਕਰੋੜਾਂ ਰੁਪਿਆ ਖਰਚ ਕਰ ਦਿਤਾ ਗਿਆ, ਉਸਦਾ 30% ਤੋਂ 45% ਤੱਕ ਹਿੱਸਾ ਡੈਮੇਜ ਹੋ ਜਾਣਾ, ਅੱਜ ਕਿਸੇ ਤਰ੍ਹਾਂ ਵੀ ਉਹ ਮੰਤਵ ਪੂਰਾ ਨਹੀਂ ਕਰ ਰਿਹਾ। ਇਸ ਕਰਕੇ ਪਾਣੀ ਦਾ ਵੀ ਨੁਕਸਾਨ ਹੋ ਰਿਹਾ ਹੈ। ਕੀ ਜਿਹੜਾ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਮਾਮਲਾ ਵਿਚਾਰ ਅਧੀਨ ਹੈ, ਉਸ ਕੰਮ ਨੂੰ ਟਾਈਮ ਬਾਊਂਡ ਕਰਨਗੇ ਅਤੇ ਕਿਤੋਂ ਨਾ ਕਿਤੋਂ ਫੰਡ ਦਾ ਅਰੇਂਜਮੈਂਟ ਕਰਕੇ ਜਲਦੀ ਤੋਂ ਜਲਦੀ ਰਿਪੇਅਰ ਦਾ ਕੰਮ ਕਰਾਉਣਗੇ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਹ ਠੀਕ ਹੈ ਕਿ ਤਕਰੀਬਨ 2300 ਕਿਲੋਮੀਟਰ ਇਹੋ ਜਿਹੇ ਖਾਲੇ ਹਨ they need restoration. ਪਰ ਇਨ੍ਹਾਂ ਤੇ ਜਿਹੜਾ ਰੁਪਿਆ ਖਰਚ ਕਰਨਾ ਹੈ, ਜਿਵੇਂ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਕਿਤੋਂ ਨਾ ਕਿਤੋਂ ਉਸ ਲਈ ਕੋਸ਼ਿਸ਼ ਕਰਦੇ ਹਾਂ । ਅਸੀਂ ਤਾਂ ਆਪ ਕਹਿੰਦੇ ਹਾਂ ਕਿ ਪੈਸਾ ਕਿਤੋਂ ਨਾ ਕਿਤੋਂ ਆਵੇ ਪਰ ਆਉਂਦਾ ਨਹੀਂ । ਜਦੋਂ ਪੈਸਾ ਕਿਤੋਂ ਨਾ ਕਿਤੋਂ ਆ ਗਿਆ, ਜ਼ਰੂਰ ਖਾਲੇ ਪੱਕੇ ਹੋ ਜਾਣਗੇ ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਜੋ ਸੀ. ਐਮ. ਸਾਹਿਬ ਨੇ ਜਵਾਬ ਦਿਤਾ ਹੈ, ਮੇਰੇ ਕਹਿਣ ਦਾ ਭਾਵ ਤਾਂ ਸੀ ਕਿ ਖਰਚਾ ਕਿਸੇ ਪਾਸਿਉਂ ਘਟਾ ਲਿਆ ਜਾਵੇ, ਪੈਸਾ ਬਚਾ ਕੇ ਇੱਧਰ ਲਾ ਲਿਆ ਜਾਵੇ । ਪਰ ਇਨ੍ਹਾਂ ਨੇ ਕਿਤੋਂ ਨਾ ਕਿਤੋਂ ਕਹਿ ਕੇ ਇਸ ਗੱਲ ਨੂੰ ਹਾਸੇ ਵਿਚ ਪਾ ਦਿਤਾ ਹੈ ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਭਵਿੱਖ ਵਿੱਚ ਸਰਕਾਰ ਦਾ ਇਸ ਸਬੰਧੀ ਕੋਈ ਮਨਸ਼ਾ ਨਹੀਂ, ਇਹੋ ਸਮਝਿਆ ਜਾਵੇ ਕਿ ਸਰਕਾਰ ਦਾ ਕੋਈ ਇਰਾਦਾ ਨਹੀਂ ।

**ਮੁੱਖ ਮੰਤਰੀ**: ਸਾਡਾ ਡੈਫੀਨਿਟ ਇਰਾਦਾ ਹੈ । ਅਸੀਂ ਕੋਸ਼ਿਸ਼ ਕਰ ਰਹੇ ਹਾਂ । ਇਸ ਵਿਚ ਹਾਸੇ ਵਾਲੀ ਕੋਈ ਗੱਲ ਨਹੀਂ । ਕਿਤੋਂ ਨਾ ਕਿਤੋਂ ਭਾਲਾਂਗੇ ਪੈਸਾ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ**: ਸਪੀਕਰ ਸਾਹਿਬ, ਜਿਹੜੇ ਖਾਲੇ ਡੈਮੇਜ ਹੋਏ ਹਨ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹਵਾਂਗਾ ਕਿ ਕੀ ਇਹ ਦੱਸਣਗੇ ਕਿ ਇਹ ਕਦੋਂ ਤੋਂ ਡੈਮੇਜ ਹੋਏ ਹਨ ਅਤੇ ਪਿਛਲੀ ਸਰਕਾਰ ਨੇ ਇਹ ਕਿੰਨੇ ਬਣਾਏ ਹਨ ?

**ਸ਼੍ਰੀ ਸਪੀਕਰ**: ਤੁਸੀਂ ਬੈਠ ਜਾਓ ।

**ਸਰਦਾਰ ਇੰਦਰਜੀਤ ਸਿੰਘ ਜ਼ੀਰਾ**: ਸਪੀਕਰ ਸਾਹਿਬ, ਸਵਾਲ ਇਨ੍ਹਾਂ ਦੇ ਸਹਿਯੋਗੀ ਪੁੱਛ ਰਹੇ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ।

**ਸ਼੍ਰੀ ਸਪੀਕਰ**: ਤੁਸੀਂ ਬੈਠ ਜਾਓ ।

**ਸਰਦਾਰ ਬਲਦੇਵ ਸਿੰਘ ਖਿਆਲਾ**: ਸਪੀਕਰ ਸਾਹਿਬ, ਜੋ ਪੱਕੇ ਖਾਲੇ ਟੁੱਟੇ ਹੋਏ ਹਨ, ਉਹ ਕਿਸਾਨਾਂ ਲਈ ਬੜੀ ਵੱਡੀ ਪ੍ਰਾਬਲਮ ਬਣੇ ਹੋਏ ਹਨ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਕਿਸਾਨ ਵੀ ਪੈਸਾ ਇਕੱਠਾ ਕਰਕੇ ਕਾਫੀ ਮੁਰੰਮਤ ਕਰ ਰਹੇ ਹਨ । ਸਪੀਕਰ ਸਾਹਿਬ, ਕੋਈ ਐਸੀ ਵਿਉਂਤ ਬਣਾ ਦਿਓ, ਸਕੀਮ ਬਣਾ ਦਿਓ ਕਿ ਇਨ੍ਹਾਂ ਨੂੰ ਪੱਕੇ ਕਰਨ ਲਈ ਕੁਝ ਸ਼ੇਅਰ ਕਿਸਾਨ ਪਾ ਦੇਵੇ ਅਤੇ ਕੁਝ ਸਰਕਾਰ ਪਾ ਦੇਵੇ ਕਿਸਾਨ ਵੀ ਪੈਸਾ ਦੇਣ ਨੂੰ ਤਿਆਰ ਹੈ ।

**ਸ਼੍ਰੀ ਸਪੀਕਰ**: ਇਹ ਤਾਂ ਤੁਹਾਡੀ ਪਰੋਪੋਜ਼ਲ ਹੈ । ਅਗਲਾ ਸਵਾਲ ।

———

Original with;
Punjab Vidhan Sabha
Digitized by;
Panjab Digital Library

## ਬੁਢਲਾਡਾ ਮੰਡੀ (ਮਾਨਸਾ) ਵਿਚ ਪਾਣੀ ਦਾ ਮੁਕੰਮਲ ਨਿਕਾਸ

*52 **ਕਾਮਰੇਡ ਹਰਦੇਵ ਅਰਸ਼ੀ**: ਕੀ ਸਥਾਨਕ ਸਰਕਾਰ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੁਢਲਾਡਾ ਮੰਡੀ, ਜ਼ਿਲ੍ਹਾ ਮਾਨਸਾ ਵਿਚ ਪਾਣੀ ਦੇ ਮੁਕੰਮਲ ਨਿਕਾਸ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ ।

**Shri Balramji Dass Tandon**: There is no such proposal at the present stage.

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਮੰਤਰੀ ਜੀ ਨੇ ਬੜਾ ਨਿਰਾਸ਼ਾਜਨਕ ਉਤਰ ਦਿੱਤਾ ਹੈ ਕਿ ਹਾਲੇ ਬੁਢਲਾਡੇ ਵਾਸਤੇ ਸਰਕਾਰ ਦੇ ਵਿਚਾਰ ਅਧੀਨ ਕੋਈ ਤਜਵੀਜ਼ ਨਹੀਂ ਹੈ । ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਮੁੱਚੇ ਦਾ ਸਮੁੱਚਾ ਸੀਵਰੇਜ ਸਿਸਟਮ ਕੋਲੈਪਸ ਹੋ ਚੁੱਕਾ ਹੈ ਕਿਉਂਕਿ ਪਾਣੀ ਦੀ ਡਿਸਪੋਜ਼ਲ ਕੋਈ ਨਹੀਂ ਹੈ । ਰੇਨੀ ਸੀਜ਼ਨ ਵਿਚ ਫਲੱਡ ਆ ਜਾਂਦਾ ਹੈ ਅਤੇ ਪਾਣੀ ਲੋਕਾਂ ਦੀਆਂ ਦੁਕਾਨਾਂ ਵਿਚ ਅਤੇ ਘਰਾਂ ਵਿਚ ਵੜ ਜਾਂਦਾ ਹੈ । ਰੇਨੀ ਸੀਜ਼ਨ ਆਉਣ ਵਾਲਾ ਹੈ ਲੇਕਿਨ ਹਾਲੇ ਵੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ । ਜਿਹੜਾ ਕਨਸਰਨਡ ਮਹਿਕਮਾ ਹੈ ਉਸ ਦੇ ਟੈਕਨੀਕਲ ਐਕਸਪਰਟਸ ਦੀ ਕੋਈ ਕਮੇਟੀ ਭੇਜ ਕੇ, ਪ੍ਰਾਜੈਕਟ ਰਿਪੋਰਟ ਤਿਆਰ ਕਰਵਾਕੇ ਅਤੇ ਕੋਈ ਢੁਕਵਾਂ ਸਿਸਟਮ ਬਣਾ ਕੇ ਉਸ ਰਿਪੋਰਟ ਨੂੰ ਇੰਪਲੀਮੈਂਟ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ, ਇਸ ਦੇ ਵਾਸਤੇ ਕੀ ਮੰਤਰੀ ਜੀ ਕੋਈ ਵਿਸ਼ਵਾਸ ਦਿਵਾਉਣਗੇ ?

**ਮੰਤਰੀ**: ਸਪੀਕਰ ਸਾਹਿਬ, ਜਿਥੋਂ ਤੱਕ ਕਮੇਟੀ ਦਾ ਤਾਅਲੁੱਕ ਹੈ, ਕਮੇਟੀ ਤਾਂ ਵਿਚਾਰ ਅਧੀਨ ਹੈ । ਉਹ ਕਮੇਟੀ ਜਿਸ ਵੇਲੇ ਵਿਚਾਰ ਕਰਕੇ ਰਿਪੋਰਟ ਭੇਜੇਗੀ ਤਾਂ ਅਸੀਂ ਜ਼ਰੂਰ ਕੋਸ਼ਿਸ਼ ਕਰਾਂਗੇ ਕਿ ਅਗਲੇ ਕਦਮ ਚੁੱਕੇ ਜਾਣ ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਕਮੇਟੀ ਦਾ ਭਾਵ ਮੈਂ ਸਮਝਿਆ ਨਹੀਂ । ਮੈਂ ਇਸ ਬਾਰੇ ਲਿਖ ਕੇ ਵੀ ਦਿੱਤਾ ਹੋਇਆ ਹੈ ਅਤੇ ਮੰਤਰੀ ਜੀ ਨੂੰ ਮੈਂ ਪਰਸਨਲੀ ਵੀ ਮਿਲਿਆ ਹਾਂ । ਮੈਂ ਇਸ ਇਲਾਕੇ ਨੂੰ ਰਿਪ੍ਰੇਜ਼ੈਂਟ ਕਰਦਾ ਹਾਂ । ਤੁਹਾਡੇ ਕੋਲ ਮੇਰੇ ਰਾਹੀਂ ਜਾਂ ਕਿਸੇ ਹੋਰ ਰਾਹੀਂ ਜਿਹੜੀ ਕੋਈ ਰਿਪ੍ਰੇਜ਼ੈਂਟੇਸ਼ਨ ਆਈ ਹੈ, ਉਸ ਨੂੰ ਵਿਚਾਰਦੇ ਹੋਏ ਮਹਿਕਮੇ ਦੇ ਟੈਕਨੀਕਲ ਐਕਸਪਰਟਸ ਦੀ ਟੀਮ ਭੇਜ ਕੇ, ਸਾਰੀ ਸਥਿਤੀ ਨੂੰ ਐਗਜ਼ਾਮਿਨ ਕਰਕੇ ਅਤੇ ਉਸ ਦੀ ਰਿਪੋਰਟ ਤਿਆਰ ਕਰਕੇ ਉਸ ਨੂੰ ਇੰਪਲੀਮੈਂਟ ਕਰਨ ਵਾਸਤੇ ਕੋਈ ਹਮਦਰਦੀ ਨਾਲ ਵਿਚਾਰ ਕਰੋਗੇ ? ਗੱਲ ਤਾਂ ਸਿਰਫ ਇੰਨੀ ਹੀ ਹੈ ਜਿਹੜੀ ਮੈਂ ਪੁੱਛਣੀ ਚਾਹੁੰਦਾ ਹਾਂ ।

**ਮੰਤਰੀ** : ਸਪੀਕਰ ਸਾਹਿਬ, ਜਿਥੋਂ ਤੱਕ ਹਮਦਰਦੀ ਨਾਲ ਵਿਚਾਰ ਕਰਨ ਦਾ ਤਾਅਲੁੱਕ ਹੈ, ਸਾਡੀ ਬੁਢਲਾਡੇ ਦੇ ਲੋਕਾਂ ਵਾਸਤੇ ਪੂਰੀ ਹਮਦਰਦੀ ਹੈ । ਇਸ ਕਰਕੇ ਜੋ ਕੁਝ ਕਰਨ ਵਾਲਾ ਹੈ, ਉਹ ਅਸੀਂ ਜ਼ਰੂਰ ਕਰਾਂਗੇ ।

Original with;
Punjab Vidhan Sabha
Digitized by;
Panjab Digital Library

## ਗੋਰਾਇਆ ਵਿਖੇ 25 ਬਿਸਤਰਿਆਂ ਦਾ ਹਸਪਤਾਲ ਬਣਾਉਣਾ

*98. **ਸਰਦਾਰ ਅਮਰਜੀਤ ਸਿੰਘ ਸਮਰਾ**: ਕੀ ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੋਰਾਇਆ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਦੇ ਕਿਸੇ ਪਰਉਪਕਾਰੀ ਦੁਆਰਾ ਗੋਰਾਇਆ ਵਿਖੇ 25 ਬਿਸਤਰਿਆਂ ਦਾ ਹਸਪਤਾਲ ਬਣਾਉਣ ਲਈ ਸਿਹਤ ਵਿਭਾਗ ਨੂੰ ਕੋਈ ਜ਼ਮੀਨ ਦਾਨ ਕੀਤੀ ਹੋਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਨਾਂ ਕੀ ਹੈ ਅਤੇ ਉਸ ਦੁਆਰਾ ਜ਼ਮੀਨ ਕਿਹੜੇ ਮਹੀਨੇ ਵਿਚ ਦਾਨ ਕੀਤੀ ਗਈ ਸੀ, ਉਸ ਜ਼ਮੀਨ ਦਾ ਰਕਬਾ ਕਿੰਨਾ ਹੈ ਅਤੇ ਉਕਤ ਹਸਪਤਾਲ ਦੀ ਉਸਾਰੀ ਕਦੋਂ ਤਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਬਲਰਾਮ ਜੀ ਦਾਸ ਟੰਡਨ**: ਹਾਂ ਜੀ । ਅਪ੍ਰੈਲ, 1994 ਵਿਚ ਸ੍ਰੀ ਰਾਮ ਸਿੰਘ ਢਿਲੋਂ (ਪਰਵਾਸੀ ਭਾਰਤੀ) ਹੁਣ ਕੈਨੇਡਾ ਨਿਵਾਸੀ ਵਲੋਂ ਸਿਹਤ ਵਿਭਾਗ ਦੇ ਨਾਂ 3 ਏਕੜ 13 ਮਰਲੇ ਜ਼ਮੀਨ ਗੋਰਾਇਆ ਵਿਖੇ 25 ਬਿਸਤਰਿਆਂ ਦਾ ਹਸਪਤਾਲ ਬਣਾਉਣ ਲਈ ਦਾਨ ਦਿਤੀ ਗਈ ਸੀ । ਚਾਲੂ ਮਾਲੀ ਸਾਲ ਵਿਚ ਜ਼ਿਲ੍ਹਾ ਯੋਜਨਾਬੰਦੀ ਵਿਭਾਗ ਵਲੋਂ ਇਸ ਦੀ ਉਸਾਰੀ ਲਈ ਫੰਡਜ਼ ਉਪਲਬੱਧ ਨਹੀਂ ਕਰਵਾਏ ਹਨ, ਇਸ ਲਈ ਇਸ ਦਾ ਕੰਮ ਸ਼ੁਰੂ ਨਹੀਂ ਕਰਵਾਇਆ ਗਿਆ । ਇਸ ਹਸਪਤਾਲ ਦੀ ਬਿਲਡਿੰਗ ਦੀ ਉਸਾਰੀ ਲਈ ਅਗਲੇ ਵਿੱਤੀ ਸਾਲ ਵਿਚ ਫੰਡ ਉਪਲਬਧ ਕਰਵਾਏ ਜਾਣ ਦੀ ਸੰਭਾਵਨਾ ਹੈ ।

**ਸਰਦਾਰ ਅਮਰਜੀਤ ਸਿੰਘ ਸਮਰਾ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਾਲ ਵਿਚ ਇਸ ਕੰਮ ਵਾਸਤੇ ਇਹ ਪੈਸੇ ਰੱਖ ਲੈਣਗੇ ? ਤਿੰਨ ਸਾਲ ਹੋ ਗਏ ਹਨ ਜ਼ਮੀਨ ਦਿਤਿਆਂ ਨੂੰ । ਕਰੋੜਾਂ ਰੁਪਏ ਦੀ ਜਾਇਦਾਦ ਹੈ ਜਿਹੜੀ ਇਲਾਕੇ ਵਾਲਿਆਂ ਨੇ ਵਾਇਦਾ ਲੈ ਕੇ ਜਮ੍ਹਾਂ ਕਰਵਾਈ ਸੀ । ਇਹ ਬੜਾ ਛੋਟਾ ਜਿਹਾ ਸ਼ਹਿਰ ਹੈ । ਇੰਡਸਟਰੀ ਦੇ ਪੱਖੋਂ ਵੀ ਇਸ ਹਸਪਤਾਲ ਦੀ ਬੜੀ ਲੋੜ ਹੈ । ਗਰੀਬ ਲੋਕਾਂ ਨੂੰ ਵੀ ਇਸ ਦੀ ਬੜੀ ਲੋੜ ਹੈ ।

**ਮੰਤਰੀ**: ਸਪੀਕਰ ਸਾਹਿਬ, ਅਸੀਂ ਤਾਂ ਇਸ ਸਬੰਧ ਵਿਚ ਜ਼ਰੂਰ ਕਦਮ ਚੁੱਕਾਂਗੇ ਲੇਕਿਨ ਜਿਸ ਵੇਲੇ ਸਾਰਾ ਕੁਝ ਆਪ ਕਰਵਾ ਸਕਦੇ ਸੀ, ਮੈਨੂੰ ਅਫਸੋਸ ਹੈ ਕਿ ਉਸ ਵੇਲੇ ਇਨ੍ਹਾਂ ਨੇ ਇਸ ਵੱਲ ਧਿਆਨ ਕਿਉਂ ਨਹੀਂ ਦਿੱਤਾ ।

**ਸਰਦਾਰ ਅਮਰਜੀਤ ਸਿੰਘ ਸਮਰਾ**: ਸਪੀਕਰ ਸਾਹਿਬ, ਬਜਟ ਤਾਂ ਹਾਲੇ ਆਉਣਾ ਹੈ । ਮੈਂ ਮੁੱਖ ਮੰਤਰੀ ਜੀ ਨੂੰ ਅਤੇ ਟੰਡਨ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਹਸਪਤਾਲ ਦੀ ਬੜੀ ਲੋੜ ਹੈ । 40-50 ਪਿੰਡਾਂ ਨੂੰ ਇਸ ਦਾ ਫ਼ਾਇਦਾ ਹੋਵੇਗਾ । ਜੇ ਪਹਿਲਾਂ ਇਹ ਕੰਮ ਨਹੀਂ ਹੋਇਆ ਤਾਂ ਇਹ ਕੋਈ ਐਕਸਕਿਊਜ਼ ਨਹੀਂ ਹੈ ਕਿ ਹੁਣ ਵੀ ਨਾ ਕੀਤਾ ਜਾਵੇ । ਬਾਦਲ ਸਾਹਿਬ ਨੇ ਕਿਹਾ ਹੈ ਕਿ ਜਿਹੜਾ ਵੀ ਕੋਈ ਡਿਵੈਲਪਮੈਂਟ ਦਾ ਕੰਮ ਹੈ, ਉਹ ਅਸੀਂ ਜ਼ਰੂਰੀ ਕਰਾਂਗੇ । ਪਾਰਟੀਬਾਜ਼ੀ ਤੋਂ ਉਪਰ ਉਠ ਕੇ ਇਹ ਕੰਮ ਕਰਨਾ

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ । ਇਹ ਨਹੀਂ ਹੋਣਾ ਚਾਹੀਦਾ ਕਿਉਂਕਿ ਸਮਤੇ ਨੇ ਇਹ ਕਿਹਾ ਹੈ, ਇਸ ਕਰਕੇ ਨਹੀਂ ਕਰਨਾ ।

**ਸ੍ਰੀ ਸਪੀਕਰ** : ਇਸ ਬਾਰੇ ਮੰਤਰੀ ਜੀ ਨੇ ਪਹਿਲਾਂ ਹੀ ਕਹਿ ਦਿੱਤਾ ਹੈ । ਅਗਲਾ ਸਵਾਲ

---

## ਅਸ਼ਟਾਮ ਪੇਪਰਾਂ ਦੀ ਕਮੀ

*71. **ਸਰਦਾਰ ਗੁਰਦੀਪ ਸਿੰਘ ਭੁੱਲਰ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿਚ ਅਸ਼ਟਾਮ ਪੇਪਰਾਂ ਦੀ ਕਮੀ ਹੋਣ ਦੇ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲ ਪੇਸ਼ ਆ ਰਹੀ ਹੈ; ਜੇਕਰ ਅਜਿਹਾ ਹੋਵੇ, ਤਾਂ ਸਥਿਤੀ ਦੇ ਉਪਾਅ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**Shri Madan Mohan Mittal** (Food & Supplies, Public Health and Parliamentary Affairs Minister): Yes please, people are facing hardship due to shortage of stamp papers of small denomination. A proposal for use of special adhesive stamps in lieu of non-judicial stamp papers of small denomination ranging from Rs. 1/- to Rs. 20/- is under consideration of the Government.

**ਸਰਦਾਰ ਗੁਰਦੀਪ ਸਿੰਘ ਭੁੱਲਰ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਕਈ ਸਾਲਾਂ ਤੋਂ ਰਾਜ ਵਿਚ ਅਸ਼ਟਾਮ ਪੇਪਰਾਂ ਦੀ ਕਮੀ ਦੇ ਕਾਰਨ ਲੋਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ ਲੇਕਿਨ ਹੁਣ ਜਿਹੜਾ ਮੰਤਰੀ ਜੀ ਨੇ ਕਿਹਾ ਹੈ, ਕਿ ਵਿਸ਼ੇਸ਼ ਚਿਪਕਾਉ ਟਿਕਟਾਂ ਦੀ ਵਰਤੋਂ ਕਰਕੇ ਕੋਈ ਪ੍ਰਬੰਧ ਕੀਤਾ ਜਾ ਰਿਹਾ ਹੈ । ਸਪੀਕਰ ਸਾਹਿਬ ਇਹ ਪ੍ਰਬੰਧ ਕਦੋਂ ਤੱਕ ਕਰ ਦਿੱਤਾ ਜਾਵੇਗਾ ? ਇਹ ਜਲਦੀ ਤੋਂ ਜਲਦੀ ਕਰ ਦਿੱਤਾ ਜਾਵੇ ਤਾਂ ਕਿ ਲੋਕ ਇਸ ਮੁਸ਼ਕਲ ਤੋਂ ਬਚ ਸਕਣ ।

**ਸ੍ਰੀ ਸਪੀਕਰ** : ਇਹ ਮਿੱਤਲ ਸਾਹਿਬ ਨਾਲ ਵੀ ਕਨਸਰੰਨਡ ਹੈ ।

**ਮੰਤਰੀ** : ਸਪੀਕਰ ਸਾਹਿਬ, ਵਾਕਿਆ ਹੀ ਇਸ ਦੀ ਬੜੀ ਦਿੱਕਤ ਹੈ । ਕਈ ਵਾਰ ਛੋਟੇ ਅਸ਼ਟਾਮ ਨਾ ਮਿਲਣ ਕਾਰਨ ਹੈਵੀ ਡੀਨਾਮੀਨੇਸ਼ਨ ਦਾ ਅਸ਼ਟਾਮ ਵੀ ਖਰੀਦਣਾ ਪੈਂਦਾ ਹੈ । ਸਪੀਕਰ ਸਾਹਿਬ, ਪੰਜਾਬ ਸਰਕਾਰ ਦਾ ਇਹ ਫੈਸਲਾ ਹੈ ਅਤੇ ਇਸ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਲਾਗੂ ਕਰ ਦਿੱਤਾ ਜਾਵੇਗਾ । ਕੇਵਲ ਕੁਝ ਰੂਲਜ਼ ਦੇ ਵਿੱਚ ਇਸ ਬਾਰੇ ਅਮੈਂਡਮੈਂਟ ਕਰਨੀ ਪਏਗੀ । The Rules will have to be amended. Then it will be enforced.

**ਸ੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਟੈਂਪ ਪੇਪਰ (ਅਸ਼ਟਾਮ) ਵੇਚਣ ਦਾ ਸਿਸਟਮ

Original with;
Punjab Vidhan Sabha
Digitized by;
Panjab Digital Library

[ਸ੍ਰੀ ਤਿਕਸ਼ਨ ਸੂਦ]
ਹੈ ਇਹ ਬਹੁਤ ਪੁਰਾਣਾ ਹੈ ਔਰ ਜਿਹੜੇ ਸਟੈਂਪ ਵੈਂਡਰ ਹਨ ਉਨ੍ਹਾਂ ਦਾ ਆਮ ਜਨਤਾ ਨਾਲ ਜੋ ਵਿਵਹਾਰ ਰਹਿੰਦਾ ਹੈ ਉਸ ਤੋਂ ਆਮ ਜਨਤਾ ਬਹੁਤ ਨਰਾਜ਼ ਰਹਿੰਦੀ ਹੈ। ਇਕ ਤਾਂ ਸਟੈਂਪ ਪੇਪਰਜ਼ ਦੀ ਘਾਟ ਰਹਿੰਦੀ ਹੈ ਔਰ ਦੂਸਰਾ ਉਨ੍ਹਾਂ ਦਾ ਵਰਤਾਓ ਪਬਲਿਕ ਦੇ ਨਾਲ ਠੀਕ ਨਹੀਂ ਹੁੰਦਾ....।

**ਸ੍ਰੀ ਸਪੀਕਰ:** ਤੁਸੀਂ ਕੁਐਸਚਨ ਕਰੋ, ਡਾਇਰੈਕਟਿਵ ਨਾ ਕਰੋ।

**ਸ੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਟੈਂਪ ਪੇਪਰਜ਼ ਨੂੰ ਵੇਚਣ ਵਾਸਤੇ ਕੀ ਕੋਈ ਸਰਕਾਰੀ ਢੰਗ ਦੀ ਵਿੰਡੋ ਬਣਾ ਦਿੱਤੀ ਜਾਵੇਗੀ ਤਾਂ ਕਿ ਇਸ ਪਰੇਸ਼ਾਨੀ ਤੋਂ ਅਤੇ ਇਹ ਜੋ ਲੰਮਾ ਪਰੋਸੀਜ਼ਰ ਹੈ, ਇਸ ਤੋਂ ਬਚਾਅ ਹੋ ਸਕੇ।

**ਮੰਤਰੀ :** ਸਪੀਕਰ ਸਾਹਿਬ, ਇਹ ਆਪ ਹੀ ਸੁਝਾਅ ਦੇ ਦੇਣ ਕਿ ਕਿਸ ਤਰੀਕੇ ਦੇ ਨਾਲ ਚੰਗੀ ਤਰ੍ਹਾਂ ਇਹ ਵਿਕ ਸਕਦੇ ਹਨ। ਸਰਕਾਰੀਕਰਨ ਬਹੁਤ ਸਾਰੀਆਂ ਸੰਸਥਾਵਾਂ ਦਾ ਕਰਕੇ ਵੇਖਿਆ ਹੈ ਜੋ ਹਾਲ ਹੋਇਆ ਹੈ ਉਹ ਤੁਹਾਨੂੰ ਪਤਾ ਹੈ। ਇਹ ਸਾਨੂੰ ਦੱਸ ਦੇਣ ਕਿ ਸਟੈਂਪ ਵੈਂਡਰਜ਼ ਵਾਸਤੇ ਕੀ Do's and Donts ਲਾਗੂ ਕਰਨੇ ਚਾਹੀਦੇ ਹਨ, ਉਹ ਲਾਗੂ ਕਰ ਦੇਵਾਂਗੇ। ਜੇਕਰ ਇਨ੍ਹਾਂ ਨੂੰ ਕੋਈ ਸਪੈਸੇਫਿਕ ਸ਼ਿਕਾਇਤ ਹੈ ਤਾਂ ਉਹ ਵੀ ਦੱਸ ਦੇਣ ਅਸੀਂ ਚੈਕ ਕਰਵਾ ਲਵਾਂਗੇ, ਇਨਕੁਆਰੀ ਕਰਵਾ ਲਵਾਂਗੇ।

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਇਹ ਬੜੀ ਸੀਰੀਅੱਸ ਪ੍ਰਾਬਲਮ ਹੈ। ਮੈਂ ਇਸ ਵਿੱਚ ਹੋਰ ਟਾਈਮ ਵੀ ਵੇਸਟ ਨਹੀਂ ਕਰਨਾ ਚਾਹੁੰਦਾ। ਅਸ਼ਟਾਮ ਪੇਪਰ ਬਿਲਕੁਲ ਨਹੀਂ ਮਿਲ ਰਹੇ। ਖਾਸ ਤੌਰ ਤੇ ਛੋਟੇ ਅਸ਼ਟਾਮ ਦੋ ਰੁਪਏ ਤੋਂ ਲੈ ਕੇ 10 ਰੁਪਏ ਤੱਕ ਤਾਂ ਬੜੀ ਪ੍ਰਾਬਲਮ ਆ ਰਹੀ ਹੈ, ਉਹ ਬਿਲਕੁਲ ਨਹੀਂ ਮਿਲ ਰਹੇ। ਪਿੱਛੇ ਜਿਹੇ ਜੋ ਪੰਜਾਬ ਸਰਕਾਰ ਨੇ ਆਲਟਰਨੇਟਿਵ ਲੱਭਿਆ ਸੀ ਉਹ ਡਿਸਟ੍ਰਿਕਟ ਲੈਵਲ ਤੱਕ ਹੀ ਸੀਮਤ ਰਿਹਾ ਕਿ ਉਥੇ ਕੋਈ ਵਿਅਕਤੀ ਜਾਵੇ ਔਰ ਪੰਜ ਰੁਪਏ ਭਰ ਕੇ ਸਟੈਂਪ ਲਵਾ ਕੇ ਆ ਜਾਵੇ। ਇਹ ਗੱਲ ਠੀਕ ਹੈ ਕਿ ਇਹ ਅਸ਼ਟਾਮ ਸੈਂਟਰ ਤੋਂ ਆਉਂਦੇ ਹਨ ਔਰ ਨਾਸਿਕ ਤੋਂ ਛਪ ਕੇ ਆਉਂਦੇ ਹਨ। ਜੋ ਸਰਕਾਰ ਨੇ ਪਹਿਲਾਂ ਕੇਵਲ ਡਿਸਟ੍ਰਿਕਟ ਤੇ ਆਲਟਰਨੇਟਿਵ ਕੀਤਾ ਹੋਇਆ ਸੀ, ਕੀ ਇਸ ਨੂੰ ਥੱਲੇ ਛੋਟੀਆਂ ਟਰੈਜ਼ਰੀਆਂ ਤੇ ਵੀ ਲਾਗੂ ਕਰਨ ਦੀ ਸਰਕਾਰ ਦੀ ਤਜਵੀਜ਼ ਹੈ ਤਾਂ ਕਿ ਛੋਟੀਆਂ ਟਰੈਜ਼ਰੀਆਂ ਤੋਂ ਵੀ ਇਸ ਦੀ ਸੁਵਿਧਾ ਹੋ ਸਕੇ। ਲੋਕਾਂ ਨੂੰ ਇਸ ਬਾਰੇ ਐਜੂਕੇਟ ਵੀ ਕੀਤਾ ਜਾਵੇ ਤਾਂ ਕਿ ਲੋਕਾਂ ਨੂੰ ਇਸ ਦੀ ਜਾਣਕਾਰੀ ਮਿਲ ਸਕੇ ਔਰ ਲੋਕਾਂ ਦੀ ਇਹ ਸਮੱਸਿਆ ਹੱਲ ਹੋ ਸਕੇ। ਕੀ ਇਸ ਤੇ ਰਸਕਾਰ ਵਿਚਾਰ ਕਰੇਗੀ ?

**ਮੰਤਰੀ :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਜਿਹੜਾ ਮੈਂ ਜਵਾਬ ਦਿੱਤਾ ਹੈ ਉਹ ਅਰਸ਼ੀ ਸਾਹਿਬ ਨੇ ਸੁਣਿਆ ਨਹੀਂ। ਸਪੀਕਰ ਸਾਹਿਬ, ਅਸੀਂ ਅਸ਼ਟਾਮ ਪੇਪਰਾਂ ਦੀ ਥਾਂ ਤੇ ਵਿਸ਼ੇਸ਼ ਚਿਪਕਾਊ ਟਿਕਟਾਂ ਬਣਵਾਉਣ ਬਾਰੇ ਵਿਚਾਰ ਕਰ ਰਹੇ ਹਾਂ, ਜਿਸ ਨਾਲ ਟਰੇਜ਼ਰੀ ਵਿਚ ਲੋਕਾਂ ਨੂੰ ਪੈਸੇ ਨਹੀਂ ਜਮ੍ਹਾਂ ਕਰਵਾਉਣੇ ਪੈਣਗੇ ਸਗੋਂ ਇਹ ਸਟੈਂਪ

Original with;
Punjab Vidhan Sabha
Digitized by;
Panjab Digital Library

ਹੀ ਉਨ੍ਹਾਂ ਨੂੰ ਮਿਲ ਜਾਇਆ ਕਰੇਗੀ । ਇਹ ਠੀਕ ਹੈ ਕਿ ਸਟੈਂਪ ਪੇਪਰ ਨਾਸਿਕ ਤੋਂ ਛਪ ਕੇ ਸਾਡੇ ਕੋਲ ਇਸ ਵੇਲੇ ਨਹੀਂ ਆ ਰਹੇ । ਇਸੇ ਕਰਕੇ ਹੀ ਰੂਲਜ਼ ਦੇ ਵਿਚ ਅਮੈਂਡਮੈਂਟ ਕਰਕੇ ਅਸੀਂ ਇਹ ਜਾਰੀ ਕਰਨਾ ਚਾਹੁੰਦੇ ਹਾਂ । ਇਨ੍ਹਾਂ ਟਿਕਟਾਂ ਦੀ ਸੇਲ ਸਟੈਂਪ ਵੈਂਡਰਜ ਦੇ ਰਾਹੀਂ ਹੀ ਹੋਏਗੀ । ਟਰੇਜ਼ਰੀ ਦੇ ਵਿੱਚ ਹੁਣ ਜਾਣ ਦੀ ਕੋਈ ਲੋੜ ਨਹੀਂ ਪਏਗੀ । ਇਹ ਹੇਠਲੇ ਲੇਵਲ ਤੱਕ ਜਾਏਗੀ ।

**ਸਰਦਾਰ ਮਹੇਸ਼ ਇੰਦਰ ਸਿੰਘ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਕਾਫੀ ਸਾਲਾਂ ਤੋਂ ਜੋ ਸਟੈਂਪ ਪੇਪਰਜ਼ ਹਨ ਉਹ ਜਾਅਲੀ ਛਪ ਕੇ ਵਿਕ ਰਹੇ ਹਨ । ਕੀ ਉਹਨਾਂ ਦੀ ਜਾਅਲੀ ਸੇਲ ਰੋਕਣ ਲਈ ਸਰਕਾਰ ਕੋਈ ਕਦਮ ਚੁੱਕੇਗੀ ?

**ਸ੍ਰੀ ਸਪੀਕਰ :** ਇਹ ਕੋਈ ਸਪਲੀਮੈਂਟਰੀ ਨਹੀਂ ਹੈ । ਅਗਲਾ ਸਵਾਲ ।

---

**ਭਗਵਾਨਪੁਰਾ ਖੰਡ ਮਿੱਲ, ਧੂਰੀ ਵਿਰੁੱਧ ਕਿਸਾਨਾਂ ਦੀਆਂ ਬਕਾਇਆ ਅਦਾਇਗੀਆਂ**

*33. **ਸਰਦਾਰ ਧਨਵੰਤ ਸਿੰਘ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਭਗਵਾਨਪੁਰਾ ਖੰਡ ਮਿੱਲ, ਧੂਰੀ ਨੇ ਇਸ ਨੂੰ ਪਿਛਲੇ ਮੌਸਮ ਦੇ ਦੌਰਾਨ ਸਪਲਾਈ ਕੀਤੇ ਗਏ ਗੰਨੇ ਲਈ ਕਿਸਾਨਾਂ ਨੂੰ ਅਜੇ ਤਕ ਅਦਾਇਗੀਆਂ ਨਹੀਂ ਕੀਤੀਆਂ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ਅਤੇ ਉਕਤ ਅਦਾਇਗੀਆਂ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਦੇਵ ਸਿੰਘ ਬਾਦਲ :** ਜੀ ਹਾਂ । ਇਹ ਠੀਕ ਹੈ ਕਿ ਪਿਛਲੇ ਮੌਸਮ ਦੇ ਦੌਰਾਨ ਸਪਲਾਈ ਕੀਤੇ ਗੰਨੇ ਲਈ ਭਗਵਾਨਪੁਰਾ ਖੰਡ ਮਿੱਲ ਧੂਰੀ ਵਲੋਂ 25.59 ਲੱਖ ਰੁਪਏ ਦੀ ਕਿਸਾਨਾਂ ਨੂੰ ਅਦਾਇਗੀ ਕਰਨੀ ਬਾਕੀ ਹੈ । ਮਿੱਲ ਦੀ ਵਿੱਤੀ ਹਾਲਤ ਕਾਰਣ ਇਹ ਅਦਾਇਗੀ ਨਹੀਂ ਕੀਤੀ ਜਾ ਸਕੀ । ਉਕਤ ਅਦਾਇਗੀਆਂ ਨੂੰ ਜਲਦੀ ਕਰਵਾਉਣ ਲਈ ਸਰਕਾਰ ਵਲੋਂ ਉਪਰਾਲੇ ਕੀਤੇ ਜਾ ਰਹੇ ਹਨ ।

**ਸਰਦਾਰ ਧਨਵੰਤ ਸਿੰਘ :** ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਤਾਂ ਸ਼ਾਇਦ ਉਥੇ ਟਾਈਪਿੰਗ ਮਿਸਟੇਕ ਹੋ ਗਈ ਹੈ ਇਹ 25 ਲੱਖ ਨਹੀਂ ਬਲਕਿ 23 ਕਰੋੜ ਰੁਪਿਆ ਹੈ । ਸਪੀਕਰ ਸਾਹਿਬ, ਜਿਸ ਤਰ੍ਹਾਂ ਸ਼ੂਗਰਫੈਡ ਦੂਸਰੀਆਂ ਸਹਿਕਾਰੀ ਮਿੱਲਾਂ ਨੂੰ ਫੰਡਜ਼ ਦਿੰਦੀ ਹੈ, ਜ਼ਿਮੀਂਦਾਰਾਂ ਦੀ ਅਦਾਇਗੀ ਕਰਨ ਲਈ ਕੀ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਸਰਕਾਰ ਇਸ ਸ਼ੂਗਰ ਮਿੱਲ ਨੂੰ ਸਹਾਇਤਾ ਕਰੇਗੀ ਤਾਂ ਕਿ ਜ਼ਿਮੀਂਦਾਰਾਂ ਦੀ ਪੇਮੈਂਟ ਹੋ ਸਕੇ ।

**ਮੰਤਰੀ :** ਸਪੀਕਰ ਸਾਹਿਬ, ਅਸੀਂ ਸ਼ੂਗਰ ਮਿੱਲਾਂ ਦੀਆਂ ਤਿੰਨ ਮੀਟਿੰਗਾਂ ਕਰ ਚੁੱਕੇ ਹਾਂ । ਉਨ੍ਹਾਂ ਮੀਟਿੰਗਾਂ ਵਿੱਚ ਕਿਸਾਨਾਂ ਦੇ ਨਾਲ ਹਮਦਰਦੀ ਰੱਖਦੇ ਹੋਏ ਸ਼ੂਗਰ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਮਿੱਲਾਂ ਨੂੰ ਕਹਿ ਦਿੱਤਾ ਗਿਆ ਹੈ ਕਿ ਤੁਸੀਂ ਜਿਹੜਾ ਪਿਛਲਾ ਬਕਾਇਆ ਰਹਿੰਦਾ ਹੈ, ਜਿਵੇਂ ਪੂਰੀ ਮਿੱਲ ਵਲ 11 ਕਰੋੜ ਰੁਪਿਆ ਰਹਿੰਦਾ ਹੈ, ਦਸੂਹਾ ਮਿੱਲ ਵੱਲ 11 ਕਰੋੜ ਰੁਪਿਆ ਹੈ ਅਤੇ ਫਗਵਾੜਾ ਮਿੱਲ ਵੱਲ 7 ਲੱਖ ਰੁਪਿਆ ਰਹਿੰਦਾ ਹੈ ਜੇ ਤੁਸੀਂ 15 ਦਿਨਾਂ ਤੋਂ ਲੈ ਕੇ ਇਕ ਮਹੀਨੇ ਦੇ ਅੰਦਰ ਅੰਦਰ ਕਿਸਾਨਾਂ ਨੂੰ ਇਹ ਰਕਮ ਨਾ ਦਿੱਤੀ ਤਾਂ ਸਰਕਾਰ ਮਜਬੂਰ ਹੋਵੇਗੀ ਅਤੇ ਉਨ੍ਹਾਂ ਨੂੰ 15% ਨਾਲ ਵਿਆਜ ਵੀ ਦੇਣਾ ਪਵੇਗਾ ?

**ਸਰਦਾਰ ਧਨਵੰਤ ਸਿੰਘ :** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸ਼ੂਗਰ ਐਕਟ ਦੇ ਤਹਿਤ ਇਹ ਹੈ ਕਿ 14 ਦਿਨਾਂ ਦੇ ਅੰਦਰ ਪੇਮੈਂਟ ਹੋਵੇ ਨਹੀਂ ਤਾਂ ਉਨ੍ਹਾਂ ਨੂੰ ਵਿਦ ਇੰਟਰਸਟ ਪੇਮੈਂਟ ਦੇਣੀ ਪੈਂਦੀ ਹੈ । ਕੀ ਮੰਤਰੀ ਜੀ ਕੋਈ ਟਾਇਮ ਫਿਕਸ ਕਰਕੇ ਦੱਸ ਸਕਦੇ ਹਨ 15 ਦਿਨ, ਇਕ ਮਹੀਨਾ ਜਾਂ ਜਿੰਨਾ ਚਿਰ ਵੀ ਫਿਕਸ ਹੋਵੇ, ਕੀ ਪੂਰੀ ਪੇਮੈਂਟ ਵਿਦ ਇੰਟਰਸਟ ਕਰਵਾ ਸਕਦੇ ਹਨ ?

**ਮੰਤਰੀ :** ਸਪੀਕਰ ਸਾਹਿਬ, ਸਰਕਾਰ ਪੂਰਾ ਯਤਨ ਕਰ ਰਹੀ ਹੈ ਕਿ ਕਿਸਾਨਾਂ ਨੂੰ 14-15 ਦਿਨਾਂ ਦੇ ਅੰਦਰ ਅੰਦਰ ਉਨ੍ਹਾਂ ਦੇ ਗੰਨੇ ਦੀ ਕੀਮਤ ਦਿਵਾਈ ਜਾ ਸਕੇ । (ਥੰਪਿੰਗ)

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਇਹ ਬੜਾ ਗੰਭੀਰ ਮਾਮਲਾ ਹੈ । ਮੈਂ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਇਹ ਐਸ਼ੋਰੈਂਸ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਜੇਕਰ ਮਿੱਲਾਂ ਨੇ ਸਮੇਂ ਸਿਰ ਪੇਮੈਂਟ ਨਾ ਕੀਤੀ ਤਾਂ ਸਰਕਾਰ ਮਜਬੂਰ ਹੋਵੇਗੀ ਅਤੇ ਉਨ੍ਹਾਂ ਕੋਲੋਂ ਇੰਟਰਸਟ ਲਿਆ ਜਾਵੇਗਾ । ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਵਿਚ ਸਰਕਾਰ ਨੂੰ ਮਜਬੂਰ ਹੋਣ ਵਾਲੀ ਤਾਂ ਕੋਈ ਗੱਲ ਨਹੀਂ । ਇਹ ਤਾਂ ਆਲਰੇਡੀ ਸ਼ੂਗਰ ਕੇਨ ਕੰਟਰੋਲ ਐਕਟ ਵਿਚ ਪ੍ਰੋਵੀਜ਼ਨ ਹੈ ਕਿ ਜੇਕਰ ਮਿੱਲ 14 ਦਿਨਾਂ ਦੇ ਵਿਚ ਪੇਮੈਂਟ ਨਹੀਂ ਦਿੰਦੀ ਤਾਂ ਫਿਰ ਵਿਦ ਇੰਟਰਸਟ ਪੇਮੈਂਟ ਕਰਨੀ ਪਵੇਗੀ । ਪਰ ਸਰਕਾਰ ਅੱਜ ਤੱਕ ਇਸ ਐਕਟ ਨੂੰ ਸਖਤੀ ਨਾਲ ਲਾਗੂ ਨਹੀਂ ਕਰ ਸਕੀ। ਕੀ ਮੰਤਰੀ ਜੀ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਸਰਕਾਰ ਇਸ ਐਕਟ ਤੇ ਸਖਤੀ ਨਾਲ ਅਮਲ ਕਰਕੇ ਇਸ ਗੱਲ ਦੀ ਗਾਰੰਟੀ ਕਰੇਗੀ ਕਿ ਪੇਮੈਂਟ 15 ਦਿਨਾਂ ਦੇ ਅੰਦਰ ਜਾਂ ਵਿਦ ਇੰਟਰਸਟ ਦਿੱਤੀ ਜਾਵੇਗੀ ?

**ਮੰਤਰੀ :** ਮੈਂ ਪਹਿਲਾਂ ਵੀ ਬੇਨਤੀ ਕਰ ਚੁੱਕਾ ਹਾਂ ਕਿ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ।

**ਸ੍ਰੀ ਰਮੇਸ਼ ਚੰਦਰ ਡੋਗਰਾ :** ਸਪੀਕਰ ਸਾਹਿਬ, ਮੰਤਰੀ ਜੀ ਨੇ ਬਾਕੀ ਮਿੱਲਾਂ ਦੇ ਬਾਰੇ ਤਾਂ ਦੱਸ ਦਿੱਤਾ ਹੈ ਪਰ ਦਸੂਹਾ ਮਿੱਲ ਦੀ ਜਿਹੜੀ ਪੇਮੈਂਟ 11 ਕਰੋੜ ਰੁਪਏ ਦੀ ਹੈ, ਉਸ ਬਾਰੇ ਕੁਝ ਨਹੀਂ ਦੱਸਿਆ ਕਿ ਉਹ ਕਦੋਂ ਕਰ ਦਿੱਤੀ ਜਾਵੇਗੀ. . (ਵਿਘਨ)

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਸੈਪਰੇਟ ਕੁਐਸਚਨ ਕਰ ਦੇਣ । ਮੇਰੇ ਕੋਲ ਜਿਹੜਾ ਸਵਾਲ ਆਇਆ ਹੈ, ਉਹ ਭਗਵਾਨਪੁਰੇ ਦੀ ਮਿੱਲ ਦਾ ਹੈ । (ਵਿਘਨ)

**ਸ੍ਰੀ ਰਮੇਸ਼ ਚੰਦਰ ਡੋਗਰਾ** : ਸਪੀਕਰ ਸਾਹਿਬ, ਇਹ ਪ੍ਰਸ਼ਨ ਕੁਨੈਕਟਡ ਹੈ । ਦਸੂਹਾ ਮਿੱਲ ਬਾਰੇ ਕੀ ਉਪਰਾਲੇ ਕੀਤੇ ਜਾ ਰਹੇ ਹਨ ? ..(ਵਿਘਨ)

**ਸ੍ਰੀ ਸਪੀਕਰ** : ਮੰਤਰੀ ਜੀ ਨੇ ਜਨਰਲ ਜਵਾਬ ਦੇ ਦਿੱਤਾ ਹੈ । Please sit down.

---

## ਪ੍ਰਾਈਵੇਟ ਖੰਡ ਮਿੱਲਾਂ ਦੁਆਰਾ ਗੰਨੇ ਦੀ ਖਰੀਦ

*70. **ਸਰਦਾਰ ਗੁਰਦੀਪ ਸਿੰਘ ਭੁੱਲਰ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿਚ ਪ੍ਰਾਈਵੇਟ ਖੰਡ ਮਿੱਲਾਂ ਸਰਕਾਰ ਵਲੋਂ ਨਿਯਤ ਕੀਤੀਆਂ ਗਈਆਂ ਦਰਾਂ ਦੇ ਮੁਕਾਬਲੇ ਵਿਚ ਘੱਟ ਦਰਾਂ ਤੇ ਗੰਨਾ ਖਰੀਦ ਰਹੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਹ ਯਕੀਨੀ ਬਣਾਉਣ ਲਈ ਕਿ ਕਿਸਾਨਾਂ ਨੂੰ ਉਨ੍ਹਾਂ ਦੇ ਗੰਨੇ ਦੀ ਪੂਰੇ ਦਰਾਂ ਤੇ ਅਦਾਇਗੀ ਕੀਤੀ ਜਾਵੇ /ਬਾਰੇ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ ?

**ਸਰਦਾਰ ਗੁਰਦੇਵ ਸਿੰਘ ਬਾਦਲ** : ਜੀ ਹਾਂ । ਰਾਜ ਸਰਕਾਰ ਵਲੋਂ ਗੰਨੇ ਦੇ ਘੋਸ਼ਤ ਭਾਅ ਬਾਰੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਮਾਮਲਾ ਵਿਚਾਰ ਅਧੀਨ ਹੈ ।

**ਸਰਦਾਰ ਗੁਰਦੀਪ ਸਿੰਘ ਭੁੱਲਰ** : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਾਮਲਾ ਹਾਈਕੋਰਟ ਵਿਚ ਚਲ ਰਿਹਾ ਹੈ ਅਤੇ ਸਰਕਾਰ ਇਸ ਦੀ ਕੀ ਪੈਰਵੀ ਕਰ ਰਹੀ ਹੈ ? ਇਸ ਵੇਲੇ ਕੇਸ ਕਿਸ ਸਟੇਜ ਤੇ ਪਿਆ ਹੈ ਅਤੇ ਇਸ ਦੀ ਅਗਲੀ ਤਰੀਕ ਕਿਹੜੀ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਕਰ ਦੇਣ । ਜਿਹੜਾ ਸਵਾਲ ਮੇਰੇ ਕੋਲ ਆਇਆ ਸੀ, ਉਸ ਦਾ ਮੈਂ ਜਵਾਬ ਦੇ ਦਿੱਤਾ ਹੈ ।

**ਸ੍ਰੀ ਸਪੀਕਰ** : ਇਹ ਕੋਈ ਸਪਲੀਮੈਂਟਰੀ ਨਹੀਂ ਹੈ । ਮੰਤਰੀ ਜੀ ਤੁਸੀਂ ਬੈਠ ਜਾਓ ।

---

## ਸਕੂਲਾਂ ਦੁਆਰਾ ਵਸੂਲ ਕੀਤੇ ਜਾ ਰਹੇ ਚੰਦੇ/ਕੈਪੀਟੇਸ਼ਨ ਫੀਸ ਦੀ ਪ੍ਰਥਾ ਨੂੰ ਰੋਕਣਾ

*63. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਇਹ ਪਤਾ ਹੈ ਕਿ ਰਾਜ ਵਿਚ ਕੁਝ ਸਕੂਲ ਅਧਿਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੇ ਦਾਖਲੇ ਸਮੇਂ ਉਨ੍ਹਾਂ ਤੋਂ ਲਾਜ਼ਮੀ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

ਦਾਨ/ਚੰਦੇ/ਕੇਪੀਟੇਸ਼ਨ ਫ਼ੀਸ ਵਸੂਲ ਕਰ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਸਕੂਲਾਂ ਦੇ ਨਾਂ ਕੀ ਕੀ ਹਨ;

(ਅ) ਕੀ ਸਰਕਾਰ ਦੀ ਇਸ ਗਲਤ ਪ੍ਰਥਾ ਨੂੰ ਰੋਕਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) ਅਤੇ (ਅ) ਪੰਜਾਬ ਸਰਕਾਰ ਦੇ ਸਰਕਾਰੀ ਸਕੂਲਾਂ ਅਤੇ ਸਰਕਾਰੀ ਏਡਿਡ ਸਕੂਲਾਂ ਵਿੱਚ ਬੱਚਿਆਂ ਨੂੰ ਦਾਖਲ ਕਰਨ ਸਮੇਂ ਕੋਈ ਲਾਜਮੀ ਦਾਨ/ਇਕੱਠੀ ਕੀਤੀ ਕੈਪੀਟੇਸ਼ਨ ਫੀਸ ਨਹੀਂ ਲਈ ਜਾਂਦੀ ।

**श्रीमती लक्ष्मी कांता चावला :** अध्यक्ष महोदय, मैंने जो प्रश्न पूछा था मुख्य मंत्री जी ने उस का उत्तर नहीं दिया । मैंने यह नहीं पूछा कि सरकारी या सहायता प्राप्त स्कूलों में कैपीटेशन फीस ली जाती है । मेरा तो सीधा प्रश्न है कि क्या सरकार को इस बात की जानकारी है कि पंजाब के कुछ स्कूलों में अधिकारी कैपीटेशन फीस लेते हैं ? मुख्य मंत्री जी के उत्तर से तो यह लगता है कि सरकारी स्कूलों में तो नहीं लेते दूसरे स्कूलों में लेते है । क्या मुख्य मंत्री जी कृप्या इस बात का जवाब देंगे ?

**ਮੁੱਖ ਮੰਤਰੀ :** ਜ਼ਰੂਰ ਜਵਾਬ ਦੇਵਾਂਗਾ ਜੀ । ਸਪੀਕਰ ਸਾਹਿਬ, ਤਿੰਨ ਤਰ੍ਹਾਂ ਦੇ ਸਕੂਲ ਹੁੰਦੇ ਹਨ । ਇਕ ਤਾਂ ਗੌਰਮਿੰਟ ਸਕੂਲ, ਇਕ ਗੌਰਮਿੰਟ ਏਡਿਡ ਸਕੂਲ ਅਤੇ ਇਕ ਪ੍ਰਾਈਵੇਟ ਸਕੂਲ । ਜਿਥੋਂ ਤੱਕ ਗੌਰਮਿੰਟ ਸਕੂਲਾਂ ਦਾ ਜਾਂ ਏਡਿਡ ਸਕੂਲਾਂ ਦਾ ਸਬੰਧ ਹੈ ਉਨ੍ਹਾਂ ਬਾਰੇ ਮੈਂ ਦੱਸਦਾ ਹਾਂ ਕਿ 8ਵੀਂ ਤੱਕ ਕੋਈ ਫ਼ੀਸ ਨਹੀਂ ਲਈ ਜਾਂਦੀ, ਸਿਰਫ 5/- ਰੁਪਏ ਬਿਲਡਿੰਗ ਫੰਡ ਲਿਆ ਜਾਂਦਾ ਹੈ ਅਤੇ ਕੇਵਲ 50 ਪੈਸੇ ਰੈਡ ਕਰਾਸ ਫੰਡ ਲਿਆ ਜਾਂਦਾ ਹੈ । 9ਵੀਂ ਅਤੇ 10ਵੀਂ ਕਲਾਸ ਤੋਂ 12/- ਰੁਪਏ ਚਾਰਜ ਕੀਤੇ ਜਾਂਦੇ ਹਨ । ਹੋਰ ਕਿਸੇ ਤਰ੍ਹਾਂ ਦਾ ਕੋਈ ਫੰਡ ਚਾਰਜ ਨਹੀ ਕੀਤਾ ਜਾਂਦਾ ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਸਪੀਕਰ ਸਾਹਿਬ, ਮੈਂ ਸਰਕਾਰੀ ਸਕੂਲਾਂ ਦੇ ਬਾਰੇ ਵਿਚ ਨਹੀਂ ਪੁੱਛਿਆ । ਮੈਂ ਕੁਝ ਸਕੂਲਾਂ ਬਾਰੇ ਕਿਹਾ ਹੈ, ਮੈਂ ਨਹੀਂ ਕਿਹਾ ਕਿ . . .

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਡਮ ਕੁਝ ਸਕੂਲਾਂ ਬਾਰੇ ਪੁੱਛ ਰਹੇ ਹਨ, ਮੈਂ ਕੁਝ ਸਕੂਲ ਕਿਥੋਂ ਲਿਆਵਾਂ ' ਜਾਂ ਤਾਂ ਇਹ ਡੈਫੀਨੇਟ ਦਸ ਦੇਣ ਫਿਰ ਤਾਂ ਮੈਂ ਇਨਫਰਮੇਸ਼ਨ ਲੈ ਕੇ ਇਨ੍ਹਾਂ ਦੇ ਘਰ ਵੀ ਪਹੁੰਚਾ ਸਕਦਾ ਹਾਂ ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਸਪੀਕਰ ਸਾਹਿਬ, ਪੰਜਾਬ ਵਿੱਚ ਹਜ਼ਾਰਾਂ ਸਕੂਲ ਉਹ ਹਨ ਜੋ ਸਰਕਾਰੀ ਸਹਾਇਤਾ ਪ੍ਰਾਪਤ ਨਹੀਂ ਹਨ । ਮੁੱਖ ਮੰਤਰੀ ਜੀ ਆਪ ਸੰਗਤ ਦਰਸ਼ਨ ਵੀ ਕਰਦੇ ਹਨ । ਜਨਤਾ ਕੋਲੋਂ ਇਨ੍ਹਾਂ ਨੂੰ ਪਤਾ ਲਗ ਹੀ ਗਿਆ ਹੋਵੇਗਾ

Original with;
Punjab Vidhan Sabha
Digitized by;
Panjab Digital Library

ਕਿ ਕਿਹੜੇ ਦੁਕਾਨਾਂ ਵਰਗੇ ਸਕੂਲ ਹਨ । ਅੰਮ੍ਰਿਤਸਰ ਵਿਚ ਹੀ ਕਈ ਸਕੂਲ ਹਨ, ਸਪ੍ਰਿੰਗ ਡੇਲ ਸਕੂਲ, ਡੀ. ਏ. ਵੀ. ਪਬਲਿਕ ਸਕੂਲ, ਮਾਨਵ ਸਕੂਲ, ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਤੇ ਹੋਰ ਕਈ ਸਕੂਲ ਹਨ, ਜੋ 11-11 ਹਜ਼ਾਰ ਰੁਪਏ, 25-25 ਹਜ਼ਾਰ ਰੁਪਏ ਐਡਮਿਸ਼ਨ ਵੇਲੇ ਲੈਂਦੇ ਹਨ । ਮੈਂ ਪਹਿਲੇ ਮੁੱਖ ਮੰਤਰੀ ਦੇ ਸਮੇਂ ਵੀ ਕਹਿੰਦੀ ਰਹੀ ਹਾਂ ਕਿ ਇਨ੍ਹਾਂ ਨੂੰ ਬੰਦ ਕਰਵਾਇਆ ਜਾਵੇ । ਮੈਂ ਹੁਣ ਫਿਰ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਉਹ ਇਨ੍ਹਾਂ ਨੂੰ ਬੰਦ ਕਰਵਾਉਣਾ ਚਾਹੁੰਦੇ ਹਨ ਜਾਂ ਕਿ ਇਸੇ ਤਰ੍ਹਾਂ ਜਾਰੀ ਰਖਣਾ ਚਾਹੁੰਦੇ ਹਨ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਜੋ ਸਰਕਾਰੀ ਜਾਂ ਸਰਕਾਰੀ ਏਡਿਡ ਸਕੂਲ ਹਨ ਉਨ੍ਹਾਂ ਨੂੰ ਬੰਦ ਕਰਨ ਦੀ ਜ਼ਿੰਮੇਵਾਰੀ ਤਾਂ ਸਰਕਾਰ ਲੈ ਸਕਦੀ ਹੈ । ਪ੍ਰਾਈਵੇਟ ਦੁਕਾਨਾਂ ਬਾਰੇ ਸਰਕਾਰ ਕੁਝ ਨਹੀਂ ਕਰ ਸਕਦੀ ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਪ੍ਰਾਈਵੇਟ ਦੁਕਾਨਾਂ ਬਾਰੇ ਸਰਕਾਰ ਕੁਝ ਨਹੀਂ ਕਰ ਸਕਦੀ । ਫਿਰ ਜੋ ਪਕੌੜਿਆਂ ਦੀਆਂ ਦੁਕਾਨਾਂ ਵਾਲੇ ਹਨ, ਹਲਵਾਈ ਹਨ, ਸਰਕਾਰ ਉਨ੍ਹਾਂ ਦੇ ਲੱਡੂਆਂ ਦਾ ਰੰਗ ਟੈਸਟ ਕਰਨ ਲਈ ਕਿਉਂ ਸੈਂਪਲ ਭਰਦੀ ਹੈ ? ਕੀ ਉਹ ਦੁਕਾਨਾਂ ਵੀ ਸਰਕਾਰੀ ਏਡਿਡ ਹੁੰਦੀਆਂ ਹਨ ? ਪੰਜਾਬ ਦੀ ਜਨਤਾ ਚੀਖ-ਪੁਕਾਰ ਕਰ ਰਹੀ ਹੈ ਕਿ ਇਹ ਸਕੂਲ ਬੱਚਿਆਂ ਦੇ ਮਾਤਾ ਪਿਤਾ ਨੂੰ ਲੁੱਟ ਰਹੇ ਹਨ । ਇਨ੍ਹਾਂ ਤੇ ਕੋਈ ਚੈਕ ਹੋਣਾ ਚਾਹੀਦਾ ਹੈ ।

**ਸ੍ਰੀ ਸਪੀਕਰ :** ਇਹ ਕੋਈ ਸਪਲੀਮੈਂਟਰੀ ਨਹੀਂ ਹੈ । ਕਾਮਰੇਡ ਹਰਦੇਵ ਅਰਸ਼ੀ ਜੀ, ਤੁਸੀਂ ਸਪਲੀਮੈਂਟਰੀ ਪੁੱਛੋ ।

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਜੋ ਮੈਡਮ ਨੇ ਪ੍ਰਸ਼ਨ ਪੁਛਿਆ ਹੈ, ਇਹ ਮਾਮਲਾ ਬੜਾ ਸੀਰੀਅਸ ਹੈ । ਕੇਵਲ ਇਕ ਹੀ ਸਵਾਲ ਮੁੱਖ ਮੰਤਰੀ ਜੀ ਤੋਂ ਪੁੱਛਿਆ ਗਿਆ ਹੈ ਕਿ ਕੀ ਮੁੱਖ ਮੰਤਰੀ ਜੀ ਇਹ ਭਰੋਸਾ ਦਿਵਾਉਣਗੇ ਕਿ ਜੋ ਦੁਕਾਨਾਂ ਸਕੂਲਾਂ ਦੀ ਸ਼ਕਲ ਵਿੱਚ ਖੁਲ੍ਹੀਆਂ ਹੋਈਆਂ ਹਨ, ਤੁਸੀਂ ਕੁਰੱਪਸ਼ਨ ਦੇ ਖਿਲਾਫ ਲੜਾਈ ਸ਼ੁਰੂ ਕੀਤੀ ਹੈ, ਇਹ ਸਕੂਲ 20-20, 21-21 ਹਜ਼ਾਰ ਰੁਪਏ ਚਾਰਜ ਕਰਦੇ ਹਨ, ਇਨ੍ਹਾਂ ਤੇ ਕੋਈ ਨਾ ਕੋਈ ਤਾਂ ਚੈਕ ਜ਼ਰੂਰ ਹੋਣਾ ਚਾਹੀਦਾ ਹੈ । ਕੀ ਸਰਕਾਰ ਦਾ ਕੋਈ ਕਮੇਟੀ ਬਣਾ ਕੇ ਇਨ੍ਹਾਂ ਨੂੰ ਚੈਕ ਕਰਨ ਦਾ ਕੋਈ ਵਿਚਾਰ ਹੈ ਜਾਂ ਨਹੀਂ ?

**ਮੁੱਖ ਮੰਤਰੀ :** ਵਿਚਾਰ ਕਰ ਲਵਾਂਗੇ ਜੀ ।

---

## ਸਰਕਾਰੀ ਸਕੂਲਾਂ ਵਿਚ ਸੰਸਕ੍ਰਿਤ ਦੀ ਪੜ੍ਹਾਈ

*64. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

(ੳ) ਰਾਜ ਵਿਚ ਉਨ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲਾਂ ਦੀ ਕੁੱਲ ਗਿਣਤੀ ਕਿੰਨੀ-ਕਿੰਨੀ ਹੈ ਜਿਨ੍ਹਾਂ ਵਿਚ ਇਸ ਸਮੇਂ ਸੰਸਕ੍ਰਿਤ ਇਕ ਵਿਸ਼ੇ ਵਜੋਂ ਪੜ੍ਹਾਈ ਜਾ ਰਹੀ ਹੈ ।

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚੋਂ ਉਨ੍ਹਾਂ ਸਕੂਲਾਂ ਦੀ ਸ੍ਰੇਣੀਵਾਰ ਗਿਣਤੀ ਕਿੰਨੀ ਹੈ, ਜਿਨ੍ਹਾਂ ਵਿਚ ਇਸ ਸਮੇਂ ਸੰਸਕ੍ਰਿਤ ਅਧਿਆਪਕਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਉਕਤ ਅਸਾਮੀਆਂ ਕਦੋਂ ਤੋਂ ਖਾਲੀ ਪਈਆਂ ਹਨ ਅਤੇ ਇਸਦੇ ਕਾਰਨ ਕੀ ਹਨ;

(ੲ) ਉਪਰੋਕਤ ਖਾਲੀ ਆਸਾਮੀਆਂ ਦੇ ਕਦੋਂ ਤਕ ਭਰੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ਏ ਅਤੇ ਬੀ) ਵੇਰਵਾ ਪ੍ਰੱਤਰ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

(ਸੀ) ਖਾਲੀ ਆਸਾਮੀਆਂ ਨੂੰ ਭਰਨ ਲਈ ਇੰਟਰਵਿਊ ਖਤਮ ਹੋ ਚੁੱਕੀ ਹੈ ਅਤੇ ਨਤੀਜਾ ਜਲਦੀ ਹੀ ਘੋਸ਼ਿਤ ਕੀਤਾ ਜਾ ਰਿਹਾ ਹੈ । ਇਹ ਅਸਾਮੀਆਂ ਅਗਲੇ ਵਿਦਿਅਕ ਸਾਲ ਦੇ ਸ਼ੁਰੂ ਤੋਂ ਪਹਿਲਾਂ ਪਹਿਲਾਂ ਭਰ ਦਿੱਤੀਆਂ ਜਾਣਗੀਆਂ ।

Original with;
Punjab Vidhan Sabha
Digitized by;
Panjab Digital Library

## ਪਾਰਟ 'ਏ'

### ਵੰਡਵਾਂ ਪੱਤਰ

ਜ਼ਿਲ੍ਹੇ ਵਾਈਜ਼ ਸਕੂਲਾਂ ਦੀ ਸੂਚੀ ਜਿਹਨਾਂ ਵਿਚ ਸੰਸਕ੍ਰਿਤ ਦਾ ਆਪਸ਼ਨਲ ਵਿਸ਼ਾ ਪੜ੍ਹਾਇਆ ਜਾਂਦਾ ਹੈ:

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਸੀਨੀਅਰ ਸੈਕੰਡਰੀ ਸਕੂਲ | ਹਾਈ ਸਕੂਲ | ਮਿਡਲ ਸਕੂਲ |
|---|---|---|---|---|
| 1 | 2 | 3 | 4 | 5 |
| 1. | ਪਟਿਆਲਾ | 5 | 7 | — |
| 2. | ਫਤਿਹਗੜ੍ਹ ਸਾਹਿਬ | 4 | 1 | — |
| 3. | ਰੂਪ ਨਗਰ | 5 | 1 | — |
| 4. | ਸੰਗਰੂਰ | 16 | 3 | — |
| 5. | ਲੁਧਿਆਣਾ | 3 | 1 | — |
| 6. | ਜਲੰਧਰ | 5 | 2 | — |
| 7. | ਨਵਾਂ ਸ਼ਹਿਰ | 2 | — | — |
| 8. | ਕਪੂਰਥਲਾ | 8 | 1 | — |
| 9. | ਹੁਸ਼ਿਆਰਪੁਰ | 11 | 3 | — |
| 10. | ਅੰਮ੍ਰਿਤਸਰ | 2 | 7 | — |
| 11. | ਗੁਰਦਾਸਪੁਰ | 14 | 5 | — |
| 12. | ਫਰੀਦਕੋਟ | — | — | — |
| 13. | ਫਿਰੋਜ਼ਪੁਰ | 5 | 1 | — |
| 14. | ਬਠਿੰਡਾ | 1 | — | — |
| 15. | ਮੁਕਤਸਰ | 2 | — | — |
| 16. | ਮੋਗਾ | — | — | — |
| 17. | ਮਾਨਸਾ | 5 | — | — |
| | ਜੋੜ | 88 | 32 | — |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

## ਪਾਰਟ 'ਬੀ'

### ਵੇਰਵਾ ਪੱਤਰ

ਪੰਜਾਬ ਰਾਜ ਵਿਚ ਸੰਸਕ੍ਰਿਤ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਨਿਮਨ ਅਨੁਸਾਰ ਹਨ :—

| ਲੜੀ ਨੰ: | ਸਕੂਲ ਦਾ ਨਾਂ ਜਿਨਾਂ ਵਿਚ ਆਸਾਮੀਆਂ ਖਾਲੀ ਹਨ | ਗਿਣਤੀ | ਕਿਸ ਸਮੇਂ ਤੋਂ ਆਸਾਮੀਆਂ ਖਾਲੀ ਹਨ | ਕਾਰਨ |
|---|---|---|---|---|
| 1 | 2 | 3 | 4 | 5 |
| 1. | ਸਰਕਾਰੀ ਹਾਈ ਸਕੂਲ; ਕਕਰਾਲਾ ਕਲਾਂ (ਲੁਧਿਆਣਾ) | 1 | 7/96 | ਰਿਟਾਇਰਮੈਂਟ |
| 2. | ਸਰਕਾਰੀ ਸੀ. ਸੈ. ਸਕੂਲ, ਬੱਸੀ ਪਠਾਣਾ (ਫਤਿਹਗੜ੍ਹ ਸਾਹਿਬ) | 1 | 9/96 | ਬਦਲੀ |
| 3. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਮਲੋਹ (ਫਤਿਹਗੜ੍ਹ ਸਾਹਿਬ) | 1 | 12/95 | ਰਿਟਾਇਰਮੈਂਟ |
| 4. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੰਡੀ ਗੋਬਿੰਦਗੜ੍ਹ (ਫਤਿਹਗੜ੍ਹ ਸਾਹਿਬ) | 1 | 6/95 | ਰਿਟਾਇਰਮੈਂਟ |
| 5. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨੰਗਲ ਟਾਊਨਸ਼ਿਪ (ਰੂਪ ਨਗਰ) | 1 | 12/95 | ਹਿੰਦੀ ਟੀਚਰ ਸੰਸਕ੍ਰਿਤ ਦੀਆਂ ਆਸਾਮੀਆਂ ਵਿਰੁੱਧ ਕੰਮ ਕਰ ਰਹੇ ਹਨ |
| 6. | ਸਰਕਾਰੀ ਸੀਨੀਅਰ ਸੈਕੰਡਰ ਸਕੂਲ, ਮੋਰਿੰਡਾ (ਰੂਪ ਨਗਰ) | 1 | 12/86 | ਉਹੀ |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| 7. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਾਲਨਾ (ਰੂਪ ਨਗਰ) | 1 | 10/96 | ਰਿਟਾਇਰਮੈਂਟ |
| 8. | ਸਰਕਾਰੀ (ਜੀ) ਐਚ. ਐਸ. ਕਾਲਾ ਸੰਘਿਆ, (ਕਪੂਰਥਲਾ) | 1 | 12/92 | ਬਦਲੀ |
| 9. | ਸਰਕਾਰੀ ਹਾਈ ਸਕੂਲ, ਹਬਿਆਇਆਬਾਦ (ਕਪੂਰਥਲਾ) | 1 | 1-9-91 | ਰਿਟਾਇਰਮੈਂਟ |
| 10. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਸੁਲਤਾਨਪਰ (ਕਪੂਰਥਲਾ) | 1 | 21-12-91 | ਬਦਲੀ |
| 11. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) 'ੳ', ਸੁਲਤਾਨਪੁਰ (ਕਪੂਰਥਲਾ) | 1 | 1989 | ਬਦਲੀ |
| 12. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਢਿਲਵਾਂ (ਕਪੂਰਥਲਾ) | 1 | 1-5-89 | ਬਦਲੀ |
| 13. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੜ੍ਹਸ਼ੰਕਰ (ਹੁਸ਼ਿਆਰਪੁਰ) | 1 | 12/96 | ਰਿਟਾਇਰਮੈਂਟ |
| 14. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜੁਝਾਰ (ਹੁਸ਼ਿਆਰਪੁਰ) | 1 | ਲਗਭਗ 7 ਸਾਲ | ਰਿਟਾਇਰਮੈਂਟ |
| 15. | ਸਰਕਾਰੀ ਹਾਈ ਸਕੂਲ, ਨੰਗਲ ਕਲਾਂ (ਹੁਸ਼ਿਆਰਪੁਰ) | 1 | ਲਗਭਗ 6 ਸਾਲ | ਰਿਟਾਇਰਮੈਂਟ |
| 16. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਮਰਗੜ੍ਹ (ਸੰਗਰੂਰ) | 1 | 5/93 | ਰਿਟਾਇਰਮੈਂਟ |

Original with;
Punjab Vidhan Sabha
Digitized by;
Panjab Digital Library

**श्रीमती लक्ष्मी कांता चावला.** अध्यक्ष महोदय, मैं अगला प्रश्न तो पूछ रही हूं मगर मैं पहले प्रश्न के उत्तर से निराश हूं । स्पीकर साहिब, यह जो मुझे जानकारी मिली है, यह तो सब पिछली सरकार का ही किया हुआ है । वर्तमान सरकार के बारे में तो अभी कुछ कहा नहीं जा सकता । यह जो विवरण दिया गया है इस में पंजाब के मिडल स्कूलों में संस्कृत पढ़ाने का कोई प्रबन्ध नहीं है । हाई स्कूलों में भी अभी थोड़ा है । अगर बच्चे मिडल स्कूलों में संस्कृत नहीं पढ़ेंगे तो हाई स्कूलों में कैसे पढ़ेंगे । जब कि 8वीं कक्षा में पंजाब के मिडल स्कूलों में संस्कृत पढ़ाने का कोई प्रबन्ध नहीं । क्या मुख्य मन्त्री जी यह विश्वास दिलायेंगे कि जैसे ही बच्चा आठवीं कक्षा में जाता है, उस में उस को संस्कृत पढ़ाने के लिये अध्यापक की सुविधा दी जाएगी और जिन स्कूलों में पाँच बच्चे संस्कृत पढ़ना चाहते हैं वहां पर संस्कृत का अध्यापक लगाया जाएगा ?

**ਮੁੱਖ ਮੰਤਰੀ.** ਸਪੀਕਰ ਸਾਹਿਬ, ਜੋ ਐਜੂਕੇਸ਼ਨ ਦੀ ਪਾਲਿਸੀ ਹੈ, ਉਸ ਵਿਚ ਅੱਠ ਜਮਾਤਾਂ ਤੱਕ ਕੰਪਲਸਰੀ ਸਬਜੈਕਟਸ ਹੁੰਦੇ ਹਨ । ਉਸ ਵਿੱਚ ਸੰਸਕ੍ਰਿਤ ਕੰਪਲਸਰੀ ਸਬਜੈਕਟ ਨਹੀਂ ਹੈ । ਉਸ ਤੋਂ ਬਾਅਦ ਨੌਵੀਂ ਤੋਂ ਬਾਰ੍ਹਵੀਂ ਤੱਕ ਸੰਸਕ੍ਰਿਤ ਆਪਸ਼ਨਲ ਸਬਜੈਕਟ ਹੈ ਔਰ ਜਿਸ ਬੱਚੇ ਨੇ ਲੈਣਾ ਹੋਵੇ, ਉਹ ਲੈ ਸਕਦਾ ਹੈ । ਇਸ ਤੋਂ ਇਲਾਵਾ ਜਿਸ ਕਲਾਸ ਵਿਚ ਘੱਟੋ-ਘੱਟ 10 ਬੱਚੇ ਹੋਣ, ਉਥੇ ਹੀ ਅਧਿਆਪਕ ਲੱਗਦਾ ਹੈ ।

**श्रीमती लक्ष्मी कांता चावला:** स्पीकर साहिब, मेरा संबंध शिक्षा से है । मैंने आपशनल के बारे नहीं पूछा पर इन्होंने उत्तर आपशनल का दिया है । स्पीकर साहिब, शिक्षा जगत में नौवीं से पेंटिंग, ड्राईंग या संस्कृत में से एक सब्जैकट लिया जाता है । मेरा प्रश्न है कि अगर बच्चे संस्कृत लेना चाहें तो क्या सरकार मिडल स्कूलों में अध्यापकों का प्रबंध करेगी ? पंजाब के हजारों हाई स्कूलों में से केवल 32 में ही संस्कृत पढ़ाने का प्रबन्ध है । यह पहली सरकार का कारनामा है । अगर स्कूलों में 10 की जगह 20 भी बच्चे हो जाए तो क्या सरकार वहां ड्राईंग के साथ साथ संस्कृत की सुविधा देगी ?

**ਮੁੱਖ ਮੰਤਰੀ:** ਇਸ ਤੇ ਵਿਚਾਰ ਕਰ ਲਵਾਂਗੇ ।

**श्रीमती लक्ष्मी कांता चावला:** कितनी देर में विचार कर लेंगे ?

**ਸ੍ਰੀ ਸਪੀਕਰ:** ਤੁਸੀਂ ਰੀਪ੍ਰੀਜ਼ੈਂਟੇਸ਼ਨ ਦੇ ਦਿਓ ।

**ਮਾਸਟਰ ਮੋਹਨ ਲਾਲ:** ਸਪੀਕਰ ਸਾਹਿਬ, ਸੰਸਕ੍ਰਿਤ ਇਕ ਬਹੁਤ ਹੀ ਸਮਰਿਧ ਭਾਸ਼ਾ ਹੈ । ਮੈਂ ਮੈਡਮ ਲਕਸ਼ਮੀ ਕਾਂਤਾ ਚਾਵਲਾ ਦੇ ਪ੍ਰਸ਼ਨ ਦੇ ਜਵਾਬ ਦੇ ਅੰਕੜੇ ਪੜ੍ਹੇ ਹਨ ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਸੰਸਕ੍ਰਿਤ ਵਰਗੀ ਸਮਰਿਧ ਭਾਸ਼ਾ ਨੂੰ ਜਾਣ-ਬੁਝ ਕੇ ਖਤਮ ਕੀਤਾ ਜਾ ਰਿਹਾ ਹੈ । ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਗੌਰਮਿੰਟ ਸਕੂਲਾਂ ਵਿਚ ਸੰਸਕ੍ਰਿਤ ਭਾਸ਼ਾ ਨੂੰ ਕਦੋਂ ਤੋਂ ਸ਼ੁਰੂ ਕਰ ਦਿੱਤਾ ਜਾਵੇਗਾ ?

**ਸ੍ਰੀ ਸਪੀਕਰ**: ਇਸ ਦਾ ਜਵਾਬ ਆ ਗਿਆ ਹੈ ।

**ਮਾਸਟਰ ਮੋਹਨ ਲਾਲ**: ਸਪੀਕਰ ਸਾਹਿਬ, ਸੰਸਕ੍ਰਿਤ ਇਕ ਸਮਰਿਧ ਭਾਸ਼ਾ ਹੈ ਔਰ ਇਸ ਭਾਸ਼ਾ ਨੂੰ ਆਪਣੀ ਸਮਰਿਧੀ ਤੱਕ ਪਹੁੰਚਾਉਣ ਵਾਸਤੇ ਕੀ ਮੁੱਖ ਮੰਤਰੀ ਜੀ ਦਸਣਗੇ ਕਿ ਜਿਨ੍ਹਾਂ ਸਕੂਲਾਂ ਵਿੱਚ ਸੰਸਕ੍ਰਿਤ ਪੜ੍ਹਾਉਣ ਦਾ ਪ੍ਰਬੰਧ ਨਹੀਂ ਹੈ, ਉਨ੍ਹਾਂ ਵਾਸਤੇ ਕੀ ਉਪਰਾਲਾ ਕਰਨਗੇ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਂ ਜਵਾਬ ਦੇ ਦਿੱਤਾ ਹੈ । ਸਰਕਾਰ ਦੀ ਪਾਲਿਸੀ ਮੈਂ ਕਲੀਅਰਲੀ ਦਸ ਦਿੱਤੀ ਹੈ ਕਿ ਕਿਸ ਤਰ੍ਹਾਂ, ਕਿਸ ਵੇਲੇ ਔਰ ਕਿਸ ਕਲਾਸ ਵਿਚ ਸੰਸਕ੍ਰਿਤ ਦੀ ਪੜ੍ਹਾਈ ਹੁੰਦੀ ਹੈ । ਲੇਕਿਨ ਮੈਂਬਰ ਸਾਹਿਬ ਦਾ ਜੋ ਸੁਝਾਅ ਅੱਜ ਆਇਆ ਹੈ, ਉਸ ਤੇ ਵਿਚਾਰ ਕਰ ਲਿਆ ਜਾਵੇਗਾ ।

---

## ਨਕਲੀ ਕੀਟਨਾਸ਼ਕ ਦਵਾਈਆਂ ਦੀ ਵਿਕਰੀ ਨੂੰ ਰੋਕਣ ਲਈ ਨਿਯਮਿਤ ਛਾਪੇ

*80. **ਸਰਦਾਰ ਗੁਲਜ਼ਾਰ ਸਿੰਘ ਰਨੀਕੇ**: ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਰਾਜ ਵਿਚ ਕ੍ਰਿਸਾਨਾਂ ਨੂੰ ਨਕਲੀ ਕੀਟਨਾਸ਼ਕ ਦਵਾਈਆਂ ਦੀ ਵਿਕਰੀ ਨੂੰ ਰੋਕਣ ਲਈ ਕੀਟਨਾਸ਼ਕ ਦਵਾਈਆਂ ਵੇਚਣ ਵਾਲੀਆਂ ਦੁਕਾਨਾਂ ਤੇ ਨਿਯਮਿਤ ਛਾਪੇ ਮਾਰਨ ਅਤੇ ਉਨ੍ਹਾਂ ਨੂੰ ਚੈਕ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਤਜਵੀਜ਼ ਨੂੰ ਕਦੋਂ ਤਕ ਅਮਲ ਵਿਚ ਲਿਆਉਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਦੇਵ ਸਿੰਘ ਬਾਦਲ**: ਕੀਟਨਾਸ਼ਕ ਦਵਾਈਆਂ ਬਾਰੇ ਪਹਿਲਾਂ ਹੀ ਲਗਾਤਾਰ ਛਾਪੇ ਮਾਰੇ ਜਾਂਦੇ ਹਨ ਅਤੇ ਚੈਕਿੰਗ ਕੀਤੀ ਜਾਂਦੀ ਹੈ । ਇਸ ਵਾਸਤੇ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਟੀਮਾਂ ਹਨ ਅਤੇ ਨਾਲ ਹੀ ਰਾਜ ਪੱਧਰ ਤੇ ਫਲਾਇੰਗ ਸਕਵੈਡ ਹੈ ਜਿਸ ਵਲੋਂ ਅਚਨਚੇਤ ਛਾਪੇ ਮਾਰੇ ਜਾਂਦੇ ਹਨ ।

**ਸਰਦਾਰ ਗੁਲਜ਼ਾਰ ਸਿੰਘ ਰਨੀਕੇ**: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਛਾਪੇ ਮਾਰੇ ਗਏ, ਜਿਥੇ ਛਾਪੇ ਵੱਜੇ, ਕੀ ਉਨ੍ਹਾਂ ਸਾਰਿਆਂ ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ ਹਨ ? ਦੂਸਰਾ ਪੁੱਛਣਾ ਚਾਹੁੰਦਾ ਹਾਂ ਕਿ . . . . . .

**ਸ੍ਰੀ ਸਪੀਕਰ**: ਇਕ ਕੁਐਸਚਨ ਇਕ ਵੇਲੇ ਪੁੱਛੋ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਲਜ਼ਾਰ ਸਿੰਘ ਰਨੀਕੇ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਛਾਪੇ ਮਾਰੇ ਗਏ, ਕੀ ਉਨ੍ਹਾਂ ਵਿਚੋਂ ਕੋਈ ਦੋਸ਼ੀ ਪਾਇਆ ਗਿਆ ਜਾਂ ਫੜ੍ਹਿਆ ਗਿਆ ?

**ਮੰਤਰੀ** : ਸਪੀਕਰ ਸਾਹਿਬ, ਅੱਜ ਤੱਕ ਅੱਠ ਥਾਵਾਂ ਤੇ ਛਾਪੇ ਵਜੇ ਹਨ, ਜਿਸ ਤਰ੍ਹਾਂ ਭੁਲੱਥ, ਸੁਲਤਾਨਪੁਰ, ਫਗਵਾੜਾ, ਕਪੂਰਥਲਾ ਅਤੇ ਅੰਮ੍ਰਿਤਸਰ ਆਦਿ । ਇਸ ਤਰ੍ਹਾਂ ਅੱਠ ਥਾਵਾਂ ਤੇ ਛਾਪੇ ਮਾਰੇ ਗਏ ਹਨ । ਅਸੀਂ ਤਾਂ ਕੇਸ ਹੀ ਬਣਾਉਣਾ ਹੁੰਦਾ ਹੈ ਪਰ ਫ਼ੈਸਲਾ ਜਿਹੜਾ ਹੈ, ਸਪੀਕਰ ਸਾਹਿਬ, ਅਦਾਲਤ ਨੇ ਕਰਨਾ ਹੁੰਦਾ ਹੈ । ਇਸੇ ਤਰ੍ਹਾਂ ਹੀ, ਉਨ੍ਹਾਂ ਨੂੰ ਅਦਾਲਤ ਨੇ ਹੀ ਸਜ਼ਾ ਦੇਣੀ ਹੁੰਦੀ ਹੈ । ਕਈ ਥਾਈਂ, ਜਿਸ ਤਰ੍ਹਾਂ ਭੁਲੱਥ ਹੈ, ਉਥੇ ਇੱਕ ਹਜ਼ਾਰ ਰੁਪਿਆ ਜੁਰਮਾਨਾ ਵੀ ਕੀਤਾ ਹੈ ਤੇ ਇੱਕ ਸਾਲ ਦੀ ਸਜ਼ਾ ਵੀ ਕੀਤੀ ਹੈ । ਇਸ ਤਰ੍ਹਾਂ ਅੱਠ ਥਾਵਾਂ ਤੇ ਸਾਰਿਆਂ ਨੂੰ ਸਜ਼ਾ ਹੋਈ ਹੈ, ਜਿਨ੍ਹਾਂ ਨੇ ਇਸ ਤਰ੍ਹਾਂ ਨਕਲੀ ਦਵਾਈਆਂ ਵੇਚੀਆਂ ਹਨ ।

**ਸਰਦਾਰ ਗੁਲਜ਼ਾਰ ਸਿੰਘ ਰਨੀਕੇ** : ਧੰਨਵਾਦ ਜੀ ।

---

## ਨਵੀਆਂ ਸੜਕਾਂ ਦਾ ਨਿਰਮਾਣ ਕਰਨਾ

*97. **ਸਰਦਾਰ ਅਮਰਜੀਤ ਸਿੰਘ ਸਮਰਾ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਜਲੰਧਰ ਵਿਚ ਮਾਰਕੀਟ ਕਮੇਟੀਆਂ ਨਕੋਦਰ, ਨੂਰਮਹਿਲ ਅਤੇ ਗੋਰਾਇਆ ਦੇ ਖੇਤਰ ਵਿਚ ਆਉਂਦੀਆਂ ਨਵੀਆਂ ਸੜਕਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੇ ਬਣਾਉਣ ਲਈ ਸਬੰਧਤ ਮਾਰਕੀਟ ਕਮੇਟੀਆਂ ਦੁਆਰਾ ਵਿਭਾਗ (ਮੰਡੀ ਬੋਰਡ, ਪੰਜਾਬ) ਪਾਸ ਲੋੜੀਂਦੀ ਰਕਮ ਜਮ੍ਹਾਂ ਕਰਵਾ ਦਿੱਤੀ ਗਈ ਹੈ ਅਤੇ ਸੜਕਾਂ ਬਣਾਉਣ ਦਾ ਕੰਮ ਕਦੋਂ ਤਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਦੇਵ ਸਿੰਘ ਬਾਦਲ** : ਮਾਰਕੀਟ ਕਮੇਟੀ ਨਕੋਦਰ, ਨੂਰਮਹਿਲ ਅਤੇ ਗੋਰਾਇਆ ਵਲੋਂ ਕਿਸੇ ਵੀ ਨਵੀਂ ਸੜਕ ਦੇ ਬਣਾਉਣ ਵਾਸਤੇ ਕੋਈ ਪੈਸਾ ਜਮ੍ਹਾਂ ਨਹੀਂ ਕਰਾਇਆ ਗਿਆ । ਇਸ ਲਈ ਕਿਸੇ ਸੜਕ ਦੀ ਉਸਾਰੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

**ਸਰਦਾਰ ਅਮਰਜੀਤ ਸਿੰਘ ਸਮਰਾ** : ਸਤਿਕਾਰਯੋਗ ਸਪੀਕਰ ਸਾਹਿਬ, ਇਸ ਪਵਿੱਤਰ ਸਦਨ ਵਿੱਚ ਇਹ ਗਲਤ ਲੀਡ ਕੀਤਾ ਗਿਆ ਹੈ । ਇਨ੍ਹਾਂ ਨੂੰ ਅਫ਼ਸਰਾਂ ਨੇ ਸਹੀ ਰਿਪੋਰਟ ਨਹੀਂ ਦਿੱਤੀ । ਮੈਂ ਨਕੋਦਰ ਬਾਰੇ ਦੱਸਾਂਗਾ ਕਿਉਂਕਿ ਨੂਰਮਹਿਲ ਬਾਰੇ ਨੂਰਮਹਿਲ ਵਾਲੇ ਦੱਸਣਗੇ । ਪੰਜ ਸੜਕਾਂ ਮਾਰਕੀਟ ਕਮੇਟੀ ਗੋਰਾਇਆ, 6 ਨੂਰਮਹਿਲ ਅਤੇ 12 ਨਕੋਦਰ ਦੀਆਂ ਹਨ ਜਿਨ੍ਹਾਂ ਦੀ ਐਡਮਨਿਸਟ੍ਰੇਟਿਵ ਅਪਰੂਵਲ ਤੋਂ ਬਾਅਦ 25-25% ਪੈਸਾ ਇਕੱਲੀ-ਇਕੱਲੀ ਸੜਕ ਵਾਸਤੇ ਜਮ੍ਹਾਂ ਹੋ ਚੁੱਕਾ ਹੈ । ਮੈਨੂੰ ਤਾਂ ਅੱਜ ਇਥੇ ਆ ਕੇ ਪਤਾ ਲੱਗਾ ਹੈ ਕਿ ਮੇਰਾ ਪ੍ਰਸ਼ਨ ਲੱਗਿਆ ਹੋਇਆ ਹੈ, ਨਹੀਂ ਤਾਂ ਮੈਂ ਲਿਸਟ ਨਾਲ

Original with;
Punjab Vidhan Sabha
Digitized by;
Panjab Digital Library

ਲੇ ਕੇ ਆਉਂਦਾ ਲੇਕਿਨ ਇਸ ਪਵਿੱਤਰ ਸਦਨ ਦੇ ਵਿੱਚ ਗਲਤ ਜਵਾਬ ਨਹੀਂ ਦੇਣਾ ਚਾਹੀਦਾ ।

**ਸ੍ਰੀ ਸਪੀਕਰ**: ਤੁਸੀਂ ਕੁਐਸਚਨ ਪੁੱਛੋ ।

**ਸਰਦਾਰ ਅਮਰਜੀਤ ਸਿੰਘ ਸਮਰਾ**: ਬਾਦਲ ਸਰਕਾਰ ਨੇ ਇਸ ਪਵਿੱਤਰ ਸਦਨ ਵਿਚ ਸਾਰਿਆਂ ਨਾਲ ਪ੍ਰਾਮਿਸ ਕੀਤਾ ਹੈ ਕਿ ਕਿਸੇ ਵੀ ਡਿਵੇਲਪਮੈਂਟ ਦੇ ਕੰਮ ਵਿਚ ਰੁਕਾਵਟ ਨਹੀਂ ਪਾਈ ਜਾਵੇਗੀ । ਸੜਕਾਂ ਤੇ ਤਾਂ ਸਾਰੇ ਲੋਕਾਂ ਨੇ ਹੀ ਜਾਣਾ ਹੈ, ਮੈਂ ਇਹ ਨਹੀਂ ਕਹਿੰਦਾ ਕਿ ਇਨ੍ਹਾਂ ਸੜਕਾਂ ਨੂੰ ਹੁਣੇ ਹੀ ਬਣਾ ਦਿੱਤਾ ਜਾਵੇ, ਹੁਣੇ ਹੀ ਪੈਸੇ ਜਮ੍ਹਾਂ ਕਰਾ ਦਿੱਤੇ ਜਾਣ......

**ਸ੍ਰੀ ਸਪੀਕਰ**: ਤੁਸੀਂ ਕੁਐਸਚਨ ਪੁੱਛੋ ।

**ਸਰਦਾਰ ਅਮਰਜੀਤ ਸਿੰਘ ਸਮਰਾ**: ਲੇਕਿਨ ਕੋਈ ਡੇਟ ਫਿਕਸ ਕਰ ਦੇਣ, ਕਿ ਦੋ ਮਹੀਨੇ, ਚਾਰ ਮਹੀਨੇ ਨੂੰ ਕੰਮ ਸ਼ੁਰੂ ਹੋ ਜਾਵੇਗਾ ।

**ਸ੍ਰੀ ਸਪੀਕਰ**: ਤੁਸੀਂ ਕੁਐਸਚਨ ਪੁੱਛੋ । ਤੁਸੀਂ ਤਾਂ ਲੈਕਚਰ ਦੇਣ ਲੱਗ ਪਏ ਹੋ ।

**ਸਰਦਾਰ ਅਮਰਜੀਤ ਸਿੰਘ ਸਮਰਾ**: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਡੇਟ ਦਸ ਦੇਣ ਕਿ ਕਦੋਂ ਤੱਕ ਇਹ ਕੰਮ ਸ਼ੁਰੂ ਹੋ ਜਾਵੇਗਾ ?

**ਸ੍ਰੀ ਸਪੀਕਰ**: ਤੁਸੀਂ ਕੁਐਸਚਨ ਤਾ ਪੁੱਛਿਆ ਹੀ ਨਹੀਂ ।

**ਸਰਦਾਰ ਅਮਰਜੀਤ ਸਿੰਘ ਸਮਰਾ**: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ 22 ਸੜਕਾਂ ਦੇ ਵਾਸਤੇ ਪੈਸੇ ਜਮ੍ਹਾ ਹੋ ਚੁੱਕੇ ਹਨ ਜਾਂ ਇਹ ਗੱਲ ਗਲਤ ਹੈ ?

**ਸ੍ਰੀ ਸਪੀਕਰ**: ਉਹ ਕਹਿ ਚੁੱਕੇ ਹਨ ਕਿ ਨਹੀਂ ਹੋਏ ।

**ਸਰਦਾਰ ਅਮਰਜੀਤ ਸਿੰਘ ਸਮਰਾ**: ਸਪੀਕਰ ਸਾਹਿਬ, ਬਿਲਕੁਲ ਗਲਤ ਹੈ । ਮੈਂ ਸਦਨ ਦੇ ਵਿੱਚ ਰਿਕਾਰਡ ਪੇਸ਼ ਕਰ ਦੇਵਾਂਗਾ । ਤੁਸੀਂ ਇਸ ਪ੍ਰਸ਼ਨ ਨੂੰ ਪੈਂਡਿੰਗ ਰੱਖ ਲਉ ਜੀ ।

**ਸ੍ਰੀ ਸਪੀਕਰ**: ਤੁਸੀਂ ਰਿਕਾਰਡ ਮੈਨੂੰ ਭੇਜ ਦੇਣਾ, ਮੈਂ ਦੇਖ ਲਵਾਂਗਾ ।

**ਡਾਕਟਰ ਹਰਬੰਸ ਲਾਲ**: ਸਪੀਕਰ ਸਾਹਿਬ, ਜਿਹੜਾ ਸਵਾਲ ਦਾ ਜਵਾਬ ਆਇਆ ਹੈ, ਉਹ ਬੜਾ ਨਿਰਾਸ਼ਾਜਨਕ ਆਇਆ ਹੈ । ਕਿਉਂਕਿ ਪੰਜਾਬ ਦਾ ਸੜਕਾਂ ਦੀ ਡਿਵੈਲਪਮੈਂਟ ਦਾ ਮੁਦਾ ਬੜਾ ਭਾਰੀ ਹੈ ......

**ਸ੍ਰੀ ਸਪੀਕਰ**: ਤੁਸੀਂ ਤਾਂ ਪੰਜਾਬ ਦੀ ਗੱਲ ਕਰਨ ਲੱਗ ਪਏ ਹੋ । ਤੁਸੀਂ ਗੱਲ ਹੋਰ ਪਾਸੇ ਨਾ ਲਿਜਾਉ ।

**ਡਾਕਟਰ ਹਰਬੰਸ ਲਾਲ**: ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਅੱਗੇ ਬਰਸਾਤ ਦਾ ਮੌਸਮ ਆਉਣ ਵਾਲਾ ਹੈ, ਫਿਰ ਸਰਦੀ ਆ ਜਾਣੀ ਹੈ, ਫਿਰ ਬਾਦਲ

Original with;
Punjab Vidhan Sabha
Digitized by;
Punjab Digital Library

[ਡਾਕਟਰ ਹਰਬੰਸ ਲਾਲ]
ਸਰਕਾਰ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਸੜਕਾਂ ਕਦੋਂ ਬਣਾਊਗੀ। ਪੈਸੇ ਜਮ੍ਹਾਂ ਨਹੀਂ ਹੋ ਰਹੇ, ਫਿਰ ਡਿਵੈਲਪਮੈਂਟ ਕਦੋਂ ਕਰੇਗੀ। ਲੋਕਾਂ ਨੂੰ ਤਾਂ ਸੜਕਾਂ ਚਾਹੀਦੀਆਂ ਹਨ ਨਾ ਕਿ ਲਾਰੇ ਚਾਹੀਦੇ ਹਨ। ਇਸ ਦਾ ਜਵਾਬ ਦਿੱਤਾ ਜਾਵੇ ਜੀ।

**ਸ੍ਰੀ ਸਪੀਕਰ**: ਬੈਠ ਜਾਓ।

**ਡਾਕਟਰ ਹਰਬੰਸ ਲਾਲ**: ਜੇਕਰ ਇਸ ਤਰ੍ਹਾਂ ਹੁੰਦਾ ਰਿਹਾ, ਤਾਂ ਫਿਰ ਲੋਕਾਂ ਨਾਲ ਬੜਾ ਭਾਰੀ ਧੱਕਾ ਹੋਵੇਗਾ।

**Mr. Speaker**: No Supplementary.

**ਮੰਤਰੀ**: ਸਪੀਕਰ ਸਾਹਿਬ, ਜੋ ਡਾਕਟਰ ਸਾਹਿਬ ਨੇ ਸਵਾਲ ਪੁੱਛਿਆ ਹੈ ਉਹ ਬੜਾ ਹੀ ਹਾਸੋਹੀਣਾ ਹੈ। ਇਹ ਵੱਖਰਾ ਸਵਾਲ ਕਰ ਦਿੰਦੇ। ਮੈਂ ਆਪਣੀ ਭੈਣ (ਸ੍ਰੀਮਤੀ ਰਾਜਿੰਦਰ ਕੌਰ ਭੱਠਲ ਵੱਲ ਇਸ਼ਾਰਾ) ਦਾ ਬਹੁਤ ਜ਼ਿਆਦਾ ਸਤਿਕਾਰ ਕਰਦਾ ਹਾਂ। ਮੇਰੇ ਸਤਿਕਾਰਯੋਗ ਮੈਂਬਰ ਸਾਹਿਬ ਨੇ ਕੁਝ ਕਿਹਾ ਹੈ ਕਿ ਸੜਕ ਨਹੀਂ ਬਣੀ। ਉਹ ਪੁੱਛੋ ਮੇਰੀ ਭੈਣ ਜੀ ਬੈਠੇ ਹਨ ਅਤੇ ਉਹ ਤੁਹਾਡੀ ਪਾਰਟੀ ਦੇ ਲੀਡਰ ਹਨ। ਉਨ੍ਹਾਂ ਨੇ ਦੋ ਮੀਟਿੰਗਾਂ ਕਰਕੇ ਸਾਰੀਆਂ ਸੜਕਾਂ ਨੂੰ ਖਤਮ ਕਰਵਾ ਦਿੱਤਾ ਹੈ ਤੇ ਮੈਨੂੰ ਦਸੋ ਕਿ ਮੈਂ ਰੋਲਰ ਕਿਥੇ ਫਿਰਾਵਾਂ। (ਹਾਸਾ) (ਥੰਪਿੰਗ)

(ਇਸ ਸਮੇਂ ਸਰਦਾਰ ਅਮਰਜੀਤ ਸਿੰਘ ਸਮਰਾ ਸਪਲੀਮੈਂਟਰੀ ਕਰਨ ਲਈ ਖੜ੍ਹੇ ਹੋਏ)

**ਸ੍ਰੀ ਸਪੀਕਰ**: ਸਮਰਾ ਜੀ, ਬੈਠ ਜਾਓ। ਜਿਹੜਾ ਰਿਕਾਰਡ ਹੈ, ਇਹ ਮੈਨੂੰ ਦੇ ਦੇਣਾ, ਦੇਖ ਲਵਾਂਗੇ।

**ਸਰਦਾਰ ਅਮਰਜੀਤ ਸਿੰਘ ਸਮਰਾ**: ਇਹ ਲਿਖਤੀ ਹੈ ਇਹ ਖਤਮ ਨਹੀਂ ਹੋਇਆ। ਉਦੋਂ ਇਲੈਕਸ਼ਨਾਂ ਆ ਗਈਆਂ ਸਨ ਅਤੇ ਕਿਹਾ ਗਿਆ ਸੀ ਕਿ ਇਲੈਕਸ਼ਨਾਂ ਤੋਂ ਬਾਅਦ ਇਹ ਸੜਕਾਂ ਬਣਵਾ ਦਿੱਤੀਆਂ ਜਾਣਗੀਆਂ। ਇਹ ਪਵਿੱਤਰ ਸਦਨ ਵਿਚ ਗਲਤ ਦੱਸ ਰਹੇ ਹਨ।

**ਸ੍ਰੀ ਸਪੀਕਰ**: ਤੁਸੀਂ ਰਿਕਾਰਡ ਲੈ ਆਉਣਾ, ਅਸੀਂ ਦੇਖ ਲਵਾਂਗੇ।

**ਸ੍ਰੀ ਅਵਤਾਰ ਹੈਨਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਦੋ ਸੜਕਾਂ ਦੇ ਲਈ ਤਿੰਨ ਕੁ ਮਹੀਨੇ ਪਹਿਲਾਂ ਚੇਅਰਮੈਨ ਮਾਰਕੀਟਿੰਗ ਬੋਰਡ ਵਲੋਂ ਉਦਘਾਟਨ ਕੀਤਾ ਗਿਆ ਸੀ। ਇਕ ਬਿਲਗਾ-ਸ਼ਾਮਪੁਰਾ ਅਤੇ ਦੂਜੀ ਬਿਲਗਾ—ਫਰਵਾਲਾ ਹੈ। ਕੀ ਉਹ ਪੈਸੇ ਵਿਦ-ਡਰਾਅ ਹੋ ਗਏ ਹਨ ਜਾਂ ਨਹੀਂ ?

**ਸ੍ਰੀ ਸਪੀਕਰ**: ਇਹ ਕੋਈ ਸਪਲੀਮੈਂਟਰੀ ਨਹੀਂ ਬਣਦੀ।

**ਮੰਤਰੀ**: ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਦੇ ਦੇਣ।

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਜੀਤ ਸਿੰਘ.** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ....

**ਸ੍ਰੀ ਸਪੀਕਰ :** ਤੁਸੀਂ ਸਿਰਫ ਤਿੰਨ ਮਾਰਕੀਟ ਕਮੇਟੀਆਂ ਬਾਰੇ ਹੀ ਗੱਲ ਕਰਨੀ ਹੈ।

**ਚੌਧਰੀ ਜਗਜੀਤ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਬੜਾ ਸਪੈਸੀਫਿਕ ਕੁਐਸਚਨ ਹੈ ਕਿ ਮਾਰਕੀਟ ਕਮੇਟੀ ਨਕੋਦਰ, ਨੂਰਮਹਿਲ ਤੇ ਗੁਰਾਇਆ ਨੇ ਆਪਣੇ ਆਪਣੇ ਏਰੀਏ ਵਿਚ ਮਾਰਕੀਟਿੰਗ ਬੋਰਡ ਵਲੋਂ ਕੁਝ ਸੜਕਾਂ ਬਣਾਉਣ ਦੇ ਅਗੇਂਸਟ ਪੈਸਾ ਜਮ੍ਹਾਂ ਕਰਵਾ ਦਿੱਤਾ ਹੈ। ਪਰ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਕਿ ਕੋਈ ਪੈਸੇ ਜਮ੍ਹਾਂ ਨਹੀਂ ਹੋਏ, ਇਸ ਕਰਕੇ ਸਵਾਲ ਹੀ ਪੈਦਾ ਨਹੀਂ ਹੁੰਦਾ। ਤੁਹਾਡੀ ਮਾਰਫਤ ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਾਡੇ ਮਾਨਯੋਗ ਮੈਂਬਰ ਸਾਹਿਬ ਨੇ ਜਾਣਕਾਰੀ ਦਿੱਤੀ ਹੈ ਕਿ ਇਹ ਪੈਸੇ ਐਕਸੀਅਨ ਜਲੰਧਰ ਦੇ ਦਫਤਰ ਵਿਚ ਉਸ ਦੇ ਅਕਾਊਂਟ ਵਿਚ ਜਮ੍ਹਾਂ ਹਨ ਤੇ ਮੰਡੀ ਬੋਰਡ ਕੋਲ ਇਹ ਪੈਸਾ ਹਾਲੇ ਵੀ ਜਮ੍ਹਾਂ ਹੈ। ਕੀ ਵਜ਼ੀਰ ਸਾਹਿਬ ਇਹ ਆਸ਼ਵਾਸਨ ਦੇਣਗੇ ਕਿ ਜਿਹੜਾ ਪੈਸਾ ਉਥੇ ਜਮ੍ਹਾਂ ਹੈ, ਉਸ ਦੀ ਇਨਕੁਆਇਰੀ ਕਰਵਾ ਕੇ ਇਸ ਹਾਊਸ ਨੂੰ ਇਨਫਾਰਮ ਕੀਤਾ ਜਾਵੇਗਾ ?

**ਸ੍ਰੀ ਸਪੀਕਰ.** ਤੁਸੀਂ ਰਿਕਾਰਡ ਲੈ ਆਵੋ ਤਾਂ ਪਤਾ ਕਰ ਲਵਾਂਗੇ। ਅਗਲਾ ਸਵਾਲ।

---

### ਡੂੰਘੇ ਟਿਊਬਵੈਲਾਂ ਦੀ ਮੁਰੰਮਤ

*91. **ਚੌਧਰੀ ਨੰਦ ਲਾਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਬਲਾਚੌਰ ਅਤੇ ਸੜੋਆ ਬਲਾਕ ਵਿਚ ਉਨ੍ਹਾਂ ਡੂੰਘੇ ਟਿਊਬਵੈਲਾਂ ਦੀ ਗਿਣਤੀ ਕਿੰਨੀ-ਕਿੰਨੀ ਹੈ ਜੋ ਖਰਾਬ ਪਏ ਹਨ ਅਤੇ ਇਨ੍ਹਾਂ ਦੀ ਕਦੋਂ ਤਕ ਮੁਰੰਮਤ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** 5 ਟਿਊਬਵੈਲ ਬਲਾਚੌਰ ਬਲਾਕ ਅਤੇ 2 ਟਿਊਬਵੈਲ ਸੜੋਆ ਬਲਾਕ ਜ਼ਿਲ੍ਹਾ ਨਵਾਂ ਸ਼ਹਿਰ ਦੇ ਖਰਾਬ ਹਨ, ਜਿਨ੍ਹਾਂ ਨੂੰ ਮੁਰੰਮਤ ਕਰਨ ਉਪਰੰਤ ਮਿਤੀ 31 ਮਾਰਚ, 1997 ਤੱਕ ਚਾਲੂ ਕਰ ਦਿਤੇ ਜਾਣ ਦੀ ਆਸ ਹੈ।

**ਚੌਧਰੀ ਨੰਦ ਲਾਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਗਰੀਬ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ, ਉਸਦੇ ਲਈ ਕੌਣ ਜ਼ਿੰਮੇਵਾਰ ਹੋਵੇਗਾ ?

**ਸ੍ਰੀ ਸਪੀਕਰ :** ਇਹ ਕੋਈ ਸਪਲੀਮੈਂਟਰੀ ਨਹੀਂ ਬਣਦੀ। ਕੋਈ ਸਵਾਲ ਪੁੱਛਣਾ ਸੀ। ਅਗਲਾ ਸਵਾਲ, ਸਰਦਾਰ ਜਗਤਾਰ ਸਿੰਘ ਰਾਜਲਾ ਜੀ।

---

Original with;
Punjab Vidhan Sabha
Digitized by;
Panjab Digital Library

### ਝੰਬੋ ਚੋਅ ਡਰੇਨ ਦੀ ਖੁਦਾਈ

*102. 1. ਸਰਦਾਰ ਜਗਤਾਰ ਸਿੰਘ ਰਾਜਲਾ :
2. ਸਰਦਾਰ ਇੰਦਰਜੀਤ ਸਿੰਘ ਜ਼ੀਰਾ : } ਕੀ ਮੁੱਖ ਮੰਤਰੀ

ਕਿਰਪਾ ਦਸਣਗੇ ਕਿ ਜ਼ਿਲ੍ਹਾ ਪਟਿਆਲਾ ਵਿਚੋਂ ਲੰਘਦੀ ਝੰਬੋ ਚੋਅ ਡਰੇਨ ਦੀ ਖੁਦਾਈ ਕਿਸ ਸਾਲ ਕੀਤੀ ਗਈ ਸੀ ਅਤੇ ਉਸ ਤੇ ਕੁੱਲ ਕਿੰਨਾ ਖਰਚ ਆਇਆ ਸੀ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਝੰਬੋਵਾਲੀ ਚੋਅ ਇਕ ਕੁਦਰਤੀ ਨਾਲਾ ਹੈ, ਜੋ ਕਿ ਪਿਛਲੇ ਕਈ ਸਾਲਾਂ ਤੋਂ ਹੋਂਦ ਵਿਚ ਹੈ । ਪਰੰਤੂ ਇਸ ਦੀ ਖੁਦਾਈ ਅਤੇ ਨਹਿਰੀਕਰਣ ਦਾ ਕੰਮ ਸਾਲ 1972 ਤੋਂ 1980 ਦੌਰਾਨ 89.24 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਗਿਆ ਸੀ ।

**ਸਰਦਾਰ ਜਗਤਾਰ ਸਿੰਘ ਰਾਜਲਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਅਗੇ ਬਾਰਸ਼ਾਂ ਦਾ ਮੌਸਮ ਆ ਰਿਹਾ ਹੈ । ਝੰਬੋ ਚੋਅ ਦੀ ਖੁਦਾਈ ਹੋਈ ਨੂੰ ਲਗਭਗ 17 ਸਾਲ ਹੋ ਗਏ ਹਨ ਅਤੇ ਉਹ ਸਾਰੀ ਭਰ ਚੁੱਕੀ ਹੈ । ਜਿਸ ਕਰਕੇ ਹਲਕਾ ਸਮਾਣਾ ਤੇ ਸ਼ਤਰਾਣਾ ਦੇ ਬਹੁਤ ਸਾਰੇ ਪਿੰਡਾਂ ਦੀ ਤਬਾਹੀ ਹੁੰਦੀ ਹੈ । ਕੀ ਮੁੱਖ ਮੰਤਰੀ ਜੀ ਭਰੋਸਾ ਦੇਣਗੇ ਕਿ ਇਸ ਚੋਅ ਦੀ ਖੁਦਾਈ ਕਦੋਂ ਤੱਕ ਕੀਤੀ ਜਾਵੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਦੀ ਖੁਦਾਈ ਦਾ ਪ੍ਰਬੰਧ ਕੀਤਾ ਗਿਆ ਹੈ । 1999 ਤੱਕ ਇਸ ਤੇ 44 ਲੱਖ ਰੁਪਏ ਖਰਚ ਕਰਨੇ ਹਨ । ਇਤਨਾ ਖਰਚ ਕਰਕੇ ਇਸਦੀ ਸਫ਼ਾਈ ਦਾ ਪ੍ਰਬੰਧ ਕੀਤਾ ਜਾਵੇਗਾ ।

**ਸ੍ਰੀ ਸਪੀਕਰ** : ਪ੍ਰਸ਼ਨਕਾਲ ਖਤਮ ਹੁੰਦਾ ਹੈ । ਬਾਕੀ ਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ, ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਸਮਝੇ ਜਾਣਗੇ ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਸਰਕਾਰੀ ਮਕਾਨਾਂ ਦੀ ਉਸਾਰੀ

*62. **ਚੌਧਰੀ ਨੰਦ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਸੈਕਟਰ 39-ਡੀ, ਚੰਡੀਗੜ੍ਹ ਵਿਚ ਸ਼੍ਰੇਣੀ II ਅਤੇ III ਦੇ ਮਕਾਨ ਕਿਹੜੇ ਸਾਲ ਵਿਚ ਬਣਾਏ ਗਏ ਸਨ ਅਤੇ ਉਨ੍ਹਾਂ ਦੀ ਮੁਰੰਮਤ ਤੇ ਮਿਤੀ ਅੰਤ ਤਕ ਸਾਲਵਾਰ ਕਿੰਨਾ ਖਰਚ ਕੀਤਾ ਗਿਆ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : 366 ਨੰਬਰ ਕੈਟਾਗਰੀ II ਅਤੇ III ਮਕਾਨ ਸੈਕਟਰ 39-ਡੀ, ਚੰਡੀਗੜ੍ਹ ਵਿਖੇ ਪੰਜਾਬ ਮਕਾਨ ਉਸਾਰੀ ਬੋਰਡ ਹੁਣ (ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ) ਵਲੋਂ ਸਾਲ 1984 ਵਿੱਚ ਉਸਾਰੇ ਗਏ । ਇਹਨਾਂ ਮਕਾਨਾਂ ਦੀ ਮੁਰੰਮਤ ਉਪਰ ਹੁਣ ਤੱਕ ਸਾਲਵਾਰ ਖਰਚੇ ਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

## ਅਨੈਕਸਚਰ 'ੲ'

ਪੰਜਾਬ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਸੈਕਟਰ 39-ਡੀ, ਚੰਡੀਗੜ੍ਹ ਵਿਖੇ ਸ਼੍ਰੇਣੀ II ਅਤੇ III ਦੇ ਮਕਾਨਾਂ ਦੀ ਸਾਲਵਾਰ ਦੇਖ ਭਾਲ ਤੇ ਆਏ ਖਰਚੇ ਸਬੰਧੀ ਵਿਵਰਣ ।

| ਸਾਲ | ਖਰਚਾ (ਰੁ: ਲੱਖਾਂ ਵਿੱਚ) |
|---|---|
| 1985-86 | 3.85 |
| 1986-87 | 5.23 |
| 1987-88 | 5.72 |
| 1988-89 | 3.18 |
| 1989-90 | 5.93 |
| 1990-91 | 6.71 |
| 1991-92 | 9.86 |
| 1992-93 | 14.66 |
| 1993-94 | 17.52 |
| 1994-95 | 15.25 |
| 1995-96 | 14.60 |
| 1996-97 | 13.14 (ਜਨਵਰੀ, 97 ਤੱਕ) |

## ਅਧਿਆਪਕਾਂ ਦੀ ਕਮੀ ਦੇ ਕਾਰਣ ਸਕੂਲਾਂ ਦਾ ਬੰਦ ਹੋਣਾ

*101. 1. **ਸਰਦਾਰ ਜਗਤਾਰ ਸਿੰਘ ਰਾਜਲਾ**
2. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** } : ਕੀ ਮੁੱਖ ਮੰਤਰੀ ਕਿਰਪਾ

ਕਰਕੇ ਦੱਸਣਗੇ ਕਿ:—

(ੳ) ਸਬ-ਡਵੀਜ਼ਨਾਂ ਪਟਿਆਲਾ ਅਤੇ ਸਮਾਣਾ ਵਿਚ ਕੁੱਲ ਕਿੰਨੇ ਪ੍ਰਾਇਮਰੀ ਸਕੂਲ ਹਨ ਅਤੇ ਉਕਤ ਸਕੂਲਾਂ ਵਿਚ ਇਸ ਸਮੇਂ ਅਧਿਆਪਕਾਂ ਦੀਆਂ ਕੁੱਲ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚੋਂ ਕੋਈ ਪ੍ਰਾਇਮਰੀ ਸਕੂਲ ਅਧਿਆਪਕਾਂ ਦੀ ਕਮੀ ਦੇ ਕਾਰਣ ਬੰਦ ਪਏ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ਅ) ਨਹੀਂ ਜੀ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਵੇਰਵਾ

ਪਟਿਆਲਾ ਅਤੇ ਸਮਾਣਾ ਸਬ ਡਵੀਜ਼ਨ ਵਿਚ ਪ੍ਰਾਇਮਰੀ ਸਕੂਲਾਂ ਦੀ ਕੁੱਲ ਗਿਣਤੀ ਅਤੇ ਉਹਨਾਂ ਵਿਚ ਖਾਲੀ ਆਸਾਮੀਆਂ ਦਾ ਵੇਰਵਾ:--

| ਸਬ ਡਵੀਜ਼ਨ | ਸਕੂਲਾਂ ਦੀ ਗਿਣਤੀ | ਖਾਲੀ ਆਸਾਮੀਆਂ ਦੀ ਗਿਣਤੀ | | | |
|---|---|---|---|---|---|
| | | ਸੈਂਟਰ ਹੈਡ ਟੀਚਰ | ਹੈਡ ਟੀਚਰ | ਜੇ. ਬੀ. ਟੀ. | ਕੁੱਲ |
| 1 | 2 | 3 | 4 | 5 | 6 |
| ਪਟਿਆਲਾ .. | 394 | 24 | 45 | 116 | 185 |
| ਸਮਾਣਾ .. | 176 | 12 | 30 | 162 | 204 |
| ਕੁੱਲ .. | 570 | 36 | 75 | 278 | 389 |

ਅੱਤਵਾਦੀਆਂ ਦੁਆਰਾ ਮਾਰੇ ਗਏ ਪੁਲਿਸ ਕਰਮਚਾਰੀਆਂ ਦੇ ਬੱਚਿਆਂ ਲਈ ਨਵੇਂ ਸਕੂਲ ਖੋਲ੍ਹਣਾ

*95. ਕਾਮਰੇਡ ਅਜੈਬ ਸਿੰਘ ਰੌਂਤਾ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਕੀ ਪੰਜਾਬ ਵਿਚ ਪਿਛਲੇ 10 ਸਾਲਾਂ ਦੇ ਦੌਰਾਨ ਅੱਤਵਾਦੀਆਂ ਦੁਆਰਾ ਮਾਰੇ ਗਏ ਪੁਲਿਸ ਕਰਮਚਾਰੀਆਂ ਦੇ ਬੱਚਿਆਂ ਲਈ ਕੋਈ ਨਵੇਂ ਸਕੂਲ ਖੋਲ੍ਹੇ ਗਏ ਸਨ ਅਤੇ ਉਨ੍ਹਾਂ ਨੂੰ ਕੋਈ ਵਿੱਤੀ ਸਹਾਇਤਾ ਦਿੱਤੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਨਾਂ ਕੀ ਕੀ ਹਨ ਅਤੇ ਇਹ ਕਿੱਥੇ ਕਿੱਥੇ ਸਥਿਤ ਹਨ ਅਤੇ 1 ਜਨਵਰੀ, 1977 ਤਕ ਹਰੇਕ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਕਿੰਨੀ ਸੀ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਹਨ;

(ੲ) ਉਕਤ ਸਕੂਲਾਂ ਵਿੱਚ ਸਿੱਖਿਆ ਕਿਸ ਮਾਧਿਅਮ ਵਿਚ ਦਿੱਤੀ ਜਾਂਦੀ ਹੈ;

(ਸ) ਉਪ੍ਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਦੇ ਵਿਦਿਆਰਥੀਆਂ ਤੋਂ ਫੀਸ ਕਿਸ ਦਰ ਤੇ ਵਸੂਲ ਕੀਤੀ ਜਾਂਦੀ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਹਾਂ ਜੀ। ਪਿਛਲੇ 10 ਸਾਲਾਂ ਦੌਰਾਨ ਪੰਜਾਬ ਵਿਚ ਤਿੰਨ ਸਕੂਲ, ਬਠਿੰਡਾ, ਅੰਮ੍ਰਿਤਸਰ ਅਤੇ ਜਲੰਧਰ ਵਿਖੇ ਅੱਤਵਾਦੀਆਂ ਹੱਥੋਂ ਮਾਰੇ ਗਏ ਪੁਲਿਸ ਕਰਮਚਾਰੀਆਂ ਦੇ ਬੱਚਿਆਂ ਲਈ ਖੋਹਲੇ ਗਏ ਹਨ। ਇਹ ਸਕੂਲ ਕ੍ਰਮਵਾਰ ਮਿਤੀ 15-6-1991, 7-1-1991 ਅਤੇ 15-4-1996 ਤੋਂ ਖੋਲ੍ਹੇ ਗਏ ਹਨ। ਇਨ੍ਹਾਂ ਸਕੂਲਾਂ ਨੂੰ ਸਰਕਾਰ ਵਲੋਂ ਕੋਈ ਮਾਲੀ ਸਹਾਇਤਾ ਨਹੀਂ ਦਿੱਤੀ ਗਈ। ਇਨ੍ਹਾਂ ਦੇ ਨਾਮ ਪੁਲਿਸ ਪਬਲਿਕ ਸਕੂਲ, ਬਠਿੰਡਾ, ਪੁਲਿਸ ਡੀ. ਏ. ਵੀ. ਪਬਲਿਕ ਸਕੂਲ ਅੰਮ੍ਰਿਤਸਰ ਅਤੇ ਪੁਲਿਸ ਡੀ. ਏ. ਵੀ. ਪਬਲਿਕ ਸਕੂਲ, ਜਲੰਧਰ ਕੈਂਟ ਹਨ। ਇਹ ਸਕੂਲ ਪੁਲਿਸ ਲਾਈਨ ਬਠਿੰਡਾ, ਪੁਲਿਸ ਲਾਈਨ ਅੰਮ੍ਰਿਤਸਰ ਅਤੇ ਪੀ. ਏ. ਪੀ. ਕੈਂਪਸ ਜਲੰਧਰ ਕੈਂਟ ਵਿਖੇ ਸਥਿਤ ਹਨ। ਮਿਤੀ 1 ਜਨਵਰੀ, 1997 ਨੂੰ ਪੁਲਿਸ ਪਬਲਿਕ ਸਕੂਲ, ਬਠਿੰਡਾ ਵਿੱਚ ਵਿਦਿਆਰਥੀਆਂ ਦੀ ਗਿਣਤੀ 1,405, ਪੁਲਿਸ ਡੀ. ਏ. ਵੀ. ਪਬਲਿਕ ਸਕੂਲ, ਅੰਮ੍ਰਿਤਸਰ ਵਿੱਚ 1,830 ਅਤੇ ਪੁਲਿਸ ਡੀ. ਏ. ਵੀ. ਪਬਲਿਕ ਸਕੂਲ, ਜਲੰਧਰ ਵਿੱਚ 232 ਸੀ।

(ਅ) ਨਹੀਂ ਜੀ।

(ੲ) ਇਨ੍ਹਾਂ ਸਕੂਲਾਂ ਵਿੱਚ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਹੈ।

(ਸ) ਪੁਲਿਸ ਪਬਲਿਕ ਸਕੂਲ, ਬਠਿੰਡਾ ਵਿੱਚ ਵਿਦਿਆਰਥੀਆਂ ਤੋਂ ਫੀਸ 175/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ, ਪੁਲਿਸ ਡੀ. ਏ. ਵੀ. ਪਬਲਿਕ ਸਕੂਲ, ਅੰਮ੍ਰਿਤਸਰ ਬਾਰਡਰ ਰੇਂਜ ਅੰਮ੍ਰਿਤਸਰ ਵਿੱਚ ਤਾਇਨਾਤ ਕਰਮਚਾਰੀਆਂ ਦੇ ਬੱਚਿਆਂ ਤੋਂ 150/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਅਤੇ ਬਾਰਡਰ ਰੇਂਜ ਤੋਂ ਬਾਹਰ ਤਾਇਨਾਤ ਕਰਮਚਾਰੀਆਂ ਦੇ ਬੱਚਿਆਂ ਤੋਂ 200/-ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਫੀਸ ਲਈ ਜਾਂਦੀ ਹੈ। ਇਸੇ ਤਰ੍ਹਾਂ ਪੁਲਿਸ ਡੀ. ਏ. ਵੀ. ਪਬਲਿਕ ਸਕੂਲ, ਜਲੰਧਰ ਕੈਂਟ ਸਿਪਾਹੀ ਤੋਂ ਲੈ ਕੇ ਸਾਰੇ ਰੈਂਕਾਂ ਦੇ ਕਰਮਚਾਰੀਆਂ/ਅਫਸਰਾਂ ਦੇ ਬੱਚਿਆਂ ਤੋਂ 100/-ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਅਤੇ ਦਰਜਾ-4 ਕਰਮਚਾਰੀਆਂ ਤੋਂ ਅਤੇ ਡਿਊਟੀ ਦੌਰਾਨ ਅਤੇ ਅੱਤਵਾਦੀਆਂ ਹੱਥੋਂ ਮਾਰੇ ਗਏ ਪੁਲਿਸ ਕਰਮਚਾਰੀਆਂ ਦੇ ਬੱਚਿਆਂ ਤੋਂ 05/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਫੀਸ ਲਈ ਜਾਂਦੀ ਹੈ।

---

## UNSTARRED QUESTIONS AND ANSWERS

### ਪੰਜਾਬ ਹੋਮਿਓਪੈਥਿਕ ਕੌਂਸਲ ਦੇ ਮੈਂਬਰ ਵਿਰੁੱਧ ਚੌਕਸੀ ਪੜਤਾਲ

8. **ਸ੍ਰੀ ਸਤਪਾਲ ਗੋਸਾਈਂ** : ਕੀ ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ 3 ਅਕਤੂਬਰ, 1994 ਅਤੇ 5 ਨਵੰਬਰ, 1996 ਨੂੰ ਪੰਜਾਬ ਹੋਮਿਓਪੈਥਿਕ ਕੌਂਸਲ ਦੇ ਇਕ ਮੈਂਬਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਤਪਾਲ ਗੋਸਾਈਂ]
ਦੇ ਵਿਰੁੱਧ ਚੌਕਸੀ ਪੜਤਾਲ ਦੇ ਹੁਕਮ ਦਿੱਤੇ ਸਨ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ਅਤੇ ਇਹ ਪੜਤਾਲ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਬਲਰਾਮਜੀ ਦਾਸ ਟੰਡਨ** : ਹਾਂ ਜੀ । ਇਕ ਰੈਗੂਲਰ ਇਨਕੁਆਰੀ ਨੰ: 9/94 ਚੰਡੀਗੜ੍ਹ ਮਿਤੀ 3-10-1994 ਡਾ. ਤੇਜਪਾਲ ਸਿੰਘ, ਮੈਂਬਰ, ਕੌਂਸਲ ਆਫ ਹੋਮਿਓਪੈਥਿਕ ਸਿਸਟਮ ਆਫ ਮੈਡੀਸੀਨ, ਪੰਜਾਬ, ਵਿਰੁੱਧ ਰਿਸ਼ਵਤਖੋਰੀ, ਹੋਮਿਓਪੈਥਿਕ ਕਾਲਜਾਂ ਅਤੇ ਵਿਦਿਆਰਥੀਆਂ ਤੋਂ ਪੈਸੇ ਬਟੋਰਨ ਕਾਰਨ ਰਜਿਸਟਰ ਕੀਤੀ ਗਈ ਸੀ । ਚੌਕਸੀ ਬਿਓਰੋ ਨੂੰ ਪਰਮ ਅਗੇਤ ਤੇ ਚੌਕਸੀ ਪੜਤਾਲ ਛੇਤੀ ਭੇਜਣ ਲਈ ਸੰਬੋਧਿਤ ਕਰ ਦਿੱਤਾ ਗਿਆ ਹੈ ।

ਜਿਥੋਂ ਤੱਕ ਮਿਤੀ 5-11-1996 ਦੇ ਦੂਜੇ ਕੇਸ ਦਾ ਸਬੰਧ ਹੈ, ਚੌਕਸੀ ਵਿਭਾਗ ਨੇ ਸੂਚਿਤ ਕੀਤਾ ਹੈ ਕਿ ਡਾ. ਤੇਜਪਾਲ ਸਿੰਘ ਦੇ ਖਿਲਾਫ 6420/- ਰੁਪਏ ਦੇ ਜਾਅਲੀ ਟੀ. ਏ. ਬਿੱਲ ਵਸੂਲ ਕਰਨ ਲਈ ਪਹਿਲਾਂ ਹੀ ਥਾਣਾ ਸੈਕਟਰ-17, ਯੂ. ਟੀ., ਚੰਡੀਗੜ੍ਹ ਵਿੱਚ ਮੁਕੱਦਮਾ ਨੰਬਰ 365 ਮਿਤੀ 21-12-1995 ਅਧੀਨ ਧਾਰਾ 420, 467, 468, 471, 474, ਆਈ. ਪੀ. ਸੀ. ਦੇ ਤਹਿਤ ਦਰਜ ਹੋ ਚੁੱਕਾ ਸੀ । ਐਸ. ਐਚ. ਓ. ਕੇਂਦਰੀ ਪੁਲਿਸ ਸਟੇਸ਼ਨ, ਸੈਕਟਰ-17, ਯੂ. ਟੀ., ਚੰਡੀਗੜ੍ਹ ਦੀ ਰਿਪੋਰਟ ਅਨੁਸਾਰ ਇਸ ਕੇਸ ਵਿੱਚ ਚਲਾਨ ਮਾਨਯੋਗ ਵਧੀਕ ਸੈਸ਼ਨ ਜੱਜ, ਯੂ. ਟੀ., ਚੰਡੀਗੜ੍ਹ ਦੀ ਅਦਾਲਤ ਵਿੱਚ ਮਿਤੀ 28-10-1996 ਨੂੰ ਪੇਸ਼ ਹੋ ਚੁੱਕਾ ਹੈ । ਕਿਉਂਕਿ ਦੂਜੀ ਸ਼ਿਕਾਇਤ ਮਿਤੀ 5-11-1996 ਵਿੱਚ ਵੀ ਉਹੀ ਦੋਸ਼ ਹਨ, ਇਸ ਲਈ ਚੌਕਸੀ ਵਿਭਾਗ ਵਲੋਂ ਤਾਜ਼ਾ ਕੇਸ ਦਰਜ ਨਹੀਂ ਕੀਤਾ ਜਾ ਸਕਦਾ ।

---

## ਸੜਕ ਦੁਰਘਟਨਾਵਾਂ ਵਿਚ ਮੌਤਾਂ

9. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 1995 ਅਤੇ 1996 ਦੌਰਾਨ ਰਾਜ ਵਿਚ ਕੁੱਲ ਕਿੰਨੀਆਂ-ਕਿੰਨੀਆਂ ਸੜਕ ਦੁਰਘਟਨਾਵਾਂ ਹੋਈਆਂ ਅਤੇ ਇਨ੍ਹਾਂ ਦੁਰਘਟਨਾਵਾਂ ਵਿਚ ਕੁਲ ਕਿੰਨੇ ਵਿਅਕਤੀ ਮਾਰੇ ਗਏ ਸਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸੂਚਨਾ ਹੇਠ ਲਿਖੇ ਅਨੁਸਾਰ ਹੈ : --

| ਸਾਲ | ਰੋਡ ਐਕਸੀਡੈਂਟਾਂ ਦੀ ਗਿਣਤੀ | ਜਿੰਨੇ ਵਿਅਕਤੀ ਸੜਕ ਦੁਰਘਟਨਾਵਾਂ ਵਿਚ ਮਾਰੇ ਗਏ |
|---|---|---|
| 1 | 2 | 3 |
| 1995 | 2,496 | 1,979 |
| 1996 | 2,871 | 2,064 |

Original with;
Punjab Vidhan Sabha
Digitized by;
Panjab Digital Library

### ਰਾਜ ਵਿਚ ਸਕੂਲਾਂ ਨੂੰ ਅਪਗਰੇਡ ਕਰਨਾ

10. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦੀ ਜ਼ਿਲ੍ਹਾਵਾਰ ਗਿਣਤੀ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਦਸੰਬਰ, 1996 ਦੇ ਦੌਰਾਨ ਕ੍ਰਮਵਾਰ ਮਿਡਲ ਅਤੇ ਹਾਈ ਪੱਧਰ ਤੱਕ ਅਪਗਰੇਡ ਕੀਤਾ ਗਿਆ ਸੀ ਅਤੇ ਇਸ ਤਰ੍ਹਾਂ ਅਪਗਰੇਡ ਕੀਤੇ ਸਕੂਲਾਂ ਵਿਚ ਕਿਸ ਮਿਤੀ ਤੋਂ ਪੜ੍ਹਾਈ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦੀ ਜ਼ਿਲ੍ਹਾਵਾਰ ਗਿਣਤੀ ਅਤੇ ਨਾਂ ਜੋ ਦਸੰਬਰ, 1996 ਦੌਰਾਨ ਕਰਮਵਾਰ ਮਿਡਲ ਅਤੇ ਹਾਈ ਪੱਧਰ ਤੱਕ ਅਪਗਰੇਡ ਕੀਤੇ ਗਏ ਸਨ, ਦੀ ਸੂਚੀ ਅਨੁਲੱਗ ** 'ੳ' ਅਤੇ 'ਅ' ਤੇ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ । ਇਹ ਸਕੂਲ ਉਸ ਵੇਲੇ ਚਾਲੂ ਹੋਣਗੇ ਜਦੋਂ ਇਨ੍ਹਾਂ ਨੂੰ ਮੂਲ-ਭੂਤ ਸੇਵਾਵਾਂ ਦੇ ਦਿੱਤੀਆਂ ਜਾਣਗੀਆਂ ।

---

### ਬਲਾਕ ਬੁਢਲਾਡਾ ਦੇ ਗਰਾਮ ਸੇਵਕਾਂ ਵਿਰੁੱਧ ਜਾਂਚ-ਪੜਤਾਲ

11. **ਕਾਮਰੇਡ ਹਰਦੇਵ ਅਰਸ਼ੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਮਾਨਸਾ ਦੇ ਬਲਾਕ ਬੁਢਲਾਡਾ ਵਿਚ ਇਸ ਸਮੇਂ ਕੰਮ ਕਰ ਰਹੇ ਗਰਾਮ ਸੇਵਕਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ?

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕਿਸੇ ਗਰਾਮ ਸੇਵਕ ਦੇ ਵਿਰੁੱਧ ਇਸ ਸਮੇਂ ਕੋਈ ਜਾਂਚ-ਪੜਤਾਲ ਕੀਤੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਹਰ ਇਕ ਗਰਾਮ ਸੇਵਕ ਦੇ ਵਿਰੁੱਧ ਲਗਾਏ ਦੋਸ਼ਾਂ ਦੇ ਵੇਰਵੇ ਕੀ ਕੀ ਹਨ ਅਤੇ ਕਿਸ ਮਿਤੀ ਤੋਂ ਇਹ ਜਾਂਚ-ਪੜਤਾਲ ਚਲ ਰਹੀ ਹੈ ਅਤੇ ਇਸ ਦੇ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਨਿਰਮਲ ਸਿੰਘ ਕਾਹਲੋਂ** : (ੳ) ਛੇ ਗਰਾਮ ਸੇਵਕ ਇਸ ਸਮੇਂ ਬਲਾਕ ਬੁਢਲਾਡਾ, ਜ਼ਿਲ੍ਹਾ ਮਾਨਸਾ ਵਿਖੇ ਕੰਮ ਕਰ ਰਹੇ ਹਨ । ਇਹਨਾਂ ਗਰਾਮ ਸੇਵਕਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ :—

ਸਰਵ ਸ੍ਰੀ

(1) ਅਜੀਤ ਸਿੰਘ
(2) ਗੁਰਜੰਟ ਸਿੰਘ
(3) ਦਿਆਲ ਸਿੰਘ
(4) ਲਾਭ ਸਿੰਘ
(5) ਵੇਦ ਪ੍ਰਕਾਸ਼
(6) ਮੋਹਨ ਸਿੰਘ (ਮੁਅੱਤਲੀ ਅਧੀਨ)

---

**Placed in the Library

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

(ਅ) ਉਪਰੋਕਤ ਲੜੀ ਨੰ : 1 ਤੋਂ 5 ਤੇ ਦਰਸਾਏ ਗਰਾਮ ਸੇਵਕਾਂ ਵਿਰੁੱਧ ਕੋਈ ਪੜਤਾਲ ਨਹੀਂ ਚਲ ਰਹੀ । ਪਰ ਲੜੀ ਨੰ: 6 ਤੇ ਦਰਸਾਏ ਗਰਾਮ ਸੇਵਕ ਸ੍ਰੀ ਮੋਹਨ ਸਿੰਘ (ਮੁਅੱਤਲੀ ਅਧੀਨ) ਦੇ ਵਿਰੁੱਧ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਠਿੰਡਾ ਰੈਗੂਲਰ ਪੜਤਾਲ ਕਰ ਰਹੇ ਹਨ । ਇਹ ਪੜਤਾਲ ਉਹਨਾਂ ਨੂੰ 13 ਫਰਵਰੀ, 1997 ਨੂੰ ਸੌਂਪੀ ਗਈ ਸੀ ਅਤੇ ਉਹਨਾਂ ਨੂੰ ਕਿਹਾ ਗਿਆ ਹੈ ਕਿ ਇਸ ਪੜਤਾਲ ਨੂੰ ਉਹ 21 ਦਿਨਾਂ ਵਿਚ ਮੁਕੰਮਲ ਕਰਨ । ਪੜਤਾਲ ਅਧੀਨ ਦੋਸ਼ਾਂ ਦੇ ਵੇਰਵੇ ਸਬੰਧੀ ਵਿਵਰਣ ਸਭਾ ਦੇ ਮੇਜ਼ ਤੇ ਰੱਖਿਆ ਜਾਂਦਾ ਹੈ ।

ਅਨੁਲੱਗ

**ਸ੍ਰੀ ਮੋਹਨ ਸਿੰਘ ਗਰਾਮ ਸੇਵਕ ਮੁਅੱਤਲੀ ਅਧੀਨ ਵਿਰੁੱਧ ਲਾਏ ਦੋਸ਼ਾਂ ਦਾ ਵੇਰਵਾ**

1. ਉਹ ਸਾਲ 1994-95 ਦੌਰਾਨ ਗਰਾਮ ਪੰਚਾਇਤ, ਦਿਆਲਪੁਰਾ, ਬਲਾਕ ਬੁਢਲਾਡਾ ਦਾ ਪੰਚਾਇਤ ਸਕੱਤਰ ਨਿਯੁਕਤ ਸੀ, ਜਿਸਦਾ ਚਾਰਜ ਉਸਨੇ ਮਿਤੀ 7 ਜੂਨ, 1995 ਨੂੰ ਛੱਡਿਆ । ਗਰਾਮ ਪੰਚਾਇਤ, ਦਿਆਲਪੁਰਾ ਨੂੰ ਸਾਲ 1993-94 ਦੌਰਾਨ 48,500/- ਰੁਪਏ, 40,740/- ਰੁਪਏ ਅਤੇ 1,45,500/-ਰੁਪਏ ਗਲੀਆਂ, ਨਾਲੀਆਂ ਲਈ ਗਰਾਟਾਂ ਆਈਆਂ ਸਨ ਪਰ ਉਸ ਨੇ ਇਕ-ਦਮ ਮਿਤੀ 5 ਦਸੰਬਰ, 1994 ਤੇ 10 ਜਨਵਰੀ. 1995 ਨੂੰ ਕ੍ਰਮਵਾਰ 80,000/- ਰੁਪਏ ਤੇ 1,00,000 ਰੁਪਏ ਦੀ ਰਕਮ ਸ੍ਰੀ ਛੱਜੂ ਸਿੰਘ, ਸਰਪੰਚ,ਗਰਾਮ ਪੰਚਾਇਤ ਦਿਆਲਪੁਰਾ ਨੂੰ ਕਢਵਾ ਕੇ ਦਿੱਤੀ ਜਿਸ ਨਾਲ ਉਸਨੇ ਕੋਈ ਕੰਮ ਨਹੀਂ ਕੀਤਾ ਅਤੇ ਇਸ ਦੇ ਨਤੀਜੇ ਵਜੋਂ 99,426/- ਰੁਪਏ ਸਰਪੰਚ ਪਾਸ ਕੈਸ਼ ਇਨ ਹੈਂਡ ਰਹੇ ।

2. ਇਸ ਤੋਂ ਇਲਾਵਾ ਸਾਲ 1994 ਦੀ ਗਰਾਮ ਪੰਚਾਇਤ ਦੀ ਜ਼ਮੀਨ ਦੀ ਬੋਲੀ ਦੀ ਰਕਮ ਵਿਚੋਂ ਉਸਨੇ ਪੰਚਾਇਤ ਸਕੱਤਰ ਦੀ ਤਨਖਾਹ ਵਜੋਂ 9,100/- ਰੁਪਏ ਦੀ ਰਕਮ ਲਈ ਪਰ ਪੰਚਾਇਤ ਸੰਮਤੀ, ਬੁਢਲਾਡਾ ਵਿੱਚ ਜਮ੍ਹਾਂ ਨਹੀਂ ਕਰਵਾਈ । ਉਸ ਨੇ 9100/- ਰੁਪਏ ਦੀ ਰਕਮ ਪ੍ਰਾਪਤ ਕਰਨ ਵਜੋਂ ਸਰਪੰਚ ਗਰਾਮ ਪੰਚਾਇਤ, ਦਿਆਲਪੁਰਾ ਨੂੰ ਰਸੀਦ ਵੀ ਦਿੱਤੀ, ਜਿਸ ਤੋਂ ਸਾਫ ਹੈ ਕਿ ਇਹ ਰਕਮ ਉਸ ਨੇ ਗਬਨ ਕੀਤੀ ਹੈ ।

---

**ਸਾਬਕਾ ਐਮ. ਐਲ. ਏਜ਼. ਦੁਆਰਾ ਜਿਪਸੀਆਂ ਵਾਪਸ ਕਰਨਾ**

12. ਕਾਮਰੇਡ ਹਰਦੇਵ ਅਰਸ਼ੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ 11 ਫਰਵਰੀ. 1997 ਨੂੰ ਭੰਗ ਹੋਈ ਦਸਵੀਂ ਵਿਧਾਨ ਸਭਾ ਦੇ ਸਾਰੇ ਮੈਂਬਰਾਂ ਨੂੰ ਸੁਰੱਖਿਆ ਕਾਰਨਾਂ ਕਰਕੇ ਸਰਕਾਰ ਦੁਆਰਾ ਉਨ੍ਹਾਂ ਨੂੰ ਮੁਹੱਈਆ ਕੀਤੀਆਂ ਗਈਆਂ ਜਿਪਸੀਆਂ ਨੂੰ ਵਾਪਸ ਕਰਨ ਲਈ ਕਿਹਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਸਾਬਕਾ ਐਮ. ਐਲ. ਏਜ਼ ਦੇ ਨਾਂ ਕੀ ਹਨ ਜਿਨ੍ਹਾਂ ਨੇ ਅਜੇ ਤਕ ਜਿਪਸੀਆਂ

Original with;
Punjab Vidhan Sabha
Digitized by;
Panjab Digital Library

ਵਾਪਸ ਨਹੀਂ ਕੀਤੀਆਂ ਹਨ ਅਤੇ ਉਪਰੋਕਤ ਵਰਣਿਤ ਸਾਰੇ ਸਾਬਕਾ-ਵਿਧਾਇਕਾਂ ਦੁਆਰਾ ਜਿਪਸੀਆਂ ਦੀ ਵਾਪਸੀ ਯਕੀਨੀ ਬਣਾਉਣ ਲਈ ਕੀ ਕਦਮ ਉਠਾਏ ਜਾ ਰਹੇ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਦਸਵੀਂ ਵਿਧਾਨ ਸਭਾ ਦੇ ਸਾਰੇ ਮੈਂਬਰਾਂ ਨੇ ਸੁਰੱਖਿਆ ਜਿਪਸੀਆਂ ਵਾਪਿਸ ਕਰ ਦਿੱਤੀਆਂ ਹਨ ਸਿਵਾਏ ਸਰਦਾਰ ਦਿਲਬਾਗ ਸਿੰਘ ਡਾਲੇਕੇ ਸਾਬਕਾ ਸਪੀਕਰ, ਜੋ ਸੁਰੱਖਿਆ ਜਿਪਸੀ ਮਿਤੀ 4 ਮਾਰਚ, 1997 ਤੱਕ ਰੱਖਣ ਦੇ ਹੱਕਦਾਰ ਹਨ, ਵਾਪਿਸ ਨਹੀਂ ਕੀਤੀ । ਉਨ੍ਹਾਂ ਕੋਲ ਸੁਰੱਖਿਆ ਜਿਪਸੀ ਨੰਬਰ ਪੀ. ਬੀ: 12-ਬੀ: 7841 ਹੈ, ਜਿਸ ਨੂੰ ਵਾਪਿਸ ਲੈਣ ਲਈ ਉਪਰਾਲੇ ਕੀਤੇ ਜਾ ਰਹੇ ਹਨ ।

---

## POINT OF ORDER RE. ENQUIRY RELATING TO THE DEATH OF KASHMIR SINGH AND CLARIFICATION THEREON BY THE CHIEF MINISTER

**ਸਰਦਾਰ ਅਜੀਤ ਇੰਦਰ ਸਿੰਘ** : ਸਤਿਕਾਰ ਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਦੋ ਦਿਨ ਹੋਏ ਪੁਲਿਸ ਵੱਲੋਂ ਇੱਕ ਨੌਜਵਾਨ ਕਸ਼ਮੀਰ ਸਿੰਘ ਦਾ ਕਤਲ ਕੀਤਾ ਗਿਆ ਸੀ । ਉਸ ਬਾਰੇ ਕਿਹਾ ਗਿਆ ਸੀ ਕਿ ਇਨਕੁਆਰੀ ਹੋਵੇਗੀ । ਉਥੇ ਧਰਨਾ ਵੀ ਦਿੱਤਾ ਗਿਆ । ਇਕ ਮਾਨਯੋਗ ਮੰਤਰੀ ਜੀ ਉਥੇ ਗਏ ਸਨ ਅਤੇ ਕਿਹਾ ਗਿਆ ਕਿ ਕੇਸ ਰਜਿਸਟਰ ਕਰਵਾਇਆ ਗਿਆ ਹੈ । ਪਰ ਬਾਅਦ ਵਿੱਚ ਸਟੇਟਮੈਂਟ ਆਈ ਕਿ ਕੇਸ ਰਜਿਸਟਰ ਨਹੀਂ ਹੋਇਆ । ਉਹ ਨੌਜਵਾਨ ਸਾਡੀ ਪਾਰਟੀ ਦੇ ਯੂਥ ਵਿੰਗ ਦਾ ਪ੍ਰਾਪੇਗੰਡਾ ਸੈਕਟਰੀ ਸੀ । ਇਹ ਬਹੁਤ ਦੁਖਾਂਤ ਹੋਇਆ ਹੈ । ਜਲੰਧਰ ਵਿਚ ਜਿਹੜਾ ਬੰਬ ਬਲਾਸਟ ਹੋਇਆ ਹੈ ਉਸ ਦੇ ਨਾਲ ਹੀ ਇਹ ਕਿਲਿੰਗ ਵੀ ਹੋਈ ਦੱਸੀ ਹੈ। ਤੇ ਇਸ ਬਾਰੇ ਮੈਂ ਰਿਕੁਐਸਟ ਕਰਨੀ ਚਾਹੁੰਦਾ ਹਾਂ ਕਿ ਹਾਈ ਲੈਵਲ ਤੇ ਇਨਕੁਆਰੀ ਕਰਾਕੇ ਤੁਰੰਤ ਇਸ ਜਾਂਚ ਦਾ ਪਤਾ ਲਗਾ ਕੇ ਦੱਸਣਾ ਚਾਹੀਦਾ ਹੈ ਕਿ ਇਹ ਫੇਕ ਐਨਕਾਊਂਟਰ ਕਿਉਂ ਹੋਇਆ ?

ਦੂਸਰੀ ਗੱਲ ਇਸ ਨਾਲ ਇਹ ਹੈ ਕਿ ਮੁੱਖ ਮੰਤਰੀ ਜੀ ਖੁਦ ਜਾ ਕੇ ਉਹ ਜਿਹੜਾ ਨੌਜਵਾਨ ਕਤਲ ਹੋਇਆ ਹੈ ਉਸ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ । ਉਸ ਦੀ ਸਿਰਫ 7 ਮਹੀਨੇ ਦੀ ਇੱਕ ਬੇਟੀ ਹੈ । ਉਸ ਦਾ ਕੌਣ ਵਾਲੀ-ਵਾਰਸ ਹੋਵੇਗਾ । ਇਸ ਤੋਂ ਪਹਿਲਾਂ ਕਪੂਰਥਲੇ ਵਿਚ ਇਕ ਐਨਕਾਊਂਟਰ ਹੋਇਆ ਸੀ ਉਸ ਬਾਰੇ ਸਰਵਉੱਚ ਸੁਪਰੀਮ ਕੋਰਟ ਨੇ 10 ਲੱਖ ਰੁਪਏ ਦਾ ਮੁਆਵਜ਼ਾ ਦੇਣ ਬਾਰੇ ਕਿਹਾ ਸੀ । ਮੇਰੀ ਇਹ ਰਿਕੁਐਸਟ ਹੈ ਕਿ ਇਸ ਨੌਜਵਾਨ ਦੇ ਪਰਿਵਾਰ ਨੂੰ ਵੀ ਇਹ ਮੁਆਵਜ਼ਾ ਦਿੱਤਾ ਜਾਵੇ ਤਾਂ ਕਿ ਉਸ ਦੇ ਬੱਚੇ ਦੇ ਭਵਿੱਖ ਬਾਰੇ ਕੁਝ ਕੀਤਾ ਜਾ ਸਕੇ ਅਤੇ ਨਾਲ ਹੀ ਦੁਬਾਰਾ ਇਹੋ ਜਿਹੀ ਕੋਈ ਗੱਲ ਨਹੀਂ ਹੋਣੀ ਚਾਹੀਦੀ....

**ਸ੍ਰੀ ਸਪੀਕਰ** : ਕਿਰਪਾ ਕਰਕੇ ਵਾਈਂਡ ਅੱਪ ਕਰੋ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜੀਤ ਇੰਦਰ ਸਿੰਘ** : ਗਵਰਨਰ ਐਡਰੈਸ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਤਾਜ ਲਿਆਉਣ ਦੀ ਪੁਸ਼ਟੀ ਕੀਤੀ ਗਈ ਹੈ। ਹਰ ਗੱਲ ਨੂੰ ਬੜੀ ਬਰੀਕੀ ਨਾਲ ਦੇਖਿਆ ਜਾਵੇ ਅਤੇ ਗੌਰ ਕੀਤਾ ਜਾਵੇ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਅਤੇ ਪੂਰੀ ਇਨਕੁਆਇਰੀ ਕਰਵਾਈ ਜਾਵੇ।

**ਮੁੱਖ ਮੰਤਰੀ** : ਮੈਂ ਇਸ ਬਾਰੇ ਕਲੀਅਰ ਕਰਨਾ ਚਾਹੁੰਦਾ ਹਾਂ ਕਿ ਡੀ.ਆਈ.ਜੀ. ਨੂੰ ਇਸ ਦੀ ਇਨਕੁਆਇਰੀ ਲਈ ਲਗਾ ਦਿੱਤਾ ਗਿਆ ਹੈ। ਜੋ ਸਹੀ ਤੱਥ ਹੋਏ ਉਸ ਮੁਤਾਬਿਕ ਐਕਸ਼ਨ ਲਿਆ ਜਾਵੇਗਾ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਿਹਤ ਵਿਭਾਗ ਦਾ ਇਕ ਮਾਮਲਾ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਹਫਤੇ ਪੁਰਾਣੀ ਸਰਕਾਰ ਵੱਲੋਂ 200 ਫਾਰਮਾਸਿਸਟ ਸਿਲੈਕਟ ਕੀਤੇ ਗਏ ਹਨ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਸਿਲੈਕਸ਼ਨ ਵਿੱਚ ਕਿੰਨੀਆਂ ਅਣਗਹਿਲੀਆਂ ਕੀਤੀਆਂ ਗਈਆਂ ਹਨ। ਇਸ ਵਿੱਚ ਜਿਨ੍ਹਾਂ ਨੇ 75% ਨੰਬਰ ਲਏ ਉਹ ਰਿਜੈਕਟ ਕਰ ਦਿੱਤੇ ਗਏ ਅਤੇ ਜਿਨ੍ਹਾਂ ਨੇ 40% ਨੰਬਰ ਲਏ ਉਹ ਸਿਲੈਕਟ ਕਰ ਲਏ ਗਏ। ਮੇਰੇ ਕੋਲ ਇਹ 10 ਫਾਰਮਾਸਿਸਟਾਂ ਦੀ ਲਿਸਟ ਹੈ ਜਿਨ੍ਹਾਂ ਕੋਲ ਵੱਧ ਯੋਗਤਾ ਸੀ ਪਰ ਉਨ੍ਹਾਂ ਤੋਂ ਘੱਟ ਯੋਗਤਾ ਵਾਲੇ ਸਿਲੈਕਟ ਕਰ ਲਏ ਗਏ। ਇਨ੍ਹਾਂ ਨੂੰ ਸਿਲੈਕਟ ਨਹੀਂ ਕੀਤਾ ਗਿਆ। ਇਹ ਲਿਸਟ ਪਿਛਲੇ ਹਫਤੇ ਰਿਲੀਜ਼ ਹੋਈ ਹੈ। ਮੈਂ ਕਾਲ ਅਟੈਨਸ਼ਨ ਮੋਸ਼ਨ ਵੀ ਦਿੱਤੀ ਸੀ....

**ਸ਼੍ਰੀ ਸਪੀਕਰ** ਪਲੀਜ਼ ਬੈਠ ਜਾਓ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੋ ਤਿੰਨ ਦਿਨ ਪਹਿਲਾਂ ਜਦੋਂ ਸੈਸ਼ਨ ਸਮਾਪਤ ਕੀਤਾ ਸੀ ਅਤੇ ਬਾਅਦ ਵਿੱਚ ਕੰਟੀਨਿਊ ਕਰਨਾ ਸੀ ਉਸ ਵਕਤ ਵਿਧਾਇਕਾਂ ਦੀਆਂ ਮੀਟਿੰਗਾਂ ਹੋਈਆਂ ਸਨ ਅਤੇ ਇਹ ਮੀਟਿੰਗਾਂ ਹੈਲਥ, ਡਰੇਨ ਅਤੇ ਇਰੀਗੇਸ਼ਨ ਵਿਭਾਗਾਂ ਬਾਰੇ ਕੀਤੀਆਂ ਗਈਆਂ ਸਨ। ਇਹ ਮੀਟਿੰਗਾਂ ਕਰਨਾ ਅੱਛੀ ਗੱਲ ਹੈ ਪਰ ਉਹ ਮੀਟਿੰਗਾਂ ਕੇਵਲ ਰੂਲਿੰਗ ਪਾਰਟੀ ਦੇ ਐਮ.ਐਲ.ਏਜ਼ ਤੱਕ ਹੀ ਸੀਮਤ ਰੱਖੀਆਂ ਗਈਆਂ। ਇਹ ਆਪੋਜ਼ੀਸ਼ਨ ਨਾਲ ਡਿਸਕਰੀਮੀਨੇਸ਼ਨ ਹੈ, ਪੱਖ-ਪਾਤ ਹੈ। ਇਨ੍ਹਾਂ ਬਾਰੇ ਸਾਡੇ ਵਿੱਚ ਇਹ ਪ੍ਰਭਾਵ ਬਣਿਆ ਹੈ। (ਸ਼ੋਰ ... ਵਿਘਨ ...)

**ਸੰਸਦੀ ਮਾਮਲਿਆਂ ਦੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ)** : ਉਹ ਤਾਂ ਪਾਰਟੀ ਦੀ ਮੀਟਿੰਗ ਸੀ। ਤੁਹਾਨੂੰ ਕਿਵੇਂ ਬੁਲਾ ਲੈਂਦੇ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਬੋਲ ਰਿਹਾ ਹਾਂ ਪਰ ਮਿੱਤਲ ਸਾਹਿਬ ਮੇਰੀ ਗੱਲ ਪੂਰੀ ਨਹੀਂ ਹੋਣ ਦਿੰਦੇ। ਇਹ ਠੀਕ ਹੈ ਕਿ ਮੀਟਿੰਗਾਂ ਕੀਤੀਆਂ ਗਈਆਂ ਅਤੇ ਸਰਕਾਰੀ ਅਫਸਰਾਂ ਨੂੰ ਮੀਟਿੰਗਾਂ ਵਿਚ ਬੁਲਾਇਆਂ

Original with;
Punjab Vidhan Sabha
Digitized by;
Panjab Digital Library

ਗਿਆ ਅਤੇ ਵੱਖ ਵੱਖ ਡਿਪਾਰਟਮੈਂਟਸ ਦੇ ਹੈਡਜ਼ ਨੂੰ ਵੀ ਬੁਲਾਇਆ ਗਿਆ ਅਤੇ ਜ਼ਿਲ੍ਹਾ ਵਾਈਜ਼ ਪ੍ਰਾਬਲਮਜ਼ ਨੂੰ ਡਿਸਕਸ ਕੀਤਾ ਗਿਆ। ਅਸੀਂ ਇਸ ਤਰ੍ਹਾਂ ਦੀਆਂ ਮੀਟਿੰਗਾਂ ਨੂੰ ਵੈਲਕਮ ਕਰਦੇ ਹਾਂ ਪਰ ਵਿਰੋਧੀ ਪਾਰਟੀ ਦੇ ਐਮ.ਐਲ.ਏਜ਼. ਨੂੰ ਵੀ ਬੁਲਾਇਆ ਜਾਵੇ ਅਤੇ ਉਨ੍ਹਾਂ ਦੇ ਹਲਕਿਆਂ ਦੀਆਂ ਵੀ ਪ੍ਰਾਬਲਮਜ਼ ਨੂੰ ਕੰਸਿਡਰ ਕੀਤਾ ਜਾਵੇ। ਅਸੀਂ ਵਿਰੋਧੀ ਧਿਰ ਦੇ ਐਮ.ਐਲ.ਏਜ਼ ਵੀ ਲੋਕਾਂ ਦੀ ਨੁਮਾਇੰਦਗੀ ਕਰਦੇ ਹਾਂ। ਇਸ ਤਰ੍ਹਾਂ ਕਰਕੇ, ਸਾਡੇ ਨਾਲ ਵਿਤਕਰਾ ਕੀਤਾ ਗਿਆ ਹੈ। ਇਹ ਕੋਈ ਠੀਕ ਇੰਡੀਕੇਸ਼ਨ ਨਹੀਂ ਹੈ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੈਂ ਸਦਨ ਦਾ, ਸਿਹਤ ਮੰਤਰੀ ਅਤੇ ਮੁੱਖ ਮੰਤਰੀ ਸਾਹਿਬ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦੀ ਹਾਂ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਇਕ ਲਕਸ਼ਮੀ ਨਰਾਇਣ ਆਯੁਰਵੈਦਿਕ ਕਾਲਜ ਹੈ ਜਿਸ ਨੂੰ ਸਰਕਾਰ ਨੇ ਮਨਜ਼ੂਰੀ ਦਿੱਤੀ ਹੋਈ ਹੈ। ਉਹ ਕਾਲਜ ਵਾਲੇ ਗਲਤ ਤਰੀਕੇ ਨਾਲ ਬੱਚਿਆਂ ਕੋਲੋਂ ਕੈਪੀਟੇਸ਼ਨ ਫੀਸ ਚਾਰਜ ਕਰ ਰਹੇ ਹਨ।

**ਸ੍ਰੀ ਸਪੀਕਰ** : ਮੈਡਮ, ਇਸ ਬਾਰੇ ਪਹਿਲਾਂ ਹੀ ਪ੍ਰਸ਼ਨ ਆ ਚੁੱਕਾ ਹੈ ਅਤੇ ਗੱਲ ਹੋ ਚੁੱਕੀ ਹੈ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਬੱਚਿਆਂ ਦੀਆਂ ਪ੍ਰੀਖਿਆਵਾਂ ਸਿਰ ਤੇ ਆ ਗਈਆਂ ਹਨ ਅਤੇ ਬੱਚਿਆਂ ਦੀ ਗੈਰ ਹਾਜ਼ਰੀ ਲਗਾ ਕੇ ਉਨ੍ਹਾਂ ਨੂੰ ਪ੍ਰੀਖਿਆ ਦੇਣ ਤੋਂ ਰੋਕਿਆ ਜਾ ਰਿਹਾ ਹੈ ਅਤੇ ਪ੍ਰਖਿਆ ਦੇਣ ਲਈ ਕਾਲਜ ਵਾਲੇ ਕੈਪੀਟੇਸ਼ਨ ਫੀਸ ਚਾਰਜ ਕਰ ਰਹੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਕਾਲਜ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਬੱਚਿਆਂ ਨੂੰ ਵਿਦਿਆ ਦੇਵੇ ਜਾਂ ਫੇਰ ਡੀ.ਸੀ. ਸਾਹਿਬ ਨੂੰ ਉਸ ਕਾਲਜ ਦਾ ਇੰਨਚਾਰਜ ਲਗਾ ਦਿੱਤਾ ਜਾਵੇ ਤਾਕਿ ਗਲਤ ਕੰਮ ਉਥੇ ਨਾ ਹੋਵੇ ਅਤੇ ਬੱਚਿਆਂ ਤੋਂ ਕੈਪੀਟੇਸ਼ਨ ਫੀਸ ਚਾਰਜ ਨਾ ਕੀਤੀ ਜਾ ਸਕੇ। ਸਰਕਾਰ ਨੂੰ ਇਸ ਸਬੰਧ ਵਿਚ ਫੌਰੀ ਕਾਰਵਾਈ ਕਰਨੀ ਚਾਹੀਦੀ ਹੈ।

**ਸਰਦਾਰ ਅਜੈਬ ਸਿੰਘ ਮੁਖਮੈਲਪੁਰਾ** : ਸਪੀਕਰ ਸਾਹਿਬ, ਮੈਂ ਆਪਣੀ ਸਰਕਾਰ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਪੀ.ਡਬਲਿਊ. ਡੀ. ਦੇ ਮਹਿਕਮੇ ਕੋਲ ਸਰਕਾਰੀ ਮਸ਼ੀਨਰੀ ਹੋਣ ਦੇ ਬਾਵਜੂਦ ਵੀ ਸੜਕਾਂ ਦੀ ਰੀਪੇਅਰ ਲਈ ਅਤੇ ਮੇਨਟੀਨੈਂਸ ਲਈ ਪ੍ਰਾਈਵੇਟ ਠੇਕੇਦਾਰਾਂ ਨੂੰ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ 6000/- ਰੁਪਿਆ ਫਿਕਸ ਕਰ ਦਿੱਤਾ ਸੀ। ਸਰਕਾਰ ਨੇ ਆਪਣੀ ਸਰਕਾਰੀ ਮਸ਼ੀਨਰੀ ਤੋਂ ਕੰਮ ਨਹੀਂ ਲਿਆ ਅਤੇ ਇਹ ਬੇਕਾਰ ਪਈ ਰਹੀ। ਕੀ ਸਰਕਾਰ ਇਸ ਪਾਲਿਸੀ ਨੂੰ ਚੇਂਜ ਕਰੇਗੀ ਤਾਂ ਕਿ ਜਿਹੜੀ ਆਪਣੀ ਸਰਕਾਰੀ ਮਸ਼ੀਨਰੀ ਹੈ ਉਸ ਤੋਂ ਕੰਮ ਲਿਆ ਜਾ ਸਕੇ ਅਤੇ ਸੜਕਾਂ ਦਾ ਕੰਮ-ਕਾਰ ਵੀ ਠੀਕ ਹੋ ਸਕੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਰਮੇਸ਼ ਚੰਦਰ ਡੋਗਰਾ** : ਸਪੀਕਰ ਸਾਹਿਬ, ਜੋ ਵਿਚਾਰ ਅਰਸ਼ੀ ਸਾਹਿਬ ਨੇ ਇਥੇ ਰੱਖੇ ਹਨ ਮੈਂ ਵੀ ਉਨ੍ਹਾਂ ਦੇ ਨਾਲ ਸਹਿਮਤ ਹਾਂ । ਮੇਰੇ ਹੁਸ਼ਿਆਰਪੁਰ ਜ਼ਿਲ੍ਹੇ ਬਾਰੇ ਮੀਟਿੰਗ ਹੋ ਰਹੀ ਸੀ ਅਤੇ ਅਫਸਰ ਸਾਹਿਬਾਨ ਨੂੰ ਬੁਲਾਇਆ ਹੋਇਆ ਸੀ ਅਤੇ ਰੂਲਿੰਗ ਪਾਰਟੀ ਦੇ ਐਮ.ਐਲ.ਏਜ਼ ਵੀ ਹਾਜ਼ਰ ਸਨ ਪਰ ਆਪੋਜੀਸ਼ਨ ਦੇ ਐਮ.ਐਲ.ਏਜ਼. ਨੂੰ ਮੀਟਿੰਗ ਵਿਚ ਨਹੀਂ ਬੁਲਾਇਆ ਗਿਆ । ਇਸ ਤਰ੍ਹਾਂ ਕਰਕੇ ਸਾਡੇ ਨਾਲ ਸਰਕਾਰ ਨੇ ਵਿਤਕਰਾ ਕੀਤਾ ਹੈ ਜਿਹੜਾ ਨਹੀਂ ਹੋਣਾ ਚਾਹੀਦਾ । ਇਹ ਠੀਕ ਹੈ ਕਿ ਮੈਨੂੰ ਆਪਣੇ ਲੈਵਲ ਤੋਂ ਇਨਫਰਮੇਸ਼ਨ ਮਿਲ ਗਈ ਅਤੇ ਮੈਂ ਵੀ ਉਸ ਮੀਟਿੰਗ ਵਿਚ ਪਹੁੰਚ ਗਿਆ ਸੀ ਅਤੇ ਹੁਸ਼ਿਆਰਪੁਰ ਦੇ ਪਲਾਨਿੰਗ ਬੋਰਡ ਦੇ ਮਨਿਸਟਰ ਇੰਚਾਰਜ ਵਲੋਂ ਇਹ ਮੀਟਿੰਗ ਬੁਲਾਈ ਗਈ ਸੀ ਅਤੇ ਇਨ੍ਹਾਂ ਦੀ ਪਾਰਟੀ ਦੇ ਐਮ.ਐਲ.ਏਜ਼. ਹਾਜ਼ਰ ਸਨ । ਇਸ ਤਰ੍ਹਾਂ ਕਰਕੇ ਸਾਡੇ ਨਾਲ ਬਹੁਤ ਵੱਡਾ ਵਿਤਕਰਾ ਕੀਤਾ ਗਿਆ ਹੈ ਜਿਹੜਾ ਕਿ ਅੱਗੇ ਤੋਂ ਨਹੀਂ ਹੋਣਾ ਚਾਹੀਦਾ । ਅਸੀਂ ਵੀ ਆਪਣੇ ਇਲਾਕੇ ਦੀ ਡਿਵੈਲਪਮੈਂਟ ਬਾਰੇ ਗੱਲ ਕਰਨੀ ਹੁੰਦੀ ਹੈ ਅਤੇ ਸਾਰੇ ਇਲਾਕਿਆਂ ਨੂੰ ਸਾਂਝਾ ਸਮਝਣਾ ਚਾਹੀਦਾ ਹੈ । ਸਾਰਿਆਂ ਦੀ ਮੀਟਿੰਗ ਇਕੱਠੀ ਬੁਲਾਈ ਜਾਣੀ ਚਾਹੀਦੀ ਹੈ ਅਤੇ ਦੂਜੀਆਂ ਪੁਲੀਟੀਕਲ ਪਾਰਟੀਆਂ ਨੂੰ ਵੀ ਬੁਲਾਉਣਾ ਚਾਹੀਦਾ ਹੈ ।

**ਸੰਸਦੀ ਮਾਮਲਿਆਂ ਦੇ ਮੰਤਰੀ** : ਸਪੀਕਰ ਸਾਹਿਬ, ਸਟੇਟ ਦੀ ਕੋਈ ਇੰਪਾਰਟੈਂਟ ਮਸਲੇ ਬਾਰੇ ਮੀਟਿੰਗ ਹੁੰਦੀ ਤਾਂ ਅਸੀਂ ਵਿਰੋਧੀ ਧਿਰ ਦੇ ਮੈਂਬਰ ਸਾਹਿਬਾਨ ਨੂੰ ਜ਼ਰੂਰ ਬੁਲਾਉਂਦੇ । ਇਸ ਵਿਚ ਕੋਈ ਇੰਟਰ ਪਾਰਟੀ ਡਿਸਪਿਊਟ ਵਾਲੀ ਗੱਲ ਨਹੀਂ ਹੈ । ਪਰ ਜ਼ੀਰੋ ਆਵਰ ਦਾ ਮਿਸਯੂਜ਼ ਕੀਤਾ ਜਾ ਰਿਹਾ ਹੈ ਅਤੇ ਜਾਤੀ ਸਵਾਲ ਕੀਤੇ ਜਾ ਰਹੇ ਹਨ । ਜ਼ੀਰੋ ਆਵਰ ਵਿਚ ਸਟੇਟ ਦਾ ਜ਼ਰੂਰੀ ਮਸਲਾ ਹੀ ਉਠਾਇਆ ਜਾਂਦਾ ਹੈ । We should not allow to misuse this Zero Hour which, of course, is not governed under the Rules.

**ਸ੍ਰੀ ਸਪੀਕਰ** : ਠੀਕ ਹੈ ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇਸ ਪਾਸੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪਹਿਲੇ ਕਈ ਪੋਸਟਾਂ ਨਿਕਲੀਆਂ ਸਨ ਅਤੇ ਉਨ੍ਹਾਂ ਪੋਸਟਾਂ ਦੀਆਂ ਇੰਟਰਵਿਊਜ਼ ਵੀ ਹੋਈਆਂ ਸਨ । ਫਿਰ ਇਲੈਕਸ਼ਨਾਂ ਆ ਗਈਆਂ ਸਨ ਜਿਸ ਕਰਕੇ ਕੰਮ ਰੁਕ ਗਿਆ ਸੀ ਅਤੇ ਫਿਰ ਇਲੈਕਸ਼ਨਾਂ ਤੋਂ ਬਾਅਦ ਉਨ੍ਹਾਂ ਗਲਤ ਬੰਦਿਆਂ ਨੂੰ ਪੈਸੇ ਲੈ ਕੇ ਨੌਕਰੀਆਂ ਦਿੱਤੀਆਂ ਗਈਆਂ । ਉਸ ਵੇਲੇ ਸਰਕਾਰ ਵਲੋਂ ਇਕ ਚਿੱਠੀ ਵੀ ਕੱਢੀ ਗਈ ਸੀ ਕਿ ਇਸ ਦਾ ਰਿਜ਼ਲਟ ਆਊਟ ਨਾ ਕੀਤਾ ਜਾਵੇ ਪਰ ਪੈਸੇ ਲੈ ਕੇ ਬਹੁਤ ਸਾਰੇ ਬੰਦੇ ਭਰਤੀ ਕਰ ਲਏ ਗਏ । ਕੀ ਸਰਕਾਰ ਉਨ੍ਹਾਂ ਦੀਆਂ ਨਿਯੁਕਤੀਆਂ ਨੂੰ ਰੱਦ ਕਰੇਗੀ ਅਤੇ ਜਿਹੜੇ ਅਫਸਰਾਂ ਨੇ ਇਸ ਵਿਚ ਘਪਲੇਬਾਜ਼ੀ ਕੀਤੀ ਹੈ ਉਨ੍ਹਾਂ ਨੂੰ ਸਜ਼ਾ ਦੇਵੇਗੀ ?

---

Original with;
Punjab Vidhan Sabha
Digitized by;
Panjab Digital Library

## ANNOUNCEMENT BY THE SPEAKER

**ਸ੍ਰੀ ਸਪੀਕਰ** : ਮੈਂ ਇੱਕ ਅਨਾਊਂਸਮੈਂਟ ਕਰਨਾ ਚਾਹੁੰਦਾ ਹਾਂ। ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਦੇ ਭਾਸ਼ਣ ਤੇ ਜਿਹੜਾ ਧੰਨਵਾਦ ਦਾ ਮਤਾ ਮਿਤੀ 12 ਮਾਰਚ, 1997 ਨੂੰ ਪਾਸ ਕੀਤਾ ਗਿਆ ਸੀ ਉਹ ਉਨ੍ਹਾਂ ਨੂੰ ਭੇਜ ਦਿਤਾ ਗਿਆ ਸੀ। ਗਵਰਨਰ ਸਾਹਿਬ ਨੇ ਮੈਂਬਰ ਸਾਹਿਬਾਨ ਵਲੋਂ ਧੰਨਵਾਦ ਦਾ ਮਤਾ ਪਾਸ ਕਰਨ ਲਈ ਜਿਹੜਾ ਧੰਨਵਾਦ ਦਾ ਪੱਤਰ ਮਿਤੀ 16 ਮਾਰਚ, 1997 ਨੂੰ ਮੈਨੂੰ ਲਿਖਿਆ ਹੈ ਉਹ ਇਸ ਪ੍ਰਕਾਰ ਹੈ :—

"This is with reference to your D.O. letter No. SS/97/6221 Dated 13-3-97 forwarding a copy of Motion of Thanks passed by the Punjab Vidhan Sabha at its meeting held on 12th March, 1997 for the Address which I delivered to the House on 5th March, 1997. I would like to convey my thanks through you to all the Members of the Punjab Vidhan Sabha."

---

## PAPERS LAID ON THE TABLE

**Minister for Parliamentary Affairs (Shri Madan Mohan Mittal)** : Sir, I beg to lay on the Table :-

1. The Punjab State Legal Services Authorities Rules, 1996. as required under sub-section (2) of Section 30 of the Legal Services Authorities Act, 1987.
2. Annual Administration Report of the Punjab State Electricity Board for the year 1994-95, as required under section 75 of the Electricity (Supply) Act, 1948.
3. The Fifteenth Annual Report of the Punjab State Seeds Corporation Ltd. for the year 1990-91, as required under section 619-A(3) of the Companies Act, 1956.
4. The Statement showing the reasons for delay in laying the Annual Accounts of the Goindwal Industrial & Investment Corporation of Punjab Ltd. for the years 1994-95 and 1995-96.
5. The Statement showing the reasons for delay in laying the Annual Reports/Accounts of the Punjab Small Industries and Export Corporation Ltd. for the years 1993-94, 1994-95 1995-96

---

Original with;
Punjab Vidhan Sabha
Digitized by;
Panjab Digital Library

## FINANCIAL BUSINESS

### PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 1996-97

**Mr. Speaker** : Finance Minister to present the Supplementary Demands for Grants for Expenditure of the Government of Punjab for the year 1996-97. F.M. Sahib.

**Finance Minister (Captain Kanwaljit Singh)** : Sir, I beg to present the Supplementary Demands for Grants for Expenditure of the Government of Punjab for the year 1996-97.

———

### SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 1996-97.

**(i) Discussion on the Estimates of the Expenditure Charged on revenue of the State.**

Mr. Speaker : If any Hon'ble Member wants to discuss any charged item, he may like to do so.

(No one rose to speak)

**(ii) Discussion and Voting on the Demands for Supplementary Grants.**

Mr. Speaker : There are 23 Demands for Supplementary Grants which are to be discussed and voted upon today. If the Hon'ble Members agree, all these demands may be deemed to have been read and moved together as per past practice.

(Voices : Yes, Yes)

**Demand No. 1**

That a Supplementary sum not exceeding Rs. 1000 on account of Revenue Account be granted to the Governor to defray the charges that will come in course of payments for the year ending 31st March, 1997 in respect of Agriculture and Forests.

**Demand No. 2**

That the supplementary sum not exceeding Rs. 2,25,73,000 on account of Revenue Account and Rs. 7,40,000 on account of Capital Account be granted to the Governor to defray the charges that will come in course of payments for the year ending 31st March, 1997, in respect of Animal Husbandry and Fisheries.

Original with;
Punjab Vidhan Sabha
Digitized by;
Panjab Digital Library

### Demand No. 3

That a Supplementary sum not exceeding Rs. 53,53,000 on account of Revenue Account be granted to the Governor to defray the charges that will come in course of payments for the year ending 31st March, 1997 in respect of Co-operation.

### Demand No. 4

That a supplementary sum not exceeding Rs. 2,35,03,000 on account of Revenue Account be granted to the Governor to defray the charges that will come in course of payments for the year ending 31st March, 1997 in respect of Defence Services Welfare.

### Demand No. 5

That a Supplementary sum not exceeding Rs. 1, 12, 57, 36,000 on account of Revenue Account be granted to the Governor to defray the charges that will come in course of payments for the year ending 31st March, 1997, in respect of Education.

### Demand No. 6

That a Supplementary sum not exceeding Rs. 2,43,26,000 on account of Revenue Account be granted to the Gevernor to defray the charges that will come in course of payments for the year ending 31st March, 1997 in respect of Elections.

### Demand No. 7

That a Supplementary sum not exceeding Rs. 4,28,13,000 on account of Revenue Account be granted to the Governor to defray the charges that will come in course of payments for the year ending 31st March, 1997 in respect of Excise and Taxation.

### Demand No. 8

That a Supplementary sum not exceeding Rs. 15,20,00,000 on account of Capital Account be granted to the Governor to defray the charges that will come in oourse of payments for the year ending 31st March, 1997 in respect of Finance.

### Demand No. 10

That a Supplementary sum not exceeding Rs. 7,96,76,000 on account of Revenue Account be granted to the Governor to defray the charges that will come in course of payments for the year ending 31st March, 1997 in respect of General Administration.

### Demand No. 12

That a Supplementary sum not exceeding Rs. 1,08,10,96,000 on account of Revenue Account and Rs. 3,41,00,000 on account of Capital Account be granted to the Governor to defray the charges that will come in course of payments for the year ending 31st March, 1997 in respect of Home Affairs and Justice.

Original with;
Punjab Vidhan Sabha
Digitized by;
Panjab Digital Library

[Mr. Speaker]

## Demand No. 14

That a Supplementary sum not exceeding Rs. 33,60,000 on account of Revenue Account be granted to the Governor to defray the charges that will come in course of payments for the year ending 31st March, 1997 in respect of Industries.

## Demand No. 15

That a Supplementary sum not exceeding Rs. 13,92,35,23,000 on account of Revenue Account and Rs. 4,000 on account of Capital Account be granted to the Governor to defray the charges that will come in course of payments for the year ending 31st March, 1997 in respect of Irrigation and Power.

## Demand No. 16

That a Supplementary sum not exceeding Rs. 33,03,000 on account of Revenue Account be granted to the Governor to defray the charges that will come in course of payment for the year ending 31st March, 1997 in respect of Labour and Employment.

## Demand No. 17

That a Supplementary sum not exceeding Rs. 6,25,81,000 on account of Revenue Account and Rs. 2,000 on account of Capital Account be granted to the Governor to defray the charges that will come in course of payments for the year ending 31st March, 1997 in respect of Local Govt., Housing and Urban Development.

## Demand No. 18

That a Supplementary sum not exceeding Rs. 99,85,000 on account of Revenue Account be granted to the Governor to defray the charges that will come in course of payments for the year ending 31st March, 1997 in respect of Personnel and General Administrative Reforms.

## Demand No. 21

That a Supplementary sum not exceeding Rs. 17,42,08,000 on account of Revenue Account and Rs. 13,59,38,000 on account of Capital Account be granted to the Governor to defray the charges that will come in course of payments for the year ending 31st March, 1997 in respect of Public Works.

## Demand No. 22

That a Supplementary sum not exceeding Rs. 3,31 18,000 on account of Capital Account be granted to the Governor to defray the charges that will come in course of payments for the year ending 31st March, 1997 in respect of Revenue and Rehabilitation.

## Demand No. 23

That a Supplementary sum not exceeding Rs. 13,28,42,000/ on account of Revenue Account be granted to the Governor to defray the charges that will come in course of payments for the year ending 31st March, 1997 in respect of Rural Development and Panchayats

Original with;
Punjab Vidhan Sabha
Digitized by;
Panjab Digital Library

**Demand No. 25**

That a Supplementary sum not exceeding Rs. 29,54,51,000 on account of Revenue Account be granted to the Governor to defray the charges that will come in course of payments for the year ending 31st March, 1997 in respect of Social and Women's Welfare and Welfare of Scheduled Castes and Backward Classes.

**Demand No. 26**

That a Supplementary sum not exceeding Rs. 41,32,000 on account of Revenue Account be granted to the Governor to defray the charges that will come in course of payments for the year ending 31st March, 1997 in respect of State Legislature.

**Demand No. 27**

That a Supplementary sum not exceeding Rs. 2,25,65,000 on account of Revenue Account be granted to the Governor to defray the charges that will come in course of payments for the year ending 31st March, 1997 in respect of Technical Education and Industrial Training.

**Demand No. 29**

That a Supplementary sum not exceeding Rs. 14,57,63,000 on account of Revenue Account be granted to the Governor to defray the charges that will come in course of payments for the year ending 31st March, 1997 in respect of Transport.

**Demand No. 30**

That a Supplementary sum not exceeding Rs. 1,17,94,000 on account of Revenue Account be granted to the Governor to defray the charges that will come in course of payments for the year ending 31st March, 1997 in respect of Vigilance.

**Mr. Speaker**: Now, I will request that while raising discussion the Demand Number on which the discussion is sought to be raised, may please be indicated by the Member concerned.

Under sub-rule (4) of Rule 168 of the Rules of Procedure and Conduct of Business in the Punjab Vidhan Sabha (Punjab Legislative Assembly) the Guillotine will be applied at 5.00 P.M.

**Mr. Speaker**: Any Member wants to have a discussion ? Arshi ji.

**ਕਾਮਰੇਡ ਹਰਦੇਵ ਅਰਸ਼ੀ** (ਬੁਢਲਾਡਾ): ਸਪੀਕਰ ਸਾਹਿਬ, ਮੈਂ ਸਾਰਿਆਂ ਤੋਂ ਪਹਿਲਾਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਤੇ ਮੈਨੂੰ ਕੋਈ ਇਤਰਾਜ ਨਹੀਂ। ਜਦੋਂ ਬੀ.ਏ.ਸੀ. ਦੀ ਮੀਟਿੰਗ ਵਿਚ, ਇਹ ਪੁਆਇੰਟ ਡਿਸਕਸ ਹੋਇਆ ਸੀ, ਤਾਂ ਮੈਂ ਇਹ ਪੁਆਇੰਟ ਰਖਿਆ ਸੀ ਕਿ ਮੈਂਬਰਾਂ ਵਾਸਤੇ ਇਹ ਔਖਾ ਹੈ ਕਿ ਡਿਮਾਂਡਜ਼ ਇਮੀਜੀਏਟਲੀ ਲੇਅ ਕਰੋ ਅਤੇ ਨਾਲ ਦੀ ਨਾਲ ਉਨ੍ਹਾਂ ਤੇ ਬੋਲਿਆ ਜਾਵੇ। ਇਸ ਤਰ੍ਹਾਂ ਬਿਨਾਂ ਕੁਝ ਜਾਣੇ ਜਾਂ ਸਮਝੇ ਬੋਲਣਾ ਹੀ ਅਸੰਭਵ ਹੈ, ਇਹ ਸੰਭਵ ਨਹੀਂ ਹੋ ਸਕਦਾ। ਵੈਸੇ ਵੀ ਇਨ੍ਹਾਂ ਖਰਚਿਆਂ ਬਾਰੇ ਨਵੀਂ ਸਰਕਾਰ ਦੀ ਰਿਸਪਾਂਸੀਬਿਲਟੀ ਘੱਟ ਫਿਕਸ ਹੁੰਦੀ ਹੈ, ਉਸਦੀ ਤਾਂ ਜਵਾਬਦੇਹੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਨਹੀਂ ਬਣਦੀ । ਇਹ ਸਾਰਾ ਪਿਛਲੀ ਸਰਕਾਰ ਦੇ ਸਮੇਂ ਵੇਲੇ ਦਾ ਖਰਚਾ ਹੈ । ਇਹ ਇਸ ਫਾਈਨਾਂਸ਼ੀਅਲ ਈਅਰ ਦੇ ਐਂਡ ਤੇ ਆ ਕੇ ਇਕ ਫਾਰਮਲ ਅਪਰੂਵਲ ਦੇਣ ਦਾ ਸਵਾਲ ਹੈ ।

ਸਪੀਕਰ ਸਾਹਿਬ, ਮੈਂ ਇਨ੍ਹਾਂ ਡਿਮਾਂਡਾਂ ਮੁਤੱਲਕ 2-3 ਬੇਨਤੀਆਂ ਕਰਨੀਆਂ ਚਾਹੁੰਦਾ ਹਾਂ । ਆਪਣੇ ਪਿਛਲੇ ਐਕਸਪੀਰੀਐਂਸ ਨੂੰ ਦੇਖਦੇ ਹੋਏ ਕਿਉਂਕਿ ਅਗਲੇ ਫਾਈਨਾਂਸ਼ੀਅਲ ਈਅਰ ਦੇ ਅੰਤ ਵਿੱਚ ਇਹ ਡਿਮਾਂਡਾਂ ਇਸ ਸਰਕਾਰ ਨੇ ਵੀ ਲੇਅ ਕਰਨੀਆਂ ਹੋਣਗੀਆਂ ਇਸ ਬਾਰੇ ਸਾਡਾ ਪਿਛਲਾ ਐਕਸਪੀਰੀਐਂਸ ਬੜਾ ਮਾੜਾ ਰਿਹਾ ਹੈ । ਗੌਰਮਿੰਟ ਦੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਜੋ ਗੈਰ ਯੋਜਨਾ ਖਰਚਾ ਹੈ, ਉਸਨੂੰ ਮੈਕਸੀਮਮ ਘਟਾਇਆ ਜਾਵੇ ਅਤੇ ਜਿਹੜਾ ਯੋਜਨਾ ਖਰਚਾ ਤਰੱਕੀ ਨਾਲ, ਵਿਕਾਸ ਨਾਲ ਜੁੜਿਆ ਹੋਇਆ ਹੋਵੇ, ਉਸਨੂੰ ਵਧਾਇਆ ਜਾਵੇ । ਪਰ ਅਸੀਂ ਦੇਖਦੇ ਰਹੇ ਹਾਂ ਕਿ ਜਿੰਨਾਂ ਵੀ ਗੌਰਮਿੰਟ ਯਤਨ ਕਰਦੀ ਰਹੀ ਹੈ, ਕੋਸ਼ਿਸ਼ ਕਰਦੀ ਰਹੀ ਹੈ, ਉਸ ਵਿਚ ਕੇਵਲ ਉੱਨੀ-ਇੱਕੀ ਦਾ ਫਰਕ ਤਾਂ ਪੈ ਸਕਦਾ ਹੈ, ਜ਼ਿਆਦਾ ਨਹੀਂ । ਸਾਡਾ ਪਿਛਲਾ ਐਕਸਪੀਰੀਐਂਸ ਮਾੜਾ ਰਿਹਾ ਹੈ, ਤੁਸੀਂ ਬੇਸ਼ੱਕ ਫਿਗਰ ਮਿਲਾ ਲਓ । ਗੈਰ ਯੋਜਨਾ ਖਰਚਾ ਘਟਿਆ ਨਹੀਂ, ਬਲਕਿ ਲਗਾਤਾਰ ਵੱਧ ਰਿਹਾ ਹੈ । ਹਰ ਸਾਲ ਲਗਾਤਾਰ ਹਰ ਫਾਈਨਾਂਸ਼ੀਅਲ ਈਅਰ ਵਿਚ ਸਪਲੀਮੈਂਟਰੀ ਬਜਟ ਵੱਧ ਰਿਹਾ ਹੈ । ਚਾਰਜਡ ਵਾਲਾ ਪਾਰਟ ਕੱਢ ਕੇ ਵੋਟਿਡ ਵਾਲਾ ਪਾਰਟ 1992-93 ਵਿਚ 275 ਲੱਖ ਰੁਪਏ, ਫਿਰ 129.10 ਲੱਖ ਰੁਪਏ, ਫਿਰ 315 ਲੱਖ ਰੁਪਏ ਅਤੇ ਅੱਗੇ ਫਿਰ 319 ਲੱਖ ਰੁਪਏ ਬਣਦਾ ਹੈ । ਮੇਰੇ ਕਹਿਣ ਦਾ ਭਾਵ ਹੈ ਕਿ ਇਹ ਤਾਂ ਸੰਭਵ ਹੈ ਕਿ ਕਿਸੇ ਵੀ ਡਿਪਾਰਟਮੈਂਟ ਦੇ ਬਜਟ ਵਿਚ ਥੋੜ੍ਹਾ ਬਹੁਤ ਵਾਧਾ ਘਾਟਾ ਹੋ ਸਕਦਾ ਹੈ । ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਨਵੀਂ ਸਰਕਾਰ ਨੂੰ, ਕਿਉਂਕਿ ਸਾਡਾ ਪਿਛਲਾ ਐਕਸਪੀਰੀਐਂਸ ਹੈ ਕਿ ਓਰੀਜੀਨਲੀ ਜੋ ਫਾਈਨਾਂਸ ਇਕ ਡਿਪਾਰਟਮੈਂਟ ਨੂੰ ਐਲੋਕੇਟ ਕਰ ਦਿਤੇ ਜਾਂਦੇ ਹਨ ਉਹ ਅਕਸੈਸ ਹੋ ਜਾਂਦੇ ਹਨ ਉਨ੍ਹਾਂ ਤੇ ਕੋਈ ਚੈਕ ਹੋਣਾ ਚਾਹੀਦਾ ਹੈ ਅਤੇ ਉਨ੍ਹਾ ਦੇ ਅਗੇਂ ਵੱਧਣ ਦੀ ਵੀ ਕੋਈ ਲਿਮਿਟ ਫਿਕਸ ਕਰਨੀ ਚਾਹੀਦੀ ਹੈ । ਇਹ ਚੈਕ ਗੌਰਮਿੰਟ ਵਲੋਂ ਜਰੂਰ ਰਖਿਆ ਜਾਵੇ ਕਿ ਕੋਈ ਵੀ ਡਿਪਾਰਟ-ਮੈਂਟ ਆਪਣੇ ਓਰੀਜਨਲ ਬਜਟ ਦਾ ਕਿੰਨੇ ਪਰਸੈਂਟ ਇਨਕਰੀਜ਼ ਕਰ ਸਕਦਾ ਹੈ । ਪਿਛਲੀ ਵਾਰੀ ਨਜ਼ਰ ਦੇਖਿਆ ਜਾਵੇ ਤਾਂ ਕਿਸੇ ਡਿਪਾਰਟਮੈਂਟ ਵਿਚ ਖਰਚੇ ਦਾ ਵਾਧਾ 15% ਰਿਹਾ, ਕਿਸੇ ਦਾ 150% ਅਤੇ ਕਿਸੇ ਦਾ ਤਾਂ 200-200% ਵਾਧਾ ਹੁੰਦਾ ਰਿਹਾ ਹੈ । ਗੌਰਮਿੰਟ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਗੱਲ ਤੇ ਵੀ ਚੈਕ ਰਖੇ । ਇਹ ਗੱਲ ਠੀਕ ਹੈ ਕਿ ਅਗਰ ਆਉਣ ਵਾਲੇ ਸਮੇਂ ਵਿਚ ਕੋਈ ਨਵੀਂ ਡਿਵੈਲਪਮੈਂਟ ਦੀ ਸਕੀਮ ਇੰਟਰੋਡਿਊਸ ਹੁੰਦੀ ਹੈ, ਪਰ ਪਰੀਵੀਅਸ ਬਜਟ ਵਿਚ ਉਸ ਵਾਸਤੇ ਪੈਸਾ ਨਹੀਂ ਸੀ ਰਖਿਆ ਗਿਆ ਤਾਂ ਉਸਨੂੰ ਅਸੀਂ ਵੀ ਵੈਲਕਮ ਕਰਾਂਗੇ, ਸਾਨੂੰ ਵੀ ਉਸਤੇ ਕੋਈ ਇਤਰਾਜ਼ ਨਹੀਂ ਹੋ ਸਕਦਾ । ਉਸਦੇ ਵਾਸਤੇ ਪੈਸਾ ਦੇ ਦਿਉ, ਸਾਨੂੰ ਕੋਈ ਇਤਰਾਜ ਨਹੀਂ । ਪਰ ਅਨਨਸੈਸ-ਰਿਲੀ ਇੰਨਾ ਬਜਟ ਵਧਾ ਦੇਣਾ, ਖੜੀ ਵਾਰੀ ਗੈਰ ਯੋਜਨਾ ਖਰਚੇ ਵਿਚ ਇੰਨਾ ਜ਼ਿਆਦਾ ਵਾਧਾ ਨੋਟਿਸ ਵਿਚ ਆਉਂਦਾ ਹੈ ਜਿਸ ਚੀਜ਼ ਨੂੰ ਐਫ. ਐਮ. ਸਾਹਿਬ ਨੂੰ ਜ਼ਰੂਰ

Original with;
Punjab Vidhan Sabha
Digitized by;
Panjab Digital Library

ਧਿਆਨ ਵਿਚ ਰਖਣਾ ਚਾਹੀਦਾ ਹੈ । ਸਪੀਕਰ ਸਾਹਿਬ, ਇਸ ਵੇਲੇ ਇਮੀਜੀਏਟਲੀ ਪਰਸੈਂਟੇਜ ਤਾਂ ਨਹੀਂ ਕੱਢੀ ਜਾ ਸਕਦੀ । ਪਰ ਇਸ ਵਾਰ ਬੜਾ ਸ਼ਾਕ ਜਿਹਾ ਫੀਲ ਹੋਇਆ ਹੈ ਜਦੋਂ ਪਾਰਲੀਮੈਂਟ ਵਿਚ ਕੰਸੋਲੀਡੇਟਿਡ ਫੰਡ ਦਾ ਜੋ ਚਾਰਜਡ ਵਾਲਾ ਪਾਰਟ ਹੈ, ਉਹ 71 , ਤੱਕ ਹੋ ਗਿਆ । ਜਿਸਦਾ ਮਤਲਬ ਹੈ ਕਿ ਟੋਟਲ ਕੰਸੋਲੀਡੇਟਿਡ ਫੰਡ ਦਾ ਚਾਰਜਡ ਵਾਲਾ ਜੋ ਪੋਰਸ਼ਨ ਹੈ, ਉਹ 71 ਤੱਕ ਉਥੇ ਜਾ ਸਕਦਾ ਹੈ ਤਾਂ ਵੋਟਿਡ ਵਾਲੀ ਪਰਸੈਂਟੇਜ ਉਥੇ ਵੀ ਬਹੁਤ ਘੱਟ ਰਹਿ ਗਈ ਹੈ ਇਸ ਤੋਂ ਤਾਂ ਜਾਪਦਾ ਹੈ ਕਿ ਪਾਰਲੀਮੈਂਟ ਦੀ ਭਵਿੱਖ ਵਿਚ ਕੋਈ ਲੋੜ ਨਹੀਂ ਰਹੇਗੀ, ਜ਼ਰੂਰਤ ਹੀ ਨਹੀਂ ਹੋਵੇਗੀ । ਜੇ ਇਸੇ ਤਰ੍ਹਾਂ ਇਥੇ ਵੀ ਹੁੰਦਾ ਰਿਹਾ ਤਾਂ ਅਸੈਂਬਲੀਆਂ ਦੀ ਜ਼ਰੂਰਤ ਵੀ ਬੜੀ ਘੱਟ ਜਾਣੀ ਹੈ । ਸੋ, ਮੈਂ ਐਫ. ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ, ਇਸ ਵੇਲੇ ਪਰਸੈਂਟੇਜ ਤਾਂ ਕੱਢੀ ਨਹੀਂ ਜਾ ਸਕਦੀ, ਪਰ ਉਹ ਇਸ ਗੱਲ ਨੂੰ ਜ਼ਰੂਰ ਚੈਕ ਕਰਨ ਦੀ ਕੋਸ਼ਿਸ਼ ਕਰਨ । ਪਿਛਲੇ ਐਕਸਪੀਰੀਐਂਸ ਤੋਂ ਇਹੀ ਡੈਫੀਨਿਟ ਹੋਵੇਗਾ ਕਿ ਇਸ ਨੂੰ ਰੋਕਣ ਸਬੰਧੀ ਕੋਈ ਨਾਰਮਜ਼ ਬਨਣੇ ਚਾਹੀਦੇ ਹਨ । ਇਹੀ ਵੀ ਠੀਕ ਹੈ ਕਿ ਇਸ ਖਰਚੇ ਵਿਚ ਬਹੁਤ ਸਾਰੀਆਂ ਡਿਕਰੀਆਂ ਦੇ ਕੇਸ ਜਿਹੜੀਆਂ ਅਦਾਲਤਾਂ ਨੇ ਦਿਤੀਆਂ ਹਨ, ਉਹ ਵੀ ਸ਼ਾਮਿਲ ਹੋਣੇ ਹਨ । ਇਸ ਸਬੰਧੀ ਮੈਂ ਬੇਨਤੀ ਕੀਤੀ ਵੀ ਸੀ ਅਤੇ ਹੁਣ ਵੀ ਕਰ ਰਿਹਾ ਹਾਂ ਕਿ ਗੌਰਮਿੰਟ ਇਸ ਗੱਲ ਨੂੰ ਐਨਸ਼ਿਓਰ ਕਰੇ ਕਿ ਅਗਰ ਕਿਸੇ ਇੰਪਲਾਈ ਦਾ ਕੋਈ ਕੇਸ ਬਣਦਾ ਹੈ ਤਾਂ ਉਸ ਨੂੰ ਆਪਸ ਵਿਚ ਸੈਟਲ ਕਰਕੇ ਤਹਿ ਕਰ ਦਿਤਾ ਜਾਵੇ ਤਾਂ ਹੀ ਸਰਕਾਰ ਦਾ ਫਾਇਦਾ ਹੋ ਸਕਦਾ ਹੈ । ਕਿਉਂਕਿ ਜਦੋਂ ਇੰਪਲਾਈ ਕੋਰਟ ਵਿਚ ਚਲਾ ਜਾਂਦਾ ਹੈ ਤਾਂ ਡਿਪਾਰਟਮੈਂਟ ਨੂੰ ਡਿਕਰੀ ਦੇ ਨਾਲ ਨਾਲ ਐਕਸਟਰਾ ਲੀਗਲ ਖਰਚਾ ਵੀ ਦੇਣਾ ਪੈਂਦਾ ਹੈ । ਇਸੇ ਤਰ੍ਹਾਂ ਕਈ ਵਾਰੀ ਕਾਰਾਂ ਦੀ ਪਰਚੇਜ਼ ਜਿਵੇਂ ਹੈ, ਉਹ ਵੀ ਲਿਮਿਟ ਫਿਕਸ ਹੋਣੀ ਚਾਹੀਦੀ ਹੈ । ਕਿੰਨੀਆਂ ਕਾਰਾਂ ਹਨ, ਕਿੰਨੀ ਦੇਰ ਚਲਣਗੀਆਂ ਅਤੇ ਕਿੰਨੇ ਚਿਰ ਬਾਅਦ ਕੰਡਮ ਕੀਤੀਆਂ ਜਾਣਗੀਆਂ । ਇਸ ਤਰ੍ਹਾਂ ਦੀਆਂ ਕੁਝ ਚੀਜ਼ਾਂ ਹਨ ਜਿਨ੍ਹਾਂ ਬਾਰੇ ਮੈਂ ਬਿਨਾ ਇਨ੍ਹਾਂ ਨੂੰ ਪੜ੍ਹਿਆ, ਕੇਵਲ ਪਿਛਲੇ ਤਜ਼ਰਬੇ ਦੇ ਆਧਾਰ ਤੇ ਆਪਣੀਆਂ ਬੇਨਤੀਆਂ ਕਰ ਸਕਦਾ ਹਾਂ । ਇਸ ਦੇ ਲਈ ਮੈਂ ਇਸ ਸਰਕਾਰ ਦੀ ਜ਼ਿੰਮੇਵਾਰੀ ਵੀ ਫਿਕਸ ਨਹੀਂ ਕਰਦਾ ਕਿਉਂਕਿ ਇਸ ਸਰਕਾਰ ਦੀ ਤਾਂ ਕੋਈ ਜ਼ਿੰਮੇਵਾਰੀ ਬਣਦੀ ਹੀ ਨਹੀਂ ਹੈ । ਇਹ ਤਾਂ ਪਿਛਲੀ ਸਰਕਾਰ ਦੀ ਜ਼ਿੰਮੇਵਾਰੀ ਹੈ । ਪਿਛਲੇ ਸਮੇਂ ਵਿਚ ਜਿਹੜੀਆਂ ਕੁਝ ਨੈਗੇਟਿਵ ਚੀਜ਼ਾਂ ਹੋਈਆਂ ਹਨ, ਉਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਆਉਣ ਵਾਲੇ ਸਮੇਂ ਵਿਚ ਸੀਰੀਅਸਲੀ ਤੁੱਲਿਆ ਜਾਵੇ ਤਾਂ ਕਿ ਸਪਲੀਮੈਂਟਰੀ ਗਰਾਂਟਸ ਵਿਚ ਫਜ਼ੂਲਖਰਚੀ ਦੇ ਤੌਰ ਤੇ ਜ਼ਿਆਦਾ ਵਾਧਾ ਨਾ ਹੋਵੇ ਅਤੇ ਪਬਲਿਕ ਦੇ ਪੈਸਿਆਂ ਨੂੰ ਵਧ ਤੋਂ ਵਧ ਚੰਗੇ ਅਤੇ ਭਲਾਈ ਦੇ ਕੰਮਾਂ ਵਾਸਤੇ ਖਰਚ ਕੀਤਾ ਜਾਵੇ । ਇੰਨੇ ਸ਼ਬਦ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**Mr. Speaker** : Now, I will put the Demands for Supplementary Grants to the vote of the House.

Original with;
Punjab Vidhan Sabha
Digitized by;
Panjab Digital Library

**Demand No. 1**

**Mr. Speaker**: Question is—

That a Supplementary sum not exceeding Rs. 1,000 on account of Revenue Account be granted to the Governor to defray the charges that will come in course of payments for the year ending 31st March, 1997 in respect of Agriculture and Forests.

*The motion was carried.*

**Demand No. 2**

**Mr. Speaker**: Question is—

That a Supplementary sum not exceeding Rs. 2,25,73,000 on account of Revenue Account and Rs. 7,40,000 on account of Capital Account be granted to the Governor to defray the charges that will come in course of payments for the year ending 31st March, 1997, in respect of Animal Hasbandry and Fisheries.

*The motion was carried.*

**Demand No. 3**

**Mr. Speaker**. Question is—

That a Supplementary sum not exceeding Rs. 53,53,000 on account of Revenue Account be granted to the Governor to defray the charges that will come in course of payments for the year ending 31st March, 1997 in respect of Co-operation.

*The motion was carried.*

**Demand No. 4**

**Mr. Speaker**: Question is—

That a Supplementary sum not exceeding Rs. 2,35,03,000 on account of Revenue Account be granted to the Governor to defray the charges that will come in course of payments for the year ending 31st March, 1997 in respect of Defence Services Welfare.

*The motion was carried.*

**Demand No. 5**

**Mr. Speaker**: Question is—

That a Supplementary sum not exceeding Rs. 1,12 57,36,000 on account of Revenue Account be granted to the Governor to defray the charges that will come in course of payments for the year ending 31st March, 1997, in respect of Education.

*The motion was carried.*

**Demand No. 6**

**Mr. Speaker** : Question is—

That a Supplementary sum not exceeding Rs. 2,43,26,000 on account of Revenue Account be granted to the Governor to defray the charges that will come in course of payments for the year ending 31st March, 1997 in respect of Elections.

*The motion was Carried.*

Original with;
Punjab Vidhan Sabha
Digitized by;
Panjab Digital Library

**Demand No. 7**

**Mr. Speaker:** Question is—

That a Supplementary sum not exceeding Rs. 4,28,13,000 on account of Revenue Account be granted to the Governor to defray the charges that will come in course of payments for the year ending 31st March 1997 in respect of Excise and Taxation.

*The motion was carried.*

**Demand No. 8**

**Mr. Speaker:** Question is—

That a Supplementary sum not exceeding Rs. 15,20,00,000 on account of Capital Account be granted to the Governor to defray the charges that will come in course of payments for the year ending 31st March 1997 in respect of Finance.

*The motion was carried.*

**Demand No. 10**

**Mr. Speaker:** Question is—

That a Supplementary sum not exceeding Rs. 7,96,76,000 on account of Revenue Account be granted to the Governor to defray the charges that will come in course of payments for the year ending 31st March, 1997 in respect of General Administration.

*The motion was carried.*

**Demand No. 12**

**Mr. Speaker:** Question is—

That a Supplementary sum not exceeding Rs. 108,10,96,000 on account of Revenue Account and Rs. 3,41,00,000 on account of Capital Account be granted to the Governor to defray the charges that will come in course of payments for the year ending 31st March, 1997 in respect of Home Affairs and Justice.

*The motion was carried.*

**Demand No. 14**

**Mr. Speaker:** Question is—

That a Supplementary sum not exceeding Rs. 33,60,000 on account of Revenue Account be granted to the Governor to defray the charges that will come in course of payments for the year ending 31st March, 1997 in respect of Industries.

*The motion was carried.*

**Demand No. 15**

**Mr. Speaker:** Question is—

That a Supplementary sum not exceeding Rs. 1392,35,23,000 on account of Revenue Account and Rs, 4,000 on account of Capital Account be granted to the Governor to defray the charges that will come in course of payments for the year ending 31st March, 1997 in respect of Irrigation and Power.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 16**

**Mr. Speaker**: Question is—

That a Supplementary sum not exceeding Rs. 33,03,000 on account of Revenue Account be granted to the Governor to defray the charges that will come in course of payments for the year ending 31st March, 1997 in respect of Labour and Employment.

*The motion was carried.*

**Demand No. 17**

**Mr. Speaker**: Question is—

That a Supplementary sum not exceeding Rs. 6,25,81,000 on account of Revenue Account and Rs. 2,000 on account of Capital Account be granted to the Governor to defray the charges that will come in course of payments for the year ending 31st March, 1997 in respect of Local Govt., Housing and Urban Development.

*The motion was carried.*

**Demand No. 18**

**Mr. Speaker**: Question is—

That a Supplementary sum not exceeding Rs. 99,85,000 on account of Revenue Account be granted to the Governor to defray the charges that will come in course of payments for the year ending 31st March, 1997 in respect of Personnel and General Administrative Reforms.

*The motion was carrried.*

**Demand No. 21.**

**Mr. Speaker**: Question is—

That a Supplementary sum not exceeding Rs. 17,42,08,000 on account of Revenue Account and Rs. 13,59,38,000 on account of Capital Account be granted to the Governor to defray the charges that will come in course of payments for the year ending 31st March, 1997 in respect of Public Works.

*The motion was carried.*

**Demand No. 22**

**Mr. Speaker**: Question is—

That a Supplementary sum not exceeding Rs. 3,31,18,000 on accounts of Capital Account be granted to the Governor to defray the charges that will come in course of payments for the year ending 31st March, 1997 in respect of Revenue and Rehabilitation.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 23**

**Mr. Speaker:** Question is—

That a Supplementary sum not exceeding Rs. 13,28,42,000 on account of Revenue Account be granted to the Governor to defray the charges that will come in course of payments for the year ending 31st March, 1997 in respect of Rural Development and Panchayats.

*The motion was carried.*

**Demand No 25**

**Mr. Speaker:** Question is—

That a Supplementary sum not exceeding Rs. 29,54,51,000 on account of Revenue Account be granted to the Governor to defray the charges that will come in course of payments for the year ending 31st March, 1997 in respect of Social and Women's Welfare and Welfare of Scheduled Castes and Backward Classes.

*The motion was carried.*

**Demand No. 26**

**Mr. Speaker:** Question is—

That a Supplementary sum not exceeding Rs. 41 32,000 on account of Revenue Account be granted to the Governor to defray the charges that will come in course of payments for the year ending 31st March, 1997 in respect of State Legislature.

*The motion was carried.*

**Demand No. 27**

**Mr. Speaker:** Question is—

That a Supplementary sum not exceeding Rs. 2,25 65,000 on account of Revenue Account be granted to the Governor to defray the charges that will come in course of payments for the year ending 31st March, 1997 in respect of Technical Education and Industrial Training.

*The motion was carried.*

**Demand No. 29**

**Mr. Speaker:** Question is—

That a Supplementary sum not exceeding Rs. 14,57,63,000 on account of Revenue Account be granted to the Governor to defray the charges that will come in course of payments for the year ending 31st March, 1997 in respect of Transport.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 30**

**Mr. Speaker**: Question is—

That a Supplementary sum not exceeding Rs. 117,94,000 on account of Revenue Account be granted to the Governor to defray the charges that will come in course of payments for the year ending 31st March, 1997 in respect of Vigilance.

*The motion was carried.*

---

## LEGISLATIVE BUSINESS

### THE PUNJAB APPROPRIATION (No. 1) BILL, 1997.

**Finance Minister** (Captain Kanwaljit Singh): Sir, I beg to introduce the Punjab Appropriation (No. 1) Bill.

Sir, I also beg to move—

That the Punjab Appropriation ( No. 1) Bill be taken into consideration at once.

**Mr. Speaker**: Motion moved—

That the Punjab Appropriation (No. 1) Bill be taken into consideraton at once.

Discussion. Anybody ..

(At this stage, no one rose to speak)

**Mr. Speaker**: Question is—

That the Punjab Appropriation (No. 1) Bill be taken into consider— ation at once.

*The motion was carried.*

**Mr. Speaker**: Now, the House will proceed to consider the Bill clause-by-clause.

CLAUSE—2

**Mr. Speaker**: Question is—

That clause 2 stand part of the Bill.

*The motion was carried.*

CLAUSE—3

**Mr. Speaker**: Question is—

That Clause 3 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

"THE SCHEDULE"

**Mr. Speaker**: Question is—

That 'The Schedule' stand part of the Bill.

*The motion was carried,*

CLAUSE—1

**Mr. Speaker**: Question is—

That Clause 1 stand part of the Bill.

*The motion was carried.*

TITLE

**Mr. Speaker**: Question is—

That Title be the Title of the Bill.

*The motion was carried.*

**Finance Minister**: (Captain Kanwaljit Singh): Sir, I beg to move—

That the Punjab Appropriation (No. 1) Bill be passed.

**Mr. Speaker**: Motion moved—

That the Punjab Appropriation (No. 1) Bill be passed.

**Mr. Speaker**: Question is—

That the Punjab Appropriation (No. 1) Bill be passed.

*The motion was carried.*

**ਸ੍ਰੀ ਸਪੀਕਰ** : ਹੁਣ ਸਦਨ ਬੁੱਧਵਾਰ, 19 ਮਾਰਚ, 1997, ਸਵੇਰੇ 9-00 ਵਜੇ ਤੱਕ ਸਥਗਿੱਤ ਕੀਤਾ ਜਾਂਦਾ ਹੈ ।

| | |
|---|---|
| *3.54 ਵਜੇ ਬਾਅਦ ਦੁਪਹਿਰ | (ਇਸ ਉਪਰੰਤ ਸਦਨ ਬੁੱਧਵਾਰ, 19 ਮਾਰਚ, 1997 ਦੇ 9.00 ਵਜੇ ਸਵੇਰ ਤਕ *ਸਥਗਿਤ ਹੋ ਗਿਆ ।) |

127—19-6-97—305—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
51×86/10.1 kg. ਆਫਸੈਟ ਪੇਪਰ

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

© 1997

Published under the authority of the Punjab Vidhan Sabha and Printed by the Controller, Printing and Stationery, Punjab at Government Press, Patiala.

Original with;
Punjab Vidhan Sabha
Digitized by;
Punjab Digital Library

# PUNJAB VIDHAN SABHA

## DEBATES

*19th March, 1997*

Vol. I—No. 9

OFFICIAL REPORT

CONTENTS

*Wednesday, the 19th March, 1997*


| | | PAGE |
|---|---|---|
| Starred Questions and Answers | .. | (9) 1 |
| Unstarred Questions and Answers | .. | (9) 33 |
| Points of Order Re. Enquiry relating to the death of Kashmir Singh and reply thereon by the Chief Minister | .. | (9) 42 |


... contd on back page

Punjab Vidhan Sabha Secretariat, Chandigarh.

Price: Rs......

riginal with;
njab Vidhan Sabha
itized by;
Panjab Digital Library

| | | PAGE |
|---|---|---|
| FINANCIAL BUSINESS | | |
| Presentation of Vote-on-Account for Expenditure of the Government of Punjab 1997-98 | .. | (9) 47 |
| WALK-OUT | .. | (9) 47 |
| Presentation of Vote-on-Account for Expenditure of the Government of Punjab 1997-98 (*Resumption*) | . | (9) 47 |
| Motion Regarding Vote-on-Account for three Months | .. | (9) 50 |
| LEGISLATIVE BUSINESS | | |
| Bill— | | |
| The Punjab Appropriation (Vote-on-Account)—, 1997 | .. | (9)128 |
| Appendix | .. | (i) |

*Original with;*
Punjab Vidhan Sabha
*Digitized by;*
Panjab Digital Library

## PUNJAB VIDHAN SABHA

*Wednesday, the 19th March, 1997*

*The Vidhan Sabha met in the Punjab Vidhan Sabha Hall, Vidhan Bhawan, Sector-1, Chandigarh at 9.00 A.M. Mr. Speaker (Sardar Charanjit Singh Atwal) in the Chair.*

---

### STARRED QUESTIONS AND ANSWERS

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 83**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 41***

**ਸ੍ਰੀ ਸਪੀਕਰ :** ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 41 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿਤੀ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 42***

**ਸ੍ਰੀ ਸਪੀਕਰ :** ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 42 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿਤੀ ਹੈ।

---

*For Starred Question No. 41 and 42 and replies thereto, please see Appendix to this Debate.

Original with;
Punjab Vidhan Sabha
Digitized by;
Panjab Digital Library

**ਜ਼ਿਲ੍ਹਾ ਮਾਨਸਾ ਵਿਚ ਲਿੰਕ ਡਰੇਨਾਂ ਦੀ ਸਫ਼ਾਈ ਕਰਨਾ/ਗਾਰ ਕੱਢਣਾ**

*51. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਦੱਸਣਗੇ ਕਿ --

(ੳ) ਜ਼ਿਲ੍ਹਾ ਮਾਨਸਾ ਵਿਚ ਕੁੱਲ ਕਿੰਨੀਆਂ ਲਿੰਕ ਡਰੇਨਾਂ ਹਨ ਅਤੇ ਉਨ੍ਹਾਂ ਦੇ ਨਾਂ ਕੀ ਕੀ ਹਨ ?

(ਅ) ਕੀ ਸਰਕਾਰ ਦਾ ਉਪਰੋਕਤ ਭਾਗ (ੳ) ਵਿਚ ਵਰਣਿਤ ਡਰੇਨਾਂ ਦੀ ਸਫ਼ਾਈ ਕਰਨ/ਗਾਰ ਕੱਢਣ ਦੇ ਕੰਮ ਨੂੰ ਅਗਲੀ ਵਰਖਾ ਰੁੱਤ ਦੇ ਆਰੰਭ ਹੋਣ ਤੋਂ ਪਹਿਲਾਂ ਜੰਗੀ ਪੱਧਰ ਤੇ ਸ਼ੁਰੂ ਕਰਨ ਦਾ ਵਿਚਾਰ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਮਾਨਸਾ ਜ਼ਿਲ੍ਹੇ ਵਿਚ 18 ਲਿੰਕ ਡਰੇਨਾਂ ਹਨ ਜਿਨ੍ਹਾਂ ਦੇ ਨਾਵਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) 7 ਲਿੰਕ ਡਰੇਨਾਂ ਵਿਚ ਗਾਰ ਵਿੱਤੀ ਸਾਲ 1996-97 ਦੌਰਾਨ ਕੱਢੀ ਗਈ ਸੀ ਅਤੇ 6 ਡਰੇਨਾਂ ਵਿਚੋਂ ਗਾਰ ਵਿੱਤੀ ਸਾਲ 1996-97 ਤੋਂ ਪਹਿਲਾਂ ਕੱਢੀ ਗਈ । ਬਾਕੀ ਰਹਿੰਦੀਆਂ ਹੇਠ ਲਿਖੀਆਂ 5 ਡਰੇਨਾਂ ਵਿਚੋਂ ਗਾਰ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਕੱਢਣ ਦੀ ਤਜਵੀਜ਼ ਹੈ :—

1. ਜਟਾਣਾ ਕਲਾਂ ਲਿੰਕ ਡਰੇਨ
2. ਨੰਦਗੜ੍ਹ ਲਿੰਕ ਡਰੇਨ ।
3. ਦਾਨੇਵਾਲਾ ਲਿੰਕ ਡਰੇਨ ।
4. ਦਨਕਾ ਖਤਰੀ ਵਾਲਾ ਡਰੇਨ ।
5. ਰੰਗੀਆਲ ਖਤਰੀ ਵਾਲਾ ਲਿੰਕ ਡਰੇਨ ।

ਅਨੁਲੱਗ

1. ਮੰਡੇਰ ਲਿੰਕ ਡਰੇਨ ਨੰ: 1
2. ਮੰਡੇਰ ਲਿੰਕ ਡਰੇਨ ਨੰ: 2
3. ਖਿਆਲਾ ਸਹਿਜ਼ਾਦਾ ਸਿੰਘਵਾਲਾ ਲਿੰਕ ਡਰੇਨ ।
4. ਖਿਆਲਾ ਸਹਿਜ਼ਾਦਾ ਸਿੰਘਵਾਲਾ ਸਬ ਲਿੰਕ ਡਰੇਨ ।
5. ਰਲਾ ਜੋਗਾ ਲਿੰਕ ਡਰੇਨ ।
6. ਦਾਨੇਵਾਲਾ ਲਿੰਕ ਡਰੇਨ ਨੰ: 1
7. ਟੋਡਰਪੁਰ ਲਿੰਕ ਡਰੇਨ ।
8. ਗੋਬਿੰਦਪੁਰਾ ਦਾਤੇਵਾਸ ਲਿੰਕ ਡਰੇਨ ।
9. ਰੰਗਿਆਲ ਲਿੰਕ ਡਰੇਨ ।

Original with;
Punjab Vidhan Sabha
Digitized by;
Panjab Digital Library

10. ਮੰਡੇਰ ਲਿੰਕ ਡਰੇਨ ।

11. ਉਦਤਸਹਿਦੋਵਾਲਾ ਲਿੰਕ ਡਰੇਨ ।

12. ਆਲਮਪੁਰ ਲਿੰਕ ਡਰੇਨ ।

13. ਲਾਡਲ ਲਿੰਕ ਡਰੇਨ ।

14. ਦਾਨੇਵਾਲਾ ਲਿੰਕ ਡਰੇਨ ।

17. ਆਨੰਦਗੜ੍ਹ ਲਿੰਕ ਡਰੇਨ ।

16. ਜਟਾਣਾ ਕਲਾਂ ਲਿੰਕ ਡਰੇਨ ।

17. ਦਸਕਾ ਖਤਰੀਵਾਲਾ ਲਿੰਕ ਡਰੇਨ ।

18. ਰੰਗਿਆਲਾ ਖਤਰੀਵਾਲਾ ਲਿੰਕ ਡਰੇਨ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਪਿਛਲੇ ਕੁਝ ਸਾਲਾਂ ਵਿਚ 10 ਡਰੇਨਾਂ ਦੀ ਸਫਾਈ ਕੀਤੀ ਗਈ ਹੈ ਅਤੇ ਬਾਕੀ ਰਹਿੰਦੀਆਂ ਡਰੇਨਾਂ ਦੀ ਸਫਾਈ ਇਸ ਮੌਨਸੂਨ ਤੋਂ ਪਹਿਲਾਂ ਕਰਵਾਈ ਜਾਵੇਗੀ, ਇਸ ਲਈ ਮੈਂ ਧੰਨਵਾਦੀ ਹਾਂ, ਪਰ ਮੇਰੀ ਬੇਨਤੀ ਹੈ ਕਿ ਕੀ ਮੁੱਖ ਮੰਤਰੀ ਜੀ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਜਿਹੜੀਆਂ ਡਰੇਨਾਂ ਦੀ ਸਫਾਈ ਡਿਪਾਰਟਮੈਂਟ ਨੇ ਆਲਰੈਡੀ ਕੀਤੀ ਹੈ ਜੋ ਕਿ ਤਸੱਲੀਬਖਸ਼ ਨਹੀਂ ਹੈ, ਉਨ੍ਹਾਂ ਵਿਚ ਮੁੜ ਉਸੇ ਤਰ੍ਹਾਂ ਗਾਰ ਅਤੇ ਘਾਹਫੂਸ ਉਤਨਾ ਹੀ ਜਮ੍ਹਾਂ ਹੋ ਗਿਆ ਹੈ, ਅਤੇ ਜੇ ਬਾਰਸ਼ਾਂ ਦੇ ਆਉਣ ਤੋਂ ਪਹਿਲਾਂ ਉਨ੍ਹਾਂ ਦੀ ਵੀ ਸਫਾਈ ਮੁੜ ਨਾ ਕਰਵਾਈ ਗਈ ਤਾਂ ਉਥੇ ਫਲੱਡ ਆਉਣ ਦਾ ਖਤਰਾ ਪੈਦਾ ਹੋ ਜਾਵੇਗਾ, ਕੀ ਮੁੱਖ ਮੰਤਰੀ ਜੀ ਪੰਜ ਡਰੇਨਾਂ ਦੀ ਸਫਾਈ ਦੇ ਨਾਲ ਪਹਿਲੀਆਂ 10 ਡਰੇਨਾਂ ਦੀ ਦੁਬਾਰਾ ਸਫਾਈ ਪਬਲਿਕ ਇੰਟਰੈਸਟ ਵਿਚ ਕਰਵਾਉਣ ਦੀ ਖੇਚਲ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਡਰੇਨੇਜ ਦੇ ਮਸਲੇ ਨੂੰ ਤਰਜੀਹ ਦੇ ਰਿਹਾ ਹਾਂ ਅਤੇ ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਪੂਰਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਬਾਰਸ਼ਾਂ ਦੇ ਆਉਣ ਤੋਂ ਪਹਿਲਾਂ ਆਪ ਇਕ ਇਕ ਕਰਕੇ ਲਿੰਕ ਡਰੇਨਾਂ ਦਾ ਮੁਆਇਨਾ ਕਰਕੇ ਆਵਾਂਗਾ ਅਤੇ ਕੋਈ ਵੀ ਕਮੀ ਨਹੀਂ ਰਹਿਣ ਦਿਆਂਗੇ। ਲਿੰਕ ਡਰੇਨਾਂ ਦੀ ਸਫਾਈ ਵਾਸਤੇ ਜਿਥੇ ਵੀ ਕੋਈ ਕਮੀ ਹੈ ਉਹ ਪੂਰੀ ਕੀਤੀ ਜਾਵੇਗੀ ।

**ਕਾਮਰੇਡ ਹਰਦੇਵ ਅਰਸ਼ੀ** : ਧੰਨਵਾਦ ਜੀ ।

---

## ਨਹਿਰੀ ਪਾਣੀ ਦੀ ਵੰਡ

*110. **ਸਰਦਾਰ ਅਜੈਬ ਸਿੰਘ ਮੁਖਮੈਲਪੁਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜੈਬ ਸਿੰਘ ਮੁਖਮੈਲਪੁਰਾ]

(ੳ) ਕੀ ਰਾਜ ਵਿਚ ਵੱਖ-ਵੱਖ ਜ਼ਿਲ੍ਹਿਆਂ ਵਿਚ ਵੱਖ-ਵੱਖ ਫਸਲਾਂ ਲਈ ਨਹਿਰੀ ਪਾਣੀ ਦੀ ਵੰਡ ਲਈ ਵੱਖ-ਵੱਖ ਕਸੌਟੀ ਅਪਣਾਈ ਜਾਂਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ ਅਤੇ ਇਸਦੇ ਕਾਰਣ ਕੀ ਹਨ;

(ਅ) ਕੀ ਝੋਨੇ ਦੀ ਫਸਲ ਉਗਾਣ ਵਾਲੇ ਜ਼ਿਲ੍ਹਿਆਂ ਨੂੰ ਹੋਰ ਨਹਿਰੀ ਪਾਣੀ ਸਪਲਾਈ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) ਨਹੀਂ ਜੀ ।
(ਅ) ਨਹੀਂ ਜੀ ।

**ਸਰਦਾਰ ਅਜੈਬ ਸਿੰਘ ਮੁਖਮੈਲਪੁਰਾ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਡਿਸਟ੍ਰਿਕਟ ਵਾਈਜ਼ ਪਾਣੀ ਦੀ ਵੰਡ ਕੀਤੀ ਹੋਈ ਹੈ ਪਰ ਪਟਿਆਲਾ ਜ਼ਿਲ੍ਹਾ ਵੀ ਪੇਂਡੀ ਗਰੋਅਰ ਜ਼ਿਲ੍ਹਾ ਹੈ ਇਥੇ ਪਾਣੀ ਦੀ ਸਪਲਾਈ ਘੱਟ ਹੈ । ਇਸ ਘਾਟ ਨੂੰ ਪੂਰਾ ਕਰਨ ਵਾਸਤੇ ਸਰਕਾਰ ਕੀ ਕਰ ਰਹੀ ਹੈ ਅਤੇ ਇਥੇ ਪਾਣੀ ਕਦੋਂ ਪੂਰਾ ਹੋ ਜਾਵੇਗਾ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਨਹਿਰੀ ਪਾਣੀ ਦੀ ਵੰਡ ਡਿਸਟ੍ਰਿਕਟ-ਵਾਈਜ਼ ਨਹੀਂ ਹੁੰਦੀ ਸਗੋਂ ਇਹ ਸਿਸਟਮ-ਵਾਈਜ਼ ਹੁੰਦੀ ਹੈ । ਜੇਕਰ ਇਹ ਸਿਸਟਮ ਵਾਈਜ਼ ਪੁੱਛਣਾ ਚਾਹੁੰਦੇ ਹਨ ਤਾਂ ਮੈਂ ਹੁਣ ਵੀ ਦੱਸ ਸਕਦਾ ਹਾਂ । ਨਹੀਂ ਤਾਂ ਇਹ ਸੈਪਰੇਟ ਕੁਐਸਚਨ ਕਰ ਦੇਣ ।

**ਸ੍ਰੀ ਸਪੀਕਰ :** ਠੀਕ ਹੈ ਜੀ । ਸੈਪਰੇਟ ਕੁਐਸਚਨ ਕੀਤਾ ਜਾਵੇ ।

---

**ਹੋਮਿਓਪੈਥੀ ਵਿਭਾਗ ਵਿਚ ਜ਼ਿਲ੍ਹਾ ਪੱਧਰ ਅਫਸਰਾਂ ਦੀਆਂ ਖਾਲੀ ਆਸਾਮੀਆਂ**

*150. **ਸਰਦਾਰ ਮੱਖਣ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿਚ ਇਸ ਸਮੇਂ ਹੋਮਿਓਪੈਥੀ ਵਿਭਾਗ ਵਿਚ ਜ਼ਿਲ੍ਹਾ ਪੱਧਰ ਅਫਸਰਾਂ ਦੀਆਂ ਆਸਾਮੀਆਂ ਦੀ ਕੁੱਲ ਗਿਣਤੀ ਅਤੇ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਦਰਸਾਈਆਂ ਉਨ੍ਹਾਂ ਆਸਾਮੀਆਂ ਦੀ ਕੁੱਲ ਗਿਣਤੀ ਅਤੇ ਵੇਰਵੇ ਕੀ ਹਨ ਜਿਹੜੀਆਂ ਇਸ ਸਮੇਂ ਖਾਲੀ ਪਈਆਂ ਹਨ ?

**Shri Balramji Dass Tandon :** (a) The total number of District Level Officers in the Department of Homoeopathy is 14.

The details of these posts is attached as Annexure-A.

(b) One post of District Level Officer, Moga, is lying vacant at present.

Original with;
Punjab Vidhan Sabha
Digitized by;
Panjab Digital Library

ANNEXURE-A

1. Amritsar
2. Bhatinda
3. Faridkot
4. Ferozepur
5. Gurdaspur
6. Hoshiarpur
7. Jalandhar
8. Jalandhar Hospital
9. Kapurthala
10. Ludhiana
11. Moga
12. Patiala
13. Ropar
14. Sangrur

**ਸਰਦਾਰ ਮੱਖਣ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਖਾਲੀ ਆਸਾਮੀਆਂ ਨੂੰ ਪੁਰ ਕਰਨ ਵਾਸਤੇ ਸਰਕਾਰ ਦਾ ਕੀ ਵਿਚਾਰ ਹੈ ?

**ਮੰਤਰੀ :** ਸਰਕਾਰ ਇਸ ਤੇ ਗੌਰ ਕਰ ਰਹੀ ਹੈ ਅਤੇ ਇਸ ਬਾਰੇ ਜਲਦੀ ਹੀ ਐਕਸ਼ਨ ਲਵਾਂਗੇ ।

**ਸਰਦਾਰ ਮੱਖਣ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਇਸ ਸਬੰਧੀ ਸਮਾਂਬੱਧ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ ?

**ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸਿਆ ਹੈ ਕਿ ਅਸੀਂ ਇਸ ਤੇ ਜਲਦੀ ਹੀ ਐਕਸ਼ਨ ਲਵਾਂਗੇ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 104**

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

---

ਤਹਿਸੀਲ ਬਲਾਚੌਰ ਵਿਚ ਸਹਿਕਾਰੀ ਸ਼ੂਗਰ ਮਿੱਲ ਲਗਾਉਣਾ

*92. **ਸ਼੍ਰੀ ਨੰਦ ਲਾਲ :** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਹਿਸੀਲ ਬਲਾਚੌਰ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਸਹਿਕਾਰੀ ਸ਼ੂਗਰ ਮਿੱਲ ਲਗਾਉਣ ਦੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਨੰਦ ਲਾਲ]

ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਨੂੰ ਕਦੋਂ ਤਕ ਲਗਾਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : (ੳ) ਨਹੀਂ ।

(ਅ) ਉਪਰੋਕਤ (ੳ) ਨੂੰ ਧਿਆਨ ਵਿੱਚ ਰਖਦੇ ਹੋਏ ਸਵਾਲ ਹੀ ਪੈਦਾ ਨਹੀਂ ਹੁੰਦਾ ।

**ਸ਼੍ਰੀ ਨੰਦ ਲਾਲ** : ਠੀਕ ਹੈ ਜੀ ।

---

**ਸ਼੍ਰੀ ਸਪੀਕਰ** : ਅਗਲਾ ਸਵਾਲ ।

**ਸਰਦਾਰ ਅਜੈਬ ਸਿੰਘ ਮੁਖਮੈਲਪੁਰਾ** : ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 111 ਜੀ ।

(ਖੁਰਾਕ ਅਤੇ ਸਪਲਾਈ ਮੰਤਰੀ, ਸ਼੍ਰੀ ਮਦਨ ਮੋਹਨ ਮਿੱਤਲ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਸ ਪ੍ਰਸ਼ਨ ਦਾ ਉੱਤਰ ਨਹੀਂ ਦਿਤਾ ਗਿਆ)

**ਸ਼੍ਰੀ ਸਪੀਕਰ** : ਸੀ. ਐਮ. ਸਾਹਿਬ, ਤੁਸੀਂ ਉਤਰ ਦੇ ਦਿਓ ।

**ਮੁੱਖ ਮੰਤਰੀ** : I am sorry for that. ਮੇਰੇ ਕੋਲ ਪੈਡ-ਫਾਰ-ਦਿ ਮਨਿਸਟਰ ਨਹੀਂ ਹੈ ਜੀ, ਮੈਂ ਇਸ ਕਰਕੇ ਉੱਤਰ ਨਹੀਂ ਦੇ ਸਕਦਾ । ਸਾਡੇ ਮਨਿਸਟਰ ਤਾਂ ਬਹੁਤ ਐਕਟਿਵ ਹਨ ਪਰ ਪਤਾ ਨਹੀਂ ਕਿਉਂ ਮਿੱਤਲ ਸਾਹਿਬ ਨਹੀਂ ਆਏ ।

**ਸ਼੍ਰੀ ਸਪੀਕਰ** : ਚਲੋ ਬਾਅਦ ਵਿੱਚ ਟੇਕ-ਅੱਪ ਕਰ ਲਵਾਂਗੇ ।

**Shrimati Rajinder Kaur Bhathal** : This is very sad. ਮੈਂ ਅਪੀਲ ਕਰਦੀ ਹਾਂ ਕਿ ਭਵਿੱਖ ਵਿੱਚ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ।

**Mr. Speaker** : I agree. Next question.

---

**ਸਰਦਾਰ ਮੱਖਣ ਸਿੰਘ** : ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 151 ਜੀ !

(ਖੁਰਾਕ ਅਤੇ ਸਪਲਾਈ ਮੰਤਰੀ, ਸ਼੍ਰੀ ਮਦਨ ਮੋਹਨ ਮਿੱਤਲ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਸ ਪ੍ਰਸ਼ਨ ਦਾ ਉੱਤਰ ਨਹੀਂ ਦਿੱਤਾ ਗਿਆ ।)

**ਸ਼੍ਰੀ ਸਪੀਕਰ** : ਇਹ ਸਵਾਲ ਵੀ ਮਿੱਤਲ ਸਾਹਿਬ ਦਾ ਹੀ ਹੈ । ਅਗਲਾ ਸਵਾਲ, ਕਾਮਰੇਡ ਹਰਦੇਵ ਅਰਸ਼ੀ ਜੀ ।

---

### ਬਰੇਟਾ ਮੰਡੀ, ਜ਼ਿਲ੍ਹਾ ਮਾਨਸਾ ਵਿਚ ਨਵੇਂ ਪੰਡੀ ਯਾਰਡ ਬਣਾਉਣਾ

*55. **ਕਾਮਰੇਡ ਹਰਦੇਵ ਅਰਸ਼ੀ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਰੇਟਾ ਮੰਡੀ, ਜ਼ਿਲ੍ਹਾ ਮਾਨਸਾ ਵਿਚ ਕੋਈ ਨਵੇਂ ਪੰਡੀ ਯਾਰਡ

Original with;
Punjab Vidhan Sabha
Digitized by;
Panjab Digital Library

ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੇ ਕਦੋਂ ਤਕ ਬਣਾਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਦੇਵ ਸਿੰਘ ਬਾਦਲ** : ਨਹੀਂ ਜੀ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਅਫਸੋਸ ਹੈ ਕਿ ਮੰਤਰੀ ਜੀ ਨੇ ਉਤਰ ਨਹੀਂ ਵਿੱਚ ਦਿਤਾ ਹੈ ਜੀ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਰੇਟਾ ਵਿਖੇ ਜੋ ਗਰੇਨ ਮਾਰਕੀਟ ਹੈ, ਉਸਦੀ ਕਪੈਸਟੀ 50% ਤੋਂ ਵੀ ਘੱਟ ਹੈ ਯਾਨੀ ਹਾੜੀ ਅਤੇ ਪੈਡੀ ਦੀ ਫਸਲ 50% ਤੋਂ ਘੱਟ ਉਥੇ ਗਿਰਦੀ ਹੈ ਅਤੇ ਬਾਕੀ ਦੀ ਫਸਲ ਹੁਣ ਤੱਕ ਰੱਖਣ ਦਾ ਪ੍ਰਬੰਧ ਕਿਵੇਂ ਹੁੰਦਾ ਰਿਹਾ ਹੈ ?

**ਮੰਤਰੀ** : ਸਪੀਕਰ ਸਾਹਿਬ, ਨਵੀਂ ਮੰਡੀ ਵਾਸਤੇ ਕਰਾਈਟੇਰੀਆ ਇਸ ਤਰ੍ਹਾਂ ਹੈ ਕਿ 4 ਲੱਖ ਕੁਇੰਟਲ ਤੋਂ ਉਪਰ ਦੀ ਮੰਡੀ ਲਈ 50 ਏਕੜ ਜ਼ਮੀਨ ਚਾਹੀਦੀ ਹੈ । 2 ਲੱਖ ਕੁਇੰਟਲ ਤੋਂ ਉਪਰ 30 ਏਕੜ ਜ਼ਮੀਨ ਚਾਹੀਦੀ ਹੈ ਅਤੇ 2 ਲੱਖ ਕੁਇੰਟਲ ਤੋਂ ਥੱਲੇ ਦੀ ਮੰਡੀ ਲਈ 20 ਏਕੜ ਜ਼ਮੀਨ ਚਾਹੀਦੀ ਹੈ । ਇਸ ਕਰਕੇ ਜਿੱਥੇ ਸਰਕਾਰ ਸਮਝਦੀ ਹੈ ਕਿ ਇਥੇ ਇੰਨੀ ਪੈਡੀ ਆਵੇਗੀ ਜਾਂ ਇੰਨੀ ਕਣਕ ਆਵੇਗੀ, ਉਥੇ ਲੋੜ ਮੁਤਾਬਿਕ ਮੰਡੀ ਬਣਾਈ ਜਾਂਦੀ ਹੈ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੇਰੀ ਬੇਨਤੀ ਨਵੀਂ ਮੰਡੀ ਲਈ ਨਹੀਂ ਹੈ । ਮੈਂ ਤਾਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੰਡੀ ਤਾਂ ਪਹਿਲਾਂ ਹੀ ਉਥੇ ਹੈ ਪਰ ਉਸਦੀ ਕਪੈਸਟੀ ਘੱਟ ਹੈ । ਉਥੇ ਗ਼ੀਰੀ-ਯਾਰਡ ਤਾਂ ਪਹਿਲਾਂ ਹੀ 8–10 ਏਕੜ ਵਿੱਚ ਬਣੇ ਹੋਏ ਹਨ । ਪਰ ਮੇਰੀ ਬੇਨਤੀ ਹੈ ਕਿ ਜਦੋਂ ਫਸਲ ਜ਼ਿਆਦਾ ਆਉਂਦੀ ਹੈ, ਉਸ ਵੇਲੇ ਮਾਰਕੀਟ ਕਮੇਟੀ ਵਾਲੇ ਕੈਟਲ ਫੇਅਰ ਯਾਰਡ ਵਿੱਚ ਫਸਲ ਸੁੱਟਦੇ ਹਨ ਜੋ ਕਿ ਕੱਚਾ ਹੈ ਅਤੇ ਜਿਸ ਕਾਰਨ ਕਿਸਾਨਾਂ ਦੀ ਫਸਲ ਦਾ ਨੁਕਸਾਨ ਹੁੰਦਾ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਕੈਟਲ ਫੇਅਰ ਦੀ ਜੋ ਜ਼ਮੀਨ ਹੈ, ਉਸ ਸਬੰਧੀ ਸਬੰਧਤ ਵਿਭਾਗ ਨਾਲ ਗੱਲਬਾਤ ਕਰਕੇ ਉਥੇ 5–10 ਏਕੜ ਵਿੱਚ ਪੱਕੇ ਫੜ੍ਹ ਬਣਾ ਦਿਤੇ ਜਾਣ ਤਾਂ ਜੋ ਜਿਨਸ ਕੱਚੀ ਥਾਂ ਤੇ ਰੁਲਦੀ ਹੈ ਗਿਰਦੀ ਹੈ, ਉਹ ਪੱਕੀ ਥਾਂ ਤੇ ਗਿਰਾਈ ਜਾ ਸਕੇ ਅਤੇ ਕਿਸਾਨਾਂ ਦਾ ਭਲਾ ਹੋ ਸਕੇ ।

**ਮੰਤਰੀ** : ਸਰਕਾਰ ਇਸ ਨੂੰ ਵਿਚਾਰ ਲਵੇਗੀ ਜੀ ।

---

## ਕੱਚੇ ਮਕਾਨਾਂ ਦੀ ਉਸਾਰੀ ਲਈ ਵਿੱਤੀ ਸਹਾਇਤਾ

*99. **ਸਰਦਾਰ ਅਮਰਜੀਤ ਸਿੰਘ ਸਮਰਾ** : ਕੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਰਾਜ ਵਿਚ ਸਮਾਜ ਦੇ ਗਰੀਬ ਵਰਗਾਂ ਨਾਲ ਸਬੰਧਤ ਵਿਅਕਤੀਆਂ ਨੂੰ ਕੱਚੇ ਘਰਾਂ ਦੀ ਉਸਾਰੀ ਲਈ ਵਿੱਤੀ ਸਹਾਇਤਾ ਦੀ ਰਕਮ 15,000 ਰੁਪਏ ਤੋਂ 50,000 ਰੁਪਏ ਤੱਕ ਵਧਾ ਦਿੱਤੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਮਰਜੀਤ ਸਿੰਘ ਸਮਰਾ]

ਹੈ; ਜੇਕਰ ਅਜਿਹਾ ਹੋਵੇ ਤਾਂ ਜ਼ਿਲ੍ਹਾ ਜਲੰਧਰ ਵਿਚ ਗਰੀਬ ਵਿਅਕਤੀਆਂ ਦੇ ਵੇਰਵੇ ਅਤੇ ਕੁੱਲ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਹੁਣ ਤਕ 50,000 ਰੁਪਏ ਦੀ ਰਕਮ ਉਕਤ ਮੰਤਵ ਲਈ ਜਾਰੀ ਕਰ ਦਿੱਤੀ ਗਈ ਹੈ ?

**ਸਰਦਾਰ ਗੁਰਦੇਵ ਸਿੰਘ ਬਾਦਲ** : ਨਹੀਂ ਜੀ ।

ਸਰਕਾਰ ਨੇ ਸਿਰਫ ਬੇਘਰੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਜੋ ਗਰੀਬੀ ਦੀ ਰੇਖਾ ਤੋਂ ਹੇਠਾਂ ਹਨ, 50,000/- ਰੁਪਏ ਦੀ ਲਾਗਤ ਨਾਲ ਮਕਾਨ ਬਣਾ ਕੇ ਦੇਣ ਦਾ ਫੈਸਲਾ ਕੀਤਾ ਹੈ । ਸਕੀਮ ਦੇ ਵੇਰਵੇ ਅਤੇ ਵਿਧੀਗਤ ਤਰੀਕੇ ਤਿਆਰ ਕਰਨ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ । ਕਮੇਟੀ ਦੀਆਂ ਸਿਫਾਰਸ਼ਾਂ ਮੰਤਰੀ ਮੰਡਲ ਦੀ ਪ੍ਰਵਾਨਗੀ ਉਪਰੰਤ ਯੋਗ ਲਾਭ ਪਾਤਰੀਆਂ ਨੂੰ 50,000/- ਰੁਪਏ ਇਕ ਮਕਾਨ ਦੀ ਲਾਗਤ ਅਨੁਸਾਰ ਮਕਾਨ ਬਣਾ ਕੇ ਦਿੱਤੇ ਜਾਣਗੇ ਜਿਸ ਵਿੱਚ ਜ਼ਿਲ੍ਹਾ ਜਲੰਧਰ ਦੇ ਯੋਗ ਲਾਭ ਪਾਤਰੀ ਵੀ ਸ਼ਾਮਲ ਹੋਣਗੇ ।

**ਸਰਦਾਰ ਅਮਰਜੀਤ ਸਿੰਘ ਸਮਰਾ** : ਮਾਨਯੋਗ ਸਪੀਕਰ ਸਾਹਿਬ, ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਔਰ ਇਨ੍ਹਾਂ ਦੀ ਸਰਕਾਰ ਦਾ ਬੜਾ ਹੀ ਧੰਨਵਾਦੀ ਹਾਂ ਜਿਨ੍ਹਾਂ ਨੇ ਗਰੀਬੀ ਰੇਖਾ ਤੋਂ ਥੱਲੇ ਰਹਿ ਰਹੇ ਬੇਘਰੇ ਲੋਕਾਂ ਨੂੰ ਆਪਣਾ ਮਕਾਨ ਬਣਾਉਣ ਲਈ ਰਕਮ 15,000/- ਰੁਪਏ ਤੋਂ ਵਧਾ ਕੇ 50,000/- ਰੁਪਏ ਕਰ ਦਿੱਤੀ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਕਮੇਟੀ ਬਣਾਈ ਗਈ ਹੈ, ਉਸ ਵਿੱਚ ਕਿਸ ਕਿਸ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਇਸ ਦੇ ਨਾਲ ਹੀ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਜਲੰਧਰ ਵਿੱਚ ਲਾਭ-ਪਾਤਰ ਸੱਜਣ ਕਿੰਨੇ ਹਨ ਅਤੇ ਇਹ ਸਕੀਮ ਕਦੋਂ ਤੱਕ ਲਾਗੂ ਹੋ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀ ਕਮੇਟੀ ਬਣਾਈ ਗਈ ਹੈ, ਇਸ ਦਾ ਮੈਂ ਚੇਅਰਮੈਨ ਹਾਂ । ਇਸ ਤੋਂ ਇਲਾਵਾ ਮਕਾਨ ਉਸਾਰੀ ਮੰਤਰੀ, ਪ੍ਰਮੁੱਖ ਸਕੱਤਰ (ਮਕਾਨ ਉਸਾਰੀ ਵਿਭਾਗ), ਪ੍ਰਮੁੱਖ ਸਕੱਤਰ (ਵਿੱਤ), ਸਕੱਤਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਡਾਇਰੈਕਟਰ, ਸਪੈਸ਼ਲ ਕੰਪੋਨੈਂਟ ਪਲਾਨ, ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦਾ ਭਲਾਈ ਵਿਭਾਗ ਆਦਿ ਸੱਤ ਮੈਂਬਰ ਹਨ । ਇਨ੍ਹਾਂ ਦੀ ਚੇਅਰਮੈਨੀ ਮੈਂ ਕਰਨੀ ਹੈ ਔਰ ਜਲਦੀ ਹੀ ਕਮੇਟੀ ਬਣਾ ਕੇ ਵੇਰਵੇ ਦੱਸ ਦਿੱਤੇ ਜਾਣਗੇ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਇਹ ਜਿਹੜੀ ਪਰਪੋਜ਼ਲ ਬਣਾਈ ਗਈ ਹੈ ਕਿ 12,000 ਮਕਾਨ ਬਣਾ ਕੇ ਦਿੱਤੇ ਜਾਣਗੇ, ਇਸ ਨੂੰ ਅਸੀਂ ਵੈਲਕਮ ਕਰਦੇ ਹਾਂ । ਕੀ ਮੰਤਰੀ ਜੀ ਇਹ ਦੱਸਣਗੇ ਕਿ ਇਹ ਮਕਾਨ ਪੁੱਡਾ ਰਾਹੀਂ ਬਣਾਏ ਜਾਣਗੇ ਜਾਂ ਕਿਸੇ ਹੋਰ ਏਜੰਸੀ ਰਾਹੀਂ ਬਣਾਏ ਜਾਣਗੇ ? ਇਸ ਤੋਂ ਇਲਾਵਾ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਇਹ ਮਕਾਨ ਬਣਾਉਣ ਵਾਸਤੇ ਜ਼ਿਲ੍ਹਿਆਂ ਜਾਂ ਬਲਾਕਾਂ ਦੀ ਵੰਡ ਕਿਸ ਤਰ੍ਹਾਂ ਕੀਤੀ ਜਾਵੇਗੀ ਕਿਉਂਕਿ ਲੋਕ ਇਸ ਸਬੰਧੀ ਜਾਣਕਾਰੀ ਲੈਣਾ ਚਾਹੁੰਦੇ ਹਨ ।

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਇਕ ਕਮੇਟੀ ਬਣਾਈ ਹੈ । ਇਸ ਬਾਰੇ ਜਲਦੀ ਹੀ ਮੀਟਿੰਗ ਕਰਕੇ ਵਿਚਾਰ ਕੀਤੀ ਜਾਵੇਗੀ । ਉਸ ਤੋਂ ਬਾਅਦ ਮੈਂਬਰ ਸਾਹਿਬ ਨੂੰ ਦੱਸ ਦਿੱਤਾ ਜਾਵੇਗਾ ਕਿ ਇਹ ਮਕਾਨ ਕਿਸ ਤੋਂ ਬਣਵਾਉਣੇ ਹਨ । ਜਿਹੜੀ ਏਜੰਸੀ ਠੀਕ ਲੱਗੀ, ਉਸ ਨੂੰ ਕਮੇਟੀ ਵਿੱਚ ਵਿਚਾਰ ਕੇ ਮਕਾਨ ਬਣਾਉਣ ਵਾਸਤੇ ਕਹਿ ਦਿੱਤਾ ਜਾਵੇਗਾ ।

**ਸਰਦਾਰ ਤੋਤਾ ਸਿੰਘ:** ਸਪੀਕਰ ਸਾਹਿਬ, ਬਾਦਲ ਸਾਹਿਬ ਨੇ 15,000/- ਰੁਪਏ ਤੋਂ 50,000/- ਰੁਪਏ ਰਕਮ ਕਰਕੇ ਬਹੁਤ ਵਧੀਆ ਕੰਮ ਕੀਤਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿੱਚ ਜੋ ਘਪਲੇਬਾਜ਼ੀ ਹੋਈ ਹੈ, ਉਸ ਵਾਸਤੇ ਕੀ ਮੰਤਰੀ ਜੀ ਇਨਕੁਆਰੀ ਕਰਵਾਉਣਗੇ ਕਿਉਂਕਿ ਜਿਨ੍ਹਾਂ ਦੇ ਕੱਚੇ ਮਕਾਨ ਸਨ, ਉਨ੍ਹਾਂ ਨੂੰ ਪੈਸੇ ਨਹੀਂ ਮਿਲੇ ਬਲਕਿ ਪੱਕੇ ਮਕਾਨਾਂ ਵਾਲਿਆਂ ਨੂੰ ਪੈਸੇ ਮਿਲ ਗਏ ?

**ਸ੍ਰੀ ਸਪੀਕਰ:** ਇਸ ਬਾਰੇ ਤੁਸੀਂ ਸੈਪਰੇਟ ਨੋਟਿਸ ਦੇ ਦਿਉ ।

**श्रीमती लक्ष्मी कांता चावला:** अध्यक्ष महोदय, मन्त्री जी ने कहा है कि गरीबी रेखा के नीचे रह रहे दलित जातियों के लोगों को मकान बना कर दिये जाएंगे । श्रीमान जी, गरीबी रेखा के नीचे और भी दूसरे लोग हैं । वे किसी जाति विशेष से संबंध नहीं रखते । मेरा मन्त्री जी और सरकार से यह प्रश्न है कि क्या गरीबी रेखा के नीचे रह रहे लोगों को मकान बना कर देने की कोई योजना सरकार के विचार अधीन निकट भविष्य में है ?

**ਮੰਤਰੀ:** ਪਿਛਲੀਆਂ ਨੀਤੀਆਂ ਲਾਗੂ ਹਨ । ਸਰਕਾਰ ਉਨ੍ਹਾਂ ਤੇ ਵਿਚਾਰ ਕਰ ਰਹੀ ਹੈ ।

**श्रीमती लक्ष्मी कांता चावला:** मैंने पिछली नीतियों के बारे नहीं पूछा बल्कि भविष्य की नीतियों के बारे में पूछा है ।

**ਮੰਤਰੀ** ਇਸ ਸਬੰਧੀ ਇਹ ਵੱਖਰਾ ਸਵਾਲ ਦੇ ਦੇਣ ।

**श्रीमती लक्ष्मी कांता चावला:** अध्यक्ष महोदय, इस में कोई अलग सवाल की बात नहीं है । जो लोग गरीबी रेखा के नीचे हैं और जिनका नाम अनुसूचित जातियों की सरकारी लिस्ट में नहीं है, उनके लिये सरकार क्या कोई ऐसा विचार रखती है ?

**ਮੰਤਰੀ:** ਮੇਰੇ ਕੋਲ ਸਿਰਫ ਅਨੁਸੂਚਿਤ ਜਾਤੀਆਂ ਦਾ ਮਹਿਕਮਾ ਹੈ । ਬੀਬੀ ਜੀ ਨੇ ਜੋ ਪੁੱਛਿਆ ਹੈ, ਉਹ ਮੁੱਖ ਮੰਤਰੀ ਜੀ ਨਾਲ ਸਬੰਧਤ ਹੈ ।

**ਮੁੱਖ ਮੰਤਰੀ:** ਇਹ ਸਕੀਮ ਮੈਂ ਦੱਸ ਦਿੰਦਾ ਹਾਂ ਕਿ ਸਿਰਫ ਅਨੁਸੂਚਿਤ ਜਾਤੀਆਂ ਵਾਸਤੇ ਹੈ ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਦੂਜਿਆਂ ਵਾਸਤੇ ਹੈ ਕਿ ਨਹੀਂ ?

**Mr. Speaker:** It is only for Scheduled Castes.

Original with;
Punjab Vidhan Sabha
Digitized by;
Panjab Digital Library

**Shrimati Laxmi Kanta Chawla**: It is only for Scheduled Castes but my question is about the other categories who are below the poverty line.

**ਮੁੱਖ ਮੰਤਰੀ**. ਅਸੀਂ ਇਸ ਤੇ ਵਿਚਾਰ ਕਰ ਲਵਾਂਗੇ ਜੀ ।

---

## ਅਧਿਆਪਕਾਂ ਲਈ ਘੱਟ ਤੋਂ ਘੱਟ ਉਜਰਤਾਂ ਨਿਸ਼ਚਿਤ ਕਰਨਾ

*65. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਰਾਜ ਵਿਚ ਪ੍ਰਾਈਵੇਟ ਪ੍ਰਬੰਧ ਅਧੀਨ ਸਕੂਲਾਂ (ਗੈਰ-ਸਹਾਇਤਾ ਪ੍ਰਾਪਤ) ਦੇ ਅਧਿਆਪਕਾਂ ਲਈ ਘੱਟ ਤੋਂ ਘੱਟ ਉਜਰਤਾਂ ਨਿਸ਼ਚਿਤ ਕਰਨ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਨਹੀਂ ਜੀ ।

**श्रीमती लक्ष्मी कांता चावला**: अध्यक्ष जी, मैं आप के माध्यम से मुख्य मन्त्री जी को कहना चाहती हू कि 'नहीं' कह देना जितना आसान है, उतना ही कठिन भी है क्योंकि यह जनता के प्रतिनिधी हैं । मेरा मुख्य मन्त्री जी से यह प्रश्न है कि प्राईवेट स्कूलों में काम करने वाले जो अध्यापक है, न तो उन की वेतन की न्यूनतम सीमा है और न ही बच्चों की फीस की अधिकतम सीमा है । क्या मुख्य मन्त्री जी, आप को यह पता है कि जो अध्यापक प्राईवेट स्कूलों में काम कर रहे हैं, वे किस स्थिति में काम कर रहें है और वे आज की तिथि में कितना वेतन ले रहे हैं ? क्या सरकार उन के लिए कुछ सोचना चाहती है या नहीं ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਪ੍ਰਾਈਵੇਟ ਸਕੂਲ ਬਹੁਤ ਹਨ, ਉਨ੍ਹਾਂ ਦੀ ਹਰ ਇਕ ਦੀ ਕੀ ਕੀ ਪ੍ਰਾਬਲਮ ਹੈ, ਉਸ ਦਾ ਮੈਨੂੰ ਪੂਰਾ ਗਿਆਨ ਨਹੀਂ । ਜਿਥੇ ਕਿਤੇ ਬੀਬੀ ਜੀ ਨੋਟਿਸ ਵਿੱਚ ਲਿਆਉਗੇ ਜਾਂ ਹੋਰ ਆਨਰੇਬਲ ਮੈਂਬਰਜ਼ ਲਿਆਉਣਗੇ ਕਿ ਇਸ ਸਕੂਲ ਵਿੱਚ ਕੋਈ ਜ਼ਿਆਦਤੀ ਹੁੰਦੀ ਹੈ ਜਾਂ ਕੋਈ ਹੋਰ ਗੱਲ ਹੈ, ਉਸ ਤੇ ਜ਼ਰੂਰ ਗੌਰ ਕਰਾਂਗੇ । ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਬਾਰੇ ਸੁਪਰੀਮ ਕੋਰਟ ਦੀ ਰੂਲਿੰਗ ਹੈ ਕਿ ਜਿਹੜੇ ਪ੍ਰਾਈਵੇਟ ਸਕੂਲ ਹਨ, ਉਨ੍ਹਾਂ ਵਿਚ ਸਰਕਾਰ ਬਹੁਤਾ ਦਖਲ ਨਹੀਂ ਦੇ ਸਕਦੀ । ਇਸ ਲਈ ਅਜੇ ਤੱਕ ਸਾਰੇ ਹਿੰਦੁਸਤਾਨ ਵਿੱਚ ਕਿਸੇ ਵੀ ਸਰਕਾਰ ਨੇ ਪ੍ਰਾਈਵੇਟ ਸਕੂਲਾਂ ਵਿੱਚ ਦਖਲ ਨਹੀਂ ਦਿੱਤਾ ।

**श्रीमती लक्ष्मी कांता चावला**: स्पीकर साहिब, मैं आप के माध्यम से मुख्य मन्त्रीजी को बता नहीं सकती हू, क्योंकि मैं यहां खड़ी हूं । मैं यह पूछना चाहती

Original with;
Punjab Vidhan Sabha
Digitized by;
Panjab Digital Library

है कि क्या इन्हें पता है कि सुप्रीम कोर्ट की रूलिंग क्या है । क्या यह रूलिंग हर स्कूल में लागू होती है या धार्मिक दृष्टि से जो अल्पसंख्यक समुदायों के स्कूल हैं, उन में लागू होती है ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਜੋ ਮੈਨੂੰ ਗਿਆਨ ਹੈ, ਉਹ ਇਹ ਹੈ ਕਿ ਸਰਕਾਰ ਸਾਰੇ ਪ੍ਰਾਈਵੇਟ ਸਕੂਲਾਂ ਵਿੱਚ ਬਹੁਤਾ ਦਖਲ ਨਹੀਂ ਦੇ ਸਕਦੀ । ਕਿਉਂਕਿ ਉਨ੍ਹਾਂ ਵਿਚੋਂ ਬਹੁਤੇ ਸਕੂਲ ਸੀ. ਬੀ. ਐਸ. ਈ. ਜਾਂ ਆਈ. ਸੀ. ਐਸ. ਈ. ਨਾਲ ਅਟੈਚ ਹਨ । ਮੈਂ ਸਮਝਦਾ ਹਾਂ ਕਿ ਸਭ ਤੋਂ ਪਹਿਲਾਂ ਜਿਹੜੇ ਸਰਕਾਰੀ ਸਕੂਲ ਹਨ ਉਨ੍ਹਾਂ ਨੂੰ ਠੀਕ ਕਰ ਦੇਈਏ । ਉਸ ਤੋਂ ਬਾਅਦ ਕੋਸ਼ਿਸ਼ ਕਰਾਂਗੇ ਅਤੇ ਦੇਖਾਂਗੇ ਕਿ ਅਸੀਂ ਅੰਡਰ ਰੂਲ ਕੀ ਕਰ ਸਕਦੇ ਹਾਂ । ਔਰ ਜੋ ਬੀਬੀ ਜੀ ਸੁਝਾਅ ਦੇਣਗੇ ਉਸ ਤੇ ਵਿਚਾਰ ਕਰਾਂਗੇ ।

**श्रीमती लक्ष्मी कांता चावला :** अध्यक्ष जी, आप के माध्यम से मेरा इतना निवेदन है कि मुख्य मन्त्री जी को उस रूलिंग की पूरी जानकारी नहीं है । मेरा इतना निवेदन है कि प्राईवेट स्कूलों में काम करने वाले जो . . . . .

**ਸ੍ਰੀ ਸਪੀਕਰ :** ਜਾਣਕਾਰੀ ਲਿਖ ਕੇ ਦੇ ਦੇਣਾ ।

**श्रीमती लक्ष्मी कांता चावला :** मुझे पता है आप यही कहेंगे । मैं मुख्य मन्त्री जी से भरोसा लेना चाहती हूं कि क्या वे कोई कमेटी बना कर प्राईवेट स्कूलों के संबंध में विचार करेंगे ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਪ੍ਰਾਈਵੇਟ ਸਕੂਲਾਂ ਦੀ ਮੈਨੇਜਮੈਂਟ ਨੂੰ ਸੱਦ ਲਵਾਂਗੇ ਔਰ ਬੀਬੀ ਜੀ ਨੂੰ ਵੀ ਸੱਦ ਲਵਾਂਗੇ । ਅੱਜ ਤੱਕ ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਨਹੀਂ ਸੀ, ਹੁਣ ਅੱਗੇ ਤੋਂ ਇਹ ਵਿਚਾਰ ਲਵਾਂਗੇ ਜੀ ।

**ਮਾਸਟਰ ਮੋਹਨ ਲਾਲ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਫੈਕਟਰੀ ਐਕਟ ਤੇ ਮਿਨੀਮਮ ਵੇਜਿਜ਼ ਐਕਟ ਹਨ । ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਕੀ ਇਨ੍ਹਾਂ ਪ੍ਰਾਈਵੇਟ ਸਕੂਲਾਂ ਵਿੱਚ ਕੋਈ ਫੈਕਟਰੀ ਐਕਟ ਜਾਂ ਲੇਬਰ ਐਕਟ ਲਾਗੂ ਹੁੰਦਾ ਹੈ ਜਾਂ ਨਹੀਂ ?

**ਸ੍ਰੀ ਸਪੀਕਰ :** ਮੋਹਨ ਲਾਲ ਜੀ ਗੱਲ ਨਹੀਂ ਬਣੀ ।

**ਸ੍ਰੀ ਸੱਤਿਆ ਪਾਲ ਸੈਣੀ :** ਸਪੀਕਰ ਸਾਹਿਬ, ਤੁਹਾਡੇ ਮਾਧਿਅਮ ਰਾਹੀਂ ਇਹ ਜਿਹੜਾ ਵਿਸ਼ਾ ਹੈ, ਇਸ ਵਿਸ਼ੇ ਦੇ ਸਬੰਧ ਵਿੱਚ ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ, ਮੁੱਖ ਮੰਤਰੀ ਜੀ ਬਹੁਤ ਹੀ ਸੰਵੇਦਨਸ਼ੀਲ ਪ੍ਰਾਣੀ ਹਨ ਅਤੇ ਪੰਜਾਬ ਦੀ ਪੀੜਾ ਨੂੰ ਜਾਣਦੇ ਹਨ ।

**ਸ੍ਰੀ ਸਪੀਕਰ :** ਤੁਸੀਂ ਕੁਐਸਚਨ ਕਰੋ ।

**ਸ੍ਰੀ ਸੱਤਿਆ ਪਾਲ ਸੈਣੀ :** ਇਸ ਵਿਸ਼ੇ ਦੇ ਵਿੱਚ ਇੱਕ ਜਾਣਕਾਰੀ ਮੈਂ ਇਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ . . . .

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਤੁਸੀਂ ਕੁਐਸਚਨ ਕਰੋ ।

**ਸ੍ਰੀ ਸੱਤਿਆ ਪਾਲ ਸੈਣੀ :** ਕੁਐਸਚਨ ਇਹ ਹੈ ਕਿ ਕੀ ਇਸ ਵਿਸ਼ੇ ਦੇ ਉਪਰ ਮੁੱਖ ਮੰਤਰੀ ਜੀ ਵੱਲੋਂ ਵਿਸ਼ੇਸ਼ ਤੌਰ ਤੇ ਧਿਆਨ ਜਾਂ ਆਸ਼ਵਾਸਨ ਦਿੱਤਾ ਜਾ ਸਕਦਾ ਹੈ ?

**ਸ੍ਰੀ ਸਪੀਕਰ :** ਤੁਸੀਂ ਸਵਾਲ ਪੁੱਛੋ ।

**ਸ੍ਰੀ ਸੱਤਿਆ ਪਾਲ ਸੈਣੀ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਕਰਮਚਾਰੀਆਂ ਦੇ ਸਬੰਧ ਵਿਚ, ਜਿਹੜੇ ਇਨ੍ਹਾਂ ਸਕੂਲਾਂ ਦੇ ਵਿੱਚ ਪੜ੍ਹਾਉਂਦੇ ਹਨ, ਚਾਹੇ ਉਹ ਟੀਚਿੰਗ ਹਨ ਜਾਂ ਨਾਨ-ਟੀਚਿੰਗ ਹਨ, ਮਿਨੀਮਮ ਵੇਜਿਜ਼ ਤੇ ਵਿਚਾਰ ਕਰਨ ਲਈ ਕੋਈ ਕਮੇਟੀ ਬਣਾਈ ਜਾ ਸਕਦੀ ਹੈ ?

**ਸ੍ਰੀ ਸਪੀਕਰ :** ਇਸ ਬਾਰੇ ਤਾਂ ਸੀ. ਐਮ. ਸਾਹਿਬ ਨੇ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਇਹ ਮਾਮਲਾ ਸਾਡੇ ਵਿਚਾਰ ਅਧੀਨ ਹੈ ।

---

**ਡਿਫੈਂਸ ਪਰਸੋਨਲ ਭਲਾਈ ਵਿਭਾਗ ਵਲੋਂ ਚਲਾਏ ਜਾ ਰਹੇ ਦਸ਼ਮੇਸ਼ ਪਬਲਿਕ ਸਕੂਲ**

*96. **ਕਾਮਰੇਡ ਅਜੈਬ ਸਿੰਘ ਰੌਂਤਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਡਿਫੈਂਸ ਪਰਸੋਨਲ ਭਲਾਈ ਵਿਭਾਗ ਰਾਜ ਵਿਚ ਦਸ਼ਮੇਸ਼ ਪਬਲਿਕ ਸਕੂਲਾਂ ਦੇ ਨਾਂ ਹੇਠ ਕੋਈ ਸਕੂਲ ਚਲਾ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਉਹ ਕਿੱਥੇ-ਕਿੱਥੇ ਸਥਿਤ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚ ਵਿਦਿਆਰਥੀਆਂ ਤੋਂ ਫੀਸ ਕਿਸ ਦਰ ਤੇ ਵਸੂਲ ਕੀਤੀ ਜਾਂਦੀ ਹੈ;

(ੲ) ਉਕਤ ਸਕੂਲਾਂ ਵਿਚ ਅਧਿਆਪਕੀ ਅਤੇ ਗੈਰ-ਅਧਿਆਪਕੀ ਸਟਾਫ ਦੀਆਂ ਤਨਖਾਹਾਂ ਦੇ ਸਕੇਲ ਕੀ ਹਨ;

(ਸ) ਇਨ੍ਹਾਂ ਸਕੂਲਾਂ ਵਿਚ 1 ਜਨਵਰੀ, 1997 ਤੱਕ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਸੀ ਅਤੇ ਇਨਾਂ ਸਕੂਲਾਂ ਵਿਚ ਸਿੱਖਿਆ ਕਿਸ ਮਾਧਿਅਮ ਵਿੱਚ ਦਿੱਤੀ ਜਾਂਦੀ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) ਜੀ ਹਾਂ । ਡਿਫੈਂਸ ਅਤੇ ਸਕਿਉਰਟੀ

Original with;
Punjab Vidhan Sabha
Digitized by;
Panjab Digital Library

ਰੀਲੀਫ ਫੰਡ ਐਜੂਕੇਸ਼ਨ ਸੋਸਾਇਟੀ ਵਲੋਂ ਪੰਜਾਬ ਰਾਜ ਵਿੱਚ ਤਿੰਨ ਦਸ਼ਮੇਸ਼ ਪਬਲਿਕ ਸਕੂਲ ਚਲਾਏ ਜਾਂਦੇ ਹਨ, ਜਿਨ੍ਹਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :—

(1) ਸ੍ਰੀ ਦਸ਼ਮੇਸ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਕੋਟਲਾ ਸੁਲਤਾਨ ਸਿੰਘ ਵਾਇਆ ਮਜੀਠਾ (ਅੰਮ੍ਰਿਤਸਰ) ।

(2) ਸ੍ਰੀ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਤਲਵੰਡੀ ਸਾਬੋ (ਬਠਿੰਡਾ)

(3) ਸ੍ਰੀ ਦਸ਼ਮੇਸ਼ ਗਰਲਜ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਬਾਦਲ (ਮੁਕਤਸਰ) ।

(ਅ) ਇਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਤੋਂ ਲਈਆਂ ਜਾਂਦੀਆਂ ਫੀਸਾਂ ਦੀਆਂ ਦਰਾਂ ਦਾ ਵੇਰਵਾ ਅਨੁਲੱਗ (ਏ) ਤੇ ਨੱਥੀ ਹੈ ।

(ੲ) ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਨੂੰ ਦਿੱਤੇ ਜਾਣ ਵਾਲੇ ਤਨਖਾਹ ਸਕੇਲਾਂ ਦਾ ਵੇਰਵਾ ਅਨੁਲੱਗ (ਬੀ) ਤੇ ਨੱਥੀ ਹੈ ।

(ਸ) 1 ਜਨਵਰੀ, 1997 ਨੂੰ ਇਨ੍ਹਾਂ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਗਿਣਤੀ ਅਤੇ ਪੜ੍ਹਾਉਣ ਦਾ ਮਾਧਿਆਮ ਅਨੁਲੱਗ (ਸੀ) ਤੇ ਹੈ ।

Original with;
Punjab Vidhan Sabha
Digitized by;
Panjab Digital Library

## ਅਨੁਲੱਗ- ਏ

**(ਬੀ) ਇਨ੍ਹਾਂ ਸਕੂਲਾਂ ਵਲੋਂ ਵਿਦਿਆਰਥੀਆਂ ਤੋਂ ਪ੍ਰਤੀ ਮਹੀਨਾ ਲਈ ਜਾਣ ਵਾਲੀ ਫੀਸਾਂ ਦੇ ਵੇਰਵੇ ।**

| ਸ੍ਰੀ ਦਸ਼ਮੇਸ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਕੋਟਲਾ ਸੁਲਤਾਨ ਸਿੰਘ ਵਾਇਆ ਮਜੀਠਾ (ਅੰਮ੍ਰਿਤਸਰ) | | | | ਸ੍ਰੀ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕਲ, ਤਲਵੰਡੀ ਸਾਬੋ (ਬਠਿੰਡਾ) । | | | | ਸ੍ਰੀ ਦਸ਼ਮੇਸ਼ ਗਰਲਜ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਬਾਦਲ (ਮੁਕਤਸਰ) | | | |
|---|---|---|---|---|---|---|---|---|---|---|---|
| 1 | | | | 2 | | | | 3 | | | |
| | ਫੀਸ | ਫੰਡ | ਕੁੱਲ ਰੁਪਏ | | ਫੀਸ | ਫੰਡ | ਕੁੱਲ ਰੁਪਏ | | ਫੀਸ | ਫੰਡ | ਕੁੱਲ ਰੁਪਏ |
| ਨਰਸਰੀ ਤੋਂ ਦੂਜੀ ਕਲਾਸ | 70 | 30 | 100 | ਐਲ. ਕੇ. ਜੀ. ਤੋਂ ਯੂ. ਕੇ. ਜੀ. ਕਲਾਸ । | 100 | 80 | 180 | ਕੇ. ਜੀ. ਤੋਂ ਦੂਜੀ ਕਲਾਸ | 110 | 40 | 150 |
| ਤੀਜੀ ਤੋਂ ਪੰਜਵੀਂ ਕਲਾਸ । | 80 | 30 | 110 | ਪਹਿਲੀ ਤੋਂ ਚੌਥੀ ਕਲਾਸ । | 105 | 80 | 185 | ਤੀਜੀ ਤੋਂ ਪੰਜਵੀਂ ਕਲਾਸ । | 130 | 40 | 170 |
| ਛੇਵੀਂ ਤੋਂ ਅੱਠਵੀਂ ਕਲਾਸ | 95 | 30 | 125 | ਪੰਜਵੀਂ ਤੋਂ ਦਸਵੀਂ ਕਲਾਸ | 120 | 80 | 200 | ਛੇਵੀਂ ਤੋਂ ਅੱਠਵੀਂ ਕਲਾਸ | 140 | 40 | 190 |

Original with;
Punjab Vidhan Sabha
Digitized by;
Panjab Digital Library

| 1 | | | | 2 | | | | 3 | | | |
|---|---|---|---|---|---|---|---|---|---|---|---|
| ਨੌਵੀਂ ਤੋਂ ਦਸਵੀਂ ਕਲਾਸ | 110 | 30 | 140 | ਗਿਆਰਵੀਂ ਤੋਂ ਬਾਰ੍ਹਵੀਂ ਕਲਾਸ | 160 | 80 | 240 | ਨੌਵੀਂ ਤੋਂ ਦਸਵੀਂ ਕਲਾਸ | 150 | 40 | 190 |
| ਗਿਆਰਵੀਂ ਤੋਂ ਬਾਰ੍ਹਵੀਂ ਕਲਾਸ (ਸਾਇੰਸ) | 150 | 30 | 180 | — | | | | ਗਿਆਰਵੀਂ ਤੋਂ ਬਾਰ੍ਹਵੀਂ ਕਲਾਸ | 160 | 40 | 200 |
| ਗਿਆਰਵੀਂ ਤੋਂ ਬਾਰ੍ਹਵੀਂ ਕਲਾਸ (ਆਰਟਸ) | 120 | 30 | 150 | — | | | | — | | | |

Original with;
Punjab Vidhan Sabha
Digitized by;
Panjab Digital Library

## ਅਨੁਲੱਗ–ਬੀ

### (ਸੀ) ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਨੂੰ ਦਿੱਤੇ ਜਾ ਰਹੇ ਤਨਖਾਹ ਦੇ ਸਕੇਲ ।

| ਸ੍ਰੀ ਦਸ਼ਮੇਸ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਕੋਟਲਾ ਸੁਲਤਾਨ ਸਿੰਘ, ਵਾਇਆ ਮਜੀਠਾ (ਅੰਮ੍ਰਿਤਸਰ) | ਸ੍ਰੀ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਤਲਵੰਡੀ ਸਾਬੋ (ਬਠਿੰਡਾ) | ਸ੍ਰੀ ਦਸ਼ਮੇਸ਼ (ਗਰਲਜ਼) ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਬਾਦਲ (ਮੁਕਤਸਰ) |
|---|---|---|
| 1 | 2 | 3 |
| ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਨੂੰ ਸਰਕਾਰੀ ਕਰਮਚਾਰੀਆਂ ਵਾਂਗ 1 ਜਨਵਰੀ, 1986 ਤੋਂ ਪਹਿਲਾਂ ਦਿੱਤੇ ਜਾਣ ਵਾਲੇ ਤਨਖਾਹ ਸਕੇਲ ਦਿੱਤੇ ਜਾਂਦੇ ਹਨ । ਇਸ ਤੋਂ ਇਲਾਵਾ 159% ਡੀ. ਏ. ਅਤੇ ਤਿੰਨ ਮਹਿੰਗਾਈ ਭੱਤੇ ਦੀਆਂ 3 ਕਿਸ਼ਤਾਂ ਜੋ ਸਰਕਾਰੀ ਕਰਮਚਾਰੀਆਂ ਨੂੰ ਸਮੇਂ ਸਮੇਂ ਸਿਰ ਮੰਨਜ਼ੂਰ ਕੀਤੀਆਂ ਗਈਆਂ ਹਨ ਦਿੱਤੀਆਂ ਜਾਂਦੀਆਂ ਹਨ । | ਰੈਗੂਲਰ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਨੂੰ ਸਰਕਾਰੀ ਗਰੇਡ ਦਿੱਤੇ ਜਾਂਦੇ ਹਨ । | ਰੈਗੂਲਰ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਨੂੰ ਸਰਕਾਰੀ ਗਰੇਡ ਦਿੱਤੇ ਜਾਂਦੇ ਹਨ । |
| ਪ੍ਰਿੰਸੀਪਲ =7,000/ –ਫਿਕਸਡ | ਪ੍ਰਿੰਸੀਪਲ =2,400–4,000 | ਪ੍ਰਿੰਸੀਪਲ =2,400–4,000 |
| ਮਾਸਟਰਜ਼ =620-1,200 | ਲੈਕਚਰਾਰ =1,800-3,200 | ਲੈਕਚਰਾਰ = 1,800–3,200 |

Original with;
Punjab Vidhan Sabha
Digitized by;
Panjab Digital Library

| 1 | | 2 | | 3 | |
|---|---|---|---|---|---|
| | | ਮਾਸਟਰਜ਼ | = 1,640-2,925 | ਮਾਸਟਰਜ਼ | = 1,650-2925 |
| ਆਰਟ ਤੇ ਕਰਾਫਟ । | = 570-1,080 | ਆਰਟ ਤੇ ਕਰਾਫਟ | = 1,410-2,640 | ਆਰਟ ਤੇ ਕਰਾਫਟ | = 1,500-2600 |
| ਪੀ.ਟੀ. ਆਈਜ਼ | = 570-1080 | ਪੀ.ਟੀ. ਆਈਜ਼ | = 1,410-2,640 | ਜੂਨੀਅਰ ਸਹਾਇਕ | = 1,500-2,640 |
| | | ਜੇ. ਬੀ. ਟੀ. | = 1,200-2,100 | ਜੇ.ਬੀ.ਟੀ. | = 1,200-2,100 |
| ਕੇ. ਜੀ. ਟੀਚਰਜ਼ | = 480-880 | ਜੂਨੀਅਰ ਸਹਾਇਕ (ਨਾਨ-ਟੀਚਿੰਗ) | = 1500-2,640 | ਕਲਰਕ | = 950-1,800 |
| | | ਡਰਾਇਵਰ | = 830-1,470 | ਲਾਇਬ੍ਰੇਰੀਅਨ | = 1,200-2,100 |
| | | ਸੇਵਾਦਾਰ | = 750-1,300 | ਸੇਵਾਦਾਰ | = 770-1410 |

Original with;
Punjab Vidhan Sabha
Digitized by;
Panjab Digital Library

## ਅਨੁਲੱਗ-ਸੀ

### (ਡੀ) 1 ਜਨਵਰੀ, 1997 ਨੂੰ ਵਿਦਿਆਰਥੀਆਂ ਦੀ ਗਿਣਤੀ ਅਤੇ ਪੜ੍ਹਾਉਣ ਦਾ ਮਾਧਿਅਮ

| ਸ੍ਰੀ ਦਸ਼ਮੇਸ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਕੋਟਲਾ ਸੁਲਤਾਨ ਸਿੰਘ ਵਾਇਆ ਮਜੀਠਾ, (ਅੰਮ੍ਰਿਤਸਰ) । | ਸ੍ਰੀ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਤਲਵੰਡੀ ਸਾਬੋ (ਬਠਿੰਡਾ) । | ਸ੍ਰੀ ਦਸ਼ਮੇਸ਼ ਗਰਲਜ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਬਾਦਲ (ਮੁਕਤਸਰ) । |
|---|---|---|
| 1 | 2 | 3 |
| ਨਰਸਰੀ ਤੋਂ ਬਾਰ੍ਹਵੀਂ ਕਲਾਸ ਤੱਕ ਵਿਦਿਆਰਥੀਆਂ ਦੀ ਗਿਣਤੀ =634 | ਐਲ. ਕੇ. ਜੀ. ਤੋਂ ਬਾਰ੍ਹਵੀਂ ਕਲਾਸ ਤਕ ਵਿਦਿਆਰਥੀਆਂ ਦੀ ਗਿਣਤੀ =629 | ਕੇ. ਜੀ. ਤੋਂ ਬਾਰ੍ਹਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਦੀ ਗਿਣਤੀ = 695 |
| ਪੜ੍ਹਾਉਣ ਦਾ ਮਾਧਿਅਮ = ਅੰਗਰੇਜ਼ੀ | ਪੜ੍ਹਾਉਣ ਦਾ ਮਾਧਿਅਮ =ਅੰਗਰੇਜ਼ੀ | ਪੜ੍ਹਾਉਣ ਦਾ ਮਾਧਿਅਮ =ਅੰਗਰੇਜ਼ੀ |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅਜੈਬ ਸਿੰਘ ਰੌਂਤਾ** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜੇ ਤਿੰਨ ਸਕੂਲ ਦੱਸੇ ਹਨ ਅੌਰ ਇਨ੍ਹਾਂ ਸਕੂਲਾਂ ਬਾਰੇ ਜੋ ਵੇਰਵਾ ਦਿੱਤਾ ਹੈ, ਜਦੋਂ ਇਹ ਸਕੂਲ ਖੋਲ੍ਹੇ ਗਏ ਸੀ ਤਾਂ ਕਿਹਾ ਗਿਆ ਸੀ ਕਿ ਪਿੰਡਾਂ ਦੇ ਗਰੀਬ ਲੋਕਾਂ ਦੇ ਬੱਚਿਆਂ ਲਈ ਇਹ ਸਕੂਲ ਖੋਲ੍ਹੇ ਗਏ ਹਨ । ਲੇਕਿਨ ਉਨ੍ਹਾਂ ਦੇ ਵਿੱਚ ਫ਼ੀਸਾਂ ਦੀ ਦਰ 100/- ਰੁਪਏ ਤੋਂ 200/-ਰੁਪਏ ਅਤੇ ਮਾਧਿਅਮ ਅੰਗਰੇਜ਼ੀ ਹੈ । ਏਥੇ ਹਾਊਸ ਦੇ ਵਿੱਚ ਵਾਰ ਵਾਰ ਕਿਹਾ ਜਾਂਦਾ ਹੈ ਕਿ ਪੰਜਾਬੀ ਨੂੰ ਲਾਗੂ ਕੀਤਾ ਜਾਵੇਗਾ ਅਤੇ ਪੰਜਾਬੀ ਨੂੰ ਤਰਜੀਹ ਦਿੱਤੀ ਜਾਵੇਗੀ । ਕੀ ਮੁੱਖ ਮੰਤਰੀ ਜੀ ਵਲੋਂ ਇਨ੍ਹਾਂ ਸਕੂਲਾਂ ਵਿਚ ਪੰਜਾਬੀ ਲਾਗੂ ਕਰਨ ਬਾਰੇ ਕੋਈ ਭਰੋਸਾ ਦਿੱਤਾ ਜਾਵੇਗਾ ?

**ਮੁੱਖ ਮੰਤਰੀ** : ਉਥੇ ਪੰਜਾਬੀ ਵੀ ਪੜ੍ਹਾਈ ਜਾਂਦੀ ਹੈ । ਇਨ੍ਹਾਂ ਦੇ ਕਹਿਣ ਉਤੇ ਅਸੀਂ ਪੰਜਾਬੀ ਤੇ ਹੋਰ ਜ਼ੋਰ ਦੇ ਦਿਆਂਗੇ ।

**ਕਾਮਰੇਡ ਅਜੈਬ ਸਿੰਘ ਰੌਂਤਾ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਇਨ੍ਹਾਂ ਸਕੂਲਾਂ ਦਾ ਕੰਟਰੋਲ ਡਿਫੈਂਸ ਪ੍ਰਸੋਨਲ ਕੋਲ ਹੈ । ਲੇਕਿਨ ਜਾਣਕਾਰੀ ਜੋ ਦਿੱਤੀ ਗਈ ਹੈ ਉਸ ਦੇ ਮੁਤਾਬਿਕ ਉਥੇ ਫ਼ੀਸਾਂ ਦੀ ਦਰ ਬਹੁਤ ਜ਼ਿਆਦਾ ਹੈ । ਜਿਹੜੇ ਉਥੇ ਟੀਚਰਜ਼ ਕੰਮ ਕਰ ਰਹੇ ਹਨ, ਜਿਵੇਂ 7,000/- ਰੁਪਿਆ ਪ੍ਰਿੰਸੀਪਲ ਨੂੰ ਤਨਖਾਹ ਦਿੱਤੀ ਜਾਂਦੀ ਹੈ ਲੇਕਿਨ ਜਿਹੜੇ ਹੇਠਲੇ ਵਰਗ ਦੇ ਟੀਚਰਜ਼ ਹਨ, ਜਿਵੇਂ ਕੇ. ਜੀ. ਟੀਚਰਜ਼ ਹਨ ਉਨ੍ਹਾਂ ਨੂੰ 400-400 ਰੁਪਏ ਤਨਖਾਹ ਦਿੱਤੀ ਜਾਂਦੀ ਹੈ । ਹੁਣ ਜਿਵੇਂ ਸਰਕਾਰ ਵਾਰ ਵਾਰ ਕਹਿ ਰਹੀ ਹੈ ਕਿ ਉਹ ਫਿਰ ਆਦਰਸ਼ ਸਕੂਲ ਖੋਲ੍ਹਣ ਜਾ ਰਹੀ ਹੈ, ਤਾਂ ਕੀ ਇਨ੍ਹਾਂ ਸਕੂਲਾਂ ਵਿਚ ਵੀ ਅੰਗਰੇਜ਼ੀ ਮਾਧਿਅਮ ਅਤੇ ਬਹੁਤ ਜ਼ਿਆਦਾ ਫ਼ੀਸਾਂ ਹੋਣਗੀਆਂ ?

**ਸ੍ਰੀ ਸਪੀਕਰ** : ਤੁਸੀਂ ਆਦਰਸ਼ ਸਕੂਲਾਂ ਬਾਰੇ ਸੈਪਰੇਟ ਸਵਾਲ ਪੁੱਛੋ । ਇਹ ਇਸ ਵਿੱਚ ਨਹੀਂ ਆਉਂਦਾ ।

**ਕਾਮਰੇਡ ਅਜੈਬ ਸਿੰਘ ਰੌਂਤਾ** : ਨਹੀਂ ਜੀ । ਇਹ ਇਸ ਵਿਚ ਹੀ ਆਉਂਦਾ ਹੈ । ਇਹ ਜੋ ਆਦਰਸ਼ ਸਕੂਲ ਖੋਲ੍ਹਣੇ ਹਨ, ਕੀ ਉਨ੍ਹਾਂ ਦਾ ਕਰਾਈਟੇਰੀਆ ਵੀ ਇਸੇ ਤਰ੍ਹਾਂ ਦਾ ਤਾਂ ਨਹੀਂ ਹੋਵੇਗਾ ?

**ਸ੍ਰੀ ਸਪੀਕਰ** : ਇਨ੍ਹਾਂ ਨੇ ਤਿੰਨ ਸਕੂਲਾਂ ਬਾਰੇ ਦੱਸਿਆ ਹੈ, ਇਸ ਲਈ ਤੁਸੀਂ ਤਿੰਨਾਂ ਸਕੂਲਾਂ ਬਾਰੇ ਹੀ ਪੁੱਛੋ ।

**ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਇਨ੍ਹਾਂ ਸਕੂਲਾਂ ਦੇ ਵਿਚ ਫ਼ੀਸਾਂ ਦੀ ਦਰ ਘੱਟ ਕੀਤੀ ਜਾਵੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੇਰੇ ਖਿਆਲ ਵਿਚ ਮਾਨਯੋਗ ਮੈਂਬਰ ਸਾਹਿਬ ਨੇ ਇਨ੍ਹਾਂ ਸਕੂਲਾਂ ਦੀ ਵਿਜ਼ਿਟ ਨਹੀਂ ਕੀਤੀ । ਮੈਂ ਕਹਿ ਸਕਦਾ ਹਾਂ ਕਿ ਇਹ ਸਕੂਲ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕਾਫ਼ੀ ਅੱਛੇ ਚਲ ਰਹੇ ਹਨ ਤੇ ਬਹੁਤ ਵਧੀਆ ਤਰੀਕੇ ਦੇ ਨਾਲ ਚਲ ਰਹੇ ਹਨ। (ਥੰਪਿੰਗ) ਇਨ੍ਹਾਂ ਦੀ ਇਕ ਕਮੇਟੀ ਬਣੀ ਹੁੰਦੀ ਹੈ ਜਿਸ ਦਾ ਚੇਅਰਮੈਨ ਡੀ. ਸੀ. ਹੁੰਦਾ ਹੈ ਅਤੇ ਐਸ. ਡੀ. ਐਮ. ਉਸਦਾ ਮੈਨੇਜਰ ਹੁੰਦਾ ਹੈ। ਐਮ. ਐਲ. ਏ. ਉਸਦਾ ਮੈਂਬਰ ਅਤੇ ਹੋਰ ਪਬਲਿਕ ਰਿਪ੍ਰੈਜ਼ੈਂਟੇਟਿਵ ਵੀ ਇਸ ਦੇ ਮੈਂਬਰ ਹੁੰਦੇ ਹਨ। ਸਾਰੇ ਫੈਸਲੇ ਉਹ ਹਾਲਾਤ ਦੇ ਮੁਤਾਬਿਕ ਹੀ ਕਰਦੇ ਹਨ। ਮੈਂ ਕਹਿ ਸਕਦਾ ਹਾਂ ਕਿ ਇਹ ਸਕੂਲ ਕਾਫ਼ੀ ਅੱਛੇ ਚਲ ਰਹੇ ਹਨ। ਹਾਲਾਤ ਦੇ ਮੁਤਾਬਿਕ ਇਨ੍ਹਾਂ ਵਿਚ ਗਰੀਬ ਵਰਗ ਦੇ ਬੱਚਿਆਂ ਨੂੰ ਦਾਖਲਾ ਦਿੱਤਾ ਜਾਂਦਾ ਹੈ ਅਤੇ ਇਨ੍ਹਾਂ ਵਿਚ ਸ਼ਡਿਊਲਡ ਕਾਸਟਸ ਦੇ ਬੱਚੇ ਵੀ ਪੜ੍ਹਦੇ ਹਨ।

**ਸ੍ਰੀ ਸਪੀਕਰ :** ਕੀ ਐਸ. ਸੀਜ਼. ਦੇ ਬੱਚਿਆਂ ਲਈ ਇਸ ਦੇ ਵਿਚ ਕੋਈ ਕੋਟਾ ਵਗੈਰਾ ਫਿਕਸ ਹੈ ?

**ਕਾਮਰੇਡ ਅਜੈਬ ਸਿੰਘ ਰੋਂਤਾ :** ਕੀ ਦਿਹਾਤੀ ਲੋਕਾਂ ਦੇ ਬੱਚੇ ਪੜ੍ਹਾਈ ਕਰਨ ਵਾਸਤੇ ਇਨ੍ਹਾਂ ਵਿਚ ਦਾਖਲਾ ਲੈ ਸਕਦੇ ਹਨ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਕਮਜ਼ੋਰ ਵਰਗ ਦੇ ਬੱਚਿਆਂ ਨੂੰ ਰਿਆਇਤ ਵੀ ਦਿੱਤੀ ਜਾਂਦੀ ਹੈ।

**ਸ੍ਰੀ ਸਪੀਕਰ :** ਕੀ ਐਡਮਿਸ਼ਨ ਵੇਲੇ ਰਿਆਇਤ ਦਿੱਤੀ ਜਾਂਦੀ ਹੈ ?

**ਮੁੱਖ ਮੰਤਰੀ :** ਹਾਂ ਜੀ।

**ਚੌਧਰੀ ਜਗਜੀਤ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਸਕੂਲਾਂ ਦੇ ਵਿਚ ਜਿਹੜੇ ਬੱਚੇ ਦਾਖਲ ਹੁੰਦੇ ਹਨ ਉਨ੍ਹਾਂ ਨੂੰ ਰਿਆਇਤ ਦਿੱਤੀ ਜਾਂਦੀ ਹੈ ਜਾਂ ਕਮਜ਼ੋਰ ਵਰਗ ਜਾਂ ਐਸ. ਸੀਜ਼ ਦੇ ਬੱਚਿਆਂ ਦਾ ਕੋਟਾ ਫਿਕਸ ਹੈ ਕਿ ਇੰਨੇ ਪਰਸੈਂਟ ਕਮਜ਼ੋਰ ਵਰਗ ਲਈ ਅਤੇ ਇੰਨੇ ਪਰਸੈਂਟ ਐਸ. ਸੀਜ਼ ਦੇ ਲਈ ਸੀਟਾਂ ਹੋਣਗੀਆਂ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਕੋਈ ਕੋਟਾ ਤਾਂ ਫਿਕਸ ਨਹੀਂ ਹੈ ਕਿ ਕਿੰਨੇ ਪਰਸੈਂਟ ਕਿਸ ਵਰਗ ਦੇ ਲਈ ਹਨ। ਫਿਰ ਵੀ ਇਨ੍ਹਾਂ ਦੇ ਵਿਚ ਗਰੀਬ ਵਰਗ ਦੇ ਲੋਕਾਂ ਦੇ ਕਾਫ਼ੀ ਬੱਚੇ ਪੜ੍ਹਦੇ ਹਨ ਕਿਉਂਕਿ ਦਿਹਾਤੀ ਲੋਕਾਂ ਨੂੰ ਦਿਹਾਤਾਂ ਵਿੱਚ ਕੁਆਲਟੀ ਐਜੂਕੇਸ਼ਨ ਦਿਲਾਉਣਾ ਸਾਡੀ ਪਹਿਲ ਹੈ। ਸਾਡੇ ਆਪਣੇ ਪਿੰਡ ਵਿੱਚ ਇੱਕ ਸਕੂਲ ਹੈ। ਇਹ ਸਕੂਲ ਸਿਰਫ਼ ਲੜਕੀਆਂ ਦਾ ਹੈ। ਇਹ ਇੰਨਾਂ ਵਧੀਆ ਸਕੂਲ ਹੈ ਕਿ ਰਾਜਸਥਾਨ ਤੋਂ ਵੀ ਲੜਕੀਆਂ ਇੱਥੇ ਪੜ੍ਹਨ ਆਉਂਦੀਆਂ ਹਨ। We should be proud of these schools. ਇਹ ਸਕੂਲ ਬਹੁਤ ਅੱਛੇ ਚੱਲ ਰਹੇ ਹਨ। ਹੋਰ ਵੀ ਕਈ ਅੱਛੇ ਸਕੂਲ ਚਲਾਏ ਸੀ ਪਰ ਕਾਂਗਰਸ ਸਰਕਾਰ ਨੇ ਬੰਦ ਕਰ ਦਿੱਤੇ। ਪਰ ਮੈਂ ਇੱਥੇ ਤੱਕ ਨਹੀਂ ਜਾਣਾ ਚਾਹੁੰਦਾ। ਬਾਕੀ ਜੋ ਕੰਮਕਾਰ ਹੋਵੇਗਾ ਮੈਂ ਆਪ ਦੇਖ ਕੇ ਪੂਰਿਆਂ ਕਰਨ ਦਾ ਯਤਨ ਕਰਾਂਗਾ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਕਿਹਾ ਹੈ ਕਿ ਪ੍ਰਬੰਧਕੀ ਕਮੇਟੀ ਵਿੱਚ ਐਮ. ਐਲ. ਏ. ਸ਼ਾਮਿਲ ਹੁੰਦੇ ਹਨ। ਮੈਨੂੰ ਪੱਕਾ ਪਤਾ ਹੈ ਕਿ ਤਲਵੰਡੀ ਸਾਬੋ, ਬਠਿੰਡਾ ਵਿੱਚ ਦਸ਼ਮੇਸ਼ ਪਬਲਿਕ ਸਕੂਲ ਦੀ ਕਮੇਟੀ ਵਿਚ ਐਮ. ਐਲ. ਏ. ਮੈਂਬਰ ਨਹੀਂ ਹੈ। ਕੀ ਇਹ ਪੜਤਾਲ ਕਰਾਉਣਗੇ ਕਿ ਉਥੇ ਇਹ ਪ੍ਰੋਵੀਜ਼ਨ ਕਿਉਂ ਨਹੀਂ ਹੈ। ਜੇ ਨਹੀਂ ਹੈ ਤਾਂ ਭਵਿੱਖ ਵਿੱਚ ਉਸ ਕੰਸਟੀਚਿਊਐਂਸੀ ਨੂੰ ਬਿਲਾਂਗ ਕਰਨ ਵਾਲੇ ਐਮ. ਐਲ. ਏ. ਨੂੰ ਕੀ ਕਮੇਟੀ ਵਿੱਚ ਮੈਂਬਰ ਵਜੋਂ ਸ਼ਾਮਲ ਕੀਤਾ ਜਾਵੇਗਾ ?

**ਮੁੱਖ ਮੰਤਰੀ :** ਉਸ ਐਮ. ਐਲ. ਏ. ਕੋਲ ਸ਼ਾਇਦ ਫਿਹਲ ਨਾ ਹੋਵੇ ਪਰ ਉਹ ਉਥੇ ਮੈਂਬਰ ਹੈ। ਐਮ. ਪੀ. ਵੀ ਮੈਂਬਰ ਹੈ। ਹੋਰ ਵੀ ਮੈਂਬਰ ਹਨ। ਮੈਂ ਸਬੰਧਤ ਐਮ. ਐਲ. ਏ. ਨੂੰ ਬੇਨਤੀ ਕਰਾਂਗਾ ਕਿ ਉਹ ਉਥੇ ਜ਼ਰੂਰ ਜਾਣ।

**ਸ੍ਰੀ ਹਰਮਿੰਦਰ ਸਿੰਘ ਜੱਸੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਲੰਬੀ ਹਲਕੇ ਤੋਂ ਵਿਧਾਨ ਸਭਾ ਦੇ ਮੈਂਬਰ ਹਨ, ਇਨ੍ਹਾਂ ਨੂੰ ਉਥੋਂ ਕਿੰਨੀ ਵਾਰੀ ਚਿੱਠੀ ਆਈ ਹੈ ਕਿਉਂਕਿ ਬਾਦਲ ਪਿੰਡ ਵਿੱਚ ਵੀ ਸਕੂਲ ਹੈ।

**ਮੁੱਖ ਮੰਤਰੀ :** ਇਹ ਤਾਂ ਮੈਂ ਕਹਿ ਨਹੀਂ ਸਕਦਾ ਕਿ ਕਿੰਨੀ ਵਾਰੀ ਚਿੱਠੀ ਆਈ ਹੈ। ਕੀ ਮੈਂ ਮੈਂਬਰ ਸਾਹਿਬ ਤੋਂ ਪੁੱਛ ਸਕਦਾ ਹਾਂ ਕਿ ਇਹ ਆਪ ਕਿੰਨੀ ਵਾਰੀ ਉਸ ਸਕੂਲ ਵਿੱਚ ਗਏ ਹਨ ? (ਹਾਸਾ)

**ਸ੍ਰੀ ਹਰਮਿੰਦਰ ਸਿੰਘ ਜੱਸੀ :** ਮੈਨੂੰ ਅੱਜ ਤੱਕ ਕਦੀ ਕੋਈ ਚਿੱਠੀ ਨਹੀਂ ਆਈ।

**ਸ੍ਰੀ ਸਪੀਕਰ :** ਅੱਗੋਂ ਤੋਂ ਆਇਆ ਕਰੇਗੀ। (ਹਾਸਾ)

---

**ਛੇਹਰਟਾ ਵਾਘਾ ਸਰਹੱਦ ਸੜਕ (ਜੀ. ਟੀ. ਰੋਡ) ਤੇ 'ਗੇਟ ਆਫ ਇੰਡੀਆ' ਦਾ ਨਿਰਮਾਣ**

*82. **ਸਰਦਾਰ ਗੁਲਜ਼ਾਰ ਸਿੰਘ ਰਣੀਕੇ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਛੇਹਰਟਾ ਵਾਘਾ ਸਰਹੱਦ ਸੜਕ (ਜੀ. ਟੀ. ਰੋਡ) ਤੇ "ਗੇਟ ਆਫ਼ ਇੰਡੀਆ" ਦੇ ਨਿਰਮਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤੱਕ ਅਮਲ ਵਿਚ ਲਿਆਂਦੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਹਾਂ ਜੀ। ਇਹ ਕੰਮ ਇੱਕ ਸਾਲ ਵਿੱਚ ਪੂਰਾ ਹੋਣ ਦੀ ਸੰਭਾਵਨਾ ਹੈ।

(ਇਸ ਸਵਾਲ ਤੇ ਕੋਈ ਸਪਲੀਮੈਂਟਰੀ ਨਹੀਂ ਕੀਤੀ ਗਈ।)

---

Original with;
Punjab Vidhan Sabha
Digitized by;
Panjab Digital Library

## ਸਤਲੁਜ ਦਰਿਆ ਉਪਰ ਪੁਲ ਬਣਾਉਣਾ

*122. **ਸਰਦਾਰ ਭਾਗ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਾਲਵਾ ਅਤੇ ਦੁਆਬਾ ਨੂੰ ਬਰਾਸਤਾ ਨਕੋਦਰ-ਸਿਧਵਾਂ ਬੇਟ ਰਾਹੀਂ ਜੋੜਨ ਲਈ ਸਤਲੁਜ ਦਰਿਆ ਉਪਰ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਨਹੀਂ ਜੀ ।

**ਸਰਦਾਰ ਭਾਗ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਹਰ ਪਾਸਿਉਂ ਖ਼ਰਚ ਘਟਾਉਣ ਵੱਲ ਧਿਆਨ ਦਿੱਤਾ ਜਾ ਰਿਹਾ ਹੈ, ਕੀ ਸਰਕਾਰ ਇਸ ਪਾਸੇ ਧਿਆਨ ਦੇਵੇਗੀ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਹ ਸਵਾਲ ਤਾਂ ਪੁਲ ਦਾ ਹੈ । ਇਸ ਉਪਰ 35 ਕਰੋੜ ਰੁਪਏ ਦਾ ਖ਼ਰਚ ਹੋਣਾ ਹੈ । ਇਹ 35 ਕਰੋੜ ਰੁਪਿਆ ਸਰਕਾਰ ਵਾਸਤੇ ਕੱਢਣਾ ਬਹੁਤ ਮੁਸ਼ਕਿਲ ਹੈ । ਕੋਈ ਹੋਰ ਸਕੀਮ ਨਹੀਂ ਹੈ ਪਰ ਯਤਨ ਕਰ ਰਹੇ ਹਾਂ । ਕੋਈ ਅਜਿਹੀ ਪਾਲਿਸੀ ਨਹੀਂ ਕਿ ਟੋਲ ਟੈਕਸ ਲਿਆ ਜਾਵੇ । ਇਹ ਇੰਪਾਰਟੈਂਟ ਪੁਲ ਹੈ । ਇਸ ਨਾਲ ਲੋਕਾਂ ਨੂੰ ਸਹੂਲਤ ਹੋਵੇਗੀ । ਅਸੀਂ ਯਤਨ ਕਰ ਰਹੇ ਹਾਂ ਕਿ ਪੁਲ ਬਣਾਉਣ ਦਾ ਰਸਤਾ ਨਿਕਲ ਸਕੇ ।

**ਸਰਦਾਰ ਅਮਰਜੀਤ ਸਿੰਘ ਸਮਰਾ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਿਛਲੀ ਸਰਕਾਰ ਦਾ ਪ੍ਰੋਗਰਾਮ ਸੀ । ਜਿਵੇਂ ਸਰਦਾਰ ਭਾਗ ਸਿੰਘ ਜੀ ਨੇ ਕੁਐਸਚਨ ਕੀਤਾ ਹੈ, ਇਸ ਨਾਲ ਮਾਲਵੇ-ਦੁਆਬੇ ਦੀ ਨੇੜਤਾ ਹੋ ਜਾਵੇਗੀ । ਇਹ ਬੜਾ ਇੰਪਾਰਟੈਂਟ ਪੁਲ ਹੈ । ਕੀ ਸਰਕਾਰ ਇੰਟਰਨੈਸ਼ਨਲ ਕੰਪਨੀਜ਼ ਦੇ ਨਾਲ ਕੰਟੈਕਟ ਕਰ ਕੇ ਅਤੇ ਟੋਲ ਟੈਕਸ ਲਗਾ ਕੇ ਇਸ ਪੁਲ ਨੂੰ ਬਣਾਉਣ ਦਾ ਕੋਈ ਵਿਚਾਰ ਰੱਖਦੀ ਹੈ ਕਿਉਂਕਿ ਇਸ ਪੁਲ ਦੀ ਬਹੁਤ ਹੀ ਲੋੜ ਹੈ ।

**ਸ੍ਰੀ ਸਪੀਕਰ**: ਸੀ.ਐਮ. ਸਾਹਿਬ ਨੇ ਜਵਾਬ ਦੇ ਦਿੱਤਾ ਹੈ ਕਿ ਉਹ ਵਿਚਾਰ ਕਰਨ ਨੂੰ ਤਿਆਰ ਹਨ ।

**ਸਰਦਾਰ ਅਮਰਜੀਤ ਸਿੰਘ ਸਮਰਾ**: ਸਪੀਕਰ ਸਾਹਿਬ, ਮੈਂ ਪੁਛਿਆ ਹੈ ਕਿ ਕੀ ਸਰਕਾਰ ਇਸ ਤਰ੍ਹਾਂ ਦੀ ਤਜਵੀਜ਼ ਤੇ ਵਿਚਾਰ ਕਰਨ ਨੂੰ ਤਿਆਰ ਹੈ ਤਾਂਕਿ ਪੁਲ ਬਣ ਸਕਣ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਅਸੀਂ ਕੇਵਲ ਇਨ੍ਹਾਂ ਪੁਲਾਂ ਨੂੰ ਬਣਾਉਣ ਦਾ ਵਿਚਾਰ ਹੀ ਨਹੀਂ ਕਰਾਂਗੇ ਬਲਕਿ ਇਨ੍ਹਾਂ ਨੂੰ ਬਣਾਉਣ ਦੀ ਕੋਸ਼ਿਸ਼ ਵੀ ਕਰਾਂਗੇ । ਜਿਸ ਤਰ੍ਹਾਂ ਮੈਂਬਰ ਸਾਹਿਬ ਨੇ ਸੁਝਾਅ ਦਿੱਤਾ ਹੈ ਅਤੇ ਇਨ੍ਹਾਂ ਦੇ ਦੁਨੀਆਂ ਦੇ ਵਿਚ ਲਿੰਕਸ ਹਨ । ਇਹ ਸਾਨੂੰ ਇਹੋ ਜਿਹੀ ਕੋਈ ਪਾਰਟੀ ਲੱਭ ਦੇਣ, I shall feel obliged.

Original with;
Punjab Vidhan Sabha
Digitized by;
Panjab Digital Library

**ਸਰਦਾਰ ਹੀਰਾ ਸਿੰਘ ਗਾਬੜੀਆ**: ਸਪੀਕਰ ਸਾਹਿਬ, ਜਿਹੜਾ ਲੁਧਿਆਣਾ ਤੋਂ ਰਾਹੋਂ ਨੂੰ ਰਸਤਾ ਮਿਲਦਾ ਹੈ ਕੀ ਇਸ ਉਤੇ ਪੁਲ ਬਣਾਉਣ ਦਾ ਸਰਕਾਰ ਕੋਈ ਵਿਚਾਰ ਰੱਖਦੀ ਹੈ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

**ਡਾਕਟਰ ਹਰਬੰਸ ਲਾਲ**: ਸਪੀਕਰ ਸਾਹਿਬ, ਪੰਜਾਬ ਦੇ ਵਿਚ ਮਸਲੇ ਬਹੁਤ ਹਨ ਜਿਸ ਤਰ੍ਹਾਂ ਪੁਲ ਬਣਾਉਣ ਦਾ ਮਸਲਾ ਹੈ, ਸੜਕਾਂ ਬਣਾਉਣ ਦਾ ਮਸਲਾ ਹੈ ਅਤੇ ਹੋਰ ਕਈ ਮਸਲੇ ਹਨ । ਸਰਕਾਰ ਇਨ੍ਹਾਂ ਨੂੰ ਬਣਾਉਣ ਵੱਲ ਧਿਆਨ ਦੇਵੇ ਤੇ ਇਹ ਕਹਿ ਕੇ ਕਿ ਪੈਸੇ ਨਹੀਂ ਹਨ, ਗੱਲ ਖਤਮ ਨਹੀਂ ਹੋ ਜਾਂਦੀ । ਰਿਸੋਰਸਿਜ਼ ਨੂੰ ਇਨ੍ਹਾਂ ਨੇ ਪੈਦਾ ਕਰਨਾ ਹੈ ਅਤੇ ਇਨ੍ਹਾਂ ਨੇ ਦੇਖਣਾ ਹੈ ਕਿ ਇਨ੍ਹਾਂ ਪੁਲਾਂ ਨੂੰ ਕਿਸ ਤਰ੍ਹਾਂ ਬਣਾਉਣਾ ਹੈ ਤੇ ਸੜਕਾਂ ਟੁੱਟੀਆਂ ਪਈਆਂ ਹਨ, ਲੋਕਾਂ ਨੂੰ ਬਹੁਤ ਤਕਲੀਫਾਂ ਹਨ ਅਤੇ ਇਨ੍ਹਾਂ ਨੂੰ ਦੂਰ ਕਰਨਾ ਸਰਕਾਰ ਦਾ ਕੰਮ ਹੈ । ਇਨ੍ਹਾਂ ਬਾਰੇ ਸਰਕਾਰ ਕੀ ਕਰ ਰਹੀ ਹੈ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਸਪਸ਼ਟ ਜਵਾਬ ਦੇ ਦਿੰਦਾ ਹਾਂ । ਜਿਹੜੇ ਕੰਮਾਂ ਨੂੰ ਇਨ੍ਹਾਂ ਦੀ ਪਾਰਟੀ ਦੀ ਸਰਕਾਰ 50 ਸਾਲਾਂ ਦੇ ਵਿਚ ਨਹੀਂ ਕਰ ਸਕੀ, ਉਨ੍ਹਾਂ ਨੂੰ ਇਹ ਚਾਹੁੰਦੇ ਹਨ ਕਿ ਅਸੀਂ 50 ਦਿਨਾਂ ਦੇ ਵਿਚ ਕਰ ਦੇਈਏ । ਅਸੀਂ ਵੇਖ ਰਹੇ ਹਾਂ ਕਿ ਇਨ੍ਹਾਂ ਪੁਲਾਂ ਨੂੰ ਕਿਸ ਤਰ੍ਹਾਂ ਬਣਾਉਣਾ ਹੈ ਅਤੇ ਕੋਸ਼ਿਸ਼ ਵੀ ਕਰ ਰਹੇ ਹਾਂ । ਜਿਸ ਤਰ੍ਹਾਂ ਜਮਰਾ ਸਾਹਿਬ ਨੇ ਸੁਝਾਅ ਦਿੱਤਾ ਹੈ ਉਸ ਉਤੇ ਵਿਚਾਰ ਕਰ ਰਹੇ ਹਾਂ । ਅਸੀਂ ਗਲੋਬਲ ਕੰਪਨੀਜ਼ ਤੋਂ ਟੈਂਡਰ ਕਾਲ ਵੀ ਕੀਤੇ ਹਨ ਅਤੇ ਹੋਰ ਵੀ ਏਜੰਸੀਆਂ ਨੂੰ ਕੰਟੈਕਟ ਕਰ ਰਹੇ ਹਾਂ ਤਾਂਕਿ ਇਹੋ ਜਿਹੇ ਕੰਮ ਹੋ ਸਕਣ ।

---

## ਰੇਲਵੇ ਓਵਰ ਬ੍ਰਿਜਾਂ ਦੀ ਉਸਾਰੀ

*121. **ਸਰਦਾਰ ਭਾਗ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਜਿਹੀਆਂ ਥਾਂਵਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜਿੱਥੇ ਪਿਛਲੇ ਪੰਜ ਸਾਲਾਂ ਦੇ ਦੌਰਾਨ ਰੇਲਵੇ ਓਵਰ ਬ੍ਰਿਜ ਬਣਾਉਣ ਲਈ ਪ੍ਰਵਾਨਗੀ/ਮਨਜ਼ੂਰੀ ਦਿੱਤੀ ਗਈ ਸੀ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਅਜਿਹੇ ਓਵਰ ਬ੍ਰਿਜਾਂ ਦੇ ਨਾਂ ਅਤੇ ਗਿਣਤੀ ਕਿੰਨੀ ਹੈ ਜਿਨ੍ਹਾਂ ਦੀ ਅਸਲ ਵਿਚ ਉਸਾਰੀ ਕੀਤੀ ਗਈ ਹੈ/ ਉਸਾਰੀ ਅਧੀਨ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** (ੳ) ਪਿਛਲੇ ਪੰਜ ਸਾਲਾਂ ਦੌਰਾਨ (ਸਾਲ 1992-93 ਤੋਂ 1996-97 ਤੱਕ) ਹੇਠ ਲਿਖੇ ਸੱਤ ਰੇਲਵੇ ਓਵਰ ਬ੍ਰਿਜਜ਼ (ਆਰ.ਓ.ਬ੍ਰਿਜ਼) ਮੰਨਜ਼ੂਰ ਕੀਤੇ ਗਏ :—

| | |
|---|---|
| ਪਟਿਆਲਾ | 1 |
| ਰਾਜਪੁਰਾ | 1 |
| ਕੋਟਕਪੂਰਾ | 1 |
| ਲੁਧਿਆਣਾ | 3 |
| ਜਲੰਧਰ | 1 |

(ਅ) ਉਪਰੋਕਤ (ੳ) ਵਿਚੋਂ ਰੇਲਵੇ ਓਵਰ ਬ੍ਰਿਜ ਐਟ ਪਟਿਆਲਾ (ਓਵਰ ਰੇਲਵੇ ਕਰਾਸਿੰਗ ਨੰ: 17-ਏ, ਪਟਿਆਲਾ) ਮੁਕੰਮਲ ਹੋ ਚੁੱਕਾ ਹੈ । ਹੇਠ ਲਿਖੇ ਰੇਲਵੇ ਓਵਰ ਬ੍ਰਿਜ ਉਸਾਰੀ ਅਧੀਨ ਹਨ:—

1. ਬਠਿੰਡਾ-ਫਿਰੋਜ਼ਪੁਰ ਸੈਕਸ਼ਨ ਐਟ ਕੋਟਕਪੂਰਾ (ਓਵਰ ਰੇਲਵੇ ਕਰਾਸਿੰਗ ਨੰ: 25)
2. ਫਲਾਈ ਓਵਰ ਕਰਾਸਿੰਗ ਲੁਧਿਆਣਾ ਫਿਰੋਜ਼ਪੁਰ ਲਾਈਨ ਆਨ ਲਿੰਕ ਰੋਡ ਨੇੜੇ ਬੱਸ ਸਟੈਂਡ ਲੁਧਿਆਣਾ ।
3. ਮੌਜੂਦਾ ਆਰ.ਓ.ਬੀ. ਆਨ ਰਾਜਪੁਰਾ ਬਾਈਪਾਸ ਨੈਸ਼ਨਲ ਹਾਈਵੇ ਨੰ: 1 ।

**ਸਰਦਾਰ ਭਾਗ ਸਿੰਘ** : ਸਪੀਕਰ ਸਾਹਿਬ, ਜਗਰਾਉਂ ਦੇ ਰਸਤੇ ਬਹੁਤ ਟਰੈਫਿਕ ਹੈ ਅਤੇ ਉਥੋਂ ਨਿਕਲਣ ਵਾਸਤੇ ਟਰੈਫਿਕ ਵਿਚ ਘੱਟੋ ਘੱਟ ਘੰਟਾ ਜਾਂ ਡੇਢ ਘੰਟਾ ਖਰਾਬ ਹੋ ਜਾਂਦਾ ਹੈ । ਕੀ ਸਰਕਾਰ ਉਥੇ ਓਵਰ ਬ੍ਰਿਜ ਜਾਂ ਅੰਡਰ ਬ੍ਰਿਜ ਬਣਾਉਣ ਦਾ ਕੋਈ ਵਿਚਾਰ ਰੱਖਦੀ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਪੰਜਾਬ ਵਿਚ ਸੈਂਕੜੇ ਪੁਲ ਹੋਣਗੇ ਜਿਥੇ ਇਸ ਤਰ੍ਹਾਂ ਦੀਆਂ ਪ੍ਰਾਬਲਮਜ਼ ਪੇਸ਼ ਆਉਂਦੀਆਂ ਹਨ ਅਤੇ ਜਿਨ੍ਹਾਂ ਨੂੰ ਬਣਾਉਣ ਦੀ ਲੋੜ ਹੈ । ਅਸੀਂ ਇਨ੍ਹਾਂ ਪੁਲਾਂ ਨੂੰ ਬਣਾਉਣ ਲਈ ਐਸਟੀਮੇਟ ਤਿਆਰ ਕਰਵਾ ਰਹੇ ਹਾਂ ਅਤੇ ਵੇਖ ਰਹੇ ਹਾਂ ਕਿ ਇਨ੍ਹਾਂ ਨੂੰ ਬਣਾਉਣ ਲਈ ਸਾਧਨ ਕਿਥੋਂ ਅਤੇ ਕਿਵੇਂ ਪੈਦਾ ਕੀਤੇ ਜਾ ਸਕਣ । ਅਸੀਂ ਕੋਸ਼ਿਸ਼ ਕਰਕੇ ਇਨ੍ਹਾਂ ਵੱਲ ਧਿਆਨ ਦੇ ਰਹੇ ਹਾਂ ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ** : ਸਪੀਕਰ ਸਾਹਿਬ, ਕੁਰਾਲੀ-ਮੋਰਿੰਡਾ ਰੋਡ ਉਤੇ ਓਵਰ ਬ੍ਰਿਜ ਬਣਾਉਣ ਦੀ ਬਹੁਤ ਲੋੜ ਹੈ । ਕੀ ਸਰਕਾਰ ਇਸ ਪੁਲ ਨੂੰ ਬਣਾਉਣ ਦਾ ਵਿਚਾਰ ਰੱਖਦੀ ਹੈ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

Original with;
Punjab Vidhan Sabha
Digitized by:
Panjab Digital Library

**ਸ਼੍ਰੀ ਅਵਤਾਰ ਹੈਨਰੀ** : ਸਪੀਕਰ ਸਾਹਿਬ, ਜਿਸ ਤਰ੍ਹਾਂ ਜਲੰਧਰ ਦੇ ਵਿਚ ਦੋ ਓਵਰ ਬ੍ਰਿਜ ਬਣਾਉਣ ਦੀ ਤਜਵੀਜ਼ ਹੈ ਪਰ ਇਨ੍ਹਾਂ ਨੇ ਇਕ ਪੁਲ ਦਾ ਜ਼ਿਕਰ ਕੀਤਾ ਹੈ। ਇਹ ਮੈਨੂੰ ਦਸਿਆ ਜਾਵੇ ਕਿ ਇਹ ਰਾਮਾਮੰਡੀ ਵਾਲੇ ਪੁਲ ਬਾਰੇ ਕਹਿ ਰਹੇ ਹਨ ਜਾਂ ਦਮੋਰੀਆ ਪੁਲ ਬਾਰੇ ਗੱਲ ਕਰ ਰਹੇ ਹਨ। ਦਮੋਰੀਆ ਪੁਲ ਜੋ ਜਲੰਧਰ ਸ਼ਹਿਰ ਵਿਚ ਪੈਂਦਾ ਹੈ, ਇਸ ਨਾਲ ਆਵਾਜਾਈ ਵਿਚ ਬਹੁਤ ਫਰਕ ਪੈਂਦਾ ਹੈ। ਇਹ ਮੈਨੂੰ ਦੱਸਣ ਕਿ ਕਿਹੜੇ ਪੁਲ ਦੀ ਗੱਲ ਕਰ ਰਹੇ ਹਨ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਪੁਲ ਜਲੰਧਰ-ਹੁਸ਼ਿਆਰਪੁਰ ਰੋਡ ਦੇ ਨੇੜੇ ਪੈਂਦਾ ਰਾਮਾਮੰਡੀ ਵਾਲਾ ਪੁਲ ਹੈ।

**ਸ਼੍ਰੀ ਅਵਤਾਰ ਹੈਨਰੀ** : ਸਪੀਕਰ ਸਾਹਿਬ, ਦਮੋਰੀਆ ਪੁਲ ਵੀ ਬੜਾ ਮਹੱਤਵ-ਪੂਰਨ ਬ੍ਰਿਜ ਹੈ। ਇਹ ਪੁਲ ਸ਼ਹਿਰ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ। ਕੀ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਕੋਈ ਅਜਿਹੀ ਪਰਪੋਜ਼ਲ ਹੈ ਕਿ ਉਥੇ ਵੀ ਇਸੇ ਸਾਲ ਕੰਮ ਸ਼ੁਰੂ ਕੀਤਾ ਜਾ ਸਕੇ ?

**Chief Minister**: Speaker Sahib, there is one over-bridge, which will be started next year and completed within two years.

**ਸ਼੍ਰੀ ਸਪੀਕਰ**: ਅਜੇ ਇਕ ਪੁਲ ਤੇ ਹੀ ਕੰਮ ਸਟਾਰਟ ਕਰਨਾ ਹੈ। ਹੈਨਰੀ ਜੀ, ਤੁਸੀਂ ਇਸ ਬਾਰੇ ਸੈਪਰੇਟ ਸਵਾਲ ਕਰਕੇ ਪੁੱਛ ਸਕਦੇ ਹੋ ਕਿ ਦੂਸਰਾ ਪੁਲ ਬਣਾਉਣ ਦੀ ਤਜਵੀਜ਼ ਹੈ ਜਾਂ ਨਹੀਂ ?

**ਸਰਦਾਰ ਰਣਜੀਤ ਸਿੰਘ ਛੱਜਲਵੱਡੀ**: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ, ਤੋਂ ਮੋਰਿੰਡਾ-ਕੁਰਾਲੀ ਪੁਲ ਬਾਰੇ ਪੁੱਛਿਆ ਹੈ।

**ਸ਼੍ਰੀ ਅਵਤਾਰ ਹੈਨਰੀ**: ਸਪੀਕਰ ਸਾਹਿਬ, ਮੈਂ ਸੀ. ਐਮ. ਸਾਹਿਬ ਤੋਂ ਪੁੱਛਿਆ ਹੈ ਕਿ ਪੁਲ ਬਣਾਉਣਾ ਵਿਚਾਰ ਅਧੀਨ ਹੈ ਜਾਂ ਨਹੀਂ।

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਂ ਸਾਰਿਆਂ ਦਾ ਇਕੱਠਾ ਹੀ ਜਵਾਬ ਦੇ ਦਿੰਦਾ ਹਾਂ ਕਿ ਪੰਜਾਬ ਦੇ ਜਿਤਨੇ ਵੀ ਇੰਪਾਰਟੈਂਟ ਪੁਲ ਹਨ, ਉਹ ਕਿਸ ਤਰ੍ਹਾਂ ਮੁਕੰਮਲ ਹੋ ਸਕਦੇ ਹਨ, ਉਹ ਸਾਰੇ ਸਾਡੇ ਵਿਚਾਰ ਅਧੀਨ ਹਨ। (ਥੰਪਿੰਗ)

---

### ਆਂਗਨਵਾੜੀ ਵਰਕਰਾਂ ਨੂੰ ਅਦਾਇਗੀ

*109. **ਸ਼੍ਰੀ ਜਗਦੀਸ਼ ਸਾਹਨੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਅਜਿਹੇ ਆਂਗਨਵਾੜੀ ਵਰਕਰਾਂ ਜਿਨ੍ਹਾਂ ਦੀਆਂ ਯੋਗਤਾਵਾਂ ਮੈਟ੍ਰਿਕ ਜਾਂ ਉਸ ਤੋਂ ਵੱਧ ਹਨ, ਨੂੰ ਘੱਟ ਤੋਂ ਘੱਟ ਉਜਰਤਾਂ ਐਕਟ ਅਧੀਨ ਅਦਾਇਗੀਆਂ ਕੀਤੀਆਂ ਜਾਂਦੀਆਂ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: (ੳ) ਨਹੀਂ ਜੀ ।

**ਸ੍ਰੀ ਜਗਦੀਸ਼ ਸਾਹਨੀ**: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਨਿਵੇਦਨ ਕਰਨਾ ਚਾਹੁੰਦਾ ਹਾਂ ਕਿ ਜੋ ਆਂਗਨਵਾੜੀ ਵਰਕਰਜ਼ ਪਿਛਲੇ 15-20 ਸਾਲਾਂ ਤੋਂ ਕੰਮ ਕਰ ਰਹੇ ਹਨ ਉਨ੍ਹਾਂ ਨੂੰ 150/-ਰੁਪਏ ਤੋਂ 400/- ਰੁਪਏ ਤੱਕ ਤਨਖਾਹ ਮਿਲਦੀ ਹੈ । ਪੰਜਾਬ ਸਰਕਾਰ ਉਨ੍ਹਾਂ ਵਰਕਰਾਂ ਨੂੰ ਮਿਨੀਮਮ ਵੇਜਿਜ਼ ਐਕਟ ਦੇ ਮੁਤਾਬਿਕ ਤਨਖਾਹਾਂ ਕਿਉਂ ਨਹੀਂ ਦਿੰਦੀ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਜੋ ਆਂਗਨਵਾੜੀ ਵਰਕਰ ਕੰਮ ਕਰਦੇ ਹਨ, ਉਨ੍ਹਾਂ ਨੂੰ ਤਨਖਾਹਾਂ ਨਹੀਂ ਮਿਲਦੀਆਂ ਬਲਕਿ ਔਨਰੇਰੀਅਮ ਦਿੱਤਾ ਜਾਂਦਾ ਹੈ । ਚਾਰ ਘੰਟੇ ਬੀਬੀਆਂ ਕੰਮ ਕਰਦੀਆਂ ਹਨ ਅਤੇ ਉਹ ਮਿਨੀਮਮ ਵੇਜਿਜ਼ ਐਕਟ ਵਿਚ ਨਹੀਂ ਆਉਂਦੀਆਂ । ਇਸ ਲਈ ਉਨ੍ਹਾਂ ਨੂੰ ਹਰ ਮਹੀਨੇ 400/- ਰੁਪਿਆ ਮਾਨ ਭੱਤਾ ਦਿੱਤਾ ਜਾਂਦਾ ਹੈ ।

**ਸ੍ਰੀ ਜਗਦੀਸ਼ ਸਾਹਨੀ**: ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਕਿਹਾ ਹੈ ਕਿ 'ਨਹੀਂ ਜੀ' । ਪਰ ਇਹ ਜਿਹੜੇ ਵਰਕਰ ਕੰਮ ਕਰਦੇ ਹਨ, ਕੀ ਉਨ੍ਹਾਂ ਦੀ ਪਰੋਮੋਸ਼ਨ ਵੀ ਹੁੰਦੀ ਹੈ ਜਾਂ ਨਹੀਂ ? ਇਨ੍ਹਾਂ ਵਰਕਰਾਂ ਵਿਚ ਬਹੁਤ ਲੜਕੀਆਂ ਬੀ. ਏ. ਅਤੇ ਐਮ. ਏ. ਪਾਸ ਹਨ । ਕੀ ਉਨ੍ਹਾਂ ਵਰਕਰਾਂ ਨੂੰ ਪਰੋਮੋਸ਼ਨ ਦੇ ਕੇ ਕਿਸੇ ਹੋਰ ਪੋਸਟ ਤੇ ਲਗਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਪਿਛੇ ਜਿਹੇ ਪਰਮੋਸ਼ਨ ਵੀ ਹੋਈ ਹੈ ਅਤੇ ਜਿਥੇ ਵੀ ਮੌਕਾ ਮਿਲੇਗਾ ਅਤੇ ਜੋ ਵੀ ਕਰ ਸਕਦੇ ਹਾਂ, ਕਰਾਂਗੇ ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰਨ ਲਈ ਖੜ੍ਹੇ ਹੋਏ ਸਨ ਅਤੇ ਚੌਧਰੀ ਜਗਜੀਤ ਸਿੰਘ ਸਪਲੀਮੈਂਟਰੀ ਕਰਨ ਦੀ ਮੰਗ ਕਰ ਰਹੇ ਸਨ)

**ਸ੍ਰੀ ਸਪੀਕਰ**: ਕੁਐਸਚਨ ਆਵਰ ਚੱਲ ਰਿਹਾ ਹੈ ਅਤੇ ਪੁਆਇੰਟ ਆਫ ਆਰਡਰ ਨਹੀਂ ਹੋ ਸਕਦਾ । ਚੌਧਰੀ ਜਗਜੀਤ ਸਿੰਘ ਜੀ, ਤੁਸੀਂ ਸਪਲੀਮੈਂਟਰੀ ਪੁੱਛੋ ।

**ਚੌਧਰੀ ਜਗਜੀਤ ਸਿੰਘ** ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਆਂਗਨਵਾੜੀ ਵਰਕਰਾਂ ਨੂੰ 400/- ਰੁਪਿਆ ਪ੍ਰਤੀ ਮਹੀਨਾ ਔਨਰੇਰੀਅਮ ਮਿਲਦਾ ਹੈ । ਹਿੰਦੁਸਤਾਨ ਵਿਚ ਕੁਝ ਸਟੇਟਸ ਐਸੀਆਂ ਹਨ ਜਿਥੇ ਕਿ ਆਂਗਨਵਾੜੀ ਵਰਕਰਾਂ ਨੂੰ ਔਨਰੇਰੀਅਮ 400/- ਰੁਪਏ ਪ੍ਰਤੀ ਮਹੀਨਾ ਤੇ 600/- ਰੁਪਿਆ ਪ੍ਰਤੀ ਮਹੀਨਾ ਕੀਤਾ ਗਿਆ ਹੈ । ਬਾਕੀ ਸਟੇਟਾਂ ਕੋਲ ਇਤਨੇ ਰਿਸੋਰਸਿਜ਼ ਨਹੀਂ ਹਨ ਜਿਤਨੇ ਕਿ ਪੰਜਾਬ ਸਟੇਟ ਕੋਲ ਹਨ । ਪਿਛਲੀ ਸਰਕਾਰ ਨੇ ਆਂਗਨਵਾੜੀ ਵਰਕਰਾਂ ਦਾ ਔਨਰੇਰੀਅਮ 400/- ਰੁਪਏ ਪ੍ਰਤੀ ਮਹੀਨਾ ਤੋਂ 600/-ਰੁਪਿਆ ਪ੍ਰਤੀ ਮਹੀਨਾ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ

Original with;
Punjab Vidhan Sabha
Digitized by;
Panjab Digital Library

ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਆਂਗਨਵਾੜੀ ਵਰਕਰਾਂ ਲਈ 400/- ਰੁਪਏ ਪ੍ਰਤੀ ਮਹੀਨਾ ਤੋਂ 600/- ਰੁਪਿਆ ਪ੍ਰਤੀ ਮਹੀਨਾ ਔਨਰੇਰੀਅਮ ਕਰਨਗੇ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਸ ਬਾਰੇ ਜ਼ਰੂਰ ਵਿਚਾਰ ਕਰਾਂਗੇ ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਜੋ ਚੌਧਰੀ ਸਾਹਿਬ ਨੇ ਸਵਾਲ ਪੁੱਛਿਆ ਹੈ ਮੈਂ ਉਸ ਨੂੰ ਦੁਹਰਾਉਣਾ ਚਾਹੁੰਦਾ ਹਾਂ ਕਿ ਆਂਗਨਵਾੜੀ ਵਰਕਰਾਂ ਲਈ ਔਨਰੇਰੀਅਮ 400/- ਰੁਪਿਆ ਪ੍ਰਤੀ ਮਹੀਨਾ ਤੋਂ 600/- ਰੁਪਿਆ ਪ੍ਰਤੀ ਮਹੀਨਾ ਕਰਨ ਲਈ ਨੋਟੀਫਿਕੇਸ਼ਨ ਜਾਰੀ ਹੋ ਚੁੱਕਾ ਸੀ । 600/- ਰੁਪਏ ਦੇ ਹਿਸਾਬ ਨਾਲ ਇਕ ਮਹੀਨੇ ਦਾ ਜਿਵੇਂ ਮਾਨ-ਭੱਤਾ ਕਹਿ ਲਓ, ਉਨ੍ਹਾਂ ਨੇ ਡਰਾਅ ਵੀ ਕਰ ਲਿਆ ਪਰ ਸਰਕਾਰ ਨੇ ਹੁਣ ਦੁਬਾਰਾ ਮਾਨ-ਭੱਤਾ ਦੇਣ ਲਗਿਆਂ ਉਸ ਵਾਧੇ ਨੂੰ ਫਿਰ ਕੱਟ ਦਿਤਾ । ਸਪੀਕਰ ਸਾਹਿਬ, ਸਵਾਲ ਤਾਂ ਇਸ ਗੱਲ ਦਾ ਹੈ ਕਿ ਇਕ ਵਾਰੀ ਉਨ੍ਹਾਂ ਨੇ 600/- ਰੁਪਏ ਦੇ ਹਿਸਾਬ ਨਾਲ ਡਰਾਅ ਵੀ ਕਰ ਲਿਆ, ਫਿਰ ਦੁਬਾਰਾ ਕਟੌਤੀ ਕਿਉਂ ਕੀਤੀ ਗਈ ? ਕੀ ਸਰਕਾਰ ਇਹ 600/- ਰੁਪਏ ਦੇ ਹਿਸਾਬ ਨਾਲ ਮਾਨ ਭੱਤਾ ਬਹਾਲ ਕਰੇਗੀ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਜੋ ਕਟੌਤੀ ਵੀ ਕੀਤੀ ਹੋਵੇਗੀ ਤਾਂ ਪਹਿਲੀ ਸਰਕਾਰ ਨੇ ਬੇਸ਼ੱਕ ਕੀਤੀ ਹੋਵੇਗੀ । ਹੁਣ ਅਸੀਂ ਇਸ ਗੱਲ ਨੂੰ ਵਿਚਾਰ ਰਹੇ ਹਾਂ ਕਿ ਮਾਨ-ਭੱਤਾ ਇਨਕਰੀਜ਼ ਕੀਤਾ ਜਾਵੇ । ਇਸ ਗੱਲ ਤੇ ਅਸੀਂ ਬੜੀ ਹਮਦਰਦੀ ਨਾਲ ਵਿਚਾਰ ਕਰ ਰਹੇ ਹਾਂ ।

**ਚੌਧਰੀ ਮੋਹਨ ਲਾਲ ਬਹਿਰਾਮ**: ਸਪੀਕਰ ਸਾਹਿਬ, ਜਦੋਂ ਪਹਿਲੀ ਸਰਕਾਰ ਚਾਲੇ ਸੀ ਅਤੇ ਨਵੀਂ ਸਰਕਾਰ ਦੀ ਫੋਰਮੇਸ਼ਨ ਹੋਣੀ ਸੀ, ਉਸ ਅਵਸਥਾ ਵਿਚ 10 ਤਾਰੀਖ ਨੂੰ ਆਂਗਨਵਾੜੀ ਵਰਕਰਾਂ ਦੀਆਂ, ਸੁਪਰਵਾਈਜ਼ਰਾਂ ਦੀਆਂ ਕਾਫੀ ਮਾਤਰਾ ਵਿਚ ਨਿਯੁਕਤੀਆਂ ਹੋਈਆਂ ਸਨ । ਕੀ ਇਹ ਜਿਹੜੀਆਂ ਨਿਯੁਕਤੀਆਂ ਪਹਿਲੀ ਸਰਕਾਰ ਨੇ 10 ਤਾਰੀਖ ਤੋਂ 15 ਤਾਰੀਖ ਦੇ ਦਰਮਿਆਨ ਕੀਤੀਆਂ ਅਤੇ ਪੈਸੇ ਲੈ ਕੇ ਕੀਤੀਆਂ, ਕੀ ਉਹ ਕੈਂਸਲ ਕਰ ਦਿਤੀਆਂ ਜਾਣਗੀਆਂ ਜਾਂ ਨਹੀਂ ? (ਵਿਘਨ) (ਸ਼ੋਰ)

**ਸ੍ਰੀ ਸਪੀਕਰ**: ਇਹ ਨਿਯੁਕਤੀਆਂ ਦਾ ਮਸਲਾ ਨਹੀਂ । ਤੁਸੀਂ ਬੈਠੋ ।

**ਚੌਧਰੀ ਮੋਹਨ ਲਾਲ ਬਹਿਰਾਮ**: ਸਪੀਕਰ ਸਾਹਿਬ, . . . . (ਵਿਘਨ) (ਸ਼ੋਰ)

**ਸ੍ਰੀ ਜਗਦੀਸ਼ ਸਾਹਨੀ**: ** ** **

**ਸ੍ਰੀ ਸਪੀਕਰ**: ਨਿਯੁਕਤੀਆਂ ਦੀ ਗੱਲ ਫਿਰ ਕਰ ਲਵਾਂਗੇ ।

**ਸ੍ਰੀ ਜਗਦੀਸ਼ ਸਾਹਨੀ**: ** ** **

(ਵਿਘਨ) (ਸ਼ੋਰ)

**ਸ੍ਰੀ ਸੱਤਿਆ ਪਾਲ ਸੈਣੀ**: ** ** **

(ਸ਼ੋਰ)

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ:** ਸੱਤਿਆ ਪਾਲ ਜੀ, ਤੁਸੀਂ ਬੈਠ ਜਾਉ। ਕਿਰਪਾ ਕਰਕੇ ਬੈਠ ਜਾਉ।

**ਸ੍ਰੀ ਸੱਤਿਆ ਪਾਲ ਸੈਣੀ:** ** ** **

(ਵਿਘਨ)

**ਕਾਮਰੇਡ ਅਜੈਬ ਸਿੰਘ ਰੌਂਤਾ:** ** ** **

(ਵਿਘਨ)

**ਸ੍ਰੀ ਜਗਦੀਸ਼ ਸਾਹਨੀ:** ** ** **

(ਸ਼ੋਰ)

**ਸ੍ਰੀ ਸਪੀਕਰ:** ਜੋ ਕੁਝ ਵੀ ਮੇਰੀ ਮਨਜ਼ੂਰੀ ਤੋਂ ਬਗੈਰ ਗੱਲ ਕੀਤੀ ਗਈ ਹੈ, ਰਿਕਾਰਡ ਤੇ ਨਾ ਲਿਆਂਦੀ ਜਾਵੇ। (ਸ਼ੋਰ) ਮੋਹਨ ਲਾਲ ਜੀ ਬੈਠ ਜਾਉ। ਅਜੈਬ ਸਿੰਘ ਜੀ, ਬੈਠ ਜਾਉ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਬੋਲ ਰਹੇ ਸਨ ਅਤੇ ਸ਼ੋਰ ਹੋਣ ਕਾਰਣ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

ਚੌਧਰੀ ਸਾਹਿਬ, ਤੁਸੀਂ ਦੱਸੋ। (ਵਿਘਨ) ਮੋਹਨ ਲਾਲ ਜੀ, ਬੈਠ ਜਾਉ। ਸਤਿਆ ਪਾਲ ਜੀ, ਬੈਠ ਜਾਉ।

**ਚੌਧਰੀ ਜਗਜੀਤ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਜਵਾਬ ਪੂਰਾ ਕਲੀਅਰ ਨਹੀਂ ਹੋ ਸਕਿਆ......

**ਕਾਮਰੇਡ ਅਜੈਬ ਸਿੰਘ ਰੌਂਤਾ:** ਸਪੀਕਰ ਸਾਹਿਬ,......

**ਸ੍ਰੀ ਸਪੀਕਰ:** ਅਜੈਬ ਸਿੰਘ ਜੀ, ਤੁਸੀਂ ਤਾਂ ਸਿਆਣੇ ਹੋ, ਪੁਰਾਣੇ ਮੈਂਬਰ ਹੋ। ਚੌਧਰੀ ਸਾਹਿਬ ਦੀ ਗੱਲ ਸੁਣ ਲਓ।

**ਚੌਧਰੀ ਜਗਜੀਤ ਸਿੰਘ:** ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਵਿਚਾਰ ਕਰ ਲਵਾਂਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 200/- ਰੁਪਏ ਦਾ ਪਿਛਲੀ ਸਰਕਾਰ ਨੇ ਇਨ੍ਹਾਂ ਫ੍ਰੀਡਮ ਫਾਈਟਰਜ਼ ਦੇ ਮਾਨ-ਭੱਤੇ ਵਿਚ ਵਾਧਾ ਕੀਤਾ ਸੀ, ਕਟੌਤੀ ਨਹੀਂ ਕੀਤੀ। ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਕੋਈ ਕਟੌਤੀ ਹੋਈ ਹੈ, ਜੋ ਪਹਿਲਾਂ ਨੋਟੀਫਿਕੇਸ਼ਨ ਹੋ ਚੁੱਕੀ ਹੈ ਤਾਂ ਫਿਰ ਕੀ ਇਹ ਹੁਣ ਇਸ 200/- ਰੁਪਏ ਦੇ ਵਾਧੇ ਨੂੰ ਜਾਰੀ ਰੱਖਣਗੇ ?

**ਮੁੱਖ ਮੰਤਰੀ:** ਸਪੀਕਰ ਸਾਹਿਬ, ਕੋਈ ਵੀ ਚੰਗਾ ਕੰਮ, ਕੋਈ ਵੀ ਚੰਗਾ ਨੋਟੀਫਿਕੇਸ਼ਨ ਅਗਰ ਹੋਇਆ ਹੈ ਤਾਂ ਅਸੀਂ ਉਸ ਨੂੰ ਜਾਰੀ ਰੱਖਾਂਗੇ। ਮੈਂ ਪਹਿਲਾਂ ਵੀ ਕਹਿ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਚੁੱਕਾ ਹਾਂ ਕਿ ਅਸੀਂ ਬਜਟ ਬਣਾਉਣਾ ਹੈ, ਉਸ ਵਿਚ ਹਰ ਗੱਲ ਨੂੰ ਵਿਚਾਰ ਰਹੇ ਹਾਂ। ਹਰੇਕ ਕਲਾਸ ਦੇ ਬੰਦਿਆਂ ਲਈ ਹਮਦਰਦੀ ਨਾਲ ਜੋ ਕੁਝ ਵੀ ਸਾਡੇ ਕੋਲੋਂ ਸੰਭਵ ਹੋਇਆ, ਜ਼ਰੂਰ ਕਰਾਂਗੇ। (ਥੰਪਿੰਗ)

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ। ਮੁੱਖ ਮੰਤਰੀ ਜੀ ਨੇ ਆਪ ਉੱਤਰ ਦੇਂਦੇ ਹੋਏ ਦੱਸਿਆ ਸੀ ਕਿ ਇਸ ਵਿਚ ਪਰੋਮੋਸ਼ਨ ਦੇ ਚਾਨਸਿਜ਼ ਵੀ ਹਨ। ਇਨ੍ਹਾਂ ਵਰਕਰਾਂ ਤੋਂ ਸੁਪਰਵਾਈਜ਼ਰ ਵੀ ਪਰੋਮੋਟ ਹੁੰਦੀਆਂ ਹਨ। ਇਸੇ ਗੱਲ ਨਾਲ ਅਗਲਾ ਸਵਾਲ ਜੁੜਿਆ ਹੋਇਆ ਹੈ ਜਿਸਦੇ ਮੁਤੱਲਕ ਮੈਂ ਤੁਹਾਡੇ ਤੋਂ ਵਿਸ਼ਵਾਸ ਚਾਹੁੰਦਾ ਹਾਂ ਕਿ ਇਨ੍ਹਾਂ ਵਿਚੋਂ ਸੁਪਰਵਾਈਜ਼ਰਾਂ ਪਿੱਛੇ ਜਿਹੜੀਆਂ ਪਰੋਮੋਟ ਕੀਤੀਆਂ ਗਈਆਂ ਹਨ, ਉਸ ਕੰਮ ਵਿਚ ਬਹੁਤ ਵੱਡੇ ਪੈਮਾਨੇ ਤੇ ਘਪਲਾ ਹੋਇਆ ਹੈ ਜਿਸਦੀ ਕਿ ਬੜੀ ਚਰਚਾ ਵੀ ਹੈ। ਉਸ ਬਾਰੇ ਸੈਕ੍ਰੇਟਰੀ ਤੇ ਸਿੱਧੀ ਉਂਗਲੀ ਉਠ ਰਹੀ ਹੈ, ਜਾਂ ਤਾਂ ਸਰਕਾਰ ਵਲੋਂ ਇਸ ਬਾਰੇ ਕੋਈ ਨੋਟੀਫਿਕੇਸ਼ਨ ਜਾਰੀ ਹੋਵੇ ਜਾਂ ਫਿਰ ਸਪੀਕਰ ਸਾਹਿਬ ਕੋਈ ਹਾਊਸ ਦੀ ਕਮੇਟੀ ਬਣਾ ਦੇਣ ਤਾਂ ਕਿ ਇਨਕੁਆਇਰੀ ਕੀਤੀ ਜਾ ਸਕੇ ਅਤੇ ਸਾਰੇ ਫੈਕਟਸ ਸਾਹਮਣੇ ਆ ਜਾਣ।

**ਮੁੱਖ ਮੰਤਰੀ**: ਸਪੀਕਰ ਸਾਹਿਬ, ਕਿਉਂਕਿ ਹਾਊਸ ਵਲੋਂ ਕਾਫੀ ਜ਼ੋਰ ਨਾਲ ਇਹ ਮੰਗ ਉਠੀ ਹੈ, ਮੈਂ ਇਸ ਦੀ ਜ਼ਰੂਰ ਇਨਕੁਆਇਰੀ ਕਰਾ ਲਵਾਂਗਾ ਜੀ।

———

(ਇਸ ਸਮੇਂ ਖੁਰਾਕ ਤੇ ਸਪਲਾਈ, ਜਨ ਸਿਹਤ ਅਤੇ ਪਾਰਲੀਮਾਨੀ ਮਾਮਲਿਆਂ ਦੇ ਮੰਤਰੀ ਹਾਊਸ ਵਿਚ ਆਏ।)

**ਸ੍ਰੀ ਸਪੀਕਰ**: ਹੁਣ ਮੇਰੇ ਸਤਿਕਾਰਯੋਗ ਮਿੱਤਲ ਜੀ ਆਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਦੀ ਮਾਣ-ਮਰਿਆਦਾ ਇਸ ਗੱਲ ਦੀ ਮੰਗ ਕਰਦੀ ਹੈ ਕਿ ਜਿਹੜੇ ਮਨਿਸਟਰ ਦਾ ਸਵਾਲ ਲੱਗਿਆ ਹੋਇਆ ਹੋਵੇ, ਉਹ ਹਾਊਸ ਵਿਚ ਸਮੇਂ ਸਿਰ ਪਹੁੰਚਣ ਦੀ ਖੇਚਲ ਕਰਿਆ ਕਰਨ। ਮੈਂ ਆਸ ਕਰਾਂਗਾ ਕਿ ਮਿੱਤਲ ਸਾਹਿਬ ਇਨ ਫਿਊਚਰ ਇਹੋ ਜਿਹੀ ਕੁਤਾਹੀ ਨਹੀਂ ਕਰਨਗੇ ਜਿਸ ਨਾਲ ਹਾਊਸ ਦੀ ਮਾਣ-ਮਰਿਆਦਾ ਖਰਾਬ ਹੋਵੇ।

**Food & Supplies Minister (Shri Madan Mohan Mittal)**: Sorry, I will keep it in view.

**Mr. Speaker**: Now, the remaining questions of Mr. Mittal. Sardar Ajaib Singh Mukhmailpur.

———

### ਹੜ੍ਹਾਂ ਦੁਆਰਾ ਹੋਏ ਨੁਕਸਾਨ ਲਈ ਮੁਆਵਜ਼ਾ

*111. **ਸਰਦਾਰ ਅਜੈਬ ਸਿੰਘ ਮੁਖਮੈਲਪੁਰ**: ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜੈਬ ਸਿੰਘ ਮੁਖਮੈਲਪੁਰ]

(ੳ) ਸਾਲ 1995-96 ਅਤੇ 1996-97 ਦੇ ਦੌਰਾਨ ਬਲਾਕ ਘਨੌਰ, ਜ਼ਿਲ੍ਹਾ ਪਟਿਆਲਾ ਵਿਚ ਘੱਗਰ ਦਰਿਆ ਵਿਚ ਹੜ੍ਹਾਂ ਕਾਰਣ ਹੋਏ ਫਸਲਾਂ ਅਤੇ ਜਾਨੀ ਨੁਕਸਾਨ ਦੇ ਸਾਲਵਾਰ ਵੇਰਵੇ ਕੀ ਹਨ ਅਤੇ ਕਿਸਾਨਾਂ ਨੂੰ ਹੋਏ ਨੁਕਸਾਨ ਦੇ ਬਦਲੇ ਉਨ੍ਹਾਂ ਨੂੰ ਦਿੱਤੇ ਗਏ ਮੁਆਵਜ਼ੇ ਦੇ ਵੇਰਵੇ ਕੀ ਹਨ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਰੇ ਕਿਸਾਨਾਂ ਨੂੰ ਮੁਆਵਜ਼ੇ ਦੀ ਰਕਮ ਦੇ ਦਿੱਤੀ ਗਈ ਹੈ ;

(ੲ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕਿਸਾਨਾਂ ਵਿਚ ਕੋਈ ਅਜਿਹੇ ਕਿਸਾਨ ਹਨ ਜਿਨ੍ਹਾਂ ਨੂੰ ਅਜੇ ਮੁਆਵਜ਼ਾ ਦਿੱਤਾ ਜਾਣਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਨੂੰ ਕਦੋਂ ਤੱਕ ਮੁਆਵਜ਼ਾ ਦਿੱਤੇ ਜਾਣ ਦੀ ਸੰਭਾਵਨਾ ਹੈ ?

**Shri Madan Mohan Mittal** (Food & Supplies, Public Health and Parliamentary Affairs Minister) The statement containing the information is placed on the Table of the House.

## STATEMENT

(a) In 53 villages of Ghanaur Block of Patiala District, crops in an area of 8,558 acres belonging to 3,554 farmers were damaged during 1995-96 due to floods in the Ghaggar river. Out of Rs. 1,48,63,232/- an amount of Rs. 1,47,63,012/- has been disbursed to the affected persons as relief on account of damage to crops and the action is being taken to disburse the remaining amount of Rs. 1,00,220/- During this year two persons died due to floods and the relief to the tune of Rs. 50,000/- per case has been granted to the heirs of the victims.

The crops in an area of 222 acres of 67 farmers of village Mehduda Block Ghanaur were damaged due to floods during the year 1996-97. No loss of life was reported during this year. The relief is being granted to the tune of Rs. 3,41,600/- to the affected persons on account of damage to crops.

(b) A few affected persons are yet to be given relief.

(c) Yes Sir. The relief will be granted to the farmers to whom it was not granted earlier, within fifteen days.

**ਸਰਦਾਰ ਅਜੈਬ ਸਿੰਘ ਮੁਖਮੈਲਪੁਰ :** ਸਪੀਕਰ ਸਾਹਿਬ, ਜਿਹੜੀ ਰਕਮ ਹੜ੍ਹ ਪੀੜ੍ਹਤਾਂ ਨੂੰ ਵੰਡਣੀ ਹੈ, ਉਸ ਦੇ ਵਾਸਤੇ 15 ਦਿਨਾਂ ਦਾ ਸਮਾਂ ਇਨ੍ਹਾਂ ਨੇ ਨਿਸ਼ਚਿਤ ਕੀਤਾ ਹੈ ਕਿ ਇੰਨੇ ਦਿਨਾਂ ਦੇ ਵਿਚ ਵਿਚ ਇਹ ਰਕਮ ਵੰਡ ਦਿੱਤੀ ਜਾਵੇਗੀ । ਮੈਂ

Original with;
Punjab Vidhan Sabha
Digitized by;
Panjab Digital Library

ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ 1995-96 ਵਿਚ 1 ਲੱਖ 220/-ਰੁਪਏ ਦੀ ਰਕਮ ਬਕਾਇਆ ਪਈ ਹੋਈ ਹੈ, ਉਸੇ ਤਰ੍ਹਾਂ 1996-97 ਵਿਚ ਜਿਹੜੀ ਤਕਰੀਬਨ 3 ਕਰੋੜ ਰੁਪਏ ਦੀ ਰਕਮ ਵੰਡਣੀ ਸੀ, ਉਸ ਵਿਚੋਂ ਵੰਡਣ ਵਾਲੀ ਕਿੰਨੀ ਰਕਮ ਬਕਾਇਆ ਰਹਿੰਦੀ ਹੈ ਅਤੇ ਕੀ ਉਹ ਸਾਰੀ ਦੀ ਸਾਰੀ ਰਕਮ 15 ਦਿਨਾਂ ਦੇ ਵਿਚ ਵਿਚ ਵੰਡ ਦਿੱਤੀ ਜਾਵੇਗੀ ? ਮੇਰਾ ਮਤਲਬ ਹੈ ਕਿ 1995-96 ਵਿਚ 1 ਲੱਖ ਅਤੇ 220/- ਰੁਪਏ ਦੀ ਰਕਮ ਬਚਦੀ ਹੈ । 1996-97 ਵਿਚ ਘਨੌਰ ਬਲਾਕ ਦੇ ਮਹਿਦੂਦਾ ਪਿੰਡ ਵਿਚ 3 ਲੱਖ 41 ਹਜ਼ਾਰ ਰੁਪਏ ਦੀ ਜਿਹੜੀ ਰਕਮ ਵੰਡਣੀ ਸੀ ਉਸ ਵਿੱਚੋਂ ਵੰਡਣ ਵਾਲੀ ਕਿੰਨੀ ਰਕਮ ਬਚਦੀ ਹੈ ਅਤੇ ਉਹ ਕਦੋਂ ਤੱਕ ਵੰਡ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਬੜਾ ਕਲੀਅਰ ਜਵਾਬ ਦਿੱਤਾ ਹੈ । 1995-96 ਵਿਚ 1 ਲੱਖ 220/- ਰੁਪਏ ਦਾ ਬਕਾਇਆ ਰਹਿੰਦਾ ਹੈ ਅਤੇ 1996-97 ਦਾ 3 ਲੱਖ 41600/- ਰੁਪਏ ਦਾ ਬਕਾਇਆ ਰਹਿੰਦਾ ਹੈ । ਇਹ 15 ਦਿਨਾਂ ਦੇ ਅੰਦਰ ਅੰਦਰ ਡਿਸਟਰੀਬਿਊਟ ਕਰ ਦਿੱਤੀ ਜਾਵੇਗੀ ਅਤੇ ਇਸ ਦੇ ਵਾਸਤੇ ਹਦਾਇਤ ਜਾਰੀ ਕਰ ਦਿੱਤੀ ਹੈ ।

———

**ਮੰਡੀ ਕੋਟ ਫੱਤਾ, ਜ਼ਿਲ੍ਹਾ ਬਠਿੰਡਾ ਵਿਚ ਹਾੜ੍ਹੀ ਅਤੇ ਸਾਉਣੀ ਦੀਆਂ ਫਸਲਾਂ ਦੀ ਖਰੀਦ**

*151. **ਸਰਦਾਰ ਮੱਖਣ ਸਿੰਘ** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਮੰਡੀ ਕੋਟ ਫੱਤਾ, ਜ਼ਿਲ੍ਹਾ ਬਠਿੰਡਾ ਵਿਚ ਹਾੜ੍ਹੀ ਅਤੇ ਸਾਉਣੀ ਦੀਆਂ ਫਸਲਾਂ ਦੀ ਖਰੀਦ ਕੀਤੀ ਜਾਂਦੀ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਾਂਹ ਵਿਚ ਹੋਵੇ, ਤਾਂ ਕੀ ਸਰਕਾਰ ਦੀ ਉਕਤ ਮੰਡੀ ਵਿਚ ਉਕਤ ਫਸਲਾਂ ਦੀ ਖਰੀਦ ਸ਼ੁਰੂ ਕਰਨ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੋਂ ?

**Shri Madan Mohan Mittal** (a) Yes.

(b) In view of (a) above, question does not arise.

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਖਰੀਦ ਚਾਲੂ ਕਰਨ ਲਈ ਸਾਰੀਆਂ ਸਰਕਾਰੀ ਰਸਮਾਂ ਦੀ ਪੂਰਤੀ ਕਰ ਲਈ ਗਈ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਸਵਾਲ ਦੁਬਾਰਾ ਕਲੀਅਰ ਕਰਨ ।

**ਸਰਦਾਰ ਮੱਖਣ ਸਿੰਘ** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਖਰੀਦ ਚਾਲੂ ਕਰਨ ਲਈ ਸਾਰੀਆਂ ਸਰਕਾਰੀ ਰਸਮਾਂ ਦੀ ਪੂਰਤੀ ਕਰ ਲਈ ਗਈ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਖਰੀਦ ਕਰਨ ਵਾਸਤੇ ਉਥੇ ਯਾਰਡ ਆਲਰੇਡੀ ਕੰਮ ਕਰ ਰਿਹਾ ਹੈ । 1994-95, 1995-96 ਅਤੇ 1996-97 ਵਿਚ ਵੀ ਉਥੇ ਕੰਮ ਹੋਇਆ ਹੈ ਅਤੇ ਅੱਗੇ ਵਾਸਤੇ ਵੀ ਉਥੇ ਜੋ ਵੀ ਲੋੜੀਂਦੀ ਕਾਰਵਾਈ ਹੈ, ਉਹ ਪੂਰੀ ਕੀਤੀ ਜਾਵੇਗੀ ਅਤੇ ਉਥੇ ਪ੍ਰੋਕਿਓਰਮੈਂਟ ਸੈਂਟਰ ਚਲਦਾ ਰਹੇਗਾ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਗੱਲ ਸਾਫ ਨਹੀਂ ਕੀਤੀ । ਹਾੜ੍ਹੀ ਦੀ ਤਾਂ ਉਥੇ ਹਮੇਸ਼ਾ ਖਰੀਦ ਹੁੰਦੀ ਹੈ ਲੇਕਿਨ ਸਾਉਣੀ ਦੀ ਖਰੀਦ ਨਹੀਂ ਹੁੰਦੀ । ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਗਲੀ ਸਾਉਣੀ ਦੀ ਫਸਲ ਦੀ ਉਥੇ ਖਰੀਦ ਹੋ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, 1996-97 ਵਿਚ 808 ਟਨ ਦੀ ਉਥੇ ਖਰੀਦ ਹੋਈ ਹੈ । ਅਗਰ ਉਥੇ ਸਫੀਸ਼ੈਂਟ ਮੈਟੀਰੀਅਲ ਹੋਵੇਗਾ ਅਤੇ ਮੰਡੀ ਵਾਇਬਲ ਹੋਵੇਗੀ ਤਾਂ ਉਥੇ ਜ਼ਰੂਰ ਖਰੀਦ ਕੀਤੀ ਜਾਵੇਗੀ । ਹਾੜ੍ਹੀ ਦੀ ਫਸਲ ਦੀ ਖਰੀਦ ਤਾਂ ਪਹਿਲਾਂ ਹੀ ਹੋ ਰਹੀ ਹੈ । ਖਰੀਫ ਦੀ ਫਸਲ ਦੀ ਖਰੀਦ ਵਾਸਤੇ ਉਥੇ ਸਫੀਸ਼ੈਂਟ ਮੈਟੀਰੀਅਲ ਹੋਣਾ ਚਾਹੀਦਾ ਹੈ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਹਾੜ੍ਹੀ ਦੀ ਖਰੀਦ ਤਾਂ ਉਥੇ ਹੁੰਦੀ ਹੈ, ਇਹ ਮੈਂ ਮੰਨਦਾ ਹਾਂ । ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਖਰੀਫ ਦੀ ਖਰੀਦ ਵੀ ਹੋਵੇਗੀ ?

**ਮੰਤਰੀ** : ਸਪੀਕਰ ਸਾਹਿਬ, ਸਾਉਣੀ ਦੀ 1994-95 ਅਤੇ 1995-96 ਵਿਚ ਕੋਈ ਖਰੀਦ ਨਹੀਂ ਹੋਈ ਲੇਕਿਨ 1996-97 ਵਿਚ 808 ਟਨ ਦੀ ਖਰੀਦ ਹੋਈ ਹੈ । ਅਗਰ ਇਹ ਮੰਡੀ ਵਾਇਬਲ ਹੋਵੇਗੀ ਅਤੇ ਸਫੀਸ਼ੈਂਟ ਮੈਟੀਰੀਅਲ ਹੋਵੇਗਾ ਤਾਂ ਇਹ ਸੈਂਟਰ ਚਲਦਾ ਰਹੇਗਾ । ਸਰਕਾਰ ਦੀ ਮਨਸ਼ਾ ਇਸ ਪ੍ਰੋਕਿਓਰਮੈਂਟ ਸੈਂਟਰ ਨੂੰ ਬੰਦ ਕਰਨ ਦੀ ਨਹੀਂ ਹੈ. But this centre must be provided sufficient material for purchase.

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਮੰਤਰੀ ਜੀ ਨੂੰ ਠੀਕ ਜਾਣਕਾਰੀ ਨਹੀਂ ਹੈ । ਹਾੜ੍ਹੀ ਦੀ ਖਰੀਦ ਤਾਂ ਉਥੇ ਹਮੇਸ਼ਾ ਹੁੰਦੀ ਹੈ । ਲੇਕਿਨ ਸਾਉਣੀ ਦੀ ਖਰੀਦ ਅਜੇ ਤੱਕ ਨਹੀਂ ਹੋਈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਗਲੀ ਸਾਉਣੀ ਦੀ ਖਰੀਦ ਹੋ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਬੜਾ ਕਲੀਅਰ ਜਵਾਬ ਦਿੱਤਾ ਹੈ ਕਿ 1996-97 ਵਿਚ ਖਰੀਫ ਦੀ 808 ਟਨ ਦੀ ਖਰੀਦ ਹੋ ਵੀ ਚੁੱਕੀ ਹੈ ਅਤੇ ਅੱਗੇ ਵਾਸਤੇ ਵੀ ਅਸੀਂ ਇਹ ਖਰੀਦ ਜ਼ਰੂਰ ਕਰਾਂਗੇ । ਅਗਰ ਮੰਡੀ ਵਾਇਬਲ ਹੋਵੇਗੀ ਤਾਂ ਅੱਗੇ ਵਾਸਤੇ ਵੀ ਜ਼ਰੂਰ ਕਰ ਲਵਾਂਗੇ । ਜੇਕਰ ਉਹ ਸ਼ਰਤਾਂ ਪੂਰੀਆਂ ਕਰਨਗੇ ਤਾਂ ਜ਼ਰੂਰ ਖੋਲ੍ਹਾਂਗੇ । But it must fulfil the conditions.

**Mr. Speaker** : Questions are over.

---

Original with;
Punjab Vidhan Sabha
Digitized by;
Panjab Digital Library

## UNSTARRED QUESTIONS AND ANSWERS

### ਪਠਾਨਕੋਟ ਤੋਂ ਦੁਨੇਰਾ ਤੱਕ ਦਾ ਬੱਸ-ਕਿਰਾਇਆ ਘਟਾਉਣਾ

13. **ਮਾਸਟਰ ਮੋਹਨ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਠਾਨਕੋਟ ਸਬ-ਡਿਵੀਜ਼ਨ ਅਤੇ ਧਾਰ ਸਬ-ਤਹਿਸੀਲ ਵਿਚ ਪਠਾਨਕੋਟ ਤੋਂ ਦੁਨੇਰਾ ਤੱਕ ਦਾ ਬੱਸ-ਕਿਰਾਇਆ ਰਾਜ ਵਿਚ ਸਭ ਤੋਂ ਵੱਧ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ ।

---

### ਐਮ.ਐਲ.ਏਜ਼. ਅਤੇ ਸਾਬਕਾ ਐਮ.ਐਲ.ਏਜ਼ ਦੀ ਸੁਰੱਖਿਆ

14. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਫਰਵਰੀ, 1997 ਦੇ ਦੂਜੇ ਹਫ਼ਤੇ ਦੌਰਾਨ ਭੰਗ ਹੋਈ ਦਸਵੀਂ ਵਿਧਾਨ ਸਭਾ ਦੇ ਮੈਂਬਰਾਂ ਨੂੰ ਕਿਸ ਦਰਜੇ ਦੀ ਸੁਰੱਖਿਆ ਮੁਹੱਈਆ ਸੀ ਅਤੇ ਵਿਧਾਨ ਸਭਾ ਦੇ ਭੰਗ ਹੋਣ ਤੋਂ ਬਾਅਦ ਉਨ੍ਹਾਂ ਨੂੰ ਸਾਬਕਾ ਐਮ.ਐਲ.ਏਜ਼. ਵਜੋਂ ਇਸ ਵੇਲੇ ਕਿਸ ਦਰਜੇ ਦੀ ਸੁਰੱਖਿਆ ਮੁਹੱਈਆ ਕੀਤੀ ਗਈ ਹੈ;

(ਅ) ਗਿਆਰਵੀਂ ਵਿਧਾਨ ਸਭਾ ਦੇ ਮੈਂਬਰਾਂ ਨੂੰ ਕਿਸ ਦਰਜੇ ਦੀ ਸੁਰੱਖਿਆ ਮੁਹੱਈਆ ਕੀਤੀ ਗਈ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: (ੳ) ਦਸਵੀਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਸਾਹਿਬਾਨ ਨੂੰ ਜੋ ਫਰਵਰੀ, 1997 ਦੇ ਦੂਜੇ ਹਫਤੇ ਭੰਗ ਕੀਤੀ ਗਈ ਸੀ, ਇਕ ਐਸਕਾਰਟ ਗੱਡੀ, ਦੋ ਹੌਲਦਾਰ, ਅੱਠ ਸਿਪਾਹੀ ਅਤੇ ਇਕ ਜਾਂ ਦੋ ਵਿਅਕਤੀਗਤ ਗੰਨਮੈਨ ਜਿਥੇ ਜ਼ਰੂਰੀ ਹੋਵੇ ਦਿੱਤੇ ਗਏ ਸਨ । ਇਸ ਵੇਲੇ ਦਸਵੀਂ ਪੰਜਾਬ ਵਿਧਾਨ ਸਭਾ ਦੇ ਸਾਬਕਾ ਐਮ.ਐਲ. ਏਜ਼. ਨੂੰ ਉਨ੍ਹਾਂ ਲਈ ਨਿਰਧਾਰਤ ਸ਼੍ਰੇਣੀ ਅਤੇ ਥਰੈਟ ਪਰਸੈਪਸ਼ਨ ਅਨੁਸਾਰ, ਪਰ ਘੱਟ ਤੋਂ ਘੱਟ ਦੋ ਨਿੱਜੀ ਸੁਰੱਖਿਆ ਗਾਰਡਾਂ ਦੀ ਸੁਰੱਖਿਆ ਦਿੱਤੀ ਜਾ ਰਹੀ ਹੈ ।

(ਅ) ਗਿਆਰਵੀਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਸਾਹਿਬਾਨ ਨੂੰ ਵੀ ਉਸੇ ਮਾਪਦੰਡ ਅਨੁਸਾਰ ਸੁਰੱਖਿਆ ਦਿੱਤੀ ਜਾ ਰਹੀ ਹੈ ਜੋ ਦਸਵੀਂ ਵਿਧਾਨ ਸਭਾ ਦੇ ਮੈਂਬਰ ਸਾਹਿਬਾਨ ਨੂੰ ਦਿੱਤੀ ਜਾਂਦੀ ਸੀ ।

---

### ਪੁਲਿਸ ਅਤੇ ਪੈਰਾ-ਮਿਲਟਰੀ ਫੋਰਸਾਂ ਤੇ ਖਰਚਾ

15. **ਸਰਦਾਰ ਭਾਗ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲਾਂ 1982-83 ਤੋਂ 1996-97 (ਮਿਤੀ ਅੰਤ) ਤੱਕ ਦੇ ਦੌਰਾਨ ਸਰਕਾਰ ਦੁਆਰਾ ਰਾਜ ਵਿਚ ਪੁਲਿਸ ਅਤੇ ਪੈਰਾ-ਮਿਲਟਰੀ ਫੋਰਸਾਂ ਤੇ ਸਾਲ-ਵਾਰ ਕਿੰਨਾ ਖਰਚਾ ਕੀਤਾ ਗਿਆ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

## ਅਨੁਲੱਗ

ਪੰਜਾਬ ਪੁਲਿਸ ਅਤੇ ਸੁਰੱਖਿਆ ਬਲਾਂ ਤੇ ਸਾਲ 1982-83 ਤੋਂ 1996-97 (ਮਿਤੀ ਅੰਤ) ਤੱਕ ਹੋਇਆ ਖਰਚਾ :—

(ਖਰਚਾ ਰਕਮ ਹਜ਼ਾਰਾਂ ਵਿਚ)

| ਸਾਲ | ਪੰਜਾਬ ਪੁਲਿਸ | ਸੁਰੱਖਿਆ ਬਲ |
|---|---|---|
| 1 | 2 | 3 |
| 1982-83 | 43,78,54 | — |
| 1983-84 | 49,76,08 | — |
| 1984-85 | 55,44,63 | — |
| 1985-86 | 61,57,60 | 19,37,00 |
| 1986-87 | 69,07,64 | 13,92,00 |
| 1987-88 | 93,03,75 | — |
| 1988-89 | 1,15,94,53 | — |
| 1989-90 | 1,41,79,98 | — |
| 1990-91 | 2,02,61,29 | — |
| 1991-92 | 2,54,48,78 | — |
| 1992-93 | 3,42,82,39 | 2,92,00,00 |
| 1993-94 | 3,59,04,65 | — |
| 1994-95 | 4,21,53,11 | — |
| 1995-96 | 4,48,47,54 | — |
| 1996-97 (1-4-96 ਤੋਂ 31-1-97) | 3,67,23,44 | — |

Original with;
Punjab Vidhan Sabha
Digitized by;
Panjab Digital Library

## ਪੁਲਿਸ ਵਿਭਾਗ ਵਿਚ ਵਾਰੀ ਤੋਂ ਬਿਨਾਂ ਤਰੱਕੀਆਂ

16. **ਸਰਦਾਰ ਭਾਗ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਵੇਲੇ ਡਿਪਟੀ ਸੁਪਰਡੈਂਟ ਆਫ ਪੁਲਿਸ ਅਤੇ ਇਸ ਤੋਂ ਉਪਰ ਦੇ ਅਹੁਦਿਆਂ ਤੇ ਕੰਮ ਕਰ ਰਹੇ ਅਫਸਰਾਂ ਅਤੇ ਪੈਰਾ-ਮਿਲਟਰੀ ਫੋਰਸਿਜ਼ ਅਤੇ ਹੋਰ ਰਾਜਾਂ ਤੋਂ ਡੈਪੂਟੇਸ਼ਨ ਤੇ ਆਏ ਅਫਸਰਾਂ ਦੀ ਗਿਣਤੀ ਕਿੰਨੀ ਹੈ ;

(ਅ) ਉਕਤ ਭਾਗ (ੳ) ਵਿਚ ਵਰਣਿਤ ਅਫਸਰਾਂ ਵਿਚੋਂ ਅਜਿਹੇ ਅਫਸਰਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਮਨਜ਼ੂਰ-ਸ਼ੁਦਾ ਅਸਾਮੀਆਂ ਦੀ ਗਿਣਤੀ ਵਿਰੁੱਧ ਅਹੁਦਿਆਂ ਤੇ ਕੰਮ ਕਰ ਰਹੇ ਹਨ;

(ੲ) ਉਕਤ ਭਾਗ (ੳ) ਅਤੇ (ਅ) ਵਿਚ ਵਰਣਿਤ ਅਫਸਰਾਂ ਵਿਚੋਂ ਉਨ੍ਹਾਂ ਅਫਸਰਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਵਾਰੀ ਤੋਂ ਬਿਨਾਂ ਜਾਂ ਤਦ-ਅਰਥ ਆਧਾਰ ਤੇ ਤਰੱਕੀਆਂ ਦਿੱਤੀਆਂ ਗਈਆਂ ਹਨ;

(ਸ) ਕੀ ਸਰਕਾਰ ਦੀ ਉਕਤ ਭਾਗ (ੲ) ਵਿਚ ਵਰਣਿਤ ਅਫਸਰਾਂ ਦੇ ਕੇਸਾਂ ਦੀ ਸਮੀਖਿਆ ਕਰਨ ਲਈ ਕੋਈ ਕਾਰਵਾਈ ਕਰਨ ਦੀ ਤਜਵੀਜ਼ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ)

| | | ਸਟੇਟ ਕਾਡਰ | ਪੈਰਾ ਮਿਲਟਰੀ ਫੋਰਸਿਜ਼ | ਦੂਜਿਆਂ ਰਾਜਾਂ ਤੋਂ ਆਏ ਆਈ. ਪੀ.ਐਸ. ਅਫਸਰ ਡੈਪੂਟੇਸ਼ਨ ਤੇ | ਕੁੱਲ ਜੋੜ |
|---|---|---|---|---|---|
| 1 | 2 | 3 | 4 | 5 | 6 |
| 1. | ਡੀ.ਐਸ.ਪੀਜ਼ .. | 315 | 2 | — | 317 |
| 2. | ਏ.ਐਸ.ਪੀਜ਼ .. | 20 | — | — | 20 |
| 3. | ਐਸ.ਪੀਜ਼ .. | 149 | 31 | 1 | 181 |
| 4. | ਡੀ.ਆਈ.ਜੀਜ਼ .. | 19 | — | — | 19 |
| 5. | ਆਈ.ਜੀਜ਼.ਪੀਜ਼ .. | 19 | — | 1 | 20 |
| 6. | ਏ.ਡੀ.ਜੀ.ਪੀਜ਼ .. | 11 | — | — | 11 |
| 7. | ਡੀ.ਜੀ.ਪੀਜ਼ .. | 2 | — | — | 2 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਅ) ਉਪਰੋਕਤ (ੳ) ਵਿੱਚ ਦਰਸਾਏ ਗਏ ਸਾਰੇ ਅਫਸਰ ਮੰਨਜੂਰ ਸ਼ੁਦਾ ਆਸਾਮੀਆਂ ਦੇ ਵਿਰੁੱਧ ਕੰਮ ਰਹੇ/ਵਿਵਸਥਿਤ ਹਨ।

(ੲ) ਹੇਠਾਂ ਲਿਖੇ ਅਧਿਕਾਰੀਆਂ ਨੂੰ ਵਾਰੀ ਤੋਂ ਪਹਿਲਾਂ/ਤਦ-ਅਰਥ ਆਧਾਰ ਤੇ ਤਰੱਕੀਆਂ ਦਿੱਤੀਆਂ ਗਈਆਂ ਹਨ :

| ਡੀ.ਐਸ.ਪੀ | ਏ.ਐਸ.ਪੀ. | ਐਸ.ਪੀ. | ਡੀ.ਆਈ.ਜੀ. | ਆਈ.ਜੀ. | ਏ.ਡੀ.ਜੀ.ਪੀ. | ਡੀ.ਜੀ.ਪੀ. |
|---|---|---|---|---|---|---|
| 1 | 2 | 3 | 4 | 5 | 6 | 7 |
| — | — | ਤਦ-ਅਰਥ ਆਧਾਰ ਤੇ ਤਰੱਕੀਆਂ :<br>†) ਵਾਰੀ ਸਿਰ-41<br>††) ਵਾਰੀ ਤੋਂ 4 ਪਹਿਲਾਂ<br>——<br>ਜੋੜ : 45 | — | — | — | — |

(ਸ) ਅਜਿਹੇ ਸਾਰੇ ਕੇਸਾਂ ਨੂੰ ਮੈਰਿਟ ਦੇ ਆਧਾਰ ਤੇ ਰੀਵਿਊ ਕੀਤਾ ਜਾਵੇਗਾ।

——

## ਬੇਰੁਜ਼ਗਾਰੀ ਭੱਤੇ ਦੀ ਦਰ/ਦਰਾਂ

18. **ਕਾਮਰੇਡ ਹਰਦੇਵ ਅਰਸ਼ੀ** : ਕੀ ਕਿਰਤ ਅਤੇ ਰੁਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਵੱਖ-ਵੱਖ ਸ਼੍ਰੇਣੀਆਂ ਦੇ ਬੇਰੁਜ਼ਗਾਰ ਵਿਅਕਤੀਆਂ ਲਈ ਬੇਰੁਜ਼ਗਾਰੀ ਭੱਤੇ ਦੀਆਂ ਦਰਾਂ ਕੀ-ਕੀ ਹਨ ਅਤੇ ਹਰ ਸ਼੍ਰੇਣੀ ਲਈ ਕੀ-ਕੀ ਸ਼ਰਤਾਂ ਰੱਖੀਆਂ ਗਈਆਂ ਹਨ ;

(ਅ) ਕੀ ਸਰਕਾਰ ਦੀ ਉਕਤ ਭਾਗ (ੳ) ਵਿਚ ਵਰਣਿਤ ਦਰਾਂ ਵਿਚ ਵਾਧੇ ਦੀ ਅਤੇ ਭੱਤੇ ਦੀਆਂ ਸ਼ਰਤਾਂ ਵਿਚ ਸੋਧ ਕਰਨ ਦੀ ਕੋਈ ਤਜਵੀਜ਼ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸਰੂਪ ਸਿੰਘ** : (ੳ) ਬੇਕਾਰੀ ਭੱਤੇ ਦੀ ਅਦਾਇਗੀ ਦੇ ਹੇਠ ਲਿਖੇ ਰੇਟਸ ਹਨ :-

| | |
|---|---|
| ਦਸਵੀਂ ਪਾਸ ਜਾਂ ਉਸ ਤੋਂ ਵੱਧ ਪੜ੍ਹੇ ਪਰ ਬੀ.ਏ. ਤੋਂ ਘੱਟ | 150/- ਰੁਪਏ ਪ੍ਰਤੀ ਮਹੀਨਾ |
| ਬੀ. ਏ. ਪਾਸ ਜਾਂ ਉਸ ਤੋਂ ਵੱਧ ਪੜ੍ਹੇ | 200/- ਰੁਪਏ ਪ੍ਰਤੀ ਮਹੀਨਾ |

ਬੇਕਾਰੀ ਭੱਤਾ ਕਲੇਮ ਕਰਨ ਲਈ ਸਾਰੇ ਵਰਗਾਂ ਲਈ ਹੇਠ ਲਿਖੀਆਂ ਮੁੱਖ ਸ਼ਰਤਾਂ ਹਨ :-

1. ਪੰਜਾਬ ਰਾਜ ਦੇ ਕਿਸੇ ਵੀ ਰੋਜ਼ਗਾਰ ਦਫਤਰ ਵਿਚ ਲਗਾਤਾਰ 3 ਸਾਲ ਲਈ ਨਾਂ ਦਰਜ ਹੋਣੇ ਚਾਹੀਦੇ ਹਨ ।
2. ਕੋਈ ਪੜ੍ਹਾਈ ਜਾਂ ਪੇਸ਼ਾਵਾਰਾਨਾ ਕੋਰਸ ਨਾ ਕਰ ਰਿਹਾ ਹੋਵੇ ।
3. ਉਮਰ 17 ਤੋਂ 40 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ ।
4. ਆਪਣੀ ਕੋਈ ਆਮਦਨ ਨਹੀਂ ਹੋਣੀ ਚਾਹੀਦੀ ।
5. ਪਰਿਵਾਰ ਦੀ ਆਮਦਨ 12,000/- ਰੁਪਏ ਸਲਾਨਾ ਤੋਂ ਵੱਧ ਨਹੀਂ ਹੋਣੀ ਚਾਹੀਦੀ ।

**ਨੋਟ** :-ਲਗਾਤਾਰ 3 ਸਾਲ ਨਾਂ ਦਰਜ ਹੋਣ ਦੀ ਸ਼ਰਤ ਨੇਤਰਹੀਣਾਂ, ਗੂੰਗੇ ਅਤੇ ਬੋਲੇ ਪ੍ਰਾਰਥੀਆਂ ਤੇ ਲਾਗੂ ਨਹੀਂ ਹੁੰਦੀ ਅਤੇ ਅੰਗਹੀਣ ਪ੍ਰਾਰਥੀਆਂ ਲਈ ਇਹ ਸ਼ਰਤ ਕੇਵਲ ਇਕ ਸਾਲ ਦੀ ਹੈ ।

(ਅ) ਇਸ ਵੇਲੇ ਬੇਕਾਰੀ ਭੱਤੇ ਦੇ ਰੇਟਸ ਜਾਂ ਬੇਕਾਰੀ ਭੱਤੇ ਦੀਆਂ ਦੂਜੀਆਂ ਸ਼ਰਤਾਂ ਵਿਚ ਕਿਸੇ ਪ੍ਰਕਾਰ ਦੀ ਸੋਧ ਕਰਨ ਦੀ ਤਜਵੀਜ਼ ਨਹੀਂ ਹੈ ।

---

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 19***

(ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 19 ਦੀ ਐਕਸਟੈਨਸ਼ਨ ਮੰਗੀ ਗਈ ਹੈ ।)

*For Un Starred Question No. 19 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

## ਸਰਕਾਰੀ ਅਤੇ ਪ੍ਰਾਈਵੇਟ ਅਧਿਆਪਕਾਂ ਦੇ ਤਨਖਾਹ ਸਕੇਲਾਂ ਦੀ ਸਮਾਨਤਾ

20. **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਪ੍ਰਾਈਵੇਟ ਪ੍ਰਬੰਧ ਹੇਠਲੇ (ਸਹਾਇਤਾ ਪ੍ਰਾਪਤ) ਸਕੂਲਾਂ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਅਤੇ ਸਰਕਾਰੀ ਸਕੂਲਾਂ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿਚਕਾਰ ਤਨਖਾਹ ਸਕੇਲਾਂ ਅਤੇ ਪੈਨਸ਼ਨਾਂ ਵਿਚ ਸਮਾਨਤਾ ਹੈ; ਜੇਕਰ ਅਜਿਹਾ ਹੈ, ਤਾਂ ਹਰ ਇਕ ਕੇਸ ਵਿਚ ਸਮਾਨਤਾ ਅਤੇ ਅਸਮਾਨਤਾ ਜਿਹੋ ਜਿਹੀ ਵੀ ਸੂਰਤ ਵਿਚ ਹੋਵੇ, ਦੇ ਵੇਰਵੇ ਕੀ-ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

### ਸੂਚੀ

ਸਰਕਾਰੀ ਕਰਮਚਾਰੀਆਂ ਅਤੇ ਪ੍ਰਾਈਵੇਟ ਮੈਨੇਜਡ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਦੇ ਤਨਖਾਹ ਸਕੇਲ ਇਕੋ ਜਿਹੇ ਹਨ । ਪਰੰਤੂ ਸਰਕਾਰੀ ਮੁਲਾਜ਼ਮਾ ਅਤੇ ਰਾਜ ਦੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਵਿਚ ਬਾਕੀ ਭੱਤਿਆਂ ਵਿਚ ਕੋਈ ਸਮਾਨਤਾ ਨਹੀਂ ਹੈ, ਜੋ ਹੇਠ ਦਿੱਤੇ ਵਿਸਥਾਰ ਅਨੁਸਾਰ ਹਨ :—

(1) ਸਰਕਾਰੀ ਕਰਮਚਾਰੀਆਂ ਨੂੰ 100/- ਰੁਪਏ ਪ੍ਰਤੀ ਮਹੀਨਾ ਡਾਕਟਰੀ ਭੱਤਾ ਮਿਲਦਾ ਹੈ ਜਦਕਿ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਨੂੰ ਕੇਵਲ 40/- ਰੁਪਏ ਪ੍ਰਤੀ ਮਹੀਨਾ ਮਿਲਦਾ ਹੈ ।

(2) ਸਰਕਾਰੀ ਸਕੂਲਾਂ ਦੇ ਮੁਲਾਜ਼ਮਾਂ ਨੂੰ ਅੰਤਰਿਮ ਸਹਾਇਤਾ ਦੀਆਂ ਤਿੰਨ ਕਿਸ਼ਤਾਂ ਮਿਲ ਚੁੱਕੀਆਂ ਹਨ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀ ਸਿਰਫ ਦੋ ਕਿਸ਼ਤਾਂ ਹੀ ਲੈ ਰਹੇ ਹਨ ।

(3) ਸਰਕਾਰੀ ਸਕੂਲਾਂ ਦੇ ਕਰਮਚਾਰੀਆਂ ਨੂੰ 8 ਅਤੇ 18 ਸਾਲ ਦੇ ਅਰਸੇ ਬਾਦ ਨਿਪੁੰਨਤਾ ਤਰੱਕੀ ਦਿੱਤੀ ਜਾਂਦੀ ਹੈ । ਇਹ ਸੁਵਿਧਾ ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਨੂੰ ਨਹੀਂ ਮਿਲਦੀ ਹੈ ।

(4) ਸਰਕਾਰੀ ਸਕੂਲਾਂ ਦੇ ਕਰਮਚਾਰੀਆਂ ਨੂੰ ਪੇਂਡੂ ਭੱਤਾ ਮਿਲਦਾ ਹੈ ਜਦਕਿ ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਨੂੰ ਨਹੀਂ ਮਿਲਦਾ ਹੈ ।

(5) ਸਰਕਾਰੀ ਸਕੂਲਾਂ ਦੇ ਕਰਮਚਾਰੀਆਂ ਨੂੰ ਬੋਨਸ ਦਿੱਤਾ ਜਾਂਦਾ ਹੈ ਜਦਕਿ ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਨੂੰ ਬੋਨਸ ਨਹੀਂ ਦਿੱਤਾ ਜਾਂਦਾ ਹੈ ।

(6) ਸਰਕਾਰੀ ਸਕੂਲਾਂ ਦੇ ਕਰਮਚਾਰੀਆਂ ਨੂੰ ਸਿਲੈਕਸ਼ਨ ਗਰੇਡ ਦਿੱਤਾ ਜਾਂਦਾ ਹੈ ਅਤੇ ਇਹ ਲਾਭ ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਨੂੰ ਨਹੀਂ ਮਿਲਦਾ ਹੈ ।

Original with;
Punjab Vidhan Sabha
Digitized by;
Panjab Digital Library

ਸਰਕਾਰੀ ਸਕੂਲਾਂ ਅਤੇ ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ ਦੇ ਰਿਟਾਇਰਡ ਕਰਮਚਾਰੀਆਂ ਨੂੰ ਬਰਾਬਰ ਪੈਨਸ਼ਨ ਮਿਲਦੀ ਹੈ, ਪਰੰਤੂ ਸਰਕਾਰੀ ਸਕੂਲ ਅਤੇ ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ ਦੇ ਰਿਟਾਇਰੀਆਂ ਨੂੰ ਬਾਕੀ ਭੱਤੇ ਬਰਾਬਰ ਨਹੀਂ ਮਿਲਦੇ ਹਨ ਜਿਨ੍ਹਾਂ ਦਾ ਵਿਸਥਾਰ ਹੇਠ ਲਿਖੇ ਅਨੁਸਾਰ ਹੈ :—

(1) ਸਰਕਾਰੀ ਸਕੂਲਾਂ ਦੇ ਰਿਟਾਇਰਡ ਕਰਮਚਾਰੀਆਂ ਨੂੰ 159% ਮਹਿੰਗਾਈ ਭੱਤਾ ਮਿਲਣਯੋਗ ਹੈ ਜਦਕਿ ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਨੂੰ ਮਹਿੰਗਾਈ ਭੱਤਾ 97% ਮਿਲਦਾ ਹੈ।

(2) ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ ਦੇ ਪੈਨਸ਼ਨਰਾਂ ਨੂੰ ਕੋਈ ਹੋਰ ਭੱਤਾ ਨਹੀਂ ਮਿਲਦਾ ਹੈ ਜਿਵੇਂ ਡਾਕਟਰੀ ਭੱਤਾ, ਅੰਤਰਿਮ ਰਿਲੀਫ ਆਦਿ।

---

## ਸਿਵਲ ਹਸਪਤਾਲ, ਫਗਵਾੜਾ ਨੂੰ ਨਵੀਂ ਇਮਾਰਤ ਵਿਚ ਸ਼ਿਫਟ ਕਰਨਾ

**22. ਚੌਧਰੀ ਸਵਰਨਾ ਰਾਮ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਹਸਪਤਾਲ, ਫਗਵਾੜਾ ਨੂੰ ਇਸ ਦੀ ਨਵੀਂ ਇਮਾਰਤ, ਜਿਸ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ, ਵਿਚ ਅਜੇ ਤੱਕ ਸ਼ਿਫਟ ਨਾ ਕੀਤੇ ਜਾਣ ਦੇ ਕੀ ਕਾਰਣ ਹਨ ?

**ਸ੍ਰੀ ਬਲਰਾਮ ਜੀ ਦਾਸ ਟੰਡਨ :** ਹੇਠ ਲਿਖੇ ਕਾਰਨਾਂ ਕਰਕੇ ਸਿਵਲ ਹਸਪਤਾਲ, ਫਗਵਾੜਾ ਨੂੰ ਨਵੀਂ ਬਿਲਡਿੰਗ ਵਿਚ ਸ਼ਿਫਟ ਨਹੀਂ ਕੀਤਾ ਜਾ ਸਕਦਾ :—

ਸਿਵਲ ਹਸਪਤਾਲ, ਫਗਵਾੜਾ ਦਾ ਨਵੀਂ ਬਿਲਡਿੰਗ ਅਜੇ ਤੀਕ ਮੁਕੰਮਲ ਨਹੀਂ ਹੋਈ ਹੈ, ਉਸ ਦੀ ਸਿਰਫ ਗਰਾਊਂਡ ਫਲੋਰ ਅਤੇ ਪਹਿਲੀ ਮੰਜ਼ਿਲ ਮੁਕੰਮਲ ਹੋ ਚੁੱਕੀ ਹੈ ਅਤੇ ਸਾਹਮਣੇ ਵਾਲੇ ਬਲਾਕ ਦੀ ਉਸਾਰੀ ਦਾ ਕੰਮ ਹੱਥ ਵਿਚ ਹੈ, ਜਿਸ ਨੂੰ ਪੂਰਾ ਕਰਨ ਲਈ 18 ਲੱਖ ਰੁਪਏ ਦੇ ਫੰਡਾਂ ਦੀ ਹੋਰ ਮੰਗ ਕੀਤੀ ਗਈ ਹੈ।

ਪੁਰਾਣੇ ਹਸਪਤਾਲ ਨੂੰ ਉਸ ਦੀ ਨਵੀਂ ਇਮਾਰਤ ਵਿਚ ਸ਼ਿਫਟ ਨਾ ਕਰਨ ਦਾ ਮੁੱਖ ਕਾਰਨ ਹਸਪਤਾਲ ਦੀ ਪੂਰੀ ਨਵੀਂ ਬਿਲਡਿੰਗ ਤੀਕ ਮਿਉਂਸਪਲ ਕਾਰਪੋਰੇਸ਼ਨ, ਫਗਵਾੜਾ ਦੇ ਸੀਵਰੇਜ ਸਿਸਟਮ ਨਾਲ ਕੁਨੈਕਸ਼ਨ ਨਾ ਜੋੜਨ ਦਾ ਹੈ, ਜਿਸ ਲਈ ਪਿਛਲੇ ਦੋ ਸਾਲਾਂ ਤੋਂ ਯਤਨ ਕੀਤੇ ਜਾ ਰਹੇ ਹਨ। ਜਨ ਸਿਹਤ ਵਿਭਾਗ ਨੇ ਮਿਉਂਸਪਲ ਕਾਰਪੋਰੇਸ਼ਨ, ਫਗਵਾੜਾ ਦੇ ਸੀਵਰੇਜ ਸਿਸਟਮ ਤੀਕ ਨਵੇਂ ਹਸਪਤਾਲ ਦੀ ਬਿਲਡਿੰਗ ਦੇ ਸੀਵਰੇਜ ਦੀਆਂ ਲਾਈਨਾਂ ਵਿਛਾਉਣ ਦਾ ਸੁਝਾਅ ਦਿੱਤਾ ਹੈ ਅਤੇ ਉਸ ਕੰਮ ਲਈ ਅੱਠ ਲੱਖ ਰੁਪਏ ਦੇ ਫੰਡਾਂ ਦੀ ਮੰਗ ਕੀਤੀ ਗਈ ਹੈ, ਜਿਸ ਵਿਚੋਂ ਜ਼ਿਲ੍ਹਾ ਪਲਾਨਿੰਗ ਬੋਰਡ ਨੇ ਉਸ ਦੇ ਅਨ-ਟਾਈਡ ਫੰਡਾਂ ਵਿਚੋਂ 6 ਲੱਖ ਰੁਪਏ ਦੇ ਫੰਡ ਮਿਤੀ 7-3-97 ਨੂੰ ਮੰਨਜ਼ੂਰ ਕੀਤੇ ਹੋਏ ਹਨ। ਜਨ ਸਿਹਤ ਅਧਿਕਾਰੀਆਂ ਨੇ ਸੀਵਰੇਜ ਦੇ ਕੰਮ ਨੂੰ ਨੇਤੇ ਹੀ ਸਿਰੇ ਲਗਾਉਣ ਦੇ ਆਦੇਸ਼ ਦਿੱਤੇ ਹਨ। ਵਰਤਮਾਨ ਸਿਵਲ ਹਸਪਤਾਲ, ਫਗਵਾੜਾ ਉਸ ਦੀ ਨਵੀਂ ਉਸਾਰੀ ਗਈ ਬਿਲਡਿੰਗ ਵਿਚ ਮਈ, 1997 ਤੱਕ ਸ਼ਿਫਟ ਕਰ ਦਿੱਤਾ ਜਾਵੇਗਾ।

---

Original with;
Punjab Vidhan Sabha
Digitized by;
Panjab Digital Library

### ਮਿਉਂਸਪਲ ਕੌਂਸਲ, ਫਗਵਾੜਾ ਦਾ ਗਠਨ

23. **ਚੌਧਰੀ ਸਵਰਨਾ ਰਾਮ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਫਗਵਾੜਾ ਮਿਉਂਸਪਲ ਕੌਂਸਲ ਦਾ ਅਜੇ ਤੱਕ ਗਠਨ ਨਹੀਂ ਕੀਤਾ ਗਿਆ ਹੈ:

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਸਰਕਾਰ ਉਕਤ ਮਿਉਂਸਪਲ ਕੌਂਸਲ ਦਾ ਗਠਨ ਕਰਨ ਅਤੇ ਇਸ ਦੇ ਸਭਾਪਤੀ ਦੀ ਚੋਣ ਕਰਵਾਉਣ ਦੀ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

**ਸ੍ਰੀ ਬਲਰਾਮ ਜੀ ਦਾਸ ਟੰਡਨ :** (ੳ) ਅਤੇ (ਅ) ਹਾਂ ਜੀ। ਇਹ ਠੀਕ ਹੈ ਕਿ ਮਿਉਂਸਪਲ ਕੌਂਸਲ, ਫਗਵਾੜਾ ਦਾ ਹੁਣ ਤੱਕ ਗਠਨ ਨਹੀਂ ਕੀਤਾ ਗਿਆ। ਪਰ ਮਿਉਂਸਪਲ ਕੌਂਸਲ, ਫਗਵਾੜਾ ਨੂੰ ਛੇਤੀ ਤੋਂ ਛੇਤੀ ਗਠਤ ਕਰਨ ਲਈ ਮਿਉਂਸਪਲ ਕੌਂਸਲ, ਫਗਵਾੜਾ ਦੀ ਮਿਤੀ 12-3-97 ਨੂੰ ਇਕਤਰਤਾ ਹੋਈ ਜਿਸ ਵਿਚ ਦੋ ਮੈਂਬਰ ਪੰਜਾਬ ਮਿਉਂਸਪਲ ਐਕਟ, 1911 (ਅਨਅਮੈਂਡਿਡ) ਦੀ ਧਾਰਾ 12-ਬੀ ਅਤੇ 12-ਸੀ ਅਧੀਨ ਕੋਆਪਟ ਕੀਤੇ ਗਏ। ਜਿਨ੍ਹਾਂ ਦੇ ਨਾਂ ਰਾਜ ਸਰਕਾਰ ਦੇ ਅਸਾਧਾਰਣ ਗਜ਼ਟ ਵਿਚ ਮਿਤੀ 14-3-97 ਵਿਚ ਪ੍ਰਕਾਸ਼ਤ ਕਰਵਾ ਦਿਤੇ ਹਨ। ਪ੍ਰਧਾਨ ਛੇਤੀ ਹੀ ਚੁਣਿਆ ਜਾਵੇਗਾ।

---

### ਕਿਸਾਨਾਂ ਨੂੰ ਗੰਨੇ ਦੀ ਅਦਾਇਗੀ

24. **ਚੌਧਰੀ ਸਵਰਨਾ ਰਾਮ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਸ਼ੂਗਰ ਮਿਲਜ਼ ਕਿਸਾਨਾਂ ਦੁਆਰਾ ਆਪਣੇ ਆਪਣੇ ਇਲਾਕਿਆਂ ਵਿਚ ਉਤਪਾਦਿਤ ਸਮੁੱਚੇ ਗੰਨੇ ਨੂੰ ਚੁੱਕ ਰਹੀਆਂ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ "ਨਾਂਹ' ਵਿਚ ਹੋਵੇ ਤਾਂ ਸਰਕਾਰ ਦੁਆਰਾ ਕਿਸਾਨਾਂ ਦੇ ਸਾਰੇ ਦੇ ਸਾਰੇ ਗੰਨੇ ਦੇ ਚੁੱਕੇ ਜਾਣ ਨੂੰ ਯਕੀਨੀ ਬਣਾਉਣ ਸਬੰਧੀ ਕੀ ਕਦਮ ਉਠਾਏ ਜਾ ਰਹੇ ਹਨ;

(ੲ) ਸ਼ੂਗਰ ਮਿਲਜ਼, ਫਗਵਾੜਾ ਦੁਆਰਾ ਕਿਸਾਨਾਂ ਨੂੰ ਗੰਨੇ ਦੀ ਕੀਮਤ ਦੀ ਅਦਾਇਗੀ ਨੂੰ ਯਕੀਨੀ ਬਣਾਉਣ ਸਬੰਧੀ ਕੀ ਕਦਮ ਉਠਾਏ ਜਾ ਰਹੇ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਦੇਵ ਸਿੰਘ ਬਾਦਲ** : (ੳ) ਹਾਂ ਜੀ। ਖੰਡ ਮਿੱਲਾਂ ਆਪਣੇ ਆਪਣੇ ਇਲਾਕੇ ਦਾ ਅਲਾਟ ਕੀਤਾ ਗੰਨਾ ਅਤੇ ਹੋਰ ਖੰਡ ਮਿਲਾਂ ਦੇ ਇਲਾਕਿਆਂ ਵਿਚੋਂ ਅਲਾਟ ਕੀਤਾ ਗੰਨਾ ਚੁੱਕ ਰਹੀਆਂ ਹਨ।

(ਅ) ਕਿਸਾਨਾਂ ਦੇ ਗੰਨੇ ਦੇ ਸਹੀ ਮੰਡੀਕਰਨ ਨੂੰ ਯਕੀਨੀ ਬਣਾਉਣ ਲਈ ਸਰਕਾਰ ਵਲੋਂ ਵਾਧੂ ਗੰਨੇ ਦੇ ਇਲਾਕਿਆਂ ਵਾਲੀਆਂ ਖੰਡ ਮਿੱਲਾਂ ਤੋਂ ਘੱਟ ਗੰਨੇ ਦੇ ਇਲਾਕੇ ਵਾਲੀਆਂ ਖੰਡ ਮਿੱਲਾਂ ਨੂੰ ਗੰਨੇ ਦੀ ਅਲਾਟਮੈਂਟ ਕਰ ਦਿੱਤੀ ਹੈ।

(ੲ) ਪੰਜਾਬ ਸਰਕਾਰ ਵਲੋਂ ਸਾਲ 1996-97 ਦੀ ਪਿੜਾਈ ਰੁੱਤ ਲਈ ਗੰਨੇ ਦੇ ਮਿੱਥੇ ਭਾਅ ਨੂੰ ਓਸਵਾਲ ਖੰਡ ਮਿੱਲ, ਫਗਵਾੜਾ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਰਿੱਟ ਦਾਇਰ ਕਰਕੇ ਚੈਲੰਜ ਕੀਤਾ ਹੋਇਆ ਹੈ। ਗੰਨੇ ਦੇ ਭਾਅ ਸਬੰਧੀ ਮਾਮਲਾ ਅਜੇ ਅਦਾਲਤ ਦੇ ਵਿਚਾਰ ਅਧੀਨ ਹੈ।

---

### ਐਸ. ਸੀਜ਼ ਅਤੇ ਬੀ. ਸੀਜ਼ ਵਿਦਿਆਰਥੀਆਂ ਨੂੰ ਵਜ਼ੀਫਿਆਂ ਦੀ ਵੰਡ

25. **ਚੌਧਰੀ ਸਵਰਨਾ ਰਾਮ** : ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਪ੍ਰਾਇਮਰੀ ਜਮਾਤ ਤੋਂ ਐਮ.ਏ. ਪੱਧਰ ਤੱਕ ਵਜ਼ੀਫੇ ਦੀ ਕਿੰਨੀ-ਕਿੰਨੀ ਰਕਮ ਵੰਡੀ ਜਾ ਰਹੀ ਹੈ;

(ਅ) ਕੀ ਵਜ਼ੀਫਿਆਂ ਦੀ ਰਕਮ ਵਿਦਿਆਰਥੀਆਂ ਨੂੰ ਹਰ ਮਹੀਨੇ ਦੀ ਨਿਸ਼ਚਿਤ ਤਰੀਕ ਨੂੰ ਵੰਡੀ ਜਾ ਰਹੀ ਹੈ; ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ?

**ਸਰਦਾਰ ਗੁਰਦੇਵ ਸਿੰਘ ਬਾਦਲ** : (ੳ) (1) ਕੇਵਲ ਪ੍ਰਾਇਮਰੀ ਕਲਾਸਾਂ (ਪਹਿਲੀ ਤੋਂ ਪੰਜਵੀਂ ਤੱਕ) ਵਿਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ 1625.00 ਲੱਖ ਰੁਪਏ ਦਾ ਹਾਜ਼ਰੀ ਵਜ਼ੀਫਾ ਦਿੱਤਾ ਜਾ ਰਿਹਾ ਹੈ।

(2) ਰਾਜ ਦੀ ਸਿੱਖਿਆ ਭਲਾਈ ਸਕੀਮ ਅਧੀਨ ਛੇਵੀਂ ਤੋਂ ਪੋਸਟ ਗਰੈਜੂਏਟ ਲੈਵਲ ਤੱਕ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਪੜ੍ਹ ਰਹੇ ਵਿਦਿਆਰਥੀਆਂ ਨੂੰ 2175.00 ਲੱਖ ਰੁਪਏ ਵੰਡੇ ਜਾ ਰਹੇ ਹਨ।

(3) ਛੇਵੀਂ ਤੋਂ 12ਵੀਂ ਜਮਾਤ ਵਿਚ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਦੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫਾ ਦੇਣ ਦੀ ਸਕੀਮ ਅਧੀਨ 42.00 ਲੱਖ ਰੁਪਏ ਦੀ ਰਕਮ ਵੰਡੀ ਜਾ ਰਹੀ ਹੈ।

(4) ਅਨੁਸੂਚਿਤ ਜਾਤੀਆਂ ਦੀਆਂ ਪੋਸਟ ਮੈਟ੍ਰਿਕ ਅਤੇ ਪੋਸਟ ਗਰੈਜੂਏਟ ਲੈਵਲ ਤੇ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ 60.00 ਲੱਖ ਰੁਪਏ ਵੰਡੇ ਜਾ ਰਹੇ ਹਨ।

Original with;
Punjab Vidhan Sabha
Digitized by;
Panjab Digital Library

[ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

(5) ਅਨੁਸੂਚਿਤ ਜਾਤੀਆਂ ਦੇ 10+2 ਤੋਂ ਐਮ.ਏ. ਅਤੇ ਹੋਰ ਬਰਾਬਰ ਦੇ ਅਤੇ ਉਚੇਰੇ ਕੋਰਸਾਂ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕੀਮ ਅਧੀਨ 351.52 ਲੱਖ ਰੁਪਏ ਵੰਡੇ ਜਾ ਰਹੇ ਹਨ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਪ੍ਰਾਇਮਰੀ ਤੋਂ ਐਮ.ਏ. ਕਲਾਸਾਂ ਤੱਕ ਪੜ੍ਹਦੇ ਵਿਦਿਆਰਥੀਆਂ ਨੂੰ ਵੱਖ-ਵੱਖ ਸਕੀਮਾਂ ਅਧੀਨ 4253.52 ਲੱਖ ਰੁਪਏ ਵੰਡੇ ਜਾ ਰਹੇ ਹਨ।

(ਅ) (1) ਨਹੀਂ ਜੀ।

(2) ਵਜ਼ੀਫ਼ਾ ਹਰ ਮਹੀਨੇ ਵੰਡਿਆ ਜਾਣਾ ਹੈ। ਭਲਾਈ ਵਿਭਾਗ ਦੀਆਂ ਸਕੀਮਾਂ ਅਧੀਨ ਵਜ਼ੀਫ਼ੇ ਦੀ ਰਕਮ ਨੂੰ ਵੰਡਣ ਲਈ ਲੋੜੀਂਦੇ ਫੰਡ ਸਿੱਖਿਆ ਵਿਭਾਗ ਨੂੰ ਦਿੱਤੇ ਜਾਂਦੇ ਹਨ। ਸਿੱਖਿਆ ਵਿਭਾਗ ਅਮਲੇ ਦੀ ਘਾਟ ਅਤੇ ਅਰਜ਼ੀਆਂ ਦੀ ਦੇਰੀ ਨਾਲ ਪ੍ਰਾਪਤੀ ਕਾਰਣ ਵਜ਼ੀਫ਼ੇ ਦੀ ਸਮੇਂ-ਸਿਰ ਵੰਡ ਕਰਨ ਵਿਚ ਕੁਝ ਅਸਮਰਥ ਰਹਿੰਦੇ ਹਨ।

---

## POINTS OF ORDER REGARDING ENQUIRY RELATING TO THE DEATH OF KASHMIR SINGH AND REPLY THEREON BY THE CHIEF MINISTER

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਸੱਚਮੁੱਚ ਹੀ ਹਾਊਸ ਦੀ ਪਰੰਪਰਾ ਨੂੰ ਮੁੱਖ ਰੱਖਦੇ ਹੋਏ ਜੋ ਵੀ ਕੋਈ ਐਮ.ਐਲ.ਏ. ਜਾਂ ਕੋਈ ਮੰਤਰੀ ਇਸ ਹਾਊਸ ਵਿਚ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ ਵਿਚ ਪੂਰਾ ਨਹੀਂ ਉਤਰਿਆ, ਉਸ ਨੂੰ ਬੜੀ ਗੰਭੀਰਤਾ ਨਾਲ ਲਿਆ ਹੈ। ਅਸੀਂ ਮਿੱਤਲ ਸਾਹਿਬ ਦਾ ਬੜਾ ਆਦਰ ਕਰਦੇ ਹਾਂ। ਇਹ ਸੰਸਦੀ ਮਾਮਲਿਆਂ ਦੇ ਮੰਤਰੀ ਵੀ ਹਨ ਪਰ ਪਤਾ ਨਹੀਂ ਇਹ ਅੱਜ ਕਿਉਂ ਲੇਟ ਹੋਏ ਹਨ। ਲੇਕਿਨ, ਸਪੀਕਰ ਸਾਹਿਬ, ਆਮ ਤੌਰ ਤੇ ਇਹ ਹੁੰਦਾ ਹੈ ਕਿ ਜੇ ਕੋਈ ਮੰਤਰੀ ਨਹੀਂ ਪਹੁੰਚਦਾ ਤਾਂ ਵੀ ਜਵਾਬ ਦੀ ਇਕ ਕਾਪੀ ਮੁੱਖ ਮੰਤਰੀ ਦੇ ਕੋਲ ਹੁੰਦੀ ਹੈ ਔਰ ਮੁੱਖ ਮੰਤਰੀ ਉਠ ਕੇ ਇਨਟਰੱਪਟ ਕਰਕੇ ਜਵਾਬ ਦੇ ਦਿੰਦੇ ਹਨ। ਸਾਡਾ ਸਮਾਂ ਬੜਾ ਕੀਮਤੀ ਹੁੰਦਾ ਹੈ, ਇਸ ਦੇ ਵਿਚ ਚਾਹੇ ਅਪੋਜ਼ੀਸ਼ਨ ਦੇ ਐਮ.ਐਲ.ਏ. ਸਾਹਿਬ ਹੋਣ ਜਾਂ ਕਿਸੇ ਪਾਸਿਓਂ ਹੋਣ, ਇਸ ਦੇ ਵਾਸਤੇ ਇਨ-ਫਿਊਚਰ ਕੋਸ਼ਿਸ਼ ਕਰੋ ਕਿ ਅਸੀਂ ਲੋਕਾ ਦੇ ਮਸਲਿਆਂ ਵਾਸਤੇ ਪੂਰਾ ਸਮਾਂ ਦੇਈਏ ਔਰ ਲੋਕਾਂ ਦੀ ਗੱਲ ਕਰ ਸਕੀਏ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਕਲ੍ਹ ਵੀ ਇਸ਼ਾਰਾ ਮਾਤਰ ਗੱਲ ਕੀਤੀ ਸੀ। ਦੂਜਾ ਮਾਮਲਾ ਇਹ ਹੈ ਕਿ ਮੈਂ ਸਮਝਦੀ ਹਾਂ ਕਿ ਲੋਕਾਂ ਦੇ ਮਨਾਂ ਵਿਚ ਵੀ ਇਕ ਬੜੀ ਗਲਤ ਫਹਿਮੀ, ਹੈਰਾਨੀ, ਜਾਂ ਪਰੇਸ਼ਾਨੀ ਮੰਨ ਲਉ, ਉਹ ਪਾਈ ਜਾ ਰਹੀ ਹੈ। ਮੈਨੂੰ ਕਲ੍ਹ ਵੀ ਪੇਂਡੂ ਅਤੇ ਸ਼ਹਿਰੀ ਡੈਲੀਗੇਸ਼ਨ ਮਿਲੇ ਹਨ। ਉਹਨਾਂ ਨੇ ਮੈਨੂੰ ਮਿਲ ਕੇ ਬਾਰ-ਬਾਰ ਇਹ ਮਾਮਲਾ ਦੁਹਰਾਇਆ ਹੈ ਅਤੇ ਜੋ ਮਾੜੀ ਘਟਨਾ ਵਾਪਰੀ, ਉਸ ਦੀ ਕਨਡੈਮਨੇਸ਼ਨ ਵੀ

Original with;
Punjab Vidhan Sabha
Digitized by;
Punjab Digital Library

ਕੀਤੀ ਹੈ । ਲੇਕਿਨ ਇਸ ਦੇ ਨਾਲ ਹੀ ਜੋ ਕਸ਼ਮੀਰ ਸਿੰਘ ਮਰੇ ਹਨ ਉਸ ਬਾਰੇ ਲੋਕਾਂ ਦੇ ਮਨਾਂ ਵਿਚ ਬੜੀ ਤਰ੍ਹਾਂ ਦੇ ਵਿਊਜ਼ ਬਣ ਰਹੇ ਹਨ ਔਰ ਇਸ ਦੇ ਸਬੰਧ ਵਿਚ ਪੁਲਿਸ ਦੇ ਇਕ ਬੜੇ ਸੀਨੀਅਰ ਉਚ ਅਫਸਰ ਦੀ ਸਟੇਟਮੈਂਟ ਹੈ । ਸਾਡੇ ਮਾਨਯੋਗ ਮੰਤਰੀ ਜੀ ਦੀ ਇਕ ਹੋਰ ਸਟੇਟਮੈਂਟ ਹੈ ਔਰ ਇਕ ਐਸ.ਐਸ.ਪੀ ਦੀ ਹੋਰ ਸਟੇਟਮੈਂਟ ਹੈ ਅਤੇ ਇਕ ਹੋਰ ਐਸ.ਐਸ.ਪੀ. ਦੀ ਹੋਰ ਸਟੇਟਮੈਂਟ ਹੈ । ਸਪੀਕਰ ਸਾਹਿਬ, ਇਸ ਤਰ੍ਹਾਂ ਡਿਫਰੈਂਟ ਸਟੇਟਮੈਂਟਸ ਆਉਣ ਦੇ ਨਾਲ ਬੜੀ ਭਾਰੀ ਗਲਤ ਫਹਿਮੀ ਪੈਦਾ ਹੋ ਗਈ ਹੈ ਔਰ ਲੋਕਾਂ ਦੇ ਮਨਾਂ ਵਿਚ ਇਸ ਗੱਲ ਦੀ ਹੈਰਾਨੀ ਵੀ ਪਾਈ ਜਾ ਰਹੀ ਹੈ ਕਿ ਇਕੋ ਹੀ ਗੌਰਮਿੰਟ ਦੇ ਵਿਚ ਚਾਰ ਤਰ੍ਹਾਂ ਦੇ ਡਿਫਰੈਂਟ ਵਿਊਜ਼ ਆਏ ਹਨ । ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗੀ ਅਤੇ ਜਾਨਣਾ ਚਾਹਾਂਗੀ ਕਿ ਇਸ ਮਾਮਲੇ ਵਿਚ ਸਚਾਈ ਕੀ ਹੈ । ਲੋਕੀਂ ਜਾਨਣਾ ਚਾਹੁੰਦੇ ਹਨ ਕਿ ਰਿਐਲਿਟੀ ਕੀ ਹੈ ? ਸੀ. ਐਮ. ਸਾਹਿਬ ਸਾਰੇ ਹਾਊਸ ਨੂੰ ਇਹ ਗੱਲ ਦੱਸਣ ਅਤੇ ਲੋਕਾਂ ਤੱਕ ਵੀ ਇਹ ਗੱਲ ਜਾਵੇ ਕਿ ਰਿਐਲਿਟੀ ਕੀ ਹੈ, ਸਹੀ ਸਚਾਈ ਕੀ ਹੈ । ਡੀ.ਜੀ.ਪੀ. ਵਾਲੀ ਸਟੇਟਮੈਂਟ ਸਹੀ ਹੈ, ਮੰਤਰੀ ਜੀ ਵਾਲੀ ਜਾਂ ਐਸ.ਐਸ.ਪੀ. ਵਾਲੀ ਜਾਂ ਫਿਰ ਦੂਸਰੇ ਐਸ.ਐਸ.ਪੀ. ਵਾਲੀ ਸਟੇਟਮੈਂਟ ਸਹੀ ਹੈ । ਇਹ ਕੋਈ ਛੋਟਾ ਮਾਮਲਾ ਨਹੀਂ ਹੈ । ਇਸ ਦੇ ਬਾਰੇ ਸਾਰੇ ਲੋਕ ਜਾਨਣਾ ਚਾਹੁੰਦੇ ਹਨ । ਮੇਰੀ ਪੁਰਜ਼ੋਰ ਬੇਨਤੀ ਹੈ ਅਤੇ ਮੁੱਖ ਮੰਤਰੀ ਜੀ ਇਸ ਨੂੰ ਆਪਣੀ ਸਟੇਟਮੈਂਟ ਦੇ ਕੇ ਸਪਸ਼ਟ ਕਰਨ ।

**ਕਾਮਰੇਡ ਹਰਦੇਵ ਅਰਸ਼ੀ** : ਪੁਆਇੰਟ ਆਫ ਆਰਡਰ ਜੀ । ਸਪੀਕਰ ਸਾਹਿਬ, ਜੋ ਮੈਡਮ ਜੀ ਨੇ ਕਿਹਾ ਹੈ ਮੈਂ ਤਾਂ ਸਿਰਫ ਦੁਹਰਾਉਣਾ ਹੀ ਚਾਹੁੰਦਾ ਹਾਂ ਔਰ ਦੋ ਸ਼ਬਦ ਵਿਚ ਹੋਰ ਐਡ ਕਰਨਾ ਚਾਹੁੰਦਾ ਹਾਂ । ਇਹ ਗੱਲ ਠੀਕ ਹੈ ਕਿ ਲੋਕਾਂ ਦੇ ਵਿਚ ਇਸ ਮਾਮਲੇ ਬਾਰੇ ਬੜੀ ਭਾਰੀ ਕਨਫਿਊਜ਼ਨ ਹੈ । ਇਹ ਕੇਵਲ ਲੋਕਾਂ ਦੇ ਵਿਚ ਹੀ ਨਹੀਂ ਸਗੋਂ ਸਾਡੀ ਸਕਿਉਰਿਟੀ ਫੋਰਸਿਜ਼ ਦੇ ਵਿਚ ਵੀ ਹੈ ਔਰ ਕਈ ਤਰ੍ਹਾਂ ਦੇ ਵਰਸ਼ਨਜ਼ ਆ ਰਹੇ ਹਨ । ਇਕ ਅਕਾਲੀ ਪਾਰਟੀ ਦੇ ਵਿਅਕਤੀ ਨੇ ਵੀ ਕਿਹਾ ਹੈ ਕਿ ਸਾਡੇ ਸਾਹਮਣੇ ਫੈਕਟਸ ਆਉਣੇ ਚਾਹੀਦੇ ਹਨ । ਕਲ੍ਹ ਡੀ.ਜੀ.ਪੀ. ਦੀ ਸਟੇਟਮੈਂਟ ਆ ਚੁੱਕੀ ਹੈ । ਹੁਣ ਡੀ.ਆਈ.ਜੀ. ਨੂੰ ਇਨਕੁਆਰੀ ਕਰਨ ਵਾਸਤੇ ਕਹਿ ਦਿੱਤਾ ਗਿਆ ਹੈ । ਇਸ ਵਿਚ ਅਸੀਂ ਵਿਸ਼ਵਾਸ ਨਹੀਂ ਕਰਦੇ । ਡੀ.ਆਈ.ਜੀ. ਦੀ ਸਟੇਟਮੈਂਟ ਕੋਈ ਹੋਰ ਤਰ੍ਹਾਂ ਦੀ ਨਹੀਂ ਹੋਏਗੀ । ਅਸੀਂ ਚਾਹੁੰਦੇ ਹਾਂ ਕਿ ਇਹ ਇਨਕੁਆਰੀ ਕਿਸੇ ਹੋਰ ਏਜੰਸੀ ਤੋਂ ਕਰਵਾਉ ਜਾਂ ਕੋਈ ਜੁਡੀਸ਼ੀਅਲ ਇਨਕੁਆਰੀ ਕਰਾਓ ਤਾਂ ਕਿ ਸਾਰੀ ਗੱਲ ਲੋਕਾਂ ਦੇ ਸਾਹਮਣੇ ਸਾਫ ਹੋ ਜਾਵੇ । ਇਸ ਤਰ੍ਹਾਂ ਵੱਖ ਵੱਖ ਤਰ੍ਹਾਂ ਦੇ ਸ਼ੰਕੇ ਪੈਦਾ ਹੋਣ ਨਾਲ ਸਕਿਉਰਿਟੀ ਫੋਰਸਿਜ਼ ਡਿਮਾਰੇਲਾਈਜ਼ ਹੋ ਰਹੀਆਂ ਹਨ । ਕਈ ਤਰ੍ਹਾਂ ਦੀਆਂ ਸੈਲਫ ਕੰਟਰਾਡਿਕਟਰੀ ਸਟੇਟਮੈਂਟਸ ਆ ਰਹੀਆਂ ਹਨ । ਇਸ ਦੇ ਵਾਸਤੇ ਜ਼ਰੂਰਤ ਹੈ ਕਿ ਗੌਰਮਿੰਟ ਕੋਈ ਕਲੀਅਰਕੱਟ ਸਟੈਂਡ ਲਵੇ ਔਰ ਕੋਈ ਹੋਰ ਏਜੰਸੀ ਕੋਲੋਂ ਜਾਂ ਜੁਡੀਸ਼ੀਅਲ ਇਨਕੁਆਰੀ ਬੈਟਰ ਹੋ ਸਕਦੀ ਹੈ, ਇਨਕੁਆਰੀ ਕਰਾਉਣ ਵਾਸਤੇ ਹਾਊਸ ਨੂੰ ਐਸ਼ੋਰੈਂਸ ਦੇਵੇ ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਕਲ੍ਹ ਵੀ ਇਸ ਦੇ ਬਾਰੇ ਬੇਨਤੀ ਕਰ ਦਿੱਤੀ ਸੀ ਕਿ ਇਹ ਜਿਹੜਾ ਕੇਸ ਹੋਇਆ ਹੈ ਇਹ ਬੜਾ ਮੰਦਭਾਗਾ ਹੈ ਔਰ ਡੀ.ਆਈ.ਜੀ. ਦੀ ਮੈਂ ਡਿਊਟੀ ਲਾਈ ਸੀ ਕਿ ਉਹ ਆਪ ਸਾਰੇ ਕੇਸ ਦੀ ਤਫਤੀਸ਼ ਕਰਨ । ਮੈਂ ਜਾਤੀ ਤੌਰ ਤੇ ਵੀ ਉਹਨਾਂ ਨੂੰ ਇਹ ਹਦਾਇਤ ਕਰਾਂਗਾ ਕਿ ਜੋ ਸਹੀ ਤੱਥ ਹਨ, ਉਹ ਭਾਲ ਕੇ ਇਸ ਕੇਸ ਵਿਚ ਸਹੀ ਐਕਸ਼ਨ ਲਿਆ ਜਾਵੇ । ਜੇ ਕਿਸੇ ਨੇ ਸਟੇਟਮੈਂਟਸ ਦਿੱਤੀਆਂ ਹਨ ਤਾਂ ਇਸ ਵਾਸਤੇ ਉਹਨਾਂ ਸਟੇਟਮੈਂਟਸ ਦੀ ਇਨਵੈਸਟੀ-ਗੇਸ਼ਨ ਦੀ ਕੋਈ ਜ਼ਰੂਰਤ ਨਹੀਂ । ਮੈਂ ਉਹਨਾਂ ਨੂੰ ਹਦਾਇਤ ਕਰਾਂਗਾ ਕਿ ਸਹੀ ਤੱਥ ਤੁਹਾਡੇ ਸਾਹਮਣੇ ਆਉਣ ਔਰ ਐਕਸ਼ਨ ਵੀ ਸਹੀ ਹੋਣਾ ਚਾਹੀਦਾ ਹੈ ।

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਹ ਤਾਂ ਬੜੀ ਹਾਸੋਹੀਣੀ ਗੱਲ ਹੈ ਕਿ ਇਕ ਡੀ.ਜੀ.ਪੀ. ਦੀ ਸਟੇਟਮੈਂਟ ਆਉਣ ਤੋਂ ਬਾਅਦ ਸੀ. ਐਮ. ਸਾਹਿਬ ਨੇ ਬਿਆਨ ਦਿੱਤਾ ਹੈ ਕਿ ਡੀ.ਜੀ.ਪੀ. ਤੋਂ ਬਾਅਦ ਇਕ ਡੀ.ਆਈ.ਜੀ. ਨੂੰ ਇਨਕੁਆਰੀ ਤੇ ਲਾ ਦੇਣਾ ਹੈ । ਜਿਸ ਤੋਂ ਅਸੀਂ ਸਮਝਦੇ ਹਾਂ ਕਿ ਇਕ ਐਸ.ਐਸ.ਪੀ. ਤੋਂ ਬਾਅਦ ਠਾਣੇਦਾਰ ਨੂੰ ਉਸੇ ਕੰਮ ਤੇ ਲਾ ਦਿੱਤਾ ਹੈ । ਇਸ ਨਾਲ ਮੈਂ ਸਮਝਦੀ ਹਾਂ ਕਿ ਰਿਐਲਿਟੀ ਸਾਹਮਣੇ ਨਹੀਂ ਆਵੇਗੀ । ਮੇਰੀ ਬੇਨਤੀ ਹੈ ਕਿ ਇਸ ਦੇ ਵਿਚ ਪੂਰਨ ਤੌਰ ਤੇ ਰਿਐਲਿਟੀ ਲੋਕਾਂ ਦੇ ਸਾਹਮਣੇ ਆਵੇ । ਜੇਕਰ ਇਨਵੈਸਟੀਗੇਸ਼ਨ ਫੇਅਰਲੀ ਕਰਾਉਣੀ ਹੈ, ਜਿਵੇਂ ਮੁੱਖ ਮੰਤਰੀ ਜੀ ਦਾ ਵੀ ਇਰਾਦਾ ਹੈ ਤਾਂ ਕਿਸੇ ਹੋਰ ਉਚ ਅਫਸਰ ਦੀ ਡਿਊਟੀ ਲਗਾਈ ਜਾਵੇ, ਜਾਂ ਜਿਵੇਂ ਅਰਸ਼ੀ ਸਾਹਿਬ ਨੇ ਵੀ ਕਿਹਾ ਹੈ, ਜੁਡੀਸ਼ੀਅਲ ਇਨਕੁਆਰੀ ਕਰਵਾਈ ਜਾਵੇ, ਜਾਂ ਕੋਈ ਹਾਊਸ ਦੀ ਕਮੇਟੀ ਬਣਾ ਲਈ ਜਾਵੇ । ਉਧਰ ਵੀ ਮੈਂਬਰ ਬੈਠੇ ਹਨ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਅਤੇ ਅਸੀਂ ਵੀ ਇਧਰ ਬੈਠੇ ਹਾਂ । ਪਹਿਲਾਂ ਤਾਂ ਡੀ.ਜੀ.ਪੀ. ਨੂੰ ਕਲੀਅਰ ਕੱਟ ਸਟੇਟਮੈਂਟ ਦੇਣੀ ਚਾਹੀਦੀ ਸੀ ਅਤੇ ਹੁਣ ਜੇ ਉਹ ਆ ਗਈ ਹੈ ਤਾਂ ਫਿਰ ਮੁੱਖ ਮੰਤਰੀ ਸਾਹਿਬ ਦਾ ਇਹ ਕਹਿਣਾ ਕਿ ਡੀ.ਆਈ.ਜੀ. ਇਨਕੁਆਰੀ ਕਰੇਗਾ, ਮੇਰੀ ਤਾਂ ਸਮਝ ਤੋਂ ਬਾਹਰ ਹੈ ।

**ਸ੍ਰੀ ਸਪੀਕਰ** : ਬੀਬੀ ਜੀ, ਪਹਿਲਾਂ ਆਪਾਂ ਵੇਖ ਲੈਂਦੇ ਹਾਂ ਕਿ ਕੀ ਰਿਪੋਰਟ ਆਉਂਦੀ ਹੈ ।

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਇਹ ਸੱਚਮੁੱਚ ਹੀ ਬੜੀ ਗੰਭੀਰ ਗੱਲ ਹੈ । ਪਰ ਸਚਾਈ ਸਾਹਮਣੇ ਆਉਣੀ ਚਾਹੀਦੀ ਹੈ ਅਤੇ ਜੇ ਆਉਂਦੀ ਹੈ ਤਾਂ ਅਸੀਂ ਐਪਰੀਸ਼ੀਏਟ ਕਰਾਂਗੇ । (ਵਿਘਨ) ਜੇ ਉਹ ਬੇਗੁਨਾਹ ਹੀ ਮਾਰਿਆ ਗਿਆ ਹੈ ਤਾਂ ਇਸ ਬਾਰੇ ਮੇਰੀ ਬੇਨਤੀ ਹੈ . . .(ਵਿਘਨ)

**ਸ੍ਰੀ ਸਪੀਕਰ** : ਸੀ.ਐਮ. ਸਾਹਿਬ ਨੇ ਬੜਾ ਕਲੀਅਰ ਜਵਾਬ ਪਹਿਲਾਂ ਹੀ ਦੇ ਦਿੱਤਾ ਹੈ ।

Original with;
Punjab Vidhan Sabha
Digitized by;
Panjab Digital Library

**ਸੰਸਦੀ ਮਾਮਲਿਆਂ ਦੇ ਮੰਤਰੀ** : ਸਪੀਕਰ ਸਾਹਿਬ, ਜਦੋਂ ਕਿਸੇ ਵੀ ਪੁਆਇੰਟ ਆਫ ਆਰਡਰ ਦਾ ਮੁੱਖ ਮੰਤਰੀ ਜੀ ਵਲੋਂ ਕਲੀਅਰ ਜਵਾਬ ਦੇ ਦਿੱਤਾ ਗਿਆ ਹੈ ਤਾਂ ਫਿਰ ਉਸ ਤੇ ਡਿਬੇਟ ਨਹੀਂ ਹੋ ਸਕਦੀ। (Interruption and Noise) Sir, the Opposition Leader is well aware that when the question is put up and reply is given, thereafter, no debate takes place.

**ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ**: ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। (ਵਿਘਨ)

**ਸ਼੍ਰੀ ਸਪੀਕਰ**: ਪਹਿਲਾਂ ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ ਦੀ ਗੱਲ ਸੁਣ ਲਈਏ। (ਸ਼ੋਰ) (ਵਿਘਨ) (ਇਸ ਸਮੇਂ ਵਿਰੋਧੀ ਧਿਰ ਵੱਲੋਂ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ) (ਸ਼ੋਰ) ...... (ਵਿਘਨ)

**ਸੰਸਦੀ ਮਾਮਲਿਆਂ ਦੇ ਮੰਤਰੀ**: ਸਪੀਕਰ ਸਾਹਿਬ, ਕੱਲ ਵੀ ਇਥੇ ਗੱਲ ਆਈ ਸੀ, ਜ਼ੀਰੋ ਆਵਰ ਦਾ ਮਿਸਯੂਜ਼ ਨਹੀਂ ਹੋਣਾ ਚਾਹੀਦਾ। ਜਦੋਂ ਪੁਆਇੰਟ ਆਫ ਆਰਡਰ ਤੇ ਜਵਾਬ ਆ ਜਾਂਦਾ ਹੈ ਤਾਂ ਫਿਰ ਡਿਬੇਟ ਨਹੀਂ ਹੋ ਸਕਦੀ ...... (ਸ਼ੋਰ) (ਵਿਘਨ) When anything is said beyond reply, it should be expunged.

**ਸ਼੍ਰੀ ਸਪੀਕਰ**: ਸੀ. ਐਮ. ਸਾਹਿਬ ਦਾ ਡਿਟੇਲਡ ਜਵਾਬ ਆ ਗਿਆ ਹੈ। (ਸ਼ੋਰ) (ਵਿਘਨ)

**ਚੌਧਰੀ ਜਗਜੀਤ ਸਿੰਘ**: ਪੁਆਇੰਟ ਆਫ ਆਰਡਰ ਸਪੀਕਰ ਸਾਹਿਬ, ....(ਵਿਘਨ)

**ਸੰਸਦੀ ਮਾਮਲਿਆਂ ਦੇ ਮੰਤਰੀ**: ਸਪੀਕਰ ਸਾਹਿਬ, ਵੈਸੇ ਜ਼ੀਰੋ ਆਵਰ ਲਿਖਤੀ ਰੂਪ ਵਿਚ ਤਾਂ ਕਿਤੇ ਹੈ ਨਹੀਂ ਪਰ ਕਨਵੈਨਸ਼ਨ ਦੇ ਤੌਰ ਤੇ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਦੀ ਮੰਗ ਨੂੰ ਮੁੱਖ ਰੱਖ ਕੇ ਇਹ ਜ਼ੀਰੋ ਆਵਰ ਮੰਨ ਲਿਆ ਜਾਂਦਾ ਹੈ। (ਵਿਘਨ) This privilege must be given to Hon'ble Members. ਇਸ ਦੇ ਅਨੁਸਾਰ ਇਕ ਪਾਰਟੀ ਦਾ ਕੇਵਲ ਇਕ ਨੁਮਾਇੰਦਾ ਇਕ ਨੁਕਤੇ ਤੇ ਬੋਲ ਸਕਦਾ ਹੈ। ਜੇਕਰ ਮੁੱਖ ਮੰਤਰੀ ਜਾਂ ਸਬੰਧਤ ਮੰਤਰੀ ਉਸ ਦਾ ਜਵਾਬ ਦੇਣਾ ਚਾਹੇ ਤਾਂ ਦੇ ਸਕਦਾ ਹੈ ਪਰ ਇਹ ਕੋਈ ਜ਼ਰੂਰੀ ਨਹੀਂ। ਪਹਿਲਾਂ ਦੀ ਸਰਕਾਰ ਵੇਲੇ ਵੀ ਜਵਾਬ ਨਹੀਂ ਮਨ ਦਿੱਤੇ ਜਾਂਦੇ। Chief Minister is so kind ਕਿ ਉਨ੍ਹਾਂ ਨੇ ਇਸ ਪੁਆਇੰਟ ਦਾ ਜਵਾਬ ਦੇ ਦਿੱਤਾ ਹੈ ਤਾਂ ਫਿਰ ਇਸ ਉਤੇ ਡਿਬੇਟ ਨਹੀਂ ਹੋ ਸਕਦੀ। It should be expunged.

**ਚੌਧਰੀ ਜਗਜੀਤ ਸਿੰਘ**: ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ,....

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਚੌਧਰੀ ਸਾਹਿਬ, ਇਹ ਕੋਈ ਡਿਸਕਸ਼ਨ ਨਹੀਂ ਹੈ । ਜੇ ਕੋਈ ਹੋਰ ਚੀਜ਼ ਹੈ, ਕੋਈ ਹੋਰ ਗੱਲ ਹੈ ਜਾਂ ਕੋਈ ਹੋਰ ਆਈਟਮ ਹੈ ਤਾਂ ਬੋਲੋ. . . .(ਸ਼ੋਰ . . ਵਿਘਨ) (ਇਸ ਸਮੇਂ ਸਦਨ ਵਿਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਸੀ. ਪੀ. ਆਈ. ਬੀ. ਐਸ. ਪੀ. ਅਤੇ ਸ਼ਰੋਮਣੀ ਅਕਾਲੀ ਦਲ (ਮਾਨ) ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਬਿਨਾ ਇਜਾਜ਼ਤ ਬੋਲ ਰਹੇ ਸਨ) (ਸ਼ੋਰ) (ਵਿਘਨ)

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਲਓ । ਮਿੱਤਲ ਸਾਹਿਬ ਬੜੇ ਸਿਆਣੇ ਹਨ । ਕੱਲ ਉਹ ਵੀ ਆਪਣੀ ਪ੍ਰਿਵਿਲੇਜ ਕਲੇਮ ਕਰਦੇ ਸਨ । ਇਹ ਇਕ ਇਹੋ ਜਿਹਾ ਮਾਮਲਾ ਹੈ ਜਿਸ ਵਿਚ ਸਾਡੀ ਸੈਟਿਸਫੈਕਸ਼ਨ ਹੋਣੀ ਚਾਹੀਦੀ ਹੈ ਅਤੇ ਲੋਕਾਂ ਦੀ ਵੀ ਸੈਟਿਸਫੈਕਸ਼ਨ ਹੋਣੀ ਚਾਹੀਦੀ ਹੈ । ਇਹ ਸਾਰਿਆਂ ਦੀ ਡਿਮਾਂਡ ਹੈ ਅਤੇ ਅਸੀਂ ਉਹੀ ਡਿਮਾਂਡ ਕਰ ਰਹੇ ਹਾਂ । ਜਿਹੜੀ ਇਨਕੁਆਰੀ ਡੀ. ਆਈ. ਜੀ. ਨੂੰ ਮਾਰਕ ਕੀਤੀ ਹੈ ਉਸ ਨਾਲ ਕਿਸੇ ਦੀ ਵੀ ਤਸੱਲੀ ਨਹੀਂ ਹੋਣੀ, ਰਿਐਲਿਟੀ ਸਾਹਮਣੇ ਨਹੀਂ ਆਉਣੀ । ਇਸ ਨਾਲ ਟਾਈਮ ਵੇਸਟ ਹੋਵੇਗਾ । ਟਾਈਮ ਵੇਸਟ ਹੋਣ ਤੋਂ ਪਹਿਲਾਂ ਸਾਨੂੰ ਅਸਲੀ ਸੋਚ ਅਪਨਾਉਣੀ ਚਾਹੀਦੀ ਹੈ । ਅਸੀਂ ਮੰਗ ਕੀਤੀ ਹੈ, ਇਸ ਮਾਮਲੇ ਨੂੰ ਹਾਇਰ ਅਥਾਰਟੀ ਤੋਂ ਕਿਉਂ ਪਰੂਵ ਨਹੀਂ ਕਰਵਾਇਆ ਜਾਂਦਾ । ਇਸ ਦੀ ਪੜਤਾਲ ਹਾਇਰ-ਅਥਾਰਟੀ ਵਲੋਂ ਹੋਣੀ ਚਾਹੀਦੀ ਹੈ, ਸਾਡੀ ਇਹੀ ਡੀਮਾਂਡ ਹੈ ।

**ਸ੍ਰੀ ਸਪੀਕਰ** : ਮੁੱਖ ਮੰਤਰੀ ਜੀ ਨੇ ਡੀਟੇਲਡ ਜਵਾਬ ਦੇ ਦਿਤਾ ਹੈ ।

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਇਹ ਬੜਾ ਗੰਭੀਰ ਮਾਮਲਾ ਹੈ । ਅਸੀਂ ਸਰਕਾਰ ਨੂੰ ਪੂਰਾ ਸਮਰਥਨ ਦਿਤਾ ਹੈ, ਪਰ ਸਰਕਾਰ ਦਾ ਇਸ ਤਰ੍ਹਾਂ ਦਾ ਪੱਖ ਨਹੀਂ ਹੋਣਾ ਚਾਹੀਦਾ ਕਿ ਡੀ. ਜੀ. ਪੀ. ਤੋਂ ਬਾਅਦ ਡੀ. ਆਈ. ਜੀ. ਨੂੰ ਇਨ-ਕੁਆਰੀ ਦੇ ਦਿਤੀ ਜਾਵੇ । ਜਾਂ ਤਾਂ ਬਾਦਲ ਸਾਹਿਬ ਇਸ ਮਾਮਲੇ ਦੀ ਜੁਡੀਸ਼ਰੀ ਤੋਂ ਪੜਤਾਲ ਕਰਾਉਣ ਜਾਂ ਸਾਰਾ ਹਾਊਸ ਇਥੇ ਹੈ, ਹਾਊਸ ਦੀ ਇਕ ਕਮੇਟੀ ਬਣਾ ਦੇਣ । ਜੇ ਉਹ ਨਹੀਂ ਮੰਨਦੇ ਤਾਂ ਸਾਡਾ ਤਾਂ ਪ੍ਰੋਟੈਸਟ ਹੈ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜੋ ਆਪੋਜੀਸ਼ਨ ਨੂੰ ਚਿੰਤਾ ਹੈ, ਉਸ ਤੋਂ ਵੱਧ ਤਾਂ ਮੈਨੂੰ ਚਿੰਤਾ ਹੈ ਕਿਉਂਕਿ ਜਿਸ ਦੀ ਜ਼ਿੰਮੇਵਾਰੀ ਹੁੰਦੀ ਹੈ, ਉਸ ਨੂੰ ਜ਼ਿਆਦਾ ਚਿੰਤਾ ਹੁੰਦੀ ਹੈ । ਇਸ ਕਰਕੇ ਸਾਨੂੰ ਕੋਈ ਗਰਜ਼ ਨਹੀਂ ਕਿ ਕਿਸੇ ਗੱਲ ਤੇ ਪਰਦਾ ਪਾਇਆ ਜਾਵੇ । ਜੇ ਕਿਸੇ ਸਟੇਟਮੈਂਟ ਦਿਤੀ ਹੈ, ਡੀ.ਜੀ.ਪੀ. ਸਾਹਿਬ ਨੇ ਸਟੇਟਮੈਂਟ ਦਿਤੀ ਹੈ ਜਾਂ ਮਨਿਸਟਰ ਸਾਹਿਬ ਨੇ ਦਿਤੀ ਹੈ, ਮੈਂ ਕਹਾਂਗਾ ਕਿ ਕਿਸੇ ਨੂੰ ਵੀ ਜਲਦੀ ਵਿੱਚ ਸਟੇਟਮੈਂਟ ਨਹੀਂ ਦੇਣੀ ਚਾਹੀਦੀ । ਕਈ ਵਾਰ ਕਿਸੇ ਅਫ਼ਸਰ ਤੋਂ ਕੋਈ ਰਿਪੋਰਟ ਆ ਜਾਂਦੀ ਹੈ, ਉਸ ਦੇ ਮੁਤਾਬਿਕ ਉਹ ਲੋਕਾਂ ਨੂੰ ਦੱਸ ਦਿੰਦੇ ਹਨ । ਮੈਨੂੰ ਵੀ ਕਿਹਾ ਗਿਆ ਸੀ ਕਿ ਮੈਂ ਸਟੇਟਮੈਂਟ ਦੇਵਾਂ ਪਰ ਜਦੋਂ ਤੱਕ ਕੇਸ ਦੀ ਤਹਿ ਤੱਕ ਨਹੀਂ ਜਾਇਆ ਜਾਂਦਾ ਤਾਂ ਸਟੇਟਮੈਂਟ ਦੇਣੀ ਠੀਕ ਨਹੀਂ । ਇਸ ਲਈ ਸਾਨੂੰ ਕੋਈ ਇਨਟਰੈਸਟ ਨਹੀਂ ਕਿ ਸਹੀ ਤੱਥਾਂ ਨੂੰ ਲੁਕਾਇਆ

Original with;
Punjab Vidhan Sabha
Digitized by;
Panjab Digital Library

ਜਾਵੇ । ਮੈਂ ਡੀ. ਆਈ. ਜੀ. ਨੂੰ ਕਹਿ ਦਿਤਾ ਹੈ ਅਤੇ ਮੈਸਿਜ ਵੀ ਦੇਵਾਂਗਾ ਕਿ ਸਹੀ ਤਫਤੀਸ਼ ਹੋਵੇ, ਸਾਨੂੰ ਕੋਈ ਚੀਜ਼ ਲੁਕਾਉਣ ਦੀ ਲੋੜ ਨਹੀਂ ਹੈ । ਜਿਸ ਨੇ ਗਲਤ ਕੰਮ ਕੀਤਾ ਹੈ, ਉਹ ਖਮਿਆਜ਼ਾ ਭੁਗਤੇ ।

---

## FINANCIAL BUSINESS

**Mr. Speaker**: Now we start Financial Business.

## PRESENTATION OF VOTE-ON-ACCOUNT FOR EXPENDITURE OF THE GOVERNMENT OF PUNJAB 1997-98

**Mr. Speaker**: Finance Minister to present the Vote-on-Account for Expenditure of the Government of Punjab 1997-98 for three months.

**Finance Minister** (Captain Kanwaljit Singh): Sir, I beg to present the Vote-on-Account for Expenditure of the Government of Punjab 1997-98 for three Months.

ਸਪੀਕਰ ਸਾਹਿਬ, ਮੈਂ ਇਸ ਮਹਾਨ ਸਦਨ ਦੇ ਮਾਨਯੋਗ ਮੈਂਬਰਾਂ ਸਾਹਮਣੇ...

---

## WALK-OUT

( ਇਸ ਸਮੇਂ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਸੀ. ਪੀ ਆਈ., ਬੀ. ਐਸ. ਪੀ., ਅਤੇ ਅਕਾਲੀ ਦਲ (ਮਾਨ) ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ, ਸਦਨ ਵਿਚੋਂ ਵਾਕ ਆਊਟ ਕਰ ਗਏ । )

---

## PRESNTATION OF VOTE-ON-ACCOUNT FOR EXPENDITURE OF THE GOVERNMENT OF PUNJAB 1997-98 (*Resumption*)

**ਵਿੱਤ ਮੰਤਰੀ** (ਕੈਪਟਨ ਕੰਵਲਜੀਤ ਸਿੰਘ) : ਸ਼੍ਰੀ ਮਾਨ ਜੀ, ਮੈਂ ਇਸ ਮਹਾਨ ਸਦਨ ਦੇ ਮਾਨਯੋਗ ਮੈਂਬਰਾਂ ਸਾਹਮਣੇ, ਪਹਿਲੀ ਅਪ੍ਰੈਲ ਤੋਂ 30 ਜੂਨ, 1997 ਦੇ ਸਮੇਂ ਦੌਰਾਨ ਵੱਖ ਵੱਖ ਵਿਭਾਗਾਂ ਦੇ ਖਰਚੇ ਜੋ ਕਿ ਉਕਤ ਸਮੇਂ ਦੌਰਾਨ ਕੀਤੇ ਜਾਣ ਦੀ ਸੰਭਾਵਨਾ ਹੈ, ਦੀ ਜ਼ਰੂਰੀ ਲੋੜ ਨੂੰ ਪੂਰਾ ਕਰਨ ਸਬੰਧੀ ਸਰਕਾਰ ਨੂੰ ਸਮਰੱਥ ਬਣਾਉਣ ਹਿੱਤ ਲੇਖਾ-ਅਨੁਦਾਨ ਪੇਸ਼ ਕਰਨ ਲਈ ਖੜ੍ਹਾ ਹੋਇਆ ਹਾਂ । ਕਿਉਂ ਜੋ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਸ਼ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਮੌਜੂਦਾ ਸਰਕਾਰ ਨੇ ਅਜੇ 12 ਫਰਵਰੀ, 1997 ਨੂੰ ਹੀ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਰਾਜ ਦਾ ਕਾਰਜ-ਭਾਰ ਸੰਭਾਲਿਆ ਹੈ ਇਸ ਲਈ ਹੁਣ ਮੈਂ ਸਿਰਫ ਮਾਲੀ ਸਾਲ 1997-98 ਦੀ ਪਹਿਲੀ ਤਿਮਾਹੀ ਲਈ ਹੀ ਲੇਖਾ-ਅਨੁਦਾਨ ਪ੍ਰਾਪਤ ਕਰਨ ਅਤੇ ਅਪ੍ਰੈਲ, 1997 ਵਿੱਚ ਕਿਸੇ ਵੀ ਸਮੇਂ ਪੂਰਾ ਬਜਟ ਪੇਸ਼ ਕਰਨ ਦਾ ਫੈਸਲਾ ਲਿਆ ਹੈ । ਕਾਰਜ-ਭਾਰ ਸੰਭਾਲਣ ਤੋਂ ਫੌਰਨ ਬਾਅਦ ਅਸੀਂ ਰਾਜ ਦੀ ਅਰਥ-ਵਿਵਸਥਾ ਦਾ ਮੁਲਾਂਕਣ ਕੀਤਾ ਜਿਸ ਤੋਂ ਇਹ ਪਤਾ ਲੱਗਾ ਸੀ ਕਿ ਖੇਤੀ-ਬਾੜੀ ਦੇ ਖੇਤਰ ਵਿੱਚ ਖੜੋਤ ਹੈ ਅਤੇ ਕਿਸਾਨਾਂ ਦੀ ਅਸਲ ਆਮਦਨ ਘਟੀ ਹੈ ਜਦੋਂ ਕਿ ਸਨੱਅਤੀ ਖੇਤਰ ਵਿੱਚ ਵੀ ਪੂੰਜੀ ਨਿਵੇਸ਼ ਆਸ ਤੋਂ ਘੱਟ ਹੈ ਅਤੇ ਦੁੱਖ-ਪੂਰਣ ਗੱਲ ਇਹ ਹੈ ਕਿ ਇਹ ਪੂੰਜੀ-ਨਿਵੇਸ਼ ਲੋੜ ਤੋਂ ਕਿਤੇ ਘੱਟ ਹੈ । ਇਨ੍ਹਾਂ ਦੋਹਾਂ ਕਾਰਨਾਂ ਸਦਕਾ ਬੇ-ਰੁਜ਼ਗਾਰੀ ਵਧੀ ਹੈ ; ਇਸ ਦੇ ਫਲਸਰੂਪ ਸਮਾਜ ਬਹੁਤ ਆਰਥਿਕ ਅਤੇ ਸਮਾਜਿਕ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ ।

2. ਇਨ੍ਹਾਂ ਸਾਰੇ ਮਾਮਲਿਆਂ ਨੂੰ ਨਜਿੱਠਣ ਲਈ, ਸਾਡੀ ਸਰਕਾਰ ਨੇ ਆਪਣੀਆਂ ਤਰਜੀਹਾਂ ਘੜੀਆਂ ਹਨ ਜੋ ਕਿ ਅਸੀਂ ਅਗਲੇ ਸਾਲ ਦੀ ਸਾਲਾਨਾ ਯੋਜਨਾ ਵਿੱਚ ਦਰਸਾਉਣਾ ਚਾਹਾਂਗੇ । ਨਤੀਜੇ ਵਜੋਂ, ਪਿਛਲੀ ਸਰਕਾਰ ਵਲੋਂ ਚਲਾਈਆਂ ਬਹੁਤ ਸਾਰੀਆਂ ਯੋਜਨਾ-ਸਕੀਮਾਂ ਵਿੱਚ ਪੂਰਨ ਸੋਧ ਕਰਨਾ ਲੋੜੀਂਦਾ ਹੋਵੇਗਾ ਅਤੇ ਸ਼ਾਇਦ ਕੁੱਝ ਨਵੀਆਂ ਯੋਜਨਾ-ਸਕੀਮਾਂ ਨੂੰ ਵੀ ਸ਼ਾਮਲ ਕਰਨਾ ਪਵੇ । ਕੋਈ ਵੀ ਯੋਜਨਾ-ਬਜਟ ਆਮ ਤੌਰ ਤੇ ਤਿਆਰੀ ਲਈ ਤਿੰਨ ਮਹੀਨੇ ਦਾ ਸਮਾਂ ਲੈਂਦਾ ਹੈ, ਸਿੱਟੇ ਵਜੋਂ, ਸਮੇਂ ਦੀ ਘਾਟ ਕਾਰਣ ਸਾਡੀ ਸਰਕਾਰ ਆਪਣੇ ਬਜਟ ਨੂੰ ਅੰਤਿਮ ਰੂਪ ਨਹੀਂ ਦੇ ਸਕੀ ਅਤੇ ਇਹ ਵੀ ਹੈ ਕਿ ਸਾਲਾਨਾ ਯੋਜਨਾ ਨੂੰ ਕੇਵਲ ਉਪ ਚੇਅਰਮੈਨ, ਯੋਜਨਾ ਕਮਿਸ਼ਨ ਅਤੇ ਮੁੱਖ ਮੰਤਰੀ, ਪੰਜਾਬ ਜੀ ਦੇ ਵਿਚਾਰ-ਵਟਾਂਦਰੇ ਦੀ ਰੋਸ਼ਨੀ ਵਿੱਚ ਹੀ ਅੰਤਿਮ ਰੂਪ ਦਿੱਤਾ ਜਾ ਸਕਦਾ ਹੈ । ਇਹ ਮੀਟਿੰਗ ਅਜੇ ਨਿਸ਼ਚਿਤ ਕੀਤੀ ਜਾਣੀ ਹੈ, ਸਿੱਟੇ ਵਜੋਂ ਇਸ ਮੰਤਵ ਲਈ ਕੁਝ ਹੋਰ ਸਮਾਂ ਲੋੜੀਂਦਾ ਹੈ ।

3. ਮੇਰੀ ਸਰਕਾਰ ਇਸ ਗੱਲ ਲਈ ਵਚਨਬੱਧ ਹੈ ਕਿ ਪੰਜਾਬ ਵਿਚੋਂ ਗਰੀਬੀ ਦੂਰ ਕਰਕੇ ਅਤੇ ਨਾਗਰਿਕਾਂ ਦੇ ਜੀਵਨ ਮਿਆਰ ਵਿੱਚ ਸੁਧਾਰ ਲਿਆ ਕੇ ਪੰਜਾਬ ਨੂੰ ਆਦਰਸ਼ ਰਾਜ ਬਣਾਇਆ ਜਾਵੇ । (ਥੰਪਿੰਗ) ਗਰੀਬਾਂ ਦੇ ਖਿਲਾਫ ਸਾਡਾ ਜਹਾਦ ਕਿਸੇ ਲੋਕਵਾਦੀ ਜਾਂ ਗੈਰ ਤਰਕ ਸੰਗਤ ਏਜੰਡਾ ਉਤੇ ਆਧਾਰਿਤ ਨਹੀਂ ਹੈ । ਇਹ ਇਕ ਕਾਰਵਾਈ-ਯੋਜਨਾ ਉਤੇ ਆਧਾਰਿਤ ਹੈ ਜੋ ਹੇਠਲੇ ਪੱਧਰ ਤੋਂ ਸ਼ੁਰੂ ਹੋ ਕੇ ਬਲਾਕ ਅਤੇ ਜ਼ਿਲ੍ਹਾ-ਪੱਧਰਾਂ ਦੇ ਜ਼ਰੀਏ ਉਪਰ ਨੂੰ ਜਾਵੇਗੀ ਅਤੇ ਅੰਤ ਵਿੱਚ ਰਾਜ ਪੱਧਰ ਦੀ ਸਿਖਰ ਤੇ ਪਹੁੰਚੇਗੀ । ਸਾਡੇ ਪ੍ਰੋਗਰਾਮ ਦਿਹਾਤੀ ਅਤੇ ਸ਼ਹਿਰੀ ਗਰੀਬ ਲੋਕਾਂ ਦੇ ਹਿੱਤਾਂ ਦੁਆਲੇ ਘੁੰਮਣਗੇ । ਜਿਸ ਵਿੱਚ ਮੁੱਖ ਧਿਆਨ ਸੰਗਠਿਤ ਵਿਕਾਸ ਵੱਲ ਦਿੱਤਾ ਜਾਵੇਗਾ, ਜੋ ਕਿ ਇਹ ਯਕੀਨੀ ਬਣਾਵੇਗਾ ਕਿ ਪੇਂਡੂ ਇਲਾਕਿਆਂ ਤੋਂ ਸ਼ਹਿਰੀ ਇਲਾਕਿਆਂ ਵੱਲ ਪ੍ਰਵਾਸ ਦੇ ਰੁਝਾਨ, ਜਿਸ ਕਾਰਨ ਸ਼ਹਿਰੀ ਸਹੂਲਤਾਂ ਉਤੇ ਦਬਾਓ ਪੈਂਦਾ ਹੈ, ਨੂੰ ਰੋਕਿਆ ਜਾਵੇਗਾ । ਇਸ ਯੋਜਨਾ-ਬੰਦੀ ਦਾ ਮੁੱਖ ਧੁਰਾ ਧਨ ਦੀ ਬਰਾਬਰ ਵੰਡ ਅਤੇ ਆਪਣੇ ਨਾਗਰਿਕਾਂ ਲਈ ਮੌਕਿਆਂ ਦੀ ਸਮਾਨਤਾ ਪ੍ਰਦਾਨ ਕਰਨਾ ਹੋਵੇਗਾ । (ਥੰਪਿੰਗ) ਅਸੀਂ ਵੱਧ ਰੋਜ਼ਗਾਰ ਮੁਹੱਈਆ ਕਰਨ

Original with;
Punjab Vidhan Sabha
Digitized by;
Panjab Digital Library

ਅਤੇ ਸਮਾਜਿਕ ਮੁੱਦਲੇ ਬਾਰੇ ਵਿੱਚ ਨਾਟਕੀ ਢੰਗ ਨਾਲ ਸੁਧਾਰ ਕਰਨ ਲਈ ਵੀ ਵਚਨਬੱਧ ਹਾਂ। ਪੰਜਾਬ ਨੂੰ ਨਾ-ਸਿਰਫ਼ ਦੇਸ਼ ਵਿੱਚ ਹੀ ਸਗੋਂ ਵਿਦੇਸ਼ੀ ਪੱਧਰ ਤੇ ਵੀ ਵਿਕਸਤ ਰਾਜਾਂ ਵਿੱਚੋਂ ਪਹਿਲੇ ਰਾਜ ਵਜੋਂ ਆਪਣਾ ਸਥਾਨ ਰੱਖਣ ਦੇ ਸਮੱਰਥ ਬਣਾਉਣਾ ਹੈ। (ਥੰਪਿੰਗ)

4. ਅਗਲੇ ਸਾਲ ਦੀ ਸਾਲਾਨਾ-ਯੋਜਨਾ ਉਪਰੋਕਤ ਉਦੇਸ਼ਾਂ ਨੂੰ ਪੂਰਾ ਕਰਨ ਅਤੇ ਸ਼ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਘੱਟ ਤੋਂ ਘੱਟ ਸਾਂਝੇ ਪ੍ਰੋਗਰਾਮ ਵਿੱਚ ਸ਼ਾਮਿਲ ਵਾਅਦਿਆਂ ਨੂੰ ਅਮਲੀ ਰੂਪ ਦੇਣਾ ਅਤੇ ਤਰਜੀਹਾਂ ਨੂੰ ਦਰਸਾਉਣਾ ਚਾਹੇਗੀ। ਇਨ੍ਹਾਂ ਦੀ ਪੂਰਤੀ ਲਈ ਸਾਨੂੰ ਵਧੇਰੇ ਮਾਲੀ ਵਸੀਲਿਆਂ ਦੀ ਲੋੜ ਹੈ ਕਿਉਂ ਜੋ ਮੌਜੂਦਾ ਸਰਕਾਰ ਨੂੰ ਵਿਰਸੇ ਵਿੱਚ ਖਾਲੀ ਖਜ਼ਾਨਾ ਮਿਲਿਆ ਹੈ ਇਸ ਲਈ ਸਾਨੂੰ ਰਾਜ ਦੇ ਵਸੀਲਿਆਂ ਨੂੰ ਵਧਾਉਣ ਲਈ ਉਪਰਾਲੇ ਕਰਨੇ ਪੈਣੇ ਹਨ। ਕਰ ਢਾਂਚੇ ਨੂੰ ਸਰਲ ਅਤੇ ਤਰਕ-ਸੰਗਤ ਬਣਾ ਕੇ, ਸਰਕਾਰ ਦੇ ਕਾਰਜ ਸੰਚਾਲਣ ਸਬੰਧੀ ਹਰ ਪੱਧਰ ਤੇ ਈਮਾਨਦਾਰੀ ਨੂੰ ਯਕੀਨੀ ਬਣਾਇਆ ਜਾਵੇਗਾ (ਥੰਪਿੰਗ) ਤਾਂ ਕਿ ਭ੍ਰਿਸ਼ਟਾਚਾਰ ਅਤੇ ਫਜ਼ੂਲ ਖਰਚੇ ਨੂੰ ਘੱਟ ਕੀਤਾ ਜਾ ਸਕੇ। ਵਸੀਲਿਆਂ ਨੂੰ ਵਧਾਉਣ ਅਤੇ ਫਜ਼ੂਲ ਖਰਚ ਨੂੰ ਘੱਟ ਕਰਨ ਲਈ ਵਿਸਤ੍ਰਿਤ ਵੇਰਵੇ ਤਿਆਰ ਕਰਨ ਲਈ ਇੱਕ ਉੱਚ ਪੱਧਰੀ ਕਮੇਟੀ ਦਾ ਪਹਿਲਾਂ ਹੀ ਗਠਨ ਕੀਤਾ ਜਾ ਚੁੱਕਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਇਸ ਦੇ ਸਿੱਟੇ ਆਉਣ ਵਾਲੇ ਸਾਲ ਵਿੱਚ ਪ੍ਰਤੱਖ ਨਜ਼ਰ ਆਉਣਗੇ।

ਸਪੀਕਰ ਸਾਹਿਬ, ਇਸ ਵੋਟ ਆਨ ਅਕਾਉਂਟ ਦੇ ਪ੍ਰਸਤਾਵ ਵਿੱਚ ਅਸੀਂ ਭਿੰਨ-ਭਿੰਨ ਮੱਦਾਂ ਤੇ ਪਿਛਲੇ ਸਾਲ 1996-97 ਦੇ ਬਜਟ ਐਸਟੀਮੇਟ ਦੇ ਮੁਤਾਬਿਕ ਹਰ ਮੱਦ ਦਾ 1/4 ਹਿੱਸਾ ਹੀ ਵੋਟ ਆਨ ਅਕਾਉਂਟ ਵਿੱਚ ਮੰਗਿਆ ਹੈ। ਜਿਵੇਂ ਮੈਂ ਪਹਿਲੇ ਕਿਹਾ ਹੈ ਮੈਂ ਅਗਲੇ ਮਹੀਨੇ ਬਜਟ ਪੇਸ਼ ਕਰਾਂਗਾ ਇਸ ਕਰਕੇ ਵੋਟ ਆਨ ਅਕਾਉਂਟ ਵਿਚ ਕੋਈ ਵੀ ਨਵੀਂ ਸਰਵਿਸ ਦੀ ਮੰਗ ਨਹੀਂ ਕੀਤੀ ਗਈ ਹੈ। ਕੇਵਲ ਖੁਰਾਕ ਅਤੇ ਸਪਲਾਈ ਵਿਭਾਗ ਵਿੱਚ ਡਿਮਾਂਡ ਨੰਬਰ 9 ਵਿੱਚ ਪੂਰੇ ਸਾਲ ਦੇ ਪੈਸੇ ਮੰਗੇ ਹਨ ਕਿਉਂਕਿ ਕਣਕ ਦੀ ਖਰੀਦ ਦਾ ਕੰਮ ਅਪ੍ਰੈਲ ਅਤੇ ਮਈ ਵਿੱਚ ਹੀ ਹੁੰਦਾ ਹੈ।

5. ਮੈਂ ਆਪਣੇ ਫਰਜ਼ ਦੀ ਕੁਤਾਹੀ ਕਰ ਰਿਹਾ ਹੋਵਾਂਗਾ ਜੇਕਰ ਮੈਂ ਉਨ੍ਹਾਂ ਵਿਸ਼ੇਸ਼ ਮਿਆਦੀ ਕਰਜ਼ਿਆਂ, ਜੋ ਕਿ ਭਾਰਤ ਸਰਕਾਰ ਦੁਆਰਾ ਰਾਜ ਨੂੰ ਖਾੜਕੂਵਾਦ ਦੀ ਸਮੱਸਿਆ ਨਾਲ ਜੂਝਦੇ ਸਮੇਂ ਦਿੱਤੇ ਗਏ ਸਨ, ਦੀ ਮੁੜ ਅਦਾਇਗੀ ਦੇ ਕਾਰਣ ਰਾਜ ਨੂੰ ਦਰਪੇਸ਼ ਮੁਸ਼ਕਲਾਂ ਵਿਸ਼ੇਸ਼ ਤੌਰ ਤੇ ਨਹੀਂ ਦਰਸਾਉਂਦਾ ਅੱਜ ਇਹ ਕੁੱਲ ਵਿਸ਼ੇਸ਼ ਮਿਆਦੀ ਕਰਜ਼ਾ 5,578 ਕਰੋੜ ਰੁਪਏ ਤੋਂ ਵੱਧ ਬਣਦਾ ਹੈ। ਅਸੀਂ ਹਰ ਸਾਲ 900 ਕਰੋੜ ਰੁਪਏ ਦੇ ਕਰੀਬ ਰਕਮ ਦੀ ਮੁੜ ਅਦਾਇਗੀ ਕਰ ਰਹੇ ਹਾਂ। ਰਾਜ ਸਰਕਾਰ ਸਿਰ ਇਹ ਬਹੁਤ ਵੱਡਾ ਬੋਝ ਹੈ। ਸਿਟੇ ਵਜੋਂ, ਰਾਜ ਸਰਕਾਰ, ਭਾਰਤ ਸਰਕਾਰ ਨੂੰ ਬੇਨਤੀ ਕਰਦੀ ਆ ਰਹੀ ਹੈ ਕਿ ਉਹ ਇਸ ਰਕਮ ਨੂੰ ਸਮੁੱਚੇ ਤੌਰ ਤੇ ਮੁਆਫ ਕਰ ਦੇਵੇ ਕਿਉਂ ਜੋ ਪੰਜਾਬ ਖਾੜਕੂਵਾਦ ਵਿਰੁੱਧ, ਰਾਸ਼ਟਰ ਦੀ ਲੜਾਈ ਹੀ ਲੜ ਰਿਹਾ ਸੀ। ਮੈਂ ਵਿਸ਼ੇਸ਼

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]
ਮਿਆਦੀ ਕਰਜ਼ਿਆਂ ਦੀ ਮੁੜ ਅਦਾਇਗੀ ਦੇ ਇਸ ਲੱਕ-ਤੋੜਵੇਂ ਭਾਰ ਤੋਂ ਮੁਕਤ ਕਰਵਾਉਣ ਲਈ ਆਪਣੇ ਯਤਨ ਵਿੱਚ ਰਾਜ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੀ ਹਿਮਾਇਤ ਚਾਹੁੰਦਾ ਹੈ।

੮. ਇਸ ਸੰਖੇਪ ਜਿਹੇ ਪਿਛੋਕੜ ਨਾਲ ਮੈਂ ਇਸ ਮਹਾਨ ਸਦਨ ਨੂੰ ਸਾਲ 1997-98 ਦੀ ਪਹਿਲੀ ਤਿਮਾਹੀ (ਅਪ੍ਰੈਲ-ਜੂਨ) ਲਈ ਵਿਚਾਰਨ ਹਿੱਤ ਲੇਖੇ ਅਨੁਦਾਨ ਸਬੰਧੀ ਵੋਟ ਦੀ ਸਿਫਾਰਸ਼ ਕਰਦਾ ਹਾਂ। (ਥੰਪਿੰਗ)

ਜੈ ਹਿੰਦ

---

## MOTION REGARDING VOTE-ON-ACCOUNT FOR THREE MONTHS

**Mr. Speaker**: Finance Minister to move that the Vote-on-Account for three months (Viz. April, May and June, 1997) amouting to Rs. 39,15,42,21,000 as in the Schedule be taken into consideration at once and passed. F. M. Sahib.

**Finance Minister** (Captain Kanwaljit Singh): Sir, I beg to move: —

> That Vote-on-Account for three months (Viz, April, May and June, 1997) amounting to Rs, 39,15,42,21,000 as in the Schedule be taken in to conisderation at once and passed.

---

Original with;
Punjab Vidhan Sabha
Digitized by;
Panjab Digital Library

Vote on Account 1997-98



Original with;
Punjab Vidhan Sabha
Digitized by;
Panjab Digital Library

# VOTE ON ACCOUNT 1997-98

Estimate of Expenditure for Vote on Account required for the months of April, May & June, 1997 in the financial year ending the 31st March, 1998

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 01. | Agriculture & Forests | | | | | | |
| | 2245 Relief on account of Natural Calamities .. | 0 | 0 | 0 | 0 | 0 | 0 |
| | 2401 —Crop Husbandry .. | 64,07,04 | 3,10, | 64,10,14 | 16,01,76 | 77 | 16,02,53 |
| | 2402 Soil and Water Conservation . | 20,17,09 | 1,00 | 20,18,09 | 5,04,27 | 25 | 5,04,52 |
| | 2406 Forestry and Wildlife .. | 24,08,65 | 2,02 | 24,10,67 | 6,02,16 | 51 | 6,02,67 |
| | 2415 - Agricultural Research and Education .. | 44,22,96 | — | 44,22,96 | 11,05,74 | - | 11,05,74 |
| | 2435 Other Agricultural Programmes .. | 1,78,07 | — | 1,78,07 | 44,52 | — | 44,52 |
| | 2506— Land Reforms .. | 1,23,59 | 2,04 | 1,25,63 | 30,99 | 51 | 31,40 |
| | 2575 Other Special Area Programme .. | 10,61,36 | — | 10,61,36 | 2,65,34 | -- | 2,65,34 |
| | 2702—Minor Irrigation .. | 2,26,22 | 50 | 2,26,72 | 56,56 | 13 | 56,62 |
| | 2810 Non-Conventional Sources of Energy .. | 20,00 | — | 20,00 | 5,00 | — | 5,00 |
| | 2851 Village and Small Industries .. | 65,55 | — | 65,55 | 16,39 | — | 16,39 |
| | Total Demand (Revenue) .. | 1,69,30,53 | 8,66 | 1 69,39,19 | 42,32,63 | 2,17 | 42,34,80 |

Original with;
Punjab Vidhan Sabha
Digitized by;

| | | | | | | |
|---|---|---|---|---|---|---|
| 4059—Capital Outlay on Public Works .. | 48,50 | — | 48,50 | 12,13 | — | 12,13 |
| 4401—Capital Outlay on Crop Husbandry .. | 1,30,00 | — | 1,30,00 | 32,50 | — | 32,50 |
| 4406—Capital Outlay on Forestry and Wild Life .. | — | — | — | — | — | — |
| 4408—Capital Outlay on Food Storage and Warehousing .. | — | — | — | — | — | — |
| 4416—Investments in Agricultural Financial Institutions .. | 20,00 | — | 20,00 | 5,00 | — | 5,00 |
| 4575—Capital Outlay on Special Area Programmes .. | 91,86 | — | 91,86 | 22,96 | — | 22,96 |
| 6401—Loans for Crop Husbandry .. | 10,22,50 | — | 10,22,50 | 2,55,63 | — | 2,55,63 |
| 6402—Loans for Soil and Water Conservation .. | 80,00 | — | 80,00 | 20,00 | — | 20,00 |
| 6406—Loans for Forestry and Wild Life | 2,50 | — | 2,50 | 62 | — | 62 |
| 6575—Loans for Other Special Areas Programmes .. | — | — | — | — | — | — |
| Total Demand (Capital) .. | 13,95,36 | — | 13,95,36 | 3,48,84 | — | 3,48,84 |
| Total Demand (Revenue & Capital) .. | 1,83,25,89 | 8,66 | 1,83,34,55 | 45,81,47 | 2,17 | 45,83,64 |
| **02. Animal Husbandry and Fisheries** | | | | | | |
| 2075—Miscellaneous General Services .. | — | — | — | — | — | — |
| 2245—Relief on Account of Natural Calamities .. | — | — | — | — | — | — |
| 2403—Animal Husbandry .. | 57,15,54 | 3,50 | 57,19,04 | 14,28,88 | 88 | 14,29,76 |
| 2204—Dairy Development | 2,12,31 | 15 | 2,12,46 | 53,08 | 4 | 53,12 |
| 2405—Fisheries .. | 376,70 | 50 | 3,77,20 | 94,18 | 12 | 94,30 |
| 2415—Agricultural Research Education .. | 6,45,77 | — | 6,45,77 | 1,61,44 | — | 1,61,44 |
| 2575—Other Special Area Programmes .. | — | — | — | — | — | — |
| Total Demand (Revenue) .. | 69,50,32 | 4,15 | 69,54,47 | 17,37,58 | 1,04 | 17,38,62 |

Original with;
Punjab Vidhan Sabha
Digitized by;
Panjab Digital Library

[Finance Minister]

(In Thousand of Rupees)

| Demand No. | Services/Department/Major Heads | | Total Amount | | | Amount required on Account | | |
|---|---|---|---|---|---|---|---|---|
| | | | Voted | Charged | Total | Voted | Charged | Total |
| | 4403—Capital Outlay on Animal Husbandry | .. | 10 | — | 10 | 3 | — | 3 |
| | 4575—Capital Outlay, on Special Area Programmes | .. | — | — | — | — | — | — |
| | 2603—Loans for Animal Husbandry | .. | 30,00 | — | 30,00 | 7,50 | — | 17,50 |
| | 6404—Loans for Dairy Development | .. | 1,25,00 | — | 1,25,00 | 31,25 | — | 31,25 |
| | 6405—Loans For Fisheries | .. | 10,00 | — | 10,00 | 2,50 | — | 2,50 |
| | Total Demand (Capital) | .. | 1,65,10 | — | 1,65,10 | 41,28 | — | 41,28 |
| | Total Demand (Revenue and Capital) | .. | 71,15,42 | 4,15 | 71,19,57 | 17,78,86 | 1,04 | 17,79,90 |
| 03. | **Co-operation** | | | | | | | |
| | 2216—Housing | .. | 1,50,00 | — | 1,50,00 | 37,50 | — | 37,50 |
| | 2235—Social Security and Welfare | .. | — | — | — | — | — | — |
| | 2404—Dairy Development | .. | — | — | — | — | — | — |
| | 2425—Co-operation | .. | 24,31,78 | 1,05 | 24,32,83 | 6,07,95 | 26 | 6,08,21 |
| | 2851—Village and Small Industries | .. | 3,51,61 | — | 3,51,61 | 87,90 | — | 87.90 |
| | Total Demand (Revenue) | .. | 29,33,39 | 1,05 | 29,34,44 | 7,33,35 | 26 | 7,33,61 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 4216—Capital Outlay on Housing .. | 1,50,00 | — | 1,50,00 | 37,50 | — | 3750 |
| 4404—Capital Outlay on Dairy Development .. | 2,00,00 | — | 2,00,00 | 50,00 | — | 50,00 |
| 4425—Capital Outlay on Co-operation .. | 18,95,54 | — | 18,95,54 | 4,73,89 | — | 1,73,89 |
| 4851—Capital Outlay on Village and Small Industries .. | 1,00 | — | 1,00 | 25 | — | 25 |
| 4860—Capital Outlay on Consumer industries .. | 6,50,00 | — | 6,50,00 | 1,62,50 | — | 1,62,50 |
| 6404—Loans for Dairy Development .. | — | — | — | — | — | — |
| 6425—Loans for Co-operation .. | 27,43,21 | — | 27,43,21 | 6,85,80 | — | 6,85,80 |
| 6851—Loans for Village and Small Industries .. | — | — | — | — | — | — |
| 6860—Loans for Consumer Industries .. | 20,00,00 | — | 20,00,00 | 5,00,00 | — | 5,00,00 |
| Total Demand (Capital) ... | 76,39,75 | — | 76,39,75 | 19,09,94 | — | 19,09,94 |
| Total Demand (Revenue and Capital) .. | 1,05,73,14 | 1,05 | 1,05,74,19 | 26,43,29 | — | 26,43,55 |
| **04. Defence Services Welfare** | | | | | | |
| 2235—Social Security and Welfare .. | 7,71,12 | 20 | 7,71,32 | 1,92,78 | 5 | 1,92,83 |
| 3604—Compensation and Assistance to Local Bodies and Panchayati Raj Institutions .. | 20,00 | — | 20,00 | 5,00 | — | 5,00 |
| Total Demand (Revenue) .. | 7,91,12 | 20 | 7,91,32 | 1,97,78 | 5 | 1,97,83 |
| 4235—Capital on Social Security and Welfare .. | 1,00 | — | 1,00 | 25 | — | 25 |
| 6235—Loans for Social Security and Welfare .. | — | — | — | — | — | — |
| Total Demand (Captial) .. | 1,00 | — | 1,00 | 25 | — | 25 |
| Total Demand (Revenue and Capital) .. | 7,92,12 | 20 | 7,92,32 | 1,98,03 | 5 | 1,98,08 |

Original with;
Punjab Vidhan Sabha
Digitized by;
Panjab Digital Library

[Finance Minister]

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 05. | **Education** | | | | | | |
| | 2058—Stationery and Printing | 15,05,43 | 17,54 | 15,22,97 | 3,76,36 | 4,39 | 3,80,75 |
| | 2071—Pension and Other Retirement Benefits | 6,00,00 | — | 6,00,00 | 1,50,00 | — | 1,50,00 |
| | 2075—Miscellaneous General Services | 1,50 | — | 1,50 | 38 | — | 38 |
| | 2202—General Education | 8,88,43,72 | 15,46,74 | 9,03,90,46 | 2,22,10,92 | 3,86,68 | 2,25,97,60 |
| | 2204—Sports and Youth Services | 28,14,38 | 3,10 | 28,17,48 | 7,03,60 | 78 | 7,04,38 |
| | 2205—Art and Culture | 1,26,00 | 20 | 1,26,20 | 31,50 | 5 | 31,55 |
| | 2245—Relief on account of Natural Calamities | — | — | — | — | — | — |
| | Total Demand (Revenue) | 9,38,91,03 | 15,67,58 | 9,54,58,61 | 2,34,72,76 | 3,91,90 | 2,38,64,66 |
| | 4058—Capital Outlay on Stationery & Printing | 1,29,00 | — | 1,29,00 | 32.38 | — | 32,38 |
| | 6202—Loans for Education, Sports, Art and Culture | 50 | — | 50 | 5 | — | 5 |
| | Total Demand (Capital) | 1,29,50 | — | 1,29,50 | 32,43 | — | 32,43 |
| | Total Demand (Revenue and Capital) | 9,40,20,50 | 15,67,58 | 9,55,88,11 | 2,35,05,19 | 3,91,90 | 2,38,97,09 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| **06. Election** | | | | | | |
| 2015—Elections .. | 19,27,31 | 1,00 | 19,28,31 | 4,81,83 | 25 | 4,82,08 |
| 2075—Miscellaneous General Services .. | 68,04 | — | 68,04 | 17,01 | — | 17,01 |
| Total Demand (Revenue) .. | 19,95,35 | 1,00 | 19,96,35 | 4,98,84 | 25 | 4,99,09 |
| Total Demand (Capital) .. | — | — | — | — | — | — |
| Total Demand (Revenue and Capital) .. | 19,95,35 | 1,00 | 19,96,35 | 4,98,84 | 25 | 4,99,09 |
| **07. Excise and Taxation** | | | | | | |
| 2039—State Excise .. | 5,65,88 | 1,00 | 5,66,88 | 1,41,42 | 25 | 1,41,67 |
| 2040—Sales Tax .. | 16,65,59 | 2.00 | 16,67,59 | 4,16,40 | 50 | 4,16,90 |
| Total Demand (Revenue) .. | 22 31,47 | 3,00 | 22,34,47 | 5,57,82 | 75 | 5 58,57 |
| Total Demand (Capital) .. | — | — | — | — | — | — |
| Total Demand (Revenue & Capital) .. | 22,31,47 | 3,00 | 22,34,47 | 5,57 82 | 75 | 5,58,57 |

Original with;
Punjab Vidhan Sabha
Digitized by;
Panjab Digital Library

[Finance Minister]

(In thousand of Rupees)

| Demand No. | Services/Department/Major Heads | | Total Amount | | | Amount required on Account | | |
|---|---|---|---|---|---|---|---|---|
| | | | Voted | Charged | Total | Voted | Charged | Total |
| 08. | Finance | | | | | | | |
| | 2047—Other Fiscal Services | .. | 16,39,21 | — | 16,39,21 | 4,09,80 | — | 4,09,80 |
| | 2049—Interest Payments | .. | — | 15,30,19,65 | 15,30,19,65 | — | 3,82,54,91 | 3,82,54,91 |
| | 2052—Secretariat General Services | .. | 59,34 | 2 | 59,36 | 14,84 | 1 | 14.85 |
| | 2054—Treasury and Accounts Administration | .. | 12,53,08 | 7 | 12,53,15 | 3,13,27 | 1 | 3,13,28 |
| | 2070—Other Administrative Services | .. | 2,05,64,62 | 2,00 | 2,05,66,62 | 5,41,16 | 50 | 5,41,66 |
| | 2071—Pension and Other Retirement Benefits | .. | 2,80,10,00 | — | 2,80,10,00 | 70,02,50 | — | 70,02,50 |
| | 2075—Miscellaneous General Services | .. | 15,59,00 | — | 15,59,00 | 3,89,75 | — | 3,89,75 |
| | 5235—Social Security and Welfare | .. | 6,00,00 | — | 6,00,00 | 1,50,00 | — | 1,50,00 |
| | 3451—Secretariat Economic Services | .. | 36,27 | 1 | 36,28 | 9,07 | 1 | 9,08 |
| | 3604—Comp. and Assi. to Local Bodies and Panch. Raj. Insts. | .. | 3,59 | — | 3,59 | 90 | — | 90 |
| | Total Demand (Revenue) | .. | 5,37,25,11 | 15,30,21,75 | 20,67,46,86 | 1,34,31,29 | 3,82,55,44 | 5,16,86,73 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| 6003—Internal Debt of the State Government .. | — | 17,72,73,27 | 17,72,73,27 | — | 4,43,18,32 | 4,43,18,32 |
| 6004—Loans and Advances from the Central Government .. | — | 3,55,51,47 | 3,55,51,47 | — | 88,87,87 | 88,87,87 |
| 7610—Loans to Government Servants etc. .. | 32,80,00 | — | 32,80,00 | 8,20,00 | — | 8,20,00 |
| 7615—Miscellaneous Loans .. | 80,00 | — | 80,00 | 20,00 | — | 20,00 |
| Total Demand (Capital) .. | 33,60,00 | 21,28,24,74 | 21,61,84,74 | 8,40,00 | 5,32,06,19 | 5,40,46,19 |
| Total Demand (Revenue & Capital) .. | 5,70,85,11 | 36,58,46,49 | 42,29,31,60 | 1,42,71,29 | 9,14 61,63 | 10,57,32,92 |
| 09. **Food & Supplies** | | | | | | |
| 3456—Civil Supplies .. | 9,63,64 | 50 | 9,64,14 | 2,40,91 | 13 | 2,41,04 |
| Total Demand (Revenue) .. | 9,63,64 | 50 | 9,64,14 | 2,40,91 | 13 | 2,41,04 |
| 4408—Capital Outlay on Food Storage & Warehousing .. | 15,08,72,00 | 3,00 | 15,08,75,00 | 15,08,72,00 | 3,00 | 15 08,75,00 |
| 6408—Loans for Food Storage and Warehousing . | 2,10,00,00 | — | 2,10,00,00 | — | — | — |
| Total Demand (Capital) .. | 17,18,72,00 | 3,00 | 17,18,75,00 | 15 08,72,00 | 3,00 | 15,08,75,00 |

Original with;
Punjab Vidhan Sabha
Digitized by;
Panjab Digital Library

[Finance Minister]

(In thousand of Rupees)

| Demand No. | Services/Department/Major Heads | Total Amount Voted | Total Amount Charged | Total Amount Total | Amount required on Account Voted | Amount required on Account Charged | Amount required on Account Total |
|---|---|---|---|---|---|---|---|
| | Total Demand (Revenue and Capital) .. | 17,28,35,64 | 3.50 | 17,28,39,14 | 15,08,72,00 | 3.13 | 15,08,75,13 |
| 10. | **General Administration** | | | | | | |
| 2012 | President, Vice President, Governor, Administrator of U.T. .. | — | 1,23,16 | 1,23,16 | — | 30,79 | 30,79 |
| 2013— | Council of Ministers .. | 3,48,00 | — | 3,48,00 | 87,00 | — | 87,00 |
| 2052— | Secretariat General Services .. | 21,81,07 | 5 | 21,81,12 | 5,45,27 | 1 | 5,45,28 |
| 2053— | District Administration .. | 4,90 | — | 4,90 | 1,23 | — | 1,23 |
| 2070— | Other Administrative Services .. | 2,62,19 | — | 2,62,19 | 65,55 | — | 65,55 |
| 2075— | Miscellaneous General Services .. | 25,61 | — | 25,61 | 6.40 | — | 6.40 |
| 2235— | Social Security and Welfare .. | 4,17,12 | — | 4,17,12 | 1,04,28 | — | 1,04,28 |
| 2251— | Secretariat Social Services .. | 3,75,50 | — | 3,75,50 | 93,88 | — | 93,88 |
| 3451— | Secretariat Economic Services .. | 1,31,30 | — | 1 31,30 | 32,83 | — | 32,83 |
| | Total Demand (Revenue) .. | 37,45,69 | 1,23,21 | 38 68,90 | 9,36,44 | 30,80 | 9,67,24 |
| | Total Demand (Capital) .. | — | — | — | — | — | — |
| | Total Demand (Revenue and Capital) .. | 37,45,69 | 1,23,21 | 38,68,90 | 9,36,44 | 30,80 | 9,67,24 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| **11. Health and Family Welfare** | | | | | | |
| 2210— Medical and Public Health .. | 2,72,31,80 | 10,84 | 2,72,42,64 | 68,07,95 | 2,71 | 68,10,66 |
| 2211— Family Welfare .. | 71,77,57 | — | 71,77,57 | 17,94,39 | — | 17 94,39 |
| 2235— Social Security and Welfare .. | 2,00,33 | — | 2,00,33 | 50,08 | — | 50,08 |
| Total Demand (Revenue) .. | 3,46,09,70 | 10,84 | 3,46,20,54 | 86,52,42 | 2,71 | 86,55,13 |
| 4210 .. Capital Outlay on Medical and Public Health . | — | — | — | — | — | — |
| 6210— Loans for Medical and Public Health .. | — | — | — | — | — | — |
| Total Demand (Capital) .. | — | — | — | — | — | — |
| Total Demand (Revenue and Capital) .. | 3,46,09,70 | 10,84 | 3,46,20,54 | 86,52,42 | 2,71 | 86,55,13 |
| **12. Home Affairs and Justice** | | | | | | |
| 2014— Administration of Justice .. | 23,78,66 | 5,93,54 | 29,72,20 | 5,94,67 | 1,48,39 | 7,43,06 |
| 2053 – District Administration .. | 15,83 | — | 15,83 | 3,96 | — | 3,96 |
| 2055 – Police .. | 4,02,15,90 | 76,77 | 4,02,92,67 | 1,00,53,98 | 19,19 | 1,00,73,17 |
| 2056 Jails .. | 25,36,58 | 75 | 25,37,33 | 6,34,15 | 19 | 6,34,34 |

Original with;
Punjab Vidhan Sabha
Digitized by;
Panjab Digital Library

(In Thousand of Rupees)

| Demand No. | Services/Departments/Major Heads | | Total Amount | | | Amount required on Account | | |
|---|---|---|---|---|---|---|---|---|
| | | | Voted | Charged | Total | Voted | Charged | Total |
| 2059— | Public Works | .. | 1,13,59 | — | 1,13,59 | 28,40 | — | 28,40 |
| 2070— | Other Administrative Services | .. | 39,54 87 | 77 | 39,55,64 | 9,88,72 | 19 | 9,88,91 |
| 2075— | Miscellaneous General Services | .. | 6 | — | 6 | 2 | — | 2 |
| 2216 - | Housing | ... | 1,60 | — | 1,60 | 40 | — | 40 |
| 2235— | Social Security and Welfare | .. | 38,40 | 1 | 38,41 | 9,60 | 1 | 9,61 |
| 2250-- | Other Social Services | .. | 7,77 | 1 | 7,78 | 1,94 | 1 | 1,95 |
| | Total Demand (Revenue) | .. | 4,92,63,26 | 6,71,85 | 4,99,35,11 | 1,23,15,84 | 1,67,98 | 1,24,83,82 |
| 4059— | Capital Outlay on Public Works | .. | 2,00,00 | 10,00 | 2,10,00 | 50,00 | 2,50 | 52,50 |
| 4216-- | Capital Outlay on Housing | .. | 22,04,11 | 10,00 | 22,14,11 | 5,51,03 | 2,50 | 5,53,53 |
| | Total Demand (Capital) | .. | 24,04,11 | 20,00 | 24,24,11 | 6,01,03 | 5,00 | 6,06,03 |
| | Total Demand (Revenue and Capital) | .. | 5,16,67,37 | 6,91,85 | 5,23,59,22 | 1,29,16,87 | 1,72,98 | 1,30,89 85 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| 13. | **Industries** | | | | | | |
| 2057— | Supplies and Disposals .. | 48,42 | — | 48,42 | 12,11 | — | 12,11 |
| 2230— | Labour and Employment .. | 6,68 | — | 6,68 | 1,67 | — | 1,67 |
| 2851— | Village and Small Industries .. | 15,50,55 | 18 | 15,50,73 | 3,87,64 | 5 | 3,87,69 |
| 2852— | Industries .. | 42,65,12 | — | 42,65,12 | 10-66,28 | — | 10,66,28 |
| 2853— | Non Ferros Mining and Metallargical Industries .. | 57,30 | 30 | 57,60 | 14,33 | 8 | 14,41 |
| 3475— | other General Economic Services .. | 77,43 | — | 77,43 | 19,36 | — | 19,36 |
| | Total Demand (Revenue) .. | 60,05,50 | 48 | 60,05,98 | 15,01,39 | 13 | 15,01,52 |
| 4851— | Capital Outlay on Village and Small Industries .. | 20,66,00 | — | 20,66,00 | 5,16,50 | — | 5,16,50 |
| 4859— | Capital Outlay on Telecom an Electronic Industries .. | 71,62 | — | 71,62 | 17,91 | — | 17,91 |
| 4885— | Other Capital Outlay on Industries and Minerals .. | 5,00,00 | — | 5,00,00 | 1,25,00 | — | 1,25,00 |
| 6851— | Loans for Village and Small Industries .. | — | — | — | — | — | — |
| 6860— | Loans For Consumer Industries .. | — | — | — | — | — | — |
| 6885— | Other Loans to Industries and Minerals .. | — | — | — | — | — | — |
| | Total Demand (Capital) .. | 26,37,62 | — | 26,37,62 | 6,59,41 | — | 6,59,41 |
| | Total Demand (Revenue and Capital) .. | 86,43,12 | 48 | 86,43,60 | 21,60,80 | 13 | 21,60,93 |

Original with;
Punjab Vidhan Sabha
Digitized by;
Panjab Digital Library

[Finance Minister]

(In Thousand of Rupees)

| Demand No. | Service/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 14. | **Information and Public Relation** | | | | | | |
| 2220— | Information and Publicity | 12,35,52 | 25 | 12,35,77 | 3,10,01 | 6 | 3,10,07 |
| 2235— | Social Security and Welfare | 4,50 | — | 4,50 | 1,13 | — | 1,13 |
| | Total Demand (Revenue) | 12,40,02 | 25 | 12,40,27 | 3,11,14 | 6 | 3,11,20 |
| | Total Demand (Capital) | — | — | — | — | — | — |
| | Total Demand (Revenue and Capital) | 12,40,02 | 25 | 12,40,27 | 3,11,14 | 6 | 3,11,20 |
| 15. | **Irrigation and Power** | | | | | | |
| 2045— | Other Taxes and Duties on Commodities and Services | 77,54 | — | 77,54 | 19,39 | — | 19,39 |
| 2070— | Other Administrative Services | 81,87 | — | 8,87 | 2,22 | — | 2,22 |
| 2245— | Relief on account of Natural Calamities | — | — | — | — | — | — |
| 2701— | Major and Medium Irrigation | 1,42,53,04 | — | 1,42,53,04 | 35,63,26 | — | 35,63,26 |
| 2702— | Minor Irrigation | 16,46,85 | — | 16,46,85 | 4,11,71 | — | 4,11,71 |
| 2711— | Flood Control | 29,01,55 | — | 29,01,55 | 7,25,39 | — | 7,25,39 |
| | Total Demand (Revenue) | 1,88,87,85 | — | 1,88,87,85 | 47,21,97 | — | 47,21,97 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| 4701— | Capital Outlay on Major and Medium Irrigation .. | 4,53,73,32 | — | 4,53,73,32 | 1,13,43,33 | — | 1,13,43,33 |
| 4702— | Capital Outlay on Minor Irrigation .. | 8,14,12 | — | 8,14,12 | 2,03,53 | — | 2,03,53 |
| 4711— | Capital Outlay on Flood Control Project .. | 22,90,00 | — | 22,90,00 | 5,72,50 | — | 5,72,50 |
| 4801— | Capital Outlay on Power Project .. | — | — | — | — | — | — |
| 6705— | Loans for Command area development .. | 37,00,00 | — | 37,00,00 | 9,25,00 | — | 9,25,00 |
| 6801— | Loans for Power Project .. | 6,62,63,00 | — | 6,62,63,00 | 1,65,65,75 | — | 1,65,65,75 |
| | Total Demand (Capital) .. | 11,84,40,44 | — | 11,84,40,44 | 2,96,10,11 | — | 2,96,10,11 |
| | Total Demand (Revenue and Capital) .. | 13,73,28,29 | — | 13,73,28,29 | 3,43,32,08 | — | 3,43,32 08 |
| 16. | Labour and Employment | | | | | | |
| 2230— | Labour and Employment .. | 9,61,14 | 55 | 9,61,69 | 2,40,29 | 14 | 2,40,43 |
| | Total Demand (Revenue) .. | 9,61,14 | 55 | 9,61,69 | 2,40,29 | 14 | 2,40,43 |
| | Total Demand (Capital) .. | — | — | — | — | — | — |
| | Total Demand (Revenue and Capital) .. | 9,61,14 | 55 | 9,61,69 | 2,40,29 | 14 | 2,40,43 |

Original with;
Punjab Vidhan Sabha
Digitized by;
Panjab Digital Library

[Finance Minister]

(In Thousand of Rupees)

| Demand No. | Service/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 17. | **Local Govt. Housing and Urban Dev.** | | | | | | |
| 2216— | Housing .. | 8,07 | — | 8,07 | 2,02 | — | 2,02 |
| 2217— | Urban Development .. | 11,73,48 | 10 | 11,73,58 | 2,93,37 | 3 | 2,93,43 |
| 3475— | Other General Economic Services .. | 3,25 | — | 3,25 | 81 | — | 81 |
| 3604— | Comp. and Assi. to Local Bodies and Panch. Raj. Instn. .. | 35,61,63 | — | 35,61,63 | 8,90,41 | — | 8,90,41 |
| | Total Demand (Revenue) .. | 47,46,43 | 10 | 47,46,53 | 11,86,61 | 3 | 11,86,64 |
| 4216— | Capital Outlay on Housing .. | 7,60,25 | — | 7,60,25 | 1,90,06 | — | 1,90,06 |
| 4217— | Capital Outlay on Urban Development .. | 62,25,00 | — | 62,25,00 | 15,56,25 | — | 15,56,25 |
| 5475— | Capital Outlay on Other General Economic Services .. | 1 | — | 1 | 1 | — | 1 |
| 6215— | Loans for Water Supply and Sanitation .. | — | — | — | — | — | — |
| 6216 - | Loans for Housing .. | 7,35,62 | — | 7,35,62 | 1,83,90 | — | 1,83,90 |
| 6217— | Loans for Urban Development .. | 1,12,50 | — | 1,12,50 | 28,12 | — | 28,12 |
| | Total Demand (Capital) .. | 78,33,38 | — | 78,33,38 | 19,58,34 | — | 19,58,34 |
| | Total Demand (Revenue and Capital) .. | 1,25,79,81 | 10 | 1,25,79,91 | 31,44,95 | 3 | 31,44,98 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| 18 | **Personnel and Administrative Reforms** | | | | | | |
| 2051— | Public Service Commission .. | 83,68 | 76,40 | 1,60,08 | 20,92 | 19,10 | 40,02 |
| 2070— | Other Administrative Services .. | 70,00 | — | 70,00 | 17,50 | — | 17,50 |
| | Total Demand (Revenue) .. | 1,53,68 | 76,40 | 2,30,08 | 38,42 | 19,10 | 57,52 |
| 4070— | Capital Outlay on other Administrative Services .. | 5,88 00 | — | 5,88,00 | 1,47,00 | — | 1,47,00 |
| | Total Demand (Capital) .. | 5,88,00 | — | 5,88,00 | 1,47,00 | — | 1,47,00 |
| | Total Demand (Revenue and Capital) .. | 7,41,68 | 76,40 | 8,18,08 | 1,85,42 | 19,10 | 2,04,52 |
| 19. | **Planning** | | | | | | |
| 3451— | Secretariat Economic Services .. | 1,98,68,75 | — | 1,98,68,75 | 49,67,19 | — | 49,67,19 |
| 3454— | Census Survey and Statistics .. | 6,17,37 | 1 | 6,17,38 | 1,54,35 | — | 1,54,35 |
| | Total Demand (Revenue) .. | 2,04,86,12 | 1 | 2,04,86,13 | 51,21,54 | — | 51,21,54 |
| 4575— | Capital Outlay on Special Area Programmes .. | — | — | — | — | — | — |

Original with;
Punjab Vidhan Sabha
Digitized by;
Panjab Digital Library

[Finance Minister]

(In Thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| | 5475— Capital Outlay on others General Economic Services .. | 1,63,40,53 | — | 1,63,40,53 | 40,85,13 | — | 40,85,13 |
| | Total Demand (Capital) .. | 1,63,40,53 | — | 1,63,40,53 | 40,85,13 | — | 40,85,13 |
| | Total Demand (Revenue and Capital) .. | 3,68,26,65 | 1 | 3,68,26,66 | 92,06,66 | 1 | 92,06,67 |
| 20. | **Programme Implementation** | | | | | | |
| | 3451— Secretariat Economic Services .. | 4,00 | — | 4,00 | 1,00 | — | 1,00 |
| | Total Demand (Revenue) .. | 4,00 | — | 4,00 | 1,00 | — | 1,00 |
| | Total Demand (Capital) .. | — | — | — | — | — | — |
| | Total Demand (Revenue and Capital) .. | 4,00 | — | 4,00 | 1,00 | — | 1,00 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| 21. **Public Works** | | | | | | | |
| 2059—Public Works | .. | 96,67,37 | 1,01,50 | 97,68,87 | 24,16,84 | 25,38 | 24,42,22 |
| 2202—General Education | .. | 16,32 | — | 16,32 | 4,08 | — | 4,08 |
| 2203—Technical Education | .. | 5,32 | — | 5,32 | 1,33 | — | 1,33 |
| 2210—Medical and Public Health | .. | 22,50 | — | 22,50 | 5,63 | — | 5,63 |
| 2215—Water Supply and Sanitation | .. | 1,25,18,64 | — | 1,25,18,64 | 31,29,66 | .. | 31,29,66 |
| 2216—Housing | .. | 2,20,27 | — | 2,20,27 | 55,07 | — | 55,07 |
| 2401—Crop Husbandry | .. | 12,04 | — | 12,04 | 3,00 | — | 3,00 |
| 2403—Animal Husbandry | .. | 1,43 | — | 1,43 | 36 | .. | 36 |
| 3054—Roads and Bridges | .. | 70,75,95 | 2,20,00 | 72,95,95 | 17,68,99 | 55,00 | 18,23,99 |
| Total Demand (Revenue) | .. | 2,95,39,84 | 3,21,50 | 2,98,61,34 | 73,84,96 | 80,38 | 74,65,34 |
| 4059—Capital Outlay on Public Works | .. | 31,84,00 | — | 31,84,00 | 7,96,00 | — | 7,96,00 |
| 4202—Capital Outlay on Education, Sports, Art and Culture | .. | 18,14,00 | — | 18,14,00 | 4,53,50 | — | 4,53,50 |
| 4210 Capital Outlay on Medical and Public Health | .. | 18,67,00 | — | 18,67,00 | 4,66,75 | — | 4,66,75 |
| 4211—Capital Outlay on Family Welfare | .. | — | — | — | — | — | — |
| 4235—Capital Outlay on Social Security and Welfare | .. | 1,00 | — | 1,00 | 25 | — | 25 |

Original with;
Punjab Vidhan Sabha
Digitized by;
Panjab Digital Library

Finance Minister]

(In thousand of Rupees)

| Demand No. | Services/Department/Major Heads | | Total Amount | | | Amount required on Account | | |
|---|---|---|---|---|---|---|---|---|
| | | | Voted | Charged | Total | Voted | Charged | Total |
| 4250 | —Capital Outlay on other Social Service | .. | 10,77,00 | — | 10,77,00 | 2,69,25 | — | 2,69,25 |
| 4403 | —Capital Outlay on Animal Husbandry | .. | 16,00 | — | 16,00 | 4,00 | — | 4,00 |
| 4404 | —Capital Outlay on Dairy Development | .. | — | — | — | — | — | — |
| 4405 | Capital Outlay on Fisberies | .. | — | — | — | — | — | — |
| 4810 | —Capital Outlay on Non-Conventional Sources of Energy | .. | 20,00 | — | 20,00 | 5,00 | — | 5,00 |
| 4851 | —Capital Outlay on Village and Small Industries | .. | — | — | — | — | — | — |
| 5053 | —Capital Outlay on Civil Aviation | .. | 70,00 | — | 70,00 | 17,50 | — | 17,50 |
| 5054 | —Capital Outlay on Roads and Bridges | .. | 82,65,76 | — | 82,65,76 | 20,66,44 | — | 20,66,44 |
| | Total Demand (Capital) | .. | 1,63,14,76 | — | 1,63,14,76 | 40,78,69 | — | 40,78,69 |
| | Total Demand (Revenue and Capital) | .. | 4,58,54,60 | 3,21,50 | 4,61,76,10 | 1,14,63,65 | 80,38 | 1,15,44,03 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| 22. **Revenue and Rehabilitation** | | | | | | | |
| 2029—Land Revenue | .. | 27,73,55 | 5,94 | 27,79,49 | 6,93,38 | 1,49 | 6,94,88 |
| 2030—Stamps and Registration | .. | 1,56,13 | 50 | 1,56,63 | 39,03 | 13 | 39,15 |
| 2052—Secretariat General Services | .. | 5,24,90 | 25 | 5,25,15 | 1,31,23 | 6 | 1,31,29 |
| 2053—District Administration | .. | 31,26,48 | 13,72 | 31,40,20 | 7,81,62 | 3,43 | 7,85,05 |
| 2235—Social Security and Welfare | .. | 21,83,21 | 5,00 | 21,88,21 | 5,45,80 | 1,25 | 5,47,05 |
| 2245—Relief on Account of Natural Calamities | .. | 68,81,01 | 10 | 68,81,11 | 17,20,25 | 3 | 17,20,28 |
| 2250—Other Social Services | .. | 36,57 | — | 36,57 | 9,15 | — | 9,15 |
| 3451—Secretariat Economic Services | .. | 84,60 | 25 | 84,85 | 2,15 | 6 | 21,21 |
| 3454—Census, Survey and Statistics | .. | 13,21 | — | 13,21 | 3,31 | — | 3,31 |
| 3604—Comp. and Assi. to Local Bodies and Panch. Raj Instn. | .. | 78 | — | 78 | 20 | — | 20 |
| Total Demand (Revenue) | .. | 1,57,80,44 | 25,76 | 1,58,06,20 | 39,45,12 | 6,45 | 39,51,57 |
| 4059—Capital Outlay on Public Works | .. | 51,04 | — | 51,04 | 12,76 | — | 12,76 |
| Total Demand (Capital) | .. | 51,04 | — | 51,04 | 12,76 | — | 12,76 |
| Total Demand (Revenue and Capital) | .. | 1,58,31,48 | 25,76 | 1,58,57,24 | 39,57,88 | 6,45 | 39,64,33 |

Original with;
Punjab Vidhan Sabha
Digitized by;
Punjab Digital Library

[Finance Minister]

(In thousand of Rupees)

| Demand No. | Services/Department/Major Heads | Total Amount Voted | Total Amount Charged | Total Amount Total | Amount required on Account Voted | Amount required on Account Charged | Amount required on Account Total |
|---|---|---|---|---|---|---|---|
| 23. | **Rural Development and Panchayats** | | | | | | |
| | 2013—Council of Ministers .. | 3,04,00 | — | 3,04,00 | 76,00 | — | 76,00 |
| | 2202—General Education .. | 50,82 | — | 50,82 | 12·71 | — | 12,71 |
| | 2216—Housing .. | — | — | — | — | — | — |
| | 2415—Agriculture Research and Education .. | 34,61 | — | 34,61 | 8,65 | — | 8,65 |
| | 2501—Special programmes for Rural Development .. | 24,70 | — | 24,70 | 6,17 | — | 6,17 |
| | 2505—Rural Employment .. | 20,00,00 | — | 20,00,00 | 5,00,00 | — | 5,00,00 |
| | 2515—Other Rural Development Programme .. | 34,12,88 | 1,44 | 34,14,32 | 8,53,22 | 36 | 8,53,58 |
| | 3604—Comp. and Assi. to Local Bodies and Panch. Raj Instn. .. | 20,92,68 | — | 20,92,68 | 5,23,17 | — | 5,23,17 |
| | Total Demand (Revenue) .. | 79,19,69 | 1,44 | 79,21,13 | 19,79,92 | 36 | 19,80,28 |
| | Total Demand (Capital) .. | — | — | — | — | — | — |
| | Total Demand (Revenue and Capital) .. | 79,19,69 | 1,44 | 79,21,13 | 19,79,92 | 36 | 19,80,28 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 24. **Science, Technology and Environment** | | | | | | |
| 3425—Other Scientific Research .. | 1,81,00 | — | 1,81,00 | 45,25 | — | 45,25 |
| 3435—Ecology and Environment .. | 11,00 | — | 11,00 | 2,75 | — | 2,75 |
| Total Demand (Revenue) .. | 1,92,00 | — | 1,92,00 | 48,00 | — | 48,00 |
| 5425—Capital Outlay on Scientific and Environmental Research .. | 3,26,00 | — | 3,26,00 | 81,50 | — | 81,50 |
| Total Demand (Capital) .. | 3,26,00 | — | 3,26,00 | 81,50 | — | 81,50 |
| Total Demand (Revenue and Capital) .. | 5,18,00 | — | 5,18,00 | 1,29,50 | — | 1,29,50 |
| 25. **Soc. & Wom. Welf. & Welf. of SC & BC** | | | | | | |
| 2225—Welfare of S.Cs., S.Ts. and other B.Cs. .. | 47,32,65 | 20 | 47,32,85 | 11,83,16 | 5 | 11,83,21 |
| 2235—Social Security and Welfare . | 29,26,65 | 50 | 29,27,15 | 7,31,66 | 13 | 7,31,79 |
| 2236—Nutrition .. | — | — | — | — | — | — |
| 2245—Relief on Account of Natural Calamities .. | — | — | — | — | — | — |
| Total Demand (Revenue) .. | 76,59,30 | 70 | 76,60,00 | 19,14,82 | 18 | 19,15,00 |

Original with;
Punjab Vidhan Sabha
Digitized by;
Panjab Digital Library

[Finance Minister]

(In thousand of Rupees)

| Demand No. | Services/Department/Major Heads | Total Amount | | | Amount required on Account) | | |
|---|---|---|---|---|---|---|---|
| | | Voted | Charged | Total | Voted | Charged | Total |
| | 4225—Capital Outlay on Welfare for SCs., STs. and other BCs. .. | 2,85,00 | — | 2,85,00 | 71,25 | — | 71,25 |
| | 4235—Capital Outlay on Social Security and Welfare .. | — | — | — | — | — | — |
| | 6235—Loans for Social Security and Welfare .. | — | — | — | — | — | — |
| | Total Demand (Capital) .. | 2,85,00 | — | 2,85,00 | 71,25 | — | 71,25 |
| | Total Demand (Revenue and Capital) .. | 79,44,30 | 70 | 79,45,00 | 19,86,07 | — | 19,86,25 |
| 26. | **State Legislature** | | | | | | |
| | 2011—Parliament/State/U.T. Legislature .. | 4,09,45 | 5,94 | 4,15,39 | 1,02,36 | 1,49 | 1,03,85 |
| | 2235—Social Security and Welfare .. | 15,00 | — | 15,00 | 3,75 | — | 3,75 |
| | Total Demand (Revenue) .. | 4,24,45 | 5,94 | 4,30,39 | 1,06,11 | 1,49 | 1,07,60 |
| | Total Demand (Capital) .. | — | — | — | — | — | — |
| | Total Demand (Revenue and Capital) .. | 4,24,45 | 5,94 | 4,30,39 | 1,06,11 | 1,49 | 1,07,60 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| **27. Technical Education and Indus. Trg.** | | | | | | |
| 2203—Technical Education .. | 39,26,73 | — | 39,26 73 | 9,81,68 | — | 9,81,68 |
| 2225—Welfare of S.Cs., S.Ts. and other B.Cs. .. | 63,66 | — | 63,66 | 15,92 | — | 15,92 |
| 2230—Labour and Employment .. | 32,61,57 | 1,00 | 32,62,57 | 8,15,39 | 25 | 8,15,64 |
| Total Demand (Revenue) .. | 72,51,96 | 1,00 | 72,52,96 | 18,12,99 | 25 | 18,13,24 |
| 4250—Capital Outlay on other Social Services .. | 38,85 | — | 38,35 | 9,71 | — | 9,71 |
| Total Demand (Capital) .. | 38,85 | — | 38,35 | 9,71 | — | 9,71 |
| Total Demand (Revenue and Capital) .. | 72,90,81 | 1,00 | 72,91,81 | 18,22,70 | 25 | 18,22,95 |
| **28. Tourism and Cultural Affairs** | | | | | | |
| 2205—Art and Culture .. | 6,80,29 | 2 | 6,80,31 | 1,70,07 | 1 | 1,70,08 |
| 3452—Tourism .. | 74,17 | 1,75 | 75,92 | 18,54 | 44 | 18,98 |
| Total Demand (Revenue) .. | 7,54,46 | 1,77 | 7,56,23 | 1,88,61 | 45 | 1,89,06 |
| 5452—Capital Outlay on Tourism .. | 2,00,00 | — | 2,00,00 | 50,00 | — | 50,00 |
| Total Demand (Capital) .. | 2,00,00 | — | 2,00,00 | 50,00 | — | 50,00 |
| Total Demand (Revenue and Capital) .. | 9,54,46 | 1,77 | 9,56,23 | 2,38,61 | 45 | 2,39,06 |

Original with;
Punjab Vidhan Sabha
Digitized by;
Panjab Digital Library

[Finance Minister]

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 29. | **Transport** | | | | | | |
| | 2013—Council of Ministers .. | 3,92,43 | — | 3,92,43 | 98,11 | — | 98,11 |
| | 2041—Taxes on Vehicles .. | 2,84,88 | 1,25 | 2,86,13 | 71,22 | 31 | 71,53 |
| | 3053—Civil Aviation .. | 4,70,55 | — | 4,70,55 | 1,17,64 | — | 1,17,64 |
| | 3055—Road Transport .. | 2,29,46,38 | 70,00 | 2,30,16,38 | 57,36,60 | 17,50 | 57,54,10 |
| | Total Demand (Revenue) .. | 2,40,94,24 | 71,25 | 2,41,65,49 | 60,23,57 | 17,81 | 60,41,38 |
| | 5053—Capital Outlay on Civil Aviation .. | 1,15,00 | — | 1,15,00 | 28,75 | — | 28,75 |
| | 5055—Capital Outlay on Road Transport .. | 10,25,00 | — | 10,25,00 | 2,56,25 | — | 2,56,25 |
| | Total Demand (Capital) .. | 11,40,00 | — | 11,40,00 | 2,85,00 | — | 2,85,00 |
| | Total Demand (Revenue and Capital) .. | 2,52,34,24 | 71,25 | 2,53,05,49 | 63,08,57 | 17,81 | 63,26,38 |

Original with;
Punjab Vidhan Sabha
Digitized by;

| | | | | | | |
|---|---|---|---|---|---|---|
| **30. Vigilance** | | | | | | |
| 2070—Other Administrative Services .. | 4,70,96 | 4,72 | 4,75,68 | 1,17,74 | 1,18 | 1,18,92 |
| Total Demand (Revenue) .. | 4,70,96 | 4,72 | 4,75,68 | 1,17,74 | 1,18 | 1,18,92 |
| Total Demand (Capital) .. | — | — | — | — | — | — |
| Total Demand (Revenue and Capital) .. | 4,70,96 | 4,72 | 4,75,68 | 1,17,74 | 1,18 | 1,18,92 |
| GRAND TOTAL .. | 76,57,65,13 | 36,87,73,40 | 1,13,45,38,53 | 29,93,46,53 | 9,21,95,68 | 39,15,42,21 |

**Mr. Speaker** : Motion moved—

That Vote-on-Account for three months (viz. April, May and June 1997) amounting to Rs. 39,15,42,21,000 as in the Schedule be taken into consideration at once and passed.

Original with;
Punjab Vidhan Sabha
Digitized by;
Punjab Digital Library

# VOTE-ON-ACCOUNT 1997-98

Estimate of Expenditure for Vote on Account required for the monhts of April, May and June, 1997 in the financial year ending the 31 March, 1998.

(In thousond of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 01. | **Agriculture and Forests** | | | | | | |
| | 2245—Relief on account of Natural Calamites .. | 0 | 0 | 0 | 0 | 0 | 0 |
| | 2401—Crop Husbandry .. | 64,07,04 | 3,10 | 64,10,14 | 16,01,76 | 77 | 16,02,53 |
| | 2402—Soil and Water Conservation .. | 20,17,09 | 1,00 | 20,18,09 | 5,04,27 | 25 | 5,04,52 |
| | 2406—Forestry and Wildlife .. | 24,08,65 | 2,02 | 24,10,67 | 6,02,16 | 51 | 6,02,67 |
| | 2415—Agricultural Research and Education .. | 44,22,96 | — | 44,22,96 | 11,05,74 | — | 11,05,74 |
| | 2435—Other Agricultural Programmes .. | 1,78,07 | — | 1,78,07 | 44,52 | — | 44,52 |
| | 2506—Land Reforms .. | 1,23,59 | 2,04 | 1,25,63 | 30,99 | 51 | 31,40 |
| | 2575—Other Special Area Programme .. | 10,61,36 | — | 10,61,36 | 2,65,34 | — | 2,65,34 |
| | 2702—Minor Irrigation .. | 2,26,22 | 50 | 2,26,72 | 56,56 | 13 | 56,69 |
| | 2810—Non-Conventionnal Sources of Energy .. | 20,00 | — | 20,00 | 5,00 | — | 5,00 |
| | 2851—Village and Small Industries .. | 65,55 | — | 65,55 | 16,39 | — | 16,39 |
| | Total Demand (Revenue) .. | 1,69,30,53 | 8,66 | 1,69,39,19 | 42,32,63 | 2,17 | 42,34,80 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 4059—Capital Outlay on Public Works | 48,50 | — | 48,50 | 12,13 | — | 12,13 |
| 4401—Capital Outlay on Crop Husbandry | 1,30,00 | — | 1,30,00 | 32,50 | — | 32,50 |
| 4406—Capital Outlay on Forestry and Wild Life | — | — | — | — | — | — |
| 4408—Capital Outlay on Food Storage and Warehousing | — | — | — | — | — | — |
| 4416—Investments in Agricultural Financial Institutions | 20,00 | — | 20,00 | 5,00 | — | 5,00 |
| 4575—Capital Outlay on Special Area Programmes | 91,86 | — | 91,86 | 22,96 | — | 22,96 |
| 6401—Loans for Crop Husbandry | 10,22,50 | — | 10,22,50 | 2,55,63 | — | 2,55,63 |
| 6402—Loans for Soil and Water Conservation | 80,00 | — | 80,00 | 20,00 | — | 20,00 |
| 6406—Loans for Forestry and Wild Life | 2,50 | — | 2,50 | 62 | — | 62 |
| 6575—Loans for Other Special Areas Programmes | — | — | — | — | — | — |
| Total Demand (Capital) | 13,95,36 | — | 13,95,36 | 3,48,84 | — | 3,48,84 |
| Total Demand (Revenue and Capital) | 1,83,25,89 | 8,66 | 1,83,34,55 | 45,81,47 | 2,17 | 45,83,64 |
| **02 Animal Husbandry and Fisheries** | | | | | | |
| 2075—Miscellaneous General Services | — | — | — | — | — | — |
| 2245—Relief on Account of Natural Calamities | — | — | — | — | — | — |
| 2403—Animal Husbandry | 57,15,54 | 3,50 | 57,19,04 | 14,28,88 | 88 | 14,29,76 |
| 2204—Diary Development | 2,12,31 | 15 | 2,12,46 | 53,08 | 4 | 53,12 |
| 2405—Fisheries | 3,76,70 | 50 | 3,77,20 | 94,18 | 12 | 94,30 |
| 2415—Agricultural Research and Education | 6,45,77 | — | 6,45,77 | 1,61,44 | — | 1,61,44 |
| 2575—Other Special Area Programmes | — | — | — | — | — | — |
| Total Demand (Revenue) | 69,50,32 | 4,15 | 69,54,47 | 17,37,58 | 1,04 | 17,38,62 |

Original with;
Punjab Vidhan Sabha
Digitized by;
Panjab Digital Library

[Mr. Speaker]

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| | 4403—Capital Outlay on Animal Husbandry .. | 10 | — | 10 | 3 | — | 3 |
| | 4575—Capital Outlay on Special Area Programmes .. | — | — | — | — | — | — |
| | 2603—Loans for Animal Husbandry .. | 30,00 | — | 30,00 | 7,50 | — | 7,50 |
| | 6404—Loans for Diary Development .. | 1,25,00 | — | 1,25,00 | 31.25 | — | 31,25 |
| | 6405—Loans for Fisheries .. | 10,00 | — | 10,00 | 2,50 | — | 2,50 |
| | Total Demand (Capital) .. | 1,65,10 | — | 1,65,10 | 41,28 | — | 41,28 |
| | Total Demand (Revenue and Capital) .. | 71,15,42 | 4,15 | 71,19,57 | 17,78,86 | 1,04 | 17,79,90 |
| 03. | Co-operation | | | | | | |
| | 2216—Housing .. | 1,50,00 | — | 1,50,00 | 37,50 | — | 37.50 |
| | 2235—Social Security and Welfare .. | — | — | — | — | — | — |
| | 2404—Diary Development .. | — | — | — | — | — | — |

Original with; Punjab Vidhan Sabha Digitized by; Panjab Digital Library

| | | | | | | | |
|---|---|---|---|---|---|---|---|
| 2425—Co-operation | .. | 24,31,78 | 1,05 | 24,32,83 | 6,07,95 | 26 | 6,08,21 |
| 2851—Village and Small Industries | .. | 3,51,61 | — | 3,51,61 | 87,90 | — | 87,90 |
| Total Demand (Revenue) | .. | 29,33,39 | 1,05 | 29,34,44 | 7,33,35 | 26 | 7,33,61 |
| 4216—Capital Outlay on Housing | .. | 1,50,00 | — | 1,50,00 | 37,50 | — | 37.50 |
| 4404—Capital Outlay on Diary Development | .. | 2,00,00 | — | 2,00,00 | 50,00 | — | 50.00 |
| 4425—Capital Outlay on Co-operation | .. | 18,95,54 | — | 18,95,54 | 4,73,89 | — | 4,73,89 |
| 4851—Capital Outlay on Village and Small Industries | .. | 1,00 | — | 1,00 | 25 | — | 25 |
| 4860—Capital Outlay on Consumer Industriea | .. | 6,50,00 | — | 6,50,00 | 1,62,50 | — | 1 62,50 |
| 6404—Loans for Diary Development | .. | — | — | — | — | — | — |
| 6425—Loans for Co-operation | .. | 27,43,21 | — | 27,43,21 | 6,85,80 | — | 6,85,80 |
| 6851—Loans for Village and Small Industries | .. | — | — | — | — | — | — |
| 6860—Loans for Consumer Industries | .. | 20,00,00 | — | 20,00,00 | 5,00,00 | — | 5,00,00 |
| Total Demand (Capital) | .. | 76,39,75 | — | 76,39,75 | 19,09,94 | — | 19,09,94 |
| Total Demand (Revenue and Capital) | .. | 1,05,73,14 | 1,05 | 1,05,74,19 | 26,43,29 | — | 26,43,55 |

Original with;
Punjab Vidhan Sabha
Digitized by;
Panjab Digital Library

[Mr. Speaker]

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 04. | **Defence Service Welfare** | | | | | | |
| | 2235—Social Security and Welfare . | 7,71,12 | 20 | 7,71,32 | 1,92,78 | 5 | 1,92,83 |
| | 3604—Comp. and Assi. to local Bodies and Panch. Raj Instn. .. | 20.00 | — | 20,00 | 5,00 | — | 5,00 |
| | Total Demand (Revenue) .. | 7,91,12 | 20 | 7,91,32 | 1,97,78 | 5 | 1,97,83 |
| | 4235—Capital on Social Security and Welfare .. | 1,00 | — | 1,00 | 25 | — | 25 |
| | 6235—Loans for Social Security and Welfare .. | — | — | — | — | — | — |
| | Total Demand (Capital) .. | 1,00 | — | 1,00 | — | — | 25 |
| | Total Demand (Revenue and Capital) .. | 7,92,12 | 20 | 7,92,32 | 1,98,03 | 5 | 1,98,08 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| **05. Education** | | | | | | | |
| 2058—Stationery and Printing | .. | 15,05,43 | 17.54 | 15,22,97 | 3,76,36 | 4,39 | 3,80,75 |
| 2071—Pension and other Retirement Benefits | .. | 6,00,00 | — | 6,00,00 | 1,50,00 | — | 1,50,00 |
| 2075—Miscellenous General Services | .. | 1,50 | — | 1,50 | 38 | — | 38 |
| 2202—General Education | .. | 8,88,43,72 | 15,46,74 | 9,03,90,46 | 2,22,10,92 | 3,86,68 | 2,25,97,60 |
| 2204—Sports and Youth Services | .. | 28,14,38 | 3,10 | 28,17,48 | 7,03,60 | 78 | 7,04,38 |
| 2205—Art and Culture | .. | 1,26,00 | 20 | 1,26,20 | 31,50 | 5 | 31,55 |
| 2245—Relief on Account of Natural Calamities | .. | — | — | — | — | — | — |
| Total Demand (Revenue) | . | 9,38,91,03 | 15,67,58 | 9,54,58,61 | 2,34,72,76 | 3,91,90 | 2,38,64,66 |
| 4058—Capital Outlay on Stationery and Printing | .. | 1,29,00 | — | 1,29,00 | 32,38 | — | 32,38 |
| 6202—Loans for Education, Sports, Art and Culture | .. | 50 | — | 50 | 5 | — | 5 |
| Total Demand (Capital) | . | 1,29.50 | — | 1,29,50 | 32,43 | — | 32,43 |
| Total Demand (Revenue and Capital) | .. | 9,40,20,50 | 15,67,58 | 9,55,88,11 | 2,35,05,19 | 3,91,90 | 2,38,97,09 |

Original with;
Punjab Vidhan Sabha
Digitized by;
Panjab Digital Library

[Mr. Speaker]

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 06. | **Elections** | | | | | | |
| | 2015—Elections .. | 19,27,31 | 1,00 | 19,28,31 | 4,81,83 | 25 | 4,82,08 |
| | 2075—Miscellaneous General Services .. | 68,04 | — | 68,04 | 17,01 | — | 17,01 |
| | Total Demand (Revenue) . | 19,95,35 | 1,00 | 19,96,35 | 4,98,84 | 25 | 4,99,09 |
| | Total Demand (Capital) .. | — | — | — | — | — | — |
| | Total Demand (Revenue and Capital) .. | 19,95,35 | 1,00 | 19,96,35 | 4,98,84 | 25 | 4,99,09 |
| 07. | **Excise and Taxation** | | | | | | |
| | 2039—State Excise .. | 5,65,88 | 1,00 | 5,66,88 | 1,41,42 | 25 | 1,41,67 |
| | 2040—Sales Tax | 16,65,59 | 2,00 | 16,67,59 | 4,16,40 | 50 | 4,16,90 |
| | Total Demand (Revenue) .. | 22,31,47 | 3,00 | 22,34,47 | 5,57,82 | 75 | 5,58,57 |
| | Total Demand (Capital) .. | — | — | — | — | — | — |
| | Total Demand (Revenue and Capital) .. | 22,31,47 | 3,00 | 22,34,47 | 5,57,82 | 75 | 5,58,57 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 03. **Finance** | | | | | | |
| 2047—Other Fiscal Services .. | 16,39,21 | — | 16,39,21 | 4,09,80 | — | 4,09,80 |
| 2049—Interest Payments | — | 15,30,19,65 | 15,30,19,65 | — | 3,82,54,91 | 3,82,54,91 |
| 2052—Secretariat General Services .. | 59,34 | 2 | 59,36 | 14,84 | 1 | 14,85 |
| 2054—Treasury and Accounts Administration .. | 12,53,08 | 7 | 12,53,15 | 3,13,27 | 1 | 3,13,28 |
| 2070—Other Administrative Services .. | 2,05,64,62 | 2,00 | 2,05,66,62 | 5,41,16 | 50 | 5,41,66 |
| 2071—Pension and Other Retirement Benefits .. | 2,80,10,00 | — | 2,80,10,00 | 70,02,50 | — | 70,02,50 |
| 2075—Miscellaneous General Services | 15,59,00 | — | 15,59,00 | 3,89,75 | — | 3,89,75 |
| 2235—Social Security and Welfare .. | 6,00,,00 | — | 6,00,00 | 1,50,00 | — | 15,00,00 |
| 3451—Secretariat Economic Services .. | 36,27 | 1 | 36,28 | 9,07 | 1 | 9,08 |
| 3604—Comp. and Assi. to Local Bodies and Panch. Raj Inst. .. | 3,59 | — | 3,59 | 90 | — | 90 |
| Total Demand (Revenue) .. | 5,37,25,11 | 15,30,21,75 | 20,67,46,86 | 1,34,31,29 | 3,82,55,44 | 5,16,86,73 |
| 6003—Internal Debit of the State Government .. | — | 17,72,73,27 | 17,72,73,27 | — | 4,43,18,32 | 4,43,18,32 |
| 6004—Loans and Advances from the Central Government .. | — | 3,55,51,47 | 3,55,51,47 | — | 88,87,87 | 88,87,87 |
| 7610—Loans to Government Servants etc. .. | 32,80,00 | — | 32,80,00 | 8,20,00 | — | 8,20,00 |
| 7615—Miscellaneous Loans .. | 80,00 | — | 80,00 | 20,00 | — | 20,00 |
| Total Demand (Capital) .. | 33,60,00 | 21,28,24,74 | 21,61,84,74 | 8,40,00 | 5,32,06,19 | 5,40,46,19 |
| Total Demand (Revenue and Capital) .. | 5,70,85,11 | 36,58,46,49 | 42,29,31,60 | 1,42,71,29 | 9,14,61,63 | 10,57,32, 9 |

Original with;
Punjab Vidhan Sabha
Digitized by;
Panjab Digital Library

[Mr. Speaker]

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| **09** | **Food & Supplies** | | | | | | |
| | 3456—Civil Supplies .. | 9,63,64 | 50 | 9,64,14 | 2,40,91 | 13 | 2,41,04 |
| | Total Demand (Revenue) .. | 9,63,64 | 50 | 9,64,14 | 2,40,91 | 13 | 2,41,04 |
| | 4408—Capital Outlay on Food Storage and Warehousing .. | 15,08,72,00 | 300 | 15,08,75,00 | 15,08 72,00 | 3,00 | 15,08,75,00 |
| | 6408—Loans for Food Storage and Warehousing .. | 2,10,00,00 | — | 2,10,00,00 | — | — | — |
| | Total Demand (Capital) .. | 17,18,72,00 | 300 | 17 18,75,00 | 15,08,72,00 | 3,00 | 15,08,75,00 |
| | Total Demand (Revenue and Capital) | 17,28,35,64 | 3,50 | 17,28,39,14 | 15,08,72,00 | 3,13 | 15,08,75,13 |
| **10** | **General Administration** | | | | | | |
| | 2012—President, Vice President, Governor, Administrator of U.T. .. | — | 1,23,16 | 1,23,16 | — | 30,79 | 30,79 |
| | 2013—Council of Ministers .. | 3,48,00 | — | 3,48,00 | 87,00 | — | 87,00 |
| | 2052—Secretariat General Services .. | 21,81,07 | 5 | 21,81,12 | 5,45,27 | 1 | 5,45,28 |

Original with; Punjab Vidhan Sabha Digitized by; Panjab Digital Library

| | | | | | | |
|---|---|---|---|---|---|---|
| 2053—District Administration .. | 4,90 | — | 4,90 | 1,23 | — | 1,23 |
| 2070—Other Admistrative Services .. | 2,62,19 | — | 2,62,19 | 65,55 | — | 65,55 |
| 2075—Miscellaneous General Services .. | 25,61 | — | 25,61 | 6,40 | — | 6,40 |
| 2235—Social Security and Welfare . | 4,17,12 | — | 4,17,12 | 1,04,28 | — | 1,04,28 |
| 2251—Secretariat Social Services .. | 3,75,50 | — | 3,75,50 | 93,88 | — | 93.88 |
| 3451—Secretariat Economic Services .. | 1,31,30 | — | 1,31,30 | 32.83 | — | 32,83 |
| Total Demand (Revenue) .. | 37,45,69 | 1,23,21 | 38,68,90 | 9,36,44 | 30,80 | 9,67,24 |
| Total Demand (Capital) .. | — | — | — | — | — | — |
| Total Demand (Revenue and Capital) .. | 37,45,69 | 1,23,21 | 38,68,90 | 9,36,44 | 30,80 | 9,67,24 |
| **11. Health and Family Welfare** | | | | | | |
| 2210—Medical and Public Health .. | 2,72,31,80 | 10,84 | 2,72,42,64 | 68,07,95 | — | 68,10,66 |
| 2211—Family Welfare .. | 71,77,57 | — | 71,77,57 | 17,94,39 | — | 17,94,39 |
| 2235—Social Security and Welfare .. | 2,00,33 | — | 2,00,33 | 50,08 | — | 50,08 |
| Total Demand (Revenue) .. | 3,46,09,70 | 10,84 | 3,46,20,54 | 86,52,42 | 2,71 | 86,55,13 |
| 4210—Capital Outlay on Medical and Public Health .. | — | — | — | — | — | — |
| 6210—Loans for Medical and Public Health .. | — | — | — | — | — | — |
| Total Demand (Capital) .. | — | — | — | — | — | — |
| Total Demand (Revenue and Capital) .. | 3,46,09,70 | 10,84 | 3,46,20,54 | 86,52,42 | 2,71 | 86,55,13 |

Original with;
Punjab Vidhan Sabha
Digitized by;
Panjab Digital Library

[Mr. Speaker]

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Chagred | Total | Voted | Charged | Total |
| 12. | Home Affairs and Justice | | | | | | |
| | 2014—Administration of Justice | 23,78,66 | 5,93,54 | 29,72,20 | 5,94,67 | 1,48,39 | 7,43,06 |
| | 2053—District Administration | 15,83 | — | 15,83 | 3,96 | — | 3,96 |
| | 2055—Police | 4,02,15,90 | 76,77 | 4,02,92,67 | 1,00,53,98 | 19,19 | 1,00,73,17 |
| | 2056—Jails | 25,36,58 | 75 | 25,37,33 | 6,34,15 | 19 | 6,34,34 |
| | 2059—Public Works | 1,13,59 | — | 1,13,59 | 28,40 | — | 28,40 |
| | 2070—Other Administrative Services | 39,54,87 | 77 | 39,55,64 | 9,88,72 | 19 | 9,88,91 |
| | 2075—Miscellaneous General Services | 6 | — | 6 | 2 | — | 2 |
| | 2216—Housing | 1.60 | — | 1.60 | 40 | — | 40 |
| | 2235—Social Security and Welfare | 38,40 | 1 | 38.41 | 9.60 | 1 | 9,61 |
| | 2250—Other Social Services | 7,77 | 1 | 7,78 | 1,94 | 1 | 1,95 |
| | Total Demand (Revenue) | 4,92,63,26 | 6,71,85 | 4,99,35,11 | 1,23,15,84 | 1,67,98 | 1,24,83,82 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| 4059—Capital Outlay on Public Works | .. | 2,00,00 | 10,00 | 2,10,00 | 50,00 | 2,50 | 52.50 |
| 4216—Capital Outlay on Housing | .. | 22,04,11 | 10,00 | 22,14,11 | 5,51,03 | 2,50 | 5,53,53 |
| Total Demand (Capital) | .. | 24,04,11 | 20,00 | 24,24,11 | 6,01,03 | 5,00 | 6,06,03 |
| Total Demand (Revenue and Capital) | .. | 5,16,67,37 | 6,91,85 | 5,23,59,22 | 1,29,16,87 | 1,72,98 | 1,30,89,85 |
| **13. Industries** | | | | | | | |
| 2057—Supplies and Disposals | .. | 48.42 | — | 48.42 | 12,11 | — | 12,11 |
| 2230—Labour and Employment | .. | 6,68 | — | 6,68 | 1,67 | — | 1.67 |
| 2851—Village and Small Industries | .. | 15,50,55 | 18 | 15,50,73 | 3,87,64 | 5 | 3,87,69 |
| 2852—Industries | .. | 42,65,12 | — | 42,65,12 | 10,66,28 | — | 10.66,28 |
| 2853—Non Ferrous Mining and Metallurgical Industries | .. | 57,30 | 30 | 57,60 | 14,33 | 8 | 14,41 |
| 3475—Other General Economic Services | .. | 77,43 | — | 77,43 | 19,36 | — | 19,36 |
| Total Demand (Revenue) | .. | 60,05,50 | 48 | 60,05,98 | 15,01,39 | 13 | 15,01,52 |

Original with;
Punjab Vidhan Sabha
Digitized by;
Panjab Digital Library

[Mr. Speaker]

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| | 4851—Capital Outlay on Village and Small Industries | 20,66,00 | — | 20,66,00 | 5,16,50 | — | 5,16,50 |
| | 4859—Capital Outlay on Telecom. and Electronics Industries | 71,62 | — | 71,62 | 17,91 | — | 17,91 |
| | 4885—Other Capital Outlay on Industries and Minerals | 5,00,00 | — | 5,00,00 | 1,25,00 | — | 1,25,00 |
| | 6851—Loans for Village and Small Industries .. | — | — | — | — | — | — |
| | 6860—Loans for Consumer Industries & Minerals .. | — | — | — | — | — | — |
| | 6885—Other Loans to Industries .. | — | — | — | — | — | — |
| | Total Demand (Capital) .. | 26,37,62 | — | 26,37,62 | 6,59,41 | — | 6,59,41 |
| | Total Demand (Revenue and Capital) .. | 86,43,12 | 48 | 86,43,60 | 21,60,80 | 13 | 21,60,93 |
| **14.** | **Information and Public Relations** | | | | | | |
| | 2220—Information and Publicity .. | 12,35,52 | 25 | 12,35,77 | 3,10,01 | 6 | 3,10,07 |
| | 2235—Social Security and Welfare .. | 4,50 | — | 4,50 | 1.13 | — | 1,13 |
| | Total Demand (Revenue& Capital) .. | 12,40,02 | ·25 | 12,40,27 | 3,11,14 | 6 | 3,11,20 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| Total Demand (Capital) .. | — | — | — | — | — | — |
| Total Demand (Revenue and Capital) .. | 12,40,02 | 25 | 12,40,27 | 3,11,14 | 6 | 3,11,20 |
| **15. Irrigation and Power** | | | | | | |
| 2045—Other Taxes and Duties on Commodities and Services .. | 77,54 | — | 77.54 | 19,39 | — | 19,39 |
| 2070—Other Administratives Services .. | 81,87 | — | 8,87 | 2,22 | — | 2,22 |
| 2245—Relief on account of Natural Calamities .. | — | — | — | — | — | — |
| 2701—Major and Medium Irrigation .. | 1,42,53,04 | — | 1,42,53,04 | 35,63,26 | — | 35,63,26 |
| 2702—Minor Irrigation .. | 16,46,85 | — | 16,46,85 | 4,11,71 | — | 4,11,71 |
| 2711—Flood Control .. | 29,01,55 | — | 29,01,55 | 7,25,39 | — | 7,25,39 |
| Total Demand (Revenue) . | 1,88,87,85 | — | 1,88,87,85 | 47,21,97 | — | 47,21,97 |
| 4701—Capital Outlay on Major and Medium Irrigation .. | 4,53,73,32 | — | 4,53,73,32 | 1,13,43,33 | — | 1,13,43,33 |
| 4702—Capital Outlay on Minor Irrigation .. | 8,14,12 | — | 8,14,12 | 2,03,53 | — | 2,03,53 |
| 4711—Capital Outlay on Flood Control Project .. | 22,90,00 | — | 22,90,00 | 5,72,50 | — | 5,72,50 |
| 4801—Capital Outlay on Power Project .. | — | — | — | — | — | — |
| 6705—Loans for Command area development .. | 37,00,00 | — | 37,00,00 | 9,25,00 | — | 9,25,00 |
| 6801—Loans for Power Project . | 6,62,63,00 | — | 6,62,63,00 | 1,65,65,75 | — | 1,65,65,75 |
| Total Demand (Capital) | 11,84,40,44 | — | 11,84,40,44 | 2,96,10,11 | — | 2,96,10,11 |
| Total Demand (Revenue) | 13,73,28,29 | — | 13,73,28,29 | 3,43,32,08 | — | 3,43,32,08 |

Original with;
Punjab Vidhan Sabha
Digitized by;
Panjab Digital Library

[Mr. Speaker]

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| **16.** | **Labour and Employment** | | | | | | |
| | 2230—Labour and Employment .. | 9,61,14 | 55 | 9,61,69 | 2,40,29 | 14 | 2,40,43 |
| | Total Demand (Revenue) .. | 9,61,14 | 55 | 9,61,69 | 2,40,29 | 14 | 2,40,43 |
| | Total Demand (Capital) .. | — | — | — | — | — | — |
| | Total Demand (Revenue and Capital) .. | 9,61,14 | 55 | 9,61,69 | 2,40,29 | 14 | 2,40,43 |
| **17.** | **Local Govt. Housing and Urban Dev.** | | | | | | |
| | 2216—Housing .. | 8,07 | — | 8,07 | 2,02 | — | 2,02 |
| | 2217—Urban Development .. | 11,73,48 | 10 | 11,73,58 | 2,93,37 | 3 | 2,93,40 |
| | 3475—Other General Economic Services .. | 3,25 | — | 3,25 | 81 | — | 81 |
| | 3604—Comp. and Assi. to Local Bodies and Panch. Raj Instn. .. | 35,61,63 | — | 35,61,63 | 8,90,41 | — | 8,90,41 |
| | Total Demand (Revenue) .. | 47,46,43 | 10 | 47,46,53 | 11,86,61 | 3 | 11,86,64 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 4216—Capital Outlay on Housing .. | 7,60,25 | — | 7,60,25 | 1,90,06 | — | 1,90,06 |
| 4217—Capital Outlay on Urban Development .. | 62,25,00 | — | 62,25,00 | 15,56,25 | — | 15,56,25 |
| 5475—Capital Outlay on Other General Economic Services .. | 1 | — | 1 | 1 | — | 1 |
| 6215—Loans for Water Supply and Sanitation .. | — | — | — | — | — | — |
| 6216—Loans for Housing .. | 7,35,62 | — | 7,35,62 | 1,83,90 | — | 1,83,90 |
| 6217—Loans for Urban Development .. | 1,12,50 | — | 1,12,50 | 28,12 | — | 28,12 |
| Total Demand (Capital) .. | 78,33,38 | — | 78,33,38 | 19,58,34 | — | 19,58,34 |
| Total Demand (Revenue and Capital) | 1,25,79,81 | 10 | 1,25,79,91 | 31,44,95 | 3 | 31,44,98 |
| **18. Personnel and Administrative Reforms** | | | | | | |
| 2051—Public Service Commission .. | 83,68 | 76,40 | 1,60,08 | 20,92 | 19,10 | 40,02 |
| 2070—Other Administrative Service .. | 70,00 | — | 70,00 | 17,50 | — | 17.50 |
| Total Demand (Revenue) .. | 1,53,68 | 76,40 | 2,30,08 | 38,42 | 19,10 | 57,52 |
| 4070—Capital Outlay on other Administrative Services .. | 5,88,00 | — | 5,88,00 | 1,47,00 | — | 1,47,00 |
| Total Demand (Capital) .. | 5,88,00 | — | 5,88,00 | 1,47,00 | — | 1,47,00 |
| Total Demand (Revenue and Capital) | 7,41,68 | 76,40 | 8,18,08 | 1,85,42 | 19,10 | 2,04,52 |

Original with;
Punjab Vidhan Sabha
Digitized by;
Panjab Digital Library

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| **19.** | **Planning** | | | | | | |
| | 3451—Secretariat Economic Services . | 1,98,68,75 | — | 1,98,68,75 | 49,67,19 | — | 49,67,19 |
| | 3454—Census, Survey and Statistics .. | 6,17,37 | 1 | 6,17,38 | 1,54,35 | — | 1,54,35 |
| | Total Demand (Revenue) .. | 2,04,86,12 | 1 | 2,04,86,13 | 51,21,54 | — | 51,21,54 |
| | 4575—Capital Outlay on Special Area Programmes .. | — | — | — | — | — | — |
| | 5475—Capital Outlay on other General Economic Services .. | 1,63,40,53 | — | 1,63,40,53 | 40,85,13 | — | 40,85,13 |
| | Total Demand (Capital) .. | 1,63,40,53 | — | 1,63,40,53 | 40,85,13 | — | 40,85,13 |
| | Total Demand (Revenue and Capital) . | 3,68,26,65 | 1 | 3,68,66,26 | 92,06,66 | 1 | 92,06,67 |
| **20.** | **Programme Implementation** | | | | | | |
| | 3451—Secretariat Economic Services .. | 4,00 | — | 4,00 | 1,00 | — | 1.00 |
| | Total Demand (Revenue) .. | 4.00 | — | 4,00 | 1,00 | — | 1,00 |
| | Total Demand (Capital) .. | — | — | — | — | — | — |
| | Total Demand (Revenue and Capital) .. | 4,00 | — | 4,00 | 1,00 | — | 1,00 |

Original with;
Punjab Vidhan Sabha
Digitized by;
Panjab Digital Library

21. **Public Works**

| | | | | | | | |
|---|---|---|---|---|---|---|---|
| 2059— | Public Works .. | 96,67,37 | 1,01,50 | 97,68,87 | 24,16,84 | 25,38 | 24,42,22 |
| 2202— | General Education .. | 16,32 | — | 16,32 | 4,08 | — | 4,08 |
| 2203— | Technical Education .. | 5,32 | — | 5,32 | 1,33 | | 1,33 |
| 2210— | Medical and Public Health .. | 22,50 | — | 22,50 | 5,63 | — | 5,63 |
| 2215— | Water Supply and Sanitation .. | 1,25,18,64 | — | 1,25,18,64 | 31,29,66 | — | 31,29,66 |
| 2216— | Housing .. | 2,20,27 | — | 2,20,27 | 55,07 | — | 55,07 |
| 2401— | Crop Husbandry .. | 12,04 | — | 12,04 | 3,00 | — | 3,00 |
| 2403— | Animal Husbandry .. | 1,43 | — | 1,43 | 36 | — | 36 |
| 3054— | Roads and Bridges .. | 70,75,95 | 2,20,00 | 72,95,95 | 17,68,99 | 55,00 | 18,23,99 |
| Total Demand (Revenue) | .. | 2,95,39,84 | 3,21,50 | 2,98,61,34 | 73,84,96 | 80,38 | 74,65,34 |
| 4059— | Capital Outlay on Public Works .. | 31,84,00 | — | 31,84,00 | 7,96,00 | — | 7,96,00 |
| 4202— | Capital Outlay on Education Sports, Arts and Culture .. | 18,14,00 | — | 18,14,00 | 4,53,50 | — | 4,53,50 |
| 4210— | Capital Outlay on Medical and Public Health .. | 18,67,00 | — | 18,67,00 | 4,66,75 | — | 4,66,75 |
| 4211— | Capital Outlay on Family Welfare .. | — | — | — | — | — | — |
| 4235— | Capital Outlay on Social Security and Welfare .. | 1,00 | — | 1,00 | 25 | — | 25 |
| 4250— | Capital Outlay on other Social Services .. | 10,77,00 | — | 10,77,00 | 2,69,25 | — | 2,69,25 |

Original with;
Punjab Vidhan Sabha
Digitized by;
Panjab Digital Library

[Mr. Speaker]

(In thousand of Rupees)

| Demand No. | Services/Department/Major Heads | Total Amount | | | Account required on Amount | | |
|---|---|---|---|---|---|---|---|
| | | Voted | Charged | Total | Voted | Charged | Total |
| 4403— | Capital Outlay on Animal Husbandry .. | 16,00 | — | 16,00 | 4,00 | — | 4,00 |
| 4404— | Capital Outlay on Dairy Development .. | — | — | — | — | — | — |
| 4405— | Capital Outlay on Fisheries .. | — | — | — | — | — | — |
| 4810— | Capital Outlay on Non-Conventional Sources of Energy .. | 20,00 | — | 20,00 | 5,00 | — | 5,00 |
| 4851– | Capital Outlay on Village and Small Industries .. | — | — | — | — | — | — |
| 5053— | Capital Outlay on Civil Aviation .. | 70,00 | — | 70,00 | 17,50 | — | 17,50 |
| 5054— | Capital Outlay on Roads and Bridges .. | 82,65,76 | — | 82,65,76 | 20,66,44 | — | 20,66,44 |
| | Total Demand (Capital) .. | 1,63,14,76 | — | 1,63,14,76 | 40,78,69 | — | 40,78,69 |
| | Total Demand (Revenue and Capital) .. | 4,58,54,60 | 3,21,50 | 4,61,76,10 | 1,14,63,65 | 80,38 | 1,15,44,03 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| **22.** | **Revenue and Rehabilitation** | | | | | | |
| 2029— | Land Revenue .. | 27,73,55 | 5,94 | 27,79,49 | 6,93,38 | 1,49 | 6,94,88 |
| 2030— | Stamps and Registration .. | 1,56,13 | 50 | 1,56,63 | 39,03 | 13 | 39,15 |
| 2052— | Secretariat General Services .. | 5,24,90 | 25 | 5,25,15 | 1,31,23 | 6 | 1,31,29 |
| 2053— | District Administration .. | 31,26,48 | 13,72 | 31,40,20 | 7,81,62 | 3,43 | 7,85,05 |
| 2235— | Social Security and Welfare .. | 21,83,21 | 5,00 | 21,88,21 | 5,45,80 | 1,25 | 5,47,05 |
| 2245— | Relief on Account of Natural calamities .. | 68,81,01 | 10 | 68,81,11 | 17,20,25 | 3 | 17,20,28 |
| 2250— | Other Social Services .. | 36,57 | — | 36,57 | 9,15 | — | 9,15 |
| 3451— | Secretariat Economic Services .. | 84,60 | 25 | 84,85 | 2,15 | 6 | 21,21 |
| 3454— | Census, Survey and Statistics .. | 13,21 | — | 13,21 | 3,31 | — | 3,31 |
| 3604— | Comp. and Assi. to Local Bodies and Panch. Raj Instn. .. | 78 | — | 78 | 20 | — | 20 |
| | Total Demand (Revenue) .. | 1,57,80,44 | 25,76 | 1,58,06,20 | 39,45,12 | 6,45 | 39,51,57 |
| 4059— | Capital Outlay on Public Works .. | 51,04 | — | 51,04 | 12,76 | — | 12,76 |
| | Total Demand (Capital) .. | 51,04 | — | 51,04 | 12,76 | — | 12,76 |
| | Total Demand(Revenue and Capital) .. | 1,58,31,48 | 25,76 | 1,58,57,24 | 39,57,88 | 6,45 | 39,64,33 |

Original with;
Punjab Vidhan Sabha
Digitized by;
Panjab Digital Library

[Mr. Speaker]

( In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 23. | **Rural Development and Panchayats** | | | | | | |
| 2013— | Council of Ministers .. | 3,04,00 | — | 3,04,00 | 76,00 | — | 76,00 |
| 2202— | General Education .. | 50,82 | — | 50,82 | 12,71 | — | 12,71 |
| 2216— | Housing .. | — | — | — | — | — | — |
| 2415— | Agriculture Research and Education | 34,61 | — | 34,61 | 8,65 | — | 8,65 |
| 2501— | Special programmes for Rural Development .. | 24,70 | — | 24,70 | 6,17 | — | 6,17 |
| 2505— | Rural Employment .. | 20,00,00 | — | 20,00,00 | 5,00,00 | — | 5,00,00 |
| 2515— | Other Rural Development Programme | 34,12,88 | 1,44 | 34,14,32 | 8,53,22 | 36 | 8,53,58 |
| 3604— | Comp. and Assi. to Local Bodies and Panch. Raj Instn .. | 20,92,68 | — | 20,92,68 | 5,23,17 | — | 5,23,17 |
| | Total Demand (Revenue) .. | 79,19,69 | 1,44 | 79,21,13 | 19,79,92 | 36 | 19,80,28 |
| | Total Demand (Capital) .. | — | — | — | — | — | — |
| | Total Demand (Revenue and Capital) .. | 79,19,69 | 1,44 | 79,21,13 | 19,79,92 | 36 | 19,80,28 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| **24.** | **Science, Technology and Environment** | | | | | | |
| 3425— | Other Scientific Research .. | 1,81,00 | — | 1,81,00 | 45,25 | — | 45,25 |
| 3435— | Ecology and Environment .. | 11,00 | — | 11,00 | 2,75 | — | 2,75 |
| | Total Demand (Revenue) .. | 1,92,00 | — | 1,92,00 | 48,00 | — | 48.00 |
| 5425— | Capital Outlay on Scientific and Environmental Research .. | 3,26,00 | — | 3,26,00 | 81,50 | — | 81,50 |
| | Total Demand (Capital) .. | 3,26,00 | — | 3,26,00 | 81,50 | — | 81,50 |
| | Total Demand (Revenue and Capital) | 5,18,00 | — | 5,18,00 | 1,29,50 | — | 1,29,50 |
| **25.** | **Soc. & Wom. Welf. & Welf of SC & BC** | | | | | | |
| 2225— | Welfare of S. Cs., S.Ts. and other B-Cs. | 47,32,65 | 20 | 47,32,85 | 11,83,16 | 5 | 11,83,21 |
| 2235— | Social Security and Welfare | 29,26,65 | 50 | 29,27,15 | 7,31,66 | 13 | 7,31,79 |
| 2236— | Nutrition .. | — | — | — | — | — | — |
| 2245— | Relief on Account of Natural Calamities .. | — | — | — | — | — | — |
| | Total Demand (Revenue) .. | 76,59,30 | 70 | 76,60,00 | 19,14,82 | 18 | 19,15,00 |

Original with;
Punjab Vidhan Sabha
Digitized by;
Panjab Digital Library

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 4225— | Capital Outlay on Welfare for S.Cs., S.Ts. and other B.Cs. | 2,85,00 | — | 2,85,00 | 71,25 | — | 71,25 |
| 4235— | Capital Outlay on Social Security and Welfare | — | — | — | — | — | — |
| 6235— | Loans for Social Security and Welfare | — | — | — | — | — | — |
| | Total Demand (Capital) | 2,85,00 | — | 2,85,00 | 71,25 | — | 71,25 |
| | Total Demand (Revenue and Capital) | 79,44,30 | 70 | 79,45,00 | 19,86,07 | 18 | 19,86,25 |
| 26. | **State Legislature** | | | | | | |
| 2011— | Parliament/State/U.T. Legislature | 4,09,45 | 5,94 | 4,15,39 | 1,02,36 | 1,49 | 1,03,85 |
| 2235— | Social Security and Welfare | 15,00 | — | 15,00 | 3,75 | — | 3,75 |
| | Total Demand (Revenue) | 4,24,45 | 5,94 | 4,30,39 | 1,06,11 | 1,49 | 1,07,60 |
| | Total Demand (Capital) | — | — | — | — | — | — |
| | Total Demand (Revenue and Capital) | 4,24,45 | 5,94 | 4,30,39 | 1,06,11 | 1,49 | 1,07,60 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| **27. Technical Education and Indus. Trg.** | | | | | | | |
| 2203— | Technical Education .. | 39,26,73 | — | 39,26,73 | 9,81,68 | — | 9,81,68 |
| 2225— | Welfare of S.Cs., S.Ts. and other B.Cs. .. | 63,66 | — | 63,66 | 15,92 | — | 15,92 |
| 2230— | Labour and Employment .. | 32,61,57 | 1,00 | 32,62,57 | 8,15,39 | 25 | 8,15,64 |
| | Total Demand (Revenue) . | 72,51,96 | 1.00 | 72,52,96 | 18,12,99 | 25 | 18,13,24 |
| 4250— | Capital Outlay on other Social Services .. | 38,85 | — | 38,85 | 9,71 | — | 9,71 |
| | Total Demand (Capital) .. | 38,85 | — | 38,85 | 9,71 | — | 9,71 |
| | Total Demand (Revenue and Capital) .. | 72,90,81 | 1,00 | 72,91,81 | 18,22,70 | 25 | 18,22,95 |
| **28. Tourism and Cultural Affairs** | | | | | | | |
| 2205— | Art and Culture .. | 6,80,29 | 2 | 6,80,31 | 1,70,07 | 1 | 1,70,08 |
| 3452— | Tourism .. | 74,17 | 1,75 | 75,92 | 18,54 | 44 | 18,98 |
| | Total Demand (Revenue) .. | 7,54,46 | 1,77 | 7,56,23 | 1,88,61 | 45 | 1,89,06 |

Original with;
Punjab Vidhan Sabha
Digitized by;
Panjab Digital Library

(Ih thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 5452— | Capital Outlay on Tourism .. | 2,00,00 | — | 2,00,00 | 50,00 | — | 50,00 |
| | Total Demand (Capital) .. | 2,00,00 | — | 2,00,00 | 50,00 | — | 50,00 |
| | Total Demand (Revenue and Capital) . | 9,54,46 | 1,77 | 9,56,23 | 2,38,61 | 45 | 2,39,06 |
| **29.** | **Transport** | | | | | | |
| 2013— | Council of Ministers .. | 3,92,43 | — | 3,92,43 | 98,11 | — | 98,11 |
| 2041— | Taxes on Vehicles .. | 2,84,88 | 1,25 | 2,86,13 | 71,22 | 31 | 71,53 |
| 3053— | Civil Aviation .. | 4,70,55 | — | 4,70,55 | 1,17,64 | — | 1,17,64 |
| 3055— | Road Transport .. | 2,29,46,38 | 70.00 | 2,30,16,38 | 57,36,60 | 17,50 | 57,54,10 |
| | Total Demand (Revenue) .. | 2,40,94,24 | 71,25 | 2,41,65,49 | 60,23,57 | 17,81 | 60,41,38 |
| 5053— | Capital Outlay on Civil Aviation .. | 1,15,00 | — | 1,15,00 | 28,75 | — | 28,75 |
| 5055— | Capital Outlay on Road Transport .. | 10,25,00 | — | 10,25,00 | 2,56,25 | — | 2,56,25 |
| | Total Demand (Capital) .. | 11,40,00 | — | 11,40,00 | 2,85,00 | — | 2,85,00 |
| | Total Demand (Revenue and Capital) .. | 2,52,34,24 | 71,25 | 2,53,05,49 | 63,08,57 | 17,81 | 63,26,38 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 30. **Vigilance** | | | | | | |
| 2070— Other Administrative Services .. | 4,70,96 | 4,72 | 4,75,68 | 1,17,74 | 1,18 | 1,18,92 |
| Total Demand (Revenue) .. | 4,70,96 | 4,72 | 4,75,68 | 1,17,74 | 1,18 | 1,18,92 |
| Total Demand (Capital) .. | — | — | — | — | — | — |
| Total Demand (Revenue and Capital) .. | 4,70,96 | 4,72 | 4,75,68 | 1,17,74 | 1,18 | 1,18,92 |
| **GRAND TOTAL** .. | 76,57,65,13 | 36,87,73,40 | 1,13,45,88,53 | 29,93,46,53 | 9,21,95,68 | 39,15,42,21 |

**Mr. Speaker**: Discussion, if any

(No one rose to speak)

**Mr. Speaker**: Question is—

That Vote-on-Account for three months (viz. April, May, June, 1997) amounting to Rs. 39, 15, 42, 21, 000 as in the Schedule be taken into consideration at once and passed.

Original with;
Punjab Vidhan Sabha
Digitized by;
Panjab Digital Library

# VOTE ON ACCOUNT 1997-98

Estimate of Expenditure for Vote on Account required for the months of April, May and June, 1997 in the financial year ending the 31st March, 1998.

*(In Thousand of Rupees)*

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 01. | Agriculture and Forests | | | | | | |
| | 2245—Relief on account of National Calamities .. | 0 | 0 | 0 | 0 | 0 | 0 |
| | 2401 —Crop Husbandary .. | 64,07,04 | 3,10 | 64,10,14 | 16,01,76 | 77 | 16,02,53 |
| | 2402—Soil and Water Conservation .. | 20,17,09 | 1.00 | 20,18,09 | 5,01,27 | 25 | 5,04,52 |
| | 2406—Forestry and Wildlife .. | 24,08,65 | 2,02 | 24,10,67 | 6,02,16 | 51 | 6,02,67 |
| | 2415 Agricultural Research and Education .. | 44,22,96 | — | 44,22,96 | 11,05,74 | — | 11,05,74 |
| | 2435—Other Agricultural Programmes .. | 1,78,07 | — | 1,78,07 | 44,52 | — | 44,52 |
| | 2506 Land Reforms .. | 1,23,59 | 2,04 | 1,25,63 | 30,99 | 51 | 31,40 |
| | 2575—Other Special Area Programme .. | 10,61,36 | — | 10,61,36 | 2,65,34 | — | 2,65,34 |
| | 2702—Minor Irrigation .. | 2,26,22 | 50 | 2,26,72 | 56,56 | 13 | 56,69 |
| | 2810—Non-Conventional Sources of Energy .. | 20.00 | — | 20,00 | 5,00 | — | 5,00 |
| | 2851—Village and Small Industries .. | 65,55 | — | 65.55 | 16,39 | — | 16,39 |
| | Total Demand (Revenue) .. | 1,69,30,53 | 8,66 | 1,69,39,19 | 42,32,63 | 2,17 | 42,34,80 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 4059—Capital Outlay on Public Works .. | 48.50 | — | 48.50 | 12,13 | — | 12,13 |
| 4401—Capital Outlay on Crop Husbandary . | 1,30,00 | — | 1,30,00 | 32,50 | — | 32,60 |
| 4406—Capital Outlay on Forestry and Wild Life .. | — | — | — | — | — | — |
| 4408—Capital Outlay on Food Storage and Warehousing .. | — | — | — | — | — | — |
| 4416—Investments in Agricultural Financial Institutions .. | 20,00 | — | 20,00 | 5,00 | — | 5,00 |
| 4575—Capital Outlay on Special Area Programmes .. | 91,86 | — | 91,86 | 22,96 | — | 22,96 |
| 6401—Loans for Crop Husbandary .. | 10,22,50 | — | 10,22,50 | 2,55,63 | — | 2.55,63 |
| 6402—Loans for Soil and Water Conservation .. | 80,00 | — | 80,00 | 20,00 | — | 20,00 |
| 6406—Loans for Forestry and Wild Life .. | 2,50 | — | 2,50 | 62 | — | 62 |
| 6575—Loans for Other Special Areas Programmes .. | — | — | — | — | — | — |
| Total Demand (Capital) .. | 13,95,36 | — | 13,95,36 | 3,48,84 | — | 3,48,84 |
| Total Demand (Revenue and Capital) .. | 1,83,25,89 | 8,66 | 1,83,34,55 | 45,81,47 | 2,17 | 45,83,64 |
| **02. Animal Husbandary and Fisheries** | | | | | | |
| 2075—Miscellaneous General Services .. | — | — | — | — | — | — |
| 2245—Relief on Account of Natural Calamities .. | — | — | — | — | — | — |
| 2403—Animal Husbandary .. | 57,15,54 | 3,50 | 57,19,04 | 14,28,88 | 88 | 14,29,75 |
| 2204—Diary Development .. | 2,12,31 | 15 | 2,12,46 | 53,08 | 4 | 53,12 |

Original with;
Punjab Vidhan Sabha
Digitized by;
Panjab Digital Library

[Mr. Speaker]

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 2405 | —Fisheries .. | 3,76,70 | 50 | 3,77,20 | 94,18 | 12 | 94,30 |
| 2415 | —Agricultural Research and Education .. | 6,45,77 | — | 6,45,77 | 1,61,44 | — | 1,61,44 |
| 2575 | —Other Special Area Programmes .. | — | — | — | — | — | — |
| | Total Demand (Revenue) .. | 69,50,32 | 4,15 | 69,54,47 | 17,37,58 | 1,04 | 17,38,62 |
| 4403 | —Capital Outlay on Animal Husbandary .. | 10 | — | 10 | 3 | — | 3 |
| 4575 | —Capital Outlay on Special Area Programmes .. | — | — | — | — | — | — |
| 2603 | —Loans for Animal Husbandary .. | 30,00 | — | 30,00 | 7,50 | — | 7,50 |
| 6404 | —Loans for Dairy Development .. | 1,25,00 | — | 1,25,00 | 31,25 | — | 31,25 |
| 6405 | —Loans for Fisheries .. | 10,00 | — | 10,00 | 2,50 | — | 2,50 |
| | Total Demand (Capital) .. | 1,65,10 | — | 1,65,10 | 41,28 | — | 41,28 |
| | Total Demand (Revenue and Capital) .. | 71,15,42 | 4,15 | 71,19,57 | 17,78,86 | 1,04 | 17,79,90 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| **03. Co-operation** | | | | | | |
| 2216—Housing .. | 1,50,00 | — | 1 50,00 | 37,50 | — | 37,50 |
| 2235—Social Security and Welfare .. | — | — | — | — | — | — |
| 2404—Dairy Development .. | — | — | — | — | — | — |
| 2425—Co-operation .. | 24,31,78 | 1,05 | 24,32,83 | 6,07,95 | 26 | 6,08,21 |
| 2851—Village and Small Industries .. | 3,51,61 | — | 3,51,61 | 87,90 | — | 87,90 |
| Total Demand (Revenue) .. | 29,33,39 | 1,05 | 29,34,44 | 7,33,35 | 26 | 7,33,61 |
| 4216—Capital Outlay on Housing .. | 1,50,00 | — | 1,50,00 | 37,50 | — | 37,50 |
| 4404—Capital Outlay on Dairy Development .. | 2,00,00 | — | 2,00,00 | 50,00 | — | 50,00 |
| 4425—Capital Outlay on Co-operation .. | 18,95,54 | — | 18,95,54 | 4,73,89 | — | 4,73,89 |
| 4851—Capital Outlay on Village and Small Industries .. | 1,00 | — | 1,00 | 25 | — | 25 |
| 4860—Capital Outlay on Consumer Industries .. | 6,50,00 | — | 6,50,00 | 1,62,50 | — | 1,62,50 |
| 6404—Loans for Dairy Development .. | — | — | — | — | — | — |
| 6425—Loans for Co-operations .. | 27,43,21 | — | 27,43,21 | 6,85,80 | — | — |
| 6851—Loans for Village and Small Industries .. | — | — | — | — | — | — |
| 6860—Loans for Consumer Industries .. | 20,00,00 | — | 20,00,00 | 5,00,00 | — | 5,00,00 |
| Total demand (Capital) .. | 76,39,75 | — | 76,39,75 | 19,09,94 | — | 19,09,94 |
| Total (Revenue and Capital) .. | 1,05,73,14 | 1,05 | 1,05,74,19 | 26,43,29 | — | 26,43,55 |

Original with;
Punjab Vidhan Sabha
Digitized by;
Panjab Digital Library

[Mr. Speaker]

(In Thousand of Rs.)

| Demand No. | Services/Department/Major Heads | Total Amount Voted | Total Amount Charged | Total Amount Total | Amount required on Account Voted | Amount required on Account Charged | Amount required on Account Total |
|---|---|---|---|---|---|---|---|
| 04. | **Defence Service Welfare** | | | | | | |
| | 2235—Social Security and Welfare .. | 7,71,12 | 20 | 7,71,32 | 1,92,78 | 5 | 1,92,83 |
| | 3604—Comp. and Assi, to Local Bodies and Panch. Raj Instn. .. | 20,00 | — | 20,00 | 5,00 | — | 5,00 |
| | Total Demand (Revenue) . | 7,91,12 | 20 | 7,91,32 | 1,97,78 | 5 | 1,97,83 |
| | 4235—Capital on Social Security and Welfare .. | 1,00 | — | 1,00 | 25 | | 25 |
| | 6235—Loans for Social Security and Welfare .. | — | — | — | — | — | — |
| | Total Demand (Capital) .. | 1,00 | — | 1,00 | 25 | — | 25 |
| | Total Demand (Revenue and Capital) .. | 7,92,12 | 20 | 7,92,32 | 1,98,03 | 5 | 1,98,08 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| **05. Education** | | | | | | | |
| 2058—Stationery and Printing | .. | 15,05,43 | 17,54 | 15,22,97 | 3,76,36 | 4,39 | 3,80,75 |
| 2071—Pension and other Retirement Benefits | .. | 6,00,00 | — | 6,00,00 | 1,50,00 | — | 1,50,00 |
| 2075—Miscelleneous General Services | .. | 1,51 | — | 1,50 | 38 | — | 38 |
| 2202—General Education | | 8,88,43,72 | 15,46,74 | 9,03,90,46 | 2,22,10,92 | 3,86,68 | 2,25,97,60 |
| 2204—Sports and Youth Services | .. | 28,14,38 | 3,10 | 28,17,48 | 7,03,60 | 78 | 7.04,38 |
| 2205—Art and Culture | .. | 1,26,00 | 20 | 1,26,20 | 31,50 | 5 | 31,55 |
| 2245—Relief on Account of Natural Calamities | .. | — | — | — | — | — | — |
| Total Demand (Revenue) | .. | 9,38,91,03 | 15,67,58 | 9,54,58,61 | 2,34,72,76 | 3,91,90 | 2,38,64,66 |
| 4058—Capital Outlay on Stationery and Printing | .. | 1,29,00 | — | 1,29,00 | 32,38 | — | 32,38 |
| 6202—Loans for Education, Sports, Arts and Culture | .. | 50 | — | 50 | 5 | — | 5 |
| Totat Demand (Capital) | .. | 1,29,50 | — | 1,29,50 | 32,43 | — | 32,43 |
| Total Demand (Revenue and Capital) | .. | 9,40,20,50 | 15,67,58 | 9,55,88,11 | 2,35,05,19 | 3,91,90 | 2,38,97,09 |

Original with;
Punjab Vidhan Sabha
Digitized by;
Panjab Digital Library

[Mr. Speaker]

(In Thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 06. | **Election** | | | | | | |
| | 2015—Elections .. | 19,27,31 | 1,00 | 19,28,31 | 4,81,83 | 25 | 4,82,08 |
| | 2075—Miscellaneous General Services .. | 68,04 | — | 68,04 | 17,01 | — | 17,01 |
| | Total Demand (Revenue) .. | 19,95,35 | 1,00 | 19,96,35 | 4,98,84 | 25 | 4,99,09 |
| | Total Demand (Capital) .. | — | — | — | — | — | — |
| | Total Demand (Revenue and Capital) .. | 19,95,35 | 1,00 | 19,96,35 | 4,98,84 | 25 | 4,99,09 |
| 07. | **Excise and Taxation** | | | | | | |
| | 2039—State Excise .. | 5,65,88 | 1,00 | 5,66.88 | 1,41,42 | 25 | 1,41,67 |
| | 2040—Sales Tax .. | 16,65,59 | 2,00 | 16,67,59 | 4,16,40 | 50 | 4,16,90 |
| | Total Demand (Revenue) .. | 22,31,47 | 3,00 | 22,34,47 | 5,57.82 | 75 | 5,58,57 |
| | Total Demand (Capital) .. | — | — | — | — | — | — |
| | Total Demand (Revenue and Capital) .. | 22,31,47 | 3,00 | 22,34,47 | 5,57,82 | 75 | 5,58,57 |

Original with;
Punjab Vidhan Sabha
Digitized by;
Panjab Digital Library

**08. Finance**

| | | | | | | |
|---|---|---|---|---|---|---|
| 2047—Other Fiscal Services .. | 16,39,21 | — | 16,39,21 | 4,09,80 | — | 4,09,80 |
| 2049—Interest Payments .. | — | 15,30,19,65 | 15,30,19,65 | — | 3 82,54,91 | 3,82,54,91 |
| 2052—Secretariat General Services .. | 59,34 | 2 | 59,36 | 14,84 | 1 | 14,85 |
| 2054—Treasury and Accounts Administration .. | 12,53,08 | 7 | 12,53,15 | 3,13,27 | 1 | 3,13,28 |
| 2070—Other Administrative Services . | 2,05,64,62 | 2,00 | 2,05,66,62 | 5,41,16 | 50 | 5,41,66 |
| 2071—Pension and other Retirement Benefits .. | 2,80,10,00 | — | 2,80,10,00 | 70,02,50 | — | 70,02,50 |
| 2075—Miscelleneous General Services .. | 15,59,00 | — | 15,59,00 | 3,89,75 | — | 3,89,75 |
| 2235—Social Security and Welfare .. | 6,00,00 | — | 6,00,00 | 1,50,00 | — | 1,50,00 |
| 3451—Secretariat Economic Services .. | 36,27 | 1 | 36,28 | 9,07 | 1 | 9,08 |
| 3604—Comp. and Assi. to Local Bodies and Panch. Raj Inst. .. | 3,59 | — | 3,59 | 90 | — | 90 |
| Total Demand (Revenue) .. | 5,37,25,11 | 15 30,21,75 | 20,67,46,86 | 1,34,31,29 | 3,82,55,44 | 5,16,86,73 |
| 6003—Internal Debit of the State Government .. | — | 17,72,73,27 | 17,72,73,27 | — | 4,43,18,32 | 4,43,18,32 |
| 6004—Loans and Advances from the Central Government .. | — | 3,55,51,47 | 3,55,51,47 | — | 88,87,87 | 88,87,87 |
| 7610—Loans to Government Servants etc. .. | 32,80,00 | — | 32,80,00 | 8,20,00 | — | 8,20,00 |
| 7615—Miscellaneous Loans .. | 80,00 | — | 80,00 | 20.00 | — | 20.00 |
| Total Demand (Capital) | 33,60,00 | 21,28,24,74 | 21,61,84,74 | 8,40,00 | 5,32,06,19 | 5,40,46,19 |
| Total Demand (Revenue and Capital) . | 5,70,85,11 | 36,58,46,49 | 42,29,31,60 | 1,42,71,29 | 9,14,61,63 | 10,57,32,92 |

Original with;
Punjab Vidhan Sabha
Digitized by;
Panjab Digital Library

[Mr. Speaker]

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 09. | **Food and Supplies** | | | | | | |
| | 3456—Civil Supplies .. | 9,63,64 | 50 | 9,64,14 | 2,40,91 | 13 | 2,41,04 |
| | Total Demand (Revenue) .. | 9,63,64 | 50 | 9,64,14 | 2,40,91 | 13 | 2,41,04 |
| | 4408—Capital Outlay on Food Storage and Warehousing .. | 15,08,72,00 | 3,00 | 15,08,75,00 | 15,08,72,00 | 3,00 | 15,08,75,00 |
| | 6408—Loans for Food Storage and Warehousing . | 2,10,00,00 | — | 2,10,00,00 | — | — | — |
| | Total Demand (Capital) .. | 17,18,72,00 | 3,00 | 17,18,75,00 | 15,08,72,00 | 3,00 | 15,08,75,00 |
| | Total Demand (Revenue and Capital) . | 17,28,35,64 | 3,50 | 17,28,39,14 | 15,08,72,00 | 3,13 | 15,08,75,13 |
| 10. | **General Administration** | | | | | | |
| | 2012—President, Vice President, Governor, Administrator of U. T. .. | — | 1,23,16 | 1,23,16 | — | 30,79 | 30,79 |
| | 2013—Council of Ministers .. | 3,48,00 | — | 3,48,00 | 87,00 | — | 87,00 |
| | 2052—Secretariat General Services .. | 21,81,07 | 5 | 21,81,12 | 5,47,27 | 1 | 5,45,28 |
| | 2053—District Administration .. | 4,90 | — | 4,90 | 1,23 | — | 1,23 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 2070—Other Administrative Services .. | 2,62,19 | — | 2,62,19 | 65,55 | — | 65,55 |
| 2075—Miscellaneous General Services | 25,61 | — | 25,61 | 6.40 | — | 6,40 |
| 2235—Social Security and Welfare .. | 4,17,12 | — | 4,17,12 | 1,04,28 | — | 1,04,28 |
| 2251—Secretarial Social Services .. | 3,75,50 | — | 3,75,50 | 93,88 | — | 93,88 |
| 3451—Secretariat Economic Services .. | 1,31,30 | — | 1,31,30 | 32,83 | — | 32,83 |
| Total Demand (Revenue) .. | 37,45,69 | 1,23,21 | 38,68,90 | 9,36,44 | 30,80 | 9,67,24 |
| Total Demand (Capital) .. | — | — | — | — | — | — |
| Total Demand (Revenue and Capital) | 37,45,69 | 1,23,21 | 38,68,90 | 9,36,44 | 30,80 | 9,67,24 |
| **11. Health and Family Welfare** | | | | | | |
| 2210—Medical and Pulbic Health .. | 2,72,31,80 | 10,84 | 2,72,42,64 | 68,07,95 | 2,71 | 68,10,66 |
| 2211—Family Welfare .. | 71,77,57 | — | 71,77,57 | 17,94,39 | — | 17,94,39 |
| 2235—Social Security and Welfare .. | 2,00,33 | — | 2,00,33 | 50,08 | — | 50,08 |
| Total Demand (Revenue) .. | 3,46,09,70 | 10,84 | 3,46,20,54 | 86,52,42 | 2,71 | 86,55,13 |
| 4210—Capital Outlay on Medical and Public Health .. | — | — | — | — | — | — |
| 6210—Loans for Medical and Public Health .. | — | — | — | — | — | — |
| Total Demand (Capital) .. | — | — | — | — | — | — |
| Total Demand (Revenue and Capital) | 3,46,09,70 | 10,84 | 3,46,20,54 | 86,52,42 | 2.71 | 86,55,13 |

Original with;
Punjab Vidhan Sabha
Digitized by;
Punjab Digital Library

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| 12. | **Home Affairs and Justice** | | | | | | |
| | 2014 Administration of Justice | 23,78,66 | 5,93,54 | 29,72,20 | 5,94,67 | 1,48,39 | 7,43,06 |
| | 2053—District Administration .. | 15,83 | — | 15,83 | 3,96 | — | 3,96 |
| | 2055—Police .. | 4,02,15,90 | 76,77 | 4,02,92,67 | 1,00,53,98 | 19,19 | 1,00,73,17 |
| | 2056—Jails .. | 25,36,58 | 75 | 25,37,33 | 6,34,15 | 19 | 6,34,34 |
| | 2059—Public Works .. | 1,13,59 | — | 1.13,59 | 28,40 | — | 28,40 |
| | 2070—Other Administrative Services . | 39,54,87 | 77 | 39,55,64 | 9,88,72 | 19 | 9,88,91 |
| | 2075—Miscellaneous General Services .. | 6 | — | 6 | 2 | — | 2 |
| | 2216—Housing . | 1,60 | — | 1,60 | 40 | — | 40 |
| | 2235—Social Security and Welfare .. | 38,40 | 1 | 38,41 | 9,60 | 1 | 9,61 |
| | 2250—Other Social Services .. | 7,77 | 1 | 7,78 | 1,94 | 1 | 1,95 |
| | Total Demand (Revenue) .. | 4,92,63,26 | 6,71,85 | 4,99,35,11 | 1,23,15,84 | 1,67,98 | 1,24,83,82 |
| | 4059—Capital Outlay on Public Works .. | 2,00,00 | 10,00 | 2,10,00 | 50,00 | 2,50 | 52,50 |
| | 4216—Capital Outlay on Housing . | 22,04,11 | 10,00 | 22,14,11 | 5,51.03 | 2,50 | 5,53,53 |
| | Total Demand (Capital) .. | 24,04,11 | 20,00 | 24,24,11 | 6,01,03 | 5,00 | 6,06,03 |
| | Total Demand (Revenue and Capital) .. | 5,16,67,37 | 6,91,85 | 5,23,59,22 | 1,29,16,87 | 1,72,98 | 1,30,89,85 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| **13. Industries** | | | | | | | |
| 2057—Supplies and Disposals | .. | 48,42 | — | 48,42 | 12,11 | — | 12,11 |
| 2230—Labour and Employment | .. | 6,68 | — | 6,68 | 1,67 | — | 1,67 |
| 2851—Village and Small Industries | .. | 15,50,55 | 18 | 15,50,73 | 3,87,64 | 5 | 3,87,69 |
| 2852—Industries | .. | 42,65,12 | — | 42,65,12 | 10,66,28 | — | 10,66,28 |
| 2853—Non Ferros Mining and Metallargical Industries | .. | 57,30 | 30 | 57,60 | 14,33 | 8 | 14,41 |
| 3475—Other General Economic Services | .. | 77,43 | — | 77,43 | 19,36 | — | 19,36 |
| Total Demand (Revenue) | .. | 60,05,50 | 48 | 60,05,98 | 15,01,39 | 13 | 15,01,52 |
| 4851—Capital Outlay on Village and Small Industries | .. | 20,66,00 | — | 20,66,00 | 5,16,50 | — | 5,16,50 |
| 4859—Capital Outlay on Telecom. and Electronic Industries | .. | 71,62 | — | 71,62 | 17,91 | — | 17,91 |
| 4885—Other Capital Outlay on Industries and Minerals | .. | 5,00,00 | — | 5,00,00 | 1,25,00 | — | 1,25,00 |
| 6851—Loans for Village and Small Industries | .. | — | — | — | — | — | — |
| 6860—Loans for Consumer Industries | .. | — | — | — | — | — | — |
| 6885—Other Loans to Industries and Minerals | .. | — | — | — | — | — | — |
| Total Demand (Capital) | .. | 26,37,62 | — | 26,37,62 | 6,59,41 | — | 6,59,41 |
| Total Demand (Revenue and Capital) | .. | 86,43,12 | 48 | 86,43,60 | 21,60,80 | 13 | 21,60,93 |

Original with;
Punjab Vidhan Sabha
Digitized by;
Panjab Digital Library

(In thousand of Rupees)

| Demand No. | Services/Department/Major Heads | Total Amount Voted | Total Amount Charged | Total Amount Total | Amount required on Account Voted | Amount required on Account Charged | Amount required on Account Total |
|---|---|---|---|---|---|---|---|
| **14.** | **Information and Public Relation** | | | | | | |
| | 2220—Information and Publicity .. | 12,35,52 | 25 | 12,35,77 | 3,10,01 | 6 | 3,10,07 |
| | 2235—Social Security and Welfare .. | 4,50 | — | 4,50 | 1,13 | — | 1,13 |
| | Total Demand (Revenue) .. | 12,40,02 | 25 | 12,40,27 | 3,11,14 | 6 | 3,11,20 |
| | Total Demand (Capital) .. | — | — | — | — | — | — |
| | Total Demand (Revenue and Capital) .. | 12,40,02 | 25 | 12,40,27 | 3,11,14 | 6 | 3,11,20 |
| **15.** | **Irrigation and Power** | | | | | | |
| | 2045—Other Taxes and Duties on Commodities and Services .. | 77,54 | — | 77,54 | 19,39 | — | 19,39 |
| | 2070—Other Administrative Services .. | 81,87 | — | 81,87 | 2,22 | — | 2,22 |
| | 2245—Relief on account of Natural Calamities .. | — | — | — | — | — | — |
| | 2701—Major and Medium Irrigation .. | 1,42,53,04 | — | 1,42,53,04 | 35,63,26 | — | 35,63,26 |
| | 2702—Minor Irrigation .. | 16,46,85 | — | 16,46,85 | 4,11,71 | — | 4,11,71 |
| | 2711—Flood Control .. | 29,01,55 | — | 29,01,55 | 7,25,39 | — | 7,25,39 |
| | Total Demand (Revenue) .. | 1,88,87,85 | — | 1,88,87,85 | 47,21,97 | — | 47,21,97 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| 4701—Capital Outlay on Major and Medium Irrigation | .. | 4,53,73,32 | — | 4,53,73,32 | 1,13,43,32 | — | 1,13,43,33 |
| 4702—Capital Outlay on Minor Irrigation | .. | 8,14,12 | — | 8,14,12 | 2,03,53 | — | 2,03,53 |
| 4711—Capital Outlay on Flood Control Project | .. | 22,90,00 | — | 22,90,00 | 5,72,50 | — | 5,72,50 |
| 4801—Capital Outlay on Power Project | .. | — | — | — | — | — | — |
| 6705—Loans for Command Area Development | .. | 37,00,00 | — | 37,00,00 | 9,25,00 | — | 9,25,00 |
| 6801—Loans for Power Project | .. | 6,62,63,00 | — | 6,62,63,00 | 1,65,65,75 | — | 1,65,65,75 |
| Total Demand (Capital) | .. | 11,84,40,44 | — | 11,84,40,44 | 2,96,10,11 | — | 2,96,10,11 |
| Total Demand (Revenue and Capital) | .. | 13,73,28,29 | — | 13,73,28,29 | 3,43,32,08 | — | 3,43,32,08 |
| **16. Labour and Employment** | | | | | | | |
| 2230—Labour and Employment | .. | 9,61,14 | 55 | 9,61,69 | 2,40,29 | 14 | 2,40,43 |
| Total Demand (Revenue) | .. | 9,61,14 | 55 | 9,61,69 | 2,40,29 | 14 | 2,40,43 |
| Total Demand (Capital) | .. | — | — | — | — | — | — |
| Total Demand (Revenue and Capital) | .. | 9,61,14 | 55 | 9,61,69 | 2,40,29 | 14 | 2,40,43 |

Original with;
Punjab Vidhan Sabha
Digitized by;
Panjab Digital Library

[Mr. Speaker]

(In thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| **17.** | **Local Govt. Housing and Urban Dev.** | | | | | | |
| | 2216—Housing .. | 8,07 | — | 8,07 | 2,02 | — | 2,02 |
| | 2217—Urban Development .. | 11,73,48 | 10 | 11,73,58 | 2,93,37 | 3 | 2,93,40 |
| | 3475—Other General Economic Services .. | 3,25 | — | 3,25 | 81 | — | 81 |
| | 3604—Comp. and Assi. to Local Bodies and Panch. Raj. Instn. .. | 35,61,63 | — | 35,61,63 | 8,90,41 | — | 8,90,41 |
| | Total Demand (Revenue) .. | 47,46,53 | 10 | 47,46,53 | 11,86,61 | 3 | 11,86,64 |
| | 4216—Capital Outlay on Housing .. | 7,60,25 | — | 7,60,25 | 1,90,06 | — | 1,90,06 |
| | 4217—Capital Outlay on Urban Development .. | 62,25,00 | — | 62,25,00 | 15,56,25 | — | 15,56,25 |
| | 5475—Capital outlay on Other General Economic Services .. | 1 | — | 1 | 1 | — | 1 |
| | 6215—Loans for Water Supply and Sanitation .. | — | — | — | — | — | — |
| | 6216—Loans for Housing .. | 7,35,62 | — | 7,35,62 | 1,83,90 | — | 1,83,90 |
| | 6217—Loans for Urban Development .. | 1,12,50 | — | 1,12,50 | 28,12 | — | 28,12 |
| | Total Demand (Capital) .. | 78,33,38 | — | 78,33,38 | 19,58,34 | — | 19,58,34 |
| | Total Demand (Revenue and Capital) .. | 1,25,79,81 | 10 | 1,25,79,91 | 31,44,95 | 3 | 31,44,98 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| **18. Personnel and Administrative Reforms** | | | | | | |
| 2051—Public Service Commission .. | 83,68 | 76,40 | 1,60,08 | 20,92 | 19,10 | 40,02 |
| 2070—Other Administrative Service .. | 70,00 | — | 70,00 | 17,50 | — | 17,50 |
| Total Demand (Revenue) .. | 1,53,68 | 76,40 | 2,30,08 | 38,42 | 19,10 | 57,52 |
| 4070—Capital Outlay on Other Administrative Services .. | 5,88,00 | — | 5,88,00 | 1,47,00 | — | 1,47,00 |
| Total Demand (Capital) .. | 5,88,00 | — | 5,88,00 | 1,47,00 | — | 1,47,00 |
| Total Demand (Revenue and Capital) .. | 7,41,68 | 76,40 | 8,18,08 | 1,85,42 | 19,10 | 2,04,52 |
| **19. Planning** | | | | | | |
| 3451—Secretariat Economic Services .. | 1,98,68,75 | — | 1,98,68,75 | 49,67,19 | — | 49,67,19 |
| 3454—Census, Survey and Statistics .. | 6,17,37 | 1 | 6,17,38 | 1,54,35 | — | 1,54,35 |
| Total Demand (Revenue) .. | 2,04,86,12 | 1 | 2,04,86,13 | 51,21,54 | — | 51,21,54 |
| 4575—Capital Outlay on Special Area Programmes .. | — | — | — | — | — | — |
| 5475—Capital Outlay on others General Economic Services .. | 1,63,40,53 | — | 1,63,40,53 | 40,85,13 | — | 40,85,13 |
| Total Demand (Capital) .. | 1,63,40,53 | — | 1,63,40,53 | 40,85,13 | — | 40,85,13 |
| Total Demand (Revenue and Capital) .. | 3,68,26,65 | 1 | 3,68,26,66 | 92,06,66 | 1 | 92,06,67 |

Original with;
Punjab Vidhan Sabha
Digitized by;
Panjab Digital Library

†[Mr. Speaker]

(In thousand of Rupees)

| Demand No. | Services/Department/ Major Heads | Total Account Voted | Total Account Charged | Total Account Total | Amount required on Account Voted | Amount required on Account Charged | Amount required on Account Total |
|---|---|---|---|---|---|---|---|
| **20.** | **Programme Implementation** | | | | | | |
| | 3451—Secretariat Economic Services .. | 4,00 | — | 4,00 | 1,00 | — | 1,00 |
| | Total Demand (Revenue) .. | 4,00 | — | 4,00 | 1,00 | — | 1,00 |
| | Total Demand (Capital) .. | — | — | — | — | — | — |
| | Total Demand (Revenue and Capital) | 4,00 | — | 4,00 | 1,00 | — | 1,00 |
| **21.** | **Public Works** | | | | | | |
| | 2059—Public Works .. | 96,67,37 | 1,01,50 | 97,68,87 | 24,16,84 | 25,38 | 24,42,22 |
| | 2202—General Education .. | 16,32 | — | 16,32 | 4,08 | — | 4,08 |
| | 2203—Technical Education .. | 5,32 | — | 5,32 | 1,33 | — | 1,33 |
| | 2010—Medical and Public Health .. | 22,50 | — | 22,50 | 5,63 | — | 5,63 |
| | 2215—Water Supply and Sanitation .. | 1,25,18,64 | — | 1,25,18,64 | 31,29,66 | — | 31,29,66 |
| | 2216—Housing .. | 2,20,27 | — | 2,20,27 | 55,07 | — | 55,07 |
| | 2401—Crop Husbandry .. | 12,04 | — | 12,04 | 3,00 | — | 3,00 |
| | 2403—Animal Husbandry .. | 1,43 | — | 1,43 | 36 | — | 36 |
| | 3054—Roads and Bridges .. | 70,75,95 | 2,20,00 | 72,95,95 | 17,68,99 | 55,00 | 18,23,99 |
| | Total Demand (Revenue) .. | 2,95,39,84 | 3,21,50 | 2,98,61,34 | 73,84,96 | 80,38 | 74,65,34 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 4059—Capital Outlay on Public Works .. | 31,84,00 | — | 31,84,00 | 7,96,00 | — | 7 96,00 |
| 4202—Capital Outlay on Education, Sports, Art and Culture .. | 18,14,00 | — | 18,14,00 | 4,53,50 | — | 4,53,50 |
| 4210—Capital Outlay on Medical and Public Health .. | 18,67,00 | — | 18,67,00 | 4,66,75 | — | 4,66,75 |
| 4211—Capital Outlay on Family Welfare .. | — | — | — | — | — | — |
| 4235—Capital Outlay on Social Security and Welfare .. | 1,00 | — | 1,00 | 25 | — | 25 |
| 4250—Capital Outlay on other Social Services .. | 10,77,00 | — | 10,77,00 | 2,69,25 | — | 2,69,25 |
| 4403—Capital Outlay on Animal Husbandry .. | 16,00 | — | 16,00 | 4,00 | — | 4,00 |
| 4404—Capital Outlay on Dairy Development. .. | — | — | — | — | — | — |
| 4405—Capital Outlay on Fisheries .. | — | — | — | — | — | — |
| 4810—Capital Outlay on Non-Conventional Sources of Energy. .. | 20,00 | — | 20,00 | 5,00 | — | 5,00 |
| 4851—Capital Outlay on Village and Small Industries .. | — | — | — | — | — | — |
| 5053—Capital Outlay on Civil Aviation .. | 70,00 | — | 70,00 | 17,50 | — | 17,50 |
| 5054—Capital Outlay on Roads and Bridges .. | 82,65,76 | — | 82,65,76 | 20,66,44 | — | 20,66,44 |
| Total Demand (Capital) .. | 1,63,14,76 | — | 1,63,14,76 | 40,78,69 | — | 40,78,69 |
| Total Demand (Revenue and Capital) .. | 4,58,54,60 | 3,21,50 | 4,61,76,10 | 1,14,63,65 | 80,38 | 1,15,44,03 |

Original with;
Punjab Vidhan Sabha
Digitized by;
Panjab Digital Library

[Mr. Speaker]

(In thousand of Rupees)

| Demand No. | Services/Department/Major heads | Total Amount Voted | Total Amount Charged | Total Amount Total | Amount required on Account Voted | Amount required on Account Charged | Amount required on Account Total |
|---|---|---|---|---|---|---|---|
| 22. | **Revenue and Rehabilitation** | | | | | | |
| | 2029—Land Revenue .. | 27,73,55 | 5,94 | 27,79,49 | 6,93,38 | 1,49 | 6,94,88 |
| | 2030—Stamps and Registration .. | 1,56,13 | 50 | 1,56,63 | 39,03 | 13 | 39,15 |
| | 2052—Secretariat General Services .. | 5,24,90 | 25 | 5,25,15 | 1,31,23 | 6 | 1,31,29 |
| | 2053—District Administration .. | 31,26,48 | 13,72 | 31,40,20 | 7,81,62 | 3,43 | 7,85,05 |
| | 235—Social Security and Welfare .. | 21,83,21 | 5,00 | 21,88,21 | 5,45,80 | 1,25 | 5,47,05 |
| | 2245—Relief on Account of Natural Calamities .. | 68,81,01 | 10 | 68,81,11 | 17,20,25 | 3 | 17,20,28 |
| | 2250—Other Social Services .. | 36,57 | — | 36,57 | 9,15 | — | 9,15 |
| | 3451—Secretariat Economic Service .. | 84,60 | 25 | 84,85 | 2,15 | 6 | 21,21 |
| | 3454—Census, Survey and Statistics .. | 13,21 | — | 13,21 | 3,31 | — | 3,31 |
| | 3604—Comp. and Assi. to Local Bodies and Panch. Raj Institution .. | 78 | — | 78 | 20 | — | 20 |
| | Total Demand (Revenue) .. | 1,57,80,44 | 25,76 | 1,58,06,20 | 39,45,12 | 6,45 | 39,51,57 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| **4059—Capital Outlay on Public Works** .. | **51,04** | — | 51,04 | 12,76 | — | 12,76 |
| Total Demand (Capital) .. | 51,04 | — | 51,04 | 12,76 | — | 12,76 |
| Total Demand (Revenue and Capital) .. | 1,58,31,48 | 25,76 | 1,58,57,24 | 39,57,88 | 6,45 | 39,64,33 |
| 33. **Rural Developments and Panchayats** | | | | | | |
| 2013—Council of Ministers .. | 3,04,00 | — | 3,04 00 | 76,00 | — | 76,00 |
| 2202—General Education .. | 50,82 | — | 50,82 | 12,71 | — | 12,71 |
| 2216—Housing .. | — | — | — | — | — | — |
| 2415—Agriculture Research and Education .. | 34,61 | — | 34,61 | 8,65 | — | 8,65 |
| 2501—Special programmes for Rural Development .. | 24,70 | — | 24,70 | 6,17 | — | 6,17 |
| 2505—Rural Employment .. | 20,00,00 | — | 20,00,00 | 5,00,00 | — | 5,00,00 |
| 2515—Other Rural Development Programme .. | 34,12,88 | 1,44 | 34,14,32 | 8,53,22 | 36 | 8,53,58 |
| 3604—Comp. and Assi. to Local Bodies and Panch. Raj Instn. .. | 20,92,68 | — | 20,92,68 | 5,23,17 | — | 5,23,17 |
| Total Demand (Revenue) .. | 79,19,69 | 1,44 | 79,21,13 | 19,79,92 | 36 | 19,80,28 |
| Total Demand (Capital) .. | — | — | — | — | — | — |
| Total Demand (Revenue and Capital) . | 79,19,69 | 1,44 | 79,21,13 | 19,79,92 | 36 | 19,80,28 |

Original with;
Punjab Vidhan Sabha
Digitized by;
Panjab Digital Library

[Mr. Speaker]

(in thousand of Rupees)

| Demand No. | Services/Department/Major Heads | Total Amount | | | Amount required on Account | | |
|---|---|---|---|---|---|---|---|
| | | Voted | Charged | Total | Voted | Charged | Total |
| **24.** | **Science, Technology and Environment** | | | | | | |
| | 3425—Other Scientific Research .. | 1,81,00 | — | 1,81,00 | 45,25 | — | 45,25 |
| | 3435—Ecology and Environment .. | 11,00 | — | 11,00 | 2,75 | — | 2,75 |
| | Total Demand (Revenue) .. | 1,92,00 | — | 1,92,00 | 48,00 | — | 48,00 |
| | 425—Capital Outlay on Scientific and Environmental Research .. | 3,26,00 | — | 3,26,00 | 81,50 | — | 81,50 |
| | Total Demand (Capital) .. | 3,26,00 | — | 3,26,00 | 81,50 | — | 81,50 |
| | Total Demand (Revenue and Capital) .. | 5,18,00 | — | 5,18,00 | 1,29,50 | — | 1,29,50 |
| **25.** | **Soc. & Wom. Welf. & Welf of SC. & BC.** | | | | | | |
| | 2225—Welfare of S.Cs., S.Ts. and other B.Cs. .. | 47,32,65 | 20 | 47,32,85 | 11,83,16 | 5 | 11,83,21 |

Original with;
Punjab Vidhan Sabha
Digitized by;
Punjab Digital Library

| | | | | | | | |
|---|---|---|---|---|---|---|---|
| 2235—Social Security and Welfare | .. | 29,26,65 | 50 | 29,27,15 | 7,31,66 | 13 | 7,31,79 |
| 2236—Nutrition | .. | — | — | — | — | — | — |
| 2245—Relief on Account of Natural Calamities | .. | — | — | — | — | — | — |
| Total Demand (Revenue) | .. | 76,59,30 | 70 | 76,60,00 | 19,14,82 | 18 | 19,15,00 |
| 4225—Capital Outlay on Welfare for SCs., STs. and other BCs. | .. | 2,85,00 | — | 2,85,00 | 71,25 | — | 71,25 |
| 4235—Capital Outlay on Social Security and Welfare | .. | — | — | — | — | — | — |
| 6235—Loans for Social Security and Welfare | .. | — | — | — | — | — | — |
| Total Demand (Capital) | .. | 2,85,00 | — | 2,85,00 | 71,25 | — | 71,25 |
| Total Demad (Revenue and Capital) | .. | 79,44,30 | 70 | 79,45,00 | 19,86,07 | 18 | 19,86,25 |
| **26. State Legislature** | | | | | | | |
| 2011—Parliament/State/U.T. Legislature | .. | 4,09,45 | 5,94 | 4,15,39 | 1,02,36 | 1,49 | 1,03,86 |
| 2235—Social Security and Welfare | .. | 15,00 | — | 15,00 | 3,75 | — | 3,75 |
| Total Demand (Revenue) | .. | 4,24,45 | 5,94 | 4,30,39 | 1,06,11 | 1,49 | 1,07,60 |
| Total Demand (Capital) | .. | — | — | — | — | — | — |
| Total Demand (Revenue and Capital) | .. | 4,24,45 | 5,94 | 4,30,39 | 1,06,11 | 1,49 | 1,07,60 |

Original with;
Punjab Vidhan Sabha
Digitized by;
Panjab Digital Library

[Mr. Speaker]

(in thousand of Rupees)

| Demand No. | Services/Department/Major Heads | Total Amount Voted | Total Amount Charged | Total Amount Total | Amount required on Account Voted | Amount required on Account Charged | Amount required on Account Total |
|---|---|---|---|---|---|---|---|
| **27.** | **Technical Education and Indus. Trg.** | | | | | | |
| | 2203—Technical Education .. | 39,26,73 | — | 39,26,73 | 9,81,68 | — | 9,81,68 |
| | 2225—Welfare of S.Cs, and S.Ts. and other B.Cs. .. | 63,66 | — | 63,66 | 15,92 | — | 15,62 |
| | 2230—Labour and Employment .. | 32,61,57 | 1,00 | 32,62,57 | 8,15,39 | 25 | 8,15,64 |
| | Total Demand (Revenue) .. | 72,51,96 | 1,00 | 72,52,96 | 18,12,99 | 25 | 18,13,24 |
| | Capital Outlay on other Social Services .. | 38,85 | — | 38,85 | 9,71 | — | 9,71 |
| | Total Demand (Capital) .. | 38,85 | — | 38,35 | 9,71 | — | 9,71 |
| | Total Demand (Revenue and Capital) .. | 72,90,81 | 1,00 | 72,91,81 | 18,22,70 | 25 | 18,22,95 |
| **28.** | **Tourism and Cultural Affairs** | | | | | | |
| | 2205—Art and Culture .. | 6,80,29 | 2 | 6,80,31 | 1,70,07 | 1 | 1,70,08 |
| | 3452—Tourism .. | 74,17 | 1,75 | 75,92 | 75,92 | 44 | 18,98 |
| | Total Demand (Revenue) .. | 7,54,46 | 1,77 | 7,56,23 | 1,88,61 | 45 | 1,89,06 |
| | 5452—Capital Outlay on Tourism .. | 2,00,00 | — | 2,00,00 | 50,00 | — | 50,00 |
| | Total Demand (Capital) .. | 2,00,00 | — | 2,00,00 | 50,00 | — | 50,00 |
| | Total Demand (Revenue and Capital) .. | 9,54,46 | 1,77 | 9,56,23 | 2,38,61 | 45 | 2,39,06 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| **29. Transport** | | | | | | |
| 2013—Council of Ministers .. | 3,92,43 | — | 3,92,43 | 98,11 | — | 98,11 |
| 2041—Taxes on Vehicles .. | 2,84,88 | 1,25 | 2,86,13 | 71,22 | 31 | 71,53 |
| 3053—Civil Aviation .. | 4,70,55 | — | 4,70,55 | 1,17,64 | — | 1,17,64 |
| 3055—Road Transport .. | 2,29,46,38 | 70,00 | 2,30,16,38 | 57,36,60 | 17,50 | 57,54,10 |
| Total Demand (Revenue) .. | 2,40,94,24 | 71,25 | 2,41,65,49 | 60,23,57 | 17,81 | 60,41,38 |
| 5053—Capital Outlay on Civil Aviation .. | 1,15,00 | — | 1,15,00 | 28,75 | — | 28,75 |
| 5055—Capital Outlay on Road Transport .. | 10,25,00 | — | 10,25,00 | 2,56,25 | — | 2,56,25 |
| Total Demand (Capital) .. | 11,40,00 | — | 11,40,00 | 2,85,00 | — | 2,85,00 |
| Total Demand (Revenue and Capital) .. | 2,52,34,24 | 71,25 | 2,53,05,49 | 63,08,57 | 17,81 | 63,26,38 |
| **30. Vigilence** | | | | | | |
| 2070—Other Administrative Services .. | 4,70,96 | 4,72 | 4,75,68 | 1,17,74 | 1,18 | 1,18,92 |
| Total Demand (Revenue) .. | 4,70,96 | 4,72 | 4,75,68 | 1,17,74 | 1,18 | 1,18,92 |
| Total Demand (Capital) .. | — | — | — | — | — | — |
| Total Demand (Revenue and Capital) .. | 4,70,96 | 4,72 | 4,75,68 | 1,17,74 | 1,18 | 1,18,92 |
| **GRAND TOTAL** .. | 76,57,65,13 | 36,87,73,40 | 1,13,45,38,53 | 29,93,46,53 | 9,21,95,68 | 39,15,42,12 |

*The motion was carride*

Original with;
Punjab Vidhan Sabha
Digitized by;
Panjab Digital Library

## LEGISLATIVE BUSINESS

### THE PUNJAB APPROPRIATION (VOTE-ON-ACCOUNT) BILL, 1997

**Mr. Speaker** : Finance Minister to introduce the Punjab Appropriation (Vote-on-Account) Bill, 1997 and also to move that the Punjab Appropriation (Vote-on-Account) Bill, 1997 be taken into consideration at once. F.M. Sahib.

**Finance Minister (Captain Kanwaljit Singh)** : Sir, I beg to introduce the Punjab Appropriation (Vote-on-Account) Bill.

Sir, I also beg to move—

> That the Punjab Appropriation (Vote-on-Account) Bill be taken into consideration at once.

**Mr. Speaker** : Motion moved—

> That the Punjab Appropriation (Vote-on-Acconnt) Bill be taken into consideration at once.

**Mr. Speaker** : Discussion if any ?

(No one rose to speak)

**Mr. Speaker** : Question is—

> That the Punjab Appropriation (Vote-on-Account) Bill be taken into consideration at once.

*The motion was carried.*

**Mr. Speaker** : Now the House will proceed to consider the Bill Clause by Clause.

**Clause 2**

**Mr. Speaker** : Question is—

> That Clause 2 stand part of the Bill.

*The motion was carried.*

**Clause 3**

**Mr. Speaker** : Question is—

> That Clause 3 stand part of the Bill.

*The motion was carried.*

**The Schedule**

**Mr. Speaker** : Question is—

> That the Schedule stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Clause 1**

**Mr. Speaker** : Question is—

That Clause 1 stand part of the Bill.

*The motion was carried.*

**TITLE**

**Mr. Speaker** Question is—

That Title be the Title of the Bill.

*The motion was carried.*

**Mr. Speaker** : Finance Minister to move that the Bill be passed. F.M. Sahib.

**Finance Minister (Captain Kanwaljit Singh)** : Sir, I beg to move—

That the Punjab Appropriation (Vote-on-Account) Bill be passed.

**Mr. Speaker** : Motion moved—

That the Punjab Appropriation (Vote-on-Account) Bill be passed.

**Mr. Speaker** : Question is—

That the Punjab Appropriation (Vote-on-Account) Bill be passed.

*The motion was carried.*

**ਸ੍ਰੀ ਸਪੀਕਰ** : ਸਦਨ ਵੀਰਵਾਰ, 20 ਮਾਰਚ, 1997 ਦੀ ਸਵੇਰ ਦੇ 9.00 ਵਜੇ ਤੱਕ ਸਥਗਿਤ ਕੀਤਾ ਜਾਂਦਾ ਹੈ ।

*10.17 ਪੂਰਵ ਦੁਪਹਿਰ

(*ਇਸ ਉਪਰੰਤ ਸਦਨ ਵੀਰਵਾਰ, 20 ਮਾਰਚ, 1997 ਦੀ ਸਵੇਰ ਦੇ 9.00 ਵਜੇ ਤੱਕ ਸਥਗਿਤ ਹੋ ਗਿਆ ।)

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# APPENDIX

## TO

## PUNJAB VIDHAN SABHA DEBATES

*Dated the 19th March, 1997*

*Vol. I—No. 9*

## STARRED QUESTIONS AND ANSWERS

**ਜਵਾਹਰ ਰੋਜ਼ਗਾਰ ਯੋਜਨਾ**

*41. 1. **ਸਰਦਾਰ ਇੰਦਰਜੀਤ ਸਿੰਘ ਜੀਰਾ**
2. **ਸਰਦਾਰ ਬਲਵੀਰ ਸਿੰਘ ਚੌਧਰੀ** } : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1992 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਦੌਰਾਨ ਜਵਾਹਰ ਰੋਜ਼ਗਾਰ ਯੋਜਨਾ ਅਧੀਨ ਰਾਜ ਸਰਕਾਰ ਦੁਆਰਾ ਭਾਰਤ ਸਰਕਾਰ ਤੋਂ ਪ੍ਰਾਪਤ ਕੀਤੇ ਫੰਡਾਂ ਦੇ ਸਾਲ ਵਾਰ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡਾਂ ਵਿਚ ਜ਼ਿਲ੍ਹਿਆਂ ਨੂੰ ਐਲੋਕੇਟ ਕੀਤੀ ਗਈ ਰਕਮ ਦੇ ਸਾਲ ਵਾਰ ਵੇਰਵੇ ਕੀ ਹਨ ?

**ਸਰਦਾਰ ਨਿਰਮਲ ਸਿੰਘ ਕਾਹਲੋਂ** : (ੳ) ਸ੍ਰੀਮਾਨ ਜੀ, ਸਾਲ-ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਸਾਲ | | ਰਕਮ (ਲੱਖਾਂ ਵਿਚ) |
|---|---|---|
| 1 | | 2 |
| 1992-93 | .. | 1,361.75 |
| 1993-94 | .. | 1,291.27 |
| 1994-95 | .. | 2,736.89 |
| 1995-96 | .. | 787.97 |
| 1996-97 | .. | 809.26 |
| 1997-98 (ਹੁਣ ਤੱਕ) | .. | 292.13 |
| ਕੁਲ ਜੋੜ | .. | 7,279.27 |

(ਅ) ਵਿਵਰਣ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਤਾਰਾ ਅੰਕਤ ਸਵਾਲ ਨੰ: 41 ਦੇ ਉੱਤਰ ਦੇ ਭਾਗ (ਅ) ਵਿਚ ਹਵਾਲਾ ਅਧੀਨ ਵਿਵਰਣ

ਜਵਾਹਰ ਰੋਜ਼ਗਾਰ ਯੋਜਨਾ ਅਧੀਨ ਜ਼ਿਲ੍ਹਿਆਂ ਨੂੰ ਵੰਡੀ ਰਕਮ ਦਾ ਵੇਰਵਾ

(ਰਕਮ ਲੱਖਾਂ ਵਿਚ)

| ਲੜੀ ਨੰ: | ਜ਼ਿਲ੍ਹੇ ਦਾ ਨਾਂ | 1992-93 | 1993-94 | 1994-95 | 1995-96 | 1996-97 | ਬਾਰਡਰ ਜ਼ਿਲ੍ਹਿਆਂ ਨੂੰ ਅਡੀਸ਼ਨਲ ਦਿਤੀ ਰਕਮ | 1997-98 ਹੁਣ ਤੱਕ |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |
| 1. | ਗੁਰਦਾਸਪੁਰ .. | 116.25 | 126.16 | 106.08 | 61.36 | 62.31 | 466.74 | 19.32 |
| 2. | ਜਲੰਧਰ .. | 142.24 | 164.48 | 149.31 | 87.60 | 62.54 | — | 20.90 |
| 3. | ਅੰਮ੍ਰਿਤਸਰ .. | 75.68 | 170.54 | 144.49 | 84.48 | 85.69 | 480.07 | 25.05 |
| 4. | ਫਿਰੋਜ਼ਪੁਰ .. | 85.78 | 98.85 | 81.95 | 48.34 | 53.76 | 176.08 | 15.09 |
| 5. | ਲੁਧਿਆਣਾ .. | 67.27 | 126.13 | 83.98 | 65.70 | 62.85 | — | 18.60 |
| 6. | ਕਪੂਰਥਲਾ .. | 40.12 | 69.07 | 60.41 | 34.34 | 45.22 | — | 11.87 |
| 7. | ਹੁਸ਼ਿਆਰਪੁਰ .. | 119.77 | 167.89 | 108.65 | 83.20 | 85.98 | — | 25.76 |

Original with;
Punjab Vidhan Sabha
Digitized by;
Panjab Digital Library

| | | | | | | | | | |
|---|---|---|---|---|---|---|---|---|---|
| 8. | ਰੂਪਨਗਰ | .. | 46.22 | 96.43 | 62.93 | 47.34 | 65.49 | — | 16.77 |
| 9. | ਪਟਿਆਲਾ | .. | 77.68 | 85.65 | 74.41 | 58.15 | 45.96 | — | 14.10 |
| 10. | ਸੰਗਰੂਰ | .. | 53.01 | 118.81 | 101.63 | 59.44 | 59.41 | — | 17.35 |
| 11. | ਬਠਿੰਡਾ | .. | 57.08 | 92.25 | 139.43 | 79.60 | 53.54 | — | 22.02 |
| 12. | ਫਰੀਦਕੋਟ | .. | 133.61 | 157.22 | 134.62 | 78.42 | 47.90 | — | 12.09 |
| 13. | ਨਵਾਂ ਸ਼ਹਿਰ | .. | — | — | — | — | 17.84 | — | 15.18 |
| 14. | ਮਾਨਸਾ | .. | 41.21 | 64.73 | — | — | 14.36 | — | 19.53 |
| 15. | ਫਤਿਹਗੜ੍ਹ ਸਾਹਿਬ | .. | 27.24 | 30.14 | — | — | 11.57 | — | 10.02 |
| 16. | ਮੋਗਾ | .. | — | — | — | — | 15.96 | — | 13.75 |
| 17. | ਮੁਕਤਸਰ | .. | — | — | — | — | 18.88 | — | 14.73 |
| | ਕੁਲ ਜੋੜ | .. | 1,083.16 | 1,568.34 | 1,247.89 | 787.97 | 809.26 | 1,122.89 | 292.13 |
| | ਹੈਡ ਕੁਆਟਰ | | | 1.52 | | | | | |
| | | | | 1,569.86 | | | | | |

ਨੋਟ :— 1. ਸਾਲ 1992-93 ਵਿਚ ਭਾਰਤ ਸਰਕਾਰ ਵੱਲੋਂ 1,361.75 ਲੱਖ ਰੁਪਏ ਪ੍ਰਾਪਤ ਹੋਏ ਸਨ ਜਿਨ੍ਹਾਂ ਵਿਚੋਂ 278.59 ਲੱਖ ਰੁਪਏ ਭਾਰਤ ਸਰਕਾਰ ਵੱਲੋਂ 31 ਮਾਰਚ, 1993 ਨੂੰ ਸੈਂਕਸ਼ਨ ਹੋਣ ਕਾਰਣ ਇਹ ਰਕਮ ਸਾਲ 1993-94 ਵਿਚ ਜ਼ਿਲ੍ਹਿਆਂ ਨੂੰ ਵੰਡੀ ਗਈ ।

2. ਸਾਲ 1993-94 ਵਿਚ ਭਾਰਤ ਸਰਕਾਰ ਵੱਲੋਂ 1,291.27 ਲੱਖ ਰੁਪਏ ਪ੍ਰਾਪਤ ਹੋਏ ਸਨ ਅਤੇ ਸਾਲ 1992-93 ਦੀ 278.59 ਲੱਖ ਰੁਪਏ ਦੀ ਮਿਤੀ 31 ਮਾਰਚ, 1993 ਨੂੰ ਪ੍ਰਾਪਤ ਕੀਤੀ ਰਕਮ ਮਿਲਾ ਕੇ ਕੁਲ 1,569.86 ਲੱਖ ਰੁਪਏ ਬਣ ਗਈ ਜਿਸ ਵਿਚੋਂ 1,568.34 ਲੱਖ ਰੁਪਏ ਸਾਲ 1993-94 ਵਿਚ ਜ਼ਿਲ੍ਹਿਆਂ ਨੂੰ ਵੰਡੇ ਗਏ ਅਤੇ 1.52 ਲੱਖ ਰੁਪਏ ਹੈਡਕੁਆਟਰ ਤੇ ਕੰਟਨਜੈਂਸੀ ਵਜੋਂ ਰੱਖੇ ਗਏ ।

3. ਸਾਲ 1994-95 ਵਿਚ ਭਾਰਤ ਸਰਕਾਰ ਵੱਲੋਂ 2,736.89 ਲੱਖ ਰੁਪਏ ਦੀ ਗਰਾਂਟ ਪ੍ਰਾਪਤ ਹੋਈ ਸੀ, ਜਿਸ ਵਿਚੋਂ 1,489.00 ਲੱਖ ਰੁਪਏ ਦੀ ਰਕਮ ਜੋ ਕਿ 4 ਬਾਰਡਰ ਜ਼ਿਲ੍ਹਿਆਂ ਨੂੰ ਸਪੈਸ਼ਲ ਗਰਾਂਟ ਵਜੋਂ ਐਲੋਕੇਟ ਹੋਈ ਸੀ, ਸਾਲ 1994-95 ਵਿਚ ਕਢਵਾਈ ਨਹੀਂ ਗਈ ਸੀ ਅਤੇ ਭਾਰਤ ਸਰਕਾਰ ਦੀ ਮਨਜ਼ੂਰੀ ਨਾਲ ਇਹ ਰਕਮ ਮਾਰਚ, 1996 ਵਿਚ ਕਢਵਾ ਕੇ ਬੈਂਕ ਵਿਚ ਜਮ੍ਹਾਂ ਕਰਵਾਂ ਦਿਤੀ ਗਈ ਅਤੇ ਸਾਲ 1996-97 ਵਿਚ ਪੰਚਾਇਤਾਂ ਨੂੰ ਵੰਡੀ ਗਈ ।

———

Original with;
Punjab Vidhan Sabha
Digitized by;
Panjab Digital Library

## ਇੰਦਰਾ ਅਵਾਸ ਯੋਜਨਾ ਅਧੀਨ ਮਕਾਨਾਂ ਦੀ ਉਸਾਰੀ/ਅਲਾਟਮੈਂਟ

*42. 1. **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
2. **ਸਰਦਾਰ ਬਲਵੀਰ ਸਿੰਘ ਚੌਧਰੀ** } : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਸਾਲ 1992 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਦੌਰਾਨ ਇੰਦਰਾ ਅਵਾਸ ਯੋਜਨਾ ਅਧੀਨ ਰਾਜ ਸਰਕਾਰ ਦੁਆਰਾ ਭਾਰਤ ਸਰਕਾਰ ਤੋਂ ਪ੍ਰਾਪਤ ਕੀਤੇ ਫੰਡਾਂ ਦੇ ਸਾਲਵਾਰ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡਾਂ ਨਾਲ ਸਰਕਾਰ ਦੁਆਰਾ ਬਣਾਏ ਗਏ ਮਕਾਨਾਂ ਦੀ ਕੁੱਲ ਗਿਣਤੀ ਅਤੇ ਵੇਰਵੇ ਕੀ ਹਨ ਅਤੇ ਪ੍ਰਤੀ ਮਕਾਨ ਬਨਾਉਣ ਤੇ ਕਿੰਨੀ ਲਾਗਤ ਆਈ ਅਤੇ ਹੁਣ ਤੱਕ ਕਿੰਨੇ ਮਕਾਨ ਅਲਾਟ ਕੀਤੇ ਗਏ ਹਨ ?

**ਸਰਦਾਰ ਨਿਰਮਲ ਸਿੰਘ ਕਾਹਲੋਂ** : (ੳ) ਸਾਲ 1992-93 ਤੋਂ ਹੁਣ ਤੱਕ ਰਾਜ ਸਰਕਾਰ ਦੁਆਰਾ ਭਾਰਤ ਸਰਕਾਰ ਤੋਂ ਇੰਦਰਾ ਅਵਾਸ ਯੋਜਨਾ ਅਧੀਨ ਪ੍ਰਾਪਤ ਹੋਏ ਫੰਡਾਂ ਦਾ ਸਾਲ-ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਸਾਲ | | ਰਕਮ (ਲੱਖ ਰੁਪਏ) |
|---|---|---|
| 1 | | 2 |
| 1992-93 | .. | 154.69 |
| 1993-94 | .. | 541.03 |
| 1994-95 | .. | 881.94 |
| 1995-96 | .. | 352.35 |
| 1996-97 | .. | 582.29 |
| ਕੁੱਲ ਜੋੜ | .. | 2,512.30 |

(ਅ) ਕਿਉਂਕਿ ਇਹ ਮਕਾਨ ਲਾਭ ਪਾਤਰਾਂ ਵੱਲੋਂ ਆਪਣੇ ਆਪ ਬਣਾਏ ਜਾਂਦੇ ਹਨ, ਇਸ ਲਈ ਮਕਾਨ ਅਲਾਟ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਬਣਾਏ ਗਏ ਮਕਾਨਾਂ ਦੀ ਸਾਲ-ਵਾਰ ਵੇਰਵਾ ਅਤੇ ਭਾਰਤ ਸਰਕਾਰ ਵੱਲੋਂ ਸਮੇਂ ਸਮੇਂ ਤੇ ਨਿਸ਼ਚਿਤ ਕੀਤੀ ਪ੍ਰਤੀ ਮਕਾਨ ਦੇ ਖਰਚੇ ਦੀ ਦਰ ਬਾਰੇ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

ਇੰਦਰਾ ਅਵਾਸ ਯੋਜਨਾ ਸਕੀਮ ਅਧੀਨ ਬਣਾਏ ਗਏ ਮਕਾਨਾਂ ਦਾ ਸਾਲਵਾਰ ਵੇਰਵਾ ਅਤੇ ਦਰ ਪ੍ਰਤੀ ਮਕਾਨ

| ਲੜੀ | ਸਾਲ | ਬਣਾਏ ਮਕਾਨ | ਭਾਰਤ ਸਰਕਾਰ ਵੱਲੋਂ ਨਿਸ਼ਚਤ ਕੀਤੀ ਦਰ ਪ੍ਰਤੀ ਮਕਾਨ | | | |
|---|---|---|---|---|---|---|
| 1 | 2 | 3 | 4 | | | |
| 1. | 1992-93 | .. 3,359 | ਮੱਦ (4 ੳ) | ਅਗਸਤ 94 ਤੱਕ (4 ਅ) | ਜੁਲਾਈ 96 ਤੱਕ (4 ੲ) | 24-7-96 ਤੋਂ ਹੁਣ ਤੱਕ (4 ਸ) |
| 2. | 1993-94 | .. 2,739 | ਮਕਾਨ | 8,000 | 9,000 } | 17,500 |
| 3. | 1994-95 | .. 3,849 | ਧੂਆਂ ਰਹਿਤ ਚੁੱਲ੍ਹਾ ਅਤੇ ਲੈਟਰਿਨ | 1,400 | 1,500 } | |
| 4. | 1995-96 | .. 4,386 | ਬੁਨਿਆਦੀ ਢਾਂਚਾ | 3,300 | 3,500 | 2,500 |
| 5. | 1996-97 | .. 2,314 (1,323 ਮੁਕੰਮਲ ਅਤੇ 991 ਉਸਾਰੀ ਅਧੀਨ) | | | | |

Original with;
Punjab Vidhan Sabha
Digitized by;
Punjab Digital Library

## UNSTARRED QUESTION AND ANSWER

### ਅੱਤਵਾਦ ਦੁਆਰਾ ਪੀੜਤ ਵਿਅਕਤੀਆਂ ਦਾ ਆਸ਼ਿਤ ਬੱਚਿਆਂ ਲਈ ਰਾਹਤ ਦੀ ਅਦਾਇਗੀ

19. **ਕਾਮਰੇਡ ਹਰਦੇਵ ਅਰਸ਼ੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ :—

(ੳ) ਅਜਿਹੇ ਕੇਸਾਂ ਦਾ ਜਿਲ੍ਹਾਵਾਰ ਵੇਰਵਾ ਸਦਨ ਦੀ ਮੇਜ ਤੇ ਰੱਖਣਗੇ ਜਿਨ੍ਹਾਂ ਵਿੱਚ ਰਾਜ ਵਿੱਚ ਸਾਲ 1981 ਤੋਂ 1993 ਦੇ ਦੌਰਾਨ ਅੱਤਵਾਦੀਆਂ ਹੱਥੋਂ ਦੋਵੇਂ ਪਤੀ ਪਤਨੀ ਮਾਰੇ ਗਏ ਸਨ, ਅਤੇ ਹਰ ਇੱਕ ਕੇਸ ਵਿਚ ਉਨ੍ਹਾਂ ਦੇ ਪਿੱਛੇ ਰਹਿ ਗਏ ਨਾਬਾਲਗ ਬੱਚਿਆਂ ਦੀ ਗਿਣਤੀ ਕਿੰਨੀ-ਕਿੰਨੀ ਹੈ ?

(ਅ) ਦੱਸਣਗੇ ਕਿ ਉਕਤ ਭਾਗ (ੳ) ਵਿੱਚ ਵਰਣਿਤ ਹਰ ਇੱਕ ਕੇਸ ਵਿਚ ਰਾਹਤ ਕਿਸ ਦਰ ਤੇ ਦਿੱਤੀ ਜਾ ਰਹੀ ਹੈ ਅਤੇ ਅਜਿਹੇ ਬੱਚਿਆਂ ਨੂੰ ਕਿਸ ਏਜੰਸੀ ਰਾਹੀਂ ਇਹ ਰਾਹਤ ਦਿੱਤੀ ਜਾ ਰਹੀ ਹੈ ?

(ੲ) ਦੱਸਣਗੇ ਕਿ ਕੀ ਉਕਤ ਭਾਗ (ਅ) ਵਿੱਚ ਵਰਣਿਤ ਕੇਸਾਂ ਵਿਚ ਕੋਈ ਅਦਾਇਗੀ ਕਰਨੀ ਰਹਿੰਦੀ ਹੈ ? ਜੇਕਰ ਅਜਿਹਾ ਹੈ ਤਾਂ ਹਰ ਇੱਕ ਕੇਸ ਵਿਚ ਕਿੰਨੀ ਕਿੰਨੀ ਰਕਮ ਦੀ ਅਦਾਇਗੀ ਕਰਨੀ ਰਹਿੰਦੀ ਹੈ ਅਤੇ ਇਸ ਦੇ ਕੀ ਕਾਰਣ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਲੋੜੀਂਦਾ ਵਿਵਰਣ ਸਦਨ ਦੀ ਮੇਜ਼ ਤੇ ਅਨੁਲੱਗ 1 ਤੇ ਰੱਖਿਆ ਜਾਂਦਾ ਹੈ ।

(ਅ) ਜਿਨ੍ਹਾਂ ਦਰਾਂ ਉਤੇ ਮ੍ਰਿਤਕ ਮਾਪਿਆਂ ਦੇ ਨਿਰਭਰ ਬੱਚਿਆਂ ਨੂੰ ਸਹਾਇਤਾਂ ਦਿੱਤੀ ਜਾ ਰਹੀ ਹੈ, ਅਨੈਕਸਚਰ II ਉਤੇ ਦਿੱਤੀਆਂ ਗਈਆਂ ਹਨ ।
ਮਾਲੀ ਸਹਾਇਤਾ ਦੀ ਅਦਾਇਗੀ ਸਬੰਧਤ ਉਪ ਮੰਡਲ ਅਫਸਰ (ਸਿਵਲ) ਰਾਹੀਂ ਕੀਤੀ ਜਾਂਦੀ ਹੈ ।

(ੲ) ਲੋੜੀਂਦੀ ਸੂਚਨਾਂ ਅਨੈਕਚਰ III ਉਤੇ ਦਿੱਤੀ ਗਈ ਹੈ ।

Original with;
Punjab Vidhan Sabha
Digitized by;
Panjab Digital Library

## ਅਨੁਲੱਗ-I

**ਜ਼ਿਲ੍ਹਾਵਾਰ ਅਜਿਹੇ ਕੇਸਾਂ ਦਾ ਵਿਵਰਣ ਜਿਨ੍ਹਾਂ ਵਿਚ ਦੋਵੇਂ ਪਤੀ ਅਤੇ ਪਤਨੀ ਅੱਤਵਾਦੀਆਂ ਹੱਥੋਂ ਸਾਲ 1981 ਤੋਂ 1993 ਦੌਰਾਨ ਮਾਰੇ ਗਏ ਅਤੇ ਹਰ ਕੇਸ ਵਿਚ ਉਨ੍ਹਾ ਪਿੱਛੇ ਰਹਿ ਗਏ ਨਬਾਲਗ ਬੱਚਿਆਂ ਦੀ ਗਿਣਤੀ**

| ਲੜੀ ਨੰ. | ਜਿਲ੍ਹਾ | ਸਾਲ 1981 ਤੋਂ 1993 ਦੌਰਾਨ ਅੱਤਵਾਦੀਆਂ ਹੱਥੋਂ ਮਾਰੇ ਦੋਵੇਂ ਪਤੀ ਅਤੇ ਪਤਨੀ ਦਾ ਨਾਂ | ਮ੍ਰਿਤਕਾਂ ਦੇ ਪਿੱਛੇ ਰਹਿ ਗਏ ਨਬਾਲਗ ਬੱਚਿਆਂ ਦੀ ਗਿਣਤੀ |
|---|---|---|---|
| 1 | 2 | 3 | 4 |
| | | ਸਰਵ ਸ੍ਰੀ | |
| (1) | ਅੰਮ੍ਰਿਤਸਰ | 1. ਸੁਰਜੀਤ ਸਿੰਘ ਪੁੱਤਰ ਸ੍ਰੀ ਗੁਰਦਿੱਤ ਸਿੰਘ, ਅਤੇ ਸੁਰਜੀਤ ਕੌਰ ਪਤਨੀ ਸੁਰਜੀਤ ਸਿੰਘ ਪਿੰਡ ਸ਼ਹੀਦ ਉਧਮ ਸਿੰਘ ਨਗਰ, ਅੰਮ੍ਰਿਤਸਰ ਹੁਣ ਵਾਸੀ ਪਟਿਆਲਾ । | 2 |
| | | 2. ਬਲਦੇਵ ਸਿੰਘ ਪੁੱਤਰ ਸ੍ਰੀ ਕੁੰਦਨ ਸਿੰਘ ਇੰਦਰਜੀਤ ਕੌਰ ਪਤਨੀ ਸ੍ਰੀ ਬਲਦੇਵ ਸਿੰਘ ਵਾਸੀ ਕਲਾਰਾ, ਤਹਿ. ਅੰਮ੍ਰਿਤਸਰ | 3 |
| | | 3. ਦਲਬੀਰ ਸਿੰਘ ਪੁੱਤਰ ਸ੍ਰੀ ਬਚਨ ਸਿੰਘ, ਬਲਵਿੰਦਰ ਕੌਰ ਪਤਨੀ ਦਲਬੀਰ ਸਿੰਘ, ਵਾਸੀ ਮਕਾਨ ਨੰ. 3064 ਗਲੀ ਨੰ. 13, ਮਹਿਤਾ ਰੋਡ ਅੰਮ੍ਰਿਤਸਰ । | 2 |
| | | 4. ਬਚਿੱਤਰ ਸਿੰਘ ਪੁੱਤਰ ਸ੍ਰੀ ਉਧਮ ਸਿੰਘ, ਪਰਮਜੀਤ ਕੌਰ ਪਤਨੀ ਬਚਿੱਤਰ ਸਿੰਘ, ਪਿੰਡ ਸ਼ਹਿਜਾਦਾ, ਅੰਮ੍ਰਿਤਸਰ । | 2 |
| | | 5. ਚਰਨਜੀਤ ਪੁੱਤਰ ਤਾਰਾ ਚੰਦ, ਨਰੇਸ਼ ਕੁਮਾਰੀ ਪਤਨੀ ਤਾਰਾ ਚੰਦ । | 3 |
| | | 6. ਲਖਵਿੰਦਰ ਸਿੰਘ ਪੁੱਤਰ ਸਰਦੂਲ ਸਿੰਘ ਹਰਵਿੰਦਰ ਕੌਰ ਪਤਨੀ ਲੱਖਵਿੰਦਰ ਸਿੰਘ | 3 |
| | | 7. ਬਰਿਜ ਮੋਹਨ ਪੁੱਤਰ ਪਰਮਾ ਨੰਦ, ਸ਼ਸ਼ੀ ਕਾਂਤਾ ਪਤਨੀ ਬਰਿਜ ਮੋਹਨ | 3 |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| | | ਸਰਵਸ਼੍ਰੀ | |
| | | 8. ਬਲਜਿੰਦਰ ਸਿੰਘ ਪੁੱਤਰ ਮਿਲਖਾ ਸਿੰਘ, ਅਮਰਜੀਤ ਕੌਰ ਪਤਨੀ ਮਿਲਖਾ ਸਿੰਘ | 4 |
| | | 9. ਜੋਗਿੰਦਰ ਸਿੰਘ ਪੁੱਤਰ ਦਾਰਾ ਸਿੰਘ, ਕਸ਼ਮੀਰ ਕੌਰ ਪਤਨੀ ਜੋਗਿੰਦਰ ਸਿੰਘ । | 5 |
| | | 10. ਸੁਬੇਗ ਸਿੰਘ ਪੁੱਤਰ ਊਧਮ ਸਿੰਘ, ਜੋਗਿੰਦਰ ਕੌਰ ਪਤਨੀ ਸੁਬੇਗ ਸਿੰਘ, ਵਾਸੀ ਕਿਲਾ ਖੁਰਦ ਤਹਿ: ਅਜਨਾਲਾ | 2 |
| | | 11. ਬਲਦੇਵ ਸਿੰਘ ਪੁੱਤਰ ਜਗਤਾਰ ਸਿੰਘ, ਸੁਰਜੀਤ ਕੌਰ ਪਤਨੀ ਬਲਦੇਵ ਸਿੰਘ, ਪਿੰਡ ਮੋਹਨ ਭੰਡਾਰੀਅਨ, ਤਹਿ: ਅਜਨਾਲਾ । | 2 |
| | | 12. ਗੋਪਾਲ ਸਿੰਘ ਪੁੱਤਰ ਅਰਜਣ ਸਿੰਘ, ਤੇਜ ਕੌਰ ਪਤਨੀ ਗੋਪਾਲ ਸਿੰਘ, ਪਿੰਡ ਮੁਖਲ, ਤਹਿ: ਬਾਬਾ ਬਕਾਲਾ । | — |
| | | 13. ਜੋਗਿੰਦਰ ਸਿੰਘ ਪੁੱਤਰ ਹਰਨਾਮ ਸਿੰਘ, ਚਰਨ ਕੌਰ ਪਤਨੀ ਜੋਗਿੰਦਰ ਸਿੰਘ, ਪਿੰਡ ਜਸਪਾਲ, ਤਹਿਸੀਲ; ਬਾਬਾ ਬਕਾਲਾ । | — |
| | | 14. ਮਹਿੰਦਰ ਸਿੰਘ ਪੁੱਤਰ ਹਜ਼ਾਰਾ ਸਿੰਘ, ਸਵਿੰਦਰ ਕੌਰ ਪਤਨੀ ਮਹਿੰਦਰ ਸਿੰਘ, ਪਿੰਡ ਰਾਮ ਦੀਵਾਲੀ, ਤਹਿ. ਬਾਬਾ ਬਕਾਲਾ । | — |
| | | 15. ਦਿਆਲ ਸਿੰਘ ਪੁੱਤਰ ਸੋਹਨ ਸਿੰਘ, ਮੀਕਾ ਪਤਨੀ ਦਿਆਲ ਸਿੰਘ, ਪਿੰਡ ਬੱਥੂਚੱਕ, ਤਹਿ: ਬਾਬਾ ਬਕਾਲਾ । | — |
| | | 16. ਹਰਭਜਨ ਸਿੰਘ ਪੁੱਤਰ ਮਸਾ ਸਿੰਘ ਚਰਣ ਕੌਰ ਪਤਨੀ ਹਰਭਜਨ ਸਿੰਘ, ਪਿੰਡ ਢੂਸਕਾ ਤਹਿਸੀਲ ਬਾਬਾ ਬਕਾਲਾ । | — |
| | | 17. ਜੋਗਿੰਦਰ ਸਿੰਘ ਪੁੱਤਰ ਹਜ਼ਾਰਾ ਸਿੰਘ, ਗੋਪਾਲ ਕੌਰ ਪਤਨੀ ਜੋਗਿੰਦਰ ਸਿੰਘ ਪਿੰਡ ਵਡਾਲਾ ਕਲਾਂ ਤਹਿਸੀਲ ਬਾਬਾ ਬਕਾਲਾ । | — |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| | | ਸਰਵਸ਼੍ਰੀ | |
| | 18. | ਮਹਿੰਦਰ ਸਿੰਘ ਪੁੱਤਰ ਸੋਹਣ ਸਿੰਘ, ਦੀਪੋ ਪਤਨੀ ਮਹਿੰਦਰ ਸਿੰਘ ਪਿੰਡ ਮਾਤੇਵਾਲ ਤਹਿ: ਬਾਬਾ ਬਕਾਲਾ । | — |
| | 19. | ਸਵਰਨ ਸਿੰਘ ਪੁੱਤਰ ਊਧਮ ਸਿੰਘ, ਕਰਤਾਰ ਕੌਰ, ਪਤਨੀ ਸਵਰਨ ਸਿੰਘ, ਪਿੰਡ ਬੁਤਰੇ ਸੀਵੀਆਂ, ਤਹਿਸੀਲ ਬਾਬਾ ਬਕਾਲਾ । | — |
| | 20. | ਅਜੀਤ ਸਿੰਘ ਪੁੱਤਰ ਸੌਦਾਗਰ ਸਿੰਘ, ਗੁਰਮੀਤ ਕੌਰ ਪਤਨੀ ਅਜੀਤ ਸਿੰਘ, ਪਿੰਡ ਮਾਤੇਵਾਲ ਤਹਿ: ਬਾਬਾ ਬਕਾਲਾ । | — |
| | 21. | ਗੁਰਬਖਸ਼ ਸਿੰਘ ਪੁੱਤਰ ਮਥਨ ਸਿੰਘ, ਮਹਿੰਦਰ ਕੌਰ ਪਤਨੀ ਗੁਰਬਖਸ਼ ਸਿੰਘ, ਪਿੰਡ ਕਾਲੇਕੇ ਤਹਿਸੀਲ ਬਾਬਾ ਬਕਾਲਾ । | — |
| | 22. | ਤਰਲੋਕ ਸਿੰਘ ਪੁੱਤਰ ਨਾਜ਼ਰ ਸਿੰਘ, ਪਾਲ ਕੌਰ ਪਤਨੀ ਤਰਲੋਕ ਸਿੰਘ, ਪਿੰਡ ਚਾਸਲਵਾਦੀ ਤਹਿਸੀਲ ਬਾਬਾ ਬਕਾਲਾ । | 1 |
| | 23. | ਬੀਰ ਸਿੰਘ ਪੁੱਤਰ ਉਤਮ ਸਿੰਘ, ਪ੍ਰਕਾਸ਼ ਕੌਰ ਪਤਨੀ ਬੀਰ ਸਿੰਘ, ਪਿੰਡ ਚੀਮਾ ਬਾਥ ਤਹਿ: ਬਾਬਾ ਬਕਾਲਾ । | — |
| | 24. | ਦਲੀਪ ਸਿੰਘ ਪੁੱਤਰ ਸੰਤਾ ਸਿੰਘ, ਸੁਰਜੀਤ ਕੌਰ ਪਤਨੀ ਦਲੀਪ ਸਿੰਘ ਪਿੰਡ ਜਾਮਲਪੁਰ ਤਹਿਸੀਲ ਬਾਬਾ ਬਕਾਲਾ । | — |
| | 25. | ਮਹਿੰਦਰ ਸਿੰਘ ਪੁੱਤਰ ਦਲੀਪ ਸਿੰਘ, ਮਨਜੀਤ ਕੌਰ ਪਤਨੀ ਦਲੀਪ ਸਿੰਘ ਪਿੰਡ ਜਾਮਲਪੁਰ ਤਹਿਸੀਲ ਬਾਬਾ ਬਕਾਲਾ । | 4 |
| | 26. | ਸੌਦਾਗਰ ਸਿੰਘ ਪੁੱਤਰ ਤੇਜਾ ਸਿੰਘ, ਪੂਰਨ ਕੌਰ ਪਤਨੀ ਸੌਦਾਗਰ ਸਿੰਘ, ਪਿੰਡ ਜਵੰਦਵਾਲ, ਤਹਿਸੀਲ ਬਾਬਾ ਬਕਾਲਾ । | 2 |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| | | ਸਰਵਸ਼੍ਰੀ | |
| | | 27. ਧਨ ਸਿੰਘ ਪੁੱਤਰ ਰਾਮ ਸਿੰਘ ਪਤਨੀ ਸਾਵਿੰਦਰ ਕੌਰ ਪਤਨੀ ਧਨ ਸਿੰਘ ਪਿੰਡ ਤਾਰਸੀਕਾ | — |
| | | 28. ਨਰੰਜਣ ਸਿੰਘ ਪੁੱਤਰ ਲਛਮਨ ਸਿੰਘ ਸਵਰਨ ਕੌਰ ਪਤਨੀ ਨਰੰਜਨ ਸਿੰਘ ਪਿੰਡ ਤਾਰਸੀਕਾ । | — |
| | | 29. ਹਰਭਜਨ ਸਿੰਘ ਪੁੱਤਰ ਬਹਾਦਰ ਸਿੰਘ ਦਲਬੀਰ ਕੌਰ ਪਤਨੀ ਹਰਭਜਨ ਸਿੰਘ, ਪਿੰਡ ਚਾਨਣਕਾਂ ਤਹਿਸੀਲ ਬਾਬਾ ਬਕਾਲਾ । | 4 |
| | | 30. ਜੋਗਿੰਦਰ ਸਿੰਘ ਅਤੇ ਕੁਲਵੰਤ ਕੌਰ ਪਿੰਡ ਭਾਈ ਲਾਡੂ ਤਹਿਸੀਲ ਪਟੀ । | 2 |
| | | 31. ਕ੍ਰਿਸ਼ਨ ਕੁਮਾਰ ਅਤੇ ਨੀਲਮ ਰਾਣੀ ਪਿੰਡ ਕੋਟ ਬੁਢਾਨਾਂ ਤਹਿਸੀਲ ਪੱਟੀ । | 1 |
| | | 32. ਦਿਆਲ ਸਿੰਘ ਅਤੇ ਸਵਿੰਦਰ ਕੌਰ ਪਿੰਡ ਭਾਈ ਲਾਡੂ ਤਹਿਸੀਲ ਪੱਟੀ । | 3 |
| | | 33. ਬਲਵੰਤ ਸਿੰਘ ਅਤੇ ਪਰਮਜੀਤ ਕੌਰ ਪਿੰਡ ਢਿਲਾ, ਤਹਿਸੀਲ ਪੱਟੀ । | 3 |
| | | 34. ਸੁਰਿੰਦਰ ਸਿੰਘ ਅਤੇ ਅਮਰਜੀਤ ਕੌਰ ਪਿੰਡ ਦੋਸੂਵਾਲ, ਤਹਿਸੀਲ ਪੱਟੀ । | 4 |
| | | 35. ਮਹਿੰਦਰ ਸਿੰਘ ਪੁੱਤਰ ਧਰਮ ਸਿੰਘ, ਅਮਰਜੀਤ ਕੌਰ ਪਤਨੀ ਮਹਿੰਦਰ ਸਿੰਘ । | 2 |
| | | 36. ਸੁਖਦੇਵ ਸਿੰਘ ਪੁੱਤਰ ਮੰਗਲ ਸਿੰਘ, ਮਨਜੀਤ ਕੌਰ ਪਤਨੀ ਸੁਖਦੇਵ ਸਿੰਘ, ਪਿੰਡ ਰਾਤੋਲ, ਤਹਿਸੀਲ ਤਰਨਤਾਰਨ । | 2 |
| | | 37. ਚੰਨਣ ਸਿੰਘ ਪੁੱਤਰ ਬੰਤਾ ਸਿੰਘ, ਜੀਤੋ ਪਤਨੀ ਚੰਨਣ ਸਿੰਘ, ਪਿੰਡ ਕੋਰਾਨ, ਤਹਿਸੀਲ ਤਰਨਤਾਰਨ । | — |

Original with;
Punjab Vidhan Sabha
Digitized by;
Panjab Digital Library

| 1 | 2 | 3 | | 4 |
|---|---|---|---|---|
| | | | ਸਰਵਸ੍ਰੀ | |
| | | 38. | ਗੁਰਦੀਪ ਸਿੰਘ ਪੁੱਤਰ ਸੋਹਨ ਸਿੰਘ, ਸੁਰਜੀਤ ਕੌਰ ਪਤਨੀ ਗੁਰਦੀਪ ਸਿੰਘ ਪਿੰਡ ਸਰਹਾਲੀ ਕਲਾਂ, ਤਹਿ: ਤਰਨਤਾਰਨ । | — |
| | | 39. | ਦਰਸ਼ਨ ਸਿੰਘ ਪੁੱਤਰ ਉਤਮ ਸਿੰਘ, ਬੇਅੰਤ ਕੌਰ ਪਤਨੀ ਦਰਸ਼ਨ ਸਿੰਘ । | — |
| | | 40. | ਰਾਮ ਪ੍ਰਕਾਸ਼ ਪੁੱਤਰ ਉਜਾਗਰ ਮੱਲ, ਰਾਜ ਰਾਣੀ ਪਤਨੀ ਰਾਮ ਪ੍ਰਕਾਸ਼ । | — |
| | | 41. | ਗੋਲਾ ਸਿੰਘ ਪੁੱਤਰ ਕਾਤਾ ਸਿੰਘ, ਕਰਤਾਰ ਕੌਰ ਪਤਨੀ ਗੋਲਾ ਸਿੰਘ, ਪਿੰਡ ਭੋਇਨ, ਤਹਿ: ਖਡੂਰ ਸਹਿਬ । | — |
| | | 42. | ਗਿਆਨ ਸਿੰਘ ਪੁੱਤਰ ਦਰਸ਼ਨ ਸਿੰਘ, ਪੂਰਨ ਕੌਰ ਪਤਨੀ ਗਿਆਨ ਸਿੰਘ, ਪਿੰਡ ਪਹੇਲਾਂ, ਤਹਿਸੀਲ ਖਡੂਰ ਸਾਹਿਬ । | — |
| 2. | ਬਠਿੰਡਾ | 43. | ਪਰੇਮ ਕੁਮਾਰ ਪੁੱਤਰ ਹੰਸ ਰਾਜ, ਕ੍ਰਿਸ਼ਨਾ ਦੇਵੀ ਪਤਨੀ ਪਰੇਮ ਕੁਮਾਰ, ਪਿੰਡ ਬਠਿੰਡਾ, ਤਹਿਸੀਲ ਬਠਿੰਡਾ । | 3 |
| | | 44. | ਮਿਠੂ ਸਿੰਘ ਪੁੱਤਰ ਭਾਗ ਸਿੰਘ ਮੂਰਤੀ ਦੇਵੀ ਪਤਨੀ ਮਿਠੂ ਸਿੰਘ, ਪਿੰਡ ਪੂਸ਼ ਮੰਡਾ, ਬਠਿੰਡਾ । | 3 |
| | | 45. | ਗੁਰਦੀਪ ਸਿੰਘ, ਕਰਤਾਰ ਕੌਰ ਪਤਨੀ ਗੁਰਦੀਪ ਸਿੰਘ ਪਿੰਡ ਬੇਹਮਾਨ ਸਿੰਘ ਵਾਲਾ ਤਹਿਸੀਲ ਤਲਵੰਡੀ ਸਾਬੋ । | 2 |
| | | 46. | ਤੋਤਾ ਸਿੰਘ, ਅਮਰਜੀਤ ਕੌਰ ਪਤਨੀ ਤੋਤਾ ਸਿੰਘ ਪਿੰਡ ਸਿਘੂ ਤਹਿਸੀਲ ਤਲਵੰਡੀ ਸਾਬੋ । | 2 |
| | | 47. | ਸੀਵਜੀ ਸਿੰਘ, ਮਲਕੀਤ ਕੌਰ ਪਤਨੀ ਸੀਵਜੀ ਸਿੰਘ ਪਿੰਡ ਜਗਰਾਮ ਤੀਰਥ । | 3 |

Original with;
Punjab Vidhan Sabha
Digitized by;
Panjab Digital Library

| 1 | 2 | | 3 | 4 |
|---|---|---|---|---|
| | | | ਸਰਵਸ਼੍ਰੀ | |
| 3. | ਫਤਿਹਗੜ੍ਹ-ਸਾਹਿਬ | 48. | ਜੰਗ ਬਹਾਦਰ ਸਿੰਘ ਪੁੱਤਰ ਨਰਾਤਾ ਰਾਮ, ਸ਼੍ਰੀਮਤੀ ਰਾਜਿੰਦਰ ਕੌਰ ਪਤਨੀ ਜੰਗ ਬਹਾਦਰ ਸਿੰਘ, ਪਿੰਡ ਬਡਾਲੀ ਅੱਲਾ ਸਿੰਘ ਤਹਿਸੀਲਫਤਿਹਗੜ੍ਹ ਸਾਹਿਬ । | — |
| 4. | ਫਰੀਦਕੋਟ | | ਨਿਲ | |
| 5. | ਫਿਰੋਜ਼ਪੁਰ | 49. | ਜਰਨੈਲ ਸਿੰਘ ਪੁੱਤਰ ਦਲੀਪ ਸਿੰਘ, ਗੁਰਮੀਤ ਕੌਰ ਪਤਨੀ ਜਰਨੈਲ ਸਿੰਘ, ਵਾਸੀ ਫਤਿਹਪੁਰ ਕੰਨੀਆਂ ਤਹਿਸੀਲ ਜ਼ੀਰਾ । | 2 |
| | | 50. | ਮੋਹਿਲ ਸਿੰਘ ਪੁੱਤਰ ਗੁਰਬਖਸ਼ ਸਿੰਘ, ਸਰਵਿੰਦਰ ਕੌਰ ਪਤਨੀ ਮੋਹਿਲ ਸਿੰਘ, ਵਾਸੀ ਬਹਿਕ ਚੱਕ ਤਹਿਸੀਲ ਜ਼ੀਰਾ । | 1 |
| | | 51. | ਸ਼ਮਿੰਦਰ ਸਿੰਘ ਪੁੱਤਰ ਤੇਜਾ ਸਿੰਘ, ਗੁਰਮੀਤ ਕੌਰ ਪਤਨੀ ਸ਼ਮਿੰਦਰ ਸਿੰਘ, ਪਿੰਡ ਤਲਵੰਡੀ ਮਾਂਗੇ ਖਾਨ, ਤਹਿਸੀਲ ਜ਼ੀਰਾ । | 3 |
| | | 52. | ਮਹਿੰਦਰ ਸਿੰਘ ਪੁੱਤਰ ਸੰਤਾ ਸਿੰਘ, ਸਮਿੱਤਰ ਕੌਰ ਪਤਨੀ ਮਹਿੰਦਰ ਸਿੰਘ, ਪਿੰਡ ਤਲਵੰਡੀ ਮਾਂਗੇ ਖਾਨ, ਤਹਿਸੀਲ ਜ਼ੀਰਾ । | 2 |
| | | 53. | ਪਰਮਜੀਤ ਸਿੰਘ ਪੁੱਤਰ ਮੇਜਰ ਸਿੰਘ, ਕਰਮਜੀਤ ਕੌਰ ਪਤਨੀ ਪਰਮਜੀਤ ਸਿੰਘ, ਪਿੰਡ ਪੰਡੋਰੀ, ਤਹਿਸੀਲ ਜ਼ੀਰਾ । | 2 |
| | | 54. | ਦਰਬਾਰਾ ਸਿੰਘ ਪੁੱਤਰ ਚੰਨਣ ਸਿੰਘ, ਮਹਿੰਦਰ ਕੌਰ ਪਤਨੀ ਦਰਬਾਰਾ ਸਿੰਘ, ਪਿੰਡ ਕਿਲੀ ਗੁਡਾ, ਤਹਿਸੀਲ ਜ਼ੀਰਾ । | 3 |
| | | 55. | ਸੁਖਦੇਵ ਸਿੰਘ ਨਿਹਾਲ ਕੌਰ ਪਤਨੀ ਸੁਖਦੇਵ ਸਿੰਘ, ਪਿੰਡ ਰੱਤਾ ਖੇਡਾ ਤਹਿ: ਜਲਾਲਾਬਾਦ । | 4 |
| | | 56. | ਮਹਿਲ ਸਿੰਘ, ਪੁੱਤਰ ਵਧਾਵਾ ਸਿੰਘ, ਬਲਵਿੰਦਰ ਕੌਰ ਪਤਨੀ ਮਹਿਲ ਸਿੰਘ, ਪਿੰਡ ਖਾਈ ਫੇਮੇਕੇ, ਤਹਿਸੀਲ ਫਿਰੋਜ਼ਪੁਰ । | 9 |
| | | 57. | ਬਲਵੰਤ ਸਿੰਘ ਪੁੱਤਰ ਉਜਾਗਰ ਸਿੰਘ, ਗੁਰਜੀਤ ਕੌਰ ਪਤਨੀ ਬਲਵੰਤ ਸਿੰਘ, ਪਿੰਡਲਾਲੇ ਤਹਿ: ਫਿਰੋਜ਼ਪੁਰ । | 5 |

Original with;
Punjab Vidhan Sabha
Digitized by;
Punjab Digital Library

| 1 | 2 | 3 | 4 |
|---|---|---|---|
| | | ਸਰਵਸ੍ਰੀ | |
| 6. | ਗੁਰਦਾਸਪੁਰ | 58. ਤਾਰਾ ਮਸੀਹ ਪੁੱਤ੍ਰ ਚੰਨ ਮਸੀਹ, ਬਚਨੀ ਪਤਨੀ ਤਾਰਾ ਮਸੀਹ, ਪਿੰਡ ਕਿਟਲੀ ਹਾਜੀ, ਤਹਿਸੀਲ ਬਟਾਲਾ । | ਨਿਲ |
| | | 59. ਸ਼ੰਕਰ ਸਿੰਘ, ਜੁਗਿੰਦਰ ਕੌਰ ਪਤਨੀ ਸ਼ੰਕਰ ਸਿੰਘ, ਪਿੰਡ ਬਡਾਲਾ ਨਾਜਰਾਂ ਤਹਿਸੀਲ ਬਟਾਲਾ । | ਨਿਲ |
| | | 60. ਖਹਿਰਾ ਰਾਮ, ਸੀਤਾ ਦੇਵੀ ਪਤਨੀ ਖਹਿਰਾ ਰਾਮ, ਪਿੰਡ ਤਲਵੰਡੀ ਲਾਲ ਸਿੰਘ । | 2 |
| | | 61. ਦਰਬਾਰਾ ਸਿੰਘ, ਨਸੀਬਣ ਕੌਰ, ਪਤਨੀ ਦਰਬਾਰਾ ਸਿੰਘ, ਪਿੰਡ ਭਾਰਥ । | ਨਿਲ |
| | | 62. ਸੁਲਵਿੰਦਰ ਸਿੰਘ, ਬਲਵਿੰਦਰ ਕੌਰ, ਪਤਨੀ ਸਲਵਿੰਦਰ ਸਿੰਘ, ਪਿੰਡ ਨੰਗਲ ਜੌਹਰ । | ਨਿਲ |
| | | 63. ਜਗੀਰ ਸਿੰਘ, ਲਖਵੀਰ ਕੌਰ ਪਤਨੀ ਜਗੀਰ ਸਿੰਘ, ਵਾਸੀ ਮਨੋਹਰ ਪੁਰਾ । | 3 |
| | | 64. ਹੰਸ ਰਾਜ, ਰਾਮ ਪਿਆਰੀ ਪਤਨੀ ਹੰਸ ਰਾਜ ਪਿੰਡ ਮੱਟ । | ਨਿਲ |
| | | 65. ਦਰਸ਼ਨ ਸਿੰਘ, ਸੁਰਿੰਦਰ ਕੌਰ ਪਤਨੀ ਦਰਸ਼ਨ ਸਿੰਘ, ਪਿੰਡ ਚੌਧਰੀ ਵਾਲਾ । | ਨਿਲ |
| | | 66. ਸਲੱਖਣ ਸਿੰਘ, ਸੁਰਿੰਦਰ ਕੌਰ ਪਤਨੀ ਸਲੱਖਣ ਸਿੰਘ, ਪਿੰਡ ਚੀਮਾ ਖੁਡੀ । | ਨਿਲ |
| | | 67. ਚਰਨ ਸਿੰਘ, ਮੁਹਿੰਦਰ ਕੌਰ ਪਤਨੀ ਚਰਨ ਸਿੰਘ, ਪਿੰਡ ਦੁਲਵਾਲ । | ਨਿਲ |
| | | 68. ਅਮਰ ਨਾਥ, ਛਿੰਦੋ, ਪਤਨੀ ਅਮਰ ਨਾਥ, ਪਿੰਡ ਧੂਨੀਆਂ ਸੰਧੂ । | ਨਿਲ |
| | | 69. ਮੁਖ਼ਤਿਆਰ ਮਸੀਹ, ਸ਼੍ਰੀਮਤੀ ਬਾਸ਼ੀਰਨ ਪਤਨੀ ਮਖਤਿਆਰ ਮਸੀਹ, ਪਿੰਡ ਪੱਡਾ ਰੇਲੀ । | ਨਿਲ |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| | | ਸਰਵਸ਼੍ਰੀ | |
| | | 70. ਚਰਨ ਸਿੰਘ, ਸ਼੍ਰੀਮਤੀ ਬੀਰੋ ਪਤਨੀ ਚਰਨ ਸਿੰਘ, ਪਿੰਡ ਪੂਰੀਆਂ ਕਲਾਂ । | ਨਿਲ |
| | | 71. ਸੰਤਾ ਸਿੰਘ, ਅਵਿਨਾਸ਼ ਕੌਰ ਪਤਨੀ ਸੰਤਾ ਸਿੰਘ, ਸਿੱਧਵਾਂ । | ਨਿਲ |
| | | 72. ਅਜੀਤ ਸਿੰਘ, ਕੁਲਵੰਤ ਕੌਰ ਪਤਨੀ ਅਜੀਤ ਸਿੰਘ । | ਨਿਲ |
| | | 73. ਬਰੂਰ ਸਿੰਘ, ਬਲਵੰਤ ਕੌਰ ਪਤਨੀ ਬਰੂਰ ਸਿੰਘ । | 1 |
| | | 74. ਮਹਿੰਦਰ ਸਿੰਘ, ਹਰਬੰਸ ਕੌਰ ਪਤਨੀ ਮਹਿੰਦਰ ਸਿੰਘ ਪਿੰਡ ਧੂਨ ਅੰਤੋਪੁਰ । | 2 |
| 7. | ਹੁਸ਼ਿਆਰਪੁਰ | 75. ਸੇਵਾ ਸਿੰਘ ਸੋਹਣ ਕੌਰ ਪਤਨੀ ਸੇਵਾ ਸਿੰਘ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ । | ਨਿਲ |
| | | 76. ਰਾਮ ਤਿਰਥ, ਸੰਤੋਸ਼ ਰਾਣੀ ਪਤਨੀ ਰਾਮ ਤਿਰਥ, ਪਿੰਡ ਰੁਹਾਲੀ ਤਹਿ: ਗੜ੍ਹਸ਼ੰਕਰ । | 2 |
| | | 77. ਕਬੂਲ ਸਿੰਘ, ਸੁਰਜੀਤ ਕੌਰ ਪਤਨੀ ਕਬੂਲ ਸਿੰਘ ਪਿੰਡ ਰਹੂਰਾ ਤਹਿਸੀਲ ਦਸੂਆ । | 3 |
| 8. | ਜਲੰਧਰ | 78. ਬਘੇਲ ਸਿੰਘ ਪੁੱਤਰ ਕਰਤਾਰ ਸਿੰਘ, ਜਸਵਿੰਦਰ ਕੌਰ ਪਤਨੀ ਬਘੇਲ ਸਿੰਘ ਪਿੰਡ ਚਾਚੋਵਾਲ । | 1 |
| | | 79. ਅਸ਼ੋਕ ਕੁਮਾਰ ਪੁੱਤਰ ਜੋਗਿੰਦਰ ਕੁਮਾਰ, ਸੁਮਨ ਪਤਨੀ ਅਸ਼ੋਕ ਕੁਮਾਰ, ਪਿੰਡ ਬਸਤੀ ਦਨਿਸ਼ ਮੰਦਨੇ । | 2 |
| | | 80. ਗੁਰਬਕਸ਼ ਸਿੰਘ ਪੁੱਤਰ ਬਹਾਦਰ ਸਿੰਘ, ਗੁਰਮੀਤ ਕੌਰ ਪੱਤਨੀ ਗੁਰਬਕਸ਼ ਸਿੰਘ, ਪਿੰਡ ਨੰਗਲ ਮਨੋਹਰ । | 3 |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| | | ਸਰਵਸ਼੍ਰੀ | |
| | | 81. ਮਹਿੰਦਰ ਸਿੰਘ ਪੁੱਤਰ ਸਾਧੂ ਸਿੰਘ, ਜਗਦੀਸ਼ ਕੌਰ ਪਤਨੀ ਮਹਿੰਦਰ ਸਿੰਘ, ਪਿੰਡ ਕਾਲਾ ਖੇੜਾ, ਕਰਤਾਰਪੁਰ । | 2 |
| | | 82. ਮੋਹਨ ਸਿੰਘ ਪੁੱਤਰ ਜਸਾ ਸਿੰਘ, ਗੁਰਮੀਤ ਕੌਰ ਪਤਨੀ ਮੋਹਨ ਸਿੰਘ, ਪਿੰਡ ਮਾਲੀਆ । | 2 |
| | | 83. ਕਵਾਲ ਸਿੰਘ ਪੁੱਤਰ ਪੂਰਨ ਸਿੰਘ, ਸੁਰਜੀਤ ਕੌਰ ਪਤਨੀ ਕਵਾਲ ਸਿੰਘ, ਪਿੰਡ ਕਿੰਗਰਾ ਚੋਵਾਲਾ । | 2 |
| | | 84. ਕਮਲਜੀਤ ਸਿੰਘ ਪੁੱਤਰ ਸੋਹਨ ਸਿੰਘ, ਕੁਲਵੰਤ ਕੌਰ ਪਤਨੀ ਕਮਲਜੀਤ ਸਿੰਘ, ਪਿੰਡ ਤਾਰਖਾਨ ਮਾਜਰਾ । | 2 |
| 9. | ਕਪੂਰਥਲਾ | 85. ਦਿਆਨ ਦਾਸ, ਸ਼੍ਰੀਮਤੀ ਭਾਰਾਵਨ-ਨਿਲ ਭਾਈ (ਪਤਨੀ) | ਨਿਲ |
| | | 86. ਮੁੱਖਤਿਆਰ ਸਿੰਘ ਪੁੱਤਰ ਅਤਰਾ ਤੇ ਭਾਵੀ ਪਤਨੀ ਮੁੱਖਤਿਆਰ ਸਿੰਘ । | 4 |
| | | 87. ਕੇਹਰ ਚੰਦ ਪੁੱਤਰ ਸੰਤ ਰਾਮ ਪ੍ਰੀਤਮ ਕੌਰ ਪਤਨੀ ਕੇਹਰ ਚੰਦ । | 1 |
| | | 88. ਮਹਿੰਦਰ ਚੰਦ ਪੁੱਤਰ ਭੁਧੂ, ਪ੍ਰੀਤੋ ਪਤਨੀ ਮਹਿੰਦਰ ਚੰਦ । | ਨਿਲ |
| | | 89. ਜਗਤ ਸਿੰਘ ਪੁੱਤਰ ਭਾਗ ਸਿੰਘ, ਕਿਸ਼ਨ ਕੌਰ ਪਤਨੀ ਜਗਤ ਸਿੰਘ । | ਨਿਲ |
| | | 90. ਜੋਗਿੰਦਰ ਪਾਲ ਪੁੱਤਰ ਭੱਗੂ ਰਾਮ, ਰਾਮ ਲਭਾਈ-ਪਤਨੀ ਜੋਗਿੰਦਰ ਪਾਲ । | ਨਿਲ |
| | | 91. ਸਤਵਿੰਦਰ ਸਿੰਘ ਪੁੱਤਰ ਗੁਰਪਾਲ ਸਿੰਘ, ਮਹਿੰਦਰ ਕੌਰ ਪਤਨੀ ਸੁਖਵਿੰਦਰ ਸਿੰਘ । | 1 |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| | | ਸਰਵਸ੍ਰੀ | |
| | | 92. ਨਿਰਮਲ ਸਿੰਘ ਸਰਪੰਚ, ਜਗੀਰ ਕੌਰ ਪਤਨੀ ਨਿਰਮਲ ਸਿੰਘ । | ਨਿਲ |
| | | 93. ਅਮਰ ਨਾਥ, ਕਮਲੇਸ਼ ਰਾਣੀ ਪਤਨੀ ਅਮਰ ਨਾਥ । | 1 |
| | | 94. ਚੰਨਣ ਸਿੰਘ, ਪ੍ਰੀਤਮ ਕੌਰ ਪਤਨੀ ਨਚੰਣ ਸਿੰਘ । | 1 |
| | | 95. ਬਲਵੰਤ ਸਿੰਘ, ਪ੍ਰਕਾਸ਼ ਕੌਰ ਪਤਨੀ ਬਲਵੰਤ ਸਿੰਘ । | 2 |
| 10. | ਲੁਧਿਆਣਾ | 96. ਹਰਪਾਲ ਸਿੰਘ, ਭਜਨ ਕੌਰ ਪਤਨੀ ਹਰਪਾਲ ਸਿੰਘ, ਪਿੰਡ ਰਾਮਗੜ੍ਹ ਭੱਲੇਰ, ਤਹਿਸੀਲ ਜਗਰਾਓਂ । | 6 |
| | | 97. ਜਸਵਿੰਦਰ ਸਿੰਘ, ਕਰਮਜੀਤ ਕੌਰ ਪਤਨੀ ਜਸਵਿੰਦਰ ਸਿੰਘ, ਪਿੰਡ ਅਮਰਗੜ੍ਹ ਕਲੇਰ । ਤਹਿਸੀਲ ਜਗਰਾਓਂ । | 1 |
| | | 98. ਸੁਰਜੀਤ ਸਿੰਘ, ਸੁਰਜੀਤ ਕੌਰ ਪਤਨੀ ਸੁਰਜੀਤ ਸਿੰਘ, ਪਿੰਡ ਸਿਧਵਾਨ ਕਲਾਂ, ਤਹਿ: ਜਗਰਾਓਂ । | ਨਿਲ |
| 11. | ਮਾਨਸਾ | 99. ਸੁਖਦੇਵ ਸਿੰਘ, ਬਲਬੀਰ ਕੌਰ ਪਤਨੀ ਸੁਖਦੇਵ ਸਿੰਘ । | 3 |
| | | 100. ਜਨਕ ਸਿੰਘ, ਗਿਆਨ ਕੌਰ ਪਤਨੀ ਜਨਕ ਸਿੰਘ । | 1 |
| 12. | ਮੋਗਾ | 101. ਹਰਦਿਆਲ ਸਿੰਘ ਪੁੱਤਰ ਨਿੱਥਾ ਸਿੰਘ, ਬਸੰਤ ਕੌਰ ਪਤਨੀ ਹਰਦਿਆਲ ਸਿੰਘ, ਪਿੰਡ ਜੰਡਾਂ ਵਾਲਾ । | 1 |
| | | 102. ਕਰਤਾਰ ਸਿੰਘ ਪੁੱਤਰ ਕਪੂਰ ਸਿੰਘ, ਸੁਰਜੀਤ ਕੌਰ ਪਤਨੀ ਕਰਤਾਰ ਸਿੰਘ, ਪਿੰਡ ਜੈਮਲ ਵਾਲਾ । | 1 |

Original with;
Punjab Vidhan Sabha
Digitized by;
Panjab Digital Library

| 1 | 2 | 3 | | 4 |
|---|---|---|---|---|
| | | | ਸਰਵਸ਼੍ਰੀ | |
| | | 103. | ਓਮ ਪ੍ਰਕਾਸ਼ ਪੁੱਤਰ ਸੂਰਜ ਰਾਮ, ਸ਼ਿੰਦਰੋ ਪਤਨੀ ਓਮ ਪ੍ਰਕਾਸ਼, ਵਾਸੀ ਮੋਗਾ । | 1 |
| | | 104. | ਰੂੜ ਸਿੰਘ ਪੁੱਤਰ ਸੁੱਚਾ ਸਿੰਘ, ਗੁਰਮੀਤ ਕੌਰ ਪਤਨੀ ਰੂੜ ਸਿੰਘ, ਵਾਸੀ ਆਲਮ ਵਾਲਾ । | 3 |
| | | 105. | ਚਮਕੌਰ ਸਿੰਘ ਪੁੱਤਰ ਬਲਵੀਰ ਸਿੰਘ, ਰਾਣੀ ਪਤਨੀ ਚਮਕੌਰ ਸਿੰਘ, ਵਾਸੀ ਬਾਮਨਵਾਲਾ | 1 |
| | | 106. | ਸੰਤ ਲਾਲ ਪੁੱਤਰ ਥੋਰੂ ਰਾਮ, ਕ੍ਰਿਸ਼ਨਾਂ ਰਾਣੀ ਪਤਨੀ ਸੰਤ ਲਾਲ, ਵਾਸੀ ਬਾਘਾ ਪੁਰਾਣਾ । | ਨਿਲ |
| | | 107. | ਕਰਨੈਲ ਸਿੰਘ ਪੁੱਤਰ ਗੁੱਜਰ ਸਿੰਘ, ਅਜਮੇਰ ਕੌਰ ਪਤਨੀ ਕਰਨੈਲ ਸਿੰਘ, ਪਿੰਡ ਕਾਲੀਆਂ ਵਾਲਾ । | ਨਿਲ |
| | | 108. | ਡਿਪਟੀ ਚੰਦ ਪੁੱਤਰ ਨੰਦ ਲਾਲ, ਪ੍ਰੀਤੋ ਪਤਨੀ ਡਿਪਟੀ ਚੰਦ, ਪਿੰਡ ਡਮਰੂ ਕਲਾਂ । | 1 |
| | | 109. | ਅਮਰੀਕ ਸਿੰਘ ਪੁੱਤਰ ਇੰਦਰ ਦਾਸ, ਮਨਜੀਤ ਕੌਰ ਪਤਨੀ ਅਮਰੀਕ ਸਿੰਘ ਪਿੰਡ ਕਾਲੀਆਂ ਵਾਲਾ । | 8 |
| 13. | ਮੁਕਤਸਰ | | ਨਿਲ । | |
| 14. | ਨਵਾਂ ਸ਼ਹਿਰ | 110. | ਹਰਚਰਨ ਸਿੰਘ, ਅਵਤਾਰ ਕੌਰ ਪਤਨੀ ਹਰਚਰਨ ਸਿੰਘ, ਵਾਸੀ ਮਾਹਲੋਂ, ਤਹਿਸੀਲ ਅਤੇ ਜ਼ਿਲ੍ਹਾ ਨਵਾਂ ਸ਼ਹਿਰ । | 1 |
| 15. | ਪਟਿਆਲਾ | 111. | ਗੋਰਾ ਲਾਲ ਪੁੱਤਰ ਪ੍ਰਕਾਸ਼ ਚੰਦ, ਕਾਂਤਾ ਦੇਵੀ ਪਤਨੀ ਗੋਰਾ ਲਾਲ ਵਾਸੀ ਬਦਸ਼ਾਹਪੁਰ । | 2 |
| | | 112. | ਗੁਰਬਚਨ ਸਿੰਘ ਪੁੱਤਰ ਨਿਹਾਲ ਸਿੰਘ, ਲਛਮਣ ਕੌਰ ਪਤਨੀ ਗੁਰਬਚਨ ਸਿੰਘ, ਵਾਸੀ ਅਨਦਾਣਾ । | ਨਿਲ |
| | | 113. | ਹਰਬੰਸ ਸਿੰਘ ਪੁੱਤਰ ਅਮਰ ਸਿੰਘ, ਮਹਿੰਦਰ ਕੌਰ ਪਤਨੀ ਹਰਬੰਸ ਸਿੰਘ ਪਿੰਡ ਗੁਲਾਹਾਰ । | ਨਿਲ |

Original with;
Punjab Vidhan Sabha
Digitized by;
Panjab Digital Library

| 1 | 2 | | 3 | 4 |
|---|---|---|---|---|
| | | | ਸਰਵਸ੍ਰੀ | |
| 16. | ਰੋਪੜ | | ਨਿਲ | |
| 17. | ਸੰਗਰੂਰ | 114. | ਹਾਕਮ ਸਿੰਘ, ਅਮਰਜੀਤ ਕੌਰ ਪਤਨੀ ਹਾਕਮ ਸਿੰਘ, ਪਿੰਡ ਚੰਗ । | 4 |
| | | 115. | ਮੇਹਰ ਸਿੰਘ, ਸਿੰਦਰ ਕੌਰ ਪਤਨੀ ਮੇਹਰ ਸਿੰਘ, ਪਿੰਡ ਚੰਗ । | 3 |
| | | 116. | ਬੂਟਾ ਸਿੰਘ, ਮਨਜੀਤ ਕੌਰ ਪਤਨੀ ਬੂਟਾ ਸਿੰਘ, ਪਿੰਡ ਨਾਈ ਵਾਲਾ । | 4 |
| | | 117. | ਮੇਰਾਸ ਸਿੰਘ, ਅੱਕੀ ਪਤਨੀ ਮੇਰਾਸ ਸਿੰਘ ਪਿੰਡ, ਮਿਮਸਾ । | ਨਿਲ |
| | | 118. | ਬਲਦੇਵ ਕਿਸ਼ਨ, ਵਿੱਦਿਆ ਦੇਵੀ ਪਤਨੀ ਬਲਦੇਵ ਕਿਸ਼ਨ, ਪਿੰਡ ਬੁੰਗਰਾਂ । | ਨਿਲ |
| | | 119. | ਅਮਰ ਨਾਥ, ਕਮਲਜੀਤ ਕੌਰ ਪਤਨੀ ਅਮਰ ਨਾਥ, ਪਿੰਡ ਝਨੂਰੀ ਕਲਾਂ । | 3 |
| | | 120. | ਮਸਤਾਨ ਸਿੰਘ, ਗੁਰਮੀਤ ਕੌਰ ਪਿੰਡ, ਮਲੇਰ ਕੋਟਲਾ । | 3 |
| | | 121. | ਜਰਨੈਲ ਸਿੰਘ, ਮਾਰੋ ਪਤਨੀ ਜਰਨੈਲ ਸਿੰਘ, ਪਿੰਡ ਚੂਹੜ ਕਲਾਂ । | 4 |

*Original with;*
Punjab Vidhan Sabha
*Digitized by;*
Panjab Digital Library

## ਅਨੈਕਸਚਰ-II

**ਅੱਤਵਾਦੀਆਂ ਹੱਥੋਂ ਮਾਰੇ ਗਏ ਦੋਵੇਂ ਪਤੀ ਪਤਨੀ ਦੇ ਬੱਚਿਆਂ ਨੂੰ ਸਹਾਇਤਾ ਦੇਣ ਸਬੰਧੀ ਦਰਾਂ ਦਾ ਵਿਵਰਣ ।**

| ਲੜੀ ਨੰ: | ਸਹਾਇਤਾ ਦੀ ਆਈਟਮ | ਸਹਾਇਤਾ ਦੀ ਰਾਸ਼ੀ |
|---|---|---|
| 1. | ਮਾਰੇ ਗਏ ਮਾਸੂਮ ਨਾਗਰਿਕਾਂ ਦੇ ਵਾਰਸਾਂ ਨੂੰ ਮਾਲੀ ਸਹਾਇਤਾ (ਜਿਨ੍ਹਾਂ ਕੇਸਾਂ ਵਿੱਚ ਬੱਚੇ ਇਕ ਤੋਂ ਜਿਆਦਾ ਹੋਣ ਤਾਂ ਰਾਸ਼ੀ ਬਰਾਬਰ ਵੰਡੀ ਜਾਂਦੀ ਹੈ) | ਰੁ. 1,00,000/- |
| 2. | **ਭੱਤਾ/ਮਾਲੀ ਸਹਾਇਤਾ** | |
| | ਸਕੂਲ ਜਾਂਦੇ ਬੱਚਿਆਂ ਨੂੰ | ਰੁ: 300-ਪ੍ਰਤੀ ਮਹੀਨਾ ਪ੍ਰਤੀ ਬੱਚਾ |
| | ਕਾਲਜ ਜਾਂਦੇ ਬੱਚਿਆਂ ਨੂੰ | ਰੁ: 500/-,, ,, ,, ,, |
| 3. | **ਸ਼ਾਦੀ ਲਈ ਗਰਾਂਟ** | |
| | ਮ੍ਰਿਤਕ ਦੀ ਹਰ ਲੜਕੀ ਦੀ ਸ਼ਾਦੀ ਲਈ | ਰੁ. 25,000/- |
| 4. | **ਗੁਜਾਰਾ ਭੱਤਾ** | |
| | ਯਤੀਮਾਂ ਨੂੰ (ਜਿਨ੍ਹਾਂ ਕੇਸਾਂ ਵਿੱਚ ਬੱਚੇ ਇਕ ਤੋਂ ਵੱਧ ਹੋਣ, ਤਾਂ ਰਾਸ਼ੀ ਬਰਾਬਰ ਵੰਡੀ ਜਾਂਦੀ ਹੈ) | ਰੁ. 1,000/-ਪ੍ਰਤੀ ਮਹੀਨਾ |

Original with;
Punjab Vidhan Sabha
Digitized by;
Panjab Digital Library

## ਅਨੈਕਸਚਰ–III

**1981 ਤੋਂ 1993 ਦੇ ਸਮੇਂ ਦੌਰਾਨ ਮਾਰੇ ਗਏ ਦੋਵੇਂ ਪਤੀ ਪਤਨੀ ਦੀ ਬੱਚਿਆਂ ਨੂੰ ਜਿਨ੍ਹਾਂ ਕੇਸਾਂ ਵਿੱਚ ਅਜੇ ਮਾਲੀ ਸਹਾਇਤਾ ਦੀ ਅਦਾਇਗੀ ਰਹਿੰਦੀ ਹੈ, ਦੀ ਵਿਸਥਾਰ ਪੂਰਵਕ ਰਿਪੋਰਟ ਅਤੇ ਇਸ ਦੇ ਕਾਰਨ**

| ਲੜੀ ਨੰ: | ਅੱਤਵਾਦ ਕੇਸਾਂ ਵਿੱਚ ਮਾਰੇ ਗਏ ਮਾਪਿਆਂ ਦੇ ਨਾਂ ਅਤੇ ਪਤਾ | ਪਿਛਲੇ ਰਹਿ ਗਏ ਬੱਚਿਆਂ ਦੀ ਗਿਣਤੀ | ਰਾਸ਼ੀ ਜੋ ਅਜੇ ਤੱਕ ਅਦਾ ਕੀਤੀ ਜਾਣੀ ਹੈ ਦਾ ਵਿਸਥਾਰ | ਜਿਨ੍ਹਾਂ ਕਾਰਨਾਂ ਕਰਕੇ ਅਜੇ ਅਦਾਇਗੀ ਨਹੀਂ ਹੋ ਸਕੀ |
|---|---|---|---|---|
| 1. | ਸ਼੍ਰੀ ਬਲਵੰਤ ਸਿੰਘ ਪੁੱਤਰ ਉਜਾਗਰ ਸਿੰਘ ਗੁਰਮੇਜ ਕੌਰ ਪਤਨੀ ਬਲਵੰਤ ਸਿੰਘ ਬਸੀ ਜਾਜੀ, ਤਹਿਸੀਲ ਜੀਰਾ | 5 | 1,000/- ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਗੁਜ਼ਾਰਾ ਭੱਤਾ ਅਤੇ 300/- ਅਤੇ 500/- ਪ੍ਰਤੀ ਮਹੀਨਾ ਦੀ ਦਰ ਨਾਲ ਸਕੂਲ ਅਤੇ ਕਾਲਜ ਜਾਂਦੇ ਬੱਚਿਆਂ ਨੂੰ ਭੱਤਾ | ਸਾਰੇ ਬੱਚੇ ਪਿੰਡ ਛੱਡ ਗਏ ਪਤਾ ਨਹੀਂ ਲੱਗ ਸਕਿਆ ਕਿਧਰ ਗਏ । |
| 2. | ਸ਼੍ਰੀ ਰਾਮ ਤੀਰਥ ਅਤੇ ਸ਼੍ਰੀਮਤੀ ਸੰਤੋਸ਼ ਰਾਨੀ ਵਾਸੀ ਪਿੰਡ ਰਹਾਲੀ, ਤਹਿ. ਗੜ੍ਹਸ਼ੰਕਰ | 2 | 1,000/- ਪ੍ਰਤੀ ਮਹੀਨਾ ਦੀ ਦਰ ਨਾਲ ਗੁਜਾਰਾ ਭੱਤਾ ਅਤੇ ਸਕੂਲ/ ਕਾਲਜ ਜਾਂਦੇ ਬੱਚਿਆਂ ਨੂੰ ਸਕੂਲ ਗ੍ਰਾਂਟ | ਮ੍ਰਿਤਕਾਂ ਦੇ ਦੋਵੇਂ ਬੱਚੇ ਅਮਰੀਕਾ ਚਲੇ ਗਏ ਹਨ । |
| 3. | ਸ਼੍ਰੀ ਕਰਤਾਰ ਸਿੰਘ, ਪੁੱਤਰ ਕਪੂਰ ਸਿੰਘ ਸੁਰਜੀਤ ਕੌਰ ਪਤਨੀ ਕਰਤਾਰ ਸਿੰਘ, ਬਸੀ ਵਾਲਾ, ਤਹਿ: ਮੋਗਾ | 1 | ਰੁ: 1,00,000 ਦੀ ਮਾਲੀ ਸਹਾਇਤਾ | ਮਾਲੀ ਸਹਾਇਤਾ ਮੰਨਜ਼ੂਰ ਹੋ ਚੁੱਕੀ ਹੈ ਅਤੇ ਉਪ ਮੰਡਲ ਅਫਸਰ (ਸ) ਨੇ ਪ੍ਰਾਰਥੀ ਨੂੰ ਇਹ ਰਾਸ਼ੀ ਪ੍ਰਾਪਤ ਕਰਨ ਲਈ ਆਪਣੇ ਦਫ਼ਤਰ ਬੁਲਾਇਆ ਹੈ । |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 4. | ਸ਼੍ਰੀ ਚਮਕੌਰ ਸਿੰਘ ਪੁੱਤਰ ਬਲਬੀਰ ਸਿੰਘ ਰਾਨੀ ਪਤਨੀ ਚਮਕੌਰ ਸਿੰਘ ਵਾਸੀ ਥੰਮਣ ਵਾਲਾ, ਤਹਿ: ਮੋਗਾ । | 1 | ਉਹੀ | ਉਹੀ |
| 5. | ਡਿਪਟੀ ਚੰਦ ਪੁੱਤਰ ਨੰਦ ਲਾਲ ਪ੍ਰੀਤੋ ਪਤਨੀ ਡਿਪਟੀ ਚੰਦ ਵਾਸੀ ਡਮਰੂ ਕਲਾਂ ਤਹਿ: ਮੋਗਾ | 1 | ਉਹੀ | ਉਹੀ |
| 6. | ਸ਼੍ਰੀ ਹਰਚਰਨ ਸਿੰਘ, ਸ਼੍ਰੀਮਤੀ ਅਵਤਾਰ ਕੌਰ ਪਤਨੀ ਹਰਚਰਨ ਸਿੰਘ, ਵਾਸੀ, ਮਚਾਲੋ, ਤਹਿ: ਤੇ ਜਿਲ੍ਹਾ ਨਵਾਂ ਸ਼ਹਿਰ | 1 | ਰੂ: 1,60,000 ਦੀ ਮਾਲੀ ਸਹਾਇਤਾ | ਬੱਚਾ ਭਾਰਤ ਛੱਡ ਗਿਆ ਹੈ |
| 7. | ਸ਼੍ਰੀ ਜਰਨੈਲ ਸਿੰਘ, ਸ਼੍ਰੀਮਤੀ ਮਾਰੋ ਪਤਨੀ ਜਰਨੈਲ ਸਿੰਘ ਵਾਸੀ ਚੂਹੜ ਕਲਾਂ, ਸੰਗਰੂਰ | 4 | ਰੂ: 1,00,000 ਦੀ ਮਾਲੀ ਸਹਾਇਤਾ | ਮਾਲੀ ਸਹਾਇਤਾ ਦੀ ਰਾਸ਼ੀ ਮੰਜੂਰ ਹੋ ਚੁੱਕੀ ਹੈ ਅਤੇ ਉਪ ਮੰਡਲ ਅਫਸਰ (ਸ) ਨੇ ਪ੍ਰਾਰਥੀ ਨੂੰ ਇਹ ਰਾਸ਼ੀ ਪ੍ਰਾਪਤ ਕਰਨ ਲਈ ਆਪਣੇ ਦਫਤਰ ਬੁਲਾਇਆ ਹੈ । |
| 8. | ਗੁਰਬਖਸ਼ ਸਿੰਘ ਪੁੱਤਰ ਬਹਾਦਰ ਸਿੰਘ, ਗੁਰਮੀਤ ਕੌਰ ਪਤਨੀ ਗੁਰਬਖਸ਼ ਸਿੰਘ, ਵਾਸੀ ਨੰਗਲ ਮਨੋਹਰ, ਜਲੰਧਰ | 3 | ਸਕੂਲ/ਕਾਲਜ ਜਾਂਦੇ ਬੱਚਿਆਂ ਨੂੰ ਪੜ੍ਹਾਈ ਭੱਤਾ | 2/95 ਤੱਕ ਅਦਾ ਕੀਤਾ ਗਿਆ ਅਤੇ ਉਸ ਤੋਂ ਬਾਦ ਬੱਚੇ ਇਹ ਪ੍ਰਾਪਤ ਕਰਨ ਲਈ ਨਹੀਂ ਆਏ । |



Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| 9. | ਸ਼੍ਰੀ ਸੁਰਿੰਦਰ ਸਿੰਘ ਪੁੱਤਰ ਸਾਧੂ ਸਿੰਘ ਜਗਦੀਸ਼ ਕੌਰ ਪਤਨੀ ਸੁਰਿੰਦਰ ਸਿੰਘ, ਵਾਸੀ ਕਾਲਾ ਖੇੜਾ, ਕਰਤਾਰਪੁਰ, ਜਲੰਧਰ | 2 | ਉਹੀ | 1/96 ਤੱਕ ਅਦਾ ਕੀਤਾ ਗਿਆ ਉਸ ਤੋਂ ਬਾਦ ਬੱਚੇ ਵਾਪਸ ਨਹੀਂ ਆਏ । |
| 10. | ਸ਼੍ਰੀ ਮਹਾਂ ਸਿੰਘ, ਪੁੱਤਰ ਜੱਸਾ ਸਿੰਘ ਗੁਰਜੀਤ ਕੌਰ ਪਤਨੀ ਮਹਾਂ ਸਿੰਘ ਵਾਸੀ ਮਲੀਆਂ, ਜਲੰਧਰ | 2 | ਉਹੀ | ਸਕੂਲ ਸਰਟੀਫਿਕੇਟ ਪੇਸ਼ ਨਹੀਂ ਕੀਤਾ । |
| 11. | ਸ਼੍ਰੀ ਕਾਬਲ ਸਿੰਘ ਪੁੱਤਰ ਪੂਰਨ ਸਿੰਘ ਸੁਰਜੀਤ ਕੌਰ ਪਤਨੀ ਕਾਬਲ ਸਿੰਘ ਵਾਸੀ ਕਿੰਗਰਾ ਚੋਬਲਾ, ਜਲੰਧਰ | 2 | ਉਹੀ | ਉਹੀ |

128 —19-6-97—305—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

51X66/10.1 kg. ਆਫਸੈਟ ਪੇਪਰ

Original with;
Punjab Vidhan Sabha
Digitized by;
Panjab Digital Library

...with;
...Vidhan Sabha
...by;
...b Digital Library

*Original with;*
Punjab Vidhan Sabha
*Digitized by;*
Panjab Digital Library

© 1997

Published under the authority of the Punjab Vidhan Sabha and Printed by the Controller, Printing & Stationery, Pb. at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*20th March, 1997*

Vol. I—No. 10

OFFICIAL REPORT

CONTENTS

*Thursday, the 20th March, 1997*


| | | PAGE |
|---|---|---|
| Starred Questions and Answers | .. | (10) 1 |
| Unstarred Question and Answer | .. | (10)33 |
| Points of Order Re. Punjab Khadi Board, Anganwari Workers and Roads and Reply thereon by the Chief Minister | .. | (10)35 |
| Call Attention Notice Under Rule 66 | . | (10)40 |
| Motion Under Rule 16 | .. | (10)43 |
| Motion Re. Constitution of Elected Committees for the year 1997-98 | .. | (10)44 |
| Papers Laid on the Table | .. | (10)46 |



**Punjab Vidhan Sabha Secretariat, Chandigarh.**

Price : Rs.



Original with;
Punjab Vidhan Sabha
Digitized by;
Panjab Digital Library

PAGE

Motion Re. Suspension of Rule 30(3), Rule 147 and other Relevant Rules of the Rules of Procedure and Conduct of Business in the Punjab Vidhan Sabha (Punjab Legislative Assembly) for placing the Resolution No. 9 at Priority No. 1 .. (10)47

Resolution Re. Recommending to the State Government to approach the Union Government to waive the entire loan amounting to Rs. 8000 crores given to the State in recent years to combat militancy .. (10)55

Resolution Re. Recommending to the State Government to approach the Union Government to take immediate steps to suitably amend the Haryana and Punjab Agricultural University Act, 1970 (Central Act 16 of 1970) .. (10)95

Appendix . (i)

—0—

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Thursday, the 20th March, 1997*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9-00 A. M. Mr. Speaker (Sardar Charnjit Singh Atwal) in the Chair.*

---

## STARRED QUESTIONS AND ANSWERS

### ਪਰਵਾਸੀ ਮਜ਼ਦੂਰਾਂ ਲਈ ਮਕਾਨ ਬਣਾਉਣ ਲਈ ਜ਼ਮੀਨ ਦੀ ਅਲਾਟਮੈਂਟ

*173. **ਸਰਦਾਰ ਸੁਰਜੀਤ ਸਿੰਘ ਕੋਹਲੀ :** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪਟਿਆਲਾ ਸ਼ਹਿਰ ਵਿਚ ਦੂਜੇ ਰਾਜਾਂ ਤੋਂ ਆਏ ਮਜ਼ਦੂਰਾਂ ਲਈ ਮਕਾਨ ਬਣਾਉਣ ਲਈ ਕੋਈ ਜ਼ਮੀਨ ਅਲਾਟ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਜਮੀਨ ਕਦੋਂ ਤੱਕ ਅਲਾਟ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸਰੂਪ ਸਿੰਘ :** ਨਹੀਂ ਜੀ । ਅਜਿਹੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ।

**ਸਰਦਾਰ ਸੁਰਜੀਤ ਸਿੰਘ ਕੋਹਲੀ :** ਸਪਲੀਮੈਂਟਰੀ ਸਰ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਆਰਥਿਕ ਤੌਰ ਤੇ ਗਰੀਬ ਲੋਕ ਅਨੁਸੂਚਿਤ ਜਾਤੀਆਂ ਜਾਂ ਬੈਕਵਰਡ ਕਲਾਸਾਂ ਨਾਲ ਸਬੰਧਤ ਨਹੀਂ ਹਨ, ਅਤੇ ਮਾਈਗਰੇਟ ਹੋ ਕੇ ਬਾਹਰਲੇ ਸੂਬਿਆਂ ਤੋਂ ਪੰਜਾਬ ਵਿੱਚ ਪਿਛਲੇ 30-35 ਸਾਲਾਂ ਤੋਂ ਰਹਿ ਰਹੇ ਹਨ ਅਤੇ ਛੋਟੇ-ਛੋਟੇ ਕਿੱਤੇ ਕਰਕੇ ਆਪਣੇ ਪਰਿਵਾਰ ਦਾ ਪੇਟ ਪਾਲ ਰਹੇ ਹਨ, ਉਨ੍ਹਾਂ ਲਈ ਜ਼ਰੂਰੀ ਹੈ ਕਿ ਉਨ੍ਹਾਂ ਦੇ ਰਹਿਣ ਲਈ ਕੋਈ ਨਾ ਕੋਈ ਪ੍ਰਬੰਧ ਕੀਤਾ ਜਾਵੇ । ਕੀ ਮੰਤਰੀ ਸਾਹਿਬ ਇਹ ਦੱਸਣਗੇ ਕਿ ਜਿੱਥੇ ਇਹ ਲੋਕ ਰਹਿ ਰਹੇ ਹਨ ਕੀ ਉਹ ਉਥੇ ਆਪਣੇ ਪੱਕੇ ਮਕਾਨ ਬਣਾ ਸਕਦੇ ਹਨ ?

**ਮੰਤਰੀ :** ਇਹ ਮੈਨੂੰ ਪਤਾ ਨਹੀਂ ਕਿ ਉਹ ਲੋਕ ਕਿੱਥੇ ਰਹਿ ਰਹੇ ਹਨ । ਇਸ ਸਬੰਧ ਵਿਚ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੱਥੋਂ ਤੱਕ ਸਰਕਾਰ ਦੇ ਮਕਾਨ ਉਸਾਰੀ ਵਿਭਾਗ ਦਾ ਸਬੰਧ ਹੈ, ਪਟਿਆਲਾ ਵਿਖੇ ਜੋ ਪ੍ਰਵਾਸੀ ਮਜ਼ਦੂਰ ਰਹਿ ਰਹੇ ਹਨ, ਭਾਰਤ ਦੇ ਨਾਗਰਿਕ ਹੋਣ ਦੇ ਨਾਤੇ, ਪੁੱਡਾ ਦੇ ਨਿਯਮਾਂ ਅਨੁਸਾਰ, ਪੁੱਡਾ ਦੀਆਂ ਕਈ ਸਕੀਮਾਂ ਵਿੱਚ ਅਪਲਾਈ ਕਰ ਸਕਦੇ ਹਨ ਅਤੇ ਉਨ੍ਹਾਂ ਤੋਂ ਲਾਭ ਉਠਾ ਸਕਦੇ ਹਨ । ਇਸ ਤਰ੍ਹਾਂ ਦੀਆਂ ਸੋਸ਼ਲ ਹਾਊਸ ਸਕੀਮਾਂ ਤਹਿਤ ਜੋ ਮਕਾਨ ਪਟਿਆਲਾ ਵਿਖੇ ਅਲਾਟਮੈਂਟ ਲਈ ਦਿੱਤੇ ਹਨ, ਉਹ ਆਰਥਿਕ ਤੌਰ ਤੇ ਪੱਛੜੇ ਵਰਗਾਂ ਵਾਸਤੇ 282 ਮਕਾਨ ਹਨ । ਉਹ ਲੋਕ ਅਪਲਾਈ ਕਰ ਦੇਣ, ਉਨ੍ਹਾਂ ਨੂੰ ਮਕਾਨ ਦਿੱਤਾ ਜਾ ਸਕਦਾ ਹੈ ।

Original with;
Punjab Vidhan Sabha
Digitized by;
Panjab Digital Library

**ਬਿਜਲੀ ਘਰ ਅੰਮ੍ਰਿਤਸਰ ਦਾ ਕੰਟਰੋਲ ਮਿਉਂਸਪਲ ਕਾਰਪੋਰੇਸ਼ਨ ਨੂੰ ਬਹਾਲ ਕਰਨਾ**

*126. **ਡਾਕਟਰ ਬਲਦੇਵ ਰਾਜ ਚਾਵਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਇਹ ਠੀਕ ਹੈ ਕਿ ਅੰਮ੍ਰਿਤਸਰ ਵਿਚ ਬਿਜਲੀ ਘਰ ਪਹਿਲਾਂ ਮਿਉਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਦੇ ਕੰਟਰੋਲ ਹੇਠ ਸੀ;

(ਅ) ਜੇਕਰ ਉਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਉਕਤ ਬਿਜਲੀ ਘਰ ਕਿਸ ਮਿਤੀ ਨੂੰ ਪੰਜਾਬ ਰਾਜ ਬਿਜਲੀ ਬੋਰਡ ਨੂੰ ਸੌਂਪਿਆ ਗਿਆ ਸੀ ਅਤੇ ਅਜਿਹੀਆਂ ਸ਼ਰਤਾਂ ਦੇ ਵੇਰਵੇ ਕੀ ਕੀ ਹਨ ਜਿਨ੍ਹਾਂ ਦੇ ਆਧਾਰ ਤੇ ਇਸ ਨੂੰ ਸੌਂਪਿਆ ਗਿਆ ਹੈ ।

(ੲ) ਕੀ ਸਰਕਾਰ ਦੀ ਉਕਤ ਬਿਜਲੀ ਘਰ ਦਾ ਕੰਟਰੋਲ ਮਿਉਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਨੂੰ ਬਹਾਲ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਹਾਂ ਜੀ ।

(ਅ) ਮਿਤੀ 1 ਅਪ੍ਰੈਲ, 1995, ਹੇਠ ਲਿਖੀਆਂ ਸ਼ਰਤਾਂ ਅਨੁਸਾਰ :—

(1) ਨਗਰ ਨਿਗਮ, ਅੰਮ੍ਰਿਤਸਰ ਦੇ ਖੇਤਰ ਲਈ ਬਿਜਲੀ ਸਪਲਾਈ ਲਾਇਸੰਸ, ਕਾਰਜ ਅਤੇ ਦੇਣਦਾਰੀਆਂ ਦੇ ਅਧਿਕਾਰ ਪੰਜਾਬ ਰਾਜ ਬਿਜਲੀ ਬੋਰਡ ਨੂੰ ਦੇ ਦਿੱਤੇ ਗਏ ਹਨ ।

(2) ਪੰਜਾਬ ਰਾਜ ਬਿਜਲੀ ਬੋਰਡ, ਨਗਰ ਨਿਗਮ, ਅੰਮ੍ਰਿਤਸਰ ਦੇ ਬਿਜਲੀ ਵਿੰਗ ਦੀਆਂ ਇਮਾਰਤਾਂ ਅਤੇ ਸਾਜ਼ੋ ਸਮਾਨ ਦੀ ਨਿਰਧਾਰਤ ਕੀਮਤ ਨਗਰ ਨਿਗਮ ਨੂੰ ਅਦਾ ਕਰੇਗਾ ।

(ੲ) ਨਹੀਂ ਜੀ ।

**ਡਾਕਟਰ ਬਲਦੇਵ ਰਾਜ ਚਾਵਲਾ** : ਸਪਲੀਮੈਂਟਰੀ ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਪ੍ਰਸ਼ਨ ਭਾਗ 'ਸੀ' ਦਾ ਉੱਤਰ ਨਾਂਹ ਵਿੱਚ ਦਿੱਤਾ ਹੈ । ਅਨੇਕਾਂ ਲੋਕਾਂ ਵੱਲੋਂ ਬਿਜਲੀ ਬੋਰਡ ਦੇ ਖਿਲਾਫ ਸ਼ਿਕਾਇਤਾਂ ਆਈਆਂ ਹਨ । ਅੰਮ੍ਰਿਤਸਰ ਦੇ ਲੋਕ ਬਿਜਲੀ ਬੋਰਡ ਦੇ ਕੰਮ ਨਾਲ ਖੁਸ਼ ਨਹੀਂ ਹਨ । ਇਹ ਬੜਾ ਅਹਿਮ ਮਸਲਾ ਹੈ । ਕੀ ਸਰਕਾਰ ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਬਿਜਲੀ ਘਰ, ਕਾਰਪੋਰੇਸ਼ਨ ਨੂੰ ਸੌਂਪਣ ਦਾ ਵਿਚਾਰ ਰੱਖਦੀ ਹੈ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਕਾਫ਼ੀ ਲੰਮਾ ਅਰਸਾ. 1915 ਤੋਂ ਲੈ ਕੇ 30 ਮਾਰਚ, 1995 ਤੱਕ ਇਹ ਕਾਰਪੋਰੇਸ਼ਨ ਕੋਲ ਰਿਹਾ ਹੈ । ਲੋਕਾਂ ਦੀਆਂ ਇਸ ਸਬੰਧੀ ਕਾਫ਼ੀ ਸ਼ਿਕਾਇਤਾਂ ਆਉਂਦੀਆਂ ਸਨ । ਕਾਰਪੋਰੇਸ਼ਨ ਵਾਲਿਆਂ ਨੇ 45 ਕਰੋੜ ਰੁਪਿਆ ਬਿਜਲੀ

Original with;
Punjab Vidhan Sabha
Digitized by;
Panjab Digital Library

ਬੋਰਡ ਨੂੰ ਦੇਣਾ ਸੀ। ਬਿਜਲੀ ਬੋਰਡ ਨੂੰ ਇਹ ਸੌਂਪਣ ਦਾ ਪਹਿਲਾ ਕਾਰਨ ਤਾਂ ਇਹ ਸੀ ਕਿ ਉਹ ਰੁਪਿਆ ਹਾਲੇ ਤੱਕ ਨਹੀਂ ਦਿੱਤਾ। ਦੂਜਾ ਲੋਕਾਂ ਦੀਆਂ ਸ਼ਿਕਾਇਤਾਂ ਬਹੁਤ ਆਉਂਦੀਆਂ ਸਨ, ਇਸ ਕਰਕੇ ਇਹ ਕਾਰਪੋਰੇਸ਼ਨ ਤੋਂ ਵਾਪਸ ਲੈ ਲਿਆ। ਅਜੇ ਤੱਕ ਸਰਕਾਰ ਦਾ ਕੋਈ ਵਿਚਾਰ ਨਹੀਂ ਕਿ ਵਾਪਸ ਇਹ ਕੰਮ ਕਾਰਪੋਰੇਸ਼ਨ ਦੇ ਸਪੁਰਦ ਕੀਤਾ ਜਾਵੇ।

**Doctor Baldev Raj Chawla**: Sir, Hon'ble Chief Minister has not fully answered the question about the conditions on which the control of the power house was handed over to the Electricity Board ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਦਾ ਜਵਾਬ ਬੜਾ ਕਲੀਅਰ ਦੇ ਦਿੱਤਾ ਹੈ ਅਤੇ 45 ਕਰੋੜ ਰੁਪਏ ਦੀ ਲਾਏਬਿਲਟੀਜ਼ ਸਟੈਂਡ ਕਰਦੀ ਹੈ। ਇਹ ਵਾਪਸ ਅਦਾ ਕਰ ਦੇਣ।

**ਸ੍ਰੀ ਓਮ ਪ੍ਰਕਾਸ਼ ਸੋਨੀ** : ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਦੱਸਿਆ ਹੈ ਕਿ 45 ਕਰੋੜ ਰੁਪਏ ਮਿਉਂਸਿਪਲ ਕਾਰਪੋਰੇਸ਼ਨ ਦੇ ਵੱਲ ਬਿਜਲੀ ਬੋਰਡ ਦੇ ਸਟੈਂਡ ਕਰਦੇ ਹਨ, ਇਹ ਬਿਲਕੁਲ ਗਲਤ ਦੱਸਿਆ ਗਿਆ ਹੈ। ਇਹ ਲੋਕਾਂ ਦਾ ਬੜਾ ਅਹਿਮ ਮਸਲਾ ਹੈ ਅਤੇ ਲੋਕਾਂ ਦੇ ਜਜ਼ਬਾਤ ਇਸ ਨਾਲ ਜੁੜੇ ਹੋਏ ਹਨ। ਜਿਸ ਵਕਤ ਪਿਛਲੀ ਸਰਕਾਰ ਨੇ ਇਸ ਅੰਮ੍ਰਿਤਸਰ ਪਾਵਰ ਹਾਊਸ ਨੂੰ ਰਾਤ ਦੇ 12-00 ਵਜੇ ਟੇਕ ਓਵਰ ਕੀਤਾ ਸੀ। ਉਸ ਵਕਤ ਮੈਂ ਮਿਉਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਦਾ ਮੇਅਰ ਸੀ। ਬਿਜਲੀ ਬੋਰਡ ਨੇ ਰਾਤ ਦੇ 12.00 ਵਜੇ ਇਸ ਪਾਵਰ ਹਾਊਸ ਉਤੇ ਕਬਜ਼ਾ ਕਰ ਲਿਆ ਸੀ ਜਿਸ ਦੇ ਖਿਲਾਫ ਅਸੀਂ ਅੰਮ੍ਰਿਤਸਰ ਸ਼ਹਿਰ ਦੇ ਕਾਊਂਸਲਰਜ਼ ਨੇ ਮਿਲ ਕੇ ਇਕ ਮਤਾ ਇਸ ਟੇਕ ਓਵਰ ਦੇ ਖਿਲਾਫ ਪਾਸ ਵੀ ਕੀਤਾ ਸੀ। ਸਰਕਾਰ ਅੱਗੇ ਪ੍ਰੋਟੈਸਟ ਵੀ ਕੀਤਾ ਸੀ ਪਰ ਪਿਛਲੀ ਸਰਕਾਰ ਨੇ ਸਾਡੀ ਕੋਈ ਸੁਣਵਾਈ ਨਹੀਂ ਕੀਤੀ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਦਬਾ ਦਿੱਤਾ ਗਿਆ ਸੀ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹੈ ਕਿ ਇਸ ਹਾਊਸ ਦੀ ਇਕ ਕਮੇਟੀ ਬਣਾ ਦਿਤੀ ਜਾਵੇ ਜਿਹੜੀ ਇਸ ਸਾਰੀ ਗੱਲ ਨੂੰ ਦੁਬਾਰਾ ਰੀਵਿਊ ਕਰ ਸਕੇ। ਕੀ ਸਰਕਾਰ ਇਸ ਨੂੰ ਦੁਬਾਰਾ ਰੀਵਿਊ ਕਰਾਉਣ ਲਈ ਤਿਆਰ ਹੈ ਤਾਂਕਿ ਲੋਕਾਂ ਦਾ ਭਲਾ ਹੋ ਸਕੇ ਅਤੇ ਉਨ੍ਹਾਂ ਨੂੰ ਆਪਣਾ ਬਣਦਾ ਹੱਕ ਮਿਲ ਸਕੇ। ਇਹ 2 ਅਰਬ ਰੁਪਏ ਦੀ ਪਾਵਰ ਹਾਊਸ ਦੀ ਪ੍ਰਾਪਰਟੀ ਸ਼ਹਿਰ ਦੀ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਗਰ ਲੋਕਾਂ ਦੀ ਇਸ ਨਾਲ ਭਲਾਈ ਹੋ ਸਕਦੀ ਹੈ ਤਾਂ ਅਸੀਂ ਇਸ ਉਤੇ ਜ਼ਰੂਰ ਵਿਚਾਰ ਕਰਾਂਗੇ ਅਤੇ ਮੀਟਿੰਗ ਵੀ ਕਾਲ ਕਰਾਂਗੇ, ਜਿਸ ਵਿਚ ਬਿਜਲੀ ਬੋਰਡ ਦੇ ਨੁਮਾਇੰਦੇ ਅਤੇ ਅੰਮ੍ਰਿਤਸਰ ਸ਼ਹਿਰ ਦੇ ਐਮ ਐਲ. ਏਜ਼ ਨੂੰ ਬੁਲਇਆ ਜਾਵੇਗਾ। ਜਿਸ ਤਰ੍ਹਾਂ ਸੋਨੀ ਸਾਹਿਬ ਨੇ ਫੁਰਮਾਇਆ ਹੈ ਕਿ ਇਸ ਨਾਲ ਲੋਕਾਂ ਦੀ ਭਲਾਈ ਹੋ ਸਕਦੀ ਹੈ, ਮੀਟਿੰਗ ਅਸੀਂ ਜਲਦੀ ਹੀ ਕਾਲ ਕਰਾਂਗੇ।

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 130***

**ਸ੍ਰੀ ਸਪੀਕਰ** : ਨਿਸ਼ਾਨ ਵਾਲੇ ਸਵਾਲ ਨੰਬਰ 130 ਬਾਰੇ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

*For Starred Question No. 130 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

## ਅੰਮ੍ਰਿਤਸਰ ਸ਼ਹਿਰ ਵਿਚ ਪੀਣ ਵਾਲੇ ਪਾਣੀ ਦੀ ਕਿੱਲਤ

*127. **ਡਾਕਟਰ ਬਲਦੇਵ ਰਾਜ ਚਾਵਲਾ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅੰਮ੍ਰਿਤਸਰ ਸ਼ਹਿਰ ਵਿਚ ਪੀਣ ਵਾਲੇ ਪਾਣੀ ਦੀ ਭਾਰੀ ਕਿੱਲਤ ਹੈ; ਜੇਕਰ ਅਜਿਹਾ ਹੋਵੇ ਤਾਂ ਸਥਿਤੀ ਦੇ ਉਪਾਅ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**Shri Balramji Dass Tandon**: There is shortage of drinking water in some areas of Amritsar City. 17 new tubewells are being commissioned in these areas which would remedy the situation to a considerable extent.

**ਡਾਕਟਰ ਬਲਦੇਵ ਰਾਜ ਚਾਵਲਾ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਜਿਹੜੇ 17 ਟਿਊਬਵੈਲਜ਼ ਲਗਾਏ ਜਾਣਗੇ ਕੀ ਇਨ੍ਹਾਂ ਨਾਲ ਸ਼ਹਿਰ ਦੇ ਵਿਚ ਪੀਣ ਦੇ ਪਾਣੀ ਦੀ ਕਮੀ ਦੂਰ ਹੋ ਜਾਵੇਗੀ ? ਕੀ ਸਰਕਾਰ ਪੀਣ ਦੇ ਪਾਣੀ ਦੀ ਕਮੀ ਨੂੰ ਮੱਦੇ ਨਜ਼ਰ ਰੱਖਦੇ ਹੋਏ ਸ਼ਹਿਰ ਵਿਚ ਕੋਈ ਹੋਰ ਵੀ ਪਾਣੀ ਦਾ ਪ੍ਰਬੰਧ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਸਾਰਾ ਕੁਝ ਇਕ ਦਮ ਤਾਂ ਠੀਕ ਨਹੀਂ ਹੋ ਸਕਦਾ ਪਰ ਫਿਰ ਵੀ ਜਿਹੜੇ ਏਰੀਏ ਵਿਚ ਪੀਣ ਦੇ ਪਾਣੀ ਦੀ ਸ਼ਾਰਟੇਜ ਰਹਿੰਦੀ ਹੈ, ਉਥੇ ਇਸ ਨੂੰ ਕਾਫੀ ਹੱਦ ਤੱਕ ਪੂਰਾ ਕੀਤਾ ਜਾਵੇਗਾ । ਇਨ੍ਹਾਂ ਟਿਊਬਵੈਲਜ਼ ਨੂੰ ਲਗਾਉਣ ਦੇ ਨਾਲ, ਲੋਕਾਂ ਦੀਆਂ ਕਾਫੀ ਮੁਸ਼ਕਲਾਂ ਦੂਰ ਹੋਣਗੀਆਂ ।

**ਡਾਕਟਰ ਬਲਦੇਵ ਰਾਜ ਚਾਵਲਾ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਸ ਗੱਲ ਦਾ ਯਕੀਨ ਦਿਵਾਉਣਗੇ ਕਿ ਇਹ ਜਿਹੜੇ 17 ਨਵੇਂ ਟਿਊਬਵੈਲਜ਼ ਲਗਾਏ ਜਾ ਰਹੇ ਹਨ ਇਹ ਗਰਮੀਆਂ ਸ਼ੁਰੂ ਹੋਣ ਤੋਂ ਪਹਿਲਾਂ ਚਾਲੂ ਕਰ ਦਿੱਤੇ ਜਾਣਗੇ ?

**ਮੰਤਰੀ** : ਸਪੀਕਰ ਸਾਹਿਬ, ਪੂਰੀ ਕੋਸ਼ਿਸ਼ ਕਰਕੇ ਇਹ 17 ਟਿਊਬਵੈਲਜ਼ ਨੂੰ 30 ਅਪ੍ਰੈਲ ਤੋਂ ਪਹਿਲੇ ਚਾਲੂ ਕਰਵਾ ਦਿੱਤਾ ਜਾਵੇਗਾ ।

**ਡਾਕਟਰ ਬਲਦੇਵ ਰਾਜ ਚਾਵਲਾ** : ਸਪੀਕਰ ਸਾਹਿਬ, ਅੰਮ੍ਰਿਤਸਰ ਸ਼ਹਿਰ ਦੇ ਵਿਚ ਕੱਟੜਾ ਬੱਗੀਆਂ ਅਤੇ ਮਕਬੂਲਪੁਰਾ ਅਤੇ ਏਕਤਾ ਨਗਰ ਦੇ ਵਿਚ ਪੀਣ ਦੇ ਪਾਣੀ ਦੀ ਬੜੀ ਕਮੀ ਮਹਿਸੂਸ ਕੀਤੀ ਜਾਂਦੀ ਹੈ । ਕੀ ਸਰਕਾਰ ਇਨ੍ਹਾਂ ਬਸਤੀਆਂ ਦੇ ਵਿਚ ਵੀ ਪੀਣ ਦੇ ਪਾਣੀ ਦਾ ਪ੍ਰਬੰਧ ਜਲਦੀ ਕਰੇਗੀ ?

**ਸ੍ਰੀ ਸਪੀਕਰ** : ਮਨਿਸਟਰ ਸਾਹਿਬ ਨੇ ਸਾਰੇ ਸ਼ਹਿਰ ਦਾ ਜਵਾਬ ਦੇ ਦਿੱਤਾ ਹੈ ।

— — —

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 141

ਸ੍ਰੀ ਸਪੀਕਰ :' ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 141 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

**Madan Mohan Mittal,**

Minister,

Food and Supplies Department,
Parliamentary Affairs Punjab, Chandigarh.

D. O. No. 29/3/97-LR-III/Spl.
Chandigarh, dated the 19th March, 1997

Subject: Assembly Question No. 141—Tabled by Sh. Ranjit Singh Balian, MLA.

Respected Shri Atwal ji

Kindly refer to the Principal Secretary Government of Punjab, Department of Local Government's D. O. No. 9908, dated 17th March, 1997. They had transferred this Question to us on 17th March, 1997 only.

2. Starred Vidhan Sabha Question No. 141 has been listed for reply in the Vidhan Sabha on 20th March, 1997. The information concerning this question is being collected from the Deputy Commissioner Sangrur- This is an old case. After the informaton is received from the Deputy Commissioner, Sangrur the reply of the question will be given. It seems that this process will take some time. Therefore, I request your honour to grant extention for at least one week to reply the question in the Vidhan Sabha.

With regards.

Yours sincerely,

Sd/—

**(Madan Mohan Mittal)**

Sardar Charanjit Singh Atwal
Speaker,
Punjab Vidhan Sabha,
Chandigarh.

Original with;
Punjab Vidhan Sabha
Digitized by;
Panjab Digital Library

**ਕਾਟਨ ਸਪਿਨਿੰਗ ਮਿਲਜ਼, ਮਾਨਸਾ ਨੂੰ ਮੁੜ ਚਾਲੂ ਕਰਨਾ**

*147. **ਸਰਦਾਰ ਬਲਦੇਵ ਸਿੰਘ ਖਿਆਲਾ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਇਹ ਠੀਕ ਹੈ ਕਿ ਕਾਟਨ ਸਪਿਨਿੰਗ ਮਿਲਜ਼ ਮਾਨਸਾ, ਜ਼ਿਲ੍ਹਾ ਮਾਨਸਾ ਲੰਮੇ ਸਮੇਂ ਤੋਂ ਬੰਦ ਪਈ ਹੈ ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਣ ਕੀ ਹਨ ?

(ਅ) ਕੀ ਸਰਕਾਰ ਦੀ ਉਕਤ ਮਿੱਲ ਨੂੰ ਦੁਬਾਰਾ ਚਾਲੂ ਕਰਨ ਦੀ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦਿਸ਼ਾ ਵੱਲ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ਅਤੇ ਇਸਨੂੰ ਕਦੋਂ ਤੱਕ ਮੁੜ-ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : (ੳ) ਹਾਂ ਜੀ। ਇਹ ਮਿੱਲ ਸਾਲ 1995 ਤੋਂ ਬੰਦ ਪਈ ਹੈ। ਇਸ ਦੇ ਮੁੱਖ ਕਾਰਣ ਪੰਜਾਬ ਵਿਚ ਮਾੜੇ ਹਾਲਾਤ, ਮਿੱਲ ਦੀ ਸਮੱਰਥਾ ਦੀ ਘੱਟ ਉਪਯੋਗਤਾ, ਮਾਹਰ ਕਾਮਿਆਂ ਦੀ ਘਾਟ ਅਤੇ ਕਾਮਿਆਂ ਵੱਲੋਂ ਪੈਦਾ ਕੀਤੀਆਂ ਮੁਸ਼ਕਲਾਂ ਹਨ।

(ਅ) ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਮਿੱਲ ਨੂੰ ਚਲਾਉਣਾ ਫੰਡਾਂ ਦੀ ਉਪਲਭਤਾ ਤੇ ਨਿਰਭਰ ਹੈ, ਇਸ ਲਈ ਸਮਾਂ ਨਿਸਚਿਤ ਕਰਨਾ ਸੰਭਵ ਨਹੀਂ।

**ਸਰਦਾਰ ਬਲਦੇਵ ਸਿੰਘ ਖਿਆਲਾ** : ਇਹ ਮਿੱਲ ਪਹਿਲਾਂ ਲਗਾਤਾਰ 10 ਸਾਲਾਂ ਤੋਂ ਚਲਦੀ ਰਹੀ ਔਰ ਮਾੜੇ ਹਾਲਾਤ ਵਿਚ ਵੀ ਚਲਦੀ ਰਹੀ ਹੈ। ਹੁਣ ਇਹ ਮਿੱਲ 1995 ਵਿਚ ਬੰਦ ਹੋਈ ਹੈ ਅਤੇ ਮਾੜੇ ਹਾਲਾਤ ਦਾ ਬਹਾਨਾ ਠੀਕ ਨਹੀਂ ਹੈ। ਮਿੱਲ ਬੰਦ ਹੋਣ ਦੇ ਅਸਲ ਕਾਰਨ ਦੱਸੇ ਜਾਣ ?

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀ ਕਪਾਹ ਹੈ, ਉਸ ਦਾ ਮਿੱਲ ਵਾਲੇ ਧਾਗਾ ਬਣਾਕੇ ਵੇਚਦੇ ਹਨ, ਉਸ ਦਾ ਮੁੱਲ ਘੱਟ ਮਿਲਦਾ ਹੈ। ਮਾੜੇ ਹਾਲਾਤ ਵੀ ਸਨ ਅਤੇ ਉਨ੍ਹਾਂ ਦਿਨਾਂ ਵਿਚ ਕਾਮੇ ਮਿੱਲ ਛੱਡਕੇ ਵਾਪਿਸ ਚਲੇ ਗਏ ਸਨ। ਇਹ ਸਾਰੇ ਕਾਰਨ ਹਨ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਜਿਹੜਾ ਜਵਾਬ ਦਿਤਾ ਗਿਆ ਹੈ ਕਿ ਟ੍ਰੇਂਡ ਕਾਮੇ ਨਹੀਂ ਸਨ ਤਾਂ ਫਿਰ ਮਿੱਲ ਪਹਿਲਾਂ 10–12 ਸਾਲ ਕਿਵੇਂ ਚਲਦੀ ਰਹੀ ਹੈ।

**ਸ੍ਰੀ ਸਪੀਕਰ** : ਖਿਆਲਾ ਜੀ, ਇਕ ਸਵਾਲ ਕਰੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, 12 ਸਾਲ ਇਹ ਮਿੱਲ ਪਹਿਲਾਂ ਕਿਵੇਂ ਚਲਦੀ ਰਹੀ ਜਦੋਂ ਟ੍ਰੇਂਡ ਕਾਮੇ ਨਹੀਂ ਸਨ । ਮਿੱਲ ਦੀ ਪਰੋਡੱਕਸ਼ਨ ਕਿਵੇਂ ਹੁੰਦੀ ਰਹੀ ਹੈ ।

**ਮੰਤਰੀ** : ਇਹ ਮਿੱਲ ਘਾਟੇ ਵਿਚ ਚਲਦੀ ਰਹੀ ਅਤੇ ਪਰੋਡੱਕਸ਼ਨ ਵੀ ਘੱਟ ਹੋਈ ਸੀ । ਕਈ ਸਾਲ ਮਾੜੇ ਹਾਲਾਤ ਦਾ ਵੀ ਇਕ ਕਾਰਨ ਹੈ ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਮਿੱਲ ਨੂੰ 9 ਕਰੋੜ ਰੁਪਏ ਦਾ ਘਾਟਾ ਪਿਆ ਹੈ, ਉਹ ਮਿੱਲ ਫਿਰ ਵੀ, 1995 ਤੱਕ ਕਿਸ ਤਰ੍ਹਾਂ ਚਲਦੀ ਰਹੀ ਅਤੇ ਜਿਨ੍ਹਾਂ ਅਫਸਰਾਂ ਨੇ ਮਿਲ ਵਿਚੋਂ ਪੈਸੇ ਖਾਧੇ ਹਨ ਅਤੇ ਮਿੱਲ ਦਾ ਭੱਠਾ ਬਿਠਾ ਦਿਤਾ ਹੈ ਕੀ ਮੰਤਰੀ ਜੀ ਇਸ ਸਬੰਧੀ ਇਨਕੁਆਇਰੀ ਕਰਾਉਣਗੇ ?

**ਮੰਤਰੀ** : ਵਿਚਾਰ ਕਰ ਲਵਾਂਗੇ ।

**ਸਰਦਾਰ ਸੁਖਵਿੰਦਰ ਸਿੰਘ** : ਇਹ ਸਵਾਲ ਕਾਟਨ ਸਪਿਨਿੰਗ ਮਿਲਜ਼ ਮਾਨਸਾ ਦੇ ਬਾਰੇ ਵਿਚ ਹੈ । ਇਸ ਮਿਲ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਪੈਂਡਿੰਗ ਪਈਆਂ ਹਨ । ਕੀ ਸਰਕਾਰ ਉਨ੍ਹਾਂ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਬਾਰੇ ਵਿਚਾਰ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, 1 ਕਰੋੜ ਕੁਝ ਲੱਖ ਰੁਪਿਆ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਬਣਦੇ ਹਨ ਅਤੇ ਇਹ ਸਾਡੇ ਵਿਚਾਰ ਅਧੀਨ ਹੈ । ਜਦੋਂ ਮਿੱਲ ਬੰਦ ਹੋ ਜਾਂਦੀ ਹੈ ਤਾਂ ਅਸੀਂ ਪੈਸੇ ਦੇ ਨਹੀਂ ਸਕਦੇ ਪਰ ਫਿਰ ਵੀ ਇਸ ਤੇ ਵਿਚਾਰ ਕਰ ਲਵਾਂਗੇ ।

**ਸਰਦਾਰ ਸੁਖਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਇਹ ਤਨਖਾਹਾਂ ਦੇ ਦਿਤੀਆਂ ਜਾਣਗੀਆਂ ?

**ਸ਼੍ਰੀ ਸਪੀਕਰ** : ਮੰਤਰੀ ਜੀ ਨੇ ਕਹਿ ਦਿਤਾ ਹੈ ਕਿ ਵਿਚਾਰ ਅਧੀਨ ਹੈ ।

**ਮੰਤਰੀ** : ਵਿਚਾਰ ਕਰ ਲਵਾਂਗੇ ।

———

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 115***

**ਸ਼੍ਰੀ ਸਪੀਕਰ** : ਨਿਸ਼ਾਨ ਵਾਲੇ ਸਵਾਲ ਨੰਬਰ 115 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿਤੀ ਹੈ ।

*For Starred Question No. 115 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

## ਪੀਣ ਵਾਲੇ ਪਾਣੀ ਦੀ ਕਿਲਤ

* 105. **ਮਾਸਟਰ ਮੋਹਨ ਲਾਲ** : ਕੀ ਜਨ ਸਿਹਤ ਅਤੇ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਪਠਾਨਕੋਟ ਨਾਲ ਲਗਦੀ ਸਬ-ਤਹਿਸੀਲ ਧਾਰ ਵਿਚ ਪੀਣ ਵਾਲੇ ਪਾਣੀ ਦੀ ਭਾਰੀ ਕਿੱਲਤ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਸਰਕਾਰ ਦੁਆਰਾ ਮੌਜੂਦਾ ਸਕੀਮ ਦਾ ਨਵਰੂਪਨ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ;

(ੲ) ਕੀ ਸਰਕਾਰ ਦੀ ਸਥਿਤੀ ਦੇ ਉਪਾਅ ਲਈ ਸਬ-ਤਹਿਸੀਲ ਧਾਰ ਵਿਚ ਡੂੰਘੇ ਟਿਊਬਵੈੱਲ ਲਗਾਉਣ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਤਜਵੀਜ਼ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸਭਾਵਨਾ ਹੈ ?

**ਸ੍ਰੀ ਮਦਨ ਮੋਹਨ ਮਿੱਤਲ** : (ੳ) ਹਾਂ ਜੀ ।

(ਅ) ਸਬ-ਤਹਿਸੀਲ ਧਾਰ ਦੀਆਂ 5 ਸਕੀਮਾਂ ਦੀ ਆਗੂਮੈਨਟੇਸ਼ਨ ਪ੍ਰਗਤੀ ਅਧੀਨ ਹੈ ਅਤੇ ਹੋਰ 6 ਸਕੀਮਾਂ ਦੇ ਅਨੁਮਾਨ ਤਿਆਰੀ ਅਧੀਨ ਹਨ ।

(ੲ) ਹਾਂ ਜੀ ; ਪਰੰਤੂ ਇਹ ਫੰਡਜ਼ ਦੀ ਉਪਲਬੱਧਤਾ ਤੇ ਨਿਰਭਰ ਹੈ ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੰਤਰੀ ਜੀ ਨੇ ਮੰਨਿਆ ਹੈ ਕਿ ਸਬ-ਤਹਿਸੀਲ ਧਾਰ ਵਿੱਚ ਪੀਣ ਵਾਲੇ ਪਾਣੀ ਦੀ ਕਿੱਲਤ ਹੈ । ਜਿਹੜੀਆਂ ਸਕੀਮਾਂ ਸਬ-ਤਹਿਸੀਲ ਧਾਰ ਦੀਆਂ ਪ੍ਰਗਤੀ ਅਧੀਨ ਹਨ ਉਨ੍ਹਾਂ ਵਿਚੋਂ ਠੱਪ ਕਿਤਨੀਆਂ ਪਈਆਂ ਹਨ ਅਤੇ ਜਿਹੜੀਆਂ ਠੱਪ ਪਈਆਂ ਹਨ ਉਨ੍ਹਾਂ ਉਤੇ ਲੱਖਾਂ ਰੁਪਏ ਸਰਕਾਰ ਦਾ ਬਰਬਾਦ ਹੋ ਚੁੱਕਾ ਹੈ । ਕੀ ਇਸਦੇ ਬਾਰੇ ਮੰਤਰੀ ਜੀ ਦੱਸਣਗੇ ਕਿ ਇਹ ਸਕੀਮਾਂ ਠੱਪ ਕਿਉਂ ਹੋਈਆਂ ਅਤੇ ਇਸ ਲਈ ਦੋਸ਼ੀ ਕਿਹੜੇ ਅਫਸਰ ਹਨ ?

**ਮੰਤਰੀ** : ਸਪੀਕਰ ਸਾਹਿਬ, ਇਹ ਜੋ ਸਕੀਮਾਂ ਸਨ, ਇਹ ਬਹੁਤ ਪੁਰਾਣੀਆਂ ਸਕੀਮਾਂ ਸਨ, 1963 ਦੀਆਂ ਸਨ । ਉਨ੍ਹਾਂ ਦੀ ਵਾਇਬਿਲਟੀ ਔਰ ਕਪੈਸਿਟੀ ਜਿਹੜੀ ਸੀ ਉਹ ਏਨੀ ਨਹੀਂ ਸੀ ਰਹੀ । ਫਿਰ ਉੱਥੇ ਆਬਾਦੀ ਵੱਧ ਗਈ, ਪਾਪੂਲੇਸ਼ਨ ਵੱਧ ਗਈ ਅਤੇ ਫੰਡਜ਼ ਦੀ ਐਲੋਕੇਸ਼ਨ ਘੱਟ ਰਹਿ ਗਈ ਜਿਸ ਕਰਕੇ ਇਹ ਸਕੀਮਾਂ ਕੰਪਲੀਟ ਨਹੀਂ ਹੋ ਸਕੀਆਂ ਹੁਣ ਅਸੀਂ ਵਰਲਡ ਬੈਂਕ ਕੋਲ ਐਪਰੋਚ ਕੀਤਾ ਹੈ ਅਤੇ ਕੰਮ ਅੰਡਰ ਪ੍ਰਾਸੈਸ ਹੈ । ਜਦੋਂ ਫੰਡਜ਼ ਆ ਜਾਣਗੇ, ਸਪੀਕਰ ਸਾਹਿਬ, ਅਸੀਂ ਤਾਂ ਹੋਰ ਕਈ ਐਡੀਸ਼ਨਲ ਸਕੀਮਾਂ ਵੀ ਬਹੁਤ ਜਲਦੀ ਲਾਗੂ ਕਰਨ ਵਾਲੇ ਹਾਂ, ਮੈਂ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਜਲਦੀ ਤੋਂ ਜਲਦੀ ਜਿਉਂ ਹੀ ਫੰਡਜ਼ ਅਵੇਲੇਬਲ ਹੋਏ, ਪਹਿਲ ਦੇ ਆਧਾਰ ਤੇ ਉਥੇ ਪਾਣੀ ਦਿੱਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਕੀਮ ਚਲ ਰਹੀ ਹੈ, ਉਸਨੂੰ ਲਾਗੂ ਕਰ ਰਹੇ ਹਨ ਪਰ ਉਥੇ ਲੋਕੀ ਐਜ਼ੀਟੇਸ਼ਨ ਵੀ ਕਰ ਰਹੇ ਹਨ ਕਿਉਂਕਿ ਲੋਕੀ ਕਹਿੰਦੇ ਹਨ ਕਿ ਪਾਣੀ ਦਾ ਟੈਂਕ ਇਸ ਜਗ੍ਹਾ ਤੇ ਬਨਣਾ ਚਾਹੀਦਾ ਹੈ ਕਿ ਸਰਕਾਰੀ ਕਰਮਚਾਰੀ ਕਹਿ ਰਹੇ ਹਨ ਕਿ ਪਾਣੀ ਦਾ ਟੈਂਕ ਕਿਸੇ ਹੋਰ ਜਗ੍ਹਾ ਤੇ ਬਨਣਾ ਚਾਹੀਦਾ ਹੈ ਜਿਸ ਕਰਕੇ ਸਕੀਮ ਰੁਕੀ ਪਈ ਹੈ । ਮੇਰੀ ਬੇਨਤੀ ਹੈ ਕਿ ਲੋਕਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਿਆ ਜਾਵੇ ।

**ਸ਼੍ਰੀ ਸਪੀਕਰ** : ਮਾਸਟਰ ਜੀ, ਸਵਾਲ ਪੁੱਛੋ, ਬੇਨਤੀ ਨਹੀਂ ।

**ਮਾਸਟਰ ਮੋਹਨ ਲਾਲ**. ਸਪੀਕਰ ਸਾਹਿਬ, ਮੈਂ ਸਵਾਲ ਹੀ ਪੁੱਛ ਰਿਹਾ ਹਾਂ ਜੀ ਕਿ ਕਿੰਨੀ ਜਲਦੀ, ਜਿਹੜੀ ਸਕੀਮ ਠੱਪ ਪਈ ਹੈ, ਉਸਨੂੰ ਚਾਲੂ ਕਰਕੇ ਉਥੇ ਲੋਕਾਂ ਦੀ ਐਜੀਟੇਸ਼ਨ ਨੂੰ ਸਥਗਿਤ ਕਰਾਕੇ, ਪਾਣੀ ਪਹੁੰਚਾਇਆ ਜਾਵੇਗਾ ?

**ਮੰਤਰੀ**: ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਨਾਂ ਤਾਂ ਦਸਿਆ ਨਹੀਂ ਕਿ ਕਿਹੜੀ ਸਕੀਮ ਤੇ ਐਜੀਟੇਸ਼ਨ ਹੋ ਰਹੀ ਹੈ ।

**ਮਾਸਟਰ ਮੋਹਨ ਲਾਲ**: ਸਪੀਕਰ ਸਾਹਿਬ, ਧਾਰ ਕਲਾਂ ਵਿਚ ਧਰਾੜਾ ਪਿੰਡ ਹੈ । ਇਕ ਹੋਰ ਜਗ੍ਹਾ 'ਹਾੜੇ' ਵਿਚ ਟਿਊਬਵੈਲ ਖੋਦਿਆ ਜਾ ਰਿਹਾ ਹੈ ਪਰ ਉਥੇ ਪਾਣੀ ਆਇਆ ਨਹੀਂ । ਉਥੇ ਵੀ ਲੱਖਾਂ ਰੁਪਿਆ ਬਰਬਾਦ ਹੋ ਗਿਆ ਹੈ । ਦੂਜੀ ਜਗ੍ਹਾ ਤੇ ਪਾਣੀ ਦਾ ਟੈਂਕ ਬਣਾਇਆ ਜਾ ਰਿਹਾ ਹੈ । ਲੋਕੀ ਕਹਿ ਰਹੇ ਹਨ ਕਿ ਇਥੇ ਨਹੀਂ ਬਣਨਾ ਚਾਹੀਦਾ ਅਤੇ ਕਰਮਚਾਰੀ ਕਹਿ ਰਹੇ ਹਨ ਕਿ ਇਥੇ ਹੀ ਬਣਨਾ ਹੈ । ਮੈਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਕੀ ਸਰਕਾਰ ਲੋਕਾਂ ਨੂੰ ਪਾਣੀ ਦੇਣਾ ਵੀ ਚਾਹੁੰਦੀ ਹੈ ਜਾਂ ਨਹੀਂ ? ਪਾਣੀ ਕਿਉਂ ਨਹੀਂ ਦਿੱਤਾ ਜਾ ਰਿਹਾ ।

**ਸ਼੍ਰੀ ਸਪੀਕਰ**: ਪਾਣੀ ਤਾ ਦੇਣਾ ਹੀ ਹੈ । ਤੁਸੀਂ ਸਵਾਲ ਪੁੱਛੋ ।

**ਮਾਸਟਰ ਮੋਹਨ ਲਾਲ**: ਸਪੀਕਰ ਸਾਹਿਬ, ਮੈਂ ਸਵਾਲ ਪੁੱਛ ਰਿਹਾ ਹਾਂ ਕਿ ਇਹ ਸਕੀਮਾਂ ਠੱਪ ਪਈਆਂ ਹਨ । ਜਿਨ੍ਹਾਂ ਅਫਸਰਾਂ ਕਰਕੇ ਇਹ ਠੱਪ ਪਈਆਂ ਹਨ, ਕੀ ਸਰਕਾਰ ਉਨ੍ਹਾਂ ਦੇ ਵਿਰੁੱਧ ਕੋਈ ਕਾਰਵਾਈ ਕਰੇਗੀ ?

**ਮੰਤਰੀ**: ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੂੰ ਐਸ਼ਿਓਰ ਕੀਤਾ ਜਾਦਾ ਹੈ ਅਤੇ ਫਿਰ ਕਹਿੰਦੇ ਹਾਂ ਕਿ ਇਹ ਕੋਈ ਸਪੈਸਿਫਿਕ ਕੇਸ ਦੱਸ ਦੇਣ ਜਿਥੇ ਕਿਸੇ ਨੇ ਸਕੀਮ ਇੰਪਲੀਮੈਂਟ ਕਰਨ ਵਿਚ ਕੋਈ ਗੜਬੜ ਕੀਤੀ ਹੋਵੇ ਜਾਂ ਫੰਡਜ਼ ਦੀ ਐਮਬੈਜ਼ਲਮੈਂਟ ਕੀਤੀ ਹੋਵੇ, ਇਹ ਦੱਸ ਦੇਣ, ਉਥੇ ਜ਼ਰੂਰ ਕਾਰਵਾਈ ਹੋਵੇਗੀ । ਅਗਰ ਕੋਈ ਟਿਊਬਵੈਲ ਬਾਰੇ ਜਾਂ ਟੈਂਕ ਬਾਰੇ ਕਿਸੇ ਕਿਸਮ ਦਾ ਝਗੜਾ ਹੈ ਤਾਂ ਦੱਸ ਦੇਣ । We don't want any agitation. ਉਸਨੂੰ ਰਿਜ਼ੌਲਵ ਕਰਾ ਦੇਂਦੇ ਹਾਂ । ਬਾਕੀ ਪਾਣੀ ਲਈ ਐਜੀਟੇਸ਼ਨ ਹੋਵੇ ਤਾਂ ਬੜੀ ਸ਼ਰਮਨਾਕ ਗੱਲ ਹੈ । ਅਸੀਂ ਆਜ਼ਾਦੀ ਦੀ 50ਵੀਂ ਵਰ੍ਹੇ-ਗੰਢ ਮਨਾ ਰਹੇ ਹਾਂ ਔਰ ਅਗਰ ਕਿਸੇ ਜਗ੍ਹਾ ਪਾਣੀ ਮੁਹੱਈਆ ਨਹੀਂ ਹੋ ਸਕਿਆ ਤਾਂ ਕਿ ਇਹ ਗੱਲ ਠੀਕ ਨਹੀਂ । ਇਹ ਸਰਕਾਰ ਭਰੋਸਾ ਦਿਵਾਉਂਦੀ ਹੈ ਕਿ ਅਸੀਂ ਪੂਰਾ ਪਾਣੀ 5 ਸਾਲਾਂ ਵਿਚ ਮੁਹੱਈਆ ਕਰਾਂਗੇ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸੱਤਿਆ ਪਾਲ ਸੈਣੀ:** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਧਾਰ ਵਿਚ ਜਿਹੜੇ ਆਨਗੋਇੰਗ ਵਰਕਸ ਦੇ ਪੈਸੇ ਐਲੋਕੇਟ ਹੋਏ ਹੋਏ ਸਨ, ਉਹ ਗੁਰਦਾਸਪੁਰ ਨੂੰ ਕਿਉਂ ਕਨਵਰਟ ਕੀਤੇ ਜਾ ਰਹੇ ਹਨ ? ਧਾਰ ਦੇ ਪੈਸੇ ਧਾਰ ਨੂੰ ਹੀ ਦਿੱਤੇ ਜਾਣ । ਮੇਰਾ ਸਵਾਲ ਹੈ ਕਿ ਕੀ ਆਨਗੋਇੰਗ ਵਰਕਸ ਲਈ ਧਾਰ ਦਾ ਪੈਸਾ ਐਡਮਨਿਸਟ੍ਰੇਸ਼ਨ ਦੇ ਲੋਕਾਂ ਵਲੋਂ ਜਿਹੜੇ ਕਿ ਹੈਲਮ ਆਫ ਅਫੇਅਰਜ਼ ਤੇ ਬੈਠੇ ਹਨ ? ਧਾਰ ਲਈ ਪ੍ਰਯੋਗ ਕਰਨ ਦਾ ਅਧਿਕਾਰ ਹੋਵੇਗਾ ਅਤੇ ਧਾਰ ਦਾ ਪੈਸਾ ਗੁਰਦਾਸਪੁਰ ਤੋਂ ਵਾਪਸ ਧਾਰ ਨੂੰ ਦਿਤਾ ਜਾਵੇਗਾ ?

**ਮੰਤਰੀ:** ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਦਾ ਪਹਿਲਾਂ ਵੀ ਪ੍ਰਸ਼ਨ ਸੀ ਉਦੋਂ ਵੀ ਦਸਿਆ ਸੀ ਕਿ ਜੇ ਇਸ ਤਰ੍ਹਾਂ ਕੋਈ ਪੈਸਾ ਕਨਵਰਟ ਹੋ ਰਿਹਾ ਹੈ ਤਾਂ ਇਹ ਮੈਨੂੰ ਦੱਸ ਦੇਣ । ਅਸੀਂ ਐਸੇ ਕੋਈ ਆਰਡਰ ਨਹੀਂ ਕੀਤੇ । ਮੈਂ ਐਸ਼ਿਓਰ ਕਰਦਾ ਹਾਂ ਕਿ ਇਸ ਤਰ੍ਹਾਂ ਕੋਈ ਪੈਸਾ ਕਨਵਰਟ ਨਹੀਂ ਹੁੰਦਾ ।

---

### ਸੜਕ ਨੂੰ 'ਦਲਬੀਰ ਸਿੰਘ ਰਾਣੀਕੇ ਸੜਕ' ਵਜੋਂ ਨਾਂ ਦੇਣਾ

*84. **ਸਰਦਾਰ ਗੁਲਜ਼ਾਰ ਸਿੰਘ ਰਾਣੀਕੇ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਰਾਣੀਕੇ-ਚੋਗਾਵਾਂ ਸੜਕ ਨੂੰ 'ਸ਼ਹੀਦ ਦਲਬੀਰ ਸਿੰਘ ਰਾਣੀਕੇ' ਸੜਕ ਵਜੋਂ ਨਾਂ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਦੋਂ ਤੱਕ ਅਮਲ ਵਿਚ ਲਿਆਂਦੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ:** ਸਰਕਾਰ ਕੋਲ ਕੋਈ ਰਸਮੀ ਤਜਵੀਜ਼ ਤਾਂ ਨਹੀਂ ਆਈ ਪਰ ਸਵਰਗੀ ਸਰਦਾਰ ਦਲਬੀਰ ਸਿੰਘ ਦੀ ਸ਼ਹਾਦਤ ਨੂੰ ਮੁੱਖ ਰੱਖਦਿਆਂ ਸਰਕਾਰ ਨੇ ਰਾਣੀਕੇ-ਚੋਗਾਵਾਂ ਸੜਕ ਦਾ ਨਾਂ 'ਸ਼ਹੀਦ ਦਲਬੀਰ ਸਿੰਘ ਰਾਣੀਕੇ' ਸੜਕ ਰੱਖਣ ਦਾ ਫੈਸਲਾ ਕੀਤਾ ਹੈ ।

**ਸਰਦਾਰ ਗੁਲਜ਼ਾਰ ਸਿੰਘ ਰਾਣੀਕੇ:** ਧੰਨਵਾਦ ਜੀ ।

---

### ਸਰਹੱਦੀ ਇਲਾਕਿਆਂ ਵਿਚ 24 ਘੰਟੇ ਬਿਜਲੀ ਦੀ ਸਪਲਾਈ

* 85. **ਸਰਦਾਰ ਗੁਲਜ਼ਾਰ ਸਿੰਘ ਰਾਣੀਕੇ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰੱਖਿਆ ਸਰਹੱਦੀ ਲਾਈਨ ਦੀ ਕੰਡਿਆਲੀ ਤਾਰ ਦੇ ਨੇੜੇ ਰਹਿੰਦੇ ਲੋਕਾਂ ਨੂੰ 24 ਘੰਟੇ ਬਿਜਲੀ ਦੀ ਸਪਲਾਈ ਯਕੀਨੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ:** ਸ਼੍ਰੀਮਾਨ ਜੀ, ਸਰਹੱਦ ਦੇ ਨਜ਼ਦੀਕ ਰਹਿ ਰਹੇ ਲੋਕਾਂ ਲਈ 24 ਘੰਟੇ ਬਿਜਲੀ ਸਪਲਾਈ ਕਰਨ ਦੀ ਕੋਈ ਵਿਸ਼ੇਸ਼ ਤਜਵੀਜ਼ ਨਹੀਂ ਹੈ । ਪ੍ਰੰਤੂ

Original with;
Punjab Vidhan Sabha
Digitized by;
Panjab Digital Library

ਪੰਜਾਬ ਰਾਜ ਬਿਜਲੀ ਬਰਡ ਦੁਆਰਾ ਇਸ ਮੰਤਵ ਲਈ ਐਲਾਨੀ ਗਈ ਆਮ ਸਕੀਮ ਅਧੀਨ ਪੰਜਾਬ ਰਾਜ ਦੇ ਸਾਰੇ ਪਿੰਡ, 24 ਘੰਟੇ ਬਿਜਲੀ ਸਪਲਾਈ ਕਰ ਸਕਦੇ ਹਨ ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ:** ਧੰਨਵਾਦ, ਸਪੀਕਰ ਸਾਹਿਬ ।

**श्रीमती लक्ष्मी कांता चावला:** अध्यक्ष महोदय, मुख्य मंत्री जी के उत्तर से एक प्रश्न निकला है । पंजाब राज बिजली बोर्ड की योजना अनुसार पंजाब के सारे गांवों को 24 घन्टे बिजली देने की योजना है और यह अच्छी बात है । मैं पूछना चाहती हूं कि क्या शहरों के लिए भी कोई ऐसी योजना है और क्या शहरों को भी 24 घन्टे बिजली मिलेगी ?

मुख्य मंत्री : स्पीकर साहिब, शहरों के लिए तो यह सुविधा पहले से ही है ।

श्रीमती लक्ष्मी कांता चावला: यह बात ठीक नहीं है । आप हाऊस से बाहर रह कर, जहां मैं रहती हूं, वहां रह कर देखें तो आप का पता चल जायेगा ।

मुख्य मंत्री: चावला जी, मैं जहां रहता हूं, अगर आप एक दिन भी वहां रह कर देखें तो आप को फर्क और असलीयत का पता चल जाएगा ।

श्रीमती लक्ष्मी कांता चावला: मैं आने को तैयार हूं । मैं वहां आने को तैयार हूं, तीन दिन के लिए रहने के लिए तैयार हूं बशर्ते कि आप एक दिन अमृतसर उस इलाके में आएं जहां बिजली गई रहती है और जैनरेटरज का शोर सारा दिन सिर खाता रहता है क्योंकि 'घायल की गति घायल ही जाने ।'

**ਸ੍ਰੀ ਸਪੀਕਰ:** ਅਗਲਾ ਸਵਾਲ ।

---

## ਸਰਦੂਲਗੜ੍ਹ ਵਿਚ ਸੇਮ ਦੀ ਸਮੱਸਿਆ

* 131. **ਸਰਦਾਰ ਅਜੀਤ ਇੰਦਰ ਸਿੰਘ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਦੂਲਗੜ੍ਹ, ਜ਼ਿਲ੍ਹਾ ਬਠਿੰਡਾ ਦੇ ਆਲੇ-ਦੁਆਲੇ ਦਾ ਇਲਾਕਾ ਮੁਕੰਮਲ ਤੌਰ ਤੇ ਸੇਮ ਦੀ ਲਪੇਟ ਵਿਚ ਆ ਗਿਆ ਹੈ ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਸੇਮ ਦੀ ਸਮੱਸਿਆ ਤੋਂ ਉਪਜਾਊ ਜ਼ਮੀਨ ਨੂੰ ਬਚਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ:** ਸਰਦੂਲਗੜ੍ਹ ਹੁਣ ਜ਼ਿਲ੍ਹਾ ਮਾਨਸਾ ਵਿੱਚ ਹੈ । ਸਰ-ਦੂਲਗੜ੍ਹ ਦੇ ਆਲੇ-ਦੁਆਲੇ ਦਾ ਲੱਗਭੱਗ 3,750 ਏਕੜ ਰਕਬਾ (1,500 ਹੈਕਟੇਅਰ) ਸੇਮ ਨਾਲ ਪ੍ਰਭਾਵਤ ਹੈ ।

ਇਸ ਸਮੱਸਿਆ ਦਾ ਫੌਰੀ ਤੌਰ ਤੇ ਹੱਲ ਕਰਨ ਲਈ 10 ਨੰਬਰ' ਲਿਫਟ ਡਰੇਨੇਜ਼ ਸਕੀਮਾਂ' (ਪੰਪ ਸੈਟਾਂ ਰਾਹੀਂ ਪਾਣੀ ਦਾ ਨਿਕਾਸ ਕਰਨਾ) ਚਾਲੂ ਕੀਤੀਆਂ ਜਾ ਚੁੱਕੀਆਂ ਹਨ । ਇਸ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਮੱਸਿਆ ਦੇ ਸਥਾਈ ਹੱਲ ਲਈ ਇਸ ਖੇਤਰ ਦੀਆਂ ਨੀਵੀਆਂ ਥਾਵਾਂ ਨੂੰ ਹਰਿਆਣਾ ਪ੍ਰਦੇਸ਼ ਵਿੱਚ ਪੈਂਦੀ 'ਰੋੜੀ-ਘੱਗਰ' ਡਰੇਨ' ਨਾਲ ਜੋੜਨ ਦੀ ਤਜਵੀਜ਼ ਸਬੰਧੀ ਮਾਮਲਾ ਹਰਿਆਣਾ ਸਰਕਾਰ ਨਾਲ ਵਿਚਾਰ ਅਧੀਨ ਹੈ ।

**ਸਰਦਾਰ ਅਜੀਤ ਇੰਦਰ ਸਿੰਘ:** ਸਪੀਕਰ ਸਾਹਿਬ, ਇਹ ਜਿਹੜਾ ਰਕਬਾ ਸੇਮ ਦੇ ਥੱਲੇ ਆਇਆ ਹੋਇਆ ਹੈ, ਉਥੋਂ ਦੇ ਕਈ ਭਰਾਵਾਂ, ਜ਼ਿਮੀਦਾਰਾਂ ਨੂੰ ਕਾਫ਼ੀ ਸਮੇਂ ਤੋਂ ਕੋਈ ਮੁਆਵਜ਼ਾ ਨਹੀਂ ਮਿਲਿਆ । ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਉਨ੍ਹਾਂ ਨੂੰ ਕੋਈ ਮੁਆਵਜ਼ਾ ਦੇਵੇਗੀ ?

**ਮੁੱਖ ਮੰਤਰੀ:** ਇਹ ਕਨਸਿਡਰ ਕੀਤਾ ਜਾਵੇਗਾ ।

**ਸਰਦਾਰ ਅਜੀਤ ਇੰਦਰ ਸਿੰਘ:** ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਜੀ ਉਸ ਏਰੀਏ ਨੂੰ ਬੜੀ ਚੰਗੀ ਤਰ੍ਹਾਂ ਜਾਣਦੇ ਹਨ । ਇਹ ਜਿਹੜਾ ਸੇਮ ਵਾਲਾ ਇਲਾਕਾ ਹੈ, ਇਹ ਸਾਰਾ ਭਾਖੜਾ ਦੀ ਲੈਫਟ ਸਾਈਡ ਤੇ ਹੈ ਅਤੇ ਉਥੇ 12 ਪਿੰਡ ਹਨ । ਉਥੋਂ ਪਾਣੀ ਲਿਫਟ ਕਰਨ ਵਾਲੀਆਂ ਸਿਰਫ 2 ਸਕੀਮਾਂ ਪਿੰਡਾਂ ਵਿੱਚ ਚੱਲ ਰਹੀਆਂ ਹਨ । ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਕੋਸ਼ਿਸ਼ ਕਰ ਰਹੇ ਹਾਂ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਦੂਸਰੇ ਪਿੰਡ ਰਹਿੰਦੇ ਹਨ, ਕੀ ਉਨ੍ਹਾਂ ਨੂੰ ਇਹ ਇਨ੍ਹਾਂ ਸਕੀਮਾਂ ਨਾਲ ਜੋੜਨਗੇ ਜਾਂ ਉਨ੍ਹਾਂ ਵਾਸਤੇ ਸੈਪਰੇਟ ਲਿਫਟ ਸਕੀਮ ਲਾ ਕੇ ਉਨ੍ਹਾਂ ਦਾ ਪਾਣੀ ਭਾਖੜਾ ਕੈਨਾਲ ਵਿਚ ਸੁੱਟਿਆ ਜਾਵੇਗਾ ?

**ਮੁੱਖ ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਦੀ ਸਮੱਸਿਆ ਬਹੁਤ ਗੰਭੀਰ ਹੈ । ਮੈਂ ਤਾਂ ਪੰਜਾਬ ਦੇ ਪਿੰਡ ਘੁੰਮਿਆਂ ਹਾਂ ਅਤੇ ਮੈਨੂੰ ਇਨ੍ਹਾਂ ਦੀ ਸਮੱਸਿਆ ਦਾ ਪਤਾ ਹੈ । ਇਸ ਸਮੱਸਿਆ ਦਾ ਵਧੀਆ ਇਲਾਜ ਤਾਂ ਇਹ ਹੈ ਕਿ ਜਿਹੜੀ ਹਰਿਆਣਾ ਗੌਰਮਿੰਟ ਦੀ ਡਰੇਨ ਜਾਂਦੀ ਹੈ ਰੋੜੀ ਘੱਗਰ ਡਰੇਨ, ਪਾਣੀ ਉਹਦੇ ਵਿਚ ਪਾਇਆ ਜਾਵੇ ਲੇਕਿਨ ਇਹ ਮਸਲਾ ਦੂਸਰੀ ਸਰਕਾਰ ਨਾਲ ਤੁਆਲੁੱਕ ਰੱਖਦਾ ਹੈ । ਫਿਰ ਵੀ ਹਰ ਸੰਭਵ ਯਤਨ ਕੀਤਾ ਜਾਵੇਗਾ ਅਤੇ ਇਨ੍ਹਾਂ ਦੀ ਤਕਲੀਫ ਦੂਰ ਕਰਨ ਵਾਸਤੇ ਜੋ ਵੀ ਕੋਸ਼ਿਸ਼ ਅਸੀਂ ਕਰ ਸਕਦੇ ਹਾਂ, ਜ਼ਰੂਰ ਕਰਾਂਗੇ ।

**ਸਰਦਾਰ ਅਜੀਤ ਇੰਦਰ ਸਿੰਘ:** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਇਹ ਬਹੁਤ ਜ਼ਿਆਦਾ ਇੰਟਰੈਸਟ ਲੈ ਰਹੇ ਹਨ ਅਤੇ ਇਨ੍ਹਾਂ ਨੇ ਕੇਸ ਹਰਿਆਣਾ ਸਰਕਾਰ ਨਾਲ ਟੇਕ-ਅੱਪ ਕੀਤਾ ਹੈ । ਭਾਖੜਾ ਦੀ ਰਾਈਟ ਸਾਈਡ ਤੇ ਇਕ ਪਿੰਡ ਕੋਟੜਾ ਹੈ । ਉਥੇ ਇਕ ਬੰਨ੍ਹ ਲਗਾਇਆ ਹੋਇਆ ਹੈ ਅਤੇ ਉਹ ਵੀ ਡਰੇਨ ਦੇ ਨਾਲ ਨਾਲ ਜਾ ਰਿਹਾ ਹੈ । ਪਾਣੀ ਲਿਫਟ ਹੋ ਕੇ ਫਿਲਹਾਲ 'ਰੋੜੀ ਬ੍ਰਾਂਚ' ਵਿਚ ਜਾ ਰਿਹਾ ਹੈ । ਮੈਂ ਸੀ. ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਬੰਨ੍ਹ ਨੂੰ ਤੁੜਵਾ ਕੇ ਉਨ੍ਹਾਂ ਲੋਕਾਂ ਨੂੰ ਰਾਹਤ ਦਿੱਤੀ ਜਾਵੇਗੀ ? ਉਹ ਸਾਰੇ ਪਿੰਡ ਅਤੇ ਸਾਰਾ ਏਰੀਆ ਬਿਲ-ਕੁਲ ਡੁੱਬਿਆ ਪਿਆ ਹੈ । ਕੀ ਉਹ ਬੰਨ੍ਹ ਤੁੜਵਾਂ ਕੇ ਉਹ ਪਾਣੀ ਵੀ ਨਾਲ ਚਲਾਇਆ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ**. ਸਪੀਕਰ ਸਾਹਿਬ, ਜੋ ਕੁਝ ਵੀ ਸੰਭਵ ਹੋਵੇਗਾ, ਜ਼ਰੂਰ ਕਰਾਂਗੇ ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਜਿਹੜਾ ਉੱਤਰ ਦਿੱਤਾ ਹੈ, ਉਹ ਬਿਲਕੁਲ ਠੀਕ ਦਿੱਤਾ ਹੈ । ਜਿੰਨਾ ਚਿਰ ਹਰਿਆਣਾ ਸਰਕਾਰ ਨਾਲ ਮਸਲਾ ਨਜਿੱਠਿਆ ਨਹੀਂ ਜਾਂਦਾ, ਉਨ੍ਹਾਂ ਚਿਰ ਇਸ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ । ਇਹ ਮਾਮਲਾ ਤਾਂ 2-3 ਸਾਲ ਤੋਂ ਹਰਿਆਣਾ ਸਰਕਾਰ ਨਾਲ ਚੱਲ ਰਿਹਾ ਹੈ ਲੇਕਿਨ ਹਾਲੇ ਤੱਕ ਇਸ ਦਾ ਕੋਈ ਵਾਇਆ-ਮੀਡਿਆ, ਕੋਈ ਸੌਲਿਊਸ਼ਨ ਨਿਕਲਿਆ ਨਹੀਂ ਹੈ । ਕੀ ਮੁੱਖ ਮੰਤਰੀ ਜੀ ਇਨਸ਼ੋਅਰ ਕਰਨਗੇ ਕਿ ਇਸ ਮਸਲੇ ਨੂੰ ਪ੍ਰਾਇਰਟੀ ਬੇਸਿਸ ਤੇ, ਨੰਬਰ ਵੰਨ ਤੇ ਪਹਿਲ ਦੇ ਕੇ ਹੱਲ ਕਰਨ ਦਾ ਯਤਨ ਕੀਤਾ ਜਾਵੇਗਾ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਹਰਿਆਣੇ ਦੇ ਨਾਲ ਬਹੁਤ ਲੰਮੇ ਅਰਸੇ ਤੋਂ ਲੰਮੇ ਮਸਲੇ ਚੱਲ ਰਹੇ ਹਨ । ਉਹ ਇਸ ਤੋਂ ਵੀ ਅਹਿਮ ਹਨ । ਮੈਂ ਅਫ਼ਸਰਾਂ ਨੂੰ ਵੀ ਇਸ ਦਾ ਹੱਲ ਲੱਭਣ ਲਈ ਕਿਹਾ ਹੈ ਪਰ ਅਫ਼ਸਰਾਂ ਦੀ ਮੀਟਿੰਗ ਦੇ ਵਿੱਚ ਇਸ ਦਾ ਹੱਲ ਨਹੀਂ ਲੱਭ ਸਕਿਆ । ਮੈਨੂੰ ਜੇ ਆਪ ਹੀ ਹਰਿਆਣਾ ਦੇ ਮੁੱਖ ਮੰਤਰੀ ਕੋਲ ਜਾਣਾ ਪਿਆ ਤਾਂ ਮੈਂ ਜ਼ਰੂਰ ਜਾਵਾਂਗਾ । ਜੇ ਉਹ ਮੰਨ ਗਏ ਤਾਂ ਇਸ ਦਾ ਹੱਲ ਨਿਕਲ ਜਾਵੇਗਾ, ਲੇਕਿਨ ਇਹ ਉਹਨਾਂ ਤੇ ਨਿਰਭਰ ਕਰਦਾ ਹੈ । ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਆਪਣਾ ਮਨ ਬਣਾਇਆ ਹੋਇਆ ਕਿ ਮੈਂ ਉਹਨ੍ਹਾਂ ਨੂੰ ਆਪ ਟੈਲੀਫੂਨ ਤੇ ਬੇਨਤੀ ਕਰਾਂਗਾ ਔਰ ਜੇਕਰ ਜਾਣਾ ਹੀ ਪਿਆ ਤਾਂ ਮੈਂ ਆਪ ਵੀ ਜਾਵਾਂਗਾ । ਪਬਲਿਕ ਦੇ ਇਨਟਰੇਸਟ ਵਾਸਤੇ ਮੈਨੂੰ ਜੋ ਵੀ ਕਰਨਾ ਪਵੇ ਉਹ ਮੈਂ ਜ਼ਰੂਰ ਕਰਾਂਗਾ ।

---

### ਗੋਲੀਆਂ (ਗਲੋਬਿਊਲਜ਼) ਦੀ ਖਰੀਦ

* 152. **ਸਰਦਾਰ ਮੱਖਣ ਸਿੰਘ**: ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ: —

(ੳ) 1 ਜਨਵਰੀ, 1995 ਤੋਂ 31 ਦਸੰਬਰ, 1996 ਤੱਕ ਦੇ ਸਮੇਂ ਦੌਰਾਨ ਗਲੋਬਿਊਲਜ਼ ਦੀ ਖ਼ਰੀਦ ਲਈ ਹੋਮਿਓਪੈਥੀ ਵਿਭਾਗ ਦੁਆਰਾ ਕਿੰਨੀ ਰਕਮ ਖ਼ਰਚ ਕੀਤੀ ਗਈ ;

(ਅ) ਕੀ ਵਿਭਾਗ ਦੁਆਰਾ ਗਲੋਬਿਊਲਜ਼ ਦੇ ਸੈਂਪਲਾਂ ਦੀ ਜਾਂਚ ਕਰਾਈ ਗਈ ਸੀ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਨਤੀਜੇ ਨਿਕਲੇ ?

**Shri Balramji Dass Tandon**: (a) Rs. 36,000 were spent during the period.

(b) As it was local purchase by dispensaries question of testing does not arise.

Original with;
Punjab Vidhan Sabha
Digitized by;
Panjab Digital Library

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਿਚਾਰ ਅਧੀਨ ਸਮੇਂ ਵਿਚ ਹੋਮਿਓਪੈਥੀ ਇਲਾਜ ਵਿਧੀ ਲਈ ਉੱਤਰ ਵਿਚ ਦਰਜ ਰਕਮ ਕਾਫੀ ਸੀ ?

**ਮੰਤਰੀ** : ਸਪੀਕਰ ਸਾਹਿਬ, ਰਕਮ ਕਾਫੀ ਤੇ ਨਹੀਂ ਸੀ । 36 ਹਜ਼ਾਰ ਰੁਪਿਆ ਮੈਂ ਸਮਝਦਾ ਹਾਂ ਕਿ ਇਹ ਪਿਛਲੀ ਸਰਕਾਰ ਨੇ ਪ੍ਰੋਵਾਈਡ ਕੀਤਾ ਸੀ, ਇਹ ਬਹੁਤ ਘੱਟ ਹੈ । ਹੁਣ ਤੇ ਅਸੀਂ ਅੱਗੇ ਵਾਸਤੇ ਹੀ ਸੋਚ ਸਕਦੇ ਹਾਂ । ਸਪੀਕਰ ਸਾਹਿਬ, ਇਹਨਾਂ ਨੇ ਸਵਾਲ ਦੇ ਵਿਚ ਪਿਛਲੇ ਸਾਲ ਬਾਰੇ ਪੁੱਛਿਆ ਹੈ । ਮੈਂ ਆਪ ਵੀ ਹੈਰਾਨ ਹਾਂ ਕਿ ਇਨੇ ਥੋੜ੍ਹੇ ਪੈਸਿਆਂ ਦੇ ਨਾਲ ਜਿਹੜੇ ਇਹਨਾਂ ਨੇ ਡਿਸਪੈਂਸਰੀਆਂ ਵਾਸਤੇ ਐਲੋਕੇਟ ਕੀਤੇ How can they do their duty. ਉਹ ਇਸ ਦੇ ਨਾਲ ਕਿਵੇਂ ਕੰਮ ਕਰ ਸਕਦੇ ਹਨ ।

**ਸ੍ਰੀ ਸਪੀਕਰ** : ਉਹ ਵਰਕ ਹੀ ਨਹੀਂ ਕਰ ਸਕਣਗੇ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੋਮਿਓਪੈਥੀ ਇਲਾਜ ਵਿਧੀ ਲਈ ਗੋਲੀਆਂ ਦੀ ਖਰੀਦ ਲੋਕਲ ਪੱਧਰ ਤੇ ਹੀ ਕਿਉਂ ਕੀਤੀ ਜਾਂਦੀ ਹੈ ?

**ਮੰਤਰੀ** : ਸਪੀਕਰ ਸਾਹਿਬ, ਕੀਤੀ ਨਹੀਂ ਜਾਂਦੀ ਹੈ ਲੇਕਿਨ ਪਤਾ ਨਹੀਂ ਕਿਉਂ ਉਸ ਵੇਲੇ ਦੀ ਹਕੂਮਤ ਨੇ ਉਸ ਵੇਲੇ ਇਕ ਵਾਰ ਟੈਂਡਰ ਮੰਗ ਸਨ ਲੇਕਿਨ ਜਿਹੜਾ ਟੈਂਡਰ ਹੈ ਉਹ ਪਰਾਪਰ ਨਹੀਂ ਆਇਆ ਔਰ ਉਹ ਵੀ ਸਾਲ ਦੇ ਆਖਿਰ ਵਿਚ ਆਇਆ । ਉਸ ਵਾਸਤੇ ਕਿਉਂਕਿ ਬਾਕੀ ਜਗ੍ਹਾ ਉਤੇ ਸਪਲਾਈ ਦੀ ਘਾਟ ਸੀ ਔਰ ਇਲਾਜ ਹੋ ਨਹੀਂ ਸਕਦਾ ਸੀ ਇਸ ਕਰਕੇ ਉਹਨਾਂ ਨੇ ਜਲਦੀ ਵਿਚ ਡਿਸਟ੍ਰਿਕਟ ਡਿਸਪੈਂਸਰੀਜ਼ ਨੂੰ ਕਿਹਾ ਕਿ ਤੁਸੀਂ ਲੋਕਲ ਪਰਚੇਜ਼ ਕਰ ਲਓ ।

**ਸਰਦਾਰ ਮੱਖਣ ਸਿੰਘ** : ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਲੋਕਲ ਪੱਧਰ ਤੇ ਕੀਤੀ ਗਈ ਖਰੀਦ ਦੇ ਟੈਸਟ ਕਰਾਉਣ ਵਿਚ ਕੀ ਦਿੱਕਤ ਆਉਂਦੀ ਹੈ ?

**ਮੰਤਰੀ** : ਸਪੀਕਰ ਸਾਹਿਬ, ਟੈਸਟ ਤਾਂ ਹੋ ਸਕਦਾ ਹੈ ਲੇਕਿਨ ਉਸ ਵੇਲੇ ਦੀ ਸਰਕਾਰ ਨੇ ਸ਼ਾਇਦ ਕਰਵਾਉਣਾ ਮੁਨਾਸਿਬ ਨਹੀਂ ਸਮਝਿਆ ।

---

### ਬਾਰਾਂਦਰੀ ਬਾਗ ਨੂੰ ਸੁੰਦਰ ਬਣਾਉਣਾ

*172. **ਸਰਦਾਰ ਸੁਰਜੀਤ ਸਿੰਘ ਕੋਹਲੀ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪਟਿਆਲਾ ਸ਼ਹਿਰ ਵਿਚ ਬਾਰਾਂਦਰੀ ਬਾਗ ਨੂੰ ਸੁੰਦਰ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ ਅਤੇ ਇਸ ਕੰਮ ਦੇ ਕਦੋਂ ਤੱਕ ਮੁਕੰਮਲ ਕਰ ਲਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਦੇਵ ਸਿੰਘ ਬਾਦਲ** : ਨਹੀਂ ਜੀ । ਫਿਰ ਬਾਰਾਂਦਰੀ ਬਾਗ ਪਟਿਆਲਾ ਵਿਚ ਫੁੱਲਦਾਰ ਅਤੇ ਛਾਂ ਵਾਲੇ ਦਰਖਤਾਂ ਵਿਚ ਵਾਧਾ ਕੀਤਾ ਜਾਵੇਗਾ । ਇਸ ਸਾਲ

Original with;
Punjab Vidhan Sabha
Digitized by;
Panjab Digital Library

ਫੁੱਲਾਂ ਦੀਆਂ ਕਿਆਰੀਆਂ 254 ਹਨ ਅਤੇ ਉਹ ਅਗਲੇ ਸਾਲ ਵਧਾ ਕੇ 300 ਕਿਆਰੀਆਂ ਕਰ ਦਿੱਤੀਆਂ ਜਾਣਗੀਆਂ ।

**ਸਰਦਾਰ ਸੁਰਜੀਤ ਸਿੰਘ ਕੋਹਲੀ** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਵਿਭਾਗ ਨੇ ਜੋ ਮੰਤਰੀ ਜੀ ਨੂੰ ਜਾਣਕਾਰੀ ਦਿੱਤੀ ਹੈ, ਮੇਰੇ ਖਿਆਲ ਅਨੁਸਾਰ ਉਹ ਗਲਤ ਹੈ ਕਿਉਂਕਿ ਮੇਰਾ ਜੋ ਮਕਾਨ ਹੈ ਉਹ ਵੀ ਬਾਰਾਂਦਰੀ ਦੇ ਵਿਚ ਹੀ ਹੈ । ਕਿਆਰੀਆਂ ਦੇ ਵਿਚ ਦੋ ਦੋ, ਚਾਰ ਚਾਰ ਫੁੱਲਾਂ ਦੇ ਬੂਟੇ ਲੱਗੇ ਹੋਏ ਹਨ ਕਿਆਰੀਆਂ ਦੀ ਗਿਣਤੀ 254 ਦਿੱਤੀ ਗਈ ਹੈ । ਉਥੇ ਬਾਰਾਂਦਰੀ ਵਿਚ ਜਿਹੜੇ ਮਾਲੀ ਕੰਮ ਕਰਦੇ ਹਨ, ਮੇਰੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਉਹ ਬਾਰਾਂਦਰੀ ਵਿਚ ਕੰਮ ਘੱਟ ਕਰਦੇ ਹਨ ਬਲਕਿ ਸਤਿਕਾਰਯੋਗ ਅਫਸਰਾਂ ਦੇ ਘਰਾਂ ਵਿਚ ਜ਼ਿਆਦਾ ਸਮਾਂ ਕੰਮ ਕਰਦੇ ਹਨ । ਕੀ ਮੰਤਰੀ ਜੀ ਇਸ ਗੱਲ ਦੀ ਪੜਤਾਲ ਕਰਾਉਣਗੇ ਕਿ ਜਿਹੜੇ ਮਾਲੀ ਉਥੇ ਲਈ ਨਿਯੁਕਤ ਹਨ, ਉਹ ਉਥੇ ਹੀ ਕੰਮ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਉਹਨਾਂ ਮਾਲੀਆਂ ਦਾ ਕੰਮ ਹੈ ਫੁੱਲਾਂ ਵਿਚ ਕੰਮ ਕਰਨਾ ਕਿਸੇ ਦੇ ਘਰਾਂ ਵਿਚ ਕੰਮ ਕਰਨਾ ਨਹੀਂ ਜੇ ਕੋਈ ਅਜਿਹੀ ਗੱਲ ਹੋਈ ਤਾਂ ਉਹਨਾਂ ਨੂੰ ਰੋਕ ਦਿੱਤਾ ਜਾਵੇਗਾ ।

**ਸਰਦਾਰ ਸੁਰਜੀਤ ਸਿੰਘ ਕੋਹਲੀ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਕਿਉਂਕਿ ਬਾਰਾਂਦਰੀ ਵਿਚ ਆਬਾਦੀ ਦੇ ਵੱਧ ਜਾਣ ਕਾਰਨ ਹੁਣ ਸੜਕਾਂ ਕਾਫੀ ਚੌੜੀਆਂ ਹੋ ਗਈਆਂ ਹਨ ਅਤੇ ਸੜਕਾਂ ਚੌੜੀਆਂ ਕਰਨ ਲਈ ਦਰੱਖਤ ਕੱਟ ਦਿੱਤੇ ਗਏ ਹਨ । ਜੋ ਛਾਂ-ਦਾਰ ਜਾਂ ਫੱਲਦਾਰ ਦਰੱਖਤ ਸੀ ਉਹ ਬਿਲਕੁਲ ਕੱਟ ਦਿੱਤੇ ਗਏ ਹਨ ਔਰ ਜਿਹੜੇ ਕੁਝ ਪੁਰਾਣੇ ਦਰੱਖਤ ਰਹਿ ਗਏ ਸਨ ਉਹ ਹਨੇਰੀਆਂ ਦੇ ਕਾਰਨ ਗਿਰ ਗਏ ਹਨ ਜਿਸ ਕਾਰਨ ਉਥੇ ਦਰੱਖਤ ਬਿਲਕੁਲ ਖਤਮ ਹੋ ਰਹੇ ਹਨ । ਕੀ ਸਰਕਾਰ ਉਥੇ ਹੋਰ ਦਰੱਖਤ ਲਾਉਣ ਅਤੇ ਇਸਦੀ ਨੁਹਾਰ ਬਦਲਣ ਦੇ ਉਪਰਾਲੇ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਬਾਰਾਂਦਰੀ 100 ਸਾਲ ਪਹਿਲਾਂ ਪਟਿਆਲਾ ਦੇ ਰਾਜਾ ਨੇ ਬਣਵਾਈ ਸੀ ਅਤੇ ਇਹ 81 ਕਿੱਲਿਆਂ ਵਿਚ ਬਣੀ ਹੋਈ ਹੈ । ਇਹ ਛੋ ਕੋਨੀ ਬਹੁਤ ਹੀ ਸੁੰਦਰ ਬਾਰਾਂਦਰੀ ਬਣੀ ਹੋਈ ਹੈ । ਇਸ ਵਿਚ 254 ਕਿਆਰੀਆਂ ਫੁੱਲਾਂ ਦੀਆਂ ਹਨ । ਮੈਂਬਰ ਸਾਹਿਬ ਨੇ ਇਸ ਦੀ ਨੁਹਾਰ ਬਦਲਣ ਵਾਸਤੇ ਕਿਹਾ ਹੈ । ਨੁਹਾਰ ਬਦਲਣ ਵਾਲਾ ਮਹਿਕਮਾ ਹੋਰ ਹੈ ਪਰ ਕੋਹਲੀ ਸਾਹਿਬ ਨੂੰ ਦੁੱਖ ਨਿਵਾਰਨ ਸਾਹਿਬ ਵਾਸਤੇ ਜਿੰਨੇ ਫੁੱਲ ਚਾਹੀਦੇ ਹਨ ਉਹ ਜਿੰਨੇ ਮਰਜ਼ੀ ਲੈ ਲੈਣ । ਅਸੀਂ ਉਥੇ ਫੁੱਲਾਂ ਦੀਆਂ 300 ਕਿਆਰੀਆਂ ਕਰ ਰਹੇ ਹਾਂ । ਇਸ ਦੇ ਨਾਲ ਹੀ ਮੈਂ ਮੈਂਬਰ ਸਾਹਿਬ ਨੂੰ ਇਹ ਵੀ ਦੱਸ ਦਿੰਦਾ ਹਾਂ ਕਿ ਅਸੀਂ ਉਥੇ ਨਵੇਂ ਦਰਖਤ ਵੀ ਲਗਾ ਰਹੇ ਹਾਂ ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਅਧਿਅਕਸ਼ ਮਹੋਦਯ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਜਿਹੜੇ ਮਾਲੀ ਅਫਸਰਾਂ ਦੇ ਘਰਾਂ ਵਿਚ ਕੰਮ ਕਰਦੇ ਹਨ ਉਨ੍ਹਾਂ ਨੂੰ ਘਰਾਂ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

ਵਿਚ ਕੰਮ ਕਰਨ ਤੋਂ ਬੰਦ ਕਰ ਦਿੱਤਾ ਜਾਵੇਗਾ । ਮੇਰਾ ਪ੍ਰਸ਼ਨ ਹੈ ਕਿ ਜੇਕਰ ਸਰਕਾਰ ਨੂੰ ਜਾਣਕਾਰੀ ਮਿਲਦੀ ਹੈ ਕਿ ਇਸ ਤਰ੍ਹਾਂ ਹੁੰਦਾ ਹੈ ਤਾਂ ਕੀ ਉਨ੍ਹਾਂ ਕਲਾਸ-4 ਕਰਮਚਾਰੀਆਂ ਨੂੰ ਘਰਾਂ ਵਿਚ ਕੰਮ ਕਰਨ ਤੋਂ ਬੰਦ ਕਰਨ ਦੇ ਨਾਲ ਨਾਲ ਕੀ ਉਨ੍ਹਾਂ ਅਫਸਰਾਂ ਦੇ ਸਿਰ ਉਨ੍ਹਾਂ ਦੀਆਂ ਤਨਖਾਹਾਂ ਦਾ ਖਰਚਾ ਜਾਂ ਉਨ੍ਹਾਂ ਨੂੰ ਕੋਈ ਜੁਰਮਾਨਾ ਆਦਿ ਵੀ ਕੀਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਘਰਾਂ ਵਿਚ ਬੀਬੀਆਂ ਹੀ ਭਾਂਡੇ ਮਾਂਜਦੀਆਂ ਸੰਭਦੀਆਂ ਹਨ । ਕਲਾਸ-4 ਕਰਮਚਾਰੀਆਂ ਨੂੰ ਅਸੀਂ ਘਰਾਂ ਵਿਚ ਕੰਮ ਕਰਨ ਤੋਂ ਬੰਦ ਕਰ ਦੇਵਾਂਗੇ ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਹੈ ਕਿ ਜਿਹੜੇ ਦਰਜਾ-4 ਕਰਮਚਾਰੀ ਅਫਸਰਾਂ ਦੇ ਘਰਾਂ ਵਿਚ ਕੰਮ ਕਰਦੇ ਹਨ, ਭਾਂਡੇ ਮਾਂਜਦੇ ਹਨ, ਦੇਖਭਾਲ ਕਰਦੇ ਹਨ, ਖਾਣਾ ਬਣਾਉਂਦੇ ਹਨ, ਜੇਕਰ ਇਹ ਸਹੀ ਹੈ ਤਾਂ ਕੀ ਉਨ੍ਹਾਂ ਅਫਸਰਾਂ ਦੇ ਖਿਲਾਫ ਵੀ ਕੋਈ ਕਾਰਵਾਈ ਕੀਤੀ ਜਾਵੇਗੀ ? (ਵਿਘਨ)

**ਮੁੱਖ ਮੰਤਰੀ** : ਸਪੀਕਰ ਸਹਿਬ, ਹੋਰ ਭਾਵੇਂ ਕਿਸੇ ਦੀ ਤਸੱਲੀ ਹੋਵੇ ਜਾਂ ਨਾ ਪਰ ਬੀਬੀ ਜੀ ਦੀ ਜਵਾਬ ਨਾਲ ਤਸੱਲੀ ਜ਼ਰੂਰ ਹੋਣੀ ਚਾਹੀਦੀ ਹੈ । ਸਪੀਕਰ ਸਾਹਿਬ, ਮੈਂ ਅੱਜ ਹੀ ਇੰਸਟਰੱਕਸ਼ਨਾਂ ਕਰਾਂਗਾ ਕਿ ਕੋਈ ਵੀ ਕਲਾਸ-4 ਮੁਲਾਜ਼ਮ ਕਿਸੇ ਵੀ ਅਫਸਰ ਦੇ ਘਰ ਕੰਮ ਨਹੀਂ ਕਰੇਗਾ ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੂੰ ਕਹੋ ਕਿ ਕਲਾਸ-4 ਦੇ ਨਾਲ ਨਾਲ ਕਲਾਸ-3 ਬਾਰੇ ਵੀ ਕਹਿ ਦੇਣ ਕਿਉਂ ਜੋ ਉਹ ਵੀ ਅਫਸਰਾਂ ਦੇ ਘਰਾਂ ਵਿਚ ਕੰਮ ਕਰਦੇ ਹਨ ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ)

---

**ਡਰਾਈਵਿੰਗ ਲਸੰਸ ਲੈਣ ਵਾਲਿਆਂ ਨੂੰ ਟਰੈਫਿਕ ਨਿਯਮਾਂ ਸਬੰਧੀ ਬ੍ਰੋਸ਼ਰ ਜਾਰੀ ਕਰਨਾ**

*142. **ਸਰਦਾਰ ਰਣਜੀਤ ਸਿੰਘ ਬਾਲੀਆਂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਡਰਾਈਵਿੰਗ ਲਸੰਸ ਲੈਣ ਵਾਲਿਆਂ ਨੂੰ ਲਸੰਸ ਜਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਗਿਆਨ ਲਈ ਸਰਕਾਰ ਦੁਆਰਾ ਉਨ੍ਹਾਂ ਨੂੰ ਟਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਦੇਣ ਵਾਲਾ ਕੋਈ ਬ੍ਰੋਸ਼ਰ ਜਾਰੀ ਕੀਤਾ ਜਾਂਦਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਨਾਂਹ' ਵਿਚ ਹੈ ਤਾਂ ਕੀ ਉਪਰਕਤ ਭਾਗ (ੳ) ਵਿਚ ਵਰਣਿਤ ਕੋਈ ਬ੍ਰੋਸ਼ਰ ਜਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਤਜਵੀਜ਼ ਨੂੰ ਕਦੋਂ ਤੱਕ ਅਮਲ ਵਿਚ ਲਿਆਂਦੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਨਹੀਂ ਜੀ ।

(ਅ) ਡਰਾਈਵਿੰਗ ਲਾਇਸੰਸ ਜਾਰੀ ਕਰਨ ਤੋਂ ਪਹਿਲਾਂ ਡਰਾਈਵਿੰਗ ਲਾਇਸੰਸ ਪ੍ਰਾਪਤ ਕਰਤਿਆਂ ਨੂੰ ਪੁਸਤਕਾਂ ਜਾਰੀ ਕਰਨ ਦੀ ਕੋਈ ਤਜਵੀਜ਼ ਨਹੀਂ ਹੈ । ਡਰਾਈਵਿੰਗ ਲਾਇਸੰਸ ਪ੍ਰਾਪਤ ਕਰਤਿਆਂ ਅਤੇ ਆਮ ਲੋਕਾਂ ਦੀ ਜਾਣਕਾਰੀ ਲਈ ਜ਼ਿਲ੍ਹਾ ਟਰਾਂਸਪੋਰਟ ਅਫ਼ਸਰਾਂ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਤੇ ਆਵਾਜਾਈ ਚਿੰਨ੍ਹਾਂ/ਨਿਯਮਾਂ ਸਬੰਧੀ ਸੂਚਨਾ ਉਪਲਬੱਧ ਹੈ ।

**ਸਰਦਾਰ ਰਣਜੀਤ ਸਿੰਘ ਬਾਲੀਆਂ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਡਰਾਈਵਿੰਗ ਲਾਇਸੰਸ ਪ੍ਰਾਪਤ ਕਰਤਿਆਂ ਅਤੇ ਆਮ ਲੋਕਾਂ ਦੀ ਜਾਣਕਾਰੀ ਲਈ ਜ਼ਿਲ੍ਹਾ ਟਰਾਂਸਪੋਰਟ ਅਫਸਰਾਂ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਤੇ ਆਵਾਜਾਈ ਚਿੰਨ੍ਹਾਂ/ਨਿਯਮਾਂ ਸਬੰਧੀ ਸੂਚਨਾ ਉਪਲਬਧ ਹੈ । ਮੈਂ ਕਹਿੰਦਾ ਹਾਂ ਕਿ ਇਹ ਜਾਣਕਾਰੀ ਉਥੇ ਨਹੀਂ ਮਿਲਦੀ । ਜਿਹੜੇ ਜ਼ਿਲ੍ਹਾ ਟਰਾਂਸਪੋਰਟ ਅਫਸਰ ਲਗਾਏ ਜਾਂਦੇ ਹਨ ਜੇਕਰ ਉਨ੍ਹਾਂ ਨੂੰ ਕਿਤੇ ਬਾਹਰਲੇ ਮੁਲਕ ਵਿਚ ਡਰਾਈਵਿੰਗ ਲਾਇਸੰਸ ਲੈਣ ਲਈ ਭੇਜ ਦਿੱਤਾ ਜਾਵੇ ਤਾਂ ਉਹ ਸ਼ਾਇਦ ਆਪ ਵੀ ਉਨ੍ਹਾਂ ਦੇ ਚਿੰਨ੍ਹਾਂ ਤੇ ਡਰਾਈਵਿੰਗ ਲਾਇਸੰਸ ਪ੍ਰਾਪਤ ਨਾ ਕਰ ਸਕਣ । ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਜਿਹੜੇ ਜ਼ਿਲ੍ਹਾ ਟਰਾਂਸਪੋਰਟ ਅਫਸਰ ਲਗਾਏ ਜਾਂਦੇ ਹਨ, ਕੀ ਉਨ੍ਹਾਂ ਨੂੰ ਕੋਈ ਟਰੇਨਿੰਗ ਦਿੱਤੀ ਜਾਂਦੀ ਹੈ ?

**ਸ੍ਰੀ ਸਪੀਕਰ** : ਡਿਸਟ੍ਰਿਕਟ ਟਰਾਂਸਪੋਰਟ ਅਫਸਰਾਂ ਨੂੰ ਤਾਂ ਟਰੇਨਿੰਗ ਦੀ ਕੋਈ ਲੋੜ ਨਹੀਂ । ਜੇਕਰ ਕੋਈ ਹੋਰ ਸਪਲੀਮੈਂਟਰੀ ਹੈ ਤਾਂ ਕਰੋ ।

**ਸ੍ਰੀ ਜਗਦੀਸ਼ ਸਾਹਨੀ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਡਰਾਈਵਿੰਗ ਲਾਇਸੰਸ ਦੀ ਇਕ ਬਹੁਤ ਵੱਡੀ ਕਰਾਨਿਕ ਪ੍ਰਾਬਲਮ ਹੈ ਅਤੇ ਤਕਰੀਬਨ 80% ਲਾਇਸੰਸ ਪੰਜਾਬ ਵਿਚ ਬਾਹਰ ਦੀਆਂ ਸਟੇਟਾਂ ਦੇ ਹਨ । ਸਾਨੂੰ, ਮਾਲਕਾਂ ਨੂੰ ਅਤੇ ਟਰੈਫਿਕ ਵਿਭਾਗ ਵਾਲਿਆਂ ਨੂੰ ਪਤਾ ਹੀ ਨਹੀਂ ਲਗਦਾ ਕਿ ਉਹ ਜਾਅਲੀ ਹਨ ਜਾਂ ਅਸਲੀ ਹਨ । ਇਸ ਚੀਜ਼ ਨੂੰ ਰੋਕਣ ਲਈ ਕੋਈ ਐਸਾ ਤਰੀਕਾ ਚਾਹੀਦਾ ਹੈ ਕਿ ਪੰਜਾਬ ਵਿਚ ਹੀ ਜਲਦੀ ਤੋਂ ਜਲਦੀ ਹੈਵੀ ਲਾਇਸੰਸ ਜਾਰੀ ਹੋ ਜਾਣ । ਇਸ ਦੇ ਬਾਰੇ ਕੀ ਸਰਕਾਰ ਕੋਈ ਉਪਰਾਲਾ ਕਰੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੇਰੇ ਖਿਆਲ ਵਿਚ ਡਰਾਈਵਿੰਗ ਲਾਇਸੰਸ ਬਣਾਉਣ ਤੇ ਕੋਈ ਰੋਕ ਨਹੀਂ ਹੈ, ਜਿਹੜਾ ਵੀ ਕੰਡੀਸ਼ਨਜ਼ ਪੂਰੀਆਂ ਕਰਦਾ ਹੈ, ਉਹ ਲੈ ਸਕਦਾ ਹੈ ।

**ਸਰਦਾਰ ਰਣਜੀਤ ਸਿੰਘ ਬਾਲੀਆਂ** : ਸਪੀਕਰ ਸਾਹਿਬ, ਪੰਜਾਬ ਵਿਚ ਹੈਵੀ ਲਾਇਸੰਸ ਬੰਦ ਹਨ ਜੀ, ਕੀ ਉਹ ਖੋਲ੍ਹੇ ਜਾਣਗੇ ?

**ਮੁੱਖ ਮੰਤਰੀ** : ਜੇ ਬੰਦ ਹਨ ਤਾਂ ਖੋਲ੍ਹ ਦਿੱਤੇ ਜਾਣਗੇ । (ਥੰਪਿੰਗ)

Original with;
Punjab Vidhan Sabha
Digitized by;
Panjab Digital Library

**ਸ੍ਰੀ ਜਗਦੀਸ਼ ਸਾਹਨੀ** : ਮੁੱਖ ਮੰਤਰੀ ਸਾਹਿਬ, ਲਾਇਸੰਸ ਬੰਦ ਨਹੀਂ ਹਨ, ਖੁਲ੍ਹੇ ਹਨ ਪਰ ਉਸਦੀ ਫਾਰਮੈਲਟੀਜ਼ ਇੰਨੀਆਂ ਜ਼ਿਆਦਾ ਹਨ, ਔਰ ਇੰਨਾ ਜ਼ਿਆਦਾ ਟਾਈਮ ਲਗਦਾ ਹੈ, ਜਿਸ ਕਰਕੇ ਲੋਕ ਲਾਇਸੰਸ ਬਣਾਉਣ ਤੋਂ ਡਰਦੇ ਹਨ ਅਤੇ ਇਸ ਕਰਕੇ ਜਾਅਲੀ ਜ਼ਿਆਦਾ ਚਲਦੇ ਹਨ। ਇਸ ਲਈ ਕੀ ਮੁੱਖ ਮੰਤਰੀ ਸਾਹਿਬ ਭਰੋਸਾ ਦਿਵਾਉਣਗੇ ਕਿ ਫਾਰਮੈਲਟੀਜ਼ ਘਟਾ ਕੇ ਪੰਜਾਬ ਵਿਚ ਹੈਵੀ ਡਰਾਈਵਿੰਗ ਲਾਇਸੰਸ ਛੇਤੀ ਬਣਨੇ ਸ਼ੁਰੂ ਹੋ ਜਾਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੇ ਉਦੇਸ਼ ਮੁਤਾਬਿਕ ਹੀ ਇਨ੍ਹਾਂ ਦੀ ਯੂਨੀਅਨ ਨੂੰ ਮਿਲ ਰਿਹਾ ਹਾਂ ਅਤੇ ਇਹ ਉਥੇ ਇਹ ਵੀ ਮੁੱਦਾ ਉਠਾ ਲੈਣ, ਜਿਸ ਤਰ੍ਹਾਂ ਦੀਆਂ ਰੀਲੈਕਸੇਸ਼ਨਜ਼ ਦਾ ਮੁੱਦਾ ਉਠਾਉਣਗੇ, ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

**ਸ੍ਰੀ ਰਾਕੇਸ਼ ਪਾਂਡੇ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਟਰੈਫਿਕ ਦੀ ਸਮੱਸਿਆ ਬਹੁਤ ਹੀ ਗੰਭੀਰ ਸਮੱਸਿਆ ਬਣੀ ਹੋਈ ਹੈ। ਟਰੈਫਿਕ ਦੇ ਮਾਮਲੇ ਵਿਚ ਜਿਸ ਤਰੀਕੇ ਦੇ ਨਾਲ ਪੰਜਾਬ ਵਿਚ ਵਹੀਕਲ ਵੱਧ ਚੁੱਕੇ ਹਨ ਔਰ ਟਰੈਫਿਕ ਦੇ ਨਿਯਮਾਂ ਦੀ ਪਾਲਣਾ ਕਰਨ ਵਾਸਤੇ ਅਸੀਂ ਲਾ-ਪ੍ਰਵਾਹੀ ਵਰਤਦੇ ਹਾਂ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਉਣ ਵਾਲੇ ਸਮੇਂ ਵਿਚ ਬੱਚਿਆਂ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਵਾਸਤੇ ਜਾਣਕਾਰੀ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ ? ਜਿਸ ਤਰ੍ਹਾਂ ਦੂਜੇ ਦੇਸ਼ਾਂ ਵਿਚ ਹੈ, ਜਿਹੜਾ ਡਰਾਈਵਿੰਗ ਲਾਇਸੰਸ ਲੈਣਾ ਚਾਹੁੰਦਾ ਹੈ, ਪ੍ਰਾਪਰ ਉਨ੍ਹਾਂ ਨੇ ਸਕੂਲ ਖੋਲ੍ਹੇ ਹੋਏ ਹਨ, ਉਨ੍ਹਾਂ ਨੂੰ ਉਥੋਂ ਟਰੇਨਿੰਗ ਲੈਣੀ ਪੈਂਦੀ ਹੈ, ਉਸ ਤੋਂ ਬਾਅਦ ਹੀ ਲਾਇਸੰਸ ਜਾਰੀ ਕੀਤਾ ਜਾਂਦਾ ਹੈ। ਇਸ ਲਈ ਕੀ ਬੱਚਿਆਂ ਨੂੰ ਸਕੂਲਾਂ ਵਿਚ ਡਰਿੱਲ ਪੀਰੀਅਡ ਜਾਂ ਪੀ.ਟੀ. ਦੇ ਪੀਰੀਅਡ ਵਿਚ ਡਰਾਈਵਿੰਗ ਬਾਰੇ ਜਾਣਕਾਰੀ ਦੇਣ ਦਾ ਪ੍ਰਬੰਧ ਸਰਕਾਰ ਕਰੇਗੀ ਤਾਂ ਜੋ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਨੂੰ ਡਰਾਈਵਿੰਗ ਲਾਇਸੰਸ ਆਦਿ ਲੈਣ ਵਿਚ ਕੋਈ ਮੁਸ਼ਕਲ ਨਾ ਆਵੇ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਬਹੁਤ ਛੋਟੇ ਬੱਚਿਆਂ ਨੂੰ ਤਾਂ ਸਿੱਖਿਆ ਨਹੀਂ ਦਿੱਤੀ ਜਾ ਸਕਦੀ, ਪਰ ਜਿੱਥੇ ਤੱਕ ਵੀ ਸੰਭਵ ਹੋ ਸਕਿਆ ਜ਼ਰੂਰ ਕਰਾਂਗੇ। ਇਕ ਗੱਲ ਮੈਂ ਪਹਿਲਾਂ ਹੀ ਕਹਿ ਦਿੱਤੀ ਹੈ ਕਿ ਫਾਰਮੈਲਟੀਜ਼ ਨੂੰ ਜਿੰਨਾ ਵੀ ਸਿੰਪਲੀਫਾਈ ਹੋ ਸਕਿਆ ਜ਼ਰੂਰ ਕਰਾਂਗੇ ਪਰ ਇੰਨੇ ਜ਼ਿਆਦਾ ਵੀ ਡਰਾਈਵਰ ਨਾ ਆ ਜਾਣ ਕਿ ਹੁਣ ਤੋਂ ਵੀ ਜ਼ਿਆਦਾ ਐਕਸੀਡੈਂਟ ਹੋਣ ਲਗ ਪੈਣ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕੀ ਕਿਹਾ ਕਿ ਫਾਰਮੈਲਟੀਜ਼ ਨੂੰ ਸਿੰਪਲੀਫਾਈ ਕਰਾਂਗੇ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਕੰਡੀਸ਼ਨਜ਼ ਦੇ ਵਿਚ ਕੋਈ ਰੀਲੈਕਸੇਸ਼ਨ ਨਹੀਂ ਦਿੱਤੀ ਜਾਣੀ ਚਾਹੀਦੀ। ਲਾਇਸੰਸ ਬਣਾਉਣ ਤੇ ਕੋਈ ਰੋਕ ਨਹੀਂ ਹੈ ਅਤੇ 4 ਮਹੀਨੇ ਦਾ ਸਮਾਂ ਨਿਸ਼ਚਿਤ ਹੈ। ਇਸ ਤਰ੍ਹਾਂ ਨਾ ਹੋਵੇ ਕਿ ਕੰਡੀਸ਼ਨਜ਼ ਸਿੰਪਲੀਫਾਈ ਕਰਨ ਨਾਲ ਇੰਨੇ ਜ਼ਿਆਦਾ ਡਰਾਈਵਰ ਆ ਜਾਣ ਕਿ

Original with;
Punjab Vidhan Sabha
Digitized by;
Panjab Digital Library

ਐਕਸੀਡੈਂਟ ਹੋਰ ਵੀ ਜ਼ਿਆਦਾ ਵੱਧ ਜਾਣ । ਇਸ ਲਈ ਮੁੱਖ ਮੰਤਰੀ ਜੀ ਹਾਊਸ ਨੂੰ ਇਹ ਭਰੋਸਾ ਦਿਵਾਉਣ ਕਿ ਕੰਡੀਸਨਜ਼ ਵਿਚ ਕੋਈ ਰੀਲੈਕਸੇਸ਼ਨ ਨਹੀਂ ਦਿੱਤੀ ਜਾਵੇਗੀ ਅਤੇ ਨਾਰਮਜ਼ ਨੂੰ ਸਖਤੀ ਨਾਲ ਇੰਪਲੀਮੈਂਟ ਕੀਤਾ ਜਾਵੇਗਾ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ)

**ਸਰਦਾਰ ਸੁਰਜੀਤ ਸਿੰਘ ਕੋਹਲੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹਾਂਗਾ ਕਿ ਜੋ ਹੈਵੀ ਲਾਇਸੰਸਾਂ ਦਾ ਲੰਮਾ ਤਰੀਕਾ ਹੈ, ਪਹਿਲਾਂ ਲਰਨਿੰਗ ਲਾਇਸੰਸ ਬਣਦਾ ਹੈ, ਫਿਰ ਲਾਈਟ ਦਾ ਬਣਦਾ ਹੈ ਅਤੇ ਫਿਰ ਹੈਵੀ ਡਰਾਈਵਿੰਗ ਲਾਇਸੰਸ ਬਣਦਾ ਹੈ ਅਤੇ ਇਸ ਤਰ੍ਹਾਂ ਦੋ ਸਾਲ ਦਾ ਸਮਾਂ ਲਗ ਜਾਂਦਾ ਹੈ ਪਰ ਪਿਛਲੀ ਸਰਕਾਰ ਨੇ ਇਕ ਚੋਰ ਦਰਵਾਜ਼ਾ ਬਣਾ ਦਿੱਤਾ ਸੀ ਕਿ ਜਿਨ੍ਹਾਂ ਡਰਾਈਵਰਾਂ ਦੇ ਕੋਲ ਬਾਹਰ ਦੀਆਂ ਸਟੇਟਾਂ ਦੇ ਲਾਇਸੰਸ ਹਨ ਉਹ ਜਮ੍ਹਾਂ ਕਰਵਾ ਕੇ ਸਟੇਟ ਤੋਂ ਰੈਨਿਊ ਕਰਵਾ ਲੈਣ । ਇਸ ਤਰ੍ਹਾਂ ਨਾਲ ਬਹੁਤ ਜ਼ਿਆਦਾ ਜਾਅਲੀ ਲਾਇਸੰਸ ਆਏ ਹਨ ਅਤੇ ਡੀ. ਟੀ. ਓ. ਦੇ ਲੋਕਾਂ ਨੇ ਦੋ-ਦੋ ਹਜ਼ਾਰ ਰੁਪਏ ਲੈ ਕੇ ਉਨ੍ਹਾਂ ਦੇ ਲਾਇਸੰਸ ਬਣਾ ਦਿੱਤੇ । ਕੀ ਮੁੱਖ ਮੰਤਰੀ ਜੀ ਇਹ ਭਰੋਸਾ ਦਿਵਾਉਣਗੇ ਕਿ ਇਸ ਚੀਜ਼ ਨੂੰ ਬੰਦ ਕੀਤਾ ਜਾਵੇਗਾ ਅਤੇ ਪਿਛੇ ਜੋ ਦੋ-ਤਿੰਨ ਹਜ਼ਾਰ ਲਾਇਸੰਸ ਇਸ ਤਰ੍ਹਾਂ ਬਣੇ ਹਨ, ਉਹ ਕੈਂਸਲ ਕੀਤੇ ਜਾਣਗੇ ?

**ਡਾਕਟਰ ਹਰਬੰਸ ਲਾਲ** : ਪੁਆਇੰਟ ਆਫ ਆਰਡਰ, ਸਰ ।

**ਸ੍ਰੀ ਸਪੀਕਰ** : ਡਾਕਟਰ ਸਾਹਿਬ, ਤੁਸੀਂ ਬੈਠ ਜਾਓ । ਅਜੇ ਪੁਆਇੰਟ ਆਫ ਆਰਡਰ ਦੀ ਲੋੜ ਨਹੀਂ ਹੈ । ਜਦੋਂ ਹੋਵੇਗੀ ਤਾਂ ਮੈਂ ਤੁਹਾਨੂੰ ਦਸ ਦਿਆਂਗਾ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਡਰਾਈਵਿੰਗ ਲਾਇਸੰਸ ਬਣਾਉਣ ਸਬੰਧੀ ਮਸਲਾ ਹਾਊਸ ਵਿਚ ਆਇਆ ਹੈ । ਸਾਡੇ ਇਸ ਹਾਊਸ ਵਿਚ ਬਹੁਤ ਟਰਾਂਸਪੋਰਟਰ ਹਨ ਪਰ ਦੋ-ਤਿੰਨ ਤਾਂ ਬਹੁਤ ਹੀ ਉਘੇ ਹਨ । ਇਨ੍ਹਾਂ ਵਿਚੋਂ ਇਕ ਕੋਹਲੀ ਸਾਹਿਬ ਹਨ, ਸਾਹਨੀ ਸਾਹਿਬ ਵੀ ਹਨ, ਇਨ੍ਹਾਂ ਤੋਂ ਇਲਾਵਾ ਹੈਨਰੀ ਸਾਹਿਬ ਵੀ ਹਨ । ਇਹ ਬਹੁਤ ਵਾਧੂ ਬੱਸਾਂ ਚਲਾਉਂਦੇ ਹਨ । ਇਨ੍ਹਾਂ ਸਾਰਿਆਂ ਦੀ ਮੈਂ ਕਮੇਟੀ ਮੁਕੱਰਰ ਕਰ ਦਿਆਂਗਾ । ਉਹ ਸਾਰਾ ਕੁਝ ਘੋਖ ਲੈਣਗੇ ਅਤੇ ਜੋ ਵੀ ਤਜਵੀਜ਼ਾਂ ਦੇਣਗੇ, ਉਨ੍ਹਾਂ ਤੇ ਵਿਚਾਰ ਕਰ ਲਿਆ ਜਾਵੇਗਾ । (ਵਿਘਨ) ਹੋਰ ਮੈਂਬਰ ਸਾਹਿਬਾਨ ਨੂੰ ਵੀ ਨਾਲ ਲੈ ਲਿਆ ਜਾਵੇਗਾ । ਇਹ ਹਰ ਮਸਲੇ ਤੇ ਕਹਿੰਦੇ ਹਨ ਕਿ ਹਾਊਸ ਦੀ ਕਮੇਟੀ ਬਣਾ ਦਿਓ । ਹੋਰਾਂ ਮਸਲਿਆਂ ਤੇ ਤਾਂ ਨਹੀਂ ਪਰ ਇਸ ਤੇ ਹਾਊਸ ਦੀ ਕਮੇਟੀ ਬਣਾਉਣ ਤੇ ਵਿਚਾਰ ਕਰਾਂਗੇ ।

**ਸ੍ਰੀ ਅਵਤਾਰ ਹੈਨਰੀ** : ਸਪੀਕਰ ਸਾਹਿਬ, ਬਾਦਲ ਸਾਹਿਬ ਖੁਦ ਟਰਾਂਸਪੋਰਟਰ ਹਨ ।

**ਮੁੱਖ ਮੰਤਰੀ** : ਮੈਂ ਇਸ ਕਮੇਟੀ ਦਾ ਚੇਅਰਮੈਨ ਬਣ ਜਾਵਾਂਗਾ ।

**ਸਰਦਾਰ ਤੋਤਾ ਸਿੰਘ** : ਸਪਲੀਮੈਂਟਰੀ, ਸਰ ।

**ਸ੍ਰੀ ਸਪੀਕਰ** : ਲੋੜ ਤਾਂ ਵੈਸੇ ਹੈ ਨਹੀਂ, ਪਰ ਚਲੋ ਤੁਸੀਂ ਪੁੱਛ ਲਵੋ ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਇਹ ਇਕ ਬੜਾ ਗੰਭੀਰ ਮਸਲਾ ਹੈ । ਇੱਥੇ ਹੈਵੀ ਲਾਇਸੰਸਾਂ ਦੀ ਗੱਲ ਚਲੀ ਹੈ ਪਰੰਤੂ ਮੈਂ ਲਾਈਟ ਲਾਇਸੰਸਾਂ ਬਾਰੇ ਪੁੱਛਣਾ ਚਾਹੁੰਦਾ ਹਾਂ । ਸਕੂਟਰਾਂ ਜਾਂ ਟਰੈਕਟਰਾਂ ਦੇ ਲਾਈਟ ਲਾਈਸੰਸ ਬਣਦੇ ਹਨ ਪਰੰਤੂ ਇਹ ਦਫਤਰਾਂ ਵਿਚ ਬੈਠ ਕੇ ਹੀ ਬਣ ਜਾਂਦੇ ਹਨ । ਇਸ ਬਾਰੇ ਬੜਾ ਦੁੱਖ ਹੈ । ਇਹ ਘੱਟੋ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਘੱਟ ਸਬ ਡਵੀਜ਼ਨ ਲੈਵਲ ਤੇ ਬਣਨੇ ਚਾਹੀਦੇ ਹਨ ਪਰੰਤੂ ਇਸ ਸਮੇਂ ਇਹ ਅਫਸਰ ਦੀ ਸੀਟ ਤੇ ਹੀ ਬਣ ਜਾਂਦੇ ਹਨ ਅਤੇ ਵਿਅਕਤੀ ਤੋਂ ਕੁਝ ਵੀ ਨਹੀਂ ਪੁੱਛਿਆ ਜਾਂਦਾ। ਜਿਸ ਤਰ੍ਹਾਂ ਟਰੈਕਟਰ ਕਿਸ ਤਰ੍ਹਾਂ ਚਲਾਉਣਾ ਹੈ ? ਸੜਕ ਤੇ ਕਿਸ ਤਰ੍ਹਾਂ ਚਲਾਉਣਾ ਹੈ ? ਸੱਜੇ ਜਾਂ ਖੱਬੇ ਕਿਸ ਤਰ੍ਹਾਂ ਮੋੜਨਾ ਹੈ ? ਇਸ ਕਰਕੇ ਪਹਿਲਾਂ ਇਨ੍ਹਾਂ ਦੇ ਲਰਨਿੰਗ ਲਾਇਸੰਸ ਬਣਨੇ ਚਾਹੀਦੇ ਹਨ। ਕੀ ਮੁੱਖ ਮੰਤਰੀ ਜੀ ਇਹ ਦੱਸਣਗੇ ਕਿ ਘੱਟੋ-ਘੱਟ ਪੰਜ ਮਿੰਟ ਟਾਕ ਜ਼ਰੂਰ ਲਾਇਸੰਸ ਬਣਾਉਣ ਵੇਲੇ ਹੋਇਆ ਕਰੇਗੀ ਅਤੇ ਲਾਇਸੰਸ ਅਫਸਰਾਂ ਦੀ ਸੀਟ ਤੇ ਨਹੀਂ ਬਣਨਗੇ ?

**ਸ਼੍ਰੀ ਸਪੀਕਰ** : ਪਹਿਲਾਂ ਪੁੱਛ ਗਿੱਛ ਕਰਕੇ ਹੀ ਲਾਇਸੰਸ ਬਣਾਏ ਜਾਂਦੇ ਹਨ।

**ਸ਼੍ਰੀ ਮਨੋਰੰਜਨ ਕਾਲੀਆ** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਲਰਨਿੰਗ ਲਾਇਸੰਸ ਜਾਂ ਲਾਇਸੰਸਾਂ ਤੇ ਲੈਮੀਨੇਸ਼ਨ ਜੋ ਬੰਦ ਕਰ ਦਿੱਤੀ ਗਈ ਹੈ, ਕੀ ਉਸ ਨੂੰ ਮੁੜ ਚਾਲੂ ਕੀਤਾ ਜਾਵੇਗਾ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਅੱਜ ਹਾਊਸ ਵਿੱਚ ਜੋ ਮਸਲਾ ਆਇਆ ਹੈ ਜਾਂ ਹੋਰ ਪੱਖ ਸਾਹਮਣੇ ਆਏ ਹਨ, ਮੈਂ ਇਨ੍ਹਾਂ ਨੂੰ ਵਿਚਾਰ ਕੇ ਨਿਰਣਾ ਲਵਾਂਗਾ ਔਰ ਜਿਸ ਤਰ੍ਹਾਂ ਦੀ ਅਵਾਜ਼ ਉਠਾਈ ਗਈ ਹੈ, । ਉਸ ਨੂੰ ਘੋਖਿਆ ਜਾਵੇਗਾ। (ਥੰਪਿੰਗ)

**ਸ਼੍ਰੀ ਭਗਵਾਨ ਦਾਸ ਅਰੋੜਾ**: ਸਪਲੀਮੈਂਟਰੀ, ਸਪੀਕਰ ਸਾਹਿਬ, . . . .

**ਸ਼੍ਰੀ ਸਪੀਕਰ**: ਕਾਫੀ ਸਾਰੀਆਂ ਸਪਲੀਮੈਂਟਰੀਜ਼ ਹੋ ਗਈਆਂ ਹਨ। ਤੁਸੀਂ ਫਿਰ ਕਦੀ ਪੁੱਛ ਲੈਣਾ। ਤੁਹਾਨੂੰ ਮੌਕਾ ਦੇ ਦੇਵਾਂਗਾ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 132***

**ਸ਼੍ਰੀ ਸਪੀਕਰ**: ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 132 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

**ਜਗਰਾਓਂ ਟਾਊਨ ਵਿਚ ਪਾਣੀ ਦੇ ਨਿਕਾਸ ਲਈ ਪ੍ਰਬੰਧ ਕਰਨਾ**

*124. **ਸਰਦਾਰ ਭਾਗ ਸਿੰਘ ਮੱਲਾ**: ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

ਕੀ ਇਹ ਠੀਕ ਹੈ ਕਿ ਪਾਣੀ ਦੇ ਉਚਿਤ ਨਿਕਾਸ ਦੇ ਨਾ ਹੋਣ ਕਰ ਕੇ ਬਰਸਾਤਾਂ ਦੌਰਾਨ ਜਗਰਾਓਂ ਟਾਊਨ ਵਿਚ ਭਾਰੀ ਮਾਤਰਾ ਵਿਚ ਬਰਸਾਤੀ ਪਾਣੀ ਇਕੱਠਾ ਹੋ ਜਾਂਦਾ ਹੈ ਜਿਸ ਦੇ ਕਾਰਣ ਸੜਕਾਂ ਅਤੇ ਘਰਾਂ ਨੂੰ ਨੁਕਸਾਨ ਪੁਜਦਾ ਹੈ; ਜੇਕਰ ਅਜਿਹਾ ਹੋਵੇ, ਤਾਂ ਸਥਿਤੀ ਦੇ ਉਪਾਅ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

---

*For Starred Question No. 132 and reply thereto, please see Appendix to this Debate.

Original with;
Punjab Vidhan Sabha
Digitized by;
Punjab Digital Library

**Shri Balram ji Dass Tandan**: Rain water is accumulated in some low lying localities of Jagraon town during the rains for want of proper drainage which causes damage to roads, To remedy the situation, pumping capacity of the disposal is being increased and a new pumping set of 60 HP is being installed after which it would be possible to drain out rain water quickly. The Drainagd Department has also been requested to de-silt Moga drain before the next rainy season to increase flow of water.

**ਸਰਦਾਰ ਭਾਗ ਸਿੰਘ ਮੱਲਾ**: ਸਪੀਕਰ ਸਾਹਿਬ, ਪਿਛਲੀ ਸਰਕਾਰ ਵੇਲੇ ਇਸ ਮਕਸਦ ਲਈ ਕਰੋੜਾਂ ਰੁਪਏ ਖਰਚ ਕੀਤੇ ਗਏ ਸਨ ਜਿਸ ਵਿੱਚ ਬਹੁਤ ਵੱਡੀ ਘਪਲੇਬਾਜ਼ੀ ਹੋਈ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਦੀ ਇਨਕੁਆਰੀ ਕਰਵਾਏਗੀ ?

**ਮੰਤਰੀ**: ਇਸ ਬਾਰੇ ਇਹ ਲਿਖ ਕੇ ਦੇਣ । ਅਸੀਂ ਜ਼ਰੂਰ ਇਨਕੁਆਰੀ ਕਰਵਾਵਾਂਗੇ ।

—o—

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 112 ਅਤੇ 113*

**ਸ੍ਰੀ ਸਪੀਕਰ**: ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 112 ਅਤੇ 113 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿਤੀ ਹੈ ।

---

### ਲੁਧਿਆਣਾ—ਫਿਰੋਜ਼ਪੁਰ ਸੜਕ ਨੂੰ ਚੌੜਾ ਕਰਨਾ

*123 **ਸਰਦਾਰ ਭਾਗ ਸਿੰਘ ਮੱਲਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਲੁਧਿਆਣਾ—ਫਿਰੋਜ਼ਪੁਰ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਸੜਕ ਨੂੰ ਕਦੋਂ ਤੱਕ ਚੌੜਾ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਹਾਂ ਜੀ । ਇਸ ਪ੍ਰੋਜੈਕਟ ਦੇ ਪੂਰਾ ਹੋਣ ਬਾਰੇ ਇਸ ਵੇਲੇ ਸਮੇਂ ਦੀ ਕੋਈ ਸੀਮਾ ਨਹੀਂ ਦੱਸੀ ਜਾ ਸਕਦੀ ।

**Sardar Bhag Singh** Malla: Thank you very much.

---

### ਵਿਧਾਨ ਸਭਾ ਚੋਣਾਂ ਦੌਰਾਨ ਭਰੀਆਂ ਗਈਆਂ ਆਸਾਮੀਆਂ

*146. **ਸਰਦਾਰ ਬਲਦੇਵ ਸਿੰਘ ਖਿਆਲਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਦੇ ਦੌਰਾਨ ਜ਼ਿਲ੍ਹਾ ਬਠਿੰਡਾ ਵਿਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਕੂਲ) ਦੁਆਰਾ ਸ਼੍ਰੇਣੀ-IV ਕਰਮਚਾਰੀਆਂ ਦੀਆਂ ਕੋਈ ਆਸਾਮੀਆਂ ਭਰੀਆਂ ਗਈਆਂ ਸਨ । ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਵੇਰਵੇ ਕੀ ਹਨ;

(ਅ) ਕੀ ਸਰਕਾਰ ਦੀ ਮਾਮਲੇ ਦੀ ਪੜਤਾਲ ਅਤੇ ਕਸੂਰਵਾਰ ਅਫ਼ਸਰਾਂ ਦੇ ਵਿਰੁੱਧ ਕਾਰਵਾਈ ਆਰੰਭਣ ਦੀ ਤਜਵੀਜ਼ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: (ੳ) ਜੀ ਹਾਂ (ਵੇਰਵਾ ਅਨੈਕਸਚਰ 'ਪੀ' ਤੇ ਨੱਥੀ ਹੈ) ।

(ਅ) ਜੀ ਹਾਂ ।

---

*For Starred Questions No. 112 and 113 and reply there to, please see Appendix to this Debates.

Original with;
Punjab Vidhan Sabha
Digitized by;
Panjab Digital Library

## ਅਨੁਲੱਗ ਪੀ

### ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸ) ਬਠਿੰਡਾ ।

ਵਿਸ਼ਾ !–ਜ਼ਿਲ੍ਹਾ ਸਿੱਖਿਆ ਅਫਸਰ (ਸ) ਬਠਿੰਡਾ ਵਲੋਂ ਨਿਯੁਕਤ ਕੀਤੇ ਦਰਜਾ ਚਾਰ ਕਰਮਚਾਰੀਆਂ ਦੀ ਲਿਸਟ ।

| ਲੜੀ ਨੰਬਰ | ਕੈਟਾਗਰੀ | ਰਜਿ: ਨੰ: | ਨਾਮ | ਪਿਤਾ ਦਾ ਨਾਮ | ਮੈਰਿਟ ਅੰਕ | ਵਿਸ਼ੇਸ਼ ਕਥਨ |
|---|---|---|---|---|---|---|
| 1 | 2 | 3 | 4 | 5 | 6 | 7 |
| 1. | ਐਸ. ਸੀ. .. | 322/90 | ਗੁਰਜੰਟ ਸਿੰਘ | ਹਰਨੇਕ ਸਿੰਘ | 30 | |
| 2. | ਐਸ. ਸੀ. .. | 851/85 | ਬੀਰਬਲ ਸਿੰਘ | ਗੁਰਦੇਵ ਸਿੰਘ | 30 | |
| 3. | ਐਸ. ਸੀ. .. | 65/86 | ਰਾਮ ਸਿੰਘ | ਬਚਿੱਤਰ ਸਿੰਘ | 30 | |
| 4. | ਐਸ. ਸੀ. .. | 304/96 | ਕਰਨੈਲ ਸਿੰਘ | ਧੰਨਾ ਸਿੰਘ | 30 | |
| 5. | ਐਸ. ਸੀ. .. | 761/96 | ਰਾਮ ਜੀਵਨ ਸਿੰਘ | ਉਮਰ ਸਿੰਘ | 30 | |
| 6. | ਐਸ. ਸੀ. .. | 958/95 | ਜਗਜੀਤ ਸਿੰਘ | ਭਜਨ ਸਿੰਘ | 29 | |
| 7. | ਐਸ. ਸੀ. .. | 36/89 | ਰਾਜਿੰਦਰ ਕੁਮਾਰ | ਮੰਗਤ ਰਾਮ | 29 | |
| 8. | ਐਸ. ਸੀ. .. | 4936/89 | ਗੁਰਮੀਤ ਚੰਦ | ਚਰੰਜੀ ਲਾਲ | 29 | |
| 9. | ਐਸ. ਸੀ. .. | 4541/96 | ਹਰਬੰਸ ਸਿੰਘ | ਸੱਜਣ ਸਿੰਘ | 29 | |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 10. | ਐਸ. ਸੀ. | .. | 5010/96 | ਬੇਅੰਤ ਸਿੰਘ | ਜਗਜੀਤ ਸਿੰਘ | 29 |
| 11. | ਐਸ. ਸੀ. | .. | 5485/96 | ਨੈਬ ਸਿੰਘ | ਰੂਪ ਸਿੰਘ | 29 |
| 12. | ਐਸ. ਸੀ. | .. | 5358/96 | ਸੋਹਣ ਸਿੰਘ | ਗੁਰਦੇਵ ਸਿੰਘ | 29 |
| 13. | ਐਸ. ਸੀ. | .. | 700/89 | ਬੂਟਾ ਸਿੰਘ | ਬਲਵਿੰਦਰ ਸਿੰਘ | 29 |
| 14. | ਐਸ. ਸੀ. | .. | 36/96 | ਮਨਜੀਤ ਕੌਰ | ਰਾਜਵੀਰ ਸਿੰਘ | 29 |
| 15. | ਐਸ. ਸੀ. | .. | 57/94 | ਸੀਤਾ ਦੇਵੀ | ਬਨਵਾਰੀ ਲਾਲ | 29 |
| 16. | ਐਸ. ਸੀ. | .. | 4560/96 | ਗੁਰਦਰਸ਼ਨ ਸਿੰਘ | ਭਗਤ ਸਿੰਘ | 28 |
| 17. | ਐਸ. ਸੀ. | .. | 79/93 | ਸੁਖਮਿੰਦਰ ਸਿੰਘ | ਭਜਨ ਸਿੰਘ | 28 |
| 18. | ਐਸ. ਸੀ. | .. | 66/89 | ਬਲਵਿੰਦਰ ਸਿੰਘ | ਬਿੱਲੂ ਸਿੰਘ | 28 |
| 19. | ਐਸ. ਸੀ. | .. | 175/96 | ਵਸੈਨ ਸਿੰਘ | ਸੁਖਦੇਵ ਸਿੰਘ | 28 |
| 20. | ਐਸ. ਸੀ. | .. | 125/87 | ਹਰਗੋਬਿੰਦ ਸਿੰਘ | ਬੁੱਗਰ ਸਿੰਘ | 27 |
| 21. | ਐਸ. ਸੀ. | .. | 341/90 | ਮਲਕੀਤ ਕੌਰ | ਦੀਵਾਨ ਸਿੰਘ | 27 |
| 22. | ਐਸ. ਸੀ. | .. | 1497/87 | ਸਮਿੱਤਰਾ ਦੇਵੀ | ਯਾਦ ਰਾਮ | 27 |
| 23. | ਐਸ. ਸੀ. | .. | 93/92 | ਕਸੀਰ ਸਿੰਘ | ਕਰਤਾਰ ਸਿੰਘ | 26 |
| 24. | ਐਸ. ਸੀ. | .. | 41/84 | ਨਸੀਬ ਕੌਰ | ਖੀਵਾ ਸਿੰਘ | 26 |
| 25. | ਐਸ. ਸੀ. | .. | 28/96 | ਸੀਮਾ ਦੇਵੀ | ਕੈਲਾਸ ਕੁਮਾਰ | 26 |

Original with;
Punjab Vidhan Sabha
Digitized by;
Panjab Digital Library

| 1 | 2 | | 3 | 4 | 5 | 6 | 7 |
|---|---|---|---|---|---|---|---|
| 26. | ਐਸ. ਸੀ. | .. | 3275/95 | ਸੰਤੋਸ਼ | ਪੂਰਨ ਸਿੰਘ | 26 | |
| 27. | ਐਮ. ਸੀ. | .. | 5746/95 | ਸਰਬਜੀਤ ਕੌਰ | ਤੇਜ ਰਾਮ | 26 | |
| 28. | ਐਸ. ਸੀ. | .. | 1065/86 | ਸੋਨਾ | ਹਰੀ ਰਾਮ | 26 | |
| 29. | ਐਸ. ਸੀ. | .. | 533/91 | ਸੁਰਿੰਦਰ ਕੌਰ | ਅਮਰਜੀਤ ਸਿੰਘ | 26 | |
| 30. | ਐਸ. ਸੀ. | .. | 10461/85 | ਹਰਚੰਦ ਸਿੰਘ | ਜੀਤ ਸਿੰਘ | 25 | |
| 31. | ਐਸ. ਸੀ. | .. | 2154/95 | ਅਜੈਬ ਸਿੰਘ | ਕਿਰਪਾਲ ਸਿੰਘ | 25 | |
| 32. | ਐਸ. ਸੀ. | .. | 71/92 | ਬਬੋਲੀ | ਕਿਸ਼ੋਰ ਰਾਮ | 25 | |
| 33. | ਐਸ. ਸੀ. | .. | 4270/92 | ਰਾਧੇ ਸ਼ਾਮ | ਧਰਮ ਚੰਦ | 25 | |
| 34. | ਐਸ. ਸੀ. | .. | 1787/96 | ਜੋਗਿੰਦਰ ਸਿੰਘ | ਸਾਧੂ ਸਿੰਘ | 25 | |
| 35. | ਐਸ. ਸੀ. | .. | 69/87 | ਜਗਰੂਪ ਸਿੰਘ | ਗੂਹੜਾ ਸਿੰਘ | 25 | |
| 36. | ਐਸ. ਸੀ. | .. | 1597/96 | ਮਿਲੂ ਸਿੰਘ | ਜੈ ਰਾਮ | 24 | |
| 37. | ਐਸ. ਸੀ. | .. | 986/96 | ਗੁਰਚਰਨ ਸਿੰਘ | ਪਿਆਰਾ ਸਿੰਘ | 24 | |
| 38. | ਓ. ਬੀ. ਸੀ. | .. | 142/96 | ਸੁਭਾਸ਼ ਚੰਦਰ | ਕੰਚਨ ਪ੍ਰਸਾਦ | 37 | |
| 39. | ਓ. ਬੀ. ਸੀ. | .. | 7/89 | ਬਲੌਰ ਸਿੰਘ | ਗੁਰਦਿਆਲ ਸਿੰਘ | 33 | |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| 40. | ਓ. ਬੀ. ਸੀ. | .. | 28/85 | ਹਰਫੂਲ ਸਿੰਘ | ਜੱਗਾ ਸਿੰਘ | 33 | |
| 41. | ਓ. ਬੀ. ਸੀ. | .. | 942/96 | ਬਲਵੰਤ ਸਿੰਘ | ਮੁੱਚਾ ਸਿੰਘ | 32 | |
| 42. | ਓ. ਬੀ. ਸੀ. | .. | 1197/96 | ਰਾਮ ਯਸ਼ | ਨੰਦ ਲਾਲ | 32 | |
| 43. | ਓ. ਬੀ. ਸੀ. | .. | 5439/86 | ਜਸਵਿੰਦਰ ਕੁਮਾਰ | ਰਾਜਾ ਰਾਮ | 32 | |
| 44. | ਓ. ਬੀ. ਸੀ. | .. | 1606/96 | ਪ੍ਰੀਤਮ ਕੌਰ | ਜਗੀਰ ਸਿੰਘ | 31 | |
| 45. | ਓ. ਬੀ. ਸੀ. | .. | 4368/92 | ਕੁਲਵਿੰਦਰ ਸਿੰਘ | ਮੂਲਾ ਸਿੰਘ | 31 | |
| 46. | ਓ. ਬੀ. ਸੀ. | .. | 2067/95 | ਮਲਕੀਤ ਸਿੰਘ | ਹਾਕਮ ਸਿੰਘ | 30 | |
| 47. | ਓ. ਬੀ. ਸੀ. | .. | 1545/96 | ਰਾਜ ਦੀਨ | ਕਾਕਾ ਦੀਨ | 30 | |
| 48. | ਓ. ਬੀ. ਸੀ. | .. | 1664/96 | ਵੀਰਪਾਲ | ਰਾਜ ਕੁਮਾਰ | 29 | |
| 49. | ਓ. ਬੀ. ਸੀ. | .. | 1616/96 | ਬਲੌਰ ਸਿੰਘ | ਕਰਤਾਰ ਸਿੰਘ | 25 | |
| 50. | ਖਿਡਾਰੀ | .. | 5259/96 | ਗੁਰਮੇਲ ਸਿੰਘ | ਰਾਮ ਸਰੂਪ | 32 | |
| 51. | ਅੰਗਹੀਣ | .. | 1834/86 | ਕੇਵਲ ਸਿੰਘ | ਕਰਮ ਸਿੰਘ | 37 | |
| 52. | ਅੰਗਹੀਣ | .. | 621/91 | ਰੂਪ ਸਿੰਘ | ਗੁਰਦਾਸ ਸਿੰਘ | 38 | (35) |
| 53. | ਅੰਗਹੀਣ | .. | 548/95 | ਸੁਖਵਿੰਦਰ ਸਿੰਘ | ਵੀਰ ਸਿੰਘ | 36 | |
| 54. | ਸਾਬਕਾ ਫੌਜੀ | .. | 3587/95 | ਸੁਖਦੇਵ ਸਿੰਘ | ਮਹਿੰਦਰ ਸਿੰਘ | 37 | |

Original with;
Punjab Vidhan Sabha
Digitized by;
Panjab Digital Library

| 1 | 2 | | 3 | 4 | 5 | 6 | 7 |
|---|---|---|---|---|---|---|---|
| 55. | ਸਾਬਕਾ ਫੌਜੀ | . . | 224/95 | ਬਲਜਿੰਦਰ ਸਿੰਘ | ਸੁਖਦੇਵ ਸਿੰਘ | 34 | |
| 56. | ਸਾਬਕਾ ਫੌਜੀ | . . | 129/96 | ਗੁਰਜੰਟ ਸਿੰਘ | ਹਰਨੇਕ ਸਿੰਘ | 33 | |
| 57 | ਸਾਬਕਾ ਫੌਜੀ | . . | 413 | ਹਰਦੇਵ ਸਿੰਘ | ਕੌਰ ਸਿੰਘ | 33 | |
| 58. | ਸਾਬਕਾ ਫੌਜੀ | . . | 874/93 | ਮਹਿਲ ਸਿੰਘ | ਕੇਹਰ ਸਿੰਘ | 33 | |
| 59. | ਸਾਬਕਾ ਫੌਜੀ | . . | .424 | ਗੁਲਜਾਰ ਸਿੰਘ | ਲਾਲ ਸਿੰਘ | 30 | |
| 60. | ਸਾਬਕਾ ਫੌਜੀ | . . | 84 | ਅਜੈਬ ਸਿੰਘ | ਈਸ਼ਰ ਸਿੰਘ | 30 | |
| 61. | ਸਾਬਕਾ ਫੌਜੀ | . . | 290 | ਦਸੌਂਦਾ ਸਿੰਘ | ਜਸਵੀਰ ਸਿੰਘ | 28 | |
| 62. | ਸਾਬਕਾ ਫੌਜੀ | . . | 307 | ਹਰਬੰਸ ਸਿੰਘ | ਤੇਜਾ ਸਿੰਘ | 28 | |
| 63. | ਸਾਬਕਾ ਫੌਜੀ | . . | 36/93 | ਦਰਸ਼ਨ ਸਿੰਘ | ਸੱਜਣ ਸਿੰਘ | 28 | |
| 64. | ਸਾਬਕਾ ਫੌਜੀ | . . | 3788/95 | ਮੰਗਲ ਸਿੰਘ | ਹਰਨੇਕ ਸਿੰਘ | 28 | |
| 65. | ਸਾਬਕਾ ਫੌਜੀ | . . | 8168/85 | ਤੇਜਾ ਸਿੰਘ | ਪਾਲਾ ਸਿੰਘ | 28 | |
| 66. | ਸਾਬਕਾ ਫੌਜੀ | . . | 1768/96 | ਅਜੈਬ ਸਿੰਘ | ਸੱਜਣ ਸਿੰਘ | 28 | |
| 67. | ਸਾਬਕਾ ਫੌਜੀ | . . | 1965/86 | ਕਰਨੈਲ ਸਿੰਘ | ਮੇਵਾ ਸਿੰਘ | 27 | |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 68. | ਜਨਰਲ | .. | 5780/89 | ਕਿਰਪਾਲ ਸਿੰਘ | ਮਹਿੰਦਰ ਸਿੰਘ | 39 |
| 69. | ਜਨਰਲ | .. | 5568/96 | ਸੁਖਦੇਵ ਸਿੰਘ | ਲਾਲ ਸਿੰਘ | 38 |
| 70. | ਜਨਰਲ | .. | 285/92 | ਕੁਲਦੀਪ ਸਿੰਘ | ਨਿਰੰਜਣ ਸਿੰਘ | 38 |
| 71. | ਜਨਰਲ | .. | 3458/88 | ਪਰਮਜੀਤ ਸਿੰਘ | ਲਹਿਣਾ ਸਿੰਘ | 38 |
| 72, | ਜਨਰਲ | .. | 1605/96 | ਬਸ਼ੀਰ ਮੁਹੰਮਦ | ਯੂਸਫ ਖਾਨ | 38 |
| 73. | ਜਨਰਲ | .. | 1373/89 | ਅਮਰਜੀਤ ਕੌਰ | ਚੂਹੜ ਸਿੰਘ | 37 |
| 74. | ਜਨਰਲ | .. | 665/95 | ਮਲਕੀਤ ਸਿੰਘ | ਤੇਜ ਸਿੰਘ | 37 |
| 75. | ਜਨਰਲ | .. | 6076/86 | ਬਲਦੇਵ ਸਿੰਘ | ਮੋਹਨ ਸਿੰਘ | 37 |
| 76. | ਜਨਰਲ | .. | 5739/89 | ਬਾਬੂ ਸਿੰਘ | ਜੀਤ ਸਿੰਘ | 37 |
| 77. | ਜਨਰਲ | .. | 5407/96 | ਸ਼ਿਵ ਕੁਮਾਰ | ਦੇਵਕੀ ਨੰਦਨ | 37 |
| 78. | ਜਨਰਲ | .. | 5535/95 | ਬਸੰਤ ਸਿੰਘ | ਕਰਨੈਲ ਸਿੰਘ | 37 |
| 79. | ਜਨਰਲ | .. | 494/96 | ਸੁਖਪਾਲ ਸਿੰਘ | ਬੱਗਾ ਸਿੰਘ | 37 |
| 80. | ਜਨਰਲ | .. | 1668/96 | ਮਲਕੀਤ ਸਿੰਘ | ਨਾਜਮ ਸਿੰਘ | 37 |
| 81. | ਜਨਰਲ | .. | 4632/84 | ਬੇਅੰਤ ਸਿੰਘ | ਜੱਗਾ ਸਿੰਘ | 36 |
| 82. | ਜਨਰਲ | .. | 3748/96 | ਜਗਜੀਤ ਸਿੰਘ | ਜਰਨੈਲ ਸਿੰਘ | 36 |

Original with;
Punjab Vidhan Sabha
Digitized by;
Panjab Digital Library

| 1 | 2 | | 3 | 4 | 5 | 6 | 7 |
|---|---|---|---|---|---|---|---|
| 83. | ਜਨਰਲ | .. | 5392/86 | ਜਵਾਹਰ ਸਿੰਘ | ਭਾਨ ਸਿੰਘ | 36 | |
| 84. | ਜਨਰਲ | .. | 1412/89 | ਅਮਰਜੀਤ ਸਿੰਘ | ਗੁਰਬਖਸ਼ ਸਿੰਘ | 36 | |
| 85. | ਜਨਰਲ | .. | 5260/96 | ਸਤਨਾਮ ਚੰਦ | ਧਰਮ ਚੰਦ | 36 | |
| 86. | ਜਨਰਲ | .. | 5337/96 | ਗੁਰਮੇਲ ਸਿੰਘ | ਬਲਦੇਵ ਸਿੰਘ | 36 | |
| 87. | ਜਨਰਲ | | 1000/96 | ਗੁਰਜੰਟ ਸਿੰਘ | ਮਾਹਲਾ ਸਿੰਘ | 36 | |
| 88. | ਜਨਰਲ | .. | 5440/96 | ਇੰਦਰਜੀਤ ਸਿੰਘ | ਵੀਰ ਸਿੰਘ | 36 | |
| 89. | ਜਨਰਲ | .. | 1608/96 | ਸੁਖਪਾਲ ਸਿੰਘ | ਮੇਜਰ ਸਿੰਘ | 36 | |
| 90. | ਜਨਰਲ | .. | 1306/96 | ਅਸ਼ੋਕ ਕੁਮਾਰ | ਰਮੇਸ਼ ਕੁਮਾਰ | 36 | |
| 91. | ਜਨਰਲ | .. | 1576/96 | ਅਨਿਲ ਕੁਮਾਰ | ਸੁਖਪਾਲ | 36 | |
| 92. | ਜਨਰਲ | .. | 45/96 | ਅਵਤਾਰ ਸਿੰਘ | ਗੁਰਜੰਟ ਸਿੰਘ | 35 | |
| 93. | ਜਨਰਲ | .. | 4387/91 | ਹਰਿੰਦਰ ਸਿੰਘ | ਰਘਬੀਰ ਸਿੰਘ | 35 | |
| 94. | ਜਨਰਲ | .. | 995/85 | ਸੁਖਦਰਸ਼ਨ ਸਿੰਘ | ਅਜੈਬ ਸਿੰਘ | 35 | |
| 95. | ਜਨਰਲ | .. | 5708/96 | ਚਰਨਜੀਤ ਸਿੰਘ | ਬਲਵੀਰ ਸਿੰਘ | 35 | |
| 96. | ਜਨਰਲ | .. | 8711/89 | ਹਰਜਿੰਦਰ ਸਿੰਘ | ਦਲੀਪ ਸਿੰਘ | 35 | |
| 97. | ਜਨਰਲ | .. | 1644/90 | ਪੌਲੂਸ | ਸੋਹਨ ਲਾਲ | 35 | |
| 98. | ਜਨਰਲ | .. | 1125/96 | ਹਰੀ ਚੰਦ | ਛਾਂਗਾ ਰਾਮ | 35 | |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 99. | ਜਨਰਲ | .. | 5316/96 | ਬਲਜਿੰਦਰ ਸਿੰਘ | ਜੈ ਭਗਵਾਨ | 35 |
| 100. | ਜਨਰਲ | .. | 1573/96 | ਗੁਰਮੀਤ ਸਿੰਘ | ਹਰਦਿਆਲ ਸਿੰਘ | 35 |
| 101. | ਜਨਰਲ | .. | 5281/96 | ਸੁਖਦੇਵ ਸਿੰਘ | ਬੂਟਾ ਸਿੰਘ | 35 |
| 102. | ਜਨਰਲ | .. | 1617/96 | ਜੀਵਨ ਲਾਲ | ਕਸਤੂਰੀ ਲਾਲ | 35 |
| 103. | ਜਨਰਲ | .. | 506/88 | ਰਾਮ ਬਹਾਦਰ | ਰਾਮ ਨਿਵਾਸ | 35 |
| 104. | ਜਨਰਲ | .. | 5601/96 | ਕਰਮਜੀਤ ਸਿੰਘ | ਮਹਿੰਦਰ ਸਿੰਘ | 35 |
| 105. | ਜਨਰਲ | .. | 548/95 | ਮੁਖਤਿਆਰ ਸਿੰਘ | ਸੰਜੇ ਸਿੰਘ | 35 |
| 106. | ਜਨਰਲ | . | 2350/95 | ਜਗਦੀਸ਼ ਕੁਮਾਰ | ਦੁਰਗਾ ਦਾਸ | 35 |
| 107. | ਜਨਰਲ | .. | 2401/90 | ਪਵਨ ਕੁਮਾਰ | ਕਪੂਰ ਚੰਦ | 34 |
| 108. | ਜਨਰਲ | .. | 5275/96 | ਰਾਮ ਚੰਦਰ | ਗੋਬਿੰਦ ਬਹਾਦਰ | 34 |
| 109. | ਜਨਰਲ | .. | 1246/96 | ਪਵਨ ਕੁਮਾਰ | ਸੋਹਣ ਲਾਲ | 34 |
| 110. | ਜਨਰਲ | .. | 1606/96 | ਮਾਤਾ ਪ੍ਰਸ਼ਾਦ | ਰਾਮ ਦੇਵ | 34 |
| 111. | ਜਨਰਲ | .. | 1598/90 | ਗੁਰਮੀਤ ਸਿੰਘ | ਮੁਨਸ਼ੀ ਸਿੰਘ | 34 |
| 112. | ਜਨਰਲ | .. | 3838/96 | ਜੋਗਿੰਦਰ ਸਿੰਘ | ਕ੍ਰਿਸ਼ਨ ਸਿੰਘ | 34 |
| 113. | ਜਨਰਲ | .. | 1322/96 | ਹਰੀ ਪ੍ਰਸ਼ਾਦ | ਭੋਲਾ ਨਾਥ | 34 |
| 114. | ਜਨਰਲ | .. | 1568/96 | ਭਗਵੰਤ ਸਿੰਘ | ਜਗੀਰ ਸਿੰਘ | 34 |
| 115. | ਜਨਰਲ. | .. | 1746/96 | ਸੱਤਪਾਲ | ਰਾਮ ਚੰਦਨ | 34 |

Original with;
Punjab Vidhan Sabha
Digitized by;
Panjab Digital Library

| 1 | 2 | | 3 | 4 | 5 | 6 | 7 |
|---|---|---|---|---|---|---|---|
| 116. | ਜਨਰਲ | .. | 1613/96 | ਸੁਖਮਿੰਦਰ ਸਿੰਘ | ਬਾਬੂ ਸਿੰਘ | 33 | |
| 117. | ਜਨਰਲ | .. | 5404/96 | ਚਮਕੌਰ ਸਿੰਘ | ਮਹਿੰਦਰ ਸਿੰਘ | 33 | |
| 118. | ਜਨਰਲ | .. | 5507/96 | ਕੇਵਲ ਸਿੰਘ | ਜਵਾਲਾ ਸਿੰਘ | 33 | |
| 119. | ਜਨਰਲ | .. | 1826/96 | ਤੇਜਿੰਦਰ ਸਿੰਘ | ਜਸਵੰਤ ਸਿੰਘ | 33 | |
| 120. | ਜਨਰਲ | .. | 1029/91 | ਸੁਰਜੀਤ ਸਿੰਘ | ਸਾਧੂ ਸਿੰਘ | 33 | |
| 121. | ਜਨਰਲ | .. | 5438/96 | ਗੁਰਤੇਜ ਸਿੰਘ | ਬਲਵੀਰ ਸਿੰਘ | 33 | |
| 122. | ਜਨਰਲ | .. | 1607/96 | ਹਰਦੇਵ ਸਿੰਘ | ਬਚਿੱਤਰ ਸਿੰਘ | 32 | |
| 123. | ਜਨਰਲ | .. | 5342/96 | ਆਤਮਾ ਸਿੰਘ | ਉਜਾਗਰ ਸਿਘ | 32 | |
| 124. | ਜਨਰਲ | .. | 2144/95 | ਜਤਿੰਦਰ ਕੁਮਾਰ | ਗੋਪੀ ਰਾਮ | 32 | |
| 125. | ਜਨਰਲ | .. | 1427/96 | ਰਾਜ ਕਲਾ | ਰਾਮ ਸੰਜੀਵਨ | 31 | |
| 126. | ਜਨਰਲ | .. | 5446/96 | ਲੀਲਾ ਦੇਵੀ | ਬਾਬਰ ਚੰਦ | 31 | |
| 127. | ਜਨਰਲ | .. | 1088/95 | ਕਾਂਤਾ | ਸ਼ਾਮ ਸੁੰਦਰ | 31 | |
| 128. | ਜਨਰਲ | .. | 446/94 | ਸੁਰਜੀਤ ਕੌਰ | ਭੋਲਾ ਸਿੰਘ | 31 | |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 129. | ਜਨਰਲ | .. | 1552/96 | ਰਾਜਾ ਸਿੰਘ | ਜੀਤ ਸਿੰਘ | 31 |
| 130. | ਜਨਰਲ | .. | 6553/94 | ਰੋਸ਼ਨ ਲਾਲ | ਬਾਰਾ ਸਿੰਘ | 31 |
| 131. | ਜਨਰਲ | .. | 1439/96 | ਬਲਵਾਨ ਸਿੰਘ | ਲਾਲਾ ਰਾਮ | 31 |
| 132. | ਜਨਰਲ | .. | 1391/96 | ਨਰੇਸ਼ ਸਿੰਘ | ਹਰਦਿਆਲ ਸਿੰਘ | 31 |
| 133. | ਜਨਰਲ | .. | 985/96 | ਭੰਤਾ ਸਿੰਘ | ਹਰਨੇਕ ਸਿੰਘ | 31 |
| 134. | ਜਨਰਲ | .. | 7195/94 | ਰਜੇਸ਼ | ਗੰਗਾ ਰਾਮ | 31 |
| 135. | ਜਨਰਲ | .. | 5208/96 | ਕਰਨ ਸਿੰਘ | ਪ੍ਰਤਾਪ ਸਿੰਘ | 30 |
| 136 | ਜਨਰਲ | .. | 1399/96 | ਬਲਵੀਰ ਸਿੰਘ | ਮਲਕੀਤ ਸਿੰਘ | 30 |
| 137. | ਜਨਰਲ | .. | 5482/96 | ਜਸਵੀਰ ਸਿੰਘ | ਜਗੀਰ ਸਿੰਘ | 30 |
| 138. | ਜਨਰਲ | .. | 5395/96 | ਜਗਜੀਤ ਸਿੰਘ | ਆਤਮਾ ਸਿੰਘ | 30 |
| 139. | ਜਨਰਲ | .. | 1580/96 | ਨਾਜਮ ਸਿੰਘ | ਨਛੱਤਰ ਸਿੰਘ | 30 |
| 140. | ਜਨਰਲ | .. | 1570/96 | ਜਸਵਿੰਦਰ ਸਿੰਘ | ਸ਼ੇਰ ਸਿੰਘ | 30 |
| 141. | ਜਨਰਲ | .. | 616/95 | ਬਲਵਿੰਦਰ ਸਿੰਘ | ਬੰਤਾ ਸਿੰਘ | 30 |
| 142. | ਜਨਰਲ | .. | 3057/87 | ਲੱਛਮੀ | ਸੋਹਨ ਲਾਲ | 30 |
| 143. | ਜਨਰਲ | .. | 5598/96 | ਸੁਖਦੀਪ ਸਿੰਘ | ਮਹਿੰਦਰ ਸਿੰਘ | 29 |
| 144. | ਜਨਰਲ | .. | 858/96 | ਲੱਛਮੀ | ਨਰੈਨ ਦਾਸ | 28 |

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਦੇਵ ਸਿੰਘ ਖਿਆਲਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੇਰੇ ਪ੍ਰਸ਼ਨ ਦਾ ਉਤਰ 'ਹਾਂ' ਵਿੱਚ ਦਿੱਤਾ ਹੈ, ਨਾਲ ਹੀ ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਹੁਣ ਤੱਕ ਉਸ ਅਫ਼ਸਰ ਦੇ ਖਿਲਾਫ਼ ਕੀ ਕਾਰਵਾਈ ਕੀਤੀ ਗਈ ਹੈ ? ਕੀ ਇਹ ਦੱਸਣ ਦੀ ਖੇਚਲ ਕਰਨਗੇ ?

**ਮੁੱਖ ਮੰਤਰੀ:** ਸਪੀਕਰ ਸਾਹਿਬ, ਉਸ ਅਫ਼ਸਰ ਨੂੰ ਸਸਪੈਂਡ ਕਰ ਦਿੱਤਾ ਹੈ ਤੇ ਉਸ ਦੇ ਖਿਲਾਫ਼ ਇਨਕੁਆਇਰੀ ਸ਼ੁਰੂ ਹੈ। (ਥੰਪਿੰਗ)

**ਸਰਦਾਰ ਬਲਦੇਵ ਸਿੰਘ ਖਿਆਲਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਉਸ ਕੁਰੱਪਟ ਅਫ਼ਸਰ ਨੂੰ ਸਸਪੈਂਡ ਕਰਕੇ ਬੜੀ ਮਹੱਤਵਪੂਰਨ ਗੱਲ ਕੀਤੀ ਹੈ ਅਤੇ ਜੋ ਪੰਜਾਬ ਦੇ ਲੋਕਾਂ ਨਾਲ ਵਚਨ ਕੀਤਾ ਸੀ ਉਸ ਨੂੰ ਪੂਰਾ ਕੀਤਾ ਹੈ। ਸਪੀਕਰ ਸਾਹਿਬ, ਉਸ ਅਫ਼ਸਰ ਨੇ 144 ਬੰਦੇ ਰੱਖੇ, ਉਨ੍ਹਾਂ ਦੇ ਪੂਰੇ ਐਡਰੈਸ ਨਹੀਂ ਦਿੱਤੇ ਗਏ। ਸੋ, ਇੱਕ ਤਾਂ ਉਹ ਐਡਰੈਸ ਦਿੱਤੇ ਜਾਣ। ਦੂਜਾ, ਉਹ ਬੜਾ ਛੋਟਾ ਅਫ਼ਸਰ ਸੀ। ਉਹ ਬਠਿੰਡੇ ਸੁਪਰਵਾਈਜ਼ਰ ਤੋਂ ਡੀ. ਈ. ਓ. ਬਣ ਗਿਆ ਔਰ ਉਸ ਨੇ ਪਿਛਲੇ ਸਮੇਂ ਦੇ ਦੌਰਾਨ ਬਹੁਤ ਸਾਰੇ ਪੈਸੇ ਇਕੱਠੇ ਕੀਤੇ। ਉਸ ਨੇ ਰਾਜਸਥਾਨ ਵਿੱਚ 100 ਕਿੱਲੇ ਜ਼ਮੀਨ ਬਣਾਈ ਅਤੇ ਚੌਕੇ ਪਿੰਡ ਵਿੱਚ 10 ਕਿੱਲੇ ਜ਼ਮੀਨ ਬਣਾਈ ਔਰ ਇਸ ਦੇ ਨਾਲ ਪਲਾਟ ਅਤੇ ਕੋਠੀਆਂ ਵੀ ਬਣਾਈਆਂ। ਕੀ ਉਸ ਦੇ ਖਿਲਾਫ਼ ਕਿਸੇ ਏਜੰਸੀ ਤੋਂ ਪੜਤਾਲ ਕਰਵਾਈ ਜਾਵੇਗੀ ਕਿ ਉਸ ਨੇ ਇੰਨਾ ਧਨ ਕਿਥੋਂ ਇਕੱਠਾ ਕੀਤਾ ?

**ਮੁੱਖ ਮੰਤਰੀ:** ਸਪੀਕਰ ਸਾਹਿਬ, ਹਰ ਚੀਜ਼ ਦਾ ਪ੍ਰੋਸੀਜਰ ਹੁੰਦਾ ਹੈ। ਐਮ. ਐਲ. ਏ. ਸਾਹਿਬ ਉਸ ਦੇ ਖਿਲਾਫ਼ ਸ਼ਿਕਾਇਤਾਂ ਆਪ ਲਿਖ ਕੇ ਦੇਣ ਜਾਂ ਕਿਸੇ ਹੋਰ ਤੋਂ ਲਿਖਾ ਕੇ ਦਿਵਾ ਦੇਣ, ਪੂਰੀ ਇਨਕੁਆਇਰੀ ਹੋਏਗੀ। ਜਿਸ ਤਰ੍ਹਾਂ ਵੀ ਇਨ੍ਹਾਂ ਦੀ ਤਸੱਲੀ ਹੋਏਗੀ, ਉਸ ਤਰ੍ਹਾਂ ਹੀ ਅਸੀਂ ਕਰਾਂਗੇ। ਉਸ ਦੇ ਵਾਸਤੇ ਜੋ ਵੀ ਮੈਟੀਰੀਅਲ ਹੈ, ਜਿਸ ਤਰ੍ਹਾਂ ਕਿਹਾ ਹੈ ਕਿ ਚੌਕੇ ਪਿੰਡ ਵਿੱਚ ਜ਼ਮੀਨ ਹੈ ਤੇ ਹੋਰ ਥਾਵਾਂ ਤੇ ਵੀ ਹੈ, ਉਹ ਸਾਰੀ ਗੱਲ ਲਿਖ ਕੇ ਭਿਜਵਾਉਣ, ਤਾਂ ਹੀ ਉਸ ਤੇ ਇਨਕੁਆਇਰੀ ਕਰਾਈ ਜਾਵੇਗੀ।

**ਸਰਦਾਰ ਬਲਦੇਵ ਸਿੰਘ ਖਿਆਲਾ:** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਦਾ ਬਹੁਤ ਧੰਨਵਾਦੀ ਹਾਂ, ਜੋ ਇਨ੍ਹਾਂ ਨੇ ਡਿਟੇਲ ਦਿੱਤੀ ਹੈ। ਲੇਕਿਨ ਇਲੈਕਸ਼ਨ ਦੇ ਸਮੇਂ ਕਿਸੇ ਵਿਸ਼ੇਸ਼ ਹਲਕੇ ਵਿਚ ਵੋਟਾਂ ਪੁਆਉਣ ਵਾਸਤੇ ਜਿਨ੍ਹਾਂ ਲੋਕਾਂ ਨੂੰ ਨੌਕਰੀ ਦਿਵਾਈ ਗਈ, ਉਨ੍ਹਾਂ ਦੇ ਪੂਰੇ ਐਡਰੈਸ ਨਹੀਂ ਆਏ। ਕਿਰਪਾ ਕਰਕੇ ਉਹ ਪੂਰੇ ਐਡਰੈਸ ਦਿਵਾ ਦੇਣਾ।

**ਮੁੱਖ ਮੰਤਰੀ:** ਪੂਰੇ ਐਡਰੈਸ ਦਿਵਾ ਦੇਵਾਂਗੇ ਜੀ।

**ਸਰਦਾਰ ਨੱਥਾ ਸਿੰਘ ਦਾਲਮ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਡੀ. ਈ. ਓ. (ਸੈਕੰਡਰੀ) ਨੇ 10 ਤਰੀਕ ਨੂੰ ਬਹੁਤ ਸਾਰੇ ਕਲਾਸ–4 ਮੁਲਾਜ਼ਮਾਂ ਨੂੰ ਭਰਤੀ ਕੀਤਾ ਹੈ। ਇਸੇ ਤਰ੍ਹਾਂ

Original with;
Punjab Vidhan Sabha
Digitized by;
Panjab Digital Library

ਹੋਰ ਵੀ ਬਹੁਤ ਸਾਰੇ ਅਫਸਰਾਂ ਦੇ ਖਿਲਾਫ ਇਸ ਤਰ੍ਹਾਂ ਭਰਤੀ ਦੀਆਂ ਸ਼ਿਕਾਇਤਾਂ ਹਨ। ਕੀ ਮੁੱਖ ਮੰਤਰੀ ਜੀ ਉਸ ਡੀ. ਈ. ਓ. ਦੇ ਖਿਲਾਫ ਵੀ ਕੋਈ ਐਕਸ਼ਨ ਲੈਣ ਨੂੰ ਤਿਆਰ ਹਨ ?

**ਸ੍ਰੀ ਸਪੀਕਰ:** ਤੁਸੀਂ ਸੈਪਰੇਟ ਕੁਐਸਚਨ ਦਿਉ। ਇਸ ਨੂੰ ਇਸ ਨਾਲ ਲਿੰਕ ਨਾ ਕਰੋ। Questions are over.

---

## UNSTARRED QUESTION AND ANSWER

### ਸਵਰਗਵਾਸੀ ਇੰਜੀਨੀਅਰਾਂ ਦੇ ਆਸ਼ਰਿਤਾਂ ਨੂੰ ਵਿੱਤੀ ਸਹਾਇਤਾ

21. **ਕਾਮਰੇਡ ਹਰਦੇਵ ਅਰਸ਼ੀ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ—

(ੳ) ਕੀ 1 ਜਨਵਰੀ, 1991 ਤੋਂ 31 ਦਸੰਬਰ, 1995 ਤੱਕ ਦੇ ਦੌਰਾਨ ਜ਼ਿਲ੍ਹਾ ਸੰਗਰੂਰ ਵਿਚ ਅੱਤਵਾਦੀਆਂ ਦੁਆਰਾ ਕੋਈ ਗੈਰ-ਪੰਜਾਬੀ ਇੰਜੀਨੀਅਰ ਮਾਰੇ ਗਏ ਸਨ ;

(ਅ) ਜੇਕਰ ਉਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਮ੍ਰਿਤਕਾਂ ਦੇ ਨਜਦੀਕੀ ਰਿਸ਼ਤੇਦਾਰਾਂ ਨੂੰ ਵਿੱਤੀ ਜਾ ਰਹੀ ਰਾਹਤ ਸਬੰਧੀ ਸ਼ਕਾਇਤਾਂ ਦੇ ਸਬੰਧ ਵਿਚ ਕੋਈ ਪ੍ਰਤਿ-ਬੇਨਤੀਆਂ ਅਜੇ ਵੀ ਫੈਸਲਾ ਕੀਤੇ ਬਗੈਰ ਪਈਆਂ ਹਨ, ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ-ਕੀ ਹਨ ਅਤੇ ਕਦੋਂ ਤੱਕ ਇਨ੍ਹਾਂ ਦੇ ਫੈਸਲੇ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ:** (ੳ) ਹਾਂ, ਸ੍ਰੀਮਾਨ ਜੀ।

(ਅ) ਹਾਂ, ਸ੍ਰੀਮਾਨ ਜੀ। ਅੱਤਵਾਦ ਦੌਰਾਨ ਮਾਰੇ ਗਏ ਗੈਰ-ਪੰਜਾਬੀ ਇੰਜੀਨੀਅਰਾਂ ਨਾਲ ਸਬੰਧਤ ਔਰਤਾਂ ਦੀਆਂ ਮਾਸਿਕ ਗੁਜ਼ਾਰਾ ਭੱਤਾ ਦੀ ਅਦਾਇਗੀ ਨਾਲ ਸਬੰਧਤ ਸ਼ਿਕਾਇਤਾਂ ਬਾਰੇ ਤਿੰਨ ਪ੍ਰਤੀ ਬੇਨਤੀਆਂ ਅੰਤਿਮ ਫੈਸਲੇ ਲਈ ਲੰਬਿਤ ਹਨ। ਵੇਰਵਾ ਹੇਠ ਅਨੁਸਾਰ ਹੈ :—

(1) ਪਹਿਲੇ ਕੇਸ ਵਿਚ ਸ੍ਰੀਮਤੀ ਓਮ. ਰਮਨ ਰਾਓ ਪਤਨੀ ਮ੍ਰਿਤਕ ਸ੍ਰੀ ਐਮ. ਵੀ. ਰਮਨ ਰਾਓ ਨੇ ਮਾਸਿਕ ਗੁਜ਼ਾਰਾ ਭੱਤਾ ਦਿੱਤੇ ਜਾਣ ਲਈ ਬੇਨਤੀ ਕੀਤੀ ਹੈ, ਜੋ ਕਿ ਉਸ ਨੂੰ ਇਸ ਕਰਕੇ ਨਹੀਂ ਦਿੱਤਾ ਗਿਆ ਕਿਉਂ ਜੋ ਉਹ ਬੰਬਈ ਵਿਖੇ ਇਕ ਪ੍ਰਾਈਵੇਟ ਸਕੂਲ ਵਿਚ ਬਤੌਰ ਟੀਚਰ ਕੰਮ ਕਰ ਰਹੀ ਹੈ ਤੇ 2,000 ਰੁਪਏ ਮਾਸਿਕ ਪ੍ਰਾਪਤ ਕਰ ਰਹੀ ਸੀ। ਉਸ ਦਾ ਕੇਸ ਪੰਜਾਬ ਸਰਕਾਰ ਦੇ ਗੁਜ਼ਾਰੇ ਭੱਤੇ ਬਾਰੇ ਨਿਯਮਾਂ ਦੇ ਘੇਰੇ ਅੰਦਰ ਨਹੀਂ ਆਉਂਦਾ ਜੋ ਕਿ ਮ੍ਰਿਤਕਾਂ ਦੇ ਪਰਿਵਾਰ ਦੇ ਗੁਜ਼ਾਰੇ ਲਈ ਬਣਾਏ ਗਏ ਹਨ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(2) ਦੂਸਰੇ ਕੇਸ ਵਿੱਚ ਮ੍ਰਿਤਕ ਸ਼੍ਰੀ ਸੁਰੇਸ਼ ਦੇ ਪਿਤਾ ਸ਼੍ਰੀ ਗੋਪਾਲ ਕ੍ਰਿਸ਼ਨ ਨੱਯਰ ਜੋ ਕਿ ਕੇਰਲਾ ਸਰਕਾਰ ਦਾ ਦਰਜਾ-4 ਸੇਵਾ ਨਵਿਰਤ ਕਰਮਚਾਰੀ ਹੈ ਅਤੇ ਪਹਿਲਾਂ ਹੀ 1493 ਰੁਪਏ ਮਾਸਿਕ ਪੈਨਸ਼ਨ ਪ੍ਰਾਪਤ ਕਰ ਰਿਹਾ ਹੈ । ਇਸ ਲਈ ਮ੍ਰਿਤਕ ਦੀ ਮਾਤਾ ਨੂੰ ਉਸ ਦੇ ਪੁੱਤਰ ਦੀ ਮੌਤ ਕਾਰਨ 1500 ਰੁਪਏ ਪ੍ਰਤੀ ਮਹੀਨਾ ਦੀ ਮਿਲਣਯੋਗ ਗੁਜ਼ਾਰੇ ਭੱਤੇ ਦੀ ਰਕਮ ਵਿਚੋਂ ਉਸ ਦੇ ਵਿਆਹੁਤਾ ਸਾਥੀ ਦੀ ਮਾਸਿਕ ਪੈਨਸ਼ਨ 1493 ਰੁਪਏ ਦੀ ਕਟੌਤੀ ਕਰਨ ਪਿੱਛੋਂ 7 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਗੁਜ਼ਾਰਾ ਭੱਤਾ ਦਿੱਤਾ ਜਾ ਰਿਹਾ ਹੈ ।

ਮਿਤੀ 1 ਜਨਵਰੀ, 1997 ਤੋਂ ਗੁਜ਼ਾਰਾ ਭੱਤਾ ਦੀ ਦਰ ਵਧਾ ਕੇ 2500 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਹੈ । ਇਸ ਲਈ, ਸ਼੍ਰੀਮਤੀ ਓਮਾ ਰਮਨ ਰਾਓ ਮਿਤੀ 1 ਜਨਵਰੀ, 1997 ਤੋਂ 500 ਰੁਪਏ ਪ੍ਰਤੀ ਮਹੀਨਾ ਪ੍ਰਾਪਤ ਕਰੇਗੀ ਅਤੇ ਸ਼੍ਰੀਮਤੀ ਨੱਯਰ ਨੂੰ 1007 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇਗਾ ।

(3) ਤੀਸਰੇ ਕੇਸ ਵਿਚ ਸ਼੍ਰੀਮਤੀ ਕਮਲੇਸ਼ ਨਾਥ ਪਤਨੀ ਮਰਹੂਮ ਸ਼੍ਰੀ ਜਤਿੰਦਰ ਨਾਥ ਨੂੰ 1500 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ 30 ਨਵੰਬਰ, 1996 ਤੱਕ ਗੁਜ਼ਾਰਾ ਭੱਤਾ ਅਦਾ ਕੀਤਾ ਜਾ ਚੁੱਕਿਆ ਹੈ । ਉਸ ਨੇ ਦੁਬਾਰਾ ਵਿਆਹ ਨਾ ਕਰਾਏ ਜਾਣ ਅਤੇ ਨਾ ਹੀ ਕਿਸੇ ਵਸੀਲੇ ਤੋਂ ਨਿਯਮਤ ਆਮਦਨ ਪ੍ਰਾਪਤ ਕੀਤੇ ਜਾਣ ਸਬੰਧੀ ਹਰੇਕ ਮਹੀਨੇ ਦਿਤੇ ਜਾਣ ਵਾਲੇ ਹਲਫ਼ਨਾਮੇ ਦੀ ਸ਼ਰਤ ਖਤਮ ਕੀਤੇ ਜਾਣ ਲਈ ਬੇਨਤੀ ਕੀਤੀ ਹੈ ।

ਉਕਤ ਮਾਮਲਿਆਂ ਤੇ ਬੜੀ ਸਰਗਰਮੀ ਨਾਲ ਵਿਚਾਰ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਕੇਸਾਂ ਬਾਰੇ ਜਲਦੀ ਫੈਸਲਾ ਲਏ ਜਾਣ ਦੀ ਉਮੀਦ ਹੈ ।

---

**ਮਾਸਟਰ ਮੋਹਨ ਲਾਲ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਰ, ਮੈਂ ਇਕ ਬਹੁਤ ਚਿੰਤਾ ਦਾ ਵਿਸ਼ਾ ਹਾਊਸ ਦੇ ਸਾਹਮਣੇ ਰੱਖ ਰਿਹਾ ਹਾਂ । ਮੈਂ ਇਸ ਬਾਰੇ ਇਕ ਕਾਲ ਅਟੈਂਸ਼ਨ ਮੋਸ਼ਨ ਵੀ ਦਿੱਤੀ ਸੀ ਕਿ 89 ਦਿਨਾਂ ਦੇ ਆਧਾਰ ਤੇ ਜਿਹੜੇ ਕਰਮਚਾਰੀ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਤਿੰਨ ਤਿੰਨ ਸਾਲ, ਚਾਰ-ਚਾਰ ਸਾਲ ਨੌਕਰੀ ਕਰਦਿਆਂ ਨੂੰ ਹੋ ਗਏ ਹਨ, ਲੀਡਰ ਆਫ ਦੀ ਹਾਊਸ ਮੌਜੂਦ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 89 ਡੇਜ਼ ਤੇ ਲੱਗੇ ਹੋਏ ਹਨ ਔਰ ਜਿਨ੍ਹਾਂ ਦੀ fate hanging in the air ਹੈ, ਉਨ੍ਹਾਂ ਨੂੰ ਚਿੰਤਾ ਹੈ ਕਿ ਨਵੀਂ ਭਰਤੀ ਹੋ ਗਈ ਹੈ ਤੇ ਉਨ੍ਹਾਂ ਦੀ ਛੁੱਟੀ ਕਰ ਦਿੱਤੀ ਜਾਏਗੀ । ਇੰਨੀ ਦੇਰ ਉਨ੍ਹਾਂ ਨੇ ਪੰਜਾਬ ਦੀ ਸੇਵਾ ਕੀਤੀ ਹੈ ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਦੀ ਕਿਸਮਤ ਦੇ ਨਾਲ ਸਰਕਾਰ ਕਿਤੇ ਮਜ਼ਾਕ ਤਾਂ ਨਹੀਂ ਕਰੇਗੀ ? ਕਿੰਨੇ ਸਾਲ ਉਨ੍ਹਾਂ ਨੇ ਪੰਜਾਬ ਸਰਕਾਰ ਦੀ ਸੇਵਾ ਕੀਤੀ ਹੈ, 89 ਡੇਜ਼

Original with;
Punjab Vidhan Sabha
Digitized by;
Panjab Digital Library

ਤੇ ਕੰਮ ਕੀਤਾ ਹੈ, ਕਿਤੇ ਹੁਣ ਉਨ੍ਹਾਂ ਨੂੰ ਕੱਢ ਤੇ ਨਹੀਂ ਦਿੱਤਾ ਜਾਏਗਾ ? ਮੈਂ ਚਾਹੁੰਦਾ ਹਾਂ ਕਿ ਲੀਡਰ ਆਫ ਦੀ ਹਾਊਸ ਇਸ ਦੇ ਮੁਤੱਲਕ ਸਾਰੇ ਹਾਊਸ ਦੀ ਚਿੰਤਾ ਨਾਲ ਆਪਣੇ ਵਿਚਾਰ ਸਾਂਝੇ ਕਰਨ ।

---

## POINTS OF ORDER RE-PUNJAB KHADI BOARD, ANGANWADI WORKERS AND ROADS AND REPLY THEREON BY THE CHIEF MINISTER

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** . ਸਪੀਕਰ ਸਾਹਿਬ, ਦੋ ਤਿੰਨ ਬੜੀਆਂ ਮਹੱਤਵਪੂਰਨ ਗੱਲਾਂ ਮੈਂ ਇਸ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ । ਪਹਿਲੀ ਗੱਲ ਦਾ ਸਬੰਧ ਸਾਡੀ ਸਟੇਟ ਦੇ ਹਿੱਤ ਵਿੱਚ ਹੈ । ਪੰਜਾਬ ਖਾਦੀ ਬੋਰਡ ਬਣਿਆ ਲੇਕਿਨ ਉਸ ਖਾਦੀ ਬੋਰਡ ਦੀ ਐਡਮਨਿਸਟ੍ਰੇਸ਼ਨ ਦਾ ਖਰਚਾ ਰਾਜ ਸਰਕਾਰ ਦਿੰਦੀ ਹੈ । ਜਿਹੜਾ ਪੈਸਾ ਸਟੇਟ ਦੀਆਂ ਸਕੀਮਾਂ ਦੇ ਤਹਿਤ ਆਉਂਦਾ ਹੈ, ਉਹ ਕਰੋੜਾਂ ਰੁਪਿਆ ਗੌਰਮਿੰਟ ਆਫ ਇੰਡੀਆ ਤੋਂ ਆਉਂਦਾ ਹੈ । ਸਾਡੀ ਸਟੇਟ ਨੂੰ ਪੈਸੇ ਦੀ ਬਹੁਤ ਲੋੜ ਹੈ । ਜਿਹੜਾ ਪੈਸਾ ਸਾਡੀ ਸਟੇਟ ਦੇ ਕੋਲ ਆਉਂਦਾ ਹੈ ਉਹ ਸਾਡੀ ਸਟੇਟ ਦੇ ਵਿੱਚ ਡਿਫਰੈਂਟ ਹੈੱਡਾਂ ਦੇ ਥੱਲੇ ਖਰਚ ਹੁੰਦਾ ਹੈ, ਇੰਡਸਟਰੀ ਵਿੱਚ ਖਰਚ ਹੁੰਦਾ ਹੈ । ਇਹ ਪੈਸਾ ਹਰ ਹਾਲਤ ਦੇ ਵਿੱਚ ਸਟੇਟ ਦੇ ਲਈ ਖਰਚ ਹੋਣਾ ਚਾਹੀਦਾ ਹੈ ਜੇਕਰ ਇਹ ਪੈਸਾ ਖਰਚ ਨਾ ਕੀਤਾ ਗਿਆ ਤਾਂ ਇਹ ਲੈਪਸ ਹੋ ਜਾਣਾ ਹੈ ਅਤੇ ਅੱਗੇ ਲਈ ਵੀ ਕੱਟਿਆ ਜਾਣਾ ਹੈ । ਮੇਰੇ ਧਿਆਨ ਵਿੱਚ ਆਇਆ ਹੈ ਕਿ 600-700 ਚੈਕ ਪੰਜਾਬ ਖਾਦੀ ਬੋਰਡ ਦੇ ਰੋਕੇ ਗਏ ਹਨ ਜਿਨ੍ਹਾਂ ਦੀ ਰਕਮ ਕਰੋੜਾਂ ਰੁਪਿਆ ਬਣਦੀ ਹੈ, ਉਹ 31 ਮਾਰਚ ਤੱਕ ਜੇ ਨਾ ਦਿਤੇ ਤਾਂ ਉਹ ਸਾਰੇ ਪੈਸੇ ਲੈਪਸ ਹੋ ਜਾਣੇ ਹਨ । ਉਥੇ ਦੋ ਤਿੰਨ ਸੌ ਬੰਦਿਆਂ ਨੇ ਧਰਨਾ ਵੀ ਦਿਤਾ ਹੈ ਸ਼ਾਇਦ ਇਹ ਸੀ. ਐਮ. ਸਾਹਿਬ ਦੇ ਨੋਟਿਸ ਵਿੱਚ ਵੀ ਹੋਵੇ ਜੇ ਨੋਟਿਸ ਵਿਚ ਨਹੀਂ ਵੀ ਆਇਆ ਤਾਂ ਵੀ ਮੈਂ ਬੇਨਤੀ ਕਰਦੀ ਹਾਂ ਕਿ ਉਹ ਸਪੈਸ਼ਲ ਤਵੱਜੋਂ ਦੇ ਕੇ ਖਾਦੀ ਬੋਰਡ ਦੇ ਫੰਡਾਂ ਨੂੰ ਲੈਪਸ ਹੋਣ ਤੋਂ ਬਚਾਉਣ ।

ਦੂਸਰੀ ਗੱਲ ਮੈਂ ਇਹ ਕਹਿਣਾ ਚਾਹੁੰਦੀ ਹਾਂ ਜਿਸ ਦਾ ਕੱਲ੍ਹ ਵੀ ਵੇਰਵਾ ਆਇਆ ਸੀ ਕਿ ਆਂਗਨਵਾੜੀ ਲੜਕੀਆਂ ਦੀ 200 ਰੁਪਏ ਤਨਖਾਹ ਵਧਾਈ ਹੈ, ਉਸਦੀ ਨੋਟੀਫਿਕੇਸ਼ਨ ਵੀ ਹੋ ਚੁੱਕੀ ਹੈ, ਆਰਡਰ ਇਸ਼ੂ ਵੀ ਹੋ ਚੁੱਕੇ ਹਨ । ਇਹ ਵੀ ਬੜੀ ਗਲਤ ਫਹਿਮੀ ਹੈ ਕਿ ਇਹ ਪਿਛਲੀ ਸਰਕਾਰ ਨੇ ਬੰਦ ਕੀਤੀ ਹੈ । ਪਿਛਲੀ ਸਰਕਾਰ ਨੇ ਤਾਂ ਵਾਧਾ ਕੀਤਾ, ਆਰਡਰ ਇਸ਼ੂ ਕੀਤੇ ਨੋਟੀਫਿਕੇਸ਼ਨ ਕੀਤੀ ਹੈ ਅਤੇ ਉਨ੍ਹਾਂ ਨੂੰ ਤਨਖਾਹਾਂ ਦਿੱਤੀਆਂ ਹਨ । ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਬਕਾਇਆ ਤਨਖਾਹ ਦਿੱਤੀ ਜਾਣੀ ਚਾਹੀਦੀ ਹੈ ਔਰ ਅਨ-ਨਸੈਸਰਲੀ ਉਨ੍ਹਾਂ ਵਿੱਚ ਰੋਸ ਨਹੀਂ ਪੁਆਉਣਾ ਚਾਹੀਦਾ ।

ਤੀਸਰੀ ਤੇ ਆਖਰੀ ਗੱਲ ਮੈਂ ਕਹਿੰਦੀ ਹਾਂ ਕਿ ਪਿਛਲੇ ਸਮੇਂ ਦੇ ਵਿੱਚ ਡਿਫਰੈਂਟ ਕੰਮਾਂ ਔਰ ਖਾਸ ਕਰਕੇ ਸੜਕਾਂ ਦੇ ਲਈ ਕੁਝ ਪੈਸੇ ਦਿੱਤੇ ਗਏ ਸਨ ਔਰ ਉਨ੍ਹਾਂ ਦਾ ਕੰਮ ਵੀ ਸ਼ੁਰੂ ਹੋ ਗਿਆ ਸੀ । ਟੈਂਡਰ ਹੋ ਗਏ ਔਰ ਪੈਸੇ ਜਮ੍ਹਾਂ ਹੋ ਗਏ ਕਾਫੀ ਕੁਝ ਹੋਇਆ । ਹੁਣ ਇਹ ਕੰਮ ਬੰਦ ਪਿਆ ਹੈ । ਮੈਂ ਸੀ. ਐਮ. ਸਾਹਿਬ ਨੂੰ ਬੇਨਤੀ ਕਰਦੀ ਹਾਂ ਕਿ ਅਨਨਸੈਸਰਲੀ ਸਾਰੇ ਪੰਜਾਬ ਦੇ ਲੋਕਾਂ ਵਿੱਚ ਇਸ ਬਾਰੇ ਰੋਸ ਨਹੀਂ ਪੁਆਇਆ ਜਾਣਾ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਰਾਜਿੰਦਰ ਕੌਰ ਭੱਠਲ]

ਚਾਹੀਦਾ ਕਿਉਂਕਿ ਇਨ੍ਹਾਂ ਦੇ ਬਣਨ ਨਾਲ ਸਾਰੇ ਪੰਜਾਬ ਨੂੰ ਫਾਇਦਾ ਹੈ । ਇਸ ਲਈ ਇਨ੍ਹਾਂ ਸੜਕਾਂ ਦੇ ਲਈ ਮੱਦਦ ਦਿੱਤੀ ਜਾਣੀ ਚਾਹੀਦੀ ਹੈ । ਇਨ੍ਹਾਂ ਤਿੰਨਾਂ ਗੱਲਾਂ ਦੇ ਉਤੇ ਖਾਸ ਤੌਰ ਤੇ ਤੱਵਜੋ ਦੇ ਕੇ ਇਸ ਦੇ ਉਤੇ ਨਿਰਪੱਖ ਫੈਸਲਾ ਲਿਆ ਜਾਣਾ ਚਾਹੀਦਾ ਹੈ ।

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ): ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜ਼ੀਸ਼ਨ ਨੇ ਦੋ ਤਿੰਨ ਸਵਾਲ ਉਠਾਏ ਹਨ । ਪਹਿਲਾਂ ਮੈਂ ਖਾਦੀ ਬੋਰਡ ਦੇ ਜਿਹੜੇ ਪੈਂਡਿੰਗ ਚੈਕ ਪਏ ਹਨ ਉਨ੍ਹਾਂ ਦੇ ਸਬੰਧ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇੰਸਟਰੱਕਸ਼ਨਾਂ ਦੇ ਦਿੱਤੀਆਂ ਹਨ ਕਿ ਜਿਹੜੇ ਪੈਸੇ ਆਏ ਹਨ, ਇਹ ਸਾਰੇ ਦੇ ਸਾਰੇ ਜਿਨ੍ਹਾਂ ਕੰਮਾਂ ਵਾਸਤੇ ਆਏ ਹਨ, ਉਨ੍ਹਾਂ ਨੂੰ ਮਿਲ ਜਾਣਗੇ । ਇਸ ਬਾਰੇ ਅਸੀਂ ਕੱਲ੍ਹ ਹੀ ਇੰਸਟ੍ਰਕਸ਼ਨਾਂ ਦਿੱਤੀਆਂ ਹਨ । (ਥੰਪਿੰਗ)

ਦੂਸਰਾ ਆਂਗਨਵਾੜੀ ਵਰਕਰ ਜਿਹੜੀਆਂ ਹਨ ਉਨ੍ਹਾਂ ਦੀ ਜਿਹੜੀ 400 ਤੋਂ 600 ਤੱਕ ਤਨਖਾਹ ਵਧਾਉਣੀ ਹੈ, ਮੈਂ ਕੱਲ੍ਹ ਵੀ ਜਵਾਬ ਦਿੱਤਾ ਸੀ ਕਿ ਅਸੀਂ ਇਸ ਦੇ ਉਤੇ ਬੜੀ ਹਮਦਰਦੀ ਦੇ ਨਾਲ ਗੌਰ ਕਰ ਰਹੇ ਹਾਂ ਔਰ ਉਸਦਾ ਜਲਦੀ ਹੀ ਨਿਰਣਾ ਲੈ ਲਿਆ ਜਾਵੇਗਾ ।

ਜਿਥੋਂ ਤੱਕ ਰੋਡਜ਼ ਦਾ ਸਵਾਲ ਹੈ, ਸਪੀਕਰ ਸਾਹਿਬ, ਮੈਂ ਸਚਾਈ ਨਾਲ ਕਹਿੰਦਾ ਹਾਂ ਕਿ ਜਿਸ ਦੇ ਹੱਥ ਵਿੱਚ ਤਾਕਤ ਆ ਜਾਂਦੀ ਹੈ. ਉਸ ਦਾ ਸਾਰਾ ਧਿਆਨ ਆਪਣੇ ਹਲਕੇ ਜਾਂ ਆਪਣੇ ਦੋਸਤਾਂ ਵੱਲ ਹੁੰਦਾ ਹੈ ਅਤੇ ਉਹ ਉਨ੍ਹਾਂ ਲਈ ਖਰਚ ਕਰਦਾ ਹੈ । ਇੱਕ ਇੱਕ ਮੈਂਬਰ ਨੇ ਸਾਰੇ ਪੈਸੇ ਮੈਂ ਨਾਮ ਤਾਂ ਨਹੀਂ ਲੈਣਾ, 50% ਖਰਚਾ ਆਪਣੇ ਹਲਕੇ ਦੇ ਵਿੱਚ ਕਰ ਦਿੱਤਾ ਹੈ । ਲੇਕਿਨ ਮੈਂ ਵਿੰਡਿਕਟਿਵ ਨੇਚਰ ਦੇ ਨਾਲ ਨਹੀਂ ਚਲਣਾ ਚਾਹੁੰਦਾ । ਲੋਕਾਂ ਦਾ ਪੈਸਾ ਹੈ ਸਭ ਨੂੰ ਇਸ ਦਾ ਫਾਇਦਾ ਹੋਣਾ ਚਾਹੀਦਾ ਹੈ । ਇਸ ਦੇ ਉਤੇ ਅਸੀਂ ਵਿਚਾਰ ਕਰ ਰਹੇ ਹਾਂ । ਜਿਥੋਂ ਤੱਕ ਬਹੁਤ ਜਿਆਦਾ ਜ਼ਿਆਦਤੀ ਹੋਈ ਹੈ ਉਸ ਦੇ ਉਤੇ ਅਸੀਂ ਫੈਸਲਾ ਕਰਾਂਗੇ, ਲੇਕਿਨ ਜਿਹੜੀ ਜਾਇਜ਼ ਗੱਲ ਹੋਈ ਹੈ ਉਸ ਤੇ ਨਹੀਂ । ਜਿਥੇ ਅਲਾਰਮਿੰਗ ਇਨਜਸਟਿਸ ਹੋਇਆ ਹੈ, ਉਥੇ ਅਸੀਂ ਜ਼ਰੂਰ ਐਕਸ਼ਨ ਲਵਾਂਗੇ ।

**ਕਾਮਰੇਡ ਹਰਦੇਵ ਅਰਸ਼ੀ**, ਸਪੀਕਰ ਸਾਹਿਬ, ਸੀ. ਐਮ ਸਾਹਿਬ ਨੇ ਜੋ ਸੜਕਾਂ ਬਾਰੇ ਗੱਲ ਕੀਤੀ ਹੈ ਉਸ ਦੇ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ । ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਜਿਥੇ ਜਿਆਦਾ ਜ਼ਿਆਦਤੀ ਹੋਈ ਹੈ ਉਸ ਤੇ ਅਸੀਂ ਐਕਸ਼ਨ ਲਵਾਂਗੇ ਲੇਕਿਨ ਜਿਥੇ ਸਾਰਾ ਕੰਮ ਹੋ ਗਿਆ, ਟੈਂਡਰ ਕਾਲ ਹੋ ਗਏ, ਪੈਸੇ ਜਮ੍ਹਾਂ ਹੋ ਗਏ, ਉਹ ਜ਼ਰੂਰ ਕੰਮ ਹੋਣਾ ਚਾਹੀਦਾ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਪੰਜਾਬ ਸਰਕਾਰ ਨੇ ਮਾਲਟਾ ਕਿਸ਼ਤੀ ਦੇ ਹਾਦਸੇ ਦੇ ਨਾਲ ਸਬੰਧਤ ਪਰਿਵਾਰਾਂ ਨੂੰ ਤੁਰੰਤ ਰਾਹਤ ਦੇਣ ਦਾ ਐਲਾਨ ਕੀਤਾ ਸੀ, ਪੈਸਾ ਸਟੇਟ ਵਲੋਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਭੇਜਿਆ ਗਿਆ । ਇਸ ਦੇ ਵਿੱਚ ਇੱਕ ਦਿੱਕਤ ਆ ਰਹੀ ਹੈ ਉਹ ਇਹ ਹੈ ਕਿ ਉਹ ਮੌਤ ਦਾ ਸਰਟੀਫਿਕੇਟ

Original with;
Punjab Vidhan Sabha
Digitized by;
Panjab Digital Library

ਮੰਗਦੇ ਹਨ ਜੋ ਕਿ ਸੰਭਵ ਨਹੀਂ ਹੈ, ਕਿਉਂਕਿ ਉਹ ਵਿਚਾਰੇ ਜਦੋਂ ਸਮੁੰਦਰ ਵਿੱਚ ਡੁੱਬ ਹੀ ਗਏ ਤਾਂ ਇਸ ਤਰ੍ਹਾਂ ਉਹ ਮੌਤ ਦਾ ਸਰਟੀਫਿਕੇਟ ਕਿਵੇਂ ਪੇਸ਼ ਕਰ ਸਕਦੇ ਹਨ ਅਤੇ ਇਸ ਵਿੱਚ ਹੋਰ ਵੀ ਕਈ ਤਰ੍ਹਾਂ ਦੀਆਂ ਟੈਕਨੀਕਲ ਮਜਬੂਰੀਆਂ ਆ ਰਹੀਆਂ ਹਨ ਜਿਸ ਕਾਰਨ ਉਨ੍ਹਾਂ ਪੀੜਤ ਪਰਿਵਾਰਾਂ ਨੂੰ ਪੈਸਾ ਨਹੀਂ ਮਿਲ ਰਿਹਾ। ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਪੀੜਤ ਪਰਿਵਾਰਾਂ ਨੂੰ ਤੁਰੰਤ ਪੈਸਾ ਮਿਲਣਾ ਚਾਹੀਦਾ ਹੈ ਤਾਂ ਕਿ ਪੀੜਤ ਪਰਿਵਾਰਾਂ ਨੂੰ ਰਾਹਤ ਮਿਲ ਸਕੇ। ਇਸ ਦਾ ਕੋਈ ਨਾ ਕੋਈ ਵਾਇਆ ਮੀਡੀਆ ਕੱਢਿਆ ਜਾਵੇ। ਪੀੜਤ ਪਰਿਵਾਰਾਂ ਨੂੰ ਕੋਈ ਹਰਾਸਮੈਂਟ ਨਾ ਹੋਵੇ ਅਤੇ ਜੋ ਉਨ੍ਹਾਂ ਨੂੰ ਰਾਹਤ ਦੇਣੀ ਬਣਦੀ ਹੈ, ਉਹ ਉਨ੍ਹਾਂ ਨੂੰ ਜ਼ਰੂਰ ਮਿਲਣੀ ਚਾਹੀਦੀ ਹੈ।

**ਸਰਦਾਰ ਬਲਦੇਵ ਸਿੰਘ ਖਿਆਲਾ**: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅਸੀਂ ਪੰਜਾਬ ਦੇ ਲੋਕਾਂ ਨਾਲ ਵਚਨਬੱਧ ਹੋਏ ਸੀ ਕਿ ਪਿਛਲੀ ਸਰਕਾਰ ਨੇ ਜਿੰਨੇ ਗਲਤ ਕੰਮ ਕੀਤੇ ਹੋਣਗੇ ਅਸੀਂ ਉਨ੍ਹਾਂ ਦੀ ਪੜਤਾਲ ਕਰਾਂਗੇ, ਉਨ੍ਹਾਂ ਨੂੰ ਰੱਦ ਕਰਕੇ ਲੋਕਾਂ ਨੂੰ ਇਨਸਾਫ ਦਿਵਾਵਾਂਗੇ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਜਿਹੜੇ ਲੋਕਾਂ ਨੂੰ ਪਹਿਲਾਂ 89 ਦਿਨਾਂ ਲਈ ਪੈਸਾ ਲੈ ਕੇ ਲਗਾਇਆ ਗਿਆ ਸੀ, ਉਸ ਤੋਂ ਬਾਅਦ ਇੰਟਰਵਿਊ ਦੌਰਾਨ ਹੋਰ ਲੋਕਾਂ ਨੂੰ ਲਗਾ ਦਿੱਤਾ ਗਿਆ ਉਨ੍ਹਾਂ ਤੋਂ ਵੀ ਪੈਸੇ ਲਏ ਗਏ। ਖਾਦੀ ਬੋਰਡ ਦੀ ਗੱਲ ਲੈ ਲਤੋ। ਉਸ ਵਿੱਚ 20% ਘਾਲਾ ਮਾਲਾ ਕਰਵਾਇਆ ਗਿਆ। ਇਹ ਸਭ ਘਾਲੇ ਮਾਲੇ ਵੱਡੇ ਲੋਕਾਂ ਵੱਲੋਂ ਕਰਵਾਏ ਗਏ ਹਨ। ਇਹ ਸਭ ਦੀ ਪੜਤਾਲ ਹੋਣੀ ਚਾਹੀਦੀ ਹੈ। ਨਿਯੁਕਤੀਆਂ ਲਈ ਲੋਕਾਂ ਤੋਂ ਦੋ ਵਾਰੀ ਪੈਸਾ ਲਿਆ ਗਿਆ। ਇਸ ਵਿੱਚ 89 ਦਿਨ ਵਾਲੇ ਅਧਿਆਪਕ ਅਤੇ ਕੰਪਾਊਡਰ ਹਨ। ਇਹ ਇਕ ਮਹੱਤਵਪੂਰਨ ਗੱਲ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੇ ਖਿਲਾਫ ਬੜੇ ਵੱਡੇ ਅਫਸਰ ਨੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨੂੰ ਚਿੱਠੀ ਲਿਖੀ ਹੈ। ਉਸ ਨੇ ਲਿਖਿਆ ਹੈ ਕਿ ਗਲਤ ਕੰਮ ਕਰਨ ਵਾਸਤੇ ਮੇਰੀ ਗਲਤ ਵਰਤੋਂ ਕਰਨੀ ਚਾਹੀ ਪਰ ਮੈਂ ਗਲਤ ਕੰਮ ਨਹੀਂ ਕੀਤਾ। ਹੁਣ ਮੇਰੇ ਖਿਲਾਫ ਸਾਜ਼ਿਸ਼ ਕਰਕੇ ਕੇਸ ਬਣਾ ਦਿੱਤਾ ਹੈ। ਇਸ ਦੀ ਪੜਤਾਲ ਕਰਾਈ ਜਾਵੇ। ਅਖਬਾਰਾਂ ਵਿੱਚ ਸਾਬਕਾ ਮੁੱਖ ਮੰਤਰੀ ਦੇ ਖਿਲਾਫ ਛਪਿਆ ਸੀ ਕਿ ਉਹ ਜੇਲ੍ਹਾਂ ਵਿੱਚ ਜਾ ਕੇ ਅੱਤਵਾਦੀਆਂ ਨੂੰ ਮਿਲਦੇ ਰਹੇ, ਹਾਲ ਚਾਲ ਪੁੱਛਦੇ ਰਹੇ। ਇਸ ਦੀ ਪੜਤਾਲ ਕਰਵਾਉਣੀ ਚਾਹੀਦੀ ਹੈ। (ਥੰਪਿੰਗ) ਨਿਯੁਕਤੀਆਂ ਰੱਦ ਹੋਣੀਆਂ ਚਾਹੀਦੀਆਂ ਹਨ, ਇਹ ਮੇਰੀ ਮੁੱਖ ਮੰਤਰੀ ਜੀ ਨੂੰ ਬੇਨਤੀ ਹੈ।

**ਸਰਦਾਰ ਮਹੇਸ਼ਇੰਦਰ ਸਿੰਘ**: ਸਪੀਕਰ ਸਾਹਿਬ, ਜੋ ਖਿਆਲਾ ਜੀ ਨੇ ਗੱਲ ਕੀਤੀ ਹੈ ਇਹ ਪਾਇਨੀਅਰ ਪੇਪਰ ਜੋ ਨਵੀਂ ਦਿੱਲੀ ਤੋਂ ਛੱਪਦਾ ਹੈ ਉਸ ਵਿਚ ਪੰਜਾਬ ਦੇ ਇਕ ਬਹੁਤ ਸੀਨੀਅਰ ਆਈ. ਏ. ਐਸ. ਅਫਸਰ ਨੇ ਲੇਖ ਲਿਖ ਕੇ ਐਲੀਗੇਸ਼ਨ ਲਗਾਏ ਹਨ ਕਿ ਸਾਬਕਾ ਮੁੱਖ ਮੰਤਰੀ ਅਤੇ ਚੀਫ ਸੈਕ੍ਰੇਟਰੀ ਨੇ ਗਲ ਵਿੱਚ ਅੰਗੂਠਾ ਦੇ ਕੇ ਮੇਰੇ ਕੋਲੋਂ ਇਹ ਗਲਤ ਕੰਮ ਕਰਵਾਉਣਾ ਚਾਹਿਆ ਪਰ ਮੈਂ ਕਿਹਾ ਮੇਰੇ ਕੋਲੋਂ ਨਹੀਂ ਹੋ

Original with; Punjab Vidhan Sabha Digitized by; Panjab Digital Library

[ਸਰਦਾਰ ਮਹੇਸ਼ਇੰਦਰ ਸਿੰਘ]

ਸਕਦਾ । ਇਸ ਸਭ ਦੀ ਥਾਰੋਲੀ ਇਨਕੁਆਇਰੀ ਕਰਾਈ ਜਾਵੇ । ਹਰ ਮੈਟਰ ਦੀ ਇਨਕੁਆਇਰੀ ਕੀਤੀ ਜਾਵੇ । ਇਹ ਚਿੰਤਾਜਨਕ ਗੱਲ ਹੈ ਕਿ ਪੁਲੀਟੀਕਲ ਪਰਪਜ਼ ਲਈ ਆਫੀਸ਼ੀਅਲ ਗਰੁੱਪਸ ਨੂੰ ਐਕਸਪਲਾਇਟ ਕੀਤਾ ਜਾਵੇ । ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ।

**ਸ਼੍ਰੀ ਸਪੀਕਰ**: ਮਹੇਸ਼ਇੰਦਰ ਜੀ, ਤੁਸੀਂ ਇਹ ਲਿਖ ਕੇ ਭੇਜ ਦੇਣਾ । (ਵਿਘਨ) (ਇਸ ਸਮੇਂ ਟਰੈਜ਼ਰੀ ਬੈਂਚਿਜ਼ ਦੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਇਨਕੁਆਇਰੀ ਕਰਾਉਣ ਲਈ ਹਾਊਸ ਦੀ ਕਮੇਟੀ ਬਣਾਏ ਜਾਣ ਦੀ ਮੰਗ ਕਰ ਰਹੇ ਸਨ ।)

**ਸ਼੍ਰੀ ਸਪੀਕਰ**: ਜਦੋਂ ਮੈਂ ਖੜ੍ਹਾ ਹਾਂ ਕਿਰਪਾ ਕਰਕੇ ਤੁਹਾਨੂੰ ਬੈਠ ਜਾਣਾ ਚਾਹੀਦਾ ਹੈ । ਤੁਸੀਂ ਠੀਕ ਤਰੀਕੇ ਨਾਲ ਚੱਲੋ । ਜੋ ਤੁਹਾਡੇ ਗਰੀਵੈਂਸਿਜ਼ ਹਨ ਉਨ੍ਹਾਂ ਵਿੱਚ ਜੋ ਗੱਲ ਜ਼ਰੂਰੀ ਹੈ ਉਹ ਤੁਸੀਂ ਲਿਖਤੀ ਤੌਰ ਤੇ ਬਾਦਲ ਸਾਹਿਬ ਨੂੰ ਦੇ ਦਿਓ, ਉਹ ਹੱਲ ਕੱਢਣਗੇ ।

**ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ**: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੇਰਾ ਇਲਾਕਾ ਬੇਟ ਏਰੀਆ ਦੇ ਵਿਚ ਆਉਂਦਾ ਹੈ ਅਤੇ ਇਸ ਦੇ ਵਿਚ 25 ਪਿੰਡਾਂ ਦਾ ਇਕ ਪਹਾੜੀ ਟਾਪੂ ਜਿਹਾ ਬਣਿਆ ਹੋਇਆ ਹੈ ਅਤੇ ਇਸ ਇਲਾਕੇ ਦੀ ਪਿਛਲੇ 50 ਸਾਲਾਂ ਤੋਂ ਕੋਈ ਡਿਵੈਲਪਮੈਂਟ ਨਹੀਂ ਕੀਤੀ ਗਈ ਅਤੇ ਇਹ ਹਾਲੇ ਵੀ ਅਨਡਿਵੈਲਪਡ ਕੰਡੀ ਦਾ ਏਰੀਆ ਹੈ । ਪਿਛਲੀ ਸਰਕਾਰ ਵੇਲੇ ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ ਜੋ ਖੇਤੀਬਾੜੀ ਮੰਤਰੀ ਸਨ ਉਨ੍ਹਾਂ ਨੇ ਕਾਫੀ ਪੈਸਾ ਇਸ ਦੇ ਲਈ ਰੱਖਿਆ ਸੀ ਤਾਂਕਿ ਇਥੋਂ ਦੇ ਲੋਕਾਂ ਦੇ ਫਾਇਦੇ ਲਈ ਡੀਪ ਟਿਊਬਵੈਲਜ਼ ਲਗਾਏ ਜਾ ਸਕਣ ਲੇਕਿਨ ਮੈਨੂੰ ਜ਼ਾਤੀ ਤੌਰ ਤੇ ਪਤਾ ਲੱਗਾ ਹੈ ਕਿ ਜਿਹੜਾ 2 ਕਰੋੜ 75 ਲੱਖ ਰੁਪਿਆ ਇਸ ਕੰਡੀ ਏਰੀਆ ਦੀ ਡਿਵੈਲਪਮੈਂਟ ਲਈ ਰਖਿਆ ਗਿਆ ਸੀ ਉਸ ਨੂੰ ਹੁਣ ਦੀ ਸਰਕਾਰ ਡਾਈਵਰਟ ਕਰਕੇ ਦੂਜੇ ਜ਼ਿਲ੍ਹੇ ਦੇ ਵਿਚ ਲਿਜਾ ਰਹੀ ਹੈ । ਚੀਫ ਮਨਿਸਟਰ ਸਾਹਿਬ ਇਸ ਗੱਲ ਦੀ ਐਸ਼ੋਰੈਂਸ ਹਾਊਸ ਦੇ ਵਿਚ ਦੇਣ ਕਿ ਇਹ ਜਿਹੜਾ ਪੈਸਾ ਪਿਛਲੀ ਸਰਕਾਰ ਨੇ ਰਖਿਆ ਸੀ ਉਸ ਨੂੰ ਕਿਸੇ ਦੂਜੇ ਜ਼ਿਲ੍ਹੇ ਦੇ ਵਿਚ ਤਬਦੀਲ ਨਹੀਂ ਕੀਤਾ ਜਾਵੇਗਾ । (ਇਸ ਸਮੇਂ ਬਹੁਤ ਸਾਰੇ ਟਰੇਜ਼ਰੀ ਬੈਂਚਿਜ਼ ਦੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਸਨ ਅਤੇ ਹਾਊਸ ਦੀ ਕਮੇਟੀ ਬਣਾ ਕੇ ਇਨਕੁਆਇਰੀ ਦੀ ਮੰਗ ਕਰ ਰਹੇ ਸਨ ।)

**ਸ਼੍ਰੀ ਸਪੀਕਰ**: ਪਲੀਜ਼ ਬੈਠ ਜਾਓ । ਤੁਸੀਂ ਕੋਈ ਰੈਗੂਲਰ ਮੋਸ਼ਨ ਲਿਖ ਕੇ ਦੇ ਦਿਓ, ਉਸ ਉਤੇ ਗੌਰ ਕਰ ਲਵਾਂਗੇ

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ**: ਪੁਆਇੰਟ ਆਫ ਆਰਡਰ ਸਪੀਕਰ ਸਾਹਿਬ, ਸਰ, ਅਸੀਂ ਇਥੇ ਬੜੀ ਸਪੱਸ਼ਟ ਅਤੇ ਨਿਰਪੱਖ ਤੌਰ ਤੇ ਹਰ ਵੇਲੇ ਗੱਲ ਕੀਤੀ ਹੈ । ਇਹ ਪਹਿਲੇ ਅਖਬਾਰ ਦੇ ਵਿਚ ਗੱਲਾਂ ਕਢਵਾ ਲੈਂਦੇ ਹਨ, ਫੇਰ ਇਨਕੁਆਇਰੀ ਕਰਵਾਉਣ

Original with;
Punjab Vidhan Sabha
Digitized by;
Panjab Digital Library

ਦੀ ਮੰਗ ਕਰਦੇ ਹਨ ਮੈਂ ਇਥੇ ਫੇਰ ਕਹਿੰਦੀ ਹਾਂ ਕਿ ਕਿਸੇ ਚੀਫ ਮਨਿਸਟਰ ਜਾਂ ਕਿਸੇ ਮਨਿਸਟਰ ਦੇ ਖਿਲਾਫ ਅਗਰ ਕੋਈ ਐਲੀਗੇਸ਼ਨ ਲਗਦੇ ਹਨ, ਅਸੀਂ ਉਸ ਦੀ ਇਨ-ਕੁਆਇਰੀ ਨੂੰ ਵੈਲਕੱਮ ਕਰਾਂਗੇ ।

**ਸਰਦਾਰ ਗੁਰਦੇਵ ਸਿੰਘ ਸਿੱਧੂ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਰ ਮੈਂ ਹਾਊਸ ਵਿਚ ਮੰਗ ਕਰਦਾ ਹਾਂ ਕਿ ਜੋ ਅਖਬਾਰ ਦੇ ਵਿਚ ਆਇਆ ਹੈ ਅਤੇ ਇਕ ਸੀਨੀਅਰ ਆਈ. ਏ. ਐਸ. ਅਫਸਰ ਨੇ ਐਲੀਗੇਸ਼ਨ ਲਗਾਏ ਹਨ ਕਿ ਸਾਬਕਾ ਮੁੱਖ ਮੰਤਰੀ ਅਤੇ ਮੁੱਖ ਸਕੱਤਰ ਨੇ ਮੇਰੇ ਉਤੇ ਗਲਤ ਕੰਮ ਕਰਨ ਲਈ ਜੋਰ ਪਾਇਆ ਪਰ ਮੈਂ ਗਲਤ ਕੰਮ ਕਰਨ ਤੋਂ ਨਾਂਹ ਕਰ ਦਿਤੀ । ਇਸੇ ਤਰ੍ਹਾਂ ਡੀ.ਸੀ. ਮਾਨਸਾ ਨੇ ਆਪਣੇ ਵਿਚਾਰ ਪ੍ਰੈਸ ਵਿਚ ਦਿਤੇ ਸਨ । ਇਸ ਬਾਰੇ ਸਰਕਾਰ ਨੂੰ ਜ਼ਰੂਰ ਇਨਕੁਆਇਰੀ ਕਰਵਾਉਣੀ ਚਾਹੀਦੀ ਹੈ । ਚੀਫ ਮਨਿਸਟਰ ਸਾਹਿਬ ਇਸ ਦਾ ਜਵਾਬ ਦੇਣ ।

**ਸ੍ਰੀ ਸਪੀਕਰ** : ਤੁਸੀਂ ਮੈਨੂੰ ਕੁਝ ਲਿਖ ਕੇ ਮੋਸ਼ਨ ਦੀ ਸ਼ਕਲ ਵਿਚ ਤਾਂ ਦਿਓ ।

**ਮੁੱਖ ਮੰਤਰੀ** ਸਪੀਕਰ ਸਾਹਿਬ, ਮੈਨੂੰ ਹੁਣੇ ਹੀ ਮੈਂਬਰ ਸਾਹਿਬ ਨੇ ਅਖਬਾਰ ਦੀ ਕਾਪੀ ਦਿੱਤੀ ਹੈ । ਇਸ ਨੂੰ ਮੈਂ ਦੇਖ ਲੈਂਦਾ ਹਾਂ ।

(ਟਰੈਜ਼ਰੀ ਬੈਂਚਿਜ਼ ਦੇ ਮੈਂਬਰ ਸਾਹਿਬਾਨ ਵਲੋਂ ਥੰਪਿੰਗ)

**ਸ੍ਰੀ ਸਤਿਆਪਾਲ ਸੈਣੀ** : ** ** **

**Mr. Speaker** : This is no Point of Order, please.

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** ** ** **

**Mr. Speaker** : This is no Point of Order, please.

**ਸਰਦਾਰ ਅਜੀਤ ਇੰਦਰ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਕੱਲ੍ਹ ਸਾਰੇ ਲੀਡਰ ਸਾਹਿਬਾਨ, ਐਕਸ ਐਮ. ਐਲ. ਏਜ਼, ਐਕਸ ਮਨਿਸਟਰਜ਼ ਤੋਂ ਟਾਡਾ ਦੇ ਕੇਸ ਵਾਪਸ ਲਏ ਹਨ, ਬਹੁਤ ਵਧੀਆ ਸਲਾਘਾਯੋਗ ਕਦਮ ਹੈ ਕਿਉਂਕਿ ਪਿਛਲੀ ਸਰਕਾਰ ਨੇ ਕੋਈ ਕਸਰ ਨਹੀਂ ਛੱਡੀ ਜਿਹੜਾ ਬੰਦਾ ਵੀ ਆ ਗਿਆ, ਇਨ੍ਹਾਂ ਨੇ ਫੜ੍ਹ ਕੇ ਅੰਦਰ ਦੇ ਦਿਤਾ । ਸੋ ਮੈਂ ਹੁਣ ਨਾਲ ਹੀ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੰਨੇ ਵੀ ਸਾਡੇ ਨੌਜਵਾਨ, ਲੀਡਰ ਸਾਹਿਬਾਨ, ਦੂਸਰੀਆਂ ਸਟੇਟਾਂ ਵਿਚ ਬੰਦ ਹਨ ਉਨ੍ਹਾਂ ਦੀ ਰਿਹਾਈ ਵਾਸਤੇ ਫੌਰੀ ਤੌਰ ਤੇ ਉਨ੍ਹਾਂ ਸਟੇਟਾਂ ਨਾਲ ਪੰਜਾਬ ਸਰਕਾਰ ਕੇਮ ਟੇਕ ਅਪ ਕਰੇ ਅਤੇ ਉਥੋਂ ਛੁਡਵਾ ਕੇ ਜਿਹੜੇ ਨੌਜਵਾਨ ਹਨ ਉਨ੍ਹਾਂ ਨੂੰ ਪੰਜਾਬ ਵਿਚ ਲਿਆ ਕੇ ਨੌਕਰੀ ਦਾ ਪ੍ਰਬੰਧ ਕਰੇ । ਅੱਤਵਾਦ ਦਾ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜੀਤ ਇੰਦਰ ਸਿੰਘ]

ਬੜਾ ਹੀ ਸੀਰੀਅਸ ਮਾਮਲਾ ਹੈ ਜੋ ਅਸੀਂ ਫੇਸ ਕਰ ਰਹੇ ਹਾਂ। ਇਹ ਉਸ ਦੇ ਨਾਲ ਕੁਨੈਕਟਿਡ ਹੈ। ਇਸ ਲਈ ਇਸ ਦੇ ਉਤੇ ਪੂਰੀ ਗੌਰ ਕਰਨੀ ਚਾਹੀਦੀ ਹੈ, ਇਹ ਮੇਰੀ ਰਿਕੁਐਸਟ ਹੈ।

**ਸ੍ਰੀ ਸਪੀਕਰ**. ਮੈਂਬਰ ਜੀ ਤੁਸੀਂ ਬੈਠ ਜਾਓ। ਕਾਲ ਅਟੈਨਸ਼ਨ ਨੰਬਰ 35

---

## CALL ATTENTION NOTICE UNDER RULE 66

(Serial No. 35)

**Sardar Bikramjit Singh Khalsa**
**Chaudhary Swarna Ram**
**Shrimati Roop Rani** } : Sir, I beg to draw the attention of the Government towards a matter of urgent public importance namely, injustice to P.C.M.S. officers belonging to the S.C. & S. T. Classes, in the State. All the P.C.M.S. Class-II officers of the Health Department of Punjab were declared P. C. M. S. Class-I Officers w.e.f. 1-1-86 vide notification dated 9-4-89 by the Punjab Government subject to the stipulation that necessary amendments in the service rules of P.C.M.S. (Class-II) and P.C.M.S. (Class-I) will be made separately. All the S.C. Officers after completing 10 years service as P.C.M.S. II Officers were eligible to be posted as Civil Surgeons. In order to deprive them from the benefits of promotion on the basis of reservation the posts of the Civil Surgeons were upgraded with retrospective effect in 1989. All officers who were eligible to become Civil Surgeon in the year 1986, after becoming Class-I Officers were required to complete another 10 years service as P.C.M.S. Class-I to become Civil Surgeon. As a result of it 115 points have been filled and only 3 points have been given to S.C. Officers wheareas they were entitled to 17 points for promotion. The S.C. Officers have brought their grievance to the notice of Government many a time but without the achievement of any result.

Now the meeting of D.P.C. is going to take place on 21-3-1997 and the S.C. Officers are likely to be prejudiced if the Government is not stopped from proceeding further in the matter till :—

1. Amendment in rules is made.

2. All the points meant for S.C. Officers on the basis of rules of reservation are given to them as per their position in the roster of P.C.M.S. Class-I.

The Government may please be asked to make a statement on the floor of the House.

Original with;
Punjab Vidhan Sabha
Digitized by;
Panjab Digital Library

**Minister For Health and Family Welfare and Medical Education** (Shri Balramji Dass Tandon) : ਜਿਨ੍ਹਾਂ ਨੇ ਅੰਗਰੇਜ਼ੀ ਵਿਚ ਕਾਲ ਅਟੈਨਸ਼ਨ ਪੜ੍ਹੀ ਹੈ ਅਤੇ ਉਤਰ ਵੀ ਮੈਂ ਅੰਗਰੇਜ਼ੀ ਵਿਚ ਦੇ ਦਿੰਦਾ ਹਾਂ । On the recommendation of the Committee for Removal of Anomalies, the State Government, vide its notification No. 34/(1)89-3HBI/6923, dated 9-4-1989 declared the P.C.M.S. (Class-II) as P.C.M.S. (Class-I), w.e.f. the 1st January, 1986. However, the requisite notification was issued on the 9th of April, 1989. A clear stipulation had been laid down in the notification, referred to above, that necessary amendment(s) in the relevant Service Rules of P.C.M.S. (Class-II) and P.C.M.S. (Class-I) will be carried out separately.

Prior to the issue of notification dated 9-4-1989, 75% vacancies of P.C.M.S. Class-I were filled by promotion from amongst the members of the P.C.M.S. (Class-II), who had an experience of working in that service for a minimum period of 10 years and 25% of the vacancies were filled by direct recruitment through the Punjab Public Service commission. Prior to 8-12-1989 the posts of Civil Surgeons were in the rank of Senior Medical Officers. It was w.e.f. this date that the government upgraded the posts of Civil Surgeons and some other posts equivalent to the rank of Deputy Directors Health Services. As mentioned above prior to 8-12-1989 posts of Civil Surgeons in the State were filled up from amongst the available Senior Medical Officers on the basis of Seniority-cum-merit.

After the upgradation of post of Civil Surgeons to the rank of Deputy Directors Health Services, no Senior Medical Officer was eligible to be posted as Civil Surgeon irrespective of the category of Caste he belongs to. These promotion posts had been/are being filled up strictly in accordance with the rules/instructions relevant in this behalf. As far as the aspect of reservation policy goes, at present the total sanctioned strength of the posts of Deputy Directors Health Services is 36. As laid down in the reservation policy of the Government, only 5 posts fall to the share of members of Scheduled Caste. Currently, three officers belonging to the Scheduled Caste category are holding the posts/rank of Deputy Directors.

The meeting of the D.P.C. is also scheduled to be held on 21-3-1997 and the backlog of two posts of Scheduled Castes will be made up in that meeting as envisaged in the agenda circulated.

The contention that 17 posts of Deputy Directors fall to the share of Scheduled Caste category is not in consonance with the correct picture which emerges in terms of instructions and Judgement of Hon'ble Supreme Court of India in the case of Shri Ajit Singh Janjua and others.

Original with;
Punjab Vidhan Sabha
Digitized by;
Panjab Digital Library

[Minister for Health and Family Welfare and Medical Education]

Since a large number of posts of Deputy Directors and other Senior posts are lying vacant in the Directorate of Health Services and also that amendment in the relevant rules is in process, it is totally detrimental to public interest to postpone the proposed meeting of D.P.C. to be held on the 21st of March, 1997. As already stated, the reserve as well as general category posts will be filled up entirely in terms of relevant rules/instructions on the subject. From the above, it becomes amply clear that only five posts fall to the share of members of scheduled Castes out of the total number of 36 posts in the rank of Deputy Directors. Hence, the figure quoted as 17 is mere fabrication.

In view of the position narrated above, no injustice, what-so-ever, has been meted out to the members of Scheduled Caste Officers in the matter of reservation policy.

**ਚੌਧਰੀ ਸਵਰਨਾ ਰਾਮ**: ਸਪਲੀਮੈਂਟਰੀ, ਸਰ। ਸਪੀਕਰ ਸਾਹਿਬ, ਬੜੀ ਵਿਡੰਬਨਾ ਹੈ ਕਿ 115 ਪੋਸਟਾਂ ਜਿਹੜੀਆਂ ਪਿਛਲੀ ਸਰਕਾਰ ਨੇ ਭਰੀਆਂ ਸਨ ਪੀ.ਸੀ.ਐਮ.ਐਸ. ਕਲਾਸ–1 ਪਰਮੋਟ ਕੀਤੇ ਹਨ ਉਹ ਇਸ ਲਈ ਕੀਤੇ ਸੀ ਤਾਂ ਕਿ ਆਪਣੇ ਬੰਦੇ ਲਾਏ ਜਾਣ। ਇਸਦੇ ਵਿਚ ਕੇਵਲ 3 ਪੋਸਟਾਂ ਸ਼ਡਿਊਲਡ ਕਾਸਟ ਅਫਸਰਾਂ ਨੂੰ ਦਿੱਤੀਆਂ ਗਈਆਂ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਨਾਲ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਬੈਕਲਾਗ ਜਿਹੜਾ ਖੜ੍ਹਾ ਹੈ, ਜਿਸ ਪੈਮਾਨੇ ਨਾਲ ਉਨ੍ਹਾਂ ਲੋਕਾਂ ਨੂੰ ਸਿਵਲ ਸਰਜਨ ਰੈਂਕ ਦੇ ਮੁਤਾਬਿਕ ਪੋਸਟਾਂ ਦਿੱਤੀਆਂ ਗਈਆਂ ਸਨ ਅਤੇ 14 ਪੋਸਟਾਂ ਜਿਹੜੀਆਂ ਸ਼ਡਿਊਲਡ ਕਾਸਟਸ ਦੀਆਂ ਬਾਕੀ ਹਨ, ਕੀ ਉਸੇ ਪੈਮਾਨੇ ਨਾਲ ਮਾਪ ਕੇ ਇਹ ਸੀਟਾਂ ਉਸ ਕੈਟੇਗਰੀ ਅੰਦਰ ਦੇਣਗੇ ਜਾਂ ਕਿ ਇਹ ਬੈਕਲਾਗ ਖਤਮ ਕਰਨਗੇ ਜਾਂ ਉਨ੍ਹਾਂ ਦਾ ਸਟੇਟੱਸ ਵੀ ਖਤਮ ਕਰਕੇ ਕੋਈ ਨਵੀਂ ਯੋਜਨਾਬੰਦੀ ਕਰਨਗੇ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਫਲੋਰ ਆਫ ਦਿ ਹਾਊਸ ਤੇ ਯਕੀਨਦਹਾਨੀ ਚਾਹੁੰਦਾ ਹਾਂ ਕਿ ਤਰੱਕੀ ਵੇਲੇ ਜਿਹੜੇ 14 ਬੰਦਿਆਂ ਨੂੰ, ਇਸ ਕੈਟਾਗਰੀ ਦੇ ਬੰਦਿਆਂ ਨੂੰ ਇਗਨੋਰ ਕੀਤਾ ਗਿਆ ਸੀ, ਉਨ੍ਹਾਂ ਨੂੰ ਕਲਾਸ–1 ਪਰੋਮੋਟ ਕੀਤਾ ਜਾਵੇਗਾ ਅਤੇ ਦੂਸਰਾ ਮੈਂ ਕਹਿਣਾ ਚਾਹੁੰਦਾ ਹਾਂ . . . . ।

**ਸ੍ਰੀ ਸਪੀਕਰ**: ਸਵਰਨਾ ਰਾਮ ਜੀ, ਪਹਿਲਾਂ ਇਕ ਗੱਲ ਦਾ ਜਵਾਬ ਲੈ ਲਓ।

**ਮੰਤਰੀ**: ਸਪੀਕਰ ਸਾਹਿਬ, ਜਿਥੋਂ ਤੱਕ ਇਸ ਗੱਲ ਦਾ ਤਾਅਲੁੱਕ ਹੈ ਜਿਹੜੀ ਇਨ੍ਹਾਂ ਨੇ 14 ਪੋਸਟਾਂ ਦੇ ਘਾਟੇ ਬਾਰੇ ਗੱਲ ਕੀਤੀ ਹੈ, ਇਸ ਵਿਚ ਕਿਤੇ ਗਲਤੀ ਹੈ। ਪਹਿਲਾਂ 2 ਕਾਡਰ ਸੀ ਜਿਹੜਾ ਐਮ.ਓ. ਰਿਕਰੂਟ ਕੀਤਾ ਜਾਂਦਾ ਸੀ, ਉਹ ਕਲਾਸ–2 ਅਫਸਰ ਹੁੰਦਾ ਸੀ। ਉਹ ਐਸ.ਐਮ.ਓ. ਤਦ ਬਣਦਾ ਸੀ ਜਦੋਂ 10 ਸਾਲ ਦੀ ਸੇਵਾ ਪੂਰੀ ਕਰ ਲੈਂਦਾ ਸੀ। ਉਸਨੂੰ ਮੈਰਿਟ ਦੇ ਆਧਾਰ ਤੇ ਅਤੇ ਸਰਵਿਸ ਦੇ ਬੇਸ ਤੇ ਐਸ.ਐਮ.ਓ. ਬਣਾਇਆ ਜਾਂਦਾ ਸੀ। ਐਸ.ਐਮ.ਓ. ਦੀਆਂ ਪੋਸਟਾਂ ਜਿਹੜੀਆਂ ਸਨ, ਉਹ ਜ਼ਿਆਦਾ

Original with;
Punjab Vidhan Sabha
Digitized by;
Panjab Digital Library

ਸਨ। ਹੁਣ ਇਹ ਦੋਨੋਂ ਕਾਡਰ ਮਰਜ਼ ਕਰਕੇ ਇਕੋ ਕਾਡਰ-ਕਲਾਸ-1 ਹੋ ਗਿਆ ਹੈ। ਪਹਿਲੇ ਦਿਨ ਤੋਂ ਹੀ ਅਤੇ 10 ਸਾਲ ਦੇ ਬੇਸਿਜ਼ ਤੇ ਜਦੋਂ ਉਹ ਤਰੱਕੀ ਕਰਦਾ ਹੈ ਤਾਂ ਉਸ ਦਾ ਕਾਡਰ ਕਲਾਸ ਵੰਨ ਹੀ ਹੈ। ਜਿਹੜੇ ਪਹਿਲਾਂ ਸਿਵਲ ਸਰਜਨ ਸਨ ਅਤੇ ਡਿਪਟੀ ਡਾਇਰੈਕਟਰ ਸਨ, ਉਨ੍ਹਾਂ ਸਾਰਿਆਂ ਦਾ ਕਾਡਰ ਇਕ ਕਰ ਦਿੱਤਾ ਹੈ ਅਤੇ ਉਸ ਦੇ ਮੁਤਾਬਿਕ ਟੋਟਲ 36 ਪੋਸਟਾਂ ਬਣਦੀਆਂ ਹਨ। ਜਿਹੜੀ ਸੁਪਰੀਮ ਕੋਰਟ ਦੀ ਜਜਮੈਂਟ ਹੈ, ਉਸ ਦੇ ਮੁਤਾਬਿਕ 5 ਪੋਸਟਾਂ ਸ਼ਡਿਊਲਡ ਕਾਸਟਸ ਦੀਆਂ ਹੋਣੀਆਂ ਚਾਹੀਦੀਆਂ ਹਨ। ਹੁਣ ਜਿਹੜੀ ਮੀਟਿੰਗ ਹੋ ਰਹੀ ਹੈ, ਉਸ ਮੀਟਿੰਗ ਵਿਚ ਬਾਕੀ ਦੇ ਜਿਹੜੇ ਡਾਕਟਰ ਹਨ ਜਿਨ੍ਹਾਂ ਦੀ ਤਰੱਕੀ ਹੋਣੀ ਹੈ ਜਿਥੇ ਉਨ੍ਹਾਂ ਬਾਰੇ ਵਿਚਾਰ ਕੀਤਾ ਜਾਵੇਗਾ, ਉਥੇ ਜਿਹੜੀ ਸ਼ਡਿਊਲਡ ਕਾਸਟਾਂ ਦੀਆਂ ਪੋਸਟਾਂ ਵਿਚ ਕਮੀ ਹੈ, ਉਸ ਨੂੰ ਪੂਰਾ ਕਰਨ ਬਾਰੇ ਵੀ ਵਿਚਾਰ ਕੀਤਾ ਜਾਵੇਗਾ।

**ਚੌਧਰੀ ਸਵਰਨਾ ਰਾਮ** : ਸਪੀਕਰ ਸਾਹਿਬ, 115 ਪੋਸਟਾਂ ਭਰੀਆਂ ਗਈਆਂ ਜਿਨ੍ਹਾਂ ਵਿਚੋਂ 17 ਪੋਸਟਾਂ ਸ਼ਡਿਊਲਡ ਕਾਸਟਾਂ ਲਈ ਰਿਜ਼ਰਵ ਬਣਦੀਆਂ ਹਨ। ਇਨ੍ਹਾਂ ਵਿਚੋਂ ਉਨ੍ਹਾਂ ਨੂੰ ਸਿਰਫ 3 ਪੋਸਟਾਂ ਹੀ ਦਿੱਤੀਆਂ ਗਈਆਂ ਹਨ ਅਤੇ 14 ਪੋਸਟਾਂ ਬਾਕੀ ਦੇਣ ਵਾਲੀਆਂ ਰਹਿੰਦੀਆਂ ਹਨ। ਮੈਂ ਜਾਨਣਾ ਚਾਹੁੰਦਾ ਹਾਂ ਕਿ ਕੀ ਇਹ ਪੋਸਟਾਂ ਇਹ ਕੈਰੀ ਫਾਰਵਰਡ ਕਰਕੇ, ਉਨ੍ਹਾਂ ਸ਼ਡਿਊਲਡ ਕਾਸਟਸ ਨਾਲ ਇਹ ਇਨਸਾਫ ਕਰਨਗੇ ਅਤੇ ਉਨ੍ਹਾਂ ਨੂੰ ਐਡ-ਜਸਟ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਮੈਂ ਸਾਰੀ ਪੁਜ਼ੀਸ਼ਨ ਕਲੀਅਰ ਕਰ ਦਿੱਤੀ ਹੈ। ਇਸ ਮਸਲੇ ਵਿਚ ਕੋਈ ਸ਼ਾਇਦ ਕੋਈ ਮਿਸਨੋਮਰ ਹੈ। ਅਗਰ ਕੋਈ ਕਮੀ ਹੈ ਤਾਂ ਉਸ ਤੇ ਵਿਚਾਰ ਕੀਤਾ ਜਾਵੇਗਾ। ਅਪਾਇੰਟਿੰਗ ਅਥਾਰਿਟੀ ਤਾਂ ਗੋਰਮਿੰਟ ਹੈ, ਡੀ.ਪੀ.ਸੀ. ਤਾਂ ਕੇਵਲ ਰਿਕੁਮੈਂਡੇਟਰੀ ਹੈ। They will consider all these aspects of the case and they will recommend accordingly and the Government will take action according to that.

---

## MOTION UNDER RULE 16

**Minister for Parliamentry Affairs** (Shri Madan Mohan Mittal) : Sir, I beg to move—

> That the Vidhan Sabha (Assembly) at its rising this day shall stand adjourned *sine die*.

**Mr. Speaker** : Motion moved—

> That t e Vidhan Sabha (Assembly at its rising this day shall stand adjourned *sine die*.

**ਕਾਮਰੇਡ ਹਰਦੇਵ ਅਰਸ਼ੀ** (ਬੁਢਲਾਡਾ) : ਸਪੀਕਰ ਸਾਹਿਬ, ਮੈਂ ਇਸ ਦੇ ਬਾਰੇ 1-2 ਬੇਨਤੀਆਂ ਕਰਨੀਆਂ ਚਾਹੁੰਦਾ ਹਾਂ। ਵੈਸੇ ਤਾਂ ਬੀ.ਏ.ਸੀ. ਵਿਚ ਸਾਡਾ ਐਗਰੀਮੈਂਟ ਸੀ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਫਿਰ ਵੀ ਮੈਂ 1-2 ਗੱਲਾਂ ਤੇ ਐਸ਼ਿਓਰੈਂਸ ਚਾਹੁੰਦਾ ਹਾਂ । ਸਾਡੀ ਸਾਰਿਆਂ ਦੀ ਸਹਿਮਤੀ ਸੀ ਕਿ ਹਾਊਸ ਸਾਈਨੇ ਡਾਈ ਨਹੀਂ ਕੀਤਾ ਜਾਵੇਗਾ, ਐਡਜਰਨ ਕੀਤਾ ਜਾਵੇਗਾ । ਸਾਡੇ ਵਿਚੋਂ ਕਈ ਮੈਂਬਰਾਂ ਨੇ ਡਿਫਰੈਂਟ ਕੰਮਾਂ ਵਾਸਤੇ ਨੋਟਿਸ ਦਿੱਤੇ ਹੋਏ ਹਨ । ਅਗਰ ਇਹ ਸਾਈਨੇ-ਡਾਈ ਹੋ ਗਿਆ ਤਾਂ ਮੈਂ ਸਮਝਦਾ ਹਾਂ ਕਿ ਉਹ ਸਾਰੇ ਨੋਟਿਸ ਖਤਮ ਹੋ ਜਾਣਗੇ । ਹੋ ਸਕਦਾ ਹੈ ਕਿ ਰੂਲਜ਼ ਦੇ ਵਿਚ ਕੋਈ ਦਿੱਕਤ ਹੋਵੇ ਅਤੇ ਰੂਲਜ਼ ਦੇ ਵਿਚ ਕੋਈ ਇਹੋ ਜਿਹੀ ਪ੍ਰੋਵੀਜ਼ਨ ਵੀ ਨਾ ਹੋਵੇ, ਫਰਦਰ ਸਪੈਸੇਫਿਕ ਡੇਟ ਹਾਊਸ ਦੀ ਨਿਸ਼ਚਿਤ ਨਾ ਕੀਤੀ ਗਈ ਹੋਵੇ ਜਿਸ ਕਰਕੇ ਹਾਊਸ ਨੂੰ ਸਾਈਨੇ-ਡਾਈ ਕਰਨਾ ਪੈ ਰਿਹਾ ਹੋਵੇ । ਸ਼ਾਇਦ ਇਸੇ ਕਰਕੇ ਇਹ ਸਾਈਨੇ-ਡਾਈ ਕੀਤਾ ਜਾ ਰਿਹਾ ਹੈ । ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਇਥੇ ਬੈਠੇ ਹਨ । ਮੈਂ ਸਪੈਸ਼ਲੀ ਉਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਹਾਊਸ ਐਡਜਰਨ ਕੀਤਾ ਜਾ ਰਿਹਾ ਹੈ ਜਾਂ ਕਿ ਸਾਈਨੇ-ਡਾਈ ਕਰ ਦਿੱਤਾ ਹੈ ? ਇਸ ਨੂੰ ਕੈਬਨਿਟ ਰਾਹੀਂ ਪ੍ਰੋਰੋਗ ਨਹੀਂ ਕੀਤਾ ਜਾਣਾ ਚਾਹੀਦਾ । ਅਗਰ ਕੈਬਨਿਟ ਇਸ ਤਰ੍ਹਾਂ ਦਾ ਡਿਸੀਜ਼ਨ ਕਰਕੇ ਭੇਜ ਦਿੰਦੀ ਹੈ ਤਾਂ ਸਾਡੇ ਸਾਰੇ ਨੋਟਿਸ ਲੈਪਸ ਹੋ ਜਾਣਗੇ । ਅਗਰ ਗੌਰਮਿੰਟ ਇਸ ਨੂੰ ਪਰੋਰੋਗ ਨਹੀਂ ਕਰੇਗੀ ਤਾਂ ਫਿਰ ਸਾਨੂੰ ਸਾਈਨੇ-ਡਾਈ ਕਰਨ ਵਿਚ ਇਤਰਾਜ਼ ਨਹੀਂ ਹੈ । ਅਗਰ ਇਸ ਤਰ੍ਹਾਂ ਹੁੰਦਾ ਹੈ ਤਾਂ ਫਿਰ ਅੱਗੇ ਜਦ ਵੀ ਤੁਸੀਂ ਹਾਊਸ ਨੂੰ ਕਾਲ ਕਰੋਗੇ, ਸਾਡੇ ਸਾਰੇ ਨੋਟਿਸ ਵੈਲਿਡ ਰਹਿਣਗੇ ।

**ਸ੍ਰੀ ਸਪੀਕਰ** : ਉਹ ਤਾਂ ਵੈਲਿਡ ਹੀ ਰਹਿਣਗੇ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਇਥੇ ਕਈ ਪੁਰਾਣੇ ਮੈਂਬਰਜ਼ ਹਨ ਅਤੇ ਉਹ ਇਸ ਬਾਰੇ ਕੁਝ ਕਨਫਿਊਜ਼ਨ ਪੈਦਾ ਕਰ ਰਹੇ ਹਨ ਅਗਰ ਕੈਬਨਿਟ ਹਾਊਸ ਨੂੰ ਪ੍ਰੋਰੋਗ ਨਹੀਂ ਕਰਦੀ ਅਤੇ ਰਾਜਪਾਲ ਨੂੰ ਇਹ ਡਿਸੀਜ਼ਨ ਨਹੀਂ ਭੇਜਦੀ ਤਾਂ ਫਿਰ ਸਾਈਨੇ-ਡਾਈ ਕਰਨ ਵਿਚ ਸਾਨੂੰ ਕੋਈ ਇਤਰਾਜ਼ ਨਹੀਂ ਹੈ । ਗੱਲ ਸਿਰਫ ਇੰਨੀ ਹੈ ਕਿ ਸਾਡੇ ਨੋਟਿਸ ਵੈਲਿਡ ਰਹਿਣੇ ਚਾਹੀਦੇ ਹਨ ।

**ਸ੍ਰੀ ਸਪੀਕਰ** : ਉਹ ਨੋਟਿਸ ਵੈਲਿਡ ਰਹਿਣਗੇ ।

**Mr. Speaker** : Question is—

That the Vidhan Sabha (Assembly) at its rising this day shall stand adjourned *sine die*.

*The motion was carried.*

---

## MOTION REGARDING CONSTITUTION OF ELECTED COMMITTEES FOR THE YEAR 1997-98

**Minister for Parliamentary Affairs** (Shri Madan Mohan Mittal) : Sir, I beg to move—

Original with;
Punjab Vidhan Sabha
Digitized by;
Panjab Digital Library

WHEREAS the election to the :—

1. Committee on Public Accounts;
2. Committee on Estimates;
3. Committee on Public Undertakings; and
4. Committee on the Welfare of Scheduled Castes, Scheduled Tribes and Backward Classes,

for the year 1997-98, are to be held before the 31st March, 1997, and

WHERE AS the time left at the disposal of the House is extremely short and it is not possible to conduct in the normal course, the election to these Committees;

NOW, therefore, this House authorises the Speaker, Punjab Vidhan Sabha, to nominate the members of the aforesaid Committees for the aforesaid year., keeping in view the proportionate strength of various parties/groups in the House;

This House further resolves that for the above purpose, the rules of the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year 1997-98 which are inconsistent with or contrary to the above resolution, shall stand suspended.

**Mr. Speaker :** Motion moved—

WHEREAS the election to the :-

1. Committee on Public Accounts;
2. Committee on Estimates;
3. Committee on Public Undertakings; and
4. Committee on the Welfare of Scheduled Castes, Scheduled Tribes and Backward Clases.

for the year 1997-98, are to be held before the 31st March, 1997; and

WHEREAS the time left at the disposal of the House is extremely short and it is not possible to conduct in the normal course, the election to these Committees;

NOW, therefore, this House authorises the Speaker, Punjab Vidhan Sabha to nominate the members of the aforesaid Committees for the aforesaid year keeping in view the proportionate strength of various parties/groups in the House;

This House further resolves that for the above purpose, the rules of the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year 1997-98 which are inconsist ent with or contrary tothe above resolution, shall stand suspended.

Original with;
Punjab Vidhan Sabha
Digitized by;
Panjab Digital Library

**Mr. Speaker**: Question is—

WHEREAS the election to the :—

1. Committee on Public Accounts;
2. Committee on Estimates;
3. Committee on Public Unertakings, and
4. Committee on the Welfare of Scheduled Castes, Scheduled Tribes and Backward Classes,

for the year 1997-98, are to be held before the 31st March, 1997; and

WHEREAS the time left at the disposal of the House is extremely short and it is not possible to conduct in the normal course, the election to these Committees;

NOW, therefore, this House authorises the Speaker, Punjab Vidhan Sabha, to nominate the members of the aforesaid Committee for the aforesaid year, keeping in view the proportionate strength of various parties/groups in the House;

This House further resolves that for the above purpose, the rules of the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year 1997-98 which are inconsistent with or contrary to the above resolution, shall stand suspended.

*The motion was carried unanimously.*

---

## PAPERS LAID ON THE TABLE

**Minister for Parliamentary Affairs** . (Shri Madan Mohan Mittal): Sir, I beg to lay on the Table the—

(i) Government of Punjab Finance Accounts 1995-96;

(ii) Government of Punjab Appropriation Accounts 1995-96;

(iii) Report of Comptroller and Auditor General of India for the year 1995-96. (Civil);

(iv) Report of Comptroller and Auditor General of India for the year 1995-96 (Commercial); and

(v) Report of Comptroller and Auditor General of India for the year 1995-96 (Revenue-Receipts).

2. The 12th Annual Report of the Punjab Khadi and Village Industries Board for the year 1994-95.

**ਸ੍ਰੀ ਸਪੀਕਰ**: ਇਸ ਤੋਂ ਪਹਿਲਾਂ ਕਿ ਅਸੀਂ ਗੈਰ ਸਰਕਾਰੀ ਮਤੇ ਲਈਏ, ਮੈਨੂੰ ਸਰਦਾਰ ਮਨਜੀਤ ਸਿੰਘ ਕਲਕੱਤਾ ਵੱਲੋਂ ਇਕ ਨੋਟਿਸ ਪ੍ਰਾਪਤ ਹੋਇਆ ਹੈ ਜਿਸ ਵਿਚ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ

Original with;
Punjab Vidhan Sabha
Digitized by;
Panjab Digital Library

30(3).147 ਅਤੇ ਦੂਜੇ ਸਬੰਧਤ ਨਿਯਮਾਂ ਨੂੰ ਸਸਪੈਂਡ ਕੀਤੇ ਜਾਣ ਦੀ ਤਜਵੀਜ਼ ਦਿੱਤੀ ਗਈ ਹੈ ਅਤੇ ਇਹ ਤਜਵੀਜ਼ ਸਸਪੈਂਡ ਕਰਨ ਉਪਰੰਤ ਇਹ ਸੁਝਾਓ ਦਿੱਤਾ ਗਿਆ ਹੈ ਕਿ ਅੱਜ ਸਰਦਾਰ ਮਨਜੀਤ ਸਿੰਘ ਕਲਕੱਤਾ, ਸਰਦਾਰ ਸੁਰਜੀਤ ਸਿੰਘ ਕੋਹਲੀ ਅਤੇ ਸਰਦਾਰ ਬਲਵੰਤ ਸਿੰਘ ਅਮਲੋਹ ਵਲੋਂ, ਭਾਰਤ ਸਰਕਾਰ ਵਲੋਂ 8,000 ਕਰੋੜ ਰੁਪਏ ਪੰਜਾਬ ਸਰਕਾਰ ਦੇ ਸਿਰ ਜੋ ਕਰਜ਼ਾ ਹੈ ਨੂੰ ਮੁਆਫ ਕਰਨ ਦੇ ਮਤੇ, ਤੇ ਜੋ ਕ੍ਰਮ ਨੰ: 9 ਤੇ ਦਰਜ ਹੈ ਹਾਊਸ ਵਿਚ ਸਭ ਤੋਂ ਪਹਿਲਾਂ ਬਹਿਸ ਕੀਤੀ ਜਾਵੇ ਅਤੇ ਉਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ ।

**ਸਰਦਾਰ ਮਨਜੀਤ ਸਿੰਘ ਕਲਕੱਤਾ :** ਸਪੀਕਰ ਸਾਹਿਬ, . . .

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਹਰਦੇਵ ਅਰਸ਼ੀ ਆਪਣੀ ਸੀਟ ਤੇ ਖੜ੍ਹੇ ਕੁਝ ਬੋਲ ਰਹੇ ਸਨ ਜੋ ਮਾਈਕ ਬੰਦ ਹੋਣ ਕਾਰਨ ਸੁਣਾਈ ਨਹੀਂ ਦੇ ਰਿਹਾ ਸੀ ।)

**ਸ੍ਰੀ ਸਪੀਕਰ :** ਅਰਸ਼ੀ ਜੀ, ਪਹਿਲਾਂ ਮੋਸ਼ਨ ਮੂਵ ਕਰ ਲੈਣ ਦਿਓ । ਫਿਰ ਜੋ ਕੁਝ ਕਹਿਣਾ ਹੈ ਕਹਿ ਲੈਣਾ । ਸਰਦਾਰ ਮਨਜੀਤ ਸਿੰਘ ਕਲਕੱਤਾ ਜੀ, ਤੁਸੀਂ ਮਤਾ ਮੂਵ ਕਰੋ ।

**ਸਰਦਾਰ ਮਨਜੀਤ ਸਿੰਘ ਕਲਕੱਤਾ :** ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਮਸਲਾ ਹੈ । ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਜੋ ਪ੍ਰੀਵੇਲੇਂਟ ਰੂਲਜ਼ ਹਨ, ਉਹ ਸਸਪੈਂਡ ਕਰਕੇ .(ਸ਼ੋਰ .ਵਿਘਨ)

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਪਹਿਲਾਂ ਸਾਡੀ ਗੱਲ ਸੁਣੀ ਜਾਵੇ ਇਹ ਤਾਂ ਜ਼ਿਆਦਤੀ ਹੈ .(ਸ਼ੋਰ) .(ਵਿਘਨ)

**ਸ੍ਰੀ ਸਪੀਕਰ :** ਪਹਿਲਾਂ ਮਤਾ ਮੂਵ ਕਰ ਲੈਣ ਦਿਓ । ਫਿਰ ਕਹਿ ਲੈਣਾ ।

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਤੁਸੀਂ ਤਾਂ ਰੂਲਿੰਗ ਦੇ ਦਿੱਤੀ ਹੈ ਪਰ ਰੂਲ ਤਾਂ ਹਾਊਸ ਤੋਂ ਅਪਰੂਵ ਕਰਵਾਏ ਨਹੀਂ ਹਨ .(ਸ਼ੋਰ) .(ਵਿਘਨ)

**ਸ੍ਰੀ ਸਪੀਕਰ :** ਪਹਿਲਾਂ ਮੋਸ਼ਨ ਮੂਵ ਕਰ ਲੈਣ ਦਿਓ । ਫਿਰ ਜੋ ਕਹਿਣਾ ਹੈ ਕਹਿ ਲੈਣਾ, ਜੋ ਡਿਸਕਸ਼ਨ ਕਰਨੀ ਹੈ ਕਰ ਲੈਣਾ । ਸਰਦਾਰ ਮਨਜੀਤ ਸਿੰਘ ਕਲਕੱਤਾ ਜੀ, ਰੈਜ਼ੋਲਿਊਸ਼ਨ ਮੂਵ ਕਰੋ ।

---

## MOTION REGARDING SUSPENSION OF RULE 30 (3) RULE, 147 AND OTHER RELEVANT RULES OF THE RULES OF PROCEDURE AND CONDUCT OF BUSINESS IN THE PUNJAB VIDHAN SABHA (PUNJAB LEGISLATIVE ASSEMBLY) FOR PLACING THE RESOLUTION No. 9 AT PRIORITY No. I.

**Sardar Manjit Singh Calcutta:** Sir, I beg to move.—

That Rules 30 (3), 147 and other relevant Rules of the Rules of Procedure and Conduct of Business in the Punjab Vidhan Sabha

Original with;
Punjab Vidhan Sabha
Digitized by;

[Sardar Manjit Singh Calcutta]

(Punjab Legislative Assembly) be suspended in so far as it is necessary to move the following resolution at today's sitting at priority No. 1 :-

"This House recommends to the State Government to approch the Union Government to waive the entire loan amounting to rupees 8,000 crores given to the State in recent years to combat militancy and face the proxy war from across the border, which was a national problem, since it is not possible for the State to repay this huge loan."

**Mr. Speaker:** Motion moved.—

That Rules 30(3), 147 and other relevant Rules of the Rules of Procedure and Conduct of Business in the Punjab Vidhan Sabha (Punjab Legislative Assembly) be suspended in so far as it is necessary to move the following resolution at today's sitting at priority No. 1 :—

"This House recommends to the State Government to approach the Union Government to waive the entire loan amounting to rupees 8,000 crores given to the State in recent years to combat militancy and face the proxy war from across the border, which was a national problem, since it is not possible for the State to repay this huge loan."

**ਸ੍ਰੀ ਸਪੀਕਰ :** ਹੁਣ ਜੋ ਕੁਝ ਕਹਿਣਾ ਹੈ ਕਹਿ ਲਵੋ ।

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** (ਲਹਿਰਾ[redacted]) : ਸਪੀਕਰ ਸਾਹਿਬ, ਜਿਹੜਾ ਮਤਾ ਅੱਜ ਹਾਊਸ ਵਿਚ ਪੇਸ਼ ਕੀਤਾ ਗਿਆ ਹੈ ਉਸ ਬਾਰੇ ਸਾਡੀ ਕਿਸੇ ਦੀ ਵੀ ਅਸਹਿਮਤੀ ਨਹੀਂ ਹੈ । ਅਸੀਂ ਸਾਰੇ ਪੂਰਨ ਤੌਰ ਤੇ ਇਸ ਦੇ ਨਾਲ ਹਾਂ ਅਤੇ ਅਸੀਂ ਸੈਂਟਰ ਕੋਲ ਜਾ ਕੇ ਗੱਲ ਕਰਨ ਨੂੰ ਤਿਆਰ ਹਾਂ । ਲੇਕਿਨ ਇਕ ਬੜਾ ਅਫਸੋਸ ਹੈ ਕਿ ਸਾਡੇ ਕੋਲ ਇਕ ਪਾਸੇ ਤਾਂ ਪੈਸੇ ਦੀ ਦਿੱਕਤ ਹੈ ਮੁੱਖ ਮੰਤਰੀ ਸਾਹਿਬ ਵੀ ਗੱਲਾਂ ਕਰਦੇ ਹਨ ਕਿ ਸਾਨੂੰ ਪੈਸੇ ਦੀ ਸਖਤ ਜ਼ਰੂਰਤ ਹੈ ਪਰ ਦੂਸਰੇ ਪਾਸੇ ਅਸੀਂ ਇਸ ਮਤੇ ਨੂੰ ਅਨਇੰਪਾਰਟੈਂਟ ਬਣਾ ਰਹੇ ਹਾਂ । ਮੇਰਾ ਮਤਲਬ ਹੈ ਕਿ ਜਿਸ ਤਰੀਕੇ ਨਾਲ ਇਸ ਮਤੇ ਨੂੰ ਹਾਊਸ ਵਿਚ ਪੇਸ਼ ਕੀਤਾ ਜਾਣਾ ਚਾਹੀਦਾ ਹੈ ਉਸ ਅਨੁਸਾਰ ਪੇਸ਼ ਨਹੀਂ ਕੀਤਾ ਗਿਆ । ਜਿਸ ਤੌਰ ਤਰੀਕੇ ਨਾਲ ਤੁਸੀਂ ਇਸ ਨੂੰ ਲੈ ਕੇ ਆਏ ਹੋ ਉਸ ਦੇ ਨਾਲ ਅਸੀਂ ਸਹਿਮਤ ਨਹੀਂ ਹਾਂ ਅਤੇ ਫਿਕਰ ਕਰਦੇ ਹਾਂ । ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਗਰ ਇਸ ਜ਼ਰੂਰੀ ਮਤੇ ਦੀ ਲੋੜ ਹੈ ਅਤੇ ਅਸੀਂ ਪੈਸਾ ਮੰਗਦੇ ਹਾਂ ਤਾਂ ਇਹ ਰੈਜ਼ੋਉਲੇਸ਼ਨ ਸਾਨੂੰ ਕੱਲ੍ਹ ਸਰਕਾਰੀ ਦਿਨ ਤੇ ਲੈ ਕੇ ਆਉਣਾ ਚਾਹੀਦਾ ਸੀ । ਸਪੀਕਰ ਸਾਹਿਬ, ਕੱਲ੍ਹ ਸੈਸ਼ਨ 10.30 ਵਜੇ ਸਮਾਪਤ ਹੋ ਗਿਆ ਸੀ ਕਿਉਂਕਿ ਸਰਕਾਰ ਕੋਲ ਕੋਈ ਇੰਪਾਰਟੈਂਟ ਰੈਜ਼ੋਲਿਊਸ਼ਨ ਜਾਂ ਬਿਜ਼ਨਸ ਨਹੀਂ ਸੀ । ਸਰਕਾਰ ਇਸ ਨੂੰ ਇੰਪਾਰਟੈਂਟ ਸਮਝਦੇ ਹੋਏ ਕੱਲ੍ਹ ਵੀ ਲਿਆ ਸਕਦੀ ਸੀ ਪਰ ਸਰਕਾਰ ਇਸਦੇ ਬਾਰੇ ਸੰਜੀਦਾ ਨਹੀਂ ਹੈ । ਸਰਕਾਰ ਨੂੰ ਚਾਹੀਦਾ ਸੀ ਕਿ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਦੇ ਲੀਡਰਾਂ ਨੂੰ ਬੁਲਾ ਕੇ ਮੀਟਿੰਗ ਬੁਲਾਈ ਜਾਂਦੀ, ਅਸੀਂ ਸਾਰੇ ਇਸ ਮਤੇ ਨੂੰ ਸਰਬ-ਸੰਮਤੀ ਨਾਲ ਪਾਸ ਕਰਦੇ । ਪਰ ਅਸੀਂ ਸਮਝਦੇ ਹਾਂ ਕਿ ਇਸ ਨੂੰ ਗੈਰ-ਸਰਕਾਰੀ ਦਿਨ ਤੇ ਲਿਆਂਦਾ ਗਿਆ ਹੈ ਅਤੇ ਸਰਕਾਰ ਇਸ ਕਰਜ਼ੇ ਨੂੰ ਮੁਆਫ ਕਰਾਉਣ ਲਈ

*Original with;*
Punjab Vidhan Sabha
*Digitized by;*
Panjab Digital Library

ਸੰਜੀਦਾ ਨਹੀਂ ਹੈ ਅਤੇ ਸਰਕਾਰ ਇਹ ਕਰਜ਼ਾ ਮੁਆਫ ਕਰਾਉਣਾ ਹੀ ਨਹੀਂ ਚਾਹੁੰਦੀ ਹੈ । ਮਿੱਤਲ ਜੀ ਬੜੇ ਸਿਆਣੇ ਹਨ ਇਨ੍ਹਾਂ ਨੂੰ ਪਤਾ ਹੈ ਕਿ ਕੱਲ੍ਹ ਕੋਈ ਇਮਪਾਰਟੈਂਟ ਬਿਜ਼ਨਸ ਨਾ ਹੋਣ ਕਰਕੇ ਸਦਨ 10.30 ਵਜੇ ਸਮਾਪਤ ਹੋ ਗਿਆ । ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ । ਅਸੀਂ ਕਰਜ਼ਾ ਮੁਆਫੀ ਦੇ ਹੱਕ ਵਿੱਚ ਜ਼ਰੂਰ ਹਾਂ ਪਰ ਜਿਸ ਤਰੀਕੇ ਨਾਲ ਇਹ ਮਤਾ ਲਿਆਂਦਾ ਗਿਆ ਹੈ ਇਸ ਦੇ ਨਾਲ ਸਾਡੇ ਡਿਫਰੈਂਸਿਜ਼ ਹਨ । ਮੁੱਖ ਮੰਤਰੀ ਜੀ ਨੂੰ ਚਾਹੀਦਾ ਹੈ ਕਿ ਇਸ ਬਾਰੇ ਆਲ-ਪਾਰਟੀ ਮੀਟਿੰਗ ਬੁਲਾ ਲੈਣ ਅਤੇ ਤੱਵਜੋਂ ਦੇਣ । ਇਕ ਪਾਸੇ ਸਰਕਾਰ ਕਹਿ ਰਹੀ ਹੈ ਕਿ ਸਾਡੇ ਪਾਸ ਪੈਸਾ ਨਹੀਂ ਪਰ ਦੂਜੇ ਪਾਸੇ ਸਰਕਾਰ ਕਰਜ਼ੇ ਮੁਆਫੇ ਲਈ ਸੰਜੀਦਾ ਨਹੀਂ ਹੈ । ਇਹ ਮਤਾ ਕੱਲ੍ਹ ਜਾਂ ਪਹਿਲਾਂ ਲਿਆਂਦਾ ਜਾ ਸਕਦਾ ਸੀ । ਇਸ ਲਈ ਸਪੀਕਰ ਸਾਹਿਬ, ਇਸ ਮਤੇ ਨੂੰ ਅਸੀਂ ਅੱਜ ਨਾਨ-ਅਫੀਸ਼ੀਅਲ ਡੇਅ ਤੇ ਲਿਆ ਕੇ ਆਪਣਾ ਹੱਕ ਤਾਂ ਪਹਿਲਾਂ ਵੀ ਗੁਆ ਲਿਆ । ਤੁਸੀਂ ਰੈਜ਼ੋਲਿਊਸ਼ਨ ਮੂਵ ਕਰਦੇ ਹੋਏ ਰੂਲ ਦੱਸਿਆ ਹੈ ਉਸਦੇ ਮੁਤਾਬਿਕ ਆਪੋਜ਼ੀਸ਼ਨ ਦਾ ਹੱਕ ਹੈ ਡਿਸਕਸ਼ਨ ਦਾ । ਸਪੀਕਰ ਸਾਹਿਬ, ਅਸੀਂ ਮਤੇ ਦੇ ਹੱਕ ਵਿੱਚ ਜ਼ਰੂਰ ਹਾਂ ਪਰ ਇਸ ਨੂੰ ਕਿਸੇ ਸਰਕਾਰੀ ਦਿਨ ਤੇ ਪੇਸ਼ ਕੀਤਾ ਜਾਣਾ ਚਾਹੀਦਾ ਸੀ ਕਿਉਂਕਿ ਸਾਡੀ ਸਰਕਾਰ ਨੇ ਵੀ ਇਸ ਕਰਜ਼ੇ ਦੀ ਮੁਆਫੀ ਦੀ ਮੰਗ ਕੀਤੀ ਸੀ । ਉਸ ਸਮੇਂ ਪੰਜਾਬ ਵਿੱਚ ਸਾਡੀ ਕਾਂਗਰਸ ਸਰਕਾਰ ਸੀ ਅਤੇ ਸੈਂਟਰ ਵਿੱਚ ਵੀ ਸਾਡੀ ਸਰਕਾਰ ਸੀ । ਉਸ ਸਮੇਂ ਅਸੀਂ ਕੁਝ ਕਿਸ਼ਤਾਂ ਮੁਆਫ ਵੀ ਕਰਵਾਈਆਂ ਸਨ । ਇਸ ਲਈ ਮੈਂ ਇਹ ਵਿਸ਼ਵਾਸ ਦਿਵਾਉਂਦੀ ਹਾਂ ਕਿ ਜਦੋਂ ਵੀ ਮੁੱਖ ਮੰਤਰੀ ਸਾਹਿਬ ਇਸ ਕਰਜ਼ੇ ਦੀ ਮੁਆਫੀ ਲਈ ਜਾਣਗੇ ਤਾਂ ਅਸੀਂ ਉਨ੍ਹਾਂ ਨੂੰ ਪੂਰਾ ਸਮਰਥਨ ਦੇਵਾਂਗੇ, ਪਰ ਜਿਸ ਤਰੀਕੇ ਨਾਲ ਗੈਰ-ਸਰਕਾਰੀ ਦਿਨ ਤੇ ਇਹ ਮਤਾ ਲਿਆਂਦਾ ਗਿਆ ਹੈ, ਉਸ ਤੋਂ ਇੰਜ ਮਹਿਸੂਸ ਹੁੰਦਾ ਹੈ ਕਿ ਇਹ ਸਰਕਾਰ ਇਸ ਪ੍ਰਤੀ ਸੰਜੀਦਾ ਨਹੀਂ ਹੈ ਅਤੇ ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਹੈ । ਸੈਂਟਰ ਦੀ ਸਰਕਾਰ ਤਾਂ ਪਹਿਲਾਂ ਹੀ ਸਾਨੂੰ ਟਾਲਣ ਨੂੰ ਫਿਰਦੀ ਹੈ । ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਜੇ ਕੁਝ ਮਿਲ ਗਿਆ ਤਾਂ ਠੀਕ ਹੈ, ਜੇ ਨਾ ਮਿਲਿਆ ਤਾਂ ਨਾ ਸਹੀ, ਇਹ ਪਾਲਿਸੀ ਠੀਕ ਨਹੀਂ । ਇਸ ਲਈ ਅਸੀਂ ਪੰਜਾਬ ਦੇ ਲੋਕਾਂ ਦੇ ਹਿੱਤਾਂ ਵਿੱਚ ਇਸ ਕਰਜ਼ੇ ਦੀ ਮੁਆਫੀ ਦੇ ਹੱਕ ਵਿਚ ਹਾਂ ਅਤੇ ਜਿਸ ਤਰੀਕੇ ਨਾਲ ਇਸ ਨੂੰ ਪੇਸ਼ ਕੀਤਾ ਗਿਆ ਹੈ ਉਸਦੇ ਨਾਲ ਅਸੀਂ ਅਸਹਿਮਤ ਹਾਂ ।

**ਮੰਤਰੀ, ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿਖਿਆ (ਸ਼੍ਰੀ ਬਲਰਾਮਜੀ ਦਾਸ ਟੰਡਨ)** : ਸਪੀਕਰ ਸਾਹਿਬ, ਲੀਡਰ ਆਫ ਦਿ ਆਪੋਜ਼ੀਸ਼ਨ ਨੇ ਜਿਹੜੀ ਗੱਲ ਕਹੀ ਹੈ, ਖੁਸ਼ੀ ਦੀ ਗੱਲ ਹੈ ਕਿ ਸਾਰੀ ਆਪੋਜ਼ੀਸ਼ਨ ਦੀ ਇਸ ਗੱਲ ਤੇ ਸਹਿਮਤੀ ਹੈ ਕਿਉਂਕਿ ਪੰਜਾਬ ਦੇ ਬਜਟ ਦਾ ਬਹੁਤ ਸਾਰਾ ਹਿੱਸਾ, ਵਿਆਜ ਦੇ ਤੌਰ ਤੇ ਚਲਿਆ ਜਾਂਦਾ ਹੈ ਔਰ ਉਹ ਕੋਈ ਪੰਜਾਬ ਦਾ ਕੰਮ ਨਹੀਂ ਸੀ ਕਿ ਪੰਜਾਬ ਤੇ ਖਰਚਿਆ ਗਿਆ ਸੀ. ਬਲਕਿ ਦੇਸ਼ ਦੇ ਕੰਮ ਵਾਸਤੇ ਖਰਚ ਕੀਤਾ ਗਿਆ ਸੀ । ਮੈਂ ਇਸਦੀ

Original with;
Punjab Vidhan Sabha
Digitized by;
Panjab Digital Library

[ਮੰਤਰੀ, ਸਥਾਨਕ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਅਤੇ ਡਾਕਟਰੀ ਸਿਖਿਆ]
ਡੀਟੇਲ ਵਿੱਚ ਨਹੀਂ ਜਾਣਾ ਚਾਹੁੰਦਾ ਲੇਕਿਨ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਜੋ ਗੱਲ ਕਹੀ ਹੈ ਕਿ ਇਹ ਮਤਾ ਕੱਲ੍ਹ ਲੈ ਕੇ ਆਉਣਾ ਚਾਹੀਦਾ ਸੀ ਪਰ ਹਾਊਸ ਕੱਲ 10.30 ਵਜੇ ਉਠਾ ਦਿਤਾ ਗਿਆ ਸੀ । ਵੋਟ-ਆਨ-ਅਕਾਊਂਟ ਜਨਰਲ ਬਜਟ ਹੁੰਦਾ ਹੈ ਅਤੇ ਇਹ ਕਦੇ ਵੀ ਨਹੀਂ ਹੁੰਦਾ ਕਿ ਜਨਰਲ ਬਜਟ ਤੇ ਡਿਸਕਸ਼ਨ ਆਪੋਜ਼ੀਸ਼ਨ ਵਲੋਂ ਨਾ ਹੋਵੇ ਅਤੇ ਆਪੋਜ਼ੀਸ਼ਨ ਵਾਲੇ ਡਿਸਕਸ਼ਨ ਵਿੱਚ ਭਾਗ ਨਾ ਲੈਣ । ਪਹਿਲਾਂ ਇਕ ਛੋਟੇ ਜਿਹੇ ਇਸ਼ੂ ਤੇ ਵਾਕ-ਆਊਟ ਵੀ ਆਪੋਜ਼ੀਸ਼ਨ ਕਰ ਗਈ ਅਤੇ ਫਿਰ ਆ ਵੀ ਗਈ । ਕੋਈ ਵੀ ਬਜਟ ਡਿਸਕਸ਼ਨ ਤੇ ਨਹੀਂ ਬੋਲਿਆ ਅਤੇ ਵੋਟ-ਆਨ-ਅਕਾਊਂਟ ਦੀ ਡਿਸਕਸ਼ਨ ਵਿੱਚ ਕਿਸੇ ਨੇ ਹਿੱਸਾ ਨਹੀਂ ਲਿਆ, ਜਦ ਕਿ ਇਹ ਤਿੰਨ ਮਹੀਨੇ ਦੇ ਅਨੁਦਾਨ ਪਾਸ ਕਰਨੇ ਹੁੰਦੇ ਹਨ ਤਾਂ ਜ਼ਿਆਦਾ ਤੋਂ ਜ਼ਿਆਦਾ ਮੈਂਬਰ ਸਾਹਿਬਾਨ ਇਸ ਤੇ ਬੋਲ ਕੇ ਹਿੱਸਾ ਪਾਉਣਾ ਚਾਹੁੰਦੇ ਹਨ ਤਾਂ ਕਿ ਉਹ ਆਪਣੇ ਇਲਾਕੇ ਅਤੇ ਪਿੰਡਾਂ ਬਾਰੇ ਹੋਰ ਜ਼ਿਆਦਾ ਫੰਡਜ਼ ਰਖਵਾ ਸਕਣ ਅਤੇ ਸਾਡੇ ਐਫ. ਐਮ. ਸਾਹਿਬ ਉਸਦੇ ਬਾਰੇ ਜਵਾਬ ਦਿੰਦੇ ਹਨ । ਪਰ ਜੋ ਸਾਡੀ ਇੱਛਾ ਸੀ ਉਸਦੇ ਮੁਤਾਬਿਕ ਕੁਝ ਹੋਇਆ ਨਹੀਂ । ਅੱਜ ਇਹ ਮਤਾ ਆਇਆ ਹੈ ਅੰਤ ਅੱਜ ਹਾਊਸ ਖਤਮ ਹੋ ਰਿਹਾ ਹੈ । ਸਭ ਤੋਂ ਵੱਡੀ ਗੱਲ ਪੰਜਾਬ ਦੇ ਲੋਕਾਂ ਵਾਸਤੇ ਇਹ ਹੈ ਕਿ ਸਾਡੇ ਬਜਟ ਦਾ ਬਹੁਤ ਵੱਡਾ ਹਿੱਸਾ ਇਸ ਲੋਨ ਦੇ ਇੰਟਰੱਸਟ ਵਜੋਂ ਚਲਾ ਜਾਂਦਾ ਹੈ । ਲਗਪਗ 30-32 ਪਰਸੈਂਟ ਚਲਾ ਜਾਂਦਾ ਹੈ । ਜੇ ਇਸੀ ਤਰ੍ਹਾਂ ਚਲਦਾ ਰਿਹਾ ਤਾਂ ਪੰਜਾਬ ਦੀ ਤਰੱਕੀ ਦੇ ਕੰਮ ਕਿਸ ਤਰ੍ਹਾਂ ਹੋਣਗੇ । ਬਾਕੀ ,ਜਿਹੜਾ ਇਨ੍ਹਾਂ ਨੇ ਕਿਹਾ ਕਿ ਸਾਡੀ ਸਹਿਮਤੀ ਹੈ, ਅਸੀਂ ਸਵਾਗਤ ਕਰਦੇ ਹਾਂ । ਮੈਂ ਸਮਝਦਾ ਹਾਂ ਕਿ ਥੋੜ੍ਹੀ ਜਿਹੀ ਜੇ ਰੂਲਜ਼ ਵਿਚ ਅਮੈਂਡਮੈਂਟ ਕਰਨੀ ਪਵੇ ਤਾਂ ਕੋਈ ਇੰਨੀ ਵੱਡੀ ਗੱਲ ਨਹੀਂ ਹੈ । ਵੱਡੀ ਗੱਲ ਤਾਂ ਇਹ ਸਮੱਸਿਆ ਹੈ । ਉਸ ਮੁਤਾਬਿਕ ਸਾਰਿਆਂ ਦੇ ਸਹਿਯੋਗ ਲਈ ਸਵਾਗਤ ਹੈ । (ਥੰਪਿੰਗ)

**ਕਾਮਰੇਡ ਹਰਦੇਵ ਅਰਸ਼ੀ** (ਬੁਢਲਾਡਾ) ਸਪੀਕਰ ਸਾਹਿਬ, ਸਾਰਿਆਂ ਤੋਂ ਪਹਿਲਾਂ ਮੈਨੂੰ ਦੁੱਖ ਔਰ ਅਫਸੋਸ ਹੈ ਕਿ ਜਿਸ ਤਰ੍ਹਾਂ ਇਹ ਅਹਿਮ ਮਤਾ ਸੀ ਜਿਸ ਵਿਚ ਸਾਰੀਆਂ ਪਾਰਟੀਆਂ ਦੀ ਸਹਿਮਤੀ ਹੈ, ਨਾ ਕੇਵਲ ਇਥੇ ਸਹਿਮਤੀ ਹੈ ਬਲਕਿ ਹਰ ਪੁਲੀਟੀਕਲ ਪਾਰਟੀ ਆਪਣੇ ਆਪਣੇ ਪਲੇਟਫਾਰਮ ਤੇ ਲਗਾਤਾਰ ਸੈਂਟਰ ਗੌਰਮਿੰਟ ਤੇ ਆਪਣਾ ਪ੍ਰੈਸ਼ਰ ਜਾਂ ਆਪਣੀ ਮੰਗ ਰੱਖਦੀ ਰਹੀ ਹੈ ਕਿ ਪੰਜਾਬ ਨੇ ਪਰਾਕਸੀ ਵਾਰ ਲੜੀ ਹੈ ਤੇ ਇਸ ਵਿਚ ਇਕੱਲਾ ਪੰਜਾਬ ਸ਼ਾਮਲ ਨਹੀਂ ਬਲਕਿ ਇਨਟਾਇਰ ਨੇਸ਼ਨ ਸ਼ਾਮਲ ਹੈ, ਸਾਰਾ ਨੇਸ਼ਨ ਇਸ ਵਿਚ ਸ਼ਾਮਲ ਹੈ, ਪੰਜਾਬ ਦੀ ਇਹ ਮੰਗ ਮੰਨੀ ਜਾਣੀ ਚਾਹੀਦੀ ਹੈ। ਇਸ ਵਿੱਚ ਕੋਈ ਮਤਭੇਦ ਨਹੀਂ। ਮੱਤਭੇਦ ਪ੍ਰੋਸੀਜਰ ਔਰ ਰੂਲਜ਼ ਵਿਚ ਹਨ । ਮੇਰਾ ਤਾਂ ਸੀਰੀਅਸ ਮਤਭੇਦ ਹੈ । ਇਹ ਠੀਕ ਹੈ ਕਿ ਹਾਊਸ ਸੁਪਰੀਮ ਹੈ । ਹਾਊਸ ਕਿਸੀ ਵੀ ਰੂਲਜ਼ ਦੀ ਕਲਾਜ਼ ਨੂੰ ਸਸਪੈਂਡ ਕਰ ਸਕਦਾ ਹੈ । ਇਸ ਤੇ ਸਾਡਾ ਐਗਰੀਮੈਂਟ ਹੈ । ਪਰ ਹਾਊਸ ਹੀ ਰੂਲਜ਼ ਬਣਾਉਂਦਾ ਹੈ, ਜੇ ਇਸ ਤਰ੍ਹਾਂ ਆਪਣੇ ਬਣਾਏ ਰੂਲਾਂ ਨੂੰ ਹਾਊਸ ਵਿਚ ਸੁਵਿਧਾ ਮੁਤਾਬਿਕ ਅਮੈਂਡ ਕਰਦੇ ਰਹਾਂਗੇ ਤਾਂ ਰੂਲਜ਼ ਦੀ ਕੋਈ ਮਹੱਤਤਾ ਨਹੀਂ ਰਹੇਗੀ । ਕਿਉਂ ਨਹੀਂ ਰਹੇਗੀ ? ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ ਪੂਰਾ ਖਦਸ਼ਾ ਹੈ ਕਿ ਜੇ ਇਹ ਰੈਜ਼ੋਲਿਊਸ਼ਨ ਟਰੇਜ਼ਰੀ ਬੈਂਚਾਂ ਤੋਂ ਨਾ ਹੁੰਦਾ ਆਪੋਜ਼ੀਸ਼ਨ ਵਲੋਂ ਹੁੰਦਾ

Original with;
Punjab Vidhan Sabha
Digitized by;
Panjab Digital Library

ਤਾਂ ਇਹ ਕਦੇ ਵੀ ਨਹੀਂ ਸੀ ਆ ਸਕਦਾ। ਸਪੀਕਰ ਸਾਹਿਬ, ਸੈਕਿੰਡ ਰੇਜ਼ੋਲਿਊਸ਼ਨ ਨੂੰ ਨਹੀਂ ਲਿਆ ਗਿਆ। ਇਸ ਨੂੰ ਨੈਗਲੈਕਟ ਕੀਤਾ ਗਿਆ ਹੈ ਤਾਂ ਕਿ ਇਹ ਹਾਈਲਾਈਟ ਨਾ ਹੋਵੇ। ਇਸ ਕਰਕੇ ਇਸ ਮਤੇ ਨੂੰ ਇੱਥੇ ਲਿਆਂਦਾ ਗਿਆ ਹੈ। ਬੀ. ਏ. ਸੀ. ਦੀ ਮੀਟਿੰਗ ਵੀ ਕਾਲ ਕਰਨੀ ਮੁਨਾਸਿਬ ਨਹੀਂ ਸਮਝੀ ਗਈ। ਸਾਡੇ ਪਾਰਲੀਮਾਨੀ ਮਾਮਲਿਆਂ ਬਾਰੇ ਮੰਤਰੀ ਬੀ. ਏ. ਸੀ. ਦੀ ਮੀਟਿੰਗ ਕਾਲ ਕਰਦੇ ਤੇ ਉਸ ਵਿੱਚ ਕੋਈ ਵਾਇਆ ਮੀਡੀਆ ਕੱਢਦੇ। ਜਿਸ ਤਰ੍ਹਾਂ ਮੈਡਮ ਨੇ ਕਿਹਾ ਹੈ ਕਿ ਇਹ ਕਿੰਨਾ ਅਹਿਮ ਇਸ਼ੂ ਹੈ ਤੇ ਇਸ ਨੂੰ ਚਾਣਚੱਕ ਨਾਨ-ਆਫੀਸ਼ੀਅਲ ਡੇਆਂ ਤੇ ਲਿਆਂਦਾ ਗਿਆ ਹੈ। ਇਸ ਕਰਕੇ ਇਸ ਦੀ ਮਹੱਤਤਾ ਘਟ ਗਈ ਹੈ। ਇਸ ਨੂੰ ਆਫੀਸ਼ੀਅਲੀ ਲਿਆਉਣਾ ਚਾਹੀਦਾ ਸੀ। ਅਸੀਂ ਤੁਹਾਡੀ ਪੂਰੀ ਸਪੋਰਟ ਕਰਦੇ ਹਾਂ ਪਰ ਇਸ ਤਰ੍ਹਾਂ ਚਾਣਚੱਕ ਅਨ-ਆਫੀਸ਼ੀਅਲੀ ਲਿਆਉਣ ਦਾ ਕੋਈ ਅਰਥ ਨਹੀਂ। ਇਸੇ ਤਰ੍ਹਾਂ ਪਿਛਲੀ ਵਾਰੀ ਵੀ ਹੋਇਆ ਹੈ। ਸਾਨੂੰ ਇਹ ਪੱਕਾ ਪ੍ਰਭਾਵ ਹੈ ਕਿ ਹਰ ਵਾਰੀ ਜਦੋਂ ਆਪੋਜ਼ੀਸ਼ਨ ਦਾ ਰੈਜ਼ੋਲਿਊਸ਼ਨ ਆਇਆ ਕਰੇਗਾ ਤਾਂ ਟਰੈਜ਼ਰੀ ਬੈਂਚਿਜ਼ ਵਲੋਂ ਮੈਜਾਰਿਟੀ ਦਾ ਫਾਇਦਾ ਉਠਾਉਂਦੇ ਹੋਏ ਇਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਇਆ ਕਰੇਗੀ। ਇਸ ਤਰ੍ਹਾਂ ਚੰਗੀਆਂ ਪ੍ਰੰਪਰਾਵਾਂ ਪੈਂਦਾ ਨਹੀਂ ਹੋਣਗੀਆਂ। ਠੀਕ ਹੈ ਕਿ ਜਿਵੇਂ ਗੁਆਂਢ ਵਿੱਚ ਹੋਇਆ, ਤੁਸੀਂ ਵੀ ਨਜਾਇਜ਼ ਫਾਇਦਾ ਉਠਾਉਣ ਲਈ ਸਾਰੀ ਆਪੋ-ਜ਼ੀਸ਼ਨ ਨੂੰ ਬਾਹਰ ਕੱਢ ਦਿਓ। ਜੇ ਇਹੀ ਇਰਾਦਾ ਹੈ ਤਾਂ ਵੈਸੇ ਹੀ ਅਸੀਂ ਬਾਹਰ ਚਲੇ ਜਾਂਦੇ ਹਾਂ। ਜਿਸ ਤਰ੍ਹਾਂ ਆਨਰੇਬਲ ਟੰਡਨ ਸਾਹਿਬ ਨੇ ਮਸਲਾ ਉਠਾਇਆ ਹੈ ਕਿ ਅਸੀਂ ਉਸ ਤੇ ਬੋਲਣਾ ਨਹੀਂ ਸੀ ਚਾਹੁੰਦੇ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੁਝ ਪਾਰਲੀ-ਮੈਂਟਰੀ ਪ੍ਰੰਪਰਾਵਾਂ ਹੁੰਦੀਆਂ ਹਨ। ਪਾਰਲੀਮੈਂਟਰੀ ਪ੍ਰੰਪਰਾ ਇਹ ਰਹੀ ਹੈ ਕਿ ਵੋਟ ਆਨ ਅਕਾਊਂਟ ਤੇ ਡਿਸਕਸ਼ਨ ਨਹੀਂ ਹੁੰਦੀ, ਭਾਵੇਂ ਰੂਲਜ਼ ਵਿਚ ਇਹੋ ਜਿਹੀ ਕੋਈ ਪ੍ਰੋਵੀਜ਼ਨ ਨਹੀਂ ਹੈ। ਆਨਰੇਬਲ ਲੋਕ ਸਭਾ ਦੇ ਸਪੀਕਰ ਦੀ ਵੀ ਰੂਲਿੰਗ ਹੈ ਕਿ ਵੋਟ ਆਨ ਅਕਾਊਂਟ ਤੇ ਡਿਸਕਸ਼ਨ ਦੀ ਜ਼ਰੂਰਤ ਨਹੀਂ ਕਿਉਂਕਿ ਇਹ ਤਾਂ ਬਜਟ ਦਾ ਪਾਰਟ ਹੈ। ਜਦੋਂ ਮੇਨ ਬਜਟ ਪੇਸ਼ ਹੋਵੇਗਾ ਤਾਂ ਸਾਰੀ ਗੱਲ ਕਹੀ ਜਾ ਸਕਦੀ ਹੈ। ਵੋਟ ਆਨ ਅਕਾਊਂਟ ਤੇ ਗੌਰਮਿੰਟ ਦੀ ਡਾਇਰੈਕਸ਼ਨ ਤਹਿ ਨਹੀਂ। ਇਹ ਤਾਂ ਖਰਚਿਆਂ ਦੀ ਕੰਟੀਨਿਊਟੀ ਹੈ। ਜਿਸ ਤਰ੍ਹਾਂ ਇਹ ਰੈਜ਼ੋਲਿਊਸ਼ਨ ਮੂਵ ਹੋਇਆ ਹੈ, ਇਹ ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨ ਹੈ। ਇਹ ਹਾਊਸ ਵਿੱਚ ਕੱਲ੍ਹ ਅਡਾਪਟ ਹੋ ਗਿਆ ਹੈ। ਐਫ. ਐਮ. ਸਾਹਿਬ ਨੇ ਤਿੰਨ ਪੇਜ਼ ਦੀ ਤਕਰੀਰ ਆਪਣੀ ਕੀਤੀ ਹੈ। ਇਹ ਗੱਲ ਉਸ ਵਿੱਚ ਵੀ ਸ਼ਾਮਲ ਹੈ ਕਿ ਇਹ ਕਰਜ਼ਾ ਮੁਆਫ ਕੀਤਾ ਜਾਣਾ ਚਾਹੀਦਾ ਹੈ। ਫੋਰਸ-ਫੁੱਲੀ ਉਨ੍ਹਾਂ ਨੇ ਆਪਣਾ ਪੁਆਇੰਟ ਰਖਿਆ ਹੈ। ਇਹ ਚੀਜ਼ ਆਲਰੇਡੀ ਪਾਸ ਹੈ। ਇਸ ਤੇ ਕੋਈ ਮਤਭੇਦ ਨਹੀਂ। ਇਸ ਕਰਕੇ ਸਾਡੇ ਨਾਲ ਜ਼ਿਆਦਤੀ ਹੈ ਕਿ ਹਾਊਸ ਆਪਣੀ ਮਨ-ਮਰਜ਼ੀ ਨਾਲ ਅਮੈਂਡਮੈਂਟ ਕਰ ਰਿਹਾ ਹੈ। ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ ਅਤੇ ਅਸੀਂ ਆਸ ਕਰਾਂਗੇ ਕਿ ਆਪੋਜ਼ੀ-ਸ਼ਨ ਨਾਲ ਵਿਤਕਰਾ ਨਹੀਂ ਕੀਤਾ ਜਾਵੇਗਾ। ਜਿਹੜਾ ਆਪੋਜ਼ੀਸ਼ਨ ਦਾ ਰੈਜ਼ੋਲਿਊਸ਼ਨ ਹੈ, ਇਸ ਨੂੰ ਪ੍ਰਾਇਰਟੀ ਦਿੱਤੀ ਜਾਵੇ। ਇਸ ਤਰ੍ਹਾਂ ਅਹਿਮ ਰੈਜ਼ੋਲਿਊਸ਼ਨ ਨਾਨ-ਆਫੀਸ਼ੀਅਲੀ ਨਾ ਲਿਆਓ। ਅਗਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਤੁਸੀਂ ਲਿਆਉਣਾ ਹੀ ਹੈ ਤਾਂ ਫਿਰ ਤੁਹਾਡੀ ਆਪਣੀ ਮੈਜਾਰਿਟੀ ਹੈ, ਜਿਵੇਂ ਮਰਜ਼ੀ ਕਰੋ । ਇਹ ਇੰਡੀਕੇਸ਼ਨ ਠੀਕ ਨਹੀਂ । ਇਹ ਗ਼ਲਤ ਕਿਸਮ ਦਾ ਸਿਗਨਲ ਆ ਰਿਹਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਰੈਜ਼ੋਲਿਊਸ਼ਨ ਦੀ ਭਾਵਨਾ ਨਾਲ ਵਿਰੋਧ ਨਹੀਂ, ਅਸੀਂ ਸਹਿਮਤ ਹਾਂ । ਮੇਰੀ ਪਾਰਟੀ ਇਸ ਨਾਲ ਸਹਿਮਤ ਹੈ, ਤੁਹਾਡੀ ਪਾਰਟੀ ਵੀ ਸਹਿਮਤ ਹੈ ਲੇਕਿਨ ਜਿਹੜਾ ਇਹ ਤਰੀਕਾ ਹੈ, ਇਸ ਤਰੀਕੇ ਕਰਕੇ ਇਸ ਰੈਜ਼ੋਲਿਊਸ਼ਨ ਦੀ ਮਹਾਨਤਾ ਘਟ ਗਈ ਹੈ । ਜਿਹੜਾ ਸੈਕੰਡ ਰੈਜ਼ੋਲਿਊਸ਼ਨ ਆਏਗਾ, ਮੇਰਾ ਖਿਆਲ ਹੈ, ਉਸ ਲਈ ਤੁਹਾਡਾ ਟਾਈਮ ਦੇਣ ਦਾ ਇਰਾਦਾ ਨਹੀਂ ਹੋਵੇਗਾ . . . .

**ਸ੍ਰੀ ਸਪੀਕਰ** : ਟਾਈਮ ਦੇਵਾਂਗੇ ।

**ਕਾਮਰੇਡ ਹਰਦੇਵ ਅਰਸ਼ੀ** : ਚਲੋ, 10 ਮਿੰਟ ਛੱਡ ਕੇ ਟਾਕ-ਆਊਟ ਕਰ ਦੇਵਾਂਗੇ ਤੇ ਗੱਲ ਖਤਮ ਹੋ ਜਾਵੇਗੀ ।

**ਮੰਤਰੀ, ਖ਼ੁਰਾਕ ਅਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲੇ (ਸ੍ਰੀ ਮਦਨ ਮੋਹਨ ਮਿੱਤਲ)** : ਸਪੀਕਰ ਸਾਹਿਬ, ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਦੀ ਗੱਲ ਸੁਣੀ ਹੈ । ਉਨ੍ਹਾਂ ਨੇ 3-4 ਗੱਲਾਂ ਵਾਰ ਵਾਰ ਰਿਪੀਟ ਕੀਤੀਆਂ ਹਨ । ਅਰਸ਼ੀ ਸਾਹਿਬ ਦੀ ਗੱਲ ਵੀ ਸੁਣੀ ਹੈ ਲੇਕਿਨ ਮੈਨੂੰ ਗੱਲ ਸਮਝ ਨਹੀਂ ਆਈ ਕਿ ਇਹ ਰੈਜ਼ੋਲਿਊਸ਼ਨ ਨਾਲ ਸਹਿਮਤ ਵੀ ਹਨ, ਫਿਰ ਵੀ ਵਿਰੋਧ ਕਰ ਰਹੇ ਹਨ । ਜਦੋਂ ਅਸੀਂ ਇਧਰ (ਆਪੋਜ਼ੀਸ਼ਨ ਵੱਲ) ਸੀ, ਤਾਂ ਮੁੱਖ ਮੰਤਰੀ ਨੂੰ ਓਪਨਲੀ ਆਫ਼ਰ ਦਿੰਦੇ ਰਹੇ ਕਿ ਤੁਸੀਂ ਦਿੱਲੀ ਚਲੋ ਔਰ ਅਸੀਂ ਤੁਹਾਡੇ ਨਾਲ ਜਾਣ ਨੂੰ ਤਿਆਰ ਹਾਂ ਔਰ ਜਿਹੜਾ ਸੈਂਟਰ ਦਾ ਕਰਜ਼ਾ ਸਾਡੇ ਸਿਰ ਹੈ, ਉਸ ਨੂੰ ਮੁਆਫ ਕਰਵਾ ਲਉ । They could not get it done. ਅਸੀਂ ਇਨ੍ਹਾਂ ਦੀ ਇਸ ਗੱਲ ਦਾ ਸਵਾਗਤ ਕਰਦੇ ਹਾਂ ਕਿ ਇਹ ਇਸ ਰੈਜ਼ੋਲਿਊਸ਼ਨ ਨਾਲ ਸਹਿਮਤੀ ਦੇ ਰਹੇ ਹਨ ਪੰਜਾਬ ਦੇ ਪਾਰਲੀਮੈਂਟ ਮੈਂਬਰ ਪ੍ਰਧਾਨ ਮੰਤਰੀ ਨੂੰ ਮਿਲੇ ਹਨ, ਉਨ੍ਹਾਂ ਨੇ ਵੀ ਇਸ ਦੀ ਮੰਗ ਕੀਤੀ ਹੈ । ਸੀ. ਪੀ. ਆਈ. ਨੇ ਇਲੈਕਸ਼ਨ ਮੈਨੀਫੈਸਟੋ ਵਿੱਚ ਇਸ ਨੂੰ ਲਿਆ ਹੈ ਕਿ ਇਹ ਕਰਜ਼ਾ ਮੁਆਫ ਹੋਣਾ ਚਾਹੀਦਾ ਹੈ । ਪਿਛਲੇ ਪ੍ਰਧਾਨ ਮੰਤਰੀ ਪੰਜਾਬ ਵਿੱਚ ਬੋਲ ਕੇ ਗਏ ਕਿ ਅਸੀਂ ਇਹ ਕਰਜ਼ਾ ਮੁਆਫ ਕਰ ਰਹੇ ਹਾਂ ਲੇਕਿਨ ਹੋਇਆ ਨਹੀਂ, ਇਹ ਗੱਲ ਅੱਛੀ ਨਹੀਂ ਹੋਈ । ਮੈਂ ਜ਼ਿਕਰ ਕਰਦਾ ਹਾਂ Wal pole ਨੇ ਗੱਲ ਕਹੀ ਸੀ :
" Let us form the Government. Let the forces govern. Whatever administration is best, is best. " ਸੋ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਅਨੁਸਾਰ ਸਾਡਾ ਮੈਥਡ ਠੀਕ ਨਹੀਂ ਲੇਕਿਨ ਭਾਵਨਾ ਠੀਕ ਹੈ । ਇਹ ਕਹਿੰਦੇ ਹਨ ਕਿ ਇਹ ਆਫੀਸ਼ੀਅਲ ਰੈਜ਼ੋਲਿਊਸ਼ਨ ਹੋਣਾ ਚਾਹੀਦਾ ਹੈ, ਨਾਨ ਆਫੀਸ਼ੀਅਲ ਰੈਜ਼ੋਲਿਊਸ਼ਨ ਨਹੀਂ ਹੋਣਾ ਚਾਹੀਦਾ ਔਰ ਇਸ ਤਰ੍ਹਾਂ ਕਰਕੇ ਸਾਡੇ ਰਾਈਟ ਇਨਕਰੋਚ ਕਰ ਲਏ ਹਨ । ਜਦੋਂ ਸਾਡੇ ਸਾਰਿਆਂ ਦਾ ਮੱਤ ਇੱਕੋ ਹੈ, ਤਾਂ ਇਸ ਨੂੰ ਸਰਬਸੰਮਤੀ ਨਾਲ ਪਾਸ ਕਰੀਏ ਔਰ ਪੰਜਾਬ ਦਾ ਪੈਸਾ ਬਚਾ ਲਈਏ । ਜਿਹੜੀ ਪ੍ਰਾਕਸੀ ਵਾਰ ਅਸੀਂ ਇਸ ਦੇਸ਼ ਦੀ ਖਾਤਰ ਲੜੀ ਹੈ, ਅਸੀਂ ਤਾਂ ਉਸ ਪੈਸੇ ਦੀ ਮੰਗ ਕਰ ਰਹੇ ਹਾਂ । ਇਸ ਨਾਲ ਸਹਿਮਤ ਹੁੰਦੇ ਹੋਏ ਵੀ ਕਹਿਣਾ ਕਿ ਤਰੀਕਾ ਠੀਕ ਨਹੀਂ ਹੈ, ਇਹ ਗੱਲ ਠੀਕ ਨਹੀਂ । ਜਿਸ ਤਰ੍ਹਾਂ ਪਰੰਪਰਾਵਾਂ ਦੀ ਗੱਲ

Original with;
Punjab Vidhan Sabha
Digitized by;
Panjab Digital Library

ਕਰ ਰਹੇ ਹੋ ਕਿ ਪਰੰਪਰਾਵਾਂ ਤੋੜੀਆਂ, ਅਰਸ਼ੀ ਸਾਹਿਬ ਨੇ ਵੀ ਕਿਹਾ, ਲੇਕਿਨ ਪਰੰਪਰਾਵਾਂ ਤਾਂ ਇਨ੍ਹਾਂ ਨੇ ਤੋੜੀਆਂ ਹਨ । ਸਾਰੀਆਂ ਪਰੰਪਰਾਵਾਂ ਤੋੜ ਕੇ ਇਲੈਕਸ਼ਨਾਂ ਲੜੀਆਂ । ਮੈਂ ਜ਼ਿਆਦਾ ਵਿਸਥਾਰ ਵਿੱਚ ਜਿਕਰ ਨਹੀਂ ਕਰਨਾ ਚਾਹੁੰਦਾ । ਅਸੀਂ ਤਾਂ ਪਰੰਪਰਾਵਾਂ ਬਣਾਈਆਂ ਹਨ । (ਥੰਪਿੰਗ) ਜ਼ੀਰੋ ਆਵਰ ਵਿੱਚ ਕਦੋ ਮੁੱਖ ਮੰਤਰੀ ਨੇ ਖੜ੍ਹੇ ਹੋ ਕੇ ਜਵਾਬ ਦਿੱਤਾ ? ਇਹ ਸਾਡੇ ਲੀਡਰ ਹੀ ਹਨ, ਜਿਹੜੇ ਜ਼ੀਰੋ ਆਵਰ ਵਿੱਚ ਹਰ ਗੱਲ ਦਾ ਜਵਾਬ ਦਿੰਦੇ ਹਨ । (ਥੰਪਿੰਗ) ਔਰ ਠੀਕ ਸੁਜੈਸ਼ਨ ਦਿੰਦੇ ਹਨ । ਅਸੀਂ ਤਾਂ ਨਵੀਆਂ ਪਰੰਪਰਾਵਾਂ ਬਹਾਲ ਕਰ ਰਹੇ ਹਾਂ, ਜਿਸ ਨਾਲ ਸਾਨੂੰ ਸਾਰਿਆਂ ਨੂੰ ਗੱਲ ਕਹਿਣ ਦਾ ਮੌਕਾ ਮਿਲੇ । ਸਪੀਕਰ ਸਾਹਿਬ, ਚਾਹੀਦਾ ਤਾਂ ਇਹ ਸੀ ਕਿ ਇਸ ਦਾ ਵਿਰੋਧ ਕਰਨ ਦੀ ਬਜਾਏ, ਸਹਿਮਤੀ ਪ੍ਰਗਟ ਕਰਦੇ ਔਰ ਕਹਿੰਦੇ ਕਿ ਠੀਕ ਹੈ, ਇਸ ਨੂੰ ਪਹਿਲਾਂ ਕਰ ਲਉ । ਜੋ ਖਦਸ਼ਾ ਪ੍ਰਗਟ ਕੀਤਾ ਗਿਆ ਹੈ ਕਿ ਸੈਕੰਡ ਰੈਜ਼ੋਲਿਊਸ਼ਨ ਡਿਸਕਸ ਨਹੀਂ ਕਰਨਾ ਚਾਹੁੰਦੇ, ਮੈਂ ਬੇਨਤੀ ਕਰਾਂਗਾ ਕਿ ਇਸ ਰੈਜ਼ੋਲਿਊਸ਼ਨ ਦੀ ਮਹੱਤਤਾ ਦੇਖਦੇ ਹੋਏ, ਜਿਸ ਦੇ ਨਾਲ ਲੀਡਰ ਆਫ ਦੀ ਆਪੋਜ਼ੀਸ਼ਨ ਸਹਿਮਤ ਹੈ, ਸੀ. ਪੀ. ਆਈ. ਦੇ ਲੀਡਰ ਸਹਿਮਤ ਹਨ, ਇਸ ਦੇ ਵਾਸਤੇ ਦੋ ਘੰਟੇ ਦਾ ਸਮਾਂ ਨਿਸ਼ਚਿਤ ਕਰ ਲਉ ਅਤੇ ਫਿਰ ਸੈਕਿੰਡ ਰੈਜ਼ੋਲਿਊਸ਼ਨ ਡਿਸਕਸ ਕਰ ਲਉ । ਇਹ ਬਿਲਕੁੱਲ ਗਲਤ ਮਨਸ਼ਾ ਹੈ ਕਿ ਦੂਸਰੇ ਰੈਜ਼ੋਲਿਊਸ਼ਨ ਨੂੰ ਡਿਸਕਸ ਨਹੀਂ ਕਰਨਾ ਚਾਹੁੰਦੇ ਲੇਕਿਨ ਪਹਿਲੇ ਦੀ ਮਹੱਤਤਾ ਨੂੰ ਦੇਖਦੇ ਹੋਏ, ਇਸ ਨੂੰ ਮੰਨ ਲਿਆ ਜਾਵੇ । ਇਹ ਵੀ ਬਿਲਕੁੱਲ ਗਲਤ ਹੈ ਕਿ ਸਰਕਾਰ ਡਰ ਗਈ, ਸਰਕਾਰ ਬਿਲਕੁੱਲ ਨਹੀਂ ਡਰੀ । ਜੋ ਵੀ ਕੋਈ ਗੱਲ ਲਿਆਉਣੀ ਹੈ, ਉਸ ਨੂੰ ਵੀ ਸੁਣਾਂਗੇ ਔਰ ਬਿਲਕੁੱਲ ਨਿਆਂ ਕਰਕੇ ਫੈਸਲਾ ਕਰਾਂਗੇ । Thank you very much.

**ਸਰਦਾਰ ਗੁਰਦੇਵ ਸਿੰਘ ਸਿੱਧੂ** (ਸ਼ਤਰਾਣਾ ਐਸ. ਸੀ.) : ਸਪੀਕਰ ਸਾਹਿਬ, ਕਲਕੱਤਾ ਸਾਹਿਬ ਨੇ ਬਹੁਤ ਵਧੀਆ ਮਤਾ ਲਿਆਂਦਾ ਹੈ ਔਰ ਆਪੋਜ਼ੀਸ਼ਨ ਦੇ ਲੀਡਰ ਸਾਹਿਬਾਨ ਨੇ ਇਸ ਉਤੇ ਕਿੰਤੂ-ਪਰੰਤੂ ਕੀਤਾ ਹੈ । ਸ਼ਾਇਦ ਮੇਰੇ ਭੈਣ ਜੀ ਉਸ ਵਕਤ ਖਾਦੀ ਬੋਰਡ ਦੇ ਸੈਕ੍ਰੇਟਰੀ ਸੀ ਜਦੋਂ ਪਾਕਿਸਤਾਨ ਨੇ ਅੱਡ ਹੋਣਾ ਸੀ, ਬੰਗਲਾ ਦੇਸ਼ ਨੇ ਅੱਡ ਹੋਣਾ ਸੀ, ਹਿੰਦੁਸਤਾਨ ਦੀ ਫੌਜ ਪ੍ਰਾਈਵੇਟ ਕੱਪੜਿਆਂ ਵਿੱਚ ਮੁਕਤੀ ਵਹਿਣੀ ਦੇ ਨਾਂ ਤੇ ਉਥੇ ਗਈ ਔਰ ਉਥੋਂ 93 ਹਜ਼ਾਰ ਆਰਮੀ ਪ੍ਰਸੋਨਲ ਅਰੈਸਟ ਕੀਤੇ । ਇਕ ਲੈਫਟੀਨੈਂਟ ਜਨਰਲ ਨੇ ਆਪਣਾ ਪਿਸਤੌਲ ਜਨਰਲ ਅਰੋੜਾ ਦੇ ਹੱਥਾਂ ਵਿੱਚ ਦੇ ਕੇ ਸਰੰਡਰ ਕੀਤਾ ਸੀ ਉਦੋਂ ਆਰਮੀ ਦੇ ਸਿਪਾਹੀ ਨੂੰ ਉਸ ਦੇ ਸਟੈਂਡਰਡ ਅਨੁਸਾਰ ਅਤੇ ਅਫਸਰ ਨੂੰ ਉਸ ਦੇ ਸਟੈਂਡਰਡ ਅਨੁਸਾਰ ਰੱਖਿਆ ਗਿਆ ਔਰ ਉਨ੍ਹਾਂ ਤੇ ਜੋ ਖਰਚ ਹੋਇਆ, ਕੀ ਉਹ ਸਾਰਾ ਪੈਸਾ ਬੰਗਲਾ ਦੇਸ਼ ਨੂੰ ਦੇਣਾ ਪਿਆ ? ਇਹ ਜਿਹੜਾ ਸਾਡੇ ਤੇ ਲੜਾਈ ਲੜ ਕੇ ਸਾਨੂੰ ਮਾਰ ਕੇ, ਸਾਨੂੰ ਕੁੱਟ ਕੇ ਫਿਰ ਸੈਂਟਰ ਜਿਹੜਾ ਕਹਿੰਦਾ ਹੈ ਕਿ ਪੈਸਾ ਸਾਨੂੰ ਵਾਪਸ ਕਰੋ, । ਆਪਣੇ ਹੀ ਮੁਲਕ ਦੀ ਫੌਜ ਔਰ ਪੁਲਿਸ ਨੂੰ ਇਥੇ ਭੇਜ ਕੇ ਸਾਡੇ ਤੇ ਕੁਟਾਪਾ ਚਾੜ੍ਹਿਆ ਔਰ ਫਿਰ ਸਾਡੇ ਤੋਂ ਲੋਨ ਵਸੂਲ ਕਰਦੇ ਹਨ । ਮੈਂ ਭੈਣ ਜੀ ਨੂੰ ਰਿਕੁਐਸਟ ਕਰਦਾ ਹਾਂ ਕਿ ਇਹ ਵੀ ਮੁੱਖ ਮੰਤਰੀ ਰਹੇ ਹਨ, ਭਾਵੇਂ ਥੋੜੇ ਦਿਨ ਹੀ ਰਹੇ ਹਨ, ਪਰ ਇਹ ਇਸ ਨਾਲ ਸਹਿਮਤੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਸਿੱਧੂ]

ਦੇਣ । ਫਿਰ ਅਰਸ਼ੀ ਜੀ, ਤੁਸੀਂ ਵੀ ਉਸ ਵਕਤ ਕਿਸੇ ਸਕੂਲ ਵਿੱਚ ਪੜ੍ਹਦੇ ਹੋਵੋਗੇ ਜਦੋਂ ਫੌਜ ਨੂੰ ਇੱਥੇ ਲਿਆ ਕੇ ਰੱਖਿਆ ਗਿਆ । ਤੁਹਾਡੇ ਉਸ ਸਮੇਂ ਦੇ ਜਿਹੜੇ ਹੋਮ ਮਨਿਸਟਰ ਹਨ, ਅਰਸ਼ੀ ਜੀ ਤੁਸੀਂ ਮੇਰੀ ਗੱਲ ਧਿਆਨ ਨਾਲ ਸੁਣਨ ਦੀ ਖੇਚਲ ਕਰੋ, ਤੁਸੀਂ ਰੂਲਜ਼ ਦੇ ਬਾਰੇ ਕਹਿ ਰਹੇ ਹੋ ਔਰ ਤੁਸੀਂ ਵੀ ਰੂਲਜ਼ ਦੇ ਮੁਤਾਬਕ ਹੀ ਗੱਲ ਸੁਣੋ, ਜਿਹੜਾ ਇਨ੍ਹਾਂ ਦਾ ਹੋਮ ਮਨਿਸਟਰ ਹੈ ਅਤੇ ਜਿਥੋਂ ਇਹ ਡਿਕਟੇਟ ਲੈ ਕੇ ਆਉਂਦੇ ਹਨ ਜਾਂ ਜਿਥੋਂ ਅਰਸ਼ੀ ਜੀ ਟਿਊਸ਼ਨ ਪੜ੍ਹ ਕੇ ਆਉਂਦੇ ਰਹੇ ਔਰ ਉਦੋਂ ਉਹ ਮੈਂਬਰ ਪਾਰਲੀਮੈਂਟ ਸੀ ਜੇਕਰ ਕੋਈ ਰੂਲ ਦੇ ਮੁਤਾਬਕ ਸੈਂਟਰ ਵਿੱਚ ਕੋਈ ਅਮੈਂਡਮੈਂਟ ਹੋਈ ਹੈ ਤਾਂ ਅਰਸ਼ੀ ਜੀ ਦੱਸ ਦੇਣ ਜਾਂ ਬੀਬੀ ਭੱਠਲ ਜੀ ਦੱਸ ਦੇਣ । ਜਿਹੜੀ ਆਰਮੀ ਦੀ ਲੜਾਈ ਲੜੀ ਜਾਂਦੀ ਹੈ ਇਹ ਸਾਰੇ ਦੇਸ਼ ਦੇ ਲਈ ਲੜੀ ਜਾਂਦੀ ਹੈ । ਸਾਨੂੰ ਸਾਰਿਆਂ ਨੂੰ ਸਰਬਸੰਮਤੀ ਦੇ ਨਾਲ ਹੀ ਇਹ ਮਤਾ ਪਾਸ ਕਰਨਾ ਚਾਹੀਦਾ ਹੈ ਕਿਉਂ ਜੋ ਪੰਜਾਬ ਦੇ ਸਿਰ ਤੋਂ ਕਰਜ਼ੇ ਦਾ ਬੋਝ ਲਹੇਗਾ ਅਤੇ ਇਸ ਦੇ ਨਾਲ ਪੰਜਾਬ ਦਾ ਭਲਾ ਹੀ ਹੋਵੇਗਾ । ਇਸ ਭਲੇ ਵਾਸਤੇ ਹੀ ਸਾਨੂੰ ਸਾਰਿਆਂ ਨੂੰ ਇਹ ਰੈਜ਼ੋਲਿਊਸ਼ਨ ਸਰਬਸੰਮਤੀ ਦੇ ਨਾਲ ਟੇਕ-ਅੱਪ ਕਰਨਾ ਚਾਹੀਦਾ ਹੈ ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਮੈਂ ਫਿਊਚਰ ਦੇ ਬਾਰੇ ਤੁਹਾਡੇ ਕੋਲੋਂ ਇਸ ਦੇ ਉਤੇ ਰੂਲਜ਼ ਦੇ ਮੁਤਾਬਕ ਸੌਧ ਬਾਰੇ ਦੋ ਸ਼ਬਦ ਸੁਣਨਾ ਚਾਹੁੰਦਾ ਹਾਂ ।

**ਸ੍ਰੀ ਸਪੀਕਰ**: ਮੈਂ ਗੱਲ ਕਰ ਹੀ ਰਿਹਾ ਹਾ ।

**Mr. Speaker**: Question is:

That Rules 30 (3), 147 and other relevant Rules of the Rules of Procedure and Conduct of Business in the Punjab Vidhan Sabha (Punjab Legislative Assembly) be suspended in so far as it is necessary to move the following resolution at today's sitting at priority No. 1: —

"This House recommends to the State Government to approach the Union Government to waive the entire loan amounting to rupees 8,000 crores given to the State in recent years to combat militancy and face the proxy war from across the border, which was a national problem, since it is not possible for the State to repay this huge loan."

*The motion was carried unanimously.*

— — —

Original with;
Punjab Vidhan Sabha
Digitized by;
Panjab Digital Library

## RESOLUTION RE. RECOMMENDING TO THE STATE GOVERNMENT TO APPROACH THE UNION GOVERNMENT TO WAIVE THE ENTIRE LOAN AMOUNTING TO RUPEES 8,000 CRORES GIVEN TO THE STATE IN RECENT YEARS TO COMBAT MILITANCY

**ਸ਼੍ਰੀ ਸਪੀਕਰ**: ਹਾਂ ਜੀ, ਕਲਕੱਤਾ ਜੀ, ਤੁਸੀਂ ਆਪਣਾ ਮਤਾ ਮੂਵ ਕਰੋ ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਟਾਈਮ ਅੱਧਾ ਅੱਧਾ ਕਰ ਦਿਉ ।

**ਸ਼੍ਰੀ ਸਪੀਕਰ**: ਤੁਹਾਨੂੰ ਇੱਕ ਘੰਟਾ ਦਿਆਂਗੇ । ਉਂਜ ਇਸ ਦਾ ਦੋ ਘੰਟੇ ਟਾਈਮ ਠੀਕ ਹੈ ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ. ਸਰਬਸੰਮਤੀ ਨਾਲ ਟਾਈਮ ਅੱਧਾ ਅੱਧਾ ਕਰ ਦਿਉ ।

**ਸਰਦਾਰ ਮਨਜੀਤ ਸਿੰਘ ਕਲਕੱਤਾ** (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦਾ ਵੀ ਧੰਨਵਾਦੀ ਹਾਂ ਕਿ ਇਹ ਜੋ ਮਤਾ ਅੱਜ ਮੂਵ ਕੀਤਾ ਜਾ ਰਿਹਾ ਹੈ ਉਸ ਲਈ ਤੁਸੀਂ ਆਗਿਆ ਦਿੱਤੀ ਹੈ । ਮਤੇ ਦੀ ਇੰਪਾਰਟੈਂਸ ਨੂੰ ਦੇਖਦੇ ਹੋਏ ਤੁਸੀਂ ਰੂਲਜ਼ ਆਫ ਪ੍ਰੋਸੀਜਰ ਦੇ ਵਿੱਚ ਅਮੈਂਡਮੈਂਟ ਕਰਕੇ ਮਤਾ ਮੂਵ ਕਰਨ ਲਈ ਕਹਿ ਦਿੱਤਾ ਹੈ, ਮੈਂ ਉਸ ਦੇ ਲਈ ਧੰਨਵਾਦੀ ਹਾਂ । ਪੰਜਾਬ ਦੇ ਉਤੇ ਜਿਹੜਾ ਕਰਜ਼ਾ ਚੜ੍ਹਿਆ ਹੈ, ਉਸ ਨੂੰ ਪੰਜਾਬ ਦੀ ਜਨਤਾ ਬਹੁਤ ਬੁਰੀ ਤਰ੍ਹਾਂ ਅਨੁਭਵ ਕਰਦੀ ਹੈ ਅਤੇ ਅਸੀਂ ਜਿਹੜੇ ਪੰਜਾਬ ਦੀ ਜਨਤਾ ਦੇ ਪ੍ਰਤੀਨਿਧੀ ਚੁਣ ਕੇ ਆਏ ਹਾਂ ਅਸੀਂ ਵੀ ਇਸ ਦੀ ਗੰਭੀਰਤਾ ਨੂੰ ਅਨੁਭਵ ਕਰਦੇ ਹੋਏ ਹੀ ਅੱਜ ਸੱਭ ਤੋਂ ਪਹਿਲਾਂ ਇਹ ਪ੍ਰਸਤਾਵ ਰੱਖਣ ਲਈ ਆਪ ਜੀ ਨੂੰ ਬੇਨਤੀ ਕੀਤੀ ਹੈ । ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ :

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਅੱਤਵਾਦ ਤੇ ਕਾਬੂ ਪਾਉਣ ਅਤੇ ਸਰਹੱਦ ਪਾਰੋਂ ਪ੍ਰੌਕਸੀ ਵਾਰ ਦਾ ਸਾਹਮਣਾ ਕਰਨ, ਜੋ ਕਿ ਇੱਕ ਰਾਸ਼ਟਰੀ ਸਮੱਸਿਆ ਸੀ, ਲਈ ਹਾਲ ਹੀ ਦੇ ਸਾਲਾਂ ਵਿੱਚ ਰਾਜ ਨੂੰ ਦਿੱਤੇ ਗਏ 8,000 ਕਰੋੜ ਰੁਪਏ ਦੇ ਸਮੁੱਚੇ ਕਰਜ਼ੇ ਨੂੰ ਮਾਫ ਕਰਨ ਲਈ ਕੇਂਦਰੀ ਸਰਕਾਰ ਨੂੰ ਪਹੁੰਚ ਕਰੇ ਕਿਉਂਕਿ ਇਤਨੇ ਵੱਡੇ ਕਰਜ਼ੇ ਨੂੰ ਵਾਪਸ ਕਰਨਾ ਰਾਜ ਲਈ ਸੰਭਵ ਨਹੀਂ ਹੈ ।"

ਸਪੀਕਰ ਸਾਹਿਬ, ਅਮਨ ਤੇ ਕਾਨੂੰਨ ਦੇ ਲਈ ਜ਼ਿੰਮੇਵਾਰੀ ਤਾਂ ਸੂਬਾਈ ਸਰਕਾਰ ਦੀ ਹੁੰਦੀ ਹੈ, ਸਟੇਟ ਸਰਕਾਰ ਦੀ, ਰਾਜ ਸਰਕਾਰ ਦੀ ਹੁੰਦੀ ਹੈ ਪਰ ਜਦੋਂ ਇਹ ਇਨਸਰਜੈਂਸੀ ਦਾ ਰੂਪ ਧਾਰਨ ਕਰ ਜਾਏ ਤੇ ਜਿਸ ਨੂੰ ਸਵੀਕਾਰ ਕੀਤਾ ਜਾਵੇ, ਨੈਸ਼ਨਲ ਲੀਡਰਾਂ ਵਲੋਂ ਵੀ ਔਰ ਪਾਰਲੀਮੈਂਟ ਦੇ ਵਿੱਚ ਵੀ ਸਵੀਕਾਰ ਕੀਤਾ ਜਾਏ ਤਾਂ ਉਸ ਤੋਂ ਬਾਅਦ ਇਹ ਗੱਲ ਕਹਿਣੀ ਕਿ ਇਸ ਇਨਸਰਜੈਂਸੀ ਦਾ ਮੁਕਾਬਲਾ ਸੂਬਾਈ ਸਰਕਾਰ ਆਪਣੇ ਮਾਲੀ ਸਾਧਨਾਂ ਤੋਂ ਕਰੇ ਤਾਂ ਅਜਿਹਾ ਕਦੇ ਵੀ ਸੰਭਵ ਨਹੀਂ ਹੈ ਔਰ ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਜੀਤ ਸਿੰਘ ਕਲਕੱਤਾ]

ਪੰਜਾਬ ਨਾਲ ਧੱਕਾ ਹੈ । ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸ਼ਰੋਮਣੀ ਅਕਾਲੀ ਦਲ ਕਦੀ ਇਸ ਪਹੁੰਚ ਨਾਲ ਸਹਿਮਤ ਨਹੀਂ ਹੋਇਆ ਜਿਹੜੀ ਕਾਂਗਰਸ ਸਰਕਾਰ ਨੇ ਅਪਣਾਈ ਰੱਖੀ । ਇਨ੍ਹਾਂ ਨੇ ਹੀ ਪੰਜਾਬ ਦੇ ਸੰਕਟ ਨੂੰ ਜਿਹੜੀ ਪੰਜਾਬ ਦੀ ਪੁਲੀਟੀਕਲ ਪ੍ਰਾਬਲਮ ਸੀ, ਪੰਜਾਬ ਦੀ ਆਰਥਿਕ ਪ੍ਰਾਬਲਮ ਸੀ, ਪੰਜਾਬ ਦੀ ਸਮਾਜਿਕ ਪ੍ਰਾਬਲਮ ਸੀ, ਪੰਜਾਬ ਦੀ ਧਾਰਮਿਕ ਪ੍ਰਾਬਲਮ ਸੀ, ਉਸ ਨੂੰ ਨਜ਼ਰ ਅੰਦਾਜ਼ ਕੀਤਾ ਅਤੇ ਇਸ ਉਤੇ ਕੋਈ ਰੀਐਕਟ ਨਾ ਕੀਤਾ । ਸ਼ਰੋਮਣੀ ਅਕਾਲੀ ਦਲ ਨੇ ਪੰਜਾਬ ਦੀਆਂ ਹੱਕੀ ਮੰਗਾਂ, ਪੰਜਾਬ ਦੀਆਂ ਜਾਇਜ਼ ਮੰਗਾਂ, ਪੰਜਾਬ ਦੇ ਨੈਚਰੁਲ ਰਿਸੋਰਸਜ਼ ਦੀ ਲੁੱਟ-ਖਸੁੱਟ ਰੋਕਣ ਵਾਸਤੇ ਬਹੁਤ ਜੱਦੋ-ਜਹਿਦ ਕੀਤੀ । ਇਹ ਜੋ ਧੱਕਾ ਅਤੇ ਅਨਿਆਂ ਪੰਜਾਬ ਨਾਲ ਕੀਤਾ ਜਾ ਰਿਹਾ ਹੈ, ਪੰਜਾਬੀ ਭਾਸ਼ਾ ਨਾਲ ਕੀਤਾ ਜਾ ਰਿਹਾ ਹੈ, ਪੰਜਾਬੀ ਕਲਚਰ ਨਾਲ ਹੋ ਰਿਹਾ ਹੈ, ਇਸ ਦੇ ਖਿਲਾਫ ਸ਼ਰੋਮਣੀ ਅਕਾਲੀ ਦਲ ਨੇ ਆਵਾਜ਼ ਉਠਾਈ, ਲਗਾਤਾਰ ਜੱਦੋ-ਜਹਿਦ ਕੀਤੀ । ਚਾਹੀਦਾ ਤਾਂ ਇਹ ਸੀ ਕਿ ਉਸ ਸਿਆਸੀ ਮਸਲੇ ਤੇ ਉਸੇ ਵੇਲੇ ਸਰਕਾਰ ਐਕਸ਼ਨ ਲੈਂਦੀ ਤਾਂ ਕਿ ਇਹ ਮਾਮਲਾ ਇਥੇ ਤੱਕ ਨਾ ਪੁੱਜਦਾ ਪਰ ਇਨ੍ਹਾਂ ਨੇ ਇਸ ਦੀ ਬਜਾਏ ਪੰਜਾਬ ਨੂੰ ਸਬਕ ਸਿਖਾਉਣ ਵਾਸਤੇ ਅਤੇ ਪੰਜਾਬ ਤੋਂ ਬਦਲਾ ਲੈਣ ਵਾਸਤੇ ਅਤੇ ਖਾਸ ਕਰਕੇ ਸਿੱਖਾਂ ਅਤੇ ਸ਼ਰੋਮਣੀ ਅਕਾਲੀ ਦਲ ਤੋਂ ਬਦਲਾ ਲੈਣ ਵਾਸਤੇ ਕਿਉਂਕਿ ਜਦੋਂ ਸਾਰੇ ਵਿਧਾਨ ਨੂੰ ਛਿੱਕੇ ਟੰਗ ਕੇ ਕਾਂਗਰਸ ਨੇ ਐਮਰਜੈਂਸੀ ਡਿਕਲੇਅਰ ਕੀਤੀ, ਸਿਵਲ ਲਿਬਰਟੀਜ਼ ਖੋਹ ਲਈਆਂ, ਹਿੰਦੁਸਤਾਨ ਨੂੰ ਵੱਡੀ ਜੇਲ੍ਹ ਬਣਾ ਦਿੱਤਾ ਤਾਂ ਵੀ ਸ਼ਰੋਮਣੀ ਅਕਾਲੀ ਦਲ ਨੇ ਸਰੰਡਰ ਨਹੀਂ ਕੀਤਾ । ਇਸ ਗੱਲ ਦੀ ਸਜ਼ਾ ਸ਼ਰੋਮਣੀ ਅਕਾਲੀ ਦਲ ਨੂੰ ਦਿੱਤੀ ਜਾਂਦੀ ਰਹੀ ਅਤੇ ਪੰਜਾਬ ਨਾਲ ਲਗਾਤਾਰ ਧੱਕਾ ਕੀਤਾ ਜਾਂਦਾ ਰਿਹਾ । ਅਸੀਂ ਜਿਹੜੀ ਵੀ ਮੰਗ ਰੱਖੀ ਉਸ ਨੂੰ ਪੁਲੀਟੀਕਲੀ ਨਜਿੱਠਣ ਦੀ ਬਜਾਏ ਇਨ੍ਹਾਂ ਨੇ ਉਨ੍ਹਾਂ ਮੰਗਾਂ ਨੂੰ, ਚਾਹੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਸੀ, ਤਾਂ ਇਨ੍ਹਾਂ ਨੇ ਅੱਤਵਾਦ, ਵੱਖਵਾਦ ਵਾਲੀ ਕਹਿ ਕੇ ਪੁਲਿਸ ਪ੍ਰਾਬਲਮ ਬਣਾ ਦਿੱਤੀ, ਲਾਅ ਐਂਡ ਆਰਡਰ ਪ੍ਰਾਬਲਮ ਬਣਾ ਦਿੱਤੀ । ਮੈਨੂੰ ਅਫਸੋਸ ਹੈ ਸੈਂਟਰ ਸਰਕਾਰ ਨੇ ਤਾਂ ਸਾਡੇ ਨਾਲ ਇਹ ਵਤੀਰਾ ਕੀਤਾ ਪਰ ਜਿਹੜੇ ਪੰਜਾਬ ਦੇ ਲੋਕਾਂ ਦੇ ਪ੍ਰਤੀਨਿਧ ਕਹਾਉਂਦੇ ਸੀ ਔਰ ਪੰਜਾਬ ਦੀਆਂ ਕਾਂਗਰਸ ਸਰਕਾਰਾਂ ਬਣੀਆਂ, ਉਨ੍ਹਾਂ ਨੇ ਵੀ ਉਹੀ ਬੋਲੀ ਬੋਲੀ ਜਿਹੜੀ ਇਨ੍ਹਾਂ ਦੇ ਮਾਸਟਰਜ਼ ਵਾਇਸ ਦੀ ਸੀ । ਜਿਹੜੀ ਬੋਲੀ ਉਹ ਬੋਲਦੇ ਸੀ, ਇਹ ਵੀ ਉਸੇ ਤਰੀਕੇ ਨਾਲ ਬੋਲਦੇ ਰਹੇ । ਇਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਪ੍ਰਾਬਲਮ ਲਾਅ ਐਂਡ ਆਰਡਰ ਦੀ ਪ੍ਰਾਬਲਮ ਹੈ । ਇਸ ਨੂੰ ਸਖਤੀ ਨਾਲ ਦਬਾ ਦਿੱਤਾ ਜਾਵੇਗਾ, ਕੁਚਲ ਦਿੱਤਾ ਜਾਵੇਗਾ । ਅੱਜ ਜਿਹੜਾ ਮਤਾ ਰੱਖਿਆ ਗਿਆ ਹੈ, ਇਹ ਜਿਹੜੀ ਲਾਅ ਐਂਡ ਆਰਡਰ ਦੀ ਪ੍ਰਾਬਲਮ ਹੈ, ਇਹ ਜਿਹੜਾ ਸੀ. ਆ.ਰ. ਪੀ. ਨੀਮ ਸਰਕਾਰੀ ਸੈਂਟਰਲ ਫੋਰਸਿਜ਼ ਤੇ ਖਰਚਾ ਕੀਤਾ ਗਿਆ ਹੈ, ਉਨ੍ਹਾਂ ਨੂੰ ਪੰਜਾਬ ਵਿੱਚ ਬੁੱਲਾ ਕੇ ਉਸ ਉਤੇ ਖਰਚ ਕੀਤਾ ਗਿਆ, ਪੰਜਾਬ ਵਿਚ ਜੋ ਕਾਨੂੰਨ ਲਾਗੂ ਕੀਤਾ ਗਿਆ ਉਸ ਨਾਲ ਪੰਜਾਬੀਆਂ ਦੀਆਂ ਸਾਰੀਆਂ ਲਿਬਰਟੀਜ਼, ਪੰਜਾਬ ਦੇ ਬੁਨਿਆਦੀ ਹੱਕ, ਮਨਸੂਖ ਕਰ ਦਿੱਤੇ ਗਏ ਅਤੇ ਪੁਲਿਸ ਨੂੰ ਸਾਰੇ ਅਧਿਕਾਰ ਦੇ ਦਿੱਤੇ ਗਏ । ਟਾਪ ਬਰਾਸ ਤੇ ਇੰਨਾ ਖਰਚਾ ਕੀਤਾ ਜਾਂਦਾ ਰਿਹਾ । ਪਹਿਲਾਂ ਇੱਕ ਆਈ. ਜੀ. ਹੁੰਦਾ ਸੀ, ਫਿਰ ਡੀ. ਜੀ. ਪੀ. ਬਣਾਇਆ ਗਿਆ । ਹੁਣ

Original with;
Punjab Vidhan Sabha
Digitized by;
Panjab Digital Library

ਕਟੀ ਕਈ ਡੀ. ਜੀ. ਪੀ. ਹਨ । ਉਸ ਤੋਂ ਬਾਅਦ ਜਿੰਨੇ ਪੰਜਾਬ ਦੇ ਜ਼ਿਲ੍ਹੇ ਸਨ, ਉਨ੍ਹਾਂ ਵਿੱਚ ਅਲੱਗ-ਅਲੱਗ ਪੁਲਿਸ ਦੇ ਜ਼ਿਲ੍ਹੇ ਬਣਾ ਦਿੱਤੇ । ਪੰਜਾਬ ਨੂੰ ਪੁਲਿਸ ਸੂਬੇ ਵਿੱਚ ਕਨਵਰਟ ਕਰ ਦਿੱਤਾ ਅਤੇ ਇਥੇ ਲਾਅ ਆਫ ਜੰਗਲ ਚੱਲ ਰਿਹਾ ਸੀ । ਖਰਚਾ ਇਨ੍ਹਾਂ ਦੀਆਂ ਪਾਲਿਸੀਆ ਦੇ ਮੁਤਾਬਿਕ ਹੁੰਦਾ ਸੀ । ਇਹ ਸਭ ਪੰਜਾਬ ਲਈ ਮਾਰੂ ਸੀ । ਇਹ ਸਾਰੀਆਂ ਨੀਮ ਜਥੇਬੰਦੀਆਂ, ਫੌਜੀ ਜਥੇਬੰਦੀਆਂ, ਅਰਧ-ਫੌਜੀ ਜਥੇ ਬੰਦੀਆਂ ਨੂੰ ਪੰਜਾਬ ਵਿੱਚ ਬੁਲਾਇਆ ਗਿਆ । ਇਹ ਕੇਂਦਰ ਸਰਕਾਰ ਦਾ ਮਨਸ਼ਾ ਸੀ । ਪੰਜਾਬ ਸਰਕਾਰ ਨੇ ਉਨ੍ਹਾਂ ਦੀ ਹਰ ਗੱਲ ਵੈਲਕਮ ਕੀਤੀ । ਉਸ ਨੂੰ ਪ੍ਰਵਾਨ ਕੀਤਾ । ਇਨ੍ਹਾਂ ਨੇ ਕਦੀ ਵੀ ਉਸ ਦਾ ਵਿਰੋਧ ਨਹੀਂ ਕੀਤਾ । ਇਨ੍ਹਾਂ ਦੀਆਂ ਅਪਣਾਈਆਂ ਗਈਆਂ ਗਲਤ ਨੀਤੀਆਂ ਕਾਰਨ ਹੀ ਇਹ ਖਰਚ ਹੁੰਦਾ ਰਿਹਾ । ਪੰਜਾਬ ਦੀ ਪ੍ਰਾਬਲਮ ਨੂੰ ਪੁਲੀਟੀਕਲੀ ਟੈਕਲ ਕਰਨਾ ਚਾਹੀਦਾ ਸੀ ਜਿਸ ਦੇ ਵਾਸਤੇ ਅਸੀਂ ਅੱਜ ਜੂਝ ਰਹੇ ਹਾਂ । ਇਥੇ ਪੰਜਾਬ ਦੀ ਵਿਦਿਆ ਦਾ ਨੁਕਸਾਨ ਹੋਇਆ, ਸਮਾਜਿਕ ਢਾਂਚੇ ਦਾ ਨੁਕਸਾਨ ਹੋਇਆ ਅਤੇ ਪੰਜਾਬ ਦੀ ਆਰਥਿਕ ਵਿਵਸਥਾ ਦਾ ਨੁਕਸਾਨ ਹੋਇਆ । ਅਸੀਂ ਇਸ ਸਦੀ ਤੱਕ ਤਾਂ ਕੀ ਅਗਲੀ ਸਦੀ ਤੱਕ ਵੀ ਪੰਜਾਬ ਦੀ ਆਰਥਿਕਤਾ ਨੂੰ ਠੀਕ ਨਹੀਂ ਕਰ ਸਕਾਂਗੇ ਇਤਨਾ ਵੱਡਾ ਪੰਜਾਬ ਦੇ ਲੋਕਾਂ ਦਾ ਅਤੇ ਪੰਜਾਬ ਦੀ ਆਰਥਿਕਤਾ ਦਾ ਨੁਕਸਾਨ ਹੋਇਆ । ਪੰਜਾਬ ਨੂੰ ਅਗਲੀ ਸਦੀ ਤੱਕ ਗਹਿਣੇ ਪਾ ਦਿੱਤਾ ਹੈ ਅਤੇ ਪੰਜਾਬ ਦੀ ਇਕਾਨਮੀ ਨੂੰ ਡੈਬਟ ਟਰੈਪ ਤੇ ਬੰਨ੍ਹ ਦਿੱਤਾ ਹੈ, ਜਿਸ ਦੇ ਨਾਲ ਪੰਜਾਬ ਵਿਚ ਵਿਕਾਸ ਦੇ ਕੰਮ ਨਹੀਂ ਹੋ ਸਕਦੇ ਅਤੇ ਪੰਜਾਬ ਦੇ ਲਈ ਹੋਰ ਸਾਧਨ ਪੈਦਾ ਨਹੀਂ ਕੀਤੇ ਜਾ ਸਕਦੇ । ਇਸ ਲਈ ਮੈਂ ਸਰਕਾਰ ਨੂੰ ਅਤੇ ਆਪੋਜ਼ੀਸ਼ਨ ਦੇ ਭੈਣਾਂ ਭਾਈਆਂ ਨੂੰ ਅਪੀਲ ਕਰਦਾ ਹਾਂ ਕਿ ਇਹ ਬੜਾ ਇੰਪਾਰਟੈਂਟ ਮਸਲਾ ਹੈ ਔਰ ਸਾਡਾ ਡੈਬਟ ਟਰੈਪ 30% ਤੱਕ ਟੱਪ ਚੁੱਕਾ ਹੈ । ਇਸ ਦੇ ਪ੍ਰਿੰਸੀਪਲ ਅਮਾਊਂਟ ਦੀ ਫਿਗਰ 4 ਗੁਣਾ ਹੈ ਅਤੇ ਇਸ ਉਤੇ ਇੰਟਰੈਸਟ 3/4 ਹਿੱਸਾ ਚਲਾ ਜਾਂਦਾ ਹੈ । ਪਿਛਲੀ ਸਰਕਾਰ ਦੀਆਂ ਪਾਲਿਸੀਆਂ ਕਰਕੇ ਅਤੇ ਸੈਂਟਰਲ ਗੌਰਮਿੰਟ ਦੀ ਪਾਲਿਸੀ ਕਰਕੇ ਪੰਜਾਬ ਨੂੰ ਇਸ ਵਿਚ ਫਸਾਇਆ ਗਿਆ ਹੈ ਜਿਸ ਦਾ ਪੰਜਾਬ ਦੇ ਲੋਕਾਂ ਨੂੰ ਖੁਮਿਆਜ਼ਾ ਭੁਗਤਣਾ ਪੈ ਰਿਹਾ ਹੈ । ਪਿਛੇ ਜੋ ਕੁਝ ਹੋਇਆ ਸੋ ਹੋ ਗਿਆ ਔਰ ਜਿਹੜੇ ਜ਼ਖਮ ਸਾਡੀ ਛਾਤੀ ਉਤੇ ਪਿਛਲੀ ਸਰਕਾਰ ਨੇ ਲਗਾਏ ਹਨ ਉਨ੍ਹਾਂ ਉਤੇ ਮਲ੍ਹਮ ਲਗਾਉਣ ਦੀ ਲੋੜ ਹੈ । ਅਗੇ ਵਾਸਤੇ ਪੰਜਾਬ ਦੇ ਵਿਕਾਸ ਵਾਸਤੇ, ਪੰਜਾਬ ਵਿਚ ਇੰਡਸਟਰੀ ਨੂੰ ਵਧਾਉਣ ਵਾਸਤੇ ਅਤੇ ਨੌਜਵਾਨਾਂ ਨੂੰ ਜਿਹੜੇ ਬੇਰੁਜ਼ਗਾਰ ਹਨ, ਉਨ੍ਹਾਂ ਲਈ ਰੋਜ਼ਗਾਰ ਪੈਦਾ ਕਰਨ ਦੀ ਲੋੜ ਹੈ ਜਿਸ ਦੇ ਲਈ ਇੰਡਸਟਰੀ ਲਗਾਉਣਾ ਬੜਾ ਜ਼ਰੂਰੀ ਹੈ, ਤਾਂ ਕਿ ਪੰਜਾਬ ਦੀ ਇਕਾਨਮੀ ਨੂੰ ਹੋਰ ਅਗੇ ਲੈ ਜਾ ਸਕੀਏ । ਇਸ ਦੇ ਵਾਸਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਯਤਨ ਕਰਨੇ, ਚਾਹੀਦੇ ਹਨ ਤਾਂ ਕਿ ਅਸੀਂ ਪੰਜਾਬ ਨੂੰ ਡੈਬਟ ਟਰੈਪ ਤੋਂ ਕੱਢ ਸਕੀਏ । ਪੰਜਾਬ ਨੇ ਸੈਂਟਰਲ ਗੌਰਮਿੰਟ ਦਾ 8,000 ਕਰੋੜ ਰੁਪਿਆ ਲੋਨ ਦਾ ਦੇਣਾ ਹੈ ਇਸ ਨੂੰ ਮੁਆਫ਼ ਕਰਵਾਉਣ ਲਈ ਬਾਦਲ ਸਾਹਿਬ ਨੂੰ ਅਤੇ ਆਪੋਜ਼ੀਸ਼ਨ ਦੇ ਵੀਰਾਂ ਨੂੰ ਸਾਂਝਾ ਕੰਮ ਸਮਝ ਕੇ ਸੈਂਟਰਲ ਗੌਰਮਿੰਟ ਉਤੇ ਜ਼ੋਰ ਪਾ ਕੇ ਵੇਵ ਕਰਵਾਉਣਾ ਚਾਹੀਦਾ ਹੈ ਤਦ ਹੀ ਪੰਜਾਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਜੀਤ ਸਿੰਘ ਕਲਕੱਤਾ]

ਤਰੱਕੀ ਕਰ ਸਕਦਾ ਹੈ, ਸੜਕਾਂ ਦਾ ਵਿਕਾਸ ਹੋ ਸਕਦਾ ਹੈ । ਇਸ ਵਿਚ ਪ੍ਰੈਸ਼ਰ ਦੀ ਕੋਈ ਗੱਲ ਨਹੀਂ ਹੈ ਅਤੇ ਇਹ ਐਂਡ ਬੱਟ ਵਾਲੀ ਕੋਈ ਗੱਲ ਨਹੀਂ ਹੈ ਅਤੇ ਨਾ ਲਗਣੀ ਚਾਹੀਦੀ ਹੈ । ਸਾਨੂੰ ਸਾਰਿਆਂ ਨੂੰ ਇਕ ਆਵਾਜ਼ ਵਿਚ ਇਕ ਮਿੱਕ ਹੋ ਕੇ ਸੈਂਟਰਲ ਗੌਰਮਿੰਟ ਉਤੇ ਜ਼ੋਰ ਦੇ ਕੇ ਇਹ ਕਰਜ਼ਾ ਮੁਆਫ ਕਰਵਾਉਣਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਇਸ ਰਿਣ ਤੋਂ ਮੁਕਤੀ ਮਿਲ ਸਕੇ । ਧੰਨਵਾਦ ।

**Mr. Speaker:** Motion moved—

> " ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਅੱਤਵਾਦ ਤੇ ਕਾਬੂ ਪਾਉਣ ਅਤੇ ਸਰਹੱਦ ਪਾਰੋਂ ਪ੍ਰੌਕਸੀ ਵਾਰ ਦਾ ਸਾਹਮਣਾ ਕਰਨ ਜੋ ਕਿ ਇੱਕ ਰਾਸ਼ਟਰੀ ਸਮੱਸਿਆ ਸੀ, ਲਈ ਹਾਲ ਹੀ ਦੇ ਸਾਲਾਂ ਵਿੱਚ ਰਾਜ ਨੂੰ ਦਿੱਤੇ ਗਏ 8,000 ਕਰੋੜ ਰੁਪਏ ਦੇ ਸਮੁੱਚੇ ਕਰਜ਼ੇ ਨੂੰ ਮਾਫ ਕਰਨ, ਲਈ ਕੇਂਦਰੀ ਸਰਕਾਰ ਨੂੰ ਪਹੁੰਚ ਕਰੇ ਕਿਉਂਕਿ ਇਤਨੇ ਵੱਡੇ ਕਰਜ਼ੇ ਨੂੰ ਵਾਪਸ ਕਰਨਾ ਰਾਜ ਲਈ ਸੰਭਵ ਨਹੀਂ ਹੈ । "

**ਸਰਦਾਰ ਮਨਪ੍ਰੀਤ ਸਿੰਘ ਬਾਦਲ** (ਗਿੱਦੜਬਾਹਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਮਤੇ ਉਤੇ ਬੋਲਣ ਲਈ ਸਮਾਂ ਦਿੱਤਾ ਹੈ । ਇਸ ਤੋਂ ਪਹਿਲਾਂ ਬੋਲਦੇ ਹੋਏ ਸਰਦਾਰ ਮਨਜੀਤ ਸਿੰਘ ਕਲਕੱਤਾ ਜੀ ਨੇ ਬੜੇ ਸਾਫ ਲਫਜ਼ਾਂ ਦੇ ਵਿਚ ਇਸ ਦਾ ਜ਼ਿਕਰ ਕੀਤਾ ਹੈ ਅਤੇ ਆਪਣੇ ਵਿਚਾਰ ਇਸ ਹਾਊਸ ਦੇ ਵਿਚ ਰੱਖੇ ਹਨ ਅਤੇ ਜਿਹੜਾ ਕਲਕੱਤਾ ਸਾਹਿਬ ਨੇ ਮਤਾ ਇਸ ਹਾਊਸ ਦੇ ਵਿਚ ਰਖਿਆ ਹੈ, ਮੈਂ ਉਸ ਦੀ ਤਾਈਦ ਕਰਨ ਲਈ ਖੜਾ ਹੋਇਆ ਹਾਂ । ਸਪੀਕਰ ਸਾਹਿਬ ਇਕ ਸ਼ਾਇਰ ਇਕਬਾਲ ਨੇ ਬੜੇ ਸੁੰਦਰ ਲਫਜ਼ਾਂ ਦੇ ਵਿਚ ਜ਼ਿਕਰ ਕੀਤਾ ਹੈ ਜਿਹੜਾ ਇਸ ਮਤੇ ਉਤੇ ਬਿਲਕੁਲ ਢੁੱਕਦਾ ਹੈ, ਉਹ ਇਸ ਤਰ੍ਹਾਂ ਹੈ :—

"ਯ ਕੀ ਸੱਹਕਮ ਅਸਮਾਨ ਪਹਿਨ ਮੁਹੱਬਤ ਫਤਹਿ ਆਲਮ,
ਜਹਿਦ ਜ਼ਿੰਦਗੀ ਮੇਂ ਯਹੀ ਸ਼ਮਸ਼ੀਰ ਹੈ ਮਰਦੋਂ ਕੀ"

ਇਥੇ ਸ਼ਾਇਰ ਨੇ ਠੀਕ ਫਰਮਾਇਆ ਹੈ ਕਿ ਸੱਚੀ ਗੱਲ ਤੇ ਬੋਲਣਾ ਅਤੇ ਮਰਦੇ ਦਮ ਤੱਕ ਸਚਾਈ ਦਾ ਸਾਥ ਦੇਣਾ ਹੀ ਜ਼ਿੰਦਗੀ ਦਾ ਸ਼ਿੰਗਾਰ ਹੈ । ਪਿਛੇ ਪੰਜਾਬ ਜਿਨ੍ਹਾਂ ਹਾਲਾਤ ਦੇ ਵਿਚੋਂ ਗੁਜ਼ਰਿਆ ਹੈ ਉਹ ਸਾਨੂੰ ਸਾਰਿਆਂ ਨੂੰ ਪਤਾ ਹੈ ਅਤੇ ਮੇਰੇ ਨਾਲੋਂ ਜ਼ਿਆਦਾ ਇਥੇ ਮੇਰੇ ਸੀਨੀਅਰ ਮੈਂਬਰ ਸਾਹਿਬਾਨ ਨੇ ਜ਼ਿਕਰ ਕੀਤਾ ਹੈ । ਕਲਕੱਤਾ ਸਾਹਿਬ ਨੇ ਇਥੇ ਮਤਾ ਪੇਸ਼ ਕੀਤਾ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ ਕਿ ਇਸ ਨੂੰ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ । 1980 ਤੋਂ 1993 ਤੱਕ ਦਾ ਜੋ ਸਮਾਂ ਪੰਜਾਬ ਦੇ ਵਿਚ ਬੀਤ ਚੁੱਕਾ ਹੈ ਉਸ ਨੂੰ ਸਾਰੇ ਪੰਜਾਬੀ ਭੁਲਾ ਨਹੀਂ ਸਕਦੇ । ਇਸ ਬਾਰੇ ਮੈਨੂੰ ਕੋਈ ਬਹੁਤਾ ਗਿਆਨ ਨਹੀਂ ਹੈ ਇਸ ਲਈ ਇਸ ਮਸਲੇ ਉਤੇ ਬਹੁਤਾ ਕੋਈ ਜ਼ਿਕਰ ਨਹੀਂ ਕਰਾਂਗਾ । ਕਿਸ ਤਰ੍ਹਾਂ ਪੰਜਾਬ ਨੂੰ ਡਿਸਟੈਬੇਲਾਈਜ਼ ਕਰਨ ਦੀ ਇੰਟਰਨੈਸ਼ਨਲ ਲੈਵਲ ਤੇ ਸ਼ਾਜ਼ਿਸ਼ ਕੀਤੀ ਗਈ ਅਤੇ ਪੰਜਾਬ ਵਿਚ ਬਾਰਦ ਅਤੇ ਹਥਿਆਰ ਭੇਜੇ ਗਏ ਅਤੇ ਪੰਜਾਬ ਨੂੰ ਤਬਾਹ ਕਰਨ ਦੀ

Original with;
Punjab Vidhan Sabha
Digitized by;
Panjab Digital Library

ਬੜੀ ਵੱਡੀ ਸਾਜਿਸ਼ ਤਿਆਰ ਕੀਤੀ ਗਈ, ਜਿਸ ਵਿਚ ਪਾਕਿਸਤਾਨ ਖਾਸ ਕਰਕੇ ਸ਼ਾਮਲ ਸੀ । ਦੇਸ਼ ਦੀ ਆਬਰੂ ਅਤੇ ਇੱਜਤ, ਅਖੰਡਤਾ, ਏਕਤਾ ਨੂੰ ਖਤਮ ਕਰਨ ਦੀ ਸਾਜ਼ਿਸ਼ ਕੀਤੀ ਗਈ ਅਤੇ ਸਾਡੇ ਉਤੇ ਹਰ ਤਰ੍ਹਾਂ ਨਾਲ ਤਸ਼ੱਦਦ ਕਰਨ ਦੀ ਕੋਸ਼ਿਸ਼ ਕੀਤੀ ਗਈ । ਸਾਡੀ ਮਾਣ ਮਰਯਾਦਾ ਨੂੰ ਵੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ । ਸਾਡੇ ਆਪਸੀ ਭਾਈਚਾਰੇ ਨੂੰ ਵੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ! ਸਾਡੇ ਵਿਚ ਖੂਨ ਖਰਾਬਾ ਕਰਨ ਦੀ ਕੋਸ਼ਿਸ ਕੀਤੀ ਗਈ, ਜਿਸ ਕਰਕੇ ਸਾਡੇ ਪੰਜਾਬੀਆਂ ਨੂੰ ਬਹੁਤ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ ਅਤੇ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ ਅਤੇ ਕੁਰਬਾਨੀਆਂ ਦੇ ਕੇ ਪੰਜਾਬ ਨੂੰ ਬਚਾਇਆ । ਸਪੀਕਰ ਸਾਹਿਬ, ਪੰਜਾਬ ਦੇ ਹਜ਼ਾਰਾਂ ਬੇਟੇ ਅਤੇ ਬੇਟੀਆਂ ਸ਼ਹੀਦ ਹੋਈਆਂ । ਕੇਂਦਰ ਸਰਕਾਰ ਨੇ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਪੰਜਾਬ ਦੀ ਮਾਲੀ ਮੱਦਦ ਕੀਤੀ । 1984-85 ਤੋਂ 1994-95 ਤੱਕ 6,362.75 ਕਰੋੜ ਰੁਪਿਆ ਪੰਜਾਬ ਸਰਕਾਰ ਨੂੰ ਟਰਮ ਲੋਨ ਦਿਤਾ । ਸਪੀਕਰ ਸਾਹਿਬ, ਧਾਰਾ 355 ਦੇ ਤਹਿਤ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਜੇ ਕਿਸੇ ਸੂਬੇ ਨੂੰ ਬਾਹਰਲੀਆਂ ਤਾਕਤਾਂ ਤੋਂ ਖਤਰਾ ਪੈਦਾ ਹੁੰਦਾ ਹੈ ਤਾਂ ਸੈਂਟਰਲ ਗੌਰਮਿੰਟ ਲਾਜ਼ਮੀ ਤੌਰ ਤੇ ਸੂਬੇ ਦੀ ਹਿਫ਼ਾਜ਼ਤ ਲਈ ਮਦਦ ਕਰੇ । 1984-85 ਤੋਂ 1994-95 ਤੱਕ ਕੇਂਦਰ ਸਰਕਾਰ ਨੇ ਜੋ ਲੋਨ ਪੰਜਾਬ ਸਰਕਾਰ ਨੂੰ ਦਿਤੇ ਉਹ ਲੋਨ ਸੰਵਿਧਾਨ ਦੇ ਮੁਤਾਬਿਕ ਦੇਣ ਦੀ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਸੀ । ਪੰਜਾਬੀਆ ਨੇ ਕੇਵਲ ਪੰਜਾਬ ਦੀ ਲੜਾਈ ਨਹੀਂ ਲੜੀ ਬਲਕਿ ਸਾਰੇ ਹਿੰਦੋਸਤਾਨ ਦੀ ਜੰਗ ਲੜੀ ਸੀ। 1993-94 ਅਤੇ 1991-95 ਵਿਚ ਤਕਰੀਬਨ 1800 ਕਰੋੜ ਰੁਪਏ ਦੀ ਸੈਂਟਰਲ ਗੌਰਮਿੰਟ ਨੇ ਪੰਜਾਬ ਦੀ ਇਜਾਜ਼ਤ ਤੋਂ ਬਿਨਾਂ ਐਨੂਅਲ ਪਲਾਨ ਵਿਚ ਕੱਟ ਲਗਾ ਦਿਤੀ । ਸਪੀਕਰ ਸਾਹਿਬ, ਪੰਜਾਬ ਵਿਚ ਜੋ ਹਾਲਾਤ ਪੈਦਾ ਹੋਏ, ਬੰਗਾਲ ਵਿਚ ਜੋ ਹਾਲਾਤ ਪੈਦਾ ਹੋਏ ਅਤੇ ਜੰਮੂ ਕਸ਼ਮੀਰ ਵਿਚ ਜੋ ਹਾਲਾਤ ਪੈਦਾ ਹੋਏ ਅਤੇ ਜੋ ਹੋਰ ਇਸ ਤਰ੍ਹਾਂ ਦੇ ਹਾਲਾਤ ਵਿਚ ਸੂਬਿਆਂ ਨੂੰ ਕਰਜ਼ੇ ਦਿਤੇ ਗਏ ਸਨ, ਉਹ ਬਿਨਾ ਵਜ੍ਹਾ ਹੀ ਵਾਪਸ ਲਏ ਜਾ ਰਹੇ ਹਨ । 1980-81 ਵਿਚ ਪੁਲਿਸ ਦਾ ਖਰਚਾ 30 ਕਰੋੜ ਰੁਪਿਆ ਸੀ ਅਤੇ 1992-93 ਵਿਚ ਪੁਲਿਸ ਦਾ ਖਰਚਾ 634 ਕਰੋੜ ਰੁਪਿਆ ਹੋ ਗਿਆ 600 ਕਰੋੜ ਰੁਪਏ ਦਾ ਖਰਚਾ 10 ਸਾਲਾਂ ਵਿਚ ਵੱਧ ਗਿਆ । ਇਹ ਪੈਸਾ ਹਿੰਦੁਸਤਾਨ ਦੀ ਜੰਗ ਲੜਨ ਵਾਸਤੇ ਪੰਜਾਬ ਸਰਕਾਰ ਨੂੰ ਮਿਲਿਆ ਸੀ । ਅਸੀਂ ਇਹ ਪੈਸਾ ਜੇਕਰ ਪੰਜਾਬ ਦੀ ਖੁਸ਼ਹਾਲੀ ਵਾਸਤੇ, ਪੰਜਾਬ ਦੀ ਤਰੱਕੀ ਵਾਸਤੇ ਲੈਂਦੇ ਤਾਂ ਹੋਰ ਗੱਲ ਸੀ । ਅਸੀਂ ਪੰਜਾਬੀ ਖੁੱਦਾਰ ਲੋਕ ਹਾਂ ਅਤੇ ਇਕ ਵਕਤ ਦੀ ਰੋਟੀ ਖਾ ਕੇ ਗੁਜ਼ਾਰਾ ਕਰ ਸਕਦੇ ਹਾਂ ਅਤੇ ਭੁੱਖੇ ਰਹਿ ਸਕਦੇ ਹਾਂ । ਸੈਂਟਰਲ ਸਰਕਾਰ, ਸਪੀਕਰ ਸਾਹਿਬ, ਇਹ ਪੈਸਾ ਵਾਪਿਸ ਲਵੇ ਤਾਂ ਚੰਗੀ ਗੱਲ ਨਹੀਂ ਹੈ । ਜਿਸ ਮਕਸਦ ਲਈ ਇਹ ਪੈਸਾ ਖਰਚ ਹੋਇਆ ਸੀ, ਉਸ ਨਾਲ ਪੰਜਾਬੀਆਂ ਨੇ ਆਪਣੇ ਸੀਨੇ ਤੇ ਗੋਲੀਆਂ ਖਾਧੀਆਂ ਸਨ । ਲੇਕਿਨ ਦੋ ਸਾਲਾਂ ਵਿਚ ਹੀ 1800 ਕਰੋੜ ਰੁਪਿਆ ਅਸੀਂ ਵਾਪਿਸ ਕਰ ਚੁਕੇ ਹਾਂ । ਇਸ ਤਰ੍ਹਾਂ ਕਰਕੇ ਹਰ ਸਾਲ 900 ਕਰੋੜ ਰੁਪਿਆ ਸਾਨੂੰ ਵਾਪਿਸ ਕਰਨਾ ਪਏਗਾ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਸਪੀਕਰ ਸਾਹਿਬ, 900 ਕਰੋੜ ਰੁਪਿਆ ਹਰ ਸਾਲ ਮੋੜਨ ਨਾਲ ਤਾਂ ਸਾਡੀ ਕਮਰ ਟੁੱਟ ਜਾਵੇਗੀ। ਜਿਸ ਤਰ੍ਹਾਂ ਇਥੇ ਹਾਊਸ ਵਿਚ ਬੋਲਦੇ ਹੋਏ ਸਰਦਾਰ ਮਨਜੀਤ ਸਿੰਘ ਕਲਕੱਤਾ ਸਾਹਿਬ ਨੇ ਜ਼ਿਕਰ ਕੀਤਾ ਹੈ ਤਾਂ ਫਿਰ ਅਸੀਂ ਆਰਥਿਕ ਤੌਰ ਤੇ ਗੁਲਾਮ ਹੋ ਜਾਵਾਂਗੇ। ਸਮੇਂ ਸਮੇਂ ਦੀਆਂ ਸਰਕਾਰਾਂ ਨੇ ਸਰਦਾਰ ਬੇਅੰਤ ਸਿੰਘ, ਬਰਾੜ ਸਾਹਿਬ ਅਤੇ ਬੀਬੀ ਭੱਠਲ ਜੀ ਨੇ ਵੀ ਪੰਜਾਬ ਦਾ ਮੁਕੱਦਮਾ ਸੈਂਟਰਲ ਸਰਕਾਰ ਨੂੰ ਪੇਸ਼ ਕੀਤਾ ਸੀ ਅਤੇ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ ਸੀ। ਸਪੀਕਰ ਸਾਹਿਬ, ਕਾਨੂੰਨੀ ਤੌਰ ਤੇ ਅਤੇ ਇਖਲਾਕੀ ਤੌਰ ਤੇ ਉਨ੍ਹਾਂ ਦਾ ਇਹ ਕਰਜ਼ਾ ਵਾਪਿਸ ਲੈਣ ਦਾ ਹੱਕ ਨਹੀਂ ਬਣਦਾ। ਇਸ ਵਿਚ ਪੰਜਾਬ ਸਰਕਾਰ ਨੂੰ ਇਨਸਾਫ ਮਿਲਣਾ ਚਾਹੀਦਾ ਹੈ ਪਰ ਇਹ ਇਨਸਾਫ ਪੰਜਾਬ ਨੂੰ ਨਹੀਂ ਮਿਲਿਆ। ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ 20 ਅਪਰੈਲ, 1995 ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਸਿਮ੍ਹਾ ਰਾਓ ਲੁਧਿਆਣਾ ਵਿਖੇ ਆਏ ਸਨ ਅਤੇ ਲੱਖਾਂ ਦੀ ਗਿਣਤੀ ਵਿਚ ਪੰਜਾਬੀ ਉਥੇ ਇਕੱਠੇ ਹੋਏ ਹੋਏ ਸਨ ਅਤੇ ਉਨ੍ਹਾਂ ਨੇ ਉਦੋਂ ਤਸਲੀਮ ਕੀਤਾ ਸੀ ਕਿ ਪੰਜਾਬੀਆਂ ਨੇ ਜੰਗ ਪੰਜਾਬ ਦੀ ਨਹੀਂ ਬਲਕਿ ਹਿੰਦੁਸਤਾਨ ਦੀ ਲੜੀ ਸੀ। ਉਨ੍ਹਾਂ ਨੇ ਉਥੇ ਐਲਾਨ ਕੀਤਾ ਸੀ ਕਿ ਇਹ ਕਰਜ਼ਾ ਮੁਆਫ ਕੀਤਾ ਜਾਏਗਾ। ਇਹ ਉਨ੍ਹਾਂ ਦੇ ਆਪਣੇ ਇਲਫਾਜ਼ ਸਨ ਕਿ ਪੰਜਾਬ ਕੋਲੋਂ ਕਰਜ਼ਾ ਵਾਪਿਸ ਨਹੀਂ ਹੋ ਸਕਦਾ। ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਸੂਬੇ ਦੀ ਇਕਾਨੋਮੀ ਨੂੰ ਵਧਾਉਣ ਵਾਸਤੇ ਡਿਊਢੇ ਪੈਸੇ ਦੇਵਾਂਗੇ। ਸਪੀਕਰ ਸਾਹਿਬ, 27 ਅਪਰੈਲ, 1995 ਨੂੰ ਜੋ ਹਿੰਦੁਸਤਾਨ ਦੇ ਅਖਬਾਰਾਂ ਵਿਚ ਛਪਿਆ ਸੀ ਅਤੇ ਜਿਹੜੀਆਂ ਅਖਬਾਰਾਂ ਵਿਚ ਖਬਰਾਂ ਛਪੀਆਂ ਸਨ, ਮੈਂ ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਦੇ ਨਾਲ ਕੁਝ ਅੰਸ਼ ਟ੍ਰਿਬਿਊਨ ਅਖਬਾਰ ਦੇ ਇਥੇ ਹਾਊਸ ਵਿਚ ਪੜ੍ਹਨਾ ਚਾਹੁੰਦਾ ਹਾਂ। ਉਸ ਵਿਚ ਲਿਖਿਆ ਹੈ ਕਿ :—

The Prime Minister was referring to the central debt of 6500 crores. He said that Punjabis did not fight against terrorists for Punjab alone but for the whole nation. Those who have been killed in the fight cannot be brought back, but we will give one and a half time more money to Punjab for development. Mr. Rao also gave a solemn assurance that whatever commitment he was making, he would see that it would be fulfilled at all costs and from whatever possible sources."

ਸਪੀਕਰ ਸਾਹਿਬ, ਇਹ "ਟਾਈਮਜ਼ ਆਫ ਇੰਡੀਆ" ਅਖਬਾਰ ਦਿੱਲੀ ਤੋਂ ਛਪਦਾ ਹੈ। ਇਸ ਅਖਬਾਰ ਵਿਚ ਲਿਖਿਆ ਹੈ—

"Mr. Rao said that loss of life during the fight against militancy can not be compensated but no effort would be spared for the development of the State. The Union Government was willing to give more money to put the State's economy on the rails."

ਸਪੀਕਰ ਸਾਹਿਬ, ਇਹ "ਹਿੰਦੂ" ਅਖਬਾਰ ਸਾਊਥ ਤੋਂ ਛਪਿਆ ਹੁੰਦਾ ਹੈ। ਉਨ੍ਹਾਂ ਨੇ ਲਿਖਿਆ ਹੈ :—

"Nation should share Punjab's cost.

The Prime Minister said that the entire nation should share the monetary cost incurred by Punjab in fighting militancy."

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਹ "ਸਟੇਟਸਮੈਨ" ਅਖਬਾਰ ਹੈ ਅਤੇ ਕਲਕੱਤਾ ਤੋਂ ਛਪਿਆ ਹੁੰਦਾ ਹੈ ਜੀ। ਇਸ ਵਿਚ ਲਿਖਿਆ ਹੈ :—

"Accepting the State Government's contention that the State Government has fought battle against terrorism on behalf of the entire country, Mr. Rao described as strange the argument that the State alone should bear the cost."

ਸਪੀਕਰ ਸਾਹਿਬ, ਇਸੇ ਤਰ੍ਹਾਂ ਹਿੰਦੁਸਤਾਨ ਦੇ ਵੱਖ ਵੱਖ ਅਖਬਾਰਾਂ ਵਿਚ ਇਹ ਖਬਰਾਂ ਛਪਿਆਂ ਹੋਈਆਂ ਸਨ। ਸਾਨੂੰ ਇਸ ਗੱਲ ਦਾ ਅਫਸੋਸ ਹੈ ਅਤੇ ਬੜੀ ਸ਼ਰਮ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੇ ਲੱਖਾਂ ਲੋਕਾਂ ਦੀ ਹਾਜ਼ਰੀ ਵਿਚ ਵਾਇਦੇ ਕੀਤੇ ਹੋਣ ਅਤੇ ਉਹ ਉਨ੍ਹਾਂ ਵਾਇਦਿਆਂ ਤੋਂ ਮੁਕਰ ਗਏ ਹਨ। ਇਸ ਸਾਲ 31 ਮਾਰਚ, 1997 ਨੂੰ ਅਸੀਂ 900 ਕਰੋੜ ਰੁਪਏ ਦੀ ਅਗਲੀ ਕਿਸ਼ਤ ਸੈਂਟਰ ਨੂੰ ਭੇਜਣੀ ਹੈ। ਸਪੀਕਰ ਸਾਹਿਬ, ਅੱਜ ਪੰਜਾਬ ਦੀ ਇਕਾਨਮੀ ਉਸ ਪਰਵਾਜ਼ ਲਈ ਤਿਆਰ ਹੈ ਜਿਸ ਪਰਵਾਜ਼ ਨਾਲ ਪੰਜਾਬੀ ਲੋਕ ਦੁਨੀਆਂ ਦੇ ਉਨ੍ਹਾਂ ਲੋਕਾਂ ਵਿਚ ਸ਼ਾਮਲ ਹੋ ਜਾਣਗੇ ਜਿਸਨੂੰ ਡਿਵੈਲਪਡ ਵਰਲਡ ਕਹਿੰਦੇ ਹਾਂ। ਸਾਡੀ ਸਟੇਟ ਤੇ 6000 ਕਰੋੜ ਦਾ ਜੋ ਕਰਜ਼ਾ ਪਿਆ ਹੈ, ਉਸਨੂੰ ਮੋੜਨ ਲਈ ਅੱਜ ਪੰਜਾਬ ਦੇ ਨੁਮਾਇੰਦੇ ਇਸ ਸਦਨ ਵਿਚ ਸਰਬਸੰਮਤੀ ਨਾਲ ਇਹ ਮਤਾ ਪਾਸ ਕਰਨ ਲਈ ਖੜ੍ਹੇ ਹੋਏ ਹਨ। ਪੰਜਾਬ ਤੇ ਬੜੀ ਵੱਡੀ ਮੁਸੀਬਤ ਆਈ ਰਹੀ ਅਤੇ ਪੰਜਾਬ ਦੇ ਲੋਕਾਂ ਨੇ ਬੜੀਆਂ ਠੋਕਰਾਂ ਖਾਧੀਆਂ। ਸਾਨੂੰ ਦੋਫਾੜ ਕਰਨ ਦੀ ਬੜੀ ਕੋਸ਼ਿਸ਼ ਕੀਤੀ ਗਈ ਪਰ ਉਸ ਸਭ ਦੇ ਬਾਵਜੂਦ ਪੰਜਾਬੀਆਂ ਨੇ ਪੰਜਾਬੀਅਤ ਨੂੰ ਜ਼ਿੰਦਾ ਰਖਿਆ ਹੈ। ਜਿਵੇਂ ਸ਼ਾਇਰ ਅਲਾਮਾ ਇਕਬਾਲ ਨੇ ਕਿਹਾ ਹੈ ਕਿ :—

"ਨਿਸ਼ਾਂ ਵਹੀ ਹੈਂ ਜ਼ਮਾਨੇ ਮੇਂ ਜ਼ਿੰਦਾ ਕੌਮੋਂ ਕੇ
ਕਿ ਸੁਬਾਹ ਸ਼ਾਮ ਬਦਲਤੀ ਹੈਂ ਉਨਕੀ ਤਕਦੀਰੇਂ।"

(ਥੰਪਿੰਗ)

ਪੰਜਾਬ ਦੀ ਤਕਦੀਰ ਐਸੀ ਹੀ ਰਹਿਣੀ ਹੈ ਕਿ ਪੰਜਾਬੀਆਂ ਦਾ ਹਰ ਨਵਾਂ ਦਿਨ ਪਿਛਲੇ ਦਿਨ ਨਾਲੋਂ ਚੰਗਾ ਚੜ੍ਹਦਾ ਹੈ। ਇਹੋ ਸਾਡੀ ਡੈਸਟਿਨੀ ਹੈ, ਸਾਡੀ ਤਕਦੀਰ ਹੈ ਕਿ ਅਸੀਂ ਪੰਜਾਬੀਆਂ ਨੇ ਗਰੀਬੀ ਦੇ ਖਿਲਾਫ, ਜਹਾਲਤ ਦੇ ਖਿਲਾਫ ਜਿੰਨੀਆਂ ਵੀ ਜੰਗਾਂ ਹਨ, ਜਿੱਤਣੀਆਂ ਹਨ। ਕਰਜ਼ਾ ਰਹੇ ਚਾਹੇ ਨਾ ਰਹੇ, ਸਾਡੀ ਤਕਦੀਰ ਤੋਂ ਸਾਨੂੰ ਕੋਈ ਰੋਕ ਨਹੀਂ ਸਕਦਾ। ਮਾਨਯੋਗ ਲੀਡਰ ਆਫ ਦਿ ਹਾਊਸ ਮੁੱਖ ਮੰਤਰੀ ਜੀ, ਪ੍ਰਧਾਨ ਮੰਤਰੀ ਦੇਵੇਗੌੜਾ ਸਾਹਿਬ ਨੂੰ ਮਿਲੇ ਸਨ। ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਸੀ ਕਿ ਉਹ ਸਾਡੀਆਂ ਮੰਗਾਂ ਨੂੰ ਪੂਰਾ ਇਨਸਾਫ ਦੇਣਗੇ ਅਤੇ 22 ਤਾਰੀਖ ਨੂੰ ਸਪੀਕਰ ਸਾਹਿਬ, ਲੀਡਰ ਆਫ ਦਿ ਹਾਊਸ ਫਿਰ ਪ੍ਰਧਾਨ ਮੰਤਰੀ ਜੀ ਨੂੰ ਮਿਲ ਰਹੇ ਹਨ ਤੇ ਮੈਂ ਆਪਣੇ ਸਾਰੇ ਮੈਂਬਰਾਂ ਨੂੰ ਦਰਖਾਸਤ ਕਰਾਂਗਾ, ਬੇਨਤੀ ਕਰਾਂਗਾ ਅਤੇ ਪੁਰਜ਼ੋਰ ਅਪੀਲ ਕਰਾਂਗਾ ਕਿ ਅਸੀਂ ਸਾਰੇ ਸਰਬਸੰਮਤੀ ਨਾਲ ਇਹ ਮਤਾ ਪਾਸ ਕਰਕੇ ਲੀਡਰ ਆਫ ਦਿ ਹਾਊਸ ਦੇ ਹੱਥ ਵਿਚ ਦਈਏ ਤਾਂ ਕਿ ਜੋ 22 ਤਾਰੀਖ ਨੂੰ ਸਤਿਕਾਰਯੋਗ ਪ੍ਰਧਾਨ ਮੰਤਰੀ ਜੀ ਨੂੰ, ਉਹ ਮਿਲ

Original with;
Punjab Vidhan Sabha
Digitized by;
Punjab Digital Library

[ਸਰਦਾਰ ਮਨਪ੍ਰੀਤ ਸਿੰਘ ਬਾਦਲ]
ਰਹੇ ਹਨ, ਉਸ ਸਮੇਂ ਇਹ ਮਤਾ ਉਨ੍ਹਾਂ ਦੇ ਹੱਥ ਵਿਚ ਹੋਵੇ। ਇਸਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਮਸਲੇ ਤੇ ਬੋਲਣ ਦੀ ਇਜਾਜ਼ਤ ਦਿਤੀ ਹੈ। ਧੰਨਵਾਦ।

**ਸਰਦਾਰ ਮੱਖਣ ਸਿੰਘ** (ਪੱਕਾ ਕਲਾਂ, ਐਸ. ਸੀ.) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਹੁਤ ਹੀ ਅਹਿਮ ਮਤੇ ਤੇ ਜੋ ਸਰਦਾਰ ਮਨਜੀਤ ਸਿੰਘ ਕਲਕੱਤਾ ਵਲੋਂ ਪੇਸ਼ ਕੀਤਾ ਗਿਆ ਹੈ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਜਿਸਦੀ ਤਾਈਦ ਕੀਤੀ ਹੈ, ਮੈਨੂੰ ਤਾਈਦ ਦੀ ਮਜੀਦ ਕਰਨ ਦਾ ਹੁਕਮ ਦਿਤਾ ਹੈ। ਇਹ ਗੱਲ ਅਸੀਂ ਸਭ ਜਾਣਦੇ ਹਾਂ ਕਿ ਕਿਵੇਂ ਇਕ ਲੰਬੀ ਲੜਾਈ ਪੰਜਾਬ ਦੇ ਲੋਕਾਂ ਨੇ ਦੇਸ਼ ਦੀ ਖਾਤਰ ਲੜੀ ਹੈ। ਪੰਜਾਬ ਉਸ ਜਗ੍ਹਾ ਤੇ ਸਥਿਤ ਹੈ ਜਿਥੇ ਹਮੇਸ਼ਾ ਹੀ ਮੁਲਕ ਦੀ ਲੜਾਈ ਪੰਜਾਬੀਆਂ ਨੂੰ ਲੜਨੀ ਪਈ ਹੈ। ਹਜ਼ਾਰਾਂ ਵਰ੍ਹਿਆਂ ਤੋਂ ਜਿੰਨੇ ਵੀ ਹਮਲਾਵਾਰ-ਜੰਗਜੂ ਲੋਕ ਹਿੰਦੁਸਤਾਨ ਤੇ ਹਮਲੇ ਕਰਦੇ ਰਹੇ ਹਨ, ਦੱਰਾ ਖੈਬਰ ਤੋਂ ਦਿੱਲੀ ਦੇ ਤਖਤ ਵੱਲ ਵਧਣ ਦੀ ਕੋਸ਼ਿਸ਼ ਕਰਦੇ ਰਹੇ ਹਨ, ਬਹਾਦਰ ਪੰਜਾਬੀਆਂ ਨੇ ਉਨ੍ਹਾਂ ਦੇ ਨੱਕ ਵਿਚ ਐਸਾ ਧੂੰਆਂ ਦਿਤਾ ਕਿ ਉਨ੍ਹਾਂ ਜੰਗਜੂ ਹਮਲਾਵਾਰਾਂ ਦਾ ਮੁੜ ਦਿੱਲੀ ਦੇ ਤਖਤ ਵੱਲ ਵਧਣ ਦਾ ਹੀਆ ਨਹੀਂ ਸੀ ਪੈਂਦਾ। ਅੱਜ ਜਦੋਂ ਅਣ-ਐਲਾਨੀ ਜੰਗ ਪੰਜਾਬ ਦੀ ਧਰਤੀ ਤੇ ਲੜੀ ਗਈ ਤਾਂ ਬਹਾਦਰ ਪੰਜਾਬੀਆਂ ਨੇ ਉਸ ਲੰਬੀ ਤਰਾਸਦੀ ਦੇ ਵਿਚ ਦ੍ਰਿੜਤਾ ਦੇ ਨਾਲ ਆਪਣਾ ਯੋਗਦਾਨ ਪਾਇਆ ਅਤੇ ਹਿੰਦੁਸਤਾਨ ਦੀ ਖਾਤਰ ਲੜਾਈ ਲੜੀ। ਅੱਜ ਸਾਰੀਆਂ ਪਾਰਟੀਆਂ ਇਹ ਕਹਿਣ ਲਈ ਮਜਬੂਰ ਹਨ ਕਿ ਇਹ ਲੜਾਈ ਲੜਨ ਵਾਸਤੇ ਜਿਹੜਾ ਕਰਜ਼ਾ ਪੰਜਾਬ ਨੇ ਕੇਂਦਰ ਤੋਂ ਲਿਆ ਹੈ ਉਹ ਮੁਆਫ ਹੋਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਪਿਛਲੇ 12 ਵਰ੍ਹਿਆਂ ਦੇ ਵਿਚ ਬਹਾਦਰ ਪੰਜਾਬੀਆਂ ਨੇ ਨਾ-ਕੇਵਲ ਅਣ-ਐਲਾਨੀ ਜੰਗ ਹੀ ਲੜੀ ਬਲਕਿ 25,000 ਪੰਜਾਬੀਆਂ ਨੇ ਆਪਣੀ ਸ਼ਹਾਦਤ ਦੇ ਕੇ ਦੇਸ਼ ਦੀ ਅਣਖ ਨੂੰ, ਦੇਸ਼ ਦੀ ਇਜ਼ਤ ਨੂੰ ਕਾਇਮ ਰੱਖਿਆ। ਇਸ ਲੜਾਈ ਵਿਚ ਹਜ਼ਾਰਾਂ ਬੱਚੇ ਅਨਾਥ ਹੋ ਗਏ ਅਤੇ ਹਜ਼ਾਰਾਂ ਭੈਣਾਂ ਵਿਧਵਾ ਹੋ ਗਈਆਂ। ਸਾਨੂੰ ਸੁਰੱਖਿਆ ਦਸਤੇ ਪੰਜਾਬ ਦੇ ਅਮਨ ਵਾਸਤੇ ਨਹੀਂ ਬਲਕਿ ਸਮੁੱਚੇ ਹਿੰਦੁਸਤਾਨ ਦੇ ਅਮਨ ਵਾਸਤੇ ਦਿੱਤੇ ਗਏ ਸਨ। ਪੰਜਾਬ ਨੂੰ ਉਨ੍ਹਾਂ ਦੀ ਕੋਈ ਜ਼ਰੂਰਤ ਨਹੀਂ ਸੀ। ਇਹ ਹਿੰਦੁਸਤਾਨ ਦੀ ਲੜਾਈ ਸੀ ਜਿਸ ਵਾਸਤੇ ਕੇਂਦਰ ਤੋਂ ਸੀ. ਆਰ. ਪੀ. ਐਫ. ਜਾਂ ਹੋਰ ਸੁਰੱਖਿਆ ਦਸਤੇ ਮੰਗਵਾਉਣੇ ਪਏ ਸਨ। ਇਸ ਲਈ ਇਹ ਖਰਚਾ ਪੰਜਾਬ ਦਾ ਖਰਚਾ ਨਹੀਂ ਹੈ, ਹਿਦੁਸਤਾਨ ਦਾ ਖਰਚਾ ਹੈ। ਪੰਜਾਬ ਨੇ ਤਾਂ ਹਮੇਸ਼ਾ ਇਹ ਗੱਲ ਸਾਹਮਣੇ ਰੱਖੀ ਹੈ—

"ਤੇਰੇ ਲਈ ਜ਼ਿੰਦਾ ਹਾਂ ਵਤਨ, ਤੇਰੇ ਲਈ ਮਰਦਾ ਹਾਂ ਵਤਨ।
ਤੇਰੀ ਮਿੱਟੀ ਵਿਚ ਪਲਿਆ ਹਾਂ, ਤੇਰੇ ਦਰ ਦਾ ਭਿਖਾਰੀ ਹਾਂ।
ਸ਼ਹਿਨਸ਼ਾਹ ਹਾਂ ਜ਼ਮਾਨੇ ਦਾ, ਤੇਰੇ ਦਰ ਦਾ ਪੁਜਾਰੀ ਹਾਂ।"

ਪੰਜਾਬ ਨੇ ਇਹ ਜਿਹੜੀ ਹਿੰਦੁਸਤਾਨ ਦੀ ਲੜਾਈ ਲੜੀ ਹੈ, ਇਸ ਦਾ ਪੈਸਾ ਪੰਜਾਬ ਨੂੰ ਮੁਆਫ ਕੀਤਾ ਜਾਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਇਸ ਗੱਲ ਦਾ ਮਾਣ ਹੈ

Original with;
Punjab Vidhan Sabha
Digitized by;
Panjab Digital Library

ਕਿ ਨਾ-ਕੇਵਲ ਉਸ ਨੇ ਇਹ ਲੜਾਈ ਲੜੀ, ਬਲਕਿ ਸੁਰੱਖਿਆ ਦਸਤਿਆਂ ਦੀ ਇਮਦਾਦ ਤੇ ਮਦਦ ਵੀ ਕੀਤੀ ਹੈ । ਉਸ ਨੇ ਮੁਤੱਰਿਕ ਪੰਜਾਬੀਆਂ ਨੂੰ ਹੌਸਲਾ ਹੀ ਨਹੀਂ ਦਿੱਤਾ ਬਲਕਿ ਪੰਜਾਬ ਦੀਆਂ ਜੋ ਹੱਕੀ ਲੋੜਾਂ ਹਨ, ਮੰਗਾਂ ਹਨ, ਉਨ੍ਹਾਂ ਨੂੰ ਪੂਰੀ ਦ੍ਰਿੜ੍ਹਤਾ ਦੇ ਨਾਲ ਨਿਭਾਇਆ ਹੈ । ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀਆਂ ਮੰਗਾਂ ਵਾਸਤੇ ਲਗਾਤਾਰ ਲੜਦਾ ਰਿਹਾ ਹੈ । ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖ ਕੇ ਪੰਜਾਬ ਨਾਲ ਜਿਹੜਾ ਬਹੁਤ ਵੱਡਾ ਧੱਕਾ ਕੀਤਾ ਗਿਆ, ਉਸ ਦੇ ਵਾਸਤੇ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਆਵਾਜ਼ ਉਠਾਈ ਕਿ ਉਹ ਇਲਾਕੇ ਵਾਪਸ ਪੰਜਾਬ ਨੂੰ ਦਿੱਤੇ ਜਾਣੇ ਚਾਹੀਦੇ ਹਨ । ਇਕ ਭਾਸ਼ਾਈ ਕਮਿਸ਼ਨ ਬਣਿਆ ਸੀ ਜਿਸ ਨੇ ਪਿੰਡ ਨੂੰ ਆਧਾਰ ਬਣਾ ਕੇ ਇਲਾਕਿਆਂ ਦਾ ਫੈਸਲਾ ਕਰਨਾ ਸੀ। ਸ਼੍ਰੋਮਣੀ ਅਕਾਲੀ ਦਲ ਲਗਾਤਾਰ ਲੜਦਾ ਰਿਹਾ ਕਿ ਉਹ ਸਾਰੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿਤੇ ਜਾਣ । ਇਹ ਵੀ ਬੜੇ ਮਾਣ ਦੀ ਗੱਲ ਹੈ ਕਿ ਪੰਜਾਬ ਨੇ ਹਿੰਦੁਸਤਾਨ ਵਿਚ ਅਨਾਜ ਦੀ ਭੁੱਖ ਨੂੰ ਦੂਰ ਕੀਤਾ ਹੈ । ਸਾਡਾ ਮੁਲਕ ਪਹਿਲਾਂ ਬਾਹਰੋਂ ਅਨਾਜ ਮੰਗਦਾ ਰਹਿੰਦਾ ਸੀ । ਪੀ. ਐਲ. 480 ਵਰਗੇ ਬਦਨਾਮ ਸਮਝੌਤਿਆਂ ਤਹਿਤ ਸਾਨੂੰ ਬਾਹਰੋਂ ਅਨਾਜ ਲੈਣਾ ਪੈਂਦਾ ਸੀ । ਪੰਜਾਬੀਆਂ ਨੇ ਰੱਜ ਕੇ ਮਿਹਨਤ ਕੀਤੀ । ਸੱਪਾਂ ਦੀਆਂ ਸਿਰੀਆਂ ਮਿੱਧ ਕੇ ਰਾਤਾਂ ਨੂੰ ਬਾਹਰ ਰਹਿ ਕੇ ਖੇਤਾਂ ਨੂੰ ਪਾਣੀ ਲਾਇਆ । ਬੰਦੇ-ਮਾਰੂ ਦਵਾਈਆਂ ਵਰਤ ਕੇ ਫਸਲਾਂ ਪੈਦਾ ਕੀਤੀਆਂ । ਬਰੈਸ਼ਰਾਂ ਵਿਚ ਆਪਣੀਆਂ ਬਾਹਾਂ ਵਢਾਈਆਂ । ਮਿੱਟੀ ਨਾਲ ਮਿੱਟੀ ਹੋ ਕੇ ਅਨਾਜ ਪੈਦਾ ਕਰਕੇ ਦਿਤਾ ਅਤੇ ਹੁਣ ਮੁਲਕ ਅਨਾਜ ਦੇ ਪੱਖੋਂ ਆਤਮ-ਨਿਰਭਰ ਹੋ ਗਿਆ ਹੈ । ਪੰਜਾਬੀਆਂ ਨੇ ਇਕ ਦੇਸ਼ ਭਗਤ ਦਾ ਫਰਜ਼ ਅਦਾ ਕੀਤਾ ਹੈ । ਇਸ ਦਾ ਪੰਜਾਬ ਨੂੰ ਇਨਾਮ ਮਿਲਣਾ ਚਾਹੀਦਾ ਸੀ ਕਿ ਉਸ ਨੂੰ ਵੱਧ ਤੋਂ ਵੱਧ ਪਾਣੀ ਦਿਤਾ ਜਾਂਦਾ ਲੇਕਿਨ ਇਸ ਨੂੰ ਇਸ ਦਾ ਆਪਣਾ ਪਾਣੀ ਵੀ ਨਹੀਂ ਦਿਤਾ ਜਾ ਰਿਹਾ । ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚਲੀ ਦਹਿਸ਼ਤਗਰਦੀ ਦੀ ਲੜਾਈ ਵਿਚ ਹੀ ਸ਼ਰੀਕ ਨਹੀਂ ਹੋਇਆ ਬਲਕਿ ਪੰਜਾਬ ਨਾਲ ਜੋ ਧੱਕਾ ਹੋ ਰਿਹਾ ਹੈ, ਉਸ ਦੇ ਖਿਲਾਫ ਵੀ ਇਸ ਨੇ ਇਕ ਵੱਡੀ ਲੜਾਈ ਲੜੀ ਹੈ । ਸ਼੍ਰੋਮਣੀ ਅਕਾਲੀ ਦਲ ਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਇਸ ਨੇ ਮਾਂ-ਬੋਲੀ ਪੰਜਾਬੀ ਨੂੰ ਉਸ ਦਾ ਪੂਰਾ ਪੂਰਾ ਮਾਣ ਦਿਵਾਉਣ ਦਾ ਵੀ ਭਰਪੂਰ ਯਤਨ ਕੀਤਾ ਹੈ । ਜੋ ਮਾਣ ਦੂਸਰੀਆਂ ਮਾਤ-ਭਾਸ਼ਾਵਾਂ ਨੂੰ ਮਿਲ ਰਿਹਾ ਹੈ, ਉਹ ਮਾਣ ਪੰਜਾਬੀ ਨੂੰ ਦਿਵਾਉਣ ਵਾਸਤੇ ਇਸ ਨੇ ਲੜਾਈ ਲੜੀ ਹੈ । ਸ਼੍ਰੋਮਣੀ ਅਕਾਲੀ ਦਲ ਇਸ ਗੱਲ ਵਾਸਤੇ ਵੀ ਲੜਾਈ ਲੜਦਾ ਰਿਹਾ ਹੈ ਕਿ ਪੰਜਾਬ ਦੇ ਵਿਚ ਅਮਨ-ਸ਼ਾਂਤੀ ਹੋਵੇ । ਇਹ ਤਰਾਸਦੀ ਇੰਨੀ ਲੰਮੀ ਨਹੀਂ ਸੀ ਹੋ ਸਕਦੀ ਜੇਕਰ ਉਸ ਸਮਝੌਤੇ ਨੂੰ ਪੂਰੀ ਗੰਭੀਰਤਾ ਦੇ ਨਾਲ ਅਮਲ ਵਿਚ ਲਿਆਂਦਾ ਜਾਂਦਾ ਜਿਹੜਾ ਕਿ ਰਾਜੀਵ-ਲੌਂਗੋਵਾਲ ਸਮਝੌਤਾ ਕਿਹਾ ਜਾਂਦਾ ਹੈ । ਜੇਕਰ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਹੋ ਜਾਂਦਾ ਤਾਂ ਇਹਨਾਂ ਅਨਸਰਾਂ ਨੂੰ ਔਰ ਪੰਜਾਬ ਦੇ ਗੱਭਰੂਆਂ ਨੂੰ ਉਤੇਜਿਤ ਕਰਨ ਵਾਸਤੇ ਹਥਿਆਰ ਨਾ ਮਿਲ ਸਕਦੇ । ਇਹ ਜਿਹੜਾ ਚੰਡੀਗੜ੍ਹ ਹੈ, ਇਹ ਪੰਜਾਬ ਦੀ ਰਾਜਧਾਨੀ ਵਜੋਂ ਬਣਾਇਆ ਗਿਆ ਸੀ ਔਰ ਪੰਜਾਬ ਦੇ 50 ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ ਸੀ ਔਰ ਇਹ ਕਾਇਮ ਹੀ ਪੰਜਾਬ ਵਾਸਤੇ ਕੀਤਾ ਗਿਆ ਸੀ । ਇਥੇ ਪਹਿਲਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਮੱਖਣ ਸਿੰਘ]

ਵੀ ਪੰਜਾਬ ਦੇ ਇਸ ਹਾਊਸ ਦੇ ਵਿਚ ਦੱਸਿਆ ਗਿਆ ਸੀ ਕਿ ਜਦੋਂ ਵੀ ਕਿਸੇ ਸੂਬੇ ਦਾ ਗਠਨ ਹੁੰਦਾ ਹੈ ਤਾਂ ਨਵੇਂ ਬਣੇ ਪ੍ਰਾਂਤ ਨੂੰ ਹਮੇਸ਼ਾ ਨਵੀਂ ਰਾਜਧਾਨੀ ਬਨਾਉਣੀ ਪੈਂਦੀ ਹੈ ਪਰ ਇਕੱਲੇ ਪੰਜਾਬ ਦੇ ਸਬੰਧ ਵਿਚ, ਬੜੇ ਅਫਸੋਸ ਦੀ ਗੱਲ ਹੈ ਕਿ 29 ਸਾਲ ਤੋਂ ਬਾਅਦ ਵੀ, ਪੰਜਾਬ ਨੂੰ ਅੱਜ ਪੁਨਰਗਠਿਤ ਹੋਏ ਨੂੰ 29 ਵਰ੍ਹੇ ਹੋ ਗਏ ਹਨ, ਸਪੀਕਰ ਸਾਹਿਬ, ਦੁਨੀਆਂ ਦੇ ਕਿਸੇ ਮੁਲਕ ਦਾ ਨਾਂ ਲੈ ਕੇ ਦੱਸੋ ਜਿੱਥੇ 29 ਵਰ੍ਹਿਆਂ ਤੋਂ ਮਗਰੋਂ ਵੀ ਉਸ ਸੂਬੇ ਦੇ ਕੋਲ ਆਪਣੀ ਰਾਜਧਾਨੀ ਨਾ ਹੋਵੇ । ਇਹ ਬਦਕਿਸਮਤੀ ਇਕੱਲੇ ਪੰਜਾਬ ਦੀ ਹੀ ਹੈ ਕਿ ਇਸ ਕੋਲ ਅੱਜ ਤੱਕ ਵੀ ਆਪਣੀ ਰਾਜਧਾਨੀ ਨਹੀਂ ਹੈ । ਸ਼੍ਰੋਮਣੀ ਅਕਾਲੀ ਦਲ ਇਨ੍ਹਾਂ 29 ਵਰ੍ਹਿਆਂ ਦੌਰਾਨ ਆਪਣੀ ਇਹ ਲੜਾਈ ਲੜਦਾ ਰਿਹਾ ਹੈ ਪਰ ਬੜੇ ਅਫਸੋਸ ਦੀ ਬਾਤ ਹੈ ਕਿ ਬਾਰ ਬਾਰ ਇਥੋਂ ਮਤੇ ਪਾਸ ਕੀਤੇ ਗਏ । ਸਰਦਾਰ ਬੇਅੰਤ ਸਿੰਘ ਵੇਲੇ, ਬੀਬੀ ਭੱਠਲ ਜੀ ਵੇਲੇ ਵੀ ਮਤਾ ਪਾਸ ਹੋਇਆ ਸੀ । ਉਦੋਂ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਸੀ ਔਰ ਕੇਂਦਰ ਵਿਚ ਵੀ ਕਾਂਗਰਸ ਦੀ ਆਪਣੀ ਸਰਕਾਰ ਸੀ, ਉਦੋਂ ਵੀ ਏਥੋਂ ਮਤਾ ਪਾਸ ਕੀਤਾ ਗਿਆ ਲੇਕਿਨ ਉਹ ਮਤਾ ਰੱਦ ਕਰ ਦਿਤਾ ਗਿਆ ।

ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਪੀ. ਵੀ. ਨਰਸਿਮ੍ਹਾ ਰਾਓ ਲੁਧਿਆਣੇ ਆਏ । ਉਨ੍ਹਾਂ ਨੇ ਇਥੇ ਪੰਜਾਬ ਦੀ ਧਰਤੀ, ਲੁਧਿਆਣੇ ਆ ਕੇ ਐਲਾਨ ਕੀਤਾ ਕਿ ਪੰਜਾਬ ਦਾ ਕਰਜ਼ਾ ਮੁਆਫ ਕਰ ਦਿਤਾ ਜਾਵੇਗਾ । ਸ਼ਾਇਦ ਉਸ ਵੇਲੇ ਕਰਜ਼ੇ ਦੀ ਇਕ ਕਿਸ਼ਤ ਦੇ ਵੀ ਦਿਤੀ ਸੀ । ਪਰ ਉਸ ਦੇ ਬਾਅਦ ਫਿਰ ਪੰਜਾਬ ਦੀ ਗੱਲ ਰੱਦ ਕਰ ਦਿਤੀ ਗਈ ਔਰ ਪੰਜਾਬ ਦੇ ਸਿਰ ਉਹ ਕਰਜ਼ਾ ਚਲਦਾ ਰਿਹਾ । ਇਸੇ ਤਰ੍ਹਾਂ ਹੀ ਮੈਂ ਬੇਨਤੀ ਕਰਾਂਗਾ ਕਿ ਕਿਉਂਕਿ ਸਾਰੀਆਂ ਪਾਰਟੀਆਂ ਸਰਬ-ਸੰਮਤੀ ਨਾਲ ਹਰ ਵੇਲੇ ਮਤੇ ਪਾਸ ਕਰਦੀਆਂ ਹਨ ਔਰ ਮੈਨੂੰ ਅੱਜ ਵੀ ਉਮੀਦ ਹੈ ਕਿ ਅੱਜ ਦਾ ਇਹ ਮਤਾ ਵੀ ਸਰਬ-ਸੰਮਤੀ ਦੇ ਨਾਲ ਹੀ ਪਾਸ ਕੀਤਾ ਜਾਵੇਗਾ ਲੇਕਿਨ ਬੜੇ ਅਫਸੋਸ ਦੀ ਗੱਲ ਹੈ ਕਿ ਏਨੇ ਵਧੀਆ ਮਤੇ ਨੂੰ ਆਪੋਜ਼ੀਸ਼ਨ ਦੇ ਕੁਝ ਮੈਂਬਰਾਂ ਨੇ 'ਇਫਸ ਐਂਡ ਬੱਟਸ' ਲਗਾ ਕੇ ਇਧਰ-ਉਧਰ ਦੀ ਗੱਲ ਕਰਕੇ ਇਸ ਬਹੁ-ਮੁੱਲੇ ਮਸਲੇ ਉਤੇ ਇਸ ਅਸੈਂਬਲੀ ਦੇ ਵਿਚ ਵੀ ਵਿਚਾਰ ਕਰਨ ਤੇ ਰੁਕਾਵਟ ਪਾ ਦਿਤੀ ਔਰ ਨਾਲ ਹੀ ਇਹ ਵੀ ਕਿਹਾ ਕਿ ਅਸੀਂ ਇਸ ਮਤੇ ਨਾਲ ਸਹਿਮਤ ਹਾਂ । ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਸਾਨੂੰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਗੱਲ ਕਰਨੀ ਚਾਹੀਦੀ ਹੈ ਅਤੇ ਸਮੂਹ ਪੰਜਾਬੀਆਂ ਦੀ ਗੱਲ ਕਰਨੀ ਚਾਹੀਦੀ ਹੈ । ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਕੇਂਦਰ ਦੇ ਵਿਚ ਅੱਜ ਸ੍ਰੀ ਦੇਵੇਗੌੜਾ ਦੀ ਸਰਕਾਰ ਹੈ ਔਰ ਇਹ ਸਰਕਾਰ ਕਾਂਗਰਸ ਪਾਰਟੀ ਦੀ ਮਦਦ ਦੇ ਸਹਾਰੇ ਖੜ੍ਹੀ ਹੈ ਜਿਸ ਦੇ ਵਿਚ ਕਿ ਸੀ. ਪੀ. ਆਈ. ਵੀ ਸ਼ਾਮਲ ਹੈ । ਸਪੀਕਰ ਸਾਹਿਬ, ਅਸੀਂ ਤਾਂ ਇਸ ਮਤੇ ਦੇ ਤਹਿਤ ਕੇਂਦਰ ਨੂੰ ਬੇਨਤੀ ਕਰਦੇ ਹੀ ਹਾਂ ਲੇਕਿਨ ਇਹ ਕੇਂਦਰ ਵਿਚ ਸਰਕਾਰ ਦੇ ਮਾਲਕ ਹਨ, ਇਹ ਵੀ ਸਾਡੀ ਜ਼ਰੂਰ ਮਦਦ ਕਰਨ । ਭਾਵੇਂ ਇਨ੍ਹਾਂ ਨੇ ਭਰੋਸਾ ਦਿਤਾ ਹੈ ਕਿ ਅਸੀਂ ਮਦਦ ਕਰਾਂਗੇ ਫਿਰ ਕੋਈ ਵਜ੍ਹਾ ਨਹੀਂ ਕਿ ਕੇਂਦਰ ਸਰਕਾਰ ਸਾਡਾ ਇਹ ਕਰਜ਼ਾ ਮੁਆਫ ਨਾ ਕਰੇ । ਇਹ ਜਿਹੜੀ ਸਾਨੂੰ ਪਿਛਲੇ ਸਮੇਂ ਦੌਰਾਨ ਲੜਾਈ ਲੜਨੀ ਪਈ ਹੈ, ਇਹ ਪੰਜਾਬ ਨੇ ਕੇਵਲ ਆਪਣੇ ਵਾਸਤੇ ਨਹੀਂ ਲੜੀ, ਇਹ ਲੜਾਈ

Original with;
Punjab Vidhan Sabha
Digitized by;
Panjab Digital Library

ਸਮੁੱਚੇ ਦੇਸ਼ ਦੀ ਏਕਤਾ ਔਰ ਅਖੰਡਤਾ ਵਾਸਤੇ ਲੜੀ ਗਈ ਹੈ । ਅੱਜ ਅਸੀਂ 21ਵੀਂ ਸਦੀ ਵਿਚ ਜਾਣ ਲਈ ਕਰਵਟ ਲੈ ਰਹੇ ਹਾਂ । 12 ਫਰਵਰੀ ਦਾ ਦਿਨ, ਬੜਾ ਇਤਿਹਾਸਕ ਦਿਨ ਸੀ ਜਿਸ ਦਿਨ ਬਾਦਲ ਸਾਹਿਬ ਦੀ ਅਗਵਾਈ ਹੇਠ ਪੰਜਾਬ ਦੇ ਸਟੇਡੀਅਮ ਅੰਦਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਲੱਖਾਂ ਲੋਕਾਂ ਦੇ ਸਾਹਮਣੇ ਆਪਣੇ ਹੱਥਾਂ ਵਿਚ ਪੰਜਾਬ ਦੀ ਵਾਗਡੋਰ ਸੰਭਾਲੀ । ਇਸ ਸੁਲੱਖਣੀ ਘੜੀ ਦਾ ਲੋਕੀਂ ਬੜੀ ਦੇਰ ਤੋਂ ਇੰਤਜ਼ਾਰ ਕਰ ਰਹੇ ਸਨ । ਜੇ ਅਸੀਂ ਪੰਜਾਬ ਦੇ ਨਾਲ ਅਤੇ ਪੰਜਾਬੀਆਂ ਦੇ ਨਾਲ ਹਮਦਰਦੀ ਜਿਤਾਉਣਾ ਚਾਹੁੰਦੇ ਹਾਂ ਤਾਂ ਜ਼ਰੂਰੀ ਹੈ ਕਿ ਪੰਜਾਬ ਤੇ ਜੋ ਇਹ ਕਰਜ਼ੇ ਦਾ ਬੋਝ ਹੈ, ਉਹ ਜ਼ਰੂਰ ਹਟਾਇਆ ਜਾਣਾ ਚਾਹੀਦਾ ਹੈ । ਇਥੇ ਹਾਊਸ ਦੇ ਅੰਦਰ ਬੋਲਦਿਆਂ ਹੋਇਆਂ ਹੋਰ ਮੈਂਬਰਾਂ ਨੇ ਕਿਹਾ ਹੈ ਕਿ ਇਸੇ ਤਰ੍ਹਾਂ ਦੀਆਂ ਬਗਾਵਤਾਂ ਉੱਤਰ ਪ੍ਰਦੇਸ਼ ਵਿਚ ਅਤੇ ਹੋਰ ਸੂਬਿਆਂ ਦੇ ਵਿਚ ਚੱਲੀਆਂ ਔਰ ਉਥੋਂ ਦੀਆਂ ਸਰਕਾਰਾਂ ਨੇ ਵੀ ਸੁਰੱਖਿਆ ਦਸਤਿਆਂ ਦੀ ਕੇਂਦਰ ਕੋਲ ਮੰਗ ਕੀਤੀ ਤਾਂ ਕੇਂਦਰ ਨੇ ਸੁਰੱਖਿਆ ਦਸਤੇ ਦਿਤੇ ਲੇਕਿਨ ਕੇਂਦਰ ਦੀ ਸਰਕਾਰ ਨੇ ਉਹਨਾਂ ਤੋਂ ਇਸ ਵਾਸਤੇ ਕੋਈ ਖਰਚਾ ਨਹੀਂ ਲਿਆ ।

*11.16
ਪੂਰਵ ਦੁਪਹਿਰ

(ਇਸ ਸਮੇਂ ਸਰਦਾਰ ਨੱਥਾ ਸਿੰਘ ਦਾਲਮ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਇਸ ਲਈ ਮੈਂ ਸਾਰਿਆਂ ਦੇ ਰੂ-ਬਰੂ ਹੋ ਕੇ ਬੇਨਤੀ ਕਰਾਂਗਾ ਕਿ ਸਾਡੇ ਤੇ ਜਿਹੜਾ ਇਹ ਕੇਂਦਰ ਸਰਕਾਰ ਦਾ ਕਰਜ਼ਾ ਹੈ, ਇਸਨੂੰ ਮੁਆਫ ਕੀਤਾ ਜਾਣਾ ਚਾਹੀਦਾ ਹੈ । ਇਸ ਮੁਲਕ ਦੇ ਗਵਾਂਢੀ ਮੁਲਕ ਨੇ ਸਾਡੇ ਸੂਬੇ ਵਿਚ ਇਹ ਅਣ-ਐਲਾਨੀ ਜੰਗ ਸ਼ੁਰੂ ਕੀਤੀ ਸੀ ਔਰ ਅੱਜ ਵੀ ਉਹ ਮੁਲਕ ਇਸੇ ਤਰ੍ਹਾਂ ਦੀਆਂ ਸਾਜ਼ਿਸ਼ਾਂ ਕਰ ਰਿਹਾ ਹੈ । ਹੁਣ ਵੀ ਪਿੱਛੇ ਜਿਹੇ ਸਾਨੂੰ ਜ਼ਮੀਨ ਦੇ ਹੇਠਾਂ ਸੁਰੰਗਾਂ ਮਿਲੀਆਂ ਹਨ ਜਿਸ ਤੋਂ ਉਸ ਦੇ ਮਨਸਬਿਆਂ ਦਾ ਪਤਾ ਚਲਦਾ ਹੈ । ਉਸ ਵੱਲੋਂ ਅੱਗੇ ਨੂੰ ਵੀ ਇਸ ਪਰਕਾਰ ਦੀਆਂ ਸਾਜ਼ਿਸ਼ਾਂ ਹੋ ਸਕਦੀਆਂ ਹਨ । ਆਖਿਰ ਦੇ ਵਿਚ ਮੈਂ ਇਕ ਸ਼ੇਅਰ ਕਹਿ ਕੇ ਸਮਾਪਤੀ ਕਰਦਾ ਹਾਂ :-

ਸਮਝਦਾ ਹਾਂ ਹਰਿਮੰਦਿਰ ਤੇ ਮੈਲੀ ਅੱਖ ਡਾਕੂ ਦੀ,
ਸਮਝਦਾ ਹਾਂ ਮੇਰੀ ਗਰਦਨ ਤੇ ਚੜ੍ਹ ਗਈ ਅੱਖ ਖਾਕੂ ਦੀ,
ਮਗਰ ਪ੍ਰਤਾਪ ਦੀ ਔਲਾਦ ਹਾਂ, ਇਹ ਪ੍ਰਣ ਕਰ ਜਾਂਗਾ,
ਵਤਨ ਦੀ ਰੇਤ ਦੀ ਮੁੱਠੀ ਤੇ ਮੈਂ ਸੌ ਵਾਰ ਮਰ ਜਾਂਗਾ,
ਸ਼ਿਕਾਰੀ ਬਾਜ ਗੋਬਿੰਦ ਦਾ ਸ਼ਿਕਾਰੇ ਨਿੱਤ ਚੜ੍ਹਦਾ ਹਾਂ,
ਵਤਨ ਤੇਰੇ ਲਈ ਜਿੰਦਾਂ, ਵਤਨ ਤੇਰੇ ਲਈ ਮਰ ਜਾਂਗਾ ।"

**ਸਰਦਾਰ ਅਵਤਾਰ ਸਿੰਘ ਬਰਾੜ** (ਫਰੀਦਕੋਟ) : ਆਦਰਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਸਦਨ ਵਿਚ ਸਰਦਾਰ ਮਨਜੀਤ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਵਤਾਰ ਸਿੰਘ ਬਰਾੜ]

ਸਿੰਘ ਕਲਕੱਤਾ ਵੱਲੋਂ ਰੱਖੇ ਗਏ ਮਤੇ ਤੇ ਕੁਝ ਸ਼ਬਦ ਕਹਿਣ ਦਾ ਸਮਾਂ ਦਿੱਤਾ ਹੈ। ਚੇਅਰਮੈਨ ਸਾਹਿਬ, ਜੋ ਸਰਦਾਰ ਮਨਜੀਤ ਸਿੰਘ ਕਲਕੱਤਾ ਇਸ ਮਤੇ ਬਾਰੇ ਬੋਲ ਰਹੇ ਸਨ, ਮੈਂ ਸੁਣ ਰਿਹਾ ਸੀ। ਇਸ ਸਦਨ ਦੇ ਭਾਵੇਂ ਬੜੀ ਛੋਟੀ ਉਮਰ ਦੇ ਮੈਂਬਰ ਹਨ, ਸਰਦਾਰ ਮਨਪ੍ਰੀਤ ਸਿੰਘ ਬਾਦਲ, ਮੈਂ ਉਨ੍ਹਾਂ ਨੂੰ ਬੋਲਦਿਆਂ ਹੋਇਆਂ ਵੀ ਸੁਣਿਆ ਹੈ। ਮੈਂ ਸੁਣ ਰਿਹਾ ਸੀ ਕਾਮਰੇਡ ਮੱਖਣ ਸਿੰਘ ਨੂੰ, ਜਿਹੜੇ ਕਿ ਕੁਝ ਸਮਾਂ ਪਹਿਲਾਂ ਸਾਡੇ ਨਾਲ ਮੋਢੇ ਨਾਲ ਮੋਢਾ ਲਾ ਕੇ ਅੱਤਵਾਦ ਦੇ ਖਿਲਾਫ ਲੜਦੇ ਰਹੇ ਹਨ। ਚੇਅਰਮੈਨ ਸਾਹਿਬ, ਮੈਂ ਆਪਣੇ ਚੇਤੇ ਤੇ ਦਸਤਕ ਦੇ ਰਿਹਾ ਸੀ ਕਿ ਜਿਹੜਾ ਦੌਰ ਪੰਜਾਬ ਵਿਚ ਗੁਜ਼ਰਿਆ ਹੈ ਉਹ ਕੈਸਾ ਦੌਰ ਸੀ, ਕੈਸਾ ਸੰਤਾਪ ਸੀ, ਡਰ ਸੀ ਜਿਹੜਾ ਕਿ ਪੰਜਾਬ ਦੇ ਲੋਕਾਂ ਨੇ ਪਿਛਲੇ ਕਾਫੀ ਲੰਮੇ ਅਰਸੇ ਤੋਂ ਹੰਢਾਇਆ ਹੈ। ਮੈਂ ਚੇਤਾ ਕਰ ਰਿਹਾ ਸੀ ਕਿ ਸਾਡੇ ਅੱਜ ਦੇ ਨੇਤਾ ਕੀ ਕਹਿ ਰਹੇ ਹਨ, ਪਰ ਉਦੋਂ ਉਹ ਕੀ ਕਹਿੰਦੇ ਹੁੰਦੇ ਸਨ। ਮੇਰੇ ਸਾਹਮਣੇ ਬੈਠੇ ਪਿਆਰੇ ਮਿੱਤਰ, ਜਿਹੜੇ ਕਿ ਪਿਛਲੇ ਸਦਨ ਵਿਚ ਸਾਡੀਆਂ ਸੀਟਾਂ ਤੇ ਆਪੋਜ਼ੀਸ਼ਨ ਵਿਚ ਬੈਠਦੇ ਸਨ, ਅੱਜ ਉਹ ਰਾਜਸੱਤਾ ਵਿਚ ਭਾਗੀਦਾਰ ਹਨ, ਮਿੱਤਲ ਸਾਹਿਬ। ਉਸ ਵੇਲੇ ਉਹ ਇਥੇ ਬੈਠ ਕੇ ਕਿਸ ਤਰ੍ਹਾਂ ਦੇ ਵਿਚਾਰ ਰੱਖਦੇ ਸਨ ਪਰ ਅੱਜ ਕਹਿੰਦੇ ਹਨ ਕਿ ਯਾਰੀ ਸਾਡੀ ਕਾਮਰੇਡਾਂ ਨਾਲ ਨਵੀਂ ਨਵੀਂ ਪਈ ਹੈ, ਇਹ ਕਿਸ ਤਰ੍ਹਾਂ ਦੀ ਸ਼ਬਦਾਵਲੀ ਹੈ। ਇਹ ਤਾਂ ਉਹ ਇਨਸਾਨ ਹਨ ਜੋ ਮੌਸਮ ਔਰ ਵਕਤ ਕੇ ਸਾਥ ਬਦਲਤੇ ਹੈਂ। ਇਨ੍ਹਾਂ ਬੈਂਚਾਂ ਤੋਂ ਹੀ (ਵਿਰੋਧੀ ਧਿਰ ਤੋਂ) ਭੈਣ ਲਕਸ਼ਮੀ ਕਾਂਤਾ ਚਾਵਲਾ ਜੀ ਬਾਦਲ ਸਾਹਿਬ ਬਾਰੇ ਕਹਿੰਦੇ ਹੁੰਦੇ ਸਨ ਕਿ ਤੁਹਾਡੀਆਂ ਅੱਖਾਂ ਕਿਉਂ ਪਥਰਾਈਆਂ ਹੋਈਆਂ ਹਨ, ਕਿਉਂ ਤੁਹਾਡੀਆਂ ਅੱਖਾਂ ਵਿਚੋਂ ਇਕ ਵੀ ਅੱਥਰੂ ਨਹੀਂ ਕਿਰਦਾ, ਕਿਉਂ ਤੁਹਾਡਾ ਮੂੰਹ ਚੁੱਪ ਹੈ, ਜਦੋਂ ਹਰ ਪਾਰਟੀ ਦੇ ਨੇਤਾ ਮਾਰੇ ਜਾ ਰਹੇ ਸਨ, ਕਤਲ ਹੋ ਰਹੇ ਸਨ, ਬੱਸਾਂ ਵਿਚੋਂ ਕੱਢ ਕੇ ਮਾਰਿਆ ਜਾਂਦਾ ਸੀ, ਪਵਿੱਤਰ ਗੁਰਦਵਾਰਿਆਂ ਦੀਆਂ ਦੀਵਾਰਾਂ ਨਾਲ ਲਗਾ ਕੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾਂਦਾ ਸੀ, ਤੁਸੀਂ ਕਿਉਂ ਨਹੀਂ ਇਕ ਸ਼ਬਦ ਵੀ ਬੋਲੇ। ਮੈਂ ਕਲਕੱਤਾ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੋ ਹਿੱਸਿਆਂ ਵਿਚ ਵੰਡੀ ਗਈ ਸੀ ਤਾਂ ਸ਼ਾਇਦ ਤੁਸੀਂ ਉਸ ਵੇਲੇ ਸਕੱਤਰ ਸੀ। ਉਦੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹਰਿਮੰਦਰ ਸਾਹਿਬ ਵਿਖੇ ਨਹੀਂ ਸੀ ਜਾ ਸਕਦਾ। ਕਿਵੇਂ ਅਕਾਲੀ ਦਲ ਦਾ ਦਫਤਰ ਉਥੋਂ ਬਦਲ ਕੇ ਚੰਡੀਗੜ੍ਹ ਵਿਖੇ ਆਇਆ ਔਰ ਉਦੋਂ ਤੁਸੀਂ ਇਕ ਸ਼ਬਦ ਵੀ ਨਾ ਕਿਹਾ। ਅੱਜ ਇਹ ਕਹਿੰਦੇ ਹਨ ਕਿ ਅਸੀਂ ਪਾਕਿਸਤਾਨ ਨਾਲ ਲੜਦੇ ਰਹੇ, ਪਰ ਉਦੋਂ ਨਿੰਦਾ ਨਹੀਂ ਕਰ ਸਕੇ ਜਦੋਂ ਮੋਗੇ ਵਿਚ 28 ਕਤਲ ਹੋਏ ਸਨ। ਸਾਡੇ ਜਰਨੈਲ ਸਰਦਾਰ ਬੇਅੰਤ ਸਿੰਘ, ਜਿਹੜੇ ਇਸ ਸੰਸਾਰ ਵਿਚ ਨਹੀਂ ਰਹੇ, ਉਨ੍ਹਾਂ ਨੇ ਇਸ ਲੜਾਈ ਦੀ ਅਗਵਾਈ ਹੀ ਨਹੀਂ ਕੀਤੀ ਸਗੋਂ ਅੱਤਵਾਦ ਅਤੇ ਵੱਖਵਾਦ ਦੇ ਖਿਲਾਫ ਲੜਾਈ ਲੜੀ। ਉਹ ਕਹਿੰਦੇ ਹੁੰਦੇ ਸਨ ਕਿ ਅਸੀਂ ਪਾਕਿਸਤਾਨ ਨਾਲ ਅਣ-ਐਲਾਨੀ ਤੀਜੀ ਲੜਾਈ ਲੜ ਰਹੇ ਹਾਂ। ਪਾਕਿਸਤਾਨ ਪਹਿਲਾਂ ਦੋ ਲੜਾਈਆਂ ਸਾਥੋਂ ਹਾਰ ਚੁੱਕਾ ਹੈ। ਉਨ੍ਹਾਂ ਹਾਰਾਂ ਦਾ ਬਦਲਾ ਲੈਣ ਲਈ ਹੀ ਉਸ ਨੇ ਹੁਣ ਇਸ ਤੀਜੀ ਲੜਾਈ ਦੇ ਢੰਗ-ਤਰੀਕੇ ਬਦਲ ਲਏ ਹਨ।

Original with;
Punjab Vidhan Sabha
Digitized by;
Panjab Digital Library

**RESOLUTION RE. RECOMMENDING TO THE STATE GOVERNMENT TO APPROACH THE UNION GOVERNMENT TO WAIVE THE ENTIRE LOAN AMOUNTING TO RUPEES 8000 CRORES GIVEN TO THE STATE IN RECENT YEARS TO COMBAT MILITANCY** 

**ਸਰਦਾਰ ਮਨਜੀਤ ਸਿੰਘ ਕਲਕੱਤਾ** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਸਰਦਾਰ ਅਵਤਾਰ ਸਿੰਘ ਬਰਾੜ ਸਾਡੇ ਬਹੁਤ ਹੀ ਸਤਿਕਾਰਯੋਗ ਮੈਂਬਰ ਹਨ । ਉਨ੍ਹਾਂ ਨੇ ਸੰਬੋਧਨ ਕਰਦਿਆਂ ਹੋਇਆਂ ਮੇਰੇ ਕੋਲੋਂ ਸਪਸ਼ਟੀਕਰਨ ਮੰਗਿਆ ਹੈ । ਮੈਂ ਉਨ੍ਹਾਂ ਨੂੰ ਕਹਾਂਗਾ ਕਿ ਇਕ ਦਿਨ ਵੀ ਐਸਾ ਨਹੀਂ ਹੈ ਜਿਸ ਦਿਨ ਮੈਂ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਬੇਖੌਫ ਹੋ ਕੇ ਨਹੀਂ ਗਿਆ । ਦੂਸਰੀ ਗੱਲ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਵੇਲੇ ਅਖਬਾਰਾਂ ਵਿਚ ਖਬਰਾਂ ਆਉਂਦੀਆਂ ਰਹਿੰਦੀਆਂ ਸਨ, ਮੈਂ ਅਕਾਲੀ ਦਲ ਦਾ ਜਨਰਲ ਸਕੱਤਰ ਸੀ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਸਕੱਤਰ ਸੀ । ਉਨ੍ਹਾਂ ਦਿਨਾਂ ਵਿਚ ਸਾਡੇ ਲੀਡਰ ਬਹੁਤ ਦੂਰ-ਦੂਰ ਦੀਆਂ ਜੇਲ੍ਹਾਂ ਵਿਚ ਬੰਦ ਸਨ । ਉਸ ਵਕਤ ਮੈਂ ਇਕੱਲਾ, ਅੱਜ ਸਾਡੇ ਵਿਚ ਭਾਈ ਸ਼ਮਿੰਦਰ ਸਿੰਘ ਜੀ ਨਹੀਂ ਰਹੇ, ਅਸੀਂ ਇਕ-ਦੋ ਬੰਦੇ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਚਲਾ ਰਹੇ ਸੀ । ਜੇਕਰ ਕਿਸੇ ਵੀ ਜਗ੍ਹਾ ਬੇਗੁਨਾਹ ਦਾ ਕਤਲ ਹੁੰਦਾ ਸੀ ਤਾਂ ਅਸੀਂ ਡਟ ਕੇ ਉਸ ਦਾ ਵਿਰੋਧ ਕੀਤਾ । ਇਸ ਕਰਕੇ, ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਵਾਸਤੇ ਬਾਰ ਬਾਰ ਉਹੋ ਗੱਲਾਂ ਕਰੀ ਜਾਣੀਆਂ, ਮੈਂ ਸਮਝਦਾ ਹਾਂ ਕਿ ਇਹ ਸਰਾਸਰ ਧੋਖਾ ਹੈ । ਤੁਸੀਂ ਉਸ ਸਮੇਂ ਦੀਆਂ ਅਖ਼ਬਾਰਾਂ ਕਢਵਾ ਕੇ ਦੇਖ ਲਵੋ, ਜਿਸ ਦਿਨ ਵੀ ਕੋਈ ਕਤਲ ਹੋਇਆ, ਕੋਈ ਹੋਰ ਸੱਜਣ ਬੋਲਿਆ ਜਾਂ ਨਹੀਂ ਬੋਲਿਆ, ਅਸੀਂ ਡੱਟ ਕੇ ਬੋਲੇ ਹਾਂ ਅਤੇ ਫਿਰ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਦੀ ਡਿਊਟੀ ਵੀ ਕਰਦੇ ਰਹੇ ਹਾਂ । ਅਸੀਂ ਸਿੱਖਾਂ ਦੀਆਂ ਅਤੇ ਪੰਜਾਬ ਦੀਆ ਮੰਗਾਂ ਨੂੰ ਪਿੱਠ ਨਹੀਂ ਦਿੱਤੀ ਅਤੇ ਨਾ ਹੀ ਕੇਂਦਰ ਸਰਕਾਰ ਨੂੰ ਪੰਜਾਬ ਦੇ ਸਿੱਖਾਂ ਅਤੇ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਕਦੇ ਸਮਰਥਨ ਦਿੱਤਾ ਹੈ । ਮੈਂ ਇਸ ਕਰਕੇ ਸਪਸ਼ਟੀਕਰਨ ਦਿੱਤਾ ਹੈ ਕਿਉਂਕਿ ਇਨ੍ਹਾਂ ਨੇ ਮੈਨੂੰ ਮੁਖਾਤਬ ਹੋ ਕੇ ਕਿਹਾ ਹੈ । ਚੇਅਰਮੈਨ ਸਾਹਿਬ, ਹਰ ਇਕ ਚੀਜ਼ ਦਾ ਰਿਕਾਰਡ ਹੈ ਅਤੇ ਇਹ ਰਿਕਾਰਡ ਚੈਕ ਕਰ ਲੈਣ ਕਿ ਵੱਧ ਤੋਂ ਵੱਧ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੇ ਹੀ ਮੈਂਬਰ ਮਾਰੇ ਜਾਂਦੇ ਰਹੇ ਹਨ । ਮੇਰਾ ਖਿਆਲ ਹੈ ਕਿ ਕਾਂਗਰਸ ਪਾਰਟੀ ਤੋਂ ਵੀ ਸਾਡੇ ਬੰਦੇ ਵੱਧ ਮਾਰੇ ਗਏ ਹਨ, ਪਰ ਇਹ ਜਿਹੜੇ ਇਸ ਦੇ ਬਾਅਦ ਵੀ ਸਾਡੇ ਤੇ ਦੋਸ਼ ਲਗਾਉਂਦੇ ਹਨ, ਇਹ ਸਾਨੂੰ ਬਦਨਾਮ ਕਰਨ ਦਾ ਕੋਝਾ ਯਤਨ ਕਰਦੇ ਹਨ । ਇਸ ਲਈ ਮੈਂ ਸਪਸ਼ਟੀਕਰਨ ਦੇਣ ਦੇ ਲਈ ਖੜ੍ਹਾ ਹੋਇਆ ਹਾਂ ।

**ਸਰਦਾਰ ਸੁਰਜੀਤ ਸਿੰਘ ਕੋਹਲੀ** : ਚੇਅਰਮੈਨ ਸਾਹਿਬ, ਸਤਿਕਾਰਯੋਗ ਮੈਂਬਰ ਸਾਹਿਬ ਨੇ ਜਿਹੜਾ ਕਿਹਾ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਦਫ਼ਤਰ ਅੰਮ੍ਰਿਤਸਰ ਤੋਂ ਚੰਡੀਗੜ੍ਹ ਲਿਆਂਦਾ ਗਿਆ, ਇਹ ਬਿਲਕੁਲ ਗਲਤ ਹੈ । ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਪਿਛਲੇ ਤਕਰੀਬਨ 10 ਸਾਲ ਦੌਰਾਨ ਜੋ ਇਨ੍ਹਾਂ ਦੀ ਕਿਰਪਾ ਨਾਲ ਅੱਤਵਾਦ ਦਾ ਸਮਾਂ ਪੰਜਾਬ ਵਿਚ ਰਿਹਾ, ਉਸ ਸਮੇਂ ਦੇ ਦੌਰਾਨ ਵੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਦਫਤਰ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਦੀ ਅਗਵਾਈ ਵਿਚ ਅੰਮ੍ਰਿਤਸਰ ਵਿਖੇ ਹੀ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ :** ਇਹ ਕਲਕੱਤਾ ਸਾਹਿਬ ਦੱਸ ਚੁੱਕੇ ਹਨ ਅਤੇ ਸਪਸ਼ਟੀਕਰਨ ਦੇ ਚੁੱਕੇ ਹਨ । ਬਰਾੜ ਸਾਹਿਬ, ਤੁਸੀਂ ਕੰਟੀਨਿਊ ਕਰੋ ।

**ਸਰਦਾਰ ਅਵਤਾਰ ਸਿੰਘ ਬਰਾੜ :** ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਬੜੇ ਹੀ ਸਬਰ ਦੇ ਨਾਲ ਇਨ੍ਹਾਂ ਦੀਆਂ ਗੱਲਾਂ ਸੁਣਦਾ ਰਿਹਾ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਮੇਰੇ ਭਰਾਵਾਂ ਦੀ ਬੜੀ ਬਦ-ਕਿਸਮਤੀ ਹੈ ਕਿ ਇਹ ਆਪਣੇ ਆਪ ਨੂੰ ਹੁਣ ਵੀ ਆਪੋਜ਼ੀਸ਼ਨ ਵਿਚ ਬੈਠੇ ਹੀ ਸਮਝਦੇ ਹਨ, ਇਨ੍ਹਾਂ ਦਾ ਮਨ ਹੀ ਨਹੀਂ ਬੱਝਦਾ ਕਿ ਅਸੀਂ ਆਪੋਜ਼ੀਸ਼ਨ ਵਿਚ ਨਹੀਂ ਬੈਠੇ ਹਾਂ, ਸਰਕਾਰ ਵੱਲ ਬੈਠੇ ਹਾਂ । ਜ਼ੀਰਾ ਸਾਹਿਬ ਇਥੇ ਮਹਾਂਪੁਰਸ਼ ਬੈਠੇ ਹਨ, ਉਨ੍ਹਾਂ ਦੇ ਨਾਲ ਮੇਰੇ ਵਰਗਾ ਬੰਦਾ ਕਿਸ ਤਰ੍ਹਾਂ ਬਹਿਸ ਕਰ ਸਕਦਾ ਹੈ ! ਚੇਅਰਮੈਨ ਸਾਹਿਬ, ਤੁਸੀਂ (** ** **) ਕਿ ਤੁਸੀਂ ਹੁਣ ਸਰਕਾਰ ਵੱਲ ਬੈਠੇ ਹੋ, ਅਜਿਹੀਆਂ ਗੱਲਾਂ ਨਾ ਕਰੋ ।

**ਸਰਦਾਰ ਹੀਰਾ ਸਿੰਘ ਗਾਬੜੀਆ :** ਚੇਅਰਮੈਨ ਸਾਹਿਬ, ** ** ਵਾਲੇ ਸ਼ਬਦ ਐਕਸਪੰਜ ਹੋਣੇ ਚਾਹੀਦੇ ਹਨ ।

**ਸ੍ਰੀ ਸਭਾਪਤੀ :** ** ** ** ਇਹ ਸ਼ਬਦ ਸਦਨ ਦੀ ਕਾਰਵਾਈ ਵਿਚੋਂ ਐਕਸਪੰਜ ਕਰ ਦਿੱਤੇ ਜਾਣ ।

**ਸਰਦਾਰ ਅਵਤਾਰ ਸਿੰਘ ਬਰਾੜ :** ਚੇਅਰਮੈਨ ਸਾਹਿਬ, ਨਾ ਸਮਝਾਓ ਇਨ੍ਹਾਂ ਨੂੰ. ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੋਹਾਲੀ ਤੋਂ ਜੋ ਐਸ.ਜੀ.ਪੀ.ਸੀ. ਦਾ ਮੈਂਬਰ ਚੁਣਿਆ ਗਿਆ ਸੀ, ਉਸ ਨੂੰ ਪਿਛਲੇ ਮਹੀਨੇ ਲੁੱਟਾਂ-ਖੋਹਾਂ ਦੇ ਦੋਸ਼ ਵਿਚ ਕੋਰਟ ਵਿਚੋਂ ਸਜ਼ਾ ਹੋ ਗਈ ਹੈ । ਅਖ਼ਬਾਰਾਂ ਵਿਚ ਆਇਆ ਹੈ ।

**Minister for Parliamentary Affairs** : Chairman Sahib, Point of Order.

**Mr. Chairman** : Brar Sahib, Please sit down. Mittal Sahib is on a Point of Order.

**ਸੰਸਦੀ ਮਾਮਲਿਆਂ ਦੇ ਮੰਤਰੀ :** ਚੇਅਰਮੈਨ ਸਾਹਿਬ, ਬੜੀ ਅੱਛੀ ਡੀਬੇਟ ਚਲ ਰਹੀ ਹੈ, ਬੜਾ ਅਹਿਮ ਮੁੱਦਾ ਹੈ ਔਰ ਸਰਦਾਰ ਅਵਤਾਰ ਸਿੰਘ ਬਰਾੜ, ਆਨਰੇਬਲ ਮੈਂਬਰ ਪੁਰਾਣੇ ਮੈਂਬਰ ਹਨ, ਪਰ ਉਨ੍ਹਾਂ ਨੇ ਇਸ਼ੂ ਡਾਈਵਰਟ ਕਰ ਦਿੱਤਾ ਹੈ । ਮੁੱਦਾ ਤਾਂ ਇਹ ਸੀ ਕਿ ਕੇਂਦਰ ਸਰਕਾਰ ਤੋਂ ਹਾਊਸ ਮੰਗ ਕਰੇਗਾ ਕਿ ਇਹ ਕਰਜ਼ਾ ਮੁਆਫ਼ ਕੀਤਾ ਜਾਵੇ । ਆਪਾਂ ਗਵਰਨਰ ਐਡਰੈਸ ਕਰ ਚੁੱਕੇ ਹਾਂ ਅਤੇ ਹੁਣ ਜਨਰਲ ਬਜਟ ਵੀ ਆਉਣਾ ਹੈ, ਉਸ ਤੇ ਬੋਲ ਲੈਣਾ ਕਿ ਕਿਸ ਦਾ ਕਿੰਨਾ ਹੱਥ ਰਿਹਾ ਹੈ ਜਾਂ ਨਹੀਂ ਰਿਹਾ । ਇਥੇ ਤਾਂ ਸਿਰਫ ਇਹ ਹੋਣਾ ਚਾਹੀਦਾ ਹੈ ਕਿ ਇਹ ਪੈਸਾ ਮੁਆਫ਼ ਹੋਣਾ ਚਾਹੀਦਾ ਹੈ । ਇਹ ਖਰਚਾ ਕਿਉਂ ਕਰਨ ਦੀ ਲੋੜ ਪਈ, ਇਹ ਸਾਰੀ ਗੱਲ ਰਿਕਾਰਡ ਤੇ ਹੈ । ਅਸੀਂ ਵੀ ਆਪੋਜ਼ੀਸ਼ਨ

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਵੱਲ ਬੈਠ ਕੇ ਸਰਕਾਰ ਨੂੰ ਕਰੀਟੀਸਾਈਜ਼ ਕਰਦੇ ਰਹੇ ਹਾਂ, ਪ੍ਰਾਕਸੀਵਾਰ ਤੁਸੀਂ ਵੀ ਕਰਦੇ ਰਹੇ ਹੋ, ਅਸੀਂ ਵੀ ਕਰਦੇ ਰਹੇ ਹਾਂ । ਅਸੀਂ ਇੱਕ ਦੂਜੇ ਤੇ ਦੋਸ਼ ਨਾ ਲਗਾਈਏ ਬਲਕਿ ਐਟਮੋਸਫੀਅਰ ਵਧੀਆ ਬਣਾਈਏ । ਅਸੀਂ ਪੰਜਾਬ ਨੂੰ ਬਚਾਉਣਾ ਹੈ । ਅਸੀਂ ਆਪਣੀ ਬਹਿਸ ਸਿਰਫ ਇੱਥੇ ਤੱਕ ਹੀ ਸੀਮਿਤ ਰੱਖੀਏ ।

**ਸ੍ਰੀ ਸਭਾਪਤੀ** : ਬਰਾੜ ਸਾਹਿਬ, ਤੁਸੀਂ ਮਤੇ ਤੇ ਹੀ ਬੋਲਣ ਦੀ ਕਿਰਪਾਲਤਾ ਕਰੋ ।

**ਸਰਦਾਰ ਅਵਤਾਰ ਸਿੰਘ ਬਰਾੜ** : ਮੈਂ ਤਾਂ ਇੱਕ ਸ਼ਬਦ ਵੀ ਪਾਸੇ ਨਹੀਂ ਗਿਆ । ਮੈਂ ਤਾਂ ਰੈਜ਼ੋਲਿਊਸ਼ਨ ਤੇ ਹੀ ਬੋਲ ਰਿਹਾ ਹਾਂ ਜੀ । ਚੇਅਰਮੈਨ ਸਾਹਿਬ, ਜੇ ਮਿੱਤਲ ਸਾਹਿਬ ਇਹ ਚਾਹੁੰਦੇ ਹਨ ਕਿ ਮੈਂ ਸਿਰਫ ਇੰਨੀ ਗੱਲ ਕਹਾਂ ਕਿ ਅਸੀਂ ਇਸ ਰੈਜ਼ੋਲਿਊਸ਼ਨ ਦਾ ਸਮਰਥਨ ਕਰਦੇ ਹਾਂ ਤਾਂ ਮੈਂ ਇਹ ਗੱਲ ਕਹਿ ਕੇ ਬੈਠ ਜਾਂਦਾ ਹਾਂ ਪਰ ਜਿਹੜਾ ਮਤਾ ਆਨਰੇਬਲ ਮੈਂਬਰ ਸਾਹਿਬ ਨੇ ਰੱਖਿਆ ਹੈ, ਉਸ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ, ਵਿਸਥਾਰ ਕੀਤਾ ਗਿਆ ਹੈ । ਜੇ ਮੈਂ ਪਿਛੋਕੜ ਵਿਚ ਨਹੀਂ ਜਾਵਾਂਗਾ ਤਾਂ ਮੈਂ ਜਸਟੀਫਾਈ ਕਿਵੇਂ ਕਰਾਂਗਾ ਕਿ ਇਹ ਪੈਸਾ ਮੁਆਫ ਕੀਤਾ ਜਾਵੇ । ਮੈਂ ਉਸ ਸਮੇਂ ਦੇ ਹਾਲਾਤ ਦੀ ਗੱਲ ਕਰ ਰਿਹਾ ਹਾਂ ਕਿ ਕਿਹੋ ਜਿਹੇ ਹਾਲਾਤ ਹੋ ਗਏ ਸਨ, ਜਿਸ ਕਰਕੇ ਸਾਨੂੰ ਇਹ ਲੜਾਈ ਲੜਨੀ ਪਈ । ਇਸ ਲੜਾਈ ਨਾਲ ਸਾਨੂੰ ਬਹੁਤ ਘਾਟਾ ਪਿਆ ਹੈ, ਮੈਂ ਤਾਂ ਇਹ ਗੱਲ ਕਰ ਰਿਹਾ ਸੀ । ਜੇ ਮੈਂ ਇਹ ਗੱਲ ਕਰਾਂ ਤਾਂ ਫਿਰ ਤੁਸੀਂ ਕੁਝ ਹੋਰ ਕਹੋਗੇ ਕਿ ਉਸ ਸਮੇਂ ਹਰਿਮੰਦਰ ਸਾਹਿਬ ਵਿਖੇ ਕਿੰਨਾ ਲੰਗਰ ਪੱਕਦਾ ਸੀ । ਕੋਈ ਮੱਥਾ ਟੇਕਣ ਨਹੀਂ ਜਾਂਦਾ ਸੀ, ਇਸ ਤਰ੍ਹਾਂ ਦੇ ਹਾਲਾਤ ਕਿਸ ਨੇ ਬਣਾਏ । ਉਦੋਂ ਅਸੀਂ ਕੁਝ ਨਹੀਂ ਕਹਿ ਸਕਦੇ ਸੀ । ਹੁਣ ਅਸੀਂ ਪਾਕਿਸਤਾਨ ਪਾਕਿਸਤਾਨ ਕਹੀ ਜਾਂਦੇ ਹਾਂ । ਕੀ ਇਹ ਗੱਲ ਗਲਤ ਹੈ ਕਿ ਅਕਾਲੀ ਦਲ ਦਾ ਲੀਡਰ ਅਤਵਾਦੀਆਂ ਦੀਆਂ ਅਸਥੀਆਂ ਜਲ ਪ੍ਰਵਾਹ ਕਰਦਾ ਰਿਹਾ ਹੈ ਉਸ ਸਮੇਂ ਇਨ੍ਹਾਂ ਦੀ ਲੀਡਰਸ਼ਿਪ ਨੇ ਕੀ ਰੋਲ ਅਦਾ ਕੀਤਾ ? (ਵਿਘਨ) ਉਸ ਸਮੇਂ ਇਨ੍ਹਾਂ ਦਾ ਇਹ ਹਾਲ ਸੀ ਜਿਵੇਂ ਦਰਖਤ ਦੇ ਪੀਲੇ ਪੱਤੇ ਹਵਾ ਵਿਚ ਟੁੱਟ ਕੇ ਉਡ ਜਾਂਦੇ ਹਨ । ਉਸ ਸਮੇਂ ਜੋ ਅਕਾਲੀ ਦਲ ਨੂੰ ਕਰਨਾ ਚਾਹੀਦਾ ਸੀ, ਉਸ ਵਿਚ ਇਹ ਅਸਮਰਥ ਰਿਹਾ । ਅਸੀਂ ਵੀ ਕਹਿੰਦੇ ਹਾਂ ਕਿ ਇਹ ਕਰਜ਼ਾ ਮੁਆਫ ਹੋਣਾ ਚਾਹੀਦਾ ਹੈ ਕਿਉਂਕਿ ਪੰਜਾਬ ਦੀ ਆਰਥਿਕ ਹਾਲਤ ਚੰਗੀ ਨਹੀਂ ਹੈ । (ਵਿਘਨ)

**ਸ੍ਰੀ ਸਭਾਪਤੀ** : ਤੁਸੀਂ ਰੈਜ਼ੋਲਿਊਸ਼ਨ ਤੇ ਹੀ ਬੋਲੋ ।

**ਸਰਦਾਰ ਅਵਤਾਰ ਸਿੰਘ ਬਰਾੜ** : ਚੇਅਰਮੈਨ ਸਾਹਿਬ, ਸਾਡੀ ਪਾਰਟੀ ਦਾ ਟਾਈਮ ਹੈ । ਮੇਰਾ ਟਾਈਮ ਤਾਂ ਇਨ੍ਹਾਂ ਨੇ ਜ਼ਾਇਆ ਕਰ ਦਿੱਤਾ ਹੈ । 15 ਮਿੰਟ ਤਾਂ ਮੇਰੇ ਟਾਈਮ ਵਿਚ ਕਲਕੱਤਾ ਸਾਹਿਬ ਬੋਲ ਗਏ ਹਨ ।

**ਸ੍ਰੀ ਸਭਾਪਤੀ** : ਤੁਸੀਂ ਕੰਟੀਨਿਊ ਕਰੋ ।

**ਸਰਦਾਰ ਅਵਤਾਰ ਸਿੰਘ ਬਰਾੜ** : ਮਿੱਤਲ ਸਾਹਿਬ, ਹੁਣ ਤੁਹਾਡੇ ਤੌਰ-ਤਰੀਕੇ ਬਦਲ ਗਏ ਹਨ । ਇਹ ਇਨ੍ਹਾਂ ਬੈਂਚਾਂ (ਅਪੋਜ਼ੀਸ਼ਨ ਬੈਂਚਾਂ) ਤੇ ਕੀ ਕਰਦੇ ਸੀ । ਚਲੋ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਵਤਾਰ ਸਿੰਘ ਬਰਾੜ]
ਠੀਕ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਦੀ ਦੋਸਤੀ ਬਹੁਤੀ ਦੇਰ ਨਿਭਣੀ ਨਹੀਂ। (ਵਿਘਨ)

**Shri Jagdish Sawhney** : Point of Order, Sir.

**ਸ੍ਰੀ ਸਭਾਪਤੀ :** ਹਾਂ ਜੀ, ਸਾਹਨੀ ਸਾਹਿਬ।

**ਸ੍ਰੀ ਜਗਦੀਸ਼ ਸਾਹਨੀ :** ਚੇਅਰਮੈਨ ਸਾਹਿਬ, ਮੇਰੇ ਮਾਨਯੋਗ ਭਰਾ ਵਾਰ ਵਾਰ ਇਹੋ ਗੱਲ ਕਹਿੰਦੇ ਹਨ। ਮਿੱਤਲ ਸਾਹਿਬ ਨੇ ਵੀ ਅਰਜ਼ ਕੀਤੀ ਹੈ ਕਿ ਇਹ ਅੱਜ ਜੋ ਪੁਆਇੰਟ ਹੈ, ਉਸ ਨੂੰ ਛੱਡ ਕੇ ਫਿਰ ਉਸੀ ਗੱਲ ਤੇ ਆ ਜਾਂਦੇ ਹਨ। ਇਹ ਕਹਿੰਦੇ ਹਨ ਕਿ ਅਕਾਲੀ ਚੁੱਪ ਰਹੇ ਪਰ ਇਨ੍ਹਾਂ ਨੇ ਕੀ ਕੀਤਾ ? ਤੁਸੀਂ ਹੀ ਅੱਤਵਾਦ ਦੀ ਸ਼ੁਰੂਆਤ ਕੀਤੀ, ਕਿਸ ਨੂੰ ਨਹੀਂ ਪਤਾ। ਸਰਦਾਰ ਦਰਬਾਰਾ ਸਿੰਘ, ਗਿਆਨੀ ਜ਼ੈਲ ਸਿੰਘ ਨੇ ਅੱਤਵਾਦ ਸ਼ੁਰੂ ਕੀਤਾ। ਇਹ ਸਾਰੇ ਪੰਜਾਬੀਆਂ ਨੇ ਝੱਲਿਆ ਹੈ। ਇਹ ਜੋ ਮਤਾ ਲਿਆਂਦਾ ਗਿਆ ਹੈ, ਇਸ ਮਤੇ ਬਾਰੇ ਇਨ੍ਹਾਂ ਵਲੋਂ ਨਹੀਂ ਦੱਸਿਆ ਗਿਆ। ਇਨ੍ਹਾਂ ਨੇ ਆਪਣੇ ਪ੍ਰਾਈਮ ਮਨਿਸਟਰ ਦੇ ਆਉਣ ਤੇ ਲੱਖਾਂ ਰੁਪਿਆ ਖਰਚ ਕੀਤਾ। ਇਨ੍ਹਾਂ ਨੇ ਉਸ ਨੂੰ ਕਿਹਾ ਕਿ ਕਰਜ਼ਾ ਮੁਆਫ ਕੀਤਾ ਜਾਵੇ ਪਰ ਉਸ ਨੇ ਨਹੀਂ ਕੀਤਾ। ਕੀ ਇਸ ਵਿਚ ਕਾਂਗਰਸ ਦਾ ਕਸੂਰ ਨਹੀਂ ਹੈ ? (ਸ਼ੇਮ ਸ਼ੇਮ ਦੀਆਂ ਆਵਾਜ਼ਾਂ)

**ਸਰਦਾਰ ਅਵਤਾਰ ਸਿੰਘ ਬਰਾੜ :** ਚੇਅਰਮੈਨ ਸਾਹਿਬ, ਮੈਨੂੰ ਕੋਈ ਨਰਾਜ਼ਗੀ ਨਹੀਂ। ਇਹ ਪਹਿਲਾਂ ਕਾਂਗਰਸ ਵਿਚ ਹੀ ਰਹੇ ਹਨ। ਮੈਨੂੰ ਕੋਈ ਗਿਲਾ ਨਹੀਂ। ਇਨ੍ਹਾਂ ਦਾ ਹੱਕ ਬਣਦਾ ਹੈ। ਇਹ ਵਫ਼ਾਦਾਰੀ ਦਿਖਾ ਰਹੇ ਹਨ ਕਿ ਸ਼ਾਇਦ ਵਜ਼ੀਰੀ ਮਿਲ ਜਾਵੇ। ਜੇ ਬਣ ਗਏ ਤਾਂ ਮੈਨੂੰ ਖੁਸ਼ੀ ਹੈ। ਮੈਂ ਆਪਣੇ ਹਲਕੇ ਦੇ ਕੰਮ ਕਰਵਾ ਲਿਆ ਕਰਾਂਗਾ।

**ਸ੍ਰੀ ਸਭਾਪਤੀ :** ਤੁਸੀਂ ਰੈਜ਼ੋਲਿਊਸ਼ਨ ਤੇ ਹੀ ਬੋਲੋ।

**ਸਰਦਾਰ ਅਵਤਾਰ ਸਿੰਘ ਬਰਾੜ :** ਮੈਂ ਬੇਨਤੀ ਕਰ ਰਿਹਾ ਸੀ ਕਿ ਐਸੇ ਹਾਲਾਤ ਸਨ ਕਿ ਘਰੋਂ ਬਾਹਰ ਕੋਈ ਨਿਕਲਦਾ ਨਹੀਂ ਸੀ। ਰਾਤ ਨੂੰ ਤਾਂ ਗਲੀਆਂ ਵਿਚ ਕੁੱਤੇ ਵੀ ਭੌਂਕਦੇ ਨਹੀਂ ਸਨ ਤੇ ਇਨਸਾਨ ਨੇ ਕਿੱਥੋਂ ਬਾਹਰ ਨਿਕਲਣਾ ਸੀ। ਇਹ ਬਹੁਤ ਵੱਡੀ ਗੱਲ ਸੀ। ਉਸ ਸਮੇਂ ਪੰਜਾਬ ਦੇ ਲੋਕਾਂ ਨੇ ਚਾਹੇ ਸੀ.ਪੀ.ਆਈ., ਚਾਹੇ ਸੀ.ਪੀ.ਐਮ., ਚਾਹੇ ਭਾਰਤੀ ਜਨਤਾ ਪਾਰਟੀ, ਚਾਹੇ ਉਹ ਕਾਂਗਰਸ ਦੇ ਸਨ, ਸਭ ਨੇ ਬਹੁਤ ਵੱਡੀ ਲੜਾਈ ਲੜੀ। ਇਹ ਲੜਾਈ ਪਾਕਿਸਤਾਨ ਨੇ ਸਾਡੇ ਸਿਰ ਥੋਪੀ ਅਤੇ ਅਸੀਂ ਇਸ ਦੇ ਖਿਲਾਫ ਲੜੇ। ਅਸੀਂ ਇਕੱਲਿਆਂ ਨੇ ਇਹ ਲੜਾਈ ਨਹੀਂ ਲੜੀ, ਬੀ.ਜੇ.ਪੀ. ਦੇ ਹਿਤ ਅਭਿਲਾਸ਼ੀ ਵਰਗੇ ਬਹੁਤ ਸਾਰੇ ਲੀਡਰਾਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ, ਸਾਡੀ ਪਾਰਟੀ ਦੇ ਵੀ ਬੇਸ਼ੁਮਾਰ ਲੀਡਰਾਂ ਨੇ ਕੁਰਬਾਨੀਆਂ ਦਿੱਤੀਆਂ। ਜਿਵੇਂ ਸਾਡੇ ਆਪਣੇ ਜਰਨੈਲ ਇਸ ਹਾਊਸ ਦੇ ਲੀਡਰ ਰਹਿ ਚੁੱਕੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ, ਸ਼ਾਮ ਦੇ ਵਕਤ ਸੈਕ੍ਰੇਟਰੀਏਟ ਵਿਖੇ ਸ਼ਹੀਦੀ ਜਾਮ ਪੀ ਗਏ। ਬੇਸ਼ੁਮਾਰ ਲੀਡਰ ਸ਼ਹੀਦ ਹੋਏ। ਇਸੇ ਤਰ੍ਹਾਂ ਸੀ.ਪੀ.ਆਈ. ਦੇ ਬੜੇ ਵੱਡੇ ਵੱਡੇ ਲੀਡਰ ਇਸ ਵਿਚ ਸ਼ਹੀਦ ਹੋਏ। ਸਾਡੀ ਇਸ

Original with;
Punjab Vidhan Sabha
Digitized by;
Panjab Digital Library

ਵਿਚ ਕੋਈ ਵੱਖਰੀ ਰਾਏ ਨਹੀਂ । ਸਾਡੇ ਤੋਂ ਪਹਿਲਾਂ ਆਦਰਯੋਗ ਸਾਡੀ ਪਾਰਟੀ ਦੇ ਲੀਡਰ ਬੀਬੀ ਰਾਜਿੰਦਰ ਕੌਰ ਭੱਠਲ ਨੇ ਇਸ ਮਤੇ ਦਾ ਸਮਰਥਨ ਕੀਤਾ ਹੈ । ਅਸੀਂ ਇਸ ਮਤੇ ਦਾ ਸਮਰਥਨ ਕਰਦੇ ਹਾਂ ਔਰ ਅਸੀਂ ਦਿੱਲੀ ਜਾ ਕੇ ਵੀ ਇਸ ਲੜਾਈ ਵਿਚ ਸ਼ਾਮਲ ਹੋ ਕੇ ਤੁਹਾਡੇ ਨਾਲ ਮੋਢੇ ਨਾਲ ਮੋਢਾ ਲਾ ਕੇ ਤੁਰਨ ਲਈ ਤਿਆਰ ਹਾਂ । ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਆਦਮੀ ਆਪਣੀ ਭੁੱਲ ਨੂੰ ਭੁੱਲ ਮੰਨ ਲਵੇ, ਉਹ ਬਹੁਤ ਵੱਡਾ ਆਦਮੀ ਹੁੰਦਾ ਹੈ । ਇਸ ਕਰਕੇ ਅਕਾਲੀ ਲੀਡਰਸਿਪ ਨੂੰ ਆਪਣੀ ਭੁੱਲ ਨੂੰ ਮੰਨਣਾ ਚਾਹੀਦਾ ਹੈ ਔਰ ਉਸ ਨੂੰ ਦਰੁਸਤ ਕਰਨਾ ਚਾਹੀਦਾ ਹੈ ਤਾਂ ਕਿ ਆਉਣ ਵਾਲੇ ਦਿਨਾਂ ਵਿਚ, ਜੋ ਪਿੱਛੇ ਨਾ-ਖੁਸ਼ਗਵਾਰ ਹਾਲਾਤ ਪੰਜਾਬ ਦੇ ਰਹੇ, ਉਹ ਮੁੜ ਕੇ ਨਾ ਵਾਪਰਨ । ਜੋ ਸੰਤਾਪ ਪੰਜਾਬ ਦੇ ਲੋਕਾਂ ਨੇ ਭੋਗਿਆ ਹੈ. ਉਹ ਸੰਤਾਪ ਮੁੜ ਕੇ ਭੋਗਣ ਵਾਸਤੇ ਮਜਬੂਰ ਨਾ ਹੋਣਾ ਪਵੇ । ਜਲੰਧਰ ਵਿਚ ਜੋ ਇਕ ਨਾ-ਖੁਸ਼ਗਵਾਰ ਘਟਨਾ ਵਾਪਰੀ ਹੈ, ਸਾਨੂੰ ਸਾਰਿਆਂ ਨੂੰ ਉਸ ਦਾ ਅਫਸੋਸ ਹੈ ਲੇਕਿਨ ਉਸ ਨੂੰ ਲਾਈਟਲੀ ਲੈ ਲੈਣਾ, ਪੂਰੀ ਸੰਜੀਦਗੀ ਨਾਲ ਨਾ ਲੈਣਾ, ਇਸ ਵਿਚ ਕਈ ਸ਼ੰਕੇ ਪੈਦਾ ਕਰਦਾ ਹੈ ਕਿ ਉਹ ਤਾਕਤਾਂ ਫਿਰ ਸਿਰ ਉਠਾ ਰਹੀਆਂ ਹਨ, ਜਿਨ੍ਹਾਂ ਨੇ ਹਿੰਦੁਸਤਾਨ ਨੂੰ ਟੋਟੇ ਕਰਨ ਵਾਸਤੇ ਬੇਹੱਦ ਯਤਨ ਕੀਤੇ ਹਨ, ਕੋਸ਼ਿਸ਼ਾਂ ਕੀਤੀਆਂ ਹਨ । ਮੈਂ ਅੰਤ ਵਿਚ ਇਸ ਮਤੇ ਦਾ ਸਮਰਥਨ ਕਰਦਾ ਹਾਂ ਔਰ ਆਪਣੀ ਪਾਰਟੀ ਵਲੋਂ ਭਰੋਸਾ ਦਿੰਦਾ ਹਾਂ ਕਿ ਇਹ ਤਾਂ ਕੀ ਪੰਜਾਬ ਦੇ ਹੋਰ ਮਤਿਆਂ ਬਾਰੇ ਵੀ ਜੋ ਸਾਡੇ ਕੋਲੋਂ ਰੂਲਿੰਗ ਪਾਰਟੀ ਮੱਦਦ ਚਾਹੇਗੀ, ਅਸੀਂ ਉਸ ਲਈ ਤਿਆਰ ਹਾਂ । ਤੁਹਾਡਾ ਬਹੁਤ-ਬਹੁਤ ਧੰਨਵਾਦ । ਜੈ ਹਿੰਦ ।

**ਕਾਮਰੇਡ ਹਰਦੇਵ ਅਰਸ਼ੀ** (ਬੁਢਲਾਡਾ) : ਚੇਅਰਮੈਨ ਸਾਹਿਬ, ਧੰਨਵਾਦ । ਜ਼ਿਆਦਾ ਚੰਗਾ ਹੁੰਦਾ, ਚੇਅਰਮੈਨ ਸਾਹਿਬ, ਜਿਸ ਤਰ੍ਹਾਂ ਦਾ ਅੱਜ ਰੈਜ਼ੋਲਿਊਸ਼ਨ ਆਇਆ ਹੈ ਔਰ ਸਾਰੀਆਂ ਪਾਰਟੀਆਂ ਇਸ ਤੇ ਸਹਿਮਤ ਹਨ ਔਰ ਹਰ ਪੁਲੀਟੀਕਲ ਪਾਰਟੀ ਬੜੇ ਜ਼ੋਰਦਾਰ ਸ਼ਬਦਾਂ ਨਾਲ ਆਪਣੇ ਪਲੇਟਫਾਰਮ ਤੋਂ ਕੇਂਦਰ ਤੋਂ ਕਰਜ਼ੇ ਮੁਆਫੀ ਲਈ ਮੰਗ ਕਰ ਰਹੀ ਹੈ । ਇਹ ਸਚਾਈ ਹੈ ਕਿ ਪੰਜਾਬ ਨੇ 12-13 ਸਾਲ ਸੰਤਾਪ ਹੰਢਾਇਆ ਹੈ । ਇਹ ਲੜਾਈ ਇਕੱਲੀ ਪੰਜਾਬ ਦੀ ਨਹੀਂ ਸੀ ਬਲਕਿ ਇਹ ਸਾਰੇ ਦੇਸ਼ ਦੀ ਲੜਾਈ ਸੀ । ਲੇਕਿਨ ਇਸ ਲੜਾਈ ਪਿੱਛੇ, ਜੋ ਪੰਜਾਬ ਦੇ ਗਲ ਪਾਈ ਗਈ, ਉਹ ਇਕ ਇੰਟਰਨੈਸ਼ਨਲ ਕਾਂਸਪੀਰੇਸੀ ਸੀ, ਜਿਹੜੀ ਕਿ ਹਿੰਦੁਸਤਾਨ ਨੂੰ ਅਸਥਿਰ ਕਰਨ ਵਾਸਤੇ ਸੀ । ਹਿੰਦੁਸਤਾਨ ਬਾਹਰ ਕੌਮਾਂਤਰੀ ਖੇਤਰ ਵਿਚ, ਅੰਦਰ ਸਾਡੇ ਆਪਸ ਦੇ ਵਿਚ ਮਤਭੇਦ ਹੋ ਸਕਦੇ ਹਨ, ਲੇਕਿਨ ਕੌਮਾਂਤਰੀ ਖੇਤਰ ਵਿਚ ਹਿੰਦੁਸਤਾਨ ਦੀ ਇਸ ਤਰ੍ਹਾਂ ਦੀ ਪਾਲਿਸੀ ਰਹੀ ਹੈ ਜਿਹੜੀ ਕਿ ਵਰਲਡ ਦੀਆਂ ਜਿਹੜੀਆਂ ਇੰਪੀਰੀਅਲਿਸਟ ਫੋਰਸਿਜ਼ ਹਨ, ਉਨ੍ਹਾਂ ਨੂੰ ਕਦੇ ਵੀ ਪਸੰਦ ਨਹੀਂ ਸੀ । ਦੂਸਰਾ, ਸਭ ਤੋਂ ਵੱਡਾ ਕਾਰਨ ਹੈ ਔਰ ਜੋ ਅੱਜ ਪੰਜਾਬ ਦੇ ਵਾਸਤੇ ਇਕ ਸਿਰਦਰਦੀ ਬਣੀ ਹੋਈ ਹੈ । ਇਥੇ ਐਗਰੋ ਪ੍ਰੋਡਕਟਸ ਦੀ ਐਕਸਪੋਰਟ ਲਈ ਕਾਰਪੋ-ਰੇਸ਼ਨ ਦੀ ਸਥਾਪਨਾ ਸਰਕਾਰ ਕਰਨਾ ਚਾਹੁੰਦੀ ਹੈ ਤਾਂ ਕਿ ਪੰਜਾਬ ਜੋ ਐਗਰੀਕਲਚਰ ਪ੍ਰੋਡਿਊਸ ਕਰਦਾ ਹੈ, ਇਸ ਨੂੰ ਬਾਹਰ ਐਕਸਪੋਰਟ ਕਰ ਸਕੇ, ਲੇਕਿਨ ਪ੍ਰੈਕਟੀਕਲੀ ਇਹ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਸੰਭਵ ਨਹੀਂ ਹੋਵੇਗਾ । ਸਾਡੇ ਵਾਸਤੇ ਸਭ ਤੋਂ ਜ਼ਰੂਰੀ ਹੈ ਕਿ ਰੋਡ ਦੇ ਰਾਹੀਂ ਇਸ ਨੂੰ ਐਕਸਪੋਰਟ ਕੀਤਾ ਜਾਵੇ । ਗਵਾਂਢੀ ਮੁਲਕ ਦੇ ਨਾਲ ਜੇਕਰ ਸਬੰਧ ਸੁਖਾਵੇਂ ਹੋਣ ਤਾਂ ਅਸੀਂ ਸੜਕਾਂ ਦੇ ਰਾਹੀਂ ਚੀਪ ਰੇਟ ਤੇ, ਬਾਹਰ ਜੋ ਏਸ਼ੀਆ ਦੀਆਂ ਦੂਸਰੀਆਂ ਮਾਰਕੀਟਸ ਅਵੇਲੇਬਲ ਹਨ, ਉਧਰ ਭੇਜੀਏ ਤਾਂ ਹੀ ਪੰਜਾਬ ਦੀ ਸਮੁੱਚੀ ਡਿਵੈਲਪਮੈਂਟ ਹੋ ਸਕਦੀ ਹੈ । ਪਾਕਿਸਤਾਨ ਨਾਲ ਸਾਡੀ ਕੋਈ ਲੜਾਈ ਨਹੀਂ, ਸਾਡਾ ਉਸ ਨਾਲ ਕੋਈ ਇਲਾਕਾਈ ਝਗੜਾ ਨਹੀਂ, ਹਰ ਗੱਲ ਮੁੱਕੀ ਹੋਈ ਹੈ । ਫਿਰ ਕਿਸ ਚੀਜ਼ ਦਾ ਝਗੜਾ ਹੈ ? ਪਾਕਿਸਤਾਨ ਕਿਉਂ ਬਾਰ ਬਾਰ ਸਾਡੇ ਗਲ ਪੈ ਰਿਹਾ ਹੈ ? ਉਹ ਇਸ ਕਰਕੇ ਪੈ ਰਿਹਾ ਹੈ ਕਿਉਂਕਿ ਪਾਕਿਸਤਾਨ ਇੰਡੀਪੈਂਡੈਂਟ ਕੰਟਰੀ ਨਹੀਂ ਹੈ । ਪਾਕਿਸਤਾਨ ਨੇ ਪੂਰੀ ਡਿਵੈਲਪਮੈਂਟ ਨਹੀਂ ਕੀਤੀ । ਜਿਸ ਤਰ੍ਹਾਂ ਹਿੰਦੁਸਤਾਨ ਡਿਵੈਲਪਮੈਂਟ ਕਰਕੇ ਆਪਣੇ ਪੈਰਾਂ ਤੇ ਖੜ੍ਹਾ ਹੋ ਗਿਆ ਹੈ, ਪਾਕਿਸਤਾਨ ਅੱਜ ਵੀ ਪੂਰੀ ਤਰ੍ਹਾਂ ਦੁਨੀਆਂ ਦੇ ਸਾਮਰਾਜ ਦੇਸ਼ਾਂ ਤੇ ਨਿਰਭਰ ਕਰਦਾ ਹੈ । ਉਨ੍ਹਾਂ ਤੇ ਨਿਰਭਰ ਕਰ ਕੇ ਉਹ ਨਾ ਚਾਹੁੰਦਿਆਂ ਹੋਇਆਂ ਵੀ ਉਨ੍ਹਾਂ ਮੁਲਕਾਂ ਦੀਆਂ ਇਸ ਤਰ੍ਹਾਂ ਦੀਆਂ ਸ਼ਰਤਾਂ ਮੰਨਣ ਵਾਸਤੇ ਮਜਬੂਰ ਹੈ, ਜਿਹੜੀਆਂ ਸ਼ਾਇਦ ਉਸ ਦੀ ਆਪਣੀ ਆਜ਼ਾਦੀ ਨੂੰ ਵੀ ਕਮਜ਼ੋਰ ਕਰਦੀਆਂ ਹਨ । ਕਿਉਂਕਿ ਜੇਕਰ ਅਸੀਂ ਕੋਈ ਰਸਤਾ ਲੱਭਾਂਗੇ, ਤਾਂ ਉਹ ਬਰ੍ਹਾ ਪਾਕਿਸਤਾਨ ਹੀ ਲੱਭ ਸਕਦੇ ਹਾਂ । ਅਗਰ ਪਾਕਿਸਤਾਨ ਨਾਲ ਸਬੰਧ ਬਿਲਕੁਲ ਨਾਰਮਲ ਹੋ ਜਾਣ, ਸੁਖਾਵੇਂ ਹੋ ਜਾਣ ਔਰ ਸੜਕੀ ਰਸਤਾ ਖੁਲ੍ਹ ਜਾਵੇ, ਤਾਂ ਸਾਡੇ ਵਾਸਤੇ ਵਿਕਾਸ ਦੇ ਰਸਤੇ ਵੀ ਖੁਲ੍ਹਣਗੇ ਔਰ ਪਾਕਿਸਤਾਨ ਵਾਸਤੇ ਵੀ ਖੁਲ੍ਹਣਗੇ । ਲੇਕਿਨ ਇਸ ਦਾ ਸਭ ਤੋਂ ਵੱਡਾ ਇਕਨਾਮਿਕ ਫੈਕਟ ਉਨ੍ਹਾਂ ਦੇਸ਼ਾਂ ਤੇ ਹੋਵੇਗਾ, ਜਿਨ੍ਹਾਂ ਨੇ ਅੱਜ ਦੂਸਰੇ ਦੇਸ਼ਾਂ ਦੀਆਂ ਮੰਡੀਆਂ ਤੇ ਕਬਜ਼ਾ ਕੀਤਾ ਹੋਇਆ ਹੈ । ਹੁਣ ਅਮਰੀਕਨ ਸਾਮਰਾਜ ਦੇ ਦੇਸ਼ ਵੱਧ ਤੋਂ ਵੱਧ ਮਾਲ ਇਨ੍ਹਾਂ ਦੇਸ਼ਾਂ ਵਿਚ ਭੇਜ ਰਹੇ ਹਨ ਔਰ ਇਹ ਉਨ੍ਹਾਂ ਦੇ ਮਾਲ ਨੂੰ ਇਕ ਚੈਲੰਜ ਹੋਏਗਾ ਅਗਰ ਹਿੰਦੁਸਤਾਨ ਵੀ ਮੁਕਾਬਲੇ ਦੀ ਮਾਰਕੀਟ ਵਿਚ ਐਂਟਰੀ ਕਰੇਗਾ । ਇਸ ਕਰਕੇ ਇਸ ਵਿਚ ਉਨ੍ਹਾਂ ਦੇ ਇਕਨਾਮਿਕ ਇੰਟਰਸਟ ਹਨ । ਉਹ ਕਦੇ ਨਹੀਂ ਚਾਹੁੰਦੇ ਕਿ ਹਾਲਾਤ ਸੁਖਾਵੇਂ ਹੋ ਜਾਣ । ਇਸ ਕਰਕੇ ਹਿੰਦੁਸਤਾਨ ਨੂੰ ਅਸਥਿਰ ਕਰਨ ਵਾਸਤੇ ਪਾਕਿਸਤਾਨ ਨੇ ਪਰਮਾਨੈਂਟਲੀ ਦੁਸ਼ਮਨ ਜਾਂ ਦੁਸ਼ਮਨ ਵਾਲਾ ਵਤੀਰਾ ਧਾਰਨ ਕੀਤਾ ਹੋਇਆ ਹੈ ।

ਇਸੇ ਕਰਕੇ ਹੀ ਅਮਰੀਕਨ ਸਾਮਰਾਜ ਪਲੱਸ ਜਿਹੜੇ ਹੋਰ ਇੰਪੀਰੀਅਲਿਸਟ ਕੰਟਰੀਜ਼ ਹਨ ਉਨ੍ਹਾਂ ਦੀ ਸ਼ਹਿ ਤੇ ਪਾਕਿਸਤਾਨ, ਜਿਸ ਨੇ ਆਪਣੀ ਸਾਰੀ ਦੀ ਸਾਰੀ ਧਰਤੀ ਹਿੰਦੁਸਤਾਨ ਦੇ ਵਿਚ ਜਿਹੜੀਆਂ ਵੱਖਵਾਦੀ ਤਾਕਤਾਂ ਹਨ, ਉਨ੍ਹਾਂ ਵਾਸਤੇ ਮੁਹੱਈਆ ਕਰ ਦਿੱਤੀ ਹੈ, ਉਥੇ ਟਰੇਨਿੰਗ ਕੈਂਪ, ਉਨ੍ਹਾਂ ਨੂੰ ਅਸਲੇ ਦੀ ਸਪਲਾਈ ਅਤੇ ਉਨ੍ਹਾਂ ਨੂੰ ਪੁਲੀਟੀਕਲ ਸ਼ੈਲਟਰ ਦਿੱਤੀ ਜਾ ਰਹੀ ਹੈ । ਇਹ ਇਕ ਬਹੁਤ ਵੱਡੀ ਕਾਂਸਪੀਰੇਸੀ ਹੈ ਜਿਸ ਨੂੰ ਸਾਨੂੰ ਗੰਭੀਰਤਾ ਦੇ ਨਾਲ ਸਮਝਣਾ ਚਾਹੀਦਾ ਹੈ ਔਰ ਇਸ ਕਾਂਸਪੀਰੇਸੀ ਦੇ ਖਿਲਾਫ ਪੰਜਾਬ ਦੇ ਲੋਕਾਂ ਨੇ 10 ਸਾਲ ਜਿਹੜੀ ਲੜਾਈ ਲੜੀ ਹੈ, ਜੋ ਸਮੁੱਚੇ ਦੇਸ਼ ਦੀ ਲੜਾਈ ਸੀ, ਉਸ ਨੂੰ ਇਕੱਲੇ ਸਟੇਟ ਤੱਕ ਸੀਮਤ ਕਰਨਾ ਠੀਕ ਨਹੀਂ । ਦੇਸ਼ ਦੀ ਲੜਾਈ ਨੂੰ ਦੇਸ਼ ਦੀ ਲੜਾਈ ਸਮਝਦੇ ਹੋਏ ਸਮੁੱਚਾ ਦੇਸ਼ ਹੀ ਅਗਰ ਇਹ ਭਾਰ ਵੰਡਾਵੇ ਤਾਂ ਇਹ

Original with;
Punjab Vidhan Sabha
Digitized by;
Panjab Digital Library

ਠੀਕ ਹੈ । ਇਸ ਕਰਕੇ ਮੈਂ ਗੱਲ ਫੋਰਸੀਬਲੀ ਕਹਿਣਾ ਚਾਹੁੰਦਾ ਹਾਂ ਕਿ ਇਹ ਕੇਂਦਰ ਦੀ ਸਰਕਾਰ ਨੂੰ, ਜਿਸ ਨੇ ਸਾਨੂੰ ਕਰਜ਼ਾ ਦਿੱਤਾ, ਜਾਂ ਜੋ ਵੀ ਕੀਤਾ ਹੈ, ਉਸ ਨੂੰ ਇਹ ਖਰਚਾ ਬਰਦਾਸ਼ਤ ਕਰਨਾ ਚਾਹੀਦਾ ਹੈ । ਇਕੱਲੇ ਪੰਜਾਬ ਦੇ ਸਿਰ ਇਸ ਗੱਲ ਦਾ ਭਾਰ ਨਹੀਂ ਪਾਇਆ ਜਾਣਾ ਚਾਹੀਦਾ । ਚੇਅਰਮੈਨ ਸਾਹਿਬ, ਇਹ ਚੰਗਾ ਹੁੰਦਾ ਕਿ ਇਹ ਰੇਜ਼ੋ-ਲਿਊਸ਼ਨ ਆਫੀਸ਼ਲ ਤੌਰ ਤੇ ਆਉਂਦਾ ਔਰ ਮੁੱਖ ਮੰਤਰੀ ਸਾਹਿਬ ਮੂਵ ਕਰਦੇ ਔਰ ਸਾਰੀਆਂ ਪਾਰਟੀਆਂ ਨੂੰ ਇਸ ਤੇ ਡਿਸਕਸ਼ਨ ਦੀ ਕੋਈ ਜ਼ਰੂਰਤ ਹੀ ਨਾ ਪੈਂਦੀ । ਇਸਦੇ ਤੁਸੀਂ ਸ਼ਬਦ ਪੜ੍ਹੋ ਤਾਂ ਇਹ ਸ਼ਬਦ ਆਪਣ ਆਪ ਵਿਚ ਸਾਡਾ ਇਕ ਐਗਰੀਮੈਂਟ ਸੀ । ਡਿਸਕਸ਼ਨ ਦੀ ਜ਼ਰੂਰਤ ਨਹੀਂ ਸੀ, ਡਿਸਕਸ਼ਨ ਦੀ ਜ਼ਰੂਰਤ ਉਥੇ ਹੁੰਦੀ ਹੈ ਜਿਥੇ ਤੁਹਾਨੂੰ ਕੋਈ ਕਨਫਿਊਜ਼ਨ ਹੋਵੇ ਜਾਂ ਤੁਹਾਨੂੰ ਕੋਈ ਸਪਸ਼ਟੀਕਰਨ ਦੀ ਜ਼ਰੂਰਤ ਹੋਵੇ । ਇਹ ਸ਼ਬਦ ਤਾਂ ਬੜੇ ਕਲੀਅਰ ਕੱਟ ਹਨ ਕਿ ਇਹ ਸਾਡੀ ਪ੍ਰਾਕਸੀ ਵਾਰ ਹੈ ਅਤੇ ਇਹ ਇਕ ਬੜਾ ਪ੍ਰਭਾਵਸ਼ਾਲੀ ਇਸ਼ੂ ਬਣ ਸਕਦਾ ਸੀ ਪਰ ਉਹ ਗੱਲ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਕਿਉਂ ਇਸ ਨੂੰ ਆਫੀਸ਼ਲੀ ਨਹੀਂ ਲਿਆਂਦਾ ਗਿਆ । ਮੈਂ ਫਿਰ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਦੇ ਪ੍ਰਤੀ ਗੰਭੀਰ ਨਹੀਂ ਹੈ । ਰੈਜ਼ੋਲਿਊਸ਼ਨ ਦੀ ਜਿੰਨੀ ਮਹਾਨਤਾ ਸੀ, ਜਿੰਨੀ ਸਹਿਮਤੀ ਹੋ ਸਕਦੀ ਸੀ, ਸਾਰੀਆਂ ਪਾਰਟੀਆਂ ਦੀ ਸਹਿਮਤੀ ਤਾਂ ਹੁਣ ਵੀ ਹੈ, ਪਰ ਇਨ੍ਹਾਂ ਨੇ ਜੋ ਢੰਗ ਤਰੀਕਾ ਅਖਤਿਆਰ ਕੀਤਾ ਹੈ ਉਸ ਦੇ ਨਾਲ ਇਨ੍ਹਾਂ ਨੇ ਆਪ ਹੀ ਇਸ ਦੀ ਜੋ ਇੰਪਾਰਟੈਂਸ ਹੈ ਉਹ ਘੱਟ ਕਰ ਲਈ ਹੈ । ਦੂਸਰੀ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਾਨਯੋਗ ਗਵਰਨਰ ਸਾਹਿਬ ਦੇ ਐਡਰੈਸ ਤੇ ਅਸੀਂ ਬਹਿਸ ਕਰ ਚੁੱਕੇ ਹਾਂ ਉਸ ਦੇ ਵਿਚ ਜੋ ਬਾਲਿੰਗ ਇਧਰੋਂ ਕਰਨੀ ਸੀ ਉਹ ਵੀ ਹੋ ਗਈ ਜੋ ਉਧਰੋਂ ਕਰਨੀ ਸੀ ਉਹ ਵੀ ਹੋ ਗਈ । ਮੈਂ ਚਾਹੁੰਦਾ ਹਾਂ ਕਿ ਇਹ ਗੱਲ ਉਥੇ ਹੀ ਮੁੱਕ ਜਾਣੀ ਚਾਹੀਦੀ ਸੀ । ਪਰ ਉਸ ਬਹਿਸ ਵਿਚੋਂ ਇਕ ਗੱਲ ਸਾਹਮਣੇ ਉਭਰ ਕੇ ਆ ਗਈ ਕਿ ਪੁਲੀਟੀਕਲ ਸਕੋਰ ਸੈਟਲ ਕਰਨ ਵਾਸਤੇ ਇਧਰੋਂ ਕੋਈ ਬੁਲਾਰਾ ਬੋਲੇ ਤਾਂ ਸਾਰਾ ਚਿਹਰਾ ਇਧਰੋਂ ਖਰਾਬ ਕਰ ਦਿੰਦਾ ਹੈ ਕਿ ਤੁਸੀਂ ਹੀ ਜ਼ਿੰਮੇਵਾਰ ਹੋ । ਜੇ ਉਧਰੋਂ ਉਠ ਕੇ ਬੋਲੋ ਤਾਂ ਇਧਰਲੇ ਪਾਸੇ ਸਾਰੀ ਗੱਲ ਸ਼ਿਫਟ ਕਰ ਦੇਂਦੇ ਹਨ । ਇਸ ਦੇ ਵਾਸਤੇ ਬੜਾ ਅਫਸੋਸ ਹੈ ਕਿ ਇਸ ਗੱਲ ਦਾ ਫ਼ੈਸਲਾ ਕੌਣ ਕਰੇਗਾ ਕਿ ਕੌਣ ਕਿੰਨਾ ਦੋਸ਼ੀ ਹੈ, ਕਿੰਨੀ ਕਿਸ ਦੀ ਜ਼ਿੰਮੇਵਾਰੀ ਹੈ, ਇਸ ਦਾ ਡਿਸੀਜ਼ਨ ਕਿਥੇ ਹੋਵੇਗਾ ? ਇਸ ਦਾ ਡਿਸੀਜ਼ਨ ਤਾਂ ਚੇਅਰਮੈਨ ਸਾਹਿਬ, ਹੋ ਚੁਕਿਆ ਹੈ ਕਿ 25,000 ਲੋਕ ਜਿਹੜੇ ਮਾਰੇ ਗਏ ਹਨ ਜਾਂ ਉਨ੍ਹਾਂ ਦੇ ਪਰਿਵਾਰ ਜਾਂ ਰਿਸ਼ਤੇਦਾਰ ਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਕਾਤਲਾਂ ਦੇ ਨਾਲ ਕਿਸ ਦਾ ਸਾਫਟ ਕਾਰਨਰ ਸੀ, ਕਿਸ ਦੀ ਹਮਦਰਦੀ ਸੀ ? ਉਹ ਤੁਹਾਡੇ ਇਸ ਭਾਸ਼ਣ ਨਾਲ ਤਾਂ ਨਹੀਂ ਸਮਝਣਗੇ । ਉਨ੍ਹਾਂ ਨੇ ਪ੍ਰੈਕਟੀਕਲੀ ਹੰਢਾਇਆ ਹੈ ਅਤੇ ਉਨ੍ਹਾਂ ਨੂੰ ਹਰ ਚੀਜ਼ ਦਾ ਪਤਾ ਹੈ । ਇਸ ਕਰਕੇ ਮੈਂ ਸਮਝਦਾ ਹਾਂ ਕਿ ਜ਼ਿਆਦਾ ਚੰਗਾ ਹੁੰਦਾ ਕਿ ਬਜਾਏ ਇਸ ਗੱਲ ਦੇ ਕਿ ਪੁਲੀਟੀਕਲ ਸਕੋਰ ਸੈਟਲ ਕਰਨ ਵਾਸਤੇ ਕੋਈ ਬਾਲਿੰਗ ਕੀਤੀ ਜਾਂਦੀ, ਇਸ ਮੰਗ ਤੇ ਬੜੀ ਕਾਮਨ ਸਾਡੀ ਸਹਿਮਤੀ ਸੀ, ਅੰਡਰਸਟੈਂਡਿੰਗ ਬਣ ਗਈ ਸੀ । ਅਤੇ ਟਰੇਜ਼ਰੀ ਬੈਂਚਿਜ਼

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਤੋਂ ਬੜੀ ਜ਼ੋਰਦਾਰ ਮੰਗ ਹੁੰਦੀ ਰਹੀ ਹੈ ਕਿ ਅੱਤਵਾਦ ਦੇ ਕਾਰਨਾਂ ਦੀ ਜਾਂਚ ਕਰਨ ਵਾਸਤੇ ਕੋਈ ਜੁਡੀਸ਼ਲ ਅਧਿਕਾਰਾਂ ਵਾਲਾ ਕਮਿਸ਼ਨ ਸਥਾਪਿਤ ਕੀਤਾ ਜਾਵੇ । ਸਾਡੀ ਇਸ ਤੇ ਪੂਰੀ ਸਹਿਮਤੀ ਹੈ ਲੇਕਿਨ ਕਿਉਂ ਸਥਾਪਤ ਨਹੀਂ ਹੋ ਰਿਹਾ । ਮਾਨਯੋਗ ਗਵਰਨਰ ਜੀ ਦੇ ਭਾਸ਼ਣ ਦੇ ਵਿਚ ਜੋ ਹਿਊਮਨ ਰਾਈਟਸ ਕਮਿਸ਼ਨ ਦਾ ਜ਼ਿਕਰ ਹੈ, ਉਸ ਦਾ ਮੈਂ ਵੈਲਕਮ ਕਰਦਾ ਹਾਂ । ਸ਼ਾਇਦ ਗਵਰਨਰ ਸਾਹਿਬ ਨੇ ਉਸ ਤੇ ਕੱਲ੍ਹ ਹੁਕਮ ਜਾਰੀ ਕਰ ਦਿੱਤੇ ਹਨ ਅਤੇ ਜੇਕਰ ਉਹ ਵੀ ਇਸ ਵਿਚ ਲਿਆਂਦਾ ਹੁੰਦਾ ਤੇ ਤੁਸੀਂ ਇਥੇ ਜੁਡੀਸ਼ਲ, ਪੂਰੀਆਂ ਪਾਵਰਾਂ ਵਾਲਾ ਸੁਪਰੀਮ ਕੋਰਟ ਦੇ ਜੱਜਾਂ ਦੀ ਅਗਵਾਈ ਹੇਠ ਕਮਿਸ਼ਨ ਬਣਾਇਆ ਹੁੰਦਾ ਤਾਂ ਮੇਰਾ ਖਿਆਲ ਹੈ ਕਿ ਇਕ ਦੂਜੇ ਤੇ ਦੋਸ਼ ਲਾਉਣ ਦੀ ਲੋੜ ਹੀ ਨਹੀਂ ਸੀ । ਸਾਰੀ ਗੱਲ ਕਮਿਸ਼ਨ ਹੀ ਕਰ ਦਿੰਦਾ । (ਵਿਘਨ . . . .) ਮੈਂ ਤਾਂ ਚੇਅਰਮੈਨ ਸਾਹਿਬ ਕਿਸੇ ਨੂੰ ਇੰਟਰਪਟ ਨਹੀਂ ਕਰਦਾ ਹੁੰਦਾ । ਮੈਂ ਆਪਣੀ ਗੱਲ ਦਲੀਲ ਨਾਲ ਕਰਦਾ ਹਾਂ ਤੇ ਨਾ ਹੀ ਮੈਂ ਕਿਸੇ ਨੂੰ ਚੁਭਣ ਵਾਲੀ ਗੱਲ ਕਰਦਾ ਹਾਂ । ਇਸ ਲਈ ਮੈਨੂੰ ਵਿਚੋਂ ਨਾ ਟੋਕਿਆ ਜਾਵੇ । ਮੇਰੀ ਬੇਨਤੀ ਹੈ ਕਿ ਅਗਰ ਉਹ ਕਮਿਸ਼ਨ ਸਥਾਪਤ ਹੁੰਦਾ ਤੇ ਪੂਰੀਆਂ ਪਾਵਰਾਂ ਦਿੱਤੀਆਂ ਜਾਂਦੀਆਂ ਤਾਂ ਜੋ ਸੱਚ ਹੈ ਉਹ ਸਾਡੇ ਸਾਰਿਆਂ ਦੇ ਸਾਹਮਣੇ ਆ ਜਾਂਦਾ ਔਰ ਬਾਰ ਬਾਰ ਅਸੀਂ ਇਕ ਦੂਜੇ ਨੂੰ ਦੋਸ਼ੀ ਨਾ ਠਹਿਰਾਉਂਦੇ । ਆਖਰ ਵਿਚ ਮੈਂ ਦੂਸਰੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੌੜਾ ਸੱਚ ਤਾਂ ਹੈ ਅਤੇ ਮੈਨੂੰ ਬੜਾ ਫਖਰ ਵੀ ਹੈ, ਮੈਂ ਸਿਰ ਉਚਾ ਕਰਕੇ ਇਹ ਕਹਿ ਸਕਦਾ ਹਾਂ ਕਿ ਅਗਰ ਅੱਤਵਾਦ ਦੇ ਸਮੇਂ ਵਿਚ ਜੋ ਲੈਫਟ ਫੋਰਸਿਜ਼ ਹਨ, ਕਮਿਊਨਿਸਟ ਸ਼ਕਤੀਆਂ ਜੋ ਹਨ, ਜਿੰਨੀ ਦ੍ਰਿੜ੍ਹਤਾ ਦੇ ਨਾਲ ਬਿਨਾ ਕਿਸੇ ਝਿਜਕ ਦੇ ਔਰ ਬਿਨਾ ਕਿਸੇ ਸਾਫ਼ਟ ਕਾਰਨਰ ਰੱਖੇ ਦੇ, ਜੋ ਲੜਾਈ ਵਿਚ ਹਿੱਸਾ ਅਸੀਂ ਪਾਇਆ ਹੈ, ਇਸ ਤੇ ਮੈਨੂੰ ਫਖਰ ਹੈ । ਅਸੀਂ ਉਨ੍ਹਾਂ ਦਿਨਾਂ ਦੇ ਵਿਚ ਮੈਦਾਨੇ ਜੰਗ ਵਿਚ ਲੜੇ । ਜਦੋਂ ਪੰਜਾਬ ਵਿਚ ਅੱਤਵਾਦ ਦਾ ਪੂਰਾ ਦੌਰ ਸੀ ਆਪਣੇ ਰਵਾਇਤੀ ਹਥਿਆਰ ਲੈ ਕੇ ਜਦੋਂ ਪਿੰਡਾਂ ਦੇ ਵਿਚ ਕੋਈ ਜਾਣਾ ਪਸੰਦ ਨਹੀਂ ਸੀ ਕਰਦਾ, ਸਾਡੀਆਂ ਪਾਰਟੀਆਂ ਉਦੋਂ ਵੀ ਗਈਆਂ । ਮੇਰੀ ਪਾਰਟੀ ਨੇ ਕਾਤਲਾਂ ਨੂੰ, ਦੇਸ਼ ਵਿਰੋਧੀ ਤਾਕਤਾਂ ਨੂੰ ਚੈਲਿੰਜ ਕੀਤਾ । ਅਸੀਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਧਰਮ ਦੀ ਲੜਾਈ ਜਾਂ ਕਿਸੇ ਚੰਗੇ ਕਾਰਜ ਦੀ ਲੜਾਈ ਨਹੀਂ ਕਰ ਰਹੇ । ਉਹ ਪੰਜਾਬੀ ਭਾਈਚਾਰੇ ਨੂੰ ਤੋੜਨਾ ਚਾਹੁੰਦੇ ਸਨ, ਦੇਸ਼ ਦੀ ਏਕਤਾ ਅਖੰਡਤਾ ਨੂੰ ਤੋੜਨਾ ਚਾਹੁੰਦੇ ਸਨ । ਚੇਅਰਮੈਨ ਸਾਹਿਬ, ਅਸੀਂ ਲੋਕਾਂ ਨੂੰ ਇਸ ਪ੍ਰਤੀ ਸੁਚੇਤ ਕੀਤਾ । ਸਾਡੀ ਪਾਰਟੀ ਦਾ ਨੁਕਸਾਨ ਵੀ ਹੋਇਆ, ਸਾਡੇ ਕਈ ਸਾਥੀ ਕਤਲ ਵੀ ਹੋ ਗਏ । ਮੈਂ ਇਹ ਨਹੀਂ ਕਹਿੰਦਾ ਕਿ ਸਿਰਫ ਸਾਡੇ ਹੀ ਬੰਦੇ ਮਰੇ ਹੋਰਨਾਂ ਦੇ ਵੀ ਸ਼ਹੀਦ ਹੋਏ । ਪਰ ਮੈਨੂੰ ਵੱਖਰਾ ਮਾਣ ਹੈ ਕਿ ਸਾਡੇ ਜਿੰਨੇ ਲੋਕ ਸ਼ਹੀਦ ਹੋਏ ਜਾਂ ਮਾਰੇ ਗਏ, ਉਹ ਜੂਝਦੇ ਹੋਏ ਮਰੇ । ਮੈਂ ਸੰਖੇਪ ਵਿਚ ਦੱਸਣਾ ਚਾਹੁੰਦਾ ਹਾਂ ਕਿ ਸਾਨੂੰ ਬੀਤੇ ਤੋਂ ਸਬਕ ਸਿੱਖਣਾ ਚਾਹੀਦਾ ਹੈ । ਰਾਜਨੀਤਿਕ ਗਿਣਤੀਆਂ-ਮਿਣਤੀਆਂ ਦੇ ਤੰਗ ਨਜ਼ਰੀਏ ਤੋਂ ਨਿਕਲਣਾ ਚਾਹੀਦਾ ਹੈ । ਇਸ ਤਰ੍ਹਾਂ ਭਵਿੱਖ ਚੰਗਾ ਨਹੀਂ ਹੋ ਸਕਦਾ । ਇਥੇ ਮੈਂ ਦੱਸਣਾ ਚਾਹੁੰਦਾ ਹਾਂ, ਮੇਰੇ ਸਾਥੀ ਗੁੱਸਾ ਨਾ ਕਰਨ, ਪੰਜਾਬ ਦੇ ਬਹੁਤ ਸਾਰੇ ਮਸਲੇ ਸੀ, ਇਹ ਕੇਂਦਰ ਸਰਕਾਰ ਦੀ ਡਿਊਟੀ ਸੀ ਕਿ ਪੰਜਾਬ ਦੇ ਪੈਂਡਿੰਗ ਮਸਲੇ ਪ੍ਰਾਇਰਟੀ ਬੇਸਿਜ਼ ਤੇ ਹੱਲ ਕੀਤੇ ਜਾਂਦੇ । ਇਸ ਤਰ੍ਹਾਂ ਇਹ ਗੱਲ ਹੋਰ ਨਾ ਵਿਗੜਦੀ । ਇਸ ਦੀ ਜ਼ਿੰਮੇਵਾਰੀ ਫਿਕਸ ਕਰਨੀ ਚਾਹੀਦੀ

Original with;
Punjab Vidhan Sabha
Digitized by;
Panjab Digital Library

ਸੀ। ਰਾਜੀਵ-ਲੌਂਗੋਵਾਲ ਸਮਝੌਤਾ ਸੀ। ਪੰਜਾਬ ਦਾ ਸਵਾਲ ਉਸੇ ਸਪਿਰਟ ਨਾਲ ਹੱਲ ਹੋ ਸਕਦਾ ਸੀ। ਮੇਰੇ ਦੂਸਰੇ ਸਾਥੀ ਇਹ ਨਾ ਸਮਝਣ ਕਿ ਸਾਡੀ ਕੋਈ ਜ਼ਿੰਮੇਵਾਰੀ ਨਹੀਂ। ਪੰਜਾਬ ਦੀ ਲੜਾਈ ਨੂੰ ਇਨ੍ਹਾਂ ਨੇ ਸਿੱਖਾਂ ਦੀ ਲੜਾਈ ਬਣਾ ਦਿੱਤਾ, ਧਰਮ ਯੁੱਧ ਮੋਰਚੇ ਤੱਕ ਸੀਮਤ ਕਰ ਦਿੱਤਾ। ਲੜਾਈ ਸਮੁੱਚੇ ਪੰਜਾਬ ਦੀ ਤੇ ਪੰਜਾਬੀਆਂ ਦੀ ਸੀ ਪਰ ਇਨ੍ਹਾਂ ਨੇ ਮਰਜੀਵੜੇ ਬਣਾ ਦਿੱਤੇ। ਦਿੱਲੀ ਕੋਈ ਹਕੂਮਤ ਨਹੀਂ, ਕੋਈ ਸਾਮਰਾਜ ਨਹੀਂ, ਜਿਸ ਦੇ ਇਹ ਖਿਲਾਫ ਸਨ। ਇਹ ਜੋ ਇਥੇ ਬੈਠੇ ਹਨ ਇਹ ਜੇ ਇਸ ਤਰ੍ਹਾਂ ਦਾ ਨਾਅਰਾ ਨਾ ਦਿੰਦੇ ਤਾਂ ਇਹ ਦੁਖਾਂਤ ਨਾ ਵਾਪਰਦਾ। ਅਗਰ ਉਸੇ ਵੇਲੇ ਸੱਚ ਕਹਿ ਦਿੱਤਾ ਜਾਂਦਾ, ਜ਼ਿੰਮੇਵਾਰੀ ਨਾਲ ਤਾਂ ਇਹ ਦੁਖਾਂਤ ਨਾ ਵਾਪਰਦਾ।

**ਸ੍ਰੀ ਸਭਾਪਤੀ :** ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ।

**ਸਰਦਾਰ ਮਨਜੀਤ ਸਿੰਘ ਕਲਕੱਤਾ :** ਚੇਅਰਮੈਨ ਸਾਹਿਬ, ਇਹ ਰੈਲੇਵੈਂਟ ਨਹੀਂ ਹੈ। ਇਸ ਮਤੇ ਤੇ ਅਲੱਗ ਬਹਿਸ ਕੀਤੀ ਜਾਵੇ। ਫੇਰ ਅਸੀਂ ਦੱਸਾਂਗੇ ਕਿ ਅਕਾਲੀ ਦਲ ਦੇ ਕਿੰਨੇ ਬੰਦੇ ਮਾਰੇ ਗਏ, ਅਸੀਂ ਕਿਸ ਤਰੀਕੇ ਨਾਲ ਚੱਲੇ ਅਤੇ ਮਰਜੀਵੜੇ ਖੜ੍ਹੇ ਕੀਤੇ। ਇਹ ਦੂਜਾ ਰੈਜ਼ੋਲਿਊਸ਼ਨ ਹੈ। ਇਹ ਅੱਤਵਾਦ ਦੀਆਂ ਗੱਲਾਂ ਕਰੀ ਜਾਂਦੇ ਹਨ। ਇਸ ਅੱਤਵਾਦ ਦਾ ਜ਼ਿੰਮੇਵਾਰ ਕੌਣ ਹੈ, ਇਸ ਤੇ ਅਲੱਗ ਮਤਾ ਲਿਆਂਦਾ ਜਾਵੇ।

**ਸ੍ਰੀ ਸਭਾਪਤੀ :** ਕਲਕੱਤਾ ਸਾਹਿਬ, ਉਨ੍ਹਾਂ ਨੂੰ ਬੋਲਣ ਦਿਉ।

**ਕਾਮਰੇਡ ਹਰਦੇਵ ਅਰਸ਼ੀ :** ਤੁਸੀਂ ਪ੍ਰੋਸੀਡਿੰਗਜ਼ ਕਢਾ ਕੇ ਦੇਖ ਲਓ, ਇਹ ਸਭ ਕੁਝ ਰਿਕਾਰਡ ਹੁੰਦਾ ਹੈ। ਜੇ ਤੁਸੀਂ ਕਿਸੇ ਦੀ ਨੁਕਤਾਚੀਨੀ ਕਰੋਗੇ ਤਾਂ ਇਹ ਸਾਰੀਆਂ ਗੱਲਾਂ ਹੋਣਗੀਆਂ। ਨਹੀਂ ਤਾਂ ਦੂਸਰੇ ਸਾਥੀਆਂ ਲਈ ਰਸਤਾ ਸਾਫ ਰਹਿਣ ਦਿਤਾ ਜਾਵੇ। ਮੈਂ ਪੰਜਾਬ ਦੇ ਦੁਖਾਂਤ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਇਹ ਸਭ ਦੀਆਂ ਸਾਂਝੀਆਂ ਗਲਤੀਆਂ ਹਨ। ਹਿੰਦੀ-ਪੰਜਾਬੀ ਦਾ ਝਗੜਾ ਖੜ੍ਹਾ ਕੀਤਾ ਗਿਆ, ਜਨਤਾ ਤੋਂ ਛੁਪਿਆ ਨਹੀਂ, ਸਭ ਉਨ੍ਹਾਂ ਦੇ ਨੇੜੇ ਹੈ, ਸਾਰੇ ਜਾਣਦੇ ਹਨ। ਅੰਮ੍ਰਿਤਸਰ, ਦਰਬਾਰ ਸਾਹਿਬ ਜਿਥੇ ਸਥਿਤ ਹੈ, ਉਸ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਕਰਾਰ ਦਿੱਤਾ ਜਾਵੇ, ਇਸ ਬਾਰੇ ਸਾਡੇ ਮਤਭੇਦ ਨਹੀਂ ਸਨ ਜਿਸ ਬਾਰੇ ਜਲੂਸ ਨਿਕਾਲੇ ਸਨ। ਹੁਣ ਮੌਕਾ ਪ੍ਰਸਤ ਲੋਕ ਦਿੱਲੀ ਉਤੇ ਕਬਜ਼ਾ ਕਰਨਾ ਚਾਹੁੰਦੇ ਹਨ। ਇਨ੍ਹਾਂ ਲੋਕਾਂ ਨੂੰ ਇਤਿਹਾਸ ਤੋਂ ਸਬਕ ਲੈਣਾ ਚਾਹੀਦਾ ਹੈ। ਇਤਿਹਾਸ ਨੂੰ ਦੁਬਾਰਾ ਨਾ ਦੁਹਰਾਇਆ ਜਾਵੇ। ਇਸ ਦੇ ਗਲਤ ਨਤੀਜੇ ਨਿਕਲਣਗੇ। ਮੈਂ ਜ਼ੋਰਦਾਰ ਸ਼ਬਦਾਂ ਦੇ ਨਾਲ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਕੇਂਦਰ ਨੂੰ ਅਪੀਲ ਕਰਦਾ ਹਾਂ ਕਿ ਇਹ ਮੰਗ ਮੰਨੀ ਜਾਵੇ ਅਤੇ ਨਾਲ ਹੀ ਇਹ ਬੇਨਤੀ ਕਰਦਾ ਹਾਂ ਕਿ ਪੰਜਾਬ ਵਿਚ ਹਮੇਸ਼ਾ ਇਸ ਕਰਜ਼ੇ ਦਾ ਰੱਫੜ ਪਿਆ ਰਹਿੰਦਾ ਹੈ ਅਤੇ ਅੱਤਵਾਦ ਉਤੇ ਕਾਫੀ ਰੌਲਾ ਪੈਂਦਾ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਅੱਤਵਾਦ ਉਤੇ ਸਰਕਾਰ ਨੂੰ ਸੁਪਰੀਮ ਕੋਰਟ ਦੇ 2-3 ਜੱਜਿਜ਼ ਨੂੰ ਅਪੁਆਇੰਟ ਕਰਕੇ ਜੁਡੀਸ਼ਲ ਕਮਿਸ਼ਨ ਕਾਇਮ

Original with;
Punjab Vidhan Sabha
Digitized by;
Punjab Digital Library

[ਕਾਮਰੇਡ ਹਰਦੇਵ ਅਰਸ਼ੀ]

ਕਰੇ ਜਿਹੜਾ ਇਸ ਗੱਲ ਦੀ ਤਹਿ ਤੱਕ ਜਾਵੇ ਕਿ ਪੰਜਾਬ ਵਿਚ ਅੱਤਵਾਦ ਪੈਦਾ ਕਰਨ ਵਾਲੇ ਕੌਣ ਸਨ ਅਤੇ ਇਸ ਦੇ ਪਿਛੇ ਕਿਹੜੀਆਂ ਸ਼ਕਤੀਆਂ ਨੇ ਕੰਮ ਕੀਤਾ । ਇਹ ਪਿਛਲੇ 10 ਸਾਲਾਂ ਦੇ ਅਰਸੇ ਨੂੰ ਕਵਰ ਅੱਪ ਕਰੇ ਤਾਕਿ ਸੱਚਾਈ ਲੋਕਾਂ ਦੇ ਸਾਹਮਣੇ ਆ ਸਕੇ । ਜਿਸ ਤਰ੍ਹਾਂ ਪੰਜਾਬ ਦੇ ਵਿਚ ਅੱਤਵਾਦ ਦਾ ਮੁਕਾਬਲਾ ਕਰਨ ਲਈ ਸਾਡੀ ਪੁਲਿਸ ਫੋਰਸਿਜ਼ ਨੇ ਲਾਅ ਐਂਡ ਆਰਡਰ ਨੂੰ ਕੰਟਰੋਲ ਕਰਨ ਲਈ ਕਾਫੀ ਕੰਮ ਕੀਤਾ ਹੈ, ਇਹ ਠੀਕ ਵੀ ਹੈ ਕਿ ਕਈ ਪੁਲਿਸ ਅਫਸਰਾਂ ਨੇ ਕੁਰਬਾਨੀਆਂ ਵੀ ਦਿੱਤੀਆਂ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ । ਇਹ ਉਨ੍ਹਾਂ ਨੂੰ ਸ਼ਹੀਦੀ ਦਾ ਦਰਜਾ ਨਹੀਂ ਦਿੰਦੇ, ਇਹ ਗਲਤ ਗੱਲ ਹੈ । ਕੁਝ ਪੁਲਿਸ ਅਫਸਰਾਂ ਨੇ ਅੱਤਵਾਦ ਦੇ ਵਕਤ ਕੁਝ ਤਸ਼ੱਦਦ ਵੀ ਕੀਤਾ ਹੋਵੇਗਾ ਅਤੇ ਜ਼ਿਆਦਤੀਆਂ ਵੀ ਕੀਤੀਆਂ ਹੋਣਗੀਆਂ । ਉਨ੍ਹਾਂ ਅਫਸਰਾਂ ਦੇ ਖਿਲਾਫ ਕਾਰਵਾਈ ਕਰੋ, ਕਚਹਿਰੀਆਂ ਵਿਚ ਕੇਸ ਚਲਾਓ, ਅਸੀਂ ਤੁਹਾਡਾ ਸਾਥ ਦੇਵਾਂਗੇ, ਪਰ ਜਿਨ੍ਹਾਂ ਨੇ ਅੱਤਵਾਦ ਦਾ ਮੁਕਾਬਲਾ ਕਰਦੇ ਹੋਏ ਲੜਾਈ ਲੜੀ ਸੀ, ਉਨ੍ਹਾਂ ਅਫਸਰਾਂ ਨੂੰ ਡੀਫੈਂਡ ਕਰਨ ਦੀ ਲੋੜ ਹੈ ਕਿਉਂਕਿ ਹਾਲੇ ਵੀ ਉਹ ਗਲਤ ਤਾਕਤਾਂ ਪੰਜਾਬ ਦੇ ਵਿਚ ਗੜਬੜ ਕਰਵਾਉਣ ਲਈ ਤਿਆਰੀਆਂ ਕਰ ਰਹੀਆਂ ਹਨ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਫੇਰ ਇਨ੍ਹਾਂ ਹੀ ਅਫਸਰਾਂ ਨੇ ਕੰਮ ਕਰਨਾ ਹੈ, ਜੇਕਰ ਤੁਸੀਂ ਸਹੀ ਅਫਸਰਾਂ ਦਾ ਸਾਥ ਨਹੀਂ ਦਿਉਗੇ ਅਤੇ ਡੀਫੈਂਡ ਨਹੀਂ ਕਰੋਗੇ, ਫੇਰ ਕੋਈ ਪੁਲਿਸ ਅਫਸਰ ਤੁਹਾਡੀ ਮਦਦ ਕਰਨ ਲਈ ਅੱਗੇ ਨਹੀਂ ਆਵੇਗਾ । ਜਿਨ੍ਹਾਂ ਨੇ ਪੈਸੇ ਬਟੋਰਨ ਲਈ ਜ਼ਿਆਦਤੀਆਂ ਕੀਤੀਆਂ ਸਨ, ਉਨ੍ਹਾਂ ਨੂੰ ਸਜ਼ਾਵਾਂ ਦਿਉ, ਇਸ ਵਿਚ ਸਾਨੂੰ ਕੋਈ ਇਤਰਾਜ਼ ਨਹੀਂ ਹੈ ਪਰ ਜਿਨ੍ਹਾਂ ਨੇ ਅੱਤਵਾਦ ਦੇ ਨਾਲ ਮੁਕਾਬਲਾ ਕੀਤਾ ਸੀ, ਉਨ੍ਹਾਂ ਅਫਸਰਾਂ ਦਾ ਹੌਸਲਾ ਬੁਲੰਦ ਕਰਨਾ ਚਾਹੀਦਾ ਹੈ ਅਤੇ ਜਿਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ ਹਨ, ਉਨ੍ਹਾਂ ਨੂੰ ਵੀ ਸ਼ਹੀਦ ਮੰਨਿਆ ਜਾਵੇ । ਹਾਲੇ ਵੀ ਸਾਡੇ ਉਤੇ ਅੱਤਵਾਦ ਦਾ ਖਤਰਾ ਮੰਡਰਾ ਰਿਹਾ ਹੈ । ਹੁਣ ਕਲਕੱਤਾ ਸਾਹਿਬ ਸਾਡੀ ਗੱਲ ਸੁਣਨ ਲਈ ਤਿਆਰ ਨਹੀਂ ਹਨ ।

**Mr. Chairman**: Please wind up and address to the Chair.

**ਸਰਦਾਰ ਮਨਜੀਤ ਸਿੰਘ ਕਲਕੱਤਾ** : ਚੇਅਰਮੈਨ ਸਾਹਿਬ, ਇਨ੍ਹਾਂ ਦੀ ਪਾਰਟੀ ਅੱਤਵਾਦ ਦੇ ਲਈ ਜ਼ਿੰਮੇਵਾਰ ਹੈ । ਪੰਜਾਬ ਦੇ ਵਿਚ ਅੱਤਵਾਦ ਫੈਲਾਉਣ ਵਿਚ ਲੈਫਟ ਪਾਰਟੀ ਦੇ ਐਡਵਾਈਜ਼ਰ ਜੋ ਕੇਂਦਰ ਸਰਕਾਰ ਨੂੰ ਸਲਾਹ ਦਿੰਦੇ ਸਨ ਅਤੇ ਇਨ੍ਹਾਂ ਦੀ ਪਾਰਟੀ ਦੇ ਲੀਡਰ ਹੀ ਜ਼ਿੰਮੇਵਾਰ ਸਨ । ਇਨ੍ਹਾਂ ਦੀ ਪਾਰਟੀ ਦੀਆਂ ਗਲਤ ਨੀਤੀਆਂ ਕਰਕੇ ਹੀ ਪੰਜਾਬ ਵਿਚ ਅੱਤਵਾਦ ਪੈਦਾ ਹੋਇਆ । ਇਸ ਦੇ ਵਿਚ ਇਹ ਬਰਾਬਰ ਜ਼ਿੰਮੇਵਾਰ ਹਨ ਅਤੇ ਇਨ੍ਹਾਂ ਨੂੰ ਇਸ ਜ਼ਿੰਮੇਵਾਰੀ ਤੋਂ ਹੁਣ ਭੱਜਣਾ ਨਹੀਂ ਚਾਹੀਦਾ । ਹੁਣ ਇਹ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ ਹਨ ।

**ਕਾਮਰੇਡ ਹਰਦੇਵ ਅਰਸ਼ੀ** : ਚੇਅਰਮੈਨ ਸਾਹਿਬ, ਇਸ ਦੇ ਲਈ ਕੌਣ ਜ਼ਿੰਮੇਵਾਰ ਸੀ, ਤਾਂ ਹੀ ਮੈਂ ਹਾਊਸ ਦੇ ਵਿਚ ਮੰਗ ਕੀਤੀ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਸੁਪਰੀਮ ਕੋਰਟ ਦੇ 2–3 ਜੱਜਾਂ ਦਾ ਇਕ ਜੁਡੀਸ਼ੀਅਲ ਇਨਕੁਆਇਰੀ ਕਮਿਸ਼ਨ ਕਾਇਮ ਕਰ

Original with;
Punjab Vidhan Sabha
Digitized by;
Panjab Digital Library

ਦਿੱਤਾ ਜਾਵੇ ਜਿਹੜਾ ਪਿਛਲੇ 10 ਸਾਲਾਂ ਦੇ ਵਿਚ ਅੱਤਵਾਦ ਪੰਜਾਬ ਵਿਚ ਫੈਲਾਉਣ ਲਈ ਕੌਣ ਜ਼ਿੰਮੇਵਾਰ ਸੀ, ਇਸ ਦੀ ਘੋਖ ਕਰੇ । ਸਾਡੇ ਕੋਲ ਫਾਈਲਾਂ ਮੌਜੂਦ ਹਨ ਅਤੇ ਰਿਕਾਰਡ ਪਿਆ ਹੈ । ਅਸੀਂ ਕਮਿਸ਼ਨ ਅਗੇ ਪੇਸ਼ ਕਰਾਂਗੇ ਤਾਂਕਿ ਜਿਹੜੇ ਜ਼ਿੰਮੇਵਾਰ ਸਨ, ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਔਰ ਅਸਲੀਅਤ ਲੋਕਾਂ ਦੇ ਸਾਹਮਣੇ ਆ ਸਕੇ । ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ਕਿ ਇਸ ਨੂੰ ਸਰਬ ਸੰਮਤੀ ਦੇ ਨਾਲ ਪਾਸ ਕਰ ਦਿੱਤਾ ਜਾਵੇ । ਸਰਦਾਰ ਮਨਜੀਤ ਸਿੰਘ ਕਲਕੱਤਾ ਨੂੰ ਇਸ ਗੱਲ ਲਈ ਸਹਿਮਤੀ ਪ੍ਰਗਟ ਕਰ ਦੇਣੀ ਚਾਹੀਦੀ ਹੈ ।

**ਸਰਦਾਰ ਮਨਜੀਤ ਸਿੰਘ ਕਲਕੱਤਾ** (ਬੈਠੇ, ਬੈਠੇ) : ਨਕਸਲੀ ਤੁਹਾਡੇ ਸਨ ।

**ਸ੍ਰੀ ਸਭਾਪਤੀ:** ਅਰਸ਼ੀ ਸਾਹਿਬ, ਹੁਣ ਤੁਸੀਂ ਵਾਈਂਡ ਅੱਪ ਕਰੋ ।

**ਕਾਮਰੇਡ ਹਰਦੇਵ ਅਰਸ਼ੀ:** ਚੇਅਰਮੈਨ ਸਾਹਿਬ, ਇਹ ਮੈਨੂੰ ਕਹਿ ਦੇਣ ਤਾਂ ਹੀ ਖਤਮ ਕਰਾਂ । ਇਹ ਹੁਣ ਨਕਸਲੀਆਂ ਦੀ ਗੱਲ ਕਰ ਰਹੇ ਹਨ । ਨਕਸਲੀਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਨਾਲ ਅਕਾਲੀ ਪਾਰਟੀ ਅਤੇ ਤੁਹਾਡੀ ਸਰਕਾਰ ਨੇ ਹੀ ਮਾਰਿਆ ਸੀ । ਇਹ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ, ਇਸ ਨੂੰ ਆਲ ਪਾਰਟੀ ਦੀ ਮੀਟਿੰਗ ਕਰਕੇ, ਇਕ ਡੈਪੂਟੇਸ਼ਨ ਦੀ ਸ਼ਕਲ ਵਿਚ ਸਾਰੇ ਮੱਤਭੇਦ ਭੁਲਾ ਕੇ ਕੇਂਦਰ ਸਰਕਾਰ ਉਤੇ ਜ਼ੋਰ ਦੇਈਏ ਅਤੇ ਪੇਸ਼ ਕਰੀਏ ਕਿ ਇਸ 8,000 ਕਰੋੜ ਰੁਪਏ ਦੇ ਕਰਜ਼ੇ ਨੂੰ ਮੁਆਫ ਕਰ ਦਿੱਤਾ ਜਾਵੇ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਰਾਜਾ ਨਰਿੰਦਰ ਸਿੰਘ** (ਨਾਭਾ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਕਲਕੱਤਾ ਸਾਹਿਬ ਵਲੋਂ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ, ਉਸ ਉਤੇ ਬੋਲਣ ਲਈ ਸਮਾਂ ਦਿੱਤਾ ਹੈ । ਇਥੇ ਤਾਂ ਗੱਲ ਉਹ ਹੋ ਗਈ ਹੈ ਕਿ "ਜੱਟੀ ਰੋਂਦੀ ਯਾਰਾਂ ਨੂੰ, ਨਾਂ ਲੈ ਕੇ ਭਰਾਵਾਂ ਦੇ" । (ਹਾਸਾ)

ਚੇਅਰਮੈਨ ਸਾਹਿਬ, ਮੈਂ ਕਾਂਸਟੀਚਿਊਸ਼ਨ ਦਾ ਆਰਟੀਕਲ 355 ਇਥੇ ਹਾਊਸ ਵਿਚ ਕੋਟ ਕਰਨਾ ਚਾਹੁੰਦਾ ਹਾਂ:

Article 355 of the Constitution of India says, "It shall be the duty of the Union to protect every State against external aggression and internal disturbance and to ensure that the Government of every State is carried on in accordance with the provisions of this Constitution".

ਜੋ ਇੰਟਰਨਲ ਡਿਸਟਰਬੈਂਸ ਹੋਈ ਸੀ, ਉਸ ਦੀ ਜ਼ਿੰਮੇਵਾਰੀ ਵੀ ਸੈਂਟਰਲ ਸਰਕਾਰ ਦੀ ਸੀ ਅਤੇ ਜਿਤਨੇ ਐਕਸਟਰਨਲ ਅਗਰੈਸ਼ਨਜ਼ ਹੋਏ ਸਨ, ਉਨ੍ਹਾਂ ਦੀ ਜ਼ਿੰਮੇਵਾਰੀ ਵੀ ਸੈਂਟਰਲ ਸਰਕਾਰ ਦੀ ਬਣਦੀ ਹੈ । ਚੇਅਰਮੈਨ ਸਾਹਿਬ, ਜਦੋਂ ਬਾਹਰੋਂ ਹਮਲੇ ਹੋਏ ਅਤੇ ਤੁਹਾਡੇ ਯਾਦ ਹੋਵੇਗਾ ਕਿ ਜਦੋਂ ਚੀਨ ਨੇ ਹਮਲਾ ਕੀਤਾ ਤਾਂ ਗੁਰਦਾਸਪੁਰ

Original with;
Punjab Vidhan Sabha
Digitized by;
Panjab Digital Library

[ਰਾਜਾ ਨਰਿੰਦਰ ਸਿੰਘ]
ਅਤੇ ਅੰਮ੍ਰਿਤਸਰ ਵਿਚ ਰਹਿਣ ਵਾਲੇ ਲੋਕਾਂ ਨੇ ਚੀਨ ਦੇ ਖਿਲਾਫ ਲੜਾਈ ਲੜੀ ਸੀ। ਕੁਝ ਟਰੈਂਚਿਜ਼ ਵਿਚ ਅਤੇ ਪ੍ਰਾਈਵੇਟ ਟਰੱਕਾਂ ਰਾਹੀਂ ਪੰਜਾਬੀਆਂ ਨੇ ਦੇਸ਼ ਦੀ ਲੜਾਈ ਲੜੀ ਸੀ। ਮੇਰੀਆਂ ਭੈਣਾਂ ਨੇ ਟਰੈਂਚਾਂ ਵਿਚ ਜਾਕੇ ਨੌਜਵਾਨਾਂ ਨੂੰ ਲੱਸੀ ਅਤੇ ਪਰੌਂਠੇ ਪਹੁੰਚਾਏ ਸਨ। ਪੰਜਾਬ ਵਿਚ ਸਰਦਾਰ ਪ੍ਰਤਾਪ ਸਿੰਘ ਕੈਰੋਂ ਉਸ ਵਲੇ ਚੀਫ ਮਨਿਸਟਰ ਸਨ। ਉਸ ਵੇਲੇ ਪਵਿੱਤਰ ਸਦਨ ਵਿਚ ਵੀ ਉਨ੍ਹਾਂ ਨੇ ਇਹ ਗੱਲ ਆਖੀ ਸੀ ਕਿ ਇਹ ਦੇਸ਼ ਦੀ ਲੜਾਈ ਹੈ ਅਤੇ ਉਸ ਵੇਲੇ ਨੋਕ ਝੋਕ ਨਹੀਂ ਹੁੰਦੀ ਸੀ. ਉਸ ਵੇਲੇ ਸਾਰੀਆਂ ਪਾਰਟੀਆਂ ਨੇ ਮਿਲਕੇ ਕੁਰਬਾਨੀਆਂ ਕੀਤੀਆ ਸਨ। ਉਸ ਸਮੇਂ ਕਿਸੇ ਦਾ ਪੁੱਤਰ, ਕਿਸੇ ਦਾ ਪਿਉ, ਕਿਸੇ ਦਾ ਭਾਈ ਅਤੇ ਕਿਸੇ ਦੀ ਭੈਣ ਸ਼ਹੀਦ ਹੋਏ। ਅਸੀਂ ਕਿਸੇ ਨੂੰ ਕੀ ਦੱਸੀਏ, ਚੇਅਰਮੈਨ ਸਾਹਿਬ, ਮੇਰੀ ਅਤੇ ਤੁਹਾਡੀ ਹੱਡ ਬੀਤੀ ਹੋਈ ਹੈ। ਅਸੀਂ ਉਸ ਵੇਲੇ ਦੇਸ਼ ਦੀ ਖਾਤਰ ਲੜਾਈ ਲੜੀ ਸੀ। ਇਸ ਲਈ ਵੱਖਰਾ ਸਮਾਂ ਰੱਖ ਦਿਉ ਅਤੇ ਆਪਾਂ ਦੋਨੋਂ ਦਿਲ ਦੀ ਭੜਾਸ ਕੱਢ ਲਵਾਂਗੇ। (ਵਿਘਨ) ਇਸ ਵਿਚ ਕਿਸੇ ਦੀ ਟੋਕਾ-ਟਾਕੀ ਨਹੀਂ ਹੋਣੀ ਚਾਹੀਦੀ। ਜੋ ਸਾਡੀ ਜ਼ਿੰਮੇਵਾਰੀ ਬਣਦੀ ਸੀ, ਉਹ ਅਸੀਂ ਪੂਰੀ ਨਿਭਾਈ ਹੈ। ਹੁਣ ਜੋ ਪੈਸੇ ਹਾਲਾਤ ਨੂੰ ਕੰਟਰੋਲ ਕਰਨ ਵਾਸਤੇ ਖਰਚੇ ਗਏ ਹਨ, ਕੀ ਉਹ ਪੈਸੇ ਸੈਂਟਰਲ ਸਰਕਾਰ ਨੂੰ ਵਾਪਿਸ ਨਹੀਂ ਕਰਨੇ ਚਾਹੀਦੇ ? ਆਪੋਜ਼ੀਸ਼ਨ ਪਾਰਟੀਆਂ ਨੇ ਵੀ ਇਹ ਗੱਲ ਮੰਨੀ ਹੈ ਅਤੇ ਉਸ ਵੇਲੇ ਪੰਜਾਬ ਵਿਚ ਪਰਾਈਮ ਮਨਿਸਟਰ ਸ਼੍ਰੀ ਨਰਸਿਮ੍ਹਾ ਰਾਓ ਵੀ ਆਏ ਸਨ ਅਤੇ ਸਾਹਮਣੇ ਬੈਠੇ ਕਾਂਗਰਸੀ ਭਰਾਵਾਂ ਨੇ ਵੀ ਕੋਸ਼ਿਸ਼ ਕੀਤੀ ਸੀ ਪਰ ਉਹ ਦਿੱਲੀ ਦੀ ਸਰਕਾਰ ਨੂੰ ਮਨਾ ਨਹੀਂ ਸਕੇ। ਹਾਲਾਂਕਿ ਉਸ ਵੇਲੇ ਇਥੇ ਵੀ ਇਨ੍ਹਾਂ ਦੀ ਸਰਕਾਰ ਸੀ ਅਤੇ ਸੈਂਟਰ ਵਿਚ ਵੀ ਇਨ੍ਹਾਂ ਦੀ ਸਰਕਾਰ ਸੀ। ਹੁਣ ਇਨ੍ਹਾਂ ਦੇ ਐਮ. ਪੀਜ਼. ਅਤੇ ਸਾਡੇ ਐਮ. ਪੀਜ਼. ਵੀ ਮੁੱਖ ਮੰਤਰੀ ਸਾਹਿਬ ਨਾਲ ਦਿੱਲੀ ਜਾਣਗੇ। ਹੁਣ ਇਹ ਸਾਡੀ ਸਪੋਰਟ ਕਰਦੇ ਹਨ ਤਾਂ ਅਸੀਂ ਇਨ੍ਹਾਂ ਨੂੰ ਵੈਲਕਮ ਕਰਦੇ ਹਾਂ। ਇਹ ਕਹਿੰਦੇ ਹਨ ਕਿ ਅਸੀਂ ਲੜਾਈ ਲੜੀ ਸੀ ਪਰ ਮੈਂ ਕਹਿੰਦਾ ਹਾਂ ਕਿ ਕਿਸਨੇ ਲੜਾਈ ਨਹੀਂ ਲੜੀ ? ਲੜਾਈ ਤਾਂ ਸਾਰਿਆਂ ਨੇ ਹੀ ਲੜੀ ਸੀ ਪਰ ਇਹ ਲੜਾਈ ਕਿਸ ਨੇ ਕਰਾਈ ਹੈ, ਇਸ ਦਾ ਦੁੱਖ ਹੁੰਦਾ ਹੈ। ਇਥੇ ਹਾਊਸ ਵਿਚ ਰਾਜੀਵ ਲੌਂਗੋਵਾਲ ਅਕਾਰਡ ਦਾ ਜ਼ਿਕਰ ਕਰ ਦਿੱਤਾ ਤਾਂ ਉਸ ਵੇਲੇ ਅਖਬਾਰਾਂ ਵਿਚ ਕਾਰਟੂਨ ਵੀ ਛਪਿਆ ਸੀ ਕਿ 'ਜ਼ਰਾ-ਖ਼ਖਤਰ' ਰਾਜੀਵ ਨੇ ਆਪਣੇ ਸਿਰ ਤੋਂ ਲਾਹਕੇ ਸੰਤ ਜੀ ਤੇ ਪਾ ਦਿਤਾ। ਸੰਤ ਲੌਂਗੋਵਾਲ ਜੀ ਦਾ ਮਰਡਰ ਹੋਇਆ ਪਰ ਅਜੇ ਤਕ ਪਤਾ ਨਹੀਂ ਲਗ ਸਕਿਆ ਕਿ ਸੰਤ ਲੌਂਗੋਵਾਲ ਜੀ ਦਾ ਮਰਡਰ ਕਿਸ ਤਰ੍ਹਾਂ ਹੋਇਆ ਅਤੇ ਕਿਸ ਨੇ ਕਰਾਇਆ. ਕਿਸ ਨੇ ਮਦਦ ਕੀਤੀ, ਪਤਾ ਨਹੀਂ ਲਗ ਸਕਿਆ। ਅਸੀਂ ਹਰ ਪੱਖ ਤੋਂ, ਚੇਅਰਮੈਨ ਸਾਹਿਬ, ਆਪਣਾ ਕਾਸਟੀਚਿਊਸ਼ਨਲ ਰਾਈਟ ਮੰਗਿਆ ਹੈ।

ਪਾਣੀ ਦੇ ਸਮਝੌਤੇ ਬਾਰੇ ਕਿ ਦਰਿਆ ਪੰਜਾਬ ਵਿਚੋਂ ਲੰਘਦੇ ਹਨ, ਦਰਿਆ ਪੰਜਾਬ ਦੀ ਧਰਤੀ ਵਿਚੋਂ ਜਾਂਦੇ ਹਨ ਅਤੇ ਰਿਪੇਰੀਅਨ ਰਾਈਟਸ ਮੁਤਾਬਿਕ ਹੱਕ ਮੰਗਿਆ ਸੀ। ਆਪਣੇ ਹੱਕ ਲਈ ਕੇਸ ਸੁਪਰੀਮ ਕੋਰਟ ਵਿਚ ਲੈਕੇ ਗਏ ਸੀ ਪਰ (ਆਪੋਜ਼ੀਸ਼ਨ ਵੱਲ ਇਸ਼ਾਰਾ) ਇਨ੍ਹਾਂ ਨੇ ਕੇਸ ਵਾਪਿਸ ਲੈ ਲਿਆ ਅਤੇ ਕਿਹਾ ਕਿ ਜੋ ਪ੍ਰਧਾਨ ਮੰਤਰੀ ਫੈਸਲਾ ਕਰਨਗੇ, ਉਹ ਠੀਕ ਹੈ। ਇਨ੍ਹਾਂ ਨੂੰ ਸੁਪਰੀਮ ਕੋਰਟ ਦੇ ਜਸਟਿਸ ਤੇ ਇਤਬਾਰ ਨਹੀਂ ਸੀ' ਚੇਅਰਮੈਨ ਸਾਹਿਬ, ਆਪੋਜ਼ੀਸ਼ਨ ਵਿਚ ਅਸੀਂ ਵੀ ਰਹੇ ਹਾਂ ਪਰ ਇਹ ਕਾਂਗਰਸ ਵਾਲੇ ਵੀਰ

Original with;
Punjab Vidhan Sabha
Digitized by;
Panjab Digital Library

ਸਮਝਣ ਲਗ ਪਏ ਹਨ ਕਿ ਅਸੀਂ ਬੋਰਨ ਰੂਲਰਜ਼ ਹਾਂ । ਉਹਦੇ ਤਹਿਤ ਹੀ ਅਸੀਂ ਸਭ ਕੰਮ ਚਲਾਉਣਾ ਚਾਹੁੰਦੇ ਰਹੇ ਹਾਂ । ਤੁਹਾਨੂੰ ਯਾਦ ਹੋਵੇਗਾ, ਤੁਸੀਂ ਵੀ ਸਜ਼ਾ ਕੱਟੀ ਹੋਵੇਗੀ । ਮੈਂ 1955 ਵਿਚ ਕੱਟੀ ਸੀ । ਉਦੋਂ ਇਥੇ ਸੱਚਰ ਚੀਫ ਮਨਿਸਟਰ ਹੁੰਦਾ ਸੀ । ਮੈਨੂੰ ਯਾਦ ਹੈ ਅਸੀਂ ਜਦੋਂ ਵੀ 'ਪੰਜਾਬੀ ਸੂਬਾ-ਜ਼ਿੰਦਾਬਾਦ' ਕਹਿੰਦੇ ਸੀ, ਉਹ ਸਾਨੂੰ ਫੜ ਕੇ ਬੰਦ ਕਰ ਦੇਂਦਾ ਸੀ । "ਕਿਆ ਦਸਤੂਰ-ਏ-ਜ਼ੁਬਾਂਬੰਦੀ ਹੈ ਤੇਰੀ ਮਹਿਫਲ ਮੇਂ" । ਜੇ ਇਥੇ ਕਹਿੰਦੇ ਸੀ ਤਾਂ ਗੁੱਸੇ ਹੋ ਜਾਂਦੇ ਸੀ ਅਤੇ ਜੇ ਬਾਹਰ ਗੱਲ ਕਰਦੇ ਸੀ ਤਾਂ ਫੜ ਕੇ ਹੀ ਬੰਦ ਕਰ ਦੇਂਦੇ ਸੀ । ਚੇਅਰਮੈਨ ਸਾਹਿਬ, ਮੈਂ ਪੁਰਾਣੀ ਹਿਸਟਰੀ ਨਹੀਂ ਉਖਾੜਦਾ । ਇਹ ਅੱਤਵਾਦ ਦੀ ਗੱਲ ਕਰਦੇ ਰਹੇ, ਇਹ ਲੋਕਾਂ ਨੇ ਹੀ ਇਨ੍ਹਾਂ ਨੂੰ ਦੱਸ ਦਿਤਾ ਹੈ, ਜਿਨ੍ਹਾਂ ਨੇ ਇਨ੍ਹਾਂ ਨੂੰ ਅੱਜ ਉਧਰ ਬਿਠਾ ਦਿਤਾ ਹੈ । ਇਹੀ ਕਾਰਣ ਹੈ ਕਿ ਉਨ੍ਹਾਂ ਲੋਕਾਂ ਨੇ ਜਿਨ੍ਹਾਂ ਨੇ ਅੱਤਵਾਦ ਆਪਣੇ ਸਿਰ ਤੇ ਹੰਢਾਇਆ, ਆਪਣੇ ਸਰੀਰ ਤੇ ਹੰਢਾਇਆ, ਉਨ੍ਹਾਂ ਨੇ ਫੈਸਲਾ ਕਰ ਦਿਤਾ ਹੈ । ਇਹ ਤਾਂ ਜਿਹੜੇ ਆ ਕੇ ਬੈਠੇ ਵੀ ਹਨ 16-17 ਸੀਟਾਂ ਤੇ, ਇਹ ਵੀ ਸਾਡੀ ਆਪਸ ਦੀ ਲੜਾਈ ਕਰਕੇ ਇਨ੍ਹਾਂ ਨੂੰ ਸੀਟਾਂ ਮਿਲੀਆਂ ਹਨ । ਸਾਡੇ ਆਪਣੇ ਭਰਾਵਾਂ ਨੇ ਇਕ ਦੂਜੇ ਦੀਆਂ ਲੱਤਾਂ ਖਿੱਚੀਆਂ, ਨਹੀਂ ਤਾਂ ਬਿਲਕੁਲ ਬਲੈਂਕ, ਬਿਲਕੁਲ ਸਾਫ ਕੰਮ ਹੋਣਾ ਸੀ ਉਧਰ । (ਥੰਪਿੰਗ)

ਚੇਅਰਮੈਨ ਸਾਹਿਬ, ਮੈਂ ਇਸ ਪਾਸੇ ਨਹੀਂ ਜਾਂਦਾ । ਮੇਰੇ ਵੀਰ ਗੁੱਸੇ ਹੋ ਕੇ ਜਾ ਰਹੇ ਹਨ । ਤੁਸੀਂ ਗੁੱਸੇ ਹੋ ਕੇ ਨਾ ਜਾਉ, ਮੈਂ ਤਾਂ ਤੁਹਾਡੀਆਂ ਹਾਲੇ ਤਾਰੀਫਾਂ ਕਰਨੀਆਂ ਹਨ । ਚਲੋ, ਚੇਅਰਮੈਨ ਸਾਹਿਬ, ਮੈਂ ਇਸ ਪਾਸੇ ਨਹੀਂ ਜਾਂਦਾ । ਮੈਂ ਮੁਬਾਰਕਬਾਦ ਦਿੰਦਾ ਹਾਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਅਤੇ ਸੀ. ਪੀ. ਆਈ. ਦੇ ਵੀਰਾਂ ਨੂੰ ਜਿਹੜੇ ਇਕ ਪਾਸੇ ਕਹਿੰਦੇ ਹਨ ਕਿ ਅਸੀਂ ਸਹਿਮਤੀ ਪ੍ਰਗਟ ਕਰਦੇ ਹਾਂ, ਇਸ ਮਤੇ ਦੇ ਨਾਲ ਹਾਂ । ਇਹ ਬਹਿਸ ਨਾਨ ਆਫੀਸ਼ੀਅਲ ਡੇਅ ਤੇ ਰਖ ਲਓ, ਇਹ ਮੇਰੀ ਭੈਣ ਅਤੇ ਇਨ੍ਹਾਂ ਨੇ ਕਿਹਾ । ਹੁਣ ਕਿਹਾ ਗਿਆ ਹੈ ਕਿ ਇਹ ਗੋਰਮਿੰਟ ਵਲੋਂ ਕਿਉਂ ਮੂਵ ਨਹੀਂ ਕਰਦੇ ਪਏ ਹੋ । ਅਸੀਂ ਤਾਂ ਤੁਹਾਡੀ ਕੰਟਰੀਬਿਊਸ਼ਨ ਦੇਖਣੀ ਸੀ । ਸੀ. ਪੀ. ਆਈ. ਵਾਲੇ ਨਾਲੇ ਦੁੱਧ ਵੀ ਦਈ ਜਾਂਦੇ ਹਨ ਪਰ ਨਾਲ ਮੀਂਗਣਾਂ ਪਾ ਦੇਂਦੇ ਹਨ । ਇਹ ਹਰ ਗੱਲ ਵਿਚ ਆਪਣੀ ਕੰਟਰੀਬਿਊਸ਼ਨ ਦੱਸਦੇ ਹਨ । ਕਹਿੰਦੇ ਹਨ ਕਿ ਅੱਤਵਾਦ ਦੀ ਲੜਾਈ ਲੜਨ ਵਿਚ ਸਾਡਾ ਹਿੱਸਾ ਵੱਧ ਸੀ । ਲੜਾਈ ਇਨ੍ਹਾਂ ਨੇ ਲੜੀ । ਪਰ ਜੇ ਬੰਦੇ ਗਿਣੀਏ ਸੀ. ਪੀ. ਆਈ. ਦੇ, ਸੀ. ਪੀ. ਆਈ. ਐਮ. ਦੇ ਜਿਹੜੇ ਮਰੇ ਅਤੇ ਉਹ ਜਿੰਨੇ ਅਕਾਲੀ ਦਲ ਦੇ ਮਰੇ ਤਾਂ ਕੀ ਕਹਿਣਗੇ । ਚੇਅਰਮੈਨ ਸਾਹਿਬ, ਇਸੇ ਤਰ੍ਹਾਂ ਦੇਸ਼ ਦੀ ਆਜ਼ਾਦੀ ਦੀ ਲੜਾਈ ਸੀ । ਇਹ ਵੀ ਪੋਰਟ ਬਲੇਅਰ ਤੇ ਗਏ ਹੋਣਗੇ । ਤੁਸੀਂ ਵੀ ਗਏ ਹੋਣੇ ਹੋ । ਇਨ੍ਹਾਂ ਨੂੰ ਪੁੱਛੋ ਕਿ ਇਨ੍ਹਾਂ ਦੇ ਕਿੰਨੇ ਆਦਮੀ ਫਾਂਸੀ ਤੇ ਚੜ੍ਹੇ, ਜਾਪਾਨ ਨੇ ਮਾਰ ਦਿਤੇ, ਗਲਾਂ ਵਿਚ ਰੱਸੇ ਪੁਆਏ, ਚੱਕੀਆਂ ਪੀਸੀਆਂ, ਤਸੀਹੇ ਝੱਲੇ । ਉਨ੍ਹਾਂ ਵਿਚ ਸਭ ਤੋਂ ਵੱਧ ਸਾਡੀ ਗਿਣਤੀ ਸੀ । ਪਰ ਜਦੋਂ ਆਜ਼ਾਦੀ ਮਿਲ ਗਈ ਤਾਂ ਕਹਿਣ ਲਗੇ ਕਿ ਤੂੰ ਕੌਣ ਤੇ ਮੈਂ ਕੌਣ ।

Original with;
Punjab Vidhan Sabha
Digitized by;
Panjab Digital Library

[ਰਾਜਾ ਨਰਿੰਦਰ ਸਿੰਘ]

ਚੇਅਰਮੈਨ ਸਾਹਿਬ, ਦਰਖਤ ਲਾਇਆ ਸਾਂਝਾ । ਮੇਰੀ ਅੱਜ ਭੈਣ ਲੀਡਰ ਆਫ ਦਿ ਆਪੋਜ਼ੀਸ਼ਨ ਜੋ ਹੈ, ਉਸਦੇ ਹੀ ਪਿਤਾ ਨੇ ਸਭ ਤੋਂ ਵੱਧ ਕੰਟਰੀਬਿਊਸ਼ਨ ਉਸ ਲੜਾਈ ਵਿਚ ਦਿਤੀ ਅਤੇ ਸਾਡੇ ਨਾਲ ਰਲ ਕੇ ਦਿਤੀ । ਅਸੀਂ ਇਕੱਠੇ ਸੀ ਜਦੋਂ ਉਹ ਦਰਖਤ ਲਾਇਆ ਗਿਆ । ਹੀਰਾ ਸਿੰਘ ਭੱਠਲ ਜਥੇਦਾਰ ਨੇ ਸਾਡੇ ਨਾਲ ਰਲ ਕੇ ਲਾਇਆ ਪਰ ਜਦੋਂ ਅੰਬ ਖਾਣ ਦਾ ਵੇਲਾ ਆਇਆ ਤਾਂ ਕਹਿਣ ਲਗੇ ਕਿ ਤੁਸੀਂ ਕੌਣ ਹੋ, ਅੰਬ ਤਾਂ ਅਸੀਂ ਖਾਣੇ ਹਨ । ਆਜ਼ਾਦੀ ਅਸੀਂ ਰਲ ਕੇ ਲਈ ਸੀ ਪਰ ਸਵਾਦ ਇਕੱਲੇ ਮਾਨਣਾ ਚਾਹੁੰਦੇ ਹਨ । ਅੱਜ ਅਗਰ ਅਸੀਂ ਰੀਪੇਰੀਅਨ ਰਾਈਟਸ ਦੀ ਗੱਲ ਕਰਦੇ ਹਾਂ, ਪੰਜਾਬੀ ਸੂਬੇ ਦੀ ਗੱਲ ਕਰਦੇ ਹਾਂ, ਅੱਜ ਕੋਈ ਵੀ ਕਾਂਸਟੀਚਿਊਸ਼ਨਲ ਰਾਈਟ ਦੀ ਗੱਲ ਜਿਵੇਂ ਫੈਡਰਲ ਸਟਰੱਕਚਰ ਮੰਗਦੇ ਹਾਂ, ਸਾਨੂੰ ਸਾਡਾ ਕੋਈ ਵੀ ਰਾਈਟ ਦੇਣ ਨੂੰ ਤਿਆਰ ਨਹੀਂ । ਪਰ ਹੁਣ ਲੋਕਾਂ ਨੇ ਹੀ ਫੈਸਲਾ ਕਰ ਦਿਤਾ ਹੈ । ਇਹ ਕੋਈ ਮੇਰਾ ਕਸੂਰ ਤਾਂ ਨਹੀਂ, ਨਾ ਤੁਹਾਡਾ ਹੈ । ਦੇਸ਼ ਦੇ ਲੋਕਾਂ ਨੇ ਹੀ ਫੈਸਲਾ ਕੀਤਾ ਹੈ । ਦਿੱਲੀ ਵਿਚ ਵੀ ਅੱਜ ਇਹ ਮਗਰਲੇ ਬੈਕ ਬੈਂਚਰਜ਼ ਹੋ ਕੇ ਬੈਠੇ ਹਨ । ਉਥੇ ਵੀ ਤੁਹਾਡੀ ਕੰਟਰੀਬਿਊਸ਼ਨ ਅੱਜ ਬਾਹਲੀ ਹੈ ਨਹੀਂ । ਫਿਰ ਵੀ ਮੈਂ, ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਮੁਬਾਰਕਬਾਦ ਦੇਂਦਾ ਹਾਂ ਕਿ ਇਨ੍ਹਾਂ ਨੇ ਹਾਊਸ ਨੂੰ ਭਰੋਸਾ ਦਿਵਾਇਆ ਹੈ ਕਿ ਇਸ ਕੰਮ ਵਿਚ ਕਾਂਗਰਸ ਵਾਲੇ ਵੀ ਅਤੇ ਸੀ. ਪੀ. ਆਈ. ਵਾਲੇ ਵੀ ਸਾਡੀ ਮੱਦਦ ਕਰਨਗੇ । ਇਸ ਵਾਸਤੇ ਇਹ ਰੇਜ਼ੋਲਿਊਸ਼ਨ ਮੈਂ ਸਮਝਦਾ ਹਾਂ ਕਿ ਪਾਸ ਹੋ ਕੇ ਯੂਨਾਨੀਮਸਲੀ ਅਡਾਪਟ ਹੋਣਾ ਚਾਹੀਦਾ ਹੈ । ਇਸ ਦੇ ਨਾਲ ਹੀ ਮੈਂ ਖਿਮਾਂ ਦਾ ਜਾਚਕ ਹਾਂ ।

**ਸਰਦਾਰ ਤੋਤਾ ਸਿੰਘ** (ਮੋਗਾ): ਚੇਅਰਮੈਨ ਸਾਹਿਬ......

**ਸ੍ਰੀ ਸਭਾਪਤੀ**: ਥੋੜ੍ਹਾ ਟਾਈਮ ਲੈਣਾ ।

**ਸਰਦਾਰ ਤੋਤਾ ਸਿੰਘ**: ਮੈਂ ਧੰਨਵਾਦੀ ਹਾਂ ਕਿ ਤੁਸੀਂ ਬੜੇ ਗੰਭੀਰ ਮਸਲੇ ਤੇ ਦਾਸ ਨੂੰ ਬੋਲਣ ਦਾ ਮੌਕਾ ਦਿਤਾ ਹੈ । ਮੈਂ ਤਾਂ ਏਨੀ ਗੱਲ ਕਰਨੀ ਚਾਹੁੰਦਾ ਹਾਂ ਕਿ ਮੇਰੇ ਤੋਂ ਪਹਿਲਾਂ ਵਿਰੋਧੀ ਬੈਂਚਿਜ਼ ਵੱਲੋਂ ਵੀ ਵਿਚਾਰਾਂ ਆਈਆਂ ਪਰ ਬੜਾ ਦੁਖ ਹੋਇਆ ਸੁਣ ਕੇ, ਕਿਉਂਕਿ ਇਹ ਬੜਾ ਗੰਭੀਰ ਮਸਲਾ ਹੈ । ਇਹ ਆਰਥਕ ਮਸਲਾ ਹੈ । ਕੋਈ ਰਾਜਨੀਤਕ ਮਸਲਾ ਨਹੀਂ ਸੀ, ਆਰਥਕ ਮਸਲਾ ਸੀ । ਸਾਨੂੰ ਸਾਰਿਆਂ ਨੂੰ ਰਲ ਕੇ ਆਪਣੇ ਸੂਬੇ ਦੇ ਆਰਥਕ ਪੱਖ ਬਾਰੇ ਸੋਚਣਾ ਚਾਹੀਦਾ ਹੈ ਕਿ ਪੰਜਾਬ ਦੀ ਬੇਹਤਰੀ ਕਿਵੇਂ ਹੋ ਸਕਦੀ ਹੈ । ਇਹ ਮਤਾ ਸਰਦਾਰ ਮਨਜੀਤ ਸਿੰਘ ਕਲਕੱਤਾ ਨੇ ਲਿਆਂਦਾ ਕਿ ਕਰਜ਼ੇ ਦਾ ਇੰਨਾ ਬੋਝ ਪੰਜਾਬ ਨਹੀਂ ਚੁੱਕ ਸਕਦਾ ਜੋ ਕਿ ਸੈਂਟਰ ਨੇ ਗਲਤ ਨੀਤੀ ਨਾਲ ਪੰਜਾਬ ਤੇ ਪਾਇਆ ਹੈ । ਇਸ ਕਾਰਣ ਸਾਡਾ ਸੂਬਾ ਗੁਲਾਮ ਬਣ ਕੇ ਰਹਿ ਜਾਵੇਗਾ ਕਿਉਂਕਿ ਇਹ ਰਵਾਇਤ ਹੀ ਨਹੀਂ । ਜਿਹੜਾ ਇਥੇ ਟਾਪਿਕ ਛੋਹਿਆ ਗਿਆ ਹੈ, ਇਹ ਨਹੀਂ ਛੋਹਣਾ ਚਾਹੀਦਾ ਸੀ ਕਿਉਂਕਿ ਕੇਂਦਰ ਤਾਂ ਪਹਿਲਾਂ ਹੀ ਮੰਨ ਚੁੱਕਾ ਹੈ ਕਿ ਜੋ ਵਿਦੇਸ਼ੀ ਸ਼ਕਤੀਆਂ ਸਨ, ਇਹ ਅੱਤਵਾਦ ਉਨ੍ਹਾਂ ਦੀ ਸੋਚ ਸੀ ਅਤੇ ਉਨ੍ਹਾਂ ਦੀ ਸਾਰੀ ਕਾਰਵਾਈ ਸੀ । ਉਨ੍ਹਾਂ ਦੀ ਕਾਰਵਾਈ ਨਾ ਹੁੰਦੀ ਤਾਂ ਇਥੇ ਏ. ਕੇ. 47 ਨਾ ਆਉਂਦੀਆਂ । ਇਹ ਨਾ ਤਾਂ ਪੰਜਾਬ ਵਿਚ ਬਣਦੀਆਂ ਹਨ ਅਤੇ ਨਾ ਹੀ ਹਿੰਦੁਸਤਾਨ ਵਿਚ, ਇਹ ਹੋਰ ਕਿਧਰੇ ਬਣਦੀਆਂ ਹਨ । ਇਹ ਜਿਹੜੀਆਂ ਰਾਈਫਲਾਂ ਪੰਜਾਬ ਵਿਚ ਵਰਤੀਆਂ ਗਈਆਂ, ਇਹ ਸਾਰੀ ਵਿਦੇਸ਼ੀ ਸ਼ਕਤੀਆਂ ਦੀ ਸੋਚ ਸੀ ।

Original with;
Punjab Vidhan Sabha
Digitized by;
Panjab Digital Library

ਅਸੀਂ ਐਵੇਂ ਇਕ ਦੂਜੇ ਤੇ ਦੋਸ਼ ਲਾਈ ਜਾਂਦੇ ਹਾਂ । ਇਥੇ ਜਦੋਂ ਕਦੀ ਵੀ ਲਾਅ ਐਂਡ ਆਰਡਰ ਖਰਾਬ ਹੋਇਆ ਤਾਂ ਇਥੋਂ ਦੀ ਪਰੰਪਰਾ ਰਹੀ ਹੈ ਅਤੇ ਹਮੇਸ਼ਾ ਹੀ ਹਿੰਦੁਸਤਾਨ ਦੀ ਸੋਚ ਰਹੀ ਹੈ ਕਿ ਇਹ ਸਾਰਾ ਕੁਝ ਵਿਦੇਸ਼ੀ ਸ਼ਕਤੀਆਂ ਕਰਕੇ ਹੋਇਆ । ਇਸ ਦੇ ਵਾਸਤੇ ਜੋ ਵੀ ਸਹਾਇਤਾ ਦਿੱਤੀ ਜਾਂਦੀ ਰਹੀ ਹੈ, ਉਹ ਕੇਂਦਰ ਵੱਲੋਂ ਦਿੱਤੀ ਜਾਂਦੀ ਰਹੀ ਹੈ । ਪੰਜਾਬ ਇਕ ਬਾਰਡਰ ਸਟੇਟ ਹੈ । ਇਥੇ ਜਦੋਂ ਵੀ ਲਾਅ ਐਂਡ ਆਰਡਰ ਖਰਾਬ ਹੋਣਾ ਹੈ, ਉਸ ਦੇ ਵਾਸਤੇ ਕੇਂਦਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਸ ਨੇ ਹੀ ਇਹ ਸਾਰਾ ਖਰਚਾ ਚੁੱਕਣਾ ਹੈ । ਸਾਡੇ ਤੇ ਤਾਂ ਐਵੇਂ ਬੋਝ ਪਾਇਆ ਗਿਆ ਹੈ । ਇਹ ਸਿਰਫ ਸਾਨੂੰ ਨੀਵਾਂ ਦਿਖਾਉਣ ਵਾਸਤੇ ਕੀਤਾ ਜਾ ਰਿਹਾ ਹੈ । ਸਾਡਾ ਇਕ ਵੀ ਪਰਸੈਂਟ ਹੱਕ ਨਹੀਂ ਬਣਦਾ ਕਿ ਅਸੀਂ ਇਹ ਕਰਜ਼ਾ ਮੋੜੀਏ । ਸਾਡੇ ਕੋਲੋਂ ਕਰੋੜਾਂ ਰੁਪਿਆ ਪਹਿਲਾਂ ਰਿਕਵਰ ਕੀਤਾ ਜਾ ਚੁੱਕਾ ਹੈ ਅਤੇ ਬਾਕੀ ਰਿਕਵਰ ਕਰਨ ਵਾਲਾ ਹੈ । ਅਸੀਂ ਆਰਥਿਕ ਤੌਰ ਤੇ ਟੁੱਟ ਚੁੱਕੇ ਹਾਂ । ਸਾਡੇ ਕੋਲ ਨਾ ਕੋਇਲਾ ਹੈ, ਨਾ ਲੋਹਾ ਹੈ ਅਤੇ ਨਾ ਹੀ ਪੱਥਰ ਹੈ । ਜਿਹੜੀਆਂ ਸਟੇਟਾਂ ਕੋਲ ਕੋਇਲਾ ਹੈ, ਲੋਹਾ ਜਾਂ ਪੱਥਰ ਹੈ, ਉਨ੍ਹਾਂ ਕੋਲੋਂ ਇਹ ਚੀਜ਼ਾਂ ਲੈਣ ਵਾਸਤੇ ਉਨ੍ਹਾਂ ਨੂੰ ਰਾਇਲਟੀ ਦਿੱਤੀ ਜਾਂਦੀ ਹੈ । ਇਸ ਦੇ ਉਲਟ ਸਾਡੇ ਨਾਲ ਬੜਾ ਵੱਡਾ ਧੱਕਾ ਹੋ ਰਿਹਾ ਹੈ । ਅਸੀਂ 8 ਕਰੋੜ ਟਨ ਕਣਕ ਪੈਦਾ ਕਰਕੇ ਦਿੱਤੀ ਹੈ ਅਤੇ 10 ਕਰੋੜ ਟਨ ਝੋਨਾ ਪੈਦਾ ਕਰਕੇ ਦਿੱਤਾ ਹੈ । ਕਪਾਹ ਦੀਆਂ ਲੱਖਾਂ ਗੱਠਾਂ ਦਿੱਤੀਆਂ ਹਨ ਲੇਕਿਨ ਸਾਨੂੰ ਕੋਈ ਰਾਇਲਟੀ ਨਹੀਂ ਮਿਲਦੀ । ਇਹ ਸਾਰਾ ਕੁਝ ਬਗੈਰ ਰਾਇਲਟੀ ਦੇ ਦਿੱਤਾ ਜਾਂਦਾ ਹੈ । ਰਾਇਲਟੀ ਦੇਣੀ ਤਾਂ ਇਕ ਪਾਸੇ ਰਹੀ, ਉਲਟਾ ਸਾਡੇ ਤੇ ਇਹ ਕਰਜ਼ੇ ਦਾ ਏਡਾ ਵੱਡਾ ਬੋਝ ਪਾਇਆ ਜਾ ਰਿਹਾ ਹੈ । ਅੱਜ ਲੋੜ ਹੈ ਇਸ ਗੱਲ ਦੀ ਕਿ ਅਸੀਂ ਸਾਰੇ ਇਕੱਠੇ ਹੋ ਕੇ ਇਕ ਮੁੱਠ ਹੋ ਕੇ ਕੇਂਦਰ ਨੂੰ ਦੱਸ ਦੇਈਏ ਕਿ ਇਹ ਕਰਜ਼ਾ ਅਸੀਂ ਚੁਕਾ ਨਹੀਂ ਸਕਦੇ ਅਤੇ ਇਹ ਮੁਆਫ ਕੀਤਾ ਜਾਣਾ ਚਾਹੀਦਾ ਹੈ । ਲੁਧਿਆਣੇ ਦੀ ਧਰਤੀ ਤੇ ਉਸ ਵੇਲੇ ਦੇ ਪ੍ਰਾਈਮ ਮਨਿਸਟਰ ਨੇ ਇਹ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ, ਉਸ ਵੇਲੇ ਦੇ ਮੁੱਖ ਮੰਤਰੀ ਨੇ ਇਸ ਦਾ ਸੁਆਗਤ ਕੀਤਾ ਸੀ । ਸਾਰੇ ਪੰਜਾਬੀਆਂ ਨੇ ਇਸ ਗੱਲ ਦਾ ਸਵਾਗਤ ਕੀਤਾ ਸੀ ਪਰ ਅਗਲੇ ਦਿਨ ਹੀ ਇਸ ਗੱਲ ਤੋਂ ਮੁੱਕਰ ਜਾਣਾ, ਇਸ ਤੋਂ ਵੱਡੇ ਦੁੱਖ ਦੀ ਗੱਲ ਹੋਰ ਨਹੀਂ ਹੋ ਸਕਦੀ । ਸਾਨੂੰ ਚਾਹੀਦਾ ਹੈ ਕਿ ਅਸੀਂ ਇਕ ਲਾਈਨ ਬਣਾ ਕੇ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਸਰਕਾਰ ਦਾ ਸਾਥ ਦੇਈਏ । ਇਸ ਦੇ ਵਾਸਤੇ ਡੈਪੂਟੇਸ਼ਨ ਦਿੱਲੀ ਜਾ ਰਿਹਾ ਹੈ । ਉਥੇ ਜਾ ਕੇ ਕੇਂਦਰ ਤੋਂ ਪੁੱਛਿਆ ਜਾਵੇ ਕਿ ਸਾਨੂੰ ਦੱਸੋ, ਸਾਡਾ ਕਸੂਰ ਕੀ ਹੈ । ਕੇਂਦਰ ਦੀ ਸਰਕਾਰ ਨੇ ਤਾਂ ਆਪ ਮੰਨਿਆ ਹੈ ਕਿ ਪੰਜਾਬ ਵਿਚ ਜੋ ਕੁਝ ਹੋਇਆ, ਉਹ ਸਾਰਾ ਵਿਦੇਸ਼ੀ ਸ਼ਕਤੀਆਂ ਕਰਕੇ ਹੋਇਆ । ਸਾਨੂੰ ਆਪਣੀ ਆਰਥਿਕ ਹਾਲਤ ਸੁਧਾਰਣ ਵਾਸਤੇ ਕੋਈ ਰਾਇਲਟੀ ਸਿਸਟਮ ਜ਼ਰੂਰ ਬਣਾਉਣਾ ਚਾਹੀਦਾ ਹੈ । ਜਦ ਅਸੀਂ ਦੂਸਰੀਆਂ ਚੀਜ਼ਾਂ ਦੀ ਦੂਸਰੀਆਂ ਸਟੇਟਾਂ ਨੂੰ ਰਾਇਲਟੀ ਦਿੰਦੇ ਹਾਂ ਤਾਂ ਫਿਰ ਸਾਨੂੰ ਵੀ ਕੋਈ ਇਸ ਤਰ੍ਹਾਂ ਦਾ ਬੰਦੋਬਸਤ ਜ਼ਰੂਰ ਕਰਨਾ ਚਾਹੀਦਾ ਹੈ । ਸਾਨੂੰ ਸੋਚਣਾ ਚਾਹੀਦਾ ਹੈ ਕਿ ਅਸੀਂ ਆਪਣੇ ਸੂਬੇ ਨੂੰ ਖੁਸ਼ਹਾਲ ਕਿਵੇਂ ਰੱਖਣਾ ਹੈ ਤਾਂ ਕਿ ਵਾਧੂ ਟੈਕਸਾਂ ਦਾ ਬੋਝ ਲੋਕਾਂ ਤੇ ਨਾ ਪਾਇਆ ਜਾਵੇ । ਮੇਰਾ ਹੋਰ ਵੀ ਬਹੁਤ ਸਾਰੇ ਪੱਖਾਂ ਤੇ ਵਿਚਾਰ ਦੇਣ ਦਾ ਇਰਾਦਾ ਸੀ ਪਰ,

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਚੇਅਰਮੈਨ ਸਾਹਿਬ, ਤੁਸੀਂ ਕਿਹਾ ਹੈ ਕਿ ਟਾਈਮ ਥੋੜ੍ਹਾ ਹੈ । ਪਾਣੀਆਂ ਦਾ ਜਿਹੜਾ ਮਸਲਾ ਹੈ, ਇਸ ਦੇ ਬਾਰੇ ਜੋ ਕੁਝ ਕਿਹਾ ਗਿਆ ਹੈ, ਮੈਂ ਉਸ ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਕਰਦਾ । ਅੱਤਵਾਦ ਬਾਰੇ ਵੀ ਇਥੇ ਸਭ ਨੂੰ ਪਤਾ ਹੈ । ਜਦ ਕੇਂਦਰ ਸਰਕਾਰ ਆਪ ਮੰਨੀ ਜਾਂਦੀ ਹੈ ਕਿ ਇਹ ਅੱਤਵਾਦ ਵਿਦੇਸ਼ੀ ਸ਼ਕਤੀਆਂ ਦੀ ਸ਼ਹਿ ਤੇ ਹੋਇਆ ਤਾਂ ਫਿਰ ਆਪਾਂ ਇਕ ਦੂਜੇ ਨੂੰ ਕਿਉਂ ਕੋਸੀ ਜਾਂਦੇ ਹਾਂ । ਇੰਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸਰਦਾਰ ਅਜੀਤ ਇੰਦਰ ਸਿੰਘ** (ਸਰਦੂਲਗੜ੍ਹ) : ਚੇਅਰਮੈਨ ਸਾਹਿਬ, ਇਹ ਜੋ ਰੈਜ਼ੋਲਿਊਸ਼ਨ ਹੈ, ਇਹ ਬੜਾ ਇੰਪਾਰਟੈਂਟ ਰੈਜ਼ੋਲਿਊਸ਼ਨ ਹੈ ਕਿਉਂਕਿ ਇਸ ਕਰਜ਼ੇ ਕਰਕੇ ਸਾਡਾ ਸੂਬਾ ਆਰਥਿਕ ਪੱਖੋਂ ਕਮਜ਼ੋਰ ਹੋ ਜਾਵੇਗਾ । ਇਥੇ ਬੜਾ ਕਿੰਤੂ-ਪ੍ਰੰਤੂ ਹੋਇਆ ਲੇਕਿਨ ਸਾਨੂੰ ਇਸ ਮਸਲੇ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ । ਜਿਹੜੀਆਂ ਵੀ ਸਰਕਾਰਾਂ ਪੰਜਾਬ ਵਿਚ ਬਣਦੀਆਂ ਰਹੀਆਂ ਹਨ, ਸੈਂਟਰ ਵਿਚ ਵੀ ਉਸੇ ਪਾਰਟੀ ਦੀਆਂ ਸਰਕਾਰਾਂ ਹੀ ਬਣਦੀਆਂ ਰਹੀਆਂ ਹਨ ਲੇਕਿਨ ਕਿਸੇ ਨੇ ਵੀ ਸਾਡਾ ਖਿਆਲ ਨਹੀਂ ਕੀਤਾ । ਜਦ ਤੋਂ ਸਾਡਾ ਦੇਸ਼ ਆਜ਼ਾਦ ਹੋਇਆ, ਸਾਡੇ ਨਾਲ ਮਖੌਲ ਹੀ ਹੋਇਆ ਹੈ । ਤਰ੍ਹਾਂ ਤਰ੍ਹਾਂ ਦੀਆਂ ਉਂਗਲਾਂ ਉਠਾਉਣ ਤੋਂ ਇਲਾਵਾ, ਪੰਜਾਬ ਦਾ ਕਿਸੇ ਪੱਖੋਂ ਵੀ ਖਿਆਲ ਨਹੀਂ ਕੀਤਾ ਗਿਆ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਸ ਰੈਜ਼ੋਲਿਊਸ਼ਨ ਦੀ ਪੂਰੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਰੈਜ਼ੋਲਿਊਸ਼ਨ ਬਾਰੇ ਦਿੱਲੀ ਵਾਲਿਆਂ ਨਾਲ ਬੜੀ ਠੋਸ ਗੱਲ ਕਰਕੇ ਪ੍ਰਾਈਮ ਮਨਿਸਟਰ ਨੂੰ ਅਪਰੋਚ ਕਰੀਏ ਕਿ ਸਾਡੇ ਨਾਲ ਜੋ ਪਿਛਲੀਆਂ ਪਾਰਟੀਆਂ, ਪਿਛਲੀਆਂ ਸਰਕਾਰਾਂ ਨੇ ਧੱਕਾ ਕੀਤਾ ਹੈ, ਉਹ ਧੱਕਾ ਅਗਾਂਹ ਨੂੰ ਨਾ ਕੀਤਾ ਜਾਵੇ । ਜੇ ਹੁਣ ਵੀ ਇਸੇ ਤਰ੍ਹਾਂ ਕੀਤਾ ਗਿਆ ਤਾਂ ਆਉਣ ਵਾਲਾ ਸਮਾਂ ਸਾਡੇ ਸਭਨਾਂ ਲਈ ਬੜਾ ਭਿਆਨਕ ਹੋਵੇਗਾ । ਅੱਜ ਸਾਡਾ ਮੁਲਕ ਤਰੱਕੀ ਕਰ ਰਿਹਾ ਹੈ, ਬੜਾ ਫਾਸਟ ਮੂਵ ਹੋ ਰਿਹਾ ਹੈ ਅਤੇ ਕੰਪਿਊਟਰ ਯੁੱਗ ਚੱਲ ਰਿਹਾ ਹੈ । ਇਸ ਤਰੱਕੀ ਦੇ ਵਿਚ ਜੇ ਸਾਨੂੰ ਬਾਕਾਇਦਾ ਹਿੱਸਾ ਨਾ ਦਿੱਤਾ ਗਿਆ ਤਾਂ ਬਹੁਤ ਜ਼ਿਆਦਾ ਦੇਰ ਹੋ ਜਾਵੇਗੀ । ਜਿਹੜੀਆਂ ਗੱਲਾਂ ਪਹਿਲਾਂ ਵਾਪਰੀਆਂ ਹਨ, ਉਹ ਗੱਲਾਂ ਦੁਬਾਰਾ ਨਾ ਵਾਪਰਨ । ਸਾਨੂੰ ਇਕ ਦੂਜੇ ਤੇ ਕਦੇ ਵੀ ਦੂਸ਼ਣ ਨਹੀਂ ਲਾਉਣਾ ਚਾਹੀਦਾ । ਜੋ ਗੱਲ ਹੁੰਦੀ ਹੈ, ਜੇ ਉਸ ਨੂੰ ਕੁਦਰਤੀ ਹੋ ਗਈ ਮੰਨ ਲਿਆ ਜਾਵੇ ਤਾਂ ਠੀਕ ਹੈ । ਜਿਸ ਵਿੱਚ ਆਮ ਆਦਮੀ ਦੀ ਜ਼ਿੰਦਗੀ ਦਾ ਸਵਾਲ ਹੈ, ਉਹਦੇ ਉਤੇ ਸਾਨੂੰ ਕਿਸੇ ਤੇ ਉਂਗਲਾਂ ਨਹੀਂ ਉਠਾਉਣੀਆਂ ਚਾਹੀਦੀਆਂ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਸ ਮਤੇ ਦੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ਅਤੇ ਜਿੰਨੇ ਵੀ ਸਹਿਯੋਗ ਦੀ ਲੋੜ ਹੋਵੇਗੀ, ਉਹ ਅਸੀਂ ਦਿੱਲੀ ਜਾ ਕੇ ਵੀ ਜ਼ਰੂਰ ਦੇਵਾਂਗੇ । ਧੰਨਵਾਦ ।

**ਸ੍ਰੀ ਸਭਾਪਤੀ** : ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਜੀ, ਤੁਸੀਂ ਕੇਵਲ ਪੰਜ ਮਿੰਟ ਹੀ ਬੋਲਣਾ ਹੈ ।

**ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ** (ਗੜ੍ਹਸ਼ੰਕਰ, [redacted].) : ਸਤਿਕਾਰਯੋਗ ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਉਸ ਮਤੇ ਤੇ ਬੋਲਣ ਲਈ ਸਮਾਂ

Original with;
Punjab Vidhan Sabha
Digitized by;
Panjab Digital Library

ਦਿੱਤਾ ਹੈ ਜਿਹੜਾ ਸਰਦਾਰ ਮਨਜੀਤ ਸਿੰਘ ਜੀ ਕਲਕੱਤਾ ਨੇ ਇਸ ਪਵਿੱਤਰ ਸਦਨ ਦੇ ਵਿੱਚ ਰੱਖਿਆ ਹੈ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਪੰਜਾਬ ਦੇ ਉੱਤੇ ਪੰਜਾਬ ਦੀ ਆਰਥਿਕਤਾ ਉਤੇ ਇਹ ਜਿਹੜਾ ਕਰਜ਼ਾ ਹੈ, ਇਹ ਇਕ ਕਿਸਮ ਦਾ ਬਹੁਤ ਵੱਡਾ ਬੋਝ ਆਖਿਆ ਜਾ ਸਕਦਾ ਹੈ। ਪੰਜਾਬ ਦੇ ਵਿੱਚ, ਪੰਜਾਬ ਨੇ ਲੋਕਾਂ ਨੇ ਅਣ-ਚਾਹੇ ਔਰ ਬੁਝੇ ਹੋਏ ਮਨ ਦੇ ਨਾਲ 1980 ਤੋਂ ਲੈ ਕੇ ਦਸ ਬਾਰਾਂ ਸਾਲ ਲਗਾਤਾਰ ਜੋ ਸੰਤਾਪ ਹੰਢਾਇਆ ਹੈ ਔਰ ਜਿਸ ਦੇ ਕਾਰਨ ਪੰਜਾਬ ਦੇ ਉਤੇ 8 ਹਜ਼ਾਰ ਕਰੋੜ ਰੁਪਏ ਦਾ ਫਾਲਤੂ ਬੋਝ ਪਿਆ ਹੈ, ਮੈਂ ਸਤਿਕਾਰਯੋਗ ਚੇਅਰਮੈਨ ਸਾਹਿਬ, ਇਸ ਪਵਿੱਤਰ ਸਦਨ ਦੇ ਅੰਦਰ ਇਹ ਗੱਲ ਕਹਿਣੀ ਚਾਹਾਂਗਾ ਕਿ ਭਗਵਾਨ ਬੁੱਧ ਨੇ ਇਹ ਗੱਲ ਕਹੀ ਹੈ ਕਿ ਜੇ ਤੁਸੀਂ ਕਿਸੇ ਦੁੱਖ ਨੂੰ ਖਤਮ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਪਹਿਲਾਂ ਉਸਦੇ ਕਾਰਨਾਂ ਨੂੰ ਲੱਭਣਾ ਪਵੇਗਾ ਔਰ ਜਦੋਂ ਤੁਸੀਂ ਉਸ ਦੁੱਖ ਦੇ ਕਾਰਨਾਂ ਨੂੰ ਖਤਮ ਕਰ ਦਿਓਗੇ ਤਾਂ ਉਹ ਦੁੱਖ ਆਪਣੇ ਆਪ ਹੀ ਖਤਮ ਹੋ ਜਾਵੇਗਾ। ਇਹ ਬੜੀ ਲੰਮੀ ਚੌੜੀ ਦਾਸਤਾਨ ਹੈ ਕਿ ਪੰਜਾਬ ਦੇ ਅੰਦਰ ਜੋ ਕੁਝ ਵਾਪਰਿਆ ਹੈ ਔਰ ਜਿਸ ਤਰ੍ਹਾਂ ਸਾਡੇ ਸਾਥੀ ਹਰਦੇਵ ਅਰਸ਼ੀ ਜੀ ਨੇ ਕਿਹਾ ਹੈ ਕਿ ਇਸ ਦੀ ਜ਼ਿੰਮੇਵਾਰੀ ਫਿਕਸ ਹੋਣੀ ਚਾਹੀਦੀ ਹੈ, ਮੈਂ ਇਸ ਗੱਲ ਦੇ ਨਾਲ ਬਿਲਕੁਲ ਸਹਿਮਤ ਹਾਂ। ਜਦੋਂ ਤੱਕ ਇਹ ਜ਼ਿੰਮੇਵਾਰੀ ਫਿਕਸ ਨਹੀਂ ਹੁੰਦੀ ਔਰ ਪੰਜਾਬ ਦੇ ਅੰਦਰ ਇਸ ਗੱਲ ਦੀ ਪੜਚੋਲ ਨਹੀਂ ਹੁੰਦੀ, ਜਦੋਂ ਤੱਕ ਅਸੀਂ ਆਪਣੀ ਆਪਣੀ ਪੀੜ੍ਹੀ ਥੱਲੇ ਸੋਟਾ ਨਹੀਂ ਮਾਰਦੇ, ਉਨ੍ਹਾਂ ਚਿਰ ਇਸ ਗੱਲ ਤੋਂ ਗੁਰੇਜ਼ ਨਹੀਂ ਕੀਤਾ ਜਾ ਸਕਦਾ। ਅਸੀਂ ਆਪਣੇ ਆਪ ਨੂੰ ਇਸ ਗੱਲ ਤੋਂ ਨਜ਼ਰੋ ਅੰਦਾਜ਼ ਨਹੀਂ ਕਰ ਸਕਦੇ ਕਿ ਜਿਹੜਾ ਕਾਨੂੰਨ ਅਤੇ ਪ੍ਰਸ਼ਾਸਨ ਪਿਛਲੇ ਦਸ ਪੰਦਰਾਂ ਸਾਲ ਭੰਗ ਰਿਹਾ, ਕੀ ਆਉਣ ਵਾਲੇ ਸਮੇਂ ਵਿਚ ਵੀ ਇਹ ਪੰਜਾਬ ਵਿੱਚ ਭੰਗ ਰਹੇਗਾ, ਇਸ ਗੱਲ ਤੇ ਇਹ ਕੁਐਸਚਨ ਮਾਰਕ ਹੈ।

ਸਤਿਕਾਰਯੋਗ ਚੇਅਰਮੈਨ ਸਾਹਿਬ, ਆਪਣੀ ਪਾਰਟੀ ਵੱਲੋਂ ਅਤੇ ਮੈਂ ਵਿਸ਼ੇਸ਼ ਤੌਰ ਤੇ ਆਪਣੇ ਵੱਲੋਂ ਇਹ ਗੱਲ ਸਦਨ ਦੇ ਅੰਦਰ ਰੱਖਣਾ ਚਾਹੁੰਦਾ ਹਾਂ ਕਿ ਜਦੋਂ ਵੀ ਪੰਜਾਬ ਦੇ ਅੰਦਰ ਕੋਈ ਵੀ ਗੱਲ ਵਾਪਰਦੀ ਹੈ ਤਾਂ ਸਾਡੇ ਨਾਲ ਜਿਹੜਾ ਪਾਕਿਸਤਾਨ ਦੇਸ਼, ਸਾਡਾ ਗੁਆਂਢੀ ਦੇਸ਼ ਹੈ, ਹਮੇਸ਼ਾ ਆਪਣੀਆਂ ਗਲਤੀਆਂ ਛੁਪਾਉਣ ਦੇ ਲਈ ਅਸੀਂ ਹਰ ਗੱਲ ਉਸ ਤੇ ਮੜ੍ਹ ਦਿੰਦੇ ਹਾਂ। ਉਦੋਂ ਹੀ ਕਿਸੇ ਗੁਆਂਢੀ ਨੂੰ, ਕਿਸੇ ਦੇ ਘਰ ਦੇ ਵਿੱਚ ਦਖਲ-ਅੰਦਾਜ਼ੀ ਕਰਨ ਦਾ ਵਕਤ ਮਿਲਦਾ ਹੈ, ਜਦੋਂ ਘਰ ਦੇ ਵਿੱਚ ਦੁਫੇੜ ਹੋਵੇ। ਮੈਂ ਸਮਝਦਾ ਹਾਂ ਕਿ ਕੋਈ ਵੀ ਵਿਰੋਧੀ, ਕੋਈ ਵੀ ਗੁਆਂਢੀ ਕਿਸੇ ਦੇ ਘਰ ਵਿੱਚ ਆਮ ਕਰਕੇ ਦਖਲ-ਅੰਦਾਜ਼ੀ ਨਹੀਂ ਕਰ ਸਕਦਾ। ਪਾਕਿਸਤਾਨ ਵਾਲੇ ਕੋਈ ਬਾਹਰੋਂ ਨਹੀਂ ਆਏ ਹੋਏ। ਇਹ ਸਾਡੇ ਹੀ ਭਰਾ ਹਨ। 97% ਲੋਕ ਜਿਹੜੇ ਪਾਕਿਸਤਾਨ ਦੇ ਵਿੱਚ ਹਨ, ਉਹ ਕਨਵਰਟਿਡ ਦਲਿਤ ਲੋਕ ਹਨ ਜਿਨ੍ਹਾਂ ਨੇ ਗਰੀਬੀ ਦੇ ਕਾਰਣ ਇਸਲਾਮ ਧਰਮ ਅਪਣਾਇਆ। ਚਾਹੀਦਾ ਤਾਂ ਇਹ ਸੀ ਕਿ ਭਾਰਤ ਦੇ ਪਾਕਿਸਤਾਨ ਦੇ ਨਾਲ, ਦੁਨੀਆਂ ਭਰ ਦੇ ਦੇਸ਼ਾਂ ਨਾਲੋਂ ਵਧੀਆ ਸਬੰਧ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ]
ਹੁੰਦੇ ਲੇਕਿਨ ਆਪਣੀਆਂ ਕਮਜ਼ੋਰੀਆਂ ਨੂੰ ਛੁਪਾਉਣ ਦੀ ਖਾਤਰ, ਜੇ ਕਿਸੇ ਦੀ ਤੀਵੀਂ ਵੀ ਚਲੀ ਗਈ ਤਾਂ ਵੀ ਪਾਕਿਸਤਾਨ ਦੇ ਸਿਰ ਲਾ ਦਿੱਤੀ ਔਰ ਜੇਕਰ ਕਿਸੇ ਦੀ ਬੱਕਰੀ ਚਲੀ ਗਈ ਤਾਂ ਵੀ ਪਾਕਿਸਤਾਨ ਦੇ ਸਿਰ ਲਾ ਦਿੱਤੀ, ਇਹ ਵੀ ਠੀਕ ਨਹੀਂ । ਸੋ, ਮੈਂ ਇਸ ਮੌਕੇ ਤੇ ਇਸ ਪਵਿੱਤਰ ਸਦਨ ਦੇ ਵਿੱਚ ਕਹਿਣਾ ਚਾਹੁੰਦਾ ਹਾਂ, ਮਾਨਯੋਗ ਚੇਅਰਮੈਨ ਸਾਹਿਬ, ਕਿ ਜਿਹੜਾ 8 ਹਜ਼ਾਰ ਕਰੋੜ ਰੁਪਏ ਦਾ ਬੋਝ ਪੰਜਾਬ ਤੇ ਫਾਲਤੂ ਪਾਇਆ ਗਿਆ ਹੈ, ਜੇਕਰ ਇਸ ਦੇ ਕਾਰਨਾਂ ਨੂੰ ਨਾ ਲੱਭਿਆ ਗਿਆ ਔਰ ਲੱਭ ਕੇ ਉਹਨਾਂ ਕਾਰਨਾਂ ਨੂੰ ਦੂਰ ਨਾ ਕੀਤਾ ਗਿਆ ਤਾਂ ਪੰਜਾਬ ਦੇ ਅੰਦਰ ਅਮਨ ਨਹੀਂ ਰਹਿ ਸਕਦਾ । ਇਸ ਕਰਕੇ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਸੈਂਟਰ ਦੇ ਵਿੱਚ ਵੀ ਇਸ ਵਿਵਾਦ ਨੂੰ ਉਠਾ ਕੇ ਇਹ ਗੱਲ ਸੈਂਟਰ ਦੀ ਸਰਕਾਰ ਨੂੰ ਕਹੀ ਜਾਵੇ ਕਿ ਪੰਜਾਬ ਦਾ ਇਹ ਜਿਹੜਾ ਬੋਝ ਹੈ, ਇਸ ਨੂੰ ਮੁਆਫ ਕੀਤਾ ਜਾਵੇ । ਅਸੀਂ ਇਸ ਮਤੇ ਦੇ ਲਈ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਹਾਂ, ਤਾਂ ਕਿ ਪੰਜਾਬ ਦਾ ਸਰਬ-ਪੱਖੀ ਵਿਕਾਸ ਹੋ ਸਕੇ । ਧੰਨਵਾਦ ।

**ਸਰਦਾਰ ਸੁਰਜੀਤ ਸਿੰਘ ਕੋਹਲੀ** (ਪਟਿਆਲਾ ਟਾਊਨ) : ਸਤਿਕਾਰਯੋਗ ਚੇਅਰਮੈਨ ਸਾਹਿਬ, ਜੋ ਮਤਾ ਸਰਦਾਰ ਮਨਜੀਤ ਸਿੰਘ ਕਲਕੱਤਾ ਮਾਨਯੋਗ ਮੈਂਬਰ ਸਾਹਿਬ ਨੇ ਇਸ ਹਾਊਸ ਵਿਚ ਲਿਆਂਦਾ ਹੈ, ਮੈਂ ਉਸ ਵਿਚ ਤਮੂਲੀਅਤ ਕਰਦਾ ਹੋਇਆ ਇਸ ਦੀ ਜ਼ੋਰਦਾਰ ਪ੍ਰੋੜ੍ਹਤਾ ਕਰਦਾ ਹਾਂ । ਇਹ ਬੜਾ ਹੀ ਸਾਰਥਕ ਅਤੇ ਅਹਿਮ ਮਤਾ ਹੈ । ਪੰਜਾਬ ਦੇ ਸਿਰ ਤੇ ਜੋ 8,000 ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੈ, ਜਿਸ ਸਰਕਾਰ ਦਾ ਬਜਟ ਹੀ 2,000 ਕਰੋੜ ਰੁਪਏ ਹੈ, ਕਰਜ਼ੇ ਦਾ ਭੁਗਤਾਨ ਤਾਂ ਕੀ ਵਿਆਜ ਵੀ ਮੋੜਨਾ ਔਖਾ ਹੈ । ਇਸ ਲਈ ਸੈਂਟਰ ਕੋਲੋਂ ਇਸ ਕਰਜ਼ੇ ਦੀ ਮੁਆਫੀ ਵਾਸਤੇ ਸਾਰਿਆਂ ਨੂੰ ਹੀ ਸਿਫਾਰਸ਼ ਕਰਨੀ ਚਾਹੀਦੀ ਹੈ । ਇਹ ਬੜਾ ਹੀ ਅਹਿਮ ਮਤਾ ਹੈ । ਚੇਅਰਮੈਨ ਸਾਹਿਬ, ਮੈਂ ਇਸ ਦੇ ਪਿਛੋਕੜ ਵਿਚ ਦੇਖਣ ਦੀ ਲੋੜ ਮਹਿਸੂਸ ਕਰਦਾ ਹਾਂ ਕਿ ਇਹ ਕਰਜ਼ਾ ਸਾਡੇ ਸਿਰ ਕਿਸ ਤਰ੍ਹਾਂ ਚੜ੍ਹਿਆ ਅਤੇ ਕਿਉਂ ਚੜ੍ਹਿਆ । ਸੰਨ 1947 ਵਿੱਚ ਦੇਸ਼ ਦੇ ਬਟਵਾਰੇ ਤੋਂ ਬਾਅਦ ਆਜ਼ਾਦੀ ਆਈ । 1947 ਤੋਂ ਲੈ ਕੇ 1967 ਤੱਕ 20 ਸਾਲ ਕਾਂਗਰਸ ਪਾਰਟੀ ਦਾ ਰਾਜ ਰਿਹਾ । ਜਦੋਂ 1967 ਤੋਂ ਬਾਅਦ ਸਰਕਾਰਾਂ ਬਦਲੀਆਂ ਤਾਂ ਕਾਂਗਰਸ ਨੇ ਸੋਚਿਆ ਕਿ ਅਸੀਂ ਆਪਣਾ ਰਾਜ ਸਥਾਈ ਤੌਰ ਤੇ ਕਿਸ ਤਰ੍ਹਾਂ ਸਥਾਪਤ ਕਰ ਸਕਦੇ ਹਾਂ । ਆਪਣੇ ਰਾਜ ਨੂੰ ਸਥਾਈ ਰੂਪ ਵਿਚ ਸਥਾਪਤ ਕਰਨ ਲਈ ਉਨ੍ਹਾਂ ਨੇ ਢੰਗ-ਤਰੀਕੇ ਲੱਭਣੇ ਸ਼ੁਰੂ ਕਰ ਦਿੱਤੇ । ਪਹਿਲਾਂ 356 ਧਾਰਾ ਦੀ ਵਰਤੋਂ ਕੀਤੀ ਅਤੇ ਦੂਸਰੀਆਂ ਪਾਰਟੀਆਂ ਦੀਆਂ ਸਰਕਾਰਾਂ ਨੂੰ ਤੋੜਿਆ ਗਿਆ । ਜਦੋਂ ਉਨ੍ਹਾਂ ਦਾ ਇਹ ਫਾਰਮੂਲਾ ਵੀ ਫੇਲ੍ਹ ਹੁੰਦਾ ਨਜ਼ਰ ਆਇਆ ਅਤੇ ਉਨ੍ਹਾਂ ਨੇ ਵੇਖਿਆ ਕਿ 1977 ਤੋਂ 1980 ਤੱਕ ਫਿਰ ਪੰਜਾਬ ਵਿਚ ਅਕਾਲੀ ਦਲ ਦਾ ਰਾਜ ਰਿਹਾ ਹੈ ਤਾਂ ਫਿਰ ਇਸ ਨੇ ਇਕ ਨਵਾਂ ਫਾਰਮੂਲਾ 'ਡਿਵਾਈਡ ਐਂਡ ਰੂਲ', ਪਾੜੋ ਅਤੇ ਰਾਜ ਕਰੋ, ਅਪਣਾਇਆ ਜਿਸ ਨੂੰ ਨਾਂ ਦੇ ਦਿੱਤਾ ਅੱਤਵਾਦ ਅਤੇ ਵੱਖਵਾਦ ਦਾ । ਟੀ. ਵੀ. ਇਨ੍ਹਾਂ ਕੋਲ ਸੀ, ਰੇਡੀਓ ਇਨ੍ਹਾਂ ਕੋਲ ਸੀ, ਮੈਕਸੀਮਮ ਪ੍ਰੈਸ ਇਨ੍ਹਾਂ ਕੋਲ ਸੀ । ਸਰਕਾਰ ਇਨ੍ਹਾਂ ਦੀ ਸੀ ਅਤੇ ਸਾਰਾ ਮੀਡੀਆ ਇਨ੍ਹਾਂ ਦੇ ਹੱਥਾਂ ਵਿਚ ਸੀ । ਇਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

ਬੜਾ ਉਛਾਲਿਆ ਅੱਤਵਾਦ ਤੇ ਵੱਖਵਾਦ ਦਾ ਨਾਂ ਲੈ ਕੇ । ਕਿਸ ਤਰ੍ਹਾਂ ਇਨ੍ਹਾਂ ਨੇ ਪੰਜਾਬ ਨੂੰ ਲੁੱਟਿਆ । ਪਹਿਲਾਂ ਤਾਂ 1947 ਤੋਂ ਲੈ ਕੇ 1967 ਤੱਕ ਇਹ ਮਿੱਠਾ ਮਿੱਠਾ ਲੁੱਟਦੇ ਰਹੇ । ਫਿਰ ਅੱਤਵਾਦ ਅਤੇ ਵੱਖਵਾਦ ਦੇ ਨਾਂ ਥੱਲੇ ਜ਼ੁਲਮ ਕੀਤੇ, ਕਤਲੇਆਮ ਵੀ ਕੀਤੇ ਅਤੇ ਪੰਜਾਬ ਨੂੰ ਜ਼ਬਰਦਸਤੀ ਲੁੱਟਿਆ । ਪੰਜਾਬ ਦਾ ਬਜਟ ਵਧਾਇਆ ਜਾ ਸਕਦਾ ਸੀ ਕਿਉਂਕਿ ਇਥੇ ਉਦਯੋਗ ਵਧ ਰਿਹਾ ਸੀ ਅਤੇ ਪੰਜਾਬ ਤਰੱਕੀ ਤੇ ਸੀ । ਕਾਂਗਰਸ ਬਦਨਾਮ ਹੁੰਦੀ ਜਾ ਰਹੀ ਸੀ, ਇਸੇ ਲਈ ਹੀ ਇਨ੍ਹਾਂ ਨੇ ਕਰਜ਼ਾ ਲੈਣ ਬਾਰੇ ਸੋਚਿਆ । ਇਕ ਪੰਜਾਬੀ ਪ੍ਰੈਸ ਨੇ ਇਹ ਲਿਖਿਆ ਸੀ ਕਿ ਕਿਹੜੇ ਕਿਹੜੇ ਅੱਤਵਾਦੀ, ਕਿਹੜੇ ਕਿਹੜੇ ਮੰਤਰੀ ਜਾਂ ਕਿਹੜੇ ਕਿਹੜੇ ਕਾਂਗਰਸੀ ਭਰਾਵਾਂ ਦੇ ਘਰ ਪਨਾਹ ਲੈਂਦੇ ਰਹੇ ਹਨ । ਇਹ ਹਾਈ-ਲਾਈਟ ਹੋਇਆ ਅਤੇ ਗੱਲ ਸਾਹਮਣੇ ਆਈ ਕਿ ਸਰਦਾਰ ਲਖਮੀਰ ਸਿੰਘ ਰੰਧਾਵਾ ਦੇ ਜਵਾਈ ਸਾਹਿਬ ਅੱਤਵਾਦੀਆਂ ਦੇ ਘਰਾਂ ਵਿਚ ਜਾ ਕੇ ਉਨ੍ਹਾਂ ਦਾ ਇਲਾਜ ਕਰਦੇ ਰਹੇ । ਇਕ ਸਰਦਾਰ ਪਰਤਾਪ ਸਿੰਘ ਬਾਜਵਾ ਦਾ ਨਾਂ ਵੀ ਅਖ਼ਬਾਰ ਵਿਚ ਆਇਆ । ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦਾ ਨਾਂ ਅਖ਼ਬਾਰਾਂ ਵਿਚ ਛਪਿਆ .(ਵਿਘਨ) .

**ਸ੍ਰੀ ਸਭਾਪਤੀ**: ਕੋਹਲੀ ਸਾਹਿਬ, ਜਿਹੜੇ ਵਿਅਕਤੀ ਇਸ ਸਦਨ ਵਿਚ ਹਾਜ਼ਰ ਨਹੀਂ ਹਨ, ਉਨ੍ਹਾਂ ਦੇ ਮੁਤੱਲਕ ਨਾ ਬੋਲੋ । (ਇਸ ਸਮੇਂ ਸ੍ਰੀਮਤੀ ਰਾਜਿੰਦਰ ਕੌਰ ਭੱਠਲ ਲੀਡਰ ਆਫ ਦੀ ਆਪੋਜ਼ੀਸ਼ਨ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।) ਬੀਬੀ ਭੱਠਲ ਜੀ, ਕੀ ਤੁਸੀਂ ਪੁਆਇੰਟ ਆਫ ਆਰਡਰ ਤੇ ਬੋਲਣਾ ਚਾਹੁੰਦੇ ਹੋ ?

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਹਾਂ ਜੀ, ਚੇਅਰਮੈਨ ਸਾਹਿਬ । ਜਿਸ ਤਰ੍ਹਾਂ ਮੈਂ ਕੱਲ੍ਹ ਵੀ ਕਿਹਾ ਸੀ ਕਿ ਆਪਾਂ ਜਿਤਨੀ ਮਰਜ਼ੀ ਇਲਜ਼ਾਮਬਾਜ਼ੀ ਕਰ ਲਈਏ, ਇਸ ਦਾ ਕੋਈ ਅੰਤ ਨਹੀਂ ਹੈ । ਮੈਂ ਸਾਰੀ ਗੱਲ ਬੜੀ ਖੁਲ੍ਹ ਕੇ ਕਹੀ ਸੀ ਅਤੇ ਅੱਜ ਵੀ ਕਹਿੰਦੀ ਹਾਂ, ਅਰਸ਼ੀ ਸਾਹਿਬ ਨੇ ਵੀ ਕਹੀ ਸੀ, ਅਸੀਂ ਇਕ ਜੁਡੀਸ਼ੀਅਲ ਕਮਿਸ਼ਨ ਬਣਾ ਲਈਏ ਸਾਰਾ ਕੁਝ ਇਧਰੋਂ ਕੌਣ ਅਤੇ ਉਧਰੋਂ ਕੌਣ (ਟਰੈਜ਼ਰੀ ਅਤੇ ਵਿਰੋਧੀ ਬੈਂਚਾਂ ਵਲ ਇਸ਼ਾਰਾ) ਕੌਣ ਹੈ, ਕਿਵੇਂ ਹੈ, ਉਹ ਸਭ ਸਾਹਮਣੇ ਆ ਜਾਵੇਗਾ । ਅਸੀਂ ਮਤੇ ਤੇ ਬੋਲਦੇ ਹੋਏ ਆਪਸ ਵਿਚ ਕਿਉਂ ਬਹਿਸੀ ਜਾ ਰਹੇ ਹਾਂ । ਅਸੀਂ ਕਿਉਂ ਨਹੀਂ ਰਵਾਇਤਾਂ ਨੂੰ ਅਪਣਾ ਰਹੇ ।

**ਸਰਦਾਰ ਸੁਰਜੀਤ ਸਿੰਘ ਕੋਹਲੀ** : ਚੰਗਾ ਭੈਣ ਜੀ, ਮੈਂ ਨਾਂ ਨਹੀਂ ਲੈਂਦਾ ।

**ਸ੍ਰੀ ਸਭਾਪਤੀ** : ਕੋਹਲੀ ਸਾਹਿਬ, ਤੁਸੀਂ ਤਿੰਨ ਮਿੰਟਾਂ ਵਿਚ ਖਤਮ ਕਰੋ ।

**ਸਰਦਾਰ ਸੁਰਜੀਤ ਸਿੰਘ ਕੋਹਲੀ** : ਚੇਅਰਮੈਨ ਸਾਹਿਬ, ਇਹ 8,000 ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਇਹ ਇਕ ਕੜੀ ਹੈ ਪੰਜਾਬ ਨੂੰ ਕਮਜ਼ੋਰ ਕਰਨ ਦੀ । ਮੇਰੇ ਮਾਨਯੋਗ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਕੋਹਲੀ]

ਭਰਾਵਾਂ ਨੇ ਕਿਹਾ ਹੈ ਕਿ ਇਨ੍ਹਾਂ ਨੇ ਮਰਜੀਵੜੇ ਬਣਾ ਲਏ, ਧਰਮਯੁੱਧ ਸ਼ੁਰੂ ਕਰ ਲਿਆ, ਇਨ੍ਹਾਂ ਸਭ ਗੱਲਾਂ ਦਾ ਜਵਾਬ ਦੇਣਾ ਪੈਣਾ ਹੈ । ਕਾਂਗਰਸ ਸਰਕਾਰ ਨੇ ਪੰਜਾਬ ਨੂੰ ਕਮਜ਼ੋਰ ਕਰਨ ਲਈ ਹੀ ਪੰਜਾਬ ਦੇ ਸਿਰ 8,000 ਕਰੋੜ ਰੁਪਏ ਦਾ ਕਰਜ਼ਾ ਚੜ੍ਹਾਇਆ ਅਤੇ ਆਪਣੇ ਰਾਜ ਨੂੰ ਸਥਾਈ ਰੂਪ ਵਿਚ ਸਥਾਪਤ ਕਰਨ ਲਈ ਚਾਲ ਚੱਲੀ ਅਤੇ ਅੱਤਵਾਦ ਅਤੇ ਵੱਖਵਾਦ ਨੂੰ ਖੜਾ ਕੀਤਾ । ਪੰਜਾਬ ਕੋਲੋਂ ਇਸ ਦੀ ਰਾਜਧਾਨੀ ਖੋਹ ਲਈ ਗਈ । ਪੰਜਾਬ ਦਾ ਪਾਣੀ ਦੂਸਰਿਆਂ ਸੂਬਿਆਂ ਨੂੰ ਦੇ ਦਿੱਤਾ ਗਿਆ ਅਤੇ ਰਹਿੰਦਾ ਪਾਣੀ ਵੀ ਦੇਣ ਦਾ ਯਤਨ ਕੀਤਾ ਗਿਆ । ਹੈਡ-ਵਰਕਸ ਦਾ ਪ੍ਰਬੰਧ ਉਨ੍ਹਾਂ ਨੇ ਰੱਖ ਲਿਆ । ਪੰਜਾਬ ਦੇ ਕਿਸਾਨ ਨੂੰ ਕਿਸ ਤਰ੍ਹਾਂ ਲੁਟਿਆ ਗਿਆ, ਚੇਅਰਮੈਨ ਸਾਹਿਬ, ਇਹ ਸਾਰੀਆਂ ਕੜੀਆਂ ਹਨ। ਪੰਜਾਬ ਦੇ ਸਿਰ, ਜੋ 8,000 ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੋਇਆ ਹੈ, ਪੰਜਾਬ ਦੇ ਅੰਦਰ ਅੱਤਵਾਦ ਅਤੇ ਵੱਖ-ਵਾਦ ਜੋ ਇਨ੍ਹਾਂ ਦੀ ਦੇਣ ਸੀ ਅਤੇ ਵਿਦੇਸ਼ੀ ਏਜੰਸੀਆਂ ਵੀ ਜਿਸਦਾ ਫਾਇਦਾ ਉਠਾਉਂਦੀਆਂ ਰਹੀਆਂ ਹਨ, ਇਨ੍ਹਾਂ ਦੇ ਕਾਰਨ ਹੀ ਚੜ੍ਹਿਆ ਹੈ । ਇਥੇ ਪੈਰਾ ਮਿਲਟਰੀ ਫੋਰਸਿਜ਼ ਆਉਂਦੀਆਂ ਰਹੀਆਂ, ਬੀ. ਐਸ. ਐਫ., ਸੀ. ਆਰ. ਪੀ. ਐਫ. ਅਤੇ ਹੋਰ ਫੋਰਸਿਜ਼ ਲਗਦੀਆਂ ਰਹੀਆਂ ਹਨ । ਚੇਅਰਮੈਨ ਸਾਹਿਬ, ਇਕ ਇਕ ਲੀਡਰ ਨਾਲ 8-8, 10-10 ਗੰਨਮੈਨ ਲਗਦੇ ਰਹੇ ਹਨ ਅਤੇ ਇਨ੍ਹਾਂ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਛੱਡਣ ਲਈ 4-4 ਗੰਨਮੈਨ ਜਾਂਦੇ ਰਹੇ ਹਨ ਅਤੇ ਇਹ 8,000 ਕਰੋੜ ਰੁਪਏ ਦਾ ਕਰਜ਼ਾ ਸੈਂਟਰ ਦੀ ਪੰਜਾਬ ਨੂੰ ਕਮਜ਼ੋਰ ਕਰਨ ਲਈ ਇਕ ਕੜੀ ਸੀ । ਚੇਅਰਮੈਨ ਸਾਹਿਬ, ਜਿਸ ਤਰ੍ਹਾਂ ਇਕ ਬੱਚਾ ਨੌਕਰੀ ਲੈਣ ਲਈ ਟੈਸਟ ਵਿੱਚ ਤਾਂ ਬੈਠ ਜਾਂਦਾ ਹੈ ਪਰ ਇੰਟਰਵਿਊ ਲਈ ਨਹੀਂ ਜਾਂਦਾ, ਉਸੇ ਤਰ੍ਹਾਂ ਹੀ ਸਾਡੇ ਕਾਂਗਰਸੀ ਮੁੱਖ ਮੰਤਰੀ, ਲੈਟਰ ਤਾਂ ਲਿਖਦੇ ਰਹੇ ਹਨ ਪਰ ਕਿਸੇ ਨੇ ਕਰਜ਼ੇ ਦੀ ਮੁਆਫੀ ਲਈ ਪੈਰਵੀ ਨਹੀਂ ਕੀਤੀ, ਕਿਸੇ ਨਾਲ ਮੁਲਾਕਾਤ ਨਹੀਂ ਕੀਤੀ ਅਤੇ ਨਾ ਹੀ ਕਿਸੇ ਨੂੰ ਕਿਹਾ ਪਰ, ਚੇਅਰਮੈਨ ਸਾਹਿਬ, ਅਸੀਂ ਇਸ ਕਰਜ਼ੇ ਦੀ ਮੁਆਫੀ ਲਈ ਕੇਂਦਰ ਦੀ ਸਰਕਾਰ ਨੂੰ ਲਿਖਾਂਗੇ ਵੀ ਅਤੇ ਇਸ ਦੀ ਪੈਰਵੀ ਵੀ ਕਰਾਂਗੇ । ਸ਼੍ਰੋਮਣੀ ਅਕਾਲੀ ਦਲ ਹਮੇਸ਼ਾਂ ਹੀ ਪੰਜਾਬ ਦੇ ਹੱਕਾਂ ਲਈ ਲੜਦਾ ਰਿਹਾ ਹੈ ਅਤੇ ਹੁਣ ਵੀ ਕਰਜ਼ੇ ਦੀ ਮੁਆਫੀ ਲਈ ਲੜਦਾ ਰਹੇਗਾ ਅਤੇ ਸੈਂਟਰ ਦੀ ਸਰਕਾਰ ਤੋਂ 8,000 ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਾਉਣ ਦਾ ਯਤਨ ਕਰੇਗਾ । ਧੰਨਵਾਦ ।

**ਸ਼੍ਰੀ ਮਨੋਰੰਜਨ ਕਾਲੀਆ** (ਜਲੰਧਰ) : ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਜਿਹੜਾ ਮਤਾ ਸਰਦਾਰ ਮਨਜੀਤ ਸਿੰਘ ਕਲਕੱਤਾ ਜੀ ਨੇ ਇਸ ਸਦਨ ਵਿਚ ਲਿਆਂਦਾ ਹੈ, ਤੁਸੀਂ ਮੈਨੂੰ ਉਸ ਤੇ ਬੋਲਣ ਦਾ ਮੌਕਾ ਦਿਤਾ ਹੈ । ਇਹ 8,000 ਕਰੋੜ ਰੁਪਏ ਦਾ ਕਰਜ਼ਾ ਪੰਜਾਬ ਦੀ ਕੋਈ ਆਮ ਪਬਲਿਕ ਦੇ ਉਪਰ ਨਹੀਂ ਖਰਚ ਕੀਤਾ ਗਿਆ ਸੀ । ਇਸ ਸਦਨ ਵਿਚ ਸਾਰੀਆਂ ਪਾਰਟੀਆਂ ਦੇ ਜਿਹੜੇ ਜਿਹੜੇ ਵੀ ਮਾਨਯੋਗ ਮੈਂਬਰ ਸਾਹਿਬਾਨ ਬੋਲੇ ਹਨ, ਇਕ ਗੱਲ ਤੇ ਉਨ੍ਹਾਂ ਸਭ ਦੀ ਸਹਿਮਤੀ ਸੀ ਕਿ ਇਹ ਕਰਜ਼ਾ ਪ੍ਰਾਕਸੀ-ਵਾਰ ਲੜਣ ਦੇ ਲਈ ਜੋ ਕਿ ਪੰਜਾਬ ਵਿਚ ਲੜੀ ਗਈ, ਉਸਤੇ ਲੱਗਾ । ਬਿਲਕੁਲ ਠੀਕ ਹੈ ਕਿ ਪ੍ਰਾਕਸੀ ਵਾਰ ਲਈ ਖਰਚ ਕੀਤਾ ਗਿਆ ਪਰ ਉਸ

Original with;
Punjab Vidhan Sabha
Digitized by;
Panjab Digital Library

ਲੜਾਈ ਦੇ ਖਿਲਾਫ ਪੰਜਾਬੀ ਭਰਾ ਬਿਲਕੁਲ ਖੁਲ੍ਹੀ ਤਰ੍ਹਾਂ ਲੜੇ ਔਰ ਇਹ ਲੜਾਈ ਜਿਹੜੀ ਕਿ ਸਾਰੇ ਹਿੰਦੁਸਤਾਨ ਦੀ ਸੀ, ਕਿਉਂਕਿ ਜਦੋਂ ਜਦੋਂ ਵੀ ਇਸ ਦੇਸ਼ ਦੀ ਏਕਤਾ ਔਰ ਅਖੰਡਤਾ ਨੂੰ ਖਤਰਾ ਹੋਇਆ ਹੈ ਤਾਂ ਸਾਰੇ ਹਿੰਦੁਸਤਾਨ ਅਤੇ ਹਿੰਦੁਸਤਾਨ ਦੇ ਨਾਗਰਿਕ ਇਸੇ ਤਰ੍ਹਾਂ ਲੜਦੇ ਰਹੇ ਹਨ, ਚਾਹੇ 1965 ਦੀ ਲੜਾਈ ਹੋਵੇ, ਉਸਦੇ ਵਿੱਚ ਕਈ ਸੰਗਠਨਾਂ ਨੇ ਹਿੱਸਾ ਪਾਇਆ। ਰਾਸ਼ਟਰੀ ਸਵਯਮ ਸੇਵਕ ਸੰਘ ਨੇ ਦਿੱਲੀ ਦੇ ਵਿੱਚ ਪ੍ਰਬੰਧ ਸੰਭਾਲਿਆ ਅਤੇ ਕਈ ਸਮਾਜ ਸੇਵੀ ਸੰਸਥਾਵਾਂ ਨੇ ਜਿਹੜੇ 1965 ਵਿਚ ਸਾਡੇ ਬਹਾਦਰ ਜਵਾਨ ਲੜਦੇ ਸਨ, ਉਨ੍ਹਾਂ ਦੇ ਲਈ ਦੁੱਧ ਲੈ ਕੇ ਜਾਣਾ ਅਤੇ ਉਨ੍ਹਾਂ ਲਈ ਚੀਜ਼ਾਂ ਮੁਹੱਈਆ ਕੀਤੀਆਂ। ਇਸੇ ਤਰ੍ਹਾਂ ਜਦੋਂ ਬੰਗਲਾ ਦੇਸ਼ ਦੀ ਲੜਾਈ ਹੋਈ ਤਾਂ ਇਹ ਵੀ ਹਿੰਦੁਸਤਾਨ ਦੀ ਲੜਾਈ ਸੀ ਅਤੇ ਹਿੰਦੁਸਤਾਨ ਦੇ ਨਾਗਰਿਕਾਂ ਨੇ ਝੱਲੀ। ਉਸ ਸਮੇਂ ਹਿੰਦੁਸਤਾਨ ਸਰਕਾਰ ਨੇ ਇਕ ਟੈਕਸ ਲਗਾਇਆ ਅਤੇ ਉਹ ਟੈਕਸ 5 ਪੈਸੇ ਦੀ ਇਕ ਟਿਕਟ ਦੇ ਰੂਪ ਵਿੱਚ ਬੰਗਲਾ ਦੇਸ਼ ਰਲੀਫ ਫੰਡ ਇਕੱਠਾ ਕੀਤਾ ਅਤੇ ਸਾਡੀ ਸਰਕਾਰ ਨੇ ਕਿਹਾ ਕਿ ਜਿਹੜਾ ਵੀ ਖਰਚਾ ਹੋਵੇਗਾ, ਅਸੀਂ ਉਹ ਸਹਿਨ ਕਰਾਂਗੇ। ਚੇਅਰਮੈਨ ਸਾਹਿਬ, ਲੇਕਿਨ ਇਹ ਜਿਹੜੀ ਪੰਜਾਬ ਵਿਚ ਲੜਾਈ ਲੜੀ ਗਈ ਹੈ, ਪ੍ਰਾਕਸੀ-ਵਾਰ ਲੜੀ ਗਈ ਹੈ, ਇਹ ਪੰਜਾਬ ਇਕੱਲੇ ਨੇ ਲੜੀ ਹੈ ਅਤੇ ਪੂਰੇ ਦੇਸ਼ ਦੀ ਖਾਤਿਰ ਲੜੀ ਹੈ। ਇਸ ਲਈ ਜ਼ਰੂਰੀ ਹੈ ਕਿ ਇਹ ਖਰਚਾ ਕੇਂਦਰ ਸਰਕਾਰ ਮੁਆਫ ਕਰੇ। ਚੇਅਰਮੈਨ ਸਾਹਿਬ, ਪੰਜਾਬ ਵਿੱਚ ਪ੍ਰਾਕਸੀ-ਵਾਰ ਲੜੀ ਗਈ ਹੈ, ਪਰ ਦੇਖਣ ਵਾਲੀ ਗੱਲ ਹੈ ਕਿ ਇਸਦੇ ਲਈ ਕੌਣ ਜ਼ਿੰਮੇਵਾਰ ਹੈ, ਇਹ ਕਰਜ਼ਾ ਪੰਜਾਬ ਦੇ ਸਿਰ ਕਿਉਂ ਚੜ੍ਹਿਆ ? ਸਭ ਤੋਂ ਪਹਿਲੀ ਗੱਲ ਤਾਂ ਵੇਖਣ ਵਾਲਾਂ ਇਹ ਹੈ ਕਿ ਇਹ ਅੱਤਵਾਦ ਕਦੋਂ ਪੰਜਾਬ ਵਿੱਚ ਪਨਪਿਆ, ਇਸਦੀ ਜ਼ਿੰਮੇਵਾਰੀ ਕਿਸ ਤੇ ਪੈਂਦੀ ਹੈ। ਜਦੋਂ ਅੱਤਵਾਦ ਪੈਦਾ ਹੋਇਆ, ਉਸ ਸਮੇਂ ਪੰਜਾਬ ਵਿੱਚ ਕਿਹੜੀ ਪਾਰਟੀ ਦੀ ਸਰਕਾਰ ਸੀ ਅਤੇ ਉਸ ਵੇਲੇ ਦੇ ਹੁਕਮਰਾਨਾ ਵਲੋਂ ਕਿਉਂ ਅੱਤਵਾਦ ਨਹੀਂ ਦਬਾਇਆ ਗਿਆ ਅਤੇ ਸਖਤੀ ਨਾਲ ਖਤਮ ਕੀਤਾ ਗਿਆ ? ਇਕ ਗੱਲ ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਅੱਜ ਜਦੋਂ ਪ੍ਰਾਕਸੀ ਵਾਰ ਜੰਮੂ-ਕਸ਼ਮੀਰ ਬਾਰੇ ਵੀ ਲੜੀ ਜਾ ਰਹੀ ਹੈ ਔਰ ਪੰਜਾਬ ਵਿੱਚ ਲੜੀ ਗਈ ਹੈ, ਇਸ ਵਿੱਚ ਬਾਹਰਲੀਆਂ ਸ਼ਕਤੀਆਂ ਅਤੇ ਪਾਕਿਸਤਾਨ ਦਾ ਬਹੁਤ ਵੱਡਾ ਹੱਥ ਹੈ। ਉਹ ਬੰਦੇ ਟਰੇਂਡ ਕਰਕੇ ਇਥੇ ਭੇਜਦਾ ਰਿਹਾ ਹੈ। ਉਹ ਸਮੇਂ ਦੀ ਸਰਕਾਰ ਨੇ ਇਸ ਨੂੰ ਕਿਉਂ ਨਹੀਂ ਸਮਝਿਆ ? ਕਿਉਂ ਨਹੀਂ ਦਬਾਇਆ ਗਿਆ ? ਕਿਉਂ ਢਿੱਲ ਵਰਤੀ ਗਈ ? ਇਸ ਕਰਕੇ ਸਮੇਂ ਦੀ ਸਰਕਾਰ ਇਸ ਵਾਸਤੇ ਜ਼ਿੰਮੇਵਾਰ ਹੈ। ਇਹ ਅੱਗ ਜਿਸ ਸਮੇਂ ਲੱਗੀ, ਉਸੇ ਟਾਈਮ ਹੀ ਬੁਝਾ ਦੇਣੀ ਚਾਹੀਦੀ ਸੀ। ਇਹ ਅੱਗ ਕਿਸ ਨੇ ਲਗਾਈ ? ਉਹ ਕਿਹੜੇ ਲੋਕ ਸਨ ਜਿਨ੍ਹਾਂ ਕਾਰਨ ਇਹ ਲੜਾਈ ਸ਼ੁਰੂ ਹੋਈ ? ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਔਰ ਕੇਂਦਰ ਵਿਚ ਇਕ ਮੰਤਰੀ ਦੀ ਆਪਸੀ ਲੜਾਈ ਕਾਰਨ ਪੰਜਾਬ ਨੂੰ ਇਸ ਅੱਗ ਵਿਚ ਝੁਲਸ ਦਿਤਾ ਗਿਆ।

**ਸ੍ਰੀ ਸਭਾਪਤੀ :** ਤੁਸੀਂ ਖਤਮ ਕਰਨ ਦੀ ਕੋਸ਼ਿਸ਼ ਕਰੋ। ਇਕ ਦੋ ਮੈਂਬਰਾਂ ਨੇ ਹੋਰ ਵੀ ਬੋਲਣਾ ਹੈ। ਫਿਰ ਦੂਸਰਾ ਮਤਾ ਵੀ ਆਉਣਾ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਨੋਰੰਜਨ ਕਾਲੀਆ** : ਜਿਹੜੀ ਗੱਲ ਮੇਰੇ ਮਾਨਯੋਗ ਮੈਂਬਰਾਂ ਨੇ ਕਹੀ ਕਿ ਇਸ ਨੂੰ ਸੰਜੀਦਗੀ ਨਾਲ ਨਹੀਂ ਲਿਆ ਗਿਆ, ਮੈਂ ਕਹਿੰਦਾ ਹਾਂ ਕਿ ਇਸ ਨੂੰ ਸੰਜੀਦਗੀ ਨਾਲ ਲਿਆ ਗਿਆ ਹੈ। ਜਦੋਂ ਜਲੰਧਰ ਵਿਚ ਹੁਣੇ ਹੀ ਘਟਨਾ ਵਾਪਰੀ ਤਾਂ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਉਥੇ ਜਾ ਕੇ ਆਏ ਔਰ ਉਨ੍ਹਾਂ ਨੇ ਸੰਵੇਦਨਾ ਵਿਅਕਤ ਕੀਤੀ। ਉਨ੍ਹਾਂ ਲੋਕਾਂ ਨੂੰ ਰਾਹਤ ਮੁਹੱਈਆ ਕਰਵਾਈ ਗਈ। 20,000/- ਦੀ ਥਾਂ 1,00,000/- ਰੁਪਿਆ ਅਨਾਊਂਸ ਕੀਤਾ ਗਿਆ ਔਰ ਜ਼ਖਮੀਆਂ ਵਾਸਤੇ 25,000/- ਰੁਪਏ ਦੀ ਰਕਮ ਅਨਾਊਂਸ ਕੀਤੀ ਗਈ। ਸਭਾਪਤੀ ਸਾਹਿਬ, ਭਾਰਤੀ ਜਨਤਾ ਪਾਰਟੀ ਔਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਪੰਜਾਬ ਵਿੱਚ ਅਮਨ ਔਰ ਸ਼ਾਂਤੀ ਕਾਇਮ ਰੱਖਣ ਵਾਸਤੇ ਬਿਲਕੁਲ ਵਚਨਬੱਧ ਹੈ। (ਥੰਪਿੰਗ) ਇਸ ਵਿੱਚ ਕਿਸੇ ਨੂੰ ਵੀ ਸ਼ੱਕ-ਸ਼ੁਬ੍ਹਾ ਨਹੀਂ ਹੋਣਾ ਚਾਹੀਦਾ ਔਰ ਇਹ ਜਿਹੜਾ ਕਰਜ਼ਾ ਹੈ, ਜਿਹੜਾ ਉਸ ਸਮੇਂ ਦੌਰਾਨ ਦਿੱਤਾ ਗਿਆ, ਇਹ ਕਰਜ਼ਾ ਕਰਜ਼ੇ ਦੇ ਤੌਰ ਤੇ ਨਹੀਂ ਦਿੱਤਾ ਗਿਆ ਸੀ ਬਲਕਿ ਲੜਾਈ ਲੜਨ ਖਾਤਰ ਦਿੱਤਾ ਗਿਆ ਸੀ ਕਿਉਂਕਿ ਪੰਜਾਬ ਆਪਣੇ ਬਜਟ ਨਾਲ ਇਹ ਲੜਾਈ ਨਹੀਂ ਲੜ ਸਕਦਾ ਸੀ। ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਸਿਮ੍ਹਾ ਰਾਓ ਲੁਧਿਆਣੇ ਆਏ। ਉਸ ਸਮੇਂ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਸੀ। ਇਹ ਗੱਲ ਠੀਕ ਹੈ ਕਿ ਉਨ੍ਹਾਂ ਨੇ ਇਸ ਮਸਲੇ ਨੂੰ ਸੰਜੀਦਗੀ ਨਾਲ ਲਿਆ ਸੀ ਕਿ ਇਹ ਕਰਜ਼ਾ ਮੁਆਫ ਹੋਣਾ ਚਾਹੀਦਾ ਹੈ ਲੇਕਿਨ ਕਾਂਗਰਸ ਦੀ ਕੇਂਦਰ ਸਰਕਾਰ ਨੇ ਇਸ ਨੂੰ ਸੀਰੀਅਸਲੀ ਨਹੀਂ ਲਿਆ। ਲੁਧਿਆਣੇ ਦੀ ਰੈਲੀ ਵਿੱਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਸਿਮ੍ਹਾ ਰਾਓ ਜੀ ਆਏ। ਰੈਲੀ ਕੀਤੀ ਗਈ ਔਰ ਉਸ ਰੈਲੀ ਵਿਚ ਕਿਹਾ ਗਿਆ ਕਿ ਅਸੀਂ ਕਰਜ਼ਾ ਮੁਆਫ ਕਰ ਦਿੱਤਾ ਹੈ। ਕਾਂਗਰਸੀ ਬਾਰ ਬਾਰ ਕਹਿੰਦੇ ਰਹੇ ਪਰ ਬਾਅਦ ਵਿੱਚ ਹੋਇਆ ਕੀ ? ਉਹ 8,000 ਕਰੋੜ ਰੁਪਏ ਦਾ ਕਰਜ਼ਾ ਮੁਆਫ ਨਹੀਂ ਕੀਤਾ ਬਲਕਿ ਸਿਰਫ 800 ਕਰੋੜ ਰੁਪਿਆ ਹੀ ਮੁਆਫ ਕੀਤਾ। ਇਹ ਫੈਸਲਾ ਕਾਂਗਰਸ ਸਰਕਾਰ ਜਿਹੜੀ ਉਸ ਸਮੇਂ ਕੇਂਦਰ ਵਿਚ ਸੀ, ਉਸ ਨੇ ਕੀਤਾ। ਇਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਇਸ ਮਸਲੇ ਨੂੰ ਕਿੰਨਾ ਕੁ ਸੀਰੀਅਸਲੀ ਲਿਆ ਹੈ। ਜਿਸ ਢੰਗ ਨਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਔਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਇਸ ਕਰਜ਼ੇ ਦੀ ਮੁਆਫੀ ਨੂੰ ਸੀਰੀਅਸਲੀ ਲਿਆ ਹੈ ਕਿ ਇਹ ਮੁਆਫ ਹੋਣਾ ਚਾਹੀਦਾ ਹੈ; ਇਹ ਸਭ ਨੂੰ ਪਤਾ ਹੈ। ਸਪੀਕਰ ਸਾਹਿਬ, 12 ਫਰਵਰੀ ਨੂੰ ਉਨ੍ਹਾਂ ਨੇ ਸਹੁੰ ਚੁੱਕੀ ਔਰ 19 ਫਰਵਰੀ ਨੂੰ ਉਹ ਦਿੱਲੀ ਗਏ। ਪ੍ਰਧਾਨ ਮੰਤਰੀ ਐਚ. ਡੀ. ਦੇਵੇਗੌੜਾ ਨੂੰ ਮਿਲੇ ਔਰ ਉਨ੍ਹਾਂ ਨੂੰ ਕਿਹਾ ਕਿ ਇਹ 8,000 ਕਰੋੜ ਰੁਪਿਆ ਮੁਆਫ ਹੋਣਾ ਚਾਹੀਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਜਨਤਾ ਪਾਰਟੀ ਔਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਕਿੰਨੀ ਸੰਜੀਦਾ ਹੈ।

**ਸ਼੍ਰੀ ਸਭਾਪਤੀ** : ਵਾਈਂਡ ਅੱਪ ਕਰੋ।

**ਸ਼੍ਰੀ ਮਨੋਰੰਜਨ ਕਾਲੀਆ** : ਸਭਾਪਤੀ ਸਾਹਿਬ, ਜੇ ਇਹ ਅੱਠ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ ਨਹੀਂ ਹੁੰਦਾ ਤਾਂ ਇਸ ਦਾ ਪੰਜਾਬ ਦੀ ਡਿਵੈਲਪਮੈਂਟ ਤੇ ਕਾਫੀ

Original with;
Punjab Vidhan Sabha
Digitized by;
Panjab Digital Library

ਅਸਰ ਪਵੇਗਾ । ਇਸ ਕਰਕੇ ਪ੍ਰਲਕੱਤਾ ਜੀ ਵੱਲੋਂ ਇਹ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ, ਮੈਂ ਇਸ ਦਾ ਸਮਰਥਨ ਕਰਦਾ ਹਾਂ । ਇਨ੍ਹਾਂ ਸ਼ਬਦਾਂ ਨਾਲ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**Mr. Chairman :** Sardar Balwant Singh Amloh, because he is a signatory to the Resolution, to speak please.

*12.29 ਬਾਅਦ ਦੁਪਹਿਰ

(ਇਸ *ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਪ੍ਰਧਾਨਗੀ ਸੰਭਾਲੀ ।)

**ਸਰਦਾਰ ਬਲਵੰਤ ਸਿੰਘ** (ਅਮਲੋਹ, ਐਸ. ਸੀ.). ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ । ਸਪੀਕਰ ਸਾਹਿਬ, ਸਾਡੇ ਪੰਜਾਬ ਤੇ ਜੋ 8,000 ਕਰੋੜ ਰੁਪਏ ਤੋਂ ਵੱਧ ਕਰਜ਼ਾ ਚੜ੍ਹਿਆ ਹੈ ਔਰ ਜਿਸ ਤਰ੍ਹਾਂ ਇਸ ਸਮੇਂ ਪੰਜਾਬ ਦੇ ਖਜ਼ਾਨੇ ਦੀ ਹਾਲਤ ਹੈ, ਇਸ ਹਾਲਤ ਦੀ ਜ਼ਿੰਮੇਵਾਰੀ ਸਾਡੇ ਮਾਨਯੋਗ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਜੋ ਬੈਠੇ ਹਨ, ਇਨ੍ਹਾਂ ਤੇ ਆਉਂਦੀ ਹੈ । ਕਿਉਂਕਿ ਜਿਸ ਤਰ੍ਹਾਂ ਦੇ ਪ੍ਰੋਗਰਾਮ, ਜਿਸ ਤਰ੍ਹਾਂ ਦੀਆਂ ਸਕੀਮਾਂ ਪਿਛਲੇ ਸਮੇਂ ਦੌਰਾਨ ਬਣਦੀਆਂ ਰਹੀਆਂ ਹਨ ਔਰ ਇਸ ਗੱਲ ਨੂੰ ਨਜ਼ਰ ਅੰਦਾਜ਼ ਕਰਕੇ ਕਿ ਆਉਣ ਵਾਲੇ ਸਮੇਂ ਵਿੱਚ ਇਸ ਦੇ ਜਿਹੜੇ ਸਿੱਟੇ ਹਨ, ਉਹ ਕਿਸ ਤਰ੍ਹਾਂ ਦੇ ਨਿਕਲਣਗੇ, ਉਹ ਆਪਣੀ ਰਫਤਾਰ ਨਾਲ ਚਲਦੇ ਰਹੇ । ਬੀਬੀ ਭੱਠਲ ਜੀ ਬੈਠੇ ਹਨ, ਜਦੋਂ ਇਹ ਮੁੱਖ ਮੰਤਰੀ ਬਣੇ, ਤਾਂ ਤਿੰਨ ਮਹੀਨੇ ਬੀਬੀ ਜੀ ਹੁਰਾਂ ਨੇ ਸਮੇਤ ਆਪਣੀ ਵਜ਼ਾਰਤ ਦਿੱਲੀ ਵਿੱਚ ਡੇਰੇ ਲਾ ਕੇ ਰੱਖੇ, ਸਿਰਫ ਇਸ ਲਈ ਕਿ ਜੋ ਇਨ੍ਹਾਂ ਦੀ ਪਾਰਟੀ ਵਿੱਚ ਖਿੱਚੋਤਾਣ ਸੀ, ਉਸ ਨੂੰ ਹੱਲ ਕਰਨ ਲਈ ਔਰ ਮੁੱਖ ਮੰਤਰੀ ਦੀ ਕੁਰਸੀ ਹਥਿਆਉਣ ਲਈ ਪੰਜਾਬ ਦੇ ਖਜ਼ਾਨੇ ਤੇ ਕਰੋੜਾਂ ਰੁਪਏ ਦਾ ਬੋਝ ਪਾਇਆ । ਮੈਂ ਤਾਂ ਇਹੀ ਬੇਨਤੀ ਕਰਦਾ ਹਾਂ ਕਿ ਜੇ ਇਹ ਅੱਠ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਾਉਣ ਲਈ ਸੁਹਿਰਦ ਹੁੰਦੇ ਅਤੇ ਜੇ ਚਾਰ ਦਿਨ ਵੀ ਦਿੱਲੀ ਵਿੱਚ ਆਪਣੇ ਪ੍ਰਧਾਨ ਮੰਤਰੀ ਜੀ ਕੋਲ ਡੇਰਾ ਲਾ ਕੇ ਬਹਿ ਜਾਂਦੇ ਕਿ ਸਾਡੇ ਖਜ਼ਾਨੇ ਦੀ ਹਾਲਤ ਬਹੁਤ ਮਾੜੀ ਹੈ ਔਰ ਪੰਜਾਬ ਦੀ ਡਿਵੈਲਪਮੈਂਟ ਵਿੱਚ ਬਹੁਤ ਵੱਡੀ ਘਟੋਤ ਆਈ ਹੋਈ ਹੈ, ਤਾਂ ਬਹੁਤ ਜਲਦੀ ਇਹ ਕਰਜ਼ਾ ਮੁਆਫ ਕਰਵਾ ਸਕਦੇ ਸੀ । ਸੋ ਹੁਣ ਹਾਊਸ ਨੇ, ਸਾਰਿਆਂ ਨੇ ਇਸ ਕਰਜ਼ੇ ਨੂੰ ਮੁਆਫ਼ ਕਰਾਉਣ ਲਈ ਸੈਂਟਰ ਸਰਕਾਰ ਨਾਲ ਲੜਨ ਦਾ ਮਨ ਬਣਾਇਆ ਹੈ । ਇਸ ਲਈ ਮੈਂ ਆਪੋਜ਼ੀਸ਼ਨ ਦੇ ਮਾਨਯੋਗ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ, ਔਰ ਨਾਲ ਹੀ ਇਥੇ ਜੋ ਮੇਰੇ ਭਰਾ ਬੋਲੇ ਹਨ, ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਬੋਲੇ ਹਨ ਕਿ ਜਿਹੜੇ ਹਾਲਾਤ ਪੰਜਾਬ ਵਿੱਚ ਪੈਦਾ ਹੋਏ, ਉਹ ਕਿਸ ਨੇ ਪੈਦਾ ਕੀਤੇ ਹਨ, ਕੌਣ ਲੋਕ ਉਨ੍ਹਾਂ ਲਈ ਜ਼ਿੰਮੇਵਾਰ ਹਨ, ਇਸ ਦੇ ਲਈ ਤਾਂ ਬਹੁਤ ਸਮਾਂ ਪਿਆ ਹੈ ਔਰ ਆਪਾਂ ਬਹਿਸ ਕਰਾਂਗੇ ਤਾਂ ਸਾਰਾ ਕੁਝ ਸਾਹਮਣੇ ਆ ਜਾਵੇਗਾ । ਬਾਰ ਬਾਰ ਇੱਕ ਗੱਲ ਕਹੀ ਗਈ ਹੈ ਕਿ ਜੁਡੀਸ਼ੀਅਲ ਕਮਿਸ਼ਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਬਣਾਇਆ ਜਾਵੇ ਤਾਂ ਕਿ ਸਾਰੇ ਲੋਕਾਂ ਨੂੰ ਪਤਾ ਲੱਗ ਸਕੇ ਕਿ ਅਸਲੀ ਦੋਸ਼ੀ ਕੌਣ ਹਨ। ਇਸ ਸਬੰਧ ਵਿੱਚ ਸ਼ਰੋਮਣੀ ਅਕਾਲੀ ਦਲ ਨੇ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਨੇ ਮੇਰਾ ਖਿਆਲ ਹੈ ਹਜ਼ਾਰ ਵਾਰ ਤੋਂ ਵੱਧ, ਹਰ ਇੱਕ ਮੀਟਿੰਗ ਵਿੱਚ ਹਰ ਇੱਕ ਆਪੋਜ਼ੀਸ਼ਨ ਦੀ ਮੀਟਿੰਗ ਵਿੱਚ ਔਰ ਜੋ ਪੰਜਾਬ ਵਿੱਚ ਪਬਲਿਕ ਮੀਟਿੰਗਾਂ ਹੋਈਆਂ, ਉਨ੍ਹਾਂ ਵਿੱਚ ਇਹ ਗੱਲ ਬੜੇ ਡੰਕੇ ਦੀ ਚੋਟ ਤੇ ਆਖੀ ਹੈ ਕਿ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦਾ ਕਮਿਸ਼ਨ ਬਣਾਇਆ ਜਾਵੇ ਔਰ ਅਸੀਂ ਤਾਂ ਇਹ ਗੱਲ ਪਿਛਲੇ ਪੰਜ ਸਾਲ ਤੋਂ ਕਹਿੰਦੇ ਆਏ ਹਾਂ। ਜਦੋਂ ਬੀਬੀ ਜੀ ਹੁਰਾਂ ਦੀ ਜਾਂ ਕਾਂਗਰਸ ਦੀ ਸਰਕਾਰ ਸੀ, ਅਰਸ਼ੀ ਜੀ ਬੈਠੇ ਹਨ, ਇਹ ਉਨ੍ਹਾਂ ਦੇ ਭਾਈਵਾਲ ਰਹੇ ਹਨ, ਉਸ ਵੇਲੇ ਕਮਿਸ਼ਨ ਬਣਾਉਣ ਦੀ ਸਿਫਾਰਸ਼ ਮੇਰਾ ਖਿਆਲ ਹੈ, ਇਨ੍ਹਾਂ ਨੇ ਇੱਕ ਵਾਰ ਵੀ ਨਹੀਂ ਕੀਤੀ। ਅਕਾਲੀ ਦਲ ਤਾਂ ਬਾਰ ਬਾਰ ਕਹਿੰਦਾ ਰਿਹਾ ਹੈ ਕਿ ਕਮਿਸ਼ਨ ਬਣਾਉ ਤੇ ਪਤਾ ਲੱਗੇ ਕਿ ਪੰਜਾਬ ਦੇ ਹਾਲਾਤ ਵਿਗਾੜਨ ਲਈ ਔਰ ਪੰਜਾਬ ਦਾ ਸਭਿਆਚਾਰ, ਪੰਜਾਬ ਦਾ ਆਰਥਿਕ ਢਾਂਚਾ ਔਰ ਪੰਜਾਬ ਦੇ ਰਾਜਨੀਤਿਕ ਹਾਲਾਤ ਵਿਗਾੜਨ ਲਈ ਕੌਣ ਲੋਕ ਜ਼ਿੰਮੇਵਾਰ ਹਨ। 1991 ਦੀਆਂ ਚੋਣਾਂ ਸਾਡੇ ਸਾਹਮਣੇ ਹਨ, ਸਾਡੇ ਆਪੋਜ਼ੀਸ਼ਨ ਦੇ ਵੀਰਾਂ ਨੇ ਚੋਣਾਂ ਦਾ ਬਾਈਕਾਟ ਕੀਤਾ ਸੀ ਔਰ ਇਹ ਬਾਰ-ਬਾਰ ਦੋਸ਼ ਲਾਉਂਦੇ ਹਨ ....

**ਸ੍ਰੀ ਸਪੀਕਰ** : ਦੋ ਮਿੰਟ ਵਿੱਚ ਕਲੋਜ਼ ਕਰੋ।

**ਸਰਦਾਰ ਬਲਵੰਤ ਸਿੰਘ** : ਲੇਕਿਨ 27 ਉਮੀਦਵਾਰ ਉਸ ਸਮੇਂ ਦੌਰਾਨ ਮਾਰੇ ਗਏ ਜਿਹੜੇ ਕਿ ਸ਼ਰੋਮਣੀ ਅਕਾਲੀ ਦਲ ਨਾਲ ਸਬੰਧਤ ਸਨ। ਜੇਕਰ ਮੈਨੂੰ ਸਮਾਂ ਮਿਲਿਆ ਤਾਂ ਫਿਰ ਬੋਲਾਂਗਾ ਔਰ ਹੁਣ ਜ਼ਿਆਦਾ ਸਮਾਂ ਨਾਂ ਲੈਂਦਾ ਹੋਇਆ, ਮੈਂ ਆਸ ਰੱਖਦਾ ਹਾਂ ਕਿ ਸਾਨੂੰ ਅੱਠ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਾਉਣ ਦਾ ਮਤਾ ਪੂਰੇ ਹਾਊਸ ਵੱਲੋਂ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ ਔਰ ਮੈਂ ਮਾਨਯੋਗ ਆਪੋਜ਼ੀਸ਼ਨ ਦੇ ਮੈਂਬਰਾਂ ਦਾ ਇਸ ਗੱਲ ਲਈ ਧੰਨਵਾਦ ਵੀ ਕਰਦਾ ਹਾਂ।

**ਸਰਦਾਰ ਹੀਰਾ ਸਿੰਘ ਗਾਬੜੀਆ** (ਲੁਧਿਆਣਾ ਰੂਰਲ): ਮਾਨਯੋਗ ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਜੋ ਮਤਾ ਸਰਦਾਰ ਮਨਜੀਤ ਸਿੰਘ ਕਲਕੱਤਾ ਵੱਲੋਂ ਪੇਸ਼ ਕੀਤਾ ਗਿਆ ਹੈ ਤੇ ਜਿਸ ਦੀ ਤਾਈਦ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੇ ਕੀਤੀ, ਮੈਂ ਉਸ ਦੀ ਪ੍ਰੋੜਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਮੈਂ ਇਸ ਪਾਸੇ ਨਹੀਂ ਜਾਣਾ ਚਾਹੁੰਦਾ ਕਿ ਅੱਠ ਹਜ਼ਾਰ ਕਰੋੜ ਰੁਪਿਆ ਜਿਸ ਪਰਪਜ਼ ਲਈ ਆਇਆ ਸੀ, ਉਸ ਤੇ ਘੱਟ ਵਰਤਿਆ ਗਿਆ ਤੇ ਹੋਰ ਕੰਮਾਂ ਤੇ ਜ਼ਿਆਦਾ ਵਰਤਿਆ ਗਿਆ, ਮੈਂ ਬਿਲਕੁੱਲ ਇਸ ਪਾਸੇ ਨਹੀਂ ਜਾਣਾ ਚਾਹੁੰਦਾ। ਨਾ ਹੀ ਮੈਂ ਇਸ ਪਾਸੇ ਜਾਣਾ ਚਾਹੁੰਦਾ ਹਾਂ ਕਿ ਜਿਹੜੇ ਉਸ ਵੇਲੇ ਸਰਕਾਰ ਵਿੱਚ ਸ਼ਾਮਲ ਲੋਕ ਸਨ, ਜਿਨ੍ਹਾਂ ਕੋਲ ਉਦੋਂ ਸਾਈਕਲ ਵੀ ਨਹੀਂ ਸਨ, ਉਨ੍ਹਾਂ ਨੇ ਅੱਜ ਕੋਠੀਆਂ ਤੇ ਕਾਰਾਂ ਕਿਥੋਂ ਪ੍ਰਾਪਤ ਕੀਤੀਆਂ ਹਨ। ਮੈਂ ਇਸ ਵਿਸ਼ੇ ਵਿਚ ਵੀ ਨਹੀਂ ਜਾਣਾ ਚਾਹੁੰਦਾ ਕਿ ਉਸ ਵੇਲੇ ਜਿਨ੍ਹਾਂ ਲੋਕਾਂ ਕੋਲ ਕੋਠੀਆਂ, ਕਾਰਾਂ ਸਨ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਤੇ ਫੈਕਟਰੀਆਂ ਦੇ ਵਿੱਚ ਜੋ ਲੋਕ ਕੰਮ ਕਰਦੇ ਸਨ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੂੰ ਤਨਖਾਹਾਂ ਕਿਥੋਂ ਮਿਲਦੀਆਂ ਸਨ ? ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਇਹ ਮਤਾ ਕਿਉਂ ਜ਼ਰਰੀ ਹੈ ਔਰ ਇਸ ਕਰਜ਼ੇ ਦੀ ਮੁਆਫੀ ਕਿਉਂ ਜ਼ਰੂਰੀ ਹੈ । ਇਸ ਪਾਸੇ ਵੱਲ ਦੋ ਮਿੰਟ ਇਸ ਪਵਿੱਤਰ ਸਦਨ ਦੇ ਵਿੱਚ ਆਪਣੇ ਵਿਚਾਰ ਰੱਖਣੇ ਚਾਹੁੰਦਾ ਹਾਂ । ਜਿਹੜਾ ਇਹ ਕਰਜ਼ਾ ਹੈ, ਇਹ ਕਰਜ਼ਾ ਜ਼ਰੂਰ ਮੁਆਫ ਹੋਣਾ ਚਾਹੀਦਾ ਹੈ ਕਿਉਂਕਿ ਸੈਂਟਰ ਦੀ ਗੌਰਮਿੰਟ ਵੀ ਉਸ ਵੇਲੇ ਕਹਿੰਦੀ ਰਹੀ ਤੇ ਪੰਜਾਬ ਦੀ ਗੌਰਮਿੰਟ ਵੀ ਕਹਿੰਦੀ ਰਹੀ ਕਿ ਜਿਹੜਾ ਗਵਾਂਢੀ ਦੇਸ਼ ਹੈ, ਇਹ ਉਨ੍ਹਾਂ ਦੀ ਸਾਜਿਸ਼ ਹੈ,ਉਸ ਦੀ ਸਾਜਿਸ਼ ਕਾਰਨ ਹੀ ਇੱਥੇ ਗੜਬੜ ਪੈਦਾ ਹੋਈ ਹੈ । ਹਮੇਸ਼ਾਂ ਇਨ੍ਹਾਂ ਦੀਆਂ ਪ੍ਰੋਸੀਡਿੰਗਜ਼ ਕਢਵਾ ਕੇ ਦੇਖ ਲਵੋ ਅਤੇ ਹਮੇਸ਼ਾਂ ਇਨ੍ਹਾਂ ਦੇ ਬਿਆਨ ਜੋ ਅਖਬਾਰਾਂ ਵਿਚ ਆਉਂਦੇ ਸਨ,ਉਹ ਵੇਖ ਲਵੋ । ਜਦੋਂ ਸਾਰੀ ਗੱਲ ਆਪਾਂ ਮੰਨ ਰਹੇ ਹਾਂ ਤਾਂ ਇਹ ਕਰਜ਼ਾ ਕਿਉਂ ਨਹੀਂ ਮੁਆਫ ਹੋਣਾ ਚਾਹੀਦਾ ? ਕਰਜ਼ਾ ਇਸ ਕਰਕੇ ਵੀ ਮੁਆਫ ਹੋਣਾ ਚਾਹੀਦਾ ਹੈ ਕਿ ਜੋ ਪਿਛੇ ਲੜਾਈ ਪੰਜਾਬ ਨੇ ਲੜੀ ਸੀ, ਜਿਹੜੀ ਪੰਜਾਬੀਆਂ ਨੇ ਆਪਣੇ ਤੇ ਹੰਢਾਈ, ਉਹ ਸੈਂਟਰ ਗੌਰਮਿੰਟ ਦੀ ਸੀ । ਲੜਾਈ ਤਾਂ ਸੈਂਟਰ ਗੌਰਮਿੰਟ ਦੀ ਸੀ ਤੇ ਇਥੇ ਸਾਡੀਆਂ ਹਜ਼ਾਰਾਂ ਨਹੀਂ, ਲੱਖਾਂ ਦੀ ਤਦਾਦ ਵਿੱਚ ਕੀਮਤੀ ਜਾਨਾਂ ਗਈਆਂ । ਇਸੇ ਤਰ੍ਹਾਂ ਐਗਰੀਕਲਚਰਲ ਸੈਕਟਰ ਵਿਚ ਵੀ ਦੇਖ ਲਵੋ, ਕਿੰਨਾ ਘਾਟੇ ਵਿਚ ਚਲਾ ਗਿਆ ਹੈ । ਅੱਜ ਸੈਂਟਰ ਦੀ ਸਰਕਾਰ ਨੂੰ ਜਿਹੜੀ ਕਣਕ ਬਾਹਰੋਂ ਮੰਗਵਾਉਣੀ ਪਈ, ਉਹ ਕਿੰਨੇ ਮਹਿੰਗੇ ਭਾਅ ਤੇ ਮੰਗਵਾਉਣੀ ਪਈ ਹੈ । ਇਸੇ ਤਰ੍ਹਾਂ ਇੰਡਸਟਰੀ ਖੇਤਰ ਦੇਖ ਲਵੋ, ਇੰਡਸਟਰੀ ਦਾ ਬਹੁਤ ਬੁਰਾ ਹਾਲ ਹੈ । ਜੇਕਰ ਕਰਜ਼ਾ ਮੁਆਫ ਨਾ ਹੋਇਆ ਤਾਂ ਇਸ ਦਾ ਰਿਜ਼ਲਟ ਇਹ ਨਿਕਲੇਗਾ ਕਿ ਦੇਸ਼ ਭੁੱਖ ਮਰੀ ਵੱਲ ਵੱਧਦਾ ਜਾਵੇਗਾ । ਸਾਨੂੰ ਬਹੁਤ ਕੀਮਤ ਦੇ ਕੇ ਬਾਹਰੋਂ ਕਣਕ ਮੰਗਵਾਉਣੀ ਪਵੇਗੀ । ਇਹ ਕਰਜ਼ਾ ਮੁਆਫ ਹੋਣਾ ਚਾਹੀਦਾ ਹੈ । ਜਿਹੜਾ ਪੰਜਾਬ ਹੈ, ਇਹ ਦੇਸ਼ ਦਾ ਅੰਨ ਦਾਤਾ ਹੈ ਔਰ ਇਹ ਦਿਨ ਰਾਤ ਮਿਹਨਤ ਕਰਕੇ ਕਣਕ ਪੈਦਾ ਕਰਦਾ ਹੈ, ਝੋਨ ਪੈਦਾ ਕਰਦਾ ਹੈ ਜਿਸ ਦੇ ਕਾਰਨ ਅੱਜ ਦੇਸ਼ ਖੁਸ਼ਹਾਲ ਹੈ । ਇਸ ਲਈ ਸਾਨੂੰ ਸਾਰਿਆਂ ਨੂੰ ਇਸ ਪਵਿੱਤਰ ਸਦਨ ਦੇ ਰਾਹੀਂ ਸੈਂਟਰ ਸਰਕਾਰ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਪੰਜਾਬ ਦਾ ਕਰਜ਼ਾ ਮੁਆਫ ਕੀਤਾ ਜਾਵੇ । ਜੇਕਰ ਇਹ ਕਰਜ਼ਾ ਮੁਆਫ ਨਾ ਕੀਤਾ ਗਿਆ ਤਾਂ ਦੇਸ਼ ਭੁੱਖਮਰੀ ਵੱਲ ਚਲਿਆ ਜਾਵੇਗਾ ਤੇ ਇਸ ਦਾ ਰਿਜ਼ਲਟ ਇਹ ਨਿਕਲੇਗਾ ਕਿ ਦੇਸ਼ ਨੂੰ ਬਹੁਤ ਮਹਿੰਗੇ ਭਾਅ ਤੇ ਬਾਹਰੋਂ ਕਣਕ, ਚਾਵਲ ਮੰਗਵਾਉਣੇ ਪੈਣਗੇ । ਪੰਜਾਬ ਇਸ ਕਰਜ਼ੇ ਦੇ ਬੋਝ ਹੇਠ ਹੋਰ ਡੁੱਬਿਆ ਜਾਵੇਗਾ ਅਤੇ ਕਿਸੇ ਪਾਸੇ ਵੀ ਤਰੱਕੀ ਕਰਨੀ ਔਖੀ ਹੋ ਜਾਵੇਗੀ । ਪਿਛਲੇ ਸਮੇਂ ਦੇ ਵਿੱਚ ਖੇਤੀ ਉਤਪਾਦਨ ਵਿਚ ਬਹੁਤ ਘਾਟ ਆਈ ਹੈ ਜਿਸ ਕਾਰਨ ਅੱਜ ਅਸੀਂ ਭੁੱਖਮਰੀ ਵਲ ਵੱਧਦੇ ਜਾ ਰਹੇ ਹਾਂ । ਸਪੀਕਰ ਸਾਹਿਬ, ਇਹ ਕਰਜ਼ਾ ਮੁਆਫ ਹੋਣਾ ਚਾਹੀਦਾ ਹੈ ਤਾਂ ਕਿ ਪੰਜਾਬ ਆਪਣੇ ਪੈਰਾਂ ਤੇ ਖੜ੍ਹਾ ਹੋ ਸਕੇ । ਅੱਜ ਮੈਂ ਇਸ ਪਾਸੇ ਨਹੀਂ ਜਾਣਾ ਚਾਹੁੰਦਾ ਕਿ ਇਹ ਪੈਸਾ ਕਿਸ ਪਰਪੱਜ਼ ਲਈ ਰੱਖਿਆ ਗਿਆ ਸੀ ਜਾਂ ਕਿਥੇ ਖਰਚ ਕੀਤਾ ਗਿਆ ਹੈ, ਕਿਉਂਕਿ ਇਹ ਬੜਾ ਲੰਮਾ ਸਵਾਲ ਹੈ । ਇਸ ਦੇ ਉਤੇ ਕਦੇ ਬਾਅਦ ਵਿੱਚ ਸਮਾਂ ਮਿਲਿਆ ਤਾਂ ਵਿਚਾਰ ਕਰਾਂਗੇ । ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਮਤਾ ਕਿਸ ਨੇ ਪੇਸ਼ ਕੀਤਾ, ਕਿਸ ਵਲੋਂ ਆਇਆ, ਇਸ ਦੇ ਉਤੇ ਵਿਰੋਧੀ ਪਾਰਟੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਹੀਰਾ ਸਿੰਘ ਗਾਬੜੀਆ]

ਨੂੰ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ । ਇਹ ਸਾਰਾ ਦੁੱਖ ਕਿਸ ਦੀ ਬਦੌਲਤ ਹੋਇਆ, ਤੁਹਾਡੀ (ਵਿਰੋਧੀ ਧਿਰ ਵਲ ਇਸ਼ਾਰਾ) ਬਦੌਲਤ ਹੀ ਇਹ ਸਾਰਾ ਦੁੱਖ ਹੋਇਆ ਹੈ । ਇਹ ਤਾਂ ਤੁਹਾਨੂੰ ਹੱਸ ਕੇ ਪ੍ਰਵਾਨ ਕਰ ਲੈਣਾ ਚਾਹੀਦਾ ਸੀ । ਬੜੇ ਦੁੱਖ ਦੀ ਗੱਲ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਇਸ ਮਤੇ ਨੂੰ ਨੁਕਤਾਚੀਨੀ ਦਾ ਵਿਸ਼ਾ ਬਣਾ ਲਿਆ । ਇਸ ਕਰਕੇ ਮੈਂ ਆਪਣੇ ਇਨ੍ਹਾਂ ਭਰਾਵਾਂ ਨੂੰ ਇਸ ਪਾਸੇ ਨਹੀਂ ਲਿਜਾਣਾ ਚਾਹੁੰਦਾ । ਅਸੀਂ ਸਾਰੇ ਹਿੰਦੁਸਤਾਨ ਦੇ ਅੰਦਰ ਰਹਿਣ ਵਾਲੇ ਹਾਂ ਅਤੇ ਹਿੰਦੁਸਤਾਨ ਦੇ ਕਾਨੂੰਨਾਂ ਨੂੰ ਮੰਨਦੇ ਹਾਂ । ਮੈਂ ਬੇਨਤੀ ਕਰਦਾ ਹਾਂ ਕਿ ਇਹ ਜੋ ਮਤਾ ਹੈ, ਜਿਸ ਦੇ ਉਤੇ ਅੱਜ ਬਹਿਸ ਹੋ ਰਹੀ ਹੈ, ਇਹ ਮਤਾ ਬਹਿਸ ਹੋ ਜਾਣ ਤੋਂ ਬਾਅਦ ਸਰਬਸੰਮਤੀ ਦੇ ਨਾਲ ਸਮੁੱਚੇ ਤੌਰ ਤੇ ਪਾਸ ਕਰ ਦੇਣਾ ਚਾਹੀਦਾ ਹੈ ।

**ਸ੍ਰੀ ਸਪੀਕਰ** ਗਾਬੜੀਆ ਜੀ, ਵਾਈਂਡ ਅੱਪ ਕਰੋ ।

**ਸਰਦਾਰ ਹੀਰਾ ਸਿੰਘ ਗਾਬੜੀਆ :** ਸਾਨੂੰ ਪ੍ਰਾਈਮ ਮਨਿਸਟਰ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਇਹ ਪੰਜਾਬ ਦਾ ਕਰਜ਼ਾ ਮੁਆਫ਼ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਪੰਜਾਬ ਆਪਣੇ ਪੈਰਾਂ ਤੇ ਖੜ੍ਹਾ ਹੋ ਸਕੇ । ਇਸ ਦੇ ਨਾਲ ਹੀ ਮੈਂ ਆਪ ਦਾ ਬਹੁਤ ਧੰਨਵਾਦ ਕਰਦਾ ਹਾਂ ।

**ਸ੍ਰੀ ਮਦਨ ਮੋਹਨ ਮਿੱਤਲ :** (ਮੰਤਰੀ, ਖੁਰਾਕ ਅਤੇ ਸਪਲਾਈਜ਼, ਜਨ ਸਿਹਤ ਅਤੇ ਸੰਸਦੀ ਮਾਮਲੇ) : ਸਪੀਕਰ ਸਾਹਿਬ, ਇਹ ਜੋ ਮਤਾ ਅੱਜ ਸਰਦਾਰ ਮਨਜੀਤ ਸਿੰਘ ਕਲਕੱਤਾ ਜੀ ਨੇ ਪੇਸ਼ ਕੀਤਾ ਹੈ, ਉਸ ਦੇ ਸਬੰਧ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕਰਜ਼ਾ ਜ਼ਰੂਰ ਮੁਆਫ਼ ਹੋਣਾ ਚਾਹੀਦਾ ਹੈ । ਇਹ ਇਕੱਲੇ ਪੰਜਾਬ ਦੀ ਲੜਾਈ ਨਹੀਂ ਸੀ, ਇਹ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਲੜਾਈ ਸੀ । ਇਸ ਗੱਲ ਉਤੇ ਸਾਰੇ ਮੈਂਬਰ ਸਹਿਮਤ ਹਨ ਕਿ ਇਹ ਪ੍ਰੌਕਸੀ ਵਾਰ ਸੀ, ਇਹ ਸਾਡੇ ਇਕੱਲਿਆਂ ਦਾ ਜਾਂ ਪੰਜਾਬ ਦਾ ਅੰਦਰੂਨੀ ਮਾਮਲਾ ਨਹੀਂ ਸੀ । ਆਨਰੇਬਲ ਮੈਂਬਰ ਰਾਜਾ ਨਰਿੰਦਰ ਸਿੰਘ ਨੇ ਆਰਟੀਕਲ 355 ਦਾ ਹਵਾਲਾ ਦਿੱਤਾ ਹੈ । ਉਸ ਆਰਟੀਕਲ 355 ਮੁਤਾਬਿਕ ਅਗਰ ਕੋਈ ਐਕਸਟਰਨਲ ਐਗਰੈਸ਼ਨ ਜਾਂ ਇੰਟਰਨਲ ਡਿਸਟਰਬੈਂਸ ਹੈ, ਉਹ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਉਥੇ ਲਾਅ ਐਂਡ ਆਰਡਰ ਬਹਾਲ ਕਰੇ । ਮੈਨੂੰ ਇਹ ਕਹਿਣ ਵਿੱਚ ਕੋਈ ਸ਼ੰਕਾ ਨਹੀਂ ਹੈ ਕਿ ਭਾਰਤ ਸਰਕਾਰ ਨੇ ਖੁਦ ਪੰਜਾਬ ਨੂੰ ਡਿਸਟਰਬਡ ਸਟੇਟ ਡਿਕਲੇਅਰ ਕੀਤਾ । ਇਸ ਦੀ ਹਾਲਤ ਖਰਾਬ ਹੋ ਚੁੱਕੀ ਸੀ । ਇਥੇ ਚੁਣਾਓ ਨਹੀਂ ਸੀ ਹੋ ਸਕਦੇ । ਇਹ ਪ੍ਰੌਕਸੀ ਵਾਰ ਇੰਟਰਨਲ ਡਿਸਟਰਬੈਂਸ ਵਾਲੀਆਂ ਸ਼ਕਤੀਆਂ ਕਾਰਨ ਹੋ ਰਹੀ ਸੀ । ਸਾਡੇ ਪੜੋਸੀ ਦੇਸ਼ ਵਿੱਚ ਟਰੇਨਿੰਗ ਕੈਂਪ ਚੱਲ ਰਹੇ ਸਨ । ਇਥੇ ਬੀਬੀ ਜੀ ਬੈਠੇ ਹਨ ਅਤੇ ਹੋਰ ਸਾਥੀ ਬੈਠੇ ਹਨ, ਅਸੀਂ ਪਹਿਲੀ ਕਤਾਰ ਵਿੱਚ ਖੜ੍ਹੇ ਹੋ ਕੇ ਇਸ ਦੇ ਖਿਲਾਫ਼ ਲੜੇ ਹਾਂ । ਕੋਈ ਐਸੀ ਪਾਰਟੀ ਨਹੀਂ ਹੈ ਜਿਸ ਨੇ ਇਸ ਲੜਾਈ ਵਿੱਚ ਆਪਣੇ ਨੇਤਾ ਸ਼ਹੀਦ ਨਾ ਕਰਾਏ ਹੋਣ । ਇਸ ਲਈ ਪਬਲੀਸਿਟੀ ਲੈਣ ਵਾਸਤੇ ਜਾਂ ਕੋਈ ਲਾਭ ਲੈਣ ਵਾਸਤੇ ਇੱਕ ਦੂਜੇ ਤੇ ਚਿੱਕੜ ਸੁੱਟਣਾ ਠੀਕ ਨਹੀਂ । ਇਹ ਲੜਾਈ ਕਿਸੇ ਇਕੱਲੇ ਨੇ ਨਹੀਂ ਲੜੀ, ਇਹ

Original with;
Punjab Vidhan Sabha
Digitized by;
Panjab Digital Library

ਸਮੂਹਿਕ ਪੰਜਾਬੀਆਂ ਦੀ ਲੜਾਈ ਸੀ : ਉਨ੍ਹਾਂ ਨੇ ਇੱਕ ਮੁੱਠ ਹੋ ਕੇ, ਮਿਲ ਕੇ ਅਗਰ ਕਹੀਏ ਇੱਕ ਪਾਰਟੀ ਵਾਂਗ ਹਥਿਆਰ ਚੁੱਕ ਕੇ ਲੜਾਈ ਲੜੀ ਹੈ । ਜੇ ਅਸੀਂ ਇਸ ਤਰ੍ਹਾਂ ਨਹੀਂ ਕਿਹਾ ਤਾਂ ਇਹ ਪੰਜਾਬੀਆਂ ਨਾਲ ਅਨਿਆਂ ਹੋਵੇਗਾ । ਪੰਜਾਬੀਆਂ ਨੇ ਨਾ ਸਿਰਫ ਇਸ ਲੜਾਈ ਵਿੱਚ ਹੀ ਹਿੱਸਾ ਪਾਇਆ ਸਗੋਂ ਅੱਜ ਤੋਂ 2 ਹਜ਼ਾਰ ਸਾਲ ਪੁਰਾਣਾ ਇਤਿਹਾਸ ਲੈ ਲਓ, 4 ਹਜ਼ਾਰ ਸਾਲ ਪਹਿਲਾ ਲੈ ਲਓ, ਜਦੋਂ ਕੋਈ ਹਮਲਾਵਰ ਦੇਸ਼ ਤੇ ਚੜ੍ਹ ਕੇ ਆਇਆ ਤਾਂ ਉਸ ਨੂੰ ਪੰਜਾਬੀਆਂ ਨੇ ਰੋਕ ਦਿੱਤਾ, ਉਹ ਅੱਗੇ ਨਹੀਂ ਵੱਧ ਸਕਿਆ । ਅਗਰ ਕਿਸੇ ਵਿਦੇਸ਼ੀ ਹਮਲਾਵਰ ਨੂੰ ਪੰਜਾਬ ਨਹੀਂ ਰੋਕ ਸਕਿਆ ਤਾਂ ਉਸ ਨੂੰ ਹਿੰਦੁਸਤਾਨ ਵਿੱਚ ਕੋਈ ਨਹੀਂ ਰੋਕ ਸਕਿਆ । ਸਿਕੰਦਰ ਆਇਆ, ਉਸ ਸਮੇਂ ਨੂੰ ਚਾਹੇ ਪ੍ਰੀ-ਹਿਸਟੋਰਿਕ ਪੀਰੀਅਡ ਕਹਿ ਲਓ, ਹਿਸਟਰੀ ਤੋਂ ਪਹਿਲੀ ਗੱਲ ਕਹਿ ਲਓ । ਪੋਰਸ ਨੇ ਸਿਕੰਦਰ ਨੂੰ ਰੋਕਿਆ ਤਾਂ ਹੀ ਸਿਕਦਰ ਵਾਪਸ ਗਿਆ । ਐਸਾ ਕਦੀ ਨਹੀਂ ਹੋਇਆ ਕਿ ਦੁਨੀਆਂ ਨੂੰ ਫਤਹਿ ਕਰਨ ਵਾਸਤੇ ਜਦੋਂ ਕੋਈ ਹੁਕਮਰਾਨ ਚੱਲੇ ਅਤੇ ਉਹ ਦੂਸਰੇ ਮੁਲਕ ਨੂੰ ਫਤਹਿ ਕਰ ਲਵੇ ਤਾਂ ਉਥੋਂ ਦੇ ਰਾਜੇ ਦੇ ਇਹ ਕਹਿਣ ਤੇ ਕਿ" ਜੈਸਾ ਇਕ ਰਾਜਾ ਦੂਸਰੇ ਰਾਜੇ ਨਾਲ ਸਲੂਕ ਕਰਦਾ ਹੈ", ਉਹ ਆਪਣੀ ਉਸ ਉਮੰਗ ਨੂੰ ਛੱਡ ਕੇ ਚਲਾ ਜਾਵੇ, ਮੈਂ ਸਮਝਦਾ ਹਾਂ ਕਿ ਇਤਿਹਾਸਕਾਰਾਂ ਨੇ ਇਹ ਹਿੰਦੁਸਤਾਨ ਨਾਲ ਅਨਿਆਂ ਕੀਤਾ ਹੈ । ਬਲਕਿ ਗੱਲ ਤਾਂ ਉਲਟੀ ਹੈ ਕਿ ਜਦੋਂ ਪੋਰਸ ਦੇ ਸੈਨਿਕਾਂ ਔਰ ਪੰਜਾਬੀਆਂ ਨੇ ਰਲ ਕੇ ਲੜਾਈ ਲੜੀ ਅਤੇ ਸਿਕੰਦਰ ਨੂੰ ਮੂੰਹ ਤੋੜ ਹਾਰ ਦਿਤੀ ਤਾਂ ਉਸਦੇ ਸੈਨਿਕਾਂ ਨੇ ਕਿਹਾ ਕਿ ਅਸੀਂ ਵਾਪਸ ਜਾਣਾ ਹੈ ਔਰ ਇਹ ਪੰਜਾਬੀਆਂ ਦਾ ਇਤਿਹਾਸ ਹੈ । ਪੰਜਾਬੀਆਂ ਨੂੰ ਸ਼ਮਸ਼ੀਰੇ-ਬਾਜ਼ੂ ਇਵੇਂ ਹੀ ਨਹੀਂ ਕਿਹਾ ਜਾਂਦਾ । ਗੱਲ ਆਪਣੀ-ਆਪਣੀ ਪਾਰਟੀ ਦੀ ਨਹੀਂ, ਇਸ ਲੜਾਈ ਵਿੱਚ ਸਮੂਹ ਪੰਜਾਬੀਆਂ ਨੇ, ਭਾਵੇਂ ਉਹ ਕਿਸਾਨ ਸੀ ਭਾਵੇਂ ਉਹ ਮਜ਼ਦੂਰ ਸੀ, ਭਾਵੇਂ ਕਰਮਚਾਰੀ ਸੀ, ਇਸ ਵਿੱਚ ਸਭ ਨੇ ਹਿੱਸਾ ਪਾਇਆ । ਲੇਕਿਨ ਬੜੇ ਦੁੱਖ ਦੀ ਗੱਲ ਹੈ ਕਿ ਇਸਦਾ ਖਰਚਾ ਕੇਵਲ ਪੰਜਾਬੀ ਚੁੱਕਣ । ਇਥੇ ਆਪੋਜ਼ੀਸ਼ਨ ਦੇ ਲੀਡਰ ਬੀਬੀ ਜੀ ਬੈਠੇ ਹਨ, ਇਹ ਵੀ ਲੜੇ, ਕੇਂਦਰ ਨੂੰ ਇਸ ਬਾਰੇ ਕਿਹਾ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਦੀ ਆਪਣੀ ਪਾਰਟੀ ਦੀ ਕੇਂਦਰ ਵਿਚ ਸਰਕਾਰ ਸੀ, ਸਰਦਾਰ ਬੇਅੰਤ ਸਿੰਘ ਕਹਿੰਦੇ ਰਹੇ, ਬਰਾੜ ਸਾਹਿਬ ਕਹਿੰਦੇ ਰਹੇ ਪਰ ਕਰਜ਼ਾ ਮੁਆਫ ਨਹੀਂ ਕਰਵਾ ਸਕੇ । ਹੁਣ ਤਾਂ 14 ਪਾਰਟੀਆਂ ਦੀ ਸਾਂਝੀ ਸਰਕਾਰ ਹੈ । ਮੈਂ ਸਮਝਦਾ ਹਾਂ ਕਿ ਇਸ ਮਤੇ ਨੂੰ ਮੱਦੇ ਨਜ਼ਰ ਰੱਖਦੇ ਹੋਏ ਕੇਂਦਰ ਸਰਕਾਰ ਨੂੰ ਪ੍ਰਧਾਨ ਮੰਤਰੀ ਜੀ ਨੂੰ, ਖਾਸ ਤਵੱਜੋ ਦੇ ਕੇ, ਇਸ ਰੇਜ਼ੋਲਿਊਸ਼ਨ ਨੂੰ ਮਾਨਤਾ ਦੇਣੀ ਚਾਹੀਦੀ ਹੈ ਅਤੇ ਇਸ ਨੂੰ ਮੰਨ ਕੇ ਕਰਜ਼ਾ ਮੁਆਫ ਕਰਨਾ ਚਾਹੀਦਾ ਹੈ । ਇਹ ਲੜਾਈ ਲੜਦੇ ਹੋਏ ਡਿਫੈਂਸ ਫੋਰਸਿਜ਼ ਤੇ ਖਰਚਾ ਨਹੀਂ ਹੋਇਆ ਕੇਵਲ ਪੈਰਾ ਮਿਲਟਰੀ ਤੇ ਖਰਚ ਨਹੀਂ ਹੋਇਆ, ਬਲਕਿ ਉਸ ਹਾਲਤ ਦੇ ਕਾਰਨ, ਰੈਵਨਿਊ ਰਿਕਵਰੀ ਵੀ ਘੱਟ ਹੋਈ । ਕਿਉਂਕਿ ਹਾਲਾਤ ਨਾਰਮਲ ਨਹੀਂ ਸਨ ਅਤੇ ਐਬਨਾਰਮਲ ਸਿਚੂਏਸ਼ਨ ਦੇ ਵਿਚ ਸਰਕਾਰ ਦਾ ਸਾਰਾ ਕੰਮ ਅਸਤ ਵਿਅਸਤ ਸੀ । ਜਿੰਨਾ ਖਰਚਾ ਭਾਵੇਂ ਉਹ ਕਰਜ਼ੇ ਦੀ ਸ਼ਕਲ ਵਿੱਚ ਆਉਂਦਾ ਰਿਹਾ ਇਸ ਨੂੰ ਪੰਜਾਬ ਦੀ ਅਸੈਂਬਲੀ ਪਾਸ

Original with;
Punjab Vidhan Sabha
Digitized by;
Panjab Digital Library

[ਮੰਤਰੀ, ਖੁਰਾਕ ਅਤੇ ਸਪਲਾਈਜ਼, ਜਨ ਸਿਹਤ ਅਤੇ ਸੰਸਦੀ ਮਾਮਲੇ]

ਨਹੀਂ ਕਰਦੀ ਸੀ, ਇਹ ਕੇਂਦਰ ਸਰਕਾਰ ਤੋਂ ਪਾਸ ਹੋ ਕੇ ਆਉਂਦਾ ਸੀ । ਇਸ ਨੂੰ ਲੋਕ ਸਭਾ ਪਾਸ ਕਰਦੀ ਸੀ, ਮਨਜ਼ੂਰੀ ਦਿੰਦੀ ਸੀ । ਗਵਰਨਰ ਐਡਮਨਿਸਟਰੇਟਰ ਦੇ ਤੌਰ ਤੇ ਖਰਚ ਕਰਦਾ ਸੀ । 1992-93 ਵਿੱਚ ਜੋ ਪੈਸਾ ਆਇਆ, ਕੇਵਲ ਉਹੀ ਵਿਧਾਨ ਸਭਾ ਵਿੱਚ ਪਾਸ ਹੋ ਕੇ ਖਰਚ ਹੋਇਆ ਹੈ । ਪਹਿਲਾਂ ਪੈਸਾ ਕੇਂਦਰ ਦੀ ਮਨਜ਼ੂਰੀ ਨਾਲ ਹੀ ਖਰਚ ਹੋਇਆ । ਜਿੰਨਾ ਸਾਨੂੰ ਕਰਜ਼ਾ ਦਿੱਤਾ ਗਿਆ, ਉਸ ਨਾਲੋਂ ਵੱਧ ਅਸੀਂ ਵਿਆਜ ਦੀ ਸ਼ਕਲ ਵਿਚ ਵਾਪਸ ਕਰ ਚੁੱਕੇ ਹਾਂ ਅਤੇ ਪ੍ਰਿੰਸੀਪਲ ਅਮਾਉਂਟ ਦੇ ਇੰਟਰੈਸਟ ਦੀ ਕਿਸ਼ਤ ਜ਼ਿਆਦਾ ਬਣ ਜਾਂਦੀ ਹੈ । ਇਥੇ ਜਿਹੜਾ ਮਤਾ ਕਲਕੱਤਾ ਸਾਹਿਬ ਨੇ ਪੇਸ਼ ਕੀਤਾ ਹੈ, ਉਸ ਨੂੰ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ ਅਤੇ ਉਮੀਦ ਹੈ ਕਿ ਆਪੋਜ਼ੀਸ਼ਨ ਪਾਰਟੀ ਵਾਲੇ ਵੀ ਇਸ ਦਾ ਸਮਰਥਨ ਕਰਨਗੇ ਅਤੇ ਇਨ੍ਹਾਂ ਨੇ ਵੀ ਸਮਰਥਨ ਕੀਤਾ ਹੈ । ਇਸ ਲਈ ਮੈਂ ਇਨ੍ਹਾਂ ਦਾ ਆਭਾਰੀ ਹਾਂ ਅਤੇ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਇਹ ਵੀ ਆਪਣੇ ਸੈਂਟਰਲ ਲੀਡਰਜ਼ ਨੂੰ ਜ਼ੋਰ ਦੇ ਕੇ ਇਸ ਕਰਜ਼ੇ ਨੂੰ ਮੁਆਫ ਕਰਨ ਲਈ ਆਪਣਾ ਆਪਣਾ ਯੋਗਦਾਨ ਪਾਉਣਗੇ ਅਤੇ ਇਕੱਠੇ ਹੋ ਕੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਇਸ ਗੱਲ ਉਤੇ ਰਾਜ਼ੀ ਕਰਵਾਉਣਗੇ ਕਿਉਂਕਿ 1992 ਦੀਆਂ ਇਲੈਕਸ਼ਨਾਂ ਦੇ ਵਕਤ ਅਨਾਉਂਸਮੈਂਟ ਕੇਂਦਰ ਦੀ ਸਰਕਾਰ ਵਲੋਂ ਹੀ ਕੀਤੀ ਗਈ ਸੀ ਕਿ ਇਹ ਕਰਜ਼ਾ ਸੈਂਟਰ ਦੀ ਸਰਕਾਰ ਮੁਆਫ ਕਰ ਦੇਵੇਗੀ ।

**ਸ੍ਰੀ ਸਪੀਕਰ** : ਮਿੱਤਲ ਸਾਹਿਬ, ਅਗਰ ਤੁਸੀਂ ਹੋਰ ਟਾਈਮ ਲੈਣਾ ਹੈ ਤਾਂ ਹਾਉਸ ਦਾ ਸਮਾਂ ਐਕਸਟੈਂਡ ਕਰ ਦਿੰਦੇ ਹਾਂ ।

**ਮੰਤਰੀ, ਖੁਰਾਕ ਅਤੇ ਸਪਲਾਈ, ਜਨ ਸਿਹਤ ਅਤੇ ਸੰਸਦੀ ਮਾਮਲੇ** : ਸਪੀਕਰ ਸਾਹਿਬ, ਬੱਸ ਮੈਂ ਖਤਮ ਕਰਨ ਵਾਲਾ ਹਾਂ । ਟਾਈਮ ਐਕਸਟੈਂਡ ਕਰਨ ਦੀ ਕੋਈ ਲੋੜ ਨਹੀਂ ਹੈ । 1992 ਦੀਆਂ ਇਲੈਕਸ਼ਨਾਂ ਤੋਂ ਪਹਿਲਾਂ ਇਕ ਪੈਕੇਜ ਦੀ ਅਨਾਊਂਸਮੈਂਟ ਬਾਰੇ ਫੈਸਲਾ ਕੀਤਾ ਗਿਆ ਸੀ ਅਤੇ ਜਿਹੜਾ ਬਾਅਦ ਵਿਚ ਵਾਪਸ ਲੈ ਲਿਆ ਗਿਆ ਸੀ ਅਤੇ ਅਕਾਲੀ ਪਾਰਟੀ ਦੇ ਭਰਾ ਵੀ ਇਸ ਗੱਲ ਲਈ ਜੱਦੋ ਜਹਿਦ ਕਰਦੇ ਰਹੇ ਸਨ ਕਿ ਇਲੈਕਸ਼ਨਾਂ ਤੋਂ ਪਹਿਲਾਂ ਕੇਂਦਰ ਦੀ ਸਰਕਾਰ ਪੈਕੇਜ ਦੀ ਅਨਾਊਂਸਮੈਂਟ ਕਰੇ ਪਰ ਕੇਂਦਰ ਸਰਕਾਰ ਨੇ ਪੈਕੇਜ ਦੀ ਅਨਾਊਂਸਮੈਂਟ ਇਲੈਕਸ਼ਨਾਂ ਤੋਂ ਪਹਿਲਾਂ ਨਹੀਂ ਕੀਤੀ ਜਿਸ ਕਰਕੇ ਉਹ ਇਲੈਕਸ਼ਨਾ ਤੋਂ ਬਾਹਰ ਰਹਿ ਗਏ ਅਤੇ ਕੇਂਦਰ ਸਰਕਾਰ ਇਹੋ ਕੁਝ ਚਾਹੁੰਦੀ ਸੀ । ਫੇਰ ਬਾਅਦ ਵਿਚ ਫਤਿਹਗੜ੍ਹ ਸਾਹਿਬ ਵਿਖੇ ਸੈਂਟਰ ਦੇ ਹੋਮ ਮਨਿਸਟਰ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਬਹੁਤ ਜਲਦੀ ਪੰਜਾਬ ਪੈਕੇਜ ਬਾਰੇ ਅਨਾਊਂਸਮੈਂਟ ਕਰੇਗੀ । ਇਸੇ ਤਰ੍ਹਾਂ ਪੈਕੇਜ ਦੇਣ ਬਾਰੇ ਅਨਾਉਂਸਮੈਂਟਾਂ ਹੁੰਦੀਆਂ ਰਹੀਆਂ ਪਰ ਪੈਕੇਜ਼ ਦੀ ਅਨਾਉਂਸਮੈਂਟ ਕੇਂਦਰ ਦੀ ਸਰਕਾਰ ਵਲੋਂ ਨਹੀਂ ਕੀਤੀ ਗਈ । ਇਸ ਪੈਕੇਜ ਦੇ ਵਿਚ ਇਸ ਕਰਜ਼ੇ ਨੂੰ ਮੁਆਫ ਕਰਨ ਬਾਰੇ ਵੀ ਸੀ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ ਅਤੇ ਮੰਗ ਕਰਦੇ ਹਾਂ ਕਿ ਇਸ ਕਰਜ਼ੇ ਨੂੰ ਮੁਆਫ ਕਰ ਦਿੱਤਾ ਜਾਵੇ ।

Original with;
Punjab Vidhan Sabha
Digitized by;
Panjab Digital Library

**Mr. Speaker:** Question is—

" ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਉਹ ਅੱਤਵਾਦ ਤੇ ਕਾਬੂ ਪਾਉਣ ਅਤੇ ਸਰਹੱਦ ਪਾਰੋਂ ਪ੍ਰੌਕਸੀ-ਵਾਰ ਦਾ ਸਾਹਮਣਾ ਕਰਨ, ਜੋ ਕਿ ਇੱਕ ਰਾਸ਼ਟਰੀ ਸਮੱਸਿਆ ਸੀ, ਲਈ ਹਾਲ ਹੀ ਦੇ ਸਾਲਾਂ ਵਿੱਚ ਰਾਜ ਨੂੰ ਦਿੱਤੇ ਗਏ 8,000 ਕਰੋੜ ਰੁਪਏ ਦੇ ਸਮੁੱਚੇ ਕਰਜ਼ੇ ਨੂੰ ਮੁਆਫ਼ ਕਰਨ ਲਈ ਕੇਂਦਰੀ ਸਰਕਾਰ ਨੂੰ ਪਹੁੰਚ ਕਰੇ ਕਿਉਂਕਿ ਇਤਨੇ ਵੱਡੇ ਕਰਜ਼ੇ ਨੂੰ ਵਾਪਸ ਕਰਨਾ ਰਾਜ ਲਈ ਸੰਭਵ ਨਹੀਂ ਹੈ । "

*The motion was carried unanimously. (Thumping)*

**ਸ਼੍ਰੀ ਸਪੀਕਰ** : ਚੂੰਕਿ ਮਾਨਯੋਗ ਮੈਂਬਰ ਸਰਦਾਰ ਗੁਰਬਚਨ ਸਿੰਘ ਦਿੜ੍ਹਬਾ, ਜਿਨ੍ਹਾਂ ਦੇ ਨਾਂ ਤੇ ਮਤਾ ਨੰਬਰ 1 ਹੈ, ਹਾਊਸ ਦੇ ਵਿੱਚ ਹਾਜ਼ਰ ਨਹੀਂ ਹਨ, ਇਸ ਲਈ ਨੈਕਸਟ ਮਤਾ ਲਿਆਂਦਾ ਜਾਂਦਾ ਹੈ । ਕਾਮਰੇਡ ਅਜੈਬ ਸਿੰਘ ਰੌਂਤਾ ਜੀ ਤੁਸੀਂ ਆਪਣਾ ਮਤਾ ਪੇਸ਼ ਕਰੋ ।

---

## RESOLUTION RE. RECOMMENDING TO THE STATE GOVERNMENT TO APPROACH THE UNION GOVERNMENT TO TAKE IMMEDIATE STEPS TO SUITABLY AMEND THE HARYANA AND PUNJAB AGRICULTURAL UNIVERSITIES ACT, 1970 (CENTRAL ACT 16 OF 1970)

**ਕਾਮਰੇਡ ਅਜੈਬ ਸਿੰਘ ਰੌਂਤਾ**: ਮੈਂ ਪ੍ਰਸਤਾਵ ਕਰਦਾ ਹਾਂ—

"ਇਹ ਸਦਨ ਰਾਜ ਸਰਕਾਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀਆਂ ਪ੍ਰਬੰਧਕੀ ਸੰਸਥਾਵਾਂ ਵਿਚ ਅਧਿਆਪਕ ਵਰਗ ਨੂੰ ਉਚਿਤ ਪ੍ਰਤੀਨਿਧਤਾ ਮੁਹੱਈਆ ਕਰਨ ਦੇ ਮੱਦੇ-ਨਜ਼ਰ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ, 1970 (1970 ਦਾ ਕੇਂਦਰੀ ਐਕਟ 16) ਦੀ ਉਚਿਤ ਰੂਪ ਵਿਚ ਸੋਧਨਾ ਕਰਨ ਸਬੰਧੀ ਕੇਂਦਰੀ ਸਰਕਾਰ ਨੂੰ ਤੁਰੰਤ ਕਦਮ ਚੁੱਕਣ ਲਈ ਪਹੁੰਚ ਕਰਨ ਦੀ ਸਿਫ਼ਾਰਸ਼ ਕਰਦਾ ਹੈ ।"

**Mr. Speaker:** Motion moved—

" ਇਹ ਸਦਨ ਰਾਜ ਸਰਕਾਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀਆਂ ਪ੍ਰਬੰਧਕੀ ਸੰਸਥਾਵਾਂ ਵਿੱਚ ਅਧਿਆਪਕ ਵਰਗ ਨੂੰ ਉਚਿਤ ਪ੍ਰਤਿਨਿਧਤਾ ਮੁਹੱਈਆ ਕਰਨ ਦੇ ਮੱਦੇਨਜ਼ਰ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ, 1970 (1970 ਦਾ ਕੇਂਦਰੀ ਐਕਟ 16) ਦੀ ਉਚਿਤ ਰੂਪ ਵਿੱਚ ਸੋਧਨਾ ਕਰਨ ਸਬੰਧੀ ਕੇਂਦਰੀ ਸਰਕਾਰ ਨੂੰ ਤੁਰੰਤ ਕਦਮ ਚੁੱਕਣ ਲਈ ਪਹੁੰਚ ਕਰਨ ਦੀ ਸਿਫ਼ਾਰਸ਼ ਕਰਦਾ ਹੈ । "

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅਜੈਬ ਸਿੰਘ ਰੌਂਤਾ** (ਨਿਹਾਲ ਸਿੰਘ ਵਾਲਾ, ਐਸ.ਸੀ.) : ਸਪੀਕਰ ਸਾਹਿਬ, ਤੁਸੀਂ ਅੱਧਾ ਘੰਟਾ ਟਾਈਮ ਵਧਾਉਣ ਬਾਰੇ ਕਿਹਾ ਸੀ ਕਿ ਵੱਧਾਵਾਂਗੇ ।

**ਸ਼੍ਰੀ ਸਪੀਕਰ** : ਮੈਂ ਨਹੀਂ ਕਿਹਾ । ਤੁਸੀਂ ਮੇਰੇ ਤੇ ਸ਼ੱਕ ਨਾ ਕਰੋ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਹੁਣ ਜੇਕਰ ਤੁਸੀਂ ਕਹੋਗੇ ਤਾਂ ਅਸੀਂ ਨਹੀਂ ਬੋਲਾਂਗੇ ।

**ਸ਼੍ਰੀ ਸਪੀਕਰ** : ਤੁਸੀਂ ਜ਼ਰੂਰ ਬੋਲੋ ।

**ਕਾਮਰੇਡ ਅਜੈਬ ਸਿੰਘ ਰੌਂਤਾ** : ਸਪੀਕਰ ਸਾਹਿਬ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਜੋ ਹੈ, ਉਹ ਸੈਂਟਰਲ ਐਕਟ ਦੇ ਅਧੀਨ ਬਣੀ ਹੈ । ਇਸ ਕਰਕੇ ਜੋ ਮਤਾ ਲਿਆਂਦਾ ਗਿਆ ਹੈ, ਉਸ ਬਾਰੇ ਬੇਨਤੀ ਕਰਨੀ ਹੈ, ਕਿ ਉਹ ਮਤਾ ਪਾਸ ਕਰਕੇ ਸੈਂਟਰਲ ਗੌਰਮਿੰਟ ਨੂੰ ਭੇਜਿਆ ਜਾਵੇ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਪੰਜਾਬ ਸਟੇਟ ਦੇ ਥੱਲੇ ਆਉਣੀ ਚਾਹੀਦੀ ਹੈ ਜਿਸ ਤਰ੍ਹਾਂ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਹੈ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਹੈ । ਇਹ ਯੂਨੀਵਰਸਿਟੀਆਂ ਅਸੰਬਲੀ ਕਾਨੂੰਨ ਥੱਲੇ ਚਲਦੀਆਂ ਹਨ । ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਚ ਸਕਾਲਰਾਂ ਨੇ, ਟੀਚਰਾਂ ਨੇ ਅਤੇ ਖੋਜ ਕਰਨ ਵਾਲੇ ਡਾਕਟਰਾਂ ਨੇ ਅਹਿਮ ਭੂਮਿਕਾ ਨਿਭਾਈ ਹੈ ਅਤੇ ਉਨ੍ਹਾਂ ਦੀ ਉਥੋਂ ਦੀ ਮਨੇਜਮੈਂਟ ਵਿਚ, ਗਵਰਨਿੰਗ ਬਾਡੀ ਵਿਚ ਨੁਮਾਇੰਦਗੀ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਇਹ ਗੱਲ ਮਾਣ ਦੇ ਨਾਲ ਕਹਿਣੀ ਚਾਹੁੰਦਾ ਹਾਂ ਕਿ ਸਾਡਾ ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ । ਪੰਜਾਬ ਦੇ ਖੇਤ ਮਜ਼ਦੂਰਾਂ ਨੇ ਅਤੇ ਪੰਜਾਬ ਦੇ ਕਿਸਾਨਾਂ ਨੇ ਹੱਡ ਭੰਨਵੀਂ ਮਿਹਨਤ ਕਰਕੇ ਹਿੰਦੋਸਤਾਨ ਦੇ ਪਲ ਵਿਚ ਅਨਾਜ ਦੇ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ । ਸਾਡੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਰਿਸਰਚ ਸਕਾਲਰਾਂ ਨੇ ਖੋਜਾਂ ਕਰਕੇ ਅਤੇ ਮਾਹਰ ਡਾਕਟਰਾਂ ਨੇ ਮਿਹਨਤ ਕਰਕੇ ਅਹਿਮ ਭੂਮਿਕਾ ਨਿਭਾਈ ਹੈ । ਕਣਕ ਦੇ ਵਧੀਆ ਬੀਜ ਪੈਦਾ ਕੀਤੇ ਹਨ । ਗੰਨੇ ਦੇ ਵੀ ਵਧੀਆ ਬੀਜ ਪੈਦਾ ਕੀਤੇ ਹਨ । ਸਾਡਾ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ 60 % ਅਨਾਜ ਕੇਂਦਰੀ ਪੂਲ ਵਿਚ ਪਾਉਂਦਾ ਹੈ । ਇਤਨਾ ਵੱਡਾ ਕੇਂਦਰੀ ਪੂਲ ਵਿਚ ਹਿੱਸਾ ਪਾ ਕੇ ਪੰਜਾਬ ਦੇ ਕਿਸਾਨ ਨੇ ਪੰਜਾਬ ਦਾ ਸਿਰ ਉਚਾ ਕੀਤਾ ਹੈ । ਪੰਜਾਬ ਨੇ ਹਿੰਦੋਸਤਾਨ ਦਾ ਨਾਂ ਵੀ ਉਚਾ ਕੀਤਾ ਹੈ । ਸਪੀਕਰ ਸਾਹਿਬ, ਕੁਝ ਕਮੀਆਂ ਵੀ ਹਨ ਜਿਵੇਂ ਦਾਲਾਂ ਦੇ ਖੇਤਰ ਵਿਚ ਕੋਈ ਰਿਸਰਚ ਨਹੀਂ ਹੋਈ । ਜਦੋਂ ਦੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਬਣੀ ਹੈ, ਉਸ ਦਿਨ ਤੋਂ ਲੈਕੇ ਅੱਜ ਤੱਕ ਅਸੀਂ ਦਾਲਾਂ ਵਧੀਆ ਅਤੇ ਜ਼ਿਆਦਾ ਤਿਆਰ ਕਰਨ ਵਿਚ ਕਾਮਯਾਬ ਨਹੀਂ ਹੋ ਸਕੇ । ਇਸ ਗੱਲ ਉਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਠੀਕ ਢੰਗ ਨਾਲ ਆਪਣੀ ਤਵੱਜੋ ਨਹੀਂ ਦੇ ਸਕੀ । ਸਪੀਕਰ ਸਾਹਿਬ, ਅਖ਼ਬਾਰਾਂ ਵਿਚ ਵੀ ਜ਼ਿਕਰ ਆਇਆ ਹੈ ਕਿ ਕਿਸ ਤਰ੍ਹਾਂ ਉਥੋਂ ਦੀ ਮਨੇਜਮੈਂਟ ਨੇ, ਗਵਰਨਰੀ ਬਾਡੀ ਨੇ ਵਾਈਸ ਚਾਂਸਲਰ ਬਣਾਏ ਹਨ । ਸਪੀਕਰ ਸਾਹਿਬ, ਮੈਂ ਇਸ ਮਤੇ ਤੇ

Original with;
Punjab Vidhan Sabha
Digitized by;
Panjab Digital Library

ਬੋਲਦਿਆਂ ਹੋਇਆਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਥੋਂ ਦੀ ਗਵਰਨਿੰਗ ਬਾਡੀ ਵਿਚ ਟੀਚਰਾਂ ਅਤੇ ਸਕਾਲਰਾਂ ਨੂੰ ਕਿਉਂ ਹੱਕ ਨਹੀਂ ਦਿਤਾ ਜਾਂਦਾ। ਉਨ੍ਹਾਂ ਦੀ ਕੋਈ ਰਾਏ ਕਿਉਂ ਨਹੀਂ ਲਈ ਜਾਂਦੀ ? ਇਸ ਦੇ ਕੀ ਕਾਰਨ ਹਨ ? ਵਾਈਸ ਚਾਂਸਲਰ ਦੀ ਨਿਯੁਕਤੀ ਮੈਰਿਟ ਦੇ ਆਧਾਰ ਤੇ ਨਹੀਂ ਕੀਤੀ ਜਾਂਦੀ ਬਲਕਿ ਸਰਕਾਰ ਦੇ ਜੋ ਨਜ਼ਦੀਕੀ ਹੁੰਦੇ ਹਨ, ਉਨ੍ਹਾਂ ਨੂੰ ਲਿਆ ਜਾਂਦਾ ਹੈ। ਇਸ ਕਰਕੇ ਹੀ ਯੂਨੀਵਰਸਿਟੀ ਬਹੁਤ ਥੱਲੇ ਜਾ ਰਹੀ ਹੈ। ਇਨ੍ਹਾਂ ਸਾਰੀਆਂ ਗੱਲਾਂ ਦਾ ਸਾਨੂੰ ਖਿਆਲ ਰੱਖਣਾ ਚਾਹੀਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਚ ਸਭ ਦੇ ਹਿੱਤਾਂ ਦੀ ਗੱਲ ਕਰਨੀ ਚਾਹੀਦੀ ਹੈ। ਵਾਈਸ ਚਾਂਸਲਰ ਦੀ ਨਿਯੁਕਤੀ ਮੈਰਿਟ ਦੇ ਆਧਾਰ ਤੇ ਕਰਨੀ ਚਾਹੀਦੀ ਹੈ ਤਾਂਕਿ ਯੂਨੀਵਰਸਿਟੀ ਦਾ ਕੰਮ ਠੀਕ ਢੰਗ ਨਾਲ ਚਲ ਸਕੇ। ਯੂਨੀਵਰਸਿਟੀ ਵਿਚ ਜੋ ਰਿਸਰਚ ਹੋ ਰਹੀ ਹੈ, ਉਸ ਨੂੰ ਅੱਗੇ ਲੈ ਜਾਣ ਵਾਸਤੇ ਕੋਈ ਖਿਆਲ ਨਹੀਂ ਰੱਖਿਆ ਜਾਂਦਾ ਜੋ ਕਿ ਨੁਕਸਾਨਦੇਹ ਸਾਬਤ ਹੁੰਦਾ ਹੈ। ਇਸ ਕਰਕੇ ਮੇਰਾ ਇਸ ਮਤੇ ਉਤੇ ਬੋਲਣਾ ਬਣਦਾ ਹੈ। ਜਿਥੋਂ ਤੱਕ ਹਿੱਤਾਂ ਦੀ ਗੱਲ ਹੈ, ਸਭ ਤੋਂ ਪਹਿਲਾਂ ਉਸ ਯੂਨੀਵਰਸਿਟੀ ਦੇ ਉਥੇ ਜੋ ਅਨਾਜ ਦੇ ਸਬੰਧੀ ਸਾਡੇ ਕੰਮ ਕਰਨ ਵਾਲੇ ਡਾਕਟਰ ਹਨ, ਰਿਸਰਚ ਸਕਾਲਰ ਹਨ, ਉਨ੍ਹਾਂ ਦੀ ਯੋਗ ਰਾਏ ਲੈ ਕੇ ਅੱਗੇ ਚਲਣਾ ਚਾਹੀਦਾ ਹੈ ਤਾਂ ਹੀ ਗੱਲ ਠੀਕ ਹੋਵੇਗੀ। ਗਵਰਨਿੰਗ ਬਾਡੀ ਵਿਚ ਟੀਚਰਾਂ ਦਾ, ਵਿਦਿਆਰਥੀਆਂ ਦਾ ਕੋਈ ਨੁਮਾਇੰਦਾ ਨਹੀਂ ਲਿਆ ਜਾਂਦਾ। ਵਿਦਿਆਰਥੀਆਂ ਡਾਕਟਰਾਂ ਦੀ ਗੱਲ ਛੱਡੋ, ਜਿਹੜੇ ਨੁਮਾਇੰਦੇ ਸਰਕਾਰ ਨੇ ਆਪਣੇ ਭਰਤੀ ਕੀਤੇ ਹੁੰਦੇ ਹਨ, ਸਿਰਫ ਉਨ੍ਹਾਂ ਦੀਆਂ ਗੱਲਾਂ ਬਾਤਾਂ ਹੀ ਸੁਣੀਆਂ ਜਾਂਦੀਆਂ ਹਨ ਜਿਸ ਕਰਕੇ ਵਿਦਿਆਰਥੀ, ਟੀਚਰ, ਰਿਸਰਚ ਸਕਾਲਰ ਅਤੇ ਡਾਕਟਰ ਆਪਣੀ ਆਵਾਜ਼ ਗਵਰਨਿੰਗ ਬਾਡੀ ਨਾਲ ਸਾਂਝੀ ਨਹੀਂ ਕਰ ਸਕਦੇ ਜਿਸ ਕਰਕੇ ਖੋਜ ਦੇ ਕੰਮ ਵਿਚ ਰੁਕਾਵਟਾਂ ਆਉਂਦੀਆਂ ਹਨ। ਇਸ ਲਈ ਨੁਮਾਇੰਦਗੀ ਸਾਰਿਆਂ ਦੀ ਹੋਣੀ ਚਾਹੀਦੀ ਹੈ ਅਤੇ ਸਾਰਿਆਂ ਨੁਮਾਇੰਦਿਆਂ ਦੀ ਸਲਾਹ ਨਾਲ ਹੀ ਯੂਨੀਵਰਸਿਟੀ ਦਾ ਕੰਮ ਚਲਾਉਣਾ ਚਾਹੀਦਾ ਹੈ।

ਅੱਗੇ, ਸਪੀਕਰ ਸਾਹਿਬ, ਗੱਲ ਕੁਆਟਰਾਂ ਦੀ ਆਉਂਦੀ ਹੈ। ਜਿਹੜੇ ਕੁਆਟਰ ਹਨ, ਉਹ ਤਾਂ ਵੈਸੇ ਵੀ ਸਾਰਿਆਂ ਲਈ ਉਪਲਬਧ ਨਹੀਂ ਹੁੰਦੇ। ਫਿਰ ਵੀ ਕੁਆਟਰ ਅਲਾਟ ਕਰਨ ਵਿਚ ਉਥੇ ਕਾਫੀ ਬੇਨਿਯਮੀਆਂ ਪਾਈਆਂ ਜਾਂਦੀਆਂ ਹਨ। ਪਿਛੇ ਜਿਹੇ ਜਿਹੜੀ ਗੱਲ ਮੇਰੀ ਜਾਣਕਾਰੀ ਵਿਚ ਹੈ ਕਿ ਉਥੇ ਇਕ ਡਿਪਟੀ ਕਮਿਸ਼ਨਰ ਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਬੜੇ ਲੰਬੇ ਸਮੇਂ ਤੱਕ ਕੁਆਟਰ ਦੇਈ ਰਖਿਆ ਅਤੇ ਜਿਹੜੇ ਕੁਆਟਰ ਲੈਣ ਦੇ ਅਸਲੀ ਹੱਕਦਾਰ ਸਨ, ਉਨ੍ਹਾਂ ਨੂੰ ਵਾਂਝਾ ਰੱਖਿਆ ਗਿਆ। ਇਸ ਲਈ ਕੁਆਟਰ ਅਲਾਟ ਕਰਨ ਵੇਲੇ ਯੂਨੀਵਰਸਿਟੀ ਵਿਚ ਕੰਮ ਕਰਨ ਵਾਲੇ ਟੀਚਰ, ਡਾਕਟਰ, ਰਿਸਰਚ ਸਕਾਲਰ ਜੋ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਕੁਆਟਰ ਦੇਣੇ ਚਾਹੀਦੇ ਹਨ।

ਸਪੀਕਰ ਸਾਹਿਬ, ਯੂਨੀਵਰਸਿਟੀ ਦਾ ਜੋ ਢਾਂਚਾ ਹੈ, ਉਹ ਵੀ ਸਮੁੱਚਾ ਜਮਹੂਰੀਅਤ ਤੇ ਅਧਾਰਤ ਹੋਣਾ ਚਾਹੀਦਾ ਹੈ। ਗਵਰਨਿੰਗ ਬਾਡੀ ਵਿਚ ਟੀਚਰਾਂ ਦੇ, ਡਾਕਟਰਾਂ ਦੇ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਜੈਬ ਸਿੰਘ ਰੋਂਤਾ]

ਵਿਦਿਆਰਥੀਆਂ ਦੇ ਅਤੇ ਰਿਸਰਚ ਸਕਾਲਰਾਂ ਦੇ ਨੁਮਾਇੰਦੇ ਹੋਣੇ ਚਾਹੀਦੇ ਹਨ ਤਾਂ ਕਿ ਉਹ ਵੀ ਆਪਣਾ ਆਪਣਾ ਪੱਖ ਪੇਸ਼ ਕਰਕੇ ਆਪਣੀ ਗੱਲ ਨੂੰ ਠੀਕ ਢੰਗ ਨਾਲ ਗਵਰਨਿੰਗ ਬਾਡੀ ਸਾਹਮਣੇ ਰਖ ਕੇ ਮੁਨਵਾ ਸੁਕਣ । ਉਨ੍ਹਾਂ ਨੂੰ ਵੀ ਉਸ ਬਾਡੀ ਵਿਚ ਬੈਠਣ ਦਾ, ਉਸ ਵਿਚ ਸ਼ਮੂਲੀਅਤ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ ।

ਅੱਗੇ ਨਕਲ ਦੀ ਗੱਲ ਕਰੀਏ । ਪਿਛੇ ਜਿਹੇ ਇਹ ਗੱਲ ਧਿਆਨ ਵਿਚ ਆਈ ਹੈ ਕਿ ਵਾਈਸ ਚਾਂਸਲਰ ਨੇ ਇਕ ਕਿਤਾਬ ਯੂਨੀਵਰਸਿਟੀ ਬਾਰੇ ਲਿਖੀ ਕਿ ਅਸੀਂ ਫਲਾਣੀਆਂ ਫਲਾਣੀਆਂ ਗੱਲਾਂ ਤੇ ਰਿਸਰਚ ਕੀਤੀ ਹੈ, ਬੀਜਾਂ ਤੇ ਖੋਜ ਕੀਤੀ ਹੈ ਲੇਕਿਨ ਉਸੇ ਨੂੰ ਹੀ ਕਿਸੇ ਆਦਮੀ ਨੇ ਕੋਰਟ ਵਿਚ ਚੈਲੇਂਜ ਕਰ ਦਿਤਾ, ਕੰਡੈਮ ਕੀਤਾ ਅਤੇ ਕਿਹਾ ਕਿ ਵਾਈਸ ਚਾਂਸਲਰ ਨੇ ਇਹ ਨਕਲ ਮਾਰੀ ਹੈ । ਹੁਣ ਇਹ ਕੇਸ ਕੋਰਟ ਵਿਚ ਚਲਦਾ ਪਿਆ ਹੈ । ਇਸ ਕਰਕੇ ਵਾਈਸ ਚਾਂਸਲਰ ਨੂੰ ਸਮੇਂ ਸਮੇਂ ਤੇ ਜੋ ਉਥੇ ਬਣਦੇ ਹੱਕ ਹਨ, ਉਨ੍ਹਾਂ ਬਾਰੇ ਗੱਲ ਕਰਨੀ ਚਾਹੀਦੀ ਹੈ । ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਜੋ ਉਥੇ ਘਾਟਾਂ ਹਨ, ਉਨ੍ਹਾਂ ਵੱਲ ਪੂਰਾ ਧਿਆਨ ਦਿਤਾ ਜਾਣਾ ਚਾਹੀਦਾ ਹੈ । ਸਪੀਕਰ ਸਾਹਿਬ, ਅੱਜ ਉਥੇ ਰਿਸਰਚ ਦਾ ਕੰਮ ਪੂਰਾ ਨਹੀਂ ਹੋ ਰਿਹਾ । ਯੂਨੀਵਰਸਿਟੀ ਦਾ ਅਸਲ ਕਾਰੋਬਾਰ ਬਹੁਤ ਪਿਛੇ ਹੈ । ਇਨ੍ਹਾਂ ਸਾਰੀਆਂ ਗੱਲਾਂ ਵੱਲ ਧਿਆਨ ਦੇਣ ਨਾਲ, ਊਣਤਾਈਆਂ ਦੂਰ ਕਰਨ ਨਾਲ, ਪੰਜਾਬ ਦੀ ਇਹ ਯੂਨੀਵਰਸਿਟੀ ਜਿਸ ਨੂੰ ਕਿਸਾਨਾਂ ਦੀ ਰੀੜ੍ਹ ਦੀ ਹੱਡੀ ਸਮਝਿਆ ਜਾਂਦਾ ਹੈ, ਕਿਹਾ ਜਾਂਦਾ ਹੈ, ਉਸਦਾ ਕੰਮ ਅੱਗੇ ਵੱਧ ਸਕਦਾ ਹੈ । ਕਿਸਾਨਾਂ ਦੇ ਕੰਮ ਵਿਚ ਜਿਹੜੀਆਂ ਯੋਗ ਪ੍ਰਸਥਿਤੀਆਂ ਸ਼ਾਮਲ ਕਰਨ ਵਾਲੀਆਂ ਹਨ ਜਿਵੇਂ ਬੀਜਾਂ ਦੀ ਸਮੇਂ ਸਮੇਂ ਤੇ ਖੋਜ ਕਰਨਾ, ਖੋਜ ਕੇਂਦਰਾਂ ਰਾਹੀਂ ਉਨ੍ਹਾਂ ਡਾਕਟਰਾਂ ਦੁਆਰਾ, ਰਿਸਰਚ ਸਕਾਲਰਾਂ ਦੁਆਰਾ, ਖੋਜ ਕੀਤੀਆਂ ਹੋਈਆਂ ਉਪਲਬਧੀਆਂ ਸਾਡੇ ਅੰਨਦਾਤੇ ਕਿਸਾਨ ਨੂੰ ਅਤੇ ਉਸਦੇ ਨਾਲ ਜੁੜੇ ਖੇਤ ਮਜ਼ਦੂਰ ਨੂੰ ਪੰਜਾਬ ਵਿਚ ਅੱਗੇ ਲੈ ਕੇ ਜਾਣਗੀਆਂ । ਪੰਜਾਬ ਵਿਚ ਹੀ ਨਹੀਂ, ਉਨ੍ਹਾਂ ਤੋਂ ਸਿੱਖ ਕੇ ਕਿਸਾਨ ਸਾਡੀ ਅੰਨ ਪ੍ਰਣਾਲੀ ਨੂੰ ਮਹਾਨ ਬਣਾ ਕੇ, ਅੰਨ ਪ੍ਰਣਾਲੀ ਨੂੰ ਯੋਗ ਬਣਾ ਕੇ, ਸਾਡੇ ਪੰਜਾਬ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰੇਗਾ । ਇਸ ਨਾਲ ਪੰਜਾਬ ਦਾ ਭਲਾ ਹੋਣਾ ਹੈ, ਹਿੰਦੁਸਤਾਨ ਦਾ ਭਲਾ ਹੋਣਾ ਹੈ । ਪੰਜਾਬ ਦਾ ਕਿਸਾਨ ਪੂਰੇ ਹਿੰਦੁਸਤਾਨ ਲਈ ਅੰਨਦਾਤਾ ਸਾਬਤ ਹੋਇਆ ਹੈ ਅਤੇ ਅਗੋਂ ਵੀ ਇਸੇ ਨਾਂ ਨਾਲ ਜਾਣਿਆ ਜਾਣਾ ਚਾਹੀਦਾ ਹੈ । ਇਸ ਗੱਲ ਵੱਲ ਤਵਾਜ਼ਨ ਦੇ ਕੇ ਹੀ ਕਿਸਾਨ ਖੇਤੀ ਦੇ ਵਿਚ ਯੋਗ ਸਥਾਨ ਰੱਖ ਕੇ ਸਾਰੇ ਪੰਜਾਬ ਨੂੰ ਅੰਨ ਦੇ ਕੇ, ਹਿੰਦੁਸਤਾਨ ਨੂੰ ਅੰਨ ਦੇ ਕੇ, ਆਪਣਾ ਇਕ ਅਹਿਮ ਸਥਾਨ ਰੱਖਦਾ ਹੈ । ਇਹ ਯੂਨੀਵਰਸਿਟੀ ਖੇਤੀਬਾੜੀ ਦੇ ਅਧਾਰ ਤੇ ਬਣਾਈ ਗਈ ਹੈ । ਇਸ ਲਈ ਇਸ ਦੀਆਂ ਸਾਰੀਆਂ ਘਾਟਾਂ ਵੱਲ ਪੂਰਾ ਪੂਰਾ ਧਿਆਨ ਦਿਤਾ ਜਾਵੇ । ਧੰਨਵਾਦ ।

**ਸ਼੍ਰੀ ਸਪੀਕਰ** : ਇਸ ਤੋਂ ਪਹਿਲਾਂ ਕਿ ਸਰਦਾਰ ਮੱਖਣ ਸਿੰਘ ਜੀ ਬੋਲਣਾ ਸ਼ੁਰੂ ਕਰਨ, ਮੈਂ ਇਕ ਅਨਾਊਂਸਮੈਂਟ ਕਰਨਾ ਜ਼ਰੂਰੀ ਸਮਝਦਾ ਹਾਂ । ਇਸ ਤੋਂ ਪਹਿਲਾਂ ਕਿ ਹਾਊਸ ਨੂੰ ਐਡਜਰਨ ਕੀਤਾ ਜਾਵੇ, ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ ਅਤੇ ਇੰਡੀਅਨ

Original with;
Punjab Vidhan Sabha
Digitized by;
Panjab Digital Library

ਪਾਰਲੀਮੈਂਟਰੀ ਐਸੋਸੀਏਸ਼ਨ ਦੀ ਮੀਟਿੰਗ ਹਾਊਸ ਐਡਜਰਨ ਹੋਣ ਤੋਂ ਤੁਰੰਤ ਬਾਅਦ ਪੰਜਾਬੀ ਰੀਜਨਲ ਹਾਲ ਵਿਚ ਹੋਵੇਗੀ । ਉਸ ਤੋਂ ਬਾਅਦ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਦੇ ਖਾਣੇ ਦਾ ਪ੍ਰਬੰਧ ਵੀ ਹੈ । ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਹਾਊਸ ਐਡਜਰਨ ਹੋਣ ਦੇ ਤੁਰੰਤ ਬਾਅਦ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਪੰਜਾਬੀ ਰੀਜਨਲ ਹਾਲ ਵਿਚ ਮੀਟਿੰਗ ਵਿਚ ਹਾਜ਼ਰ ਹੋਣ ਦੀ ਕ੍ਰਿਪਾਲਤਾ ਕਰਨ ਅਤੇ ਉਸ ਤੋਂ ਬਾਅਦ ਖਾਣੇ ਵਿਚ ਆਉਣ ਦਾ ਵੀ ਖੇਚਲ ਕਰਨ ।

**ਸਰਦਾਰ ਮੱਖਣ ਸਿੰਘ** (ਪੱਕਾ ਕਲਾਂ, ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਕਾਮਰੇਡ ਅਜੈਬ ਸਿੰਘ ਹੋਤਾ ਵੱਲੋਂ ਰੱਖੇ ਗਏ ਗੈਰ-ਸਰਕਾਰੀ ਮਤੇ ਤੇ ਬੋਲਣ ਲਈ ਮੈਨੂੰ ਸਮਾਂ ਦਿੱਤਾ ਹੈ । ਪੰਜਾਬ ਇਕ ਖੇਤੀਬਾੜੀ ਪ੍ਰਧਾਨ ਪ੍ਰਦੇਸ਼ ਹੈ ਅਤੇ ਪੰਜਾਬ ਦੇ ਆਰਥਿਕ ਢਾਂਚੇ ਵਿਚ ਖੇਤੀਬਾੜੀ ਦਾ ਬੜਾ ਮਹੱਤਵ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਇਸ ਖੇਤਰ ਵਿਚ ਬੜਾ ਉੱਘਾ ਯੋਗਦਾਨ ਪਾਇਆ ਹੈ । ਇਸ ਦੀ ਕਾਰਜ ਪ੍ਰਣਾਲੀ ਜ਼ਿਆਦਾ ਜਮਹੂਰੀ ਢੰਗ ਨਾਲ ਚੱਲੇ ਅਤੇ ਇਸ ਵਿੱਚ ਜੋ ਪ੍ਰੋਫੈਸਰ ਹਨ, ਅਧਿਆਪਕ ਹਨ ; ਉਨ੍ਹਾਂ ਦੇ ਨੁਮਾਇੰਦੇ ਵੀ ਇਸ ਪ੍ਰਬੰਧਕੀ ਢਾਂਚੇ ਵਿੱਚ ਆਉਣ, ਇਹ ਇਕ ਬਹੁਤ ਮਹੱਤਵਪੂਰਣ ਬਾਤ ਹੈ । ਕੋਈ ਵਕਤ ਸੀ ਜਦੋਂ ਇੰਡੀਅਨ ਨੈਸ਼ਨਲ ਕਾਂਗਰਸ ਵੀ ਜਮਹੂਰੀ ਕਦਰਾਂ ਕੀਮਤਾਂ ਨੂੰ, ਦੇਸ਼ ਨੂੰ ਅਤੇ ਪੰਜਾਬ ਨੂੰ ਪਿਆਰ ਕਰਨ ਵਾਲੀ ਪਾਰਟੀ ਸੀ ਅਤੇ ਜਦੋਂ ਸਵਾਰਥੀ ਹਿੱਤਾਂ ਨੇ ਬਹੁ-ਗਿਣਤੀ ਵਿਚ ਇਸ ਵਿੱਚ ਪ੍ਰਵੇਸ਼ ਨਹੀਂ ਕੀਤਾ ਸੀ । ਇਹ ਬੜੇ ਮਾਣ ਵਾਲੀ ਗੱਲ ਹੈ ਕਿ ਉੱਘੇ ਪੰਜਾਬੀ ਅਤੇ ਆਪਣੇ ਵੇਲੇ ਦੇ ਮਸ਼ਹੂਰ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਇਸ ਯੂਨੀਵਰਸਿਟੀ ਦੀ ਸਥਾਪਨਾ ਲਈ ਬੜੀ ਦੂਰਦ੍ਰਿਸ਼ਟੀ ਦੇ ਨਾਲ ਬੜਾ ਉੱਘਾ ਯੋਗਦਾਨ ਪਾਇਆ ਸੀ । ਇਸ ਯੂਨੀਵਰਸਿਟੀ ਨੇ ਪੰਜਾਬ ਦੀ ਖੇਤੀ ਦੇ ਵਿਕਾਸ ਵਿਚ ਬੀਜ ਬਣਾ ਕੇ ਅਤੇ ਨਵੀਆਂ ਫ਼ਸਲਾਂ ਪੈਦਾ ਕਰਕੇ ਬੜਾ ਅਹਿਮ ਰੋਲ ਅਦਾ ਕੀਤਾ ਹੈ । ਅੱਜ ਵੀ ਇਹ ਯੂਨੀਵਰਸਿਟੀ ਇਸ ਖੇਤਰ ਵਿਚ ਆਪਣਾ ਭਰਪੂਰ ਯੋਗਦਾਨ ਪਾ ਸਕਦੀ ਹੈ । ਪੰਜਾਬ ਦੀ ਆਰਥਿਕਤਾ ਵਿਚ ਖੇਤੀ ਦਾ ਹਮੇਸ਼ਾ ਹੀ ਮਹੱਤਵਪੂਰਣ ਰੋਲ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਰਹੇਗਾ । ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਦੀ ਅਸੈਂਬਲੀ ਨੇ ਇਹ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਣਾ ਹੈ ਅਤੇ ਦੇਸ਼ ਦੀ ਪਾਰਲੀਮੈਂਟ ਨੇ ਇਸ ਅਮੈਂਡਮੈਂਟ ਨੂੰ ਸਵੀਕਾਰ ਕਰਨਾ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਅਸੈਂਬਲੀ ਬੇਸ਼ੱਕ ਇਸ ਮਤੇ ਨੂੰ ਪਾਸ ਕਰ ਦੇਵੇ ਪਰ ਨਾਲ ਹੀ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪਾਰਲੀਮੈਂਟ ਨੂੰ ਆਪਣੇ ਤੌਰ ਤੇ ਸਿੱਧਾ ਕਾਨੂੰਨ ਬਣਾਉਣ ਦਾ ਅਖਤਿਆਰ ਵੀ ਹੈ । ਸਭ ਜਾਣਦੇ ਹਨ ਕਿ ਭਾਵੇਂ ਉਪਰੋਂ ਦੇਖਣ ਨੂੰ ਕੁਝ ਵੀ ਹੋਵੇ, ਅੰਦਰੋਂ ਸਭ ਨੇ ਟੇਢੇ ਜਾਂ ਸਿੱਧੇ ਰੂਪ ਵਿਚ ਕੇਂਦਰ ਦੀ ਸਰਕਾਰ ਨਾਲ ਗਲਵੱਕੜੀ ਪਾਈ ਹੋਈ ਹੈ—ਨਾਲੇ ਲੱਸੀ ਨੂੰ ਜਾਣਾ ਅਤੇ ਨਾਲੇ ਕੁੱਜਾ ਲੁਕੋਉਣ ਵਾਲੀ ਗੱਲ ਕੀਤੀ ਹੈ । ਸਾਡਾ ਸਮਝੌਤਾ ਹੈ ਵੀ ਅਤੇ ਨਹੀਂ ਵੀ, ਇਹ ਕੀ ਗੱਲ ਹੋਈ । ਕਾਂਗਰਸ ਸਪੱਸ਼ਟ ਰੂਪ ਵਿਚ ਸਰਕਾਰ ਦੀ ਹਮਾਇਤ ਕਰ ਰਹੀ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਮੱਖਣ ਸਿੰਘ]

ਅਤੇ ਸੀ.ਪੀ.ਆਈ. ਤਾਂ ਸਰਕਾਰ ਵਿਚ ਸ਼ਮੂਲੀਅਤ ਵੀ ਕਰ ਰਹੀ ਹੈ । ਇਹ ਸਾਰੇ ਪ੍ਰਧਾਨ ਮੰਤਰੀ ਨੂੰ ਸਿੱਧੀ ਵੀ ਬੇਨਤੀ ਕਰ ਸਕਦੇ ਹਨ ਕਿ ਇਸ ਸਬੰਧੀ ਕਾਨੂੰਨ ਪਾਸ ਕਰਨ ਦਾ ਅਖਤਿਆਰ ਪਾਰਲੀਮੈਂਟ ਕੋਲ ਹੈ । ਇਸ ਯੂਨੀਵਰਸਿਟੀ ਨੇ ਪੰਜਾਬ ਦੀ ਆਰਥਿਕਤਾ ਵਿਚ ਬੜਾ ਰੋਲ ਅਦਾ ਕਰਨਾ ਹੈ, ਇਸ ਕਰਕੇ ਮੈਂ ਇਸ ਮਤੇ ਦੀ ਹਮਾਇਤ ਕਰਦਾ ਹਾਂ ਕਿ ਇਹ ਮਤਾ ਪਾਸ ਕਰਨਾ ਚਾਹੀਦਾ ਹੈ । ਇਸ ਯੂਨੀਵਰਸਿਟੀ ਦੇ ਜਮਹੂਰੀ ਢਾਂਚੇ ਨੂੰ ਹੋਰ ਜ਼ਿਆਦਾ ਜਮਹੂਰੀ ਬਣਾਉਣ ਵਾਸਤੇ ਇਹ ਮਤਾ ਪਾਸ ਕੀਤਾ ਜਾਣਾ ਚਾਹੀਦਾ ਹੈ । ਧੰਨਵਾਦ ।

**ਕਾਮਰੇਡ ਹਰਦੇਵ ਅਰਸ਼ੀ** (ਬੁਢਲਾਡਾ) : ਸਪੀਕਰ ਸਾਹਿਬ, ਮੈਂ ਸਿਰਫ ਇਸ ਮਤੇ ਦੀ ਪ੍ਰੋੜ੍ਹਤਾ ਕਰਨ ਲਈ ਹੀ ਖੜ੍ਹਾ ਹੋਇਆ ਹਾਂ ਅਤੇ ਬੇਨਤੀ ਕਰਾਂਗਾ ਕਿ ਇਸ ਮਤੇ ਨੂੰ ਟਾਕ-ਆਊਟ ਕਰਕੇ ਹੀ ਨਾ ਛੱਡ ਦਿੱਤਾ ਜਾਵੇ ਕਿਉਂਕਿ ਇਸ ਦੇ ਨਾਲ ਸਾਰਿਆਂ ਦੀਆਂ ਭਾਵਨਾਵਾਂ ਜੁੜੀਆਂ ਹਨ । ਗੱਲ ਠੀਕ ਵੀ ਹੈ ਕਿਉਂਕਿ ਪੰਜਾਬ ਦੇ ਹਰੇ ਇਨਕਲਾਬ ਵਿਚ ਇਸ ਯੂਨਵਰਸਿਟੀ ਦਾ ਬੜਾ ਯੋਗਦਾਨ ਹੈ, ਬੜਾ ਹਾਂ ਪੱਖੀ ਰੋਲ ਹੈ । ਅਸੀਂ ਸਾਰੇ ਇਹ ਗੱਲ ਮੰਨਦੇ ਹਾਂ । ਅਗਰ ਇਸ ਦੇ ਪ੍ਰਬੰਧ ਨੂੰ ਹੋਰ ਜ਼ਿਆਦਾ ਜਮਹੂਰੀ ਬਣਾ ਦਿੱਤਾ ਜਾਵੇ ਤਾਂ ਹੋਰ ਵੀ ਚੰਗਾ ਹੈ । ਅਸੀਂ ਸਰਕਾਰੀ ਤੌਰ ਤੇ ਵੀ ਨੋਟ ਕੀਤਾ ਹੈ ਅਤੇ ਮੈਂ ਵੀ ਮੰਨਦਾ ਹਾਂ ਕਿ ਜਿਥੇ ਹੋਰ ਵੀ ਕਈ ਰੀਜ਼ਨ ਹੋ ਸਕਦੇ ਹਨ ਉਥੇ ਇਹ ਵੀ ਫੈਕਟ ਹੈ, ਸਚਾਈ ਹੈ ਕਿ ਯੂਨੀਵਰਸਿਟੀ ਦੀ ਜਿਹੜੀ ਮੈਨੇਜਮੈਂਟ ਹੈ ਉਹ ਦਾ ਡੈਮੋਕਰੇਟਿਕ ਸਿਸਟਮ ਨਹੀਂ ਹੈ । ਉਹ ਅੱਜ ਇਕ ਅਨ-ਡੈਮੋਕਰੇਟਿਕ ਬਾਡੀ ਹੈ ਜਿਸ ਕਰਕੇ ਯੂਨੀਵਰ-ਸਿਟੀ ਦੇ ਵਿਚ ਨੈਪੋਟਿਜ਼ਮ, ਭਾਈ ਭਤੀਜਾਵਾਦ ਹਰ ਖੇਤਰ ਵਿਚ ਹੈ । ਮੈਂ ਇਕ ਇਕ, ਦੋ ਦੋ ਐਗਜ਼ੈਂਪਲ ਵੀ ਦੇਵਾਂਗਾ । ਇਸ ਯੂਨੀਵਰਸਿਟੀ ਨੂੰ ਸਥਾਪਿਤ ਕਰਨ ਦੇ ਜੋ ਨਿਸ਼ਾਨੇ ਸਨ, ਜੋ ਇਸ ਦੇ ਮੰਤਵ ਸਨ, ਉਹ ਪੰਜਾਬ ਦੀ ਐਗਰੀਕਲਚਰ ਨੂੰ ਐਡਵਾਂਸ ਕਰਨ ਦੇ ਸਨ, ਜਿਵੇਂ ਜਿਵੇਂ ਸਮੇਂ ਵਿਚ ਤਬਦੀਲੀ ਹੁੰਦੀ ਹੈ ਹਰ ਤਰ੍ਹਾਂ ਦੀਆਂ ਫਸਲਾਂ ਦੀ ਵੈਰਾਇਟੀ ਚਾਹੇ ਵੀਟ ਹੈ, ਚਾਹੇ ਚੌਲ ਹੈ, ਚਾਹੇ ਦਾਲਾਂ ਹਨ, ਪੈਦਾ ਹੋਣੀ ਚਾਹੀਦੀ ਹੈ, ਇਸ ਵੱਲ ਯੂਨੀਵਰਸਿਟੀ ਨੂੰ ਧਿਆਨ ਦੇਣਾ ਚਾਹੀਦਾ ਹੈ । ਲੇਕਿਨ ਯੂਨੀਵਰਸਿਟੀ ਦੀ ਗਵਰਨਿੰਗ ਬਾਡੀ ਅਨ-ਡੈਮੋਕਰੇਟਿਕ ਹੋਣ ਕਰਕੇ ਉਥੇ ਨੈਪੋਟਿਜ਼ਮ ਭਾਰੂ ਹੋ ਗਿਆ ਹੈ ਜਿਸ ਕਰਕੇ ਯੂਨੀਵਰਸਿਟੀ ਆਪਣਾ ਉਸਾਰੂ ਅਤੇ ਹਾਂ ਪੱਖੀ ਰੋਲ ਨਹੀਂ ਨਿਭਾ ਰਹੀ । ਇਸੇ ਕਰਕੇ ਹੀ ਅੱਜ ਅਸੀਂ ਇਹ ਗੈਰ ਸਰਕਾਰੀ ਤੌਰ ਤੇ ਰੈਜ਼ੋਲਿਊਸ਼ਨ ਲਿਆਂਦਾ ਹੈ । ਸਰਕਾਰੀ ਰੈਜ਼ੋਲਿਊਸ਼ਨ ਤਾਂ ਇਹ ਹੈ ਨਹੀਂ, ਕਿਉਂਕਿ ਯੂਨੀਵਰਸਿਟੀ ਦੀ ਸਥਾਪਨਾ ਸੈਂਟਰਲ ਗੌਰਮਿੰਟ ਐਕਟ ਦੇ ਥੱਲੇ ਕੀਤੀ ਗਈ ਹੈ ਇਸੇ ਕਰਕੇ ਅਸੀਂ ਹਾਊਸ ਰਾਹੀਂ ਸਰਬ-ਸੰਮਤੀ ਨਾਲ ਚਾਹੁੰਦੇ ਹਾਂ ਕਿ ਸੈਂਟਰਲ ਗੌਰਮਿੰਟ ਨੂੰ ਇਕ ਅਪਰੋਚ, ਇਕ ਰਿਕੂਮੈਂਡੇਸ਼ਨ ਇਸ ਹਾਊਸ ਵੱਲੋਂ ਭੇਜੀਏ ਕਿ ਜਿੰਨੀ ਜਲਦੀ ਹੋ ਸਕਦਾ ਹੈ ਇਸ ਦਾ ਜਮਹੂਰੀਕਰਨ ਕੀਤਾ ਜਾਵੇ । ਮੈਂ ਸਪੈਸੇਫਿਕ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਘੱਟੋ ਘੱਟ ਕੋਈ ਸੰਸਥਾ, ਜੋ ਐਜੂਕੇਸ਼ਨਲ ਹੈ, ਜੇ ਉਸਦੇ ਟੀਚਰ, ਪ੍ਰੋਫੈਸਰ, ਰਿਸਰਚ ਸਕਾਲਰ ਉਸ ਦੇ ਫੈਸਲੇ ਲੈਣ ਵਿਚ ਸ਼ਾਮਲ ਨਹੀਂ ਹੋਣਗੇ ਤਾਂ ਕੁਦਰਤੀ ਤੌਰ ਤੇ ਉਹ ਸੰਸਥਾ

Original with;
Punjab Vidhan Sabha
Digitized by;
Panjab Digital Library

ਠੀਕ ਢੰਗ ਨਾਲ ਨਹੀਂ ਚਲ ਸਕਦੀ। ਚਾਹੇ ਉਹ ਪੰਜਾਬੀ ਯੂਨੀਵਰਸਿਟੀ ਹੋਵੇ ਜਾਂ ਕੋਈ ਹੋਰ ਐਜੂਕੇਸ਼ਨ ਸੰਸਥਾ ਹੋਵੇ। ਇਥੇ ਬੋਲਦਿਆਂ ਕਈ ਮੈਂਬਰਾਂ ਨੇ ਪੰਜਾਬ ਯੂਨੀਵਰਸਿਟੀ ਦਾ ਵੀ ਜ਼ਿਕਰ ਕੀਤਾ ਹੈ। ਉਸ ਦੀ ਆਪਣੀ ਗਵਰਨਿੰਗ ਬਾਡੀ ਹੈ, ਉਸ ਦੀ ਸਿੰਡੀਕੇਟ ਹੈ ਉਸ ਦੇ ਵਿਚ ਟੀਚਰਜ਼ ਦੇ ਨੁਮਾਇੰਦੇ ਡੈਮੋਕਰੈਟਿਕ ਵੇਅ ਨਾਲ ਚੁਣੇ ਜਾਂਦੇ ਹਨ। ਇਸੇ ਕਰਕੇ ਹੀ ਉਹ ਯੂਨੀਵਰਸਿਟੀ ਐਜੂਕੇਸ਼ਨ ਦੀ ਬੇਟਰਮੈਂਟ ਵਾਸਤੇ ਜੋ ਵੀ ਡਿਸੀਜ਼ਨ ਲੈਂਦੀ ਹੈ ਉਸ ਵਿਚ ਟੀਚਰਾਂ ਦੀ ਰਾਏ ਵੀ ਸ਼ਾਮਲ ਹੁੰਦੀ ਹੈ ਜੋ ਕਿ ਪੰਜਾਬ ਦੀ ਐਗਰੀਕਲਚਰਲ ਯੂਨੀਵਰਸਿਟੀ ਦੇ ਵਿਚ ਨਹੀਂ ਹੁੰਦੀ। ਮੇਰਾ ਖਿਆਲ ਹੈ ਕਿ ਟਰੇਜ਼ਰੀ ਬੈਂਚਿਜ਼ ਤੋਂ ਵੀ ਮੇਰੇ ਇਕ ਸਾਥੀ ਨੇ ਬੋਲਿਆ ਹੈ, ਉਸ ਨੇ ਵੀ ਇਸ ਨਾਲ ਸਹਿਮਤੀ ਪ੍ਰਗਟਾਈ ਹੈ। ਸਪੀਕਰ ਸਾਹਿਬ, ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ, ਮੈਂ ਨਹੀਂ ਚਾਹੁੰਦਾ ਕਿ ਇਹ ਰੈਜ਼ੋਲਿਊਸ਼ਨ ਇਸ ਕਰਕੇ ਟਾਕ-ਆਊਟ ਹੋਵੇ ਕਿ ਇਹ ਆਪੋਜ਼ੀਸ਼ਨ ਨੇ ਲਿਆਂਦਾ ਹੈ। ਜੇਕਰ ਇਸ ਤਰ੍ਹਾਂ ਹੋਏਗਾ ਤਾਂ ਇਹ ਕੋਈ ਚੰਗੀ ਸਪਿਰਟ ਨਹੀਂ ਹੋਏਗੀ। ਜਿਸ ਸਪਿਰਟ ਦੇ ਨਾਲ ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਅਗਰ ਇਸ ਨੂੰ ਸਰਬ-ਸੰਮਤੀ ਦੇ ਨਾਲ ਪਾਸ ਕੀਤਾ ਜਾਵੇ ਤਾਂ ਇਹ ਬੜੀ ਅੱਛੀ ਗੱਲ ਹੋਵੇਗੀ। ਵੈਸੇ ਤਾਂ ਇਸ ਦਾ ਕੋਈ ਟਾਈਮ ਨਹੀਂ ਸਪੀਕਰ ਸਾਹਿਬ, ਮੈਂ ਕੇਵਲ ਦੋ ਚਾਰ ਸ਼ਬਦ ਹੀ ਹੋਰ ਕਹਿਣਾ ਚਾਹੁੰਦਾ ਹਾਂ ਔਰ ਜਿਹੜੀ ਗੱਲ ਯੂਨੀਵਰਸਿਟੀ ਦੇ ਬਾਰੇ ਪਹਿਲਾਂ ਕਹੀ ਗਈ ਹੈ ਉਸਦੀ ਰੇਪੀਟੀਸ਼ਨ ਮੈਂ ਨਹੀਂ ਕਰਾਂਗਾ। ਇਸ ਯੂਨੀਵਰਸਿਟੀ ਨੇ ਹਰੇ ਇਨਕਲਾਬ ਦੇ ਵਿਚ ਵੀ ਯੋਗਦਾਨ ਪਾਇਆ ਹੈ ਇਹ ਗੱਲ ਠੀਕ ਹੈ ਲੇਕਿਨ ਯੂਨੀਵਰਸਿਟੀ ਦੇ ਵਿਚ ਅੱਜ ਖੋਜ ਦਾ ਜੋ ਕੰਮ ਹੈ ਉਹ ਡੇ-ਬਾਈ-ਡੇ ਘੱਟ ਰਿਹਾ ਹੈ। ਪਿਛਲੇ ਲੰਬੇ ਸਮੇਂ ਤੋਂ ਵ੍ਹੀਟ ਵਿਚ ਵੀ ਕੋਈ ਨਵੀਂ ਵੈਰਾਇਟੀ ਨਹੀਂ ਆਈ। ਦਾਲਾਂ ਦੇ ਥੱਲੇ ਵੀ ਸਾਡਾ ਰਕਬਾ ਕਾਫੀ ਘੱਟ ਰਿਹਾ ਹੈ। ਦਾਲਾਂ ਵਾਲੇ ਪਾਸੇ ਅਸੀਂ ਕੋਈ ਹੈਡ-ਵੇਅ ਨਹੀਂ ਕਰ ਰਹੇ, ਨਾ ਹੀ ਅਸੀਂ ਕੋਈ ਐਡਵਾਂਸ ਵੈਰਾਇਟੀ ਲਿਆ ਰਹੇ ਹਾਂ। ਗਰੀਬਾਂ ਵਾਸਤੇ ਤਾਂ ਦਾਲ ਹੀ ਸਭ ਤੋਂ ਵਧੀਆ ਪ੍ਰੋਟੀਨ ਵਾਲਾ ਭੋਜਨ ਹੈ। ਇਸ ਤੋਂ ਬਾਅਦ ਮੇਰਾ ਖਿਆਲ ਹੈ ਕਿ ਪ੍ਰੋਟੀਨ ਫਿਰ ਮੱਛੀ ਵਿਚ ਹੈ। ਗਰੀਬ ਆਦਮੀ ਇਹ ਚੀਜ਼ਾਂ ਖਾ ਨਹੀਂ ਸਕਦਾ। ਇਸ ਵੇਲੇ ਦਾਲਾਂ ਵਾਸਤੇ ਵੀ ਅਸੀਂ ਆਤਮ-ਨਿਰਭਰ ਨਹੀਂ ਹਾਂ। ਸਾਨੂੰ ਆਪਣੀ ਲੋੜ ਅਨੁਸਾਰ ਦਾਲਾਂ ਵੀ ਹੋਰ ਸੂਬਿਆਂ ਤੋਂ ਮੰਗਵਾਉਣੀਆਂ ਪੈਂਦੀਆਂ ਹਨ। ਗੰਨੇ ਦਾ ਪੰਜਾਬ ਦੇ ਅੰਦਰ ਬਹੁਤ ਸਕੋਪ ਹੈ। ਲੇਕਿਨ ਗੰਨੇ ਦੇ ਫੀਲਡ ਵਿਚ ਵੀ ਯੂਨੀਵਰਸਿਟੀ ਨੇ ਕੋਈ ਨਵੀਂ ਵੈਰਾਇਟੀ ਨਹੀਂ ਲਿਆਂਦੀ ਜੋ ਕਿ ਵਧੇਰੇ ਪੈਦਾਵਾਰ ਦੇ ਸਕੇ ਔਰ ਜਿਸ ਨੂੰ ਬਿਮਾਰੀ ਨਾ ਲਗਦੀ ਹੋਵੇ। ਮੈਂ ਇਸ਼ਾਰਾ ਹੀ ਕਰ ਰਿਹਾ ਹਾਂ। ਵੈਸੇ ਪੰਜਾਬ ਨੇ ਐਗਰੀਕਲਚਰ ਦੇ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਜੇਕਰ ਯੂਨੀਵਰਸਿਟੀ ਡਾਇਵਰਸੀਫਿਕੇਸ਼ਨ ਆਫ ਕਰਾਪਸ ਵੱਲ ਜ਼ਿਆਦਾ ਧਿਆਨ ਦਿੰਦੀ ਤਾਂ ਮੇਰਾ ਖਿਆਲ ਹੈ ਕਿ ਜਿਹੜੀ ਸਕੇਅਰਸਿਟੀ ਆਫ ਫੂਡ ਹੈ ਉਹ ਵੀ ਜ਼ਰੂਰ ਕੁਝ ਹੱਦ ਤੱਕ ਹੱਲ ਹੋ ਸਕਦੀ ਸੀ। ਸਪੀਕਰ ਸਾਹਿਬ, ਅਸੀਂ ਪੰਜਾਬੀ ਲੋਕ ਨੈਸ਼ਨੇਲਿਸਟ ਵੀ ਹਾਂ, ਸਾਨੂੰ ਨੈਸ਼ਨੇਲਿਸਟ ਅਪਰੋਚ ਰੱਖਣੀ ਚਾਹੀਦੀ ਹੈ। ਯੂਨੀਵਰਸਿਟੀ ਦਾ ਧਿਆਨ ਇਹਨਾਂ ਗੱਲਾਂ ਵੱਲੋਂ ਪਿੱਛੇ ਹੱਟ ਰਿਹਾ ਹੈ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਇਹਦਾ ਕਾਰਨ ਵੀ ਇਹੀ ਹੈ ਕਿ ਯੂਨੀਵਰਸਿਟੀ ਦੇ ਅੰਦਰ ਡੈਮੋਕਰੈਟਿਕ ਸਿਸਟਮ ਨਹੀਂ ਹੈ । ਸਪੀਕਰ ਸਾਹਿਬ, ਸ਼ਾਇਦ ਤੁਸੀਂ ਵੀ ਇਸ ਗੱਲ ਨਾਲ ਐਗਰੀ ਕਰੋਗੇ ਕਿ ਜਿਹੜਾ ਯੂਨੀਵਰਸਿਟੀ ਦਾ ਵਾਈਸ-ਚਾਂਸਲਰ ਹੈ ਉਹ ਵੀ ਘੱਟੋ ਘੱਟ ਉਸੇ ਫੀਲਡ ਦਾ ਹੀ ਲਗਾਇਆ ਜਾਵੇ ਤਾਂ ਜ਼ਿਆਦਾ ਬੈਟਰ ਹੈ, ਯੂਨੀਵਰਸਿਟੀ ਦੇ ਮੁੱਖੀ ਰਿਸਰਚ ਮਾਹਿਰ ਲਾਉਣੇ ਚਾਹੀਦੇ ਹਨ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਿਚ ਇਹ ਗੱਲ ਵੀ ਨਹੀਂ ਹੈ । ਮੈਂ ਜ਼ਿਆਦਾ ਸਖਤ ਸ਼ਬਦ ਨਹੀਂ ਵਰਤਦਾ, ਜੇਕਰ ਯੂਨੀਵਰਸਿਟੀ ਦੇ ਵਿਚ ਜੀ ਹਜ਼ੂਰੀਏ ਔਰ ਚਹੇਤੇ ਲੋਕ ਲਾਏ ਜਾਣਗੇ ਤਾਂ ਯੂਨੀਵਰਸਿਟੀ ਬੈਟਰਮੈਂਟ ਵਾਸਤੇ ਡਿਸੀਜ਼ਨ ਨਹੀਂ ਲੈ ਸਕਦੇ । ਉਹ ਆਪਣੇ ਸਿਆਸੀ ਹਿੱਤਾਂ ਲਈ ਇਸ ਪਰਕਾਰ ਦੇ ਡਿਸੀਜ਼ਨ ਲੈਂਦੇ ਰਹਿਣਗੇ । ਮੈਂ ਮੈਡੀਕਲ ਐਜੂਕੇਸ਼ਨ ਦਾ ਵਿਰੋਧ ਨਹੀਂ ਕਰਦਾ । ਪੰਜਾਬ ਦੇ ਵਿਚ ਮੈਡੀਕਲ ਐਜੂਕੇਸ਼ਨ ਐਡਵਾਂਸ ਹੋਣੀ ਚਾਹੀਦੀ ਹੈ । ਅਸੀਂ ਸਾਰੇ ਇਸ ਦੇ ਨਾਲ ਸਹਿਮਤ ਹਾਂ । ਪਰ ਸਪੀਕਰ ਸਾਹਿਬ, ਐਗਰੀਕਲਚਰਲ ਯੂਨੀਵਰਸਿਟੀ ਤੇ ਪ੍ਰਸ਼ਨ ਚਿੰਨ੍ਹ ਲਗਦਾ ਹੈ । ਜਲੰਧਰ ਵਿਚ ਇਕ ਗੰਨਾ ਖੋਜ ਕੇਂਦਰ ਹੈ ਜਿਸ ਦੀ ਥਾਂ ਤੇ ਪਿਛਲੀ ਸਰਕਾਰ ਨੇ ਫੈਸਲਾ ਕੀਤਾ ਕਿ ਉਥੇ ਮੈਡੀਕਲ ਕਾਲਜ ਖੋਲ੍ਹਿਆ ਜਾਵੇਗਾ । ਅਸੀਂ ਮੈਡੀਕਲ ਕਾਲਜ ਦੀ ਸਥਾਪਨਾ ਕਰਨ ਦਾ ਵਿਰੋਧ ਬਿਲਕੁਲ ਨਹੀਂ ਕਰਦੇ, ਜ਼ਰੂਰ ਬਣਾਉਣਾ ਚਾਹੀਦਾ ਹੈ । ਲੇਕਿਨ ਜਿਹੜਾ ਗੰਨਾ ਖੋਜ ਕੇਂਦਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਜਗ੍ਹਾ ਤੇ ਹੈ ਉਹੀ ਥਾਂ ਕਿਉਂ ਮੈਡੀਕਲ ਕਾਲਜ ਵਾਸਤੇ ਲਈ ਜਾ ਰਹੀ ਹੈ । ਇਸ ਵਾਸਤੇ ਕੋਈ ਆਲਟਰਨੇਟਿਵ ਕਿਉਂ ਨਹੀਂ ਲੱਭਿਆ ਜਾ ਰਿਹਾ । ਬਿਲਡਿੰਗ ਦੇ ਵਾਸਤੇ ਜਗ੍ਹਾ ਰਾਖਵੀਂ ਰੱਖ ਦਿਤੀ ਗਈ ਹੈ । ਬਾਕੀ ਦੀ ਜਗ੍ਹਾ ਤੇ ਮੈਡੀਕਲ ਕਾਲਜ ਦੀ ਮੈਨੇਜਮੈਂਟ ਪਲਾਟ ਬਣਾ ਕੇ ਵੇਚੇਗੀ ਅਤੇ ਜਿਹੜਾ ਪੈਸਾ ਇਕੱਠਾ ਹੋਵੇਗਾ ਉਸ ਦੇ ਨਾਲ ਮੈਡੀਕਲ ਕਾਲਜ ਦੀ ਬਿਲਡਿੰਗ ਦੀ ਉਸਾਰੀ ਕੀਤੀ ਜਾਵੇਗੀ । ਜੇਕਰ ਯੂਨੀਵਰਸਿਟੀ ਦੇ ਵਿਚ ਡੈਮੋਕਰੇਟਿਕ ਸੈਟ-ਅੱਪ ਕਾਇਮ ਕੀਤਾ ਹੁੰਦਾ ਤਾਂ ਉਸ ਪ੍ਰਬੰਧਕੀ ਕਮੇਟੀ ਨੇ ਜ਼ਰੂਰ ਇਸ ਤੇ ਆਬਜੈਕਸ਼ਨ ਕਰਨਾ ਸੀ, ਰੀ-ਐਕਟ ਕਰਨਾ ਸੀ ਕਿ ਪੰਜਾਬ ਵਿਚ ਗੰਨਾ ਖੋਜ ਕੇਂਦਰ ਬਹੁਤ ਹੀ ਜ਼ਰੂਰੀ ਹੈ । ਹੁਣ ਇਸ ਦੇ ਆਲਟਰ-ਨੇਟਿਵ ਵਿਚ ਨਵਾਂ ਗੰਨਾ ਖੋਜ ਕੇਂਦਰ ਸਥਾਪਤ ਕਰਨ ਵਾਸਤੇ ਘੱਟੋ ਘੱਟ 3 ਸਾਲ ਲਗ ਜਾਣੇ ਹਨ । ਉਦੋਂ ਸਾਡੀ ਪੰਜਾਬ ਸਰਕਾਰ ਨੇ ਨਹੀਂ ਸੋਚਿਆ ਅਤੇ ਦੂਸਰੇ ਪਾਸੇ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ ਆਪਣੀ ਜ਼ਿੰਮੇਂਵਾਰੀ ਠੀਕ ਨਹੀਂ ਨਿਭਾਈ । ਮੈਨੂੰ ਖੁਸ਼ੀ ਹੈ ਕਿ ਇਕ ਕਾਮਰੇਡ ਕੁਲਵੰਤ ਸਿੰਘ ਨੇ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਅਤੇ ਹਾਈਕੋਰਟ ਨੇ ਫੈਸਲਾ ਦਿੱਤਾ ਕਿ ਕਾਲਜ ਵਾਸਤੇ ਜਿਤਨੀ ਵੀ ਜ਼ਮੀਨ ਦੀ ਰਿਕਵਾਇਰਮੈਂਟ ਹੈ, ਕੇਵਲ ਉਹੀ ਜਗ੍ਹਾ ਹੀ ਰੱਖੀ ਜਾਵੇ ਅਤੇ ਬਾਕੀ ਦੀ ਜਗ੍ਹਾ ਗੰਨਾ ਖੋਜ ਕੇਂਦਰ ਵਾਸਤੇ ਰੱਖੀ ਜਾਵੇ । ਇਸ ਦੇ ਵਾਸਤੇ, ਮੈਂ ਤਾਂ ਇਹ ਕੇਵਲ ਮਿਸਾਲ ਦੇ ਤੌਰ ਤੇ ਹੀ ਦੱਸਿਆ ਹੈ, ਯੂਨੀਵਰਸਿਟੀ ਦੇ ਵਿਚ ਡੈਮੋਕਰੇਟਿਕ ਸੈਟ-ਅੱਪ ਬਹਾਲ ਕੀਤਾ ਜਾਵੇ । ਮਿਸਾਲ ਦੇ ਵਜੋਂ ਹੀ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਉਥੇ ਪਰਮੋਸ਼ਨਾਂ ਵਿੱਚ, ਪੋਸਟਿੰਗ ਵਿਚ, ਮਕਾਨਾਂ ਦੀ ਅਲਾਟਮੈਂਟ ਵਿਚ ਗੱਲ ਕੀ ਹਰ ਕੰਮ ਵਿਚ ਭਾਈ-ਭਤੀਜਾਵਾਦ ਕੰਮ ਕਰ ਰਿਹਾ ਹੈ । ਸਪੀਕਰ ਸਾਹਿਬ, ਤੁਸੀਂ ਤਾਂ ਮੇਰੇ ਨਾਲੋਂ ਜ਼ਿਆਦਾ ਜਾਣਦੇ ਹੋਵੋਗੇ ਤੁਹਾਡੇ

Original with;
Punjab Vidhan Sabha
Digitized by;
Panjab Digital Library

ਤਾਂ ਸ਼ਹਿਰ ਵਿਚ ਯੂਨੀਵਰਸਿਟੀ ਬਣੀ ਹੋਈ ਹੈ ਮੈਨੂੰ ਇਸ ਦੀ ਪੂਰੀ ਜਾਣਕਾਰੀ ਨਾ ਵੀ ਹੋਵੇ। ਸਪੀਕਰ ਸਾਹਿਬ, ਆਹ ਮੇਰੇ ਕੋਲ ਮਾਨਯੋਗ ਮੈਂਬਰ ਸ਼੍ਰੀ ਸਤਪਾਲ ਗੋਸਾਈਂ ਦਾ ਮਿਤੀ 18 ਫਰਵਰੀ, 1996 ਦਾ ਇਕ ਪੱਤਰ ਹੈ ਜਿਹੜਾ ਕਿ ਸ਼ਾਇਦ ਉਨ੍ਹਾਂ ਨੇ ਸੀ. ਐਮ. ਸਾਹਿਬ ਨੂੰ ਅਤੇ ਸਾਰੇ ਐਮ. ਐਲ. ਏ. ਸਾਹਿਬਾਨ ਨੂੰ ਵੰਡਿਆ ਹੈ। ਮੇਰੇ ਉਸ ਬੀ. ਜੇ. ਪੀ. ਦੇ ਸਤਿਕਾਰਯੋਗ ਮੈਂਬਰ ਨੇ ਯੂਨੀਵਰਸਿਟੀ ਦੇ ਮੁਤੱਅਲਕ ਇਤਨੇ ਵੱਡੇ ਘੁਟਾਲਿਆਂ ਅਤੇ ਸਕੈਂਡਲਾਂ ਦਾ ਇਸ ਵਿਚ ਜ਼ਿਕਰ ਕੀਤਾ ਹੈ। ਇਹ ਮੈਂ ਬਾਅਦ ਵਿਚ ਆਪ ਨੂੰ ਹੈਂਡ-ਓਵਰ ਵੀ ਕਰ ਸਕਦਾ ਹਾਂ। ਜੇਕਰ ਉਨ੍ਹਾਂ ਦੀ ਪੜਤਾਲ ਕਰਵਾ ਲਈ ਜਾਵੇ ਤਾਂ ਬੜੇ ਹੈਰਾਨੀਜਨਕ ਤੱਥ ਨਿਕਲਣਗੇ ਕਿ ਕਿਵੇਂ 12 ਕਰੋੜ ਰੁਪਏ ਦੀ ਜ਼ਮੀਨ ਭੰਗ ਦੇ ਭਾੜੇ ਹੀ ਵੇਚ ਦਿੱਤੀ ਗਈ। ਖੇਤੀਬਾੜੀ ਮੰਤਰੀ ਜੀ ਬੈਠੇ ਹਨ, ਕਿਚਲੂ ਨਗਰ ਵਿਚ, ਮੈਂ ਤਾਂ ਇਸ ਬਾਰੇ ਜ਼ਿਆਦਾ ਨਹੀਂ ਜਾਣਦਾ, ਬੜੀ ਕੀਮਤੀ ਥਾਂ 12 ਕਰੋੜ ਰੁਪਏ ਦੀ ਥਾਂ, ਵਕਫ ਬੋਰਡ ਦੀ ਜ਼ਮੀਨ ਦੇ ਬਦਲੇ ਟਰਾਂਸਫਰ ਕਰ ਦਿੱਤੀ ਜਿਹੜੀ ਕਿ ਬਿਲਕੁਲ ਬੰਜਰ ਅਤੇ ਅਨ-ਪ੍ਰੋਡਕਟਿਵ ਜਗ੍ਹਾ ਹੈ। ਵਕਫ ਬੋਰਡ ਨੇ ਉਹ ਜ਼ਮੀਨ ਇਕ ਤਕੜੇ ਵਪਾਰੀ ਨੂੰ 2 ਕਰੋੜ ਰੁਪਏ ਲੀਜ਼ ਤੇ ਦੇ ਦਿੱਤੀ ਅਤੇ ਉਸ ਨੇ ਅੱਗੋਂ 200-300-400 ਗਜ ਦੇ ਪਲਾਟ ਬਣਾ ਕੇ ਵੇਚ ਦਿਤੇ ਅਤੇ ਉਹ ਕਰੋੜਾਂ ਰੁਪਿਆਂ ਵਿਚ ਹੱਥ ਰੰਗ ਰਿਹਾ ਹੈ। ਉਹ ਯੂਨੀਵਰਸਿਟੀ ਦੀ ਬਹੁਤ ਹੀ ਵਧੀਆ ਅਤੇ ਕੀਮਤੀ ਥਾਂ ਸੀ। ਕਈ ਕਿਸਮ ਦੇ ਫਰਾਡ ਉਥੇ ਹੋ ਰਹੇ ਹਨ। 1987 ਵਿਚ ਆਨਰੇਬਲ ਗਵਰਨਰ ਸਾਹਿਬ ਉਥੇ ਕਿਸੇ ਫੰਕਸ਼ਨ ਤੇ ਗਏ ਸਨ। ਪਲਾਂਟਸ ਬਰੀਡਿੰਗ ਵਿੱਚ ਸ਼੍ਰੀ ਖਹਿਰਾ ਜਿਹੜੇ ਕਿ ਹੁਣ ਸ਼ਾਇਦ ਵਾਈਸ-ਚਾਂਸਲਰ ਹਨ, ਦੀ ਇਕ ਕਿਤਾਬ 'ਟੂਡੇ ਐਂਡ ਟੂਮਾਰੋ', ਸਪੀਕਰ ਸਾਹਿਬ ਤੁਸੀਂ ਹੈਰਾਨ ਹੋਵੋਗੇ ਕਿ ਉਨ੍ਹਾਂ ਨੇ ਉਸ ਫੰਕਸ਼ਨ ਵਿਚ ਰਿਲੀਜ਼ ਕਰਵਾ ਲਈ ਪਰ ਉਹ ਕਿਤਾਬ ਅਜੇ ਤੱਕ ਪ੍ਰਕਾਸ਼ਿਤ ਹੀ ਨਹੀਂ ਹੋਈ, ਛਪੀ ਹੀ ਨਹੀਂ। ਇਸ ਕਿਸਮ ਦੇ ਉਥੇ ਫਰਾਡ ਕੀਤੇ ਜਾ ਰਹੇ ਹਨ।

ਇਸ ਤਰ੍ਹਾਂ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਹ ਕਿਉਂ ਹੋ ਰਿਹਾ ਹੈ ? ਇਹ ਇਸ ਕਰਕੇ ਹੋ ਰਿਹਾ ਹੈ ਕਿ ਜਿਹੜੇ ਉਥੇ ਐਜੂਕੇਸ਼ਨ ਦੇਣ ਵਾਲੇ ਲੋਕ ਹਨ, ਉਨ੍ਹਾਂ ਦੀ ਮੈਨੇਜਮੈਂਟ ਵਿਚ ਨੁਮਾਇੰਦਗੀ ਕੋਈ ਨਹੀਂ, ਉਨ੍ਹਾਂ ਦੀ ਸੁਣਦਾ ਕੋਈ ਨਹੀਂ। ਸਪੀਕਰ ਸਾਹਿਬ, ਉਥੇ ਡੈਮੋਕਰੇਟਿਕ ਢੰਗ ਨਾਲ ਮੈਨੇਜਮੈਂਟ ਚੁਣੀ ਜਾਣੀ ਚਾਹੀਦੀ ਹੈ। ਉਥੇ ਜਿਹੜੇ ਵਿਅਕਤੀ ਪ੍ਰਿੰਸੀਪਲ/ਵੀ. ਸੀ. ਲਗਾਏ ਜਾਂਦੇ ਹਨ, ਉਹ ਆਪਣੀ ਹੀ ਮਨਮਰਜੀ ਕਰਦੇ ਹਨ। ਮੈਂ ਸਾਰੀਆਂ ਗੱਲਾਂ ਤਾਂ ਨਹੀਂ ਕਹਿੰਦਾ, ਪਰ ਸਪੀਕਰ ਸਾਹਿਬ, ਉਥੇ ਅੱਤਵਾਦੀ ਵੀ ਹਨ ਅਤੇ ਅੱਤਵਾਦ ਦੇ ਨਾਂ ਤੇ ਅੱਡੇ ਬਣੇ ਹੋਏ ਹਨ ਅਤੇ ਉਨ੍ਹਾਂ ਦੀ ਜਨਰਲ ਵੈਦਯ ਕਤਲ ਕਾਂਡ ਵਿਚ ਨਿਸ਼ਾਨਦੇਹੀ ਵੀ ਹੋਈ ਹੋਈ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਹਾਊਸ ਵਿਚ ਜੇਕਰ ਹੋਰ ਬਹਿਸ ਕਰਵਾਉਣੀ ਹੈ ਤਾਂ ਬੇਸ਼ਕ ਕਰਵਾ ਲਓ, ਇਹ ਸਭ ਦਾ ਜਮਹੂਰੀ ਹੱਕ ਹੈ ਅਤੇ ਇਸ ਦੀ ਪੂਰੀ ਤਰ੍ਹਾਂ ਵਰਤੋਂ ਹੋਣੀ ਚਾਹੀਦੀ ਹੈ। ਲੇਕਿਨ ਮੈਂ ਆਸ ਕਰਦਾ ਹਾਂ ਕਿ ਇਸ ਨੂੰ ਟਾਕ-ਆਊਟ ਨਾ ਕੀਤਾ ਜਾਵੇ ਸਗੋਂ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ ਤਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਕਿ ਠੀਕ ਪ੍ਰਭਾਵ ਲਿਆ ਜਾ ਸਕੇ ਕਿ ਵਾਕਿਆ ਹੀ ਸਰਕਾਰ ਕੁਰੱਪਸ਼ਨ ਨੂੰ ਹਟਾਉਣਾ ਚਾਹੁੰਦੀ ਹੈ । ਸਪੀਕਰ ਸਾਹਿਬ, ਇਹ ਮੇਰੇ ਕੋਲ ਪੂਰੀ ਫਾਈਲ ਪਈ ਹੋਈ ਹੈ । ਇਹ ਮੈਂ ਬਾਅਦ ਵਿਚ ਸੀ. ਐਮ. ਸਾਹਿਬ ਨੂੰ ਦੇ ਸਕਦਾ ਹਾਂ ਜਾਂ ਖੇਤੀਬਾੜੀ ਮੰਤਰੀ ਜੀ ਨੂੰ ਵੀ ਦੇ ਸਕਦਾ ਹਾਂ ਪਰ ਇਹ ਸੈਪਰੇਟ ਪ੍ਰਸ਼ਨ ਹੈ, ਵੱਖਰੀ ਆਈਟਮ ਹੈ । ਪਰ ਇਸ ਨੂੰ ਰੈਜ਼ੋਲਿਊਸ਼ਨ ਦੀ ਭਾਵਨਾ ਨਾਲ ਅਤੇ ਜਮਹੂਰੀ ਤਰੀਕੇ ਨਾਲ ਸਰਬ-ਸੰਮਤੀ ਨਾਲ ਪ੍ਰਵਾਨ ਕੀਤਾ ਜਾਵੇ ਅਤੇ ਜੋ ਧਾਂਦਲੀਆਂ ਹੋਈਆਂ ਹਨ, ਜਿਸ ਦਾ ਰਿਕਾਰਡ ਵੀ ਦੇਵਾਂਗਾ ਅਤੇ ਪਰੂਵ ਵੀ ਕਰਾਂਗਾ, ਸਰਕਾਰ ਉਨ੍ਹਾਂ ਦੀ ਪੜਤਾਲ ਕਿਸੇ ਏਜੰਸੀ ਤੋਂ ਕਰਵਾ ਲਵੇ, ਅਸੀਂ ਪੂਰਾ ਸਹਿਯੋਗ ਦੇਵਾਂਗੇ । ਸੋ, ਇਸ ਆਸ ਨਾਲ ਕਿ ਇਹ ਰੈਜ਼ੋਲਿਊਸ਼ਨ ਪਾਸ ਕੀਤਾ ਜਾਵੇਗਾ, ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਆਪਣਾ ਸਥਾਨ ਗ੍ਰਹਿਣ ਕਰਦਾ ਹਾਂ ।

**ਸਰਦਾਰ ਤੋਤਾ ਸਿੰਘ** (ਮੋਗਾ) ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿਤਾ ਹੈ । ਇਹ ਜੋ ਮਤਾ ਕਾਮਰੇਡ ਅਜਾਇਬ ਸਿੰਘ ਰੋਤਾਂ ਜੀ ਵਲੋਂ ਲਿਆਂਦਾ ਗਿਆ ਹੈ ਅਤੇ ਉਨ੍ਹਾਂ ਦੇ ਹੀ ਸਾਥੀ ਅਰਸ਼ੀ ਜੀ ਨੇ ਆਪਣੇ ਵਿਚਾਰ ਰੱਖੇ ਹਨ ਮੇਰੀ ਨਿਗਾਹ ਵਿੱਚ ਇਨ੍ਹਾਂ ਤੇ ਕੁਝ ਮੱਤ ਭੇਦ ਹਨ, ਕਿਉਂਕਿ ਇਨ੍ਹਾਂ ਨੇ ਕਿਹਾ ਕਿ ਉਥੇ ਭਾਈ-ਭਤੀਜਾਵਾਦ ਦੀ ਭਰਤੀ ਹੋਈ ਹੈ । ਇਕ ਪਾਸੇ ਇਨ੍ਹਾਂ ਨੇ ਡੈਮੋਕਰੇਸੀ ਦੇ ਹੱਕ ਦੇਣ ਦੀ ਗੱਲ ਕਹੀ ਹੈ, ਫਿਰ ਇਹ ਕਿਸ ਤਰ੍ਹਾਂ ਕਹਿੰਦੇ ਹਨ ਕਿ ਭਾਈ ਭਤੀਜਾਵਾਦ ਦੀ ਭਰਤੀ ਹੋਈ ਹੈ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਪਾਸ ਕਰਨ ਦੀ ਲੋੜ ਨਹੀਂ ਹੈ । ਸਪੀਕਰ ਸਾਹਿਬ, ਛੋਟੀਆਂ ਛੋਟੀਆਂ ਗੱਲਾ ਨੂੰ ਲੈ ਕੇ ਯੂਨੀਵਰਸਿਟੀ ਦੇ ਕੰਮ-ਕਾਰ ਤੇ ਉਂਗਲੀ ਉਠਾਉਣਾ ਕੋਈ ਚੰਗੀ ਗੱਲ ਨਹੀਂ ਹੈ । ਜੇਕਰ ਕਿਸੇ ਨੂੰ ਕੋਈ ਪ੍ਰਾਬਲਮ ਹੈ ਤਾਂ ਇਥੇ ਸਾਡੇ ਖੇਤੀਬਾੜੀ ਮੰਤਰੀ ਜੀ ਬੈਠੇ ਹਨ,ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾ ਸਕਦੀ ਹੈ । ਮੈਂ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਦੇਖਿਆ ਹੈ ਕਿ ਸਾਡੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਬਹੁਤ ਅੱਛੀ ਰੈਪੂਟੇਸ਼ਨ ਹੈ । ਜੇ ਕਿਸੇ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਤੋਂ ਬੀ. ਐਸ. ਸੀ. ਐਗਰੀਕਲਚਰ ਕੀਤੀ ਹੋਈ ਹੈ ਤਾਂ, ਮੈਂ ਕੈਲੀਫੋਰਨੀਆਂ ਵਿੱਚ ਦੇਖਿਆ ਹੈ, ਇੰਗਲੈਂਡ ਵਿੱਚ ਦੇਖਿਆ ਹੈ, ਹੋਰ ਕਈ ਦੇਸ਼ਾਂ ਵਿੱਚ ਦੇਖਿਆ ਹੈ, ਉਸਨੂੰ ਝੱਟ ਨੌਕਰੀ ਮਿਲ ਜਾਂਦੀ ਹੈ । ਇਸ ਯੂਨੀਵਰਸਿਟੀ ਦਾ ਬਾਹਰਲੇ ਦੇਸ਼ਾਂ ਵਿੱਚ ਬਹੁਤ ਸਤਿਕਾਰ ਕੀਤਾ ਜਾਂਦਾ ਹੈ । ਹੋਰ ਕਿਸੇ ਯੂਨੀਵਰਸਿਟੀ ਦੇ ਸਟੂਡੈਂਟਸ ਦੇ ਕਈ ਪ੍ਰਕਾਰ ਦੇ ਟੈਸਟ ਲਏ ਜਾਂਦੇ ਹਨ ਪਰ ਇਸ ਯੂਨੀਵਰਸਿਟੀ ਦੀ ਬਾਹਰ ਬਹੁਤ ਮਹੱਤਤਾ ਹੈ । ਸਪੀਕਰ ਸਾਹਿਬ, ਇਸ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਖੇਤੀਬਾੜੀ ਨੂੰ ਬਹੁਤ ਵੱਡੀ ਦੇਣ ਹੈ । ਇਥੇ ਪਹਿਲਾਂ ਜਿਹੜਾ ਝੋਨਾ ਪੈਦਾ ਹੁੰਦਾ ਸੀ ਉਸਦਾ ਝਾੜ ਬਹੁਤ ਘੱਟ ਹੁੰਦਾ ਸੀ । ਪਰ ਇਹ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਦੇਣ ਹੈ ਕਿ ਹੁਣ ਝਾੜ 30-30 ਕੁਇੰਟਲ ਨਿਕਲ ਰਿਹਾ ਹੈ । ਮੈਂ ਤਾਂ ਕਹਿੰਦਾ ਹਾਂ ਕਿ ਸਰਕਾਰ ਨੂੰ ਵਿਗਿਆਨੀਆਂ ਦੀ ਮੱਦਦ ਕਰਨੀ ਚਾਹੀਦੀ ਹੈ । ਕਣਕ ਦਾ ਖੇਤਰ ਲੈ ਲਓ ਪਹਿਲਾਂ ਕਣਕ 18-18 ਕੁਇੰਟਲ ਨਿਕਲਦੀ ਸੀ ਹੁਣ ਉਹ 60-60 ਕੁਇੰਟਲ ਤੇ ਝਾੜ ਪਹੁੰਚ ਗਿਆ ਹੈ, ਇਹ ਸਾਰੀ ਯੂਨੀਵਰਸਿਟੀ ਦੀ ਹੀ ਦੇਣ ਹੈ । ਪਹਿਲਾਂ ਦੁੱਧ ਬਹੁਤ ਘੱਟ

Original with;
Punjab Vidhan Sabha
Digitized by;
Panjab Digital Library

ਸੀ ਅੱਜ ਦੁੱਧ ਦੇ ਖੇਤਰ ਵਿੱਚ ਪੰਜਾਬ ਬਹੁਤ ਅੱਗੇ ਹੈ । ਸਪੀਕਰ ਸਾਹਿਬ, ਅੱਜ ਜਦੋਂ ਵੀ ਯੂਨੀਵਰਸਿਟੀ ਵਲੋਂ ਮੇਲੇ ਲਗਦੇ ਹਨ ਤਾਂ ਉਥੇ ਕਿਸਾਨਾਂ ਦਾ ਬਹੁਤ ਜ਼ਿਆਦਾ ਇਕੱਠ ਹੁੰਦਾ ਹੈ ਕਿਉਂਕਿ ਉਥੇ ਵਿਗਿਆਨੀ ਕਿਸਾਨਾਂ ਨੂੰ ਨਵੀਆਂ ਟੈਕਨੀਕਾਂ ਬਾਰੇ ਦੱਸਦੇ ਹਨ ਅਤੇ ਕਿਸਾਨ ਉਥੋਂ ਨਵੀਂ ਕਿਸਮ ਦੇ ਬੀਜ ਲੈ ਕੇ ਜਾਂਦੇ ਹਨ । ਜੇ ਲੋਕਾਂ ਦੇ ਮਨਾਂ ਵਿੱਚ, ਕਿਸਾਨਾਂ ਦੇ ਮਨਾਂ ਵਿਚ ਇਸ ਯੂਨੀਵਰਸਿਟੀ ਲਈ ਬਹੁਤ ਸਤਿਕਾਰ ਹੈ ਤਾਂ ਹੀ ਕਿਸਾਨ ਇੰਨੇ ਇਕੱਠੇ ਹੁੰਦੇ ਹਨ ਅਤੇ ਉਥੋਂ ਬੀਜ ਲੈ ਕੇ ਜਾਂਦੇ ਹਨ । ਛੋਟੀਆਂ ਛੋਟੀਆਂ ਗੱਲਾਂ ਤੇ ਕਿ ਕਿਸੇ ਮੁਲਾਜ਼ਮ ਨੂੰ ਕੁਆਟਰ ਨਹੀਂ ਮਿਲਿਆ ਇਸ ਯੂਨੀਵਰਸਿਟੀ ਦੀ ਵਰਕਿੰਗ ਤੇ ਨੁਕਤਾ-ਚੀਨੀ ਕਰਨੀ ਸ਼ੋਭਾ ਨਹੀਂ ਦਿੰਦੀ । ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦਾ ਹਰ ਪਾਸੇ, ਦੂਜੇ ਦੇਸ਼ਾਂ ਵਿੱਚ ਵੀ ਸਤਿਕਾਰ ਹੈ । ਜੇ ਮੈਂ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਤੇ ਬੋਲਦਾ ਰਹਾਂ ਤਾਂ 2 ਘੰਟੇ ਲਗ ਸਕਦੇ ਹਨ, ਕਪਾਹ ਦਾ ਹੀ ਖੇਤਰ ਲੈ ਲਓ, ਕਿਵੇਂ ਸਪਰੇਅ ਹੁੰਦੇ ਹਨ ਅਤੇ ਕਿਵੇਂ ਐਗਰੀਕਲਚਰ ਇੰਸਪੈਕਟਰ ਤਨ-ਦੇਹੀ ਨਾਲ ਕੰਮ ਕਰ ਰਹੇ ਹਨ ਅਤੇ ਸਾਨੂੰ ਕਿੰਨਾ ਫਾਇਦਾ ਹੋਇਆ ਹੈ । ਇਹ ਸਾਰੀ ਯੂਨੀਵਰਸਿਟੀ ਦੀ ਹੀ ਦੇਣ ਹੈ । ਇਸ ਲਈ ਯੂਨੀਵਰਸਿਟੀ ਦੇ ਪ੍ਰਤੀ ਕਿਸੇ ਨੂੰ ਕੋਈ ਉਂਗਲੀ ਨਹੀਂ ਉਠਾਉਣੀ ਚਾਹੀਦੀ ਤਾਂ ਕਿ ਇਸ ਦਾ ਸਤਿਕਾਰ ਦੇਸ਼ ਵਿੱਚ ਵੀ ਵੱਧ ਸਕੇ । ਇਥੇ ਵਾਈਸ-ਚਾਂਸਲਰ ਸਾਹਿਬ ਦੇ ਬਾਰੇ ਗੱਲ ਕੀਤੀ ਗਈ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਇਕ ਧਾਰਮਿਕ ਵਿਅਕਤੀ ਹੈ ਜਿਸ ਨੂੰ ਵਿਦੇਸ਼ਾਂ ਵਲੋਂ ਵੀ ਓਫਰਾਂ ਆਈਆਂ ਹਨ ਕਿ ਸਾਨੂੰ ਸੇਧ ਦਿਓ ਪਰ ਉਸਨੇ ਇਥੇ ਹੀ ਪਬਲਿਕ ਸਕੂਲ ਚਲਾਏ ਹਨ ਅਤੇ ਉਨ੍ਹਾਂ ਵਿੱਚ ਜਿਹੜੇ ਸਾਡੇ ਛੋਟੇ ਛੋਟੇ ਬੱਚੇ ਹਨ, ਉਨ੍ਹਾਂ ਨੂੰ ਕਿਵੇਂ ਐਜੂਕੇਸ਼ਨ ਦੇ ਰਹੇ ਹਨ । ਪਬਲਿਕ ਸਕੂਲ ਖੁੱਲ੍ਹ ਰਹੇ ਹਨ ਔਰ ਤਨਖਾਹ ਨਹੀਂ ਲੈ ਰਹੇ । ਜਿਸ ਤਰ੍ਹਾਂ ਦੀ ਉਸ ਤੇ ਟੀਕਾ ਟਿੱਪਣੀ ਕੀਤੀ ਗਈ ਹੈ, ਇਹ ਨਹੀਂ ਹੋਣੀ ਚਾਹੀਦੀ ਬਲਕਿ ਮੈਂ ਸਮਝਦਾ ਹਾਂ ਕਿ ਉਸ ਨੂੰ ਤੋਹਫਾ ਮਿਲਣਾ ਚਾਹੀਦਾ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਦਾ ਸਨਮਾਨ ਕੀਤਾ । ਉਸ ਵਾਈਸ-ਚਾਂਸਲਰ ਨੇ ਖੇਤੀ ਖੇਤਰ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ । ਉਸ ਨੇ ਪੰਜਾਬੀਆਂ ਦਾ ਇਮਾਨਦਾਰੀ ਨਾਲ ਸਾਥ ਦਿੱਤਾ । ਇਸ ਕਰਕੇ, ਜਿਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਦਾ ਸਨਮਾਨ ਕੀਤਾ ਹੈ, ਉਸੀ ਤਰ੍ਹਾਂ ਪੰਜਾਬ ਸਰਕਾਰ ਨੂੰ ਵੀ ਉਸ ਦਾ ਸਨਮਾਨ ਕਰਨਾ ਚਾਹੀਦਾ ਹੈ । ਵਾਈਸ ਚਾਂਸਲਰ ਦੇ ਸਾਰੇ ਸਟਾਫ ਨੇ ਵੀ ਬਹੁਤ ਵੱਡਾ ਯੋਗਦਾਨ ਪਾਇਆ ਹੈ ਜਿਸ ਕਾਰਨ ਯੂਨੀਵਰਸਿਟੀ ਦਾ ਨਾਂ ਬਣਿਆ ਹੈ । ਸਪੀਕਰ ਸਾਹਿਬ, ਐਗਰੀਕਲਚਰਲ ਯੂਨੀਵਰਸਿਟੀ ਨੇ ਹਮੇਸ਼ਾ ਪੰਜਾਬੀਆਂ ਦਾ ਸਾਥ ਦਿੱਤਾ ਹੈ । ਕੇਂਦਰ ਨੇ ਪੰਜਾਬ ਦੇ ਲੋਕਾਂ ਨੂੰ ਕਿਸ ਤਰ੍ਹਾਂ ਲੁੱਟਿਆ । ਜਦੋਂ ਕਣਕ ਅਤੇ ਗੰਨੇ ਦੀ ਪ੍ਰਾਈਸ ਵਿਚ ਵਿਤਕਰਾ ਕੀਤਾ ਗਿਆ ਤਾਂ ਉਦੋਂ ਐਗਰੀਕਲਚਰਲ ਯੂਨੀਵਰਸਿਟੀ ਨੇ ਸੇਧ ਦਿੱਤੀ । ਉਸ ਨੇ ਉਸ ਸਮੇਂ ਕਿਹਾ ਕਿ ਜੇ ਤੁਸਾਂ ਵੱਧ ਤੋਂ ਵੱਧ ਭਾਅ ਪੰਜਾਬ ਦੇ ਕਿਸਾਨਾਂ ਨੂੰ ਦਿਓ ਤਾਂ ਪੰਜਾਬ ਵੱਧ ਤੋਂ ਵੱਧ ਕਣਕ ਪੈਦਾ ਕਰ ਸਕਦਾ ਹੈ । ਜੇ ਕਨੇਡਾ, ਅਰਜਨਟਾਈਨਾ ਜਾਂ ਆਸਟਰੇਲੀਆ ਤੋਂ ਕਣਕ ਮੰਗਵਾਉਣੀ ਪਵੇ ਤਾਂ 740/- ਰੁਪਏ ਕਣਕ ਦਾ ਭਾਅ ਬਣੇਗਾ ।

Original with;
Punjab Vidhan Sabha
Digitized by;
Punjab Digital Library

[ਸਰਦਾਰ ਤੋਤਾ ਸਿੰਘ]

ਪਰ ਅੱਜ ਪੰਜਾਬ ਦੇ ਕਿਸਾਨ ਨੂੰ 380/- ਰੁਪਏ ਹੀ ਮਿਲ ਰਹੇ ਹਨ । 8/- ਰੁਪਏ ਕਿਲੋ ਆਟਾ ਪੰਜਾਬ ਵਿਚ ਮਿਲਦਾ ਰਿਹਾ ਹੈ । ਇਸ ਤਰ੍ਹਾਂ ਪੰਜਾਬ ਨੂੰ ਲੁੱਟਿਆ ਗਿਆ । ਪਰ ਹੁਣ ਬਾਦਲ ਸਾਹਿਬ ਦੀ ਸਰਕਾਰ ਨੇ 5 ਰੁਪਏ 30 ਪੈਸੇ ਆਟਾ ਕੀਤਾ ਹੈ ਔਰ ਕਿਹਾ ਹੈ ਕਿ ਹਰ ਕਿਸੇ ਨੂੰ ਰਾਸ਼ਨ ਕਾਰਡ ਤੇ 5 ਰੁਪਏ 30 ਪੈਸੇ ਕਿਲੋ ਆਟਾ ਮਿਲੇਗਾ । ਹਰ ਕਿਸੇ ਨੂੰ ਮਹੀਨੇ ਦਾ 30 ਕਿਲੋ ਆਟਾ ਮਿਲੇਗਾ । ਡੀ. ਐਫ. ਸੀ. ਵਾਲੇ ਹੁਣ ਢੰਡੋਰਾ ਪਿੱਟਦੇ ਹਨ ਕਿ ਤੁਸੀਂ ਆਟਾ ਲਓ । ਨਾਲ ਕਿਹਾ ਹੈ ਕਿ ਜੇ ਕਿਸੀ ਨੂੰ ਠੀਕ ਕਣਕ ਨਹੀਂ ਮਿਲਦੀ, ਮਾੜੀ ਮਿਲਦੀ ਹੈ, ਤਾਂ ਸ਼ਿਕਾਇਤ ਕਰੋ । ਇਹ ਸਭ ਨੀਤੀਆਂ ਸਪੀਕਰ ਸਾਹਿਬ, ਐਗਰੀਕਲਚਰ ਯੂਨੀਵਰਸਿਟੀ ਦੀ ਦੇਣ ਹਨ । ਇਹ ਸਮੇਂ ਸਮੇਂ ਤੇ ਸਾਨੂੰ ਜਗਾਉਂਦੀ ਰਹੀ ਹੈ । ਧਾਨ ਦੇ ਮਸਲੇ ਤੇ ਜਗਾਉਂਦੀ ਰਹੀ ਹੈ । ਖਾਦ ਦਾ ਮਸਲਾ ਹੈ, ਮਿੱਟੀ ਜਾਂ ਪਾਣੀ ਟੈਸਟ ਕਰਨ ਦਾ ਮਸਲਾ ਹੈ, ਉਸ ਤੇ ਸਾਨੂੰ ਇਸ ਯੂਨੀਵਰਸਿਟੀ ਨੇ ਜਗਾਇਆ ਹੈ । ਪਾਣੀ ਦੀ ਹਾਲਤ ਜੋ ਬਹੁਤ ਮਾੜੀ ਹੋ ਗਈ ਸੀ ਤਾਂ ਯੂਨੀਵਰਸਿਟੀ ਨੇ ਸੁਝਾਅ ਦਿੱਤਾ ਕਿ ਡੀਪ ਟਿਊਬਵੈੱਲ ਲਗਾਏ ਜਾਣ । ਇਸੀ ਤਰ੍ਹਾਂ ਕਿਸਾਨ ਬਹੁਤ ਜ਼ਿਆਦਾ ਨਾਈਟਰੋਜਨ ਖਰਚ ਕਰਨ ਲਗ ਪਏ ਸਨ ਅਤੇ ਉਨੀ ਝੋਨੇ ਨੂੰ ਲੋੜ ਨਹੀਂ ਸੀ । ਯੂਨੀਵਰਸਿਟੀ ਦੇ ਨੁਮਾਇੰਦੇ ਕਿਸਾਨਾਂ ਕੋਲ ਗਏ ਔਰ ਉਨ੍ਹਾਂ ਨੇ ਕਿਹਾ ਕਿ ਨਾਈਟਰੋਜਨ ਦੀ ਨਜਾਇਜ਼ ਵਰਤੋਂ ਨਾ ਕਰੋ । ਨਵੀਆਂ ਖਾਦਾਂ ਬਾਰੇ ਉਹ ਦੱਸਦੇ ਹਨ । ਮਿੱਟੀ ਦੀ ਪਰਖ ਹੁੰਦੀ ਹੈ । ਇਸ ਤਰ੍ਹਾਂ ਯੂਨੀਵਰਸਿਟੀ ਸਾਨੂੰ ਸੇਧ ਦਿੰਦੀ ਹੈ । ਇਸ ਕਰਕੇ ਉਸ ਵਿਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ । ਇਸ ਨਾਲ ਯੂਨੀਵਰਸਿਟੀ ਦੀ ਮਹੱਤਤਾ ਨੂੰ ਨੁਕਸਾਨ ਪਹੁੰਚਦਾ ਹੈ । ਮੇਰੀ ਬੇਨਤੀ ਹੈ ਕਿ ਯੂਨੀਵਰਸਿਟੀ ਹਰ ਮਸਲੇ ਤੇ ਸਾਨੂੰ ਸੇਧ ਦਿੰਦੀ ਰਹੀ ਹੈ, ਚਾਹੇ ਉਹ ਝੋਨੇ ਦਾ ਮਸਲਾ ਸੀ ਜਾਂ ਚਾਹੇ ਕੁਝ ਹੋਰ ਸੀ । ਇਸੇ ਤਰ੍ਹਾਂ ਪੰਜਾਬ ਦੇ ਝੋਨੇ ਦੀ ਵੈਰਾਇਟੀ ਸੁਪਰ ਫਾਈਨ ਹੈ । ਕੇਂਦਰ ਸਰਕਾਰ ਨੇ 90 ਲੱਖ ਟਨ ਝੋਨਾ ਖਰੀਦਿਆ ਔਰ ਕੇਂਦਰ ਸਰਕਾਰ ਨੇ ਇਹ ਕਿਹਾ ਕਿ ਇਹ ਫਾਈਨ ਵੈਰਾਇਟੀ ਹੈ । ਸੁਪਰ ਫਾਈਨ ਨਹੀਂ ਹੈ ਜਦ ਕਿ ਉਹ ਸੁਪਰ ਫਾਈਨ ਹੀ ਸੀ । ਉਹੀ ਝੋਨਾ ਫਿਰ ਹਰਿਆਣੇ ਦੀਆਂ ਮੰਡੀਆਂ ਵਿਚ ਸੁਪਰ ਫਾਈਨ ਕਰਕੇ ਵੇਚਿਆ ਗਿਆ । ਪਰ ਪੰਜਾਬ ਵਿਚ ਉਸੀ ਝੋਨੇ ਨੂੰ ਫਾਈਨ ਕਿਹਾ ਗਿਆ । ਯੂਨੀਵਰਸਿਟੀ ਨੇ ਹੀ ਇਹ ਮਸਲਾ ਉਠਾਇਆ । ਜੇ ਅਸੀਂ ਇਸੀ ਤਰ੍ਹਾਂ ਵਿਦੇਸ਼ਾਂ ਤੋਂ ਕਣਕ ਮੰਗਵਾਵਾਂਗੇ ਤਾਂ ਇਸ ਨਾਲ ਆਰਥਿਕਤਾ ਨੂੰ ਨੁਕਸਾਨ ਹੋਵੇਗਾ । ਜੇ ਪੰਜਾਬ ਦੇ ਲੋਕਾਂ ਨੂੰ ਰਾਹਤ ਦਿੱਤੀ ਜਾਵੇ ਅਤੇ ਪੰਜਾਬ ਦੇ ਲੋਕ ਖੁਦ ਜ਼ਿਆਦਾ ਕਣਕ ਪੈਦਾ ਕਰਨ ਤਾਂ ਇਸ ਨਾਲ ਪੰਜਾਬ ਬਲਵਾਨ ਹੋ ਸਕਦਾ ਹੈ, ਹਿੰਦੁਸਤਾਨ ਬਲਵਾਨ ਹੋ ਸਕਦਾ ਹੈ ।

ਇਸ ਦੇ ਨਾਲ ਹੀ ਸਪੀਕਰ ਸਾਹਿਬ, ਮਸ਼ੀਨਰੀ ਦਾ ਮਸਲਾ ਲੈ ਲਉ । ਇਸ ਬਾਰੇ ਯੂਨੀਵਰਸਿਟੀ ਦੀ ਕਿੰਨੀ ਦੇਣ ਹੈ । ਕੰਬਾਈਨ ਦੇ ਸਿਸਟਮ ਵਿੱਚ ਯੂਨੀਵਰਸਿਟੀ ਵਾਲਿਆਂ ਨੇ ਦੇਖਿਆ ਕਿ ਕਿਹੜੀ ਕੰਬਾਈਨ ਚੰਗੀ ਹੈ ਔਰ ਉਸੇ ਤਰ੍ਹਾਂ ਕਿਸਾਨਾਂ ਨੂੰ ਸੁਝਾਉ ਦਿੱਤਾ ਕਿ ਆਹ ਕੰਬਾਈਨ ਲਉ, ਤਾਂ ਕਿ ਉਨ੍ਹਾਂ ਦੇ ਪੈਸੇ ਬਚ ਸਕਣ । ਟਰੈਕਟਰਾਂ ਦਾ ਮਸਲਾ ਲੈ ਲਉ । ਇਸ ਬਾਰੇ ਦੱਸਿਆ ਕਿ ਟਰੈਕਟਰਾਂ ਦੀ ਸਾਂਭ-ਸੰਭਾਲ ਕਿਸ ਤਰ੍ਹਾਂ ਕਰਨੀ ਹੈ । ਟਰੈਕਟਰਾਂ ਦੀ ਨੁਮਾਇਸ਼ ਲਾਈ ਅਤੇ ਟਰੈਕਟਰਾਂ ਦੇ ਮਾਲਕਾਂ ਨੂੰ ਦੱਸਿਆ

Original with;
Punjab Vidhan Sabha
Digitized by;
Panjab Digital Library

ਕਿ ਇਸ ਤਰ੍ਹਾਂ ਸੰਭਾਲ ਕਰੋ ਤਾਂ ਕਿ ਉਹ ਟਰੈਕਟਰਾਂ ਦੀ ਉਮਰ ਵਧਾ ਸਕਣ । ਯੂਨੀਵਰ-ਸਿਟੀ ਨੇ ਹਰ ਖੇਤਰ ਵਿਚ ਪੰਜਾਬ ਦੀ ਅਗਵਾਈ ਕੀਤੀ ਹੈ । ਕਿਹੜੇ ਖੇਤਰ ਦਾ ਨਾਂ ਲਵਾਂ ਜਿਸ ਵਿਚ ਯੂਨੀਵਰਸਿਟੀ ਨੇ ਸੇਧ ਨਹੀਂ ਦਿੱਤੀ । ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜੋ ਯੂਨੀਵਰਸਿਟੀ ਵਿਚ ਦਖਲ ਅੰਦਾਜ਼ੀ ਦਾ ਮਤਾ ਹੈ, ਇਹ ਮਤਾ ਪਾਸ ਨਹੀਂ ਕਰਨਾ ਚਾਹੀਦਾ ।

ਪ੍ਰਾਈਸ ਬਾਰੇ ਵੀ ਯੂਨੀਵਰਸਿਟੀ ਨੇ ਸਰਕਾਰ ਨੂੰ ਆਪਣੀ ਸਿਫਾਰਸ਼ ਕੀਤੀ । ਜੇਕਰ ਉਸ ਸਮੇਂ ਯੂਨੀਵਰਸਿਟੀ ਦੇ ਆਖੇ ਲਗ ਜਾਂਦੇ ਤਾਂ ਹਿੰਦੁਸਤਾਨ ਨੂੰ ਅੱਜ ਬਾਹਰੋਂ ਕਣਕ ਨਾ ਮੰਗਵਾਉਣੀ ਪੈਂਦੀ ਔਰ ਇੰਨੀ ਫਸਲ ਪੈਦਾ ਕਰ ਦੇਣੀ ਸੀ ਕਿ ਉਸ ਨੂੰ ਐਕਸਪੋਰਟ ਕਰਨਾ ਪੈਂਦਾ । ਆਲੂਆਂ ਦਾ ਮਸਲਾ ਲੈ ਲਉ । ਇਸ ਬਾਰੇ ਯੂਨੀਵਰਸਿਟੀ ਕਿੰਨੀ ਸੇਧ ਦੇ ਰਹੀ ਹੈ । ਗੰਨੇ ਦਾ ਮਸਲਾ ਲੈ ਲਉ । ਯੂਨੀਵਰਸਿਟੀ ਨੇ ਆਖਿਆ ਕਿ ਜਿੰਨਾ ਗੰਨਾ ਬੀਜਿਆ ਜਾ ਰਿਹਾ ਹੈ, ਉਸ ਹਿਸਾਬ ਨਾਲ ਮਿੱਲਾਂ ਵੀ ਲੱਗਣੀਆਂ ਚਾਹੀਦੀਆਂ ਹਨ ਔਰ ਯੂਨੀਵਰਸਿਟੀ ਨੇ ਮਾਰਕੀਟਿੰਗ ਸਿਸਟਮ ਵੱਲ ਵੀ ਸੁਝਾਅ ਦਿੱਤਾ । ਯੂਨੀਵਰਸਿਟੀ ਦਾ ਕੰਮ ਹੈ ਪੈਦਾ ਕਰਨਾ, ਔਰ ਹੌਂਸਲਾ ਵਧਾਉਣਾ । ਮਾਰਕੀਟਿੰਗ ਦਾ ਪ੍ਰਬੰਧ ਸਮੇਂ ਦੀ ਸਰਕਾਰ ਨੇ ਕਰਨਾ ਹੈ । ਜੇਕਰ ਸਮੇਂ ਦੀ ਸਰਕਾਰ ਮਾਰਕੀਟਿੰਗ ਵੱਲ ਧਿਆਨ ਦਿੰਦੀ ਤਾਂ ਕਿਸਾਨਾਂ ਨੂੰ ਇੰਨਾ ਘਾਟਾ ਨਾ ਉਠਾਉਣਾ ਪੈਂਦਾ ਅਤੇ ਆਰਥਿਕ ਤੌਰ ਤੇ ਪੰਜਾਬ ਤਰੱਕੀ ਵਿਚ ਹੁੰਦਾ । ਇਸ ਲਈ ਸਪੀਕਰ ਸਾਹਿਬ, ਮੈਂ ਇਹੀ ਸੁਝਾਅ ਦਿੰਦਾ ਹਾਂ ਕਿ ਇਸ ਮਤੇ ਦੀ ਕੋਈ ਮਹੱਤਤਾ ਨਹੀਂ । ਧੰਨਵਾਦ ।

**ਰਾਜਾ ਨਰਿੰਦਰ ਸਿੰਘ** (ਨਾਭਾ) : ਸਪੀਕਰ ਸਾਹਿਬ, ਜੋ ਮਤਾ ਤੋਤਾ ਜੀ ਨੇ ਲਿਆਂਦਾ ਹੈ, ਇਸ ਮਤੇ ਦੇ ਵਿਚ ਇਨ੍ਹਾਂ ਨੇ ਇੰਨੀ ਮੰਗ ਕੀਤੀ ਸੀ ਕਿ ਟੀਚਿੰਗ ਦੀ ਜਿਹੜੀ ਕਮਿਊਨਿਟੀ ਹੈ, ਉਸ ਨੂੰ ਰੇਪ੍ਰਜੇਂਟੇਸ਼ਨ ਦੇਣੀ ਚਾਹੀਦੀ ਹੈ । ਇਸ ਪਹਿਲੂ ਤੇ ਤਾਂ ਸਹਿਮਤੀ ਹੈ ਲੇਕਿਨ ਜਿਹੜਾ ਯੂਨੀਵਰਸਿਟੀ ਨੂੰ ਕ੍ਰਿਟੀਸਾਈਜ਼ ਕਰਦੇ ਹਾਂ, ਉਹ ਠੀਕ ਨਹੀਂ । ਜੋ ਅੱਜ ਰੇਵੋ-ਲਿਊਸ਼ਨ ਆਇਆ ਹੈ, ਭਾਵੇਂ ਉਹ ਖੇਤੀਬਾੜੀ ਦੇ ਖੇਤਰ ਵਿਚ ਹੈ ਜਾਂ ਦੁੱਧ ਦੇ ਖੇਤਰ ਵਿਚ ਵਾਈਟ ਰੇਵੋਲਿਊਸ਼ਨ ਹੈ ਜਾਂ ਪੰਜਾਬ ਵਿਚ ਫਰੂਟ ਜ਼ਿਆਦਾ ਪੈਦਾ ਹੋਣ ਲੱਗਿਆ ਹੈ, ਗਰੇਪਸ ਹੋਣ ਲੱਗੇ ਹਨ ਜਾਂ ਦੂਜੇ ਹੋਰ ਫਰੂਟ ਹੋਣ ਲੱਗੇ ਹਨ, ਇਸ ਦੀ ਸਾਰੀ ਦੇਣ ਐਗਰੀਕਲਚਰਲ ਯੂਨੀਵਰਸਿਟੀ ਦੀ ਹੀ ਹੈ । ਇਹ ਜਿਹੜਾ ਐਗਰੀਕਲਚਰ ਦੇ ਖੇਤਰ ਵਿਚ, ਹੁਣ ਤੋਤਾ ਸਿੰਘ ਜੀ ਜ਼ਿਕਰ ਕਰ ਰਹੇ ਸਨ ਕਿ ਜਦੋਂ ਦੋ ਬੈਲਾਂ ਨਾਲ ਕਣਕ ਗਾਹੁੰਦੇ ਸੀ ਔਰ ਜਦੋਂ ਮੀਂਹ ਪੈ ਜਾਂਦਾ ਹੁੰਦਾ ਸੀ, ਤਾਂ ਫਲ੍ਹੇ ਦੇ ਵਿਚ ਹੀ ਕਣਕ ਜੰਮ ਜਾਂਦੀ ਸੀ । ਜੇਕਰ ਉਸ ਦੇ ਵਿਚ ਹਾਰਵੈਸਟਿੰਗ ਕੰਬਾਈਨ ਬਣਾਉਣ ਨਾਲ ਰੇਵੋਲਿਊਸ਼ਨ ਆਇਆ ਹੈ, ਤਾਂ ਉਹ ਵੀ ਯੂਨੀਵਰਸਿਟੀ ਦੀ ਦੇਣ ਹੈ । ਉਸ ਤੋਂ ਬਾਅਦ ਜਿਹੜੀ ਚੀਜ਼ ਸਾਨੂੰ ਆਪਣੇ ਮੁਲਕ ਵਿਚ ਨਹੀਂ ਮਿਲਦੀ ਸੀ, ਉਹ ਚੀਜ਼ ਵੀ ਲਿਆਂਦੀ । ਜਿਹੜੀ ਤੂੜੀ ਕੱਢਣ ਵਾਲੀ ਮਸ਼ੀਨ ਹੈ, ਹਾਰਵੈਸਟਿੰਗ ਕੰਬਾਈਨ ਤਾਂ ਹਾਰਵੈਸਟ ਕਰਕੇ ਦਾਣੇ ਕੱਢ ਕੇ ਲੈ ਗਈ

Original with;
Punjab Vidhan Sabha
Digitized by;
Panjab Digital Library

[ਰਾਜਾ ਨਰਿੰਦਰ ਸਿੰਘ]

ਲੇਕਿਨ ਉਸ ਤੋਂ ਬਾਅਦ ਡਰਾਈ ਫੌਡਰ ਵਾਸਤੇ ਤੂੜੀ ਕੱਢਣ ਵਾਲੀ ਮਸ਼ੀਨ ਬਣਾਈ। ਬਾਹਰਲੇ ਮੁਲਕਾਂ ਵਿੱਚ ਤਾਂ ਡਰਾਈ ਫੌਡਰ ਨਹੀਂ ਪਾਉਂਦੇ, ਉਥੇ ਤਾਂ ਗਿੱਲਾ ਫੌਡਰ ਹੀ ਪਾਉਂਦੇ ਹਨ ਲੇਕਿਨ ਅਸੀਂ ਡਰਾਈ ਫੌਡਰ ਜਾਂ ਤੂੜੀ ਪਸ਼ੂਆਂ ਨੂੰ ਪਾਉਂਦੇ ਹਾਂ। ਕਣਕ ਵੱਢਣ ਤੋਂ ਬਾਅਦ ਜਿਹੜੀ ਤੂੜੀ ਦੀ ਮਸ਼ੀਨ ਹੈ, ਉਹ ਤੂੜੀ ਬਣਾਉਂਦੀ ਹੈ। ਇਸ ਖੇਤਰ ਵਿਚ ਯੂਨਿਵਰਸਿਟੀ ਨੇ ਇੰਨੀ ਕੰਟ੍ਰੀਬਿਊਸ਼ਨ ਕੀਤੀ ਹੈ ਕਿ ਉਸ ਦੀ ਸ਼ਲਾਘਾ ਕਰਨੀ ਬਹੁਤ ਜ਼ਰੂਰੀ ਹੈ ਲੇਕਿਨ ਇਕ ਗੱਲ ਜ਼ਰੂਰੀ ਹੈ ਕਿ ਸਾਨੂੰ ਯੂਨੀਵਰਸਿਟੀ ਨੂੰ ਰਿਸਰਚ ਕਰਨ ਵਾਸਤੇ ਪੈਸਾ ਦੇਣਾ ਚਾਹੀਦਾ ਸੀ। ਇੰਨਾ ਪੈਸਾ ਅਸੀਂ ਯੂਨੀਵਰਸਿਟੀ ਨੂੰ ਦੇ ਨਹੀਂ ਸੀ ਸਕੇ। ਅੱਜ ਜੋ ਟੈਕਨਾਲੋਜੀ ਲਿਆਂਦੀ ਹੈ, ਉਸ ਵਿੱਚੋਂ ਬਹੁਤ ਸਾਰੀ ਟੈਕਨਾਲੋਜੀ ਇਥੇ ਹੀ ਪੈਦਾ ਕੀਤੀ ਗਈ ਹੈ। ਪਹਿਲਾਂ ਇਥੇ ਆਈ. ਆਰ. 108 ਵੈਰਾਇਟੀ ਝੋਨੇ ਦੀ ਲਿਆਂਦੀ ਸੀ, ਔਰ ਉਸ ਵਿੱਚ ਇੰਨਾ ਜ਼ਿਆਦਾ ਝਾੜ ਹੋਇਆ ਕਿ ਇਕ ਰੈਵੋਲਿਊਸ਼ਨ ਹੀ ਆ ਗਿਆ। ਲੇਕਿਨ ਬਾਹਰ ਦੇ ਲੋਕ ਜਾਂ ਜਿਹੜੇ ਖਾਂਦੇ ਪੀਂਦੇ ਲੋਕ ਸਨ, ਉਹ ਆਈ. ਆਰ. 108 ਵੈਰਾਇਟੀ ਨੂੰ ਨਹੀਂ ਸੀ ਚਾਹੁੰਦੇ, ਇਸ ਕਰਕੇ ਇਸ ਦਾ ਭਾਅ ਘੱਟ ਗਿਆ ਔਰ ਉਸ ਤੋਂ ਬਾਅਦ ਯੂਨੀਵਰਸਿਟੀ ਨੇ ਇਸ ਨੂੰ ਡਿਸਕਾਰਡ ਕਰਕੇ 106 ਨੂੰ ਲਿਆਂਦਾ। ਇਸ ਤਰ੍ਹਾਂ ਰਾਈਸ ਦੇ ਵਿੱਚ ਡਿਫਰੈਂਟ ਵੈਰਾਇਟੀਜ਼ ਲਿਆਂਦੀਆਂ। ਆਈ. ਆਰ. 108 ਵੈਰਾਇਟੀ ਨੂੰ ਡਿਸਕਾਰਡ ਕਰਕੇ, ਜਿਹੜੀ ਵੈਰਾਇਟੀ ਹੁਣ ਲਿਆਂਦੀ ਹੈ. . . . . .

**ਸ਼੍ਰੀ ਸਪੀਕਰ:** ਇਹ ਸਦਨ ਹੁਣ ਅਣਮਿਥੇ ਸਮੇਂ ਲਈ ਸਥਗਿਤ ਕੀਤਾ ਜਾਂਦਾ ਹੈ।

*1.30 ਵਜੇ ਬਾਅਦ ਦੁਪਹਿਰ

(ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ* ਸਥੱਗਿਤ ਹੋ ਗਿਆ।)

Original with;
Punjab Vidhan Sabha
Digitized by;
Panjab Digital Library

# APPENDIX
# TO
# PUNJAB VIDHAN SABHA DEBATES

*20th March, 1997*

*Vol. I No. 10*

## STARRED QUESTIONS AND ANSWERS

### ਆਈ.ਏ.ਐਸ. ਅਫਸਰਾਂ ਦੇ ਵਿਦੇਸ਼ੀ ਦੌਰਿਆਂ ਤੇ ਕੀਤਾ ਗਿਆ ਖ਼ਰਚਾ

*130 **ਸਰਦਾਰ ਅਮਰਜੀਤ ਸਿੰਘ ਸਮਰਾ** . ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿਚ ਨਿਯੁਕਤ ਆਈ.ਏ.ਐਸ. ਅਫਸਰਾਂ ਦੇ ਨਾਂ ਅਤੇ ਅਹੁਦੇ ਕੀ ਕੀ ਹਨ ਜੋ ਜਨਵਰੀ, 1992 ਤੋਂ ਦਸੰਬਰ, 1996 ਤੱਕ ਦੇ ਸਮੇਂ ਦੇ ਦੌਰਾਨ ਵਿਦੇਸ਼ੀ ਦੌਰਿਆਂ ਤੇ ਗਏ ਅਤੇ ਹਰ ਇਕ ਦੌਰੇ ਦੀ ਮਿਆਦ ਅਤੇ ਮੰਤਵ ਕੀ ਸੀ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਅਫ਼ਸਰ ਦੁਆਰਾ ਯਾਤਰਾ/ਰੋਜ਼ਾਨਾ ਭੱਤਿਆਂ ਵਜੋਂ ਕਿੰਨੀ ਰਕਮ ਲਈ ਗਈ;

(ੲ) ਉਕਤ ਅਫਸਰਾਂ ਦੇ ਵਿਦੇਸ਼ ਦੌਰਿਆਂ ਦੇ ਸਬੰਧ ਵਿਚ ਸਰਕਾਰ ਦੁਆਰਾ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** (ੳ) ਆਈ.ਏ.ਐਸ. ਅਫਸਰਾਂ ਦੁਆਰਾ ਜਨਵਰੀ, 1992 ਤੋਂ ਦਸੰਬਰ, 1996 ਤੱਕ ਕੀਤੇ ਵਿਦੇਸ਼ੀ ਦੌਰਿਆਂ ਦੇ ਵੇਰਵੇ ਸਮੇਤ ਅਫਸਰ ਦਾ ਨਾਂ, ਦੌਰੇ ਦਾ ਸਮਾਂ, ਮੰਤਵ, ਦੌਰੇ ਤੇ ਕੀਤਾ ਖਰਚ ਅਤੇ ਫੰਡਾਂ ਦਾ ਸਾਧਨ ਅਨੁਲੱਗ-ਏ ਅਨੁਸਾਰ ਹੈ ।

ਇਸ ਵਿਚ ਨਿੱਜੀ ਵਿਦੇਸ਼ ਦੌਰੇ ਅਤੇ ਡਾਕਟਰੀ ਇਲਾਜ ਦੇ ਸਬੰਧ ਵਿੱਚ ਕੀਤੇ ਵਿਦੇਸ਼ ਦੌਰੇ ਸ਼ਾਮਲ ਨਹੀਂ ਹਨ ।

(ਅ) ਸੂਚਨਾ ਅਨੁਲੱਗ 'ਏ' ਅਨੁਸਾਰ ।

(ੲ) ਸਾਧਨ ।

| | | ਖਰਚਾ |
|---|---|---|
| ਰਾਜ ਸਰਕਾਰ | .. | 8,40,138/- |
| ਰਾਜ ਸਰਕਾਰ ਦੇ ਬੋਰਡ/ਕਾਰਪੋਰੇਸ਼ਨ | .. | 76,89,349/- |
| ਕੁੱਲ | .. | 85,29,487/- |

Original with;
Punjab Vidhan Sabha
Digitized by;
Panjab Digital Library

## ANNEXURE—A

**Statement showing the details of foreign tour undertaken by the I.A.S. officers and expenditure incurred thereon,**

| Sr. No. | Name and designation of the officer | Duration | Purpose | Expenditure on travels (in Rs.) | Source of funding State Govt./Corporation/Board of the State Govt. |
|---|---|---|---|---|---|
| 1 | 2 | 3 | 4 | 5 | 6 |
| 1. | Sh. Ramesh Inder Singh, I.A.S. Managing Director, MARKFED .. | 19-1-92 to 24-1-92 | To finalise the negotiation of the orders of MARKFED obtained during Gulf Food Exhibition (Dubai) | 62,041 | MARKFED |
| 2. | Sh. S.K. Tuteja, I.A.S. Managing Director P.S.I.D.C. .. | 24-4-92 to 5-5-92 | Technology tie-up for Radio Communication Products for Punjab Wireless System Ltd. (Germany, U. K. & Israel) | 1,74,325 | P.S.I.D.C. |
| 3. | Sh. G.S. Sandhu, I.A.S. Managing Director, Punjab State Electronics Development and Production Corporation .. | 5th to 16th December, 1992 | Agreement and discussions with NKD Denmark Alcatel, France and DSC, UK | 1,47,834 | Punjab Communications Ltd. |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 4. Sh. Ramesh Inder Singh, I.A.S. Managing Director MARKFED | 6th to 11th April, 1992 | To participate in the Food and Hotel Asia Exhibition Singapore | 93,905 | MARKFED |
| 5. Sh. B.R. Bajaj, I.A.S., Managing Director, Punjab Agro-Industries Corporation .. | 14-3-93 to 28-3-93 | To meet the Collaborators and financial Institutions (Singapore, Australia Newzeland) | 2,41,157 | Punjab Meats Ltd. |
| 6. Sh. R.N. Gupta, I.A.S. Chairman, Punjab Agro Industries Corporation .. | 14-3-93 to 28-3-93 | To meet the Collaborators and financial institutions (Singapore, Australia Newzeland) | 2,41,157 | Punjab Meats Ltd, |
| 7. Sh. Himmat Singh, I.A.S. Chief Executive, Punjab Energy Development Agency .. | 26-3-93 to 22-4-93 | International course in Wind Energy funded by Govt. of Netherlands and also visiting Mini Micro Hydel Projects Research Development Centres of Hydels in Europe. | 90,125 | Punjab Energy Development Agency |
| 8. Sh. D.S. Bains, I.A.S. Managing Director, Spinfed .. | 12-5-93 to 26-5-93 | To attend Buyers & Sellers Meet on Cotton Yarn (Hong Kong, Thailand and Japan) | 88,312 | Spinfed |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| 9. | Sh. S.S. Brar, I.A.S. Managing Director, Sugarfed .. | 27-8-93 to 31-8-93 | As representative of Sugarfed on the Co. mmittee of Indian Sugar and General Industry Export and Import Corporation Ltd. (ISGEC, Mauritius. | 15,105 | Sugarfed |
| 10. | Sh. D.S. Bains, I.A.S. Managing Director, Spinfed .. | 12-11-93 to 22-11-93 | To participate in the International Taxtile Machinery show at GIAKA in Japan (Hong Kong, Thailand and Japan) | 1,03,018 | Spinfed |
| 11. | Sh. Ramesh Inder Singh I.A.S. Managing Direcoor, MARKFED .. | 27-10-93 to 29-10-93 | To Sign an agreement with foreign supplier to confer exclusive formulation and marketing rights to MARKFED (Hong Kong) | 1,01,075 | MARKFED |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 12. | Sh. Ramesh Inder Singh, I.A.S Managing Director, MARKFED .. | 17-5-93 to 19-5-93 | To attend the Indo-Finish Joint Commission Meeting and to discuss the MARKFED project of processing of potatoes with a foreign collaborators at Helsinki Finland. | 1,16,251 | | MARKFED |
| 13. | Sh. K.K. Bhatnagar, I.A.S. Secretary to the Govt. of Punjab Department of Transport .. | 23-10-93 to 30-10-93 | To attend Conference on Asian Road Safety Kualalumpur, Singapore. | 69,088 | | Government |
| 14. | Shri S.S. Brar, I.A.S. Managing Director, Punjab Agro-Industries Corporation .. | 15-9-94 to 22-9-94 | To attend the Buyer-Seller Meet (Dubai) | 1,39,070 | | Punjab Agro-Industries Corporation |
| 15. | Sh. S, S. Brar, I.A.S. Managing Director, Punjab Agro-Industies Corporation. | 13-11-94 to 17-11-94 | Preparation made for Agro Tech, 94 Exhibition at Israel | | 1,11,000 | MARKFED PAIC, Mandi Board, PSIDC. |
| 16. | Shri D. S. Kalha, I.A.S. Director, Industries | 17-9-94 to 23-9-94 | To attend Buyer Seller meet organised by Indian Trade Promotion at Dubai | | 1,90-000 | P.S.I.D.C. |
| 17. | Shri B. C. Gupta, I. A. S., Managing Director, Punjab Small Industries and Export Corporation | 15-9-94 to 25-9-94 | To attended Buyer-Seller meet at Dubai | | 1,88,128 | P.S.I.E.C. |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| 18. | Shri R. N. Gupta, I.A.S., Chairman, Punjab State Electri city Board, Patiala | 4-12-94 to 11-12-94 | For participation in India Electo Power Industry Forum and Technical Conference on Power Gen-America to encourage private foreign investment in Punjab (U. S. A.) | 2,65,282 | P. S. E. B, Patiala. |
| 19. | Shri B. R. Bajaj, I.A.S., Managing Director, MARKFED | 22-9-94 to 1-10-94 | To participate in Sypmposium organised by the Victoria University at Malbourne and Sydney and also to meet with the Australian Wheat Board Authority to study mechanical Wheat Handling and Storage facilities as developed in Australia. | 1,35,375 | MARKFED |
| 20. | Shri C. L. Bains, I. A. S., Administrator, MARKFED. | 25-9-94 to 8-10-94 | To attend the 53rd planery meeting of the International Cotton Advisory Committee held in Recifie Pernambuco, Brazil and to explore the possibilities of direct business tie-ups at London (Brazil and England) | 3,61,429 | MARKFED |
| 21. | Shri B. R. Bajaj, I. A. S., Managing Director, MARKFED | 15-1-95 to 18-1-95 | To participate in the Gulf Food 1995 Exhibition held at Dubai (U. A. E.) | 1,49,085 | MARKFFD |
| 22. | Shri C. L. Bains, I. A. S., Administrator, MARKFED | 21-1-95 to 27-1-95 | To participate in the South Food 1995 Exhibition at Riyadh and to explore future marketing strategy of MARKFED products (Saudi Arabia) | 1,71,025 | MARKFED |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 23 | Shri G.S. Sandhu, I. A. S., Managing Director, Punjab Communication Ltd. | 15-1-95 to 21-1-95 | Agreement for SDH Projects Israel. | 2,02,391 | Punjab Communications Ltd. |
| 24. | Shri D. S. Jaspal, I. A. S., Managing Director, Punjab State Warehousing Corporation. | 10-6-95 to 22-6-95 | As part of the delegation sponsored by Ministry of Commerce to have a first hand exposure to transhipment, containerisation/Warehousing facilities at Bangkok, Singapore and Hong Kong. The delegation was headed by the Director, Commerce, Govt. of India (Bangkok, Singapore and Hong Kong) | 2,56,431 | Punjab State Warehousing Corpn. |
| 25. | Shri J. S. Maini, I. A. S., Secretary, Science, Technology and Envirorment and non-Conventional Energy Sources, | 22-4-95 to 3-5-95 | Environment Cooperation Programme between Jalandhar and Leads and also to the work related with non-conventional Energy Sources (Leads & Amsterdom) | 3,46,371 | Punjab Energy Development Agency. |
| 26. | Mrs, Geetika Kalha, I. A. S., Managing Director, PUNSUP | 30-4-95 to 6-5-95 | In connection with the export of Rice (Bangla Desh) | 77,867 | PUNSUP |
| 27. | Shri C. L. Bains, I. A. S., Adminisatrator, MARKFED | 21-4-95 to 28-4-95 | To attend the 9th International Food & drink exhibition held at London (English) | 1,96,921 | MARKFED |
| 28. | Mrs. Agya Rajinder Singh, I. A. S., Director, Social Security and Development of Woman and Children | 28-8-95 to 12-9-95 | To attend 4th world Conference on Women (China) | 77,128 | Government |
| 29. | Shri R. N. Gupta, I. A. S., Chairman, Punjab State Electricity Board, Patiala. | 22-9-95 to 4-10-95 | For participation in 1995 Utility Executive Symposium (U. S. A.) | 2,98,847 | P. S. E. B. |
| 30. | Shri A. K. Dubey, I. A. S., Secretary, Planning | 21-8-95 to 1-9-95 | To participate in International Workshop on performanee contract at Boston Institute for development, Economies, Boston (U.S.A.) | 1,080 | Government |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| 31. | Shri K.K. Bhatnagar, I.A.S, Managing Director, Punjab Communications Ltd. | 16-9-95 to 25-9-95 | Agreement for S.D.H. Project (Israel) | 2,96,186 | Punjab Communications Ltd. |
| 32. | Sbri S.K. Tuteja, I.A.S., Secretary, Industries | 16-9-95 to 25-9-96 | —do— | 2,99,455 | —do— |
| 33. | Shri B.R. Bajaj, I.A.S., Managing Director, Punjab Agro--Industries Corp. | 1-11-95 to 9-11-95 | To attend the Mega Show on Food and Dairy (Chicago, Washington & London) | 3,71,583 | Punjab Agro—Industries Corpn. |
| 34. | Shri V.K. Khanna, I.A.S., Financial Commissioner (Development) and Chairman, Mandi Board. | 22-1-96 to 28-1-96 | Development in Horticulture and Land Scaping (Netherland) | 17,525 | Punjab Mandi Board |
| 35. | Shri G.P.S. Sahi, IAS, Principal Secretary, Health and Family Welfare (Director, PHSC) | 29-1-96 to 2-2-96 | To negotiate Rs. 421.88 crores assistance for 2nd State Health System Project (U.S.A.) | 1,55,764 | Health System Corpn. |
| 36. | Shri Rajan Kashyap, IAS. Principal Secretary, Finance (Director, PHSC) | 29-1-96 to 2-2-96 | To negotiate Rs. 421.88 crores assistance for 2nd State Health System Project (U.S.A.) | 1,55,764 | Punjab Health System Corporation |
| 37. | Shri D. S. Bains, IAS, Special Secretary, Health (M.D., PHSC) | 29-1-96 to 2-2-96 | To negotiate Rs. 421.88 crores assistance for 2nd State Health System Project (U.S.A.) and to coordinate training programme at School of Public Health Centre for International Health (Boston) | 1,75,717 | Punjab Health System Corpn. |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 38. | Shri Inderjit Singh, IAS, Additional Secretary-cum-Director, Civil Aviation | 17-2-96 to 27-2-96 | To discuss the proposal for setting up of International Cargo-cum-Passanger Air port in the State of Punjab and feasibility report (America) | 1,60,010 | PEDA |
| 39. | Shri D.S. Jaspal, IAS, Managing Director, Punjab State Warehousing Corpn. | 18-3-96 to 24-3-96 | As part of the delegation sponsored by C. II to exploit possibilities of technical management (Australia) | 2,62,130 | Punjab State Warehousing Corpn. |
| 40. | Shri V.K. Khanna, IAS, Financial Commissioner (Development) | 20-2-96 to 2-3-96 | To discuss with foreign collaborators for getting up Cellulose Silica Plant (Canada) | 3,04,807 | Punjab Agro-Industries Corporation |
| 41. | —do— | 19-3-96 to 22-3-96 | As part of a business delegation organised by C. II, Australia | 2,31,800 | Punjab Agro-Industries Corporation |
| 42. | Shri C. Roul, IAS, Secretary, Mandi Board, Punjab | 10-5-96 to 17-5-96 | To attend the Agro-Tech (Israel) | 17,500 | Punjab Mandi Board |
| 43. | Shri Rajan Kashyap, IAS, Principal Secretary, Finance | 15-6-96 to 23-6-96 | To study the National Lottery run by U. K. Government for introducing computerised Lottery in Punjab (U.K.) | 2,38,640 | Government |
| 44. | Shri Viswajeet Khanna, IAS, Director, Lotteries | —do— | —do— | 2,38,640 | Government |
| 45. | Shri K. K. Bhatnagar, IAS, Managing Director, Sugarfed | 23-6-96 to 28-6-96 | To attend the programme on sugar industry organised by Western up productivity Council and institute of Productivity and Management (Kathmandu) | 10,584 | Sugarfed |
| 46. | —do— | 15-8-96 to 30-8-96 | To attend Sugar 2000 Symposium/Study tour at Australia | 2,61,440 | Sugarfed |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| 47. | Shri N. S. Kalsi, IAS, Chief Executive, PEDA | 31-7-96 to 12-8-96 | Appraisal of design parameters of Mini Hydel machines being installed on canal drops at Bathinda Branch Canal and evaluation of latest state of art technology of Hydel turbines for ultra low heads (U.K., Swedan & Finland) | 2,27,948 | PEDA |
| 48. | Shri R. N. Gupta, I.A.S., Chairman, P. S. E. B., Patiala. | 25-6-96 to 2-7-96 | For disussion in connection with Kol Dam Project and MOU signed by P. S. E. B., with Daewoo of South Korea | 1,31,753 | P. S. E. B |
| 49. | Shri Ramesh Inder Singh, I.A.S., Deputy Chairman and Managing Director, P. S. I. D. C. | 27-7-96 to 10-8-96 | To negotiate with suppliers of machinery for Abhishek Sp-infed Corporation Ltd. (Italy, Switzerland, Germany and U. K.) | 2,60,783 | P. S. I.D. C. |
| 50. | Shri R. N. Gupta, I.A.S., Financial Commissioner (Development), | 14-11-96 to 25-11-96 | To attend the Food Processing Exhibition to discuss Investment proposal for joint/Assisted Sector Projects of Punjab Agro as part of Govt. of India delegation lead by Union Minister for Food Processing (U. S. A.) | 3,50,016 | P. A. I. C. |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 51. | Shri B. R. Bajaj, I.A.S., Managing Director, P. A. I. C. | —do— | —do - | - do— | --do - |
| 52. | Smt. Romila Dubey, I.A.S., Secretary, Technical Education and Industrial Training. | 23-11-96 to 6-12-96 | Study tour orgainised by the World Bank (Italy and Spain) | 80,562 | Government |
| 53. | Shri S. K. Tuteja, I.A.S., Financial Commissioner and Secretary to the Govt. of Punjab, Deptartment of Animal Husbandry, Fisheries and Dairy Development. | 19-10-96 to 23-10-96 | To attend International Exposition for Food Processors (I. E. F. P,) Sanfrancisco (U.S.A.) | 1,35,000 | Government |
| 54. | Shri S. S. Brar, I.A.S., M. D. Markfed. | 7-12-96 to 12-12-96 | To participate in Expo India to explore export strategies of Markfed products (Dubai) | 81,041 | MARKFED |

| Sources | Expenditure |
|---|---|
| State Government | 8,40,138 |
| Corporations/Boards of the State Govt. | 76,89,349 |
| Total | 85,29,487 |

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਗੁਰਦਾਸਪੁਰ ਦੀ ਗੰਨੇ ਦੀ ਫ਼ਸਲ ਦੀ ਸਹਿਕਾਰੀ ਸ਼ੂਗਰ ਮਿਲਜ਼, ਅਜਨਾਲਾ ਨੂੰ ਅਲਾਟਮੈਂਟ

* 115. **ਸ੍ਰੀ ਜਗਦੀਸ਼ ਸਾਹਨੀ :** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ : —

(ੳ) ਕੀ ਇਹ ਠੀਕ ਹੈ ਕਿ 1995-96 ਦੇ ਫਸਲ ਸੀਜ਼ਨ ਦੇ ਦੌਰਾਨ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਗੰਨੇ ਦੀ ਫ਼ਸਲ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਹਿਕਾਰੀ ਸ਼ੂਗਰ ਮਿਲਜ਼, ਅਜਨਾਲਾ ਨੂੰ ਅਲਾਟ ਕੀਤੀ ਗਈ ਸੀ ; ਜੇਕਰ ਅਜਿਹਾ ਹੋਵੇ, ਤਾਂ ਅਜਨਾਲਾ ਮਿਲਜ਼ ਦੁਆਰਾ ਕਿਸਾਨਾਂ ਤੋਂ ਗੰਨਾ ਕਿਸ ਦਰ ਤੇ ਖਰੀਦਿਆ ਗਿਆ ਸੀ ।

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਮਿਲਜ਼ ਦੁਆਰਾ ਅਦਾ ਕੀਤੇ ਗਏ ਦਰ ਸਰਕਾਰ ਦੁਆਰਾ ਗੰਨੇ ਲਈ ਨਿਸ਼ਚਿਤ ਕੀਤੀ ਗਈ ਕੀਮਤ ਦੇ ਅਨੁਸਾਰ ਸੀ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ.** (ੳ) ਹਾਂ ਜੀ । ਗੰਨੇ ਦੀ ਖਰੀਦ 77/- ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕੀਤੀ ਗਈ ।

(ਅ) ਮਿਲ ਸ਼ੁਰੂ ਹੋਣ ਤੋਂ 15-3-1996 ਤੱਕ 77-00 ਰੁਪਏ ਪ੍ਰਤੀ ਕੁਇੰਟਲ ਗੰਨੇ ਦੀ ਕੀਮਤ ਅਦਾ ਕੀਤੀ ਗਈ ਜੋ ਕਿ ਸਰਕਾਰ ਵਲੋਂ ਮਿਥੀ ਗਈ ਕੀਮਤ ਦੇ ਅਨੁਕੂਲ ਸੀ । ਮਿਲ ਦੀ ਮਾਲੀ ਹਾਲਤ ਠੀਕ ਨਾ ਹੋਣ ਕਰਕੇ ਮਿਤੀ 16-3-1996 ਤੋਂ ਮਿਲ ਬੰਦ ਹੋਣ ਤੱਕ ਗੰਨੇ ਦੀ ਕੀਮਤ 42-50 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਦਿਤੀ ਗਈ । ਹੁਣ ਮਿੱਲ ਮੈਨੇਜਮੈਂਟ ਨੇ 20-3-1997 ਨੂੰ ਇਕ ਮਤਾ ਪਾ ਕੇ ਇਹ ਫੈਸਲਾ ਕੀਤਾ ਹੈ ਕਿ ਜਿਮੀਦਾਰਾਂ ਦੀ ਬਕਾਇਆ ਕੀਮਤ ਇਸ ਸਾਲ (1996-97) ਦੇ ਗੰਨੇ ਦੀ ਕੀਮਤ ਦਾ ਭੁਗਤਾਨ ਕਰਕੇ ਕਰ ਦਿਤੀ ਜਾਵੇਗੀ ।

---

## ਘੱਗਰ ਪੁਲ ਨੂੰ ਚੌੜਾ ਕਰਨਾ

*132. **ਸਰਦਾਰ ਅਜੀਤ ਇੰਦਰ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸਰਦੂਲਗੜ੍ਹ ਨੇੜੇ ਘੱਗਰ ਪੁਲ ਬਹੁਤ ਹੀ ਤੰਗ ਹੈ ਅਤੇ ਦਰਿਆ ਦਾ ਪਾਣੀ ਇਸਦੇ ਉਪਰੋਂ ਦੀ ਵਗਦਾ ਹੈ ਅਤੇ ਜਿਸ ਦੇ ਸਿੱਟੇ ਵਜੋਂ ਦਰਿਆ ਵਿਚ ਹੜ੍ਹ ਆਉਣ ਦੇ ਕਾਰਣ ਵਰਖਾ ਰੁੱਤ ਦੇ ਦੌਰਾਨ ਫ਼ਸਲਾਂ ਅਤੇ ਜਾਇਦਾਦਾਂ ਨੂੰ ਭਾਰੀ ਨੁਕਸਾਨ ਹੁੰਦਾ ਹੈ ;

Original with;
Punjab Vidhan Sabha
Digitized by;
Panjab Digital Library

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਸਰਕਾਰ ਉਪਰੋਕਤ ਭਾਗ (ੳ) ਵਿਚ ਵਰਣਿਤ ਪੁਲ ਨੂੰ ਚੌੜਾ ਕਰਨ ਦੀ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ ਅਤੇ ਇਸ ਨੂੰ ਕਦੋਂ ਤਕ ਚੌੜਾ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: (ੳ) ਹਾਂ ਜੀ, ਵਰਖਾ ਦੇ ਮੌਸਮ ਦੌਰਾਨ ਹੜ੍ਹਾਂ ਕਾਰਣ ਨਦੀ ਤੋਂ ਬਾਹਰ ਪਾਣੀ ਵਹਿਣ ਕਾਰਨ ਫ਼ਸਲਾਂ ਨੂੰ ਨੁਕਸਾਨ ਹੁੰਦਾ ਹੈ ।

(ਅ) ਇਸ ਵੇਲੇ ਪੁਲ ਨੂੰ ਚੌੜਾ ਕਰਨ ਦੀ ਕੋਈ ਤਜ਼ਵੀਜ਼ ਨਹੀਂ ਹੈ ।

---

**ਸੜਕਾਂ ਦੇ ਬਣਾਉਣ/ਮੁਰੰਮਤ ਤੇ ਖ਼ਰਚਾ**

*112. **ਸਰਦਾਰ ਅਜੈਬ ਸਿੰਘ ਮੁਖਮੈਲਪੁਰਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅਪਰੈਲ, 1992 ਤੋਂ ਮਿਤੀ ਅੰਤ ਤਕ ਦੇ ਸਮੇਂ ਦੌਰਾਨ ਰਾਜ ਵਿਚ ਬਣਾਈਆਂ ਗਈਆਂ/ਮੁਰੰਮਤ ਕੀਤੀਆਂ ਗਈਆਂ ਸੜਕਾਂ ਦੀ ਸਾਲ-ਵਾਰ ਵਖ-ਵੱਖ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਤੇ ਕਿੰਨਾ-ਕਿੰਨਾ ਖ਼ਰਚਾ ਕੀਤਾ ਗਿਆ ਹੈ ।

(ਅ) ਕੀ ਸਰਕਾਰ ਦੀ ਮੌਜੂਦਾ ਸੜਕ ਤੇ ਆਵਾਜਾਈ ਦੀ ਭੀੜ ਨੂੰ ਘੱਟ ਕਰਨ ਲਈ ਅੰਬਾਲਾ ਤੋਂ ਪਟਿਆਲਾ ਬਰਾਸਤਾ ਘਨੌਰ ਤਕ ਕੋਈ ਬਦਲਵੀਂ ਸੜਕ ਬਣਾਉਣ ਦੀ ਤਜਵੀਜ਼ ਹੈ । ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤਕ ਬਣਾਏ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੲ) ਬਣਾਈਆਂ ਅਤੇ ਮਰੰਮਤ ਕੀਤੀਆਂ ਸੜਕਾਂ ਹੇਠ ਲਿਖੇ ਅਨੁਸਾਰ ਹਨ :—

| ਲੜੀ ਨੰ: | ਸਾਲ | | ਬਣਾਈਆਂ ਜੋੜ ਸੜਕਾਂ ਦੀ ਗਿਣਤੀ | ਖਰਚਾ (ਲੱਖਾਂ ਰੁਪਏ ਵਿਚ) | ਮੁਰੰਮਤ ਕੀਤੀਆਂ ਜੋੜ ਸੜਕਾਂ ਦੀ ਗਿਣਤੀ | ਖਰਚਾ (ਲੱਖਾਂ ਰੁਪਏ ਵਿਚ) | ਬਣਾਈਆਂ ਪਲੈਨ ਸੜਕਾਂ ਦੀ ਗਿਣਤੀ | ਖਰਚਾ (ਲੱਖਾਂ ਰੁਪਏ ਵਿਚ) | ਮੁਰੰਮਤ ਕੀਤੀਆਂ ਪਲੈਨ ਸੜਕਾਂ ਦੀ ਗਿਣਤੀ | ਖਰਚਾ (ਲੱਖਾਂ ਰੁਪਏ ਵਿਚ) |
|---|---|---|---|---|---|---|---|---|---|---|
| 1 | 2 | | 3 | 4 | 5 | 6 | 7 | 8 | 9 | 10 |
| 1. | 1992-93 | .. | 158 | 687.75 | 1,459 | 5,356.96 | — | — | 291 | 2,947.26 |
| 2. | 1993-94 | .. | 367 | 1,757.72 | 1,380 | 5,432.46 | — | — | 281 | 3,684.85 |
| 3. | 1994-95 | .. | 272 | 1,545.23 | 814 | 3,928.71 | — | — | 282 | 3,205.50 |
| 4. | 1995-96 | .. | 299 | 1,368.10 | 1,127 | 6,114.38 | — | — | 300 | 3,808.52 |
| 5. | 1996-97 | .. | 379 | 2,605.46 | 1,289 | 8,024.12 | — | — | 257 | 3,214.38 |

(ਅ) ਅਜਿਹੀ ਕੋਈ ਤਜਵੀਜ਼ ਨਹੀਂ ਹੈ ।

Original with;
Punjab Vidhan Sabha
Digitized by;
Panjab Digital Library

## ਪੈਟਰੋਲ ਨਾਲ ਚੱਲਣੇ ਵਾਲੀਆਂ ਸੁਰੱਖਿਆ/ਸਰਕਾਰੀ ਗੱਡੀਆਂ ਨੂੰ ਡੀਜ਼ਲ ਵਾਲੀਆਂ ਗੱਡੀਆਂ ਵਿਚ ਬਦਲਣਾ

*113. **ਸਰਦਾਰ ਅਜੈਬ ਸਿੰਘ ਮੁਖਮੈਲਪੁਰਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸੁਰੱਖਿਆ ਅਤੇ ਸਰਕਾਰੀ ਕੰਮਾਂ ਲਈ ਵਰਤੀਆਂ ਜਾਂਦੀਆਂ ਪੈਟਰੋਲ ਨਾਲ ਚੱਲਣ ਵਾਲੀਆਂ ਗੱਡੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਗੱਡੀਆਂ ਨੂੰ ਚਲਾਉਣ ਲਈ ਪੈਟਰੋਲ, ਦੀ ਖਪਤ ਤੇ ਕਿੰਨਾ ਖਰਚਾ ਕੀਤਾ ਜਾ ਰਿਹਾ ਹੈ ।

(ਅ) ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਪੈਟਰੋਲ ਨਾਲ ਚੱਲਣ ਵਾਲੀਆਂ ਗੱਡੀਆਂ ਨੂੰ ਡੀਜ਼ਲ ਨਾਲ ਚੱਲਣ ਵਾਲੀਆਂ ਗੱਡੀਆਂ ਵਿਚ ਬਦਲਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਤਜਵੀਜ਼ ਨੂੰ ਕਦੋਂ ਤਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ:**

(ੳ) ਇਸ ਵੇਲੇ ਰਾਜ ਦੇ ਸਾਰੇ ਵਿਭਾਗਾਂ ਵਿਚ 5,272 ਸੁਰੱਖਿਆ ਅਤੇ ਸਰਕਾਰੀ ਕੰਮ ਕਾਜ ਲਈ ਪੈਟਰੋਲ ਨਾਲ ਚੱਲਣ ਵਾਲੀਆਂ ਗੱਡੀਆਂ ਵਰਤੀਆਂ ਜਾਂਦੀਆਂ ਹਨ । ਸਾਲ 1996-97 ਦੌਰਾਨ ਇਨ੍ਹਾਂ ਤੇ ਗੱਡੀਆਂ ਰੁਪਏ 24, 17, 91, 126/- ਰੁਪਏ ਖਰਚ ਕੀਤੇ ਗਏ ।

(ਅ) ਨਹੀਂ ਜੀ ।

---

129 – 19-6-97—305—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
51X66/10.1 Kg. ਆਫਸੈਟ ਪੇਪਰ

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

© 1997

Published under the authority of the Punjab Vidhan Sabha and printed by the Controller, Printing & Stationery, Punjab at Government Press, Patiala.

Original with;
Punjab Vidhan Sabha
Digitized by;
Panjab Digital Library

ANNEXURE

TO

# PUNJAB VIDHAN SABHA

## DEBATES

*20th March, 1997*

Vol. I—No. 10

OFFICIAL REPORT

CONTENTS

*Thursday, the 20th March, 1997*


| | | PAGE |
|---|---|---|
| Unstarred Questions (Converted as such from being Starred Questions) and Answers. | .. | (10)1 |
| Appendices | .. | I—XII |


**Punjab Vidhan Sabha Secretariat, Chandigarh.**

**Price:** Rs.........

Original with;
Punjab Vidhan Sabha
Panjab Digital Library

Original with;
Panjab Vidhan Sabha
Digitized by;
Panjab Digital Library

## PUNJAB VIDHAN SABHA

*Thursday, the 20th March, 1997*

**Annexure**

*This Annexure contains Unstarred Questions (converted as such from being Starred Questions) and Answers for the meeting dated 20th March, 1997.*

---

## UNSTARRED QUESTIONS (CONVERTED AS SUCH FROM BEING STARRED QUESTIONS) AND ANSWERS

**ਨਿਸ਼ਾਨ ਵਾਲਾ (ਸੀ. ਯੂ.) ਪ੍ਰਸ਼ਨ ਨੰਬਰ 17***

(ਇਸ ਸਵਾਲ ਦਾ ਜਵਾਬ ਹਾਲੇ ਤਕ ਪ੍ਰਾਪਤ ਨਹੀਂ ਹੋਇਆ)

---

**ਅੱਤਵਾਦ ਦਾ ਸ਼ਿਕਾਰ ਹੋਈਆਂ ਵਿਧਵਾਵਾਂ ਨੂੰ ਨਿਰਬਾਹ ਭੱਤਿਆਂ ਦੀ ਅਦਾਇਗੀ ਵਿਚ ਪੇਸ਼ ਆ ਰਹੀਆਂ ਮੁਸ਼ਕਲਾਂ**

*20 (ਸੀ. ਯੂ.) **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਅੱਤਵਾਦ ਦਾ ਸਿਕਾਰ ਹੋਈਆਂ ਵਿਧਵਾਵਾਂ ਨੂੰ ਨਿਰਬਾਹ ਭੱਤਾ ਲੈਣ ਲਈ ਇਸ ਹੱਦ ਤਕ ਸਰਟੀਫਿਕੇਟ ਦੇਣੇ ਪੈਂਦੇ ਹਨ ਕਿ ਉਨ੍ਹਾਂ ਨੇ ਮੁੜ ਵਿਆਹ ਨਹੀਂ ਕਰਵਾਇਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਨੂੰ ਕਿੰਨੇ ਵਕਫੇ ਬਾਅਦ ਅਜਿਹੇ ਸਰਟੀਫਿਕੇਟਾਂ ਨੂੰ ਪੇਸ਼ ਕਰਨ ਦੀ ਲੋੜ ਹੁੰਦੀ ਹੈ ਅਤੇ ਉਨਾਂ ਦੇ ਹੋਰ ਵੇਰਵੇ ਕੀ ਹਨ;

(ਅ) ਕੀ ਅਜਿਹੇ ਸਰਟੀਫਿਕੇਟਾਂ ਦੀ ਅਵੱਸ਼ਕਤਾ ਦੇ ਕਾਰਣ ਵਿਧਵਾਵਾਂ ਨੂੰ ਪੇਸ਼ ਆ ਰਹੀਆਂ ਕਥਿਤ ਮੁਸ਼ਕਲਾਂ ਸਬੰਧੀ ਸਰਕਾਰ ਨੂੰ 1996 ਦੌਰਾਨ ਕੋਈ ਪ੍ਰਤਿਵੇਦਨ ਪ੍ਰਾਪਤ ਹੋਏ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ਹੈ ?

---

*For Starred Question No. 17 and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

(ੳ) **ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹਾਂ, ਸ਼੍ਰੀਮਾਨ ਜੀ। ਇਹ ਯਕੀਨੀ ਬਨਾਉਣ ਲਈ ਕਿ ਗੁਜ਼ਾਰਾ ਭੱਤਾ ਦੀ ਸਹਾਇਤਾ ਦੀ ਕੁਵਰਤੋਂ ਨਾ ਹੋਵੇ, ਵਿਧਵਾਵਾਂ ਤੋਂ ਦੁਬਾਰਾ ਸ਼ਾਦੀ ਨਾ ਕਰਾਏ ਜਾਣ ਬਾਰੇ ਅਤੇ ਕੋਈ ਰੋਜ਼ਗਾਰ ਨਾ ਪ੍ਰਾਪਤ ਕਰਨ ਸਬੰਧੀ ਹਰੇਕ ਮਹੀਨੇ ਐਫੀਡੇਵਿਟ ਦੀ ਸ਼ਕਲ ਵਿੱਚ ਸਰਟੀਫਿਕੇਟ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਵਿਧਵਾਵਾਂ ਵਲੋਂ ਬਿਆਨ ਦਿੱਤਾ ਜਾਣਾ ਜ਼ਰੂਰੀ ਹੈ ਕਿ ਉਹ ਕਿਸੇ ਹੋਰ ਵਸੀਲੇ ਤੋਂ ਕਿਸੇ ਤਰ੍ਹਾਂ ਦੀ ਪੈਨਸ਼ਨ ਜਾਂ ਵਿੱਤੀ ਸਹਾਇਤਾ ਪ੍ਰਾਪਤ ਨਹੀਂ ਕਰ ਰਹੀਆਂ।

(ਅ) ਹਾਂ, ਸ਼੍ਰੀਮਾਨ ਜੀ। ਸ਼੍ਰੀਮਤੀ ਕਮਲੇਸ਼ ਨਾਥ ਪਤਨੀ ਮ੍ਰਿਤਕ, ਸ਼੍ਰੀ ਜਤਿੰਦਰ ਨਾਥ ਦੀ ਇੱਕ ਪ੍ਰਤੀ ਬੇਨਤੀ ਮਿਤੀ 16 ਦਸੰਬਰ, 1996, ਸ਼੍ਰੀਮਤੀ ਵਿਮਲਾ ਡਾਂਗ, ਸਾਬਕਾ ਐਮ. ਐਲ. ਏ. ਰਾਹੀਂ ਮਿਤੀ 20 ਦਸੰਬਰ, 1996 ਨੂੰ ਪ੍ਰਾਪਤ ਹੋਈ ਸੀ ਜਿਸ ਵਿੱਚ ਵਿਧਵਾਵਾਂ ਨੂੰ ਪ੍ਰੇਸ਼ਾਨੀ ਤੋਂ ਬਚਾਉਣ ਲਈ ਉਪਰੋਕਤ ਜ਼ਰੂਰਤ ਖਤਮ ਕਰਨ ਲਈ ਬੇਨਤੀ ਕੀਤੀ ਗਈ ਸੀ। ਇਹ ਮਾਮਲਾ ਸਰਗਰਮੀ ਨਾਲ ਸਰਕਾਰ ਦੇ ਵਿਚਾਰ ਅਧੀਨ ਹੈ।

———

**ਨਿਸ਼ਾਨ ਵਾਲੇ (ਸੀ. ਯੂ.) ਪ੍ਰਸ਼ਨ ਨੰਬਰ 43* ਅਤੇ 44***

(ਇਨ੍ਹਾਂ ਸਵਾਲਾਂ ਦੇ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਏ।)

———

**ਪੈਨਸ਼ਨਾਂ ਦੀ ਅਦਾਇਗੀ**

*45 (ਸੀ. ਯੂ.) 1. **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
2. **ਸਰਦਾਰ ਬਲਬੀਰ ਸਿੰਘ ਚੌਧਰੀ** } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਅਪਾਹਜ ਵਿਅਕਤੀਆਂ ਨੂੰ ਪੈਨਸ਼ਨ ਅਤੇ ਨਿਆਸਰਿਆਂ ਨੂੰ ਪੈਨਸ਼ਨ ਦੀ ਸ਼੍ਰੇਣੀ-ਵਾਰ ਰਕਮ ਕਿੰਨੀ ਕਿੰਨੀ ਹੈ ਜੋ ਪਹਿਲੀ ਜਨਵਰੀ, 1997 ਤੱਕ ਲਾਭਪਾਤਰਾਂ ਨੂੰ ਅਦਾ ਕੀਤੀ ਜਾਣੀ ਰਹਿੰਦੀ ਹੈ ਅਤੇ ਉਕਤ ਰਕਮ ਦੀ ਉਨ੍ਹਾਂ ਨੂੰ ਕਦੋਂ ਤੱਕ ਅਦਾਇਗੀ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਵੇਰਵੇ ਅਨੁਲੱਗ 'ੳ' ਵਿੱਚ ਦਿੱਤੇ ਗਏ ਹਨ। ਇਸ ਰਕਮ ਦੀ ਮਿਤੀ 31 ਮਾਰਚ, 1997 ਤੱਕ ਅਦਾਇਗੀ ਕਰ ਦਿੱਤੀ ਜਾਵੇਗੀ।

---

*For Starred Question No. 43 and 44 and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

ਅਨੁਲੱਗ—ੳ

| ਲੜੀ ਨੰ: | ਸਕੀਮ ਦਾ ਨਾਂ | ਮਿਤੀ 1-1-97 ਨੂੰ ਰਕਮ ਜੋ ਦਿੱਤੀ ਜਾਣੀ ਬਣਦੀ/ਰਹਿੰਦੀ ਸੀ। |
|---|---|---|
| 1 | 2 | 3 |
| | | (ਰੁਪਏ ਲੱਖਾਂ ਵਿੱਚ) |
| 1. | ਬੁਢਾਪਾ ਪੈਨਸ਼ਨ | 1,450-03 |
| 2. | ਵਿਧਵਾ ਪੈਨਸ਼ਨ | 330.80 |
| 3. | ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ | 117.68 |
| 4. | ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ | 117.70 |

## ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨਾ

*46. (ਸੀ. ਯੂ.) 1. **ਸਰਦਾਰ ਇੰਦਰਜੀਤ ਸਿੰਘ ਜ਼ੀਰਾ**
2. **ਸਰਦਾਰ ਬਲਵੀਰ ਸਿੰਘ ਚੌਧਰੀ** } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਦੇ ਤਨਖਾਹ ਢਾਂਚੇ ਵਿੱਚ ਉਚਿਤ ਸੋਧ ਕਰਨ ਲਈ ਸਿਫਾਰਸ਼ ਕਰਨ ਸਬੰਧੀ ਕੋਈ ਤਨਖਾਹ ਕਮਿਸ਼ਨ ਗਠਿਤ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਰਿਪੋਰਟ ਕਦੋਂ ਤਕ ਪੇਸ਼ ਕੀਤੇ ਜਾਣ ਅਤੇ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹਾਂ ਜੀ। ਇਸ ਵਲੋਂ ਆਪਣੀ ਅੰਤਿਮ ਰਿਪੋਰਟ 31 ਮਈ, 1997 ਤੱਕ ਪੇਸ਼ ਕਰਨ ਦੀ ਸੰਭਾਵਨਾ ਹੈ। ਇਸ ਨੂੰ ਵਿਚਾਰਣ ਉਪਰੰਤ ਛੇਤੀ ਤੋਂ ਛੇਤੀ ਲਾਗੂ ਕਰ ਦਿੱਤਾ ਜਾਵੇਗਾ।

## ਬੇਰੁਜ਼ਗਾਰ ਯੁਵਕਾਂ ਨੂੰ ਬੱਸ ਰੂਟ ਪਰਮਿਟ ਦੇਣੇ

*86. (ਸੀ. ਯੂ.) **ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਵੱਡੀਆਂ ਟ੍ਰਾਂਸਪੋਰਟ ਕੰਪਨੀਆਂ ਨੂੰ ਬੱਸ ਰੂਟ ਪਰਮਿਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਲਜ਼ਾਰ ਸਿਘ ਰਣੀਕੇ]

ਦੇਣ ਦੀ ਬਜਾਏ ਇਹ ਰੂਟ ਪਰਮਿਟ ਵਿਅਕਤੀਗਤ ਬੇਰੁਜ਼ਗਾਰ ਯੁਵਕਾਂ ਦੇ ਨਾਂ ਤੇ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ਅਤੇ ਅਜਿਹਾ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ । ਸੈਂਟਰਲ ਮੋਟਰ ਗੱਡੀ ਐਕਟ ਜਿਸ ਅਧੀਨ ਰੂਟ ਪਰਮਿਟ ਦਿੱਤੇ ਜਾਂਦੇ ਹਨ, ਵਿੱਚ ਕਿਸੇ ਵੀ ਸ਼੍ਰੇਣੀ ਲਈ ਪਰਮਿਟ ਦੇਣ ਵਾਸਤੇ ਰਾਖਵੇਂਪਣ ਦਾ ਉਪਬੰਧ ਨਹੀਂ ਹੈ, ਇਸ ਲਈ ਕੇਵਲ ਵਿਅਕਤੀਗਤ ਬੇਰੁਜ਼ਗਾਰਾਂ ਨੂੰ ਬੱਸ ਰੂਟ ਪਰਮਿਟ ਮਨਜ਼ੂਰ ਕਰਨ ਲਈ ਤਜਵੀਜ਼ ਕੇਂਦਰੀ ਮੋਟਰ ਗੱਡੀ ਐਕਟ ਅਧੀਨ ਵਿਚਾਰੀ ਨਹੀਂ ਜਾ ਸਕਦੀ ।

ਪਰ ਤਾਂ ਵੀ ਪਰਮਿਟ ਮਨਜ਼ੂਰ ਕਰਨ ਸਮੇਂ ਵਿਅਕਤੀਗਤ ਬੇਰੁਜ਼ਗਾਰਾਂ ਆਦਿ ਨੂੰ ਹਮਦਰਦੀ ਦੇ ਪੱਖ ਨਾਲ ਵੇਖਿਆ ਜਾਂਦਾ ਹੈ । ਰੂਟ ਗਰਾਂਟ ਕਰਨ ਸਮੇਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਵਿਅੱਕਤੀਗਤ ਬੇਰੁਜ਼ਗਾਰ, ਟਰਾਂਸਪੋਰਟ ਕੰਪਨੀਆਂ, ਟਰਾਂਸਪੋਰਟ ਕੋਆਪਰੇਟਿਵ ਸੋਸਾਇਟੀਆਂ ਆਦਿ ਸਭ ਨੂੰ ਯੋਗ ਪ੍ਰਤੀਨਿਧਤਾ ਮਿਲ ਸਕੇ ।

---

## ਸੂਇਆਂ/ਰਜਵਾਹਿਆਂ ਨੂੰ ਚੌੜਾ ਕਰਨਾ

*87. (ਸੀ. ਯੂ.) **ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਜਿਹੇ ਸਾਰੇ ਸੂਇਆਂ ਅਤੇ ਰਜਵਾਹਿਆਂ, ਜੋ ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸਰਹੱਦੀ ਲਾਈਨ ਤਕ ਪਹੁੰਚਦੇ ਹਨ, ਨੂੰ ਚੌੜਾ ਕਰਨ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੇ ਕਦੋਂ ਤੱਕ ਚੌੜਾ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹਾਂ ਜੀ । ਯੂ. ਬੀ. ਡੀ. ਸੀ. ਚੈਨਲਾਂ ਦਾ ਨਵਰੂਪਣ/ਚੌੜੀਆਂ ਕਰਨ ਸਬੰਧੀ ਇੱਕ ਵਿਸਥਾਰ ਪੂਰਵਕ ਪ੍ਰੋਜੈਕਟ, ਪਹਿਲਾਂ ਹੀ ਸੈਂਟਰਲ ਵਾਟਰ ਕਮਿਸ਼ਨ ਭਾਰਤ ਸਰਕਾਰ ਨੂੰ ਤਕਨੀਕੀ ਪ੍ਰਵਾਨਗੀ ਹਿੱਤ ਭੇਜਿਆ ਹੋਇਆ ਹੈ । ਇਸ ਸਬੰਧ ਵਿਚ ਅਗਲੀ ਕਾਰਵਾਈ ਭਾਰਤ ਸਰਕਾਰ ਦੀ ਤਕਨੀਕੀ ਪ੍ਰਵਾਨਗੀ ਦੀ ਰੋਸ਼ਨੀ ਅਤੇ ਲੋੜੀਂਦੀ ਰਾਸ਼ੀ ਉਪਲਬਧ ਹੋਣ ਉਪਰੰਤ ਕੀਤੀ ਜਾਵੇਗੀ ।

---

## ਚੱਕੀ ਦਰਿਆ ਦੁਆਰਾ ਜ਼ਮੀਨ ਨੂੰ ਨੁਕਸਾਨ

*106. (ਸੀ. ਯੂ.) **ਮਾਸਟਰ ਮੋਹਨ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਪਠਾਨਕੋਟ ਦੇ ਨਜ਼ਦੀਕ ਗੁਜ਼ਰਦੇ ਚੱਕੀ ਦਰਿਆ ਨਾਲ ਉਕਤ ਜ਼ਿਲੇ ਦੇ ਮਾਮੋਨ, ਕਦਰੋਆ, ਤਾਹਰਾ, ਛਤਵਾਲ,

Original with;
Punjab Vidhan Sabha
Digitized by;
Panjab Digital Library

ਹਰੀਅਲ, ਤਰੇਤੀ, ਹਾਰਾ ਅਤੇ ਨਰੋਨਪੁਰ ਪਿੰਡਾਂ ਦੀ ਕਈ ਸੌ ਏਕੜ ਉਪਜਾਊ ਜ਼ਮੀਨ ਵਹਿ ਗਈ ਹੈ, ਜੇਕਰ ਅਜਿਹਾ ਹੋਵੇ, ਤਾਂ ਉਕਤ ਪਿੰਡਾਂ ਦੀ ਜ਼ਮੀਨ ਨੂੰ ਬਚਾਉਣ ਲਈ ਦਰਿਆ ਤੇ ਕਾਬੂ ਪਾਉਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੇ ਜਾਣ ਦੀ ਤਜਵੀਜ਼ ਹੈ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹਾਂ ਜੀ । ਇਹ ਮਾਮਲਾ ਜ਼ਿਲ੍ਹਾ ਯੋਜਨਾ ਵਿਕਾਸ ਬੋਰਡ ਗੁਰਦਾਸਪੁਰ ਦੇ ਅਧਿਕਾਰ ਖੇਤਰ ਵਿਚ ਹੋਣ ਕਾਰਨ, ਉਸ ਪੱਧਰ ਤੇ ਵਿਚਾਰਨ ਉਪਰੰਤ ਜਲਦੀ ਹੀ ਉਚਿਤ ਕਾਰਵਾਈ ਕੀਤੀ ਜਾਵੇਗੀ । ਅਜਿਹੇ ਮਾਮਲਿਆਂ ਦੀ ਮਹੱਤਤਾ ਨੂੰ ਵੇਖਦੇ ਹੋਏ, ਸਮੂਹ ਪ੍ਰਧਾਨਾਂ ਜ਼ਿਲ੍ਹਾ ਯੋਜਨਾ ਵਿਕਾਸ ਬੋਰਡਾਂ ਨੂੰ ਬੋਰਡ ਦੀਆਂ ਮੀਟਿੰਗਾਂ ਤੁਰੰਤ ਨਿਸ਼ਚਿਤ ਕਰਨ ਦੇ ਆਦੇਸ਼ ਦਿੱਤੇ ਜਾ ਚੁੱਕੇ ਹਨ ।

---

## ਧਾਰ ਸਬ-ਤਹਿਸੀਲ ਵਿਚ ਹੋਰ ਸਕੂਲ ਖੋਲ੍ਹਣੇ

*114, (ਸੀ. ਯੂ.) **ਮਾਸਟਰ ਮੋਹਨ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਧਾਰ ਸਬ-ਤਹਿਸੀਲ, ਜ਼ਿਲ੍ਹਾ ਗੁਰਦਾਸਪੁਰ ਵਿਚ ਕੁਲ ਕਿੰਨੇ ਪ੍ਰਾਇਮਰੀ ਸਕੂਲ ਹਨ ਅਤੇ ਅਜਿਹੇ ਸਕੂਲਾਂ ਦੀ ਗਿਣਤੀ ਕਿੰਨੀ ਹੈ ਜੋ ਇਸ ਸਮੇਂ ਅਧਿਆਪਕਾਂ ਤੋਂ ਬਗੈਰ ਹਨ;

(ਅ) ਕੀ ਸਰਕਾਰ ਨੂੰ ਇਸ ਗੱਲ ਦਾ ਪਤਾ ਹੈ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਸਬ-ਤਹਿਸੀਲ ਵਿਚ ਪਹਿਲੀ ਜਮਾਤ ਵਿਚ ਪੜ੍ਹ ਰਹੇ ਬੱਚਿਆਂ ਨੂੰ ਵੀ ਸਕੂਲਾਂ ਤਕ ਪਹੁੰਚਣ ਲਈ ਬਾਰਾਂ ਕਿਲੋਮੀਟਰ ਤਕ ਦਾ ਫਾਸਲਾ ਤੈਹ ਕਰਨਾ ਪੈਂਦਾ ਹੈ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਸਰਕਾਰ ਵਿਦਿਆਰਥੀਆਂ ਦੀ ਸਹੂਲਤ ਲਈ ਧਾਰ ਸਬ-ਤਹਿਸੀਲ ਵਿਚ ਹੋਰ ਸਕੂਲ ਖੋਲ੍ਹਣ ਦੀ ਤਜਵੀਜ਼ ਰੱਖਦੀ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਧਾਰ ਸਬ-ਤਹਿਸੀਲ, ਜ਼ਿਲ੍ਹਾ ਗੁਰਦਾਸਪੁਰ ਵਿਖੇ ਕੁੱਲ 79 ਪ੍ਰਾਇਮਰੀ ਸਕੂਲ ਹਨ । ਇਸ ਸਮੇਂ ਅਧਿਆਪਕਾਂ ਬਿਨਾਂ ਕੋਈ ਵੀ ਸਕੂਲ ਨਹੀਂ ਹੈ ।

(ਅ) ਪਹਿਲੀ ਜਮਾਤ ਦੇ ਕਿਸੇ ਵੀ ਵਿਦਿਆਰਥੀ ਨੂੰ ਸਕੂਲ ਜਾਣ ਲਈ 12 ਕਿਲੋਮੀਟਰ ਦਾ ਫਾਸਲਾ ਤੈਹ ਨਹੀਂ ਕਰਨਾ ਪੈਂਦਾ ।

(ੲ) ਲਾਗੂ ਨਹੀਂ ।

---

Original with;
Punjab Vidhan Sabha
Digitized by;
Panjab Digital Library

**ਪੁਨਰ-ਵਾਸ ਸਕੀਮ ਅਧੀਨ ਭਰਤੀ ਕੀਤੇ ਗਏ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨਾ**

*120. (ਸੀ. ਯੂ.) **ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਸਰਕਾਰ ਨੇ ਪੁਨਰ-ਵਾਸ ਸਕੀਮ ਅਧੀਨ ਸਾਲ 1989 ਦੇ ਦੌਰਾਨ ਕਿਸੇ ਅਜਿਹੇ ਅਧਿਆਪਕਾਂ ਦੀ ਭਰਤੀ ਕੀਤੀ ਹੈ, ਜਿਨ੍ਹਾਂ ਦੀਆਂ ਜ਼ਮੀਨਾਂ ਜਾਂ ਰਿਹਾਇਸ਼ੀ ਥਾਵਾਂ ਸਰਹੱਦ ਦੇ ਨੇੜੇ ਸਥਿਤ ਸਨ; ਜੇਕਰ ਅਜਿਹਾ ਹੋਵੇ, ਤਾਂ ਸਕੀਮ ਦੇ ਵੇਰਵੇ ਕੀ ਹਨ;

(ਅ) ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਹਾਂ ਜੀ ।

(ਅ) ਹਾਂ, ਜੀ । ਰਿਹੈਬਲੀਟੇਸ਼ਨ ਸਕੀਮ ਅਧੀਨ ਕੁਲ 68 ਅਧਿਆਪਕ 6 ਮਹੀਨੇ ਦੇ ਅਧਾਰ ਤੇ ਨਿਯੁਕਤ ਕੀਤੇ ਗਏ ਸਨ । ਉਹਨਾਂ ਵਿਚੋਂ 62 ਅਧਿਆਪਕਾਂ ਦੀਆਂ ਸੇਵਾਵਾਂ ਮਿਤੀ 16 ਮਈ, 1997 ਨੂੰ ਰੈਗੂਲਰ ਕਰ ਦਿੱਤੀਆਂ ਗਈਆਂ ਹਨ ਅਤੇ ਬਾਕੀ ਰਹਿੰਦੇ 6 ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਬਾਰੇ ਮਾਮਲਾ ਵਿਚਾਰ ਅਧੀਨ ਹੈ ।

———

**ਸਰਕਾਰੀ ਸਾਇੰਸ ਕਾਲਜ, ਜਗਰਾਓਂ ਵਿਚ ਪੜ੍ਹਾਈ ਦੇ ਮਿਆਰ ਵਿਚ ਸੁਧਾਰ**

*125. (ਸੀ. ਯੂ.) **ਸ੍ਰੀ ਭਾਗ ਸਿੰਘ ਮੱਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਸਰਕਾਰੀ ਸਾਇੰਸ ਕਾਲਜ, ਜਗਰਾਓਂ ਵਿਚ ਅਮਲੇ, ਪ੍ਰਯੋਗਸ਼ਾਲਾਵਾਂ ਅਤੇ ਹੋਰ ਮੁੱਢਲੀਆਂ ਸਹੂਲਤਾਂ ਦੇ ਸਬੰਧ ਵਿਚ ਜਗਰਾਓਂ ਵਿਚ ਉਚੇਰੀ ਸਿਖਿਆ ਦੀ ਨਿਰਾਸ਼ਾਜਨਕ ਸਥਿਤੀ ਬਾਰੇ ਪਤਾ ਹੈ; ਜੇਕਰ ਅਜਿਹਾ ਹੋਵੇ, ਤਾਂ ਵਿਦਿਅਕ ਸਾਲ 1997-98 ਦੇ ਸ਼ੁਰੂ ਹੋਣ ਤੋਂ ਪਹਿਲਾਂ ਇਨ੍ਹਾਂ ਖਾਮੀਆਂ ਤੇ ਕਾਬੂ ਪਾਉਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹਾਂ ਜੀ । ਸਰਕਾਰ ਲੋੜ ਅਨੁਸਾਰ ਸਰਕਾਰੀ ਸਾਇੰਸ ਤੇ ਖੋਜ ਕਾਲਜ. ਜਗਰਾਓਂ ਵਿੱਚ ਸਟਾਫ, ਲਬਾਰਟਰੀਆਂ ਅਤੇ ਹੋਰ ਭੌਤਿਕ ਸਹੂਲਤਾਂ ਪ੍ਰਦਾਨ ਕਰਕੇ ਸਿਖਿਆ ਦਾ ਮਿਆਰ ਬੇਹਤਰ ਬਣਾਏ ਜਾਣ ਲਈ ਚੇਤੰਨ ਹੈ । ਸਾਲ 1997-98 ਦੇ ਸ਼ੁਰੂ ਤੋਂ ਹੀ ਲੋੜ ਅਨੁਸਾਰ ਇਸ ਮੰਤਵ ਲਈ ਫੰਡਜ਼ ਮੁਹੱਈਆ ਕਰਵਾਏ ਜਾ ਰਹੇ ਹਨ ।

———

Original with;
Punjab Vidhan Sabha
Digitized by;
Panjab Digital Library

## ਅੰਮ੍ਰਿਤਸਰ ਵਿਚ ਰਾਸ਼ਨ ਦੇ ਡਿਪੂ

*128 (ਸੀ. ਯੂ.) **ਡਾਕਟਰ ਬਲਦੇਵ ਰਾਜ ਚਾਵਲਾ** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅੰਮ੍ਰਿਤਸਰ ਸ਼ਹਿਰ ਵਿਚ ਇਸ ਸਮੇਂ ਰਾਸ਼ਨ ਡਿਪੂਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਹ ਕਿਹੜੀ-ਕਿਹੜੀ ਥਾਂ ਤੇ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸ਼ਹਿਰ ਵਿਚ ਡਿਪੂ ਹੋਲਡਰਾਂ ਦੇ ਨਾਂ ਅਤੇ ਪਤੇ ਕੀ ਕੀ ਹਨ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਡਿਪੂਆਂ ਵਿਚੋਂ ਅਜਿਹੇ ਡਿਪੂਆਂ ਦੀ ਗਿਣਤੀ ਕਿੰਨੀ ਹੈ ਜਿਹੜੇ ਕਿ ਚਲ ਰਹੇ ਹਨ ਅਤੇ ਉਨ੍ਹਾਂ ਡਿਪੂਆਂ ਦੀ ਗਿਣਤੀ ਕਿੰਨੀ ਹੈ ਜਿਹੜੇ ਕਿ ਬੰਦ ਪਏ ਹਨ;

(ਸ) ਅਜਿਹੇ ਡਿਪੂਆਂ ਦੀ ਗਿਣਤੀ ਅਤੇ ਵੇਰਵੇ ਕੀ ਹਨ ਜਿਹੜੇ ਬੇਨਾਮੀ ਚਲ ਰਹੇ ਹਨ ?

**ਸ੍ਰੀ ਮਦਨ ਮੋਹਨ ਮਿੱਤਲ** : (ੳ) ਅਤੇ (ਅ) 347

ਡਿਪੂ ਹੋਲਡਰਾਂ ਦੀ ਥਾਂ, ਉਨ੍ਹਾਂ ਦੇ ਨਾਮ ਅਤੇ ਪਤੇ *ਅਨੁਲੱਗ 'ੳ' ਵਿੱਚ ਦਿੱਤੇ ਗਏ ਹਨ ਜਿਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੲ) ਸਾਰੇ ਡਿਪੂ ਚੱਲ ਰਹੇ ਹਨ।

(ਸ) ਕੋਈ ਨਹੀਂ।

---

## ਲੰਗਰਪੁਰ ਚੋਅ ਦੇ ਪੁਲ ਤੋਂ ਟੋਲ-ਟੈਕਸ

*129 (ਸੀ.ਯੂ.) **ਸ੍ਰੀ ਰਮੇਸ਼ ਚੰਦਰ ਡੋਗਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਦਸੂਹਾ ਅਤੇ ਮੁਕੇਰੀਆਂ ਵਿਚਕਾਰ ਨੈਸ਼ਨਲ ਹਾਈਵੇਜ਼ ਤੇ ਲੰਗਰਪੁਰ ਚੋਅ ਦਾ ਪੁੱਲ ਆਵਾਜਾਈ ਲਈ ਕਿਸ ਤਰੀਕ ਤੋਂ ਖੋਲ੍ਹਿਆ ਗਿਆ ਸੀ; ਅਤੇ ਉਸ ਦੀ ਉਸਾਰੀ ਤੇ ਕੁੱਲ ਕਿੰਨਾ ਖਰਚਾ ਆਇਆ ;

*Placed in the Library.

Original with;
Punjab Vidhan Sabha
Digitized by;
Panjab Digital Library

[ਸ੍ਰੀ ਰਮੇਸ਼ ਚੰਦਰ ਡੋਗਰਾ]

(ਅ) ਸਰਕਾਰ ਦੁਆਰਾ ਉਪਰੋਕਤ ਭਾਗ (ੳ) ਵਿਚ ਵਰਣਿਤ ਪੁੱਲ ਨੂੰ ਆਵਾਜਾਈ ਲਈ ਖੋਲ੍ਹੇ ਜਾਣ ਦੀ ਮਿਤੀ ਤੋਂ ਮਿਤੀ ਅੰਤ ਤਕ ਟੋਲ ਟੈਕਸ ਵਜੋਂ ਕੁੱਲ ਕਿੰਨੇ ਫੰਡ ਇਕੱਠੇ ਕੀਤੇ ਗਏ ਅਤੇ ਉਸ ਤੋਂ ਟੋਲ ਟੈਕਸ ਵਜੋਂ ਰੋਜ਼ਾਨਾ ਔਸਤਨ ਕਿੰਨੀ ਰਕਮ ਵਸੂਲ ਹੁੰਦੀ ਹੈ ?

(ੲ) ਕੀ ਸਰਕਾਰ ਦੀ ਉਪਰੋਕਤ ਭਾਗ (ਅ) ਵਿਚ ਵਰਣਿਤ ਟੋਲ-ਟੈਕਸ ਦੀ ਵਸੂਲੀ ਨੂੰ ਬੰਦ ਕਰਨ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਿਸ ਮਿਤੀ ਤੋਂ ਬੰਦ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਨੈਸ਼ਨਲ ਹਾਈਵੇ ਤੇ ਸਥਿਤ ਲੰਗਰਪੁਰ ਚੋਅ ਤੇ ਬਣਿਆ ਪੁੱਲ ਟਰੈਫਿਕ ਲਈ ਮਿਤੀ 20 ਫਰਵਰੀ, 1995 ਨੂੰ ਖੋਲ੍ਹ ਦਿੱਤਾ ਗਿਆ ਸੀ । ਇਸ ਦੀ ਉਸਾਰੀ ਤੇ ਕੁੱਲ 130.50 ਲੱਖ ਰੁਪਏ ਖਰਚ ਕੀਤੇ ਗਏ ਸਨ, ਜਿਸ ਵਿੱਚ ਵਿਆਜ ਵਗੈਰਾ ਦੀ 101.91 ਲੱਖ ਰੁਪਏ ਦੀ ਰਾਸ਼ੀ ਸ਼ਾਮਲ ਨਹੀਂ ਹੈ ।

(ਅ) ਮਿਤੀ 28 ਫ਼ਰਵਰੀ, 1997 ਤੱਕ ਰਾਜ ਸਰਕਾਰ ਵਲੋਂ 1,66,35,832 ਰੁਪਏ ਵਸੂਲ ਕੀਤੇ ਗਏ ਹਨ । ਇਸ ਰਾਸ਼ੀ ਅਨੁਸਾਰ ਰੋਜ਼ਾਨਾ ਟੋਲ-ਟੈਕਸ ਦੀ ਵਸੂਲੀ 23,000 ਰੁਪਏ ਦੇ ਲੱਗਭੱਗ ਬਣਦੀ ਹੈ ।

(ੲ) ਜਦੋਂ ਹੀ ਪੁਲ ਦੀ ਮੂਲ ਲਾਗਤ, ਸਮੇਤ ਵਿਆਜ, ਰੱਖ-ਰਖਾਅ ਅਤੇ ਕੋਰਟ ਕੇਸਾਂ ਤੇ ਖਰਚ ਕੀਤੀ ਰਾਸ਼ੀ ਦੀ ਵਸੂਲੀ ਕਰ ਲਈ ਜਾਵੇਗੀ ਉਦੋਂ ਹੀ ਟੋਲ-ਟੈਕਸ ਦੀ ਵਸੂਲੀ ਬੰਦ ਕਰ ਦਿੱਤੀ ਜਾਵੇਗੀ । ਮਿਤੀ 31 ਦਸੰਬਰ, 1997 ਤੱਕ ਟੋਲ-ਟੈਕਸ ਦੀ ਵਸੂਲੀ ਖਤਮ ਕਰਨ ਦੀ ਸੰਭਾਵਨਾ ਹੈ ।

---

**ਸੜਕਾਂ ਨੂੰ ਦੋ ਲੇਨਾਂ ਵਿਚ ਪਰੀਵਰਤਨ ਕਰਨਾ**

*133. (ਸੀ.ਯੂ.) **ਸਰਦਾਰ ਅਜੀਤ ਇੰਦਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਹਾਈਵੇਜ਼ ਨੂੰ ਦੋ ਲੇਨਾਂ ਵਿਚ ਪਰੀਵਰਤਨ ਕਰਨ ਸਬੰਧੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਜ਼ਿਲ੍ਹਾ ਮਾਨਸਾ ਵਿਚ ਉਨ੍ਹਾਂ ਸੜਕਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਨੂੰ ਇਸ ਸਕੀਮ ਅਧੀਨ ਦੋ ਲੇਨਾਂ ਵਿਚ ਪਰੀਵਰਤਨ ਕੀਤੇ ਜਾਣ ਦੀ ਤਜਵੀਜ਼ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਫੰਡਾਂ ਦੀ ਘਾਟ ਕਰਕੇ ਅਜਿਹੀ ਕੋਈ ਤਜਵੀਜ਼ ਨਹੀਂ ਹੈ ।

---

**ਸਰਦੂਲਗੜ੍ਹ ਵਿਚ ਮਾਈਨਰ ਉਠਾਵੀਂ ਸਿੰਜਾਈ ਸਕੀਮ**

*137. (ਸੀ.ਯੂ.) **ਸਰਦਾਰ ਅਜੀਤ ਇੰਦਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਇਸ ਸਮੇਂ ਜ਼ਿਲ੍ਹਾ ਬਠਿੰਡਾ ਵਿਚ ਸਰਦੂਲਗੜ੍ਹ ਦੇ

Original with;
Punjab Vidhan Sabha
Panjab Digital Library

ਆਲੇ-ਦੁਆਲੇ ਦੇ ਇਲਾਕਿਆਂ ਵਿਚ ਕੋਈ ਮਾਈਨਰ ਉਠਾਵੀਂ ਸਿੰਜਾਈ ਸਕੀਮ ਅਸਥਾਈ ਤੌਰ ਤੇ ਅੰਸ਼ਿਕ ਰੂਪ ਵਿਚ ਚਲਾਈ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਸਕੀਮ ਦੇ ਕਦੋਂ ਤਕ ਮੁਕੰਮਲ ਅਤੇ ਪੂਰੀ ਤਰ੍ਹਾਂ ਚਾਲੂ ਕਰਨ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ। ਇਕ ਉਲੰਕ ਲਿਫਟ ਸਿੰਚਾਈ ਸਕੀਮ ਜ਼ਿਲ੍ਹਾ ਮਾਨਸਾ ਵਿਚ ਸਰਦੂਲਗੜ੍ਹ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਮਾਰਚ, 1995 ਤੋਂ ਉਸਾਰੀ ਅਧੀਨ ਹੈ ਅਤੇ ਇਸ ਤੇ ਲਗਾਈ ਗਈ ਮਸ਼ੀਨਰੀ ਪਰਖ/ਜਾਂਚ ਅਧੀਨ ਹੈ ਤਾਂ ਜੋ ਸਕੀਮ ਤੇ ਲਗਾਈ ਗਈ ਮਸ਼ੀਨਰੀ ਦੀ ਠੀਕ ਕਾਰਜ ਕੁਸ਼ਲਤਾ ਨੂੰ ਸਕੀਮ ਦੇ ਲਗਾਤਾਰ ਚਲਾਉਣ ਤੋਂ ਪਹਿਲਾਂ ਯਕੀਨੀ ਬਣਾਇਆ ਜਾਵੇ। ਇਹ ਸਕੀਮ ਅਗਲੇ ਮਾਲੀ ਸਾਲ ਦੇ ਦੌਰਾਨ ਪੂਰੀ ਕਰ ਦਿੱਤੀ ਜਾਵੇਗੀ।

---

## ਦਸੂਹਾ-ਖੋਖਰ ਸੜਕ ਤੇ ਖੱਪੇ ਉਪਰ ਪੁੱਲ ਦੀ ਉਸਾਰੀ

*138 (ਸੀ.ਯੂ.) **ਸ੍ਰੀ ਰਮੇਸ਼ ਚੰਦਰ ਡੋਗਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਦਸੂਹਾ-ਖੋਖਰ ਸੜਕ ਤੇ ਖੱਪੇ ਉਪਰ ਪੁਲ ਬਣਾਉਣ ਦਾ ਵਿਚਾਰ ਰਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਪੁਲ ਦੇ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ।

---

## ਸਰਕਾਰੀ ਕਾਲਜ, ਤਲਵਾੜਾ ਲਈ ਇਮਾਰਤ ਦੀ ਉਸਾਰੀ

*139. (ਸੀ.ਯੂ.) **ਸ੍ਰੀ ਰਮੇਸ਼ ਚੰਦਰ ਡੋਗਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਤਲਵਾੜਾ ਵਿਖੇ ਸਰਕਾਰੀ ਕਾਲਜ ਆਈ. ਟੀ. ਆਈ. ਦੇ ਹੋਸਟਲ ਦੀ ਇਮਾਰਤ ਵਿਚ ਚਲਾਇਆ ਜਾ ਰਿਹਾ ਹੈ;

(ਅ) ਕੀ ਸਰਕਾਰ ਨੇ ਬੀ. ਬੀ. ਐਮ. ਬੀ. ਤੋਂ ਪ੍ਰਾਪਤ ਕੀਤੀ ਗਈ ਜ਼ਮੀਨ ਤੇ ਉਪਰੋਕਤ ਭਾਗ (ੳ) ਵਿਚ ਵਰਣਿਤ ਕਾਲਜ ਲਈ ਇਮਾਰਤ ਦੀ ਉਸਾਰੀ ਲਈ ਚਾਲੂ ਵਿੱਤੀ ਸਾਲ ਦੇ ਦੌਰਾਨ ਕੋਈ ਫੰਡ ਮਿੱਥੇ ਹਨ;

(ੲ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਇਸ ਦੀ ਉਸਾਰੀ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਹਾਂ ਜੀ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਅ) ਸਰਕਾਰ ਇਸ ਮੰਤਵ ਲਈ ਕੁਝ ਫੰਡਜ਼ ਦਾ ਉਪਬੰਧ ਕਰਨਾ ਮੰਨਦੀ ਹੈ। ਪਰੰਤੂ ਇਸ ਸਮੇਂ ਅਸਲ ਰਾਸ਼ੀ ਬਾਰੇ ਦੱਸਣਾ ਅਸੰਭਵ ਹੈ।

(ੲ) ਸਰਕਾਰੀ ਕਾਲਜ, ਤਲਵਾੜਾ ਦੀ ਬਿਲਡਿੰਗ ਉਸਾਰੀ ਦਾ ਕੰਮ ਜਲਦੀ ਹੀ ਚਾਲੂ ਕੀਤਾ ਜਾ ਰਿਹਾ ਹੈ।

---

**ਜ਼ਿਲ੍ਹਾ ਹੁਸ਼ਿਆਰਪੁਰ ਵਿਚ ਦਸੂਹਾ-ਪਠਾਨਕੋਟ ਸੜਕ ਤੇ ਸੱਗਲ ਚੋਅ ਉੱਪਰ ਪੁਲ ਦੀ ਉਸਾਰੀ**

*140. (ਸੀ.ਯੂ.) **ਸ਼੍ਰੀ ਰਮੇਸ਼ ਚੰਦਰ ਡੋਗਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਦਸੂਹਾ-ਪਠਾਨਕੋਟ ਸੜਕ ਤੇ ਸੱਗਲ ਚੋਅ ਉਪਰ ਪੁਲ ਬਣਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਉਸਾਰੀ ਦੇ ਕੰਮ ਨੂੰ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ।

---

**ਸੜਕਾਂ ਤੇ ਚਮਕਦੇ ਦਿਸ਼ਾ ਸੰਕੇਤ ਬੋਰਡ ਲਗਾਉਣੇ**

*143. (ਸੀ.ਯੂ.) **ਸਰਦਾਰ ਰਣਜੀਤ ਸਿੰਘ ਬਾਲੀਆਂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਰਾਜ ਵਿਚ ਦੂਜੇ ਰਾਜਾਂ ਤੋਂ ਪੰਜਾਬ ਵਿਚ ਆਉਣ ਵਾਲੇ ਯਾਤਰੀਆਂ ਦੇ ਪੱਥ-ਪ੍ਰਦਰਸ਼ਨ ਅਤੇ ਦਿਸ਼ਾ ਨਿਰਦੇਸ਼ ਲਈ ਦਿੱਲੀ ਵਿਖੇ ਲੱਗੇ ਸੰਕੇਤ ਬੋਰਡਾਂ ਦੇ ਪੈਟਰਨ ਤੇ ਰਾਜ ਵਿਚ ਸੜਕਾਂ ਤੇ ਵੱਡੇ ਅਕਾਰ ਦੇ ਚਮਕਦੇ ਦਿਸ਼ਾ ਸੰਕੇਤ ਬੋਰਡ ਲਗਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੇ ਕਦੋਂ ਤੱਕ ਲਗਾਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹਾਂ ਜੀ।

ਮਿਤੀ 3 ਫਰਵਰੀ, 1998 ਤੱਕ ਘੱਟੋ-ਘੱਟ 20 ਬੋਰਡ ਲੱਗਣ ਦੀ ਉਮੀਦ ਹੈ।

---

**ਹੈਵੀ ਮੋਟਰ ਗੱਡੀਆਂ ਲਈ ਡਰਾਈਵਿੰਗ ਲਸੰਸ ਜਾਰੀ ਕਰਨਾ**

*144. (ਸੀ.ਯੂ.) **ਸਰਦਾਰ ਰਣਜੀਤ ਸਿੰਘ ਬਾਲੀਆਂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਨੇ ਰਾਜ ਵਿਚ ਜ਼ਿਲ੍ਹਾ ਟ੍ਰਾਂਸਪੋਰਟ ਅਫਸਰਾਂ ਦੁਆਰਾ ਹੈਵੀ ਮੋਟਰ ਗੱਡੀਆਂ ਲਈ ਡਰਾਈਵਿੰਗ ਲਸੰਸ ਜਾਰੀ ਕਰਨ ਤੇ ਰੋਕ ਲਗਾ ਦਿੱਤੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਣ ਕੀ ਹਨ; ਅਤੇ ਅਜਿਹੇ ਲਸੰਸ ਹੁਣ ਕਦੋਂ ਤੱਕ ਦੁਬਾਰਾ ਸ਼ੁਰੂ ਕਰ ਦਿੱਤੇ ਜਾਣਗੇ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ।

---

Original with;
Punjab Vidhan Sabha
Digitized by;
Panjab Digital Library

**ਰਾਜ ਵਿਚ ਸੜਕਾਂ ਨੂੰ ਚਾਰ ਲੇਨਾਂ ਵਾਲਾ ਬਣਾਉਣਾ**

*145. (ਸੀ. ਯੂ.) **ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ—

(i) ਚੰਡੀਗੜ੍ਹ-ਪਟਿਆਲਾ ਸੜਕ,

(ii) ਚੰਡੀਗੜ੍ਹ-ਅੰਬਾਲਾ ਸੜਕ,

(iii) ਚੰਡੀਗੜ੍ਹ-ਲੁਧਿਆਣਾ ਸੜਕ,

(iv) ਚੰਡੀਗੜ੍ਹ-ਰੋਪੜ-ਫਗਵਾੜਾ ਸੜਕ,

ਨੂੰ ਇਨ੍ਹਾਂ ਸੜਕਾਂ ਤੇ ਆਵਾਜਾਈ ਬਹੁਤ ਵੱਧ ਜਾਣ ਕਾਰਣ ਚਾਰ ਲੇਨਾਂ ਵਾਲੀਆਂ ਸੜਕਾਂ ਵਿਚ ਬਦਲਣ ਦੀ ਤਜਵੀਜ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹੇਠ ਲਿਖੀਆਂ ਸੜਕਾਂ ਨੂੰ 4 ਲੇਨ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ :—

1. ਚੰਡੀਗੜ੍ਹ-ਪਟਿਆਲਾ ਸੜਕ

2. ਚੰਡੀਗੜ੍ਹ-ਲੁਧਿਆਣਾ ਸੜਕ

3. ਚੰਡੀਗੜ੍ਹ-ਰੋਪੜ-ਫਗਵਾੜਾ ਸੜਕ

---

**ਸਹਿਕਾਰੀ ਖੰਡ ਮਿੱਲ, ਬੁਢਲਾਡਾ ਨੂੰ ਮੁੜ ਸ਼ੁਰੂ ਕਰਨਾ**

*148 (ਸੀ. ਯੂ.) **ਸਰਦਾਰ ਬਲਦੇਵ ਸਿੰਘ ਖਿਆਲਾ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਕੀ ਇਹ ਠੀਕ ਹੈ ਕਿ ਸਹਿਕਾਰੀ ਖੰਡ ਮਿੱਲ ਬੁਢਲਾਡਾ, ਜ਼ਿਲ੍ਹਾ ਮਾਨਸਾ ਲੰਮੇ ਸਮੇਂ ਤੋਂ ਬੰਦ ਪਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਣ ਕੀ ਹਨ;

(ਅ) ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਮਿੱਲ ਨੂੰ ਮੁੜ ਸ਼ੁਰੂ ਕਰਨ ਲਈ ਕੋਈ ਕਾਰਵਾਈ ਕਰਨ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਰਣਜੀਤ ਸਿਘ ਬ੍ਰਹਮਪੁਰਾ** : (ੳ) ਹਾਂ ਜੀ । ਇਹ ਸੱਚ ਹੈ ਕਿ ਬੁਢਲਾਡਾ ਸਹਿਕਾਰੀ ਖੰਡ ਮਿੱਲ ਪਿਛਲੇ ਤਿੰਨ ਸੀਜ਼ਨਾਂ ਤੋਂ ਬੰਦ ਪਈ ਹੈ ।

ਬੰਦ ਹੋਣ ਦੇ ਕਾਰਣ ਹੇਠ ਲਿਖੇ ਅਨੁਸਾਰ ਹਨ :–

(1) ਬੁਢਲਾਡਾ ਸਹਿਕਾਰੀ ਖੰਡ ਮਿੱਲ ਦੇ ਏਰੀਏ ਵਿੱਚ ਗੰਨੇ ਦੀ ਬਹੁਤ ਜ਼ਿਆਦਾ ਘਾਟ ।

(2) ਸਮਰੱਥਾ ਦੀ ਘੱਟ ਵਰਤੋਂ ਹੋਣ ਕਾਰਨ ਬਹੁਤ ਜ਼ਿਆਦਾ ਨੁਕਸਾਨ ਹੋਣ ਕਾਰਨ ।

(ਅ) ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਮਿੱਲ ਨੂੰ ਚਲਾਉਣਾ ਫੰਡਾਂ ਦੀ ਉਪਲਬਧਤਾ ਤੇ ਨਿਰਭਰ ਹੈ, ਇਸ ਲਈ ਸਮਾਂ ਨਿਸ਼ਚਿਤ ਕਰਨਾ ਸੰਭਵ ਨਹੀਂ ।

———

**ਨਿਸ਼ਾਨ ਵਾਲੇ (ਸ੍ਰੀ. ਯੂ.) ਪ੍ਰਸ਼ਨ ਨੰਬਰ** ·XX· **149 ਅਤੇ 153***

(ਇਨ੍ਹਾਂ ਸਵਾਲਾਂ ਦੇ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਏ ।)

———

**ਗ੍ਰਾਮ ਪੰਚਾਇਤਾਂ ਬਲਾਕ ਸੰਮਤੀਆਂ ਅਤੇ ਜ਼ਿਲ੍ਹਾਂ ਪਰੀਸ਼ਦਾਂ ਨੂੰ ਵਿੱਤੀ ਅਖਤਿਆਰ**

*154. (ਸ੍ਰੀ. ਯੂ.) (1) **ਚੌਧਰੀ ਜਗਜੀਤ ਸਿੰਘ** :
(2) **ਸ੍ਰੀ ਭਗਵਾਨ ਦਾਸ ਅਰੋੜਾ**:
} ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਦੀ ਰਾਜ ਵਿੱਤ ਕਮਿਸ਼ਨ ਦੀ ਸਿਫਾਰਸ਼ਾਂ ਤੇ ਗ੍ਰਾਮ ਪੰਚਾਇਤਾਂ, ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਨੂੰ ਹੋਰ ਵਿੱਤੀ ਅਖਤਿਆਰ ਨਿਹਿਤ ਕਰਨ ਸਬੰਧੀ ਕੋਈ ਤਜਵੀਜ ਹੈ ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ਅਤੇ ਇਸਨੂੰ ਕਦੋਂ ਤੱਕ ਅਸਲੀ ਰੂਪ ਦਿਤੇ ਜਾਣ ਦੀ ਸੰਭਾਵਨਾ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸੰਸਥਾਵਾਂ ਨੂੰ ਅਖਤਿਆਰ ਨਿਹਿਤ ਕਰਨ ਉਪਰੰਤ ਜ਼ਿਲ੍ਹਾ ਯੋਜਨਾਬੰਦੀ ਅਤੇ ਵਿਕਾਸ ਬੋਰਡਾਂ ਦਾ ਸਟੇਟਸ ਕੀ ਹੋਵੇਗਾ ?

**ਸਰਦਾਰ ਨਿਰਮਲ ਸਿੰਘ ਕਾਹਲੋਂ** (ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ) : (ੳ) ਹਾਂ, ਸ੍ਰੀਮਾਨ ਜੀ । ਸਰਕਾਰ ਜ਼ਿਲ੍ਹਾ ਪ੍ਰੀਸ਼ਦਾਂ, ਬਲਾਕ ਸੰਮਤੀਆਂ ਅਤੇ ਗਰਾਮ ਪੰਚਾਇਤਾਂ ਨੂੰ ਵਿੱਤੀ ਸ਼ਕਤੀਆਂ ਪ੍ਰਦਾਨ ਕਰਨ ਬਾਰੇ ਵਿਚਾਰ ਕਰ ਰਹੀ ਹੈ ।

(ਅ) ਭਾਰਤ ਦੇ ਸੰਵਿਧਾਨ ਦੀ 74ਵੀਂ ਸੋਧ, 1992 ਮੁਤਾਬਕ ਜ਼ਿਲ੍ਹਾ ਪਲਾਨਿੰਗ ਕਮੇਟੀਆਂ ਦੀ ਸਥਾਪਨਾ ਕਰਨ ਬਾਰੇ, ਸਰਕਾਰ ਦੇ ਵਿਚਾਰ ਅਧੀਨ ਹੈ । ਜ਼ਿਲ੍ਹਾ ਪਲਾਨਿੰਗ ਕਮੇਟੀਆਂ ਦੇ ਹੋਂਦ ਵਿਚ ਆਉਣ ਤੋਂ ਬਾਅਦ ਹੀ ਜ਼ਿਲ੍ਹਾ ਪਲਾਨਿੰਗ ਬੋਰਡ ਦੇ ਸਟੇਟਸ ਬਾਰੇ ਫੈਸਲਾ ਲਿਆ ਜਾ ਸਕੇਗਾ ।

———

*For Starred Question No. 153 (C.U.) and reply thereto, please see Appendix-II to this Annexure.

·XX· Starred Question No. 149 and Reply thereto was placed in the Library

Original with;
Punjab Vidhan Sabha
Digitized by;
Panjab Digital Library

## ਲੁੱਟਮਾਰ ਅਤੇ ਕਤਲ ਦੀਆਂ ਵਾਰਦਾਤਾਂ

*155. (ਸ਼੍ਰੀ. ਯੂ.) 1. ਚੌਧਰੀ ਜਗਜੀਤ ਸਿੰਘ
2. ਸ੍ਰੀ ਭਗਵਾਨ ਦਾਸ ਅਰੋੜਾ } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਫਰਵਰੀ, 1997 ਦੇ ਮਹੀਨੇ ਦੌਰਾਨ ਵੱਖ-ਵੱਖ ਥਾਣਿਆਂ ਵਿਚ ਦਰਜ ਕੀਤੇ ਗਏ ਲੁੱਟਮਾਰ, ਅਗਵਾ ਅਤੇ ਕਤਲ ਦੇ ਕੇਸਾਂ ਦੀ ਜ਼ਿਲ੍ਹਾ-ਵਾਰ ਗਿਣਤੀ ਅਤੇ ਵੇਰਵਾ ਕੀ ਕੀ ਹਨ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਦੇ ਸਾਰੇ ਮੁਜਰਮਾਂ ਨੂੰ ਪਕੜ ਲਿਆ ਗਿਆ ਹੈ; ਜੇਕਰ ਨਹੀਂ, ਤਾਂ ਸਰਕਾਰ ਦੁਆਰਾ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਰੇ ਮੁਜਰਮਾਂ ਨੂੰ ਫੜਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ/ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਅਨੁਲੱਗ ਅਨੁਸਾਰ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਕੁਝ ਕੇਸਾਂ ਵਿਚ ਕਾਤਲਾਂ ਨੂੰ ਹਾਲੇ ਗ੍ਰਿਫਤਾਰ ਨਹੀਂ ਕੀਤਾ ਜਾ ਸਕਿਆ । ਕਾਤਲਾਂ ਨੂੰ ਗ੍ਰਿਫਤਾਰ ਕਰਨ ਲਈ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

[Chief Minister]

## ANNEXURE

**Details of incidents of Looting, Kidnapping and Killings during the month of February, 1997**

| Sr. No. | Name of Police District | Head of Crime | Case Regd. | Name of Police Station | Details of persons arrested/suspected. | Accused arrested or not arrested |
|---|---|---|---|---|---|---|
| 1 | 2 | 3 | 4 | 5 | 6 | 7 |
| 1. | Amritsar | (A) Looting | 1 | PS Civil Line Amritsar. | 2 unknown Sikh Youth | Not arrested |
| | | (B) Kidnapping | 4 | 1. PS. Sdr. Amritsar | Ravinderpal Singh @ Happy s/o Burh Singh R/o Krishna Nagar Jaura Pahtik, Amritsar. | Arrested. |
| | | | | 2. PS Civil Line, Amritsar | Suspected accused Prof. Ravinder Singh, Prof. Khalsa College Peon Piara Singh s/o Bawa Singh R/o Jhanjhoti PS Raja Sansi. | Not arrested. |
| | | | | 3. PS Raja Sansi, Amritsar | 1. Deepak Kumar S/o R. L. Tagodia R/o House No. 1091, Sector-9 Housing Board, Ambala City. | Not arrested. |
| | | | | | 2. Krishan Lal R/o H. No. 36 Officer Colony, Ambala. | |

Original with; Punjab Vidhan Sabha Digitized by; Punjab Digital Library

| | | | | | | |
|---|---|---|---|---|---|---|
| | | | | 4. PS Islamabad, Amritsar | 1. Sukhdev Singh @ Sukha S/o Ajit Singh R/o Kot Khalsa, Amritsar. | Arrested |
| | | | | | 2. Neelam Kumari d/o Ramesh Kumar R/o Purani Mandi Kuli now at Indira Colony Kot Khalsa, Amritsar. | |
| | | (c) Killings | 4 | 1. PS Sdr., Amritsar | Dalip Singh S/o Allha Singh Jat R/o Wadala Bhittewas, Amritsar. | Arrested |
| | | | | 2. PS Sdr., Amritsar | 1. Rajinder Singh S/o Amarjit Singh R/o Bhullar, PS Lopoke now at Verka. | —do— |
| | | | | | 2. Gurpreet Singh S/o Harbhajan Singh Jat R/o Kaler, Mangat PS Majitha. | |
| | | | | 3. PS Islamabad | Unknown accused. | Case not traced. |
| | | | | 4. PS Sdr. Amritsar. | Sawinder Singh S/o Jarnail Singh | |
| 2. | Majitha | (a) Looting—Nil | | | | |
| | | (b) Kidnapping—Nil. | | | | |
| | | (c) Killings-I | 1 | PS Majitha | Unknown | Not arrested. |
| 3. | Gurdaspur | (a) Looting-Nil. | | | | |
| | | (b) Kidnapping-Nil. | | | | |
| | | (c) Killings | 3 | 1. PS Dhariwal. | Accused Sukhwinder Singh S/o Bawa Singh R/o Sidhwan. | Arrested. |

Original with;
Punjab Vidhan Sabha
Digitized by;
Panjab Digital Library

[Chief Minister]

| 1 | 2 | 3 | 4 | 5 | 6 | 7 |
|---|---|---|---|---|---|---|
| | | | | 2. PS Kahnuwan. | Surjit Singh S/o Gian Singh, Wazir Singh S/o Bawa Singh, Harjinder Singh S/o Dalip Singh Lakhwinder Singh S/o Bachan Singh, Surjit Singh S/o Kartar Singh R/o Beri | Arrested. |
| | | | | PS Dorangla. | Gurnam Pal & Harjinder Pal | Arrested. |
| 4. | Batala | (a) Looting | Nil | | | |
| | | (b) Kidnapping | 2 | 1. PS Sdr., Batala | Rajinder Singh S/o Ajit Singh Jat R/O 914-945, Jashin Road, Amritsar. | Arrested. |
| | | | | 2. PS Sri Har-gobindpur. | Nil | Not Arrested. |
| | | (c) Killing | 2 | 1. PS Ranger Nangal. | Satnam Singh S/o Labh Singh R/o Chaudhary Wal (2) Joga Singh s/o Satnam Singh R/o Chaudhary Wal. | Arrested |
| | | | | 2. PS Sdr. Batala. | Harpal Singh S/o Ajit Singh (2) Parkash Kaur w/o Ajit Singh Ramgarhia R/o Preet Nagar. | Arrested. |
| 5. | Tarn Taran | (a) Looting | Nil | | | |
| | | (b) Kidnapping | 1 | PS Goindwal. | — | Arrested. |
| | | (c) Killing | 1 | PS Khalra. | 2 accused arrested. 1 accused absconder. | Arrested. |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 6. Jalandhar | (a) Looting | 2 | 1. PS Sdr. Jalandhar | 1. Harjinder Singh S/o Narain Singh, Jat R/o Uppal Bhupa, PS Nurmehal<br>2. Som Nath S/o Darshan Lal R/o Nijhra. | Arrested |
| | | | 2. PS Goraya. | Unknown Persons | Under Investigation. |
| | (b) Kidnapping | 1 | PS Division No. 3, Jalandhar | Joginder Singh S/o Baldev Singh R/o Bashirpura, Jalandhar. | Arrested |
| | (c) Killing | 3 | 1. PS Lohian | Malkiat Singh, Charanjit Singh, Manjit Kaur R/o Vill. Nal. | Arrested |
| | | | 2. PS Sdr. Jalandhar | Sucha Singh, S/o Buta Singh Jat R/o Guru Nanak Pura, Lakhwinder Kaur Vill. Dogranwala Distt. Kapurthala. | Arrested |
| | | | 3. PS Division No. 6 Jalandhar | Milkhi Ram R/o Bhargo camp, Jalandhar. | Arrested |
| 7. Kapurthala | (a) Looting | 1 | PS Sdr. Phagwara | Unknown persons. | Under Investigation |
| | (b) Kidnapping | 1 | PS Sdr. Phagwara | Two unknown persons | —do— |
| | (c) Killing | 3 | 1. PS Dhilwan. | Two unknown persons | —do— |
| | | | 2. PS Sdr. Phagwara | Jasbir Singh S/o Hari Singh. Jaswinder Singh, Baljit Singh, S/o Jasbir Singh. | Arrested |
| | | | 3. PS Sdr. Phagwara | Unknown persons. | Under Investigation. |

Original with;
Punjab Vidhan Sabha
Digitized by;
Panjab Digital Library

[Chief Minister]

| 1 | 2 | 3 | 4 | 5 | 6 | 7 |
|---|---|---|---|---|---|---|
| 8. | Hoshiarpur | (a) Looting | Nil | | | |
| | | (b) Kidnapping | 1 | PS Mukerian | 1. Nirmal Singh S/o Sucha Singh r/o Sherpur (2) Sucha Singh, S/o Budha Singh R/o Sherpur (3) Amar Singh S/o Partap Singh r/o Gahlarian PS Mukerian. | Arrested |
| | | (c) Killings | 2 | 1. PS Garhshankar | Rajpal S/o Dadu Ram R/o Ambedkar Nagar, Garhshankar. | Arrested |
| | | | | 2. PS Hajipur | Raj Kumar S/o Hans Raj, Parkash Wanti W/o Hans Raj both R/o Datarpur (3) Shushma W/o Darshan Lal R/o Bada, PS Mukerian. | —do— |
| 9. | Nawanshar | (a) Looting | Nil | | | |
| | | (b) Kidnapping | Nil | | | |
| | | (c) Killing | 1 | PS Balachaur | Mukand Singh S/o Dhana Singh R/o Ghamour, Parvinder Singh S/o Mukand Singh R/o Ghamour, Rajinder Singh S/o Gurbax Singh R/o Khanduwal. | Arrested |
| 10. | Patiala | (a) Looting | Nil | | | |
| | | (b) Kidnapping | Nil | | | |
| | | (c) Killing | Nil | | | |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 11. **Sangrur** | (a) **Looting** | Nil | | | | |
| | (b) **Kidnapping** | 1 | PS Malerkotla | | Unknown persons | Case is under Investigation |
| | (c) **Killing** | 5 | 1. PS Sunam | | Niranjan Singh S/o Nachattar Singh, R/o Banda Patti, Sunam. | Arrested |
| | | | 2. PS Sangrur | | Diwan Singh Tunda. | Not Arrested |
| | | | 3. PS Dhuri | | Raja Singh, Bachitar Singh, Maghar Singh, Jaila Singh & Nachhatar Singh Vill. Daulatpur. | Arrested |
| | | | 4. PS Malerkotla | | Kuldip Singh S/o Nishan Singh Jat R/o Sandour. | Arrested |
| | | | 5. PS Khanauri | | Punna S/o Fulla R/o Chandu | Not arrested |
| 12. Fatehgarh Sahib | (a) Looting | Nil | | | | |
| | (b) Kidnapping | Nil | | | | |
| | (c) Killing | 2 | 1. PS Sirhind | 1. | Hardip Singh S/o Joginder Singh R/o Bihala Hoshiarpur. | Arrested |
| | | | | 2. | Sandip S/o Paramjit Singh R/o Banga | |
| | | | 2. PS Bassi Pathana | | Kulwant Singh Babu Singh, Babu Singh S/o Rakha Singh Sharanjit Singh S/o Babu Singh R/o Baj Sikander. | Arrested |

Original with;
Punjab Vidhan Sabha
Digitized by;
Panjab Digital Library

[Chief Minister]

| 1 | 2 | 3 | 4 | 5 | 6 | 7 |
|---|---|---|---|---|---|---|
| 13. | Barnala | (a) Looting | Nil | | | |
| | | (b) Kidnapping | Nil | | | |
| | | (c) Killings | 5 | 1. PS Dhanaula | Bhura Singh S/o Ishar Singh, Ram Singh, Charan Singh S/o Bhura Singh, Dharam Singh S/o Bhura Singh R/o Bhaini Jassa. | Arrested |
| | | | | 2. PS Sehna | Satnam Singh S/o Gurdev Singh Majbi R/o Sehna. | Arrested |
| | | | | 3. PS Barnala | Nirbhail Singh S/o Jarnail Singh R/o Uggoke, Jasvir Singh, Gora Singh S/o Jarnail Singh, Jarnail Singh S/o Hamir Singh, all R/o Uggoke. | Arrested |
| | | | | 4. PS Sehna | Gurcharan Singh, Mohinder Singh both S/o Amar Singh R/o Cheema. | Arrested |
| | | | | 5. PS Dhanaula | Tej Kaur w/o Jaggar Singh R/o Pandher, Basakha Singh S/o Harpal Kaur, D/o Jaggar Singh. | Arrested |
| 14. | G.R.P. Pb. Patiala | (a) Looting | Nil | | | |
| | | (b) Kidnapping | Nil | | | |
| | | (c) Killing | 2 | 1. PS GRP, Bathinda | Gurjant Singh S/o Hakam Singh and Hakam Singh S/o Hazura Singh R/o Burj Sama. | Arrested |
| | | | | 2. PS GRP, Jalandhar | Unknown Persons | Not Arrested |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 15. | Ferozepur | (a) Looting | Nil | | | |
| | | (b) Kidnapping | Nil | | | |
| | | (c) Killing | 5 | 1. PS Zira | 1. Ajit Singh S/o Balli Singh R/o Gadhery Wala. | Arrested |
| | | | | | 2. Ajaib Singh S/o Mukhtiar Singh r/o Gadhery Wala. | |
| | | | | 2. PS Sdr. Ferozepur. | Bej Nath Sehgrian W/o Bej Nath | Arrested. |
| | | | | 3. PS Makhu. | Mohinder Singh S/o Bachan Singh Swaran Singh S/o Piara Singh. | —do— |
| | | | | 4. PS Ghal Khurd. | Jagroop Singh S/o Sukhmander Singh R/o Kaber Washan. | —do— |
| | | | | 5. PS Ferozepur | Unknown person. | Not Arrested |
| 16. | Muktsar | (a) Looting | Nil | | | |
| | | (b) Kidnapping | Nil | | | |
| | | (c) Killing | 3 | 1. PS Kot Bhai. | Deputy Singh S/o Darbara Singh R/o Samagh. | Arrested. |
| | | | | 2. PS Giddarbaha. | Amarjit Singh S/o Jagir Singh R/o Suratgarh. | —do— |
| | | | | 3. PS Lambi. | Kaur Singh S/o Arjan Singh r/o Kurai Wala, Babu Singh S/o Kapoor Singh R/o Fattu Khera. | —do— |

Original with;
Punjab Vidhan Sabha
Digitized by;
Panjab Digital Library

[Chief Minister]

| 1 | 2 | 3 | 4 | 5 | 6 | 7 |
|---|---|---|---|---|---|---|
| 17. | Moga | (A) Looting | Nil | | | |
| | | (B) Kidnapping | 1 | 1. PS Sdr. Moga | Iqbal Singh S/o Chand Singh R/o Tarn Taran, Gurmukh Singh R/o Bhudeke, Manjit Singh Mukhtiar Singh S/o Rattan Singh. | Arrested. |
| | | (C) Killings | 2 | 1. PS Bagha Purana | Amrit Pal Singh S/o Mohinder Singh, Iqbal Singh S/o Gurnam Singh, Jasbir Singh S/o Jang Singh all R/o Korewala. | —do— |
| | | | | 2. PS Nihal Singh wala. | Hakam Singh S/o Bachittar Singh R/o Bhogeke. | —do— |
| 18. | Faridkot | (A) Looting | Nil | | | |
| | | (B) Kidnapping | Nil | | | |
| | | (C) Killing | Nil | | | |
| 19. | Mansa | (A) Looting | Nil | | | |
| | | (B) Kidnapping | Nil | | | |
| | | (C) Killings | 4 | 1. PS Jhunir | Jhanda Singh R/o Fatta Maloka. | —do— |
| | | | | 2. PS Jourkian. | Hardev Singh S/o Mukand Singh Jaila Singh S/o Mukand Singh R/o Dhingra. | —do— |
| | | | | 3. PS Bhikhi. | Darshan Singh, Piara Singh S/o Chota Singh, Pammi S/o Bhura Singh, Gulab Singh, Lachu Singh R/o Kishangarh Farwahi. | —do— |
| | | | | 4. PS Sdr. Mansa | Banwari Ram S/o Rura Ram Mand. | —do— |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 20. | Bathinda | (A) Looting | Nil. | | | |
| | | (B) Kidnapping | 1 | PS Kot Bathinda | Sukhwinder Singh S/o Walaiti R/o Bhathinda. | Investigation Stayed by the High Court. |
| | | (C) Killing | 4 | 1. PS Thermal Plant Bathinda. | Kuldip Singh S/o Jagar Singh R/o Gill Patti | Arrested. |
| | | | | 2. PS Rampura. | Puran Singh S/o Bhag Singh R/o Bhaini Chuhar (2) Naib Singh, Mithu Singh R/o Burj Harike, Jagsir Singh R/o Bhaini. | —do— |
| | | | | 3. PS Nathana | Hakam Singh S/o Surjit Singh R/o Nathana. | —do— |
| | | | | 4. PS Dialpura | Atma Singh S/o Mukhtiar Singh Lachhman Singh R/o Malian. | —do— |
| 21. | Ludhiana | (A) Looting | 1 | PS Div. No. 3 Ldh. | SI Jarnail Singh, Con. Harpal Singh Con. Kuldip Singh, SPO Bhajan Singh. | —do— |
| | | (B) Kidnapping | 3 | 1. IPS Div. No. 3 Ldh. | Dasia Khan Ravani S/o Islamu Din Naushad R/o Purana Tola Shimla Bangal. 2, Naushad R/o Purana Tola Shimla Bangal | Case is under investigation. |
| | | | | 2. PS Div. No. 6Ldh. | Hoshiarpur Police | Not arrested. |
| | | | | 3. PS Div. No. 6 Ldh. | Tarsem Singh S/o Harbhajan Singh R/o 288-B Moh. Purani Gangapuri Delhi. | Case is under investigation. |
| | | (C) Killings | 4 | 1. PS Sdr. Ldh. | Unknown persons. | Not arrested. |
| | | | | 2. PS Div. No. 5 Ldh. | Jaspal Singh R/o Azad Nagar, Ludhiana. | Arrested. |
| | | | | 3. PS Div. No. 6 Ldh. | Jatinder Kumar, Darshan Kumar R/o Kot Mangal Singh, Ludhiana. | —do— |
| | | | | 4. PS Sarabha Nagar Ludhiana | Baldev Singh S/o Muktiar Singh R/o Nangal Khurd K Hardip Singh R/o Rai Kot. | —do— |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 | 7 |
|---|---|---|---|---|---|---|
| 22. | Jagraon | (A) Looting | Nil | | | |
| | | (B) Kidnapping | Nil | | | |
| | | (C) Killings | 2 | 1. PS Sidwan Bet. | Ajaib Singh S/o Balwant Singh Majbi R/o Janetpura. | |
| | | | | 2. PS Dehlon. | Unknown persons. | Not Arrested. |
| 23. | Khanna | (A) Looting | Nil | | | |
| | | (B) Kidnapping | 1 | PS Payal | Jagpal Singh S/o Gurmail Singh R/o Qila Raipur (2) Driver Mohinder Singh (3) Khalasi Madan Lal R/o Rahon. | —do— |
| | | (C) Killings | 3 | 1. PS City Khanna | Bhil S/o Lakhi Ram R/o Khanna (2) Amar Singh S/o Avai Singh (3) Geeta W/o Amar Singh (4) Gian S/o Gulab R/o Mastegarh Distt. (Muzaffar Nagar) | Arrested. |
| | | | | 2. PS Samrala | Surat Singh S.I., ASI Balbir Chand Tiwari. | —do— |
| | | | | 3. PS Machiwara | Gurmail Singh S/o Tara Singh (2) Paramjit Kaur D/o Gurmail Singh R/o Fatehgarh Sahib. | Not arrested. |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 24. | Ropar | (A) Looting | Nil. | | | |
| | | (B) Kidnapping | 3 | 1. PS Mohali | Kuldip Singh S/o Ajmer Singh Jat R/o Alipur Sadia PS Sirhind, Distt. Fatehgarh Sahib (2) Jaswinder Singh S/o Gurmit Singh R/o Chatarpur, Amloh Distt. Fatehgarh Sahib. | Arrested. |
| | | | | 2. PS Mohali. | Surinder Singh @Chninda R/o HE-382, Phase-7, Mohali. (2) Sarjiwan Singh. | —do— |
| | | | | 3. PS Mohali | Sohra Harbhajan Singh, Amarjit Singh S/o Parkash Singh R/o Kothi No. 338, Phase-2 Mohali (2) Dimpi Sabharwal Shopkeeper Soni Motor, Phase-7, Mohali. | Not Arrested. |
| | | (C) Killing | | 1. PS Ropar | Jarnail Singh @Raju S/o Manjit Singh Goldsmith, Harvinder Singh @Muna S/o Baldev Singh R/o Phul Chakar, Vikesh Kumar S/o Chander Parkash Saini R/o Ucha Khera, Deepak Kumar S/o Mohan Lal R/o Mohalla Sekhan, Vishal Kumar S/o Som Nath Balmik Mohalla, Ropar. | Arrested. |

Original with;
Punjab Vidhan Sabha
Digitized by;
Panjab Digital Library

**ਨਿਸ਼ਾਨ ਵਾਲਾ (ਸੀ. ਯੂ.) ਪ੍ਰਸ਼ਨ ਨੰਬਰ 156***

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ)

---

**ਸਸਤੇ ਭਾਅ ਦੀਆਂ ਦੁਕਾਨਾਂ/ਰਾਸ਼ਨ ਡਿਪੂਆਂ ਦੇ ਸਿਸਟਮ ਨੂੰ ਸੋਧਣਾ**

*157. (ਸੀ. ਯੂ.) 1. **ਚੌਧਰੀ ਜਗਜੀਤ ਸਿੰਘ**
2. **ਸ਼੍ਰੀ ਭਗਵਾਨ ਦਾਸ ਅਰੋੜਾ** } : ਕੀ ਖੁਰਾਕ ਅਤੇ

ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ ਸਸਤੇ ਭਾਅ ਦੀਆਂ ਦੁਕਾਨਾਂ/ਰਾਸ਼ਨ ਡਿਪੂਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਅਜਿਹੀਆਂ ਦੁਕਾਨਾਂ/ਡਿਪੂਆਂ ਦੁਆਰਾ ਸਪਲਾਈ ਕੀਤੀਆਂ ਜਾਂਦੀਆਂ ਵਸਤੂਆਂ ਦੇ ਵੇਰਵੇ ਕੀ ਹਨ ਅਤੇ ਹਰਇਕ ਵਸਤੂ ਦੀ ਦਰ ਕੀ ਹੈ ?

(ਅ) ਕੀ ਸਰਕਾਰ ਦੀ ਸਸਤੇ ਭਾਅ ਦੀਆਂ ਦੁਕਾਨਾਂ/ਰਾਸ਼ਨ ਡਿਪੂਆਂ ਦੇ ਸਿਸਟਮ ਨੂੰ ਸੋਧਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਣ ਕੀ ਹਨ ਅਤੇ ਤਜਵੀਜ਼ਤ ਨਵੇਂ ਸਿਸਟਮ ਅਧੀਨ ਸਸਤੇ ਭਾਅ ਦੀਆਂ ਦੁਕਾਨਾਂ/ਰਾਸ਼ਨ ਡਿਪੂਆਂ ਨੂੰ ਅਲਾਟ ਕਰਨ ਲਈ ਕੀ ਕਸੌਟੀ ਅਪਣਾਈ ਜਾ ਰਹੀ ਹੈ ?

(ੳ) **ਸ਼੍ਰੀ ਮਦਨ ਮੋਹਨ ਮਿੱਤਲ** ਰਾਜ ਵਿੱਚ ਇਸ ਸਮੇਂ ਸਸਤੇ ਭਾਅ ਦੀਆਂ ਦੁਕਾਨਾਂ/ਰਾਸ਼ਨ ਡਿਪੂਆਂ ਦੀ ਗਿਣਤੀ ਅਨੁਲੱਗ 'ੳ' ਵਿੱਚ ਦਿੱਤੀ ਗਈ ਹੈ, ਜਿਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਇਨ੍ਹਾਂ ਡਿਪੂਆਂ ਰਾਹੀਂ ਲੋਕ ਵੰਡ ਪ੍ਰਣਾਲੀ ਅਧੀਨ ਹੇਠ ਦੱਸੀਆਂ ਵਸਤਾਂ ਇਨ੍ਹਾਂ ਦੇ ਸਾਹਮਣੇ ਦਰਸਾਈਆਂ ਕੀਮਤਾਂ ਤੇ ਮਿਤੀ 1 ਜੂਨ, 1997 ਤੋਂ ਵੰਡੀਆਂ ਜਾਂਦੀਆਂ ਹਨ —

| | ਵਸਤੂ ਦਾ ਨਾਮ | ਕੀਮਤ |
|---|---|---|
| 1. | ਕਣਕ (ਗਰੀਬੀ ਰੇਖਾ ਤੋਂ ਹੇਠ) | 2.58 ਰੁ. ਪ੍ਰਤੀ ਕਿਲੋ |
| 2. | ਕਣਕ (ਗਰੀਬੀ ਰੇਖਾ ਤੋਂ ਉਪਰ) | 4.58 ਰੁ: ਪ੍ਰਤੀ ਕਿਲੋ |
| 3. | ਚਾਵਲ | |
| | ਕੋਮਨ/ਫਾਈਨ (ਗਰੀਬੀ ਰੇਖਾ ਤੋਂ ਹੇਠਾਂ) | 3.63 ਰੁ: ਪ੍ਰਤੀ ਕਿਲੋ |
| | ਫਾਈਨ (ਗਰੀਬੀ ਰੇਖਾ ਤੋਂ ਉਪਰ) | 6.75 ਰੁ ਪ੍ਰਤੀ ਕਿਲ |
| | ਸੁਪਰ ਫਾਈਨ (ਗਰੀਬੀ ਰੇਖਾ ਤੋਂ ਉਪਰ) | 7.79 ਰੁ: ਪ੍ਰਤੀ ਕਿਲੋ |
| 4. | ਲੇਵੀ ਸ਼ੂਗਰ | 10.50 ਰੁ. ਪ੍ਰਤੀ ਕਿਲੋ |
| 5. | ਮਿੱਟੀ ਦਾ ਤੇਲ | 2.70 ਰੁ: ਤੋਂ 3.00 ਰੁ. ਪ੍ਰਤੀ ਲਿਟਰ |

(ਅ) ਹਾਂ ਜੀ, ਰਾਸ਼ਨ ਡਿਪੂਆਂ ਦੇ ਕੰਮ-ਕਾਜ ਨੂੰ ਵਧੇਰੇ ਕਾਰਜ ਕੁਸ਼ਲ ਅਤੇ ਅਸਰਦਾਇਕ ਢੰਗ ਨਾਲ ਚਲਾਉਣ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

---

*For Starred Question No. 156 and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ੳ'

### ਸਸਤੇ ਭਾਅ ਦੀਆਂ ਦੁਕਾਨਾਂ/ਰਾਸ਼ਨ ਡਿਪੂਆਂ ਦੀ ਜ਼ਿਲ੍ਹਾ-ਵਾਰ ਗਿਣਤੀ

| ਲੜੀ ਨੰ: | ਜ਼ਿਲ੍ਹੇ ਦਾ ਨਾਮ | | ਮੌਜੂਦਾ ਸਸਤੇ ਭਾਅ ਦੀਆਂ ਦੁਕਾਨਾਂ ਦੀ ਗਿਣਤੀ |
|---|---|---|---|
| 1 | 2 | | 3 |
| 1. | ਅੰਮ੍ਰਿਤਸਰ | .. | 1,680 |
| 2. | ਬਠਿੰਡਾ | .. | 423 |
| 3. | ਫਤਿਹਗੜ੍ਹ ਸਾਹਿਬ | .. | 295 |
| 4. | ਫਿਰੋਜ਼ਪੁਰ | .. | 950 |
| 5. | ਫਰੀਦਕੋਟ | .. | 243 |
| 6. | ਗੁਰਦਾਸਪਰ | .. | 1,429 |
| 7. | ਹੁਸ਼ਿਆਰਪੁਰ | .. | 668 |
| 8. | ਜਲੰਧਰ | .. | 967 |
| 9. | ਕਪੂਰਥਲਾ | .. | 333 |
| 10. | ਲੁਧਿਆਣਾ | .. | 1,237 |
| 11. | ਮਾਨਸਾ | .. | 320 |
| 12. | ਮੋਗਾ | .. | 302 |
| 13. | ਮੁਕਤਸਰ | .. | 331 |
| 14. | ਨਵਾਂ ਸ਼ਹਿਰ | .. | 278 |
| 15. | ਪਟਿਆਲਾ | .. | 962 |
| 16. | ਰੋਪੜ | .. | 529 |
| 17. | ਸੰਗਰੂਰ | .. | 902 |
| | ਕੁੱਲ ਜੋੜ | .. | 11,849 |

Original with;
Punjab Vidhan Sabha
Digitized by;
Punjab Digital Library

ਨਿਸ਼ਾਨ ਵਾਲਾ (ਸੀ. ਯੂ.) ਪ੍ਰਸ਼ਨ ਨੰਬਰ 158*

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ ।

— —

ਨਵੇਂ 'ਪੀਲੇ ਕਾਰਡ' ਜਾਰੀ ਕਰਨਾ

*159 (ਸੀ. ਯੂ.) 1. ਚੌਧਰੀ ਜਗਜੀਤ ਸਿੰਘ
2. ਸ੍ਰੀ ਭਗਵਾਨ ਦਾਸ ਅਰੋੜਾ } : ਕੀ ਦਿਹਾਤੀ

ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਰਾਜ ਵਿਚ ਪੀਲੇ ਕਾਰਡ ਹੋਲਡਰਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਪੀਲੇ ਕਾਰਡਾਂ ਨੂੰ ਜਾਰੀ ਕਰਨ ਲਈ ਕਿੰਨੀ ਆਮਦਨ ਸੀਮਾ ਨਿਰਧਾਰਤ ਕੀਤੀ ਗਈ ਹੈ;

(ਅ) ਕੀ ਸਰਕਾਰ ਦੀ ਗ਼ਰੀਬੀ ਰੇਖਾ ਦੇ ਹੇਠਾਂ ਰਹਿ ਰਹੇ ਪਰਿਵਾਰਾਂ ਨੂੰ ਪੀਲੇ ਕਾਰਡ ਜਾਰੀ ਕਰਨ ਦੀ ਪਾਲਿਸੀ ਦੀ ਸਮੀਖਿਆ ਕਰਨ ਅਤੇ ਇਸ ਮੰਤਵ ਲਈ ਆਮਦਨ ਸੀਮਾ ਨੂੰ ਵਧਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ?

**ਸਰਦਾਰ ਨਿਰਮਲ ਸਿੰਘ ਕਾਹਲੋਂ**: (ੳ) ਜ਼ਿਲ੍ਹਾਵਾਰ ਵਿਵਰਣ ਸਦਨ ਦੇ ਮੇਜ਼ ਤੇ ਰੱਖਿਆ ਜਾਂਦਾ ਹੈ । ਪੀਲਾ-ਕਾਰਡ ਜਾਰੀ ਕਰਨ ਲਈ, ਸਲਾਨਾ ਆਮਦਨ ਦੀ ਹੱਦ 11,000/-ਰੁਪਏ ਤੱਕ ਨਿਸ਼ਚਿਤ ਕੀਤੀ ਗਈ ਹੈ ।

(ਅ) ਨਹੀਂ ਜੀ ।

ਵਿਵਰਣ

ਪੀਲੇ ਕਾਰਡਾਂ ਦਾ ਜ਼ਿਲ੍ਹਾਵਾਰ ਵੇਰਵਾ

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਕਾਰਡਾਂ ਦੀ ਗਿਣਤੀ | | |
|---|---|---|---|---|
| | | ਸ਼ਹਿਰੀ ਖੇਤਰ | ਪੇਂਡੂ ਖੇਤਰ | ਕੁੱਲ |
| 1 | 2 | 3 | 4 | 5 |
| 1. | ਫਿਰੋਜ਼ਪੁਰ | 5,151 | 1,39,364 | 1,44,515 |
| 2. | ਫਰੀਦਕੋਟ | 4,946 | 23,899 | 28,845 |
| 3. | ਮੋਗਾ | 2,426 | 38,917 | 41,343 |

*For Starred Question No. 158 and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

| 1 | 2 | | 3 | 4 | 5 |
|---|---|---|---|---|---|
| 4. | ਮੁਕਤਸਰ | .. | 5,804 | 48,316 | 54,120 |
| 5. | ਬਠਿੰਡਾ | .. | 5,773 | 36,957 | 42,730 |
| 6. | ਮਾਨਸਾ | . | 5,130 | 62,205 | 67,335 |
| 7. | ਲੁਧਿਆਣਾ | .. | 7,696 | 65,090 | 72,786 |
| 8. | ਰੋਪੜ | .. | 4,667 | 61,545 | 66,212 |
| 9. | ਅੰਮ੍ਰਿਤਸਰ | .. | 12,943 | 1,79,990 | 1,92,933 |
| 10. | ਗੁਰਦਾਸਪੁਰ | .. | 16,835 | 1,02,243 | 1,19,078 |
| 11. | ਜਲੰਧਰ | .. | 14,421 | 99,998 | 1,14,419 |
| 12. | ਹੁਸ਼ਿਆਰਪੁਰ | .. | 5,510 | 67,967 | 73,477 |
| 13. | ਕਪੂਰਥਲਾ | .. | 6,313 | 33,827 | 40,140 |
| 14. | ਨਵਾਂ ਸ਼ਹਿਰ | .. | 2,845 | 43,223 | 46,068 |
| 15. | ਪਟਿਆਲਾ | .. | 9,663 | 84,731 | 94,394 |
| 16. | ਸੰਗਰੂਰ | .. | 16,023 | 91,074 | 1,07,097 |
| 17. | ਫਤਿਹਗੜ੍ਹ ਸਾਹਿਬ | .. | 1,509 | 21,447 | 22,956 |
| | ਜੋੜ | .. | 1,27,655 | 12,00,793 | 13,28.448 |

X

**ਨਿਸ਼ਾਨ ਵਾਲਾ (ਸੀ. ਯੂ.) ਪ੍ਰਸ਼ਨ ਨੰਬਰ 160**

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ)

**ਪਟਿਆਲਾ ਵਿਚ ਗਾਂਧੀ ਟੈਂਕ ਦਾ ਨਵੀਨੀਕਰਣ**

*174 **(ਸੀ.ਯੂ.) ਸਰਦਾਰ ਸਰਜੀਤ ਸਿੰਘ ਕੋਹਲੀ** : ਕੀ ਸਥਾਨਕ ਸਰਕਾਰ ਅਤੇ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਟਿਆਲਾ ਸ਼ਹਿਰ ਵਿਚ ਮਾਲ ਰੋਡ ਤੇ ਸਥਿਤ ਗਾਂਧੀ ਟੈਂਕ ਦਾ ਯੋਜਨਾਬੱਧ ਤਰੀਕੇ ਨਾਲ ਨਵੀਨੀਕਰਣ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

X. Received on 1-4-99 placed in the library

Original with;
Punjab Vidhan Sabha
Digitized by;
Panjab Digital Library

**ਸ੍ਰੀ ਬਲਰਾਮਜੀ ਦਾਸ ਟੰਡਨ** : ਹਾਂ ਜੀ, ਨਗਰ ਕੌਂਸਲ ਪਟਿਆਲਾ ਵਲੋਂ ਗਾਂਧੀ ਟੈਂਕ ਦੀ ਰੇਨੋਵੇਸ਼ਨ ਲਈ ਤਜਵੀਜ਼ ਪ੍ਰਵਾਨ ਕੀਤੀ ਗਈ ਸੀ, ਫਿਰ ਵੀ ਇਹ ਕੰਮ ਨਹੀਂ ਕਰਵਾਇਆ ਜਾ ਸਕਿਆ ਸੀ ਕਿਉਂਜੋਂ ਡਵੀਜ਼ਨਲ ਜੰਗਲਾਤ ਅਫਸਰ, ਪਟਿਆਲਾ ਵਲੋਂ ਇੰਤਕਾਲ ਰੱਦ ਕਰਨ ਲਈ ਵਿੱਤ ਕਮਿਸ਼ਨਰ, ਪੰਜਾਬ, ਚੰਡੀਗੜ੍ਹ ਪਾਸ ਅਪੀਲ ਦਾਇਰ ਕਰ ਦਿੱਤੀ ਗਈ ਹੈ ਜਿਨ੍ਹਾਂ ਨੇ ਨਗਰ ਕੌਂਸਲ, ਪਟਿਆਲਾ ਨੂੰ ਕੋਈ ਵੀ ਉਸਾਰੀ ਕਰਨ ਤੋਂ ਰੋਕਿਆ ਹੈ। ਅਪੀਲ ਦੀ ਅਗਲੀ ਸੁਣਵਾਈ ਮਿਤੀ 22 ਜੁਲਾਈ, 1997 ਨੂੰ ਨਿਸ਼ਚਿਤ ਕੀਤੀ ਹੋਈ ਹੈ।

---

**ਨਿਸ਼ਾਨ ਵਾਲਾ (ਸੀ. ਯੂ.) ਪ੍ਰਸ਼ਨ ਨੰਬਰ 175**

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ)

---

**ਬੁਨੀਰ ਬਲਾਕ ਵਿਚ ਆਈ. ਟੀ. ਆਈ. ਖੋਲ੍ਹਣਾ**

*202. (ਸੀ.ਯੂ.) **ਸਰਦਾਰ ਅਜੀਤ ਇੰਦਰ ਸਿੰਘ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਤਹਿਸੀਲ ਅਤੇ ਜ਼ਿਲ੍ਹਾ ਮਾਨਸਾ ਵਿਚ ਬੁਨੀਰ ਬਲਾਕ ਵਿੱਚ ਆਈ. ਟੀ. ਆਈ. ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ ਅਤੇ ਇਸਦੇ ਕਦੋਂ ਤੱਕ ਖੋਲ੍ਹੇ ਜਾਣ ਦੀ ਸੰਭਾਵਨਾ ਹੈ ?

**ਡਾਕਟਰ ਉਪਿੰਦਰਜੀਤ ਕੌਰ** : ਜੀ ਹਾਂ, ਜ਼ਮੀਨ ਦਾ ਕਬਜ਼ਾ ਲੈਣ ਉਪਰੰਤ ਉਸਾਰੀ ਦਾ ਕੰਮ ਚਾਲੂ ਕਰ ਦਿੱਤਾ ਗਿਆ ਹੈ ਅਤੇ ਚਾਰਦਿਵਾਰੀ ਮੁਕੰਮਲ ਕਰ ਦਿੱਤੀ ਗਈ ਹੈ। ਫੰਡਾਂ ਦੀ ਉਪਲੱਬਧਤਾ ਦੀ ਸਥਿਤੀ ਮੁਤਾਬਿਕ ਇਸ ਪ੍ਰੋਜੈਕਟ ਦਾ ਕੰਮ ਲਗਭਗ ਤਿੰਨ ਸਾਲਾਂ ਵਿੱਚ ਮੁਕੰਮਲ ਹੋਣ ਦੀ ਉਮੀਦ ਹੈ।

---

**ਨਿਸ਼ਾਨ ਵਾਲਾ (ਸੀ. ਯੂ) ਪ੍ਰਸ਼ਨ ਨੰਬਰ 203**

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ)

---

**ਪਟਿਆਲਾ ਵਿਚ ਝੁੱਗੀ ਝੋਂਪੜੀਆਂ ਦੀ ਉਸਾਰੀ ਲਈ ਜ਼ਮੀਨ ਦੀ ਅਲਾਟਮੈਂਟ**

*204. (ਸੀ. ਯੂ.) ਸਰਦਾਰ ਸੁਰਜੀਤ ਸਿੰਘ ਕੋਹਲੀ : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪਟਿਆਲਾ ਸ਼ਹਿਰ ਵਿਚ ਰਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਜਾਂ ਪਛੜੇ ਵਰਗਾਂ ਨੂੰ ਉਨ੍ਹਾਂ ਦੀਆਂ ਝੁੱਗੀ ਝੌਂਪੜੀਆਂ ਦੀ ਉਸਾਰੀ ਲਈ ਵੱਖਰੀ ਜ਼ਮੀਨ ਅਲਾਟ ਕਰਨ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸਰੂਪ ਸਿੰਘ** : ਨਹੀਂ ਜੀ।

Original with;
Punjab Vidhan Sabha
Digitized by;
Panjab Digital Library

# APPENDIX

to

ANNEXURE TO PUNJAB VIDHAN SABHA DEBATES

*Dated 20th March, 1997*

*Vol. No. 10*

*Starred Questions and Answers*

## UNSTARRED QUESTIONS AND ANSWERS

**ਅੰਮ੍ਰਿਤਸਰ ਪੁਲਿਸ ਜ਼ਿਲ੍ਹੇ ਵਿੱਚ ਪੁਲਿਸ ਕਰਮਚਾਰੀਆਂ ਵਿਰੁੱਧ ਕੇਸ ਦਰਜ ਕਰਨਾ**

*17. (ਸੀ.ਯੂ.) **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ 1996 ਦੇ ਦੂਜੇ ਅੱਧ ਦੇ ਦੌਰਾਨ ਭਾਰਤੀ ਦੰਡਾਵਲੀ ਦੀ ਧਾਰਾ 365 ਅਧੀਨ ਅੰਮ੍ਰਿਤਸਰ ਪੁਲਿਸ ਜ਼ਿਲ੍ਹੇ ਦੇ ਕਿਸੇ ਪੁਲਿਸ ਕਰਮਚਾਰੀਆਂ ਵਿਰੁੱਧ ਕੋਈ ਕੇਸ ਦਰਜ ਕੀਤੇ ਗਏ ਸਨ ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਹਰ ਇਕ ਕੇਸ ਦੇ ਵੇਰਵੇ ਕੀ ਹਨ ;

(ਅ) ਉਪ੍ਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿੱਚੋਂ ਅਜਿਹੇ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਦੋਸ਼ੀਆਂ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ ਅਤੇ ਇਸ ਦੇ ਕਾਰਣ ਕੀ ਹਨ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਹਾਂ ਜੀ, ਇਕ ਮੁਕੱਦਮਾ ਨੰ: 189 ਮਿਤੀ 17 ਨਵੰਬਰ, 1996 ਅ/ਧ 365 ਹਿੱ: ਦੰ: ਥਾਣਾ ਛੇਹਰਟਾ ਵਿਚ, ਅਣਪਛਾਤੇ ਪੁਲਿਸ ਕਰਮਚਾਰੀਆਂ ਦੇ ਖਿਲਾਫ, ਇਕ ਸੁਭਾਸ਼ ਚੰਦਰ ਨੂੰ ਅਗਵਾ ਕਰਨ ਦੇ ਸਬੰਧ ਵਿਚ ਦਰਜ ਹੋਇਆ ਸੀ । ਤਫਤੀਸ਼ ਦੌਰਾਨ ਸੀ.ਆਈ.ਏ. ਸਟਾਫ, ਮਜੀਠਾ ਦੇ ਕਰਮਚਾਰੀਆਂ ਤੇ ਸ਼ੱਕ ਕੀਤਾ ਜਾ ਰਿਹਾ ਸੀ । ਸ੍ਰੀ ਸੁਭਾਸ਼ ਚੰਦਰ ਪੁੱਤਰ ਸ੍ਰੀ ਬਲਦੇਵ ਰਾਜ ਮਿਤੀ 20 ਨਵੰਬਰ, 1996 ਨੂੰ ਘਰ ਵਾਪਸ ਆ ਗਿਆ ਅਤੇ ਉਸ ਨੇ ਮਿਤੀ 13 ਮਾਰਚ, 1997 ਨੂੰ ਹਲਫੀਆ ਬਿਆਨ ਦਿੱਤਾ ਕਿ ਇੰਸਪੈਕਟਰ ਬਲਬੀਰ ਸਿੰਘ ਅਤੇ ਸਬ-ਇੰਸਪੈਕਟਰ ਕੁਲਦੀਪ ਸਿੰਘ ਜੋ ਅਗਵਾ ਕਰਨ ਲਈ ਜ਼ੁੰਮੇਵਾਰ ਠਹਿਰਾਏ ਗਏ ਸਨ, ਅਗਵਾ ਕਰਨ ਵਿਚ ਸ਼ਾਮਲ ਨਹੀਂ ਸਨ ।

(ਅ) ਇਸ ਕੇਸ ਵਿਚ ਅਸਲ ਅਪਰਾਧੀਆਂ ਦੀ ਭਾਲ ਪ੍ਰਗਤੀ ਅਧੀਨ ਹੈ ।

———



*Original with;*
Punjab Vidhan Sabha
*Digitized by;*
Punjab Digital Library

## ਥੀਨ ਡੈਮ ਦੀ ਉਸਾਰੀ

*43. (ਸੀ.ਯੂ.) 1. ਸਰਦਾਰ ਇੰਦਰਜੀਤ ਸਿੰਘ ਜ਼ੀਰਾ
2. ਸਰਦਾਰ ਬਲਬੀਰ ਸਿੰਘ ਚੌਧਰੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਥੀਨ ਡੈਮ ਦੀ ਉਸਾਰੀ ਲਈ ਭਾਰਤ ਸਰਕਾਰ ਵਲੋਂ ਰਾਜ ਸਰਕਾਰ ਨੂੰ ਸਾਲ 1992 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਪ੍ਰਾਪਤ ਹੋਏ ਫੰਡਾਂ ਦੇ ਸਾਲ-ਵਾਰ ਵੇਰਵੇ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡਾਂ ਵਿਚੋਂ ਕੁਲ ਕਿੰਨੀ ਰਕਮ ਉਕਤ ਡੈਮ ਦੀ ਉਸਾਰੀ ਤੇ ਖਰਚ ਕੀਤੀ ਜਾ ਚੁੱਕੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਸਾਲ 1992 ਦੌਰਾਨ .. ਨਿੱਲ

ਸਾਲ 1993 ਦਰਾਨ .. ਨਿੱਲ

ਸਾਲ 1994 ਦੌਰਾਨ .. ਨਿੱਲ

ਸਾਲ 1995 ਦੌਰਾਨ .. ਨਿੱਲ

ਸਾਲ 1996-97 ਦੌਰਾਨ .. 67.50 ਕਰੋੜ ਰੁਪਏ

(ਅ) 67.50 ਕਰੋੜ ਰੁਪਏ

———

## 24 ਘੰਟੇ ਬਿਜਲੀ ਦੀ ਸਪਲਾਈ ਸਬੰਧੀ ਸਕੀਮ

*44. (ਸੀ.ਯੂ.) 1. ਸਰਦਾਰ ਇੰਦਰਜੀਤ ਸਿੰਘ ਜ਼ੀਰਾ
2. ਸਰਦਾਰ ਬਲਬੀਰ ਸਿੰਘ ਚੌਧਰੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਉਨ੍ਹਾਂ ਪੰਚਾਇਤਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ 24 ਘੰਟੇ ਬਿਜਲੀ ਦੀ ਸਪਲਾਈ ਸਬੰਧੀ ਸਕੀਮ ਅਧੀਨ 1 ਜਨਵਰੀ, 1997 ਤੱਕ ਲੋੜੀਂਦੀ ਰਕਮ ਜਮ੍ਹਾਂ ਕਰਵਾ ਦਿੱਤੀ ਹੈ ;



Original with;
Punjab Vidhan Sabha
Digitized by;
Panjab Digital Library

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਪੰਚਾਇਤਾਂ ਵਿਚੋਂ ਉਨ੍ਹਾਂ ਪੰਚਾਇਤਾਂ ਦੀ ਕੁੱਲ ਗਿਣਤੀ ਅਤੇ ਵੇਰਵੇ ਕੀ ਕੀ ਹਨ ਜਿਨ੍ਹਾਂ ਨੂੰ ਉਕਤ ਸਕੀਮ ਤੋਂ ਲਾਭ ਪ੍ਰਾਪਤ ਹੋਇਆ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) 1083 ।

(ਅ) 533 ਸਬੰਧਿਤ ਪੰਚਾਇਤਾਂ ਦਾ *ਵੇਰਵਾ ਨੱਥੀ ਕੀਤਾ ਜਾਂਦਾ ਹੈ।

---

**ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਮਕਾਨਾਂ ਦੀ ਉਸਾਰੀ ਲਈ ਗ੍ਰਾਂਟ ਦੇਣਾ**

*156. (ਸੀ.ਯੂ.) 1. **ਚੌਧਰੀ ਜਗਜੀਤ ਸਿੰਘ**
2. **ਸ਼੍ਰੀ ਭਗਵਾਨ ਦਾਸ ਅਰੋੜਾ** : ਕੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਸਰਕਾਰ ਦੀ ਰਾਜ ਵਿਚ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਮਕਾਨਾਂ ਦੀ ਉਸਾਰੀ ਲਈ ਗ੍ਰਾਂਟ ਦੇਣ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ਅਤੇ ਸਾਲ 1997-98 ਲਈ ਕਿੰਨੀ ਰਕਮ ਮਖਸੂਸ ਕੀਤੀ ਗਈ ਹੈ ਅਤੇ ਇਸ ਮੰਤਵ ਲਈ ਕੀ ਕਸੌਟੀ ਅਪਣਾਈ ਗਈ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਤਜਵੀਜ਼ ਹੇਠ ਲਾਭ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ?

**ਸਰਦਾਰ ਸਰਵਣ ਸਿੰਘ ਫਿਲੌਰ** : (ੳ) ਰਾਜ ਸਰਕਾਰ ਨੇ ਬੇਘਰੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਮਕਾਨਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦਾ ਇੱਕ ਵੱਡਾ ਯਤਨ ਕੀਤਾ ਹੈ । ਪਹਿਲਾਂ ਪੱਕਾ ਮਕਾਨ ਬਣਾਉਣ ਲਈ 15,000/- ਰੁ: ਦੀ ਗ੍ਰਾਂਟ ਦਿੱਤੀ ਜਾਂਦੀ ਸੀ ਪਰ ਹੁਣ ਰਾਜ ਸਰਕਾਰ ਨੇ 60.00 ਕਰੋੜ ਰੁਪਏ ਦੀ ਲਾਗਤ ਨਾਲ 12,000 ਮਕਾਨ ਬਣਾਉਣ ਦਾ ਫੈਸਲਾ ਕੀਤਾ ਹੈ । ਲਾਭਪਾਤਰੀਆਂ ਦੀ ਚੋਣ ਕਰਨ ਲਈ ਕਸੌਟੀ ਹੇਠ ਲਿਖੇ ਅਨੁਸਾਰ ਹੈ :—

(1) ਪਰਵਾਰ ਦੀ ਸਲਾਨਾ ਆਮਦਨ 16,000/- ਰੁ: ਤੋਂ ਵੱਧ ਨਾ ਹੋਵੇ । ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਵਾਰਾਂ ਨੂੰ ਪਹਿਲ ਦੇ ਆਧਾਰ ਤੇ ਕਵਰ ਕੀਤਾ ਜਾਵੇਗਾ ।

---

*Placed in the Library.



Original with;
Punjab Vidhan Sabha
Digitized by;
Panjab Digital Library

(2) ਬੇਘਰੇ ਪਰਵਾਰ ।

(3) ਕੱਚੇ ਘਰਾਂ ਜਾਂ ਖਸਤਾ ਹਾਲਤ ਘਰਾਂ ਜੋ ਰਹਿਣ ਲਈ ਸੁਰੱਖਿਅਤ ਨਾ ਹੋਣ ਜਾਂ 5 ਮਰਲੇ ਤੋਂ ਘੱਟ ਰਕਬੇ ਵਾਲੇ ਘਰਾਂ ਵਿਚ ਵੱਸਣ ਵਾਲੇ ਪਰਵਾਰ ।

(4) ਉਹ ਪਰਵਾਰ ਜਿਨ੍ਹਾਂ ਨੇ ਪਹਿਲਾਂ ਕਦੇ ਕਿਸੇ ਮਕਾਨ ਉਸਾਰੀ ਸਕੀਮ ਅਧੀਨ ਰਾਹਤ ਪ੍ਰਾਪਤ ਨਾ ਕੀਤੀ ਹੋਵੇ ।

(ਅ) ਵਿੱਤੀ ਸਾਲ 1997-98 ਦੌਰਾਨ ਕਰੀਬ 12,000 ਪਰਵਾਰਾਂ ਨੂੰ ਲਾਭ ਪੁੱਜੇਗਾ ।

---

## ਮੰਡਲ ਕਮਿਸ਼ਨ ਰਿਪੋਰਟ ਨੂੰ ਲਾਗੂ ਕਰਨਾ

*158. (ਸੀ.ਯੂ.) 1. ਚੌਧਰੀ ਜਗਜੀਤ ਸਿੰਘ
2. ਸ੍ਰੀ ਭਗਵਾਨ ਦਾਸ ਅਰੋੜਾ } : ਕੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਰਾਜ ਵਿਚ ਮੰਡਲ ਕਮਿਸ਼ਨ ਰਿਪੋਰਟ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰ ਦਿੱਤਾ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਜਾਰੀ ਕੀਤੀ ਗਈ ਅਧਿਸੂਚਨਾ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ; ਜੇਕਰ ਨਹੀਂ ; ਤਾਂ ਉਸ ਦੇ ਕਾਰਨ ਕੀ ਹਨ ਅਤੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਕਦੋਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸਰਵਣ ਸਿੰਘ** (ਫਿਲੌਰ) : ਨਹੀਂ ਜੀ । ਮੰਡਲ ਕਮਿਸ਼ਨ ਦੀਆਂ ਦੋ ਬਹੁਤ ਹੀ ਮਹੱਤਵਪੂਰਨ ਸਿਫ਼ਾਰਸ਼ਾਂ ਲਾਗੂ ਕੀਤੀਆਂ ਗਈਆਂ ਹਨ । ਇੰਦਰਾ ਸਾਹਨੀ ਅਤੇ ਹੋਰ ਬਨਾਮ ਭਾਰਤੀ ਸੰਘ ਅਤੇ ਹੋਰ (ਰਿੱਟ ਪਟੀਸ਼ਨ ਨੰ: 930 ਆਫ 1990 ਅਤੇ ਹੋਰ ਸਬੰਧਿਤ ਰਿੱਟ ਪਟੀਸ਼ਨਾਂ) ਜਿਨ੍ਹਾਂ ਵਿੱਚ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਵਿਚਾਰਿਆ ਗਿਆ ਸੀ ਸਬੰਧੀ ਸੁਪਰੀਮ ਕੋਰਟ ਵੱਲੋਂ ਦਿੱਤੇ ਫੈਸਲੇ ਦੇ ਮੱਦੇ ਨਜ਼ਰ ਪੰਜਾਬ ਸਰਕਾਰ ਵੱਲੋਂ ਹੁਕਮ ਮਿਤੀ 4 ਜੂਨ, 1993 (ਅਨੁਲੱਗ-I*) ਰਾਹੀਂ 'ਪੰਜਾਬ ਰਾਜ ਪਛੜੀਆਂ ਸ੍ਰੇਣੀਆਂ ਕਮਿਸ਼ਨ, ਦੀ ਸਥਾਪਨਾ ਕੀਤੀ ਗਈ ਹੈ । ਰਾਜ ਵੱਲੋਂ ਸਰਕਾਰੀ/ਅਰਧ ਸਰਕਾਰੀ ਸੇਵਾਵਾਂ ਵਿਚ ਭਰਤੀ ਸਮੇਂ ਪਛੜੀਆਂ ਸ੍ਰੇਣੀਆਂ ਲਈ ਰਾਖਵਾਂਕਰੋਨ 5% ਤੋਂ ਵਧਾ ਕੇ 12% ਕਰ ਦਿੱਤਾ ਗਿਆ ਹੈ । ਇਸ ਸਬੰਧੀ ਹਦਾਇਤਾਂ ਦੀ ਕਾਪੀ ਅਨੁਲੱਗ-II* ਤੇ ਹੈ । ਬਾਕੀ ਸਿਫ਼ਾਰਸ਼ਾਂ ਤੇ ਸਰਕਾਰ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ । ਇਨ੍ਹਾਂ ਨੂੰ ਲਾਗੂ ਕਰਨ ਸਬੰਧੀ ਕੋਈ ਸਮਾਂ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ ।

---



Original with;
Punjab Vidhan Sabha
Digitized by;
Panjab Digital Library

**Annexure I**

GOVERNMENT OF PUNJAB

DEPARTMENT OF WELFARE OF SCHEDULED CASTES & BACKWARD CLASSES (RESERVATION CELL)

ORDER

The Chandigsrh 4th June, 1993.

No. 1/19/93-RCI/4260.

Whereas in the case of Indra Sawhney and others *Vs.* Union of India and Others. Writ Petition No. 930 of 1990 and other connection writ petitions, the Supreme Court of India has given direction to the Government of India, each of the State Governments and the Administrations of Union Territories to constitute a permanent bodv for entertaining, examining and recommending upon requests for inclusion and complaints of over inclusion and under inclusion in the lists of other Backward Classes of citizens.

Now, therefore, the Governor of Punjab is pleased to set up a Commission known as the Punjab State Backward Classes Commission (Hereinafter referred to as the Commission) for the State of Punjab as under :—

1. Constitution :—The Commission shall consist of following members nominated by the State Government; namely :—

(a) A Chairperson who is or has been a Judge of the High Court or a senior I.A.S. Officer;

(b) A Social Scientist ;

(c) A representative of backward classes having expertise on the issue to be dealt with ;

(d) A member Secretary who is or has been an officer of the Government of Punjab not below the rank of Joint Secretary to Government, Punjab.

2. Terms of office and conditions of service of Chairperson and members :—

(i) The Chairperson and every other member shall hold office for such period as decided by the Government from time to time.

(ii) The Chairman or any other member may, by writing under his head addressed to the State Government, resign from his office at any time.

(iii) The State Government shall remove a person from the office of the Chairperson or member if that person :—

(a) becomes an undischarged insolvent ;



Original with;
Punjab Vidhan Sabha
Digitized by;
Panjab Digital Library

(b). is convicted and sentenced to imprisonment for an offence which, in the opinion of the State Government, involves moral turpitude ;

(c) becomes of unsound mind and stands so declared by competent court ;

(d) refuses to act or becomes incapable of acting ;

(e) is, without obtaining leave of absence, from the Commission, absent from three consecutive meeting of the Commission ;

or;

(f) has, in the opinion of the State Government so abused the position of Chairperson or member as to render that persons continuance in office deterimental to the interests of backward classes or the public interest ;

provided that no persons shall be removed under this sub-para until that person has been given an opportunity of being heard in the matter.

(iv) A vacancy caused under sub-para (ii) or otherwise shall be filled by fresh nomination.

3. (i) Terms of Reference of the Commission shall be as follows :—

(i) to entertain, examine and recommend upon requests for inclusion and complaints of over inclusion and under inclusion in list of other Backward Classes of citizens ;

(ii) to undertake periodic revision of lists of backward classes as and when so decided by State Government.

4. Officers and other employees of the Commission --

(i) The State Government shall provide the Commission with such officers and employees as may be necessary for the efficient performance of the functions of the Commission.

(ii) The salaries and allowances payable to and other terms and conditions of service of the officers and other employees appointed for purpose of the Commission shall be such as may be determined from time to time by the State Government.

5. Procedure to be regulated by the Commission :—

(i) The Commission shall meet as and when necessary at such time and place as the Chairperson may think fit.



Original with;
Punjab Vidhan Sabha
Digitized by;
Panjab Digital Library

(ii) The Commission shall regulate its own procedure.

(iii) The orders and decisions of the Commission shall be authenticated by the Member-Secretary or any other officer of the Commission duly authorised by the Member-Secretary in this behalf.

Sd/—

Secretary to Government of Punjab,
Department of Welfare of Scheduled
Castes and Backward Classes.

A copy is forwarded to All the Financial Commissioners and Administrative Secretaries to Government Punjab for information and necessary action.

Sd/—

Secretary Welfare

To

All Financial Commissioners and
Administrative Secretaries to Govt. Punjab.

U.O. No. 1/19/93-RCI/4261 Dated, Chandigarh, the 4th June, 1993

Endt. No. 1/19/93-RCI/1262-66 Dated, Chandigarh, the 4th June, 1993.

A copy is forwarded to the following for information and necessary actions :—

(1) The Secretary, Punjab Public Service Commission, Patiala.

(2) All the Registrars,

Punjab University, Chandigarh; Punjabi University, Patiala; Guru Nanak Dev University, Amritsar and Punjab, Agriculture University, Ludhiana.

(3) The Secretary, Punjab School Education Board, Mohali.

(4) All the Heads of Departments/Heads of Boards/ Corporations and other Autonomous Bodies under the Administrative Control of the State Govt.

(5) Secretary, Punjab State Electricity Board, Patiala.

Sd/-
Superintendent



Original with;
Punjab Vidhan Sabha
Digitized by;
Panjab Digital Library

No. 7/1/90-RCI/11374

GOVERNMENT OF PUNJAB
DEPARTMENT OF WELFARE
(RESERVATION CELL)

To

All Heads of Departments,
Commissioners of the Divisions,
Deputy Commissioners, Session Judges,
Registrar, Punjab and Haryana High Court and
Sub-Divisional Officers (C) in the State.

Dated : Chandigarh, the 30th Sept., 1996

Sub.-Refixation of quantum of reservation for backward Classes in the State Services on the recommendations of the 2nd Backward Classes Commission (Mandal Commission).

Sir,

The Government have decided to increase the percentage of reservation in direct recruitment for Government/Semi-Government JOBS in all services in favour of Backward Classes from the existing 5% to 12% with immediate effect.

2. It has also been decided that reservation for Scheduled Castes and Backward Classes will be made vertical while the reservation for other categories such as ex-servicemen, sportsmen, physically handicapped and freedom-fighters will be horizontal according to the chart annexed to this letter. Thus Scheduled Castes ex-servicemen would be adjusted against the 4% seats earmarked for them in the chart and to that extent they will be counted towards reservation for scheduled castes as well as ex-servicemen. Similar criteria will apply to scheduled caste sportsmen and backward class ex-servicemen.

3. Government has also decided that the reservation for scheduled castes and backward classes will take precedence over the horizontal reservation for ex-servicemen, sportsmen, physically handicapped and freedom fighters. Thus, for example, in the event of non-availability of the required number of scheduled castes ex-servicemen, the vacancies earmarked for this category would in the first instance go to scheduled castes and in case no scheduled castes are available these will be given to the general category ex-servicemen. The principle of carrying-forward of reservation of vacency will also apply with necessary alteration in detail.

Yours faithfully
Sd/-
(S.C. Aggarwal)
Secretary to Govt. Punjab,
Department of Welfare of
SCs. & BCS.



Original with;
Punjab Vidhan Sabha
Digitized by;
Panjab Digital Library

A copy is forwarded to all the Financial Commissioners, Principal Secretaries and Administrative Secretaries, for information and necessary action.

Sd/—

Secretary Welfare

All the Financial Commissioners,

Principal Secretaries and Administrative Secretaries.

T.D. No. 7/1/90-RCI/11375 Dated the 30th Dec., 1996.



Original with;
Punjab Vidhan Sabha
Digitized by;
Panjab Digital Library

# Annexure II

## Chart showing proposed Horizontal and Vertical Reservation

| | | | | | |
|---|---|---|---|---|---|
| S.C. Ex-Servicemen 4% | S.C. Sportsmen 1.0% | S.C. Handicapped | S.C. | Other SCs. 20% | Total SCs. 25% |
| B.C. Ex-servicemen 2% | B.C. Sportsmen | B.C. Handicapped | B.C. | Other B.Cs. 10% | Total B.Cs. 12% |
| General Ex-servicemen 8% | General Sportsmen 2% | General Handicapped 2% | General 1% | Un-reserved 50% | Total General category 63% |
| Total Ex-servicemen 14% | Total Sportsmen 3% | Total Handicapped 2% | Total Freedom fighters 1% | | |

Original with;
Punjab Vidhan Sabha
Digitized by;
Panjab Digital Library

APPENDIX-II

TO

ANNEXURE TO PUNJAB VIDHAN SABHA DEBATES

*Dated 20th March, 1997*

---

## Unstarred Questions and Answers

**ਚੁੰਗੀ ਸਮਾਪਤ ਕਰਨ ਸਬੰਧੀ ਮਾਮਲੇ ਦੀ ਜਾਂਚ ਕਰਨ ਲਈ ਕਮੇਟੀ ਬਣਾਉਣਾ**

*153. (ਸੀ.ਯੂ.) (1) ਚੌਧਰੀ ਜਗਜੀਤ ਸਿੰਘ
(2) ਸ਼੍ਰੀ ਭਗਵਾਨ ਦਾਸ ਅਰੋੜਾ } : ਕੀ ਸਥਾਨਕ ਸਰਕਾਰ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਵੱਖ ਵੱਖ ਵਿੱਤੀ ਸਾਲਾਂ 1994-95, 1995-96 ਅਤੇ 1996-97 (ਹੁਣ ਤੱਕ) ਦੌਰਾਨ ਮਿਊਂਸਪਲ ਕਾਰਪੋਰੇਸ਼ਨਾਂ ਮਿਊਂਸਪਲ ਕਮੇਟੀਆਂ ਅਤੇ ਨੋਟੀਫਾਇਡ ਏਰੀਆ ਕਮੇਟੀਆਂ ਦੁਆਰਾ ਚੁੰਗੀ ਦੀ ਕੁੱਲ ਕਿੰਨੀ ਰਕਮ ਵਸੂਲ ਕੀਤੀ ਗਈ;

(ਅ) ਕੀ ਸਰਕਾਰ ਨੇ ਚੁੰਗੀ ਸਮਾਪਤ ਕਰਨ ਸਬੰਧੀ ਮਾਮਲੇ ਦੀ ਜਾਂਚ ਕਰਨ ਲਈ ਕੋਈ ਕਮੇਟੀ ਬਣਾਈ ਹੈ; ਜੇਕਰ ਅਜਿਹਾ ਹੋਵੇ ਤਾਂ ਕਮੇਟੀ ਦੀ ਬਣਤਰ ਦੇ ਵੇਰਵੇ ਕੀ ਹਨ ਅਤੇ ਇਸ ਵਲੋਂ ਕਦੋਂ ਤੱਕ ਰਿਪੋਰਟ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਬਲਰਾਮ ਜੀ ਦਾਸ ਟੰਡਨ :** ਸਥਾਨਕ ਸਰਕਾਰ ਮੰਤਰੀ ਪੰਜਾਬ ।

(ੳ) ਮਿਊਂਸਪਲ ਕਾਰਪੋਰੇਸ਼ਨਜ਼/ਮਿਊਂਸਪਲ ਕਮੇਟੀਆਂ ਅਤੇ ਨੋਟੀਫਾਈਡ ਏਰੀਆ ਕਮੇਟੀਆਂ ਵੱਲੋਂ ਜੋ ਕੁੱਲ ਚੁੰਗੀ ਇਕੱਤਰ ਕੀਤੀ ਗਈ ਹੈ, ਦਾ ਵੇਰਵਾ ਨਿਮਨ ਅਨੁਸਾਰ ਹੈ :—

| ਲੜੀ ਨੰ: | | ਸਾਲ 1994-95 | 1995-96 | 1996-97 |
|---|---|---|---|---|
| 1. | ਕਾਰਪੋਰੇਸ਼ਨਜ਼ .. | 8,341.93 | 9,559.02 | 10,007.34 |
| 2. | ਨਗਰ ਕੌਂਸਲਜ਼ ਅਤੇ ਨੋਟੀਫਾਈਡ ਏਰੀਆ ਕਮੇਟੀਜ਼ .. | 11,255.34 | 11,763.12 | 14,165.67 |



Original with;
Punjab Vidhan Sabha
Digitized by;
Panjab Digital Library

(ਅ) ਇਸ ਸਬੰਧੀ ਮੰਤਰੀਆਂ ਦੀ ਇੱਕ ਕੈਬਨਿਟ ਸਬ ਕਮੇਟੀ ਹੇਠਾਂ ਲਿਖੇ ਅਨੁਸਾਰ ਸਥਾਪਿਤ ਕੀਤੀ ਗਈ ਹੈ :–

(1) ਮੁੱਖ ਮੰਤਰੀ, ਪੰਜਾਬ .. ਚੇਅਰਮੈਨ

(2) ਸਥਾਨਕ ਸਰਕਾਰ ਮੰਤਰੀ, ਪੰਜਾਬ .. ਮੈਂਬਰ

(3) ਖੁਰਾਕ ਤੇ ਸਪਲਾਈ ਮੰਤਰੀ, ਪੰਜਾਬ .. ਮੈਂਬਰ

(4) ਵਿੱਤ ਮੰਤਰੀ, ਪੰਜਾਬ .. ਮੈਂਬਰ

(5) ਮਕਾਨ ਤੇ ਸ਼ਹਿਰੀ ਵਿਕਾਸ ਮੰਤਰੀ, ਪੰਜਾਬ । .. ਮੈਂਬਰ

ਇਸ ਕਮੇਟੀ ਵਲੋਂ ਇਸ ਮਾਮਲੇ ਬਾਰੇ ਡੂੰਘਾਈ ਵਿੱਚ ਵਿਚਾਰ ਕੀਤਾ ਜਾਵੇਗਾ । ਕਮੇਟੀ ਦੀਆਂ ਸਿਫਾਰਸ਼ਾਂ ਜਲਦੀ ਹੀ ਆਉਣ ਦੀ ਉਮੀਦ ਹੈ ।

———

357—15-11-97—305—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।
51X66/10.1 kg. ਆਫਸੈਟ ਪੇਪਰ

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Chief Reporter
Punjab Vidhan Sabha
Chandigarh

© 1997

Published under the authority of the Punjab Vidhan Sabha and printed by the Controller, Printing and Stationery, Punjab at Government Press, Patiala.

Original with;
Punjab Vidhan Sabha
Digitized by;
Panjab Digital Library

ਮਿਸਲ ਰਿਕਾਰਡ ਕੀਤਾ ਗਇਆ ਅਤੇ ਉਸ ਦਾ ਸੰਭਾਲ ਸਮਾਂ
'A' 'B' or 'C' proceedings in which the file was recorded and its retention period

ਕੀ ਕੇਸ ਸਬੰਧੀ ਨੋਟ ਸ਼ਾਖਾ/ ਸੈਕਸ਼ਨ ਦੀ ਨੋਟ ਬੁੱਕ ਵਿਚ ਰੱਖਿਆ ਹੋਇਆ ਹੈ ਜਾਂ ਨਹੀਂ
Whether note regarding case has been kept in the Branch/Sectional Note Book or not

ਸਬੰਧਤ ਸਹਾਇਕ ਦੇ ਹਸਤਾਖਰ
Initials of the concerned Assistant

ਰਿਕਾਰਡਰ ਦੇ ਹਸਤਾਖਰ
Initials of the Recorder

| ਪਿਛਲੇ ਹਵਾਲੇ<br>Previous References | ਬਾਅਦ ਦੇ ਹਵਾਲੇ<br>Later References |
|---|---|
| | |

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

B-19138

Original with
Punjab Vidhan Sabha
Punjab Digital Library

riginal with;
ab Vidhan Sabha
itized by;
jab Digital Library